4. **ਸੈਵੋਨਾਰੋਲਾ (Savonarala, 1452–1498) :** ਸੈਵੋਨਾਰੋਲਾ ਦਾ ਜਨਮ 1452 ਈ: ਵਿੱਚ ਫੇਰਾਰਾ (Ferrara) ਨਾਮਕ ਸਥਾਨ ਤੇ ਇਟਲੀ ਵਿੱਚ ਹੋਇਆ ਸੀ। ਉਹ ਬਚਪਨ ਤੋਂ ਹੀ ਇੱਕ ਗੰਭੀਰ ਪ੍ਰਕਿਰਤੀ ਦਾ ਮਨੁੱਖ ਸੀ। ਅੰਤ : ਆਪਣਾ ਬਾਕੀ ਸਮਾਂ ਇਸ਼ਵਰਪਾਸਨਾ ਤੋਂ ਹੀ ਬਤੀਤ ਕਰਿਆ ਕਰਦਾ ਸੀ। 1475 ਈ: ਵਿੱਚ ਉਹ ਸੈਟ ਡੋਮੀਨਿਕ ਦਾ ਅਨੁਯਾਈ ਬਣ ਗਿਆ। ਉਸਨੇ ਕਈ ਸਾਲ ਮਠ ਵਿੱਚ ਬਤੀਤ ਕੀਤੇ। 1490 ਈ: ਵਿੱਚ ਉਹ ਪਾਦਰੀ ਬਣ ਗਿਆ। ਉਹ ਧਰਮ ਵਿੱਚ ਸੁਧਾਰ ਕਰਨਾ ਚਾਹੁੰਦਾ ਸੀ। ਉਹ ਪੋਪ ਦੇ ਰਾਜਸੀ ਠਾਠ-ਬਾਠ ਦੀ ਆਲੋਚਨਾ ਕਰਦਾ ਸੀ। ਪੋਪ ਇਲੇਕਜੇਂਡਰ ਛੇਵੇਂ ਨੇ ਉਸਨੂੰ ਫੁਸਲਾਉਣ ਦਾ ਬਹੁਤ ਪ੍ਰਆਸ ਕੀਤਾ। ਅੰਤ ਵਿੱਚ ਪੋਪ ਆਪਣੇ ਉਦੇਸ਼ ਵਿੱਚ ਅਸਫ਼ਲ ਰਿਹਾ। ਤਦ 1495 ਈ: ਵਿੱਚ ਉਸਨੇ ਉਸਦੇ ਪਾਦਰੀ ਪਦ ਤੋਂ ਹਟਾ ਦਿੱਤਾ। 1496 ਸੈਵੋਨਾਰੋਲਾ ਨੇ ਇੱਕ ਵੱਡਾ ਪ੍ਰਭਾਵਵੋਤਪਾਦਕ ਭਾਸ਼ਣ ਦਿੱਤਾ ਜਿਸ ਦੇ ਵਿੱਚ ਉਸਨੇ ਧਰਮਾਧਿਕਾਰੀਆਂ ਨੂੰ ਕਟੂ ਆਲੋਚਨਾ ਕੀਤੀ। 1497 ਈ: ਵਿੱਚ ਪੋਪ ਨੇ ਉਸ ਨੂੰ ਧਰਮ ਤੋਂ ਬਹਿਸ਼ਕ੍ਰਿ ਤ ਕਰ ਦਿੱਤਾ। 23 ਮਈ 1498 ਈ: ਦੀ ਪੈਜਾ (Paizza) ਨਾਮਕ ਸਥਾਨ ਤੇ ਇਸ ਧਰਮ-ਸੁਧਾਰਕ ਨੂੰ ਫਾਂਸੀ ਦੇ ਤਖ਼ਤੇ ਤੇ ਝੁਲਾਕੇ ਅਤੇ ਉਸ ਦੇ ਜਲਾਉਣ ਦੇ ਲਈ ਉਸ ਦੇ ਥੱਲੇ ਅੱਗ ਜਲਾ ਕੇ ਪੋਪ ਨੇ ਆਪਣਾ ਗੁੱਸਾ ਸ਼ਾਂਤ ਕੀਤਾ।

## 3.4 ਮਾਰਟਿਨ ਲੂਥਰ ਅਤੇ ਧਰਮ ਸੁਧਾਰ ਅੰਦੋਲਨ
## (Martin Luther and Religious Reformation Movement)



**ਚਿੱਤਰ-1:** ਮਾਰਟਿਨ ਲੂਥਰ

**ਮਾਰਟਿਨ ਲੂਥਰ ਦਾ ਆਰੰਭਿਕ ਜੀਵਨ :–** ਧਰਮ ਸੁਧਾਰ ਅੰਦੋਲਨ ਦਾ ਸਫ਼ਲ ਸੰਚਾਲਕ ਅਤੇ ਨੇਤਾ ਮਾਰਟਿਨ ਲੂਥਰ ਸੀ। ਉਸਦਾ ਜਨਮ ਜਰਮਨੀ ਦੇ ਸੈਕਸੇਨੀ ਪ੍ਰਾਂਤ ਵਿੱਚ 1483 ਈ: ਵਿੱਚ ਹੋਇਆ। ਉਹ ਇੱਕ ਕਿਸਾਨ ਦਾ ਪੁੱਤਰ ਸੀ ਅਤੇ ਉਸਨੂੰ ਆਪਣੀ ਬਾਲਅਵਸਥਾ ਵਿੱਚ ਬਹੁਤ ਗਰੀਬੀ ਅਤੇ ਕਠਨਾਈਆਂ ਸਹਿਣੀਆਂ ਪੈਂਦੀਆਂ ਸਨ। ਵਿਅਸਕ ਹੋਣ ਤੇ ਉਹ ਏਰਫਰਟ (Erfurt) ਨਗਰ ਦੇ ਇੱਕ ਮਠ ਵਿੱਚ ਭਿਕਸ਼ੂ ਦਾ ਜੀਵਨ ਬਿਤਾਉਣ ਲੱਗਾ। ਕੁਝ ਦਿਨਾਂ ਬਾਅਦ ਉਹ ਪਹਿਲਾਂ ਇੱਕ ਪਾਦਰੀ ਅਤੇ ਵਿਟੇਨਵਰਗ ਵਿਸ਼ਵ (Writtenberg) ਵਿਦਿਆਲਿਆ ਦਾ ਧਰਮ-ਸ਼ਾਸ਼ਤਰ ਦਾ ਅਧਿਆਪਕ ਹੋ ਗਿਆ। ਉਸਨੂੰ ਬਚਪਨ ਤੋਂ ਹੀ ਧਾਰਮਿਕ ਵਿਸ਼ਿਆਂ ਦੀ ਬੜੀ ਰੁਚੀ ਸੀ ਅਤੇ ਉਸਦੇ ਮਨ ਵਿੱਚ ਕਈ ਪ੍ਰਕਾਰ ਦੀ ਸ਼ੰਕਾ ਪੈਦਾ ਹੋ ਰਹੀ ਸੀ। ਆਪਣੇ ਪ੍ਰਾਰਮਭਿਕ ਜੀਵਨ ਵਿੱਚ ਉਹ ਕੈਥੋਲਿਕ ਧਰਮ ਵਿੱਚ ਵਿਸ਼ਵਾਸ਼ ਰੱਖਦਾ ਸੀ। 1505 ਈ: ਵਿੱਚ ਉਹ ਭਿਕਸ਼ੂ (Monk) ਬਣ ਗਿਆ। 1512 ਈ: ਵਿੱਚ ਉਹ ਪੋਪ ਦੇ ਦਰਸ਼ਨ ਦੇ ਲਈ ਰੋਮ ਗਿਆ। ਤਦ ਜਦ ਉਸਨੇ ਪੋਪ ਦਾ ਵੈਭਵਪੂਰਨ ਸੰਸਾਰਿਕ ਜੀਵਨ ਅਤੇ ਇਸ਼ਵਰਿਆ ਦੇਖਿਆ, ਤਦ ਉਸਨੂੰ ਵੱਡਾ ਦੁੱਖ ਹੋਇਆ ਅਤੇ ਉਹ ਇਸ ਗੱਲ ਤੇ ਕੜੀ ਨਿੰਦਾ ਕਰਨ ਲੱਗਾ। ਬਹੁਤ ਜਿਹੇ ਲੋਕ ਉਸਦੇ ਅਨੁਯਾਈ ਬਣ ਗਏ ਅਤੇ ਉਸਨੂੰ ਵੱਡੇ ਆਦਰ ਅਤੇ ਪ੍ਰੇਮ ਨਾਲ ਵੇਖਣ ਲੱਗੇ।

**ਚਰਚ ਅਤੇ ਮਾਰਟਿਨ ਲੂਥਰ ਦੇ ਮੁੱਖ ਮਤਭੇਦ :–** ਚਰਚ ਵਿੱਚ ਸੁਧਾਰ ਕਰਨ ਦੀ ਮੰਗ ਕਰਨ ਵਾਲਿਆਂ ਵਿੱਚ ਜਰਮਨ ਭਿਕਸ਼ੂ ਮਾਰਟਿਨ ਲੂਥਰ ਦਾ ਨਾਂ ਸਭ ਤੋਂ ਵਿਖਆਤ ਸੀ। ਉਹਨਾਂ ਦਾ ਕਹਿਣਾ ਸੀ ਕਿ ਲੋਕਾਂ ਨੂੰ ਆਪਣੀ ਮਾਤਰਭਾਸ਼ਾ ਵਿੱਚ ਬਾਈਬਲ ਪੜ੍ਹਕੇ ਸਮਝਣਾ ਚਾਹੀਦਾ ਹੈ ਅਤੇ ਇਸਾਈ ਚਰਚ ਬਾਈਬਲ ਦੇ ਅਧਾਰ ਤੇ ਹੀ ਚਲਣੀ ਚਾਹੀਦੀ ਹੈ, ਨਾ ਕੀ ਪਾਦਰੀ ਦੀ ਇੱਛਾ ਦੇ ਅਨੁਸਾਰ ਮਾਰਿਟਨ। ਲੂਥਰ ਨੇ ਚਰਚ ਦੇ ਤਿੰਨ ਮੁੱਖ ਸਿਧਾਂਤਾਂ ਨੂੰ ਮੰਨਣ ਤੋਂ ਇਨਕਾਰ ਕੀਤਾ।

1. ਚਰਚ ਦਾ ਕਹਿਣਾ ਸੀ ਕਿ ਚਰਚ ਰਾਜ ਦੇ ਅਧੀਨ ਨਹੀਂ ਹੈ। ਪ੍ਰੰਤੂ ਮਾਰਟਿਨ ਲੂਥਰ ਚਰਚ ਨੂੰ ਰਾਜ ਦੇ ਅਧੀਨ ਮੰਨਦਾ ਸੀ।
2. ਚਰਚ ਦਾ ਕਹਿਣਾ ਸੀ ਕਿ ਬਾਇਬਲ ਦੀ ਵਿਆਖਿਆ ਕਰਨ ਵਾਲਾ ਸਰਵੋਚ ਅਧਿਕਾਰੀ ਪੋਪ ਹੈ ਅਤੇ ਪੋਪ ਬਾਇਬਲ ਦੀ ਜੋ ਵਿਆਖਿਆ ਕਰਦਾ ਹੈ ਉਸਨੂੰ ਅੱਖਾਂ ਬੰਦ ਕਰਕੇ ਮੰਨ ਲੈਣਾ ਚਾਹੀਦਾ ਹੈ। ਪ੍ਰੰਤੂ ਮਾਰਟਿਨ ਲੂਥਰ ਨੇ ਇਸਨੂੰ ਵੀ ਨਹੀਂ ਮੰਨਿਆ।
3. ਚਰਚ ਦਾ ਕਹਿਣਾ ਸੀ ਕਿ ਚਰਚ ਕੌਂਸਲ ਦੀ ਬੈਠਕ ਬੁਲਾਉਣ ਦਾ ਹੱਕ ਸਿਰਫ਼ ਪੋਪ ਨੂੰ ਹੈ। ਚਰਚ ਦੇ ਇਸ ਦਾਵੇ ਨੂੰ ਵੀ ਲੂਥਰ ਨਹੀਂ ਮੰਨਦਾ ਸੀ। ਇਨ੍ਹਾਂ ਗੱਲਾਂ ਨੂੰ ਨਾ ਮੰਨਣ ਦਾ ਸਿੱਧਾ ਜਿਹਾ ਅਰਥ ਪੋਪ ਦੀ ਸੱਤਾ ਨੂੰ ਅਸਵੀਕਾਰ ਕਰਨਾ ਹੈ।

**ਮਾਰਟਿਨ ਦਾ ਪਹਿਲਾ ਕਦਮ :** 1517 ਈ: ਵਿੱਚ ਰੋਮ ਦੇ ਪੋਪ ਵੱਲੋਂ ਟੈਟਜਲ (Tetzel) ਨਾਂ ਦਾ ਇੱਕ ਕਰਮਚਾਰੀ ਵਿਟੇਨਵਰਗ ਵਿੱਚ ਸ਼ਮਾ-ਪੱਤਰਾਂ (Indulgences) ਦੇ ਵੇਚਣ ਲਈ ਆਇਆ, ਕਿਉਂਕਿ ਪੋਪ ਉਸ ਸਮੇਂ ਸੈਂਟ ਪੀਟਰਸ ਦਾ ਵਿਸ਼ਾਲ ਗਿਰਜਾਘਰ ਬਣਵਾ ਰਿਹਾ ਸੀ ਅਤੇ ਉਸਦੇ ਲਈ ਧਨ ਇੱਕਠਾ ਕਰਨ ਹੇਤੂ ਸ਼ਮਾ-ਪੱਤਰ ਨੂੰ ਵੇਚਣ ਦੇ ਲਈ ਉਸਨੇ ਆਪਣੇ ਦੂਤ ਕਈ ਦੇਸ਼ਾ ਵਿੱਚ ਭੇਜ ਦਿੱਤੇ। ਜਦ ਮਾਰਟਿਨ ਲੂਥਰ ਨੂੰ ਇਹ ਪਤਾ ਲੱਗਿਆ ਤਦ ਉਸ ਨੇ ਇਨ੍ਹਾਂ ਸ਼ਮਾ-ਪੱਤਰ ਦੇ ਖਿਲਾਫ਼ ਇੱਕ ਪੱਤਰ ਆਪਣੇ ਗ੍ਰਾਮ ਦੇ ਗਿਰਜਾਘਰ ਦੇ ਦਰਵਾਜੇ ਅੱਗੇ ਲਟਕਾ ਦਿੱਤਾ ਅਤੇ ਇਹ ਵੀ ਘੋਸ਼ਿਤ ਕੀਤਾ ਕਿ ਇਸ ਵਿਸ਼ੇ ਵਿੱਚ ਕੋਈ ਮੇਰੇ ਨਾਲ ਵਿਵਾਦ ਕਰਨਾ ਚਾਹੇ ਤਾਂ ਉਸ ਤੋਂ ਸ਼ਾਸ਼ਤਰਾਥ ਕਰਨ ਦੇ ਲਈ ਮੈਂ ਹਾਜ਼ਰ ਹਾਂ। ਇਸ ਪੱਤਰ ਵਿੱਚ ਉਸ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਸ਼ਮਾ-ਪੱਤਰ ਦੇ ਨਾਲ ਨਾ ਹੀ ਕਿਸੇ ਮਨੁੱਖ ਦੇ ਪਾਪਾਂ ਨੂੰ ਧੋਇਆ ਜਾ ਸਕਦਾ ਹੈ ਅਤੇ ਨਾ ਹੀ ਪਰਮਾਤਮਾ ਇਨ੍ਹਾਂ ਪਾਪੀਆਂ ਦੇ ਪਾਪ ਨੂੰ ਮਾਫ਼ ਕਰਦੇ ਹਨ। ਲੂਥਰ ਨੇ ਇਨ੍ਹਾਂ ਵਿਚਾਰਾਂ ਦਾ ਜਨਤਾ 'ਤੇ ਅਪੇਸ਼ਿਤ ਪ੍ਰਭਾਵ ਪਿਆ।

ਨੋਟ

**ਪੋਪ ਦੁਆਰਾ ਵਿਰੋਧ :** ਜਦ ਪੋਪ ਨੂੰ ਇਸ ਪ੍ਰਕਾਰ ਦੇ ਵਿਦਰੋਹ ਦੀ ਸੂਚਨਾ ਮਿਲੀ ਤਦ ਉਹ ਬੜਾ ਗੁੱਸੇ ਹੋਇਆ। ਉਸਨੇ ਲੁਥਰ ਨੂੰ ਧਰਮ-ਬਹਿਸ਼ਕ੍ਰਿਤ ਕਰ ਦਿੱਤਾ ਅਤੇ ਆਪਣੇ ਜ਼ੁਰਮ ਦੀ ਮਾਫ਼ੀ ਮੰਗਣ ਦੇ ਲਈ 1520 ਈ: ਵਿੱਚ ਰੋਮ ਬੁਲਾਇਆ, ਪ੍ਰੰਤੂ ਰੋਮ ਜਾਣ ਦੀ ਕੌਣ ਕਹੇ ਲੁਥਰ ਨੇ ਪੋਪ ਦੇ ਆਦੇਸ਼ ਨੂੰ ਇੱਕ ਸਾਰਵਜਨਿਕ ਸਭਾ ਵਿੱਚ ਜਲਾ ਦਿੱਤਾ। ਮਾਰਟਿਨ ਲੁਥਰ ਜਰਾ ਵੀ ਨਹੀਂ ਡਰਿਆ। ਉਹ ਆਪਣੇ ਵਿਚਾਰ ਦੇ ਬਿਨਾਂ ਭਅ ਨੂੰ ਪ੍ਰਗਟ ਕਰਦਾ ਰਿਹਾ। ਹੁਣ ਤੱਕ ਤਾਂ ਉਸਨੇ ਲੈਟਿਨ ਭਾਸ਼ਾ ਵਿੱਚ ਹੀ ਲਿਖਿਆ ਸੀ, ਪ੍ਰੰਤੂ ਹੁਣ ਉਸਨੇ ਜਰਮਨ ਭਾਸ਼ਾ ਵਿੱਚ ਜਿਸਨੂੰ ਉਸਦੇ ਦੇਸ਼ ਵਾਲੇ ਸਮਝਦੇ ਸਨ, ਪੱਤਰੀਕਾ ਕੱਢਣੀ ਸ਼ੁਰੂ ਕਰ ਦਿੱਤੀ। ਹੁਣ ਤੱਕ ਉਹ ਡਰਦਾ-ਡਰਦਾ ਕੰਮ ਕਰਦਾ ਸੀ, ਪ੍ਰੰਤੂ ਹੁਣ ਉਸਨੇ ਖੁੱਲ੍ਹਮ-ਖੁਲ੍ਹਾ ਵਿਦਰੋਹ ਦਾ ਝੰਡਾ ਚੁੱਕ ਲਿਆ। ਖੁੱਲ੍ਹੇ ਸ਼ਬਦਾਂ ਵਿੱਚ ਪੋਪ ਦੀ ਨਿੰਦਾ ਕਰਨੀਂ ਸ਼ੁਰੂ ਕਰ ਦਿੱਤੀ। ਪੋਪ ਦੇ ਕ੍ਰੋਧ ਦੀ ਸੀਮਾ ਨਹੀਂ ਰਹੀ। ਉਸਨੇ ਉਸਨੂੰ ਮੌਤ ਦੀ ਸ਼ਜਾ ਦੇਣ ਦੀ ਠਾਣ ਲਈ। ਪ੍ਰੰਤੂ ਜਰਮਨ ਦੇ ਕਈ ਰਾਜਕੁਮਾਰਾਂ ਨੇ ਲੁਥਰ ਨੂੰ ਆਪਣੀ ਸ਼ਰਣ ਦੇ ਦਿੱਤੀ। ਪੋਪ ਲਿਓ ਦਸ਼ਮ ਨੇ ਜ਼ਰਮਨੀ ਦੇ ਸਮਰਾਟ ਚਾਲਰਸ ਪੰਚਮ ਨੂੰ ਮਾਰਟਿਨ ਲੁਥਰ ਦਾ ਦਮਨ ਕਰਣ ਦੇ ਲਈ ਆਗਿਆ ਦੇ ਦਿੱਤੀ। ਸਮਰਾਟ ਨੇ ਇਸ ਵਿਸ਼ੇ ਵਿੱਚ ਕੁਝ ਨਹੀਂ ਕੀਤਾ, ਕਿਉਂਕਿ ਇੱਕ ਤਾਂ ਉਹ ਜ਼ਰਮਨੀ ਦੇ ਰਾਜਕੁਮਾਰ ਤੋਂ, ਜੋ ਲੁਥਰ ਦੇ ਸਹਾਇਕ ਅਤੇ ਸੁਰੱਖਿਅਕ ਬਣੇ ਹੋਏ ਸੀ, ਡਰਦਾ ਰਿਹਾ। ਦੂਜੇ ਇਸ ਸਮੇਂ ਉਹ ਇੱਕ ਯੁੱਧ ਵਿੱਚ ਫ਼ਸਿਆ ਹੋਇਆ ਸੀ। ਲੁਥਰ ਨੇ ਵੀ ਵਾਇਕਲੀਫ਼ ਦੀ ਭਾਂਤਿ ਜਰਮਨ ਭਾਸ਼ਾ ਵਿੱਚ ਬਾਇਬਲ ਦਾ ਅਨੁਵਾਦ ਕੀਤਾ।

**ਕਰਿਸ਼ਕਾਂ ਦਾ ਵਿਦਰੋਹ (1525 ਈ:):** ਲੁਥਰ ਦਾ ਕਹਿਣਾ ਸੀ ਕਿ ਪਰਮਾਤਮਾ ਦੇ ਅੱਗੇ ਸਾਰੇ ਮਨੁੱਖ ਸਮਾਨ ਅਤੇ ਬਾਰਾਬਰ ਹੈ। ਇਸ ਵਿਚਾਰ ਦਾ ਪ੍ਰਚਾਰ ਹੋਣ ਤੋਂ ਜ਼ਰਮਨੀ ਵਿੱਚ ਇੱਕ ਵੱਡਾ ਅੰਦੋਲਨ ਖੜ੍ਹਾ ਹੋ ਗਿਆ। ਕਰਿਸ਼ਕਾ ਨੇ ਇਸਦਾ ਇਹ ਮਬਲਬ ਕੱਢਿਆ ਕਿ ਉਸਦੇ ਸਾਮੰਤ ਅਤੇ ਜਾਗੀਰਦਾਰ ਬਰਾਬਰ ਹਨ। ਫਿਰ ਉਹ ਜਗੀਰਦਾਰ ਨੂੰ ਆਪਣਾ ਸਵਾਮੀ ਅਤੇ ਆਪਣੇ ਆਪ ਨੂੰ ਉਨ੍ਹਾਂ ਦਾ ਸੇਵਕ ਕਿਉਂ ਸਮਝੇ ? ਉਨ੍ਹਾਂ ਨੇ ਇਕਦਮ ਵਿਦਰੋਹ ਕਰ ਦਿੱਤਾ ਅਤੇ ਭੂਮਿਦਾਸ (Serfdom) ਪ੍ਰਥਾ ਨੂੰ ਖਤਮ ਕਰਨ ਦੀ ਮੰਗ ਸ਼ੁਰੂ ਕਰ ਦਿੱਤੀ। ਲੁਥਰ ਨੇ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਚੇਸ਼ਟਾ ਕੀਤੀ। ਪ੍ਰੰਤੂ ਉਹ ਇਸ ਵਿੱਚ ਅਸਫ਼ਲ ਰਹੇ। ਇਸਦਾ ਕਾਰਨ ਇਹ ਸੀ ਕਿ ਗਰੀਬ ਕਿਸਾਨ ਸਮਾਨਤੋਂ ਦੇ ਅੱਤਿਆਚਾਰ ਅਤੇ ਭਾਰੀ ਕਰਾਂ ਤੋਂ ਬਹੁਤ ਦੁਖੀ ਸੀ। ਸਮਾਨਤੋਂ ਨੇ ਕਿਸਾਨਾਂ ਦੇ ਵਿਦਰੋਹ ਨੂੰ ਵੱਡੀ ਕਠੋਰਤਾ ਤੋਂ ਦਮਨ ਕਰਨਾ ਚਾਹਿਆ। ਲੁਥਰ ਨੇ ਇਸ ਮਾਮਲੇ ਨੂੰ ਸਾਮਤੋਂ ਦਾ ਪਕਸ਼ ਲਿਆ। ਇਸ ਨਾਲ ਸਾਧਾਰਨ ਲੋਕ ਲੁਥਰ ਤੋਂ ਨਫ਼ਰਤ ਕਰਨ ਲੱਗ ਪਏ।

**ਜੱਾਨ ਕੇਲਵਿਨ :** ਜੱਾਨ ਕੈਲਵਿਨ ਲੁਥਰ ਤੋਂ ਵੀ ਉਗਰ ਸੁਧਾਰਕ ਸੀ। ਉਹ ਚਾਹੁੰਦਾ ਸੀ ਕਿ ਇਸਾਈ ਲੋਕ ਬਾਇਬਲ ਦੀ ਸਿੱਖਿਆ ਦੇ ਅਨੁਸਾਰ ਹੀ ਜੀਵਨ ਬਿਤਾਉਣ। ਲੁਥਰ ਦਾ ਤਾਂ ਮਤਭੇਦ ਕੀਤੇ ਸਿਧਾਂਤਿਕ ਸੀ ਅਤੇ ਉਹ ਗਿਰਜਾਘਰ ਦੇ ਪ੍ਰਬੰਧ ਵਿੱਚ ਜਿਆਦਾ ਪਰਿਵਰਤਨ ਦੇ ਪਕਸ਼ ਵਿੱਚ ਨਹੀਂ ਸੀ। ਪ੍ਰੰਤੂ ਕੈਲਵਿਨ ਇਸ ਖ਼ੇਤਰ ਵਿੱਚ ਆਮੂਲ ਪਰਿਵਰਤਨ ਕਰਨ ਦੇ ਪਕਸ਼ ਵਿੱਚ ਸੀ।

**ਅਰੰਭਿਕ ਜੀਵਨ :** ਜੱਾਨ ਕੈਲਵਿਨ ਦਾ ਜਨਮ ਫਰਾਂਸ ਵਿੱਚ 1502 ਵਿੱਚ ਹੋਇਆ। ਉਸ ਦੇ ਪਿਤਾ ਨੇ ਸ਼ੁਰੂ ਤੋਂ ਹੀ ਉਸਨੂੰ ਪਾਦਰੀ ਬਣਾਉਣ ਦੀ ਠਾਣ ਲਈ ਸੀ। ਕੈਲਵਿਨ ਵੱਡਾ ਹੋਇਆ ਤਦ ਉਹ ਚਰਚ ਦੇ ਵਿਦਰੋਹ ਦਾ ਪਕਸ਼ਪਾਤੀ ਬਣ ਗਿਆ। ਸਰਕਾਰ ਨੇ ਉਸਨੂੰ ਨਾਸਤਿਕ ਹੋਣ ਦੇ ਨਾਤੇ ਹਰ ਪ੍ਰਕਾਰ ਦਾ ਦੰਢ ਦੇਣਾਂ ਚਾਹਿਆ, ਪ੍ਰੰਤੂ ਉਹ ਫਰਾਂਸ ਤੋਂ ਭੱਜ ਨਿਕਲਿਆ ਅਤੇ ਬਹੁਤ ਦਿਨਾਂ ਤੱਕ ਵਿਦੇਸ਼ਾਂ ਵਿੱਚ ਘੁੰਮਦਾ ਰਿਹਾ। ਬੇਸੀਲ "ਨਗਰ ਵਿੱਚ ਰਹਿੰਦੇ ਹੋਏ ਉਸ ਨੇ Basel The Institute of The Christian Religionsਨਾਮਕ ਗ੍ਰੰਥ ਦੀ ਰਚਨਾ ਕੀਤੀ, ਜਿਸ ਵਿੱਚ ਉਸਨੇ ਇਸਾਈ ਧਰਮ ਦੇ ਵਿਸ਼ੇ ਵਿੱਚ ਆਪਣਾ ਮਤ ਪ੍ਰਗਟ ਕੀਤਾ। ਉਹ ਮਾਰਟਿਨ ਲੁਥਰ ਤੋਂ ਵੀ ਜਿਆਦਾ ਵਿਦਵਾਨ ਅਤੇ ਧਰਮਸ਼ਾਸ਼ਤਰ ਦਾ ਪੰਡਿਤ ਸੀ। 1536 ਈ: ਵਿੱਚ ਉਹ ਸਵਿਟਜਰਲੈਂਡ ਦੇ ਜੈਨੇਵਾ ਨਗਰ ਵਿੱਚ ਪਹੁੰਚਿਆ ਅਤੇ ਉਥੇ ਧਰਮ ਦਾ ਪ੍ਰਚਾਰ ਕਰਨ ਲੱਗੇ। ਹੋਲੀ-ਹੋਲੀ ਜੈਨੇਵਾ ਨਿਵਾਸੀਆਂ ਅਤੇ ਉਥੇ ਦੇ ਧਾਰਮਿਕ ਲੋਕਾਂ ਤੇ ਉਸਦਾ ਇਨ੍ਹਾਂ ਡੂੰਘਾ ਪ੍ਰਭਾਵ ਹੋ ਗਿਆ ਕਿ ਮੰਨੋਂ ਉਹ ਉਸ ਨਗਰ ਦਾ ਸ਼ਾਸ਼ਕ ਹੋਵੇ। ਨਗਰ ਦੀ ਸਫ਼ਾਈ ਵਿਵਸਥਾ, ਉਦਯੋਗ-ਧੰਦੇ, ਸਿੱਖਿਆ ਆਦਿ ਸਾਰੇ ਕਾਰਜ਼ ਉਸ ਦੇ ਹੱਥ ਵਿੱਚ ਸੀ। ਉਹ ਹਰ ਕਾਰਜ਼ ਦੇ ਕਰਨ ਵਿੱਚ ਬਹੁਤ ਨਿਪੁੰਨ ਰਿਹਾ। ਉਸਦਾ ਸ਼ਾਸ਼ਨ ਬਹੁਤ ਕਠੋਰ ਸੀ, ਜਿਸ ਵਿੱਚ ਸ਼ੋਖ ਕੱਪੜ ਪਾਉਣਾ, ਨੱਚਣਾ ਕੁੱਦਣਾ, ਸ਼ਰਾਬ ਪੀਣਾ ਨਿਸ਼ਿਦਧ ਸੀ। ਇਸ ਤਰ੍ਹਾਂ ਕਰਨ ਵਾਲੇ ਨੂੰ ਕੜਾ ਦੰਡ ਦਿੱਤਾ ਜਾਂਦਾ ਸੀ। ਦੁਰਾਚਾਰ ਦਾ ਦੰਢ ਮੌਤ ਸੀ। ਨਾਸਤਿਕ ਨੂੰ ਜ਼ਿੰਦਾ ਹੀ ਜਲਾ ਦਿੱਤਾ ਜਾਂਦਾ ਸੀ।

**ਕੈਲਵਿਨ ਦੇ ਸਿਧਾਂਤ** (Calvinism) **:** ਕੈਲਵਿਲ ਸੰਸਾਰ ਦੇ ਭੋਗ-ਵਿਲਾਸ ਦੇ ਵਿਰੁੱਧ ਸੀ। ਉਹ ਕੱਟੜ ਭਾਗਿਆਵਾਦੀ ਸੀ। ਉਸ ਦਾ ਕਥਨ ਸੀ ਕਿ ਜਿਸ ਤਰ੍ਹਾਂ ਮਨੁੱਖ ਦੇ ਭਾਗਿਆ ਵਿੱਚ ਭਗਵਾਨ ਨੇ ਲਿਖ ਦਿੱਤਾ ਹੈ ਉਸ ਨੂੰ ਸੰਸਾਰ ਦੀ ਕੋਈ ਸ਼ਕਤੀ ਖ਼ਤਮ ਨਹੀਂ ਕਰ ਸਕਦੀ। ਕੁਝ ਲੋਕ ਜਨਮ ਤੋਂ ਮਰਣ ਤੱਕ ਦਾ ਸੁੱਖ ਭੋਗਣ ਦੇ ਲਈ ਅਤੇ ਕੁਝ ਦੁਖ ਭੋਗਣ ਦੇ ਲਈ ਪੈਦਾ ਹੁੰਦੇ ਹਨ। ਸੰਸਾਰ ਵਿੱਚ ਸਮਾਨਤਾ ਕਦੀ ਨਹੀਂ ਹੋ ਸਕਦੀ। ਕੁਝ ਜਨਮ ਤੋਂ ਹੀ ਵੱਡੇ ਅਤੇ ਕੁਝ ਜਨਮ ਤੋਂ ਹੀ ਛੋਟੇ ਅਤੇ ਕੁਝ ਜਨਮ ਤੋਂ ਹੀ ਭਾਗਿਆਸ਼ਾਲੀ ਹੁੰਦੇ ਹਨ। ਉਸਦਾ ਇਹ ਕਥਨ ਲੋਕਾਂ ਨੂੰ ਭਅਭੀਤ ਕਰਨ ਲਈ ਸੀ।



**ਚਿੱਤਰ-2:** ਜੱਾਨ ਕੈਵਲਿਨ

**ਕੈਲਵਿਨ ਦਾ ਪ੍ਰਭਾਵ :** ਜੇਕਰ ਕੈਲਵਿਨ ਦੀ ਸਿੱਖਿਆ ਅਤੇ ਪ੍ਰਭਾਵ ਕੇਵਲ ਜੈਨੇਵਾ ਤੱਕ ਹੀ ਸੀਮਿਤ ਰਹਿੰਦੇ ਤਾਂ ਸੰਸਾਰ ਵਿੱਚ ਇੰਨੀ ਕਿਰਤੀ ਪ੍ਰਾਪਤ ਨਾ ਕਰ ਪਾਉਂਦਾ। ਪਰ ਜੈਨਵਾ ਉਸ ਸਮੇਂ ਵਿਚ ਕਈ ਦੇਸ਼ਾਂ ਦੇ ਸ਼ਰਣਾਥੀਆਂ ਦਾ ਕੇਂਦਰ ਸੀ। ਜੋ ਆਪਣੇ ਦੇਸ਼ ਦੇ ਧਾਰਮਿਕ ਅੱਤਿਆਚਾਰ ਤੋਂ ਜਾਣ ਬਚਾ ਕੇ ਉੱਥੇ ਆ ਗਏ ਸੀ। ਉਨ੍ਹਾਂ ਸਭ ਮਨੁੱਖਾਂ ਤੇ ਕੈਲਵਿਨ ਦਾ ਇਨ੍ਹਾਂ ਡੂੰਘਾ ਪ੍ਰਭਾਵ ਪਿਆ ਕੀ ਉਹ ਕੈਲਵਿਨ ਦੇ ਸ਼ਿਸਅ ਬਣ ਗਏ ਅਤੇ ਜਦ ਉਹ ਵਾਪਿਸ ਆਪਣੇ ਦੇਸ਼ ਆਏ, ਤਦ ਉਥੇ ਉਹਨਾਂ ਨੇ ਕੈਲਵਿਨ ਦੇ ਸਿਧਾਂਤ ਦਾ ਪ੍ਰਚਾਰ ਕੀਤਾ। ਇੰਗਲੈਂਡ ਤੋਂ ਜੋ ਲੋਕ ਮੇਰੀ ਟਯੂਡਰ ਦੇ ਅੱਤਿਆਚਾਰ ਤੋਂ ਬਚ ਕੇ ਭੱਜ ਆਏ ਸਨ, ਇਨ੍ਹਾਂ ਨੇ ਇੰਗਲੈਂਡ ਵਾਪਿਸ ਜਾ ਕੇ ਕੈਲਵਿਨ ਦੇ ਸਿਧਾਂਤ ਦੇ ਅਨੁਸਾਰ ਇੱਕ ਨਵੀਨ ਸੰਪਰਦਾਇ ਦੀ ਸਥਾਪਨਾ ਕੀਤੀ, ਜੋ ਪਯੂਰਿਟਨ ਧਰਮ ਕਹਿਲਾਇਆ। ਪਯੂਰਿਟਨ ਸੰਪਰਦਾਇ ਵਾਲਿਆਂ ਨੇ ਇੰਗਲੈਂਡ ਦੇ ਇਤਿਹਾਸ ਵਿੱਚ ਬੜੇ ਮਹੱਤਵਪੂਰਨ ਕਾਰਜ਼ ਕੀਤੇ। ਸਟਾਕਲੈਂਡ, ਹੱਾਲੈਂਡ ਅਤੇ

**ਨੋਟ**

ਫਰਾਂਸ ਦੇ ਜਿੰਨ੍ਹਾਂ ਲੋਕਾਂ ਨੇ ਸਿਧਾਂਤ ਨੂੰ ਅਪਣਾਇਆ ਉਹ ਆਪਣੇ ਦ੍ਰਿੜ ਵਿਸ਼ਵਾਸ਼, ਦ੍ਰਿੜ ਸੰਕਲਪ, ਕਠਿਨ ਮਿਹਨਤ ਅਤੇ ਸ਼ੁੱਧ ਆਚਰਨ ਦੇ ਲਈ ਅੱਜ ਤੱਕ ਪ੍ਰਸਿੱਧ ਹੈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

1. ਜੱਾਨ ਕੈਲਵਿਨ ਦਾ ਜਨਮ....... ਵਿੱਚ 1502 ਵਿੱਚ ਹੋਇਆ ਸੀ।
   - (ੳ) ਫਰਾਂਸ (ਅ) ਇਟਲੀ
   - (ੲ) ਅਮੇਰਿਕਾ (ਸ) ਰੂਸ
2. ਧਰਮ ਸੁਧਾਰ ਅੰਦੋਲਨ ਦਾ ਸਫ਼ਲ ਸੰਚਾਲਕ ਅਤੇ ਨੇਤਾ ........ਸੀ।
   - (ੳ) ਏਰਫਰਟ (ਅ) ਮਾਰਟਿਨ ਲੂਥਰ
   - (ੲ) ਜੱਾਨਹਸ (ਸ) ਆਰਨਾਲਡ
3. ਧਰਮ ਸੁਧਾਰ ਅੰਦੋਲ ਸੀ............।
   - (ੳ) ਜਨ-ਕ੍ਰਾਂਤੀ (ਅ) ਅੰਦੋਲਨ
   - (ੲ) ਰੂਢਿ (ਸ) ਰਿਵਾਜ

## 3.5 ਯੂਰੋਪ ਦੇ ਅਨਅ ਦੇਸ਼ਾਂ ਵਿੱਚ ਧਰਮ ਸੁਧਾਰ ਅੰਦੋਲਨ (Religions Reformation Movement in other Countries of Europe)

1. **ਹੱਾਲੈਂਡ ਇਰੈਸਮਸ (1467-1536):** ਇਰੈਸਮਸ ਦਾ ਜਨਮ ਹੱਾਲੈਂਡ ਵਿੱਚ ਹੋਇਆ ਸੀ। ਉਹ ਹੱਾਲੈਂਡ ਵਿੱਚ ਪ੍ਰੋਟੇਸਟੈਂਟ ਧਰਮ ਦਾ ਪ੍ਰਮੁੱਖ ਪ੍ਰਚਾਰਕ ਸੀ। ਪ੍ਰੰਤੂ ਉਸ ਨੇ ਆਪਣੇ ਜੀਵਨ ਦਾ ਅਧਿਕਤਰ ਭਾਗ ਜਰਮਨੀ, ਇਟਲੀ, ਫਰਾਂਸ ਅਤੇ ਇੰਗਲੈਂਡ ਵਿੱਚ ਬਿਤਾਇਆ। ਉਹ ਵੱਡਾ ਵਿਦਵਾਨ ਅਤੇ ਧਰਮ ਸ਼ਾਸਤਰੀ ਸੀ। ਉਸਨੂੰ ਇਸਾਈ ਧਰਮ ਅਤੇ ਪਾਦਰਿਆਂ ਦੀ ਦੁਰਦਸ਼ਾ ਦੇਖ ਕੇ ਬੜਾ ਦੁਖ ਹੁੰਦਾ ਸੀ। ਉਹ ਇਸਾਈ ਧਰਮ ਦੀ ਗਲਤੀਆਂ ਦੀ ਨਿੰਦਾ ਕਰਦਾ ਰਿਹਾ। ਉਸਨੇ ਆਪਣੇ ਇੱਕ ਪ੍ਰਸਿੱਧ ਗ੍ਰੰਥ (Praise of Folly) ਵਿੱਚ ਪਾਦਰਿਆਂ ਦੇ ਦੋਸ਼ਮਿਆ ਜੀਵਨ ਦਾ ਬੜੀ ਹਾਸੀ ਉਡਾਈ। ਕਹਿੰਦੇ ਹਨ ਕਿ ਉਸਦੇ ਗ੍ਰੰਥ ਨੇ ਪ੍ਰਾਚੀਨ ਕੈਥੋਲਿਕ ਧਰਮ ਅਤੇ ਪੋਪ ਦੇ ਮਾਨ ਅਤੇ ਮਰਿਯਾਦਾ ਨੂੰ ਇੰਨੀ ਹਾਨੀ ਪਹੁੰਚਾਈ, ਜਿੰਨੀ ਲੂਥਰ ਦੇ ਅੰਦੋਲਨ ਅਤੇ ਵਿਦਰੋਹ ਨੇ ਵੀ ਨਹੀਂ ਪਹੁੰਚਾਈ। ਲੋਕ ਕਹਿਣ ਲੱਗੇ ਕਿ ਇਰੈਸਮਸ ਦੀ ਹੱਸੀ ਦੀ ਇਸ ਪੁਸਤਕ ਨੇ ਪੋਪ ਨੂੰ ਲੂਥਰ ਦੇ ਕ੍ਰੋਧ ਤੋਂ ਵੀ ਜਿਆਦਾ ਹਾਨੀ ਪਹੁੰਚਾਈ ਹੈ। ਏਰੈਸਮਸ ਇਸ ਗ੍ਰੰਥ ਦੁਆਰਾ ਈਸਾਈ ਧਰਮ ਦੀ ਨਿੰਦਾ ਨਹੀਂ ਕਰਨਾ ਚਾਹੁੰਦਾ ਸੀ। ਉਹਨਾਂ ਦੇ ਵਿਚਾਰ ਤਾਂ ਇਸ ਧਰਮ ਵਿੱਚ ਸੁਧਾਰ ਕਰਨਾ ਸੀ। ਉਸਦਾ ਕਹਿਣਾ ਸੀ ਕਿ ਸਾਡੇ ਧਰਮ ਦਾ ਸਾਰਾਂਸ਼ ਸ਼ਾਂਤੀ ਅਤੇ ਏਕਤਾ ਹੈ ਅਤੇ ਗੱਲਾਂ ਤਦ ਹੀ ਹੋ ਸਕਦੀਆਂ ਹਨ ਜਦ ਸਿਧਾਂਤ ਥੋੜ੍ਹੇ ਹੋਣਗੇ ਅਤੇ ਅਡੰਬਰ ਬਿਲਕੁਲ ਵੀ ਨਹੀਂ। ਹਰ ਮਨੁੱਖ ਨੂੰ ਆਪਣੇ ਵਿਚਾਰਨੁਮਾਰ ਆਪਣਾ ਮਤ ਪ੍ਰਗਟ ਕਰਨ ਅਤੇ ਪ੍ਰਮਾਤਮਾ ਦੀ ਪੂਜਾ ਕਰਨ ਦੇ ਪੂਰਨ ਸਵਤੰਤਰਤਾ ਹੋਵੇ। ਉਹ ਕਹਿੰਦਾ ਸੀ ਕਿ ਸਾਨੂੰ ਧਾਰਮਿਕ ਉਤਸ਼ਾਹ ਵਿੱਚ ਅੰਨਾ ਨਹੀਂ ਹੋਣਾ ਚਾਹੀਦਾ ਹੈ ਅਤੇ ਚਰਚ ਵਿੱਚ ਸੁਧਾਰ ਹੋਲੀ-ਹੋਲੀ ਹੋਣਾ ਚਾਹੀਦੈ ਹੈ। ਉਹ ਰੋਮਨ ਕੈਥੋਲਿਕ ਚਰਚ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਕਰਨ ਦੇ ਵਿਰੋਧੀ ਸੀ। ਉਸਦੀ ਤਾਂ ਇੱਕਮਾਤਰ ਇੱਛਾ ਇਹ ਸੀ ਕਿ ਕਿਸੇ ਤਰ੍ਹਾਂ ਚਰਚ ਦੇ ਦੋਸ਼ ਦੂਰ ਹੋ ਜਾਣੇ ਚਾਹੀਦੇ ਹਨ। ਉਹ ਚਰਚ ਦੇ ਵਿਰੁੱਧ ਵਿਦਰੋਹ ਕਰਨ ਦੇ ਪਕਸ਼ ਵਿੱਚ ਨਹੀਂ ਸੀ। ਵਾਸਤਵ ਵਿੱਚ ਉਹ ਪਾਦਰੀ ਦੇ ਸੰਸਾਰਿਕ ਜੀਵਨ, ਵੈਭਵ-ਵਿਲਾਸਤਾ ਅਤੇ ਧਨ-ਲੋਲੁਪਤਾ ਦਾ ਘੋਰ ਵਿਰੋਧੀ ਸੀ ਅਤੇ ਧਰਮ ਵਿੱਚ ਸ਼ਾਂਤੀਉਪਾਅ ਵਿੱਚ ਹੋਲੀ-ਹੋਲੀ ਸੁਧਾਰ ਕਰਨੇ ਦੇ ਪਕਸ ਵਿੱਚ ਸੀ।



**ਚਿੱਤਰ-3:** ਇਰੈਸਮਸ

2. **ਸਵਿਟ੍ਜਰਲੈਂਡ ਜ਼ਿੰਗਲੀ (1484-1531 ਈ:) :** ਜ਼ਿੰਗਲੀ ਸਵਿਟ੍ਜਰਲੈਂਡ ਵਿੱਚ ਨਵੀਨ ਧਰਮ ਦਾ ਸਭ ਤੋ ਪ੍ਰਸਿੱਧ ਪ੍ਰਚਾਰਕ ਸੀ। ਉਹ ਵੱਡਾ ਉਦਾਰਚਿਤ ਅਤੇ ਵਿਦਵਾਨ ਸੀ। ਉਹ ਜਵਾਨੀ ਵਿੱਚ ਹੀ ਭਿਕਸ਼ੂ ਬਣ ਗਿਆ। ਉਹ ਆਪਣੇ ਵਿਚਾਰ ਸਮਾਚਾਰ ਪੱਤਰ ਦੁਆਰਾ ਪ੍ਰਕਾਸ਼ਿਤ ਕਰਦਾ ਰਹਿੰਦਾ ਸੀ। ਉਹ ਕਹਿੰਦਾ ਸੀ ਕਿ ਗਿਰਜਾਘਰ ਸੱਚੇ ਇਸਾਈਆਂ ਦਾ ਗਣਤੰਤਰ ਰਾਜ ਹੈ। ਉਹ ਪਾਦਰੀ ਦੀ ਅਨੁਚਿਤ ਗੱਲਾਂ ਜਿਵੇਂ ਕਿ ਸ਼ਮਾ-ਪੱਤਰ ਬੇਚਣ ਦਾ ਅਧਿਕਾਰ, ਪਾਦਰਿਆਂ ਦਾ ਅਵਿਵਾਹਿਤ ਰਹਿਣ ਅਤੇ ਤੀਰਥ ਯਾਤਰਾ ਕਰਨ ਆਦਿ ਦਾ ਵੱਡਾ ਵਿਰੋਧੀ ਸੀ।

ਨੋਟ

3. **ਸਕਾਟਲੈਂਡ ਨੌਕਸ (1505–1572) :** ਜੱਾਨ ਨੌਕਸ ਕੈਲਵਿਨ ਦਾ ਸ਼ਿਸ਼ਅ ਸੀ। ਉਸਨੇ ਨਵੀਨ ਧਰਮ ਦਾ ਪ੍ਰਚਾਰ ਸਕਾਟਲੈਂਡ ਵਿੱਚ ਕੀਤਾ। ਉਹ ਪੋਪ ਅਤੇ ਪੋਪ ਤੰਤਰ ਦਾ ਘੋਰ ਵਿਰੋਧੀ ਸੀ। ਉਸਦੇ ਭਾਰੀ ਮਿਹਨਤ ਅਤੇ ਉਤਸ਼ਾਹ ਤੋਂ ਸਕੱਾਟਲੈਂਡ ਵਾਲੇ ਕੇਵਲ ਪ੍ਰੋਟੇਸਟੈਂਟ ਹੀ ਨਹੀਂ ਬਲਕਿ ਪੱਕੇ ਪਯੂਰਿਟਨ ਹੋ ਗਏ। ਇਸਦਾ ਚਲਾਇਆ ਹੋਇਆ ਧਰਮ ਪ੍ਰੇਸ ਬਿਟੀਰਿਯਨ ਧਰਮ ਕਹਿਲਾਉਂਦਾ ਸੀ। ਸਕੱਾਟਲੈਂਡ ਵਿੱਚ 300 ਸਾਲ ਤੱਕ ਇਸਦਾ ਬੜਾ ਜੋਰ ਰਿਹਾ। ਇਸਦੇ ਕੁਝ ਸ਼ਿਸ਼ਯ ਆਯਰਲੈਂਡ ਵਿੱਚ ਹੀ ਆ ਪਹੁੰਚੇ ਉਥੇ ਵੀ ਨਵੀਨ ਧਰਮ ਦੇ ਵਿਚਾਰ ਫੈਲਣ ਲੱਗ ਗਏ।

4. **ਫਰਾਂਸ ਵਿੱਚ ਪ੍ਰੋਟੇਸਟੈਂਟ ਧਰਮ :** ਫਰਾਂਸ ਵਿੱਚ ਪ੍ਰੋਟੇਸਟੈਂਟ ਧਰਮ (ਫਰਾਂਸ ਵਿੱਚ ਕੈਲਵਿਲ ਦੇ ਅਨੁਯਾਈ ਵਆਗੋਂਨਾਇਟਸ ਕਹਿਲਾਉਂਦੇ ਸਨ) ਨੇ ਕੁਝ ਅਧਿਕ ਬਲ ਨਹੀਂ ਫੜ੍ਹਿਆ। ਇਸ ਦਾ ਕਾਰਨ ਇੱਕ ਤਾਂ ਫਰਾਂਸ ਦੀ ਸਥਿਤੀ ਸੀ ਦੂਜਾ ਕਾਰਨ ਫਰਾਂਸ ਦੇ ਸ਼ਾਸ਼ਕ ਲੁਇ ਬਾਰਹਵਾਂ (1515–1547 ਈ:) ਦਾ ਮੰਤਰੀ ਰਿਸ਼ਲੂ (Richelieu, 1585–1642 ਈ:) ਸੀ। ਉਹ ਫਰਾਂਸ ਨੂੰ ਧਾਰਮਿਕ ਝਗੜੇ ਤੋਂ ਦੂਰ ਰੱਖਣਾ ਚਾਹੁੰਦਾ ਸੀ। ਇਸ ਲਈ ਸਦਾ ਉਸ ਨੇ ਪੋਪ ਦਾ ਪਕਸ਼ ਲਿਆ। ਅਤੇ ਵਆਗੋਂਨਾਇਟਸ ਨੂੰ ਦੱਬੀ ਰੱਖਿਆ। ਜਦ ਕਦੀ ਵੀ ਵਆਗੋਂਨਾਇਟਸ ਨੇ ਕਿਸੇ ਪ੍ਰਕਾਰ ਦਾ ਉਪਦ੍ਰਵ ਕੀਤਾ। ਉਸਨੇ ਬੜੀ ਕਠੋਰਤਾ ਤੋਂ ਉਨ੍ਹਾਂ ਦਾ ਦਮਨ ਕੀਤਾ। ਪ੍ਰੰਤੂ ਉਸ ਨੇ ਆਪਣੀ ਰਾਜਨੀਤਿ ਤੋਂ ਜਰਮਨੀ ਦੇ ਪ੍ਰੋਟੇਸਟੈਂਟੋਂ ਨੂੰ ਸਦਾ ਵਡਾਵਾ ਅਤੇ ਸਹਾਇਤਾ ਦਿੱਤੀ। ਉਸ ਦੀ ਨੀਤਿ ਇਹ ਹੈ ਕਿ ਜਰਮਨੀ ਵਿੱਚ ਸਦਾ ਘਰੇਲੂ ਯੁੱਧ ਹੁੰਦਾ ਰਹੇ ਜਿਸ ਤੋਂ ਜਰਮਨੀ ਇਨ੍ਹਾਂ ਨਿਰਬਲ ਹੋ ਜਾਵੇ ਕੀ ਫਰਾਂਸ ਨੂੰ ਉਸ ਤੋਂ ਕੋਈ ਭੈਅ ਨਾਂ ਰਹੇ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

4. ਸੈਵੋਨਾਰੋਤਾ ਦਾ ਜਨਮ.........ਵਿੱਚ ਫੇਰਾਰਾ ਨਾਮਕ ਸਥਾਨ ਤੇ ਇਟਲੀ ਵਿੱਚ ਹੋਇਆ ਸੀ।
5. ਪਾਰਦੀ ਲੋਕਾਂ ਦਾ ਜੀਵਨ.........ਨਹੀਂ ਸੀ।
6. ਧਰਮ ਸੁਧਾਰ ਅੰਦੋਲਨ ਇੱਕ..........ਦਾ ਪ੍ਰਤੀਕ ਸੀ।

## 3.6 ਇੰਗਲੈਂਡ ਵਿੱਚ ਧਰਮ ਸੁਧਾਰ (Religious Reformation in England)



**ਚਿੱਤਰ-5:** ਕਾਰਡਿਨਲ ਵੁਲਜੇਮ



**ਚਿੱਤਰ-5:** ਕਾਰਡਿਨਲ ਵੁਲਜੇਮ

ਇੰਗਲੈਂਡ ਦੇ ਨਿਵਾਸੀ ਰੋਮਨ ਕੈਥੋਲਿਕ ਸਨ। ਮੱਧ ਕਾਲ ਵਿੱਚ ਚਰਚ ਅਤੇ ਪਾਦਰਿਆਂ ਦਾ ਜੀਵਨ ਵਿੱਚ ਕਈ ਦੋਸ਼ ਅਤੇ ਕਈ ਗਲਤੀਆਂ ਵਿਖਾਈ ਦੇਣ ਲੱਗੀਆਂ ਹਨ ਅਤੇ ਭਿੰਨ ਸਥਾਨਾਂ ਤੇ ਕਈ ਵਿਦਵਾਨ, ਭਾਸ਼ਣਦਾਤਾ, ਲੇਖਕ ਅਤੇ ਆਲੋਚਕ ਇਹਨਾਂ ਦੀ ਨਿੰਦਾ ਕਰਨ ਲੱਗੇ, ਤਦ ਇੰਗਲੈਂਡ ਵਿੱਚ ਵੀ ਇਸ ਤਰ੍ਹਾਂ ਹੋਣ ਲੱਗਿਆ। ਇੰਗਲੈਂਡ ਵਿੱਚ ਕੈਥੋਲਿਕ ਧਰਮ ਦੇ ਆਲੋਚਕਾਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਜੱਾਨ ਵਾਇਕਲੀਫ਼ ਸੀ, ਜੋ ਆਕਸਫੋਰਡ ਵਿਸ਼ਵ ਵਿਦਿਆਲਿਆ ਵਿੱਚ ਅਧਿਆਪਕ ਸੀ। ਉਸ ਦੇ ਸਮੇਂ ਵਿੱਚ ਬਹੁਤ ਜਿਹੇ ਵਿਦਵਾਨ ਅਤੇ ਸਮਝਦਾਰ ਲੋਕ ਇਹ ਸੋਚਣ ਲੱਗੇ ਕਿ ਸਾਡੇ ਧਰਮ ਵਿੱਚ ਅਤੇ ਪਾਦਰੀਆਂ ਦੇ ਜੀਵਨ ਵਿੱਚ ਕੁਝ ਗਲਤੀਆਂ ਅਤੇ ਦੋਸ਼ ਇਸ ਤਰ੍ਹਾਂ ਦੇ ਆ ਗਏ ਹਨ ਜਿਸ ਦਾ ਸੁਧਾਰ ਹੋਣਾ ਆਵਸ਼ਯਕ ਹੈ। ਪ੍ਰੰਤੂ ਵਾਇਕਲੀਫ਼ ਅਤੇ ਉਸਦੇ ਅਨੁਯਾਇਓਂ (ਉਸ ਦੇ ਅਨੁਆਈ ਲੋਲਾਆਡਰਸ Lollards ਕਹਾਉਂਦੇ ਸੀ) ਅਤੇ ਹੋਰ ਚਰਚ-ਵਿਰੋਧੀਆਂ ਦੀ ਮਿਹਨਤ ਦਾ ਕੋਣ ਫ਼ਲ ਉਸ ਸਮੇਂ ਨਹੀਂ ਨਿਕਲਿਆ। ਇਸ ਤੋਂ ਬਾਅਦ ਇਰੈਸਮਸ (Erasmas), ਕਾਲੇਟ (Colet) ਅਤੇ ਥਾਮਸ ਮੁਰ (Sir Thomas Moore) ਨੇ ਵੀ ਇਸ ਵਿਸ਼ਅ ਤੇ ਕੁਝ ਵਿਚਾਰ ਅਤੇ ਪ੍ਰਚਾਰ ਕੀਤੇ। ਪ੍ਰੰਤੂ ਇਨ੍ਹਾਂ ਸਾਰਿਆਂ ਦਾ ਤਾਤਪਰਯ ਕੇਵਲ ਧਰਮ ਸੁਧਾਰ ਦਾ ਸੀ। ਉਹ ਪ੍ਰਾਚੀਨ ਕੈਥੋਲਿਕ ਧਰਮ ਨੂੰ ਛੱਡਣ ਅਤੇ ਨਸ਼ਟ ਕਰਨ ਅਤੇ ਗਿਰਜ਼ਾ ਦੀ ਧਨ-ਸੰਪਤੀ ਨੂੰ ਲੁੱਟਣ ਦੀ ਗੱਲ ਬਿਲਕੁਲ ਵੀ ਨਹੀਂ ਸੋਚਦੇ ਹਨ। ਇਹੋ ਜਿਹੀ ਸਥਿਤੀ ਬਹੁਤ ਦਿਨਾਂ ਤੱਕ ਚਲਦੀ ਰਹੀ। ਛਾਪੇਖ਼ਾਨੇ ਦੇ ਅਵਿਸ਼ਕਾਰ, ਪੁਸਤਕਾਂ ਦੀ ਭਰਮਾਰ, ਵਿਚਾਰਕਾ ਦੇ ਵਿਚਾਰ ਅਤੇ ਸਮਸਤ ਸੁਧਾਰਕਾਂ ਦੇ ਪ੍ਰਚਾਰ ਤੋਂ ਆਮ ਜਨਤਾ ਵਿੱਚ ਜਾਗ੍ਰਤਿ ਦਿਨੋਂ ਦਿਨ ਵਧਦੀ ਗਈ। ਵਾਸਤਵਿਕ ਸਥਿਤੀ ਇਹ ਸੀ ਕਿ ਇੰਗਲੈਂਡ ਦੇ ਲੋਕ ਸਿੱਖਿਆ ਅਤੇ ਸਾਹਿਤਿਆ ਵਿੱਚ ਇੰਨ੍ਹੇ ਪਿੱਛੜੇ ਹੋਏ ਸਨ ਕਿ ਉਨ੍ਹਾਂ ਨੂੰ ਧਰਮ ਸੁਧਾਰ ਵਿੱਚ ਜਿਆਦਾ ਦਿਲਚਸਪੀ ਨਹੀਂ ਸੀ। ਪ੍ਰੰਤੂ ਇੱਥੋਂ ਦੇ ਰਾਜਾ ਹੇਨਰੀ ਅਸ਼ਟਮ ਦਾ ਪੋਪ ਦੇ ਨਾਲ ਝਗੜਾ ਹੋ ਗਿਆ। ਉਸ ਨੇ ਪੋਪ ਨਾਲ ਸੰਬੰਧ ਤੋੜ ਦਿੱਤਾ ਪਰ ਧਰਮ ਦੇ ਸਿਧਾਂਤ ਵਿੱਚ ਕੋਈ ਸੁਧਾਰ ਨਹੀਂ ਕੀਤਾ।

1. **ਇੰਗਲੈਂਡ ਵਿੱਚ ਪ੍ਰੋਟੇਸਟੈਂਟ ਧਰਮ ਰਾਣੀ ਕੈਥਰੀਨ:** ਇੰਗਲੈਂਡ ਵਿੱਚ ਨਵੀਨ ਧਰਮ ਜਾਂ ਪ੍ਰੋਟੇਸਟੈਂਟ ਧਰਮ ਦਾ ਪ੍ਰਚਾਰ ਹੇਨਰੀ ਅਸ਼ਟਮ ਦੇ ਸ਼ਾਸ਼ਨਕਾਲ ਵਿੱਚ ਆਰੰਭ ਹੋਇਆ। ਹੇਨਰੀ ਅਸ਼ਟਮ (1509–1547 ਈ:) ਵਿੱਚ ਪੋਪ ਦੀ ਵਿਸ਼ੇਸ਼ ਆਗਿਆ ਤੋਂ ਆਪਣੀ ਵਿਧਵਾ ਭਾਵਜ ਅਤੇ ਆਪਣੇ ਭਾਈ ਆਰਥਰ ਦੀ ਵਿਧਵਾ ਨਾਲ ਵਿਆਹ ਕਰ ਲਿਆ ਸੀ। ਉਸ ਦਾ ਨਾਂ ਮਹਾਰਾਣੀ ਕੈਥਰੀਨ (Queen Catherine) ਸੀ। ਪ੍ਰੰਤੂ ਕੈਥਰੀਨ ਦੇ ਕੋਈ ਪੁੱਤਰ ਪੈਦਾ ਨਹੀਂ ਹੋਇਆ ਅਤੇ ਕੇਵਲ ਇੱਕ ਲੜਕੀ ਹੀ

**ਨੋਟ**

ਹੋਈ ਸੀ। ਉਹ ਸਦਾ ਬੀਮਾਰ ਰਹਿੰਦੀ ਸੀ। ਹੇਨਰੀ ਨੂੰ ਇਸ ਗੱਲ ਦੀ ਚਿੰਤਾ ਹੋਈ ਜੇਕਰ ਉਸ ਦੀ ਮੌਤ ਬਿਨਾਂ ਕਿਸੇ ਪੁੱਤਰ ਦੇ ਹੋ ਗਈ, ਤਾਂ ਇਸ ਰਾਜ ਦੇ ਲਈ ਬੜੇ ਝਗੜੇ ਹੋਣਗੇ ਅਤੇ ਦੇਸ਼ ਵਿੱਚ ਘਰੇਲੂ ਯੁੱਧ ਛਿੜ ਜਾਣਗੇ, ਜਿਸ ਨਾਲ ਦੇਸ਼ ਵਿੱਚ ਅਸ਼ਾਂਤੀ ਅਤੇ ਅਰਾਜਕਤਾ ਫੈਲ ਜਾਵੇਗੀ ਅਤੇ ਬਾਹਰੀ ਆਕਰਮਣ ਦਾ ਭੈਅ ਹੋ ਜਾਵੇਗਾ। ਇਸ ਦੇ ਅਤਿਰਿਕਤ ਇੱਕ ਵਿਸ਼ੇਸ਼ ਗੱਲ ਇਹ ਸੀ ਕਿ ਉਸਨੂੰ ਦਰਬਾਰ ਦੀ ਇੱਕ ਨਰਤਕੀ ਨਾਲ ਪ੍ਰੇਮ ਹੋ ਗਿਆ। ਉਹ ਉਸ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ। ਮਹਾਰਾਣੀ ਕੈਥਰੀਨ ਦੇ ਹੁੰਦੇ ਹੋਏ ਉਹ ਵਿਆਹ ਨਹੀਂ ਕਰ ਸਕਦੇ ਸਨ। ਇਸ ਲਈ ਉਸ ਨੇ ਪੋਪ ਤੋਂ ਆਪਣਾ ਪਹਿਲਾ ਵਿਆਹ ਇਸਾਈ ਧਰਮ ਦੇ ਨਿਯਮਾਂ ਦੇ ਵਿਪਰਿਤ ਹੋਣ ਕੇ ਕਾਰਣ ਰਾਣੀ ਕੈਥਰੀਨ ਨੂੰ ਤਲਾਕ ਦੇਣ ਦੀ ਆਗਿਆ ਮੰਗੀ। ਪੋਪ ਇਹ ਆਗਿਆ ਦੋ ਕਾਰਨਾਂ ਨਾਲ ਨਹੀਂ ਦੇਣਾ ਚਾਹੁੰਦਾ ਸੀ, ਪਹਿਲਾ ਕਾਰਣ ਇਹ ਸੀ ਕਿ ਜਦ ਹੇਨਰੀ ਦਾ ਕੈਥਰੀਨ ਨਾਲ ਵਿਆਹ ਹੋਇਆ ਉਸ ਸਮੇਂ ਪੋਪ ਨੇ ਇਸਨੂੰ ਧਰਮ ਵਿਪਰਿਤ ਸਮਝਕੇ ਵਿਧਵਾ ਭਾਬੀ ਨਾਲ ਵਿਆਹ ਕਰਨ ਦੀ ਵਿਸ਼ੇਸ਼ ਆਗਿਆ (Special Dispensation) ਦੇ ਦਿੱਤੀ। ਦੂਜਾ ਕਾਰਨ ਇਹ ਸੀ ਕਿ ਕੈਥਰੀਨ ਸਪੇਨ ਦੇ ਸਮਰਾਟ ਚਾਲਰਸ ਪੰਚਮ ਦੀ ਬੂਆ ਸੀ ਅਤੇ ਚਾਲਰਸ ਪੰਚਮ ਉਸ ਸਮੇਂ ਯੂਰੋਪ ਵਿੱਚ ਸਭ ਤੋਂ ਜਿਆਦਾ ਸ਼ਕਕੀਸ਼ਾਲੀ ਸ਼ਾਸਕ ਸੀ। ਪੋਪ ਨੂੰ ਭੈਅ ਸੀ ਕਿ ਕੈਥਰੀਨ ਦੇ ਤਲਾਕ ਦੀ ਆਗਿਆ ਦੇਣ ਤੇ ਚਾਲਰਸ ਪੰਚਮ ਉਸ ਨਾਲ ਅਵੱਸ਼ ਹੀ ਅਪ੍ਰਸੰਨ ਹੋ ਜਾਵੇਗਾ ਅਤੇ ਉਸਦਾ ਵਿਰੋਧੀ ਬਣ ਜਾਵੇਗਾ। ਪੋਪ ਹੇਨਰੀ ਅਸ਼ਟਮ ਨੂੰ ਵੀ ਅਪ੍ਰਸੰਨ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਉਸਨੇ ਟਾਲਮਟੋਲ ਦੀ ਨੀਤਿ ਅਪਣਾਈ।

ਹੇਨਰੀ ਅਸ਼ਟਮ ਕੈਥਰੀਨ ਨੂੰ ਤਲਾਕ ਦੇਣ ਤੇ ਤੁਲਿਆ ਹੋਇਆ ਸੀ। ਪੋਪ ਦੀ ਚੁੱਪੀ ਉਸਨੂੰ ਬੁਰੀ ਲੱਗ ਰਹੀ ਸੀ। ਬਾਅਦ ਵਿੱਚ ਤਲਾਕ ਦੇ ਪ੍ਰਸ਼ਨ ਨੂੰ ਤੈਅ ਕਰਨ ਦੇ ਲਈ ਗਿਰਜ਼ਾ ਦੇ ਦੋ ਉੱਚ ਅਧਿਕਾਰੀ, ਇੱਕ ਇਟਲੀ ਦਾ ਕਾਰਡੀਨਲ ਕੋਮਪਿਜਿਓ (Cordinal Compegeo) ਅਤੇ ਇੱਕ ਇੰਗਲੈਂਡ ਦੇ ਕਾਰਡੀਨਲ ਬੁਲਜੇ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ ਦੋਹਾਂ ਨੇ ਕੁਝ ਵੀ ਫੈਸਲਾ ਨਹੀਂ ਲਿੱਤਾ। ਇਸਦੇ ਵੀ ਕਈ ਕਾਰਣ ਸਨ।

2. **ਰਾਣੀ ਕੈਥਰੀਨ ਦਾ ਤਲਾਕ :** ਜਦ ਕਈ ਸਾਲ ਬੀਤ ਗਏ ਅਤੇ ਤਲਾਕ ਦੇ ਮਸਲੇ ਦਾ ਕੁਝ ਫੈਸਲਾ ਨਹੀਂ ਹੋਇਆ ਤਾਂ ਹੇਨਰੀ ਨੂੰ ਬੜਾ ਗੁੱਸਾ ਆਇਆ। ਉਸਨੇ ਬੁਲਜ਼ੇ (Walsey) ਨੂੰ ਸਭ ਪਦਾਂ ਤੋਂ ਹਟਾ ਦਿੱਤਾ ਅਤੇ ਉਸ ਤੇ ਕੋਈ ਦੋਸ਼ ਲਗਾਕੇ ਅਭਿਯੋਗ ਚਲਾਣ ਦੀ ਯੋਜਨਾ ਬਣਾਈ। ਪ੍ਰੰਤੂ ਸੌਭਾਗਯ ਨਾਲ ਇਸੇ ਵਿੱਚ ਉਸ ਦੀ ਮੌਤ ਹੋ ਗਈ। ਹੇਨਰੀ ਨੇ ਆਪਣੇ ਨਵੇਂ ਸਲਾਹਕਾਰ ਟੱਮਸ ਕ੍ਰਾਮਵੇਲ ਦੀ ਸਲਾਹ ਤੋਂ ਇੰਗਲੈਂਡ ਦੇ ਕੁਝ ਵਿਦਵਾਨ ਧਰਮ-ਸ਼ਾਸ਼ਤਰਾਂ ਤੋਂ ਨਿਰਣਯ ਲੈ ਕੇ 1534 ਈ: ਵਿੱਚ ਬਿਨਾਂ ਪੋਪ ਦੀ ਆਗਿਆ ਦੇ ਮਹਾਰਾਨੀ ਕੈਥਰੀਨ ਨੂੰ ਤਲਾਕ ਦੇ ਦਿੱਤਾ ਅਤੇ ਆਪਣੀ ਪ੍ਰੇਮਿਕਾ ਨਰਤਕੀ ਏਨ ਬੁਲੀਨ (Anne Boleyn) ਨਾਲ ਵਿਆਹ ਕਰ ਲਿਆ।

3. **ਪੋਪ ਨਾਲ ਸੰਬੰਧ ਤੋੜਨਾ :** ਕੈਥਰੀਨ ਨੂੰ ਤਲਾਕ ਦੇ ਕੇ ਏਨ ਬੁਲੀਨ ਨਾਲ ਵਿਆਹ ਕਰ ਲੈਣ ਦੀ ਘਟਨਾ ਤੋਂ ਪੋਪ ਗੁੱਸੇ ਹੋ ਗਿਆ। ਉਸਨੇ ਇਸ ਗੱਲ ਤੇ ਆਪਣੀ ਅਪ੍ਰਸੰਨਤਾ ਪ੍ਰਗਟ ਕੀਤੀ ਅਤੇ ਹੇਨਰੀ ਅਸ਼ਟਮ ਨੂੰ ਧਰਮ ਬਹਿਸ਼ਕਰੀਤ (Excommunicated) ਕਰ ਦਿੱਤਾ। ਹੇਨਰੀ ਨੇ ਰੁਸ਼ਟ ਹੋ ਕੇ ਪੋਪ ਨਾਲ ਆਪਣਾ ਸੰਬੰਧ ਤੋੜ ਦਿੱਤਾ। ਉਸ ਨੇ ਕਈ ਕਾਨੂੰਨ ਬਣਾ ਕੇ ਇੰਗਲੈਂਡ ਦਾ ਰੋਮ ਦੇ ਪੋਪ ਨਾਲ ਸੰਬੰਧ ਖ਼ਤਮ ਕਰ ਦਿੱਤੇ। ਪਹਿਲੇ ਨਿਯਮ (Act of Annates) ਦੇ ਅਨੁਸਾਰ ਉਸਨੇ ਇੰਗਲੈਂਡ ਤੋਂ ਪੋਪ ਨੂੰ ਭੇਜੀ ਜਾਣ ਵਾਲੀ ਰਾਸ਼ੀ ਬੰਦ ਕਰ ਦਿੱਤੀ। ਇਸ ਤਰ੍ਹਾਂ ਉਸਨੇ ਪੋਪ ਦੀ ਉਸ ਕਮਾਈ ਦਾ ਸਾਧਨ ਬੰਦ ਕਰ ਦਿੱਤਾ, ਜੋ ਉਸਨੂੰ ਇੰਗਲੈਂਡ ਤੋਂ ਹੋਇਆ ਕਰਦੀ ਸੀ। ਉਹ ਸਾਧਨ ਇਹ ਸੀ ਕਿ ਜਦੋਂ ਕਿਤੇ ਕਿਸੇ ਪਾਦਰੀ ਦੀ ਕਿਸੇ ਵੱਡੇ ਗਿਰਜਾਘਰ ਵਿੱਚ ਨਿਯੁਕਤੀ ਕੀਤੀ ਜਾਂਦੀ ਸੀ। ਉਦੋਂ ਗਿਰਜ਼ਾਘਰ ਦੀ ਪਹਿਲੇ ਸਾਲ ਦੀ ਕਮਾਈ ਉਹ ਪੋਪ ਨੂੰ ਭੇਂਟ ਦਿੱਤੀ ਜਾਂਦੀ ਸੀ। ਦੂਸਰੇ ਨਿਯਮ (Act of Appeals) ਤੋਂ ਇੰਗਲੈਂਡ ਦੇ ਧਾਰਮਿਕ ਮਾਮਲੇ ਦੀ ਅਪੀਲ ਸੁਣਨ ਦਾ ਅਧਿਕਾਰ ਵੀ ਪੋਪ ਤੋਂ ਖੋਹ ਲਿਆ। ਹੁਣ ਇੰਗਲੈਂਡ ਵਿੱਚ ਕਿਸੇ ਧਾਰਮਿਕਲ ਮਾਮਲੇ ਵਿੱਚ ਪੋਪ ਤੋਂ ਸਲਾਹ ਜਾਂ ਆਗਿਆ ਲੈਣ ਦੀ ਜ਼ਰੂਰਤ ਨਹੀਂ ਸੀ। ਤੀਸਰੇ ਨਿਯਮ (Act of Supremacy) ਦੇ ਅਨੁਸਾਰ ਹੇਨਰੀ ਅਸ਼ਟਮ ਨੇ ਆਪਣੇ ਆਪ ਨੂੰ ਪੋਪ ਦੇ ਸਥਾਨ ਤੇ ਇੰਗਲੈਂਡ ਦੇ ਚਰਚ ਦਾ ਪ੍ਰਧਾਨ ਘੋਸ਼ਿਤ ਕਰ ਦਿੱਤਾ।

**ਇੰਗਲੈਂਡ ਵਿੱਚ ਪ੍ਰੋਟੇਸਟੈਂਟ ਧਰਮ ਦੀ ਉੱਨਤੀ :** ਹੋਲੀ-ਹੋਲੀ ਇੰਗਲੈਂਡ ਦੇ ਚਰਚ ਦੇ ਸਵਰੂਪ ਅਤੇ ਉਸਦੇ ਸਿਧਾਂਤ ਵਿੱਚ ਪਰਿਵਰਤਨ ਹੋਣ ਲੱਗਾ। ਹੇਨਰੀ ਅਸ਼ਟਮ ਦੇ ਵਿਰੁੱਧ ਏਡਵਰਡ ਸ਼ਸ਼ਟਮ (1547-1553 ਈ:) ਦੇ ਸਮੇਂ ਵਿੱਚ ਕਈ ਜ਼ਰੂਰੀ ਸੁਧਾਰ ਕੀਤੇ ਅਤੇ ਲਗਾਤਾਰ ਦੋ ਨਵੀਨ ਅਰਦਾਸ ਕਿਤਾਬਾਂ (Prayer Books) ਪ੍ਰਕਾਸ਼ਿਤ ਕੀਤੀਆਂ ਗਈਆਂ ਅਤੇ ਇੰਗਲੈਂਡ ਦੇ ਗਿਰਜਾਘਰ ਵਿੱਚ ਇਹਨਾਂ ਦਾ ਪ੍ਰਯੋਗ ਕੀਤਾ ਜਾਣਾ ਲਾਜ਼ਮੀ ਕਰ ਦਿੱਤਾ ਗਿਆ ਅਤੇ ਪ੍ਰੋਟੇਸਟੈਂਟ ਧਰਮ ਇੰਗਲੈਂਡ ਦਾ ਰਾਜ ਧਰਮ ਘੋਸ਼ਿਤ ਕਰ ਦਿੱਤਾ ਗਿਆ। ਕੈਥੋਲਿਕ ਧਰਮ ਦੇ ਕੁਝ ਕੱਟੜ ਸਿਧਾਂਤਾ ਨੂੰ ਹਟਾ ਦਿੱਤਾ ਗਿਆ। Mass ਦੀ ਪੁਰਾਣੀ ਪ੍ਰਥਾ ਬੰਦ ਕਰ ਦਿੱਤੀ ਗਈ। ਏਡਵਰਡ ਦੀ ਬਹਨ ਮੇਰੀ (1553-1558 ਈ:) ਨੇ ਆਪਣੇ ਸ਼ਾਸ਼ਨ ਕਾਲ ਵਿੱਚ ਫਿਰ ਤੋਂ ਇੰਗਲੈਂਡ ਵਿੱਚ ਕੈਥੋਲਿਕ ਧਰਮ ਪ੍ਰਚੱਲਿਤ ਕਰਨਾ ਚਾਹਿਆ। ਉਸਨੇ ਪੋਪ ਦੀ ਪ੍ਰਧਾਨਤਾ ਸਵੀਕਾਰ ਕਰ ਲਈ ਪ੍ਰੰਤੂ ਉਹਨਾਂ ਦਾ ਮਨੋਰਥ ਸਫ਼ਲ ਨਾ ਹੋ ਸਕਿਆ। ਉਸ ਦੀ ਬਹਨ ਏਲਿਜਾਬੇਥ ਪਹਿਲਾ (1558-1603 ਈ:) ਦੇ ਸ਼ਾਸ਼ਨਕਾਲ ਵਿੱਚ ਏਂਗਿਲਕੈਨ ਅਤੇ ਇੰਗਲਿਸ਼ ਚਰਚ ਦ੍ਰਿੜਤਾ ਦੇ ਨਾਲ ਸਥਾਪਿਤ ਹੋ ਗਿਆ। ਇੰਗਲੈਂਡ ਵਿੱਚ ਨਵੀਨ ਧਰਮ ਅਤੇ ਏਂਗਿਲਕੈਨ ਦੇ ਅਨੁਯਾਈ ਹਨ।

**ਧਰਮ-ਸੁਧਾਰ ਅੰਦੋਲਨ ਦੇ ਪ੍ਰਭਾਵ :** ਧਰਮ-ਸੁਧਾਰ ਅੰਦੋਲਨ ਯੂਰੋਪ ਦਾ ਇੱਕ ਮਹਾਨ ਕ੍ਰਾਂਤੀਕਾਰੀ ਅੰਦੋਲਨ ਸੀ। ਉਸ ਨਾਲ ਵਿੱਚ ਮਹਾਨ ਬਦਲਾਵ ਆਏ। ਪੋਪ ਨੇ ਆਪਣੀ ਸੱਤਾ ਨੂੰ ਸੁਰੱਖਿਅਤ ਰੱਖਣ ਦਾ ਭਰਸਕ ਯਤਨ ਕੀਤਾ, ਪ੍ਰੰਤੂ ਪ੍ਰੋਟੇਸਟੈਂਟ ਧਰਮ ਦੇ ਅੰਦੋਲਨ ਨੇ ਪੋਪ ਦੀ ਸਰਵਭੌਮਿਕ ਸੱਤਾ ਦੀ ਨੀਂਵ ਖੋਖਲੀ ਕਰ ਦਿੱਤੀ। ਜਨ-ਸਾਧਾਰਣ ਵਿੱਚ ਨੈਤਿਕਤਾ ਦਾ ਵਾਧਾ ਹੋਇਆ। ਧਰਮ ਨੇ ਯੂਰੋਪ ਦੇ ਮਾਨਵ ਸਮਾਜ ਦੇ ਛੋਟੇ-ਛੋਟੇ ਸੰਘਾਂ 'ਚ ਵੰਡ ਕਰ ਦਿੱਤੀ। ਉਨ੍ਹਾਂ ਸੰਘੋਂ 'ਚ ਏਕਤਾ ਦੀ ਭਾਵਨਾ ਪੈਦਾ ਹੋਈ ਅਤੇ ਫਿਰ ਆਪਣੇ ਦੇਸ਼ ਦੀ ਧਰਮ ਦੀ ਰੱਖਿਆ ਲਈ ਸਦਾ ਤੱਤਪਰ ਰਹਿਣ ਲੱਗੇ। ਇਸ ਪ੍ਰਕਾਰ ਯੂਰੋਪ ਵਿੱਚ ਰਾਸ਼ਟਰੀ ਭਾਵਨਾ ਨੇ ਜਨਮਾ ਲਿਆ ਪਰ ਇਸਦੇ ਨਾਲ ਹੀ ਲੋਕਾਂ 'ਚ ਅਸਹਿਸ਼ਨੁਤਾ ਦੀ ਭਾਵਨਾ ਵੀ ਪੈਦਾ ਹੋਈ। ਧਰਮ ਅੰਦੋਲਨ ਦੇ ਬਾਅਦ ਮਨੁੱਖ ਕੇਵਲ ਆਪਣੇ ਧਰਮ ਨੂੰ ਹੀ ਚਾਹੁਣ ਲੱਗੇ। ਇਸਦਾ

ਪਰਿਣਾਮ ਇਹ ਨਿਕਲਿਆ ਕਿ ਯੂਰੋਪ ਵਿੱਚ ਧਾਰਮਿਕ ਯੁੱਧ ਹੋਣ ਲੱਗੇ। ਧਾਰਮਿਕ ਏਕਤਾ ਖ਼ਤਮ ਹੋ ਗਈ। ਪ੍ਰੋਟੇਸਟੈਂਟ ਧਰਮ ਦੀ ਸਾਦਗੀ ਨੇ ਕਲਾ ਤੇ ਵੀ ਪ੍ਰਭਾਵ ਵਿਖਾਇਆ। ਸਾਮੰਤਾਂ ਨੇ ਵੀ ਨਵੀਨ ਧਰਮ ਨੂੰ ਬੜਾਵਾ ਦਿੱਤਾ। ਉਹ ਪੋਪ ਦੇ ਪ੍ਰਭਾਵ ਤੋਂ ਮੁਕਤ ਹੋ ਗਏ ਅਤੇ ਪੋਪ ਦਾ ਰਾਜਨੀਤਿਕ ਪ੍ਰਭਾਵ ਘੱਟ ਹੋ ਗਿਆ।

ਟਾਸਕ ਧਰਮ ਸੁਧਾਰਕਾਂ ਦਾ ਪਹਿਲਾ ਉਦੇਸ਼ ਕੀ ਸੀ ?

## 3.7 ਧਰਮ ਸੁਧਾਰ ਅੰਦੋਲਨ ਨੂੰ ਰੋਕਣ ਦਾ ਪ੍ਰਆਸ (Efforts to Restrain the Religious Reformation Movement)

ਲੂਥਰ ਦੇ ਜੀਵਨ-ਕਾਲ ਵਿੱਚ ਧਰਮ-ਸੁਧਾਰ ਦੇ ਕਾਰਜ਼ ਵਿੱਚ ਇੰਨੀ ਜਲਦੀ ਅਤੇ ਹੈਰਾਨੀਜਨਕ ਸਫ਼ਲਤਾ ਅਤੇ ਉੱਨਤੀ ਹੋਈ ਕਿ ਲੋਕ ਦੰਗ ਰਹਿ ਗਏ। ਇਟਲੀ ਅਤੇ ਸਪੇਨ ਜਿਹੇ ਕੱਟੜ ਕੈਥੋਲਿਕ ਦੇਸ਼ਾਂ ਵਿੱਚ ਲੋਕ ਵਿਚਾਰ ਕਰਨ ਲੱਗੇ ਕਿ ਧਰਮ ਵਿੱਚ ਸੁਧਾਰ ਅਵੱਸ਼ ਚਾਹੀਦੇ ਨਹੀਂ ਤਾਂ ਪੋਪ ਤੇ ਕੈਥੋਲਿਕ ਧਰਮ ਸਮਾਪਤ ਹੋ ਜਾਵੇਗਾ। ਪੋਪ, ਕੈਥੋਲਿਕ ਧਰਮਾਵਲੰਬੀ ਸਮਰਾਟ ਅਤੇ ਕੈਥੋਲਿਕ ਧਰਮ ਮੰਨਣ ਵਾਲੇ ਲੋਕ ਨਿਰੰਤਰ ਧਰਮ-ਸੁਧਾਰ ਪ੍ਰਸਾਰ ਅਤੇ ਉਸਦੇ ਵੇਗ ਨੂੰ ਰੋਕਣ ਦੇ ਲਈ ਵਿਚਾਰ ਕਰਦੇ ਸਨ। ਇਸ ਵਿੱਚ ਉਹ ਨਵੀਨ ਧਰਮ ਜਰਮਨੀ, ਇੰਗਲੈਂਡ ਸਿਵਟਜਰਲੈਂਡ, ਫਰਾਂਸ ਆਦਿ ਵਿੱਚ ਵੀ ਸਥਾਪਿਤ ਹੋ ਗਏ। ਇਸ ਨਵੀਨ ਧਰਮ ਦੇ ਪ੍ਰਚਾਰ ਨੂੰ ਰੋਕਣ ਲਈ ਉਸਦੇ ਪ੍ਰਭਾਵ ਨੂੰ ਸਮਾਪਤ ਕਰਨ ਲਈ ਕੀਤੇ ਗਏ ਉਪਾਅ ਨੂੰ ਕਾਉਂਟਰ ਰਿਫ਼ਾਰਮੇਸ਼ਨ (Counter Reformation) ਕਹਿੰਦੇ ਹਨ।*

**ਕਾਉਂਟਰ ਰਿਫਾਰਮੇਸ਼ਨ (Counter Reformation):** ਜਦ ਯੂਰੋਪ ਦੇ ਬਹੁਤੇ ਦੇਸ਼ ਅਤੇ ਉੱਥੇ ਦੇ ਨਿਵਾਸੀ ਰੋਮ ਦੇ ਚਰਚ ਤੋਂ ਅਲੱਗ ਹੋ ਗਏ ਤਾਂ ਪੋਪ ਅਤੇ ਉਸ ਦੇ ਅਨੁਯਾਈਆਂ ਨੇ ਇਹ ਮੰਨ ਲਿਆ ਕਿ ਸਾਨੂੰ ਚਰਚ ਦੇ ਸੰਗਠਨ ਵਿੱਚ ਸੁਧਾਰ ਕਰਨਾ ਜ਼ਰੂਰੀ ਹੈ ਅਤੇ ਧਰਮ-ਸੁਧਾਰ ਅੰਦੋਲਨ ਨੂੰ ਰੋਕਣਾ ਪਵੇਗਾ। ਕਾਉਂਟਰ ਰਿਫ਼ਾਰਮੇਸ਼ਨ ਦਾ ਅਰਥ ਇਹ ਨਹੀਂ ਹੈ ਕਿ ਇਹ ਧਰਮ-ਸੁਧਾਰ ਦੇ ਵਿਰੁੱਧ ਇੱਕ ਅੰਦੋਲਨ ਸੀ, ਇਹ ਤਾਂ ਧਰਮ ਸੁਧਾਰ ਅੰਦੋਲਨ ਦੇ ਦਮਨ ਕਰਨ ਦੀ ਇੱਕ ਚੇਸ਼ਟਾ ਸੀ। ਇਸ ਤਰ੍ਹਾਂ ਕਾਉਂਟਰ ਰਿਫ਼ਾਰਮੇਸ਼ਨ ਧਰਮ-ਸੁਧਾਰ ਅੰਦੋਲਨ ਦੀ ਇੱਕ ਪ੍ਰਤੀਕਿਰਿਆ ਸੀ।

**ਸੁਧਾਰ ਦਾ ਪ੍ਰਸ਼ਨ :** ਸਰਵ ਪ੍ਰਥਮ ਕੈਥੋਲਿਕ ਚਰਚ ਵਿੱਚ ਕਈ ਤਰ੍ਹਾਂ ਦੇ ਸੰਗਠਨ ਸੰਬੰਧੀ ਸੁਧਾਰ ਕੀਤੇ ਗਏ। ਗਿਰਜ਼ਾਂ ਦੇ ਸ਼ਾਸਨ ਅਤੇ ਸੰਗਠਨ ਵਿੱਚ ਕਈ ਬਦਲਾਵ ਕੀਤੇ ਗਏ ਅਤੇ ਕੁਝ ਦਿਨਾਂ ਦੇ ਲਈ ਕੈਥੋਲਿਕ ਲੋਕਾਂ ਅਤੇ ਕੈਥੋਲਿਕ ਧਰਮ ਵਿੱਚ ਇਕ ਨਵੀਂ ਜਾਨ-ਜਿਹੀ ਪੈ ਗਈ। ਪੋਪ ਨੂੰ ਆਗਰਹਿ ਕੀਤਾ ਗਿਆ ਕਿ ਉਹ ਆਪਣੇ ਵਿਅਕਤੀਗਤ ਜੀਵਨ ਅਤੇ ਆਪਣੀ ਰਿਆਸਤ ਦੇ ਸ਼ਾਸਨ-ਪ੍ਰਬੰਧ ਵਿੱਚ ਜ਼ਰੂਰੀ ਸੁਧਾਰ ਕੀਤੇ। ਪੋਪ ਤੋਂ ਲੈ ਕੇ ਆਮ ਕੈਥੋਲਿਕ ਲੋਕ ਵੀ ਸੋਚਣ ਲੱਗੇ ਕਿ ਨਵੀਨ ਧਰਮ ਦੇ ਪ੍ਰਚਾਰ ਅਤੇ ਵਿਸਤਾਰ ਨੂੰ ਕਿਸ ਤਰ੍ਹਾਂ ਰੋਕਿਆ ਜਾਵੇ। ਇਸ ਸੰਬੰਧ ਵਿੱਚ 16ਵੀਂ ਸ਼ਤਾਬਦੀ ਦੇ ਕਈ ਪੋਪਾਂ ਨੇ ਚੰਗਾ ਕਾਰਜ਼ ਕੀਤਾ। ਕਈ ਪਾਦਰਿਆਂ ਨੇ ਵੀ ਕਈ ਪ੍ਰਕਾਰ ਦੇ ਸੁਧਾਰ ਕੀਤੇ। ਚਰਚ ਵੀ ਟ੍ਰੇਂਟ ਦੀ ਕੌਂਸਿਲ ਨੇ ਕਈ ਸੰਮੇਲਨਾਂ ਵਿੱਚ ਇਸ ਵਿਸ਼ੇ ਤੇ ਪ੍ਰਯਾਪਤ ਵਿਚਾਰ ਕੀਤੇ। ਕਾਉਂਟਰ ਰਿਫ਼ਾਰਮੇਸ਼ਨ ਵਿੱਚ ਕਾਰਜ਼ ਕਰਨ ਵਾਲੇ ਨਾ ਕੇਵਲ ਨਵੀਨ ਧਰਮ ਦੇ ਪ੍ਰਚਾਰ ਅਤੇ ਵਿਸਤਾਰ ਨੂੰ ਹੀ ਰੋਕਣ ਦੀਆਂ ਕੋਸ਼ਿਸ਼ਾਂ ਵਿੱਚ ਸੀ ਬਲਕਿ ਉਹ ਤਾਂ ਇਹ ਚਾਹੁੰਦੇ ਅਤੇ ਕੋਸ਼ਿਸ਼ ਵੀ ਕਰਦੇ ਸਨ ਕਿ ਜੋ ਲੋਕ ਜਾਂ ਦੇਸ਼ ਪ੍ਰੋਟੇਸਟੈਂਟ ਹੋ ਗਏ ਉਨ੍ਹਾਂ ਨੂੰ ਵੀ ਕੈਥੋਲਿਕ ਬਣਾ ਲਿਆ ਜਾਵੇ।

**ਇਗਨੇਸ਼ਿਯਸ ਲੋਯਲਾ (1491-1556) :** ਕੈਥੋਲਿਕ ਧਰਮ ਨੂੰ ਦੁਬਾਰਾ ਜਨਮ ਦੇਣ ਵਾਲੇ ਕਈ ਸੰਪਰਦਾਇ ਅਤੇ ਮਹਿੰਤਾਂ (Monks) ਦੇ ਮਠ ਅਤੇ ਆਸ਼ਰਮ (Monastries) ਸਨ। ਇਨ੍ਹਾਂ ਤੋ ਹਰ ਕੋਈ ਵਿਸ਼ੇਸ਼ ਕੰਮ ਕਰਦਾ ਸੀ। ਕੋਈ ਰੋਗੀਆਂ ਦਾ ਇਲਾਜ ਅਤੇ ਸੇਵਾ ਕਰਦੇ ਸੀ, ਕੋਈ ਗਰੀਬਾਂ ਨੂੰ ਮੁਫ਼ਤ ਵਿੱਚ ਪੜ੍ਹਾਈ ਕਰਵਾਉਂਦੇ ਸੀ, ਕੋਈ ਪਾਦਰੀਆਂ ਦੇ ਆਚਰਨ ਸੁਧਾਰਨ ਦਾ ਜਤਨ ਕਰਦਾ ਸੀ ਅਤੇ ਕੋਈ ਬਸ ਪੋਪ ਦੀ ਹੀ ਸੇਵਾ ਕਰਦੇ ਸਨ। ਇਨ੍ਹਾਂ ਸੰਸਥਾਵਾਂ ਵਿੱਚ ਸਭ ਤੋਂ ਪ੍ਰਸਿੱਧ ਜੀਸਸ ਦਾ ਸਾਧੂ ਸਮਾਜ ਸੀ। ਇਸ ਨੂੰ ਸਥਾਪਿਤ ਕਰਨ ਵਾਲਾ ਇਗਨੇਸ਼ਿਯਸ ਲੋਅਲਾ (Society of Jesus) ਸੀ। ਉਸਦਾ ਜਨਮ ਸਪੇਨ 'ਚ ਸਨ 1491 ਵਿੱਚ ਹੋਇਆ ਸੀ। ਉਹ ਇੱਕ ਸਿਪਾਹੀ ਅਤੇ ਜੋਧਾ ਸੀ ਅਤੇ ਇੱਕ ਵਾਰ ਪੈਂਮਪੀਲੁ (Pampcluna) ਦੇ ਯੁੱਧ ਵਿੱਚ ਸੰਨ 1521 ਵਿੱਚ ਜ਼ਖਮੀ ਹੋ ਗਿਆ ਅਤੇ ਇਸ ਤਰ੍ਹਾਂ ਉਹ ਸੈਨਿਕ ਸੇਵਾ ਦੇ ਲਈ ਅਸਮਰਥ ਸੀ। ਇਸ ਲਈ ਹੁਣ ਉਸਨੇ ਇਸਾਈ ਧਰਮ ਦਾ ਪ੍ਰਚਾਰਕ ਬਣਨ ਦਾ ਫ਼ੈਸਲਾ ਕਰ ਲਿਆ। ਮੈਨਰੀਸ (Manerisa) ਨਗਰ ਕੇ ਕੋਲ ਇੱਕ ਗੁਫ਼ਾ ਵਿੱਚ ਇੱਕ ਸਾਲ ਤੱਕ ਇਕਾਂਤ 'ਚ ਤਪੱਸਿਆ ਕਰਕੇ ਅਤੇ ਸੈਲੇਮੰਕਾ ਅਤੇ ਬਾਰਸੀਲੋਨਾ (Barcelona) ਨਾਮਕ ਵਿਸ਼ਵਵਿਦਿਆਲਿਆਂ ਵਿੱਚ ਉੱਚ ਕੋਟਿ ਦੀ ਸਿੱਖਿਆ ਪ੍ਰਾਪਤ ਕਰਕੇ ਉਹ ਸੰਨ 1538 ਈ: ਵਿੱਚ ਇੱਕ ਪਾਦਰੀ ਬਣ ਗਿਆ।

**ਜੀਸਸ ਦਾ ਸਾਧੂ ਸਮਾਜ :** ਕੁਝ ਦਿਨਾਂ ਬਾਅਦ ਸਾਧੂ ਇਗਨੇਸ਼ਿਯਸ ਲੋਯਲਾ ਨੇ ਆਪਣੇ ਚਾਰ-ਚੁਫੇਰੇ ਬਹੁਤੇ ਜਿਹੇ ਚੇਲੇ ਇਕੱਠੇ ਕਰ ਲਏ ਜੋ ਪੋਪ ਦੀ ਹਰ ਪ੍ਰਕਾਰ ਦੀ ਸੇਵਾ ਕਰਨ ਲਈ ਤਤਪਰ ਸੀ। ਇਸ ਪ੍ਰਕਾਰ ਸੰਨ 1540 ਈ: ਵਿੱਚ ਇਸਾ ਮਸੀਹ ਦੇ ਸਾਧੂ ਸਮਾਜ ਦੀ ਸਥਾਪਨਾ ਹੋਈ। ਪੋਪ ਪੱਲ (Order of St. Jesus) ਨੇ ਇਨ੍ਹਾਂ ਨੂੰ ਸਵੀਕ੍ਰਤ ਕੀਤਾ। ਕੈਥੋਲਿਕ ਧਰਮ ਦੇ ਸੁਧਾਰ ਦੇ ਇਸ ਸੰਸਥਾ ਜਾਂ ਸਮਾਜ ਦੇ ਮੈਂਬਰਾਂ ਨੇ ਬੜਾ ਹੀ ਵਧੀਆਂ ਤੇ ਵਿਸ਼ਾਲਜਨਕ ਕੰਮ ਕੀਤਾ ਹੈ। ਜਿਸ ਸਮੇਂ ਇਸ ਸਾਧੂ-ਸਮਾਜ ਦੇ ਪ੍ਰਤੀਨਿੱਧ ਟ੍ਰੇਂਟ ਦੀ

*The spread of Protestantism caused the Roman Church to make a determined attempt to reform itself from within, and this we have what is known as the Counter Reformation. *–II.A. Davies*

ਕੌਂਸਲ ਵਿੱਚ ਪਹੁੰਚੇ ਉਸ ਸਮੇਂ ਉਥੇ ਕੈਥੋਲਿਕ ਧਰਮ ਦੇ ਸਿਧਾਂਤਾਂ ਵਿੱਚ ਸੁਧਾਰ ਕਰਨ ਦਾ ਪ੍ਰਸ਼ਨ ਚੱਲ ਰਿਹਾ ਸੀ। ਜੀਸਸ ਦੇ ਸਾਧੂ-ਸਮਾਜ ਨੇ ਕਿਹਾ ਕਿ ਇਸ ਪ੍ਰਕਾਰ ਦਾ ਧਰਮ ਸੁਧਾਰ ਸਭ ਤੋਂ ਜਿਆਦਾ ਦੁਰਲਭ ਦਿਖਾਣਾ ਪਵੇਗਾ ਤੇ ਸ਼ਾਸ਼ਤਰਾਂ ਦੇ ਵਿਰੁੱਧ ਵੀ ਹੋਵੇਗਾ।

**ਨੋਟ**

## 3.8 ਸਾਰਾਂਸ਼ (Summary)`

ਯੂਰੋਪ ਵਿੱਚ ਕਾਫ਼ੀ ਦੇਸ਼ਾ ਦੇ ਸਮਰਾਟ ਅਤੇ ਸ਼ਾਸਕ ਮੱਧ ਕਾਲ ਤੋਂ ਹੀ ਚਰਚ ਦੇ ਅਧਿਕਾਰਾਂ ਅਤੇ ਰਾਜਨੀਤਿਕ ਮਾਮਲੇ ਵਿੱਚ ਉਨ੍ਹਾਂ ਦੇ ਹਸਤਸ਼ੇਪ ਦੇ ਵਿਰੋਧੀ ਸੀ। ਇਸ ਤੋਂ ਬਾਅਦ ਜਦ ਇੰਗਲੈਂਡ, ਫਰਾਂਸ, ਸਪੇਨ ਅਤੇ ਦੂਜੇ ਦੇਸ਼ਾ ਵਿੱਚ ਰਾਸ਼ਟਰੀ ਰਾਜ ਸਥਾਪਿਤ ਹੋਏ ਤਾਂ ਸਮਰਾਟਾਂ ਅਤੇ ਰਾਜਿਆਂ ਦੀ ਵਿਰੋਧੀ ਭਾਵਨਾ 'ਚ ਹੋਰ ਵੀ ਵਾਧਾ ਹੋਇਆ ਅਤੇ ਚਰਚ ਨੂੰ ਪੋਪ ਦੇ ਨਿਯੰਤਰਣ ਤੋਂ ਮੁਕਤ ਕਰ ਦੇਣ ਦੀ ਚੇਸ਼ਠਾ ਕਰਨ ਲੱਗੇ। ਉਹ ਚਰਚ ਦੇ ਜਗੀਰਾਂ ਤੇ ਟੈਕਸ ਲਾਉਣ ਲੱਗੇ, ਪੋਪ ਦੇ ਹੁਕਮਾਂ ਦਾ ਉਲੰਘਣ ਕਰਨ ਲੱਗੇ, ਗਿਰਜਾਘਰਾਂ ਦੇ ਅਦਾਲਤੀ ਅਧਿਕਾਰਾਂ 'ਚ ਕਮੀ ਕਰਨ ਲੱਗੇ ਅਤੇ ਚਰਚ ਦੇ ਅਧਿਕਾਰੀਆਂ ਦੀ ਨਿਯੁਕਤੀ ਵੀ ਖ਼ੁਦ ਹੀ ਕਰਨ ਲੱਗੇ। ਰਾਸ਼ਟਰੀ ਭਾਵਨਾਵਾਂ ਦੇ ਵਿਕਾਸ ਦੇ ਫਲ-ਸਵਰੂਪ ਆਮ ਲੋਕ ਇਹ ਮੰਗ ਕਰਨ ਲੱਗੇ ਕਿ ਰੋਮਨ ਚਰਚ ਦੇ ਸਥਾਨ ਤੇ ਹਰ ਦੇਸ਼ ਵਿੱਚ ਇੱਕ ਰਾਸ਼ਟਰੀ ਚਰਚ ਹੋਣਾ ਚਾਹੀਦਾ ਹੈ। ਇਹ ਮੰਗ ਕਿੱਥੇ ਤੱਕ ਠੀਕ ਸੀ, ਇਹ ਨਹੀਂ ਕਿਹਾ ਜਾ ਸਕਦਾ। ਪਰ ਇਨ੍ਹਾਂ ਸਭ ਗੱਲਾਂ ਤੋਂ ਇਹ ਜ਼ਰੂਰ ਸਾਹਮਣੇ ਆਇਆ ਹੈ ਕਿ ਰੋਮਨ ਚਰਚ ਦੇ ਪ੍ਰਤੀ ਵਿਰੋਧੀ-ਭਾਵਨਾ ਲੋਕਾਂ ਵਿੱਚ ਦਿਨੋਂ-ਦਿਨ ਵਧ ਰਹੀ ਸੀ।

## 3.9 ਸ਼ਬਦਕੋਸ਼ (Keywords)

1. **ਗਿਰਜਾਘਰ** (Church) **:-** ਇਸਾਈ ਦਾ ਉਪਾਸਨਾ-ਘਰ।
2. **ਮਹੰਤ** (Monk) **:-** ਮਠ ਦਾ ਪ੍ਰਧਾਨ।

## 3.10 ਅਭਿਆਸ ਪ੍ਰਸ਼ਨ (Review Questions)

1. ਧਰਮ-ਸੁਧਾਰਕ ਦੇ ਮੁੱਖ ਕਾਰਨ ਦੱਸੋ ?
2. ਧਰਮ- ਸੁਧਾਰਕ ਆਰੰਭਿਕ ਪ੍ਰਯਿਤਨਾਂ ਦਾ ਵਰਣਨ ਕਰੋ ?
3. 'ਮਾਰਟਿਨ ਲੁਥਰ ਅਤੇ ਧਰਮ-ਸੁਧਾਰ' ਅੰਦੋਲਨ ਤੇ ਟਿੱਪਣੀ ਲਿੱਖੋ।
4. ਧਰਮ-ਸੁਧਾਰ ਅੰਦੋਲਨ ਨੂੰ ਰੋਕਣ ਦੇ ਯਤਨਾ ਦਾ ਵਰਣਨ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. (ੳ) ਫਰਾਂਸ
2. (ਅ) ਮਾਰਟਿਨ ਲੁਥਰ
3. (ੳ) ਜਨ-ਕ੍ਰਾਂਤੀ
4. 1452 ਈ:
5. ਆਦਰਸ਼
6. ਜਨ-ਜਾਗ੍ਰਤਿ

## 3.11 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ- ਐਮ.ਐਸ.ਤਿਆਗੀ, ਰਜਨੀ ਤਿਆਗੀ- ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਰਾਜੇਸ਼ ਕੁਮਾਰ- ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ - ਡਾ. ਧਨਪਤੀ ਪਾਂਡੇ- ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ - ਡਾ. ਦੀਨਾਨਾਥ ਵਰਮਾ- ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ - ਡਾ. ਵਿਪਿਨ ਬਿਹਾਰੀ ਸਿਨਹਾ - ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ - ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ - ਮਾਨਿਕ ਲਾਲ ਗੁਪਤ - ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-4: ਰਾਜ ਦੇ ਸਿਧਾਂਤ
# (Theories of State)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
4.1 ਨਿਰੰਕੁਸ਼ ਰਾਜਤੰਤਰ ਦਾ ਸਮਾਜਿਕ ਆਧਾਰ (Social Base of Autocratic Monarchy)
4.2 ਫਿਲੀਪ ਦਿਵੀਤੀਯ (1556-1598) (Philip II, 1556–1598)
4.3 ਫਿਲੀਪ ਦਿਵੀਤੀਯ ਅਤੇ ਨੀਦਰਲੈਂਡ (Philip II and Netherland)
4.4 ਸਾਰਾਂਸ਼ (Summary)
4.5 ਸ਼ਬਦਕੋਸ਼ (Keywords)
4.6 ਅਭਿਆਸ ਪ੍ਰਸ਼ਨ (Review Questions)
4.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਨਿਰੰਕੁਸ਼ ਰਾਜਤੰਤਰ ਦਾ ਸਮਾਜਿਕ ਆਧਾਰ ਨੂੰ ਜਾਣਨ ਵਿੱਚ।
- ਫਿਲੀਪ ਦ੍ਵਿਤੀਯ ਦਾ ਸ਼ਾਸ਼ਨਕਾਲ ਜਾਣਨ ਵਿੱਚ।
- ਫਿਲੀਪ ਦ੍ਵਿਤੀਯ ਦੇ ਸਮੇਂ ਨੀਦਰਲੈਂਡ ਵਿੱਚ ਸਪੇਨ ਦੇ ਵਿਰੁੱਧ ਵਿਦ੍ਰੋਹ ਨੂੰ ਜਾਣਨ ਲਈ।

## ਪ੍ਰਸਤਾਵਨਾ (Introduction)

ਯੂਰੋਪ ਵਿੱਚ ਆਧੁਨਿਕ ਯੁੱਗ ਦੇ ਉਦਯ ਦੇ ਨਾਲ ਜੋ ਮੁੱਖ ਰਾਜਨੀਤਿ ਵਿਕਾਸ ਹੋਇਆ ਉਹ ਚੋਦਹਵੀਂ ਅਤੇ ਪੰਦਰਵੀਂ ਸਦੀ ਵਿੱਚ ਮੱਧ ਯੁਗ ਵਿਕੇਂਦ੍ਰਿਤ ਸਾਮੰਤੀ ਵਿਵਸਥਾ ਨੂੰ ਖ਼ਤਮਾ ਅਤੇ ਇਸ ਦੇ ਸਥਾਨ ਤੇ ਰਾਜਵੰਸ਼ੀ ਰਾਜ ਦਾ ਉਦਯ ਜਿਸ ਵਿੱਚ ਆਮਤੌਰ ਤੇ ਰਾਜਿਆਂ ਦੇ ਕੋਲ ਨਿਰੰਕੁਸ਼ਵਾਦੀ ਸੱਤਾ ਸੀ। ਮੱਧ ਯੁੱਧ ਵਿਵਸਥਾ ਦੇ ਨਾਲ ਤਿੰਨ ਮੁੱਖ ਸੰਸਥਾਵਾਂ ਜੁੜੀਆਂ ਹੋਈਆਂ ਸਨ – **ਸਰਵਭੌਮਿਕ ਚਰਚ ਅਤੇ ਸਿਧਾਂਤਿਕ ਰੂਪ ਤੋਂ ਸਰਵਭੋਮਿਕ ਪਵਿੱਤਰ ਰੋਮਨ ਸਮਰਾਜਿਆ ਅਤੇ ਭੂਮੀ ਦੇ ਮਾਲਕ ਅਤੇ ਸਥਾਨਕ ਸ਼ਾਸਨ ਦੀ ਸਾਮੰਤੀ ਵਿਵਸਥਾ।** ਮੱਧ ਯੁੱਗ ਵਿਵਸਥਾ ਦੇ ਅਲੱਗ ਹੋਣ ਦੇ ਕਈ ਕਾਰਨ ਸਨ। ਨਗਰੀ ਅਰਥਵਿਵਸਥਾ ਦਾ ਵਿਕਾਸ, ਮੇਨਰ ਪ੍ਰਣਾਲੀ (Manor-system) ਦਾ ਪਤਨ, ਕੁਰਸੇਡ ਅਤੇ ਤਥਾਕਥਿਤ "ਬਲੈਕ ਡੈਥ" ਅਤੇ ਸ਼ੱਤਵਰਸ਼ੀਯ ਯੁੱਦਾਂ ਨੇ ਕੁਲੀਨ ਸਾਮੰਤਾਂ ਦੀ ਸਥਿਤੀ ਨੂੰ ਬਹੁਤ ਕਮਜ਼ੋਰ ਬਣਾ ਦਿੱਤਾ। ਫਿਰ ਵੀ ਇਨ੍ਹਾਂ ਕਾਰਨਾ ਦਾ ਅਵਸ਼ਯਭਾਵੀ ਪਰਿਣਾਮ ਨਿਰੰਕੁਸ਼ ਰਾਜਤੰਤਰ ਦਾ ਉਦਯ ਨਹੀਂ ਕਿਹਾ ਜਾ ਸਕਦਾ। ਉਹਨਾਂ ਦਾ ਪਰਿਣਾਮ ਸਮਾਨਯ ਅਵਿਵਸਥਾ ਜਾਂ ਜਨ-ਰਾਜ ਹੋ ਸਕਦਾ ਹੈ। ਅੰਤ ਆਧੁਨਿਕ ਰਾਜਵੰਸ਼ੀ ਰਾਜ ਦੇ ਉਦਯ ਦੇ ਲਈ ਅਨੇਕ ਕਾਰਨਾਂ ਦੀ ਖੋਜ ਲਾਜ਼ਮੀ ਹੈ। ਇਨ੍ਹਾਂ ਵਿੱਚੋਂ ਕੁਝ ਜਿਆਦਾ ਮਹੱਤਵਪੂਰਨ ਹਨ ਵਿਉਪਾਰਿਕ ਕ੍ਰਾਂਤੀ। ਔਪਨਿਵੇਸ਼ਕ ਸਮਰਾਜਿਆ ਦਾ ਉਦਯ ਅਤੇ ਵਾਣਿਜਯਵਾਦੀ ਨੀਤੀਆਂ ਦੇ ਉਪਯੋਗ ਨੇ ਰਾਜਿਆਂ ਨੂੰ ਭਰਪੂਰ ਧਨਰਾਸ਼ੀ ਪਦਾਨ ਕੀਤੀ ਜਿਸਦਾ ਵਰਤੋਂ ਉਹ ਸੈਨਾ ਨੂੰ ਇਕੱਠਾ ਕਰਕੇ ਅਤੇ ਆਪਣੀ ਰਾਜਨੀਤਿਕ ਸੱਤਾ ਦੇ ਵਿਸਤਾਰ ਲਈ ਕਰਦਾ ਸੀ। ਵਿਆਪਾਰ ਦੇ ਵਿਸਥਾਰ ਨੇ ਵੀ ਮਜ਼ਬੂਤ ਸਰਕਾਰ ਦੀ ਅਨਿਵਾਰਤਾ ਨੂੰ ਬੜ੍ਹਾਵਾ ਦਿੱਤਾ। ਪੰਦਰਵੀਂ ਸਦੀ ਤੱਕ ਵਿਉਪਾਰੀ, ਬੈਂਕਰ ਅਤੇ ਨਿਰਮਾਣਕਰਤਾ ਇਸ ਸਥਿਤੀ ਵਿੱਚ ਨਹੀਂ ਸਨ ਕਿ ਉਹ ਸਵੰਤਤਰ ਰੂਪ ਤੋਂ ਖੜ੍ਹੇ ਹੋ ਸਕਣ। ਸਮੁੰਦਰੀ ਵਿਉਪਾਰੀਆਂ ਨੂੰ ਸਮੁੰਦਰੀ ਡਾਕੂਆਂ ਤੋਂ ਖ਼ਤਰਾ ਸੀ ਅਤੇ ਨਵੋਧਿਤ ਉਦਯੋਗ ਨੂੰ ਸੰਰਸ਼ਣ ਚਾਹੀਦਾ ਸੀ ਜੋ ਸਿਫ਼ਰ ਇੱਕ ਸਰਕਾਰ ਹੀ ਪ੍ਰਦਾਨ ਕਰ ਸਕਦੀ ਹੈ।

ਨੋਟਸ ਸਪੇਨ ਦੇ ਨਿਰੰਕੁਸ਼ ਰਾਜਤੰਤਰ ਦੇ ਵੰਸ਼ੀਯ ਹਿੱਤ ਯੂਰੋਪ ਦੇ ਵੱਖ-ਵੱਖ ਭਾਗਾਂ ਵਿੱਚ ਫੈਲੇ ਹੋਏ ਸਨ।

**ਨੋਟ**

## 4.1 ਨਿਰੰਕੁਸ਼ ਰਾਜਤੰਤਰ ਦਾ ਸਮਾਜਿਕ ਆਧਾਰ (Social Base of Autocratic Monarchy)

ਇਹ ਸਾਮੰਤਵਾਦ ਦਾ ਉੱਚ ਚਰਣ ਸੀ ਜਾਂ ਫਿਰ ਪੂੰਜੀਵਾਦ ਦਾ ਪਹਿਲਾ ਚਰਣ ? ਸਭ ਕੁਝ ਮਿਲਾ ਕੇ ਇਹ ਕਹਿਣਾ ਠੀਕ ਰਹੇਗਾ ਕਿ ਇਹ ਸਾਮੰਤਵਾਦੀ ਦਾ ਉੱਚ ਚਰਣ ਹੈ, ਪੂੰਜੀਵਾਦ ਦਾ ਪਹਿਲਾ ਚਰਣ ਨਹੀਂ ਕਿਉਂਕਿ ਯੂਰੋਪ ਦੇ ਜਿਆਦਾਤਰ ਭਾਗਾਂ ਵਿੱਚ ਸੰਕਟ ਦੇ ਕਾਰਨ ਨਿਰੰਕੁਸ਼ ਰਾਜ ਦਾ ਰਾਜਨੀਤਿਕ ਤੰਤਰ, ਅਭਿਜਾਤ ਵਰਗ (Aristocrat casses) ਦੇ ਪਕਸ਼ ਵਿੱਚ ਝੁਕਿਆ ਸੀ। ਵਾਸਤਵ ਵਿੱਚ ਨਿਰੰਕੁਸ਼ ਸਮਰਾਟ ਦੇ ਨੇਤ੍ਰਵ ਵਿੱਚ ਰਾਜਨੀਤਿਕ ਨਿਯੰਤਰਣ ਦੀ ਸ਼ੈਲੀ ਵਿੱਚ ਮੁੱਖ ਪਰਿਵਰਤਨ ਆਏ। ਯੂਰੋਪੀ ਮਹਾਦੀਪ ਵਿੱਚ ਰੋਮਨ ਵਿਧੀ ਵਿਵਸਥਾ ਅਪਣਾਉਣ ਦੇ ਦੋ ਪਹਿਲੂ ਸੀ। ਸਿਵਿਲ ਕਾਨੂੰਨ ਦੇ ਖ਼ੇਤਰ ਵਿੱਚ ਉਸ ਨੇ ਪੂਰੀ ਤਰ੍ਹਾਂ ਨਿਜੀ ਸੰਪਤੀ ਦੀ ਅਵਧਾਰਣਾ ਨੂੰ ਮਜ਼ਬੂਤ ਕੀਤਾ। ਸਾਰਵਜਨਿਕ ਕਾਨੂੰਨ (Public law) ਦੇ ਖ਼ਤੇਰ ਵਿੱਚ (ਜੋ ਰਾਜ ਅਤੇ ਪ੍ਰਜਾ ਦੇ ਪਰਸਪਰ ਸੰਬੰਧਾਂ ਦੀ ਵਿਵਸਥਾ ਨੂੰ ਨਿਯੰਤਰਿਤ ਰਖਦਾ ਸੀ) ਰੋਮਨ ਵਿਧੀ ਵਿਵਸਥਾ ਨੇ ਸਮਰਾਟ ਦੀ ਸਰਵੋਚ ਸੱਤਾ (Sovreignty) ਦੇ ਨਿਰੰਕੁਸ਼ ਸਵਰੂਪ ਨੂੰ ਮਾਨਤਾ ਪ੍ਰਦਾਨ ਕੀਤੀ। ਇਸਦੀ ਸਹਾਇਤਾ ਨਾਲ ਸਮਰਾਟ ਨੇ ਕਰਾਰੋਪਣ (Taxation) ਦੀ ਕੇਂਦਰਿਤ (Contralised system) ਵਿਵਸਥਾ ਦਾ ਵਿਕਾਸ ਕੀਤਾ ਅਤੇ ਕੁਲੀਨ ਵਰਗ ਦੀ ਸਥਾਨਕ ਰਾਜਨੀਤਿਕ ਸ਼ਕਤੀ ਨੂੰ ਘੱਟ ਕਰ ਦਿੱਤਾ। ਜਦ ਸ਼ਕਤੀ ਦੁਆਰਾ ਸਕੇਂਦ੍ਰਣ ਚੱਲ ਰਿਹਾ ਸੀ, ਰਾਜਿਆਂ ਨੇ ਸ਼ਹਿਰ ਵਾਸੀ, ਵਿਧੀ ਵਿੱਚ ਪਾਰੰਗਤ ਪਾਦਰਿਆਂ ਅਤੇ ਲੋੜ ਪੈਣ ਤੇ ਕ੍ਰਸ਼ਕ ਵਰਗ ਵਿੱਚੋਂ ਕਈ ਵਿਅਕਤੀਆਂ ਅਤੇ ਸਮਾਜਿਕ ਗੁੱਟਾਂ ਦਾ ਸਮਰਥਨ ਪ੍ਰਾਪਤ ਕੀਤਾ।

**ਸਪੇਨ :** ਇਹ ਇੱਕ ਵਿਡੰਬਨਾ ਹੈ ਕਿ ਸਪੇਨ ਜੋ ਕਿ ਅੱਜ ਯੂਰੋਪ ਦੇ ਰਾਜਨੀਤਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ ਪਿਛੜੇ ਹੋਏ ਦੇਸ਼ਾਂ ਵਿੱਚੋਂ ਇੱਕ ਹੈ, ਆਧੁਨਿਕ ਕਾਲ ਦੀ ਸ਼ੁਰੂਆਤ ਵਿੱਚ ਯੂਰੋਪ ਦੇ ਸਭ ਤੋਂ ਜਿਆਦਾ ਸ਼ਕਤੀਸ਼ਾਲੀ ਅਤੇ ਉੱਨਤ ਦੇਸ਼ਾਂ ਵਿੱਚ ਇੱਕ ਸੀ। ਸਪੇਨ ਦਾ ਅਤੀਤ ਪ੍ਰੇਰਣਾਦਾਇਕ ਰਿਹਾ ਹੈ ਪਰ ਬਹੁਤ ਥੋੜ੍ਹੇ ਸਮੇਂ ਤੱਕ, ਕਿਉਂਕਿ ਸਪੇਨ ਦੀ ਮਹਾਨਤਾ ਦੇ ਭੌਤਿਕ ਸ੍ਰੋਤ ਇਸ ਦੇਸ਼ ਵਿੱਚ ਨਹੀਂ ਸਨ। ਆਧੁਨਿਕ ਸਪੇਨ ਦੇ ਇਤਿਹਾਸ ਵਿੱਚ 1469 ਈ: ਵਿੱਚ ਕਾਸਤੀਲ ਦੀ ਇਜਾਬੇਲਾ ਅਤੇ ਅਰਾਗਾਨ ਦੇ ਰਾਜਾ ਫਾਰਡੀਨੇਂਡ ਦੇ ਵਿਆਹ ਦੇ ਫਲ-ਸਵਰੂਪ ਇਨ੍ਹਾਂ ਦੋਵਾਂ ਰਾਜਾਂ ਦਾ ਏਕੀਕਰਣ ਮਹੱਤਵਪੂਰਣ ਘਟਨਾ ਸੀ। ਇਸ ਤੋਂ ਪਹਿਲੇ ਸਪੇਨ ਦੇ ਕਈ ਛੋਟੇ ਰਾਜ ਯੂਰੋਪ ਦੀ ਗਤਿਵਿਧੀਆਂ ਵਿੱਚ ਭਾਗ ਲੈਣ ਦੀ ਸਥਿਤੀ ਵਿੱਚ ਨਹੀਂ ਸਨ। ਪੂਰਵ ਵਿੱਚ ਅਰਾਗਾਨ ਦਾ ਰਾਜ ਸੀ ਜਿਸ ਵਿੱਚ ਕੇਟੇਲੋਨਿਆ ਅਤੇ ਬੇਲੋਨੇਸ਼ਿਆ ਦੀ ਕਾਉਂਟੀਆਂ ਵੀ ਸ਼ਾਮਲ ਸਨ, ਉੱਤਰ ਪੂਰਵ ਵਿੱਚ ਨਵਾਰੇ (Leon) ਦਾ ਰਾਜ ਸੀ (Castile), ਮੱਧ ਵਿੱਚ ਨਿਓਨ ਅਤੇ ਕਾਸਤੀਨ ਦਾ ਸੰਯੁਕਤ ਖੇਤਰ (United Realm) ਸੀ। ਲਿਓਨ ਵਿੱਚ ਆਸਟ੍ਰੇਸ਼ਿਆ ਅਤੇ ਗੈਲੋਸ਼ਿਆ ਦੀ ਪੂਰਵਵਰਤੀ ਕਾਉਂਟੀਆਂ ਵੀ ਸ਼ਾਮਲ ਸਨ। ਇਹ ਮੱਧਵਰਤੀ ਹੀ ਨਹੀਂ ਸਭ ਤੋਂ ਮਹੱਤਵਪੂਰਨ ਰਾਜ ਸੀ ਜਿਸਦੇ ਉੱਤਰ-ਪੱਛਮ ਵਿੱਚ ਅਟਲਾਂਟਿਕ ਸਾਗਰ, ਉੱਤਰ ਵਿੱਚ ਵਿਸਕੇ ਦੀ ਖਾੜੀ ਅਤੇ ਦੱਖਣ ਪੂਰਵ ਵਿੱਚ ਅਰਾਗਾਨ ਅਤੇ ਗ੍ਰੇਨੇਡਾ ਰਾਜ ਦੀ ਸੀਮਾਵਾਂ ਦੇ ਵਿੱਚ ਭੂ-ਮੱਧ ਸਾਗਰ ਦੀ ਸੀਮਾ ਸੀ। ਦੱਖਣ ਵਿੱਚ ਇੱਕ ਛੋਟੇ ਜੇ ਭਾਗ ਵਿੱਚ ਗ੍ਰੇਨੇਡਾ (Granada) ਮੁਸਲਮ ਰਾਜ ਸੀ। ਤੇਰਵੀਂ ਸਦੀ ਦੇ ਵਿੱਚ ਮੱਧ ਤੱਕ ਆਪਣੀ ਸ਼ਕਤੀ 'ਮੂਰੋਂ' ਦੇ ਵਿਰੁੱਧ ਯੁਧ ਵਿੱਚ ਲੱਗੀ ਸੀ। ਆਪਣੇ ਆਪ ਕਾਸਤੀਲ ਅਤੇ ਅਰਾਗਾਨ ਦੇ ਰਾਜ ਵਿੱਚੋਂ ਸਾਮੰਤ ਸ਼ਕਤੀਸ਼ਾਲੀ ਅਤੇ ਅਵਿਜਿਤ ਸੀ। ਇਹ ਰਾਜ ਦੀ ਵੈਵਾਹਿਕ ਏਕਤਾ ਨੇ ਇਨ੍ਹਾਂ ਉਪਦ੍ਰਵੀ ਤੱਤਾਂ ਨੂੰ ਨਿਯੰਤਰਣ ਕਰਨ ਵਿੱਚ ਸਹਾਇਤਾ ਪ੍ਰਦਾਨ ਕੀਤੀ ਅਤੇ ਉਨ੍ਹਾਂ ਰਾਜ ਦੇ ਪ੍ਰਭਾਵ ਵਿੱਚ ਵਾਧਾ ਹੋਇਆ। ਉਹਨਾਂ ਦੁਆਰਾ ਸਪੇਨਿਸ਼ ਰਾਜ ਵਿੱਚ ਕੈਥੋਲਿਕ ਅਤੇ ਰਾਜਨੀਤਿਕ ਭਾਵਨਾਵਾਂ ਇਸ ਸੀਮਾਂ ਤੱਕ ਪਰਪਸਰ ਸੰਬੰਧ ਹੋ ਗਈ ਕਿ ਉਨ੍ਹਾਂ ਨੂੰ ਅਲੱਗ ਕਰਨਾ ਮੁਸ਼ਕਿਲ ਸੀ। ਰਾਜਤੰਤਰ ਨੇ ਆਪਣੀ ਪ੍ਰਜਾਜਨੋਂ ਦੀ ਪ੍ਰਾਚੀਨ ਕੱਟੜਤਾ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਧਰਮ ਦੇ ਉਦੇਸ਼ ਲਈ ਏਕਰੂਪ ਕਰ ਦਿੱਤਾ। ਧਾਰਮਿਕ ਕੱਟੜਤਾ ਦੇ ਪ੍ਰਤੀ ਇਸ ਰਾਜਵੰਸ਼ ਦੇ ਉਤਸ਼ਾਹ ਨੇ ਹੀ ਜਿਆਦਾ ਰਾਸ਼ਟਰੀ ਬਣਾ ਦਿੱਤਾ। ਕੱਟੜ ਲੋਕਾਂ ਦੁਆਰਾ ਘਿਰੇ ਹੋਏ ਇਸ ਰਾਜ ਦੀ ਅਸਹਿਨਸੁਣਤਾ ਹੀ ਇਸਦੀ ਸਫ਼ਲਤਾ ਦਾ ਕਾਰਨ ਬਣੀ। 1480 ਦੇ ਉਪਰੰਤ ਧਰਮਾਧਿਕਰਣ (Inquisitor) ਅਤੇ ਧਰਮ ਪਰਿਵਰਤਨ ਕਰਨ ਵਾਲੇ ਯਹੂਦਿਆਂ ਦੇ ਉੱਤੇ ਨਿਗਰਾਨ ਰਖਣਾ ਇੱਕ ਧਾਰਮਿਕ ਕ੍ਰਤਯ ਦੇ ਨਾਲ-ਨਾਲ ਰਾਜਕੀਯ ਸੰਸਥਾ ਵੀ ਬਣ ਗਈ ਜੋ ਕਿ ਉਸ ਅਧਿਕਾਰੀ ਦੀ ਨਿਯੁਕਤੀ ਜਿਸਨੂੰ ਮਹਾਧਰਮਾਧਿਕਾਰੀ (Grand inquisitor) ਕਿਹਾ ਜਾਂਦਾ ਹੈ, ਰਾਜ ਦੁਆਰਾ ਹੀ ਕੀਤੀ ਜਾਂਦੀ ਸੀ ਅਤੇ ਉਸ ਦੇ ਦੁਆਰਾ ਘੋਸ਼ਿਤ ਨਿਰਣੇ ਦੇ ਉੱਤੇ ਰੋਮ ਦੀ ਅਪੀਲ ਨਹੀਂ ਕੀਤੀ ਜਾ ਸਕਦੀ ਸੀ। ਇਸ ਸੰਬੰਧ ਵਿੱਚ ਫਾਰਡੀਨੇਟ ਅਤੇ ਇਜਾਬੇਲਾ ਨਾਮ ਦੇ, ਨਾਲ ਹੀ ਇੱਕ ਹੋਰ ਨਵਾਂ ਨਾਮ ਜੁੜੀਆ 'ਟਾਕਯੁਮੇਡਾ' (Torquemada) ਦਾ। ਇਹ ਤਿੰਨੇ ਧਰਮ ਵਿਰੋਧ ਤੋਂ ਨਫ਼ਰਤ ਕਰਦੇ ਸਨ। ਸਮਰਾਟ ਉਨ੍ਹਾਂ ਵਿਅਕਤੀਆਂ ਦੀ ਜ਼ਮੀਨ ਜ਼ਬਤ ਕਰ ਲੈਂਦਾ ਸੀ ਜੋ ਇਸ ਅਭਿਆਨ ਦੀ ਅਵਧੀ ਵਿੱਚ ਮਾਰੇ ਜਾਂਦੇ ਸਨ ਅਤੇ ਉਹ ਇਸ ਧਨ ਦਾ ਪ੍ਰਯੋਗ ਉਹ ਉਨ੍ਹਾਂ ਨਵੇਂ ਉਘਮਾ ਵਿੱਚ ਕਰਦਾ ਸੀ ਜੋ ਆਪ ਰਾਜਤੰਤਰ ਦੇ ਨਾਲ-ਨਾਲ ਚਰਚ ਲਈ ਵੀ ਲਾਭਦਾਇਕ ਹੋਣ। ਮੂਰੋਂ ਦੇ ਵਿਰੁੱਧ ਧਾਰਮਿਕ ਯੁਧ ਇੱਕ ਬਾਰ ਫਿਰ ਸ਼ੁਰੂ ਕੀਤਾ ਗਿਆ ਨਾਲ ਹੀ ਯਹੂਦਿਆਂ ਦੇ ਵਿਰੁੱਧ ਵੀ, ਕਿਉਂਕਿ ਮੁਸਲਮਾਨਾਂ ਦੇ ਨਾਲ-ਨਾਲ ਇਹ ਵੀ ਤਾਂ ਇਸਾ ਮਸੀਹ ਦੀ ਦੁਸ਼ਮਣ ਸੀ। 1492 ਵਿੱਚ ਗ੍ਰੇਨੇਡਾ ਦੇ ਮੁਸਲਿਮ ਰਾਜ ਤੇ ਜਿੱਤ ਪ੍ਰਾਪਤ ਕਰ ਲਈ ਗਈ। ਉਸੇ ਸਾਲ ਯਹੂਦਿਆਂ ਨੂੰ ਕੱਢਿਆ ਜਾਣ ਲੱਗਿਆ। ਇਨ੍ਹਾਂ ਜਿੱਤਾਂ ਅਤੇ ਨਿਰਵਾਸ਼ਨ ਤੋਂ ਰਾਜਕੋਸ਼ ਨੂੰ ਜਿਆਦਾ ਧਨ, ਰਾਜਨੀਤਿਕ ਅਤੇ ਧਾਰਮਿਕ ਵਿਸਤਾਰ ਦੇ ਲਈ ਸਾਧਨ ਵੀ ਪ੍ਰਾਪਤ ਹੋਏ। ਇੱਕ ਤਰਫ਼ ਕੋਲੰਬਸ ਨਵੀਂ ਦੁਨੀਆ ਦੀ ਖੋਜ ਦੀ ਤਰਫ਼ ਚਲ ਪਿਆ ਜਿਸ ਨੂੰ ਜਿੱਤਣ ਦੇ ਨਾਲ ਨਾਲ ਇਸਾਈ ਧਰਮ ਵਿੱਚ ਦੀਸ਼ਿਤ ਕੀਤਾ ਜਾਣਾ ਲਾਜ਼ਮੀ ਸੀ। ਦੂਜੇ ਤਰਫ਼ ਮੋਰਕੇ ਦੇ ਤੱਟ ਤੇ ਅਲਜੀਰਿਆ ਅਤੇ ਟ੍ਯੂਨਿਸ ਦੇ ਵਿਰੁੱਧ ਸਪੇਨਿਸ਼ ਸੈਨਾਵਾਂ ਦੇ ਅਭਿਆਨ ਸ਼ੁਰੂ ਹੋਏ ਜੋ ਇਹ ਘੋਸ਼ਣਾ ਕਰਦੇ ਹੋਏ ਪ੍ਰਤੀਤ ਹੋਏ ਕਿ ਸਪੇਨ ਦੀ ਜਿਆਦਾਤਰ ਇਸਲਾਮ ਸ਼ਕਤੀ ਦੇ ਵਿਰੁੱਧ ਜਾ ਰਹੀ ਹੈ 14ਵੀਂ ਅਤੇ 15ਵੀਂ ਸਦੀ ਵਿੱਚ ਤੁਰਕੀ ਦੇ ਵੱਧਦੇ ਪ੍ਰਭਾਵ ਤੋਂ ਆਕਰਾਂਤ ਇਸਾਈ ਜਗਤ ਤੋਂ ਜਿੱਥੇ ਪੂਰਵ ਵਿੱਚ ਮੁਸਲਮਾਨਾਂ ਦਾ ਪ੍ਰਭਾਵ ਵਧਦਾ ਜਾ ਰਿਹਾ ਸੀ ਅਤੇ ਸਾਮਰਾਜ ਦੀ ਰਾਜਧਾਨੀ ਵਿਐਨਾ ਤੱਕ ਖ਼ਤਰੇ ਵਿੱਚ ਪਈ ਹੋਈ ਸੀ। ਉੱਥੇ ਪੱਛਮ ਵਿੱਚ ਸਪੇਨ ਦੇ ਸੈਨਿਕਾਂ ਨੇ ਮੁਸਲਮਾਨਾਂ ਨੇ ਸਦੀਆਂ ਪੁਰਾਣੇ ਸੈਨਿਕ ਪ੍ਰਭਾਵਾਂ ਦਾ ਅੰਤ ਕਰ ਦਿੱਤਾ ਅਤੇ ਇਸਾਈ ਪ੍ਰਭਾਵ ਦੀ ਦੋਬਾਰਾ ਸਥਾਪਨਾ ਕੀਤੀ।

ਕੀ ਤੁਸੀ ਜਾਣਦੇ ਹੋ? 15 ਵੀਂ ਅਤੇ 16ਵੀਂ ਸਦੀ ਵਿੱਚ ਸਪੇਨ ਵਿੱਚ ਪਰਾਸ੍ਰਯ ਦੀ ਅਲੱਗ-ਅਲੱਗ ਪ੍ਰਕਾਰ ਵਿਕਸਿਤ ਹੋ ਗਏ।

ਨੋਟ

ਯੁਰੋਪ ਦੇ ਰਾਜਵੰਸ਼ੀ ਝਗੜੇ ਵਿੱਚ ਸਪੇਨ ਦੇ ਹਸਤਖੇਪ ਦੀ ਸ਼ੁਰੂਆਤ ਵੇਖਣ ਦੇ ਲਈ ਸਾਨੂੰ 14ਵੀਂ ਸਦੀ ਦੇ ਵਿੱਚ ਜਾਉਣਾ ਪਵੇਗਾ। ਜਦ ਅਰਾਗਾਨ ਨੇ ਸਿਸਲੀ ਦੇ ਮਾਮਲਿਆਂ ਵਿੱਚ ਵਿਰੋਧ ਕੀਤਾ ਸੀ ਉੱਥੇ ਅਰਾਗਾਨ ਵੰਸ਼ ਦਾ ਇਕ ਸੰਬੰਧੀ ਰਾਜ ਕਰ ਕਰ ਰਿਹਾ ਸੀ ਜਿਸ ਦੇ ਸਮਰਥਨ ਵਿੱਚ ਹਸਤਸ਼ੇਪ ਕਰਕੇ ਅਰਾਗਾਨ ਵਿੱਚ ਡਯੁਕ ਔੱਫ ਐਨਜੂ (Duke of Aniou) ਨੂੰ ਉੱਥੋਂ ਉਖੇੜ ਦਿੱਤਾ। ਉਸੇ ਸਮੇਂ ਤੋਂ ਏਨਜੂ ਵੰਸ (ਜਿਸਦਾ ਰਾਜ ਤੇ ਅਧਿਕਾਰ ਸੀ) ਅਤੇ ਅਰਾਗਾਨ ਵੰਸ (ਜਿਸਦਾ ਪ੍ਰਾਯਦੀਪ ਤੇ ਅਧਿਕਾਰ ਸੀ) ਦੋਹਾਂ ਵਿੱਚ ਨਿਰੰਤਰ ਸੰਘਰਸ਼ ਚੱਲ ਰਿਹਾ ਸੀ। 1480 ਵਿੱਚ ਆਪਣੀ ਮੌਤ ਦੇ ਸਮੇਂ ਏਨਜੂ ਨੇ ਨੇਲਪਸ ਦੇ ਆਪਣੇ ਸਮਸਤ ਅਧਿਕਾਰ ਫਰਾਂਸ ਦੇ ਰਾਜਵੰਸ਼ ਨੂੰ ਦੇ ਦਿੱਤੇ। ਫਰਾਂਸ ਦਾ ਰਾਜਾ ਚਾਰਲਸ ਅਸ਼ਟਮ ਆਪਣੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਦਾ ਇਛੁੱਕ ਸੀ ਉਸਨੇ 1494 'ਚ ਏਪਲਸ ਪਾਰ ਕਰਕੇ ਨੇਪਲਸ ਦਾ ਰਾਜਮੁਕਟ ਲੈਣ ਦੇ ਲਈ ਅਭਿਆਨ ਸ਼ੁਰੂ ਕੀਤਾ। ਇਸ ਸਮੇਂ ਫਾਰਡੀਨੇਡ ਅਤੇ ਏਜਾਬੇਲਾ ਨੇ ਦ੍ਵੀਪ ਦੇ ਆਪਣੇ ਸੰਬੰਧੀ ਰਾਜਾ ਦੇ ਸਮਰਥਨ ਦੇ ਲਈ ਚਾਰਲਸ ਦੇ ਵਿਰੁੱਧ ਯੁੱਧ ਵਿੱਚ ਭਾਗ ਲਿਆ। ਇਸ ਸਮੇਂ ਹੈਪਸਬਰਗ ਵੰਸ਼ ਦਾ ਮੈਕਸੀਮਿਲਿਅਨ (Maximillion) ਨੀਦਰਲੈਂਡ ਵਿੱਚ ਫਰਾਂਸ ਦੇ ਵਿਰੁੱਧ ਸੰਘਰਸ਼ ਕਰ ਰਿਹਾ ਸੀ ਉਸਦੀ ਅਤੇ ਸਪੇਨ ਦੇ ਸ਼ਾਸਕਾਂ ਦੀ ਫਰਾਂਸ ਦੇ ਪ੍ਰਤੀ ਸ਼ਤੂਰਤਾ ਨੂੰ ਦੋਵੇ ਰਾਜਵੰਸ਼ਾਂ ਦੇ ਵਿੱਚ ਰਾਜਨੀਤਿਕ ਅਤੇ ਫਿਰ ਵੈਵਾਹਿਕ ਗਠਬੰਧਨ ਸਥਾਪਿਤ ਕੀਤੇ। 1496 ਵਿੱਚ ਸਪੇਨ ਦੇ ਉੱਤਰਾਧਿਕਾਰੀ ਡਾਨ ਜੁਆਨ ਦਾ ਵਿਆਹਸਪੇਨ ਦੀ ਰਾਜਕੁਮਾਰੀ ਇਨਫੇਂਟਾ ਜੁਆਨਾ ਦੇ ਨਾਲ ਹੋਣ ਤੇ ਦੋਹਰਾ ਸੰਬੰਧ ਕਾਇਮ ਹੋ ਗਿਆ। ਉਸ ਸਮੇਂ ਤੱਕ ਉਹ ਅਪ੍ਰਤਯਾਸ਼ਿਤ ਸੀ ਕਿ ਇਨ੍ਹਾਂ ਰਾਜਿਆਂ ਦੀ ਰਾਜ ਇੱਕ ਹੀ ਵਿਅਕਤੀ ਦੇ ਅਧੀਨ ਹੋ ਜਾਣਗੇ ਪਰ 1497 ਵਿੱਚ ਡਾਨ ਜੁਆਨ ਦੀ 1498 ਵਿੱਚ ਉਸਦੀ ਵੱਡੀ ਭੈਣ ਇਜਾਬੇਲ ਦੀ ਅਤੇ 1500 ਵਿੱਚ ਉਸਦੇ ਪੁੱਤਰ ਡਾਨ ਮਿਗੁਇਲ ਦੀ ਮੌਤ ਦੇ ਕਾਰਨ ਸਪੇਨ ਰਾਜ ਦੇ ਉੱਤਰਾਧਿਕਾਰੀ-ਸੰਬੰਧੀ ਅਧਿਕਾਰ ਵੀ ਮੈਕਸੀਮਿਲਿਅਨ ਦੇ ਪੁੱਤਰ ਫਿਲਿਪ ਅਤੇ ਉਸ ਦੀ ਪਤਨੀ ਜੁਆਨਾ ਨੂੰ ਪ੍ਰਾਪਤ ਹੋਈ। 1506 ਵਿੱਚ ਫਿਲਿਪ ਦੀ ਵੀ ਮੌਤ ਹੋ ਗਈ ਅਤੇ ਉੱਤਰਾਧਿਕਾਰੀ ਹੁਣ ਉਸਦੇ ਸੱਤ ਸਾਲ ਦੇ ਪੁੱਤਰ ਚਾਰਲਸ ਨੂੰ ਪ੍ਰਾਪਤ ਹੋਇਆ। 1516 ਵਿੱਚ ਫਡ੍ਰਿਨੈਂਡ ਦੀ ਮੌਤੇ ਦੇ ਸਮੇਂ ਚਾਲਸ ਬਸ ਵਿਅਸਕ ਹੀ ਹੋਇਆ ਸੀ। ਚਾਰਲਸ ਪੰਚਮ ਦੇ ਨਾਮ ਤੋਂ ਸਪੇਨਿਸ਼ ਰਾਜਸਿੰਘਾਸ਼ਨ ਤੇ ਬੈਠਣ ਵਾਲਾ ਇਹ ਸ਼ਾਸ਼ਕ ਲਗਭਗ ਓਨਾਂ ਹੀ ਮਸ਼ਹੂਰ ਹੋਇਆ ਜਿੰਨਾਂ ਕਿ ਉਸ ਤੋਂ ਪਹਿਲਾਂ 'ਸ਼ਾਰਲੇ ਮੈਨ' ਅਤੇ ਉਸ ਤੋਂ ਬਾਅਦ ਨੈਪੋਲਿਅਨ, ਇਸਦੀ ਖਿਆਤੀ ਦੇ ਕਾਰਨ ਉਸਦੀ ਆਪਣੇ ਯੋਗਤਾ ਨਹੀਂ ਬਲਕਿ ਵਿਸ਼ਾਲ ਵਿਰਾਸਤ ਸੀ। ਚਾਰਲਸ ਦੀ ਮੌਤ ਤੋਂ ਪਹਿਲਾਂ ਹੀ ਦੱਖਣ ਅਮਰਿਕਾ ਦੀ ਵਿਸਮਯਜਨਕ ਜਿੱਤ, ਪੂਰੀ ਹੋ ਚੁੱਕ ਸੀ, ਪ੍ਰੰਤੂ ਉਸਦੇ ਜੀਵਨ ਕਾਲ ਵਿੱਚ ਇਹ ਜਿੱਤ ਬਹੁਤ ਨਵੀਂ ਸੀ ਆਖਿਰ ਉਸਦੇ ਸਾਧਨਾ ਦਾ ਚਾਰਲਸ ਆਪਣੀ ਸੱਤਾ ਦੇ ਵਿਸਥਾਰ ਲਈ ਉਪਯੋਗ ਨਾ ਕਰ ਸਕਿਆ ਅਤੇ ਨਾਂ ਹੀ ਇਸਦਾ ਕੋਈ ਪ੍ਰਭਾਵ ਉਨ੍ਹਾਂ ਦੀ ਨੀਤੀਆਂ ਤੇ ਪਿਆ। ਨਵੀ ਜਿੱਤ ਦੇ ਪ੍ਰਭਾਵ ਉਸਦੇ ਮੁੰਡੇ ਦੇ ਸਮੇਂ ਵਿੱਚ ਹੀ ਪਰਿਲਕਸ਼ਿਤ ਹੋ ਸਕੇ- ਚਾਰਲਸ ਦੀਆਂ ਸਾਰੀਆਂ ਯੋਜਨਾਵਾਂ ਅਤੇ ਸਾਧਨ ਯੂਰੋਪ ਤੋਂ ਹੀ ਪ੍ਰਭਾਵਿਤ ਸੀ।

ਫ੍ਰਾਡੀਨੈਂਡ ਦੀ ਮੌਤ (1516) ਵਿੱਚ ਜਦ ਉਸਨੂੰ ਸਪੇਨ ਦਾ ਅਤੇ ਮੈਕਸਮਿਲਿਅਨ ਦੀ ਮੌਤ (1519) ਨੇ ਜਦ ਉਸਨੂੰ ਆਸਟ੍ਰਿਯਾ ਦਾ ਸਵਾਮੀ ਬਣਾਇਆ, ਉਸ ਸਮੇਂ ਚਾਲਰਸ ਦੋਵੇਂ ਹੀ ਦੇਸ਼ਾਂ ਦੀ ਪ੍ਰਸਿਥਿਤੀਆਂ ਤੋਂ ਬਿਲਕੁਲ ਅਨਜਾਨ ਸੀ। ਉਸ ਦੀ ਸਿੱਖਿਆ-ਦੀਸ਼ਾ ਨੀਦਰਲੈਂਡ ਵਿੱਚ ਬੇਲਜੀਯਮ ਅਧਿਆਪਕਾਂ ਦੁਆਰਾ ਹੋਈ ਸੀ ਜੋ ਉਸਨੂੰ ਕੇਵਲ ਆਪਣੇ ਹੀ ਦੇਸ਼ ਦਾ ਰਾਜਕੁਮਾਰ ਸਮਝਦੇ ਸਨ ਉਨ੍ਹਾਂ ਨੇ ਉਸ ਨੂੰ ਜਰਮਨ ਭਾਸ਼ਾ ਪੜਾਈ ਅਤੇ ਨਾ ਹੀ ਸਪੇਨਿਸ਼। 1517 ਵਿੱਚ ਜਦ ਉਹ ਆਪਣੇ ਲੈਮਿਸ਼ ਅਤੇ ਵਲੂਨ (Walloon) ਚਹਿਤਾਂ ਨਾਲ ਘਿਰਿਆ ਅਤੇ ਫ੍ਰੈਂਚ ਭਾਸ਼ਾ ਬੋਲਦੇ ਹੋਏ ਪਹਿਲੀ ਬਾਰ ਆਪਣੀ ਕਸਤੀਲਿਆਈ ਪ੍ਰਜਾ ਦੇ ਸਮੁੱਖ ਹੋਇਆ ਤਾਂ ਉਹਨਾਂ ਨੂੰ ਇਨ੍ਹਾਂ ਜਿਆਦਾ ਧੱਕਾ ਲੱਗਿਆ ਕਿ ਉਸਦਾ ਸਵਾਗਤ ਇੱਕ ਜਨ-ਵਿਦਰੋਹ (Revolt of the comuneros) ਨਾਲ ਕੀਤਾ ਗਿਆ।

ਸਪੇਨ ਦੇ ਯੂਰੋਪੀ ਰਾਜਵੰਸ਼ਾਂ ਦੇ ਆਪਸੀ ਸੰਘਰਸ਼ ਵਿੱਚ ਹਸਤਖੇਪ ਕਰਨ ਦਾ ਪ੍ਰਬੰਧ ਫ੍ਰਾਡਿਨੇਂਡ ਅਤੇ ਇਜਾਬੇਲਾ ਨੇ ਕਰ ਲਿਆ ਸੀ। ਚਾਰਲਸ ਨੇ ਇਸ ਨੂੰ ਹੋਰ ਅੱਗੇ ਵਧਾਇਆ। ਅਫਰੀਕਾ ਦੇ ਤੱਟ ਪ੍ਰਦੇਸ਼ਾਂ ਤੇ ਵੀ ਸਪੇਨਿਸ਼ ਅਭਿਯਾਨ ਜ਼ਾਰੀ ਰਹੇ ਪਰ ਉਸਦੀ ਨੀਤਿ ਹੈਪਸਬਰਗ ਹਿਤਾਂ ਤੋਂ ਪ੍ਰੇਰਿਤ ਹੋ ਰਹੀ ਸੀ ਅਤੇ ਉਸਦੇ ਅਧੀਨ ਸਪੇਨ ਅਜਿਹੀ ਯੋਜਨਾਵਾਂ ਵਿੱਚ ਫਸ ਗਿਆ ਜੋ ਉਸਦੇ ਆਪਣੇ ਰਾਸ਼ਟਰੀ ਹਿੱਤਾਂ ਦੇ ਵਿਰੁੱਧ ਸਨ। ਕਈ ਹੋਰ ਤੋਂ ਚਾਰਲਸ ਦੇ ਰਾਜ ਨਾਲ ਘਿਰੇ ਫਰਾਂਸ ਦੇ ਲਈ ਇਹ ਸੱਵਾਭਾਵਿਕ ਸੀ ਕਿ ਉਹ ਉਸ ਨਾਲ ਸੰਘਰਸ਼ ਕਰੇ। ਮੈਕਸਲੀਮਿਲਿਯਨ ਦੀ ਮੌਤ ਤੋਂ (1519) ਸਥਿਤੀ ਹੋਰ ਵੀ ਗੰਭੀਰ ਹੋ ਗਈ ਕਿਉਂਕ ਚਾਰਲਸ ਨੇ ਆਪਣੇ ਆਪ ਨੂੰ ਅਸਟ੍ਰਿਆਈ ਸਮਾਜ ਦੇ ਲਈ ਪ੍ਰਤਯਾਸ਼ੀ ਘੋਸ਼ਿਤ ਕਰ ਕੀਤਾ। ਫਰਾਂਸ ਦੇ ਰਾਜਾ ਫਰਾਂਸੀਸ ਪ੍ਰਥਮ ਨੇ ਇਸਨੂੰ ਰੋਕਣ ਦਾ ਪ੍ਰਯਾਸ ਕੀਤਾ ਪਰ ਅਸਫ਼ਲ ਰਹੇ। 1521 ਵਿੱਚ ਦੋਹਾਂ ਵਿਚਕਾਰ ਸੰਘਰਸ਼ ਛਿੜ ਗਿਆ। ਆਖ਼ਰ 1556 ਵਿੱਚ ਚਾਰਲਸ ਨੂੰ ਸ਼ਾਂਤੀ ਸਮਝੋਤੇ ਲਈ ਬਾਧਯ ਹੋਣਾ ਪਿਆ।

ਫ੍ਰਡਿਨੇਂਡ ਅਤੇ ਇਜਾਬੇਲਾ ਸਪੇਨ ਵਿੱਚ ਕੋਈ ਸਮਾਨਯ ਕਰ-ਵਿਵਸਥਾ ਅਤੇ ਨਿਆਇਕ ਪ੍ਰਣਾਲੀ ਸਥਾਪਿਤ ਕਰਨ ਵਿੱਚ ਸਫ਼ਲ ਨਹੀ ਹੋਈ। ਫ੍ਰਡਿਨੇਂਡ ਅਤੇ ਏਜਾਬੇਲਾ ਦੇ ਵਿਚ ਵਿਆਹ ਤੋਂ ਉਤਪਨ ਇਕੀਕਰਣ ਦੇ ਬਾਵਜੂਦ ਉਨ੍ਹਾਂ ਦੀ ਪ੍ਰਜਾ ਆਪਣੇ ਆਪ ਨੂੰ ਕਾਸਤੀਲਿਆਈ ਅਰਾਗਨੀ, ਕੈਟੋਲੋਨਆਈ (Catalants) ਆਦਿ ਹੀ ਜਿਆਦਾ ਸਮਝਦੇ ਸਨ, ਸਪੇਨਿਸ਼ ਨਹੀ ਹੋਰ ਇੱਕ ਤਰ੍ਹਾਂ ਤੋਂ ਇਸਦਾ ਕੋਈ ਹੋਰ ਵਿਕਲਪ ਵੀ ਨਹੀਂ ਸੀ। ਫ੍ਰਾਡਿਨੇਡ ਅਤੇ ਏਜਾਬੇਲਾ ਨੇ ਸਪੇਨ ਨੂੰ ਇੱਕ ਜਰੂਰੀ ਸਰਕਾਰ ਜ਼ਰੂਰ ਪ੍ਰਦਾਨ ਕਰ ਦਿੱਤੀ ਪਰ ਇੱਕ ਵਧੀਆ ਪ੍ਰਸ਼ਾਸ਼ਨ ਨਹੀਂ। ਦੋ ਸਿੰਘਾਸ਼ਨ ਦਾ ਏਕੀਕਰਣ ਵੈਯਕ੍ਰਿਤ ਸੀ, ਸੰਸਥਾਨਿਕ ਨਹੀਂ। ਹਰ ਇੱਕ ਰਾਜ ਨੇ ਆਪਣਾ ਅਲਗ ਕਾਨੂੰਨ ਅਤੇ ਅਸਤਿੱਤਵ ਬਣਾਈ ਰੱਖਿਆ ਸੀ। ਇਹਨਾਂ ਦੀ ਉਪਾਧੀ ਕਾਸਤੀਲ, ਲਿਔਨ, ਆਰੰਗਨ ਅਤੇ ਸਿਸਲੀ ਦੇ ਸ਼ਾਸਕ ਸੀ ਪਰ ਫਿਰ ਵੀ ਉਸ ਵਿੱਚ ਹਰ ਇੱਕ ਆਪਣੈ ਹੀ ਰਾਜ ਦਾ ਸ਼ਾਸਕ ਅਧਿਕ ਸੀ, ਸਪੇਨ ਦਾ ਸਮਰਾਅ ਘਟ। ਸਪੇਨ ਦੇ ਵਿਭਿੰਨ ਰਾਸ਼ਟਰਾਂ ਵਿੱਚ ਏਕਤਾ ਸਭਾਵਿਕ ਨਹੀਂ ਸੀ, ਉਸਨੂੰ ਉਪਰੋਂ ਲਿਆਉਣਾ ਸੀ। ਆਪਣੀ ਨੀਤੀ ਨੂੰ ਕਿਰਿਆਨਿਵਤ ਕਰਨ ਦੇ ਲਈ ਦੋਵੇ ਆਪਣੇ-ਆਪਣੇ ਰਾਜ ਦੇ ਸਾਧਨਾਂ ਨਾਲ ਮਿਲਕੇ ਉਪਯੋਗ ਕਰ ਸਕਦੇ ਸਨ। ਵਿਸ਼ੇਸ਼ਕਰ ਕਾਸਤੀਲ ਰਾਜ ਦੇ ਸਾਧਨਾਂ ਦਾ ਜਿੱਥੇ ਏਕੀਕਰਣ ਸਥਾਪਨਾ ਦੇ ਕੁਝ ਮਾਧਿਅਮ ਮੌਜੂਦ ਸਨ ਜਿਵੇਂ ਕਿ ਇੱਕ ਅਪੇਕਸ਼ਾਕ੍ਰਿਤ ਜਿਆਦਾ ਸ਼ਕਤੀਸ਼ਾਲੀ ਸਮਾਜ ਜਿਸ ਤੇ ਪ੍ਰਤਿਨਿਧੀ ਸੰਸਥਾਵਾਂ ਦਾ ਨਿਯੰਤਰਣ ਨਹੀਂ ਸੀ ਅਤੇ ਜੋ ਕੁਲੀਨ ਤੰਤਰ ਦੀ ਸਭਾ ਨੂੰ ਚੁਣੌਤੀ ਦੇਣ ਦੇ ਸਮਰੱਥ ਸੀ। ਇਸ ਦੀ ਮੱਦਦ ਤੋਂ ਇੱਕ ਸਮਨਿਵਤ ਰਾਜ ਅਤੇ ਫਿਰ ਇੱਕ ਸਾਮਰਾਜ ਦੀ ਸਥਾਪਨਾ ਕਰ ਸਕਦੇ ਸਨ। ਪਰ ਇਨ੍ਹਾਂ ਸਾਧਨਾ ਨੂੰ ਇੱਕਠਾ ਕਰਨ ਅਤੇ ਅਲੱਗ-ਅਲੱਗ ਪ੍ਰਾਂਤਾਂ ਦੀ ਪ੍ਰਜਾ ਨੂੰ ਇਨ੍ਹਾਂ ਦਾ ਅਭਿਅਸਤ ਬਣਾਉਣ ਦੀ ਜਰੂਰਤ ਸੀ ਇਸ ਲਈ ਪਹਿਲਾਂ ਉਨ੍ਹਾਂ ਨੂੰ ਆਪਣੀ ਸੱਤਾ ਨੂੰ ਕਾਸਤੀਲ ਵਿੱਚ ਦ੍ਰਿੜ ਕਰਨ ਦੀ

**ਨੋਟ**

ਜਰੂਰਤ ਸੀ। ਏਕੀਕਰਣ ਵਿੱਚ ਕਾਸਤੀਲ ਜਿਆਦਾ ਪ੍ਰਭਾਵਸ਼ਾਲੀ ਹਿੱਸੇਦਾਰ ਸੀ ਕਿਉਂਕਿ ਭੂਗੋਲਿਕ ਦ੍ਰਿਸ਼ਟੀ ਤੋਂ ਇਹ ਅਫਗਾਨ ਤੋਂ ਲਗਭਗ ਤਿੰਨ ਗੁਣਾ ਸੀ। ਇਸ ਦੀ ਸਥਿਤੀ ਜਿਆਦਾ ਕੇਂਦਰੀ ਸੀ ਅਤੇ ਮਾਨਵੀ ਸ਼ਕਤੀ ਦੀ ਵੀ ਦ੍ਰਿਸ਼ਟੀ ਤੋਂ ਜਿਆਦਾ ਸ਼੍ਰੇਸ਼ਠ ਸੀ। ਰਾਜਾਂ ਨੂੰ ਸੰਘਰਸ਼ਰਤ ਗੁੱਟਾਂ ਤੋਂ ਬਚਾਉਣ ਦੇ ਲਈ ਅਤੇ ਸ਼ਾਂਤੀ ਅਤੇ ਵਿਵਸਥਾ ਲਈ ਆਧਾਰਭੂਤ ਸਥਿਤੀ ਸਥਾਪਿਤ ਕਰਨ ਦੇ ਲਈ ਫਡ੍ਰਿਨੇਂਡ ਅਤੇ ਏਜਾਬੇਲਾ ਨੂੰ ਆਪਣੀ ਪਰਜਾ ਦੇ ਸਭ ਤੋਂ ਸ਼ਕਤੀਸ਼ਾਲੀ ਵਰਗ ਨਾਲ ਸਾਹਮਣਾ ਕਰਨਾ ਪਿਆ। ਇਹ ਵਰਗ ਸੀ ਕੁਲੀਨ ਵਰਗ ਜੋ 15ਵੀਂ ਸਦੀ ਤੱਕ ਆਉਂਦੇ-ਜਾਉਂਦੇ ਮੂਰੋਂ ਦੇ ਵਿਰੁੱਧ ਜਿੱਤਾਂ ਦੇ ਪਰਿਣਾਮ-ਸਵਰੂਪ ਜ਼ਮੀਨ ਅਤੇ ਪ੍ਰਸ਼ਾਸ਼ਕੀ ਪਦ ਦੋਵੇਂ ਹੀ ਪ੍ਰਾਪਤ ਕਰਦੇ ਅਤੇ ਰਾਜਕੋਸ਼ੀ ਜ਼ਮੀਨ ਤੇ ਵੀ ਕਬਜ਼ਾ ਕਰਕੇ ਇਨ੍ਹਾਂ ਸ਼ਕਤੀਸ਼ਾਲੀ ਹੋ ਗਿਆ ਸੀ ਕਿ ਰਾਜਵੰਸ਼ ਬਦਲਣ ਤੱਕ ਦੀ ਸ਼ਕਤੀ ਪ੍ਰਾਪਤ ਕਰ ਚੁੱਕਾ ਸੀ। ਆਖਿਰ ਇਹ ਦੋਵੇਂ ਹੀ ਕੁਲੀਨ ਵਰਗ ਦੀ ਸ਼ਕਤੀ ਘੱਟ ਕਰਕੇ ਆਪਣੀ ਹੀ ਸ਼ਕਤੀ ਵਧਾ ਰਹੇ ਸਨ। ਨਵੀਆਂ ਸੰਸਥਾਵਾਂ ਨੂੰ ਸਥਾਪਿਤ ਕਰਨ ਵਿੱਚ ਉਹ ਹਿਚਕ ਰਹੇ ਸਨ ਅਤੇ ਉਨ੍ਹਾਂ ਨੂੰ ਉਨ੍ਹੀ ਅਭਿਕਰਣਾਂ ਦਾ ਇਸਤੇਮਾਲ ਕੀਤਾ ਜਿਸ ਨਾਲ ਇਨ੍ਹਾਂ ਦੀ ਪਰਜਾ ਪਰਿਚਿਤ ਸੀ। ਉਨ੍ਹਾਂ ਵਿੱਚੋਂ ਇੱਕ ਹਰਮੇਂਦਾਦ ਜਾਂ ਅਨੇਕ ਨਗਰਾਂ ਵਿੱਚ ਇਕੱਠੀ ਕੀਤੀ ਜਾਉਣ ਵਾਲੀ ਪੁਲੀਸ ਸੈਨਾ। ਇਸ ਉਨ੍ਹਾਂ ਨੇ ਸੰਤਾ ਹਰਮੇਂਦਾਦ ਅਤੇ ਪਵਿੱਤਰ ਭਾਈਚਾਰੇ ਦੇ ਰੂਪ ਵਿੱਚ ਦੁਬਾਰਾ ਗਠਿਤ ਕੀਤਾ ਸੀ। ਸਾਮਰਾਜ ਦੇ ਹਰ ਇੱਕ ਵਰਗ ਇੱਥੇ ਤੱਕ ਕਿ ਪਾਦਰੀ ਅਤੇ ਕੁਲੀਨ ਵਰਗ ਵੀ ਪੁਲਿਸ ਸੈਨਾ ਦੇ ਖਰਚੇ-ਵਹਨ ਦੇ ਲਈ ਉਧਾਰ ਲਿੱਤੇ ਗਏ ਅਤੇ ਇੱਕ ਕੌਂਸਿਲ ਦੇ ਮਾਧਿਅਮ ਤੋਂ ਇਸ ਦੇ ਰਾਜਸੀ ਨਿਯੰਤਰਣ ਸਥਾਪਿਤ ਕਰ ਦਿੱਤਾ ਜਿਸਦਾ ਨਾਂ ਸੀ 'ਕੌਂਸੇਜ ਦਾ ਲਾ ਹਰਮੇਂਦਾਦ-1476' ਇਸ ਸੈਨਾ ਨੇ ਕੁਲੀਨ ਵਰਗ ਦੀ ਸ਼ਕਤੀ ਨੂੰ ਘੱਟ ਕਰਨ ਲਈ ਅਪਰਾਧੀਆਂ ਨੂੰ ਫ਼ੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਪਰ ਕੁਲੀਨ ਦੀ ਸ਼ਕਤੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਲਈ ਹੋਰ ਜਿਆਦਾ ਸਿੱਧੀ ਕਾਰਵਾਈ ਘੋਸ਼ਿਤ ਕੀਤੀ। ਅੰਤ: ਸਾਮੰਤੀ ਦੁਰਗਾ ਨੂੰ ਨਸ਼ਟ ਕਰ ਦਿੱਤਾ ਗਿਆ। ਵਿਭਿੰਨ ਸਾਮੰਤਾ ਦੀ ਪਾਰਸਪਾਰਿਕ ਯੁੱਧਾਂ ਨੂੰ ਅਵੈਧ ਘੋਸ਼ਿਤ ਕਰ ਦਿਤਾ। ਰਾਜਸੀ ਭੂਮੀ ਨੂੰ ਦੁਬਾਰਾ ਰਾਜਸੀ ਕਬਜੇ ਵਿੱਚ ਲਿਆਉਂਦਾ ਗਿਆ ਅਤੇ ਰਾਜਾ ਆਪਣੇ ਪ੍ਰਜਾ ਦੇ ਮੁਕਾਬਲੇ ਜਿਆਦਾ ਵੈਭਵ ਸੰਪਨ ਅਤੇ ਧਨੀ ਹੋ ਗਿਆ। 'ਮਾਸਟਰ ਸ਼ਿਪਸ ਆਫ਼ ਦ ਮਿਲਟਰੀ ਆਰਡਸ' ਦਾ ਜੋ ਅਰਥਵਿਵਸਥਾ ਦਾ ਇੱਕ ਮੁੱਖ ਆਧਾਰ ਸੀ, ਰਾਜਕੀਯ ਸੇਵਾ ਵਿੱਚ ਵਿਲਯ ਕਰ ਦਿੱਤਾ ਗਿਆ ਅਤੇ ਉਸਨੂੰ ਇੱਕ 'ਕੈਂਸਿਜੋ ਦਲ ਆਰਡਰਸ' ਦੇ ਅਧੀਨ ਕਰ ਦਿੱਤਾ ਗਿਆ। ਇਸ ਇਸ ਤੋਂ ਵੀ ਵੱਧ ਕੇ ਗੱਲ ਇਹ ਹੋਈ ਕਿ ਸਾਮੰਤੀ ਨਿਆਲਿਆ ਦੀ ਤੁਲਨਾ ਵਿੱਚ ਸ਼ਾਹੀ ਨਿਆਲਿਆ ਨੂੰ ਜਿਆਦਾ ਸ਼ਕਤੀਸੰਪਨ ਕੀਤਾ ਸੀ।

ਕੈਥੋਲਿਕ ਰਾਜਿਆਂ ਦੇ ਸਮੇਂ ਤੋਂ ਪੂਰਵ ਰਾਜਾ ਸ਼ਹਿਰੀ ਵਰਗ ਤੋਂ ਮਿਲ ਕੇ ਕੁਲੀਨ ਵਰਗ ਦੇ ਨਿਯੰਤਰਣ ਤੋਂ ਆਪਣੇ ਆਪ ਨੂੰ ਆਜ਼ਾਦ ਕਰਨ ਵਿੱਚ ਸਫ਼ਲ ਨਹੀਂ ਰਿਹਾ ਕਿਉਂਕਿ ਉਸ ਸਮੇਂ ਨਗਰ ਵੀ ਕੁਲੀਨਤੰਤਰ ਦੇ ਅਧੀਨਸਥ ਜਾਂ ਉਸਦੇ ਸਮਰਥਕ ਸਨ ਪਰ 15ਵੀਂ ਸਦੀ ਦੇ ਮੱਧ ਤੱਕ ਸ਼ਹਿਰੀ ਲੋਕ ਸਾਮੰਤੀ ਵਿਵਸਥਾ ਤੋਂ ਤੰਗ ਆ ਗਏ ਅਤੇ ਇਨ੍ਹਾਂ ਦੇ ਵਿਰੁੱਧ ਨੇਤਰਤਵ ਦੀ ਆਸ਼ਾ ਵਿੱਚ ਸੀ। ਪ੍ਰਾਰੰਭਿਕ ਹਰਮੇਂਦਾਦ ਸ਼ਹਿਰੀ ਲੋਕਾਂ ਦੀ ਹੀ ਦੇਨ ਸੀ ਅਤੇ ਇਹ ਸ਼ਾਂਤੀ, ਸੁਰੱਖਿਆ ਅਤੇ ਵਪਾਰੀ ਸੁਵਿਧਾਵਾਂ ਦੇ ਲਈ ਨਗਰਵਾਸੀਆਂ ਦੀ ਉਮੀਦ ਬਣ ਗਈ ਕਿ ਕੁਲੀਨ ਵਰਗ ਦੇ ਵਿਰੁੱਧ ਰਾਜਸੀ ਕਾਰਿਆ-ਕਰਮ ਨੂੰ ਸਫ਼ਲਤਾ ਮਿਲ ਸਕੀ। ਕਾਸਤੀਲ ਵਿੱਚ ਸ਼ਹਿਰਾਂ ਵਿੱਚ ਵੀ ਸ਼ਾਹੀ ਪ੍ਰਤਿਨਿਧਿਆਂ ਨੂੰ ਨਿਯੁਕਤ ਕਰਕੇ ਫ੍ਰਾਡਿਨੇਂਡ ਅਤੇ ਏਜਾਬੇਲਾ ਨੇ ਵੀ ਉਨ੍ਹਾਂ ਨੂੰ ਰਾਜਸੀ ਨਿਯੰਤਰਣ ਵਿੱਚ ਲੈ ਲਿਆ ਪਰ ਪੂਰਵੀ ਰਾਜ ਵਿੱਚ ਇਹ ਇੰਨੇ ਸਫ਼ਲ ਨਾ ਰਹੇ ਸਕੇ। ਫ੍ਰਾਡਿਨੇਂਡ ਇਨ੍ਹਾਂ ਰਾਜਾਂ ਨੂੰ ਕਾਸਤੀਲ ਵਿੱਚ ਹੀ ਮਿਲਾ ਦੇਣਾ ਚਾਹੁੰਦਾ ਸੀ। ਉਸ ਨੇ ਕਾਸਤੀਲ ਅਤੇ ਇਨ੍ਹਾਂ ਰਾਜਾਂ ਵਿੱਚ ਪਰਪਸਰ ਸੰਬੰਧਾਂ ਨੂੰ ਬੜਾਵਾ ਦਿੱਤਾ। ਕੈਟੇਲੋਨਿਆ ਆਦਿ ਵਿੱਚ ਕਾਸਤੀਲਿਆਈ ਅਧਿਕਾਰੀ ਨਿਯੁਕਤ ਕੀਤੇ। ਪਰ ਸਪੇਨੀ ਧਰਮਾਧਿਕਰਣ ਹੀ (Inquisition) ਇੱਕ ਮਾਤਰ ਅਜਿਹੀ ਸੰਸਥਾ ਸੀ ਜੋ ਇਨ੍ਹਾਂ ਦੋਹਾਂ ਖੇਤਰਾਂ ਵਿੱਚ ਵਿਧਮਾਨ ਸੀ। ਇਸ ਤੋਂ ਇਲਾਵਾ ਇਹ ਪੂਰਵੀ ਰਾਜ ਇੰਨੇ ਗਰੀਬ ਸਨ ਕਿ ਮਾਨਵੀ ਸ਼ਕਤੀ ਵਿੱਚ ਵੀ ਇੰਨੇ ਘੱਟ ਸਨ ਕਿ ਇਹਨਾਂ ਦੀ ਆਪਣੀ ਸੰਸਥਾਵਾਂ ਛੱਡ ਕੇ ਜੇਕਰ ਰਾਜਸੀ ਕੇਂਦਰੀਕਰਣ ਲੱਦਿਆ ਜਾਂਦਾ ਤਾਂ ਉਸ ਵਿੱਚ ਵੀ ਕੋਈ ਫਾਇਦਾ ਨਹੀਂ ਹੁੰਦਾ। ਇਸ ਤੋਂ ਬਾਅਦ ਹੈਪਸਬਰਗ ਨੇ ਕੈਥੋਲਿਕ ਰਾਜਿਆਂ ਤੋਂ ਇੱਕ ਅਖੰਡ ਸ਼ਾਸ਼ਨ ਨਹੀਂ ਬਲਕਿ ਇੱਕ ਵੈਵਿਧਪੂਰਣ ਵਿਕੇਂਦ੍ਰੀਤ ਵਿਅਕਤੀਗਤ ਸੰਘ ਹੀ ਉਤਰਾਧਿਕਰ ਵਿੱਚ ਪ੍ਰਾਪਤ ਕੀਤਾ। ਫ੍ਰਾਡੀਨੇਂਡ ਅਤੇ ਏਜਾਬੇਲਾ ਨੇ ਸਪੇਨੀਸ ਚਰਚ ਦੀ ਸੁਤੰਤਰਤਾ ਨੂੰ ਸ਼ਤੀ ਪਹੁੰਚਾ ਕੇ ਉਸ ਨੂੰ ਵੀ ਆਪਣੇ ਆਕਾਰ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ। ਬੈਨੀਫਿਸੋ (Benefices) 'ਤੇ ਪੋਪ ਦੀ ਜਗ੍ਹਾ ਰਾਜਕੀਯ ਨਿਰੰਤਰਣ ਵੀ ਸਥਾਪਿਤ ਕਰ ਦਿੱਤਾ। ਕੁਲੀਨ ਵਰਗ ਪਾਦਰੀ ਅਤੇ ਸ਼ਹਿਰੀ ਵਰਗ ਦੀ ਮਹੱਤਤਾ ਨੂੰ ਘੱਟ ਕਰਨ ਦਾ ਅਵੱਸ਼ਯਭਾਵੀ ਪਰਿਣਾਮ ਸੀ ਉਸ ਸੰਸਥਾ ਕਾਰਟਸ ਦਾ ਵੀ ਪਤਨ ਜਿਸ ਵਿੱਚ ਇਨ੍ਹਾਂ ਤਿੰਨਾਂ ਵਰਗਾਂ ਦਾ ਪ੍ਰਤਿਨਿਧਿਤਵ ਮਿਲਾ ਹੋਇਆ ਸੀ।

ਇਸ ਨੂੰ ਵੇਖਖਣ ਤੇ ਧਰਮਾਧਿਕਰਣ ਹੀ ਇਕਮਾਤਰ ਸਰਵਵਿਆਪੀ ਸੰਸਥਾ ਸੀ। ਇਹ ਸ਼ਾਇਦ ਰਾਜਾਂ ਦੇ ਪ੍ਰਸ਼ਾਸ਼ਨਿਕ ਵੰਡ ਅਤੇ ਵਿਭਿੰਨਤਾ ਵਿੱਚ ਏਕਤਾ ਲਿਆਉਣ ਦੇ ਜਤਨ ਸੀ। ਚਾਰਲਸ ਪੰਚਮ ਦੇ ਸਮੇਂ ਵਿੱਚ ਉਸਦੇ ਚਾਂਸਲਰ ਮਰਕਯੂਰੋ ਗਾਲਟਮਾਰਾ(Mercurio Galtmord) ਨੇ ਵਿਸਤ੍ਰਤ ਸਮਰਾਜ ਵਿੱਚ ਕੁਝ ਸਾਮਾਨਿਆ ਸੰਸਥਾ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ- ਉਲੇਖਨ ਰੂਪ ਤੋਂ ਵਿਤੀਯ ਕੌਂਸਿਲ ਅਤੇ ਇੱਕ ਅੰਤ ਪ੍ਰਦੇਸੀ ਰਾਜ ਕੌਂਸ਼ਿਲ। ਪਰ ਸਮਾਜ ਦੇ ਵਿਸਤਾਰ ਨੇ ਅਖੰਡਤਾ ਦੀ ਸਥਾਪਨਾ ਦੀ ਦਿਸ਼ਾ ਵਿੱਚ ਅੜਚਨ ਪੈਦਾ ਕੀਤਾ ਅਤੇ ਸਪੇਨ ਨੇ ਆਪਣੇ ਆਪ ਹੀ ਪ੍ਰਸ਼ਾਸ਼ਨਿਕ ਏਕਤਾ ਦੀ ਪ੍ਰਕਿਰਿਆ ਵਿੱਚ ਅੜਿੱਕਾ ਪਾਇਆ।

ਸਪੇਨ ਦੇ ਨਿਰੰਕੁਸ਼ ਰਾਜਤੰਤਰ ਦਾ ਵੰਸ਼ੀ ਹਿੱਤ ਯੂਰੋਪ ਦੇ ਵਿਭਿੰਨ ਭਾਗਾਂ ਵਿੱਚ ਫੈਲਿਆ ਹੋਇਆ ਸੀ। ਇਹ ਰਾਜਤੰਤਰ ਸਪੇਨ ਦੇ ਕ੍ਰਸ਼ਕ ਵਰਗ ਅਤੇ ਵਿਉਪਾਰਿਕ ਵਰਗਾਂ ਨੂੰ ਨਿਯਮਿਤ ਸਮਰਥਨ ਦੇਣ ਵਿੱਚ ਅਸਮਰਥ ਅਤੇ ਨਾ-ਇੱਛੁਕ ਸੀ ਇਸ ਲਈ ਇਹ ਵਰਗ ਸਮੁੰਦਰ ਪਾਰ ਵਿਕਸੀਤ ਔਪਨਿਵੇਸ਼ਕ ਅਤੇ ਵਿਉਪਾਰ ਵਿਵਸਥਾ ਤੋਂ ਕੋਈ ਫਾਇਦਾ ਨਹੀਂ ਉਠਾ ਸਕਿਆ। ਰਾਜਤੰਤਰ ਦੀਆਂ ਰਾਜਕੋਸ਼ੀ ਜ਼ਰੂਰਤਾਂ ਨੇ (ਜੋ ਯੂਰੋਪ ਦੇ ਰਾਜਵੰਸ਼ੀ ਅਤੇ ਧਾਰਮਿਕ ਯੁੱਧਾਂ ਵਿੱਚ ਆਉਣ ਤੇ ਹੋਈ ਸੀ) ਉਸਨੂੰ ਬਾਧਿਆ ਕਰ ਦਿੱਤਾ ਕਿ ਉਹ ਅਰਥਵਿਵਸਥਾ ਦੇ ਖ਼ੇਤਰ ਨੂੰ ਵਿਦੇਸ਼ੀ ਵਿੱਤਦਾਤਾਔਂ ਦੇ ਹੱਥਾਂ ਗਿਰਵੀ ਰੱਖ ਦਿੱਤੀ। ਸਪੇਨ ਦੀ ਕੱਚੀ ਉੱਨ ਅਤੇ ਉਪਨਿਵੇਸ਼ਕਾਂ ਤੋਂ ਆਉਣ ਵਾਲੇ ਸੋਨੇ ਦਾ ਵਿਦੇਸ਼ੀ ਵਪਾਰ ਯੁਪੋਰ ਦੇ ਹੋਰ ਸਮਰਿਧ ਨਗਰਾਂ ਦੇ ਪੂੰਜੀਪਤਿ ਵਿਉਪਾਰੀਆਂ ਦੇ ਹੱਥ ਵਿੱਚ ਸੀ। ਇਸ ਤਰ੍ਹਾਂ ਸਪੇਨ ਇੱਕ ਆਸ਼ਰਿਤ ਅਰਥ ਵਿਵਸਥਾ ਦਾ ਦੇਸ਼ ਬਣ ਗਿਆ।

ਨੋਟ

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. ਯੂਰੋਪੀ ਮਹਾਦੀਪ ਵਿੱਚ..........ਵਿਵਸਥਾ ਅਪਣਾਏ ਜਾਣ ਦੇ ਦੋ ਪਹਿਲੂ ਸਨ।
2. ਲਿਔਨ ਵਿੱਚ ਆਸਟ੍ਰੇਸ਼ਿਆ ਐਤ ਗੈਲੋਸ਼ਿਆ ਦੀ ਪੂਰਵਰਤੀ...........ਵੀ ਸਾਮਲ ਸੀ।
3. ਸਪੇਨ ਦਾ ਅਤੀਤ ............ ਰਿਹਾ ਹੈ।

ਵਾਸਤਵ ਵਿੱਚ ਸਪੇਨ ਦਾ ਪਤਨ ਇੱਕ ਅਜਿਹਾ ਵਿਸ਼ਾ ਹੈ ਜਿਸ ਤੇ ਇਤਿਹਾਸਕਾਰ ਇਕਮੱਤ ਹੈ। 1938 ਵਿੱਚ ਇ.ਜੇ. ਹੇਮਿਲਟਨ ਦੁਆਰਾ ਇਸ ਵਿਸ਼ੇ ਤੇ ਆਪਣਾ ਮੱਤ ਪ੍ਰਤੀਪਾਦਨ ਕੀਤਾ ਤਾਂ ਉਸ ਤੋਂ ਬਾਅਦ ਕਈ ਪ੍ਰਸਿੱਧ ਲੇਖਾਂ ਵਿੱਚ ਇਤਿਹਾਸਕਾਰਾਂ ਨੇ ਆਪਣੇ-ਆਪਣੇ ਮੱਤ ਦੱਸੇ ਹਨ। ਇਨ੍ਹਾਂ ਮਤਾ ਦੇ ਅਲੋਕ ਵਿੱਚ ਸਪੇਨ ਦੇ ਪਤਨ ਸੰਬੰਧੀ ਅਧੁਨਾਤਨ ਵਿਚਾਰਾਂ ਦਾ ਵਿਸ਼ਲੇਸ਼ਨ ਕੀਤਾ ਬਹੁਤ ਜ਼ਰੂਰੀ ਹੈ। ਇਸ ਵਿਸ਼ਾ ਕੋਈ ਸ਼ੱਕ ਨਹੀਂ ਹੈ ਕਿ ਸਪੇਨ ਨੂੰ ਕਈ ਸੰਕਟ ਅਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਪਰ ਵਾਸਤਵਿਕ ਪ੍ਰਸ਼ਨ ਇਹ ਹੈ ਕਿ ਇਹ ਕਠਿਨਾਈਆਂ ਅਤੇ ਸੰਕਟ ਕਦੇ ਇੱਕ ਸੰਪਨ ਸਮਾਜ ਦੇ ਪਤਨ ਦਾ ਪ੍ਰਤਿਨਿਧਿਤਵ ਕਰਦੀ ਹੈ। ਕੀ ਉਹ ਕਠਿਨਾਈਆਂ ਇੰਨੀ ਵਿਆਪਕ ਸਤਰੀਯ ਸੀ ਕਿ ਉਨ੍ਹਾਂ ਨੇ ਸਪੇਨ ਦੇ ਸਾਰੇ ਖ਼ੇਤਰਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਹ ਦੋ ਸਦੀਆਂ ਤੱਕ ਚਲਦੀ ਰਹੀ। ਇਨ੍ਹਾਂ ਸਾਰੇ ਸੁਆਲਾਂ ਦੇ ਜਵਾਬ ਨਿਸ਼ੇਧਾਤਮਕ ਹਨ ਆਖਿਰ ਸਪੇਨ ਦੇ ਪਤਨ ਦੇ ਸਵਰੂਪ ਦੇ ਵਿਸ਼ੇ ਵਿੱਚ ਕਈ ਪ੍ਰਸ਼ਨ ਉਦਿਤ ਹੁੰਦੇ ਹਨ। ਇਸ ਵਿੱਚ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸਪੇਨ ਆਰਥਿਕ ਦ੍ਰਿਸ਼ਟੀ ਤੋਂ ਕਦੀ ਵੀ ਪ੍ਰਬਲ ਨਹੀਂ ਸੀ। ਕਾਸਤੀਲ ਖੇਤੀ ਦੇ ਮਾਮਲੇ ਵਿੱਚ ਆਤਮਨਿਰਭਰ ਨਹੀਂ ਸੀ ਅਤੇ ਆਪਣੀ ਸਮਗੀਦਿ ਦੇ ਲਈ ਉਨ੍ਹਾਂ ਦੇ ਵਪਾਰ ਤੇ ਆਸ਼ਰਿਤ ਸੀ। ਦੂਜਾ ਤੱਤ ਇਹ ਸੀ ਕਿ ਆਧੁਨਿਕ ਯੁੱਗ ਦੀ ਸ਼ੁਰੂਆਤ ਵਿੱਚ ਸਪੇਨ ਦੀ ਅਰਥਵਿਵਸਥਾ ਸਮੇਕਿਤ ਨਹੀਂ ਸੀ। ਇਹ ਇੱਕ ਪਿੱਛੜਿਆ ਦੇਸ਼ ਸੀ ਜਿਸ ਦੇ ਸਾਧਨ ਆਪਣੇ ਕੋਲ ਨਾ ਦੇ ਬਰਾਬਰ ਸੀ ਅਤੇ ਇਹ ਵਿਦੇਸ਼ੀ ਮੰਡੀਆਂ ਅਤੇ ਸੰਭਰਣਕਰਤਾਵਾਂ ਤੇ ਆਸ਼ਰਿਤ ਸੀ। 15ਵਾਂ ਅਤੇ 16ਵੀਂ ਸਦੀ ਵਿੱਚ ਸਪੇਨ ਵਿੱਚ ਪ੍ਰਾਸ਼ਰਯ ਦੇ ਅਲੱਗ-ਅਲੱਗ ਪ੍ਰਕਾਰ ਵਿਕਸਿਤ ਹੋ ਗਏ। ਪਹਿਲਾ ਪਰਾਸ਼ਰਯ ਚੱਕਰ ਊੱਨ ਵਪਾਰ ਸੰਬੰਧੀ ਸੀ ਜੋ 16ਵੀਂ ਸਦੀ ਵਿੱਚ ਆਪਣੇ ਉਤਕਰਸ਼ ਤੇ ਪਹੁੰਚ ਗਿਆ ਸੀ। ਵਿਉਪਾਰ ਵਿੱਚ ਮੁੱਖ ਫਲੈਂਡਰਸ, ਇਟਲੀ ਅਤੇ ਫਰਾਂਸ ਦਾ ਸੀ, ਆਖਰ ਇਸ ਪਰਾਸ਼ਰਯ-ਚੱਕਰ ਨੇ ਸਪੇਨ ਦੁਆਰਾ ਕੱਚੇ ਉੱਨ ਦੇ ਨਿਰਯਾਤ ਅਤੇ ਤਿਆਰ ਮਾਲ ਦੇ ਆਯਾਤ ਦਾ ਰੂਪ ਦਿੱਤਾ।

ਚਾਰਲਸ ਦਾ ਸ਼ਾਸ਼ਨ ਵਾਸਤਵ ਵਿੱਚ ਕਾਂਟੇ ਦਾ ਤਾਜ ਸੀ। ਉਹ ਕਦੀ ਸੁੱਖ ਨਾਲ ਨਹੀਂ ਰਹਿ ਸਕਿਆ। ਬਲਕਿ ਉਸਦੇ ਸ਼ਾਸਨਕਾਲ ਵਿੱਚ ਸਪੇਨ ਦਾ ਜਿਆਦਾ ਉਤਥਾਨ ਹੋਇਆ। ਅਮੇਰਿਕਾ ਮਹਾਦੀਪ ਦੇ ਦੱਖਣ ਦੇ ਜਿਆਦਾਤਰ ਭਾਗ ਸਪੇਨ ਦੇ ਕਬਜ਼ੇ ਵਿੱਚ ਆ ਗਏ ਅਤੇ ਨਵੀਂ ਦੁਨੀਆਂ ਵਿੱਚ ਸਪੇਨ ਸਭ ਤੋਂ ਵੱਡਾ ਉਪਨਿਵੇਸ਼ ਬਣ ਗਿਆ। ਪ੍ਰੰਤੂ ਜਿੰਨੀ ਤੇਜ਼ੀ ਨਾਲ ਉਤਥਾਨ ਹੋਇਆ ਓਨੀ ਹੀ ਡੂੰਘੇ ਪਤਨ ਦੇ ਬੀਜ ਪਏ ਸੀ। ਇਨ੍ਹਾਂ ਦਾ ਸਮਰਾਜ ਸਥਾਈ ਨਹੀਂ ਹੋ ਸਕਦਾ ਸੀ। ਆਰਥਿਕ ਪਕਸ਼ ਕਈ ਕਾਰਨਾਂ ਤੋਂ ਕਮਜ਼ੋਰ ਸੀ। ਇੱਕ ਤਾਂ ਉਸਨੂੰ ਸ਼ਾਸ਼ਨ ਸੰਭਾਲਦੇ ਹੀ ਯੁੱਧ ਸ਼ੁਰੂ ਕਰਨੇ ਪਿਆ ਜਿਸ ਦਾ ਸਿਲਸਿਲਾ ਆਖਿਰ ਤੱਕ ਨਹੀਂ ਟੁੱਟਿਆ। ਯੁੱਧ ਖੇਤਰ ਵੀ ਸੀਮਿਤ ਨਹੀਂ ਸੀ। ਕਦੀ ਫਰਾਂਸ ਦੀ ਸੀਮਾਵਾਂ ਤੇ ਕਦੀ ਇਟਲੀ ਵਿੱਚ ਅਤੇ ਕਦੇ ਸਮਰਾਜ ਦੇ ਪੂਰਵੀ ਹੱਦਾਂ ਤੇ। ਸੈਨਾ ਦਾ ਯਾਤਾਯਾਤ ਕਾਫ਼ੀ ਮੁਸ਼ਕਿਲ ਸੀ ਅਤੇ ਬੇਹੱਦ ਖਰਚੀਲਾ ਵੀ ਅਤੇ ਫਿਰ ਨਾਲ ਹੀ ਉਹ ਸ਼ਕਤੀਸ਼ਾਲੀ ਨੌਸੈਨਾ ਰੱਖਣ ਤੇ ਵੀ ਮਜਬੂਰ ਸਨ। ਕਿਉਂਕਿ ਅੰਟਲਾਟਿਕ ਮਹਾਸਾਗਰ ਪਾਰ ਦੇ ਉਪਨਿਵੇਸ਼ਕਾਂ ਦੀ ਸੁਰੱਖਿਆ ਉਸੇ ਤੇ ਹੀ ਆਧਾਰਿਤ ਸੀ। ਇੰਗਲੈਂਡ ਤੋਂ ਸੰਘਰਸ਼ ਦੀ ਸਖ਼ਤੀ ਹੋਣ ਕਾਰਨ ਵੀ ਨੌਸੈਨਾ ਜ਼ਰੂਰੀ ਸੀ। ਇੰਨ੍ਹੇ ਸਾਰੇ ਖ਼ਰਚੇ ਰਾਜਸਵ ਤੋਂ ਪੂਰੇ ਨਹੀਂ ਕੀਤੇ ਜਾ ਸਕਦੇ ਕਿਉਂਕਿ ਕਰ ਵਿਵਸਥਾ ਨਾ ਸਿਰਫ਼ ਪੰਗੂ ਸੀ ਜਿਸ ਤਰ੍ਹਾਂ ਦੀ ਵੀ ਸੀ ਉਹ ਲਾਗੂ ਨਹੀਂ ਹੋ ਸਕਦੀ ਸੀ। ਇਸ ਸਥਿਤੀ ਵਿੱਚ ਸੋਨਾ ਚਾਂਦੀ ਉਗਲਦੇ ਉਪਨਿਵੇਸ਼ ਵਰਦਾਨ ਸੀ ਪਰ ਬਿਨਾਂ ਅਰਜਿਤ ਕੀਤੇ, ਲੁੱਟਿਆ ਹੋਇਆ ਧਨ ਥੋੜ੍ਹੇ ਦਿਨਾਂ ਤੱਕ ਰਾਹਤ ਦਿੰਦਾ ਰਿਹਾ ਪ੍ਰੰਤੂ ਇਸ ਤੋਂ ਪੂਰੀ ਅਰਥਵਿਵਸਥਾ ਕਮਜ਼ੋਰ ਹੋ ਗਈ। ਸਪੇਨ ਵਿੱਚ ਬਾਹਰ ਤੋਂ ਆਉਣ ਵਾਲੇ ਧਨ ਦੇ ਕਾਰਨ ਲੋਕ ਉਸ ਆਸ਼ਰਿਤ ਹੋਣ ਲੱਗੇ ਸੀ ਅਤੇ ਉਹ ਮਿਹਨਤ ਕਰਨੀ ਛੱਡ ਰਹੇ ਸੀ। ਮੂਰ ਅਤੇ ਯਦੂਹੀ ਭੱਜ ਰਹੇ ਸੀ। ਸਮਰਾਜ ਵਿੱਚ ਰਾਜਨੀਤਿਕ ਅਤੇ ਧਾਰਮਿਕ ਕਾਰਨਾਂ ਤੋਂ ਅਸ਼ਾਂਤੀ ਸੀ। ਰਾਸ਼ਟਰੀ ਦੇਸ਼ ਭਗਤੀ ਸਾਰੀ ਜਗ੍ਹਾਂ ਇੰਨੀ ਵਿਕਸਿਤ ਨਹੀਂ ਹੋਈ ਸੀ ਕਿ ਸਵਾਯਤਾ ਦੇ ਆਧਾਰ ਤੇ ਸ਼ਾਸ਼ਨ ਚਲਾਇਆ ਜਾ ਸਕੇ। ਪ੍ਰੰਤੂ ਚਾਰਲਸ ਦਾ ਵਿਦਰੋਹ ਤਾਂ ਹੋ ਹੀ ਰਿਹਾ ਸੀ। ਕਦੀ ਸਾਮੰਤ ਸਿਰ ਉਠਾਉਂਦੇ ਤਾਂ ਕਦੇ ਰਾਜਾ। ਫਿਰ ਲੂਥਰ ਦੁਸਪ੍ਰਭਾਵ ਵਿੱਚ ਆ ਗਿਆ ਪੂਰੀ ਤਰ੍ਹਾਂ ਕੈਥੋਲਿਕ ਹੋਣ ਦੇ ਕਾਰਨ ਚਾਰਲਸ ਲੂਥਕ ਦੇ ਕੰਮਾਂ ਨੂੰ ਧਰਮ ਵਿਰੋਧੀ ਸਮਝਦਾ ਸੀ। ਲੂਥਰ ਦੇ ਅੰਦੋਲਨ ਨੂੰ ਜਰਮਨ ਸ਼ਾਸਕ ਦਾ ਸਮਰਥਨ ਮਿਲਣ ਤੋਂ ਚਾਰਲਸ ਨੂੰ ਆਰੰਭਿਕ ਸਮਾਜਿਕ ਖ਼ਤਰੇ ਦਾ ਵੀ ਪਤਾ ਲੱਗ ਗਿਆ। ਆਖਿਰ ਲੂਥਵਾਦ ਧਾਰਮਿਕ ਅਤੇ ਰਾਜਨੀਤਿਕ ਦੋਵਾਂ ਦ੍ਰਿਸ਼ਟੀਆਂ ਤੋਂ ਚਾਰਲਸ ਦੇ ਲਈ ਇੱਕ ਵਿਦਰੋਹ ਸੀ। ਉਸਦਾ ਉਸਨੇ ਦਮਨ ਵੀ ਕਰਨਾ ਚਾਹਿਆ ਪਰ ਸਫ਼ਲ ਨਹੀਂ ਹੋ ਸਕਿਆ। 1556 ਈ: ਵਿੱਚ ਉਸਨੇ ਸਮਰਾਜ ਤੋਂ ਮੁਕਤਿ ਲੈਣ ਦਾ ਫੈਸਲਾ ਕਰ ਲਿਆ ਪਰ ਉਸ ਨੇ ਛੱਡਣ ਤੋਂ ਪਹਿਲਾਂ ਇੱਕ ਫੈਸਲਾ ਲਿਆ ਉਸਨੇ ਵੇਖਿਆ ਕਿ ਸਭ ਤੋਂ ਵੱਡੀ ਕਮਜ਼ੋਰੀ ਰਾਜ ਦਾ ਵਿਸਤਾਰ ਹੈ ਆਖਿਰ ਉਸ ਨੇ ਰਾਜ ਦੀ ਵੰਡ ਕਰ ਦਿੱਤੀ। ਸਪੇਨ, ਨੀਦਰਲੈਂਡ, ਇਤਾਲਵੀ ਰਾਜ ਅਤੇ ਅਮਰੀਕੀ ਸਮਰਾਜਿਆ ਉਸਨੇ ਆਪਣੇ ਮੁੰਡੇ ਫਿਲੀਪ ਨੂੰ ਦੇ ਦਿੱਤੀ ਅਤੇ ਯੂਰੋਪ ਦੇ ਰਾਜ ਆਪਣੇ ਭਰਾ ਫ੍ਰਾਡਿਨੇਂਡ ਜਿਸ ਨੂੰ ਬਾਅਦ ਵਿੱਚ ਰਾਜਾ ਚੁਣਿਆ ਗਿਆ।

## 4.2 ਫਿਲੀਪ ਦਿਵੀਤੀਯ (1556–1598) (Philip II, 1556–1598)

ਆਪਣੇ ਪਿਤਾ ਦੀ ਤਰ੍ਹਾਂ ਹੀ ਫਿਲੀਪ ਆਪਣੇ ਸਮੇਂ ਦਾ ਮਹੱਤਵਪੂਰਨ ਸ਼ਾਸਕ ਸੀ। ਫਿਲੀਪ ਦ੍ਵਿਤੀਯ ਦਾ ਉਦੇਸ਼ ਪ੍ਰੋਟੇਸਟੇਂਟਵਾਦ ਦਾ ਦਮਨ ਅਤੇ ਸਪੇਨ ਦੀ ਪ੍ਰਭੁਤਾ ਦੀ ਸਥਾਪਨ ਕਰਨਾ ਸੀ ਪਰ ਕਈ ਸਮੱਸਿਆਵਾਂ ਵਿੱਚ ਘਿਰੇ ਰਹਿਣ ਦੇ ਕਾਰਨ ਫਿਲੀਪ ਆਪਣੇ ਉਦੇਸ਼ ਵਿੱਚ ਸਫ਼ਲ ਨਹੀਂ ਹੋ ਸਕਿਆ ਸੀ। ਸਪੇਨ ਵਿੱਚ ਫਿਲੀਪ ਨੇ ਏਕਤਾ ਸਥਾਪਿਤ ਕਰਕੇ ਆਰਥਿਕ ਸੁਧਾਰ ਕਰਨ, ਕੈਥੋਲਿਕ ਧਰਮ ਨੂੰ ਦ੍ਰਿੜ ਕਰਨ ਅਤੇ ਮੂਰੋਂ ਨੂੰ ਭੱਜਣ ਦੀ ਪ੍ਰੇਰਣਾ ਦਿੱਤੀ। 1580 ਵਿੱਚ ਉਸਨੇ ਪੁਰਤਗਾਲ ਨੂੰ ਸਪੇਨ ਵਿੱਚ ਮਿਲਾ ਦਿੱਤਾ। ਪ੍ਰੰਤੂ ਇਹ ਵਿਲਅ 1640 ਵਿੱਚ ਖ਼ਤਮ ਹੋ ਗਿਆ।

**ਸਵ-ਮੁਲਾਂਕਣ (Self Assessment)** **ਨੋਟ**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ਚਾਰਲਸ ਪੰਚਮ ਨੂੰ ਬਗ੍ਰੇਡੀ ਦੇ ਡਯੂਕ ਦੀ ਪੈਤਰਕ ਜਗੀਰ ਆਪਨੇ ............. ਤੋਂ ਵਿਰਾਸਤ ਵਿੱਚੋਂ ਮਿਲੀ।
   - (ੳ) ਪਿਤਾ (ਅ) ਚਾਚਾ
   - (ੲ) ਮਾਮਾ (ਸ) ਦਾਦਾ
5. ਧਰਮਾਧਿਕਰਣ ਦੀ ਸੰਸਥਾ ਨੂੰ ........... ਨੀਦਰਲੈਂਡ ਵਿੱਚ ਲਿਆਇਆ ਗਿਆ।
   - (ੳ) ਫਿਲੀਪ ਦ੍ਵਿਤੀਯ (ਅ) ਚਾਰਲਸ ਪੰਚਮ
   - (ੲ) ਰੈਕੇਸੈਨਸ (ਸ) ਮਾਰਗਰੇਟ
6. ਨੀਦਰਲੈਂਡ ਵਾਸੀ ............ ਸੀ।
   - (ੳ) ਬਿਸ਼ਪ (ਅ) ਆਕਰਬਿਸ਼ਪ
   - (ੲ) ਕੈਥੋਲਿਕ (ਸ) ਪ੍ਰੋਟੇਸਟੈਂਟ

## 4.3 ਫਿਲੀਪ ਦਿਵੀਤੀਯ ਅਤੇ ਨੀਦਰਲੈਂਡ (Philip II and Netherland)

ਫਿਲੀਪ ਦਿਵੀਤੀਯ ਦੇ ਸਮੇਂ ਵਿੱਚ ਨੀਦਰਲੈਂਡ 'ਚ ਸਪੇਨ ਦੇ ਵਿਰੁੱਧ ਵਿਦਰੋਹ ਹੋ ਗਿਆ। ਚਾਰਲਸ ਪੰਚਮ ਨੂੰ ਬਰਗੇਡੀ ਦੇ ਡਯੂਕ ਦੀ ਪੈਤਰਕ ਜਮੀਨ ਆਪਣੇ ਪਿਤਾ ਤੋਂ ਵਿਰਾਸਤ ਦੇ ਰੂਪ ਵਿੱਚ ਮਿਲੀ ਜਿਸ ਵਿੱਚ ਫਰਾਂਸ ਕੋਮਪਟੇ, ਮੇਸ਼ੇਲੇਨ, ਫਲੈਂਡਰਸ, ਨਾਮੂਰ, ਹੇਨੱਾਟ, ਹੱਲੈਂਡ, ਜੇਲੈਂਡ, ਬ੍ਰਾਬੱਾਟ ਦੇ ਵਿਰੁੱਧ ਲਿੰਮਬਰਗ ਅਤੇ ਲੈਕਸਮਬਰਗ ਦੇ ਪ੍ਰਦੇਸ ਸ਼ਾਮਲ ਸਨ। ਵਿਰਾਸਤ ਦੇ ਇਸ ਕੇਂਦਰ ਵਿੱਚ ਚਾਰਲਸ ਪੰਚਮ ਦੀ ਜਿੱਤ ਦੁਆਰਾ ਟੂਰਨੇਂ ਅਤੇ ਕੇਮ੍ਰਬੇ ਦੇ ਨਗਰ ਰਾਜ ਅਤੇ ਉੱਤਰ ਪੂਰਵੀ ਨੀਦਰਲੈਂਡ ਦੇ ਕਈ ਪ੍ਰਦੇਸ਼ਾ, ਜਿਵੇਂ ਫ੍ਰੀਜਲੈਂਡ, ਯੁਟ੍ਰੇਕਟ, ਗ੍ਰੋਨੀਨਜੇਨ, ਔਮੇਲਾਨਡੇਨ, ਡੇਨਥ ਅਤੇ ਜੇਨਡਰਲੈਂਡ ਦੇ ਪ੍ਰਦੇਸਾ ਨੂੰ ਜੋੜ ਦਿੱਤਾ। ਇਨ੍ਹਾਂ ਸਭ ਨੂੰ ਸਮਲਿਤ ਰੂਪ ਵਿੱਚ ਸਤਾਰਾ ਪ੍ਰਾਂਤਾਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਨੀਦਰਲੈਂਡ ਦੇ ਇਹ ਪ੍ਰਦੇਸ ਵਿਰਾਸਤ ਅਤੇ ਜਿੱਤ ਦੇ ਮਾਧਿਅਮ ਤੋਂ ਸਪੇਨ ਦੇ ਸ਼ਾਸਕ ਦੇ ਅਧੀਨ ਆ ਗਏ ਸੀ ਪਰ ਆਪਣੇ ਸਪੇਨੀ ਸਵਾਮੀ ਦੇ ਨਾਲ ਉਹਨਾਂ ਦੀ ਕੋਈ ਸਮਾਨਤਾ ਨਹੀਂ ਸੀ। ਸਪੇਨ ਸਾਮੰਤੀ ਅਤੇ ਕੁਲੀਨਤੰਤਰੀ ਸੀ, ਨੀਦਰਲੈਂਡ ਲੋਕਤੰਤਰੀ ਅਤੇ ਵਿਉਪਾਰਿਕ। ਸਪੇਨ ਇੱਕ ਜਿਆਦਾ ਕੇਂਦਰੀਕ੍ਰਤ ਰਾਜ ਸੀ, ਨੀਦਰਲੈਂਡ ਸਤਾਰਾਂ ਪ੍ਰਾਤਾਂ ਦਾ ਸਮੂਹ ਸੀ ਜਿਸ ਵਿੱਚੋਂ ਹਰ ਇੱਕ ਦਾ ਆਪਣਾ ਗਵਰਨਰ ਅਤੇ ਸੰਵਿਧਾਨ ਸੀ ਅਤੇ ਹਰ ਇੱਕ ਪ੍ਰਾਂਤ ਵਿੱਚ ਕਈ ਇਸ ਤਰ੍ਹਾਂ ਦੇ ਨਗਰ ਸਨ ਜੋ ਆਪ ਹੀ ਰਾਜਤੰਤਰ ਰਾਜ ਤੋਂ ਘੱਟ ਨਹੀਂ ਸੀ। ਨੀਦਰਲੈਂਡ ਕੈਥੋਲਿਕ ਸੀ ਪਰ ਉਸ ਤੇ ਨਵੇਂ ਧਾਰਮਿਕ ਵਿਚਾਰਾਂ ਦਾ ਪ੍ਰਭਾਵ ਪੈ ਰਿਹਾ ਸੀ ਅਤੇ ਕਾਲਵਿਨਵਾਦ ਦਾ ਨੀਦਰਲੈਂਡ ਵਿੱਚ ਸਵਾਗਤ ਹੋਇਆ। ਨੀਦਰਲੈਂਡ ਵਾਸੀ ਸਥਾਨਕ ਅਤੇ ਰਾਸ਼ਟਰੀ ਭਗਤੀ ਦੀ ਭਾਵਨਾ ਤੋਂ ਔਤਪ੍ਰੋਤ ਨਹੀਂ ਸਨ, ਉਹ ਵਿਉਪਾਰਿਕ ਦ੍ਰਿਸ਼ਟੀ ਤੋਂ ਸਮਰਧ ਸੀ। ਇੰਗਲੈਂਡ ਦੇ ਵਿਕਾਸਸ਼ੀਲ ਉੱਨ ਉਦਯੋਗਾਂ ਨੇ ਫਲੈਂਡਰਸ ਦੇ ਕਈ ਉੱਨ ਉਦਯੋਗਾਂ ਨੂੰ ਧੱਕਾ ਪਹੁੰਚਾਇਆ ਸੀ। ਫਿਰ ਵੀ ਏਂਟਵਰਪ ਇੱਕ ਵੱਡਾ ਵਿਅਪਾਰਿਕ ਕੇਂਦਰ ਸੀ ਅਤੇ ਨੀਦਰਲੈਂਡ ਦੇ ਨਿਵਾਸੀ ਅਤੇ ਵਿਉਪਾਰੀ ਹੁਣ ਵੀ ਯੂਰੋਪ ਦੇ ਸਭ ਤੋਂ ਜਿਆਦਾ ਅਮੀਰ ਲੋਕ ਸਨ।

ਉੱਤਰੀ ਅਤੇ ਦੱਖਣੀ ਨੀਦਰਲੈਂਡ ਵਿੱਚ ਕੁਝ ਮਹੱਤਵਪੂਰਨ ਭਿੰਨਤਾ ਸੀ :- ਉੱਤਰੀ ਭਾਗ ਪ੍ਰਮੁੱਖਤਾਅ ਟ੍ਰਯੂਟੋਨਿਕ ਅਤੇ ਜਿਆਦਾ ਲੋਕਤੰਤਰਿਕ ਸੀ ਜਦ ਕਿ ਦੱਖਣੀ ਭਾਗ ਪ੍ਰਮੁੱਖਤਾਆ ਲਤੀਮੀ ਅਤੇ ਕੁਲੀਨ ਵਰਗ ਦਾ ਪ੍ਰਧਾਨ ਸੀ। ਹਰ ਇੱਕ ਰਾਜ ਆਪਣੇ ਆਪ ਵਿੱਚ ਸੰਪੂਰਨ ਸੀ ਅਤੇ ਵਿਭਿੰਨ ਰਾਜ ਦੇ ਵਿੱਚ ਆਪਸੀ ਦੋਸ਼ ਅਤੇ ਪ੍ਰਤਿਸਪਰਧਾ ਦੀ ਪ੍ਰਬਲ ਭਾਵਨਾ ਵੀ ਵਿਧਮਾਨ ਸੀ।

ਚਾਰਲਸ ਪੰਚਮ ਦੇ ਸਮੇਂ ਤੋਂ ਹੀ ਇਨ੍ਹਾਂ ਸਾਰੀਆਂ ਪ੍ਰਾਂਤਾਂ ਵਿੱਚ ਏਕਤਾ ਲਿਆਉਣ ਅਤੇ ਸਪੇਨ ਦਾ ਪ੍ਰਭਾਵਸ਼ਾਲੀ ਸ਼ਾਸਨ ਸਥਾਪਿਤ ਕਰਨ ਦੇ ਯਤਨ ਕੀਤੇ ਗਏ। ਇੱਥੇ ਚਾਰਲਸ ਪੰਚਮ ਦੇ ਸਮੇਂ ਵੀ ਨੀਦਰਲੈਂਡ ਵਾਸੀਆਂ 'ਤੇ ਅਤਿਆਚਾਰ ਕੀਤੇ ਗਏ ਸੀ। ਉਨ੍ਹਾਂ ਦੀ ਸਵਤੰਤਰਤਾ ਤੇ ਅੰਕੁਸ਼ ਲਗਾਇਆ ਗਿਆ ਸੀ ਅਤੇ ਹੋਰ ਯੁੱਧਾਂ ਦੇ ਲਈ ਧਨ ਪ੍ਰਾਪਤ ਕਰਨ ਲਈ ਵੀ ਉਸ ਤੇ ਟੈਕਸ ਲਗਾਏ ਗਏ ਪਰ ਫਿਰ ਵੀ ਚਾਹਲਸ ਪੰਚਮ ਨੇ ਉਹਨਾਂ ਨੂੰ ਉਸਦੇ ਅਧੀਨ ਬਣਾਈ ਰੱਖਿਆ। ਫਿਲੀਪ ਦੇ ਸਿੰਘਾਸਨਾਰੋਹਨ ਦੇ ਸਮੇਂ ਓਪਰੇ ਤੌਰ ਤੇ ਨੀਦਰਲੈਂਡ ਵਿੱਚ ਸ਼ਾਂਤੀ ਪ੍ਰਤੀਤ ਹੁੰਦੀ ਸੀ। ਪਰ ਸਮੇਂ ਬੀਤਣ ਦੇ ਨਾਲ ਧਰਮ, ਸਵਤੰਤਰਤਾ, ਵਿਉਪਾਰਿਕ ਸੁਵਿਧਾਵਾਂ ਅਤੇ ਕਰਾਧਾਨ ਦੇ ਸਵਾਲ ਜਿਆਦਾ ਮਹੱਤਵਪੂਰਨ ਹੁੰਦੇ ਗਏ ਅਤੇ ਅਜਿਹੀ ਸਥਿਤੀ ਵਿੱਚ ਫਿਲੀਪ ਦੁਆਰਾ ਚੁੱਕੇ ਗਏ ਸ਼ੁਰੂਆਤੀ ਕਦਮ ਗ਼ਲਤੀਆਂ ਦੀ ਇੱਕ ਸ਼੍ਰੰਖਲਾ ਬਣ ਗਈ।

ਧਰਮਾਧਿਕਰਣ ਦੀ ਸੰਸਥਾ ਨੂੰ ਚਾਰਲਸ ਪੰਚਮ ਹੀ ਨੀਦਰਲੈਂਡ ਵਿੱਚ ਲਿਆਇਆ ਸੀ ਪਰ ਫਿਲੀਪ ਦ੍ਵਿਤੀਯ ਨੇ ਇਸਦਾ ਖੇਤਰ ਬਹੁਤ ਜਿਆਦਾ ਵਧਾ ਦਿੱਤਾ। ਕੈਥੋਲਿਕ ਅਤੇ ਪ੍ਰੋਟੇਸਟੈਂਟ ਹੀ ਤਿੰਨ ਨਵੇਂ ਆਰਕਬਿਸ਼ਪਾ ਦੇ ਅਧੀਨ 14 ਨਵੀਆਂ ਬਿਸ਼ਪਾ ਦੀ ਪਦਵੀਆਂ- ਜਿਸਦੇ ਕੋਲ ਧਰਮਾਧਿਕਰਣ ਦੀ ਅਸੀਮਿਤ ਸ਼ਕਤੀਆਂ ਸੀ, ਦੀ ਸਥਾਪਨਾ ਤੋਂ ਸਮਾਨ ਰੂਪ ਵਿੱਚ ਕ੍ਰੋਧਿਤ ਹੋ ਗਏ।

ਧਰਮਾਧਿਕਰਣ ਦੀ ਨੀਂਦਨੀਆ ਸੰਸਥਾ ਦੀ ਖ਼ਤਮ ਹੋਣ ਦੀ ਮੰਗ ਦੇ ਨਾਲ ਕਈ ਯੁਵਾ ਕੁਲੀਨਾਂ ਨੇ ਨਾਸੱਾ ਕੈਲੇਵਿਸ ਦੇ ਨੇਤ੍ਰਤਵ ਵਿੱਚ ਇਕ ਸੰਗਠਨ ਦੀ ਸਥਾਪਨਾ ਕੀਤੀ ਜਿਸਨੂੰ ਕੰਮਪ੍ਰੋਮਾਇਜ ਕਿਹਾ ਗਿਆ। ਕਦੀ ਨਗਰਾਂ ਵਿੱਚ ਧਰਮਾਧਿਕਰਣ ਦੇ ਵਿਰੁੱਧ ਵਿਦਰੋਹ ਸ਼ੁਰੂ ਹੋ ਗਏ। ਦੇਸੀ ਸਥਿਤੀ ਵਿੱਚ ਫਿਲੀਪ ਨੇ ਮਾਰਗਰੇਟ ਦੇ ਸਥਾਨ ਤੇ ਅਲਵਾ ਦੇ ਡਯੂਕ ਨੂੰ ਸੁਰੱਖਿਅਕ ਬਣਾ ਕੇ ਭੇਜਿਆ। ਉਸਦੇ ਨਾਲ ਇੱਕ ਵੱਡੀ ਸੈਨਾ ਭੇਜੀ ਗਈ ਅਤੇ ਅਲਵਾ ਨੂੰ ਨੀਦਰਲੈਂਡ ਨੂੰ ਬਲਪੂਰਵਕ ਆਪਣੇ ਅਧੀਨ ਲਿਆਉਣ ਦੀ ਇਜਾਜ਼ਤ ਦਿੱਤੀ ਗਈ।

ਨੋਟ

ਉਸਦਾ ਆਗਮਨ ਵਿਦਰੋਹ ਦੇ ਵਧਣ ਦਾ ਆਖਿਰੀ ਕਾਰਨ ਸੀ। ਆਲਵਾ ਦੁਆਰਾ ਸਥਾਪਿਤ ਅਤੇ ਨਿਯੰਤਰਿਤ ਭਿਆਨਕ ਰਕਤਪਾਤਪੂਰਨ ਕੌਂਸਿਲ ਨੀਦਰਲੈਂਡ ਵਿੱਚ ਆਤੰਕ ਦਾ ਰਾਜ ਸਥਾਪਿਤ ਹੋ ਗਿਆ ਪਰ ਫਿਰ ਵੀ ਨੀਦਰਲੈਂਡ ਵਿੱਚ ਵਿਦਰੋਹ ਜ਼ਾਰੀ ਰਿਹਾ। ਧਨ ਦੀ ਜ਼ਰੂਰਤ ਦੇ ਕਾਰਨ ਅਲਜਾ ਦੇ ਟੂਵੈਟਿਥ ਅਤੇ ਟੈਨਥ ਪੇਨੀ ਦੇ ਨਾਮ ਦੇ ਸਪੇਨ ਵਿੱਚ ਪ੍ਰਚੱਲਿਤ ਦੋ ਟੈਕਸ ਨੀਦਰਲੈਂਡ ਵਿੱਚ ਲਾਗੂ ਕਰ ਦਿੱਤੇ। ਇਹ ਹਰ ਇੱਕ ਵਸਤੂ ਤੇ 20 ਪ੍ਰਤੀਸ਼ਤ ਅਤੇ 10 ਪ੍ਰਤੀਸ਼ਤ ਜਿਆਦਾ ਕਰ ਦੇ ਰੂਪ ਵਿੱਚ ਸੀ। ਇਸਦੇ ਦੁਆਰਾ ਹਰ ਇੱਕ ਵਸਤੂ ਦੀ ਕੀਮਤ ਵਿੱਚ ਵਾਧਾ ਨੀਦਰਲੈਂਡ ਦੀ ਤਰ੍ਹਾਂ ਵਿਉਪਾਰਿਕ ਦੇਸ਼ ਦੇ ਲਈ ਵਿਨਾਸ਼ਕਾਰੀ ਸਿੱਧ ਹੋ ਗਿਆ। ਇੰਗਲੈਂਡ ਦੀ ਰਾਣੀ ਏਲਿਜਾਬੇਥ ਦੁਆਰਾ ਡਚ ਅਤੇ ਅੰਗਰੇਜ਼ੀ ਸਮੁੰਦਰੀ ਡਾਕੂਆਂ ਨੂੰ ਦਿੱਤੇ ਜਾਣ ਵਾਲੇ ਸਰੰਕਸ਼ਣ ਵਿੱਚ ਥੋੜ੍ਹੀ ਆਸ ਬੱਧੀ ਪਰ ਹੁਣ ਏਲਿਜਾਬੇਥ ਸਪੇਨ ਦੇ ਨਾਲ ਖੁੱਲ੍ਹੇ ਰੂਪ ਵਿੱਚ ਯੁੱਧ ਦੇ ਲਈ ਤਿਆਰ ਨਹੀਂ ਸੀ ਆਖਿਰ ਇਹ ਆਸ਼ਾ ਵੀ ਬਹੁਤ ਦੇਰ ਤੱਕ ਨਹੀਂ ਚੱਲ ਸਕੀ। ਐਸੀ ਸਥਿਤੀ ਵਿੱਚ 'ਦ ਲਾ ਮਾਰਕ' (De La Marck) ਨੇ ਜਿਸਨੂੰ ਏਲਿਜਾਬੇਥ ਨੇ ਸ਼ਰਣ ਦੇਣ ਤੋਂ ਇਨਕਾਰ ਕਰ ਦਿੱਤਾ। ਬ੍ਰਿਲ ਨਾਮਕ ਸਥਾਨ ਤੇ ਅਧਿਕਾਰ ਜਮਾਂ ਲਿਆ ਅਤੇ ਉੱਧਰ "ਵਿਲਿਅਮ ਆਫ਼ ਔਰੇਜ਼" ਦੇ ਨਾਂ ਦਾ ਝੰਡਾ ਫਹਿਰਾਇਆ। ਬ੍ਰਿਲ ਤੇ ਅਧਿਕਾਰ ਇੱਕ ਨਵੀਂ ਸਮੁੰਦਰੀ ਸ਼ਕਤੀ ਦਾ ਉਦਯ ਦਾ ਪ੍ਰਤੀਕ ਸੀ ਅਤੇ ਇਸਨੂੰ ਡਚ ਰਿਪਬਲਿਕ ਦੀ ਸ਼ੁਰੂਆਤ ਕਿਹਾ ਜਾਂਦਾ ਹੈ। ਵਿਦਰੋਹ ਜ਼ੋਰ ਫੜਨ ਲੱਗਾ। ਅਲਵਾ ਦੇ ਵਿਰੁੱਧ ਨੀਦਰਲੈਂਡ ਨੂੰ ਕਈ ਜਿੱਤਾਂ ਇਸ ਲਈ ਮਿਲੀਆਂ ਕਿਉਂਕਿ ਸਪੇਨ ਦੇ ਕੋਲ ਨੌਸੈਨਾ ਤੱਟ ਅਤੇ ਜਲਮਾਰਗਾਂ ਤੇ ਕਾਬੂ ਰੱਖਣ ਦਾ ਕੋਈ ਸਾਧਨ ਨਹੀਂ ਸੀ ਅਤੇ ਨੀਦਰਲੈਂਡ ਵਿੱਚ ਜਹਾਜਰਾਣੀ ਦਾ ਇੱਕ ਮਹੱਤਵਪੂਰਨ ਸਥਾਨ ਸੀ।

ਅਲਵਾ ਨੇ ਆਖਿਰ ਵਿੱਚ ਥੱਕ ਕੇ ਆਪਣੀ ਵਾਪਸੀ ਦੀ ਪ੍ਰਾਥਨਾ ਕੀਤੀ (1573)। ਉਸਦਾ ਪ੍ਰਭਾਵਹੀਨ ਉਤਰਾਧਿਕਾਰੀ ਰੇਕੈਸੰਸ ਯੁੱਧ ਦਾ ਅੰਤ ਕਰਨਾ ਚਾਹੁੰਦਾ ਸੀ। ਪਰ ਵਿਦਰੋਹ ਦਾ ਨੇਤਾ ਵਿਲਿਅਮ ਤਿੰਨ ਸ਼ਰਤਾਂ ਤੇ ਪੱਕਾ ਸੀ- ਧਾਰਮਿਕ ਸਹਿਸ਼ੁਣਤਾ, ਰਾਸ਼ਟਰੀ ਸਵਾਤੰਤਰ ਦੀ ਦੁਬਾਰਾ ਸਥਾਪਨਾ ਅਤੇ ਨੀਦਰਲੈਂਡ ਦੀ ਸਾਰਵਜਨਿਕ ਸੇਵਾਵਾਂ ਤੋਂ ਸਾਰੇ ਵਿਦੇਸ਼ੀਆਂ ਦਾ ਨਿਸ਼ਕਾਸ਼ਨ। ਆਖਿਰ : ਯੁੱਧ ਚਲਦਾ ਰਿਹਾ 1576 ਵਿੱਚ ਰੇਕੈਸੰਸ ਦੀ ਵੀ ਮੌਤ ਹੋ ਗਈ।

ਟਾਸਕ ਚਾਰਲਸ ਪੰਚਮ ਦੇ ਸਮੇਂ ਵਿੱਚ ਕਿਸ ਤੇ ਅੱਤਿਆਚਾਰ ਕੀਤੇ ਗਏ ਸਨ ?

ਰਾਜਤੰਤਰ ਅਤੇ ਵੱਡੇ-ਵੱਡੇ ਕੁਲੀਨਾਂ ਨੇ ਇਸ ਸੰਘਰਸ਼ ਵਿੱਚ ਸਾਮਾਨਯ ਜਨ-ਤਟਸਪ ਸੀ ਪਰ ਯੁੱਧ ਅਤੇ ਸੰਘਰਸ਼ ਦੇ ਪਰਿਣਾਮ ਤੋਂ ਉਹ ਬਿਲਕੁਲ ਵੀ ਪ੍ਰਭਾਵਿਤ ਨਹੀਂ ਰਹਿ ਸਕਦੇ ਸਨ। ਬਹੁਤ ਵੱਡੀ ਗਿਣਤੀ ਵਿੱਚ ਉਹ ਸਾਧਰਨ ਜਨ ਕੁਝ ਸਮੇਂ ਪਹਿਲਾ ਦੁਬਾਰਾ ਜਿੱਤ ਕਜ਼ਾਨ ਪ੍ਰਦੇਸ਼ ਅਤੇ ਨਿਮਿਨ ਨਿਪਰ (Dnieper) ਅਤੇ ਦੋਨ (Don) ਨਦੀ ਤੇ ਸਥਿਤ ਸਵਤੰਤਰ ਕੋਸਾਕ (Cossack) ਪ੍ਰਦੇਸ਼ਾ ਵਿੱਚ ਜਾ ਕੇ ਰਹਿਣ ਲੱਗੇ। ਇਹ ਇੱਕ ਵਿਡੰਬਨਾ ਸੀ ਕਿ ਸਵਤੰਤਰਤਾ ਦੀ ਖੋਜ ਦੇ ਲਈ ਚੁੱਕੇ ਗਏ ਕਦਮ ਨੇ ਕ੍ਰਿਸ਼ੀਦਾਸ ਪ੍ਰਥਾ (Serfdom) ਦੇ ਉਦਯ ਵਿੱਚ ਵੱਡੀ ਸਹਾਇਕ ਭੂਮਿਕਾ ਨਿਭਾਈ। ਮੱਧ ਰੂਸ ਦੇ ਵਿੱਚ ਹੋਣ ਵਾਲੇ ਵੱਡੇ ਵਿਸਥਾਪਨ ਨੇ ਮਿਹਨਤ ਦੀ ਕਮੀ ਕਰ ਦਿੱਤੀ ਜਿਸਦਾ ਪ੍ਰਭਾਵ ਉਨ੍ਹਾਂ ਛੋਟੇ-ਛੋਟੇ ਸੇਵਾ-ਅਭਿਧਾਰਕਾਂ (Service holdings) ਤੇ ਪਿਆ ਜਿੰਨ੍ਹਾਂ ਨੇ ਜ਼ਾਰ ਆਪਣੇ ਅਧਿਕਾਰੀਆਂ ਅਤੇ ਸੈਨਿਕ ਅਧਿਕਾਰੀਆਂ ਨੂੰ ਇਨਾਮ ਦੇ ਤੌਰ ਤੇ ਦਿੱਤੇ ਸੀ ਕਿਉਂਕਿ ਬੋਯਾਰਾਂ ਦੀ ਪੈਤ੍ਰਕ ਵਿਰਾਸਤ ਵਿੱਚ ਪ੍ਰਾਪਤ ਜ਼ਮੀਨ ਮੁਕਤ ਅਸਾਮੀਆਂ ਤੇ ਇੰਨੀ ਆਸ਼੍ਰਿਤ ਨਹੀਂ ਸੀ। ਉਸ ਵਿੱਚ ਆਪਣੇ ਗੁਲਾਮ (Slaves) ਸੀ। ਨਵੋਦਿਤ ਸੇਵਾ ਅਭਿਧਾਰਕਾਂ ਦੁਆਰਾ ਸ਼੍ਰਮਿਕ ਦੀ ਕਮੀ ਦੀ ਸ਼ਿਕਾਇਤ ਕਰਨ ਤੇ ਵੀ ਜ਼ਾਰ ਨੇ ਇਹ ਘੋਸ਼ਣਾ ਸ਼ੁਰੂ ਕੀਤੀ ਕਿ ਖ਼ਾਸ ਸਮਿਆਵਧਿ ਵਿੱਚ ਕੋਈ ਕਿਸਾਨ (Peasant) ਆਪਣਾ ਜਗ੍ਹਾ ਛੱਡਕੇ ਨਹੀਂ ਜਾਵੇਗਾ। ਇਸ ਤਰ੍ਹਾਂ ਦੀ ਪਹਿਲੀ ਘੋਸ਼ਣਾ 1581 ਵਿੱਚ ਹੋਈ। ਇਸ ਤਰ੍ਹਾਂ ਸੋਲ੍ਹਵੀਂ ਸਦੀ ਵਿੱਚ ਜਦੋਂ ਤੱਕ ਕਿ ਪੱਛਮੀ ਯੂਰੋਪ ਕ੍ਰਿਸ਼ੀਦਾਸ ਪ੍ਰਥਾ ਤੋਂ ਮੁਕਤਿ ਪਾ ਰਿਹਾ ਸੀ, ਰੂਸ ਵਿੱਚ ਕ੍ਰਿਸ਼ਿਕ ਦਾ ਜਿਆਦਾਤਰ ਜ਼ਮੀਨ ਨਾਲ ਸੰਬੰਧ ਹੁੰਦਾ ਸੀ ਅਤੇ ਜਿਆਦਾ ਮਾਤਰਾ ਵਿੱਚ ਰਾਜੇ ਦੁਆਰਾ ਜਮੀਨ ਦਾ ਉਪਯੋਗ ਸੇਵਾਰਤ ਅਮੀਰਾਂ ਨੂੰ ਇਨਾਮ ਦੇ ਰੂਪ ਵਿੱਚ ਦਿੱਤਾ ਜਾਂਦਾ ਸੀ। ਇਹ ਕਿਰਿਆ 18ਵੀਂ ਸਦੀ ਤੱਕ ਚਲਦੀ ਰਹੀ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ......... ਵਿੱਚ ਬੋਹਿਮੀਆ ਹੈਪਸਬਰਗ ਦੇ ਹੱਥ ਵਿੱਚ ਚਲਾ ਗਿਆ।

   (ੳ) 1526 (ਅ) 1528

   (ੲ) 1530 (ਸ) 1532

5. ਦੱਖਣੀ ਪੂਰਵੀ ਯੂਰੋਪ ਵਿੱਚ ਤੁਰਕੀ ਨੇ ਸਾਮਰਿਕ ਮਹੱਤਵ ਦੀ ਜਗ੍ਹਾ ਤੇ .......ਕਰ ਲਿਆ ਸੀ।

   (ੳ) ਅਧਿਕਾਰ (ਅ) ਦੁਰਗੀਕਰਣ

   (ੲ) ਦੋਵੇ (ਸ) ਦੋਵਾਂ ਵਿੱਚੋਂ ਕੋਈ ਨਹੀਂ।

ਨੋਟ

6. ..........ਵਿੱਚ ਤੁਰਕੀ ਨੇ ਵਿਯਨਾ ਤੇ ਘੇਰਾ ਪਾਇਆ।
   (ੳ) 1521 (ਅ) 1523
   (ੲ) 1527 (ਸ) 1529

ਪੂੰਜੀਵਾਦ ਦੀ ਪ੍ਰਵਤੀ ਵੀ ਵਿਸਤਾਰਵਾਦੀ ਅਤੇ ਆਕ੍ਰਮਕ ਸੀ ਜੋ ਨਵੇਂ-ਨਵੇਂ ਬਾਜ਼ਾਰ ਮਿਲਣ ਦੀ ਉਮੀਦ ਨਾਲ ਜੁੜੀ ਹੋਈ ਸੀ। ਪਰ ਇਸ ਦੇ ਨਾਲ-ਨਾਲ ਮੌਜੂਦ ਸਾਧਨਾਂ ਦੀ ਉਤਪਾਦਤਾ ਵੱਧਣ ਦਾ ਪ੍ਰਯਾਸ ਚਲ ਰਿਹਾ ਸੀ। ਔਪਨਿਵੇਸ਼ਕ ਖ਼ੇਤਰਾਂ ਵਿੱਚ ਪੂੰਜੀਪਤੀ ਦਾ ਆਉਣਾ ਕੇਵਲ ਹਮਲੇ ਦੇ ਹੀ ਮਾਧਿਅਮ ਤੋਂ ਨਹੀਂ ਬਲਕਿ ਉਤਪਾਦਨ ਸੰਗਠਨ ਦੇ ਨਵੇਂ ਉਪਾਅ ਦੇ ਵਿਕਾਸ ਦੇ ਕਾਰਣ ਹੀ ਹੋਇਆ ਸੀ।

ਕਿਉਂਕਿ ਇਹ ਇੱਕ ਸੰਕਰਮਣ ਦਾ ਯੁੱਗ ਸੀ, ਆਖਿਰ ਇਹ ਯੁੱਧ ਵੀ ਮੱਧਕਾਲੀਨ ਸਾਮੰਤੀ ਯੁੱਧਾਂ ਅਤੇ ਵਾਣਿਜਯਪਰਕ ਅਤੇ ਔਪਨਿਵੇਸ਼ਕ ਯੁੱਧਾਂ (ਜੋ ਪੂੰਜੀਵਾਦ ਰਾਜ ਦੇ ਵਿਸ਼ੇਸ਼ਤਾ ਸੀ) ਦਾ ਮਿਸ਼ਰਣ ਸੀ। ਕੁਲ ਮਿਲਾ ਕੇ 17ਵੀਂ ਸਦੀ ਦੇ ਆਖਿਰ ਤੱਕ ਇੰਗਲੈਂਡ ਅਤੇ ਨੀਦਰਲੈਂਡ ਜਿਵੇਂ ਉਭਰਦੇ ਹੋਏ ਬਜ਼ੁਰਆ ਰਾਜਾਂ ਤੋਂ ਇਲਾਵਾ ਬਾਕੀ ਰਾਜਾਂ ਦੇ ਸੰਦਰਭ ਵਿੱਚ ਇਹ ਯੁੱਧ ਸਾਮੰਤੀ ਢੰਗ ਦੇ ਯੁੱਧਾਂ ਦਾ ਇੱਕ ਰੂਪ ਸੀ। ਹਾਂ, ਇੱਕ ਉੱਤਮ ਤਕਨੀਕ ਦੇ ਸਮਾਵੇਸ਼ ਦੇ ਕਾਰਨ ਇਹ ਯੁੱਧ ਵੱਡੇ ਪੈਮਾਨੇ ਤੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਨਿਰੰਕੁਸ਼ ਰਾਜ ਦੀ ਕੇਂਦਰੀਭੂਤ ਅਫ਼ਸਰਸ਼ਾਹੀ ਦਾ ਸਮਰਥਨ ਪ੍ਰਾਪਤ ਹੋਇਆ। ਪੁਨਜਾਗਰਣ ਕਾਲ ਦੀ ਕੂਟਨੀਤਿਆਂ ਗਤਿਵਿਧਿਆਂ ਮੁੱਖ ਰੂਪ ਤੋਂ ਰਾਜਵੰਸ਼ੀ ਮੁੱਦਿਆਂ ਨਾਲ ਸੰਬੰਧਿਤ ਸੀ। 17ਵੀਂ ਸਦੀ ਦੀ ਸ਼ੁਰੂਆਤ ਵਿੱਚ ਇੱਕ ਫ੍ਰਾਂਸੀਸੀ ਉਦਾਰਹਣ ਤੋਂ ਸਪਸ਼ਟ ਹੁੰਦਾ ਹੈ ਕਿ ਸਮਰਾਟ ਅਤੇ ਉਸਤੇ ਮੰਤਰੀ ਦੇ ਵਿਰੁੱਧ ਸਾਮੰਤੀ ਕੁਲੀਨਜਨਾਂ ਦਾ ਵਿਦਰੋਹ ਪ੍ਰੋਕਸ਼ ਰੂਪ ਤੋਂ ਕਿਸੇ ਹੋਰ ਸ਼ਾਸ਼ਕ-ਵੰਸ਼ ਦੇ ਨਾਲ ਯੁੱਧ ਦਾ ਰਸਤਾ ਪ੍ਰਸ਼ਸਤ ਕਰ ਦਿੰਦਾ ਸੀ। 1630 ਵਿੱਚ ਲੁਇ ਤੇਰਹਵੇਂ ਦੇ ਮੰਤਰੀ ਕਾਰਡੀਨਲ ਰਿਸ਼ੀਲਯੂ ਦੇ ਵਿਰੁੱਧ ਚਾਲਾਂ ਦੀ ਅਸਫ਼ਲਤਾ ਤੋਂ ਬਾਅਦ ਪਰਾਜਿਤ ਅਭਿਜਾਤ ਗੁੱਟ ਸਪੇਨ ਦੇ ਸ਼ਾਸ਼ਕ ਤੋਂ ਮਿਲ ਗਿਆ ਜੋ ਫ੍ਰਾਂਸ ਦੇ ਰਾਜੇ ਦਾ ਰਿਸ਼ਤੇਦਾਰ ਸੀ। 16ਵੀਂ ਸਦੀ ਦੇ ਉਤਾਰਧਰ ਵਿੱਚ ਫ੍ਰਾਂਸ ਵਿੱਚ ਧਾਰਮਿਕ ਯੁੱਧਾਂ ਵਿੱਚ ਵਾਧੇ ਦਾ ਕਾਰਨ ਕੁਝ ਤਾਂ ਇਹ ਸੀ ਕਿ 1559 ਵਿੱਚ ਸਪੇਨ ਦੇ ਨਾਲ ਸੰਧੀ ਹੋ ਜਾਉਣ ਦੇ ਕਾਰਨ ਕੁਲੀਨਜਨਾਂ ਦੇ ਲਈ ਲਾਭਕਾਰੀ ਯੁੱਧਾਂ ਦੇ ਮੌਕੇ ਘੱਟ ਹੋ ਗਏ।

ਇਸ ਕਾਲ ਦੇ ਵਿਉਪਾਰ ਅਤੇ ਵਾਣਿਜਯ ਦੇ ਮਾਨਿਯ ਪੰਡਿਤ ਡੈਨਿਸ਼ ਇਤਿਹਾਸਕਾਰ ਕ੍ਰਿਸ਼ਟੌਫ ਗਲੈਮਨ (Kristof Glamman) ਨੇ ਕਿਹਾ ਹੈ ਕਿ "ਆਧੁਨਿਕ ਯੂਰੋਪ ਦੇ ਸ਼ੁਰੂਆਤੀ ਸ਼ਾਲਾਂ ਵਿੱਚ ਯੁੱਧ ਅਤੇ ਸੰਘਰਸ਼ ਦੇ ਜੋ ਕਾਰਨ ਸਨ ਉਸ ਵਿੱਚ ਧਰਮ ਅਤੇ ਵੰਸ਼ੀ ਸਮਰਾਜਵਾਦ ਜਿਹੇ ਕਾਰਕਾਂ ਦੀ ਤੁਲਨਾ ਵਿੱਚ ਵਿਉਪਾਰ ਦਾ ਤੀਸਰਾ ਸਥਾਨ ਸੀ, ਨਾਲ ਹੀ ਸਾਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਹੀਦਾ ਹੈ ਕਿ ਅਲੱਗ-ਅਲੱਗ ਸਰਕਾਰਾਂ ਆਪਣੀ ਵਿਦੇਸ਼ੀ ਨੀਤਿ ਦੇ ਲਈ ਜੋ ਕਦਮ ਚੁੱਕੇ ਸੀ ਉਹਨਾਂ ਦੇ ਲਈ ਇਹ ਕਦੇ-ਕਦੇ ਵਾਣਿਜਯਕ ਵਿਉਪਾਰ ਦੇ ਬਹਾਨ ਲੱਭ ਲੈਂਦੀ ਸੀ। ਬਹਰਹਾਲ, ਇਸ ਵਿੱਚ ਕੋਈ ਸ਼ਕ ਕਿ 17ਵੀਂ ਸਦੀ ਵਿੱਚ ਹੋਣ ਵਾਲੀ ਆਂਗਲ-ਡਚ ਯੁੱਧ ਪੂੰਜੀਵਾਦੀ ਪ੍ਰਤਿਸੰਪਰਦਾ ਦੇ ਪਰਿਣਾਮ ਸੀ। ਸਪੇਨ ਦੇ ਵਿਰੁੱਧ ਇੰਗਲੈਂਡ ਦੇ ਯੁੱਧ (ਨੀਦਰਲੈਂਡ ਦਾ ਵਿਦਰੋਹ) ਏਲਿਜਾਬੇਥ ਦੇ ਕਾਲ ਵਿੱਚ ਸਪੇਨ ਦੇ ਵਿਰੁੱਧ ਇੰਗਲੈਂਡ ਦਾ ਯੁੱਧ (ਵਿਸ਼ੇਸ਼ਕਰ ਸਪੇਨੀ ਆਮ੍ਰਡਾ ਦੇ ਦੌਰਾਨ) ਦੀ ਵਿਸ਼ੇਸ਼ਤਾ ਸੀ ਅਤੇ ਸਾਮੰਤੀ ਵੰਸ਼ਾਨੁਗਤ ਜਿੱਤ ਦੇ ਖ਼ਤਰੇ ਦੇ ਵਿਰੁੱਧ ਰਾਸ਼ਟਰੀ ਬਹੁਵਰਗੀ ਏਕਤਾ।

ਕੀਮਤਾਂ ਦੀ ਸਫ਼ੀਤਿ ਦੇ ਕਾਰਨ ਇੱਕ ਸੈਨਿਕ ਨੂੰ ਯੁੱਧ ਦੇ ਖ਼ੇਤਰ ਲਈ ਤਿਆਰ ਕਰਨ ਦਾ ਖ਼ਰਚਾ 1530-1630 ਦੇ ਵਿੱਚ ਪੰਜ ਗੁਣਾ ਵੱਧ ਗਿਆ ਸੀ ਸਿਰਫ਼ ਉਹ ਹੀ ਦੇਸ਼ ਇਸ ਖਰਚ ਨੂੰ ਵਹਨ ਕਰ ਸਕਦੇ ਸੀ, ਜਿੱਥੇ ਉਤਪਾਦਨ-ਸ਼ਮਤਾ ਵਿੱਚ ਵਾਧਾ ਹੋ ਰਿਹਾ ਸੀ। 18ਵੀਂ ਸਦੀ ਦੇ ਦੌਰਾਨ ਸ਼੍ਰਾਂਤੀਕਾਲ ਵਿੱਚ ਵੀ ਨਿਰੰਕੁਸ਼ ਸਮਰਾਟ ਆਪਣੇ ਰਾਜਸਵ ਦਾ 70 ਪ੍ਰਤੀਸ਼ਤ ਭਾਗ ਸੈਨਿਕਾਂ ਦੇ ਕੰਮਾਂ ਲਈ ਰੱਖਦੇ ਸਨ। ਸੈਨਿਕ ਗਤੀਵਿਧਿਆਂ ਨੂੰ ਦਿੱਤੀ ਗਈ ਇਸ ਮਹੱਤਤਾ ਦੇ ਸਮਾਜਿਕ ਪਰਿਣਾਮ ਇਸ ਪ੍ਰਕਾਰ ਸੀ। 16ਵੀਂ ਅਤੇ 17ਵੀਂ ਸਦੀਆਂ ਦੇ ਦੌਰਾਨ ਸੰਪੂਰਨ ਪੱਛਮੀ ਅਤੇ ਮੱਧ ਯੂਰੋਪ ਵਿੱਚ ਕੁਲੀਨ-ਵਰਗੀ ਜਾਗੀਰਾਂ (Estates) ਵਿੱਚ ਉੱਤਰਾਧਿਕਾਰ ਦੀ ਹਾਲਤ ਦੇ ਅਨੁਸਾਰ ਜਾਇਦਾਦ ਦਾ ਅਧਿਕਾਰ ਸਭ ਤੋਂ ਵੱਡੇ ਪੁੱਤਰ ਨੂੰ ਮਿਲਦਾ ਸੀ।

| ਮਿਤੀ | ਸਪੇਨ | ਫਰਾਂਸ | ਰੂਸ | ਨੀਦਰਲੈਂਡ | ਇੰਗਲੈਂਡ |
|---|---|---|---|---|---|
| 1470 ਦਾ ਦਸ਼ਕ | 2,000 | 40, 000 | ਪ੍ਰਾਪਤ ਆਂਕੜੇ ਸਵਤੰਤਰ ਨਹੀਂ | ਨਹੀਂ | 25,000 |
| 1550 ਦਾ ਦਸ਼ਕ | 1,50,000 | 50, 000 | ਪ੍ਰਾਪਤ ਆਂਕੜੇ ਸਵਤੰਤਰ ਨਹੀਂ | ਨਹੀਂ | 20,000 |
| 1590 ਦਾ ਦਸ਼ਕ | 2,00,000 | 80, 000 | ਆਂਕੜੇ ਪ੍ਰਾਪਤ ਨਹੀਂ | 20,000 | 80,000 |
| 1630 ਦਾ ਦਸ਼ਕ | 3,00,000 | 1,50, 000 | 35,000 | 50,000 | ਆਂਕੜੇ ਪ੍ਰਾਪਤ ਨਹੀਂ |
| 1650 ਦਾ ਦਸ਼ਕ | 1,00,000 | 1,00, 000 | ਆਂਕੜੇ ਪ੍ਰਾਪਤ ਨਹੀਂ | ਆਂਕੜੇ ਪ੍ਰਾਪਤ ਨਹੀਂ | 70,000 |
| 1670 ਦਾ ਦਸ਼ਕ | 70,000 | 1,20, 000 | 30,000 | 1,10,000 | ਆਂਕੜੇ ਪ੍ਰਾਪਤ ਨਹੀਂ |
| 1700 ਦਾ ਦਸ਼ਕ | 50,000 | 4,00, 000 | 170,000 | 1,00,000 | 87,000 |

**ਨੋਟ**

ਜਾਗੀਰ ਨੂੰ ਵੇਚਣ ਅਤੇ ਉਸਦੀ ਉਪ ਵੰਡ ਨੂੰ ਅਵੈਦ ਬਣਾਉਣ ਲਈ ਅਧਿਕਾਦਿਕ ਯਤਨ ਕੀਤੇ ਜਾ ਰਹੇ ਹਨ। ਤਾਂ ਕਿ ਕੁਲੀਨ ਵੰਸ਼ ਦੇ ਅਹੁੱਦੇ ਤੇ ਪ੍ਰਤੀਸ਼ਠਾ ਨੂੰ ਕਾਇਮ ਰੱਖਿਆ ਜਾ ਸਕੇ। ਇਸ ਪਰਿਸਥੀਤੀ ਵਿਚ ਕੁਲੀਨ ਵਰਗ ਦੇ ਛੋਟੇ ਪੁੱਤਰ ਸੈਨਿਕ ਸੇਵਾ ਦਾ ਕੈਰੀਅਰ ਅਪਣਾ ਲੈਂਦੇ ਸਨ। ਵਿਸ਼ੇਸ਼ ਕਰਕੇ ਇਸ ਲਈ ਵੀ ਕਿ ਸਾਰੇ ਦੇਸ਼ਾਂ ਵਿਚ ਅਫ਼ਸਰ ਵਰਗ ਦੀ ਭਰਤੀ ਤੇ ਕੁਲੀਨ ਪਰਿਵਾਰਾਂ ਵਿਚੋਂ ਹੀ ਭਰਤੀ ਕੀਤੀ ਜਾਂਦੀ ਸੀ। ਸਾਧਾਰਨ ਸੈਨਿਕਾਂ ਦੀ ਭਰਤੀ (ਵਿਸ਼ੇਸ਼ ਕਰਕੇ ਪੂਰਬੀ ਯੂਰੋਪ ਵਿਚ) ਜ਼ਬਰਦਸਤੀ ਕੀਤੀ ਜਾਂਦੀ ਸੀ ਅਤੇ ਇਸ ਯੁੱਗ ਵਿਚ ਉਸਦਾ ਸਬੰਧ ਪੂਰਬ ਵਿਚ ਪ੍ਰਚਲਿਤ ਕ੍ਰਿਸ਼ੀਦਾਸ ਪ੍ਰਥਾ ਦੇ ਵਿਸਥਾਰ ਲਈ ਸੀ। ਕਿਉਂਕਿ ਨਿਰੰਕੁਸ਼ ਰਾਜਤੰਤਰ ਆਪਣੇ ਕ੍ਰਿਸ਼ਕਾਂ ਨੂੰ ਹਥਿਆਰ ਦੇਣ ਤੋਂ ਡਰਦੇ ਸਨ। ਇਸ ਲਈ ਪੂਰਬ ਅਤੇ ਪੱਛਮ ਯੂਰਪ ਵਿਚ ਭਾੜੇ ਦੇ ਵਿਦੇਸ਼ੀ ਸੈਨਿਕਾਂ (Mercenaries) ਦਾ ਉਪਯੋਗ ਇਕ ਸਾਧਾਰਨ ਗੱਲ ਸੀ।

ਭਾੜੇ ਦੇ ਵਿਦੇਸ਼ੀ ਸੈਨਿਕਾਂ ਦਾ ਉਪਯੋਗ ਕੋਈ ਨਵੀਂ ਗੱਲ ਨਹੀਂ ਸੀ। ਇਹ ਤਾਂ 11ਵੀਂ ਸਦੀ ਦੇ ਅੱਗੇ ਦਾ ਹੀ ਸਾਮੰਤੀ ਰਾਜ ਦਾ ਹੀ ਵਿਸਥਾਰ ਹੈ। ਆਂਗਨ ਨਾਰਮੈਨ ਰਾਜਤੰਤਰ ਨੇ ਆਪਣੇ ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ਵਿਚ ਆਪਣੀ ਸੈਨਿਕ ਗਤੀਵਿਧੀਆਂ ਵਿਚ ਕਿਰਾਏ ਦੇ ਵਿਦੇਸ਼ੀ ਸੈਨਿਕਾਂ ਦਾ ਵਿਆਪਕ ਰੂਪ ਤੋਂ ਉਪਯੋਗ ਕੀਤਾ ਗਿਆ। ਜਦ ਸ਼ਾਹੀ ਨਿਰੰਕੁਸ਼ਤਾ ਨੂੰ ਚੁਣੌਤੀ ਦੇਣੀ ਸੀ ਅਤੇ ਸ਼ਫਲਤਾਪੂਰਵਕ ਦੇਣੀ ਸੀ (ਜਿਵੇਂ ਕਿ 17ਵੀਂ ਸਦੀ ਦੇ ਇੰਗਲੈਂਡ ਵਿਚ) ਤਦ ਕ੍ਰਾਮਵੈਲ ਦੇ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਉਹ ਕ੍ਰਿਸ਼ਕ ਵਰਗ ਨੂੰ ਸ਼ਾਸਤਰਸਜਿਤ ਕਰਕੇ 'ਨਵੀਂ ਆਦਰਸ਼ ਸੈਨਾ' (New model army) ਦਾ ਗਠਨ ਕਰੇ। ਇਸਦਾ ਸਮਾਜਿਕ ਪਰਿਣਾਮ ਇਹ ਹੋਇਆ ਕਿ ਲਗਭਗ ਸਾਰੇ ਸੈਨਿਕ ਹੀ ਕ੍ਰਾਂਤੀਕਾਰੀ ਵਿਚਾਰ ਰੱਖਣ ਲੱਗੇ ਜੋ ਨਿੱਜੀ ਸੰਪਤੀ ਦੀ ਮੂਲ ਧਾਰਣਾ ਤੇ ਕੁਠਾਰਾਘਾਤ ਕੀਤਾ ਹੋਇਆ ਵਿਖ ਪੈਤਾ ਸੀ। ਇਕ ਵਾਰ ਇੰਗਲੈਂਡ ਵਿਚ ਗਣਤੰਤਰ ਦੀ ਜਗ੍ਹਾ 'ਤੇ ਰਾਜਤੰਤਰ ਦੀ ਦੁਬਾਰਾ ਸਥਾਪਨਾ ਹੋਇਆ ਕਿ ਨਹੀਂ। (ਵਿਸ਼ੇਸ਼ ਕਰਕੇ 1688 ਵਿਚ ਸੰਸਦ ਦੁਆਰਾ ਜੇਮਸ ਦ੍ਵਿਤੀਯ ਨੂੰ ਉਖਾੜ ਕੇ ਸੁਟਣ ਤੋਂ ਬਾਅਦ) ਸ਼ਾਸਕ ਵਰਗ ਨੇ ਸਥਾਈ ਸੈਨਾ ਨੂੰ ਖ਼ਤਮ ਕਰਕੇ ਉਸਦੀ ਜਗ੍ਹਾ ਤੇ ਸ਼ਕਤੀਸ਼ਾਲੀ ਨੌਸੈਨਾ ਦਾ ਵਿਕਾਸ ਕਰਨ 'ਤੇ ਆਪਣਾ ਧਿਆਨ ਲਗਾਇਆ ਅਤੇ ਇਹ ਤਹਿ ਕੀਤਾ। ਇਹ ਨਿਰਣਾ ਵਾਨਿਜਯਕ ਅਤੇ ਪੂੰਜੀਵਾਦੀ ਰਾਜ ਦੀ ਆਵਸ਼ਕਤਾ ਦਾ ਅਨੁਰੂਪ ਸੀ ਜਿਥੇ ਜਮੀਨੀ ਜਾਗੀਰਾਂ ਨੂੰ ਵੰਸ਼ਾਨੁਗਤ ਅਧਿਕਾਰਾਂ ਦੁਆਰਾ ਹੜੱਪ ਲੈਣ ਦੀ ਤੁਲਨਾ ਵਿਚ ਔਪਨਿਵੇਸ਼ਕ ਅਤੇ ਵਿਉਪਾਰੀ ਗਤੀਵਿਧੀਆਂ ਉਹਨਾਂ ਲਈ ਜਿਆਦਾ ਮਹੱਤਵਪੂਰਨ ਸਨ। ਸੈਨਾ ਵਿਚ ਜੋ ਭਰਤੀ ਕੀਤੀ ਜਾਂਦੀ ਸੀ ਉਹ ਜਾਂ ਤਾਂ ਯੂਰਪ ਦੇ ਕਿਰਾਏ ਦੇ ਸੈਨਿਕ ਵਿਚੋਂ ਹੀ ਕੀਤੀ ਜਾਂਦੀ ਸੀ ਜਾਂ ਫਿਰ ਮਿਹਨਤਕਸ਼ ਗਰੀਬਾਂ ਵਿਚੋਂ ਹੀ ਕੀਤੀ ਜਾਂਦੀ ਜੋ ਆਪਣੀ ਜੀਵਿਕਾ ਚਲਾਉਣ ਲਈ ਇਛੁੱਕ ਹੁੰਦੇ ਸਨ। ਯੂਰਪੀ ਮਹਾਦੀਪ ਵਿਚ ਤਾਂ ਇਹ ਨੀਤੀ ਬਣ ਚੁੱਕੀ ਸੀ ਕਿ ਅਫ਼ਸਰ ਵਰਗ ਦੀ ਭਰਤੀ ਕੇਵਲ ਅਭਿਜਾਤ ਵਰਗ ਤੋਂ ਹੋਵੇ ਪਰ ਇਸਦੇ ਉਲਟ ਇੰਗਲੈਂਡ ਵਿਚ ਛੋਟੇ ਅਧਿਕਾਰੀਆਂ ਤੋਂ ਲੈ ਕੇ ਕਰਨਲ ਤੱਕ ਹਰ ਇਕ ਅਹੁੱਦੇ ਪ੍ਰਾਪਤ ਕਰਨ ਲਈ ਪੈਸਾ ਦੇਣਾ ਪੈਂਦਾ ਸੀ। ਜਿਯੋਫਰੇ ਬੇਸਟ ਨੇ ਕਿਹਾ ਹੈ, "ਇਸ ਵਿਚੋਂ ਕਿਸੇ ਦਾ ਉਦੇਸ਼ ਅਭਿਜਾਤ ਵਰਗ ਦੀ ਪ੍ਰਤਿਸ਼ਠਾ ਨੂੰ ਗਿਰਾਉਣਾ ਨਹੀਂ ਸੀ। ਬ੍ਰਿਟਿਸ਼, ਪਿਯਰ ਅਤੇ ਭਦ੍ਰਜਨ ਵਰਗ ਹੁਣ ਤੱਕ ਇਸ ਨਕਦੀ ਲੈਣ-ਦੇਣ ਤੋਂ ਅਭਿਅਸਤ ਹੋ ਗਿਆ। ਇਸਦਾ ਅਰਥ ਸਿਰਫ਼ ਇਹੀ ਹੀ ਸੀ ਕਿ ਜੋ ਅਭਿਜਾਤ ਜਨ ਸੈਨਿਕ ਕੈਰੀਅਰ ਦੇ ਇਛੁੱਕ ਸਨ ਉਹਨਾਂ ਨੂੰ ਉਸ ਸਮੇਂ ਦੀ ਕੀਮਤ ਚੁਕਾਉਣੀ ਪੈਂਦੀ ਸੀ ਅਤੇ ਨਾਲ ਹੀ ਬੁਜਰੂਆ ਵਿਰੋਧੀ ਪੂਰਵਗ੍ਰਹਿ ਬਹੁਤ ਘੱਟ ਮਹੱਤਵਪੂਰਨ ਸੀ।"

> ਟਾਸਕ 'ਜੇਨੀਸਰੀ' ਕਿਸਨੂੰ ਕਿਹਾ ਜਾਂਦਾ ਹੈ?

ਇਸ ਤਰ੍ਹਾਂ 16ਵੀਂ ਸਦੀ ਤੱਕ ਰਾਸ਼ਟਰੀ ਰਾਜ ਪ੍ਰਣਾਲੀ ਦੇ ਪ੍ਰਭਾਵਾਂ ਨੇ ਯੂਰਪ ਵਿਚ ਇਕ ਨਵੇਂ ਰਾਜਨੀਤਿਕ ਸਵਰੂਪ ਦੀ ਸ਼ੁਰੂਆਤ ਕਰ ਦਿੱਤੀ। ਕੇਂਦਰੀਤ ਰਾਸ਼ਟਰੀ ਰਾਜ ਵਿਚ ਏਕਤਾ ਸਥਾਪਿਤ ਕਰਨ ਅਤੇ ਉਹਨਾਂ ਨੂੰ ਮਿਲਾਉਣ ਦੀ ਪ੍ਰਕਿਰਿਆ ਪੂਰਬੀ ਯੂਰਪ ਦੀ ਤੁਲਨਾ ਵਿਚ ਪਛਮੀ ਯੂਰਪ ਵਿਚ ਪਹਿਲਾਂ ਸ਼ੁਰੂ ਹੋਈ ਅਤੇ ਜ਼ਿਆਦਾ ਵਿਕਸਿਤ ਹੋਈ। ਲਗਭਗ ਸਾਰੇ ਮਹੱਤਵਪੂਰਨ ਕੇਂਦਰੀਕ੍ਰਿਤ ਖੇਤਰੀ ਰਾਜ (Centralized territorial states) ਦਾ ਰੂਪ ਸਾਮਰਾਜ ਦਾ ਸੀ। ਉਹ ਰਾਜ ਵਿਸ਼ੇਸ਼ ਵਿਚ ਲੋਕਾਂ ਨੇ ਰਾਜਾਂ ਦੀ ਆਗਿਆ ਮੰਨਣੀ ਸ਼ੁਰੂ ਕਰ ਦਿੱਤੀ। ਪੈਤਰਿਕ ਉਤਰਅਧਿਕਾਰੀ ਦੇ ਸਿਧਾਂਤ ਦੇ ਰਾਜ ਨੂੰ ਉਸੇ ਤਰ੍ਹਾਂ ਰੱਖਣ ਵਿਚ ਸਹਾਇਤਾ ਦਿੱਤੀ। 1500 ਦੇ ਲਗਭਗ ਯੂਰਪੀ ਰਾਜ ਹੁਣ ਮੁਖ ਰਾਜਵੰਸ਼ੀ ਰਾਜ ਸਨ ਅਤੇ ਉਹਨਾਂ ਪ੍ਰਦੇਸ਼ਾਂ ਦੀ ਰਾਜਨੀਤਕ ਏਕਤਾ ਇਸ ਕਾਰਨ ਸੀ ਕਿ ਉਹ ਇੱਕ ਰਾਜਵੰਸ਼ ਰਹਿਨ ਵਾਲੇ ਦੇ ਅਧੀਨ ਸਨ। ਪਰ ਫਿਰ ਵੀ ਸਾਮੰਤੀ ਵਿਵਸਥਾ ਘਟ ਹੋ ਰਹੀ ਸੀ। ਨਾਲ ਹੀ ਯੂਰਪੀ ਸ਼ਿਤੀਜ ਵੀ ਵਿੱਧ ਰਿਹਾ ਸੀ ਸਾਹਸੀ ਨਾਵਿਕ ਦੂਜੇ ਮਹਾਂਦੀਪਾਂ ਦਾ ਸਮੁੰਦਰੀ ਰਸਤਾ ਲਭ ਰਹੇ ਸਨ। ਇਸ ਤੋਂ ਯੂਰਪ ਦੇ ਇਤਿਹਾਸ ਵਿਚ ਇਕ ਨਵੀਂ ਇਕਾਈ ਦੀ ਸ਼ੁਰੂਆਤ ਹੋਈ। ਮੱਧਯੁਗੀਨ ਯੂਰਪੀ ਸੰਸਕ੍ਰਿਤੀ ਯੂਰਪ ਤੱਕ ਹੀ ਸੀਮਿਤ ਸੀ ਪਰ ਆਧੁਨਿਕ ਯੂਰਪ ਦੀ ਸੰਸਥਾ ਵਿਸ਼ਵਵਿਆਪੀ ਬਣੀ। ਇਨ੍ਹਾਂ ਸਭ ਤਬਦੀਲੀਆਂ ਨੇ 15ਵੀਂ ਅਤੇ 16ਵੀਂ ਸਦੀ ਨੂੰ ਇਕ ਬਹੁਤ ਹੀ ਮਹੱਤਵਪੂਰਨ ਸੰਕ੍ਰਮਣਕਾਲ ਬਣਾ ਦਿੱਤਾ। ਹਰ ਇਕ ਦਰਬਾਰ ਵਿਚ ਕੁਝ ਮੰਤਰੀ ਸਨ ਜੋ ਆਪਣੇ ਵਿਦੇਸ਼ੀ ਲੋਕਾਂ ਦੇ ਵਿਰੁੱਧ ਵਿਸਤਾਰਵਾਦੀ ਨੀਤੀਆਂ ਅਪਣਾ ਰਹੇ ਸਨ ਅਤੇ ਯੂਰਪ ਹੋਰ ਦੇਸ਼ਾਂ ਦੇ ਨਾਲ ਯੁੱਧ ਵਿਚ ਫਸਿਆ ਹੋਇਆ ਸੀ। ਯੁੱਧਾਂ ਦੇ ਵਧਦੇ ਹੋਏ ਖ਼ਰਚੇ ਨੇ ਸਾਰੇ ਦੇਸ਼ਾਂ ਵਿਚ ਟੈਕਸ ਨੂੰ ਵਧਾ ਦਿੱਤਾ ਅਤੇ ਇਸ ਪ੍ਰਸ਼ਨ ਨੂੰ ਲੈ ਕੇ ਹੀ 16ਵੀਂ ਅਤੇ 17ਵੀਂ ਸਦੀ ਦੇ ਰਾਜਤੰਤਰੀ ਰਾਜਾਂ ਦਾ ਸਮਾਜ ਦੀ ਨਵੋਧਿਤ ਸ਼ਕਤੀਆਂ ਦੇ ਨਾਲ ਸੰਘਰਸ਼ ਸ਼ੁਰੂ ਹੋਇਆ। ਸਿਧਾਂਤ ਰੂਪ ਵਿਚ ਰਾਜਾ ਆਪਣੇ ਰਾਜ ਦਾ ਸਵਾਮੀ ਸੀ ਪਰ ਵਿਵਹਾਰਕ ਰੂਪ ਵਿਚ ਉਹਨਾਂ ਨੂੰ ਇਹ ਸਿਧਾ ਅਨੁਭਵ ਹੋ ਗਿਆ ਸੀ ਕਿ ਉਹ ਆਪਣੇ ਪ੍ਰਜਨਾਨੋ ਦੇ ਜੀਵਨ ਅਤੇ ਸੰਪਤੀ ਦੇ ਨਾਲ ਨਹੀਂ ਹਨ। ਉਹਨਾਂ ਦੇ ਰਾਜਨੀਤਿਕ ਹਮਲੇ ਦੇ ਲਈ ਯੁੱਧ ਅਤੇ ਯੁੱਧ ਲਈ ਕਰਾਧਾਨ ਜ਼ਰੂਰੀ ਸੀ ਪਰ ਟੈਕਸ ਲਗਾਉਣ ਦਾ ਇਹ ਪ੍ਰਸ਼ਨ ਹਰ ਕੋਸ਼ਿਲ ਅਤੇ ਸਦਨ ਵਿਚ ਸੰਘਰਸ਼ ਦਾ ਪ੍ਰਸ਼ਨ ਬਣ ਗਿਆ। ਯੂਰਪ ਵਿਚ ਰਾਜਾਂ ਦੇ ਥੱਲੇ ਕਈ ਜ਼ਿਮੀਦਾਰ, ਵਿਉਪਾਰੀ ਆਦਿ ਸਨ ਜੋ ਆਪਣੇ ਉਤੇ ਕਰ ਦੀ ਸੀਮਾ ਨਿਸ਼ਚਿਤ ਰੱਖਣਾ ਚਾਹੁੰਦੇ ਸਨ। ਇਸ ਪ੍ਰਸ਼ਨ ਨੂੰ ਲੈ ਕੇ ਸਾਰੇ ਸਥਾਨਾਂ 'ਤੇ ਰਾਜਾਂ ਦਾ ਵਿਰੋਧ ਹੋ ਰਿਹਾ ਸੀ ਪਰ ਸਾਰੇ ਸਥਾਨਾਂ ਤੇ ਵਿਰੋਧ ਨੂੰ ਸੰਗਠਿਤ ਰੂਪ ਦੇਣ ਦੀ ਸੁਵਿਧਾਵਾਂ ਪ੍ਰਾਪਤ ਸਨ।

ਨੋਟ

## 6.2 ਸਾਰਾਂਸ਼ (Summary)

ਅਸੀਂ ਯੂਰਪ ਦੇ ਕਈ ਦੇਸ਼ਾਂ ਵਿਚ ਹੋਣ ਵਾਲੇ ਯੁੱਧ ਦੇ ਬਾਰੇ ਵਿੱਚ ਪੜ੍ਹ ਚੁੱਕੇ ਹਾਂ ਅਤੇ ਨਾਲ ਹੀ ਪਿੱਛੇ ਦੀਆਂ ਇਕਾਈਆਂ ਵਿਚ ਇਹ ਵੀ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ 16ਵੀਂ ਸਦੀ ਅਤੇ 17ਵੀਂ ਸਦੀ ਦੇ ਦੌਰਾਨ ਯੁੱਧਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਯੂਰਪ ਵਿਚ ਹੀ ਇਸ ਤਰ੍ਹਾਂ ਦੇ ਅਨੇਕ ਯੁੱਧ ਲੜੇ ਗਏ। ਫਰਾਂਸ ਅਤੇ ਹੈਪਸਵਰਗ ਵੰਸ਼ ਦੇ ਵਿਚ ਇਟਲੀ ਦੇ ਯੁੱਧ 1494 ਵਿਚ ਸ਼ੁਰੂ ਹੋਏ ਅਤੇ ਥੋੜੇ-ਥੋੜੇ ਸਮੇਂ ਤੋਂ ਬਾਅਦ 1559 ਤਕ ਚਲਦੇ ਰਹੇ। ਸੰਪੂਰਨ 17ਵੀਂ ਸਦੀ ਵਿਚ ਸਿਰਫ਼ 7 ਸਾਲ (1610, 1669-71, 1680-82) ਇਸ ਤਰ੍ਹਾਂ ਦੇ ਸਨ ਜਦੋਂ ਕਿ ਯੂਰਪੀ ਰਾਜਾਂ ਦੇ ਵਿਚ ਕੋਈ ਯੁੱਧ ਨਹੀਂ ਹੋਇਆ। ਕੁਝ ਮਹਾਂਸ਼ਕਤੀ ਪੂਰੀ ਸ਼ਤਾਬਦੀ ਵਿਚੋਂ ਲਗਭਗ ਅੱਧੇ ਸਮੇਂ ਵਿਚ ਯੁੱਧਾਂ ਵਿਚ ਉਲਝੀ ਰਹੀ (ਮੱਧ ਯੂਰਪ 1618 ਤੋਂ 1648 ਤਕ ਤੀਹ ਸਾਲ ਯੁੱਧ ਦੇ ਖੇਤਰ ਬਣਿਆ ਰਿਹਾ) ਅਤੇ ਜੇਕਰ ਅਸੀਂ ਸਪੇਨ ਦੇ ਸਮੁੰਦਰ ਪਾਰ ਇਲਾਕੇ ਦੇ ਖੇਤਰ ਦੀ ਗਣਨਾ ਕਰੀਏ ਤਾਂ ਸਪੇਟ ਤਾਂ ਜ਼ਿਆਦਾਤਰ ਸਮੇਂ ਯੁੱਧਾਂ ਵਿਚ ਉਲਝਿਆ ਰਿਹਾ ਇੱਧਰ ਇਹ ਵੇਖਣਾ ਠੀਕ ਹੋਵੇਗਾ ਕਿ ਸਾਮੰਤੀ ਅਤੇ ਨਿਰੰਕੁਸ਼ ਰਾਜਤੰਤਰੀ ਯੁੱਧਾਂ ਵਿਚ ਪਾਈ ਜਾਣ ਵਾਲੀ ਸਮਾਨਤਾਵਾ ਅਤੇ ਅਸਮਾਨਾਤਾਵਾਂ ਕੀ ਸਨ।

## 6.3 ਸ਼ਬਦਕੋਸ਼ (Keywords)

1. **ਕਿਸਾਨ** **(Peasant)**- ਖੇਤੀ ਕਰਨ ਵਾਲਾ।
2. **ਜ਼ਿੰਮੀਦਾਰ** **(Landlord)**- ਭੂਮੀ ਦੇ ਮਾਲਕ।

## 6.4 ਅਭਿਆਸ ਪ੍ਰਸ਼ਨ (Review Questions)

1. 'ਜਸਟਿਸ ਆਫ਼ ਪੀਸ' ਤੋਂ ਕੀ ਭਾਵ ਹੈ ? ਸਪਸ਼ਟ ਕਰੋ।
2. ਆਂਗਲ ਕ੍ਰਾਂਤੀ (ਦੀਰਘਕਾਲੀਨ ਸੰਸਦ ਅਤੇ ਗ੍ਰਹਿਯੁੱਧ) ਕਦੋਂ ਹੋਈ ?
3. ਤੁਰਕੀ ਸਾਮਰਾਜ ਦੀ ਮੂਲਭੂਤ ਵਿਸ਼ੇਸ਼ਤਾ ਕੀ ਸੀ ? ਉਹਨਾਂ ਦੇ ਰਾਜ ਨੂੰ ਕੀ ਨਾਂ ਦਿੱਤਾ ਜਾਂਦਾ ਹੈ ?
4. ਤੁਰਕੀ ਦੀ ਸਫ਼ਲਤਾ ਦੇ ਕੀ ਕਾਰਣ ਸਨ ?

### ਉੱਤਰ : ਸਵ-ਮੁਲਾਂਕਣ (Answer: Self Assessment)

| | |
|---|---|
| 1. ਪ੍ਰਸ਼ਾਸਕ | 2. 'ਇਕਵਿਟੀ' |
| 3. 1569 | 4. (ੳ) 1526 |
| 5. (ਅ) ਦੁਰਗੀਕਰਣ | 6. (ਸ) 1529 |

## 6.5 ਸੰਦਰਭ ਪੁਸਤਕਾਂ (Further Readings)

ਬੁਕਸ

1. ਆਧੁਨਿਕ ਵਿਸ਼ਵ ਦਾ ਇਤਿਹਾਸ- ਐਮ.ਐਸ.ਤਿਆਗੀ, ਰਜਨੀ ਤਿਆਗੀ- ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਰਾਜੇਸ਼ ਕੁਮਾਰ- ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਧਨਪਤੀ ਪਾਂਡੇ- ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਦੀਨਾਨਾਥ ਵਰਮਾ- ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ - ਡਾ. ਵਿਪਿਨ ਬਿਹਾਰੀ ਸਿਨਹਾ - ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ - ਓਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ- ਮਾਨਿਕ ਲਾਲ ਗੁਪਤ - ਅਟਲਾਨਟਿਕ ਪਬਲਿਕੇਸ਼ਨ।

# ਇਕਾਈ-7: ਨੌਂਕਰਸ਼ਾਹੀਕਰਣ (Bureaucratization)

ਨੋਟ

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
7.1 ਸਾਮੰਤਵਾਦ ਦਾ ਪਤਨ (Decline of Feudalism)
7.2 ਨਿਰੰਕੁਸ਼ਤਾ ਦਾ ਅਰਥ (Meaning of Absolutism)
7.3 ਨਿਰੰਕੁਸ਼ ਰਾਜਤੰਤਰ ਦੀ ਸਥਾਪਨਾ (Establishment of Autocratic Monarchy)
7.4 ਫ੍ਰੇਡਰਿਕ ਦਾ ਨਿਰੰਕੁਸ਼ ਸ਼ਾਸਨ (Autocratic Rule of Frederick)
7.5 ਲੁਈ ਦਾ ਸ਼ਾਸ਼ਨਕਾਲ (Reign of Louis)
7.6 ਸਾਰਾਂਸ਼ (Summary)
7.7 ਸ਼ਬਦਕੋਸ਼ (Keywords)
7.8 ਅਭਿਆਸ ਪ੍ਰਸ਼ਨ (Review Questions)
7.9 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਆਧੁਨਿਕਕਾਲ ਦੀ ਸ਼ੁਰੂਆਤ ਵਿਚ ਸਾਮਨਤਵਾਦ ਦੇ ਪਤਨ ਨੂੰ ਜਾਨਣ ਲਈ।
- ਨਿਰੰਕੁਸ਼ਤਾ ਦਾ ਅਰਥ ਜਾਨਣ ਲਈ।

## ਪ੍ਰਸਤਾਵਨਾ (Introduction)

ਨਿਰੰਕੁਸ਼ਵਾਦ (Absolutism) ਨਾਂ ਯੂਰਪ ਵਿਚ 1660-1789 ਦੇ ਵਿਚ ਪਨਪਨੇ ਵਾਲੇ ਰਾਜਤੰਤਰ ਨੂੰ ਦੇ ਦਿੱਤਾ ਗਿਆ। ਲੁਈ ਚੌਧਵੇਂ ਨੇ ਨਿਰੰਕੁਸ਼ ਰਾਜਤੰਤਰ ਨੂੰ ਨਵੀਂ ਦਿਸ਼ਾ ਦੇ ਦਿੱਤੀ, ਜਿਸਨੂੰ ਯੂਰਪ ਦੇ ਸਾਰੇ ਦੇਸ਼ ਅਨੁਕਰਣੀਆਂ ਸਮਝਦੇ ਸਨ। ਰਾਜਤੰਤਰ ਵਿਚ ਨਿਰੰਕੁਸ਼ਤਾ ਦੀ ਪ੍ਰਵਿਰਤੀ ਹੁੰਦੀ ਹੈ ਪਰ ਹੁਣ ਉਸਨੂੰ ਇਸ ਤਰ੍ਹਾਂ ਆਦਰਸ਼ ਮਿਲ ਗਿਆ, ਜਿਸਦੀ ਨਕਲ ਕਰਕੇ ਸਾਰੇ ਰਾਜਾ ਉਨੇ ਹੀ ਮਹਿਮਾਮਅ ਬਨਣ ਦੇ ਲਈ ਲਾਲਾਇਤ ਸੀ। ਨਿਰੰਕੁਸ਼ਤਾ ਦੀ ਸਥਾਪਨਾ ਕਿਸੇ ਕ੍ਰਾਂਤੀ ਦੁਆਰਾ ਨਹੀਂ ਹੋਈ ਸੀ, ਉਹ ਅਧੁਨਿਕ ਯੁਗ ਦੇ ਪ੍ਰਾਰੰਭ ਵਿਚ ਹੋਣ ਵਾਲੇ ਬਦਲਾਅ ਦਾ ਰਾਜਨੀਤਿਕ ਕਾਰਨ ਸੀ।

ਮਧਕਾਲੀਨ ਯੂਰਪ ਦੇ ਸਾਮਾਜਿਕ ਗਠਨ ਦਾ ਇਹ ਮਹਤੱਵਪੂਰਨ ਅੰਗ ਸਾਮਨਤਵਾਦ ਸੀ। ਜਾਗੀਰ ਸਮਾਜ ਦੀ ਆਧਾਰਭੁਤ ਇਕਾਈ ਹੁੰਦੀ ਸੀ। ਜਿਸਦੇ ਵਿਚ ਸਾਮਨਤ ਉੱਚ ਅਧਿਕਾਰੀ ਸੀ। ਸਾਮਨਤ-ਤੰਤਰ ਵਿਚ ਕਰਿਸ਼ਕ-ਵਰਗ ਦੀ ਦਸ਼ਾ ਸਭ ਤੋਂ ਸ਼ੈਚਨੀਅ ਸੀ। ਉਸਦਾ ਅਧਿਕਾਂਸ ਸਮਾਂ ਆਪਣੇ ਸਾਮੰਤ ਦੇ ਲਈ ਬੇਗਾਰ ਕਰਨ ਵਿਚ ਬਤੀਤ ਹੁੰਦਾ ਸੀ। ਉਸ ਸਾਮੰਤ ਨੂੰ ਕਈ ਪ੍ਰਕਾਰ ਦੇ ਕਰ ਦੇਣੇ ਪੈਂਦੇ ਸਨ। ਸਾਮੰਤ-ਤੰਤਰ ਦੇ ਅੰਤਰਗਤ ਚਰਚ ਦੇ ਅਧਿਕਾਰੀ ਵੀ ਚਰਚ ਦੀ ਧਰਤੀ 'ਤੇ ਕੰਮ ਕਰਨ ਵਾਲੇ ਕਿਸਾਨਾਂ ਦੇ ਮਾਲਕ ਹੁੰਦੇ ਸਨ। ਧਾਰਮਿਕ ਵਿਵਸਥਾ ਦੇ ਮੈਂਬਰ ਦੇ ਨਾਤੇ ਉਹ ਪਾਦਰੀ ਸਨ ਅਤੇ ਧਰਤੀ ਪ੍ਰਬੰਧਕ ਦੇ ਨਾਤੇ ਸਾਦੇ ਨਾਗਰਿਕ ਵੀ ਸਨ। ਇਸ ਪ੍ਰਕਾਰ ਦੀ ਵਿਵਸਥਾ ਵਿਚ ਕਈ ਦੋਸ਼ ਸਨ। ਸਾਂਸਰਿਕ ਸਮਸਿਆ ਵਿਚ ਉਲਝੇ ਰਹਿਣ ਦੇ ਕਾਰਨ ਪਾਰਦੀ ਆਧਿਆਤਮਕ ਸਾਧਨਾ ਤੋਂ ਦੂਰ ਹਟਦੇ ਗਏ। ਧਾਰਮਿਕ ਅਨੁਸ਼ਾਸ਼ਨ ਭੰਗ ਹੁੰਦੇ ਗਏ ਅਤੇ ਸਾਮੰਤ ਅਤੇ ਅਨੇਕ ਸ਼ਕਤੀਸ਼ਾਲੀ ਅਧਿਕਾਰੀ ਆਪਣੇ ਅਨੁਚਰਾਂ ਨੂੰ ਨਿਅਤੰਰਨ ਵਿਚ ਰਖਣ ਦੇ ਲਈ ਹਰ ਸੰਭਵ ਉਪਾਅ ਦਾ ਇਸਤੇਮਾਲ ਕਰਨ ਲੱਗੇ।

ਨੋਟ

## 7.1 ਸਾਮੰਤਵਾਦ ਦਾ ਪਤਨ (Decline of Feudalism)

ਆਧੁਨਿਕ ਕਾਲ ਦੇ ਆਰੰਭ ਵਿਚ ਸਾਮਨਤਵਾਦ ਪਤਨ ਦੀ ਉੱਤੇ ਅਗਰਸਰ ਸੀ। ਵਕਤ ਦੇ ਨਾਲ-ਨਾਲ ਸਾਮੰਤਵਾਦ ਦਾ ਸਰੂਪ ਵੀ ਵਿਕਰਿਤ ਹੋਣ ਲੱਗਾ। ਬਾਅਦ ਦੇ ਸਾਮੰਤ ਵਿਚ ਪਹਿਲਾ ਜਿਸ ਤਰ੍ਹਾਂ ਨੈਤਿਕਤਾ, ਸੂਰਵੀਰਤਾ ਅਤੇ ਜਨਕਲਿਆਣ ਦੀ ਭਾਵਨਾ ਨਹੀਂ ਰਹੀ। ਉਹ ਵਿਲਾਸੀ, ਅਤਿਆਚਾਰੀ, ਵਯਾਭਿਚਾਰੀ ਅਤੇ ਆਪਣੇ ਹੀ ਲੋਕਾਂ ਦੇ ਸ਼ੋਸ਼ਨ ਬਣ ਗਏ। ਇਸ ਲਈ ਇਸ ਪ੍ਰਥਾ ਦਾ ਪਤਨ ਸਭਾਵਿਕ ਸੀ। ਇਸ ਵਕਤ ਰਾਸ਼ਟਰੀਅਤਾ ਭਾਵਨਾ ਵਿਚ ਵਾਧਾ ਹੋ ਰਿਹਾ ਸੀ। ਵਪਾਰੀ ਵਰਗ ਸ਼ਕਤੀਸ਼ਾਲੀ ਹੋ ਰਿਹਾ ਹੈ। ਰਾਜਾਂ ਦੇ ਲਈ, ਵਪਾਰੀਆਂ ਦੇ ਸਹਿਯੋਗ ਨਾਲ ਸਾਮੰਤਾਂ ਨੂੰ ਦਬੋਚਣਾ ਆਸਾਨ ਹੋ ਗਿਆ ਸੀ। ਇਸ ਪ੍ਰਕਾਰ ਪੰਦਰਵੀਂ ਸਦੀ ਦੇ ਖ਼ਤਮ ਹੋਣ ਤੱਕ ਸਾਮੰਤੀ ਪਧਤੀ ਦਾ ਅੰਤ ਹੋ ਗਿਆ ਸੀ।

ਸਾਮੰਤਵਾਦ ਦਾ ਪਤਨ ਅਤੇ ਪੂਨਰਜਾਗਰਣ ਦੀ ਲਹਿਰ ਦਾ ਫੈਸਲਾ ਦੋਨੋਂ ਨਾਲ-ਨਾਲ ਹੋਏ। ਪੂਨਰਜਾਗਰਣ ਦੇ ਪ੍ਰਭਾਵ ਤੋਂ ਸਾਰੇ ਯੂਰਪੀ ਦੇਸ਼ਾਂ ਵਿਚ ਰਾਸ਼ਟਰੀਅਤਾ ਅਤੇ ਮਧਵਰਗੀ ਅਰਥਵਿਵਸਥਾ ਦਾ ਵਿਕਾਸ ਹੋਇਆ। ਹੁਣ ਰਾਜੇ ਦੀ ਸ਼ਕਤੀ ਏਕਤਾ ਦੇ ਮਾਧਿਅਮ ਅਤੇ ਪ੍ਰਤੀਕ ਦੇ ਰੂਪ ਵਿਚ ਵਧਣ ਲੱਗੀ। ਯੂਰਪ ਦੇ ਕੁਝ ਦੇਸ਼ ਜਿਵੇਂ ਇੰਗਲੈਂਡ ਵਿਚ ਪਰਸਥਿਤੀਆਂ ਅਨੁਕੂਲ ਸੀ। ਇਸ ਲਈ ਉਥੇ ਰਾਸ਼ਟਰੀਅਤਾ ਦਾ ਵਿਕਾਸ ਹੋਰ ਦੇਸ਼ਾਂ ਦੀ ਅਪੇਕਸ਼ਾ ਜਲਦੀ ਹੋਈ।

ਨਿਰੰਕੁਸ਼ ਰਾਜਤੰਤਰ ਨੂੰ ਮਜ਼ਬੂਤ ਬਣਾਉਣ ਲਈ ਸ਼ਾਸ਼ਕ ਦਾ 'ਦੈਵੀ ਅਧਿਕਾਰ' ਦਾ ਬਹੁਤ ਮਹੱਤਵ ਸੀ। ਮਧਕਾਲੀਨ ਸ਼ਾਸ਼ਕ ਜਾ ਪੋਪ ਦੇ ਵਿਚ ਸੰਘਰਸ਼ ਵਿਚ, ਕੁਝ ਲੋਕਾਂ ਨੇ ਇਸ ਤਥ ਦੇ ਜੋਰ ਦਿੱਤਾ ਸੀ ਕਿ ਪੋਪ ਦੀ ਤਰ੍ਹਾਂ ਸ਼ਾਸ਼ਕਾਂ ਨੂੰ ਵੀ ਪਰਮਾਤਮਾ ਦੀ ਇਹ ਆਗਿਆ ਸੀ ਕਿ ਉਹ ਜਨਤਾ ਤੇ ਸ਼ਾਸ਼ਨ ਕਰੇ। ਇਸ ਦੈਵੀ ਅਧਿਕਾਰ ਦਾ ਸਹਾਰਾ ਲੈ ਕੇ ਰਾਜਾ ਨੇ ਆਪਣੀ ਸ਼ਕਤੀ ਦਾ ਵਿਸਤਾਰ ਕੀਤਾ। ਇੰਗਲੈਂਡ ਦੇ ਪਹਿਲੇ ਸਟੂਅਰਟ ਸ਼ਾਸ਼ਕ ਇਸਦਾ ਮੁਖ ਉਦਾਹਰਣ ਹਨ। ਇਹ ਪਰਿਣਾਮ ਨਿਕਲਿਆ। ਫਰਾਂਸ ਵਿਚ ਲੁਈ ਚੌਦਵੇਂ ਨੇ ਵੀ ਇਸੀ ਸਿਦਹਾਂਤ ਨੂੰ ਮੰਨਿਆ।

## 7.2 ਨਿਰੰਕੁਸ਼ਤਾ ਦਾ ਅਰਥ (Meaning of Absolutism)

ਨਿਰੰਕੁਸ਼ਤਾ ਦਾ ਅਰਥ ਹੈ ਕਿ ਇਕ ਮਨੁੱਖ ਦੇ ਨਾਲ ਸਾਰੀ ਤਾਕਤ ਦਾ ਕੇਂਦਰਿਤ ਹੋਣਾ। ਨਿਰੰਕੁਸ਼ ਤੰਤਰ ਵਿਚ ਰਾਜਾ ਆਪਣੀ ਤਾਕਤ ਦੀ ਮਦਦ ਨਾਲ ਸੈਨਾ ਅਤੇ ਕਈ ਵੱਡੇ ਅਫ਼ਸਰਾਂ ਦੁਆਰਾ ਸ਼ਾਸ਼ਨ ਪ੍ਰਬੰਧ ਚਲਾਉਂਦਾ ਹੈ। ਨਿਰੰਕੁਸ਼ ਤੰਤਰ ਵਿਚ ਰਾਜਾ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ ਅਤੇ ਉਹ ਖੁਦ ਹੀ ਕਾਨੂੰਨ ਬਣਾਕੇ ਅਤੇ ਉਸਨੇ ਖ਼ਤਮ ਕਰ ਸਕਦਾ ਹੈ। ਰਾਜਾ ਦਾ ਵਿਰੋਧ ਕਰਨ ਦਾ ਅਧਿਕਾਰ ਕਿਸੇ ਨੂੰ ਵੀ ਨਹੀਂ ਹੈ ਅਤੇ ਨਾ ਹੀ ਇਸ ਤਰ੍ਹਾਂ ਦੀ ਕੋਈ ਸੰਸਥਾ ਹੁੰਦੀ ਹੈ ਜਿਥੇ ਉਸਦੇ ਵਿਰੋਧੀ ਆਪਣੀ ਅਵਾਜ਼ ਚੁੱਕ ਸੱਕਣ।

ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਯੂਰਪ ਵਿਚ ਲਗਭਗ ਸਾਰੇ ਰਾਜੇ ਆਪਣੀ ਨੀਤਿਆਂ ਨੂੰ ਸੈਨਾ ਅਤੇ ਗੁਪਤ ਪੁਲਿਸ ਦੀ ਸਹਾਇਤਾ ਨਾਲ ਲਾਗੂ ਕਰਦੇ ਸਨ। ਕਈ ਵਾਰ ਤਾਂ ਲੋਕਾਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਬੰਦ ਕਰ ਦਿੰਦੇ ਸਨ। ਸਮਾਚਾਰ ਪੱਤਰ ਤੇ ਪ੍ਰਤਿਬੰਧ ਲਗਾ ਦਿੱਤੇ ਜਾਂਦੇ ਸਨ ਅਤੇ ਜਨਤਾ ਦੇ ਅਧਿਕਾਰ ਦੀ ਖੁਲ੍ਹੇਆਮ ਉਪੇਕਸ਼ਾ ਕੀਤੀ ਜਾਂਦੀ ਸੀ।

ਇਸ ਨਿਰੰਕੁਸ਼ ਸ਼ਾਸਨ ਦੀ ਵਿਸ਼ੇਸਤਾ ਇਹ ਸੀ ਕਿ ਰਾਜਾ ਸੈਨਾ ਦੀ ਮਦਦ ਤੋਂ ਸ਼ਾਸ਼ਨ ਪਰਿਵਰਤਨਕਰਕੇ ਸ਼ਕਤੀ ਪ੍ਰਾਪਤ ਨਹੀਂ ਕਰਦਾ ਸੀ ਬਲਕਿ ਰਾਜਵੰਸ਼ ਤੋਂ ਸੰਬਧਿਤ ਹੋਣ ਦੇ ਕਾਰਨ ਹੀ ਆਪਣਾ ਅਧਿਕਾਰ ਨੂੰ ਪ੍ਰਾਪਤ ਕਰਦਾ ਸੀ। ਨਿਰੰਕੁਸ਼ ਸ਼ਾਸਨ ਕਿਸੇ ਕ੍ਰਾਂਤੀ ਦੁਆਰਾ ਨਹੀਂ ਲਾਇਆ ਗਇਆ। ਮਧਕਾਲੀਨ ਯੂਰਪ ਦੇ ਸਾਮੰਨਵਾਦੀ ਸੰਗਠਿਤ ਸਮਾਜ 'ਚ ਇਹ ਇਕ ਸੁਦਾਰਵਾਦੀ ਧਾਰਾ ਦੇ ਰੂਪ ਵਿਚ ਸੀ। ਨਿਰੰਕੁਸ਼ ਰਾਜਾਂ ਨੇ ਯੂਰਪ ਵਿੱਚ ਉਦਾਹਰਣ ਦੇ ਲਈ ਇੰਗਲੈਂਡ ਵਿਚ ਟਿਊਟਰ ਰਾਜਿਆਂ ਨੇ ਮਧਕਾਲੀਨ ਸੰਸਥਾਵਾਂ ਨੂੰ ਨਹੀਂ ਖ਼ਤਮ ਕੀਤਾ ਪਰੰਤੂ ਨਵੀਂ ਸੰਸਥਾਵਾਂ ਸਥਾਪਿਤ ਕਰ ਉਹਨਾਂ ਦੀ ਸਹਾਇਤਾ ਵਿਚ ਆਪਣਾ ਰਾਜ-ਕਾਲ ਚਲਾਇਆ। ਲੁਈ ਚੌਦਹਵੇਂ ਨੇ ਇੰਨਟੇਨਡੇਂਸ (Intendents) ਦੀ ਸਥਾਪਨਾ ਕਰਕੇ ਉਹਨਾਂ ਨੂੰ ਰਾਜਨੀਤਿਕ ਕਾਰਜਕਾਲ ਸੁਪੁਰਧ ਦਿੱਤਾ।

ਨਿਰੰਕਸ਼ਵਾਦ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਮਧ ਯੂਰਪ ਵਿਚ ਰਾਜੇ ਦੀ ਸ਼ਕਤੀ ਨੂੰ ਪ੍ਰਕਿਰਤੀ ਦੇ ਹੋਰ ਨਿਯਮਾਂ ਦੀ ਤਰ੍ਹਾਂ ਸਵੀਕਾਰ ਕਰ ਲਿਆ ਗਿਆ। ਰਾਜੇ ਨੂੰ ਦੈਵੀ ਪ੍ਰਤਿਨਿਧ ਮੰਨਿਆ ਗਿਆ। ਇਹ ਸਥਿਤੀ ਫਰਾਂਸ ਵਿਚ ਜਿਆਦਾ ਸ਼ਪਸ਼ਟ ਸੀ। ਇਸ ਤਰ੍ਹਾ ਸਮਝਿਆ ਜਾਂਦਾ ਸੀ ਕਿ ਰਾਜੇ ਤੇ ਜਨਤਾ ਵਿਚ ਇਕ ਮੂਕ ਸਮਝੌਤਾ ਹੈ, ਜਿਸਦੇ ਬਲ 'ਤੇ ਰਾਜਾ ਆਪਣੀ ਸ਼ਕਤੀ ਦਾ ਪ੍ਰਯੋਗ ਕਰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਕੋਈ ਰਾਜੇ ਦੀ ਅਵੇਹਲਨਾ ਜਾਂ ਵਿਰੋਧ ਕਰ ਸਕਦਾ ਹੈ।

ਨੋਟਸ ਨੋਟਸ ਸਾਮੰਤਵਾਦ ਦਾ ਪਤਨ ਤੇ ਪੂਨਜਾਗਰਣ ਦੋਨੋਂ ਨਾਲ-ਨਾਲ ਹੋਏ।

ਅਠਾਰਵੀਂ ਸਦੀ ਵਿਚ ਰਾਜਾ ਤੇ ਸਾਮੰਤ ਇਕ-ਦੂਜੇ ਦੇ ਨੇੜੇ ਆਉਣ ਲੱਗੇ। ਸਾਮੰਤਾਂ ਨੇ ਇਹ ਮਹਿਸੂਸ ਕੀਤਾ ਕਿ ਮੌਜੂਦ ਸੈਨਾ ਅਤੇ ਨਵੇਂ ਭੂਤ ਵਰਗੀ ਦੀ ਸਹਾਇਤਾ ਨਾਲ ਰਾਜਾ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀ ਅਤੇ ਉਸ ਦੇ ਵਿਰੁਧ ਵਿਦਰੋਹ ਕਰਨਾ ਏਨਾ ਆਸਾਨ ਨਹੀਂ ਸੀ। ਹੋਲੀ-ਹੋਲੀ ਸਾਮੰਤ ਨੇ ਆਪਣੇ ਆਪ ਨੂੰ ਭਰਿਤਵ ਵਰਗ ਵਿਚ ਸ਼ਾਮਿਲ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਯੂਰਪੀਅਨ ਦਰਬਾਰ ਹੁਣ ਫੈਸ਼ਨ ਤੇ ਕਲਾ ਦੇ ਕੇਂਦਰ ਬਣਨ ਲੱਗੇ, ਜਿਸ ਵਿਚ ਸਾਮੰਤਾਂ ਦਾ ਮਹੱਤਵਪੂਰਨ ਯੋਗ ਸੀ।

ਨੋਟ

ਨਿਰੰਕੁਸ਼ਵਾਦ ਦੀ ਇਕ ਹੋਰ ਵਿਸ਼ੇਸ਼ਤਾ ਸੀ ਨੌਕਰੀਪੇਸ਼ਾ ਵਰਗ (service class) ਦੀ ਸਥਾਪਨਾ। ਇਸ ਵਰਗ ਵਿਚ ਮੁੱਖ ਤੌਰ 'ਤੇ ਦੋ ਪ੍ਰਕਾਰ ਦੇ ਅਹੁਦੇ ਸਨ- ਇਕ ਪ੍ਰਸ਼ਾਸ਼ਨਿਕ ਤੇ ਦੂਸਰੇ ਸੈਨਿਕ। ਕੁਝ ਦੇਸ਼ਾਂ ਵਿਚ ਜਿਵੇਂ ਕਿ ਉਪਰ ਉਲੇਖ ਕੀਤਾ ਜਾ ਚੁੱਕਾ ਹੈ, ਨੌਕਰੀਪੇਸ਼ਾ ਵਰਗ ਦੇ ਵਿਅਕਤੀ ਕੁਲੀਨ ਨਾ ਹੋ ਕੇ ਸਾਧਾਰਨ ਵਿਅਕਤੀਆਂ ਵਿਚੋਂ ਲਏ ਜਾਂਦੇ ਸਨ ਤਾਂ ਕਿ ਉਹ ਰਾਜੇ ਦਾ ਵਿਰੋਧ ਨਾ ਕਰ ਸਕੇ। ਅਨੇਕ ਦੇਸ਼ਾਂ, ਜਿਵੇਂ ਕਿ ਫਰਾਂਸ ਵਿਚ ਪ੍ਰਸਾਸਨਿਕ ਅਹੁਦੇ ਖਰੀਦੇ ਜਾਂਦੇ ਸਨ। ਪਰੰਤੂ ਨਿਰੰਕੁਸ਼ ਰਾਜੇ ਦੇ ਸਾਹਮਣੇ ਇਹਨਾਂ ਅਹੁਦਿਆਂ ਦੀ ਸ਼ਕਤੀ ਵੀ ਬਹੁਤ ਘੱਟ ਹੋ ਗਈ। ਇਸ ਤੋਂ ਇਲਾਵਾ, ਮੇਧਾਵੀ ਵਿਅਕਤੀ ਪ੍ਰਤੀਯੋਗਕਤਾ-ਪ੍ਰੀਖਿਆ (competitive examination) ਅਤੇ ਵਿਸ਼ਵ ਵਿਦਿਆਲਿਆਂ ਦੀ ਪ੍ਰੀਖਿਆ ਪਾਸ ਕਰਕੇ ਇਸ ਵਰਗ ਵਿਚ ਸ਼ਾਮਲ ਹੁੰਦੇ ਸਨ। ਇਸ ਪ੍ਰਕਾਰ ਅਠਾਰਵੀਂ ਸਦੀ ਦੇ ਯੂਰਪ ਵਿਚ ਨੌਕਰੀਪੇਸ਼ਾ ਵਰਗ ਦੀ ਸਥਾਪਨਾ ਤੇ ਉਸਦੀ ਕਾਰਜਵਿਧੀ ਦਾ ਇਹ ਸਵਰੂਪ ਸੀ।

ਨਿਰੰਕੁਸ਼ਵਾਦੀ ਦੀ ਇਕ ਵਿਸ਼ੇਸ਼ਤਾ ਸੀ ਰਾਜਾ ਤੇ ਏਸ਼ਟੇਟ ਦੇ ਵਿਚ ਸੰਘਰਸ਼। ਪੱਛਮੀ ਯੂਰਪ ਦੇ ਸਾਰੇ ਦੇਸ਼ਾਂ ਵਿਚ ਏਸ਼ਟੇਟ ਦੀ ਸਥਾਪਨਾ ਹੋ ਚੁੱਕੀ ਸੀ। ਇੰਗਲੈਂਡ, ਫਰਾਂਸ, ਸਪੇਨ, ਜਰਮਨੀ ਆਦਿ ਸਾਰੇ ਦੇਸ਼ਾਂ ਵਿਚ ਕਰ ਲਗਾਉਣ ਅਤੇ ਕਾਨੂੰਨ ਬਣਾਉਣ ਦੀ ਸ਼ਕਤੀ ਨੂੰ ਲੈ ਕੇ, ਰਾਜਾ ਤੇ ਪਾਰਲੀਮੈਂਟ ਦੇ ਝਗੜੇ ਹੁੰਦੇ ਰਹਿੰਦੇ ਸਨ। ਪਰ ਤੀਹ ਸਾਲਾਂ ਯੁੱਧ ਤੋਂ ਬਾਅਦ ਰਾਜਿਆਂ ਦੀ ਸ਼ਕਤੀ ਪਹਿਲਾਂ ਤੋਂ ਵੀ ਵਧ ਗਈ। ਫਰੈਂਡਰਿਕ ਵਿਲੀਅਮ ਨੇ ਬੈਡਨਵਰਗ ਅਤੇ ਪ੍ਰਸ਼ਾ ਵਿੱਚ ਡਾਈਟ (Diet) ਦਾ ਅਸਤੀਤੱਵ ਹੀ ਖ਼ਤਮ ਕਰ ਦਿੱਤਾ।

ਨਿਰੰਕੁਸ਼ਵਾਦ ਦੀ ਇਕ ਹੋਰ ਵਿਸ਼ੇਸ਼ਤਾ ਵਾਨਿਜਅਵਾਦ (mercantilism) ਸੀ। ਜਿਵੇਂ ਜਿਵੇਂ ਸ਼ਾਸ਼ਕ ਦੀ ਸ਼ਕਤੀ ਵਧੀ ਵਾਨਿਜਅਵਾਦ ਵੀ ਵਧਦਾ ਗਿਆ। ਅਠਾਰਵੀਂ ਸਦੀ ਦੇ ਫਰਾਂਸ ਨੇ ਇਸ ਨੀਤੀ ਨੂੰ ਛੱਡ ਦਿੱਤਾ। ਪਰ ਪ੍ਰਸ਼ਾ ਅਤੇ ਆਸਟ੍ਰੀਆ ਵਿਚ ਬਹੁਤ ਸਮੇਂ ਤੱਕ ਵਾਨਿਜਅਵਾਦ ਦਾ ਬੋਲਬਾਲਾ ਰਿਹਾ। ਇਹਨਾਂ ਰਾਜਾਂ ਨੇ ਵਿਅਕਤੀਗਤ ਜਰੂਰਤ ਦੀ ਬਜਾਏ ਸਰਕਾਰੀ ਜ਼ਰੂਰਤਾਂ ਨੂੰ ਧਿਆਨ ਵਿਚ ਰਖਦੇ ਹੋਏ, ਵਾਨਿਜਅਵਾਦ ਦੀ ਨੀਤੀ ਨੂੰ ਅਪਣਾਇਆ। ਵਾਨਿਜਅਵਾਦ ਇਕ ਪ੍ਰਕਾਰ ਦਾ ਆਰਥਿਕ ਯੁੱਧ ਸੀ ਜਿਸਦੇ ਵਿਚ ਇਕ ਰਾਜ ਵਿਸ਼ੇਸ਼ ਅਤੇ ਖ਼ੁਦ ਆਤਮਨਿਰਭਰ ਹੋ ਕੇ ਦੂਜੇ ਦੇਸ਼ਾਂ ਨੂੰ ਆਪਣੇ ਉਪਰ ਜਿਆਦਾ ਰੂਪ ਤੋਂ ਨਿਰਭਰ ਹੋਣ ਦੇ ਲਈ ਪ੍ਰੇਰਿਤ ਕਰਦਾ ਸੀ। ਇਸ ਦਾ ਆਸ਼ਅ ਸੀ ਉਦਯੋਗ ਧੰਦੇ ਨੂੰ ਵਧਾਉਣਾ ਤੇ ਵਸਤੂਆਂ ਦੇ ਆਯਾਤ ਨੂੰ ਘੱਟ ਕਰਨਾ। ਆਸਟ੍ਰੀਆ ਅਤੇ ਪ੍ਰਸ਼ਾ ਵਿਚ ਵਾਨਿਜਅਵਾਦ ਦਾ ਮਤਲਬ ਸਰਕਾਰੀ ਸਵਾਮਿਤਬ ਨਹੀਂ ਸਰਕਾਰੀ ਨਿਅੰਤਰਨ ਸੀ। ਇਹਨਾਂ ਦੇਸ਼ਾਂ ਵਿਚ ਉਦਯੋਗ ਧੰਦੇ ਇੰਨੇ ਵਿਕਸਿਤ ਨਹੀਂ ਸਨ। ਜਿੰਨੇ ਕਿ ਫਰਾਂਸ ਵਿਚ ਸਨ ਅਤੇ ਨਾ ਹੀ ਇੱਥੋਂ ਦੇ ਵਿਉਪਾਰੀਆਂ ਨੂੰ ਅੰਤਰਰਾਸ਼ਟਰੀ ਵਿਉਪਾਰ ਦਾ ਓਨਾਂ ਗਿਆਨ ਸੀ ਜਿੰਨਾਂ ਕਿ ਫਰਾਂਸੀਸੀ ਵਿਉਪਾਰੀਆਂ ਨੂੰ ਸੀ ਅਤੇ ਇੰਨਾਂ ਦੇਸ਼ਾਂ ਵਿਚ ਫਰੇਡਰਿਕ ਮਹਾਨ ਅਤੇ ਜੋਸੇਫ ਦਿਵਤੀਆ ਦੇ ਸਮੇਂ ਵਿਚ ਉਦਯੋਗਾਂ ਨੂੰ ਵਧਾਉਣ ਦੇ ਲਈ ਵਾਨਿਜਅਵਾਦ ਦੀ ਨੀਤੀ ਨੂੰ ਆਪਣਾਇਆ ਗਿਆ।

## 7.3 ਨਿਰੰਕੁਸ਼ ਰਾਜਤੰਤਰ ਦੀ ਸਥਾਪਨਾ (Establishment of Autocratic Monarchy)

ਨਿਰੰਕੁਸ਼ ਰਾਜਤੰਤਰ ਦੀ ਸਥਾਪਨਾ ਯੂਰਪ ਵਿਚ ਸਤਾਰਵੀਂ ਸਦੀ ਵਿਚ ਹੋ ਚੁੱਕੀ ਸੀ। ਸਤਾਰਵੀਂ ਸਦੀ ਵਿਚ ਹੀ ਮਹਾਨ ਰਾਜਤੰਤਰਾਂ ਦੀ ਨੀਂਹ ਰੱਖੀ ਗਈ ਸੀ। ਇਸ ਵਿਚ ਸਭ ਤੋਂ ਪਹਿਲਾਂ ਅਸੀਂ ਰੂਸ ਨੂੰ ਲੈਂਦੇ ਹਾਂ। ਸਤਾਰਵੀਂ ਸਦੀ ਵਿਚ ਹੀ ਰੂਸ ਇਕ ਸ਼ਕਤੀਸ਼ਾਲੀ ਰਾਜਤੰਤਰ ਬਣਨ ਦੇ ਪਥ 'ਤੇ ਅਗਰਸਰ ਹੋਇਆ। ਇਸ ਤੋਂ ਪਹਿਲਾਂ 1400-1700 ਤਕ ਯੂਰਪ ਵਿਚ ਹੋਣ ਵਾਲੀਆਂ ਕ੍ਰਾਂਤੀਆਂ ਨਾਲੋਂ ਰੂਸ ਬਿਲਕੁਲ ਅਲੱਗ ਰਿਹਾ। ਇਥੇ ਕੋਈ ਪੁਨਜਾਗਰਣ ਤੇ ਧਰਮ ਸੁਧਾਰ ਨਹੀਂ ਹੋਇਆ। 1453 ਵਿਚ ਕੁਸਤੁਨਤੁਨਿਆ ਦਾ ਪਤਨ ਹੋਣ ਦੇ ਬਾਅਦ ਹੀ ਰੂਸ ਦਾ ਯੂਰਪ ਦੇ ਨਾਲ ਸੰਪਰਕ ਸਥਾਪਿਤ ਹੋਇਆ। ਪੀਟਰ ਪ੍ਰਥਮ ਦਾ ਕਾਲ (1694-1725) ਰੂਸ ਦੇ ਲਈ ਮਹਤੱਵਪੂਰਨ ਸਿੱਧ ਹੋਇਆ। ਰੂਪ ਵਿਚ ਛਾਪੇਖਾਨੇ ਦਾ ਆਵਿਸ਼ਕਾਰ ਹੋਇਆ ਅਤੇ ਰੂਸ ਵਿਚ ਬਹੁਤ ਸਾਰੇ ਇੰਜੀਨੀਅਰ ਤੇ ਟੈਕਨੀਸ਼ੀਅਨਾਂ ਨੂੰ ਰੂਸ ਵਿਚ ਬੁਲਾਇਆ ਗਿਆ। ਪਰ ਇਹ ਜਲਦੀ ਹੀ ਸ਼ਪਸ਼ਟ ਹੋ ਗਿਆ ਕਿ ਰੂਸ ਇਕ ਵੱਡੀ ਸ਼ਕਤੀ ਬਣੇ ਬਿਨਾਂ ਯੂਰਪੀ ਦੇਸ਼ਾਂ ਦੀ ਬਰਾਬਰੀ ਨਹੀਂ ਕਰ ਸਕਦਾ ਸੀ। ਪੀਟਰ ਨੇ ਨਿਸ਼ਚਿਤ ਕੀਤਾ ਕਿ ਰੂਸ ਦਾ ਕਲਿਆਣ ਉਸਦੇ ਯੂਰਪੀਕਰਣ ਵਿਚ ਹੈ। ਰੂਸ ਦੀ ਘੁਟਣ ਸਮਾਪਤ ਕਰਨ ਦੇ ਲਈ ਉਸ ਨੇ ਰੂਸ ਦੀਆਂ ਸੀਮਾਵਾਂ ਨੂੰ ਪੱਛਮ ਵਿਚ ਬਾਲਟਿਕ ਸਾਗਰ ਅਤੇ ਦਖਣ ਵਿਚ ਕਾਲਾ ਸਾਗਰ ਤੱਕ ਪਹੁੰਚਾਉਣਾ ਜ਼ਰੂਰੀ ਸਮਝਿਆ। ਉਹ ਇਹ ਵੀ ਸਮਝਦਾ ਸੀ ਕਿ ਜਦ ਤੱਕ ਸ਼ਕਤੀਸ਼ਾਲੀ ਅਤੇ ਨਿਰੰਕੁਸ਼ ਰਾਜਤੰਤਰ ਦੀ ਸਥਾਪਨਾ ਨਹੀਂ ਹੁੰਦੀ, ਇਹ ਉਦੇਸ਼ ਪੂਰੇ ਨਹੀਂ ਹੋਣਗੇ। ਉਹ ਜੀਵਨ ਭਰ ਇੰਨਾਂ ਉਦੇਸ਼ਾਂ ਦੀ ਪੂਰਤੀ ਵਿਚ ਲੱਗਾ ਰਿਹਾ ਅਤੇ ਇਸ ਵਿਚ ਸਫ਼ਲਤਾ ਵੀ ਮਿਲੀ।

ਸੰਨ 1697 ਵਿਚ ਪੀਟਰ ਪੱਛਮੀ ਯੂਰਪ ਦੀ ਯਾਤਰਾ 'ਤੇ ਗਿਆ। ਇਸ ਯਾਤਰਾ ਵਿਚ ਉਸ ਦੇ ਉਦੇਸ਼ ਸਭ ਇਸਾਈ ਰਾਸ਼ਟਰਾਂ ਨੂੰ ਤੁਰਕੀ ਦੇ ਵਿਰੁੱਧ ਧਾਰਮਿਕ ਯੁੱਧ ਦੇ ਲਈ ਪ੍ਰੇਰਿਤ ਕਰਨਾ ਸੀ। ਇਸ ਯਾਤਰਾ ਵਿਚ ਪੀਟਰ ਨੂੰ ਅਨੁਭਵ ਹੋਇਆ ਕਿ ਪੱਛਮੀ ਯੂਰਪ ਰੂਸ ਤੋਂ ਕਿਤੇ ਜਿਆਦਾ ਸਮਝਦਾਰ ਤੇ ਸ਼ਕਤੀਸ਼ਾਲੀ ਸੀ। ਪੀਟਰ ਨੇ ਵਾਪਿਸ ਆ ਕੇ ਪ੍ਰਾਚੀਨ ਅਤੇ ਦਕਿਆਨੂਸੀ ਵਿਚਾਰ ਅਤੇ ਪ੍ਰਥਾਵਾਂ ਦਾ ਖੰਡਨ ਕੀਤਾ। ਉਸਨੇ ਸਮਾਜ ਵਿਚ ਸਭਿਆਚਾਰ ਵਿਵਹਾਰ ਉਤੇ ਜ਼ੋਰ ਦਿੱਤਾ। ਔਰਤਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਪਰਦੇ ਨੂੰ ਛੱਡ ਕੇ ਪਸ਼ਚਾਤ ਭੇਸ਼ਭੂਸ਼ਾ ਵਿੱਚ ਬਾਹਰ ਆਉਣ। ਵੱਡੇ-ਵੱਡੇ ਸ਼ਾਮੰਤਾਂ ਨੂੰ ਯੂਰਪੀਅਨ ਸਭਿਅਤਾ ਸਿਖਾਈ ਗਈ। ਸਿਖਿਆ ਦੇ ਖੇਤਰ ਵਿਚ ਰੂਸੀ ਭਾਸ਼ਾ ਦੇ ਸਥਾਨ 'ਤੇ ਫਰੈਂਚ ਬੋਲਚਾਲ ਦੀ ਭਾਸ਼ਾ ਬਣੀ। ਨਗਰਾਂ ਵਿਚ ਸਕੂਲ ਖੁਲੇ। ਡਾਕਟਰਾਂ ਤੇ ਇੰਜੀਨੀਅਰਾਂ ਦੇ ਲਈ ਵੀ ਵਿਦਿਆਲੇ ਖੁਲ੍ਹੇ। ਰਾਜਧਾਨੀ ਵਿਚ ਇਕ ਵਿਸ਼ਾਲ ਅਕਾਡਮੀ ਦੀ ਸਥਾਪਨਾ ਹੋਈ।

ਸੰਨ 1715 ਤੱਕ ਤਾਂ ਪੀਟਰ ਅੰਤਰਰਾਸ਼ਟਰੀ ਯੁੱਧਾਂ 'ਚ ਰਤ ਰਿਹਾ। ਯੁੱਧ ਦਾ ਜ਼ੋਰ ਘੱਟ ਹੋਣ 'ਤੇ ਪੀਟਰ ਨੇ ਪ੍ਰਸ਼ਾਸਨਿਕ ਸੁਧਾਰਾਂ ਦੀ ਵਿਵਸਥਾ ਕੀਤੀ। 17ਵੀਂ ਸਦੀ ਵਿਚ ਜਦੋਂ ਪੀਟਰ ਦਾ ਰਾਜਕਾਲ ਆਰੰਭ ਹੋਇਆ ਸੀ, ਰੂਸ ਵਿਚ ਸਦੀਆਂ ਤੋਂ ਪਿਛੜੀ ਹੋਈ ਵਿਚਾਰਧਾਰਾ ਦੇ ਅਨੁਸਾਰ ਸਰਕਾਰ ਬਣੀ ਹੋਈ ਸੀ। ਉਸ ਵਿਚ ਇਕ ਸੰਸਥਾ 'ਡਿਉਮਾ' ਸੀ ਜਿਸ ਵਿਚ ਅਧਿਕਾਂਸ਼ ਸਾਮੰਤਾਂ ਦਾ ਪ੍ਰਤੀਨਿਧਿਤੱਵ ਸੀ। ਇਸ ਤੋਂ ਇਲਾਵਾ ਸਰਕਾਰ ਦੇ 40 ਵਿਭਾਗ ਸਨ ਜਿਹਨਾਂ ਦਾ ਕੰਮ ਠੀਕ ਢੰਗ ਵੰਡ ਨਾਲ ਨਹੀਂ ਸੀ। ਸਥਾਨਿਕ ਪ੍ਰਸ਼ਾਸ਼ਨ ਗਵਰਣਨਾਂ ਦੇ ਹੱਥ ਵਿਚ ਸੀ। ਪੀਟਰ ਨੇ ਪ੍ਰਸ਼ਾਸਨਿਕ ਸੁਧਾਰਾਂ ਰਾਹੀਂ ਸਾਰੀ ਸ਼ਕਤੀ ਦਾ ਕੇਂਦਰੀਕਰਨ ਸ਼ਾਸ਼ਕ ਦੇ ਹੱਥ ਵਿਚ ਕਰ ਦਿੱਤਾ। 'ਪੀਟਰ, ਲੁਈ ਚੌਧਹਵੇਂ ਦੇ ਸ਼ਾਸ਼ਨਤੰਤਰ ਨਾਲ ਬਹੁਤ ਪ੍ਰਭਾਵਿਤ ਹੋਇਆ ਸੀ। 1716 ਵਿਚ ਨਵੀਂ ਸੈਨਿਕ ਆਚਾਰ ਸੰਹਿਤਾ

ਨੋਟ

ਵਿਚ ਉਸ ਨੇ ਆਪਣੇ ਆਪ ਨੂੰ ਨਿੰਰਕੁਸ ਘੋਸ਼ਿਤ ਕੀਤਾ ਸੀ। ਉਸਨੇ ਸਭ ਤੋਂ ਪਹਿਲਾ 'ਡਿਊਮਾ' ਨੂੰ ਸਮਾਪਤ ਕੀਤਾ। ਹੁਣ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰਤਿਨਿਧ ਸਭਾ ਨਹੀਂ ਰਹਿ ਗਈ ਸੀ। 'ਡਿਊਮਾ' ਦੇ ਸਥਾਨ 'ਤੇ ਕਈ ਸੰਸਥਾਵਾਂ ਬਣਾਈਆਂ ਗਈਆਂ ਜਿਸ ਵਿਚ 'ਸੀਨੇਟ' ਪ੍ਰਮੁੱਖ ਸੀ ਅਤੇ ਜਿਸ ਦੀ ਸਥਾਪਨਾ 1711 ਵਿਚ ਹੋਈ ਸੀ। 40 ਵਿਭਾਗਾਂ ਦੇ ਸਥਾਨ 'ਤੇ 9 ਕਾਲੇਜ ਸਥਾਪਿਤ ਕੀਤੇ ਗਏ। ਜਿਹਨਾਂ ਦਾ ਕਾਰਜਭਾਰ ਤੇ ਜ਼ਿੰਮੇਵਾਰੀ ਦਾ ਦਾਇਰਾ ਨਿਸ਼ਚਿਤ ਸੀ। ਪ੍ਰਾਂਤੀਅ ਸ਼ਾਸ਼ਨ ਦੇ ਲਈ ਉਸ ਨੇ ਦੇਸ਼ ਨੂੰ12 ਭਾਗਾਂ ਵਿਚ ਵੰਡਿਆ। ਹਰੇਕ ਭਾਗ 'ਤੇ ਇਕ ਗਵੰਰਨਰ ਸ਼ਾਸ਼ਨ ਕਰਦਾ ਸੀ। ਪਰਾਂਤੀਯ ਸਰਕਾਰ 'ਤੇ 1708, 1715 ਅਤੇ 1719 ਵਿਚ ਕੇਂਦਰੀ ਸਰਕਾਰ ਦਾ ਨਿਯੰਤਰਣ ਵਧਾਇਆ ਗਿਆ ਅਤੇ ਅਫ਼ਸਰਾਂ ਨੂੰ ਕਾਲਜਾਂ ਦੇ ਪ੍ਰਤੀ ਜਵਾਬਦੇਹ ਠਹਿਰਾਇਆ ਗਿਆ। ਉਸਨੇ ਪੁਰਾਣੇ ਸਾਮੰਤਾਂ ਦੇ ਸਥਾਨ 'ਤੇ ਨਵੇਂ ਸਾਮੰਤ ਪੈਦਾ ਕੀਤੇ। ਇਨਾਂ ਸਵਾਮੀਭਗਤ ਸਾਮੰਤਾਂ ਦੀ ਸਹਾਇਤਾ ਨਾਲ ਪੀਟਰ ਰੂਸ 'ਤੇ ਸ਼ਾਸ਼ਨ ਕਰਦਾ ਸੀ। 1725 ਈ ਵਿਚ ਪਰਾਂਤੀਯ ਸ਼ਾਸ਼ਨ ਵਿਚ ਹੋਰ ਪਰਿਵਰਤਨ ਹੋਏ। ਦੇਸ਼ 50 ਪ੍ਰਾਤਾਂ ਵਿਚ ਵੰਡਿਆ ਹੋਇਆ ਸੀ ਅਤੇ ਉਸ ਦੇ ਉਪਰ ਗਵੰਰਨਰ ਸ਼ਾਸ਼ਨ ਕਰਦਾ ਸੀ। ਉਹਨਾਂ ਦੀ ਸਹਾਇਤਾ ਦੇ ਲਈ ਨਵੇਂ ਅਫ਼ਸਰਾਂ ਦੀ ਨਿਯੁਕਤੀ ਕੀਤੀ ਗਈ ਸੀ। ਇਹ ਅਫ਼ਸਰ ਸਾਮੰਤ ਵਰਗ ਵਿਚੋਂ ਲਏ ਜਾਂਦੇ ਸਨ। ਸੈਨਿਕਾਂ ਤੇ ਅਫ਼ਸਰਾਂ ਨੂੰ ਵੀ ਇਹੀ ਸਮਝਾਇਆ ਜਾਂਦਾ ਸੀ ਕਿ ਰਾਜਭਗਤੀ ਅਤੇ ਰਾਸ਼ਟਰਭਗਤੀ ਪਰਾਏਵਾਚੀ ਹੈ। ਇਸ ਪ੍ਰਕਾਰ ਪੀਟਰ ਨੇ ਆਪਣੇ ਦੇਸ਼ ਵਿਚ ਪਹਿਲਾਂ ਹੀ ਅਪੇਕਸ਼ਾ ਇਕ ਮਜ਼ਬੂਰ ਨੌਕਰਸ਼ਾਹੀ ਅਤੇ ਕੇਂਦਰੀ ਸ਼ਾਸ਼ਨ ਸਥਾਪਿਤ ਕੀਤਾ। ਉਸਦਾ ਉਦੇਸ਼ ਸੀ ਕਿ ਇਸ ਸ਼ਕਤੀਸ਼ਾਲੀ ਕੇਂਦਰ ਦੀ ਸਹਾਇਤਾ ਨਾਲ ਇਕ ਵੱਡੀ ਸੈਨਾ ਖੜੀ ਕਰੇ ਜੋ ਰੂਸ ਨੂੰ ਅੰਤਰਰਾਸ਼ਟਰੀ ਸ਼ਕਤੀ ਬਣਾਏ। ਪ੍ਰਸ਼ਾਸਨ ਦਾ ਜੋ ਢਾਂਚਾ ਪੀਟਰ ਨੇ ਬਣਾਇਆ ਸੀ ਉਹ ਬਹੁਤ ਹੀ ਥੋੜੇ ਪਰੀਵਰਤਨਾਂ ਦੇ ਨਾਲ, ਉਸ ਦੇ ਉਤਰਅਧਿਕਾਰੀਆਂ ਦੇ ਸਮੇਂ ਵੀ ਚਲਦਾ ਰਿਹਾ। ਕਈ ਨਵੀਆਂ ਸੰਸਥਾਵਾਂ ਦਾ ਉਦੇ ਹੋਇਆ। 1726 ਵਿਚ ਸੁਪਰੀਮ ਪ੍ਰਿਬੀ ਕੌਂਸਲ (Supreme Privy Council), 1731 ਵਿਚ ਕੈਬਿਨਟ ਆਦਿ ਸਥਾਪਿਤ ਕੀਤੀ ਗਈ। ਸਿਨੇਟ ਦੀ ਸ਼ਕਤੀ ਕੁਝ ਘੱਟ ਗਈ। ਕੈਥਰੀਨ ਦਿਤੀਯ ਨੇ ਇਸ ਨੂੰ 6 ਵਿਭਾਗਾਂ ਵਿਚ ਵਿਭਾਜਿਤ ਕਰ ਦਿੱਤਾ ਸੀ, ਪਰ ਹੁਣ ਵੀ ਇਹ ਪ੍ਰਸ਼ਾਸ਼ਨ ਦਾ ਕਾਫ਼ੀ ਕੰਮ ਸੰਭਾਲਦੀ ਸੀ। ਪੀਟਰ ਦੇ ਬਣਾਏ ਹੋਏ ਕਾਲਜ ਉਸੇ ਤਰ੍ਹਾਂ ਹੀ ਰਹੇ। ਪੀਟਰ ਦੀ ਬਣਾਈ ਸਥਾਨਿਕ ਸਰਕਾਰ ਨੂੰ 1728 ਵਿਚ ਬਦਲ ਦਿੱਤਾ ਗਿਆ। ਹੁਣ ਕੋਈ ਪ੍ਰਾਤਾਂ ਨੂੰ ਇਕੱਠਾ ਕਰਕੇ ਉਹਨਾਂ 'ਤੇ ਗਵੰਰਣਰ ਦਾ ਸ਼ਾਸਨ ਲਾਗੂ ਕੀਤਾ ਗਿਆ।

> ਕੀ ਤੁਸੀ ਜਾਣਦੇ ਹੋ? ਨਿਰੰਕੁਸ਼ ਰਾਜਤੰਤਰ ਨੂੰ ਮਜ਼ਬੂਤ ਬਣਾਉਣ ਵਿਚ ਸ਼ਾਸ਼ਕਾਂ ਦੇ 'ਦੈਵੀ ਅਧਿਕਾਰ' ਦਾ ਬਹੁਤ ਮਹੱਤਵ ਸੀ।

ਪਰ ਨਿਰੰਕੁਸ਼ ਰਾਜਤੰਤਰ ਦੀ ਸਥਾਪਨਾ ਦੇ ਬਾਅਦ ਵੀ ਪੀਟਰ ਦੇ ਆਂਤਰਿਕ ਸੁਧਾਰ ਉਨੇ ਸਫ਼ਲ ਨਹੀਂ ਹੋਏ ਜਿੰਨੀ ਉਸ ਨੂੰ ਆਸ਼ਾ ਸੀ। ਬਹੁਤ ਹੀ ਸਮਾਜਿਕ ਅਤੇ ਆਰਥਿਕ ਕਾਰਨਾਂ ਤੋਂ ਪੀਟਰ ਨੂੰ ਆਪਣਾ ਨਿਰੰਕੁਸ਼ ਸ਼ਾਸ਼ਨ ਚਲਾਉਣ ਵਿਚ ਕਈ ਸਮਸਿਆਵਾਂ ਸਾਹਮਣੇ ਆਈਆਂ। ਸਧਾਰਨਤਆ ਰੂਸ ਦੀ ਜਨਤਾ ਆਲਸੀ ਸੀ। ਰੂਸ ਇਕ ਵਿਸਤਰਿਤ ਦੇਸ਼ ਸੀ ਅਤੇ ਯਾਤਾਯਾਤ ਦੇ ਸਾਧਨ ਕਠਿਨ ਅਤੇ ਹੌਲੀ ਚਾਲ ਵਾਲੇ ਸਨ। ਨਵੇਂ ਸੁਧਾਰਾਂ ਦਾ ਪ੍ਰਭਾਵ ਜਾਨਣ ਦੇ ਲਈ ਸਰਕਾਰ ਦੇ ਕੋਲ ਸਾਧਨ ਬਹੁਤ ਘੱਟ ਸਨ। ਇਸਦੇ ਅਤਿਰਿਕਤ ਪ੍ਰਸ਼ਾਸਨ 'ਚ ਫੈਲਿਆ ਹੋਇਆ ਭ੍ਰਿਸ਼ਟਾਚਾਰ ਨੂੰ ਦੂਰ ਕਰਨ 'ਚ ਪੀਟਰ ਸਫ਼ਲ ਨਹੀਂ ਹੋਇਆ। ਰੂਸ ਵਿਚ ਦਾਸ ਪ੍ਰਥਾ ਜੋਰਾਂ 'ਤੇ ਸੀ ਅਤੇ ਪੀਟਰ ਦੁਆਰਾ ਲਗਾਏ ਗਏ ਸੁਧਾਰਾਂ ਨਾਲ ਕਰਾਂ ਦਾ ਜਿਆਦਾ ਬੋਝ ਦਾਸਾਂ ਉਤੇ ਪੈ ਰਿਹਾ ਸੀ। ਪੀਟਰ ਨੇ ਉਹਨਾਂ ਨੂੰ ਸੁਤੰਤਰਤਾ ਦਿਵਾਉਣ ਦੀ ਕੋਈ ਚੇਸ਼ਠਾ ਨਹੀਂ ਕੀਤੀ। ਦਾਸ, ਜੋ ਕਿ ਜਨਸਾਧਾਰਨ ਦਾ ਇਕ ਵੱਡਾ ਭਾਗ ਸਨ, ਪੀਟਰ ਦੇ ਸ਼ਾਸਨ ਨੂੰ ਪੂਰਣ ਸਹਾਇਤਾ ਨਾ ਦੇ ਸਕੇ।

ਕਈ ਇਤਿਹਾਸਕਾਰਾਂ ਨੇ ਪੀਟਰ ਦੇ ਕੰਮਾਂ ਦੀ ਆਲੋਚਨਾ ਕੀਤੀ ਹੈ। ਡੇਵਿਡ ਔਗ ਨੇ ਕਿਹਾ ਕਿ ਪੀਟਰ ਨੇ ਥੋੜੇ ਸਮੇਂ ਵਿਚ ਇਕ ਕ੍ਰਾਂਤੀ ਲਿਆਉਣ ਦੀ ਕੋਸ਼ਿਸ ਕੀਤੀ ਜੋ ਕਿ ਹੋਲੀ-ਹੋਲੀ ਸਮੇਂ ਅਨੁਸਾਰ ਆਉਣੀ ਚਾਹੀਦੀ ਸੀ। ਔਗ ਦੀ ਰਾਇ 'ਚ ਜੇਕਰ ਇਹ ਹੀ ਸੁਧਾਰ ਹੋਲੀ-ਹੋਲੀ ਲਿਆਏ ਜਾਂਦੇ, ਤਾਂ ਪੀਟਰ ਰੂਸ ਵਿਚ ਰਾਸ਼ਟਰੀਅਤਾ ਦੀ ਭਾਵਨਾ ਜਗਾਉਣ ਅਤੇ ਉਸ ਨੂੰ ਸਥਾਈ ਸੰਸਕ੍ਰਿਤੀ ਪ੍ਰਦਾਨ ਕਰਨ ਵਿਚ ਸਫ਼ਲ ਹੁੰਦਾ। ਇਹ ਤਾਂ ਸੱਚ ਹੈ ਕਿ ਆਪਣਾ ਕੰਮ ਕਰਨ ਦੇ ਲਈ ਪੀਟਰ ਨੇ ਹਿੰਸਾ ਦਾ ਸਹਾਰਾ ਲਿਆ, ਪਰ ਰਾਸ਼ਟਰੀਅਤਾ ਦੀ ਭਾਵਨਾ ਉਸ ਵਿਚ ਬਹੁਤ ਜਿਆਦਾ ਸੀ। ਉਸਨੇ ਵਿਦੇਸ਼ੀਆਂ ਨੂੰ ਰੂਸ ਵਿਚ ਤਕਨੀਕੀ ਵਿਕਾਸ ਅਤੇ ਸੈਨਿਕ ਪ੍ਰਰਿਕਸ਼ਨ ਦੇ ਲਈ ਬੁਲਾਇਆ। ਪਰ ਉਚ ਸਰਕਾਰੀ ਪੱਧਰ 'ਤੇ ਕੇਵਲ ਰੂਸੀ ਅਫ਼ਸਰ ਨਿਯੁਕਤ ਹੁੰਦੇ ਸਨ ਅਤੇ ਪੀਟਰ ਦੇ ਆਪਣੇ ਪਰਾਮਰਸ਼ਦਾਤਾ ਵੀ ਜਿਆਦਾ ਰੂਸੀ ਹੀ ਸਨ, ਇਸ ਲਈ ਅਲੋਚਨਾ ਪੀਟਰ ਦੇ ਵਿਚਾਰਾਂ ਤੇ ਕਾਰਜਵਿਧੀ ਦੀ ਹੋਣੀ ਚਾਹੀਦੀ ਹੈ, ਵਿਦੇਸ਼ੀ ਸਹਾਇਤਾ ਦੀ ਨਹੀਂ। ਜੀ.ਐਨ.ਕਲਰਕ ਨੇ ਸੰਕੇਤ ਦਿੱਤਾ ਕਿ ਜਿਸ ਸਮੇਂ ਪੀਟਰ ਸ਼ਾਸਕ ਬਣਿਆ, ਯੂਰਪ ਵਿਚ ਕ੍ਰਿਸ਼ੀ ਅਤੇ ਉਦਯੋਗਿਕ ਕ੍ਰਾਂਤੀਆਂ ਹੋ ਰਹੀਆਂ ਸਨ। ਜੇਕਰ ਰੂਸ ਵਿਚ ਸੁਧਾਰ ਅੰਦੋਲਨ ਹੋਲੀ-ਹੋਲੀ ਚਲਦਾ ਜਾਂਦਾ, ਤਾਂ ਰੂਸ ਉਦਯੋਗਿਕ ਤੇ ਤਕਨੀਕੀ ਦ੍ਰਿਸ਼ਟੀ ਤੋਂ ਪਿਛੜਿਆ ਹੋਇਆ ਰਹਿ ਜਾਂਦਾ ਅਤੇ ਇਹ ਵੀ ਸੰਭਵ ਹੈ ਕਿ ਉਸ ਹਾਲਤ ਵਿਚ ਰੂਸ ਜਾਂ ਤਾਂ ਵਿਦੇਸ਼ੀ ਆਕਰਮਣਾਂ ਦਾ ਜਾਂ ਫਿਰ ਸਾਮੰਤਾਂ ਦੁਆਰਾ ਫੈਲਾਈ ਗਈ ਆਂਤਰਿਕ ਅਸ਼ਾਂਤੀ ਦਾ ਸ਼ਿਕਾਰ ਹੋ ਜਾਂਦਾ।

ਪੀਟਰ ਤੋਂ ਬਾਅਦ ਰੂਸ ਵਿਚ ਆਰੋਗ ਸ਼ਾਸਕਾਂ ਦਾ ਬੋਲਬਾਲਾ ਸੀ। ਕੈਥਰੀਨ ਪ੍ਰਥਮ 1725-27, ਪੀਟਰ ਦਿਵੀਤਯ 1727-30, ਇਨਾ 1730-40, ਅਲੀਜਾਬੇਥ 1741-62, ਪੀਟਰ ਤ੍ਰੀਤੀਯ ਅਤੇ ਉਸ ਤੋਂ ਬਾਅਦ ਕੈਥਰੀਨ ਦਿਵੀਤਯ ਸਿੰਘਾਸਨ 'ਤੇ ਆਈ। ਇਹਨਾਂ ਸਭ ਸ਼ਾਸ਼ਕਾਂ ਦੇ ਸਮੇਂ ਵਿਚ (1725-1762 ਤਕ) ਰੂਸ ਵਿਚ ਕਾਫ਼ੀ ਉਥਲ-ਪੁਥਲ ਰਹੀ। ਸ਼ਾਸ਼ਕਾਂ ਦੇ ਕੰਮਜ਼ੋਰ ਹੋਣ ਦੇ ਨਾਲ ਸਾਮੰਤਾਂ ਨੂੰ ਆਪਣੀ ਸ਼ਕਤੀ ਬਣਾਉਣ ਦਾ ਮੌਕਾ ਮਿਲਿਆ। ਪਰ ਫਿਰ ਵੀ ਇਸ ਸਮੇਂ ਰੂਸ ਨੇ ਯੂਰਪ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। 1726 ਵਿਚ ਆਸਟ੍ਰੀਆ ਦੇ ਨਾਲ ਇਕ ਪਰਸਪਰ ਮੈਤਰੀ ਸੰਧੀ ਕੀਤੀ ਗਈ, ਜੋ ਸਪਤ ਸਾਲਾਂ ਯੁਧ ਤੱਕ ਬਣੀ ਰਹੀ। 1764 'ਚ ਰੂਸ ਅਤੇ ਪ੍ਰਸ਼ਾ ਦੇ ਵਿਚ ਇਸ ਤਰ੍ਹਾਂ ਦੀ ਸੰਧੀ ਹੋਈ ਅਤੇ 1781 'ਚ ਕੈਥਰੀਨ ਦਿਤਯ ਅਤੇ ਜੋਸੇਫ ਦਿਤਯ ਦੇ ਮੱਧ, ਇਕ ਸੰਧੀ ਦੁਆਰਾ ਆਪਸੀ ਸੰਬੰਧ ਤੇ ਦ੍ਰਿੜ ਕੀਤੇ ਗਏ।

ਨੋਟ

ਸੰਨ 1762 ਵਿਚ ਆਪਣੇ ਪਤੀ ਪੀਟਰ ਤ੍ਰੀਤੀਅ ਦੀ ਮੌਤ ਤੋਂ ਬਾਅਦ ਕੈਥਰੀਨ ਦੂਜੀ ਜਾਰੀਨਾ ਬਣੀ ਅਤੇ 1794 ਤਕ ਰੂਸ 'ਤੇ ਨਿਰੰਕੁਸ਼ ਸ਼ਾਸਨ ਕਰਦੀ ਰਹੀ। ਉਹ ਇਕ ਜਰਮਨ ਰਾਜਕੁਮਾਰੀ ਸੀ ਅਤੇ ਪੀਟਰ ਨਾਲ ਵਿਆਹ ਤੋਂ ਬਾਅਦ ਜਦੋਂ ਰੂਸ ਆਈ ਤਾਂ ਉਸਨੇ ਰੂਸੀ ਭਾਸ਼ਾ ਆਚਾਰ-ਵਿਵਹਾਰ ਨੂੰ ਸਿੱਖਿਆ। ਉਸਨੇ ਰੂਸੀ ਮਿੱਤਰ ਬਣਾਏ, ਅਤੇ ਰੂਸੀ ਰਾਜਨੀਤੀ ਵਿਚ ਰੁਚੀ ਲੈਣ ਲੱਗੀ। ਜ਼ਾਰੀਨਾ ਬਣਕੇ, ਉਸ ਦਾ ਉਦੇਸ਼ ਸੀ ਕਿ ਨਿਰੰਕੁਸ਼ ਸ਼ਾਸਨ ਬਣਾਈ ਰੱਖਣਾ। ਉਸਨੇ ਪੀਟਰ ਦੀ ਪਸ਼ਚਾਤੀਕਰਨ ਦੀ ਨੀਤੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਸਾਰੇ ਰੂਸ ਦੇ ਪ੍ਰਤੀਨਿਧੀਆਂ ਦੀ ਇਕ ਸਭਾ ਬੁਲਾਈ। ਉਹ ਰੂਸ ਦੇ ਕਾਨੂੰਨ ਨੂੰ ਆਧੁਨਿਕ ਰੂਪ ਦੇਣਾ ਅਤੇ ਸੰਕਲਿਤ ਕਰਨਾ ਚਾਹੁੰਦੀ ਸੀ। ਉਸਨੇ ਉਹਨਾਂ ਨੂੰ ਆਪਣੇ ਖੇਤਰਾਂ ਦੀ ਵਿਸ਼ੇਸ਼ ਜ਼ਰੂਰਤਾਂ ਦੀ ਸੂਚੀ ਬਣਾਉਣ ਲਈ ਕਿਹਾ ਗਿਆ ਸੀ। ਉਹਨੇ ਤਤਕਾਲੀਨ ਪੱਛਮੀ ਵਿਚਾਰਾਂ ਦੇ ਆਧਾਰ 'ਤੇ ਇਕ ਨਿਰਦੇਸ਼ ਵੀ ਦਿੱਤਾ ਗਿਆ।

ਉਸਨੇ ਪ੍ਰਸ਼ਾਸ਼ਨ ਨੂੰ ਇਕਾਈਆਂ 'ਚ ਵੰਡ ਕੇ ਗਵੰਰਨਰ ਅਤੇ ਉਪ-ਗਵੰਰਣਹਾਂ ਦੀ ਨਿਯੁਕਤੀ ਕੀਤੀ। ਉਹਨਾਂ ਨੂੰ ਕੋਈ ਸੁਤੰਤਰਤਾ ਨਹੀਂ ਸੀ। ਉਹ ਕੇਵਲ ਕੈਥਰੀਨ ਦੀ ਆਗਿਆ ਦਾ ਪਾਲਣ ਕਰਦੇ ਸਨ। ਕੈਥਰੀਨ ਨੇ ਚਰਚ ਦੀ ਸੰਪਤੀ ਵੀ ਰਾਜ ਨੂੰ ਦੇ ਦਿੱਤੀ। ਹੁਣ ਧਰਮਅਧਿਕਾਰੀ ਜੀਵਨਪਾਲ ਦੇ ਲਈ ਰਾਜ 'ਤੇ ਆਸ਼ਿਤ ਹੋ ਗਏ।

ਪਰ ਕੈਥਰੀਨ ਦੇ ਨਿਰੰਕੁਸ਼ਵਾਦ ਵਿਚ ਜਮੀਦਾਰ ਵਰਗ ਦਾ ਇਕ ਮਹਤੱਵਪੂਰਨ ਯੋਗ ਸੀ। ਰੂਸ ਵਿਚ ਜਿੰਮੀਦਾਰਾਂ ਅਤੇ ਕਿਸਾਨਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਸੀ। ਰਾਜਤੰਤਰ ਅਤੇ ਜ਼ਿੰਮੀਦਾਰਾਂ ਦੇ ਵਿਚ ਵੈਮਨਸਯ ਹੋਲੀ-ਹੋਲੀ ਘੱਟ ਰਿਹਾ ਸੀ। 1730 ਤੋਂ ਤਾਂ ਜ਼ਿੰਮੀਦਾਰ ਰਾਜਤੰਤਰ ਦੇ ਸਵਾਮੀ ਭਗਤ ਦੋਸਤ ਬਣ ਗਏ ਸਨ। ਜ਼ਿੰਮੀਦਾਰਾਂ ਦੇ ਦੋ ਵਰਗ ਸੀ ਇਕ ਤਾਂ ਪੁਰਾਣਾ ਸਾਮੰਤ ਵਰਗ ਅਤੇ ਦੂਜਾ ਨਵਾਂ ਜ਼ਿੰਮੀਦਾਰ ਵਰਗ ਜੋ ਪੀਟਰ ਦੀ ਦੇਣ ਸੀ। ਇਹ ਨਵਾਂ ਜ਼ਿੰਮੀਦਾਰ ਵਰਗ ਰਾਜਤੰਤਰ ਦਾ ਸਹਾਇਕ ਸੀ ਅਤੇ ਇਸਨੂੰ ਇਹ ਵੀ ਸ਼ਪਸਟ ਸੀ ਕਿ ਪੁਰਾਣੇ ਸਾਮੰਤਾਂ ਦੇ ਵਿਰੁੱਧ ਨਿਰੰਕੁਸ਼ ਸ਼ਾਸਨ ਉਸਨੂੰ ਆਸ਼ਰਯ ਪ੍ਰਦਾਨ ਕਰਾਵੇਗਾ। 1762 ਵਿਚ ਪੀਟਰ ਤ੍ਰਤੀਯ ਨੇ ਉਹਨਾ ਨੂੰ ਜ਼ਰੂਰੀ ਰਾਜ ਸੇਵਾ ਤੋਂ ਮੁਕਤ ਕਰ ਦਿੱਤਾ ਸੀ। 1775 ਵਿਚ ਸਥਾਨਿਕ ਸ਼ਾਸਨ ਵਿਚ ਬਦਲਾਵ ਕਰਕੇ ਪੀਟਰ ਦੇ ਦੁਆਰਾ ਬਣਾਏ ਕਾਲਜਾਂ ਦੇ ਬਹੁਤ ਜਿਹੇ ਕੰਮ ਪ੍ਰਾਂਤੀਯ ਚੈਮਬਰਾਂ ਨੂੰ ਦਿੱਤੇ ਗਏ। ਜਿਸ ਵਿਚ ਜਿਆਦਾਤਰ ਮੈਂਬਰ ਜਮੀਂਦਾਰ ਸਨ। 1785 ਵਿੱਚ ਜਮੀਂਦਾਰ ਵਰਗ ਨੂੰ ਚਾਰਟਰ ਪ੍ਰਦਾਨ ਕਰਵਾਏ ਗਏ ਜਿਸਦੇ ਅਨੁਸਾਰ ਉਹਨਾਂ ਨੂੰ ਬਹੁਤ ਕਾਨੂੰਨੀ ਅਤੇ ਆਰਥਿਕ ਅਧਿਕਾਰ ਦਿੱਤੇ ਗਏ। ਇਸ ਤਰ੍ਹਾਂ ਕੈਥਰੀਨ ਦੇ ਸਮੇਂ ਵਿਚ ਰਾਜਤੰਤਰ ਨਿਰੰਕੁਸ਼ ਹੋ ਰਹੇ ਸ਼ਾਸਨ ਦਾ ਬਹੁਤ ਕੁਝ ਭਾਗ ਜ਼ਿੰਮੀਦਾਰਾਂ ਦੇ ਹੱਥ ਵਿਚ ਹੋ ਗਿਆ ਸੀ।

ਵਿਦੇਸ਼ੀ ਨੀਤੀ ਦੀ ਦ੍ਰਿਸ਼ਟੀ ਤੋਂ ਯੂਰਪ ਵਿਚ ਰੂਸ ਇਕ ਮਹੱਤਵਪੂਰਨ ਦੇਸ਼ ਸੀ। ਰੂਸ ਨੇ ਵਿਸ਼ੇਸ਼ ਆਸ਼ਾ ਕੀਤੀ ਕਿ ਸਵੀਡਨ ਬਾਲਟਿਕ ਸਮੁੰਦਰ ਵਿਚ ਆਪਣੀਆਂ ਗੁੰਮਿਆਂ ਹੋਇਆ ਪ੍ਰਵੇਸ਼ ਵਾਪਸ ਨਾ ਲੈ ਲਵੇ। ਕੈਥਰੀਨ ਜਾਣਦੀ ਸੀ ਕਿ ਬਾਲਟਿਕ ਪਹੁੰਚ ਕੇ ਰੂਸ ਦਾ ਉਦੇਸ਼ ਪੂਰਾ ਨਹੀਂ ਹੋਇਆ ਸੀ। ਉਸਨੂੰ 12 ਮਹੀਨੇ ਖੁਲ੍ਹਾ ਰਹਿਣ ਵਾਲਾ ਬਾਲਟਿਕ ਸਾਗਰ ਚਾਹੀਦਾ ਸੀ ਕੈਥਰੀਨ ਨੇ ਆਪਣਾ ਉਦੇਸ਼ ਪੂਰਾ ਕਰਨ ਲਈ ਪ੍ਰਸ਼ਾ ਦੇ ਫੈਡਰਿਕ ਦ੍ਵਿਤੀਯ ਤੋਂ ਦੋਸਤੀ ਕੀਤੀ ਅਤੇ ਉਸਨੂੰ ਆਪਣੇ ਨਾਲ ਮਿਲਾ ਲਿਆ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. ਕੈਥਰੀਨ ਦੇ ਨਿਰੰਕੁਸ਼ਵਾਦ ਵਿਚ ..............ਦਾ ਮਹਤੱਵਪੂਰਨ ਯੋਗਦਾਨ ਸੀ।
2. ਨਿਰੰਕੁਸ਼ ਰਾਜਤੰਤਰ ਦੀ ਸਥਾਪਨਾ ਯੂਰਪ ਵਿਚ ................ ਵਿੱਚ ਹੋ ਚੁੱਕੀ ਸੀ।
3. ਅਠਾਰਵ੍ਹੀਂ ਸਦੀ ਵਿਚ ਰੂਸ ਯੂਰਪ ਵਿਚ................. ਸ਼ਕਤੀ ਬਣ ਚੁੱਕਾ ਸੀ।

## 7.4 ਫ੍ਰੇਡਰਿਕ ਦਾ ਨਿਰੰਕੁਸ਼ ਸ਼ਾਸਨ (Autocratic Rule of Fredrick)

ਸੰਨ 1688-1713 ਵਿਚ ਫ੍ਰੇਡਰਿਕ ਪ੍ਰਥਮ ਪ੍ਰਸ਼ਾ ਦਾ ਸ਼ਾਸਕ ਬਣਿਆ। ਉਹ ਸਾਧਾਰਣ ਯੋਗਤਾ ਦਾ ਮਨੁੱਖ ਸੀ। ਉਸਨੇ ਆਪਣੇ ਪਿਤਾ-ਜਿਸ ਤਰ੍ਹਾਂ ਦਰਿਢਤਾ ਅਤੇ ਚਰਿਤਰ ਦਾ ਆਭਾਵ ਸੀ। ਪਰ ਫਿਰ ਵੀ ਉਹਨਾਂ ਨੇ ਆਪਣੇ ਪਿਤਾ ਦੀ ਵਿਦੇਸ਼ ਨੀਤੀ ਨੂੰ ਕਾਇਮ ਰੱਖਿਆ। ਉਹ ਔਸਤਵਰਗ ਲੀਗ ਦਾ ਮੈਂਬਰ ਸੀ। ਉਸਦੀ ਸੇਨਾ ਯੂਰਪੀ ਯੁੱਧ ਵਿਚ ਭਾਗ ਲੈਂਦੀ ਰਹੀ। 1698 'ਰਿਜਵਿਕ ਦੀ ਸੰਧਿ' ਦੇ ਬਾਅਦ ਉਸਨੇ ਆਪਣੇ ਸਵਤੰਤਰ ਸ਼ਾਸਕ ਅਹੁੱਦੇ ਦੀ ਮੰਗ ਦੀ ਹੋਰ 1701 ਵਿਚ ਉਸਨੇ ਆਪਣੇ ਆਪ ਨੂੰ 'ਪ੍ਰਸ਼ਾ ਦਾ ਰਾਜਾ' ਘੋਸ਼ਿਤ ਕੀਤਾ। ਉਹ ਪ੍ਰਜਾ ਦੇ ਨਿਰੰਕੁਸ਼ ਰਾਜਤੰਤਰ ਦੇ ਅੱਗੇ ਦੀ ਹੋਰ ਇਕ ਅਤੇ ਕਦਮ ਸੀ।

ਆਨਤਰਿਕ ਨੀਤੀ ਵਿਚ ਉਸਨੇ ਨਿਰੰਕੁਸ਼ਵਾਦ ਨੂੰ ਦ੍ਰਿੜ ਕੀਤਾ ਨਿਆਇ ਸੰਬੰਧੀ ਮਾਮਲੇ ਤੇ ਵਿਚਾਰ ਕਰਣ ਦੇ ਅਧਿਕਾਰ ਕੇਵਲ ਬਰਲਿਨ ਸਥਿਤ 'ਸੁਪਰੀਮ ਕੋਰਟ ਆਠ ਅਪੀਲ' ਨੂੰ ਦਿੱਤਾ ਗਿਆ। ਉਸਨੇ ਜਰਮਨ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਬੜ੍ਹਾਵਾ ਦੇਣ ਦੇ ਲਈ ਬਗਲਿਨ ਵਿਚ ਕਲਾ ਅਤੇ ਵਿਗਿਆਨ ਦੀ ਅਕਾਦਮੀ ਦੀ ਸਥਾਪਨਾ ਕੀਤੀ। 1694 ਨੂੰ ਉਸਨੇ ਹਾਲ ਵਿਸ਼ਵ ਵਿਦਿਆਲਾ (Halle university) ਦੀ ਸਥਾਪਨਾ ਕੀਤੀ।

ਫ੍ਰੇਡਰਿਕ ਦੇ ਰਾਜਕਾਲ ਵਿੱਚ ਨਿਰੰਕੁਸ਼ਵਾਦ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋ ਗਈਆਂ ਅਤੇ ਪ੍ਰਸ਼ਾ ਹੁਣ ਮਹਾਨ ਸ਼ਕਤੀ ਬਣਨ ਦੇ ਲਈ ਤਿਆਰ ਹੋ ਗਿਆ। 1713-40 ਵਿੱਚ, ਫ੍ਰੇਡਰਿਕ ਬਿਲਿਅਮ ਪ੍ਰਸ਼ਾ ਦਾ ਸ਼ਾਸਕ ਸੀ। ਉਸ ਨੇ ਨਿਰੰਕੁਸ਼ ਰਾਜਤੰਤਰ ਦੇ ਅਭਿਆਨ ਨੂੰ ਹੋਰ ਅੱਗੇ ਵਦਾ ਦਿੱਤਾ ਸੀ। ਉਸਨੇ ਪ੍ਰਸ਼ਾਸਨ ਨੂੰ ਕਈ ਵਿਭਾਗਾਂ ਵਿੱਚ ਵੰਡ ਦਿੱਤਾ ਜਿਵੇਂਕਿ ਅਰਥ ਵਿਭਾਗ ਅਤੇ ਸੈਨਾ ਵਿਭਾਗ ਆਦਿ। ਹਰ ਵਿਭਾਗ ਦੇ ਰਾਜੇ ਦੀ ਆਗਿਆ ਅਨੁਸਾਰ ਕੰਮ ਕਰਨਾ ਹੁੰਦਾ ਸੀ। ਰਾਜਤੰਤਰ ਨੂੰ ਮਜ਼ਬੂਤ ਕਰਨ ਦੇ ਲਈ ਉਸਨੇ ਸਰਕਾਰੀ

ਅਫ਼ਸਰਾਂ ਨੂੰ ਉਨ੍ਹਾਂ ਦੇ ਮੂਲ ਨਿਵਾਸ ਸਥਾਨ ਤੋਂ ਹਟਾਕੇ ਪ੍ਰਾਂਤਾਂ ਵਿੱਚ ਨਿਯੁਕਤ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰੀ ਨੌਕਰਸ਼ਾਹੀ ਦੇ ਮੈਂਬਰ ਉਹਨਾਂ ਦੇ ਨਿਜੀ ਮੈਂਬਰ ਹਨ ਉਨ੍ਹਾਂ ਨੂੰ ਰਾਜੇ ਦੀ ਆਗਿਆ ਮੰਨਣੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਸਰਕਾਰੀ ਅਫ਼ਸਰਾਂ ਦੇ ਜੀਵਨ, ਧਨਧਾਨਿਯ, ਇੱਥੋਂ ਤੱਕ ਕਿ ਆਪਣੀ ਆਤਮਾ ਦੇ ਕੇ ਵੀ ਰਾਜੇ ਦੀ ਸੇਵਾ ਕਰਨੀ ਚਾਹੀਦੀ ਹੈ।

ਫ੍ਰੇਡਰਿਕ ਵਿਲਿਅਮ ਪਹਿਲੇ ਦੇ ਵਿਸ਼ੇ ਵਿੱਚ ਪ੍ਰਚੱਲਿਤ ਹੋਣ ਵਾਲੀ ਕਾਰਜਵਿਧਿਆਂ ਉਸਦੇ ਪੁੱਤਰ ਫ੍ਰੇਡਰਿਕ ਦੁਰਿਤੀਯ ਦੇ ਸਮੇਂ ਵਿੱਚ ਵੀ ਚਲਦੀ ਰਹੀ। ਫ੍ਰੇਡਰਿਕ ਦੁਤਿਯ ਵੀ ਆਪਣੇ ਪਿਤਾ ਦੇ ਸਮਾਨ, ਸ਼ਾਸਨ ਪ੍ਰਬੰਧ ਆਪਣੇ ਹੱਥਾਂ ਵਿੱਚ ਰੱਖਦਾ ਸੀ। ਇੱਕ ਤਾਂ ਉਹ ਹਰਸਾਲ ਗ੍ਰੀਸ਼ਮ ਰੁੱਤ ਵਿੱਚ ਦੌਰੇ ਤੇ ਜਾਂਦਾ ਸੀ ਅਤੇ ਸਰਕਾਰੀ ਪਦਾਧਿਕਾਰੀਆਂ ਜਾਂ ਜਨਤਾ ਦੀ ਸ਼ਿਕਾਇਤਾ ਸੁਣਦਾ ਸੀ। ਦੂਸਰਾ, ਪ੍ਰਸ਼ਾਸਨ ਵੱਲੋਂ ਭੇਜੀ ਭਈ ਪ੍ਰਾਂਤੀਯ ਰਿਪੋਰਟਾਂ ਤੇ ਉਹ ਟਿੱਕਾ-ਟਿੱਪਣੀ ਕਰਦਾ ਸੀ ਅਤੇ ਰਾਜਾ ਆਗਿਆ ਜਾਰੀ ਕਰਦਾ ਸੀ। ਉਸਦੇ ਪਿਤਾ ਦੇ ਸਮੇਂ ਬਣਾਏ ਗਏ ਵਿਸ਼ੇਸ਼ ਮੰਤਰੀ-ਵਿਭਾਗਾਂ ਜਿਵੇਂ ਵਿਉਪਾਰ, ਸੈਨਾ ਆਦਿ ਨੂੰ ਜ਼ਾਰੀ ਰੱਖਿਆ ਗਿਆ, ਪਰ ਫ੍ਰੇਡਰਿਕ ਵਿਲਿਅਮ ਦੇ ਰਾਜ ਦੇ ਅਖਿਰੀ 20 ਸਾਲਾਂ ਵਿੱਚ 1713-1740 ਦੀ ਕੁਝ ਕਾਰਜ਼ਵਿਧਿਆਂ ਹੁਣ ਖ਼ਰਾਬ ਹੋਣ ਲੱਗੀਆਂ ਸੀ। ਪ੍ਰਸ਼ਾ ਦੇ ਖ਼ੇਤਰਫਲ ਹੁਣ ਪਹਿਲਾਂ ਤੋਂ ਜਿਆਦਾ ਵਿਸਤਰਿਤ ਸੀ ਅਤੇ ਆਰਥਿਕ ਸਥਿਤੀ ਪਹਿਲਾਂ ਤੋਂ ਵੀ ਜਿਆਦਾ ਮਜ਼ਬੂਤ ਹੋ ਗਈ ਸੀ। ਫ੍ਰੇਡਰਿਕ ਦੇ ਲਈ ਨਿਜੀ ਸ਼ਾਸਨ ਕਰਨਾ ਓਨਾਂ ਹੀ ਸੌਖਾ ਨਹੀਂ ਸੀ। ਇਸ ਦੇ ਅਤਿਰਿਕਤ ਛੋਟੇ ਪਦਾਅਧਿਕਾਰੀ ਰਾਜੇ ਨੂੰ ਪ੍ਰਸ਼ਾਸਨ ਦੇ ਬਾਰੇ ਵਿੱਚ ਪੂਰੀ ਜਾਣਕਾਰੀ ਨਹੀਂ ਦਿੰਦੇ ਸਨ।

18ਵੀਂ ਸਦੀ ਵਿੱਚ ਪ੍ਰਸ਼ਾ ਅਤੇ ਰੂਸ ਦੇ ਸ਼ਾਸਨ ਪ੍ਰਬੰਧ ਵਿੱਚ ਬਹੁਤ ਸਮਾਨਤਾ ਸੀ। ਦੋਨਾਂ ਦੇਸ਼ਾ ਵਿੱਚ ਸੈਨਾ ਅਤੇ ਨੌਕਰਸ਼ਾਹੀ ਬਹੁਤ ਬਲਵਾਨ ਸੀ ਅਤੇ ਦੋਨੋਂ ਹੀ ਸ਼ਾਸਕ, ਪੀਟਰ ਪ੍ਰਥਮ ਅਤੇ ਫ੍ਰੇਡਰਿਕ ਵਿਲਿਅਮ, ਕੇਂਦਰੀਕਰਨ ਦੇ ਪਕਸ਼ਪਾਤੀ ਸੀ। ਦੋਨਾਂ ਦੇਸ਼ਾ ਵਿੱਚ ਨੌਕਰਸ਼ਾਹੀ ਦੇ ਬਾਕੀ ਮੈਂਬਰ ਕੁਲੀਨ ਉੱਚ ਵੰਸ਼ੀ ਨਾਂ ਹੋ ਕੇ, ਜਨ ਸਾਧਾਰਨ ਤੋਂ ਲਏ ਜਾਂਦੇ ਸੀ। ਪਰ ਰੂਸ ਵਿੱਚ ਪ੍ਰਸ਼ਾ ਜਿਹੀ ਕਾਰਜ਼ਪਟੂ ਨੌਕਰਸ਼ਾਹੀ ਨਾ ਸੀ। ਰੂਸ ਦਾ ਵਿਸਤਰਿਤ ਖੇਤਰਫ਼ਲ, ਉਥੋਂ ਦੇ ਅਰਧਸ਼ਿਕਸਿਤ ਅਤੇ ਅਸ਼ਿਕਸ਼ਤ ਅਫ਼ਸਰਾਂ ਅਤੇ ਉਥੋਂ ਦੇ ਰਾਜਿਆਂ ਦੀ ਸ਼ਾਸਨ ਦੇ ਪ੍ਰਤੀ ਉਦਾਸੀਨਤਾ ਹੀ ਅਜਿਹੀ ਪ੍ਰਸ਼ਾਸਿਨਕ ਕਮਜ਼ੋਰੀਆਂ ਦੇ ਲਈ ਜ਼ਿੰਮੇਵਾਰ ਹਨ।

18ਵੀਂ ਸਦੀ ਵਿੱਚ ਪ੍ਰਬੁੱਧ ਸ਼ਾਸਕਾਂ ਵਿੱਚ ਫ੍ਰੇਡਰਿਕ ਦਾ ਸਥਾਨ ਸਭ ਤੋਂ ਉੱਚਾ ਸੀ। ਉਸਦਾ ਫ੍ਰਾਂਸ ਦੇ ਨਾਲ ਘਨਿਸ਼ਠ ਸੰਪਰਕ ਸੀ। ਵਾਲਤੇਯਰ ਤੋਂ ਉਸ ਦਾ ਪੱਤਰ-ਵਿਵਹਾਰ ਸੀ ਅਤੇ ਉਹ ਫ੍ਰੇਡਰਿਕ ਦੇ ਚੰਗੇ ਦੋਸਤਾਂ ਵਿੱਚੋਂ ਇੱਕ ਸੀ। ਉਹ ਸਦਾ ਫ੍ਰੇਂਚ ਭਾਸ਼ਾ ਨੂੰ ਜਰਮਨ ਭਾਸ਼ਾ ਤੋਂ ਜਿਆਦਾ ਮਹੱਤਵ ਦਿੰਦਾ ਰਿਹਾ। ਉਸ ਦੇ ਰਾਜਨੀਤਿਕ ਵਿਚਾਰਾਂ ਦਾ ਸਾਰਅੰਸ਼ ਇਹ ਹੈ ਕਿ, ਜੋ ਸਥਾਨ ਮਨੁੱਖ ਦੇ ਸ਼ਰੀਰ ਵਿੱਚ ਦਿਮਾਗ ਦਾ ਹੈ, ਉਹੀ ਸਥਾਨ ਰਾਸ਼ਟਰ ਵਿੱਚ ਰਾਜੇ ਦਾ ਹੈ। ਇਸ ਤਰ੍ਹਾਂ ਉਸਨੇ ਰਾਜੇ ਦੀ ਸਰਵੋਚਤਾ ਅਤੇ ਪ੍ਰਮੁੱਖਤਾ ਨੂੰ ਸਥਾਪਿਤ ਕੀਤਾ। ਉਸ ਨੇ ਲੂਇ ਚੌਦਹਵੇਂ ਦੀ ਤਰ੍ਹਾਂ ਇਹ ਨਹੀਂ ਕਿਹਾ ਕਿ ਮੈਂ ਹੀ ਰਾਜਾ ਹਾਂ, ਉਹ ਕਹਿੰਦਾ ਸੀ ਕਿ ਸ਼ਾਸਕ ਰਾਜ ਦਾ ਪਹਿਲਾ-ਕਰਮਚਾਰੀ ਹੁੰਦਾ ਹੈ। ਉਹ ਨਿਰੰਕੁਸ਼ ਲੂਇ ਦੀ ਤਰ੍ਹਾਂ ਹੀ ਬਣਿਆ ਰਿਹਾ, ਪ੍ਰੰਤੂ ਉਹ ਪ੍ਰਜਾ ਦੇ ਪ੍ਰਤੀ ਜ਼ਿੰਮੇਵਾਰ ਬਣਿਆ ਰਿਹਾ। ਉਹ ਲੂਇ ਤੋ ਘੱਟ ਦੰਭੀ ਨਹੀਂ ਸੀ, ਪਰ ਉਹ ਉਨ੍ਹਾਂ ਸਵਾਰਥੀ ਅਤੇ ਆਤਮ-ਕੇਂਦਰਿਤ ਨਹੀਂ ਸੀ, ਜਿੰਨ੍ਹਾਂ ਕਿ ਲੂਇ। ਰਾਜ ਦੇ ਉੱਤਰਦਾਇਤਵ ਦਾ ਨਿਰਵਾਹ ਕਰਨ ਵਿੱਚ ਉਹ ਸਾਰੀ ਸ਼ਕਤੀ ਲਗਾ ਦਿੰਦਾ ਸੀ। ਉਹ ਲੂਇ ਦੀ ਤਰ੍ਹਾਂ ਭੋਗ-ਵਿਲਾਸ ਵਿੱਚ ਰੁਚੀ ਨਹੀਂ ਲੈਂਦਾ ਸੀ। ਉਹ ਜੋਸਫ਼ ਦੁਤਿਯਾ ਦੀ ਤਰ੍ਹਾਂ ਆਦਰਸ਼ਵਾਦੀ ਵੀ ਨਹੀਂ ਸੀ। ਉਸਨੇ ਆਪਣੇ ਸਿਧਾਂਤਾਂ ਨੂੰ ਮਹੱਤਵ ਦਿੱਤਾ ਅਤੇ ਰਾਜ ਦੇ ਹਿੱਤ ਵਿੱਚ ਕਾਰਜ਼ ਕੀਤੇ ਪ੍ਰੰਤੂ ਉਹ ਵੀ ਕਾਰਜ਼ ਜਿੰਨ੍ਹਾਂ ਨੂੰ ਠੀਕ ਸਮਝਿਆ ਜਾਂਦਾ ਸੀ। ਉਸਨੇ ਪ੍ਰਜਾ ਨੂੰ ਆਪਣੀ ਗੱਲ ਕਹਿਣ ਜਾਂ ਪ੍ਰਜਾਤੰਤਰਿਕ ਸਰਕਾਰ ਬਣਾਉਣ ਦਾ ਅਧਿਕਾਰ ਕਦੀ ਵੀ ਨਹੀਂ ਦਿੱਤਾ। ਉਹ ਰਾਜੇ ਨੂੰ ਦੈਵੀ ਅਧਿਕਾਰਾਂ ਤੋਂ ਸੰਪਨ ਨਹੀਂ ਕਹਿੰਦਾ ਸੀ, ਪਰ ਉਹ ਮੰਨਦਾ ਸੀ ਕਿ ਰਾਜ ਦੇ ਲਈ, ਪ੍ਰਜਾ ਲਈ ਕਾਰਜ ਕਰਨ, ਪਰ ਉਸ ਦੇ ਕਰਤੱਵਾਂ ਦਾ ਨਿਰਧਾਰਣਕਰਤਾ ਵੀ ਖੁਦ ਹੀ ਸੀ। ਇਸ ਲਈ ਉਸਦਾ ਸਿਧਾਂਤ ਇੰਗਲੈਂਡ ਦੇ ਸੰਵਿਧਾਨਿਕ ਰਾਜਤੰਤਰ ਅਤੇ ਫ੍ਰਾਂਸ ਦੇ ਸਵੇਚਛਾਚਾਰੀ ਰਾਜਤੰਤਰ ਦੇ ਵਿੱਚ ਪ੍ਰਬੁੱਧ ਰਾਜਤੰਤਰ ਰਿਹਾ।

ਆਂਤਰਿਕ ਨੀਤਿ ਦੇ ਖੇਤਰ ਵਿੱਚ ਉਸਨੇ ਕਿਸਾਨਾਂ ਅਤੇ ਜ਼ਮੀਦਾਰਾਂ ਨੂੰ ਵਿਗਿਆਨਿਕ ਢੰਗ ਨਾਲ ਖੇਤੀ ਕਰਨ ਦੇ ਲਈ ਪ੍ਰੋਤਸਾਹਿਤ ਕੀਤਾ। ਪਹਿਲੀ ਵਾਰ ਆਲੂ ਦੀ ਖੇਤੀ ਵੱਡੇ ਪੈਮਾਨੇ ਤੇ ਸ਼ੁਰੂ ਹੋਈ। ਪਸ਼ੂ-ਪਾਲਨ ਨੂੰ ਬੜਾਵਾ ਦਿੱਤਾ ਗਿਆ। ਟੈਕਸ ਵਸੂਲੀ ਕਰਨ ਵਾਲੇ ਕਰਮਚਾਰੀਆਂ ਤੇ ਵੀ ਕੜੀ ਨਜ਼ਰ ਰੱਖੀ। ਉਹ ਦੇਸ਼ ਦੀ ਆਤਮ-ਨਿਰਭਰਤਾ ਨੂੰ ਜ਼ਰੂਰੀ ਸਮਝਦਾ ਸੀ। ਇਸ ਲਈ ਆਯਾਤ ਨਿਯੰਤਰਿਤ ਸੀ। ਚੀਨੀ ਮਿੱਟੀ ਦੇ ਭਾਂਡੇ ਬਣਾਉਣ ਅਤੇ ਕੱਪੜਾ ਉਦਯੋਗ ਦੇ ਕਾਰੀਗਰਾਂ ਨੂੰ ਪ੍ਰੋਤਸਾਹਿਤ ਕੀਤਾ। ਸੈਨਾ ਦੇ ਪ੍ਰਕਿਸ਼ਣ ਨਿਯੁਕਤੀ ਅਤੇ ਪਰੇਡ ਆਦਿ ਤੇ ਹੀ ਉਹ ਵਿਸ਼ੇਸ਼ ਧਿਆਨ ਦਿੰਦਾ ਸੀ। ਆਧੁਨਿਕ ਹਥਿਆਰਾਂ ਦੀ ਵਰਤੋਂ ਕਰਦਾ ਸੀ। ਸੈਨਾ ਵਿੱਚ ਬਹੁਤ ਸਖ਼ਤ ਅਨੁਸ਼ਾਸਨ ਸੀ ਇਸ ਲਈ ਪ੍ਰਸ਼ਾ ਦੀ ਸੈਨਾ ਸਾਰੇ ਯੂਰੋਪ ਵਿੱਚ ਸਰਵਸ਼੍ਰੇਸ਼ਠ ਮੰਨੀ ਜਾਣ ਲੱਗੀ।

ਵਿਦੇਸ਼ ਨੀਤਿ ਦੇ ਮਾਮਲੇ ਵਿੱਚ ਫ੍ਰੇਡਰਿਕ ਦਾ ਉਦੇਸ਼ ਪ੍ਰਸ਼ਾ ਦੀ ਸੀਮਾਂ ਦਾ ਵਿਸਤਾਰ ਕਰਨਾ ਸੀ। ਆਸਟਰਿਆ ਦੇ ਉਤਰਾਧਿਕਾਰ ਦੇ ਯੁੱਧ ਵਿੱਚ ਉਸਨੇ ਮਾਰਿਆ ਨੂੰ ਆਸਟਰਿਆ ਦੀ ਸਮੱਰਾਗੀ ਤੋਂ ਮੰਨ ਲਿਆ ਸੀ, ਪਰ ਆਸਟਰਿਆ ਦੀ ਸੈਨਿਕ ਅਤੇ ਆਰਥਿਕ ਸਥਿਤੀ ਡਾਵਾਂ-ਡੋਲ ਸੀ। ਮਹੱਤਵਕਾਂਸ਼ੀ ਫ੍ਰੇਡਰਿਕ ਨੇ ਮੌਕਾ ਦੇਖਕੇ ਸਾਈਲੇਸ਼ਿਆ ਤੇ ਅਧਿਕਾਰ ਕਰ ਲਿਆ। ਪ੍ਰਸ਼ਾ ਦੀ ਸਮਰਿਧੀ ਦੇ ਲਈ ਸਾਈਲੇਸਿਆ ਦਾ ਪ੍ਰਦੇਸ਼ ਬਹੁਤ ਮਹੱਤਵਪੂਰਨ ਹੁੰਦਾ ਸੀ। ਕਾਫ਼ੀ ਲੰਮੇ ਯੁੱਧ ਤੋਂ ਬਾਅਦ, ਆਸਟਰਿਆ ਅਤੇ ਪ੍ਰਸ਼ਾ ਵਿੱਚ ਸਮਝੌਤਾ ਹੋ ਗਿਆ। 'ਡ੍ਰੇਸਡਨ ਦੀ ਸੰਧੀ' ਦੁਆਰਾ ਆਸਟਰਿਆ ਨੇ ਸਾਈਲੇਸ਼ਿਆ ਤੇ ਪ੍ਰਸ਼ਾ ਦਾ ਅਧਿਕਾਰ ਮੰਨ ਲਿਆ ਅਤੇ ਫ੍ਰੇਡਰਿਕ ਨੇ ਮਾਰਿਆ ਦੇ ਪਤਿ ਨੂੰ ਸਮਰਾਟ ਦੇ ਰੂਪ ਵਿੱਮ ਮਾਨਤਾ ਦਿੱਤੀ।

18ਵੀਂ ਸਦੀ ਦੇ ਮੱਧ ਵਿੱਚ ਯੂਰੋਪ ਦੇ ਕੂਟਨੀਤਿ ਕ੍ਰਾਂਤੀ ਵੀ ਰੂਪ ਧਾਰਨ ਕਰ ਰਹੀ ਸੀ। ਹਮੇਸ਼ਾ ਦੇ ਦੁਸ਼ਮਣ ਆਸਟਰਿਆ ਅਤੇ ਫ੍ਰਾਂਸ ਵਿੱਚ ਮਿੱਤਰਤਾ ਹੋਈ ਅਤੇ ਅਸਟਰਿਆਈ ਰਾਜਕੁਮਾਰੀ ਮਾਰੀ ਆਂਤਵਾਨੇਤ (Marie Antoinette) ਦਾ ਵਿਆਹ ਫ੍ਰਾਂਸੀਸੀ ਰਾਜਕੁਮਾਰ ਲੂਇ ਨਾਲ ਸੰਪਨ ਹੋ ਗਿਆ। ਉਧਰ ਪ੍ਰਸ਼ਾ ਅਤੇ ਇੰਗਲੈਂਡ ਦੇ ਵਿੱਚ ਮੈਤ੍ਰੀ ਹੋਈ ਅਤੇ 'ਵੇਸਟਮਨਿਸਟਰ ਦੀ ਸੰਧੀ' ਹੋਈ। ਇਨ੍ਹਾਂ ਸੰਧੀਆਂ ਨਾਲ ਯੂਰੋਪ ਵਿੱਚ ਕੂਟਨੀਤਿਕ ਸੰਬੰਧਾਂ ਦਾ ਨਕਸ਼ਾ ਹੀ ਬਦਲ ਦਿੱਤਾ।

**ਨੋਟ**

ਇਸ ਤੋਂ ਬਾਅਦ ਯੂਰੋਪ ਵਿੱਚ 'ਸਤਵਰਸ਼ੀਆ ਯੁੱਧ' (1756-1763) ਛਿੜ ਗਿਆ। ਫ੍ਰੇਡਰਿਕ ਨੇ ਫੁਰਤੀ ਨਾਲ ਸੈਕਸਨੀ ਅਤੇ ਆਸਟਰਿਆ ਨੂੰ ਹਰਾਇਆ, ਪਰ ਆਸਟਰਿਆ ਨੇ ਬਾਅਦ ਵਿੱਚ ਉਸ ਨੂੰ ਹਰਾ ਦਿੱਤਾ। ਇਸੇ ਵਿੱਚ ਰੂਸ ਅਤੇ ਫ੍ਰਾਂਸ ਨੇ ਵੀ ਪ੍ਰਸ਼ਾ ਨੂੰ ਹਰਾਇਆ। ਪਰ ਇੱਕ ਸਾਲ ਦੇ ਅੰਦਰ ਹੀ ਫ੍ਰੇਡਰਿਕ ਨੇ ਫ੍ਰਾਂਸ, ਰੂਸ ਅਤੇ ਆਸਟਰਿਆ ਤਿੰਨਾਂ ਨੂੰ ਹਰਾਇਆ ਅਤੇ ਸਾਈਲੇਸ਼ਿਆ ਅਤੇ ਹੈਨੋਵਰ ਨੂੰ ਦੁਬਾਰਾ ਪ੍ਰਾਪਤ ਕਰ ਲਿਆ। ' ਹਾਯੂ ਬ੍ਰਟਸਬਰਗ ਦੀ ਸੰਧੀ' ਦੇ ਅਨੁਸਾਰ ਆਸਟਰਿਆ ਨੇ ਸਾਈਲੇਸ਼ਿਆ ਅਤੇ ਗਲਾਤਸ ਤੇ ਪ੍ਰਸ਼ਾ ਦਾ ਅਧਿਕਾਰ ਮੰਨ ਲਿਆ। ਫ੍ਰੇਡਰਿਕ ਨੇ ਮਾਰਿਆ ਦੇ ਪੁੱਤਰ ਜੋਸੇਫ ਨੂੰ ਸਮਰਾਟ ਬਣਵਾਉਣ ਵਿੱਚ ਮੱਦਦ ਦਾ ਵਾਦਾ ਕੀਤਾ।

ਫ੍ਰੇਡਰਿਕ ਨੂੰ ਇਤਿਹਾਸਕਾਰਾਂ ਨੇ ਅਭੂਤਪੂਰਵ ਸਮਾਨ ਦਿੱਤਾ ਹੈ। ਟ੍ਰਾਇਟਰਕੇ ਅਤੇ ਰਾਂਕੇ ਜਿਹੇ ਇਤਿਹਾਸਕਾਰ ਉਸਦੀ ਪ੍ਰਸ਼ੰਸ਼ਾ ਕਰਨ ਵਿੱਚ ਸ੍ਰਵੋਪਰਿ ਹੈ। ਰਾਂਕੇ ਨੇ ਸਾਈਲੇਸ਼ਿਆ ਤੇ ਕੀਤੇ ਗਏ ਅਧਿਕਾਰ ਨੂੰ ਉਚਿਤ ਮੰਨਿਆ ਹੈ। ਵਾਸਤਵ ਵਿੱਚ ਜਰਮਨੀ ਨੂੰ ਇੱਕ ਰਾਸ਼ਟਰੀ ਸ਼ਕਤੀ ਦੇ ਰੂਪ ਵਿੱਚ ਵਿਕਸਿਤ ਕਰਨ ਤੇ ਕਾਰਣ ਹੀ ਫਰੈਡਰਿਕ ਨੂੰ ਏਨਾਂ ਸਨਮਾਨ ਮਿਲਿਆ ਹੈ। ਉਸ ਨੇ ਜਰਮਨੀ ਵਿੱਚ ਇਹ ਸਿੱਧ ਕਰ ਦਿੱਤਾ ਕਿ ਆਸਟਰਿਆ ਦਾ ਇਕਾਧਿਕਾਰ ਨਹੀਂ ਚਲ ਸਕਦਾ। ਹੁਣ ਪ੍ਰਸ਼ਾ ਜਰਮਨੀ ਦਾ ਨੇਤਾ ਬਣੇਗਾ। ਫ੍ਰੇਡਰਿਕ ਦਾ ਸਾਹਿਤਿਆ ਅਤੇ ਦਰਸ਼ਨ ਦੇ ਪ੍ਰਤੀ ਲਗਾਵ ਪ੍ਰਸ਼ੰਸਨੀਨਿਆ ਸੀ। ਪ੍ਰੰਤੂ ਇਹ ਸਭ ਹੁੰਦੇ ਹੋਏ ਵੀ ਯਥਾਰਥਵਾਦੀ ਅਤੇ ਮਹੱਤਵਾਕਾਂਸ਼ੀ ਰਾਜਨੇਤਾ ਦੀ ਸਥਿਤੀ ਤੋਂ ਉਪਰ ਨਹੀਂ ਉਠ ਸਕਿਆ। ਉਹ ਲਗਾਤਾਰ ਨਿਰੰਕੁਸ਼ ਬਣਾ ਰਿਹਾ। ਉਸਦੀ ਪ੍ਰਬੁੱਧ ਨਿਰੰਕੁਸ਼ਤਾ ਤੋਂ ਪ੍ਰਸ਼ਾ ਦੀ ਪ੍ਰਗਤਿ ਬਹੁਤ ਤੇਜ਼ੀ ਨਾਲ ਹੋਈ ਪਰ ਸਥਾਈ ਰਾਜਨੀਤਿਕ ਵਿਕਾਸ ਦੀ ਦ੍ਰਿਸ਼ਟੀ ਨਾਲ ਉਸਦਾ ਪ੍ਰਬੁਧ ਨਿਰੰਕੁਸ਼ਵਾਦ ਸਫ਼ਲ ਨਹੀਂ ਹੋਇਆ। ਇਸ ਨਾਲ ਜਨ-ਸਾਧਾਰਨ ਦੀ ਰਾਜਨੀਤਿ ਚੇਤਨਾ ਕੁੰਠਿਤ ਹੋ ਗਈ। ਜਨਤਾ ਸ਼ਾਸਨ ਤੋਂ ਨਿਕਟਤਾ ਨਹੀਂ ਮਹਿਸੂਸ ਕਰਦੀ ਸੀ। ਜਿੱਥੇ ਸ਼ਾਸਕ ਵਰਗ ਅਤੇ ਜਨਤਾ ਦੇ ਵਿੱਚ ਖਾਈ ਹੋ ਉਥੇ ਜਨਸੰਖਿਆ ਕੇਵਲ ਇੱਕ ਢੋਂਗ ਦੇ ਸਮਾਨ ਹੈ।

ਪ੍ਰਸ਼ਾ ਦੀ ਰਾਜਨੀਤਿਕ ਮਹੱਤਤਾ ਵਧਾਉਣ ਤੋਂ ਪਹਿਲਾਂ ਆਸਟਰਿਆ ਦਾ ਜਰਮਨ ਨੇਤਾ ਸੀ। ਡੇਂਯੂਬ ਨਦੀ ਦੇ ਕੋਲ ਪਹਾੜੀ ਇਲਾਕੇ ਵਿੱਚ ਹੈਪਸਬਰਵ ਵੰਸ਼ ਦੀ ਸਥਾਪਨਾ ਹੋਈ ਸੀ। ਪੰਦਰਹਵੀਂ ਸਦੀ ਵਿੱਚ ਆਸਟਰਿਆ ਦੇ ਸ਼ਾਸਕ ਪਵਿੱਤਰ ਰੋਮਨ ਸਮਰਾਟ ਬਨਣ ਲੱਗੇ ਸੀ। ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਰਾਜਨੀਤਿਕ ਏਕਤਾ ਸੀ। ਉਹ ਆਪਣੇ ਰਾਜ ਨੂੰ ਇਸ ਤਰ੍ਹਾਂ ਨਿਰੰਕੁਸ਼ ਰਾਜਤੰਤਰ ਬਣਾਉਣਾ ਚਾਹੁੰਦੇ ਸਨ ਜਿਸ ਵਿੱਚ ਸ਼ਕਤੀ ਰਾਜੇ ਦੇ ਵਿੱਚ ਕੇਂਦਰਿਤ ਹੋਣ। ਆਪਣੀ ਸ਼ਕਤੀ ਨੂੰ ਵਧਾਉਣ ਦੇ ਲਈ ਉਨ੍ਹਾਂ ਨੇ ਸੰਧੀਆਂ ਅਤੇ ਵਿਵਾਹਿਕ ਸੰਬੰਧਾਂ ਦਾ ਸਹਾਰਾ ਲਿਆ। ਇਨ੍ਹਾਂ ਸੰਬੰਧਾਂ ਦੁਆਰਾ ਉਨ੍ਹਾਂ ਨੇ ਨੀਦਰਲੈਂਡ, ਹੰਗਰੀ, ਬੋਹੇਮੀਆ ਦੇ ਪ੍ਰਦੇਸ਼ ਮਿਲ ਗਏ। ਪਰ ਜਲਦੀ ਹੀ ਉਨ੍ਹਾਂ ਨੂੰ ਤੁਰਕੀ ਦੇ ਹਮਲੇ ਦਾ ਸਾਹਮਣਾ ਕਰਨਾ ਪਿਆ। ਤੁਰਕੀ ਨੇ ਫੁਰਤੀ ਨਾਲ ਹੰਗਰੀ ਤੇ ਅਧਿਕਾਰ ਕਰ ਲਿਆ। ਕਾਫ਼ੀ ਯੁੱਧ ਦੇ ਬਾਅਦ ਹੀ ਹੰਗਰੀ ਦਾ ਵੱਡਾ ਭਾਗ ਤੁਰਕੀ ਦੇ ਅਧੀਨ ਹੋ ਗਿਆ।

ਆਸਟਰਿਆ ਦਾ ਜਿਆਦਾ ਸਮਾਂ ਆਪਣੇ ਹੀ ਪ੍ਰਦੇਸ ਵਿੱਚ ਆਪਣੀ ਤਾਕਤ ਨੂੰ ਸੰਗਠਿਤ ਕਰਨ ਅਤੇ ਨਿਰੰਕੁਸ਼ ਰਾਜਤੰਤਰ ਸਥਾਪਿਤ ਕਰਨ ਵਿੱਚ ਲੱਗਿਆ। 1618 ਵਿੱਚ ਬੋਹੇਮੀਆ ਵਿੱਚ ਤੀਹ ਸਾਲਾ ਯੁੱਧ ਸ਼ੁਰੂ ਹੋਇਆ। ਇਹ ਹੈਪਸਬਰਗ ਵੰਸ਼ ਦੇ ਲਈ ਕਠਿਨ ਪ੍ਰੀਕਸ਼ਾ ਦਾ ਵਕਤ ਸੀ, ਇੱਕ ਤਰਫ਼ ਤਾਂ ਬੋਹੇਮੀਆ ਦੇ ਏਸਟੇਂਟ ਆਪਣੇ ਅਟੁੱਟ ਅਧਿਕਾਰਾਂ ਲਈ ਲੜ ਰਹੇ ਸੀ ਅਤੇ ਉਨ੍ਹਾਂ ਦੇ ਪ੍ਰੋਟੇਸਟੈਂਟ ਚਰਚ ਦਾ ਸਮਰਥਨ ਪ੍ਰਾਪਸ ਸੀ। ਦੂਜੀ ਤਰਫ਼ ਆਸਟਰਿਆ ਦੇ ਨਿਰੰਕੁਸ਼ ਰਾਜਤੰਤਰ ਦੀ ਸ਼ਕਤੀ ਸੀ ਅਤੇ ਉਹ ਪਵਿੱਤਰ ਰੋਮਨ ਸਮਾਜ ਦਾ ਸ਼ਾਸਕ ਸੀ। ਇਸ ਯੁੱਧ ਵਿੱਚ ਬੋਹੇਮੀਆ ਨੂੰ ਕਰਾਰੀ ਹਾਰ ਖਾਉਣੀ ਪਈ। ਬੋਹੇਮੀਆ ਦਾ ਸੰਵਿਧਾਨ ਖ਼ਤਮ ਕਰ ਦਿੱਤਾ ਗਿਆ ਅਤੇ ਹੈਪਸਬਰਗ ਵੰਸ਼ ਦਾ ਨਿਰੰਕੁਸ਼ ਸ਼ਾਸਨ ਬੋਹੇਮੀਆ ਵਿੱਚ ਵੀ ਲਾਗੂ ਕੀਤਾ ਗਿਆ।

ਹੈਪਸਬਰਗ ਰਾਜ ਨੂੰ ਇੱਕਠਾ ਕਰਨ ਦੀ ਸਾਰੀ ਜ਼ਿੰਮੇਵਾਰੀ ਸਮਰਾਟ ਲਿਯੋਪੋਲਡ ਪ੍ਰਥਮ (1658-1705) ਨੂੰ ਹੈ। ਉਸ ਨੇ ਸ਼ਾਸਨ ਦਾ ਕੇਂਦਰੀਕਰਨ ਕੀਤਾ। ਕੇਂਦਰੀ ਸ਼ਾਸਨ ਪ੍ਰਾਂਤਾਂ ਤੇ ਵੀ ਲਾਗੂ ਕਰਨੇ ਦੇ ਲਈ ਕਈ ਸੰਸਥਾਵਾਂ ਬਣਾਈਆਂ ਗਈਆਂ। ਹੈਪਸਬਰਗ ਚਾਂਸਲਰ ਬਹੁਤ ਉੱਚੇ ਦਰਜੇ ਦੇ ਪ੍ਰਸ਼ਾਸਕ ਹੁੰਦੇ ਸਨ ਅਤੇ ਆਸਟਰਿਆ ਦੇ ਅਲੱਗ-ਅਲੱਗ ਪ੍ਰਦੇਸ਼ਾਂ ਵਿੱਚ ਸਮਰਾਟ ਦੇ ਹੁਕਮ ਦਾ ਪੂਰਾ-ਪੂਰਾ ਪਾਲਣ ਕਰਵਾਉਂਦੇ ਸਨ। ਇਕ ਸਰਕਾਰੀ ਨੌਕਰਸ਼ਾਹੀ ਬਣਾਉਂਦੇ ਸਨ ਜਿਸ ਦੇ ਜਿਆਦਾਤਰ ਮੈਂਬਰ ਸਮਰਾਟ ਦੇ ਸਮਰਥਕ ਹੁੰਦੇ ਸੀ। ਬੋਹੇਮੀਆ ਅਤੇ ਹੰਗਰੀ ਨੇ ਪੁਰਾਣੇ ਸਾਮੰਤਾਂ ਨੂੰ ਹਟਾ ਕੇ ਨਵੇਂ ਵਿਦੇਸ਼ੀ ਸੈਨਿਕਾਂ ਨੂੰ ਸ਼ਾਸਨ ਕਰਨ ਦਾ ਬੜਾਵਾ ਦਿੱਤਾ ਗਿਆ।

ਲਿਯੋਪੋਲਡ ਨੇ ਹੰਗਰੀ ਨੂੰ ਤੁਰਕੀ ਤੋਂ ਖੋਹ ਲਿਆ ਉਸਨੇ ਹੰਗਰੀ ਵਿੱਚ ਹੈਪਸਬਰਗ ਸ਼ਾਸਨ ਸਥਾਪਿਤ ਕਰਨ ਦੇ ਲਈ ਕਈ ਕਦਮ ਚੁੱਕੇ। ਉਸ ਨੇ ਕਾਲਵਿਨ ਸਮਰਥਕਾਂ ਤੇ ਅੱਤਿਆਚਾਰ ਕੀਤਾ ਅਤੇ ਜੇਸਯੂਟ ਨੂੰ ਪ੍ਰੋਤਸਾਹਿਤ ਕੀਤਾ, ਪ੍ਰੰਤੂ ਹੰਗਰੀ ਨੇ ਵਿਦਰੋਹ ਕਰ ਦਿੱਤਾ। ਲਿਯੋਪੋਰਡ ਨੇ ਇਸ ਵਿਦਰੋਹ ਨੂੰ ਦਬਾ ਦਿੱਤਾ ਪਰ ਹੰਗਰੀ ਵਿੱਚ ਬਿਲਕੁਲ ਸੈਨਿਕ ਰਾਜ ਸਥਾਪਿਤ ਕਰ ਦਿੱਤਾ।

ਅਠਾਰਵੀਂ ਸਦੀ ਵਿੱਚ ਆਸਟਰਿਆ ਸੀ ਮਹਾਰਾਣੀ ਮਰਿਆ ਥੇਰੇਸਾ ਨੇ ਪਹਿਲਾਂ ਆਪਣੇ ਪਤਿ ਅਤੇ ਬਾਅਦ ਵਿੱਚ ਆਪਣੇ ਪੁੱਤਰ ਜੋਸੇਫ ਦੇ ਸ਼ਾਸਨ ਕਾਲ ਵਿੱਚ ਨਿਰੰਕੁਸ਼ ਰਾਜਤੰਤਰ ਨੂੰ ਪ੍ਰਬੁਧ ਨਿਰੰਕੁਸ਼ ਬਣਾਉਣ ਦਾ ਯਤਨ ਕੀਤਾ ਸੀ। ਉਸਨੇ ਕੁਝ ਉਦਾਰ ਬਦਲਾਵ ਕੀਤੇ ਸਨ। ਸਾਹਿਤਿਆ ਅਤੇ ਕਲਾ ਨੂੰ ਸਰੰਸ਼ਣ ਦਿੱਤਾ ਸੀ, ਪਰ ਵਾਸਤਵਿਕ ਕੰਮ ਉਸ ਦੀ ਮੌਤ ਤੋਂ ਬਾਅਦ ਸਮਰਾਟ ਜੋਸੇਫ ਦ੍ਰਿਤੀਆ ਕੀਤਾ। ਉਸ ਦੇ ਰਾਜਨੀਤਿਕ ਵਿਚਾਰ ਉਸ ਸਮੇਂ ਦੇ ਪ੍ਰਬੁਧ ਨਿਰੰਕੁਸ਼ਤਾਵਾਦ ਦੇ ਸਿਧਾਂਤਾ ਤੇ ਆਧਾਰਿਤ ਸੀ। ਉਹ ਵਾਲਤੇਯਰ ਅਤੇ ਰੂਸੋਂ ਦਾ ਪ੍ਰਸ਼ੰਸਕ ਸੀ। ਪਰ ਉਸ ਵਿੱਚ ਵਿਆਵਿਹਾਰਿਕ ਬੁਧੀ ਦੀ ਕਮੀ ਸੀ। ਉਹ ਆਦਰਸ਼ਵਾਦੀ ਸੀ ਅਤੇ ਭਾਰਤੀ ਇਤਿਹਾਸ ਦੇ ਮੁਹੱਮਦ ਬਿਨ ਤੁਗਲਕ ਦੀ ਤਰ੍ਹਾਂ ਬਹੁਤ ਜਿਹੇ ਕੰਮਾਂ ਵਿੱਚ ਸਫ਼ਲ ਨਾ ਹੋ ਸਕਿਆ।

ਸਭ ਤੋਂ ਪਹਿਲਾਂ ਉਸਨੇ ਪੂਰੇ ਸਮਾਜ ਨੂੰ ਇਕਰੂਪਤਾ ਦੇਣ ਦਾ ਯਤਨ ਕੀਤਾ। ਆਸਟਰਿਆ ਦੇ ਅਧੀਨ ਰਾਜ ਨੂੰ ਇੱਕ ਰਾਜ ਬਣਾ ਕੇ ਉਸਨੂੰ ਤੇਹਰਾਂ ਪ੍ਰਾਂਤਾਂ ਵਿੱਚ ਵੰਡ ਦਿੱਤਾ, ਜਿੱਥੇ ਕੇਂਦਰੀ ਪ੍ਰਸ਼ਾਸਕ ਨਿਯੁਕਤ ਕੀਤੇ ਗਏ। ਰਾਜ ਵਿੱਚ ਕਿਸੇ ਪ੍ਰਤਿਨਿਧਿ ਸਭਾ ਨੂੰ ਮਾਨਤਾ ਨਹੀਂ ਦਿੱਤੀ ਗਈ। ਜਰਮਨ ਨੂੰ ਰਾਸ਼ਟਰ ਭਾਸ਼ਾ ਘੋਸ਼ਿਤ ਕਰ ਦਿੱਤਾ ਗਿਆ। 1781 ਵਿੱਚ ਉਸਨੇ ਕ੍ਰਿਸ਼ਦਾਸਾਂ (Serfs) ਨੂੰ ਸਵਤੰਤਰ ਘੋਸ਼ਿਤ ਕਰ ਦਿੱਤਾ। ਉਸਨੇ ਕਰ-ਪ੍ਰਣਾਲੀ ਦਾ ਸੁਧਾਰ ਕਰਨ ਦੀ ਯੋਜਨਾ ਬਣਾਈ ਪਰ ਉਹ ਸਫ਼ਲ ਨਾ ਹੋ ਸਕੀ। ਆਪਣੇ ਰਾਜਕਾਲ ਵਿੱਚ ਉਹ ਸ਼ਾਸਕ ਦੀ ਸ਼ਕਤੀ ਵਧਾਉਣ ਦੀ ਕੋਸ਼ਿਸ਼ ਕਰਦਾ ਰਿਹਾ। 1784 ਵਿੱਚ ਉਸਨੇ ਹੰਗਰੀ ਵਿੱਚ ਆਵਸ਼ਿਅਕ ਸੈਨਿਕ ਸੇਵਾ ਦਾ ਵਿਕਾਸ ਕੀਤਾ।

ਨੋਟ

ਧਾਰਮਿਕ ਖੇਤਰ ਵਿੱਚ ਵੀ ਉਸਨੇ ਕੁਝ ਮਹੱਤਪੂਰਨ ਸੁਧਾਰ ਕੀਤੇ। ਆਸਟਰਿਆ ਕੈਥੋਲਿਕ ਦੇਸ਼ ਸੀ, ਪਰ ਯੋਸੇਫ ਨੇ ਰੋਮ ਦੇ ਹਸਤਸ਼ੇਪ ਦਾ ਅਧਿਕਾਰ ਘੱਟ ਕਰ ਦਿੱਤਾ। ਹਰ ਸਾਲ ਰੋਮ ਭੇਜੀ ਜਾਣ ਵਾਲੀ ਰਕਮ ਬੰਦ ਕਰ ਦਿੱਤੀ। ਬਹੁਤ ਜਿਹੇ ਧਾਰਮਿਕ ਮੱਠ ਖ਼ਤਮ ਕਰ ਦਿੱਤੇ ਗਏ। ਸਾਰਿਆਂ ਧਰਮਾਂ ਨੂੰ ਸਵਤੰਤਰਤਾ ਦਿੱਤੀ ਗਈ।

ਪਰ ਉਸ ਦੀ ਪ੍ਰਜਾ, ਜੋ ਸਦੀਆਂ ਦੇ ਦਮਿਤ ਅਤੇ ਪੁਰਾਣੀ ਪ੍ਰਥਾਵਾਂ ਦਾ ਦਾਸ ਸੀ, ਉਸ ਦੇ ਇੰਨ੍ਹਾਂ ਸੁਧਾਰਾਂ ਦਾ ਸਮਰਥਨ ਨਾ ਕਰ ਸਕੀ। ਇਸ ਲਈ ਯੋਸੇਫ ਨੇ ਆਪਣੇ ਸੁਧਾਰਾਂ ਨੂੰ ਕਾਰਿਆਵਿੰਤ ਕਰਨ ਦੇ ਲਈ ਗੁਪਤਚਰ ਵਿਭਾਗ ਦਾ ਸਹਾਰਾ ਲੈਣਾ ਪਿਆ। ਪ੍ਰੈਸ ਦੀ ਸਵਤੰਤਰਤਾ ਖ਼ਤਮ ਕਰ ਦਿੱਤੀ ਗਈ। ਪਰ ਫਿਰ ਵੀ ਹੈਪਸਬਰਗ ਸਮਾਜ ਦੇ ਕੁਝ ਭਾਗ ਜਿਵੇਂ ਆਸਟਰਿਆਈ, ਨੀਦਰਲੈਂਡ 1787 ਤੋਂ ਯੋਸੇਫ ਦੇ ਸੁਧਾਰਾਂ ਦੇ ਵਿਰੁੱਧ ਵਿਦਰੋਹ ਕਰਦੇ ਰਹੇ। ਇਹ ਵਿਰੋਹ ਉਸਦੀ ਕੈਥੋਲਿਕ ਚਰਚ ਦੀ ਸ਼ਕਤੀ ਨੂੰ ਘੱਟ ਕਰਨ ਦੀ ਚੇਸ਼ਠਾ ਅਤੇ ਪ੍ਰਾਂਤੀਆ ਸੰਸਥਾਵਾਂ ਨੂੰ ਤੋੜਨ ਦੇ ਵਿਰੁੱਧ ਸੀ।

ਇਸ ਸਮੇਂ ਅਮਰੀਕੀ ਉਪਨਿਵੇਸ਼ ਨੇ ਆਪਣੀ ਸਵਤੰਤਰਤਾ ਪ੍ਰਾਪਤ ਕਰ ਲਈ। ਉਨ੍ਹਾਂ ਦਾ ਉਦਾਹਰਣ ਲੈ ਕੇ ਨੀਦਰਲੈਂਡ ਵਿਚ ਵੀ ਨੇ ਕ੍ਰਾਂਤੀ ਹੋਈ ਅਤੇ 1788 ਵਿਚ ਆਸਟ੍ਰੀਆ ਦੇ ਸੈਨਿਕਾਂ ਨੂੰ ਨੀਦਰਲੈਂਡ ਛੱਡਣਾ ਪਿਆ। ਨੀਦਰਲੈਂਡ ਦੀ ਆਪਣੀ ਸਵਤੰਤਰਤਾ ਘੋਸ਼ਿਤ ਕਰ ਦਿੱਤੀ। ਅਤੇ 1790 ਵਿੱਚ ਗਣਤੰਤਰ ਦੇ ਰੂਪ ਵਿੱਚ ਸੰਗਠਿਤ ਹੋ ਗਿਆ।

ਜੋਸੇਫ ਦ੍ਵਿਤੀਆ ਯੂਰੋਪ ਦੇ ਪ੍ਰਗਤਿਸ਼ੀਲ ਅਤੇ ਪ੍ਰਬੁਧ ਸ਼ਾਸਕਾਂ ਵਿੱਚ ਸਭ ਤੋਂ ਜਿਆਦਾ ਪ੍ਰਸਿੱਧ ਸੀ। ਪਹਿਲਾਂ ਤਾਂ ਉਸਨੇ ਆਸਟਰਿਆਈ ਸਮਾਜ ਦੀ ਸੰਸਥਾਵਾਂ ਨੂੰ ਸੁਧਾਰਨ ਦਾ ਯਤਨ ਕੀਤਾ। ਪਰ ਇਸ ਵਿੱਚ ਉਸ ਨੂੰ ਬਹੁਤੀ ਸਫ਼ਲਤਾ ਨਹੀਂ ਮਿਲੀ। 1780 ਵਿੱਚ ਉਸਨੇ ਜਨਸਾਧਾਰਨ ਦੇ ਹਿੱਤ ਵਿੱਚ ਸੁਧਾਰਾਂ ਦਾ ਅਭਿਆਨ ਚਲਾਇਆ। ਉਸ ਦੀ ਨੀਤੀਆਂ ਰਾਜਨੀਤਿਕ ਸੂਝ-ਬੂਝ ਦੀ ਦ੍ਰਿਸ਼ਟੀ ਤੋਂ ਕਾਫ਼ੀ ਅਲੱਗ ਸੀ। ਇਹ ਜੋਸੇਫ ਦਾ ਦੁਰਭਾਗਿਆ ਸੀ ਕਿ ਉਸ ਦੀ ਪ੍ਰਜਾ ਉਨ੍ਹਾਂ ਨੀਤੀਆਂ ਦਾ ਸਮਰਥਨ ਨਹੀਂ ਕਰ ਸਕੀ। ਜੋਸੇਫ਼ ਨੇ ਆਪਣੀ ਪ੍ਰਜਾ ਨੂੰ ਸਮਝਣ ਵਿੱਚ ਬਹੁਤ ਵੱਡੀ ਭੁੱਲ ਕੀਤੀ ਅਤੇ ਇਹ ਉਸਦੀ ਅਸਫ਼ਤਾ ਦਾ ਕਾਰਨ ਸੀ। ਉਹ ਫ੍ਰੇਡਰਿਕ ਦ੍ਵਿਤੀਆ ਦਾ ਨਕਲ ਕਰਨਾ ਚਾਹੁੰਦਾ ਸੀ ਅਤੇ ਇਸ ਲਈ ਉਸਨੇ ਤਰ੍ਹਾਂ-ਤਰ੍ਹਾਂ ਦੇ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ। ਪਰ ਸਮਾਜ ਦਾ ਹਰ ਭਾਗ, ਮੱਧ ਵਰਗ, ਕਿਸਾਨ, ਸਾਮੰਤ, ਪਾਦਰੀ ਉਸਦੀ ਕਿਸੇ ਨਾ ਕਿਸੇ ਗੱਲ ਤੋਂ ਅਸੰਤੁਸ਼ਟ ਸੀ। ਇਸ ਲਈ ਜੋਸੇਫ ਨੂੰ ਸਮਾਜ ਨਾਲ ਸਾਧਾਰਣਤਿਆ ਕੋਈ ਸਮਰਥਨ ਨਹੀਂ ਮਿਲਿਆ।

ਨਿਰੰਕੁਸ਼ ਰਾਜਤੰਤਰ ਦਾ ਸਭ ਤੋਂ ਜਵਲੰਤ ਉਦਾਹਰਣ ਫ੍ਰਾਂਸ ਦੇ ਲੂਈ ਚੌਦਹਵੇਂ ਦਾ ਹੈ। 1651 ਵਿੱਚ ਲੂਈ ਨੇ ਵਿਅਸਕ ਹੋਣ ਤੇ, ਸਰਕਾਰ ਸੰਭਾਲਣ ਦੀ ਘੋਸ਼ਣਾ ਕੀਤੀ, ਪਰ 1661 ਤੱਕ ਮੇਜੇਰਿਨ ਫ੍ਰਾਂਸ ਦਾ ਭਾਗਿਆ-ਵਿਧਾਤਾ ਰਿਹਾ। 1661 ਦੇ ਬਾਅਦ ਵੀ ਲੂਈ ਨੇ ਕਾਰਿਆਭਾਰ ਸੰਭਾਲੀਆ ਅਤੇ ਕੋਲਬਰ ਨੂੰ ਆਪਣਾ ਮੰਤਰੀ ਬਣਾਇਆ। ਲੂਈ ਨੇ ਆਪਣੇ ਰਾਜਕਾਲ ਵਿੱਚ ਨਿਰੰਕੁਸ਼ਵਾਦ ਨੂੰ ਉਸ ਦੀ ਚਰਣ ਸੀਮਾਂ ਤੱਕ ਪਹੁੰਚਾਇਆ। ਯੂਰੋਪੀ ਇਤਿਹਾਸ ਵਿੱਚ ਸ਼ਾਇਦ ਹੀ ਕੋਈ ਰਾਜਾ ਓਨਾਂ ਨਿਰੰਕੁਸ਼ ਹੋਵੇ ਜਿਨਾਂ ਲੂਈ ਚੌਦਹਵਾਂ। ਉਹ ਅਸਾਧਾਰਣ ਪ੍ਰਤਿਭਾ ਦਾ ਮਨੁੱਖ ਨਹੀਂ ਸੀ, ਪਰ ਉਹ ਮਿਹਨਤੀ ਸੀ। ਉਸ ਨੇ ਆਪਣੇ ਨਿਰੰਕੁਸ਼ ਰਾਜਤੰਤਰ ਨੂੰ ਕਾਰਿਆਵਿੰਤ ਕਰਨ ਦੇ ਲਈ ਇੱਕ ਮਜ਼ਬੂਤ ਨੌਕਰਸ਼ਾਹੀ ਸਥਾਪਿਤ ਕੀਤੀ। ਇਸ ਨੌਕਰਸ਼ਾਹੀ ਦੇ ਅਧਿਕਾਂਸ ਮੈਂਬਰ ਮੱਧ ਵਰਗ ਦੇ ਲੋਕ ਹੁੰਦੇ ਸੀ, ਜਿੰਨ੍ਹਾਂ ਨੂੰ ਲੂਈ ਖੁਦ ਨਿਯਕੁਤ ਕਰਦਾ ਸੀ। ਲੂਈ ਇੰਨ੍ਹਾਂ ਨੂੰ ਤਰ੍ਹਾਂ-ਤ੍ਰਰਾਂ ਦੇ ਪੁਰਸਕਾਰ ਆਦਿ ਦੇ ਕੇ ਖੁਸ਼ ਰੱਖਦਾ ਸੀ। ਪਰ ਉਨ੍ਹਾਂ ਨੂੰ ਸਰਕਾਰੀ ਰੂਪ ਤੋਂ ਸੀਮਿਤ ਸ਼ਕਤੀ ਦਿੰਦਾ ਸੀ। ਉਸਨੇ ਰਿਸ਼ੀਲਯੂ ਅਤੇ ਮੇਜ਼ੇਰਿਨ ਦੀ ਤਰ੍ਹਾਂ ਕਿਸੇ ਨੂੰ ਅੱਗੇ ਨਹੀਂ ਵਧਣ ਦਿੱਤਾ।

## 7.5 ਲੁਈ ਦਾ ਸ਼ਾਸਨਕਾਲ (Reign of Louis)

ਲੁਈ ਦੇ ਨਿਜੀ ਸ਼ਾਸਨ ਵਿੱਚ ਪੁਰਾਣੀ ਸੰਸਥਾਵਾਂ, ਜਿਵੇਂ ਇਸਟੇਟ ਜਨਰਲ ਆਦਿ ਪਹਿਲਾਂ ਦੀ ਤਰ੍ਹਾਂ ਹੀ ਸਥਾਪਿਤ ਰਹੀਆਂ, ਪਰ ਲੁਈ ਨੇ ਇਨ੍ਹਾਂ ਸਭ ਤੋਂ ਸ਼ਕਤੀਆਂ ਖੋਹ ਲਈਆਂ। ਆਪਣੇ ਨਿਜੀ ਸ਼ਾਸਨ ਨੂੰ ਰਾਜ ਦੇ ਅਲੱਗ-ਅਲੱਗ ਭਾਗਾਂ ਵਿੱਚ ਲਾਗੂ ਕਰਨ ਲਈ ਕੁਝ ਅਧਿਸ਼ਕਾਂ (Intendants) ਦੀ ਨਿਯੁਕਤੀ ਕੀਤੀ। ਇਨ੍ਹਾਂ ਅਧੀਸ਼ਕਾਂ ਨੂੰ ਪ੍ਰਾਂਤਾਂ ਅਤੇ ਜ਼ਿਲ੍ਹੇ ਵਿੱਚ ਵਿਸ਼ੇਸ਼ ਕੰਮ ਦਾ ਭਾਰ ਦੇ ਕੇ ਭੇਜਿਆ ਜਾਂਦਾ ਸੀ। ਇਹਨਾਂ ਦਾ ਕੰਮ ਸੀ ਕਿ ਉਹ ਨਿਆਯ-ਪ੍ਰਬੰਧ ਤੇ ਸੁਰੱਖਿਆ ਨੂੰ ਵੇਖੇ। ਇਸ ਤੋਂ ਇਲਾਵਾ ਉਹ ਸਾਮੰਤਾਂ ਅਤੇ ਪਾਦਰਿਆਂ ਅਤੇ ਅਫਸਰਾਂ 'ਤੇ ਵੀ ਆਪਣੀ ਨਜ਼ਰ ਰੱਖਦੇ ਸਨ। ਉਹਨਾਂ ਦਾ ਕੰਮ ਵਿਦਰੋਹ ਨੂੰ ਦਬਾਉਣਾ ਅਤੇ ਜ਼ਮੀਨਾ ਦੇ ਉਤੇ ਟੈਕਸ ਨਿਸਚਿਤ ਕਰਨਾ ਅਤੇ ਉਸਨੂੰ ਵਸੂਲ ਕਰਨਾ ਅਤੇ ਇਸ ਵਿਭਾਗ ਵਿਚ ਭਰਿਸ਼ਟਾਚਾਰ ਨੂੰ ਵੀ ਰੋਕਣਾ ਸੀ। ਇਹਨਾਂ ਲੋਕਾਂ ਨੇ ਸਥਾਨਕ ਸਰਕਾਰ ਵਿਚ ਹਸਤਖੇਪ ਕਰਕੇ ਉਸ ਦੀ ਸੁਤੰਤਰਤਾ ਨੂੰ ਖ਼ਤਮ ਕਰ ਦਿੱਤਾ। ਹੁਣ ਲੁਈ ਦੇ ਨਿਰੰਕੁਸ਼ ਰਾਜਤੰਤਰ ਦੇ ਕੋਈ ਬੰਧਨ ਨਹੀਂ ਰਹਿ ਗਿਆ।

1660-1680 ਦੇ ਵਿਚ ਲੁਈ ਨੇ ਪੂਰੀ ਤਰ੍ਹਾਂ ਨਿਰਕੁੰਸ਼ ਰਾਜਤੰਤਰ ਸਥਾਪਿਤ ਕਰ ਲਿਆ। ਪੁਰਾਣੀ ਸੰਸਥਾਵਾਂ ਜਿਵੇਂ ਪਾਰਲੀਮਾਂ, ਪ੍ਰਾਂਤ ਐਸਟੇਟ, ਪ੍ਰਾਂਤ ਗਵਰਨਰ ਅਤੇ ਨਗਰਪਾਲਿਕਾਆਂ ਸਭ ਤੋਂ ਵਾਸਤਵਿਕ ਅਧਿਕਾਰ ਲੈ ਲਏ ਗਏ। ਲੁਈ ਦੀ ਸਰਕਾਰ ਕੇਂਦਰੀ ਅਤੇ ਪ੍ਰਾਂਤ ਦੇ ਦੋਵੇਂ ਸਥਾਨਾਂ 'ਤੇ ਪੂਰੀ ਤਰ੍ਹਾਂ ਇਕੱਠੇ ਹੋ ਗਏ। ਸਾਮਰਾਜ ਦਾ ਕੋਈ ਵਰਗ ਰਾਜਾ ਦੀ ਸ਼ਕਤੀ ਦੇ ਸਾਹਮਣੇ ਲੁੱਕ ਨਹੀਂ ਸਕਦਾ ਸੀ। ਲੋਕਾਂ ਵਿਚ ਕੁਝ ਕਾਰੀਗਰ ਇਸ ਤਰ੍ਹਾਂ ਦੇ ਸਨ ਜੋ ਲੋਕ ਆਰਥਿਕ ਦ੍ਰਿਸ਼ਟੀ ਤੋਂ ਮੱਧ ਵਰਗ ਤੋਂ ਥੱਲੇ ਸਨ। ਉਹਨਾਂ ਦੇ ਰਾਜ ਵਿਚ ਕੋਈ ਮਹੱਤਤਾ ਨਹੀਂ ਸੀ। ਇਹ ਸੱਚ ਹੈ ਕਿ ਕੁਝ ਅਫ਼ਸਰ ਲੁਈ ਦੀ ਨਿਰੰਕੁਸ਼ ਸ਼ਕਤੀ ਦੇ ਕਾਰਨ ਉਸ ਤੋਂ ਨਫ਼ਰਤ ਕਰਦੇ ਸਨ, ਪਰ ਸ਼ਾਸ਼ਕ ਦੀ ਦ੍ਰਿਸ਼ਟੀ ਤੋਂ ਅਫ਼ਸਰਾਂ ਨੂੰ ਰਾਜੇ ਦਾ ਆਗਿਆਕਾਰੀ ਹੋਣਾ ਪੈਂਦਾ ਸੀ।

ਲੁਈ ਦੇ ਸ਼ਾਸਨਕਾਲ ਵਿਚ ਸਾਮੰਤਵਾਦ ਨੂੰ ਰਾਜੇ ਦੀ ਸਹਾਇਤਾ ਤੋਂ ਨਿਰਮੂਲ ਕੀਤਾ ਸੀ। ਉਹ ਇਕ ਸ਼ਕਤੀਸ਼ਾਲੀ ਸਰਕਾਰ ਦੀ ਮਹੱਤਤਾ ਨੂੰ ਸਮਝਦੇ ਸਨ ਅਤੇ ਇਹ ਜਾਣਦੇ ਸਨ ਕਿ ਦੇਸ਼ ਵਿਚ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਲਈ ਨਿਰੰਕੁਸ਼ਵਾਦ ਸਹਾਈ ਹੋ ਸਕਦਾ ਸੀ। ਉਹਨਾਂ ਨੇ ਇਹ ਕਦੀ ਵੀ ਸੋਚਿਆ ਨਹੀਂ ਸੀ ਕਿ ਇਕ ਸਦੀ ਤੋਂ ਬਾਅਦ ਉਹਨਾਂ ਦੇ ਵੰਸ਼ ਆਪਣੇ ਲਈ ਰਾਜਨੀਤਿਕ ਸੁਤੰਤਰਤਾ ਦੀ ਮੰਗ ਕਰ ਰਹੇ ਸਨ।

**ਨੋਟ**

ਸਮਾਜ ਵਿਚ ਪਾਰਦਰੀਆਂ ਨੂੰ ਕੁਝ ਸੁਤੰਤਰਤਾ ਸੀ। ਹਰ ਪੰਜ ਸਾਲਾਂ ਵਿਚ ਇਸਦੇ ਨਿਰਵਾਚਿਤ ਪ੍ਰਤੀਨਿਧੀ ਇਕ ਅਸੈਬਲੀ ਵਿਚ ਇਕੱਠੇ ਹੁੰਦੇ ਸਨ। ਇਹ ਕੋਈ ਸਿੱਧਾ ਟੈਕਸ ਨਹੀਂ ਦਿੰਦੇ ਸਨ, ਪਰ ਆਪਣੀ ਮਰਜ਼ੀ ਤੋਂ ਕੁਝ ਆਰਥਿਕ ਯੋਗਦਾਨ ਜ਼ਰੂਰ ਦਿੰਦੇ ਸਨ। ਪਰ ਇਧਰ ਹੀ ਉਹਨਾਂ ਦੀ ਸੁਤੰਤਰਤਾ ਖ਼ਤਮ ਹੋ ਗਈ। 1516 ਦੇ ਧਾਰਮਿਕ ਕਾਨੂੰਨ (Concordat) ਦੁਆਰਾ ਰਾਜੇ ਨੂੰ ਨਿਯੁਕਤੀਆਂ ਕਰਨ ਦਾ ਅਧਿਕਾਰ ਸੀ। ਇਸ ਕਾਰਨ ਪਾਦਰੀ ਲੋਕ ਰਾਜੇ ਨੂੰ ਦੁਖੀ ਨਹੀਂ ਕਰਨਾ ਚਾਹੁੰਦੇ ਸਨ।

ਇਸ ਤਰ੍ਹਾਂ ਸਾਮੰਤ ਵਰਗ ਵੀ ਰਾਜੇ ਦੀ ਮਰਜ਼ੀ ਨਾਲ ਚਲਦੇ ਸਨ। ਕਿਉਂਕਿ ਰਾਜੇ ਤੋਂ ਉਹਨਾਂ ਨੂੰ ਕਈ ਫਾਇਦੇ ਮਿਲਦੇ ਸਨ। ਉਹਨਾਂ ਕੋਲ ਪਹਿਲਾਂ ਦੀ ਤਰ੍ਹਾਂ ਸੈਨਾ ਨਹੀਂ ਹੁੰਦੀ ਸੀ, ਜਿਸ ਦੀ ਮਦਦ ਨਾਲ ਪਿਛਲੇ ਸਾਲਾਂ ਇਸ ਸਾਮੰਤਾਂ ਨੇ ਰਾਜੇ 'ਤੇ ਹਮਲਾ ਕੀਤਾ ਸੀ। ਲੁਈ ਚੋਧਵੇਂ ਦੇ ਸਮੇਂ ਵਿਚ ਸਾਮੰਤਾਂ ਦੀ ਇੰਨੀ ਹਿੰਮਤ ਨਹੀਂ ਸੀ ਕਿ ਉਹ ਮੱਤਭੇਦ ਹੋ ਜਾਣ ਤੇ ਰਾਜੇ ਨੂੰ ਡਰਾ-ਧਮਕਾ ਸਕਣ। ਹੁਣ ਤਾਂ ਉਲਟਾ ਹੀ ਰਾਜਾ ਉਹਨਾਂ ਨੂੰ ਕਿਸੇ ਵੀ ਕਸੂਰ ਤੇ ਵਾਪਿਸ ਇਸਟੇਟ ਭੇਜ ਸਕਦਾ ਸੀ ਜੋ ਕਿ ਕਿਸੇ ਵੀ ਸਾਮੰਤ 'ਤੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਦਾ ਖ਼ਤਮ ਹੋਣਾ ਸੀ। ਇਸ ਤਰ੍ਹਾਂ ਲੁਈ ਨੇ ਸ਼ਾਸ਼ਕ ਦੇ ਸਭ ਤੋਂ ਵੱਡੇ ਦੁਸ਼ਮਣਾਂ ਨੂੰ ਆਪਣੇ ਵਸ ਵਿਚ ਕਰ ਲਿਆ ਸੀ।

ਲੁਈ ਨੇ ਆਪਣੇ ਨਿਰੰਕੁਸ਼ ਰਾਜਤੰਤਰ ਦਾ ਕੇਂਦਰ ਵਰਸਾਈ (Versailles) ਨੂੰ ਬਣਾਇਆ ਸੀ। ਇਥੇ ਹੀ ਸਾਮੰਤ ਵਰਗ ਤਿਆਰ ਹੋ ਕੇ ਖੁਸ਼ੀਆਂ ਮਨਾਉਂਦਾ ਸੀ। ਇਥੇ ਹੀ ਪੂਰਾ ਰਾਜ ਪਰਿਵਾਰ ਸ਼ਾਨੋ-ਸ਼ੌਕਤ ਨਾਲ ਰਹਿੰਦਾ ਸੀ। ਲੁਈ ਦੀ ਆਗਿਆ ਸੀ ਕਿ ਰੋਜ਼ਾਨਾ ਦੇ ਜੀਵਨ ਵਿਚ ਤੌਰ ਤਰੀਕਿਆਂ ਦਾ ਪੂਰਾ ਖਿਆਲ ਰਖਿਆ ਜਾਵੇ। ਉਹ ਆਪ ਵੀ ਰਿਤੀ ਰਿਵਾਜਾਂ ਨੂੰ ਮੰਨਦਾ ਸੀ ਅਤੇ ਮਹਤਵਪੂਰਨ ਸਵਸਥ ਜੀਵਨ ਦਾ ਉਦਾਹਰਣ ਬਣ ਗਿਆ ਸੀ। ਇਸ ਤਰ੍ਹਾਂ ਲੁਈ ਅਤੇ ਉਸ ਦੀ ਰਾਜਧਾਨੀ ਦੀ ਚਮਕ ਤੋਂ ਸਾਰੇ ਚੱਕਾਚੌਂਧ ਸਨ। ਰਾਜੇ ਦੀ ਤੁਲਨਾ ਸੂਰਜ ਤੋਂ ਕੀਤੀ ਜਾਂਦੀ ਸੀ ਅਤੇ ਇਸ ਨੂੰ 'ਸਨੋਕਿੰਗ' (Sunking) ਕਿਹਾ ਜਾਂਦਾ ਸੀ। ਜਿਵੇਂ ਪੂਰੇ ਸੌਰ ਮੰਡਲ ਦਾ ਕੇਂਦਰ ਸੂਰਜ ਹੁੰਦਾ ਹੈ, ਉਸੇ ਤਰ੍ਹਾਂ ਹੀ ਪੂਰੀ ਵਿਵਸਥਾ ਦਾ ਕੇਂਦਰ ਉਹ ਆਪ ਹੀ ਸੀ।

ਉਸਦੇ ਸ਼ਾਸਨਕਾਲ ਵਿਚ ਕੋਲਬਰ ਨੇ ਮੰਤਰੀਪਦ ਸੰਭਾਲਿਆ ਅਤੇ ਵਿਤ ਸੰਸਥਾਵਾਂ ਤੇ ਵਿਸ਼ੇਸ਼ ਧਿਆਨ ਦਿੱਤਾ ਉਸਨੇ ਵੇਖਿਆ ਕਿ ਕਰ ਵਸੂਲੀ ਠੀਕ ਢੰਗ ਨਾਲ ਨਾ ਹੋਣ 'ਤੇ ਰਾਜਕੋਸ਼ ਵਿਚ ਘੱਟ ਪੈਸਾ ਆਉਂਦਾ ਸੀ। ਰਾਜ ਦੇ ਅਹੁੱਦਿਆਂ ਨੂੰ ਵੇਚਿਆ ਜਾਂਦਾ ਸੀ ਅਤੇ ਹਿਸਾਬ-ਕਿਤਾਬ ਠੀਕ ਢੰਗ ਨਾਲ ਰਖਿਆ ਜਾਂਦਾ ਸੀ। ਦੇਸ਼ ਦੇ ਅੰਦਰ ਕਈ ਵਿਉਪਾਰਿਕ ਚੋਕਿਆਂ ਸਨ। ਯਾਤਾਯਾਤ ਦੇ ਸਾਧਨ ਬਹੁਤ ਮੁਸ਼ਕਿਲ ਸਨ ਅਲੱਗ-ਅਲੱਗ ਸਥਾਨਾਂ 'ਤੇ ਕਾਨੂੰਨਾਂ ਵਿਚ ਏਕਰੂਪਤਾ ਨਹੀਂ ਸੀ ਜਿਸਦੇ ਕਾਰਣ ਵਿਉਪਾਰ ਵਿਚ ਹੋਣ ਵਾਲੀ ਆਮਦਨੀ ਬਹੁਤ ਘਟ ਸੀ ਉਸਨੇ ਚਾਰੋਂ ਤਰਫ਼ ਵਿਤੀਯ ਸੁਧਾਰ ਲਾਗੂ ਕੀਤੇ। ਬਹੁਤ ਜਿਹੇ ਕਰ ਨਾ ਦੇਣ ਵਾਲੇ ਲੋਕਾਂ ਤੋਂ ਕਰ ਲੈਣ ਦੀ ਵਿਵਸਥਾ ਕੀਤੀ ਗਈ।

ਉਸਨੇ ਉਦਯੋਗਿਤਾ ਦੇ ਵੀ ਵਿਸ਼ੇਸ਼ ਧਿਆਨ ਦਿੱਤਾ। ਉਹ ਫ੍ਰਾਂਸ ਨੂੰ ਆਤਮ ਨਿਰਭਰ ਬਣਾਉਣਾ ਚਾਹੁੰਦੇ ਸਨ। ਇਸ ਲਈ ਉਸਨੇ ਵਾਣਿਜਯਵਾਦ ਦੀ ਨੀਤੀ ਅਪਣਾਈ। ਇਸਦਾ ਅਰਥ ਸੀ ਕਿ ਸਾਰੀ ਆਰਥਿਕ ਗਤੀਵਿਧੀਆਂ ਤੇ ਰਾਜ ਦਾ ਨਿਯੰਤਰਨ ਰਹੇ ਉਸਨੇ ਰਾਜਕੀਯ ਸਹਾਇਤਾ ਦੇ ਕਈ ਕਾਰਖਾਨੇ ਸਥਾਪਿਤ ਕੀਤੇ। ਉਸਨੇ ਆਸ਼ਾ ਕੀਤੀ ਕਿ ਫਰਾਂਸੀਸੀ ਉਦਯੋਗ ਨਾ ਸਿਰਫ਼ ਵੱਡੇ ਪੈਮਾਨੇ 'ਤੇ ਉਤਪਾਦਨ ਕਰੇ ਬਲਕਿ ਤਰ੍ਹਾਂ-ਤਰ੍ਹਾਂ ਦੀ ਵਸਤੂਆਂ ਵੀ ਬਣਾਵੇ। ਕਪੜੇ ਤੋਂ ਲੈ ਕੇ ਧਾਤੂਆਂ ਦਾ ਸਾਮਾਨ, ਸੇਨਾ ਦੇ ਲਈ ਹਥਿਆਰ ਅਤੇ ਜਹਾਜ਼ ਆਦਿ ਬਣਾਉਣ ਦੀ ਵਿਵਸਥਾ ਕੀਤੀ ਗਈ। ਪ੍ਰਦੇਸ਼ਾਂ ਤੋਂ ਕਾਰੀਗਰਾਂ ਨੂੰ ਫਰਾਂਸ ਆਉਣ ਲਈ ਪ੍ਰੋਤਸਾਹਿਤ ਕੀਤਾ। ਕੋਲਬਰ ਆਪਣੇ ਨਿਕਟਵਰਤੀ ਦੇਸ਼ਾਂ ਜਿਵੇਂ ਇੰਗਲੈਂਡ ਅਤੇ ਹੋਲੈਂਡ ਦੀ ਵਿਉਪਾਰਿਕ ਸੰਪਨਤਾ ਤੋਂ ਜਲਦਾ ਸੀ। ਉਸਨੇ ਵੀ ਉਹਨਾਂ ਦਾ ਅਨੁਸਰਣ ਕਰਕੇ 1664 ਵਿਚ ਇਕ ਫ੍ਰਾਂਸੀਸੀ ਕੰਪਨੀ, ਪੂਰਵੀ ਦੇਸ਼ਾਂ ਨਾਲ ਵਿਉਪਾਰ ਕਰਨ ਲਈ ਸਥਾਪਿਤ ਕੀਤੀ। ਅਮਰੀਕਾ ਅਤੇ ਅਫ਼ਰੀਕਾ ਦੇ ਨਾਲ ਵਿਉਪਾਰ ਕਰਣ ਲਈ ਹੋਰ ਕੰਪਨੀਆਂ ਸਥਾਪਿਤ ਕੀਤੀਆਂ ਪਰ ਫਰਾਂਸ ਵਿਚ ਮੱਧ ਵਰਗ ਆਪਣਾ ਪੈਸਾ ਦੂਰ ਦੇ ਦੇਸ਼ਾਂ ਵਿਚ ਨਹੀਂ ਲਗਾਉਣਾ ਚਾਹੁੰਦੇ ਸਨ। ਇਸ ਲਈ ਜਲਦੀ ਹੀ ਇਹਨਾਂ ਵਿਉਪਾਰਿਕ ਕੰਪਨੀਆਂ ਦਾ ਏਕਾਧਿਕਾਰ ਹਟਾ ਕੇ ਵਿਉਪਾਰ ਸਾਰੇ ਵਿਉਪਾਰੀਆਂ ਲਈ ਖੋਲ ਦਿੱਤਾ।

ਕੋਲਬਰ ਦੀ ਨੀਤੀਆਂ ਤੋਂ ਫਰਾਂਸ ਦੀ ਆਰਥਿਕ ਦਸ਼ਾ ਸੁਧਰ ਗਈ ਉਸਨੇ ਫਰਾਂਸ ਦੇ ਉਪਯੋਗ ਅਤੇ ਵਿਉਪਾਰ ਨੂੰ ਬਹੁਤ ਅੱਗੇ ਵਧਾਇਆ, ਫਰਾਂਸ ਦੇ ਸ਼ੀਸ਼ੇ, ਮਿਲਕ ਅਤੇ ਜਰੀ ਦੇ ਸਮਾਨ ਵਿਸ਼ਵ ਵਿਖਾਤ ਹੋਏ ਆਂਤਰਿਕ ਯਾਤਾਯਾਤ ਦੀ ਸੁਵਿਧਾਵਾਂ ਨੂੰ ਵਧਾਇਆ ਗਿਆ, ਜਹਾਜਗਨੀ ਨੂੰ ਉਤਸਾਹਿਤ ਕੀਤਾ। ਕਰ ਵਿਵਸਥਾ ਨੂੰ ਠੀਕ ਕੀਤਾ ਉਸਨੇ ਰਾਜਕੋਸ ਤੇ ਵਧੇ ਹੋਏ ਕਰਜੇ ਨੂੰ ਘੱਟ ਕੀਤਾ, ਰਾਜੇ ਦੇ ਅਨਾਵਸ਼ਕ ਖਰਚੇ ਘੱਟ ਕੀਤੇ ਪਰ ਵਾਣਿਜਯਵਾਦ ਦੀ ਨੀਤੀ ਤੋਂ ਕਿਰਸ਼ੀ ਨੂੰ ਨੁਕਸਾਨ ਹੋਇਆ। ਅਨਾਜ ਦਾ ਨਿਰਯਾਤ ਨਾ ਹੋਣ ਤੇ ਜਾ ਤਾਂ ਫਰਾਂਸ ਵਿਚ ਅਨਾਜ ਦੀ ਬਹੁਲਤਾ ਰਹਿੰਦੀ ਸੀ ਜਿਸ ਤੋਂ ਕੀਮਤਾਂ ਘੱਟ ਜਾਂਦੀ ਸੀ ਜਾਂ ਫਿਰ ਪੈਦਾਵਾਰ ਘੱਟ ਹੋਣ ਤੇ ਅਕਾਲ ਪੈਣ ਲੱਗ ਜਾਂਦਾ ਸੀ। ਕੋਲਬਰ ਨੇ ਆਤਮਨਿਰਭਰਤਾ ਨੂੰ ਪੂਰੀ ਤਰ੍ਹਾਂ ਨਹੀ ਸਮਝਿਆ ਅਤੇ ਆਪਣੇ ਪੜੋਸੀ ਦੇਸ਼ਾਂ ਦੇ ਨਾਲ ਆਰਥਿਕ ਸੰਬੰਧ ਬਣਾਏ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ।


ਟਾਸਕ ਨਿਰੰਕੁਸ਼ ਰਾਜਤੰਤਰ ਦਾ ਸਬ ਤੋਂ ਵਧਿਆ ਉਦਾਹਰਣ ਕਿਸਦਾ ਹੈ।

ਲੁਈ ਨੇ ਧਰਮ ਦੇ ਖੇਤਰ ਵਿਚ ਕਟੜਤਾ ਦੀ ਨੀਤਿ ਨਿਭਾਈ। ਰਾਜਤੰਤਰ ਵਿਚ ਨਿਰੰਕੁਸ਼ਤਾ ਦਾ ਜੋ ਰੂਪ ਲੁਈ ਨੇ ਸਥਾਪਿਤ ਕੀਤਾ ਕੈਥੋਲਿਕ ਚਰਚ ਦੀ ਪੜਾਈ ਉਸਦੇ ਅਨੁਕੂਲ ਮਿਦ ਹੋਈ। ਲੁਈ ਫਰਾਂਸ ਨੂੰ ਏਕਰੂਪਤਾ ਪ੍ਰਦਾਨ ਕਰਣ ਦੇ ਲਈ ਕੈਥੋਲਿਕ ਚਰਚ ਨੂੰ ਇਕ ਮਾਧਿਅਮ ਸਮਝਦਾ ਸੀ। ਉਸਨੇ ਕੈਥੋਲਿਕ ਚਰਚ ਦੇ ਕਹਿਣੇ ਤੇ ਸਾਰੇ ਦੇਸ਼ ਦਾ ਦੋਰਾ ਕਰਨ ਲਈ ਆਪਣੇ ਅਫ਼ਸਰ ਭੇਜੇ। 1598 ਤੋਂ ਬਾਅਦ ਬਣੇ ਲਗਭਗ 100 ਪ੍ਰੋਟੇਸਟੇਟ ਚਰਚ ਗਿਰਾ ਦਿੱਤੀਆਂ। ਪ੍ਰੋਟੇਸਟੇਟ ਸਕੂਲ ਵਿਚ ਪੜਾਏ ਜਾਉਣ ਵਾਲੇ ਸਾਰੇ ਵਿਸ਼ਾ ਤੇ ਪ੍ਰਤਿਬੰਧ ਲਗਾ ਦਿੱਤੇ। ਬੋਸਯੁਏ ਅਤੇ ਹੋਰ ਪਾਦਰਿਆ ਨੇ ਪ੍ਰੋਟੇਸਟੇਟ ਲੋਕਾਂ ਦਾ ਮਤ ਲੈਣ ਲਈ ਪ੍ਰੋਤਸਾਹਿਤ ਕੀਤਾ। ਮੈਡਮ ਮੈਤਨੋਂ,

ਨੋਟ

ਜਿਸ ਤੋਂ ਲੂਈ ਨੇ 1883 ਵਿੱਚ ਵਿਆਹ ਕੀਤਾ ਸੀ। ਲੂਈ ਨੂੰ ਹੂੰਗਨਾਟੋਂ ਦਾ ਦਮਨ ਕਰਨ ਦੇ ਲਈ ਉਤਸਾਹਿਤ ਕਰਦੀ ਰਹੀ। ਲੁਈ ਦੇ ਸਮੇਂ ਵਿਚ ਹੁਗਾਨਾਟੋ ਤੇ ਭਿਆਨਕ ਅਤਿਆਚਾਰ ਕਰਨਾ ਪਿਆ ਬਹੁਤ ਜਿਹੇ ਹੁਗਾਨਾਟੋ ਆਸ-ਪੋੜਸ ਦੇ ਦੇਸ਼ਾਂ ਵਿਚ ਭੱਜ ਗਏ ਫਰਾਂਸ ਵਿਚ ਰਹਿਣ ਵਾਲੇ ਬਹੁਤ ਜਿਹੇ ਹੁਗਨਾਟੋ ਨੂੰ ਕੈਥੋਲਿਕ ਧਰਮ ਮਨਣ ਲਈ ਤਿਆਰ ਕਰ ਦਿੱਤਾ। ਨੈਂਟਿਜ ਦੇ ਸਿਲਾਲੇਖ ਨੂੰ ਰਦ ਘੋਸ਼ਿਤ ਕੀਤਾ। ਇਸਦਾ ਉਸ ਨੇ ਬਹੁਤ ਬੁਰਾ ਅਸਰ ਪਿਆ ਉਹ ਫਰਾਂਸ ਦੇ ਲਈ ਵਰਦਾਨ ਸਿਧ ਹੋ ਸਕਦੇ ਸਨ। ਕਿਉਂਕਿ ਉਹ ਉਦਯੋਗ ਧੰਧੇ ਵਿਚ ਕੁਸ਼ਲ ਸਨ ਪਰ ਲੁਈ ਨੇ ਆਪਣੀ ਧਾਰਮਿਕ ਨੀਤੀ ਤੋਂ ਇਸ ਪਹਿਲੂ ਨੂੰ ਨਹੀਂ ਸਮਝਿਆ ਜਿਵੇਂ ਕਿ ਲਾਵੀਸ (Lavisse) ਨੇ ਕਿਹਾ ਹੈ "ਲੁਈ ਦੀ ਧਾਰਮਿਕ ਨੀਤੀ ਤੋਂ ਰਾਜਨੀਤੀ ਅਤੇ ਨੈਤਿਕ ਦ੍ਰਿਸ਼ਟੀ ਦਾ ਫਰਾਂਸ ਤੇ ਬਹੁਤ ਬੁਰਾ ਅਸਰ ਹੋਇਆ।"

ਵਿਦੇਸ਼ੀ ਨੀਤੀ ਦੇ ਖੇਤਰ ਵਿਚ ਲੁਈ ਨੂੰ ਯੂਰਪ ਵਿਚ ਫਰਾਂਸ ਦਾ ਸ਼ਕਤੀਸ਼ਾਲੀ ਹੋਣਾ ਵਿਰਾਸਤ ਤੋਂ ਪ੍ਰਾਪਤ ਹੋਇਆ ਸੀ। ਲੁਈ ਨੇ ਯੁੱਧ ਅਤੇ ਕੂਟਨੀਤੀ ਤੋਂ ਫਰਾਂਸ ਦਾ ਹੋਰ ਵਿਸ਼ਤਾਰ ਕੀਤਾ ਉਸਦਾ ਪਹਿਲਾ ਯੁੱਧ 'ਵਾਰ ਆਫ ਡਿਵੋਲਯੁਸ਼ਨ (1667-1668) ਦੇ ਨਾਂ ਤੋਂ ਮਸ਼ਹੂਰ ਸੀ। ਸਪੇਨ ਦੇ ਪ੍ਰਦੇਸ਼ ਤੇ ਉਸਨੇ ਆਪਣੀ ਪਤਨੀ ਮਾਰਿਆ ਥਰੇਸਾ ਦੇ ਮਾਧਿਅਮ ਤੋਂ ਅਧਿਕਾਰ ਦੀ ਕੋਸ਼ਿਸ਼ ਕੀਤੀ ਪਰ ਹੋਲੈਂਡ, ਇੰਗਲੈਂਡ ਅਤੇ ਸਵੀਡਨ ਨੇ ਇਕ ਸੰਗਠਨ ਬਣਾਇਆ ਜਿਸਨੇ ਲੁਈ ਨੂੰ 1668 ਵਿਚ 'ਐਕਸ-ਲਾ ਸੇਪੇਨ' (Aix-la-chappelle) ਸੰਧੀ ਕਰਣ ਤੇ ਮਜ਼ਬੂਰ ਕੀਤਾ ਇਸ ਤੋਂ ਫਰਾਂਸ ਨੂੰ ਸਪੇਨ ਦਾ ਕੁਝ ਭਾਗ ਤਾਂ ਮਿਲ ਗਿਆ ਪਰ ਉਸਨੂੰ ਫਰਾਂਸ ਕੌਤੇ ਨਾ ਮਿਲ ਸਕਿਆ ਇਸਦੇ ਬਾਅਦ ਤੋ ਹੋਲੈਂਡ ਯੁੱਧ ਦੇ ਬਾਅਦ 1678 ਵਿਚ ਜੋ 'ਨਿਮੇਗਨ ਦੀ ਸੰਧਿ' ਹੋਈ ਉਸਦੇ ਦੁਆਰਾ ਉਸਨੂੰ ਫਰਾਂਸ ਕੌਤੇ ਮਿਲ ਗਏ। ਆਗਮਬਰਗ ਦੀ ਲੀਗ ਦੇ ਨਾਲ ਲੁਈ ਨੇ ਜੋ ਯੁੱਧ (1688-97) ਵਿਚ ਕੀਤਾ। ਉਸਨੂੰ ਰਿਜਵਿਕ ਦੀ ਸੰਧਿ ਨੇ ਖ਼ਤਮ ਕੀਤਾ। ਫਰਾਂਸ ਨੂੰ ਅਲਾਸ ਅਤੇ ਸਟਾਸਬਰਗ ਤੋਂ ਇਲਾਵਾ ਸਾਰੇ ਜਿਤੇ ਹੋਏ ਪ੍ਰਦੇਸ ਛਡਣੇ ਪਏ ਅਤੇ ਵਿਲਿਅਮ ਨੂੰ ਸ਼ਾਸਕ ਦੇ ਰੂਪ ਵਿਚ ਮਾਨਯਤਾ ਮਿਲ ਗਈ। ਲੁਈ ਨੂੰ ਇਹ ਸਮਝਣਾ ਸਪਸ਼ਟ ਹੋ ਗਿਆ ਕਿ ਹੁਣ ਉਸਨੂੰ ਰਕਸਾਤਮਕ ਯੁੱਧ ਕਰਨੇ ਪੈਣਗੇ ਕਿਉਂਕਿ ਯੂਰਪੀ ਦੇਸ਼ ਉਸਦੀ ਵਧਦੀ ਹੋਈ ਸ਼ਕਤੀ ਤੋਂ ਆਂਤਰਿਕ ਸੀ, ਉਧਰ ਫਰਾਂਸ ਦੀ ਆਰਥਿਕ ਦਸ਼ਾ ਵੀ ਬਹੁਤ ਵਿਗੜ ਰਹੀ ਸੀ ਪਰ ਹੁਣ ਵੀ ਲੁਈ ਦੀ ਦੁਰਦਸ ਆਸ਼ਾ ਸ਼ਾਂਤ ਨਹੀਂ ਹੋਈ ਸੀ। ਉਸੇ ਸਮੇਂ ਸਪੇਨ ਦੇ ਉਤਰਅਧਿਕਾਰੀ ਦਾ ਯੁੱਧ (1700-1713) ਸ਼ੁਰੂ ਹੋ ਗਿਆ। ਯੂਟਰੈਕਟ ਦੀ ਸੰਧਿ ਨੇ ਇਸ ਯੁੱਧ ਨੂੰ ਖ਼ਤਮ ਕਰ ਦਿੱਤਾ। ਲੁਈ ਇਸ ਯੁੱਧ ਤੋਂ ਕਾਫ਼ੀ ਉਦਾਸ ਹੋ ਗਿਆ। ਉਸਦੀ ਸ਼ਕਤੀ ਖ਼ਤਮ ਹੋ ਗਈ ਅਤੇ ਫਰਾਂਸ ਨੂੰ ਕੋਈ ਵਿਸ਼ੇਸ਼ ਫਾਇਦਾ ਨਹੀਂ ਹੋਇਆ।

## 7.6 ਸਾਰਾਂਸ਼ (Summary)

ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਯੂਰਪ ਵਿਚ ਹੋਰ ਕਈ ਰਾਜਾਂ ਦੀ ਮਹਾਂਸ਼ਕਤੀ ਦੇ ਰੂਪ ਵਿਚ ਉਦੇ ਹੋਇਆ। ਸਤਾਰਵੀਂ ਸਦੀ ਵਿਚ ਫ੍ਰੇਡਰਿਕ ਵਿਲਿਅਮ (1640-88) ਦੇ ਪ੍ਰਸ਼ਾ ਦਾ ਸ਼ਾਸਕ ਬਣਿਆ, ਉਸਨੂੰ 'ਇਲੇਕਟਰ ਮਹਾਨ' (Great Elector) ਵੀ ਕਿਹਾ ਜਾਂਦਾ ਸੀ। ਉਸਨੇ ਪ੍ਰਸ਼ਾਸਨ ਦੀ ਸਿਥਤੀ ਨੂੰ ਮਜ਼ਬੂਤ ਕਰਣ ਲਈ ਨਿਰਣਾ ਲਿਆ। ਪ੍ਰਸ਼ਾ ਵਿਚ ਸਭ ਤੋਂ ਵੱਡੀ ਕਜਜ਼ੋਰੀ ਉਸ ਵਿਚ ਸ਼ੇਤਰੀ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਏਕਤਾ ਦਾ ਅਭਾਵ ਸੀ। ਇਸ ਵਿਚ ਤਿੰਨ ਤਰ੍ਹਾਂ ਦੇ ਖੇਤਰ ਸ਼ਾਮਲ ਸਨ। ਇਕ ਤਾਂ ਬੈਡਨਬਰਗ, ਦੂਜਾ ਵੇਸਟਫੇਲਿਆ ਦੀ ਸੰਧਿ ਦੁਆਰਾ ਪ੍ਰਾਪਤ ਪ੍ਰਦੇਸ, ਤੀਜਾ ਪ੍ਰਸ਼ਾ ਅਤੇ ਕਲੀਵਜ ਦਾ ਪ੍ਰਦੇਸ। ਇਹ ਸਾਰੇ ਪਿਛੜੇ ਹੋਏ ਪ੍ਰਦੇਸ ਸਨ। ਇਸ ਵਿਚ ਕ੍ਰਿਸ਼ੀ ਅਤੇ ਉਦਯੋਗ ਧੰਦੇ ਨਾਮਾਤਰ ਹੀ ਚਲਦੇ ਸਨ ਇਨ੍ਹਾਂ ਸਾਰੀ ਸਮਸਿਆਵਾਂ ਨੂੰ ਸੁਲਝਾਉਣ ਦਾ ਇਕ ਹੀ ਤਰੀਕਾ ਫ੍ਰੇਡਰਿਕ ਨੂੰ ਮਿਲਿਆ- ਆਪਣਾ ਨਿਰੰਕੁਸ਼ ਰਾਜ ਸਥਾਪਿਤ ਕਰਕੇ ਪ੍ਰਸ਼ਾਸਨਿਕ ਸੁਧਾਰ ਲਿਆਉਣਾ ਅਤੇ ਵਿਦੇਸ਼ਾਂ ਵਿਚ ਪ੍ਰਸ਼ਾਸਨ ਦੀ ਇੱਜਤ ਵਧਾਉਣੀ। ਉਸਦਾ ਨਿਰੰਕੁਸ਼ ਰਾਜਤੰਤਰ ਇਕ ਸੰਗਠਿਤ ਸੈਨਾ ਦੀ ਮਦਦ ਤੇ ਨਿਰਭਰ ਰਹਿੰਦਾ ਸੀ। ਇਸ ਲਈ ਉਸਨੇ ਇਕ ਵੱਡੀ ਸੈਨਾ ਬਣਾਈ। 1670 ਵਿਚ ਉਸਦੇ ਕੋਲ 10,000 ਸੈਨਿਕ ਸੀ ਜਿਨਾਂ ਦੀ ਗਿਣਤੀ 1678 ਵਿਚ 40,000 ਹੋ ਗਈ ਸੀ।

## 7.7 ਸ਼ਬਦਕੋਸ਼ (Keywords)

1. **ਨੌਕਰੀਪੇਸ਼ਾ ਵਰਗ** (Service class)- ਨੌਕਰੀ ਕਰਨ ਵਾਲਾ ਵਰਗ।
2. **ਨਿਰੰਕੁਸ਼** (Autocratic)- ਇਕਤੰਤਰ, ਸਵੇਛਾਚਾਰੀ।

## 7.8 ਅਭਿਆਸ ਪ੍ਰਸ਼ਨ (Review Questions)

1. ਨਿਰੰਕੁਸ਼ਤਾ ਦਾ ਕੀ ਅਰਥ ਹੈ ? ਸ਼ਪਸ਼ਟ ਕਰੋ।
2. ਫ੍ਰੈਡਰਿਕ ਦੇ ਨਿਰੰਕੁਸ਼ ਸ਼ਾਸ਼ਨ ਬਾਰੇ ਆਪਣੇ ਵਿਚਾਰ ਲਿਖੋ ?
3. ਲੁਈ ਦੇ ਸ਼ਾਸਨਕਾਲ 'ਤੇ ਨੋਟ ਲਿਖੋ ?

### ਉੱਤਰ : ਸਵ-ਮੁਲਾਂਕਣ (Answer: Self Assessment)

1. ਜ਼ਿੰਮੀਦਾਰ ਵਰਗ  2. ਸਤਾਰਵੀਂ ਸਦੀ  3. ਅੰਤਰਰਾਸ਼ਟਰੀ

## 7.9 ਸੰਦਰਭ ਪੁਸਤਕਾਂ (Further Readings)

ਨੋਟ

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

# ਇਕਾਈ-8: ਲੋਕਤਾਂਤਰਿਕ ਰਾਜਨੀਤੀ
# (Democratic Politics)

**ਵਿਸ਼ੇ ਵਸਤੂ** (Contents)


ਉਦੇਸ਼ (Objectives)

ਪ੍ਰਸਤਾਵਨਾ (Introduction)

8.1 ਕ੍ਰਾਂਤੀ ਦੇ ਕਾਰਣ (Causes of Revolution)

8.2 ਗ੍ਰਹਿਯੁੱਧ ਦਾ ਸਵਰੂਪ (Kind of Civil War)

8.3 ਅਪੂਰਣ ਕ੍ਰਾਂਤੀ (1640-1660) (Incomplete Revolution, 1640-1660)

8.4 ਕ੍ਰਾਮਵੈਲ ਅਤੇ ਗਣਤੰਤਰ : ਨਿਸ਼ਕਰਸ਼ (Cromwell and Republic : Gist)

8.5 ਸਾਰਾਂਸ਼ (Summary)

8.6 ਸ਼ਬਦਕੋਸ਼ (Keywords)

8.7 ਅਭਿਆਸ ਪ੍ਰਸ਼ਨ (Review Questions)

8.8 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਕ੍ਰਾਂਤੀ ਦੇ ਕਾਰਣ ਜਾਨਣ ਨੂੰ।
- ਗ੍ਰਹਿਯੁਧ ਦਾ ਸਵਰੂਪ ਜਾਨਣ ਨੂੰ।
- ਅਪੂਰਨ ਕ੍ਰਾਂਤੀ ਨੂੰ ਜਾਨਣ ਨੂੰ।

## ਪ੍ਰਸਤਾਵਨਾ (Introduction)

ਸਤਾਰਵੀਂ ਸਦੀ ਦੇ ਵਿਚ ਇੰਗਲੈਂਡ ਦੀ ਸੰਸਦ ਨੇ ਆਪਣੇ ਰਾਜੇ ਦੇ ਨਾਲ ਯੁੱਧ ਕੀਤਾ ਅਤੇ ਇਸ ਯੁੱਧ ਵਿਚ ਰਾਜੇ ਦੀ ਹਾਰ ਹੋਈ। ਇਸ ਯੁੱਧ ਨੂੰ ਹੀ ਗ੍ਰਹਿਯੁੱਧ ਦਾ ਨਾਂ ਦਿੱਤਾ ਗਿਆ ਪਰਿਵਰਤਨ ਸਮਰਥਕ ਅਤੇ ਪਰਿਵਰਤਨ ਵਿਰੋਧੀ ਤੱਤਾਂ ਵਿਚ ਹੋਇਆ। ਇਹ ਦੋ ਰਾਜਨੀਤਿਕ ਵਿਚਾਰਧਾਰਾਵਾਂ ਦਾ ਸੰਘਰਸ਼ ਸੀ। ਇਕ ਦਲ ਨੇ ਡਚ ਗਣਤੰਤਰ ਨੂੰ ਆਦਰਸ਼ ਬਣਾਇਆ ਤਾਂ ਦੂਸਰੇ ਨੇ ਫ੍ਰਾਸੀਸੀ ਨਿਰੰਕੁਸ਼ਤਾ ਨੂੰ।

ਪਰ ਆਂਗਲ ਕ੍ਰਾਂਤੀ ਕੇਵਲ ਇਸ ਯੁੱਧ ਦੇ ਮਾਧਿਅਮ ਤੋਂ ਨਹੀਂ ਸਮਝੀ ਜਾਂਦੀ। ਸਤਰਵੀਂ ਸਦੀ ਵਿਚ ਜੋ ਪਰਿਵਰਤਨ ਇੰਗਲੈਂਡ ਵਿਚ ਹੋਏ ਉਹ ਕੇਵਲ ਰਾਜਨੀਤਿਕ ਅਤੇ ਸੰਵਿਧਾਨਿਕ ਰੂਪ ਤੋਂ ਕ੍ਰਾਂਤੀਕਾਰੀ ਨਹੀਂ ਸੀ ਅਤੇ ਨਾ ਹੀ ਉਹ ਕੇਵਲ ਅਰਥਵਿਵਸਥਾ, ਧਰਮ ਜਾਂ ਵਿਚਾਰਾਂ ਦੇ ਖੇਤਰ ਤਕ ਸੀਮਿਤ ਰਹਿਣ ਵਾਲੇ ਵਿਚਾਰ ਸਨ। ਪਰ ਇਨ੍ਹਾਂ ਪਰਿਵਰਤਨਾਂ ਵਿਚ ਤਾਂ ਜੀਵਨ ਦੇ ਹਰ ਇਕ ਪਹਿਲੂ ਨੂੰ ਪ੍ਰਭਾਵਿਤ ਕੀਤਾ ਸੀ। ਇਨ੍ਹਾਂ ਪਰਿਵਰਤਨਾਂ ਦੀ ਭੂਮਿਕਾ ਬਹੁਤ ਪਹਿਲੇ ਤੋਂ ਹੀ ਚਲੀ ਆ ਰਹੀ ਸੀ ਅਤੇ ਗ੍ਰਹਿਯੁੱਧ ਖ਼ਤਮ ਹੋਣ ਤੇ ਵੀ ਇਨ੍ਹਾਂ ਪਰਿਵਰਤਨਾਂ ਦੀ ਗਤੀ ਵਿਚ ਕੋਈ ਪਰਿਵਰਤਨ ਨਹੀਂ ਆਇਆ। ਸਚਾਈ ਤਾਂ ਇਹ ਹੈ ਕਿ ਇਹ ਪੂਰੀ ਸਦੀ ਹੀ ਕ੍ਰਾਂਤੀਕਾਰੀ ਪਰਿਵਰਤਨਾਂ ਦਾ ਯੁੱਗ ਸੀ। 1603-1688 ਦੇ ਦੌਰਾਨ ਇੰਗਲੈਂਡ ਵਿਚ ਜੋ ਪਰਿਵਰਤਨ ਹੋਏ ਉਸਨੇ ਦੇਸ ਸੰਸਦੀਯ, ਪ੍ਰਣਾਲੀ ਵਾਲੀ ਸਰਕਾਰ ਸਾਮਰਾਜਵਾਦੀ ਵਿਦੇਸ਼ ਨੀਤੀ, ਧਾਰਮਿਕ ਗਣਤੰਤਰਾ ਅਤੇ ਆਰਥਿਕ ਵਿਕਾਸ ਦੇ ਅਹੁੱਦੇ ਤੇ ਅਗਰਸਰ ਹੋਇਆ।

1540-1640 ਈ. ਦੇ ਵਿੱਚ ਅੰਗਰੇਜ਼ੀ ਸਮਾਜ ਵਿਚ ਅਨੇਕ ਪਰਿਵਰਤਨ ਹੋਏ ਜਿਸਦੇ ਪਰਿਣਾਮ ਸਰੂਪ ਇਸ ਤਰ੍ਹਾਂ ਦੀਆਂ ਸਥਿਤੀਆਂ ਉਤਪੰਨ ਹੋਇਆ ਜਿਨ੍ਹਾਂ ਦੇ ਹੋਣ ਤੇ ਕ੍ਰਾਂਤੀ ਪੈਦਾ ਹੁੰਦੀ ਹੈ। ਇਹ ਸਥਿਤੀਆਂ ਦੀ ਵੰਡ ਤਿੰਨ ਭਾਗਾਂ ਵਿਚ ਕੀਤੀ ਗਈ ਹੈ। ਪਹਿਲੀ ਅਵਸਥਾ, ਰਾਜਨੀਤਿਕ ਵਿਵਸਥਾ ਅਤੇ ਸਮਾਜਿਕ ਵਿਵਸਥਾ ਦੇ ਵਿਚ ਵਿਰੋਧਾਭਾਸ ਜਿਸਦੇ ਪਰਿਣਾਮ ਸਵਰੂਪ ਕੁਝ ਮਹਤੱਵਪੂਰਨ ਦਲ ਅਤੇ ਨਿਜੀ ਹਿਤਾਂ ਨੂੰ ਪਾਥਮਿਕਤਾ ਦੇਣ ਵਾਲੇ ਲੋਕ ਇਹ ਅਨੁਭਵ ਕਰਨ ਲੱਗ ਪੈਂਦੇ ਹਨ ਕਿ ਵਰਤਮਾਨ ਰਾਜਨੀਤਿਕ ਵਿਵਸਥਾ ਵਿਚ ਉਹਨਾਂ ਦੇ ਸਵਾਰਥ ਅਤੇ ਅਕਾਂਸਾਏ ਪੂਰੀ ਨਹੀਂ ਹੋ ਸਕਦੀ। ਦੂਜਾ ਸੈਨਿਕ ਅਤੇ ਪ੍ਰਸ਼ਾਸਨ ਵਿਵਸਥਾ ਵਿਚ ਲੋਕਾਂ ਦਾ

ਨੋਟ

ਵਿਚਾਰਧਾਰਾ (Idology) ਦੇ ਆਧਾਰ 'ਤੇ ਵਿਮੁਖ ਹੋਣਾ। ਤੀਜਾ ਸਰਕਾਰ ਦਾ ਆਪਣੀ ਜਗ੍ਹਾ 'ਤੇ ਖੜੇ ਰਹਿਣਾ। ਸਤਾਰਵੀਂ ਸਦੀ ਵਿਚ ਇੰਗਲੈਂਡ ਵਿਚ ਇਸ ਤਰ੍ਹਾਂ ਦੀਆਂ ਸਥਿਤੀਆਂ ਸਨ। ਇਸ ਕ੍ਰਾਂਤੀ ਦੇ ਕਾਰਨਾਂ ਤੇ ਨਿਗ੍ਹਾ ਪਾਉਣ ਤੋਂ ਪਹਿਲਾਂ ਕੁਝ ਗੱਲਾਂ ਦਾ ਸ਼ਪਸ਼ਟੀਕਰਨ ਜ਼ਰੂਰੀ ਹੈ। ਪਹਿਲਾ ਸਰਕਾਰ ਦੀ ਅਵਨਤੀ ਯੁੱਧ ਦਾ ਕਾਰਨ ਸੀ ਪਰਿਣਾਮ ਨਹੀਂ। ਦੂਜਾ ਇਹ ਯੁੱਧ ਕੇਵਲ ਇਕ ਵਿਅਕਤੀਗਤ ਰਾਜਾ ਚਾਰਲਸ ਪ੍ਰਥਮ ਦੇ ਵਿਰੁੱਧ ਵਿਰੋਧ ਨਹੀਂ ਸੀ। ਤੀਜਾ ਇਤਿਹਾਸਕਾਰ ਪ੍ਰੋ. ਹਿਲ ਨੇ ਇਸ ਕ੍ਰਾਂਤੀ ਨੂੰ ਬਜ਼ੁਰਆਂ ਅਤੇ ਅਮੀਰ ਵਰਗ ਦੇ ਵਿਚ ਸੰਘਰਸ਼ ਦਾ ਨਾ ਦਿੱਤਾ ਪਰ ਇਹ ਕਥਨ ਇਕ ਸੀਮਾ ਤਕ ਹੀ ਸਹੀ ਪ੍ਰਤੀਤ ਹੁੰਦਾ ਹੈ। ਸਮਾਜ ਦੇ ਉਚ ਸਤਰ ਤੇ ਗਤੀਸ਼ੀਲ ਹੋਣ ਕਾਰਣ ਉਸ ਵਿਚ ਸਥਾਇਤਵ ਦਾ ਅਭਾਵ ਹੋ ਗਿਆ ਸੀ ਅਤੇ ਪਰੰਪਰਾਗਤ ਸੰਸਥਾਵਾਂ ਅਤੇ ਅਧਿਕਾਰਾਂ ਦਾ ਦੁਬਾਰਾ ਮੁਲਆਂਕਨ ਹੋਣ ਲੱਗਿਆ। ਇਸ ਤਰ੍ਹਾਂ ਐਸੀ ਆਰਥਿਕ ਅਤੇ ਸਮਾਜਿਕ ਸਥਿਤੀਆਂ ਉਤਪੰਨ ਹੋਈਆਂ ਜਿਸ ਨਾਲ ਕ੍ਰਾਂਤੀ ਦੀ ਸੰਭਾਵਨਾ ਉਤਪੰਨ ਹੋਈ।

## 8.1 ਕ੍ਰਾਂਤੀ ਦੇ ਕਾਰਣ (Causes of Revolution)

**ਸਟੂਅਰਟ ਪੂਰਬ :** ਸੋਲਵੀਂ ਸਦੀ ਵਿਚ ਰਾਜਾ ਅਤੇ ਸੰਸਦ ਨੇ ਮਿਲ ਕੇ ਕੰਮ ਕੀਤਾ। ਰਾਜਾ ਦੇ ਆਸ਼ਰਯ ਵਿਚ ਨਵੇਂ ਧਨਵਾਨ-ਭੂਮੀਆਂ ਦੇ ਮਾਲਕ ਅਤੇ ਵਿਉਪਾਰੀ ਜਿਨਾਂ ਨੂੰ ਸੰਸਦ ਵਿਚ ਪ੍ਰਤੀਨਿੱਧ ਪ੍ਰਾਪਤ ਸੀ– ਫਲੇ-ਫੁਲੇ। ਰਾਜਾ ਆਂਤਰਿਕ ਵਿਰੋਧ ਅਤੇ ਪ੍ਰਤੀਕਿਰਿਆਵਾਦੀ ਤੱਤਾਂ ਨੂੰ ਉਹਨਾ ਦੀ ਸੁਰਖਿਆ ਕਰਦਾ ਸੀ। ਰਾਜਾ ਬਾਹਰੀ ਪ੍ਰਤੀਕਿਰਿਆਵਾਦੀ ਸਰਕਾਰ (ਜਿਵੇਂ:- ਸਪੇਨ) ਤੋਂ ਵੀ ਉਹਨਾਂ ਦੀ ਰਖਿਆ ਕਰਦਾ ਸੀ ਬਦਲੇ ਵਿਚ ਉਹ ਸ਼ਕਤੀ ਸੰਚਯ ਦੇ ਪ੍ਰਯਾਸਾ ਵਿਚ ਕੋਈ ਹਸਤਖੇਪ ਨਹੀਂ ਕਰਦੇ ਸੀ। 1590 ਤਕ ਰਾਜੇ ਦੇ ਹੋਰ ਇਸ ਵਰਗ ਦੇ ਸਵਾਰਥ ਇਹ ਸਨ। ਟ੍ਰਯੂਟਰ ਸੰਸਦ ਨੇ ਰੂਸ ਦੇ ਨਾਲ ਸੰਬੰਧ ਤੋੜਨ ਵਿਚ ਰਾਜਾ ਹੈਨਰੀ ਅਸਟਮ ਦਾ ਸਾਥ ਦਿੱਤਾ ਜਿਸ ਤੋਂ ਰਾਜਾ ਦਾ ਨਿੱਜੀ ਸਵਾਰਥ ਪੂਰਾ ਹੋਇਆ। ਇਸ ਤਰ੍ਹਾਂ ਸੰਸਦ ਨੇ ਰਾਣੀ ਇਲਿਜਾਬੇਥ ਨੂੰ ਸਪੈਨ ਅਤੇ ਪ੍ਰਤੀ ਸੁਧਾਰ ਅੰਦੋਲਨ (Counter reforemation) ਦਾ ਸਾਮਨਾ ਕਰਨ ਵਿਚ ਪੂਰੀ ਸਹਾਇਤਾ ਦਿੱਤੀ। ਪਰ ਫਿਰ ਵੀ ਸੋਲ੍ਹਵੀਂ ਸਦੀ ਦੇ ਅੰਤਿਮ ਤੱਕ ਨਵੇਂ ਧਨਵਾਨ ਵਰਗ ਨੂੰ ਕੋਈ ਖ਼ਤਰਾ ਨਹੀਂ ਰਹਿ ਗਿਆ ਸੀ। ਉਸਦੇ ਆਂਤਰਿਕ ਅਤੇ ਬਾਹਰੀ ਦੁਸ਼ਮਣਾਂ ਦਾ ਨਾਸ਼ ਹੋ ਚੁੱਕਾ ਸੀ। ਹੁਣ ਉਸਨੂੰ ਰਾਜੇ ਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਰਹਿ ਗਈ ਸੀ ਫਿਰ ਰਾਜਾ ਵੀ ਇਸ ਸਮੇਂ ਇਹ ਹੀ ਅਨੁਭਵ ਕਰਨ ਲੱਗਿਆ ਕਿ ਇਸ ਨਵੇਂ ਵਰਗ ਦੀ ਵਧਦੀ ਹੋਈ ਸੰਪਤੀ ਤੋਂ ਰਾਜੇ ਨੂੰ ਵੀ ਖ਼ਤਰਾ ਹੋ ਸਕਦਾ ਹੈ। ਆਖਿਰ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋਵੇ, ਉਹ ਆਪਣੀ ਸ਼ਕਤੀ ਨੂੰ ਇਕੱਠਾ ਕਰਨ ਦਾ ਯਤਨ ਕਰਨ ਲੱਗ ਪਿਆ।

ਟ੍ਰਯੂਡਰ ਵੰਸ਼ ਦੇ ਰਾਜਕਾਲ ਵਿੱਚ ਰਾਜੇ ਦੀ ਸ਼ਕਤੀ ਵਿੱਚ ਵਾਧਾ ਹੋਇਆ ਸੀ। ਉਨ੍ਹਾਂ ਨੇ "ਕੋਰਟ ਆਫ਼ ਸਟਾਰ ਚੈਂਬਰ" ਆਦਿ ਸੰਸਥਾਵਾਂ ਦੀ ਸਥਾਪਨਾ ਕੀਤੀ ਅਤੇ ਇਨ੍ਹਾਂ ਸੰਸਥਾਵਾਂ ਦੇ ਮਾਧਿਅਮ ਨਾਲ ਰਾਜ ਵਿੱਚ ਸ਼ਾਂਤੀ ਤੇ ਵਿਵਸਥਾ ਪ੍ਰਾਪਤ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਪਰ ਇਨ੍ਹਾਂ ਸੰਸਥਾਵਾਂ ਵਿੱਚ ਅੰਗਰੇਜ਼ਾਂ ਨੂੰ 'ਲੋਕ ਕਾਨੂੰਨ' (Common law) ਦੇ ਅੰਤਰਗਤ ਦਿੱਤੀ ਗਈ ਸਵਤੰਤਰਤਾ ਤੇ ਪ੍ਰਤਿਬੰਧ ਲਗਾਏ। ਸੰਸਦ 'ਲੋਕ ਕਾਨੂੰਨ' ਦੀ ਸਰੰਸ਼ਕ ਸੀ ਅਤੇ ਟ੍ਰਯੂਡਰ ਵੰਸ਼ ਦੀ ਆਖਿਰੀ ਸ਼ਾਸ਼ਿਕਾ ਏਲੀਜਾਬੇਥ ਦੇ ਸਮੇਂ ਵਿੱਚ ਸੰਸਦ ਅਤੇ ਰਾਣੀ ਦੇ ਵਿੱਚ ਇਨ੍ਹਾਂ ਵਿਸ਼ੇਅਧਿਕਾਰਾਂ ਨੂੰ ਲੈ ਕੇ ਸੰਘਰਸ਼ ਸ਼ੁਰੂ ਹੋ ਗਿਆ ਸੀ।

ਟ੍ਰਯੂਡਰ ਵਿਵਸਥਾ ਦਾ ਮੂਲ ਮੰਤਰ ਸੀ– ਰਾਜਾ ਅਤੇ ਸ਼ਕਤੀਸੰਪਨ ਜ਼ਮੀਨ ਦੇ ਸਵਾਮੀ ਮੱਧ ਵਰਗ ਦੇ ਵਿੱਚ ਸ਼ਕਤੀ ਦਾ ਬਟਵਾਰਾ। ਇਹ ਵਿਚਾਰ ਅਤੇ ਸਾਂਝੇਦਾਰੀ ਦਾ ਵਿਵਹਾਇਕ ਰੂਪ ਸੀ ਸੰਸਦ ਅਤੇ ਕਾਨੂੰਨ ਦਾ ਸ਼ਾਸਨ। ਸੰਸਦ ਨੇ ਇਸ ਕਾਲ ਵਿੱਚ ਮਹੱਤਵ ਪ੍ਰਾਪਤ ਕੀਤਾ ਅਤੇ ਆਪਣੇ ਉਤਰਦਾਇਤਵ ਤੇ ਅਧਿਕਾਰਾਂ ਤੇ ਪ੍ਰਤੀ ਜਾਗਰੂਕ ਸੰਸਦ ਆਪਣੇ ਅਧਿਕਾਰਾਂ ਨੂੰ ਕਿਸੇ ਵੀ ਕੀਮਤ ਤੇ ਛੱਡਣ ਲਈ ਤਿਆਰ ਨਹੀਂ ਸੀ। ਟ੍ਰਯੂਡਰ ਸ਼ਾਸਕ ਨੇ ਨਵੇਂ ਨਿਆਲਿਆ ਜਿਵੇਂ ਕੋਰਟ ਆਫ਼ ਚੈਂਬਰ ਆਦਿ ਸਥਾਪਿਤ ਕੀਤੇ। ਇਨ੍ਹਾਂ ਵਿੱਚ ਨਿਆਏ ਜਲਦੀ ਹੁੰਦਾ ਸੀ ਅਤੇ ਨਿਆਏ ਦੇ ਪੁਰਾਣੇ ਨਿਯਮਾਂ ਦੀ ਅਪੇਕਸ਼ਾ ਨਿਆਏ ਨੂੰ ਜਿਆਦਾ ਮਹੱਤਵ ਦਿੱਤਾ ਜਾਂਦਾ ਸੀ ਅਤੇ ਇੱਧਰ ਦੇ ਨਿਆਏਦੀਸ਼ ਰਾਜੇ ਦੇ ਨਿਯੰਤਰਣ ਵਿੱਚ ਸਨ। ਪਰ ਫਿਰ ਵੀ ਇਨ੍ਹਾਂ ਨਿਆਲਿਆ ਦੇ ਨਾਲ-ਨਾਲ ਪੁਰਾਣੇ ਲੋਕ-ਕਾਨੂੰਨ ਪਰੰਪਰਾਵਾਂ ਜੀਵਿਤ ਰਹੀਆਂ ਅਤੇ ਇਨ੍ਹਾਂ ਨੇ ਸਤਾਰਵੀਂ ਸਦੀ ਦੇ ਰਾਜਨੀਤਿਕ ਸੰਘਰਸ਼ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਸੋਲ੍ਹਵੀਂ ਸਦੀ ਦੇ ਵਿੱਚ ਰਾਜੇ ਨੇ ਇੱਕ ਸੰਗਠਿਤ ਕੇਂਦਰੀ ਸਰਕਾਰ ਦੀ ਸਥਾਪਨਾ ਵਿੱਚ ਸਫ਼ਲਤਾ ਹਾਸਿਲ ਕੀਤੀ ਜਿਸ ਵਿੱਚ ਲਾਰਡ ਟ੍ਰੈਜਰਰ (Lord treasurer) ਅਧਿਯਕਸ਼ ਸੀ ਤੇ ਪ੍ਰਿਵੀ ਕੌਂਸਿਲ ਪ੍ਰਮੁੱਖ ਕਾਰਜ਼ਕਾਰਣੀ ਸੰਸਥਾ ਸੀ।

**ਨੌਕਰਸ਼ਾਹੀ ਦਾ ਅਭਾਵ :–** ਇਸ ਵਿੱਚ ਵੀ ਜਿਆਦਾ ਗੰਭੀਰ ਕਮੀ ਸੀ, ਟ੍ਰਯੂਡਰ ਸ਼ਾਸਕਾਂ ਦੁਆਰਾ ਨੌਕਰਸ਼ਾਹੀ ਨਾ ਸਥਾਪਿਤ ਕਰਨਾ। ਇਨ੍ਹਾਂ ਸ਼ਾਸਕਾਂ ਨੇ ਮੱਧਕਾਲ ਦੇ ਵੱਡੇ ਜ਼ਮੀਨ ਦੇ ਮਾਲਕਾਂ ਦੀ ਸ਼ਕਤੀ ਨੂੰ ਕੁਚਲਣ ਲਈ ਭਦ੍ਰਜਨਾਂ (Gentry) ਨੂੰ ਮਹੱਤਵ ਦਿੱਤਾ। ਇਹ ਭਦ੍ਰਜਨ ਹਾਊਸ ਆਫ਼ ਕਾਮਨਸ ਵਿੱਚ ਲੋਕਾਂ ਦਾ ਪ੍ਰਤਿਨਿਧਿਤਵ ਕਰਦੇ ਸੀ। ਇਹ ਦਲ ਉਦੋਂ ਤੱਕ ਰਾਜੇ ਦੇ ਗ੍ਰਾਮੀਣ ਖੇਤਰਾਂ ਵਿੱਚ ਸ਼ਹਿਰ ਵਿੱਚ ਅਸੀਮਿਤ ਰਾਜ ਕਰਦੇ ਸੀ, ਇਸ ਕਾਰਨ ਰਾਜਾ ਉਹਨਾਂ ਨੂੰ ਹਟਾਕੇ ਵੇਤਨਬੰਧ ਨੌਕਰਸ਼ਾਹੀ ਨਹੀਂ ਸਥਾਪਿਤ ਕਰ ਸਕਦਾ ਸੀ, ਪਰਿਣਾਮਸਵਰੂਪ ਰਾਜੇ ਨੂੰ ਸਥਾਨਿਆ ਸ਼ਾਸਨ ਉਸ ਦੇ ਹੱਥ ਵਿੱਚ ਛੱਡਣਾ ਪਿਆ ਜਿਸਦੀ ਸਵਾਮੀਭਗਤ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਰਾਜਾ ਉਹਨਾਂ ਦੇ ਸਵਾਰਥ ਅਤੇ ਵਿਸ਼ੇਸ਼ਅਧਿਕਾਰਾਂ ਦੀ ਰੱਖਿਆ ਕਰਨ।

**ਰਾਜ ਚਰਚ :–** ਏਕਤਾ ਵਿਰੋਧੀ ਤੱਤਾ ਦੀ ਸ਼ਕਤੀ ਨੂੰ ਘਟ ਕਰਣ ਲਈ ਹੇਨਰੀ ਨੇ ਇੱਕ ਰਾਸ਼ਟਰੀ ਚਰਚ ਦੀ ਸਥਾਪਨਾ ਕਰਨ ਦਾ ਯਤਨ ਕੀਤਾ ਜਿੰਨ੍ਹਾਂ ਦਾ ਪ੍ਰਧਾਨ ਰਾਜਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਇਸ ਨਾਲ ਸਾਰੇ ਲੋਕ ਰਾਜੇ ਦੇ ਅਧੀਨ ਸੰਗਠਿਤ ਹੋ ਜਾਣਗੇ। ਪਰ ਇਸ ਇੰਗਲਿੰਕਨ ਚਰਚ ਤੋਂ ਇੰਗਲੈਂਡ ਦਾ ਕੋਈ ਵੀ ਵਰਗ ਸੰਤੁਸ਼ਟ ਨਹੀਂ ਹੋ ਪਾਇਆ। ਇਸ ਕਾਰਨ ਇੰਗਲੈਂਡ ਵਿੱਚ ਕਈ ਧਾਰਮਿਕ ਦਲ ਬਣਾਏ ਗਏ ਜਿਸ ਵਿੱਚ ਤਿੰਨ ਪ੍ਰਮੁੱਖ ਸਨ ਪਯੂਰਿਟਨ, ਇੰਗਲਿੰਕਨ ਅਤੇ ਕੈਥੋਲਿਕ। ਇਸ ਤੋਂ ਵੀ ਸਟੂਅਰਟ ਰਾਜਿਆਂ ਦੇ ਲਈ ਸੱਮਿਸਆ ਪੈਦਾ ਹੋਈ।

ਨੋਟ

ਨੋਟਸ ਟ੍ਰਯੂਡਰ ਵਿਵਸਥਾ ਦਾ ਮੂਲ ਮੰਤਰ ਸੀ। ਰਾਜੇ ਅਤੇ ਸ਼ਕਤੀਸੰਪਨ ਜ਼ਮੀਨ ਦੇ ਮਾਲਕਾਂ ਵਿੱਚ ਸ਼ਕਤੀ ਦੀ ਵੰਡ।

**ਸਮਾਜ :–** ਇਸ ਸਮੇਂ ਦਾ ਸਮਾਜਿਕ ਢਾਂਚਾ ਵੀ ਬਹੁਤ ਕਮਜ਼ੋਰ ਹੋ ਚੁੱਕਿਆ ਸੀ। 1540 ਦੇ ਮੱਧਕਾਲ ਦੇ ੇ ਸ਼ਕਤੀਸ਼ਾਲੀ ਸਾਮੰਤ ਵਧੇਰੇ ਖ਼ਤਮ ਹੋ ਚੁੱਕੇ ਸਨ। ਪਰ ਫਿਰ ਵੀ ਉਹ ਆਪਦੀ ਨੀਤਿਆਂ ਦੇ ਲਈ ਸਮਰਥਨ ਪ੍ਰਾਪਤ ਕਰਨ ਲਈ ਹੇਨਰੀ ਨੇ ਇਕ ਨਵੇਂ ਸਮਾਜਿਕ ਸੈਨਿਕ ਅਭਿਜਾਤ ਵਰਗ ਦੀ ਸਥਾਪਨਾ ਕੀਤੀ ਅਤੇ ਉਹਨਾਂ ਨੂੰ ਜ਼ਮੀ ਦੇ ਕੇ ਵੱਡਾ ਜ਼ਮੀਨ ਦਾ ਮਾਲਕ ਬਣਾਇਆ। ਉਦਾਹਰਣ ਵਜੋਂ ਰਸਲ **ਜਿਵੇਂ–** ਬੇਡਫੋਰਡ ਦਾ ਅਰਲ ਬਣਾ ਦਿੱਤਾ ਸੀ ਇਹ ਉਸ ਸਮੇਂ ਲਈ ਠੀਕ ਰਿਹਾ ਪਰ ਇਸ ਵਿਵਸਥਾ ਤੋਂ ਇਹ ਆਸ ਪੈਦਾ ਹੋਈ ਕਿ ਭਵਿੱਖ ਵਿੱਚ ਇਹਨਾਂ ਹੀ ਘਰਾਨਿਆਂ ਦੇ ਉਤਰਾਧਿਕਾਰੀ ਆਪਣੀ ਸ਼ਕਤੀ ਦਾ ਪ੍ਰਯੋਗ ਰਾਜੇ ਦੇ ਵਿਰੁੱਧ ਵੀ ਕਰ ਸਕਦੇ ਸਨ। ਇਸ ਤੋਂ ਇਲਾਵਾ ਰਾਜੇ ਨੇ ਧਨ ਦਾ ਅਭਾਵ ਪੂਰਾ ਕਰਨ ਲਈ ਚਰਚ ਤੋਂ ਖੋਹੀ ਹੋਈ ਅਪਾਰ ਜ਼ਮੀਨ ਲੋਕਾਂ ਵਿੱਚ ਵੇਚਣੀ ਸ਼ੁਰੂ ਕਰ ਦਿੱਤੀ। ਇਹ ਜ਼ਮੀਨ ਯੋਮੇਨ ਅਤੇ ਸਧਾਨਕ ਕੁਲੀਨਾਂ ਨੇ ਖਰੀਦ ਲਈ। ਇਸ ਤਰ੍ਹਾਂ ਇੱਕ ਅਜਿਹਾ ਨਵਾਂ ਵਰਗ, ਸਕਵਾਇਰ ਭਦ੍ਰਜਨ ਦਾ ਵਰਗ ਪੈਦਾ ਹੋ ਗਿਆ। ਜੋ ਜਲਦੀ ਹੀ ਰਾਜਨੀਤਿਕ ਵਿਵਸਥਾ ਵਿੱਚ ਸਵਾਰਥ ਦੀ ਪੂਰਤੀ ਲਈ ਸਥਾਨ ਦੀ ਮੰਗ ਕਰਨ ਨੂੰ ਤਿਆਰ ਹੋ ਗਿਆ।

**ਸੰਚਾਰ ਦਾ ਮਾਧਿਅਮ :–** ਟ੍ਰਯੂਡਰ ਕਾਲ ਦੀ ਇੱਕ ਹੋਰ ਕਮੀ, ਜੋ ਕਿ ਸਟੂਅਰਟ ਰਾਜਿਆਂ ਲਈ ਇਕ ਵੱਡੀ ਸਮੱਸਿਆ ਬਣ ਗਈ ਸੀ ਸਰਕਾਰ ਦਾ ਸੰਚਾਰ ਮਾਧਿਅਮ ਤੇ ਅਪੂਰਨ ਨਿਯੰਤਰਣ। ਪ੍ਰੈਸ ਤੇ ਪ੍ਰਤੀਬੰਧ ਸੀ, ਪਰ ਗੈਰ–ਕਾਨੂੰਨੀ ਢੰਗ ਨਾਲ ਕਿਤਾਬਾਂ ਯੂਰੋਪ ਤੋਂ ਇੰਗਲੈਂਡ ਵਿੱਚ ਪ੍ਰਵੇਸ਼ ਕਰਦੀਆਂ ਸੀ ਅਤੇ ਨਾਲ ਹੀ ਭਾਸ਼ਣ ਵੀ ਰਾਜ ਵਿਰੋਧੀ ਹੋਣ ਲੱਗੇ। ਅਜਿਹੇ ਸਮੇਂ ਵਿੱਚ ਜਦ ਅਨੇਕ ਵਿਚਾਰਧਾਰਾ ਆਪਣੇ–ਆਪਣੇ ਪੈਰ ਜਮਾਉਣ ਦਾ ਯਤਨ ਕਰ ਰਹੀ ਸੀ, ਸੰਚਾਰ ਮਾਧਿਅਮ ਤੇ ਪੂਰਨ ਨਿਯੰਤਰਣ ਨਾ ਹੋਣਾ ਇੱਕ ਵੱਡੀ ਸਮੱਸਿਆ ਬਣ ਗਈ ਸੀ।

**ਧਨ ਅਤੇ ਸੈਨਾ ਦਾ ਅਭਾਵ :–** ਏਲਿਜਾਬੇਥ ਦਾ ਸ਼ਾਸਨ, ਸ਼ਕਤੀ ਦੇ ਦੋ ਆਧਾਰਭੂਤ ਸਤੰਭਾਂ ਤੋਂ ਵੰਚਿਤ ਸੀ, ਇਹ ਸੀ ਧਨ ਅਤੇ ਸੈਨਾ। ਚਰਚ ਤੋਂ ਜੋ ਧਨ ਟ੍ਰਯੂਡਰ ਸ਼ਾਸਕਾਂ ਨੇ ਪ੍ਰਾਪਤ ਕੀਤਾ, ਉਹ ਜਲਦੀ ਹੀ ਖ਼ਤਮ ਹੋ ਗਿਆ ਅਤੇ ਜਲਦ ਹੀ ਯੁੱਧ ਦੀ ਸੰਭਾਵਨਾ ਪੈਦਾ ਹੋ ਗਈ। ਰਾਜੇ ਨੂੰ ਸੰਸਦ ਦਾ ਦਰਵਾਜ਼ਾ ਖੜਕਾਉਣਾ ਪਿਆ। ਪੁਰਾਣੀ ਰਾਜ ਵਿਵਸਥਾ ਵਿੱਚ ਪਰਿਵਰਤਨ ਨਹੀਂ ਕੀਤੇ ਗਏ ਸਨ, ਜਿਸ ਨਾਲ ਰਾਜੇ ਕੋਲ ਰਕਮ ਵਧਾਉਣ ਦਾ ਸਾਧਨ ਨਹੀਂ ਸੀ। 1603 ਤੱਕ ਜ਼ਮੀਨ ਦੇ ਮਾਲਕ ਟੈਕਸ ਨਾ ਦੇਣ ਦੇ ਆਦਿ ਹੋ ਚੁੱਕੇ ਸਨ, ਜਿਸ ਦੇ ਫਲਸਵਰੂਪ ਸਟੂਅਰਟ ਕਾਲ ਦੇ ਨਵੇਂ ਟੈਕਸ ਅਪ੍ਰਿਯ ਸਾਬਿਤ ਹੋਏ। ਇਸ ਲਈ ਧਨ ਪ੍ਰਾਪਤ ਕਰਨ ਲਈ ਨਵੇਂ ਸਾਧਨ ਅਤੇ ਉਪਾਅ ਅਪਣਾਏ ਜਾਣ ਲੱਗੇ ਜਿਸ ਨਾਲ ਰਾਜਾ ਦੀ ਲੋਕਪ੍ਰਿਯਤਾ ਘੱਟ ਗਈ ਸੀ ਅਤੇ ਜਿਸ ਕਾਰਨ ਰਾਜਨੀਤਿਕ ਵਿਵਸਥਾ ਵਿੱਚ ਪਵਿਰਤਨ ਅਵੱਸ਼ ਹੋ ਗਿਆ।

ਇਸ ਤਰ੍ਹਾਂ, ਏਲਿਜਾਬੇਥ ਦੇ ਕਾਲ ਦੀ ਸਮਾਮ–ਵਿਵਸਥਾ ਭਾਵੇਂ ਕਿਸੇ ਵੀ ਪਹਿਲੂ ਤੋਂ ਵੇਖੀ ਜਾਵੇ– ਧਨ, ਸੇਨਾ, ਰਾਜਨੀਤਿਕ, ਸਮਰਥਨ, ਪ੍ਰਸ਼ਾਸਨਿਕ ਵਿਵਸਥਾ, ਨਿਆਯਿਕ ਵਿਵਸਥਾ, ਸਮਾਜਿਕ ਏਕਤਾ, ਧਾਰਮਿਕ ਏਕਤਾ, ਸੰਚਾਰ ਮਾਧਿਅਮ ਤੇ ਨਿਯੰਤਰਣ ਹਰ ਤਰਫ਼ ਤੋਂ ਦੋਸ਼ਪੂਰਨ ਦ੍ਰਿਸ਼ਟੀਗੋਚਰ ਹੁੰਦਾ ਹੈ। ਅਗਰ ਰਾਜੇ ਅਤੇ ਸੰਸਦ ਦੇ ਰਾਜਨੀਤਿਕ ਝਗੜੇ ਦੇ ਕਾਰਨ ਪੈਦਾ ਨਹੀਂ ਹੁੰਦੇ, ਉਦੋਂ ਉਹ ਵੀ ਵਿਵਸਥਾ ਜਿਅਦਾ ਦਿਨ ਤੱਕ ਨਹੀਂ ਚਲ ਸਕਦੀ ਸੀ। ਇਸ ਸ਼ਾਸਨ ਵਿਵਸਥਾ ਵਿੱਚ ਬਦਲਾਵ ਜ਼ਰੂਰੀ ਹੋ ਗਿਆ।

**ਰਾਜਾ ਸੰਸਦ ਸੰਬੰਧ (1603–40) :–** ਜੇਮਸ ਪ੍ਰਥਮ 1603 ਵਿੱਚ ਇੰਗਲੈਂਡ ਦੀ ਰਾਜਗੱਦੀ ਤੇ ਅਸੀਨ ਹੋਇਆ। ਜੇਮਸ ਦਾ ਪਾਲਣ–ਪੋਸ਼ਣ ਪ੍ਰੇਸਬਾਈਟੇਰਿਯਨ ਤੋਰ ਤਰੀਕੇ ਨਾਲ ਹੋਈ ਸੀ ਅਤੇ ਇਸੇ ਪਯੂਰਿਟਨਾਂ ਨੂੰ ਉਸ ਤੋਂ ਬਹੁਤ ਉਮੀਦਾਂ ਸੀ, ਕਿਉਂਕਿ ਪ੍ਰੇਬਾਈਟੇਰਿਯਨ ਵੀ ਸਥਾਪਿਤ ਚਰਚ ਦੀ ਆਲੋਚਨਾ ਕਰਦੇ ਸੀ ਅਤੇ ਇਨ੍ਹਾਂ ਵਿਚਾਰਾਂ ਤੋਂ ਪਯੂਰਿਟਨ ਸਹਿਮਤ ਸੀ। ਇਸ ਲਈ ਪਯੂਰਿਟਨਾਂ ਨੇ ਰਾਜਾ ਨੂੰ 'ਮਿਲਨਰੀ ਪੇਟੀਸ਼ਨ' ਦਿੱਤਾ ਪਰ ਜੇਮਸ ਨੇ ਫਿਰ ਵੀ ਬਿਸ਼ਪਾ ਦਾ ਪੱਖ ਲਿਆ। ਜੇਮਸ ਨੇ ਸਪੇਨ ਦੇ ਨਾ ਉਨ੍ਹੀਂ–ਸਾਲਾਂ ਤੋਂ ਚੱਲਿਆ ਆ ਰਿਹਾ ਯੁੱਧ ਖ਼ਤਮ ਕਰ ਦਿੱਤਾ ਅਤੇ ਆਯਰਲੈਂਡ ਵਿੱਚ ਪੰਜ ਸਾਲ ਪੁਰਾਣਾ ਵਿਦਰੋਹ ਵੀ ਦਬਾ ਦਿੱਤਾ। ਇਸ ਤਰ੍ਹਾਂ ਜੇਮਸ ਆਪਣੀ ਪਹਿਲੀ ਸੰਸਦ ਦੀ ਬੈਠਕ ਦੇ ਸਮੇਂ ਕੇਵਲ 10,000 ਪੌਂਡ ਦਾ ਦੇਨਦਾਰ ਸੀ ਅਤੇ ਇਹ ਵੀ ਏਲਿਜਾਬੇਥ ਦੇ ਸਮੇਂ ਦਾ ਕਰਜ਼ ਉਤਾਰਨਾ ਸੀ ਪਰ ਫਿਰ ਵੀ ਰਾਜਾ ਅਤੇ ਸੰਸਦ ਦੇ ਵਿੱਚ ਕੋਈ ਖਾਸ ਚੰਗੇ ਸੰਬੰਧ ਨਹੀਂ ਸੀ।

ਸੰਨ 1604 ਵਿੱਚ ਜਦ ਜੇਮਸ ਦੀ ਪਹਿਲੀ ਸੰਸਦ ਬੈਠੀ ਤਦ ਹੀ ਦੋਨਾਂ ਵਿੱਚ ਮਤਭੇਦ ਹੋ ਗਿਆ। ਰਾਜਾ ਨੇ ਕਾਨੂੰਨ–ਵਿਰੋਧੀ ਕੰਮ ਕਰਨ ਦੇ ਆਰੋਪ ਵਿੱਚ ਗੋਡਵਿਨ ਨੂੰ ਸੰਸਦ ਦਾ ਮੈਂਬਰ ਬਣਨ ਦੇ ਅਯੋਗਿਆ ਦੱਸਿਆ। ਸੰਸਦ ਨੇ ਇਹ ਕਹਿਕੇ ਇਸਦਾ ਵਿਰੋਧ ਕੀਤਾ ਕਿ ਮੈਂਬਰਾਂ ਦੀ ਯੋਗਤਾ–ਅਯੋਗਤਾ ਦੀ ਪਰਿਭਾਸ਼ਾ ਦਾ ਅਧਿਕਾਰ ਕੇਵਲ ਸੰਸਦ ਨੂੰ ਹੀ ਹੈ। ਇਸੇ ਸਾਲ ਜੇਮਸ ਦੇ ਸਮੁੱਖ ਇੱਕ ਪ੍ਰਥਨਾ ਪੱਤਰ (form of apology and satisfaction) ਰੱਖਿਆ ਗਿਆ ਜਿਸ ਵਿੱਚ ਰਾਜੇ ਦੇ ਦੈਵੀ ਅਧਿਕਾਰਾਂ ਦਾ ਵਿਰੋਧ ਕੀਤਾ ਗਿਆ ਸੀ ਅਤੇ ਜਨਤਾ ਤੇ ਸੰਸਦ ਦੇ ਅਧਿਕਾਰਾਂ ਨੂੰ ਹੋਰ ਵੀ ਜਿਆਦਾ ਪ੍ਰਬਲ ਦੱਸਿਆ ਗਿਆ। ਜੇਮਸ ਨੇ ਇਹ ਸਵੀਕਾਰ ਨਹੀਂ ਕੀਤਾ। ਦੋਨਾਂ ਵਿੱਚ ਆਰਥਿਕ ਸਥਿਤੀ ਤੇ ਝਗੜਾ ਵੀ ਉਸੇ ਸਮੇਂ ਸ਼ੁਰੂ ਹੋਇਆ ਜਦ ਜੇਮਸ ਨੇ ਸੰਸਦ ਦੀ ਅਨੁਮਤੀ ਤੋਂ ਬਿਨਾਂ ਜਿਆਦਾ ਟੈਕਸ ਲਗਾਇਆ ਅਤੇ ਸੰਸਦ ਨੇ ਇਸ ਦਾ ਵਿਰੋਧ ਕੀਤਾ ਅਤੇ ਦੂਜੀ ਸੰਸਦ ਵੀ ਬਿਨਾਂ ਕੋਈ ਫ਼ੈਸਲਾ ਲਏ ਭੰਗ ਕਰ ਦਿੱਤੀ ਗਈ।

1621 ਈ: ਵਿੱਚ ਤੀਜੀ ਸੰਸਦ ਦੇ ਅਧਿਵੇਸ਼ਨ ਵਿੱਚ ਸੰਸਦ ਨੇ ਰਾਜੇ ਦਾ ਮੰਤਰੀਆਂ ਤੇ ਅਭਿਯੋਗ ਲਗਾਉਣ ਦਾ ਅਧਿਕਾਰ ਪ੍ਰਾਪਤ ਕੀਤਾ। ਸੰਸਦ ਨੇ ਰਾਜਕੁਮਾਰ ਚਾਰਲਸ ਦੇ ਵਿਆਹ ਦੇ ਵਿਸ਼ੇ ਵਿੱਚ ਜੇਮਸ ਦੇ ਸਪੇਨ ਦੇ ਵੱਲ ਝੁਕਾਅ ਦਾ ਵੀ ਵਿਰੋਧ ਕੀਤਾ, ਕਿਉਂਕਿ ਸੰਸਦ ਕਿਸੇ ਪ੍ਰੋਟੇਸਟੈਂਟ ਰਾਜਕੁਮਾਰੀ ਦੀ ਪਸ਼ਧਰ ਸੀ। ਵਿਦੇਸ਼ੀ ਨੀਤਿ ਤੇ ਦੋਹਾਂ ਦੇ ਮਤਭੇਦ ਸੀ।

ਆਪਣੇ ਪਿਉ ਦੇ ਮਰ ਜਾਣ ਤੋਂ ਬਾਅਦ 1625 ਈ: ਵਿੱਚ ਚਾਰਲਸ ਪ੍ਰਥਮ ਨੇ ਦੇਸ਼ ਦੀ ਵਾਗਡੋਰ ਸੰਭਾਲੀ। ਚਾਰਲਸ ਦਾ ਵਿਆਹ ਫ੍ਰਾਂਸ ਦੀ ਰਾਜਕੁਮਾਰੀ ਨਾਲ ਹੋਣਾ ਤੈਅ ਹੋਇਆ ਸੀ। ਇਸ ਵਿਆਹ ਦੀ ਕੀਮਤ ਸੀ ਫ੍ਰਾਂਸ ਦੇ ਰਾਜਾ ਲੁਈ ਅਸ਼ਟਮ ਨੂੰ ਲਾ ਰੌਸ਼ਲ ਵਿੱਚ

ਪ੍ਰੋਟੇਸਟੈਂਟਾਂ ਨੂੰ ਦਬਾਉਣ ਵਿੱਚ ਇੰਗਲੈਂਡ ਦੀ ਸਹਾਇਤਾ ਅਤੇ ਇੰਗਲੈਂਡ ਵਿੱਚ ਕੈਥੋਲਿਕਾਂ ਦੀ ਸਵਤੰਤਰਤਾ। ਸੰਸਦ ਨੇ ਇਸ ਨੀਤਿ ਦਾ ਕੜਾ ਵਿਰੋਧ ਕੀਤਾ ਅਤੇ 1626 ਈ: ਵਿੱਚ ਸੰਸਦ, ਰਾਜੇ ਨੂੰ ਬਿਨਾਂ ਕੋਈ ਧਨ ਦਿੱਤੇ, ਹੀ ਭੰਭ ਹੋ ਗਿਆ। 'ਟਨੇਜ ਤੇ ਪੌਂਡੇਜ ਕਰ', ਜੋ ਹਰ ਰਾਜੇ ਨੂੰ ਜੀਵਨ ਯਾਪਨ ਲਈ ਦਿੱਤੇ ਜਾਂਦੇ ਸਨ, ਸੰਸਦ ਨੇ ਚਾਰਲਸ ਨੂੰ ਕੇਵਲ ਇੱਕ ਸਾਲ ਲਈ ਦਿੱਤੇ। ਪਰ ਚਾਰਲਸ ਨੇ ਇਹ ਟੈਕਸ ਲੈਣੇ ਬੰਦ ਨਹੀਂ ਕੀਤੇ ਅਤੇ ਨਾਲ ਹੀ ਜ਼ਬਰਦਸਤੀ ਧਨ ਲੈਣਾ ਸ਼ੁਰੂ ਕਰ ਦਿੱਤਾ। ਪੰਜ ਕੁਲੀਨਾਂ ਨੇ ਇਹ ਧਨ ਦੇਣ ਤੋਂ ਮਨਾ ਕਰ ਦਿੱਤਾ ਤਾਂ ਰਾਜੇ ਨੇ ਉਨ੍ਹਾਂ ਨੂੰ ਕੈਦ ਵਿੱਚ ਪਾ ਦਿੱਤਾ। ਨਿਆਲਿਆ ਨੇ ਰਾਜੇ ਦੇ ਇਸ ਅਧਿਕਾਰ ਨੂੰ ਉਚਿਤ ਠਹਿਰਾਇਆ। ਇਸ ਕੰਮ ਨੇ ਸੰਸਦ ਨੂੰ ਰਾਜੇ ਦੇ ਸਾਹਮਣੇ 'ਅਧਿਕਾਰ ਪ੍ਰਥਨਾਪੱਤਰ' ਪੇਸ਼ ਕਰਨ ਤੇ ਉਕਸਾਇਆ। ਇਸ ਵਿੱਚ ਸੰਸਦ ਨੇ ਬਿਨਾਂ ਸੰਸਦ ਦੀ ਅਨੁਮਤੀ ਦੇ ਕਰਾਰੋਪਣ ਅਤੇ ਕੈਦ ਵਿੱਚ ਪਾਉਣ ਦੇ ਅਧਿਕਾਰ ਨੂੰ ਅਸੰਗਤ ਅਤੇ ਕਾਨੂੰਨ ਵਿਰੋਧ ਘੋਸ਼ਿਤ ਕੀਤਾ ਅਤੇ ਨਾਲ ਹੀ ਸ਼ਾਂਤੀ ਦੇ ਸਮੇਂ ਵਿੱਚ ਸੈਨਿਕ ਕਾਨੂੰਨ ਲਾਗੂ ਕਰਨ ਦਾ ਅਤੇ ਸੈਨਿਕਾਂ ਨੂੰ ਆਮ ਜਨਤਾ ਦੇ ਮਕਾਨ ਵਿੱਚ ਵੜਨ ਦਾ ਵਿਰੋਧ ਕੀਤਾ। ਚਾਰਲਸ ਨੇ ਸੰਸਦ ਭੰਗ ਕਰ ਦਿੱਤੀ ਅਤੇ ਅਗਲੇ ਗਿਆਹਰਾਂ ਸਾਲ ਬਿਨਾਂ ਸੰਸਦ ਦੇ ਰਾਜ ਕੀਤਾ।

ਇਨ੍ਹਾਂ ਗਿਆਹਰਾਂ ਸਾਲਾਂ ਵਿੱਚ ਰਾਜਾ ਦੇ ਪ੍ਰਮੁੱਖ ਸਹਿਯੋਗੀ ਲਾਰਡ ਅਤੇ ਵੈਟਵਰਥ ਸੀ। ਰਾਣੀ ਦੇ ਪ੍ਰਭਾਵ ਤੋਂ ਕੈਥੋਲਿਕ ਧਰਮ ਨੂੰ ਆਦਰ ਦਿੱਤਾ ਗਿਆ। ਪੋਪ ਦੇ ਅਧਿਕਾਰ ਦਾ ਇੰਗਲੈਂਡ ਦੇ ਦਰਬਾਰ ਵਿੱਚ ਸਵਾਗਤ ਕੀਤਾ ਗਿਆ। ਧਨ-ਆਪੂਰਤੀ ਦੇ ਲਈ ਇਸ ਕਾਲ ਵਿੱਚ ਕਈ ਉਪਾਅ ਰਾਜੇ ਨੇ ਅਪਨਾਏ ਜੋ ਕਿ ਜਿਆਦਾਤਰ ਜਨਤਾ ਲਈ ਅਲੋਕਪ੍ਰਿਯ ਸਾਬਿਤ ਹੋਏ। ਪਰ ਜਹਾਜ ਟੈਕਸ ਦੀ ਮੰਗ ਕਰਕੇ ਚਾਰਲਸ ਨੇ ਇਹ ਝਗੜੇ ਨੂੰ ਹੋਰ ਵਧਾ ਦਿੱਤਾ। ਰਾਜਾ ਨੇ ਇਹ ਕਰ ਪਰੰਪਰਾ ਦੇ ਵਿਰੁੱਧ ਨਾ ਕੇਵਲ ਤਟੀਯ ਸ਼ਹਿਰਾਂ ਬਲਕਿ ਪੂਰੇ ਦੇਸ਼ ਵਿੱਚ ਲਾਗੂ ਕੀਤਾ ਅਤੇ ਸ਼ਾਂਤੀ ਦੇ ਸਮੇਂ ਵੀ ਇਸ ਟੈਕਸ ਦੀ ਮੰਗ ਕੀਤੀ 1637 ਈ: ਵਿੱਚ ਧਨਵਾਨ ਹੈਮਪਡਨ ਨੇ ਅਤੇ ਲਾਰਡ ਸੇਲੇ ਨੇ ਇਹ ਟੈਕਸ ਦੇਣ ਤੋਂ ਮਨਾ ਕਰ ਦਿੱਤਾ। ਜਦ ਮੁਕੱਦਮਾ ਨਿਆਲਿਆ ਵਿੱਚ ਲਿਆਂਦਾ ਗਿਆ, ਤਾਂ ਬਾਰ੍ਹਾਂ ਵਿੱਚੋਂ ਸੱਤ ਜੱਜਾਂ ਨੇ ਰਾਜਾ ਦੇ ਹਿੱਤ ਵਿੱਚ ਨਿਜਣਾਏ ਕੀਤਾ। ਰਾਜਾ ਜਿੱਤ ਤਾਂ ਗਿਆ ਪਰ ਇੰਨ੍ਹੇ ਜਿਆਦਾ ਜੱਜਾਂ ਨੂੰ ਉਸਦੇ ਵਿਰੋਧ ਵਿੱਚ ਹੋਣ ਤੇ ਉਸਦੀ ਸ਼ਾਨ ਵਿੱਚ ਕਾਫ਼ੀ ਕਮੀ ਆਈ। ਉਹ ਅਗਲੇ ਦੋ ਸਾਲਾਂ ਤੱਕ ਜਹਾਜ ਟੈਕਸ ਵਸੂਲਦਾ ਰਿਹਾ ਪਰ 1640 ਈ: ਵਿੱਚ ਲਗਭਗ ਸਾਰਿਆਂ ਨੇ ਇਹ ਟੈਕਸ ਦੇਣ ਤੋਂ ਮਨਾ ਕਰ ਦਿੱਤਾ ਸੀ।[1]

ਚਾਰਲਸ ਪ੍ਰਥਮ ਦੀ ਕਠਿਨਾਈ, ਸਕੱਟਲੈਂਡ ਤੋਂ ਸ਼ੁਰੂ ਹੋਈ। ਚਾਰਲਸ ਨੇ ਆਪਣੀ ਧਾਰਮਿਕ ਨੀਤੀ ਸਕੱਟਲੈਂਡ ਤੇ ਥੋਪਣ ਦਾ ਯਤਨ ਕੀਤਾ। ਸਕੱਟਲੈਂਡ ਨੇ ਵਿਰੋਧ ਵਿੱਚ ਯੁੱਧ ਸ਼ੁਰੂ ਕਰ ਦਿੱਤਾ। ਚਾਰਲਸ ਪ੍ਰਥਮ ਨੇ ਸੰਸਦ ਬੁਲਾਈ ਪਰ ਉਹ ਉਸਦਾ ਸਮਰਥਨ ਪ੍ਰਾਪਤ ਨਾ ਕਰ ਸਕਿਆ। ਇਸ ਕਾਰਨ ਤਿੰਨ ਹਫ਼ਤੇ ਬਾਅਦ ਸੰਸਦ ਖ਼ਤਮ ਹੋ ਗਈ।

ਸਕੱਟਲੈਂਡ ਦੀ ਸੈਨਾ ਨੂੰ ਲਗਾਤਾਰ ਸਫ਼ਲਤਾ ਪ੍ਰਾਪਤ ਹੋ ਰਹੀ ਸੀ। ਆਖਿਰ ਵਿੱਚ ਚਾਰਲਸ ਪ੍ਰਥਮ ਕੋਲ ਕੋਈ ਉਪਾਅ ਨਹੀਂ ਰਿਹਾ ਅਤੇ ਉਸਨੇ ਸਕੱਟ-ਸੈਨਾ ਨੂੰ ਪੱਕਾ ਸਮਝੌਤਾ ਨਾ ਹੋਣ ਤੱਕ, 850 ਪੌਂਡ ਹਰ ਰੋਜ਼ ਦੇਣਾ ਸਵੀਕਾਰ ਕੀਤਾ। ਸਕੱਟਲੈਂਡ ਰਾਜੇ ਨੂੰ ਸੰਸਦ ਦਾ ਅਧਿਵੇਸ਼ਨ ਬੁਲਾਉਣ ਤੇ ਮਜ਼ਬੂਰ ਕਰਨਾ ਚਾਹੁੰਦਾ ਸੀ। ਲੰਦਰ ਦੇ ਪ੍ਰਦਰਸ਼ਕਾਰੀ ਵੀ ਇਹੀ ਮੰਗ ਕਰ ਰਹੇ ਸਨ। ਰਾਜੇ ਨੂੰ ਧਨ ਦੀ ਲੋੜ ਸੀ। ਆਖਿਰ ਵਿਚ 1640 ਵਿਚ ਚਾਰਲਸ ਨੇ ਸੰਸਦ ਬੁਲਾਈ। ਇਸ ਸੰਸਦ ਦਾ ਅਧਿਵੇਸ਼ਨ ਥੋੜ੍ਹਾ-ਥੋੜ੍ਹਾ ਸਮਾਂ ਦੇ ਕੇ ਕਰੀਬ ਵੀਹ ਸਾਲਾਂ ਤੱਕ ਚੱਲਿਆ।

ਇਸ ਤਰ੍ਹਾਂ 1603 ਵਿੱਚ ਜੋ ਮੱਤਭੇਦ ਰਾਜਾ ਅਤੇ ਸੰਸਦ ਦੇ ਵਿੱਚ ਸ਼ੁਰੂ ਹੋਇਆ ਉਹ ਸਮੇਂ ਦੇ ਨਾਲ-ਨਾਲ ਵਧਦਾ ਗਿਆ ਅਤੇ 1640 ਈ: ਵਿੱਚ ਇਸ ਮਤਭੇਦ ਨੇ ਯੁੱਧ ਦਾ ਰੂਪ ਧਾਰਨ ਕਰ ਲਿਆ।

ਕੀ ਤੁਸੀ ਜਾਣਦੇ ਹੋ? ਜੇਮਸ ਪ੍ਰਥਮ 1603 ਈ: ਵਿੱਚ ਇੰਗਲੈਂਡ ਦੀ ਰਾਜਗੱਦੀ ਤੇ ਅਸੀਨ ਹੋਇਆ।

### 1603-40 ਦੇ ਦੌਰਾਨ ਆਰਥਿਕ ਸਥਿਤੀ

ਇਹ ਸਮੇਂ ਇੰਗਲੈਂਡ ਵਿੱਚ, ਮੁਦਰਾ ਸਫੀਤਿ ਦਾ ਸਮੇਂ ਸੀ। ਕਣਕ ਦੀ ਕੀਮਤ ਵਿੱਚ ਪਿਛਲੇ ਸੱਤਰ ਸਾਲਾਂ ਤੋ ਛੇ ਗੁਣਾ ਵੱਧ ਹੋਈ ਅਤੇ ਹੋਰ ਵਸਤਾਂ ਦੀ ਕੀਮਤ ਵਿੱਚ ਵੀ ਚਾਰ ਜਾਂ ਪੰਜ ਗੁਣਾ ਵਾਧਾ ਹੋਇਆ। ਇਸ ਪ੍ਰਵਰਤੀ ਨਾਲ ਉਨ੍ਹਾਂ ਲੋਕਾਂ ਨੂੰ ਫਾਇਦਾ ਹੋਇਆ ਜੋ ਉਦਗਿਕ ਅਤੇ ਖੇਤੀ ਖੇਤਰ ਲਈ ਉਤਪਾਦਨ ਕਰ ਰਹੇ ਸੀ ਅਤੇ ਉਤਪਾਦਨ ਦੇ ਨਾਲ-ਨਾਲ ਜ਼ਮੀਨਾਂ ਦੇ ਮਾਲਕ ਵੀ ਸੀ।

1640 ਈ: ਦੇ ਪਹਿਲੇ ਦਸ਼ਕ ਵਿੱਚ ਰਾਜਿਆਂ ਨੇ ਆਪਣੇ ਆਰਥਿਕ ਸੰਕਟ ਨੂੰ ਟਾਲਣ ਲਈ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ। ਇਹ ਜ਼ਮੀਨ ਭਦਰਜਨਾਂ ਨੇ ਖਰੀਦ ਲਈ। ਇਸ ਕਾਰਨ ਸਤਾਰ੍ਹਵੀਂ ਸਦੀ ਵਿੱਚ ਭਦਰਜਨ ਵਰਗ ਦੀ ਇੱਕ ਮਹੱਤਵਪੂਰਨ ਹਿੱਸੇ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੋ ਗਈ। ਇਹੀ ਵਰਗ ਸੀ ਜਿਸਨੂੰ 'ਹਾਊਸ ਆਫ਼ ਕਾਮਰਸ' ਵਿੱਚ ਪ੍ਰਨਿਧਿਤਵ ਪ੍ਰਾਪਤ ਸੀ। ਰਾਜੇ ਦੁਆਰਾ ਜ਼ਬਤ ਕੀਤੀ ਗਈ ਚਰਚ ਦੀ ਜਮੀਨ ਵੇਚਣ ਤੇ ਅਤੇ ਭਦ੍ਰਜਨ ਦੁਆਰਾ ਇਹ ਜਮੀਨ ਖਰੀਦਣ ਨਾਲ ਇੰਗਲੈਂਡ ਦੀ ਸਮਾਜਿਕ ਵਿਵਸਥਾ ਵਿੱਚ ਬਹੁਤ ਬਦਲਾਅ ਆਏ। ਇਸ ਨਾਲ ਜ਼ਮੀਨ ਦੇ ਮਾਲਕਾਂ ਦੀ ਗਿਣਤੀ ਵਧੀ ਅਤੇ ਇੱਕ ਅਜਿਹਾ ਵਰਗ ਬਣ ਗਿਆ ਜੋ ਰਾਜਨੀਤਿਕ ਅਤੇ ਧਾਰਮਿਕ ਖੇਤਰ ਵਿੱਚ ਪ੍ਰਭਾਵਸ਼ਾਲੀ ਹੋਵੇ। ਅਭਿਜਾਤ ਵਰਗ ਦੇ ਕਈ ਮੈਂਬਰਾਂ ਨੇ, ਜਿੰਨ੍ਹਾਂ ਨੇ ਸ਼ੁਰੂ ਵਿੱਚ ਚਰਚ ਦੀ ਜ਼ਮੀਨ ਖਰੀਦੀ ਸੀ, ਬਾਅਦ ਵਿੱਚ ਆਪਣੀ ਜ਼ਮੀਨ ਭਦ੍ਰਜਨ ਨੂੰ ਵੇਚ ਦਿੱਤੀ। ਵਧਦੇ ਕਿਰਾਏ ਦੇ ਕਾਰਨ ਛੋਟੇ ਜ਼ਮੀਨਾਂ ਦੇ ਮਾਲਕਾਂ

1. Aylmer, The Struggle for the constitution, P. 85.

ਨੋਟ

ਨੇ, ਜਿੰਨ੍ਹਾਂ ਨੇ ਜ਼ਮੀਨ ਕਿਰਾਏ ਤੇ ਲਈ ਹੋਈ ਸੀ, ਹੁਣ ਭਦ੍ਰਜਨ ਅਤੇ ਯੋਮਨ ਕਿਸਾਨਾਂ ਨੂੰ ਵੇਚ ਦਿੱਤੀ। ਇਸ ਤਰ੍ਹਾਂ ਭਦ੍ਰਜਨਾਂ ਨੂੰ ਦੋਨੋਂ ਤਰਫ ਤੋਂ ਜ਼ਮੀਨ ਮਿਲ ਗਈ ਸੀ ਜਿਸ ਤੋਂ ਉਸਦੀ ਸ਼ਕਤੀ ਵਧ ਗਈ। ਇਸ ਕਾਰਨ 1540–1640 ਦੇ ਵਿੱਚ ਇੰਗਲੈਂਡ ਵਿੱਚ ਜ਼ਮੀਨ ਦੇ ਮਾਲਕਾਂ ਦੀ ਗਿਣਤੀ ਤਿੱਗਣੀ ਹੋ ਗਈ ਅਤੇ ਇਸ ਨਵੇਂ ਵਰਗ ਦੀ ਸ਼ਕਤੀ ਵਿੱਚ ਜਿਆਦਾਤਰ ਮੈਂਬਰਾਂ ਦੀ ਧਨ ਸੰਪਤੀ ਵਿੱਚ ਵਾਧਾ ਹੋਇਆ।

1520–1640 ਦੇ ਵਿੱਚ ਇੰਗਲੈਂਡ ਦੀ ਜਨਸੰਖਿਆ ਵੀ ਦੋਗੁਣੀ ਹੋ ਗਈ। ਇੰਨੇ ਲੋਕਾਂ ਦਾ ਪੇਟ ਭਰਨ ਲਈ ਉਤਪਾਦਨ ਵਿੱਚ ਵਾਧਾ ਬਹੁਤ ਜ਼ਰੂਰੀ ਸੀ। ਇਸ ਸਮੱਸਿਆ ਦਾ ਸਾਹਮਣਾ ਇੰਗਲੈਂਡ ਵਿੱਚ ਖੇਤੀ ਦਾ ਖੇਤਰ ਵਧਾ ਕੇ ਖੇਤੀ ਸਾਧਨਾਂ ਵਿੱਚ ਸੁਧਾਰ ਕਰਕੇ ਕੀਤਾ ਗਿਆ ਪਰ ਇਸ ਤੋਂ ਸਦੀਆਂ ਤੋਂ ਚਲਦਾ ਆ ਰਿਹਾ ਸਾਮੰਤਵਾਦ ਅਤੇ ਪਿਤਰਵਾਦ (Paternal) ਰਿਸ਼ਤਾ ਜੋ ਕਿ ਜ਼ਮੀਨ ਦੇ ਮਾਲਕਾਂ ਅਤੇ ਕਾਸ਼ਤਕਾਰਾਂ ਦਾ ਸੀ ਉਹ ਖ਼ਤਮ ਹੋ ਗਿਆ ਤੇ ਉਹਨਾਂ ਦੀ ਜਗ੍ਹਾ ਤੇ ਅਜਿਹੀ ਆਰਥਿਕ ਵਿਵਸਥਾ ਸਥਾਪਿਤ ਹੋ ਗਈ ਜਿਸ ਵਿੱਚ ਜਮੀਨ ਦੇ ਮਾਲਕ ਜਿਆਦਾ ਤੋਂ ਜਿਆਦਾ ਪੈਸਾ ਕਮਾਉਣ ਨੂੰ ਮਹੱਤਵ ਦੇਣ ਲੱਗੇ। ਸੋਲ੍ਹਵੀਂ ਸਦੀ ਵਿੱਚ ਅਨਾਜ ਦੀਆਂ ਕੀਮਤਾਂ ਬਹੁਤ ਵਧੀਆਂ, ਜਦਕਿ ਕਿਰਾਏ ਪਹਿਲਾਂ ਦੀ ਤਰ੍ਹਾਂ ਹੀ ਰਹੇ ਜਿਸ ਨਾਲ ਕਾਸ਼ਤਕਾਰ ਨੂੰ ਲਾਭ ਹੋਇਆ। ਪਰ ਸਤਾਰ੍ਹਵੀਂ ਸਦੀ ਦੀ ਸ਼ੁਰੂਆਤ ਵਿੱਚ ਕਿਰਾਏ, ਕੀਮਤਾਂ ਦੀ ਅਪੇਕਸ਼ਾ ਜਿਆਦਾ ਵਧੇ, ਇਸ ਕਾਰਨ ਜ਼ਮੀਂਦਾਰ ਵਰਗ ਨੂੰ ਫਾਇਦਾ ਹੋਇਆ। ਇਸ ਤਰ੍ਹਾਂ ਅੰਗਰੇਜ਼ੀ ਸਮਾਜ ਦਾ ਤਿੰਨ ਭਾਗਾਂ ਵਿੱਚ ਬਟਵਾਰਾ ਹੋ ਗਿਆ। ਜ਼ਮੀਨ ਦੇ ਮਾਲਿਕ ਵਰਗ, ਸਮਰਧ ਕਾਸ਼ਤਕਾਰ, ਕਿਸਾਨ ਅਤੇ ਖੇਤੀ ਕਰਨ ਵਾਲੇ ਮਜ਼ਦੂਰ।

ਜਿੰਨ੍ਹਾਂ ਕੋਲ ਜ਼ਾਇਦਾਦ ਸੀ ਉਹ ਇਹ ਉਮੀਦ ਕਰਦੇ ਕਿ ਰਾਜ ਦੀ ਆਰਥਿਕ ਨੀਤਿ ਵਿੱਚ ਉਨ੍ਹਾਂ ਦਾ ਹੱਥ ਹੋਵੇ ਪਰ ਹਾਉਸ ਆਫ਼ ਕਾਮਨਸ ਇਹ ਨਹੀਂ ਚਾਹੁੰਦਾ ਸੀ ਕਿ ਰਾਜੇ ਦੀ ਰਕਮ ਵਿੱਚ ਵਾਧਾ ਹੋਵੇ ਕਿ ਉਸਨੂੰ ਪੈਸੇ ਦੇ ਲਈ ਸੰਸਦ ਤੇ ਨਿਰਭਰ ਰਹਿਣ ਦੀ ਜ਼ਰੂਰਤ ਹੀ ਨਾ ਰਹੇ। ਵਿਉਪਾਰ ਅਤੇ ਉਦਯੋਗ ਦੀ ਗਿਣਤੀ ਵਿੱਚ ਵੀ ਵਾਧਾ ਹੋਣ ਤੇ ਵੀ ਸੰਸਦ ਰਾਜੇ ਨੂੰ ਟੈਕਸ ਲਗਾਉਣ ਦਾ ਅਧਿਕਾਰ ਦੇਣ ਨੂੰ ਤਿਆਰ ਨਾ ਸੀ। ਜੇਮਸ ਨੇ ਸੰਸਦ ਦੀ ਸਵਕ੍ਰਿਤੀ ਤੋਂ ਬਿਨ੍ਹਾਂ ਹੀ ਜਿਆਦਾ ਕਰ ਲਾਉਣੇ ਸ਼ੁਰੂ ਕਰ ਦਿੱਤੇ ਤਾਂ ਸੰਸਦ ਨੇ ਇਸਦਾ ਵਿਰੋਧ ਕੀਤਾ ਅਤੇ ਕਰਾਰੋਪਣ ਤੇ ਆਪਣਾ ਅਧਿਕਾਰ ਜਤਾਇਆ।

ਇਸ ਦਿਸ਼ਾ ਵਿੱਚ ਇੱਕ ਹੋਰ ਕਠਿਨਾਈ ਰਾਜੇ ਦੇ ਰਸਤੇ ਵਿੱਚ ਸੀ ਕਿ ਜੋ ਟੈਕਸ ਸੰਸਦ ਦੁਆਰਾ ਲਗਾਏ ਜਾਂਦੇ ਸਨ ਉਹ ਕਾਉਂਟੀਆਂ ਵਿੱਚ ਭਦ੍ਰਜਨਾਂ ਦੁਆਰਾ ਹੀ ਨਿਯਤ ਕੀਤੇ ਜਾਂਦੇ ਸਨ। ਜਿਸ ਕਾਰਨ ਸਭ ਤੋਂ ਅਮੀਰ ਪਰਿਵਾਰ ਆਪਣੀ ਆਯ ਦਾ ਬਹੁਤ ਘੱਟ ਹਿੱਸਾ ਟੈਕਸ ਦੇ ਰੂਪ ਵਿੱਚ ਦਿੰਦਾ ਸੀ। ਉਦਾਹਰਣ ਇੱਕ ਭਦ੍ਰਜਨ ਦਾ, ਜਿਸਦੀ ਸਾਲ ਦੀ ਆਯ 1000 ਪੌਂਡ ਸੀ, ਟੈਕਸ ਇਸ ਤਰ੍ਹਾਂ ਨਿਯਤ ਕੀਤਾ ਗਿਆ ਕਿ ਮੰਨਲੋ ਉਸਦੀ ਆਯ 20 ਪੌਂਡ ਸਾਲ ਹੋਵੇ। ਕ੍ਰੇਨਫੀਲਡ ਜਿਸਦੀ ਆਯ 1622 ਵਿੱਚ 150 ਪੌਂਡ ਸੀ ਜਿਸਦੇ ਉਹ ਟੈਕਸ ਦਿੰਦਾ ਸੀ, ਪਰ 1620 ਵਿੱਚ ਉਸ ਨੇ ਖੁਦ ਕਿਹਾ ਕਿ ਉਸ ਦੀ ਆਯ 90,000 ਪੌਂਡ ਹੈ ਇਸ ਤਰ੍ਹਾਂ ਜ਼ਮੀਂਦਾਰ ਅਤੇ ਧਨਵਾਨ ਲੋਕ ਬਹੁਤ ਘੱਟ ਟੈਕਸ ਦੇ ਰਹੇ ਹਨ। ਕਈ ਪਰਿਵਾਰ ਜੋ ਕਿ ਪਹਿਲਾਂ ਬਹੁਤ ਘੱਟ ਟੈਕਸ ਦੇ ਰਹੇ ਸੀ ਉਹਨਾਂ ਨੇ ਟੈਕਸ ਦੇਣਾ ਬੰਦ ਕਰ ਦਿੱਤਾ। ਜਿਵੇਂ: ਸਫੋਕ (Suffolk) ਵਿੱਚ 1557 ਵਿੱਚ ਜੇਕਰ 66 ਲੋਕ ਟੈਕਸ ਦੇ ਰਹੇ ਸਨ ਤਾਂ 1628 ਈ: ਵਿੱਚ ਟੈਕਸ ਦੇਣ ਵਾਲੇ ਲੋਕਾਂ ਦੀ ਗਿਣਤੀ 37 ਹੋ ਗਈ। ਪਰਿਵਾਰ ਦੀ ਘਟ ਆਯ–ਜਮੀਨ ਵਿਖਾ ਕੇ, ਘਟ ਟੈਕਸ ਦੇਣ ਲੱਗੇ। ਇਸ ਤਰ੍ਹਾਂ ਸੰਸਦ ਦੁਆਰਾ ਰਾਜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਵਿੱਚ ਕਮੀ ਆਈ, ਕਿਉਂਕਿ ਸੰਸਦ ਰਾਜਾ ਨੂੰ ਇਹ ਸਹਾਇਤਾ ਲੋਕਾਂ ਨੂੰ ਉਸ ਆਯ ਦੇ ਅਨੁਸਾਰ ਦਿੰਦੀ ਸੀ ਜਿਸ ਤੇ ਉਹ ਤੇ ਉਹ ਟੈਕਸ ਦਿੰਦੇ ਸੀ। ਏਲਿਜਾਬੇਥ ਦੇ ਰਾਜਕਾਲ ਵਿੱਚ ਅਗਰ ਇਸ ਸਹਾਇਤਾ ਰਾਸ਼ੀ (Subsidy) ਤੋਂ ਰਾਜੇ ਨੂੰ 1,40,000 ਪੌਂਡ ਦੀ ਆਯ ਹੁੰਦੀ ਸੀ ਤਾਂ 1628 ਵਿੱਚ ਇਹ ਘੱਟ ਕੇ 55000 ਪੌਂਡ ਰਹਿ ਗਈ।

ਇਸ ਨਵੇਂ ਅਮੀਰ ਵਰਗ ਤੋਂ, ਜੋ ਕਿ ਰਾਜੇ ਨੂੰ ਆਪਣੀ ਆਯ ਨਿਆਯਯੋਚਿਤ ਹਿੱਸਾ ਦੇਣ ਨੂੰ ਤਿਆਰ ਨਹੀਂ ਸੀ ਰਾਜੇ ਨੇ ਜ਼ਬਰਦਸਤੀ ਉਧਾਰ ਲੈਣਾ ਸ਼ੁਰੂ ਕਰ ਦਿੱਤਾ। ਇਸ ਦ੍ਰਿਸ਼ਟੀ ਤੋਂ ਰਿਚਰਡ ਰੋਬਰਟ ਦਾ ਉਦਾਹਰਣ ਸਹੀ ਹੈ। 1625 ਵਿੱਚ ਉਸਦੇ ਪਿਤਾ ਦੀ ਮੌਤ ਹੋਣ ਤੇ ਉਸਨੇ ਕਿਹਾ ਕਿ ਰਾਜੇ ਨੂੰ ਅਧਿਕਾਰ ਹੈ ਕਿ ਉਹ ਉਸਦੀ ਪੂਰੀ ਜਮੀਨ–ਜਾਇਦਾਦ ਖੋਹ ਲਈ ਕਿਉਂਕਿ ਉਸਦੇ ਪਿਤਾ ਨੇ ਇਹ ਧਨ ਉਦਾਰ ਦੇ ਕੇ ਜਮਾ ਕੀਤਾ ਸੀ ਪਰ ਜੇਕਰ ਰਾਜੇ ਨੂੰ 20,000 ਪੌਂਡ ਦੇ ਦੇਵੇ ਤਾਂ ਉਸ ਨੂੰ ਮਾਫ਼ ਕੀਤਾ ਜਾ ਸਕਦਾ ਹੈ। ਉਸਨੇ 12,000 ਪੌਂਡ ਦੇ ਕੇ ਆਪਣੀ ਜ਼ਮੀਨ ਬਚਾਈ। ਬਾਅਦ ਵਿੱਚ ਉਸਦਾ ਪੁੱਤਰ ਰਾਜ ਵਿਰੋਧੀ ਦਲ ਦਾ ਨੇਤਾ ਬਣਿਆ।

ਇਸ ਤਰ੍ਹਾਂ ਰਾਜੇ ਦੀ ਆਯ ਵਧਾਉਣ ਦੇ ਉਪਾਅ ਅਲੋਕਪ੍ਰਿਯ ਸਿੱਧ ਹੋਏ। ਸੰਸਦ ਮੈਂਬਰ ਇਹ ਅਨੁਭਵ ਕਰਨ ਲੱਗੇ ਕਿ ਇਨ੍ਹਾਂ ਉਪਾਇਆ ਨਾਲ ਰਾਜਾ ਉਨ੍ਹਾਂ ਦੀ ਨਿਜੀ ਜਾਇਦਾਦ ਸੰਬੰਧੀ ਅਧਿਕਾਰਾਂ ਤੇ ਚੋਟ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸੇ ਕਾਰਨ ਆਪਣੇ ਸਵਾਰਥ ਦੀ ਸੁਰੱਖਿਆ ਦੇ ਲਈ ਸੰਸਦ ਤੋਂ ਬਹੁਮਤ ਪ੍ਰਾਪਤ ਇਸ ਸੰਪਤੀਵਾਨ ਵਰਗ ਨੇ ਰਾਜਾ ਦਾ ਵਿਰੋਧ ਕੀਤਾ ਅਤੇ ਸੰਸਦ ਨੇ ਕਰਾਰੋਪਣ ਸੰਬੰਧੀ ਅਧਿਕਾਰਾਂ ਨੂੰ ਮਹੱਤਵ ਦਿੱਤਾ।

ਰਾਜਾ ਉਤਪਾਦਨ ਪ੍ਰਕਿਰਿਆ ਵਿੱਚ ਭਾਗ ਲੈ ਕੇ ਆਪਣੀ ਆਯ ਵਿੱਚ ਵਾਧਾ ਕਰਨਾ ਚਾਹੁੰਦਾ ਸੀ। ਇਹ ਉਸਨੇ ਏਕਾਧਿਕਾਰ ਦੇ ਅਧਿਕਰ ਨੂੰ ਵੇਚ ਕੇ ਕੀਤਾ। ਰਾਜੇ ਨੇ ਵੱਡੇ ਵਿਉਪਾਰੀਆਂ ਨੂੰ ਏਕਾਧਿਕਾਰ ਦੇ ਕੇ ਨਿਯੰਤਰਣ ਦੇ ਬਦਲੇ ਕਿਰਾਏ ਲੈਣੇ ਸ਼ੁਰੂ ਕਰ ਦਿੱਤੀ। ਕੋਲੇ, ਸਾਬਣ, ਨਮਕ ਆਦਿ ਦੇ ਏਕਾਧਿਕਾਰ ਸਮਸਤ ਵਿਉਪਾਰੀ ਅਤੇ ਉਦਯੋਗਪਤਿ ਵਰਗ ਵਿੱਚੋਂ ਅਲੋਕਪ੍ਰਿਯ ਸਿੱਧ ਹੋਇਆ। ਏਕਾਧਿਕਾਰ ਪ੍ਰਾਪਤ ਕਰਕੇ ਉਤਪਾਦਕ ਵਿਉਪਾਰੀ ਕਿਸਤਾਂ ਵਧਾ ਰਹੇ ਸਨ। ਕੋਲੇ ਦੀ ਕੀਮਤ ਵਿੱਚ ਵਾਧਾ ਹੋਣ ਤੇ ਹਰ ਉਦਯੋਗ ਵਿੱਚ ਹਾਨੀ ਹੋਈ ਅਤੇ ਸਾਬਣ ਦੀ ਕੀਮਤ ਵਧ ਜਾਣ ਤੇ ਕੱਪੜਾ ਉਦਯੋਗ ਨੂੰ ਕਠਿਨਾਈ ਦਾ ਸਾਹਮਣਾ ਕਰਨਾ ਪਇਆ (ਪਰ ਸਾਬਣ ਦੇ ਏਕਾਧਿਕਾਰ ਨੂੰ ਵਿਰੋਧ ਕੇਵਲ ਇਸ ਲਈ ਨਹੀਂ ਹੋਇਆ ਕਿ ਉਸ ਤੋਂ ਘਟੀਆਂ ਸਾਬਣ ਵੀ ਉਸੇ ਕੀਮਤ ਤੇ ਮਿਲਣ ਲੱਗੇ ਬਲਕਿ ਇਸ ਕਾਰਨ ਵੀ ਹੋਇਆ ਕਿ ਸਾਬਣ ਦਾ ਏਕਾਧਿਕਾਰ ਰਾਜੇ ਨੇ ਪੋਪ ਸਮਰਥਕ ਆਪਣੇ ਦੋਸਤ ਨੂੰ ਦਿੱਤਾ।)

ਚੂੰਗੀ ਏਕਾਧਿਕਾਰ ਰਾਜਾ ਆਪਣੇ ਵਿਸ਼ੇਸ਼ਧਿਕਰ ਹੋਣ ਤੇ ਦਿੰਦਾ ਹੈ ਅਤੇ ਰਾਜੇ ਦੇ ਵਿਸ਼ੇਸ਼ਾਧਿਕਾਰ ਨੂੰ ਨਿਯਾਲਿਆ ਲਾਗੂ ਕਰਦੇ ਸੀ। ਆਖਿਰ ਏਕਾਧਿਕਰ ਦਾ ਪ੍ਰਸ਼ਨ ਸੰਵਿਧਾਨਿਕ ਝਗੜਿਆਂ ਦਾ ਕਾਰਨ ਬਣ ਗਿਆ। ਸੰਸਦ, ਜੋ ਕਿ ਧਨਵਾਨ ਵਰਗ ਦਾ ਪ੍ਰਤਿਨਿਧਿਤਵ ਕਰਦੀ ਸੀ ਮੁਕਤ ਵਿਉਪਾਰ ਦੀ ਸਮਰਥਕ ਸੀ। 1625 ਵਿੱਚ ਸੰਸਦ ਨੇ ਏਕਾਧਿਕਾਰ ਦਾ ਵਿਰੋਧ ਕਰਦੇ ਹੋਏ ਘੋਸ਼ਣਾ ਕੀਤੀ ਕਿ “ਇਹ

**ਨੋਟ**

ਰਾਜ ਦੇ ਸਿਧਾਂਤਿਕ ਕਾਨੂੰਨ ਦੇ ਵਿਰੁੱਧ ਹੈ।" ਇਸ ਤਰ੍ਹਾਂ ਏਕਾਧਿਕਾਰ ਵੰਡਣ ਤੇ ਸਰਕਾਰ ਅਤੇ ਕੁਝ ਕੁ ਵੱਡੇ ਵਿਉਪਾਰੀਆਂ ਨੂੰ ਲਾਭ ਹੋਇਆ ਪਰ ਇੰਗਲੈਂਡ ਦੀ ਅਰਥਵਿਵਸਥਾ ਅਤੇ ਲੋਕਾਂ ਨੂੰ ਬਹੁਤ ਨੁਕਸਾਨ ਹੋਇਆ। ਜ਼ਰੂਰੀ ਵਸਤਾਂ ਜਿਵੇਂ ਮੱਖਣ, ਬੀਯਰ, ਨਮਕ, ਸਾਬਣ ਆਦਿ ਦੇ ਏਕਾਧਿਕਾਰ ਵੇਚੇ ਗਏ ਜਿਸ ਤੋਂ ਉਨ੍ਹਾਂ ਦੀਆਂ ਕੀਮਤਾਂ ਵੱਧ ਗਈਆਂ ਅਤੇ ਗਰੀਬਾਂ ਦੇ ਦੁੱਖਾਂ ਵਿੱਚ ਵਾਧਾ ਹੋਇਆ। ਰਾਜੇ ਨੇ ਇਨ੍ਹਾਂ ਕੰਪਨੀਆਂ ਤੋਂ ਧਨ ਲੈਣਾ ਸ਼ੁਰੂ ਕਰ ਦਿੱਤਾ। ਸੁਵਿਧਾ ਪ੍ਰਾਪਤ ਕਰਨ ਦੇ ਬਦਲੇ ਇਨ੍ਹਾਂ ਨੂੰ ਬਹੁਤ ਸਾਰੀ ਧਨਰਾਸ਼ੀ ਦੇਣੀ ਪੈਂਦੀ ਸੀ। ਇਸ ਪ੍ਰਕਾਰ ਸਹਾਇਤਾ ਦੇ ਬਦਲੇ ਧਨ ਦੇਣ ਨਾਲ ਉਹਨਾਂ ਨੂੰ ਜੋ ਕਮੀ ਹੁੰਦੀ ਸੀ ਉਹ ਉਹਨਾਂ ਲੋਕਾਂ ਤੋਂ ਪੂਰੀ ਕਰਦੇ ਸਨ ਜਿਹਨਾਂ ਤੋਂ ਮਾਲ ਖਰੀਦਦੇ ਸਨ ਅਤੇ ਉਹ ਜਿਹਨਾਂ ਨੂੰ ਮਾਲ ਵੇਚਦੇ ਸਨ। ਇਸ ਕਾਰਨ ਦੌਲਤਮੰਦ ਵਪਾਰੀ ਉਨਤੀ ਦੀ ਪੌੜੀ ਚੜ੍ਹਦੇ ਹੋਏ ਵੀ ਖੁਸ਼ ਨਹੀਂ ਸਨ ਤੇ ਸਾਰੇ ਲੋਕ ਇਸ ਵਿਵਸਥਾ ਨੂੰ ਪ੍ਰਸੰਦ ਨਹੀਂ ਕਰਦੇ ਸਨ।

ਸਰਕਾਰ ਵਪਾਰ ਨੂੰ ਸਿਰਫ਼ ਆਯ ਦਾ ਸਾਧਨ ਮੰਨਦੀ ਹੈ। ਇਸ ਕਾਰਨ ਇਸ ਕਾਲ ਵਿੱਚ ਕੋਈ ਅਜਿਹੀ ਨੀਤਿ ਨਹੀਂ ਅਪਣਾਈ ਗਈ ਜਿਸ ਨਾਲ ਵਿਉਪਾਰ ਵਿੱਚ ਵਾਧਾ ਹੋਵੇ। ਇੰਗਲੈਂਡ ਦੇ ਵਿਉਪਾਰ ਨੂੰ ਹੋਰ ਦੇਸ਼ਾ ਦੀ ਵਿਉਪਾਰਿਕ ਪ੍ਰਤਿਸਪਰਦਾ ਤੋਂ ਬਚਾਉਣ ਦਾ ਕੋਈ ਯਤਨ ਨਹੀਂ ਕੀਤਾ ਅਤੇ ਸਮੁੰਦਰ ਵਿੱਚ ਡਾਕੂਆਂ ਦੇ ਕਾਰਣ ਵਿਉਪਾਰ ਨੂੰ ਬਹੁਤ ਨੁਕਸਾਨ ਹੋਇਆ, ਪਰ ਸਰਕਾਰ ਨੇ ਇਨ੍ਹਾਂ ਡਾਕੂਆਂ ਨੂੰ ਫੜ੍ਹਨ ਲਈ ਕੋਈ ਯਤਨ ਨਹੀਂ ਕਿਤਾ। ਸੰਸਦ ਦਾ ਰਾਜੇ ਨੂੰ ਟਨੇਜ਼ ਤੇ ਪੋਣਡੇਜ਼ ਇਕੱਠਾ ਕਰਨ ਦਾ ਅਧਿਕਾਰ ਨਹੀਂ ਕੀਤਾ ਗਿਆ। ਇਹ ਕਰ ਵਿਉਪਾਰੀਆਂ ਦੀ ਸੁਰੱਖਿਆ ਤੇ ਸਮੁੰਦਰ ਵਿੱਚ ਅੰਗਰੇਜ਼ਾਂ ਦੀ ਸਰਵੋਚਤਾ ਸਥਾਪਿਤ ਕਰਨ ਲਈ ਦਿੱਤੇ ਜਾਂਦੇ ਹਨ ਅਤੇ ਹੁਣ ਸਰਕਾਰ ਦੀ ਨੋਸੈਨਾ ਵਿੱਚ ਇਹ ਕੰਮ ਕਰਨ ਦੀ ਤਾਕਤ ਨਹੀਂ ਰਹੀ ਗਈ ਸੀ। ਰਾਜੇ ਨੇ ਸਮੁੰਦਰੀ ਡਾਕੂਆਂ ਦੀ ਵਧਦੀ ਸ਼ਕਤੀ ਨੂੰ ਅੰਕੁਸ਼ ਲਾਉਣ ਲਈ ਧਨ ਪ੍ਰਾਪਤ ਕਰਨ ਲਈ ਜਹਾਜ-ਕਰ ਲਗਾਉਣ ਦਾ ਬਹਾਨਾ ਬਣਾਇਆ। ਪਰ 'ਗ੍ਰੈਂਡ ਰਿਮੋਂਸਟ੍ਰਨਮ, (Grand remonstrance) ਨੇ ਟਨੇਜ਼-ਪੌਂਡੇਜ਼, ਜ਼ਬਰਦਸਤੀ ਲਗਾਨ (Imposition) ਤੇ ਜਹਾਜ ਟੈਕਸ ਲਗਾਉਣਾ ਤੇ ਕਟਾਸ਼ ਕਰਦੇ ਹੋਏ ਕਿਹਾ ਗਿਆ ਕਿ "ਵਿਉਪਾਰੀਆਂ ਨੂੰ ਤੁਰਕੀ ਦੇ ਸਮੁੰਦਰੀ ਜਹਾਜ ਡਾਕੂਆਂ ਦੇ ਭੀਸ਼ਣ ਹਮਲਿਆਂ ਦਾ ਸਾਹਮਣਾ ਕਰਨ ਦੇ ਲਈ ਅਸੁੱਰਖਿਅਤ ਛੱਡ ਦਿੱਤਾ ਗਿਆ, ਕਈ ਕੀਮਤੀ ਜਹਾਜ ਤੇ ਅੰਗਰੇਜ਼ ਕੈਦੀ ਬਣਾ ਲਏ ਗਏ ਹਨ ਅਤੇ ਹੁਣ ਵੀ ਉਹ ਦਾਸ ਬਣਕੇ ਦੁੱਖ ਵਾਲਾ ਜੀਵਨ ਬਤੀਤ ਕਰ ਰਹੇ ਹਨ"।[1] ਇਸ ਤਰ੍ਹਾਂ ਵਿਉਪਾਰੀ ਲੋਕ ਨੋਸੈਨਾ ਦੁਆਰਾ ਸੁਰੱਖਿਆ ਦੀ ਮੰਗ ਕਰਨ ਲੱਗਾ ਜੋ ਕਿ ਸਟੂਅਰਟ ਰਾਜਾ ਪੂਰੀ ਨਾ ਕਰ ਸਕਿਆ। 1600 ਈ: ਤੋਂ ਬਾਅਦ ਇੰਗਲੈਂਡ ਦੇ ਵਿਉਪਾਰ ਵਿੱਚ ਬਹੁਤ ਵਾਧਾ ਹੋਇਆ ਇਸ ਨਾਲ ਸ਼ਕਤੀਸ਼ਾਲੀ ਸਾਂਝੇਦਾਰ ਕੰਪਨੀਆਂ (Joint stock companies) ਸ਼ੁਰੂ ਹੋਈਆਂ ਜੋ ਕਿ ਜਲਦੀ ਹੀ ਵਿਦੇਸ਼ੀ ਨੀਤਿ ਤੇ ਪ੍ਰਭਾਵ ਦੀ ਮੰਗ ਕਰਨ ਲੱਗੀ। ਵਿਦੇਸ਼ੀ ਵਿਉਪਾਰ ਇੰਗਲੈਂਡ ਦੀ ਰਾਜਨੀਤਿ ਨੂੰ ਪ੍ਰਭਾਵਿਤ ਕਰਨ ਲੱਗ ਪਿਆ, ਇਸ ਵਿੱਚ ਕੱਪੜੇ ਦਾ ਵਿਉਪਾਰ ਵਿਸ਼ੇਸ਼ ਰੂਪ ਵਿੱਚ ਸ਼ਾਮਲ ਸੀ ਕਿਉਂਕਿ ਇਸ ਦੇ ਵਿਕਾਸ ਦਾ ਅਸਰ ਸਾਰੇ ਹੀ ਸਮਾਜਿਕ ਵਰਗ ਤੇ ਪੈਂਦਾ ਸੀ ਜਿਵੇਂ :- ਜ਼ਮੀਦਾਰ ਵਰਗ ਉੱਨ ਦੇਣ ਵਾਲੀਆਂ ਭੇਡਾਂ ਨੂੰ ਪਾਲਦੇ ਸੀ। ਗਰੀਬ ਮਜ਼ਦੂਰ ਜੋ ਉਨ੍ਹਾਂ ਨੂੰ ਕੱਤਦੇ ਸਨ, ਕਾਰੀਗਰ ਜੋ ਉੱਨ ਬੁਣਦੇ ਸਨ, ਛੋਟੇ ਕਾਰੀਗਰ ਜੋ ਸਮਾਨ ਕਾਰੀਗਰ ਤੱਕ ਪਹੁੰਚਾਉਂਦੇ ਸਨ ਅਤੇ ਵਿਉਪਾਰੀ ਵਰਗ ਜੋ ਕੱਪੜਾ ਨਿਰਯਾਤ ਕਰਦੇ ਸਨ,[2] ਅੰਤ ਵਿੱਚ ਜ਼ਮੀਦਾਰ ਵਰਗ, ਕਾਰੀਗਰ ਅਤੇ ਵਿਉਪਾਰਿਕ ਵਰਗ ਦਾ ਆਰਥਿਕ ਲਾਭ ਇੱਕ ਹੀ ਸੂਤਰ ਨਾਲ ਬੰਨਿਆ ਹੋਇਆ ਸੀ। ਇਸੇ ਕਾਰਨ ਇਹ ਸਾਰੇ ਵਰਗ ਕਰਾਰੋਪਣ, ਵਿਦੇਸ਼ੀ ਨੀਤਿ, ਏਕਾਧਿਕਾਰ ਆਦਿ ਵਿਸ਼ਿਆ ਤੇ ਇੱਕ ਹੋ ਗਿਆ। ਰਾਜੇ ਨੂੰ ਇਸ ਵਿੱਚ ਕਿਸੇ ਵਰਗ ਦੇ ਵਿਰੁੱਧ, ਦੂਸਰੇ ਵਰਗ ਦੀ ਸਹਾਇਤਾ ਮਿਲਣੀ ਬੰਦ ਹੋ ਗਈ।

ਇਸ ਸਮੇਂ ਇੰਗਲੈਂਡ ਦੇ ਆਰਥਿਕ ਵਿਕਾਸ ਦਾ ਇੱਕ ਪਹਿਲੂ ਸੀ- ਲੰਦਨ ਸ਼ਹਿਰ ਦੇ ਮਹੱਤਵ ਵਿੱਚ ਵਾਧਾ, ਕਿਉਂਕਿ ਲੰਦਰ ਹੀ ਵਿਕਾਸ ਦਾ ਕੇਂਦਰ ਸੀ। 90 ਪ੍ਰਤੀਸ਼ਤ ਕੱਪੜੇ ਦਾ ਨਿਰਯਾਤ ਲੰਦਨ ਤੋਂ ਹੁੰਦਾ ਸੀ ਅਤੇ ਹੋਰ ਵਸਤੂਆਂ ਦਾ ਵਿਉਪਾਰ ਵੀ 70 ਤੋਂ 80 ਪ੍ਰਤੀਸ਼ਤ ਭਾਗ ਇਸੇ ਸ਼ਹਿਰ ਦੇ ਵਿਉਪਾਰੀਆਂ ਦੇ ਹੱਥ ਵਿੱਚ ਸੀ। ਲੰਦਰ ਦੀ ਜਨਸੰਖਿਆ, 100 ਸਾਲਾਂ ਵਿੱਚ 60,000 ਤੋਂ ਵੱਧ ਕੇ 4,50,000 ਹੋ ਗਈ।

ਇਸ ਆਰਥਿਕ ਵਿਕਾਸ ਦੇ ਕਾਰਨ ਅੰਗਰੇਜ਼ੀ ਸਮਾਜ ਦੇ ਪੁਰਾਣੇ ਸਾਮੰਤਵਾਦ ਬੰਧਨ ਟੁੱਟ ਗਏ ਅਤੇ ਉਨ੍ਹਾਂ ਦੀ ਜਗ੍ਹਾ ਨਵੇਂ ਸੰਬੰਧ ਬਣਨੇ ਸ਼ੁਰੂ ਹੋ ਗਏ। ਇਹ ਸਾਰੇ ਹੀ ਬਾਜਾਰ ਅਰਥਵਿਵਸਥਾ ਤੇ ਆਧਾਰਿਤ ਸੀ ਅਤੇ ਸਟੂਅਰਟ ਸ਼ਾਸਕਾਂ ਦੀ ਗ੍ਰਹਿਨੀਤਿ ਇਨ੍ਹਾਂ ਪਰਿਸਥਿਤੀ ਦੇ ਨਾਲ ਨਹੀਂ ਚੱਲ ਪਾ ਰਹੀ ਸੀ।

### ਦਰਬਾਰ ਅਤੇ ਗ੍ਰਾਮੀਣ ਖੇਤਰ (1603-40)

ਇਨ੍ਹਾਂ ਸਾਲਾਂ ਵਿੱਚ ਚਰਚ, ਅਭਿਜਾਤ ਵਰਗ, ਦਰਬਾਰ ਅਤੇ ਰਾਜਾਂ ਦੀ ਪ੍ਰਤੀਸ਼ਠਾ ਵਿੱਚ ਕਮੀ ਹੋਈ। ਇੰਗਲੈਂਡ ਦੀ ਸਥਾਪਿਤ ਚਰਚ ਦੇ ਬਿਸ਼ਪ ਪਾਦਰੀ ਬਹੁਤ ਪੜ੍ਹੇ ਲਿਖੇ ਅਤੇ ਕਰਮੱਠ ਨਹੀਂ ਸਨ ਅਤੇ ਨਾ ਹੀ ਉਹ ਚੰਗੇ ਪ੍ਰਚਾਰਕ ਸਨ। ਜਨਤਾ ਇਸ ਤੋਂ ਖੁਸ਼ ਨਹੀਂ ਸੀ ਇਸ ਕਾਰਨ ਇੱਕ ਹੋਰ ਪ੍ਰਯੂਰਿਟਨ ਅਤੇ ਦੂਸਰੀ ਹੋਰ ਕੈਥੋਲਿਕ (ਜਿਸਦੀ ਗਿਣਤੀ ਘੱਟ ਹੋਣ ਤੇ ਵੀ ਪ੍ਰਭਾਵਸ਼ਲੀ ਸੀ) ਦਾ ਪ੍ਰਭਾਵ ਵਧਣ ਲੱਗਿਆ। ਦਰਬਾਰ ਸ਼ਕਤੀ ਦਾ ਕੇਂਦਰ ਸੀ ਅਤੇ ਇਧਰ ਹੀ ਨੌਕਰੀ, ਏਕਾਧਿਕਾਰ ਆਦਿ ਦਾ ਸੌਦਾ ਹੁੰਦਾ ਸੀ। ਦਰਬਾਰ ਵਿੱਚ ਸਭ ਨੂੰ ਖੁਸ਼ ਰੱਖਣ ਲਈ ਬਹੁਤ ਕੂਟਨੀਤਿ ਦੀ ਜ਼ਰੂਰਤ ਸੀ ਜਿਸਦਾ ਪਹਿਲਾਂ ਦੇ ਸਟੂਅਰਟ ਰਾਜਿਆਂ ਵਿੱਚ ਅਭਾਵ ਸੀ। 1618-1629 ਦੇ ਵਿੱਚ ਨੀਤਿ ਸੰਚਾਲ ਦਾ ਕੰਮ ਕੇਵਲ ਇੱਕ ਵਿਅਕਤੀ ਬਕਿੰਘਮ ਦੇ ਡਯੂਕ ਜਾਰਜ ਵਿਲਿਯਰਸ (George viliers) ਦੇ ਹੱਥਾਂ ਵਿੱਚ ਦਿੱਤਾ ਗਿਆ। ਇਸ ਤੋਂ ਪਹਿਲਾਂ ਇਹ ਕੰਮ ਕੁਝ ਚੁਣੇ ਗਏ ਲੋਕਾਂ ਦੇ ਹੱਥਾਂ ਵਿੱਚ ਸੀ। ਇਸ ਨਾਲ ਐਸੇ ਕਈ ਸ਼ਕਤੀਸ਼ਾਲੀ ਕੁਲੀਨ ਭਦ੍ਰਜਨ ਅਤੇ ਦਰਬਾਰੀ ਰਾਜੇ ਦੇ ਨਾਲ ਰੁਸ਼ਟ ਹੋ ਗਏ ਜਿੰਨ੍ਹਾਂ ਦੇ ਹੱਥ ਕੁਝ ਨਾ ਲੱਗਿਆ। ਹਾਊਸ ਆਫ਼ ਕਾਮਨਸ ਜੋ ਭਦ੍ਰਜਨ ਮੈਂਬਰਾਂ ਸੀ, ਉਹ ਵੀ ਇਸ ਨੀਤਿ ਤੋਂ ਖੁਸ਼ ਨਹੀਂ ਹੋਏ ਅਤੇ ਸੰਸਦ ਦੇ ਮਾਧਿਅਮ ਤੋਂ ਉਨ੍ਹਾਂ ਨੂੰ ਰਾਜੇ ਦੇ ਧਨ ਦੀ ਮੰਗ ਨੂੰ ਠੁਕਰਾਕੇ ਉਸਨੂੰ ਤੰਗ ਕਰਨਾ ਸ਼ੁਰੂ ਕਰ

1. Lawrence Stone, Causes of the English Revolution, p. 90.
2. Lawrence Stone, Ibid. p. 69.

ਨੋਟ

ਦਿੱਤਾ। ਰਾਜੇ ਨੂੰ ਪੈਸੇ ਦੀ ਤੰਗੀ ਹੋਣ ਲੱਗੀ ਅਤੇ ਉਹ ਨੌਕਰੀਆਂ ਤੇ ਪਦਵੀਆਂ ਵੇਚਣ ਲੱਗਾ ਜਿਸ ਨਾਲ ਰਾਜਨੀਤਿਕ ਤਨਾਵ ਵਿੱਚ ਵਾਧਾ ਹੋਇਆ। ਨੌਕਰਸ਼ਾਹੀ ਦੀ ਇੱਜ਼ਤ ਘੱਟ ਹੋ ਗਈ ਕਿਉਂਕਿ ਇਸ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਕੋਈ ਵੀ ਵਸਤੂ ਅਤੇ ਪਦਵੀ ਮੁੱਲ ਦੇ ਕੇ ਖਰੀਦੀ ਜਾ ਸਕਦੀ ਸੀ ਚਾਹੇ ਉਹ ਪਾਦਰੀ ਦਾ ਅਹੁੱਦਾ ਹੋਵੇ, ਨਿਯਾਏਦੀਸ਼ ਦਾ ਸਥਾਨ ਹੋਵੇ ਜਾਂ ਕੁਲੀਨਤਾ ਦਾ ਅਹੁੱਦਾ ਹੋਵੇ।

ਸਰਕਾਰ ਦੀਆਂ ਇਹ ਸਾਰੀਆਂ ਸੰਸਥਾਵਾਂ ਅਵਨਤਿ ਤੇ ਅਤੇ ਲੋਕਾਂ ਨੂੰ ਇਨ੍ਹਾਂ ਸੰਸਥਾਵਾਂ ਦੇ ਪ੍ਰਤੀ ਵਿਸ਼ਵਾਸ਼ ਅਤੇ ਪ੍ਰਤਿਸ਼ਠਾ ਵਿੱਚ ਕਮੀ ਆਈ ਸੀ। ਇਨ੍ਹਾਂ ਸੰਸਥਵਾਂ ਨੇ ਹੀ ਸਮਾਜ ਨੂੰ ਏਕਤਾ ਦੇ ਸੂਤਰ ਵਿੱਚ ਬੰਨ ਕੇ ਰੱਖਿਆ ਸੀ। ਇਨ੍ਹਾਂ ਦੇ ਕਮਜ਼ੋਰ ਪੈਣ ਤੇ ਹੀ ਸਾਰਾ ਢਾਂਚਾ ਹਿਲ ਗਿਆ ਅਤੇ ਨਵੇਂ ਸਮਾਜਿਕ ਅਤੇ ਧਾਰਮਿਕ ਵਰਗਾ ਦਾ ਇਹ ਸੰਸਥਾਵਾਂ ਸਾਹਮਣਾ ਨਾ ਕਰ ਸਕੀਆਂ।

**ਸੰਸਦ ਵਿੱਚ ਵਿਰੋਧੀ ਪਕਸ਼ ਦਾ ਵਿਕਾਸ :–** ਅਜਿਹੇ ਸਮੇਂ ਵਿੱਚ ਜਦ ਰਾਜਤੰਤਰ ਦੀ ਇਹ ਸੰਸਥਾਵਾਂ ਆਪਣਾ ਪ੍ਰਭਾਵ ਖੋ ਰਹੀਆਂ ਸਨ, ਸੰਸਦ ਵਿੱਚ ਵਿਰੋਧੀ ਪਕਸ਼ ਦਾ ਵਿਕਾਸ ਹੋ ਰਿਹਾ ਸੀ। ਹਾਊਸ ਆਫ਼ ਕਾਮਨਸ ਦੇ ਮੈਂਬਰਾਂ ਦੀ ਗਿਣਤੀ 300 ਤੋਂ ਵੱਧ ਕੇ 500 ਹੋ ਗਈ ਸੀ ਅਤੇ ਇਨ੍ਹਾਂ ਵਿੱਚੋਂ ਕਰੀਬ 50 ਪ੍ਰਤੀਸ਼ਤ ਤੋਂ ਵੱਧ ਕੇ 70 ਪ੍ਰਤੀਸ਼ਤ ਤੱਕ ਭਦ੍ਰਜਨ ਵਰਗ ਵਿੱਚੋਂ ਹੀ ਸੀ। ਇਹ ਮੈਂਬਰ ਪਹਿਲਾਂ ਦੀ ਅਪੇਕਸ਼ਾ ਸਭ ਤੋਂ ਜਿਆਦਾ ਦ੍ਰਿੜ੍ਹ ਤੇ ਸਾਹਸੀ ਹੋ ਗਏ।

**ਕ੍ਰਾਂਤੀ ਦੀ ਵਿਚਾਰਧਾਰਾ :–** ਕੋਈ ਵੀ ਕ੍ਰਾਂਤੀ ਤਦ ਹੀ ਆ ਸਕਦੀ ਹੈ ਜਦ ਉਸਦੀ ਕੋਈ ਠੋਸ ਵਿਚਾਰਧਾਰਾ ਹੋਵੇ। ਵਿਚਾਰਧਾਰਾਵਿਹੀਨ ਕ੍ਰਾਤੀ, ਕ੍ਰਾਂਤੀ ਨਹੀ ਵਿਦਰੋਹ ਹੁੰਦਾ ਹੈ। ਅੰਗਰੇਜ਼ੀ ਕ੍ਰਾਂਤੀ ਦੀ ਵਿਚਾਰਧਾਰਾ ਵੀ ਪਯੂਰਿਟਨ ਵਿਚਾਰ ਅਤੇ ਲੋਕ ਕਾਨੂੰਨ ਦੇ ਪ੍ਰਤੀ (Common law) ਭਗਤੀ। ਪਯੂਰਿਟਨਾਂ ਦਾ ਕਹਿਣਾ ਸੀ ਕਿ ਸਾਰੇ ਚੰਗੇ ਮਨੁੱਖ ਬਰਾਰਬਰ ਹਨ ਅਤੇ ਬੁਰੇ ਰਾਜੇ ਪਿਯਰ ਅਤੇ ਪਾਦਰੀ ਦੀ ਤੁਲਨਾ ਵਿੱਚ ਬਿਹਤਰ ਸੀ।[1] ਜੇਕਰ ਮਨੁੱਖ ਸਚਾਈ ਨਾਲ ਧਾਰਮਿਕ ਕਿਤਾਬਾਂ ਪੜ੍ਹੇ ਅਤੇ ਆਪਣੇ ਅੰਤਕਰਣ ਵਿੱਚ ਵੇਖੇ ਤਾਂ ਇਸ਼ਵਰ ਦੀ ਕੁਝ ਇੱਛਾ ਦੇ ਬਾਰੇ ਵਿੱਚ ਮੱਤਭੇਦ ਨਹੀਂ ਹੋ ਸਕਦਾ। ਜਦ ਇਸ ਤਰ੍ਹਾਂ ਹੋਵੇਗਾ ਤਾਂ ਕੋਈ ਕੰਮ, ਕੋਈ ਬਲੀਦਾਨ ਵੀ ਇਸ਼ਵਰ ਦੀ ਇੱਛਾ ਪੂਰੀ ਕਰਨ ਵਿੱਚ ਵੱਡਾ ਨਹੀਂ ਹੋ ਸਕਦਾ।

ਇਹ ਸਮੇਂ ਸਮਾਜਿਕ ਗਤਿਸ਼ੀਲਤਾ ਦਾ ਯੁੱਗ ਸੀ ਜਦਕਿ ਸਮਾਜ ਅਵਿਵਸਥਾ ਦੀ ਸਥਿਤੀ ਵਿੱਚ ਸੀ।ਅਜਿਹੇ ਸਮੇਂ ਵਿੱਚ ਕੁਝ ਲੋਕ ਇਹ ਸੋਚਣ ਲੱਗ ਪਏ ਕਿ ਉਨ੍ਹਾਂ ਨੂੰ ਸਮਾਜ ਕਲਿਆਣ ਦਾ ਕੰਮ ਕਰਨਾ ਚਾਹਿਦਾ।ਅਜਿਹੇ ਲੋਕਾਂ ਦੀ ਪਯੂਰੀਟਨ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਇਹ ਲੋਕ ਰਾਜੇ ਬਿਸ਼ਪ ਅਤੇ ਨਿਯਾਏਦੀਸ਼ਾਂ ਨੂੰ ਇਸ ਉਮੀਦ ਦੀ ਨਜ਼ਰਾਂ ਨਾਲ ਵੇਖਦੇ ਰਹੇ ਕਿ ਉਹ ਸ਼ਾਇਦ ਸੁਧਾਰ ਕਰੇ ਪਰ 1641 ਈ: ਤੱਕ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਸੁਧਾਰ ਕੰਮ ਉਨ੍ਹਾਂ ਨੂੰ ਖੁਦ ਹੀ ਕਰਨਾ ਪਵੇਗਾ। ਪਯੂਰੀਟਨ ਵਿਚਾਰ ਪੂੰਜੀਪਤੀਆਂ ਅਤੇ ਵਿਉਪਾਰੀ ਵਰਗ ਵਿੱਚ ਵੀ ਲੋਕਪ੍ਰਿਯ ਸੀ ਇਸ ਵਿਚਾਰਧਾਰਾ ਵਿੱਚ ਭਾਗਿਆ ਦੇ ਨਿਸ਼ਚਿਤ ਹੋਣ ਤੇ ਜ਼ੋਰ ਦਿੱਤਾ ਗਿਆ ਹੈ। ਇਹ ਵਿਚਾਰਧਾਰਾ ਵਿਉਪਾਰੀ ਵਰਗ ਲਈ ਮਾਨਿਆ ਸੀ ਕਿਉਂਕਿ ਇਸ ਦੇ ਆਧਾਰ ਤੇ ਹੀ ਉਹ ਕਹਿ ਸਕਦੇ ਸੀ ਕਿ ਉਨ੍ਹਾਂ ਕੋਲ ਧਨ ਇਸ਼ਵਰ ਦੀ ਕ੍ਰਿਪਾ ਨਾਲ ਆਇਆ ਹੈ ਅਤੇ ਉਸ ਤੇ ਇਨਸਾਨ ਦਾ ਕੋਈ ਨਿਯੰਤਰਣ ਨਹੀਂ ਹੋ ਸਕਦਾ। ਪੂੰਜੀਪਤੀ ਵੀ ਪਯੂਰੀਟਨ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਇਹ ਸੋਚਣ ਲੱਗੇ ਸਨ ਕਿ ਇਸ਼ਵਰ ਖੁਸ਼ ਹੋ ਕੇ ਉਨ੍ਹਾਂ ਨੂੰ ਧਨ ਦੇ ਰਿਹਾ ਹੈ ਅਤੇ ਇਹ ਕਿਸਮਤ ਦਾ ਖੇਲ ਹੈ। ਇਸ ਤਰ੍ਹਾਂ ਪਯੂਰੀਟਨ ਵਿਚਾਰਧਾਰਾ ਨੇ ਸੰਸਦੀਆਂ ਨੇਤਾਵਾਂ ਵਿੱਚ ਆਪਣੇ ਕੰਮ ਅਤੇ ਆਪਣੇ ਉਦੇਸ਼ ਦੇ ਪ੍ਰਤਿ ਪੂਰਾ ਵਿਸ਼ਵਾਸ਼ ਜਗਾਇਆ। ਇਸ ਵਿਚਾਰਧਾਰਾ ਦੀ ਸਹਾਇਤਾ ਤੇ ਆੜ ਦੇ ਬਿਨਾਂ 1640 ਦੀ ਸੰਦਰ ਦੇ ਨੇਤਾ ਰਾਜੇ ਦਾ ਵਿਰੋਧ ਕਰਨ ਤੇ ਉਸਦੇ ਵਿਰੁੱਧ ਯੁੱਧ ਕਰਨ ਦਾ ਸਾਹਸ ਨਹੀਂ ਜੁਟਾ ਪਾਇਆ।

ਪਯੂਰੋਟਿਨ ਦਾ ਵਿਸ਼ਵਾਸ਼ ਦੀ ਕਿ ਸਾਰੇ ਮਨੁੱਖ ਪੜ੍ਹਨ–ਲਿਖਣ ਦੀ ਸ਼ਮਤਾ ਰੱਖਦੇ ਸਨ ਅਤੇ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ ਤਾਂ ਕਿ ਉਹ ਧਾਰਮਿਕ ਕਿਤਾਬਾਂ ਪੜ੍ਹ ਸਕਣ। ਇਸ ਵਿਚਾਰਧਾਰਾ ਨਾਲ ਯੋਮੇਨ ਤੇ ਸ਼ਹਰੀ ਕਾਰੀਗਰ ਵਰਗ ਪ੍ਰਭਾਵਿਤ ਹੋਇਆ ਅਤੇ ਸਿੱਖਿਆ ਪ੍ਰਾਪਤ ਕਰਨ ਲੱਗਾ। ਸਾਕਸ਼ਰਤਾ ਨੇ ਲੋਕਾਂ ਦੇ ਅੰਦਰ ਧਰਮ ਅਤੇ ਰਾਜਨੀਤਿ ਵਿੱਚ ਹਿੱਸਾ ਲੈਣ ਦੀ ਆਕਾਂਸ਼ਾਵਾਂ ਪੈਦਾ ਕਰ ਦਿੱਤੀਆਂ ਅਤੇ ਨਿਮਨ ਵਰਗ ਵਿੱਚ ਸਮਾਨਤਾ ਦਾ ਵਿਚਾਰ ਫੈਲ ਗਿਆ ਪਰਿਣਾਮ–ਸਵਰੂਪ 1640–1650 ਈ: ਵਿੱਚ ਜੋ ਸਾਮੰਤਵਾਦੀ ਅੰਦੋਲਨ ਹੋਇਆ ਉਸਦੀ ਭੂਮੀਕਾ ਬਣੀ।

**ਕ੍ਰਾਂਤੀ ਦੀ ਪ੍ਰਸ਼ਠਭੂਮੀ :–** 1630 ਤੱਕ ਇੰਗਲੈਂਡ ਵਿੱਚ ਸਥਾਇਤਵ ਨਹੀਂ ਰਹਿ ਗਿਆ ਸੀ। ਨਵੇਂ ਸਮਾਜਿਕ ਤੱਤ, ਉੱਭਰ ਕੇ ਸਾਹਮਣੇ ਆ ਰਹੇ ਸਨ, ਨਵੇਂ ਰਾਜਨੀਤਿਕ ਸੰਬੰਧ ਬਣ ਰਹੇ ਸਨ, ਨਵੀਂ ਵਿਚਾਰਧਾਰਾ ਪੈਦਾ ਹੋ ਰਹੀ ਸੀ ਪਰ ਸਰਕਾਰ ਜਾਂ ਸਥਾਪਿਤ ਚਰਚ ਇਨ੍ਹਾਂ ਨਵੀਆਂ ਪਰਿਸਥਿਤੀਆਂ ਦਾ ਸਾਹਮਣਾ ਕਰਨ ਜਾਂ ਇਸਦੇ ਅਨੁਸਾਰ ਆਪਣੇ–ਆਪ ਨੂੰ ਢਾਲਣ ਵਿੱਚ ਅਸਮਰਥਤਾ ਪ੍ਰਦਰਸ਼ਿਤ ਕਰ ਰਹੇ ਸੀ। ਅਜਿਹੇ ਸਮੇਂ ਵਿੱਚ ਇੱਕ ਨਵਾਂ ਵਰਗ ਉੱਭਰ ਕੇ ਸਾਹਮਣੇ ਆਇਆ ਜਿਵੇਂ ਜਮੀਦਾਰਾਂ ਦਾ, ਨਿਯਾਏਦੀਸ਼ਾਂ ਦਾ, ਵਿਉਪਾਰੀਆਂ ਦਾ, ਜਿਸਨੇ ਨੇਤ੍ਰਤਵ ਦੀ ਜ਼ਿੰਮੇਵਾਰੀ ਸੰਭਾਲੀ। ਇਸ ਵਰਗ ਨੂੰ ਯੋਮੇਨ ਕਿਸਾਨਾਂ ਦਾ, ਛੋਟੇ ਵਿਉਪਾਰੀਆਂ ਅਤੇ ਕਾਰੀਗਰਾਂ ਦਾ ਸਮਰਥਨ ਪ੍ਰਾਪਤ ਸੀ ਕਿਉਂਕਿ ਇਨ੍ਹਾਂ ਦੇ ਸਵਾਰਥ ਅਤੇ ਇੱਛਾਵਾਂ ਦੀ ਇਹ ਵਰਗ ਸਰਵ ਦਿੰਦਾ ਸੀ, ਉਸਦਾ ਪ੍ਰਤੀਨੀਧਿਤਵ ਕਰਦਾ ਸੀ ਅਤੇ ਆਪਣੇ ਸਵਾਰਥ ਨੂੰ ਉਨ੍ਹਾਂ ਦੇ ਸਵਾਰਥ ਨਾਲ ਜੋੜਨ ਲਈ ਤਿਆਰ ਰਹਿੰਦਾ ਸੀ।

ਇਹ ਵਰਗ ਕੇਵਲ ਰਾਜਨੀਤਿ ਵਿੱਚ ਸੱਤਾ ਦਾ ਭਾਗੀਦਾਰ ਨਹੀਂ ਬਣਨਾ ਚਾਹੁੰਦਾ ਸੀ। ਇਹ ਪਰਿਵਰਤਨ– ਅਰਥਾਤ ਪ੍ਰੋਟੇਸਟੈਂਟ ਵਿਦੇਸ਼ੀ ਨੀਤਿ, ਦਰਬਾਰ ਵਿੱਚ ਭ੍ਰਿਸ਼ਟਾਚਾਰ ਤੇ ਰੋਕ, ਚਰਚ ਦੀਆਂ ਰਸਮਾਂ ਵਿੱਚ ਕੁਝ ਸਾਦਗੀ ਤੇ ਬਿਸ਼ਪ ਦੇ ਆਧਿਪਤ ਵਿੱਚ ਕਮੀ ਦੀ ਮੰਗ ਕਰ ਰਿਹਾ ਸੀ, ਪਰ ਇਨ੍ਹਾਂ ਮੰਗਾਂ ਦਾ ਜਵਾਬ ਉਹਨ੍ਹਾਂ ਨੂੰ ਸਟੂਅਰਟ ਰਾਜਿਆਂ ਨੇ ਰਾਜੇ ਦੀ ਦੈਵੀ ਸ਼ਕਤੀ ਤੇ ਭਾਸ਼ਣ ਦੇਕੇ, ਬਿਸ਼ਪ ਦੀ ਸ਼ਕਤੀ ਵਿੱਚ ਵਾਧਾ ਕਰਕੇ ਸਪੇਨ, ਦੀ ਰਾਜਕੁਮਾਰੀ ਨਾਲ ਚਾਰਲਸ ਦੇ ਵਿਆਹ ਨੂੰ ਵਿਦੇਸ਼–ਨੀਤਿ ਦਾ ਕੇਂਦਰ ਬਣਾ ਕੇ, ਦਰਬਾਰ ਵਿੱਚ ਭ੍ਰਿਸ਼ਟਾਚਾਰ ਨੂੰ ਹੋਰ ਵਧਾ ਦਿੱਤਾ। ਬਾਹਰੀ ਹਮਲਿਆਂ ਦਾ ਡਰ ਇਸ ਸੱਤਾਧਾਰੀ ਅਤੇ ਇਸ ਨਵੇਂ ਵਰਗ ਨੂੰ ਏਕਤਾ ਦੇ

1. C. Hill, Century of Revaluation, p.82.

ਨੋਟ

ਸੂਤਰ ਵਿੱਚ ਬੰਨ ਸਕਦਾ ਸੀ। ਪਰ ਸਤਾਰ੍ਹਵੀਂ ਸਦੀ ਦੇ ਮੱਧ ਤੱਕ ਇਹ ਡਰ ਵੀ ਖ਼ਤਮ ਹੋ ਚੁੱਕਿਆ ਸੀ। ਇਸ ਤਰ੍ਹਾਂ ਇਨ੍ਹਾਂ ਵਰਗਾਂ ਦੇ ਲਈ ਆਪਣੀ ਸਥਿਤੀ ਦੇ ਸ਼ਪਸ਼ਟੀਕਰਣ ਦਾ ਸੁਨਹਿਰੀ ਮੌਕਾ ਮਿਲਿਆ।

ਅਰਥਵਿਵਸਥਾ ਦਾ ਵੀ ਸਵਰੂਪ ਬਦਲ ਰਿਹਾ ਸੀ। ਵਿਦੇਸ਼ੀ ਵਿਉਪਾਰ ਵਿੱਚ ਵਾਧਾ ਹੋ ਰਿਹਾ ਸੀ। ਜਨਸੰਖਿਆ ਦੋਗੁਣੀ ਵੱਧ ਰਹੀ ਸੀ ਅਤੇ ਬਾਹਰੀ ਹਮਲਿਆਂ ਦਾ ਖ਼ਤਰਾ ਨਹੀਂ ਸੀ। ਇਸੇ ਸਥਿਤੀ ਵਿੱਚ ਸਥਾਪਿਤ ਸੰਸਥਾ ਦਾ ਮੁਲਅੰਕਣ ਹੋਣਾ ਸਵਾਭਾਵਿਕ ਸੀ। ਪਰਿਣਾਮ ਸਰੂਪ ਸ਼ਕਤੀ ਦੇ ਬਟਵਾਰੇ ਵਿੱਚ ਪਰਿਵਰਤਨ ਅਤੇ ਚਰਚ ਸੁਧਾਰ ਜ਼ਰੂਰੀ ਹੋ ਗਏ ਸੀ ਪਰ ਇਹ ਮੰਗਾਂ ਕ੍ਰਾਂਤੀ ਦਾ ਰੂਪ ਲੈ ਰਹੀਆਂ ਸਨ, ਇਹ ਪੱਕਾ ਨਹੀਂ ਸੀ। ਇਹ ਸਰਕਾਰ ਦੀ ਚਤੁਰਾਈ ਅਤੇ ਵਿਵੇਕ ਤੇ ਅਤੇ ਵਿਰੋਧੀਆਂ ਦੇ ਆਤਮਸੰਯਮ ਤੇ ਆਧਾਰਿਤ ਸੀ ਪਰ ਸਰਕਾਰ ਨੇ ਵਿਵੇਕ ਨਹੀਂ ਵਿਖਾਇਆ ਅਤੇ ਵਿਰੋਧੀਆਂ ਨੇ ਸੰਯਮ ਨਹੀਂ ਰੱਖਿਆ।

### ਘਟਨਾਵਾਂ ਵਿੱਚ ਤੇਜ਼ੀ

ਇਸ ਤਰ੍ਹਾਂ ਕ੍ਰਾਂਤੀ ਦੀ ਜ਼ਮੀਨ ਤਿਆਰ ਹੋ ਗਈ ਸੀ ਪਰ ਹੁਣ ਵੀ ਇਸ ਤਰ੍ਹਾਂ ਨਹੀਂ ਲਗਦਾ ਸੀ ਕਿ ਕ੍ਰਾਂਤੀ ਹੋਣ ਵਾਲੀ ਹੈ ਪਰ ਇਹ ਜ਼ਰੂਰੀ ਨਹੀ ਸੀ ਕਿ ਕ੍ਰਾਂਤੀ ਹੋ ਕੇ ਹੀ ਰਹੇਗੀ। ਚਾਰਲਸ ਪ੍ਰਥਮ ਦੀਆਂ ਨੀਤਿਆਂ ਅਤੇ ਗਤਿਵਿਧੀਆਂ ਨੇ ਕ੍ਰਾਂਤੀ ਨੂੰ ਸੰਭਾਵਨਾ ਦੇ ਦਾਯਰੇ 'ਚੋਂ ਕੱਢ ਕੇ ਨਿਸ਼ਚਿਤ ਨਿਸ਼ਚਿਤ ਸੀਮਾ ਤੱਕ ਪਹੁੰਚਾ ਦਿੱਤਾ।

ਚਾਰਲਸ ਨੂੰ ਧਾਰਮਿਕ ਨੀਤਿ ਦਾ ਇਸ ਦਿਸ਼ਾ ਵਿੱਚ ਮੁੱਖ ਉਤਰਦਾਇਤਵ ਸੀ। ਰਾਜੇ ਨੇ ਪੂਰਨ ਰੂਪ ਤੋਂ ਆਪਣੇ ਸਹਾਇਕ ਮਿੱਤਰ ਵਿਲਿਅਮ ਲਾਰਡ ਦੀ ਪ੍ਰਤਿਕਿਰਿਆਵਾਦੀ ਧਾਰਮਿਕ ਨੀਤਿ ਦਾ ਸਮਰਥਨ ਕੀਤਾ। ਲਾਰਡ ਅਨੁਭਵ ਕਰਦਾ ਸੀ ਕਿ ਰਾਜਾ ਅਤੇ ਚਰਚ ਨੂੰ ਇਕ ਹੋ ਕੇ ਆਪਣੇ ਦੁਸ਼ਮਣਾ ਦਾ ਸਾਹਮਣਾ ਕਰਨਾ ਚਾਹੀਦਾ ਅਤੇ ਇਸ ਨੀਤਿ ਤੇ ਚੱਲਣ ਦੇ ਕਾਰਨ ਹੀ ਜ਼ਰੂਰੀ ਹੋ ਗਿਆ ਕਿ ਜੇਕਰ ਵਿੱਚੋਂ ਇੱਕ ਦਾ ਵੀ ਪਤਨ ਹੋਵੇ ਤਾਂ ਦੂਸਰੀ ਸੰਖਿਆ ਨੂੰ ਵੀ ਆਪਣੇ ਨਾਲ ਥੱਲੇ ਘਸੀਟ ਲਵੇ।

ਲਾਰਡ ਨੇ ਬਿਸ਼ਪ ਦੀ ਰਾਜਨੀਤਿ ਸ਼ਕਤੀ ਅਤੇ ਪ੍ਰਤੀਨਿਸ਼ਠਾ ਨੂੰ ਇੱਕ ਵਾਰ ਫਿਰ ਸਥਾਪਿਤ ਕੀਤਾ। ਬਿਸ਼ਪ ਨੂੰ ਦੁਬਾਰਾ ਪ੍ਰੀਵੀ ਕੌਂਸਿਲ ਤੋਂ ਵਿਸ਼ੇਸ਼ ਪ੍ਰਤੀਨਿਧਿਤਵ ਪ੍ਰਾਪਤ ਹੋਇਆ। ਨਿਆਲਿਆ ਵਿੱਚ ਉਹਨਾਂ ਨੇ ਸਕ੍ਰੀਯ ਰੂਪ ਤੋਂ ਭਾਗ ਲੈਣਾ ਸ਼ੁਰੂ ਕਰ ਦਿੱਤਾ ਅਤੇ ਆਮ ਜਨਤਾ ਦੀ ਅਪੇਕਸ਼ਾ, ਬਿਸ਼ਪਾਂ ਨੇ ਆਪਣੇ ਅਧਿਕਾਰ ਅਤੇ ਵਿੱਤ ਸੰਬੰਧੀ ਵਿਸ਼ੇਸ਼ਾਧਿਕਾਰ ਜਤਾਨੇ ਸ਼ੁਰੂ ਕਰ ਦਿੱਤੇ। ਬਿਸ਼ਪ-ਵਿਰੋਧੀਆਂ ਨੂੰ ਕੜੀ ਸਜ਼ਾ ਦੇ ਕੇ ਚੁੱਪ ਕਰਾਇਆ ਜਾਣ ਲੱਗਿਆ। ਪ੍ਰਾਥਨਾ ਦੇ ਰੀਤਿ-ਰਿਵਾਜਾਂ ਅਤੇ ਪ੍ਰਦਰਸ਼ਨਾਂ ਨੂੰ ਜਿਆਦਾ ਮਹੱਤਵ ਦਿੱਤਾ। ਇਸ ਨੀਤਿ ਨਾਲ ਇੰਗਲੈਂਡ ਦੀ ਜਨਤਾ ਵਿੱਚ ਇਹ ਸ਼ੰਕਾ ਆਈ ਕਿ ਉਹ ਅਤੇ ਸਟੂਅਰਟ ਰਾਜਾ ਦੇਸ਼ ਵਿੱਚ ਪੋਪ ਦੀ ਸੱਤਾ ਦੁਬਾਰਾ ਸਥਾਪਿਤ ਕਰਨਾ ਚਾਹੁੰਦਾ ਹੈ। ਇੱਕ ਉਗਰਵਾਦੀ ਸੰਸਦ ਮੈਂਬਰਾਂ ਨੇ 1641 ਵਿੱਚ ਇਹਨਾਂ ਵਿਚਾਰਾਂ ਨੂੰ ਪ੍ਰਗਟ ਕਰਦੇ ਹੋਏ ਕਿਹਾ ਕਿ "ਸਾਡੀਆਂ ਸਾਰੀਆਂ ਸ਼ਿਕਾਇਤਾਂ ਦੀ ਜੜ੍ਹ ਮੇਰੇ ਵਿਚਾਰ ਵਿੱਚ, ਰੋਮ ਦੇ ਨਾਲ ਸਾਡਾ ਗਠਬੰਧਨ ਸਥਾਪਿਤ ਕਰਨ ਦਾ ਵਿਚਾਰ ਹੈ।"[1]

ਰਾਜੇ ਦੀ ਰਾਜਨੀਤਿਕ ਨੀਤਿ ਵੀ ਲੋਕਾਂ ਨੂੰ ਪਸੰਦ ਨਹੀਂ ਸੀ। 1629 ਈ ਵਿੱਚ ਚਾਰਲਸ ਨੇ ਸੰਸਦ ਭੰਗ ਕੀਤੀ ਅਤੇ ਵਿਅਕਤੀਗਤ ਰੂਪ ਨਾਲ ਸ਼ਾਸਨ ਚਲਾਉਣ ਲੱਗਿਆ। ਧਨ ਦੀ ਆਪੂਰਤੀ ਦੇ ਲਈ ਉਸਨੇ ਕਈ ਪੁਰਾਣੇ ਨਿਯਮਾਂ ਨੂੰ ਦੁਬਾਰਾ ਲਾਗੂ ਕੀਤਾ। ਜਿਸ ਤੋਂ ਉਹ ਭਦ੍ਰਵਰਗ ਤੇ ਦੰਡਨੀਯ ਟੈਕਸ ਲਗਾ ਸਕੇ। ਉਸਨੇ ਕੁਲੀਨਾਂ ਦੇ ਸ਼ਾਹੀ ਜੰਗਲਾਂ ਦਾ ਉਲੰਘਣ ਕਰਨ ਦਾ ਆਰੋਪ ਲਗਾ ਕੇ ਦੰਡਨੀਯ ਟੈਕਸ ਲਗਾਇਆ। 1729-39 ਵਿੱਚ ਕੁਲੀਨਾਂ ਤੇ ਲੱਗੇ ਵਾਰਡਸ਼ਿਪ[2] ਟੈਕਸ ਤੋਂ ਰਾਜੇ ਦੀ ਆਯ ਵਿੱਚ ਤਿੰਨ ਗੁਣਾ ਵਾਧਾ ਹੋਇਆ। ਇਸ ਤਰ੍ਹਾਂ ਇੱਕ ਟੈਕਸ 'ਪਰਵੇਅਨਸ' ਸੀ ਜਿਸਦੇ ਆਧਾਰ ਤੇ ਰਾਜੇ ਨੂੰ ਇਹ ਅਧਿਕਾਰ ਸੀ ਕਿ ਉਹ ਸ਼ਾਹੀ ਘਰਾਨੇ ਲਈ ਘਟ ਕਿਸਤਾਂ ਤੇ ਸਮਾਨ ਖ਼੍ਰੀਦੇ। ਇਸ ਨਾਲ ਰਾਜੇ ਨੂੰ ਹਰ ਸਾਲ ਕਰੀਬ 50,000 ਪੌਂਡ ਦੀ ਆਯ ਹੁੰਦੀ ਸੀ। ਜਿਸ ਤੇ ਸੰਸਦ ਦਾ ਕੋਈ ਨਿਯੰਤਰਣ ਨਹੀਂ ਸੀ ਇਸ ਲਈ ਸੰਸਦ ਨੇ ਇਸ ਦਾ ਵਿਰੋਧ ਕੀਤਾ।

ਚਾਰਲਸ ਨੇ ਸਮਾਜਿਕ ਪਰਿਵਰਤਨ ਦੀ ਗਤੀ ਨੂੰ ਰੋਕਣ ਅਤੇ ਉਸ ਨੂੰ ਪਿੱਛੇ ਮੋੜਨ ਦਾ ਯਤਨ ਕੀਤਾ। 1629 ਵਿੱਚ ਉਸ ਨੇ ਉਪਾਦੀਆਂ ਦੀ ਬਿਕਰੀ ਬੰਦ ਕਰ ਦਿੱਤੀ ਅਤੇ ਕੁਲੀਨਾਂ ਨੂੰ ਜੋ ਵਿਸ਼ੇਸ਼ ਸੁਵਿਧਾਵਾਂ ਪਹਿਲਾਂ ਪ੍ਰਾਪਤ ਸੀ ਉਨ੍ਹਾਂ ਨੂੰ ਦੁਬਾਰਾ ਅਮਲ ਵਿੱਚ ਲਿਆਉਣ ਲਈ ਉਕਸਾਇਆ। 40 ਪੌਂਡ ਹਰ ਸਾਲ ਦੀ ਆਯ ਤੋਂ ਜਿਆਦਾ ਜਿਸਦੀ ਆਯ ਸੀ ਉਨ੍ਹਾਂ ਨੂੰ 'ਨਾਈਟ' ਦੀ ਪਦਵੀ ਲੈਣ ਤੇ ਮਜ਼ਬੂਰ ਕੀਤਾ ਗਿਆ ਨਾ ਲੈਣ ਤੇ ਦੰਡ ਟੈਕਸ ਦੇਣਾ ਪਿਆ। ਕੁਲੀਨਾਂ ਆਦਿ ਨੂੰ ਗ੍ਰਾਮੀਣ ਖੇਤਰ ਵਿੱਚ ਵਸਣ ਤੇ ਮਜ਼ਬੂਰ ਕੀਤਾ ਗਿਆ। ਇਸ ਤੋ ਸਮਾਜਿਕ ਤਨਾਵ ਵਿੱਚ ਵਾਧਾ ਹੋਇਆ ਅਤੇ ਹਾਊਸ ਆਫ਼ ਕਾਮਨਸ ਦੇ ਮੈਂਬਰਾਂ ਦਾ ਵਿਚਾਰ ਹਾਊਸ ਆਫ਼ ਲਾਡਰਸ ਦੇ ਪ੍ਰਤਿ ਹੋਰ ਵੀ ਵਿਰੋਧੀ ਹੋ ਗਏ।

ਲੰਦਨ ਦੇ ਵਿਉਪਾਰਿਕ ਅਲਪਤੰਤਰ (Oligarchy) ਦੇ ਸਵਾਰਥ ਰਾਜੇ ਦੇ ਉੱਪਰ ਨਿਰਭਰ ਸੀ। ਪਰ 1630-40 ਦੇ ਦੌਰਾਨ ਰਾਜੇ ਨੇ ਨਿਰੰਤਰ ਧਨ ਦੀ ਮੰਗ ਕਰਕੇ ਇਨ੍ਹਾਂ ਵਿਉਪਾਰੀ ਕੰਪਨੀਆਂ ਨੂੰ ਇਨ੍ਹਾਂ ਤੰਗ ਕੀਤਾ ਕਿ 1640 ਈ: ਵਿੱਚ ਇਹ ਸਰਕਾਰ ਦੀ ਸਹਾਇਤਾ ਨੂੰ ਤਿਆਰ ਨਾ ਹੋਈ। ਨਿਆਯੇਧੀਸ਼ ਵਰਗ ਵੀ ਚਾਰਲਸ ਦੇ ਵਿਰੁੱਧ ਹੋ ਗਿਆ ਕਿਉਂਕਿ ਰਾਜੇ ਨੇ ਆਪਣੇ ਪੱਖ ਵਿੱਚ ਫੈਸਲਾ ਲੈਣ ਲਈ ਜੱਜਾਂ ਦੇ ਕਾਰਜ਼ ਵਿੱਚ ਹਸਤਖੇਪ ਕੀਤਾ। ਇਸਦੇ ਇਲਾਵਾ ਚਾਰਲਸ ਨੇ ਕੋਰਟ ਆਫ਼ ਸਟਾਰ ਚੈਂਮਬਰ ਅਤੇ ਹੋਰ ਵਿਸ਼ੇਸ਼ ਅਧਿਕਾਰ ਪ੍ਰਾਪਤ ਨਿਯਾਲਿਆ ਨੂੰ ਆਪਣੀ ਨੀਤਿ ਲਾਗੂ ਕਰਨ ਦਾ ਸਾਧਨ ਬਣਾਇਆ, ਜਿਸ ਤੋਂ ਲੋਕ ਕਾਨੂੰਨ ਦਾ ਕਈ ਵਾਰ ਉਲੰਘਣ ਹੁੰਦਾ ਸੀ ਅਤੇ ਨਿਆਯਧੀਸ਼ਾ ਨੂੰ ਇਹ ਸਵੀਕਾਰ ਨਹੀਂ ਹੁੰਦਾ ਹੈ।

ਵਿਰੋਧ ਦਾ ਪ੍ਰਥਮ ਪ੍ਰਦਰਸ਼ਨ ਧਨਵਾਨ ਜੌਨ ਹੈਮਪਡਨ (John Hampdon) ਨੇ ਜਹਾਜ-ਟੈਕਸ ਦੇਣ ਤੋਂ ਇਨਕਾਰ ਕਰਕੇ ਕੀਤਾ। ਇਸ ਤੇ ਮੁਕੱਦਮਾ ਚਲਾਇਆ ਗਿਆ ਜਿਸ ਵਿੱਚ ਰਾਜੇ ਦੀ ਜਿੱਤ ਹੋਈ ਪਰ ਦੋ ਸਾਲ ਬਾਅਦ 1639-40 ਈ: ਵਿੱਚ ਆਮ ਜਨਤਾ ਨੇ ਇਹ

1. Stone, causes of English Revolution, p.122.

ਨੋਟ

ਟੈਕਸ ਦੇਣ ਤੋਂ ਮਨਾ ਕਰ ਦਿੱਤਾ ਜਿਸ ਤੋਂ ਰਾਜੇ ਦੀ ਜਿੱਤ ਖੋਖਲੀ ਸਾਬਿਤ ਹੋਈ। ਕਰੀਬ ਸਾਰੇ ਹੀ ਧਨਵਾਨਾਂ ਨੇ ਇਹ ਕਰ ਦੇਣ ਤੋਂ ਮਨਾ ਕਰ ਦਿੱਤਾ। 1636 ਈ: ਵਿੱਚ ਪੂਰਨ ਜਹਾਜ ਕਰ ਦਾ 31/2 ਪ੍ਰਤਿਸ਼ਤ ਸਰਕਾਰ ਇਕੱਠਾ ਕਰ ਰਹੀ ਸੀ। 1637 ਵਿੱਚ 11 ਪ੍ਰਤੀਸ਼ਤ ਅਤੇ ਅਗਲੇ ਸਾਲ 61 ਪ੍ਰਤਿਸ਼ਤ ਟੈਕਸ ਸਰਕਾਰੀ ਖ਼ਜਾਨੇ ਵਿੱਚ ਨਹੀਂ ਪਹੁੰਚਇਆ।

1630 ਈ: ਤੋਂ ਆਰੰਭ ਹੋਣ ਵਾਲੇ ਦਸ਼ਕ ਵਿੱਚ ਇੰਗਲੈਂਡ ਵਿੱਚ ਇੱਕ ਚੰਗੀ ਫਸਲ ਹੋਈ ਸੀ ਇਸਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਲੋਕਾਂ ਨੇ 1640 ਵਿੱਚ ਟੈਕਸ ਦੇਣ ਤੋਂ ਮਨਾ ਕਰ ਦਿੱਤਾ ਸੀ ਪਰ ਜੇਕਰ ਕੁਲੀਨਾਂ ਨੇ ਟੈਕਸ ਨਾਂ ਦੇਣ ਦੀ ਪ੍ਰਵਿਰਤੀ ਨੂੰ ਉਕਸਾਇਆ ਤਾਂ ਵੀ ਸੈਨਿਕ ਦੇ ਵਿਦਰੋਹ ਦੇ ਪਿੱਛੇ, ਜਿਸਨੇ ਚਾਰਲਸ ਨੂੰ ਸਕਾੱਟਲੈਂਡ ਦੇ ਨਾਲ ਯੁੱਧ ਕਰਨ ਵਿੱਚ ਕਠਿਨਾਈ ਅਨੁਭਵ ਕਰਨੀ ਪਈ, ਕੁਲੀਨਾਂ ਦਾ ਹੱਥ ਨਾ ਸੀ।

ਇਸ ਅਸੰਤੋਸ਼ ਦੇ ਕਾਰਨ ਪਿਛਲੇ ਸਾਲ ਦੀ ਆਰਥਿਕ ਸਥਿਤੀ ਸੀ। ਇਹ ਸਾਲ ਕੱਪੜਾ ਉਦਯੋਗ ਲਈ ਚੰਗਾ ਨਹੀਂ ਸੀ। 1640–42 ਦੇ ਵਿਦਰੋਹ ਵਿੱਚ ਬੇਰੋਜ਼ਗਾਰੀ ਦਾ ਬਹੁਤ ਵੱਡਾ ਹੱਥ ਸੀ। ਅਰਥਵਿਵਸਥਾ ਦੀ ਗਤਿ ਹੋਲੀ ਪੈ ਜਾਣ ਕਾਰਨ ਲੋਕ ਗਰੀਬ ਹੋ ਗਏ ਸਨ ਅਤੇ ਜੇਕਰ ਉਹ ਚਾਹੁੰਦੇ ਤਾਂ ਵੀ ਗਰੀਬੀ ਦੇ ਕਾਰਨ ਟੈਕਸ ਦੇਣ ਦੀ ਸਥਿਤੀ ਵਿੱਚ ਨਹੀਂ ਸਨ।

ਰਾਜੇ ਦੀ ਮੁਖ ਕਠਿਨਾਈ ਸਕਾੱਟਲੈਂਡ ਤੋਂ ਆਰੰਪ ਹੋਈ। 1639 ਈ: ਵਿੱਚ ਚਾਰਲਸ ਨੇ ਸਕਾੱਟਲੈਂਡ ਦੀ ਚਰਚ ਤੇ ਨਿਯੰਤਰਨ ਕਰਨ ਦਾ ਯਤਨ ਕੀਤਾ ਅਤੇ ਚਰਚ ਦੀ ਜ਼ਮੀਨ ਜ਼ਬਤ ਕਰਨ ਦੀ ਧਮਕੀ ਦਿੱਤੀ। ਇਸ ਨਾਲ ਉਧਰ ਦੀ ਜਨਤਾ ਨੇ ਵਿਦਰੋਹ ਕਰ ਦਿੱਤਾ ਅਤੇ ਇੰਗਲੈਂਡ ਤੇ ਹਮਲਾ ਕਰ ਦਿੱਤਾ। ਚਾਰਲਸ ਕੋਲ ਧਨ ਨਹੀਂ ਸੀ, ਨਾਂ ਹੀ ਉਸਨੂੰ ਕਿਸੇ ਦੀ ਸਹਾਇਤਾ ਦੀ ਉਮੀਦ ਸੀ ਇਸ ਲਈ ਉਸਨੇ ਸਕਾੱਟਲੈਂਡ ਦੀ ਸੈਨਾ ਦੇ ਨਾਲ ਸਮਝੋਤਾ ਕਰਨਾ ਪਿਆ ਅਤੇ ਧਨ ਦੇ ਲਈ ਉਸਨੇ ਸੰਸਦ ਬੁਲਾਈ।

**ਗ੍ਰਹਿਯੁੱਧ (1640–1649) :–** 1640 ਈ: ਤੱਕ ਅਧਿਕਾਂਸ਼ ਸਮਾਜਿਕ ਵਰਗ ਰਾਜੇ ਦੇ ਵਿਰੁੱਧ ਹੋ ਚੁੱਕੇ ਸੀ। ਜਦ ਉਸਨੇ ਸੰਸਦ ਬੁਲਾਈ ਤਾਂ ਉਹ ਇਕੱਲਾ ਸੀ। 1641 ਤੱਕ ਸੰਸਦ ਨੇ ਅਨੇਕ ਉਦੇਸ਼ ਪੂਰੇ ਕਰ ਲਏ ਸਨ। ਰਾਜੇ ਤੋਂ ਬਿਨਾਂ ਸੰਸਦ ਦੀ ਅਨੁਮਤਿ ਦੇ ਕਰਾਰੋਪਣ ਦੀ ਸ਼ਕਤੀ ਅਤੇ ਬਿਨਾਂ ਮੁਕੱਦਮਾ ਚਲਾਏ ਕੈਦ ਦੇ ਅਧਿਕਾਰ ਖੋਹ ਲਏ ਗਏ। ਵਿਸ਼ੇਸ਼ਧਿਕਾਰ ਨਿਯਾਲਿਆ ਜਿਵੇਂ ਸਟਾਰ ਚੈਂਬਰ ਆਦਿ ਖ਼ਤਮ ਕਰ ਦਿੱਤੇ ਗਏ। ਚਾਰਲਸ ਦੇ ਪ੍ਰਮੁੱਖ ਸਲਾਹਕਾਰ ਨੂੰ ਦੰਡ ਦਿੱਤਾ ਗਿਆ ਅਤੇ ਲਾਰਡ ਨੇ ਜੋ ਧਾਰਮਿਕ ਕਾਨੂੰਨ ਲਾਗੂ ਕਿੱਤੇ ਸਨ, ਉਹ ਵਾਪਸ ਲੈ ਗਏ ਪਰ ਹੁਣ ਵੀ ਗ੍ਰਹਿਯੁੱਧ ਦੀ ਕੋਈ ਆਸ਼ੰਕਾ ਨਹੀਂ ਸੀ।

ਸੰਸਦ ਵਿੱਚ ਏਕਤਾ ਖ਼ਤਮ ਹੋ ਗਈ। ਇਸ ਸਮੇਂ ਤੋਂ ਰਾਜੇ ਨੂੰ ਜਿਸਦਾ ਕੋਈ ਮਿੱਤਰ ਨਹੀਂ ਸੀ, ਮੱਦਦ ਮਿਲਣੀ ਸ਼ੁਰੂ ਹੋ ਗਈ। ਸੰਸਦ ਵਿੱਚ ਮਤਦਾਨ ਦੇ ਨਤੀਜੇ ਇਸ ਦਲਬੰਦੀ ਨੂੰ ਸਪਸ਼ਟ ਕਰਦੇ ਸਨ। ਮਈ 1641 ਈ: ਵਿੱਚ ਸਟੈਫਰਡ (Straffords) ਤੇ ਜਦ ਰਾਜਦ੍ਰੋਹ ਦਾ ਆਰੋਪ ਲਗਾ ਕੇ ਉਸਨੂੰ ਦੰਡ ਦਿੱਤਾ ਗਿਆ ਉਸ ਸਮੇਂ 200 ਮੈਂਬਰਾਂ ਨੇ ਇਸਦੇ ਪੱਖ ਵਿੱਚ ਅਤੇ 50 ਨੇ ਵਿਪਕਸ਼ ਵਿੱਚ ਮਤ ਦਿੱਤਾ। ਨਵੰਬਰ 1641 ਈ: ਵਿੱਚ ਸੈਨਾ ਦਾ ਨਿਯੰਤਰਨ ਸੰਸਦ ਦੇ ਹੱਥ ਵਿੱਚ ਦੇਣ ਦੇ ਪੱਖ ਵਿੱਚ 151 ਅਤੇ ਰਾਜੇ ਦੇ ਹੱਥ ਵਿੱਚ ਦੇਣ ਦੇ ਪੱਖ ਵਿੱਚ 110 ਸੀ। ਉਸੇ ਮਹੀਨੇ 'ਮਹਾਨ ਵਿਰੋਧ–ਪੱਤਰ' ਪਾਸ ਕੀਤਾ ਗਿਆ (ਜਿਸ ਵਿੱਚ ਚਾਰਲਸ ਤੇ ਅਨੇਕ ਦੋਸ਼ ਲਾਏ ਗਏ ਅਤੇ ਮੰਗ ਕੀਤੀ ਗਈ ਕਿ ਮੰਤਰੀ ਸੰਸਦ ਦੀ ਮਰਜ਼ੀ ਨਾਲ ਨਿਯੁਕਤ ਕਿੱਤੇ ਜਾਣਗੇ ਅਤੇ ਧਾਰਮਿਕ ਸਮੱਸਿਆ ਸੁਲਝਾਉਣ ਲਈ ਧਰਮ–ਸਭਾ ਬੁਲਾਈ ਜਾਵੇਗੀ) ਜਿਸਦੇ ਦੇ ਪੱਖ ਵਿੱਚ 159 ਮੈਂਬਰ ਸੀ, ਪਰ ਵਿਪਸ਼ੀਆਂ ਦੀ ਗਿਣਤੀ ਵੀ 148 ਤੱਕ ਪਹੁੰਚ ਚੁੱਕੀ ਸੀ। ਜੂਨ 1632 ਵਿੱਚ 302 ਮੈਂਬਰ ਸੰਸਦ ਦੇ ਨਾਲ ਰਹੇ ਅਤੇ 236 ਲੰਦਨ ਛੱਡ ਕੇ ਚਲੇ ਗਏ ਜਿਸ ਵਿੱਚੋਂ ਜਿਆਦਾਤਰ ਯਾਰਕ (York) ਜਾ ਕੇ ਰਾਜੇ ਨਾਲ ਮਿਲ ਗਏ।

ਇੰਨ੍ਹੇ ਜਿਆਦਾ ਮੈਂਬਰਾਂ ਦਾ ਦੋ ਸਾਲ ਦੇ ਸਮੇਂ ਵਿੱਚ ਰਾਜ ਵਿਰੋਧੀ ਮੈਂਬਰਾਂ ਤੋਂ ਰਾਜ–ਸਮਰਥਕ ਬਣ ਜਾਣ ਦੇ ਕਾਰਨ ਇਹ ਪਤਾ ਕਰਨਾ ਮੁਸ਼ਕਿਲ ਨਹੀਂ ਹੈ। ਇਹ ਮੈਂਬਰ ਇੱਕ ਸੀਮਾਂ ਤੱਕ ਉਗਰਵਾਦੀ ਸੀ, ਪਰ ਪੀਸ ਦੀਆਂ ਮੰਗਾਂ ਜਿਵੇਂ ਸੰਸਦ ਦਾ ਸੈਨਾ ਤੇ ਨਿਯੰਤਰਨ ਹੋਵੇ ਅਤੇ ਸੰਸਦ ਹੀ ਮੰਤਰੀ ਨਿਯੁਕਤ ਕਰੇ, ਧਾਰਮਿਕ ਸਵਤੰਤਰਤਾ ਹੋਵੇ ਅਤੇ ਗਿਰਜਾਘਰ ਵਿੱਚ ਪਾਦਰੀ ਦਾ ਸ਼ਾਸਨ ਖ਼ਤਮ ਹੋਵੇ– ਇਸ ਤਰ੍ਹਾਂ ਦੀਆਂ ਉਗਰਵਾਦੀ ਮੰਗਾਂ ਸੀ ਕਿ ਬਹੁਤੇ ਸੰਸਦ ਮੈਂਬਰ ਪਿੱਛੇ ਹੱਟ ਗਏ। ਇਸਦਾ ਕਾਰਨ ਇਹ ਸੀ ਕਿ ਸੰਪਤੀਵਾਨਾ ਨੂੰ ਆਪਣੀ ਸੰਪਤੀ ਦੇ ਲਈ ਖ਼ਤਰਾ ਵਿਖਾਈ ਦੇਣ ਲੱਗਿਆ। ਧਾਰਮਿਕ ਜਮੀਦਾਰ ਦੀ ਜਮੀਨ ਅਗਰ ਪਿਮ ਦੇ ਕਾਰਨ ਖੋਹ ਸਕਦੀ ਹੈ ਤੇ ਅੱਗੇ ਹੋਰ ਜ਼ਮੀਦਾਰਾਂ ਦੀ ਵਾਰੀ ਵੀ ਆ ਜਾਂਦੀ ਸੀ। ਇਸ ਡਰ ਤੋਂ 1640 ਦੇ ਕਈ ਉਗਰਵਾਦੀ ਨੂੰ 1642 ਵਿੱਚ ਪਵਿਰਵਰਤਨ ਵਿਰੋਧ ਬਣਾ ਦਿੱਤਾ ਸੀ। ਜ਼ਮੀਦਾਰਾਂ ਨੂੰ ਬਾੜਬੰਦੀ ਵਿਦਰੋਹ ਅਤੇ ਪਿੰਡਾਂ ਵਿੱਚ ਕਿਰਾਏ ਨਾ ਦੇਣ ਦੀ ਪ੍ਰਵਤੀ ਤੋਂ ਵੀ ਡਰ ਲੱਗਿਆ ਅਤੇ ਉਹ ਰਾਜਾ ਤੇ ਸ਼ਾਂਤੀ ਦੇ ਪੱਖ ਵਿੱਚ ਹੋ ਗਏ। ਇਹ ਕੁਲੀਨ ਨੇ ਰਾਜ ਪਕਸ਼ ਦੇ ਕਾਰਨ ਸਪਸ਼ਟ ਕਰਦੇ ਹੋਏ ਕਿਹਾ, "ਅਮੀਰ ਆਦਮੀ ਰਾਜਤੰਤਰ ਦੇ ਵੱਡੇ ਸ਼ਤਰੂਆਂ ਵਿੱਚੋਂ ਨਹੀਂ ਸਨ। ਜੇ ਸੰਪੂਰਣ ਰਾਜ ਦੇ ਜ਼ਰੂਰਤਮੰਦ ਵੱਡੀ ਗਿਣਤੀ ਵਿੱਚ ਉਠ ਖੜ੍ਹੇ ਹੋਏ ਤਾਂ ਆਰੰਭ ਕਿਸੇ ਵੀ ਪੱਖ ਵਿੱਚ ਹੋਣ ਦਾ ਦਾਅਵਾ ਕਿਉਂ ਨਾ ਕਰਨ, ਥੋੜ੍ਹੇ ਹੀ ਸਮੇਂ ਵਿੱਚ ਇਹ ਆਪਣੇ ਆਪ ਨੂੰ ਸਥਾਪਿਤ ਕਰ ਦੇਣਗੇ, ਜਿਸ ਤੋਂ ਰਾਜ ਦੇ ਅਭਿਜਾਤ ਵਰਗ ਤੇ ਕੁਲੀਨ ਵਰਗ ਨਸ਼ਟ ਹੋ ਗਿਆ।" ਰਾਜਾ ਨੇ ਅਭਿਜਾਤ ਵਰਗ ਦੇ ਇਸ ਡਰ ਦਾ ਫ਼ਾਇਦਾ ਉਠਾਇਆ। ਉਹ ਇਹ ਸੋਚਣ ਲੱਗਿਆ ਕਿ ਇਸ ਤੋਂ ਬਿਨਾਂ ਰਾਜ ਚੱਲ ਨਹੀਂ ਸਕਦਾ। ਉਸ ਦੇ ਸਮਝੌਤੇ ਸੰਬੰਧੀ ਸਾਰੇ ਪ੍ਰਯਾਸ ਵਿਫ਼ਲ ਹੋ ਗਏ। ਆਖਿਰ 1642 ਈ: ਵਿੱਚ ਗ੍ਰਹਿ ਯੁੱਧ ਸ਼ੁਰੂ ਹੋ ਗਿਆ।

1. C. Hill, Century of Revolution, P. 56

**ਸਵ-ਮੁਲਾਂਕਣ (Self Assessment)** ਨੋਟ

ਖਾਲੀ ਥਾਵਾਂ ਭਰੋ (Fill in the blanks) :

1. ਟ੍ਰਯੂਡਰ ਵੰਸ਼ ਦੀ ਅੰਤਿਮ ਸ਼ਾਸਿਕਾ............ ਸੀ।
2. ਜੇਮਸ ਪ੍ਰਥਮ 1603 ਈ: ਵਿੱਚ ............ ਦੀ ਰਾਜਗੱਦੀ ਤੇ ਅਸੀਨ ਹੋਇਆ।
3. ........ ਦੇ ਵਿੱਚ ਇੰਗਲੈਂਡ ਦੀ ਜਨਸੰਖਿਆ ਦੋਗੁਣੀ ਹੋ ਗਈ।

## 8.2 ਗ੍ਰਹਿਯੁੱਧ ਦਾ ਸਵਰੂਪ (Kind of Civil War)

ਗ੍ਰਹਿਯੁੱਧ ਦੇ ਅਨੇਕ ਪਹਿਲੂ ਸਨ ਅਤੇ ਇਹ ਹੀ ਯੁੱਧ ਦੇ ਸਵਰੂਪ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ। ਯੁੱਧ ਵਿੱਚ ਭਾਗ ਲੈਣ ਵਾਲੇ ਦੋਹਾਂ ਪੱਖਾਂ ਦੀ ਕੁਝ ਆਪਣੀ-ਆਪਣੀ ਵਿਸ਼ੇਸ਼ਤਾ ਸੀ। ਇਸ ਵਿੱਚ ਪਹਿਲੀ ਵਿਸ਼ੇਸ਼ਤਾ ਸੀ ਭੂਗੋਲਿਕ ਵੰਡ। ਸਾਧਾਰਣ ਤੌਰ ਤੇ ਕਿਹਾ ਜਾਂਦਾ ਸੀ ਕਿ ਪੂਰਵ ਅਤੇ ਦਕਸ਼ਣ ਪੂਰਵ ਇੰਗਲੈਂਡ ਸੰਸਦ ਸਮਰਥਕ ਸੀ ਅਤੇ ਉੱਤਰ ਤੇ ਪੱਛਮ ਇੰਗਲੈਂਡ ਰਾਜਾ ਦੇ ਪੱਖ ਵਿੱਚ ਸੀ। ਦੂਜੇ ਸ਼ਬਦਾ ਵਿੱਚ ਉਸ ਸਮੇਂ ਦੀ ਅਧਿਕਾਰ ਪ੍ਰਾਪਤ ਅਤੇ ਆਰਥਿਕ ਦ੍ਰਿਸ਼ਟੀ ਤੋਂ ਸੰਪਨ ਖ਼ੇਤਰ ਵਿੱਚ ਸੰਸਦ ਦਾ ਪੱਖ ਲਿਆ ਅਤੇ ਪਿੱਛੜੇ ਹੋਏ ਇਲਾਕਿਆਂ ਨੇ ਵੀ ਰਾਜੇ ਦਾ ਸਾਥ ਦਿੱਤਾ। ਦੂਜਾ ਧਾਰਮਿਕ ਖ਼ੇਤਰ ਵਿੱਚ ਵੀ ਮਤਭੇਦ ਸਾਫ਼ ਵਿਖਾਈ ਦਿੰਦਾ ਹੈ, ਇੱਥੇ ਕੁਝ ਅਪਵਾਦ ਵੀ ਸਨ। ਜਿਆਦਾਤਰ ਪਯੂਰਿਟਨ ਸੰਸਦ ਦੇ ਮੈਂਬਰ ਸਨ ਅਤੇ ਐਂਗਲਿੰਕਨ ਰਾਜਾ ਸਮਰਥਕ ਅਤੇ ਪਯੂਰਿਟਨ ਸੰਸਦ ਸਮਰਥਕ ਸਨ। ਅਨੇਕ ਕੈਥੋਲਿਕਾਂ ਨੇ ਵੀ ਰਾਜਾ ਦਾ ਸਾਥ ਦਿੱਤਾ ਅਤੇ ਕੁਝ ਨੇ ਉਸ ਨੂੰ ਆਰਥਿਕ ਸਹਾਇਤਾ ਵੀ ਦਿੱਤੀ। ਯਾਰਕਸ਼ਾਇਰ ਦੇ 113 ਤੋਂ ਜਿਆਦਾ ਕੈਥੋਲਿਕ ਰਾਜੇ ਦੇ ਸਹਾਇਕ ਸੀ ਅਤੇ ਸੰਸਦ ਸਮਰਥਕਾਂ ਵਿੱਚ ਵੀ ਅੱਧੇ ਤੋਂ ਜਿਆਦਾ ਪਯੂਰਿਟਨ ਸੀ ਜਿੰਨ੍ਹਾਂ ਨੇ ਗ੍ਰਹਿ ਯੁੱਧ ਵਿੱਚ ਭਾਗ ਲਿਆ। ਉਨ੍ਹਾਂ ਵਿੱਚੋਂ 72 ਪ੍ਰਤਿਸ਼ਤ ਪਯੂਰਿਟਨ ਸੰਸਦ ਦੇ ਨਾਲ ਸੀ ਅਤੇ 90 ਪ੍ਰਤੀਸ਼ਤ ਕੈਥੋਲਿਕ ਰਾਜੇ ਦੇ ਪੱਖ ਵਿੱਚ ਸੀ।

ਦੋਨਾਂ ਪਕਸ਼ਾ ਦੇ ਸਮਾਜਿਕ ਤੇ ਆਰਥਿਕ ਸਵਰੂਪ 'ਚ ਭਿੰਨਤਾ ਸੀ। ਇੱਕ ਸੀਮਾ ਤੱਕ ਇਹ ਸ਼ਹਿਰ ਦਾ ਗ੍ਰਾਮਾਂ ਦੇ ਵਿਰੁੱਧ ਯੁੱਧ ਸੀ। ਲੰਦਨ, ਅਧਿਕਾਂਸ ਵੱਡੇ ਵਿਉਪਾਰੀ ਕੇਂਦਰ ਅਤੇ ਨੇੜੇ-ਨੇੜੇ ਸਾਰੇ ਬੰਦਰਗਾਹ ਸੰਸਦ-ਸਮਰਥਕ ਸੀ। ਗ੍ਰਾਮੀਣ ਖੇਤਰ, ਇੱਕ ਆਯ (ਜਿਵੇਂ, ਪੂਰਵ ਏਂਗਿਲਿਆ ਤੇ ਪੂਰਵ ਮਿਡਲੈਂਡ ਦੇ ਕੁਝ ਹਿੱਸੇ) ਨੂੰ ਛੱਡਕੇ ਰਾਜੇ ਦੇ ਪੱਖ ਵਿੱਚ ਸੀ।

ਸਮਾਜਿਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਪੀਯਰ ਵਰਗ ਦਾ ਬਹੁਮਤ ਰਾਜਾ ਸਮਰਥ ਸੀ ਅਤੇ ਕੁਝ ਸੀਮਾਂ ਤੱਕ ਭਦ੍ਰਜਨ ਵੀ ਰਾਜੇ ਦੇ ਨਾਲ ਸੀ। ਮੱਧ ਵਰਗ, ਯੋਮੇਨ ਤੇ ਵਪਾਰੀ ਦਲ ਸੰਸਦ ਸਮਰਥਕ ਸੀ, ਪਰ ਇਹ ਕਹਿਣਾ ਉਚਿਤ ਨਹੀਂ ਹੈ ਕਿ ਕੁਲੀਨ ਵਰਗ ਇੱਕ ਸਾਈਡ ਸੀ ਅਤੇ ਮੱਧ ਵਰਗ ਉਸਦੇ ਵਿਪਕਸ਼ ਵਿੱਚ ਸੀ। 80 ਕੁਲੀਨ ਜੇਕਰ ਰਾਜੇ ਦੀ ਸਹਾਇਤਾ ਕਰ ਰਹੇ ਸੀ ਤਾਂ 30 ਉਸਦੇ ਵਿਰੋਧੀ ਵੀ ਸੀ।[1] ਪਰ ਮੱਧ ਵਰਗ ਵਰਗ, ਵਿਉਪਾਰੀ, ਯੋਮੇਨ, ਦੁਕਾਨਦਾਰ, ਕਾਰੀਗਰ, ਪਯੂਰਿਟਨ ਵਿਚਾਰਧਾਰਾ ਦੇ ਸੀ ਅਤੇ ਉਨ੍ਹਾਂ ਨੇ ਸੰਸਦ ਦਾ ਸਮਰਥਨ ਕੀਤਾ। ਉਨ੍ਹਾਂ ਦਾ ਉਦੇਸ਼ ਉਹਨਾਂ ਅਧਿਕਾਰਾਂ ਦੇ ਬੰਧਨਾਂ ਨੂੰ ਤੋੜਨਾ ਸੀ ਜਿਸ ਨਾਲ ਅਲਪਜਨ ਕੰਪਨੀਆਂ ਨੂੰ ਸੰਰਕਸ਼ਣ ਮਿਲ ਰਿਹਾ ਸੀ। ਸੰਸਦ ਦੇ ਇੱਕ ਪ੍ਰਚਾਰ-ਪੱਤਰ ਵਿੱਚ ਲਿਖਿਆ ਗਿਆ "ਸਾਡੇ ਦਲ ਨੂੰ ਸ਼ਕਤੀ ਇਮਾਨਦਾਰ ਵਿਉਪਾਰੀਆਂ ਤੋਂ ਮਿਲੀ ਹੈ; ਭਦ੍ਰਜਨ ਕੁਝ ਨਹੀਂ ਹਨ ਅਤੇ ਗ੍ਰਾਮੀਣ ਲੋਕ ਬੁਰੇ ਪਾਦਰਿਆ ਦੁਆਰਾ ਵਿਖਾਏ ਗਏ ਗ਼ਲਤ ਰਸਤੇ ਤੇ ਚੱਲ ਰਹੇ ਹਨ।"

ਇਤਿਹਾਸਕਾਰ ਗਾਰਡਿਨਰ ਦਾ ਮਤ ਹੈ ਕਿ ਐਸਾ ਯੁੱਧ, ਵਿਰੋਧੀ ਵਿਚਾਰਧਾਰਾ ਦੇ ਕਾਰਨ ਹੋਇਆ। ਧਾਰਮਿਕ ਸਵਤੰਤਰਤਾ ਦੇ ਪਕਸ਼ਧਰਾਂ ਨੇ ਸੰਵਿਧਾਨਿਕ ਸ਼ਾਸਨ ਦੇ ਰਖਵਾਲਿਆ ਦੇ ਨਾਲ ਮਿਲ ਕੇ ਰਾਜੇ ਦੇ ਵਿਰੁੱਧ ਯੁੱਧ ਕੀਤਾ। ਇਸ ਕਥਨ ਵਿੱਚ ਸੱਚ ਦਾ ਇੱਕ ਅੰਸ਼ ਹੈ, ਕਿਉਂਕਿ ਸੰਸਦ ਦੇ ਪੱਖ ਵਿੱਚ ਜਿਆਦਾਤਰ ਜਾਂ ਤਾਂ ਪਯੂਰਿਟਨ ਸੀ ਜਾਂ ਰਾਜ-ਸਮਰਥਕ ਏਂਗਲਿਕਨ। ਪਰ ਗ੍ਰਹਿ ਯੁੱਧ ਕੇਵਲ ਧਰਮ ਦੇ ਮਾਧਿਅਮ ਤੋਂ ਨਹੀਂ ਸਮਝਿਆ ਜਾ ਸਕਦਾ। ਆਰਥਿਕ ਪਹਿਲੂਆਂ ਨੂੰ ਨਜ਼ਰ ਅੰਦਾਜ਼ ਕਰਨਾ ਠੀਕ ਨਹੀ। ਪ੍ਰੋ: ਟੋਨੀ ਨੇ ਪ੍ਰਮਾਣਿਤ ਕੀਤਾ ਹੈ ਕਿ ਨਵੇਂ ਕੁਲੀਨ ਵਰਗ ਦੀ ਸੰਪਤੀ ਧਨ ਅਤੇ ਪ੍ਰਭਾਵ ਵਿੱਚ ਅਭਿਵਿਰਧੀ ਹੋ ਰਹੀ ਸੀ ਅਤੇ ਰਾਜਾ ਦੀ ਧਾਰਮਿਕ ਨੀਤੀ, ਕਰਾਰੋਪਣ ਨੀਤਿ ਅਤੇ ਨਿਰੰਕੁਸ਼ ਸ਼ਾਸਨ ਦੀ ਦੂਰੀਆਂ ਜਿਵੇਂ ਤੱਤ, ਇਸ ਵਰਗ ਦੇ ਉਤਥਾਨ ਵਿੱਚ ਅੜਚਨ ਬਣ ਰਹੇ ਸੀ। ਇਸ ਲਈ ਇਸ ਵਰਗ ਨੇ ਆਪਣੇ ਮਾਰਗ ਦੀ ਅੜਚਨ ਨੂੰ ਦੂਰ ਕਰਨ ਅਤੇ ਸੱਤਾ ਪ੍ਰਾਪਤ ਕਰਨ ਲਈ ਯੁੱਧ ਕੀਤਾ। ਇਹ ਵਿਚਾਰ ਪੂਰਨ ਰੂਪ ਤੋਂ ਮਾਨਯ ਨਹੀਂ ਸੀ। ਕਿਉਂਕਿ ਉਸ ਸਮੇਂ ਦੇ ਆਂਗਲ ਸਮਾਜ ਵਿੱਚ ਕੁਲੀਨ ਪੂੰਜੀਪਤੀ ਨਹੀਂ ਸੀ ਅਤੇ ਅਭਿਜਾਤ ਵਰਗ ਸਾਮੰਤਵਾਦੀ ਨਹੀਂ ਸੀ। ਇੰਗਲੈਂਡ ਵਿੱਚ ਜੋ ਵੀ ਪੂੰਜੀਪਤੀ ਨਹੀਂ ਸੀ ਉਹ ਸ਼ਹਿਰੀ ਵਿਉਪਾਰੀ ਸੀ ਅਤੇ ਉਨ੍ਹਾਂ ਨੇ ਵਿਸ਼ੇਸ਼ਕਰ ਯੁੱਧ ਦੀ ਸ਼ੁਰੂਆਤ ਵਿੱਚ ਰਾਜਾ ਦਾ ਪੱਖ ਲਿਆ। ਇੰਗਲੈਂਡ ਵਿੱਚ 1640 ਵਿੱਚ, ਪ੍ਰਾਚੀਨ ਸਾਮੰਤ ਨਹੀਂ ਸੀ। ਇਸ ਕਾਲ ਵਿੱਚ ਜੋ ਕੁਲੀਨ ਸਨ ਉਹ ਕੇਵਲ 100 ਸਾਲਾਂ ਤੋਂ ਹੀ ਇਸ ਵਰਗ ਵਿੱਚ ਆਏ ਸਨ।

ਵਿਭਿੰਨ ਇਤਿਹਾਸਕਾਰਾਂ ਨੇ ਅਲੱਗ-ਅਲੱਗ ਕਾਰਨਾ ਨੂੰ ਮਹੱਤਵ ਦਿੱਤਾ ਹੈ, ਪਰ ਗੱਲ ਇਹ ਹੈ ਕਿ ਜਿਆਦਾਤਰ ਇਤਿਹਾਸਕਾਰ ਕ੍ਰਾਂਤੀ ਨੂੰ ਸਿਰਫ਼ ਇੱਕ ਪਹਿਲੂ ਤੋਂ ਵੇਖਦੇ ਹਨ। ਆਂਗਲ ਕ੍ਰਾਂਤੀ ਦੇ ਅਨੇਕ ਪਹਿਲੂ ਸਨ। 1640-1660 ਈ: ਵਿੱਚ ਰਾਜਨੀਤਿ ਦੇ ਬਾਰੇ ਵਿੱਚ ਸ਼ਾਇਦ ਹੀ ਕੋਈ ਵਿਅਕਤੀ ਜਾਣਦਾ ਸੀ ਜਿਸਦੇ ਧਾਰਮਿਕ ਅਤੇ ਆਰਥਿਕ ਵਿਚਾਰ ਵਿੱਚ ਤਟਸੱਥਾ ਵਿਖਾਈ ਦਿੰਦੀ ਹੋਵੇ। 1640 ਵਿੱਚ ਅਨੇਕ ਰਾਜ ਵਿਰੋਧੀ, 1642 ਤੱਕ ਰਾਜਾ ਦੇ ਆਉਂਦੇ-ਜਾਉਂਦੇ ਸਮਰਥਕ ਬਣ ਗਏ ਅਤੇ ਫਿਰ 1648 ਵਿੱਚ ਅਨੇਕ ਸੰਸਦ ਜਿੰਨ੍ਹਾਂ ਨੂੰ ਪ੍ਰੇਸਬਾਈਟੇਰਿਯਨ ਕਿਹਾ ਗਿਆ ਹੈ, ਰਾਜੇ ਦੇ ਪੱਖ ਵਿੱਚ ਹੋ ਗਏ ਸੀ। ਜਿੱਥੇ 1640-1642 ਵਿੱਚ ਕੋਈ ਗਣਤੰਤਰ ਸਮਰਥਕ ਨਾ ਸੀ। ਉਧਰ 1649 ਵਿੱਚ ਇੰਗਲੈਂਡ ਵਿੱਚ ਗਣਤੰਤਰ ਸਰਕਾਰ ਦੀ ਸਥਾਪਨਾ ਹੋ ਗਈ। ਇਸ ਤਰ੍ਹਾਂ 1640-1642 ਵਿਚ ਸ਼ਾਇਦ ਹੀ ਕੋਈ ਧਾਰਮਿਕ ਸਹਿਨਸ਼ੀਲਤਾ ਦੇ ਪੱਖ ਵਿਚ ਹੋਵੇ ਪਰ 1649 ਈ ਵਿਚ ਪ੍ਰੋਟੇਸਟੇਟਾਂ ਲਈ ਅਸੀਮਿਤ ਧਾਰਮਿਕ ਸਵਤੰਤਰਤਾ ਲਾਗੂ ਕਰ ਦਿੱਤੀ।

ਨੋਟ

ਗ੍ਰਹਿਯੁਦ ਦੇ ਸਵਰੂਪ ਦੀ ਸਮੱਸਿਆ ਹੁਣ ਤੱਕ ਸੁਲਝੀ ਨਹੀਂ, ਇਸ ਤਰ੍ਹਾਂ ਲਗਦਾ ਹੈ ਕਿ ਸੰਘਰਸ਼ ਦੀ ਵਿਆਖਿਆ ਅਲਗ–ਅਲਗ ਵਰਗਾਂ ਦੇ ਵਿਭਿੰਨ ਦਲਾਂ ਵਿਚ ਇੱਕ ਜਟਿਲ ਸੰਘਰਸ਼ ਦੇ ਰੂਪ ਵਿਚ ਕੀਤੀ ਜਾ ਸਕਦੀ ਹੈ ਜਿਸ ਵਿਚ ਰਾਜਨੀਤਿਕ ਵਿਵਸਥਾ, ਧਾਰਮਿਕ ਵਿਚਾਰਧਾਰਾ ਅਤੇ ਸਮਾਜਿਕ ਢਾਂਚਾ ਅਤੇ ਵਿਅਕਤੀਗਤ ਵਿਚਾਰ ਆਦਿ ਪ੍ਰਸ਼ਨਾਂ ਤੇ ਗੰਭੀਰ ਮਤਭੇਦ ਸੀ। ਸਮਾਜਿਕ ਪਰਿਵਰਤਨ ਅਤੇ ਆਰਥਿਕ ਵਿਕਾਸ ਦੀ ਤੇਜ਼ ਗਤਿ ਦੇ ਕਾਰਣ ਉਤਪੰਨ ਹੋਣ ਵਾਲੀ ਅਨਿਸ਼ਚਤਾ ਤੋਂ ਵੀ ਉਸਦਾ ਦ੍ਰਿਸ਼ਟੀਕੋਣ ਪ੍ਰਭਾਵਿਤ ਹੋਇਆ। ਇਕਪਕਸ਼ੀਯ ਵਿਸ਼ਲੇਸ਼ਨ ਤੋਂ ਇਸ ਸਥਾਪਿਤ ਵਿਵਸਥਾ ਨੂੰ ਚੁਨੌਤੀ ਦੇਣ ਵਾਲਾ ਗ੍ਰਹਿਯੁੱਧ ਦਾ ਰੂਪ ਨਹੀਂ ਸਮਝਿਆ ਜਾ ਸਕਦਾ। ਇਸ ਯੁੱਧ ਦੇ ਅਨੇਕ ਪਹਿਲੂ ਸਨ, ਜਿਵੇਂ : ਬੌਧਿਕ ਪਹਿਲੂ (ਨਵੀਨ ਵਿਰੋਧੀ ਵਿਚਾਰਧਰਾਵਾਂ ਤੇ ਆਦਰਸ਼, ਸਾਮੰਤ ਦਲ ਵਿੱਚ ਆਤਮਵਿਸ਼ਵਾਸ਼ ਦੀ ਕਮੀ) ਆਰਥਿਕ ਪਹਿਲੂ (ਦੀਰਘਕਾਲੀਨ ਸਫ਼ਲਤਾ ਤੋਂ ਬਾਅਦ ਅਲਪਕਾਲੀਨ ਆਰਥਿਕ ਸੰਕਟ, ਰਾਜਾ ਨੂੰ ਧਨ ਦੀ ਕਮੀ ਆਦਿ) ਰਾਜਨੀਤਿਕ ਪਹਿਲੂ (ਅਨੁਭਵਹੀਣ ਨਿਰਜੀਵ ਸਰਕਾਰ, ਪਰਿਵਰਤਨ ਸਮਾਜ ਦੀ ਮੰਗ ਸਮਝਣ ਵਿੱਚ ਅਯੋਗ ਸ਼ਾਸ਼ਕ) ਸਮਾਜਿਕ ਪਹਿਲੂ (ਸ਼ਕਤੀ, ਧਨ, ਪ੍ਰਭਾਵ ਦੇ ਵਿਤਰਣ ਵਿੱਚ ਪਰਿਵਰਤਣ, ਗਤਿਸ਼ੀਲਤਾ ਦੇ ਕਾਰਨ ਨਿਯਮ ਵਰਗ ਦਾ ਪ੍ਰਾਚੀਨ ਬੰਧਨਾਂ ਤੋਂ ਮੁਕਤ ਹੋਣਾ, ਜਿੰਨ੍ਹਾਂ ਯੋਗ ਲੋਕਾਂ ਨੂੰ ਉੱਚ ਵਰਗ ਵਿੱਚ ਪ੍ਰਵੇਸ਼ ਦੀ ਉਮੀਦ ਸੀ ਉਨ੍ਹਾਂ ਨੂੰ ਪ੍ਰਵੇਸ਼ ਨਾ ਮਿਲਣ ਤੇ ਨਿਰਾਸ਼ਾ ਦੀ ਭਾਵਨਾ ਦਾ ਫੈਲਨਾ ਆਦਿ)। ਇਹ ਸਭ ਪਹਿਲੂਆਂ ਤੋਂ ਮਿਲ ਕੇ ਗ੍ਰਹਿਯੁੱਧ ਨੂੰ ਉਸਦਾ ਮੁੱਖ ਸਵਰੂਪ ਦਿੱਤਾ ਗਿਆ। ਇਹ ਪਰਿਸਥਿਤੀ ਪੰਜ ਜਾਂ ਦਸ ਸਾਲਾਂ ਵਿੱਚ ਨਹੀਂ, ਅਪਿਤੁ ਪਿਛਲੇ 100 ਸਾਲਾਂ ਤੋਂ ਅਰਥਾਤ ਟ੍ਯੂਡਰ ਵੰਸ਼ ਦੇ ਰਾਜਕਾਲ ਤੋਂ ਬਣਦੀ ਚੱਲੀ ਆ ਰਹੀ ਸੀ ਅਤੇ 1642 ਈ: ਵਿੱਚ ਇਨ੍ਹਾਂ ਨੇ ਗ੍ਰਹਿਯੁੱਧ ਦਾ ਰੂਪ ਧਾਰਣ ਕਰ ਲਿਆ ਪਰ ਰਾਜੇ ਦੀ ਹਾਰ ਅਤੇ ਗਣਤੰਤਰ ਦੀ ਸਥਾਪਨਾ ਦਾ ਕੋਈ ਸਥਾਈ ਹੱਲ ਨਹੀਂ ਸੀ ਅਤੇ ਅੰਤ ਵਿੱਚ ਇੱਕ ਕ੍ਰਾਂਤੀ ਹੋਈ, ਜਿਸਦੇ ਪਰਿਣਾਮ ਸਵਰੂਪ ਇੰਗਲੈਂਡ ਵਿੱਚ ਸਥਾਈ ਰਾਜਨੀਤਿਕ ਵਿਵਸਥਾ ਦਾ ਸਥਾਪਨਾ ਸੰਭਵ ਹੋਈ।

1645 ਈ: ਵਿੱਚ ਸੰਸਦ ਨੇ ਇੱਕ ਕਾਨੂੰਨ ਬਣਾਇਆ ਜਿਸ ਤੋਂ ਸੰਸਦ–ਮੈਂਬਰ ਸੈਨਾ ਦੇ ਸੰਚਾਲਨ ਦੇ ਅਧਿਕਾਰ ਤੋਂ ਵੰਚਿਤ ਰਹਿ ਗਏ। ਨਾਲ ਹੀ ਇੱਕ ਹੋਰ ਨਵੀਂ ਸੈਨਾ 'ਨਯੂ ਮਾਡਲ ਆਰਮੀ' ਦਾ ਗਠਨ ਕੀਤਾ ਗਿਆ। ਇਸ ਸੈਨਾ ਵਿੱਚ ਯੋਗਤਾ ਨੂੰ ਪ੍ਰਾਥਮਿਕਤਾ ਦਿੱਤੀ ਗਈ ਅਤੇ ਤੋਪਖਾਨੇ ਦੇ ਘੁੜਸਵਾਰਾਂ ਦਾ ਵਿਸ਼ੇਸ਼ ਧਿਆਨ ਦਿੱਤਾ ਗਿਆ। ਸੈਨਿਕਾਂ ਨੂੰ ਨਿਸ਼ਚਿਤ ਵੇਤਨ ਦਾ ਵੀ ਵਚਨ ਦਿੱਤਾ ਗਿਆ ਅਤੇ ਇਸਦੇ ਲਈ ਧਨ ਇੱਕ ਰਾਸ਼ਟਰੀ ਟੈਕਸ ਲਗਾ ਕੇ ਇਕੱਠੇ ਕਰ ਲਏ ਗਏ। ਕ੍ਰੌਮਵੈਲ ਨੂੰ ਘੁੜਸਵਾਰ ਸੈਨਾ ਦਾ ਅਧਿਅਕਸ਼ ਚੁਣਿਆ ਗਿਆ। ਇਸ ਸੈਨਾ ਦੀ ਸੈਨਿਕਾਂ ਵਿੱਚ ਅਭੂਤਪੂਰਨ ਅਨੁਸ਼ਾਸਨ, ਏਕਤਾ ਅਤੇ ਰਾਜਨੀਤਿਕ ਜਾਗਰੂਕਤਾ ਸੀ। ਉਹ ਇਕੱਠੇ ਹੋ ਕੇ ਆਕਰਮਣ ਕਰਦੇ ਸੀ ਅਤੇ ਜਦ ਤੱਕ ਦੁਸ਼ਮਣ ਹਾਰ ਨਾ ਜਾਵੇ ਲੜਾਈਆਂ ਚਲਦੀਆਂ ਰਹਿੰਦੀਆਂ ਸਨ। ਸੰਸਦ ਦੀ ਵਿਜੇ ਦਾ ਸ਼੍ਰੇਯ ਇਸੇ ਸੈਨਾ ਨੂੰ ਜਾਉਂਦਾ ਹੈ। ਇਸ ਸੈਨਾ ਨੇ ਰਾਜਾ ਨੂੰ ਨੇਸਬੀ ਦੇ ਯੁੱਧ ਵਿੱਚ ਹਰਾਇਆ ਅਤੇ ਬ੍ਰਿਸਟਲ ਤੇ ਵੀ ਸੰਸਦ ਨੇ ਨਿਯੰਤਰਣ ਕਰ ਲਿਆ। ਰਾਜਾ ਸਕੱਟਲੈਂਡ ਭੱਜ ਗਿਆ 'ਤੇ ਸਕੌਟਲੈਂਡ ਦੇ ਲੋਕਾਂ ਨੇ ਧਨ ਦੇ ਬਦਲੇ ਚਾਰਲਸ ਨੂੰ ਸੰਸਦ ਦਾ ਸੁਪੁਰਦ ਕਰ ਦਿੱਤਾ।

ਯੁੱਧ ਸਮਾਪਤ ਹੋ ਗਿਆ ਪਰ ਸੰਸਦ ਦੀ ਕਠਿਨਾਈਆਂ ਸਮਾਪਤ ਨਹੀਂ ਹੋਈ। ਜਿਵੇਂ ਹੀ ਯੁੱਧ ਸਮਾਪਤ ਹੋਇਆ, ਸੰਸਦ–ਮੈਂਬਰਾਂ ਵਿੱਚ ਮੱਤਭੇਦ ਪੈਦਾ ਹੋ ਗਿਆ। ਸੰਸਦ ਦੋ ਦਲਾਂ ਵਿੱਚ ਵੰਡਿਆ ਗਿਆ। ਪ੍ਰੇਸਬਾਈਟੇਰੀਅਨ ਅਤੇ ਇੰਡੀਪੈਂਡਿਟ ਦਾ ਨਾਂ ਦਿੱਤਾ ਗਿਆ। ਯੁੱਧ ਸਮਾਪਤ ਹੁੰਦੇ ਹੀ ਪ੍ਰੇਸਬਾਈਟੇਰੀਅਨ ਸੁਜਾਵ ਦੇਣ ਲੱਗੇ ਕਿ ਸੈਨਾ ਨੂੰ ਬਿਨਾਂ ਤਨਖ਼ਾਹ ਦਿੱਤੇ ਭੰਗ ਕਰ ਦਿੱਤਾ ਜਾਵੇ ਜਾਂ ਸੈਨਿਕਾਂ ਨੂੰ ਵਿਦਰੋਹ ਦਬਾਉਣ ਲਈ ਆਇਰਲੈਂਡ ਭੇਜ ਦਿੱਤਾ ਜਾਵੇ। ਇਹ ਦਲ ਅਨੁਭਵ ਕਰਨ ਲੱਗਾ ਕਿ ਸੈਨਾ ਇਕ ਸੰਸਥਾ ਦੇ ਰੂਪ ਵਿੱਚ "ਕਿਸਾਨਾਂ ਨੂੰ ਸਮਝਾ ਸਕਦੀ ਸੀ ਕਿ ਸੰਤਤਰਤਾ ਕੀ ਹੁੰਦੀ ਹੈ।" ਇਸ ਸਮੇਂ ਇੰਗਲੈਂਡ ਵਿਚ ਇਕ ਦਲ ਦਾ ਜਨਮ ਹੋਇਆ ਜੋ ਛੋਟੇ ਕਿਸਾਨਾਂ ਦੇ ਮਤ ਨੂੰ ਪ੍ਰਗਟ ਕਰਦਾ ਸੀ। ਇਹ ਇਕ ਸਾਮੰਤਵਾਦੀ ਦਲ ਸੀ ਪਰ ਹੁਣ ਤੱਕ ਸੈਨਾ ਬਹੁਤ ਸ਼ਕਤੀਸ਼ਾਲੀ ਹੋ ਚੁੱਕੀ ਸੀ। ਸੈਨਾ ਦੇ ਨਾਲ ਝਗੜਾ 1647 ਈ ਨੂੰ ਸ਼ੁਰੂ ਹੋਇਆ ਜਦ ਕਿ ਉਸ ਨੂੰ ਭੰਗ ਕਰਨ ਦੇ ਯਤਨ ਸ਼ੁਰੂ ਕੀਤੇ ਗਏ। ਸੈਨਿਕਾਂ ਨੇ ਸੈਨਾ ਨੂੰ ਭੰਗ ਕੀਤੇ ਜਾਣ ਦੇ ਸੁਝਾਅ ਦਾ ਵਿਰੋਧ ਕੀਤਾ ਅਤੇ ਵਿਦਰੋਹ ਕਰ ਦਿੱਤਾ। ਕਾਮਰਵੈਲ ਨੇ ਸੈਨਿਕਾ ਦਾ ਸਾਥ ਦਿੱਤਾ। ਸੈਨਾ ਨੇ ਇਕ ਪ੍ਰੀਸ਼ਦ ਬਣਾਈ ਅਤੇ ਇਹ ਘੋਸ਼ਨਾ ਕੀਤੀ ਗਈ ਕਿ ਸੈਨਾ ਨੂੰ ਭੰਗ ਨਹੀਂ ਕੀਤਾ ਜਾ ਸਕਦਾ ਜਦ ਤੱਕ ਉਸਦੀ ਮੰਗ ਪੂਰੀ ਨਹੀਂ ਹੋ ਜਾਂਦੀ। ਸੰਸਦ ਦੇ ਨਵੇਂ ਚੁਨਾਵ ਦੀ ਮੰਗ ਵੀ ਸੈਨਿਕਾਂ ਨੇ ਰੱਖੀ। ਰਾਜੇ ਨੂੰ ਸੈਨਾ ਨੇ ਆਪਣੀ ਕੈਦ ਵਿਚ ਲੈ ਲਿਆ।

ਰਾਜੇ ਨੂੰ ਕੈਦੀ ਦੇ ਰੂਪ ਵਿਚ ਲੈ ਕੇ ਸੈਨਾ ਲੰਦਨ ਵੱਲ ਵਧੀ। ਮੁੱਖ ਪ੍ਰੇਸਬਾਈਟੇਰੀਅਨ ਨੇਤਾ, 'ਹਾਊਸ ਆਫ਼ ਕਾਮਰਸ' ਛਡ ਕੇ ਚਲੇ ਗਏ ਅਤੇ ਕੁਝ ਸਮੇਂ ਲਈ ਇੰਡੀਪੈਂਡਿਟ ਦਾ ਰਾਜ ਹੋ ਗਿਆ। ਸੈਨਾ ਹੁਣ ਨੀਤੀ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਵਿਚ ਸੀ। ਕੁਲੀਨ ਇੰਡੀਪੈਂਡਿਟ ਇੰਨਾ ਹੀ ਚਾਹੁੰਦੇ ਸਨ। ਉਹਨਾ ਆਪਣੇ ਮੁੱਖ ਦੁਸ਼ਮਣਾ ਨੂੰ ਹਰਾ ਦਿੱਤਾ ਅਤੇ ਹੁਣ ਉਹ ਆਪਣੇ ਵਿੱਚ ਸੁਧਾਰ ਨਹੀਂ ਕਰਨਾ ਚਾਹੁੰਦੇ ਸਨ, ਪਰ ਸਾਮੰਤਵਾਦ ਜਿਸ ਦਾ ਪ੍ਰਭਾਵ ਸੈਨਾ ਵਿੱਚ ਬਹੁਤ ਵੱਧ ਗਿਆ ਸੀ, ਮੁੱਖ ਪ੍ਰਵਰਤਨ ਦੀ ਉਮੀਦ ਕਰਦੇ ਸਨ। ਉਹ ਛੋਟੇ ਵਿਉਪਾਰੀਆਂ ਦੀ ਸਵਤੰਤਰ ਵਿਉਪਾਰ, ਵੱਡੇ ਵਿਉਪਾਰੀ ਕੰਪਨੀਆਂ ਲਈ ਭ੍ਰਸ਼ਟ ਏਕਾਧਿਕਾਰ ਤੋਂ ਸਵਤੰਤਰਤਾ, ਸਥਾਪਿਤ ਚਰਚ ਦੀ ਸਮਾਪਤੀ, ਛੋਟੇ ਜਿੰਮੀਦਾਰਾਂ ਦੀ ਸੁਰਖਿਆ, ਵਿਅਸਕ ਮੱਤ ਅਧਿਕਾਰਾਂ ਵਿਚ ਵਾਧਾ, ਉਹ ਇਹ ਸਭ ਪ੍ਰਾਪਤ ਕਰਨ ਲਈ ਗਣਤੰਤਰ ਦੀ ਸਥਾਪਨਾ ਕਰਨਾ ਚਾਹੁੰਦੇ ਸਨ।

ਇਸ ਪ੍ਰਕਾਰ ਇੰਡੀਪੈਂਡਿਟ ਵਿਚ ਮੱਤਭੇਦ ਉਤਪੰਨ ਹੋ ਗਿਆ। ਚਾਰਲਸ ਨੇ ਸੈਨਾ–ਅਧਿਅਕਸ਼ ਵਿਚ ਸੀਮੀਤ ਰਾਜਤੰਤਰ ਸਥਾਪਤ ਕਰਨ ਦੀ ਗੱਲਬਾਤ ਸ਼ੁਰੂ ਕੀਤੀ ਜਿਸ ਤੋਂ ਲੰਡਨ ਦੇ ਉਗਰਵਾਦੀ (ਸਾਮੰਤਵਾਦ) ਅਤੇ ਅਨੇਕ ਸੈਨਿਕ ਸ਼ਸ਼ਿਕਤ ਹੋ ਗਏ ਇਹਨਾਂ ਉਗਰਵਾਦੀਆਂ ਨੇ ਆਪਣਾ ਹੀ ਸਮਝੌਤਾ ਪੱਤਰ ਤਿਆਰ ਕਰ ਲਿਆ ਜਿਸ ਨੂੰ ਐਗਰੀਮੈਂਟ ਆਫ਼ ਪੀਪੁਲ (Agreement of people) ਅਰਥਾਤ 'ਜਨ ਸਮਝੌਤਾ' ਨਾਂ ਦਿੱਤਾ ਗਿਆ। ਦੋਵੇਂ ਸਮਝੌਤੇ ਪੱਤਰਾਂ ਨੂੰ ਪੁਟਨੀ ਜਗ੍ਹਾ 'ਤੇ ਬਹਿਸ ਹੋਈ। ਦੋਹੇ ਹੀ ਪੱਖ ਇਕ ਦੂਜੇ ਦੀ ਸੁਣਨ ਨੂੰ ਤਿਆਰ ਨਹੀਂ ਸੀ।

ਉਧਰ ਚਾਰਲਸ ਹੀ ਬੰਧਨ ਤੋੜ ਕੇ ਭੱਜ ਚੁੱਕਿਆ ਸੀ। ਉਸ ਨੇ ਸਕੱਟ ਸੈਨਾ ਤੋਂ ਸਹਾਇਤਾ ਪ੍ਰਾਪਤ ਕੀਤੀ ਪਰ ਸਕਾਟ ਸੈਨਾ ਨੂੰ ਲੰਦਨ ਦੀ ਸੈਨਾ ਨੇ ਹਰਾ ਦਿੱਤਾ। ਸੰਸਦ ਪ੍ਰੇਸਬਾਈਟੇਰਿਅਨ ਨੇ ਚਾਰਲਸ ਦੇ ਨਾਲ ਸਮਝੌਤਾ ਕਰਨ ਦਾ ਯਤਨ ਕੀਤਾ। (ਨਿਉਪੋਰਟ ਦੀ ਸੰਧਿ), ਪਰ ਹੁਣ ਤੱਕ ਸੈਨਾ ਅਧਿਯਕਸ਼ ਅਨੁਭਵ ਕਰਨ ਲੱਗੇ ਸੀ ਰਾਜੇ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਉਹ ਬਾਰ–ਬਾਰ ਦਾ ਝਗੜਾ

ਨਿਪਟਾਨਾ ਚਾਹੁੰਦਾ ਸੀ। ਸਾਮੰਤਵਾਦੀਆਂ ਦੇ ਨਾਲ ਸੈਨਾ ਅਧਯਕਸ਼ ਨੇ ਫਿਰ ਤੋਂ ਸਮਝੋਤਾ ਕਰ ਲਿਆ ਅਤੇ ਲੰਦਨ ਤੇ ਅਧਿਕਾਰ ਕਰ ਲਿਆ। ਰਾਜੇ ਤੇ ਮੁਕੱਦਮਾ ਚਲਾਇਆ ਗਿਆ ਅਤੇ 30 ਜਨਵਰੀ 1649 ਨੂੰ ਰਾਜੇ ਨੂੰ ਦੇਸ਼ ਦ੍ਰੋਹ ਦਾ ਅਪਰਾਧੀ ਮੰਨ ਕੇ ਫਾਂਸੀ ਦੇ ਦਿੱਤੀ ਗਈ।

ਰਾਜਤੰਤਰ ਨੂੰ 'ਸਵਤੰਤਰਤਾ, ਸੁਰਕਸ਼ਾ ਅਤੇ ਲੋਕਾਂ ਦੇ ਸਰਾਵਜਨਿਕ ਸਵਾਰਥ ਲਈ ਬੋਝ ਅਤ ਖ਼ਤਰਨਾਕ' ਘੋਸ਼ਿਤ ਕਰਕੇ ਸਮਾਪਤ ਕਰ ਦਿੱਤਾ ਗਿਆ, ਕਿਉਂਕਿ ਉਹ ਬੇਕਾਰ ਅਤੇ ਖ਼ਤਰਨਾਕ ਸੀ। 10 ਮਈ 1649 ਨੂੰ ਇੰਗਲੈਂਡ ਵਿੱਚ ਗਣਤੰਤਰ ਸਰਕਾਰ ਦੀ ਸਥਾਪਨਾ ਹੋਈ।ਪਰ ਕੋਈ ਗਣਤੰਤਰਵਾਦੀ ਸੁਧਾਰ ਨਹੀ ਕਿੱਤੇ ਗਏ। ਮਤ ਦੇਣ ਦਾ ਅਧਿਕਾਰ ਦਾ ਵਿਸਤਾਰ ਅਤੇ ਸਮਾਮੰਤਵਾਦੀ ਦੀ ਹੋਰ ਆਰਥਿਕ ਅਤੇ ਸਮਾਜਿਕ ਮੰਗਾਂ ਪੂਰੀ ਹੋਣ ਵਿੱਚ ਹੁਣ ਵੀ ਪਹਿਲਾਂ ਜਿੰਨੀ ਹੀ ਦੂਰੀ ਲਗਦੀ ਸੀ। ਉਨ੍ਹਾਂ ਨੂੰ ਲੱਗਿਆ ਕਿ ਇਹਨਾਂ ਦੇ ਨਾਲ ਧੋਖਾ ਹੋਇਆ ਹੈ। ਇਸ ਕਾਰਨ ਸਾਮੰਤਵਾਦੀ ਇੱਕ ਵਾਰ ਫਿਰ ਸੈਨਾ ਤੋਂ ਨਾਰਾਜ਼ ਹੋਣ ਲੱਗੇ ਅਤੇ ਸੈਨਾ ਵਿਰੋਧੀ ਪ੍ਰਦਰਸ਼ਨ ਕਰਨ ਲੱਗੇ। ਸਾਮੰਤਵਾਦੀ ਨੇਤਾਵਾਂ ਨੂੰ ਜੇਲ੍ਹਾ ਵਿੱਚ ਪਾ ਦਿੱਤਾ ਅਤੇ ਕੁਝ ਨੂੰ ਗੋਲੀ ਮਾਰ ਦਿੱਤੀ। ਸਾਮੰਤਵਾਦੀ ਦੀ ਅਸਫ਼ਲਤਾ ਦਾ ਕਾਰਨ ਸੀ ਕਿ ਉਹ ਸੰਗਠਿਤ ਏਕਰੂਪੀ ਦਲ ਦੇ ਸਵਾਰਥ ਨੂੰ ਪ੍ਰਗਟ ਨਹੀਂ ਕਰਦੇ ਸਨ। ਨਾਲ ਹੀ ਉਹਨਾਂ ਕੋਲ ਕੋਈ ਸੰਗਠਿਤ ਕੰਮ ਨੂੰ ਕਰਨ ਲਈ ਕੋਈ ਵੀ ਆਦਮੀ ਨਹੀਂ ਸਨ ਜੋ ਉਹਨਾਂ ਨੂੰ ਵਿਸ਼ਵਨੀਯ ਡੰਗ ਤੋਂ ਅੱਗੇ ਵਧਾ ਸਕੇ।

## 8.3 ਅਪੂਰਣ ਕ੍ਰਾਂਤੀ (੧640–1660) (Incomplete Revolution, 1640-1660)

ਅਗਰ ਸਿੱਧੇ-ਸਾਧੇ ਢੰਗ ਨਾਲ ਕਿਹਾ ਜਾਵੇ ਤਾਂ ਸਤਰਵੀਂ ਸਤਾਬਦੀ ਦੇ ਮੱਧ ਵਿੱਚ ਇੰਗਲੈਂਡ ਵਿੱਚ ਦੋ ਕ੍ਰਾਂਤੀਆਂ ਹੋਇਆ। ਇੱਕ ਕ੍ਰਾਂਤੀ ਉਹ ਜੋ ਸਫ਼ਲ ਹੋਈ ਅਤੇ ਜਿਸਦੀ ਸਫ਼ਲਤਾ ਦੇ ਪ੍ਰਮਾਣ ਸਨ ਇੰਗਲੈਂਡ ਵਿੱਚ ਸੰਪਤੀ ਅਧਿਕਾਰ ਦੀ ਸਥਾਪਨਾ, ਨਿਰੰਕੁਸ਼ ਕਰਾਰੋਪਣ ਦਾ ਅੰਤ, ਸੰਪਤੀਵਾਨ ਵਰਗ ਦੇ ਹੱਥਾਂ ਵਿੱਚ ਸ਼ਕਤੀ ਸੱਤਾ ਦਾ ਸੰਚਯ, ਲੋਕ ਕਾਨੂੰਨ ਦੀ ਸਰਵੋਚਤਾ ਅਤੇ ਸੰਸਦੀਯ ਸ਼ਕਤੀ ਦੀ ਸਥਾਪਨਾ ਅਤੇ ਸੰਪਤੀਵਾਨ ਵਰਗ ਦੀ ਵਿਚਾਰਧਾਰਾ ਅਰਥਾਤ ਪ੍ਰੋਟੇਸਟੇਂਟ ਨੀਤੀਸ਼ਾਸਤਰ ਦੀ ਸਮਸਤ ਰੁਕਾਵਟਾਂ ਨੂੰ ਦੂਰ ਕਰਨਾ। ਇਸ ਤੋਂ ਇਲਾਵਾ ਇਸ ਕ੍ਰਾਂਤੀ ਦੇ ਵਿਚ ਇਕ ਹੋਰ ਨਵੀਂ ਕ੍ਰਾਂਤੀ ਦੀ ਭੂਮਿਕਾ ਨਿਭਾਈ ਗਈ ਹਾਲਾਕਿ ਇਹ ਕ੍ਰਾਂਤੀ ਕਦੇ ਵੀ ਪੂਰੀ ਮੰਜ਼ਿਲ ਉੱਤੇ ਨਹੀਂ ਪਹੁੰਚੀ ਅਤੇ ਸਮੇਂ-ਸਮੇਂ 'ਤੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਕ੍ਰਾਂਤੀ ਕਿਸੇ ਵੀ ਸਮੇਂ ਹੋ ਸਕਦੀ ਹੈ। ਜੇਕਰ ਇਹ ਕ੍ਰਾਂਤੀ ਸਫ਼ਲ ਹੋ ਜਾਂਦੀ ਤਾਂ ਇੰਗਲੈਂਡ ਵਿਚ ਸੰਯੁਕਤ ਸੰਪਤੀ, ਨਿਆ ਅਤੇ ਰਾਜਨੀਤਿਕ ਸੰਸਥਾ ਵਿਚ ਅਪੇਕਸ਼ਾਕਰਤ ਜਿਆਦਾ ਲੋਕਤੰਤਰ ਵਿਚਾਰ ਵਿਆਪਤ ਹੋ ਜਾਂਦੇ। ਸਥਾਪਿਤ ਰਾਜ ਚਰਚ ਨਸ਼ਟ ਹੋ ਜਾਂਦਾ ਅਤੇ ਪ੍ਰੋਟੇਸਟੈਂਟ ਵਿਚਾਰਧਾਰਾ ਦੀ ਅਵਹੇਲਣਾ ਹੋ ਜਾਂਦੀ।

ਇੰਗਲੈਂਡ ਵਿਚ ਉਸ ਸਮੇਂ ਇਸ ਤਰ੍ਹਾਂ ਦੇ ਹੋਰ ਕਈ ਲੋਕ ਸਨ ਜੋ ਸਥਾਪਿਤ ਸਮਾਜਿਕ ਵਿਵਸਥਾ ਲਈ ਖ਼ਤਰਾ ਪੈਦਾ ਕਰ ਰਹੇ ਸਨ। ਇਸ ਵਿਚ ਪਹਿਲੇ ਨੰਬਰ 'ਤੇ ਸਨ ਭਿਖਾਰੀ, ਬੇਰੋਜ਼ਗਾਰ ਅਤੇ ਬਦਮਾਸ਼। ਲੰਡਨ ਦੀ ਜਨਸੰਖਿਆ ਵਿਚ 1500-1650 ਈ ਵਿਚ ਅੱਠ ਗੁਣਾ ਵਾਧਾ ਹੋਇਆ। ਇਥੋਂ ਦੇ ਲੋਕ ਗਰੀਬੀ ਦੀ ਹਾਲਤ ਵਿਚ ਜੀਵਨ ਬੀਤਾ ਰਹੇ ਸਨ। ਇਸ ਤੇ ਰਾਜਨੀਤਿਕ ਅਤੇ ਨਵੇਂ ਧਾਰਮਿਕ ਵਿਚਾਰਾਂ ਦਾ ਜਿਆਦਾ ਪ੍ਰਭਾਵ ਨਹੀਂ ਸੀ ਪਰ ਇਹਨਾਂ ਲੋਕਾਂ ਨੂੰ ਆਸਾਨੀ ਨਾਲ ਭੜਕਾਇਆ ਜਾ ਸਕਦਾ ਸੀ। ਗ੍ਰਹਿ ਯੁੱਧ ਦੇ ਦੌਰਾਨ ਵਿਭਿੰਨ ਦਲਾਂ ਨੇ ਗਰੀਬੀ ਦਾ ਲਾਚਾਰੀ ਦਾ ਫਾਇਦਾ ਚੁੱਕਿਆ ਅਤੇ ਇਹਨਾਂ ਲੋਕਾਂ ਦਾ ਪਰਿਯੋਗ ਆਪਣੇ ਸਵਾਰਥ ਸਿੱਧ ਕਰਨ ਲਈ ਕੀਤਾ। ਪ੍ਰੋਟੇਸਟੇਂਟ ਧਰਮ ਦੇ ਅਨੁਆਈ ਵੀ ਜਿੰਨਾਂ ਨੇ ਰਾਜ ਧਰਮ ਦਾ ਸਾਥ ਛੱਡ ਦਿੱਤਾ ਸੀ ਆਪਣਾ ਹੀ ਦਲ ਬਣਾ ਕੇ ਲੋਕ ਸੇਵਾ ਵਿਚ ਲੱਗੇ ਹੋਏ ਸਨ। ਇਹਨਾਂ ਨੇ ਰਾਜ ਧਰਮ ਦੇ ਨਾਲ ਨਾਲ ਪਾਦਰੀ ਅਤੇ ਜ਼ਿੰਮੀਦਾਰਾਂ ਤੋਂ ਵੀ ਮੁਕਤੀ ਪ੍ਰਾਪਤ ਕਰ ਲਈ ਸੀ। ਗ੍ਰਾਮੀਣ ਖੇਤਰਾਂ ਵਿਚ ਐਸੇ ਭੂਮਿਹੀਨ ਲੋਕ ਸਨ ਜੋ ਸਰਕਾਰੀ ਪ੍ਰਦੇਸ਼ਾਂ 'ਤੇ ਉਹ ਜੰਗਲਾਂ ਆਦਿ ਵਿਚ ਆਪਣਾ ਘਰ ਬਣਾ ਲੈਂਦੇ ਸਨ। ਇਹ ਖਾਨਾਂ ਅਤੇ ਕਾਰਖਾਨੇ ਵਿਚ ਕੰਮ ਕਰਕੇ ਆਪਣੀ ਜੀਵਿਕਾ ਕਮਾਉਂਦੇ ਸਨ ਪਰ ਕਿਸੇ ਦੇ ਵੀ ਅਧੀਨ ਨਹੀਂ ਸਨ। ਇਸ ਸਮਾਜਿਕ ਵਰਗ ਵਿਚ ਛੋਟੇ ਵਿਉਪਾਰੀ, ਰੇਹੜੀ ਵਾਲੇ, ਸਮਾਨ ਢੋਣ ਵਾਲੇ ਆਦਿ ਸ਼ਾਮਲ ਸਨ। ਇਸੇ ਲੋਕਾਂ ਦਾ ਸਮੂਹ ਨਿਊ ਮਾਡਲ ਆਰਮੀ ਸੀ। ਇਸ ਸੈਨਾ ਦੇ ਸਿਪਾਹੀ ਸਿਰਫ਼ ਧਨਲੋਲੁਪ ਸੈਨਿਕ ਨਾ ਸੀ। ਇਸ ਸਧਾਰਣ ਸੈਨਾ ਦੇ ਸੈਨਿਕ ਆਮ ਜਨਤਾ ਵਿਚ ਇਕ ਸਨ। ਇਹ ਉਹ ਸਧਾਰਣ ਨਾਗਰਿਕ ਸੀ ਜਿੰਨਾ ਨੇ ਬਦਲਦੀ ਪ੍ਰਸਥਿਤੀ ਵਿਚ ਆਪਣੀ ਯੂਨੀਫਾਰਮ (ਵਰਦੀ) ਬਦਲ ਲਈ ਸੀ। ਇਹ ਸਿਪਾਹੀ ਜਨਤਾ ਵਿਚੋਂ ਹੀ ਸਨ ਅਤੇ ਜਨਤਾ ਦੇ ਵਿਚਾਰਾਂ ਤੋਂ ਅਵਗਤ ਸੀ ਇਸ ਲਈ ਇਹ ਜਨਤਾ ਦਾ ਉਹ ਸਮਰਥਨ ਕਰਦੇ ਸੀ। ਸੰਸਦ ਦਾ ਭਦਰਜਨ ਵਰਗ ਦਾ ਜਨਤਾ ਦੇ ਨਾਲ ਉਨਾਂ ਸੰਪਰਕ ਨਹੀਂ ਸੀ ਜਿੰਨਾ ਕਿ ਇਹਨਾਂ ਸੈਨਿਕਾਂ ਦਾ ਸੀ। ਇਹਨਾਂ ਨਾਗਰਿਕਾਂ ਨੂੰ ਸੈਨਾ ਵਿਚ ਭਰਤੀ ਹੋਣ ਤੋਂ ਬਾਅਦ ਵਿਚਾਰ ਪ੍ਰਦਰਸ਼ਨ ਦੀ ਜੋ ਸਵਤੰਤਰਤਾ ਦਿੱਤੀ ਗਈ ਸੀ ਜਿਸ ਕਾਰਣ ਜਲਦੀ ਹੀ ਇਹਨਾਂ ਸੈਨਿਕਾਂ ਵਿਚ ਰਾਜਨੀਤਿਕ ਵਿਚਾਰ ਵਿਆਪਤ ਹੋ ਗਏ।

1640-1649 ਦੀ ਕ੍ਰਾਂਤੀ ਦੇ ਸਾਰੇ ਦੁਰਗਾਮੀ ਪਰਿਣਾਮ ਵੱਡੇ ਵਿਉਪਾਰੀ ਅਤੇ ਅਭਿਜਾਤ ਵਰਗ ਲਈ ਲਾਭਦਾਇਕ ਸਨ। ਅੰਗਰੇਜ਼ੀ ਸਮਾਜ ਦੀ 50 ਪ੍ਰਤੀਸ਼ਤ ਤੋਂ ਜ਼ਿਆਦਾ ਜੰਨਸੰਖਿਆ ਗਰੀਬ ਸੀ, ਜੋ ਯੁੱਧ ਵਿਚ ਸੰਸਦ ਦੀ ਸਫ਼ਲਤਾ ਦੇ ਬਾਅਦ ਵੀ ਨਿਰਾਸ਼ ਹੋ ਰਹੀ ਸੀ। ਪਰ 1640-1660 ਦੇ ਵਿਚ ਇਹ ਗਰੀਬ, ਨਿਰਾਸ਼ ਅਤੇ ਕੰਮਜ਼ੋਰ ਜਨਤਾ ਦੇ ਪ੍ਰਤੀਨਿਧੀਤਵ ਦੇ ਕੁਝ ਨਵੇਂ ਦਲ ਸਾਹਮਣੇ ਆਏ ਜਿੰਨਾ ਨੇ ਸਵਤੰਤਰ ਅਤੇ ਜਾਗਰੂਕ ਰੂਪ ਤੋਂ ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਤਤਕਾਲੀਨ ਸਮਸਿਆ ਦੇ ਅਜਿਹੇ ਸਮਾਧਾਨ ਪ੍ਰਗਟ ਕੀਤੇ ਜੋ ਉਚ ਵਰਗ ਭਦਰਜਨਾਂ ਦੀ ਇੱਛਾ ਅਤੇ ਸਵਾਰਥ ਦੇ ਵਿਰੁੱਧ ਸਨ। ਉਹਨਾਂ ਨੇ ਸਮਾਨਿਆ ਅਤੇ ਉਪੇਕਸ਼ਿਕ ਵਰਗ ਦੇ ਅਧਿਕਾਰਾਂ ਤੇ ਬਲ ਦਿੱਤਾ। ਧਨਵਾਨ, ਸੰਪਤੀਵਾਨ ਅਤੇ ਪ੍ਰਤੀਸ਼ਠਾ ਪ੍ਰਾਪਤ ਵਰਗ ਨੇ ਆਪ ਹੀ ਆਪਣੇ ਸਵਾਰਥ ਦੇ ਲਈ ਇਸ ਨਿਮਨ ਵਰਗ ਨੂੰ ਰਾਜਨੀਤਿ ਵਿਚ ਸਕਰੀਅ ਭਾਗ ਲੈਣ ਲਈ ਉਕਸਾਇਆ ਸੀ। ਪਰ ਆਪਣੇ ਵਿਰੋਧ ਨੂੰ ਹਰਾਉਣ ਤੋਂ ਬਾਅਦ ਜਦ ਇਹਨਾਂ ਨੇ ਆਪਣੇ ਉਦੇਸ਼ ਦੀ ਪੂਰਤੀ ਕਰ ਲਈ ਤਦ ਇਹ ਭਦਰਜਨ, ਜੋ ਅਜੇ ਤੱਕ ਵਿਦਰੋਹੀ ਸਨ, ਸ਼ਾਂਤੀ ਸਮਰਥਕ ਬਣ ਗਏ। ਨਿਮਨਵਰਗੀ ਪ੍ਰਤੀਨਿਧੀਆਂ ਨੂੰ ਇਹ ਸਮਝਦੇ ਦੇਰ ਨਹੀਂ ਲਗੀ ਕਿ ਉਹਨਾਂ ਦੇ ਨਾਲ ਧੋਖਾ ਹੋਇਆ ਹੈ ਅਤੇ ਉੱਚ ਵਰਗ ਨੇ ਆਪਣੀ ਉਦੇਸ਼ ਪੂਰਤੀ ਦੇ ਲਈ ਇਹਨਾਂ ਦਾ ਪ੍ਰਯੋਗ ਕੀਤਾ ਹੈ। ਤਦ ਉਹ ਉਚ ਵਰਗ ਦੇ ਲਾਸ਼ਨਿਕ ਸੁਕੇਤਾ

ਜਿਵੇਂ : ਅਸੀਮਿਤ ਸੰਪਤੀ, ਭੂਮੀ ਦਾ ਕੁਝ ਦੇ ਹੱਥਾਂ ਵਿਚ ਕੇਂਦਰੀਕਰਣ, ਸਮਾਜਿਕ ਉਚ ਸਥਾਨ ਦੇ ਕਾਰਣ ਵਿਸ਼ੇਸ਼ਧਿਕਾਰ ਆਦਿ ਦੇ ਵਿਰੋਧ ਬਣ ਗਏ। ਉਚ ਵਰਗ ਆਪਣੇ ਅਧਿਕਾਰਾਂ ਅਤੇ ਸੰਪਤੀ ਨੂੰ ਖ਼ਤਰਾ ਹੁੰਦੇ ਹੋਏ ਵੇਖ ਭੈਭੀਤ ਹੋ ਗਿਆ ਅਤੇ ਸੰਗਠਿਤ ਹੋ ਕੇ ਨਿਮਨ ਵਰਗ ਦੀ ਕ੍ਰਾਂਤੀ ਨੂੰ ਕੁਚਲ ਦਿੱਤਾ।

**ਸਮਤਾਵਾਦੀ :** ਧਾਰਮਿਕ ਸਵਤੰਤਰਤਾ, ਰਾਜਨੀਤਿਕ ਸਮਾਨਤਾ ਅਤੇ ਵਿਅਕਤੀਗਤ ਇਛਾ ਦੇ ਵਿਚਾਰ ਸਰਵਪ੍ਰਥਮ ਸੰਮਤਾਵਾਦੀ ਲਿਲਬਰਨ ਨੇ ਪ੍ਰਸਤੁਤ ਕੀਤੇ। ਇਹ ਵਿਚਾਰ 1647 ਦੇ ਉਸ ਸੰਵਿਧਾਨ ਵਿਚ ਸ਼ਾਮਲ ਕੀਤੇ ਜਿਸ ਤੇ ਪੁਟਨੀ ਵਿਚ ਬਹਿਸ ਹੋਈ ਸੀ। ਲਿਲਬਰਨ ਨੇ 1647 ਈ ਵਿਚ ਲੰਦਨ ਵਿਚ ਕਿਹਾ ਸੀ ਕਿ ਉਸ ਦੀ ਸ਼ਕਤੀ ਤਲਵਾਰ ਵਿਚ ਹੈ ਤੇ ਸੈਨਿਕਾਂ ਦਾ ਨਿਆ ਸੰਗਤ ਅਤੇ ਨੈਤਿਕ ਦ੍ਰਿਸ਼ਟੀ ਤੋਂ ਉਚੀਤ ਕੰਮ ਉਨਾਂ ਹੀ ਨਿਆਉਚਿਤ ਹੈ ਜਿੰਨਾ ਕੀ ਜਜ ਦੁਆਰਾ ਬਣਾਇਆ ਗਿਆ ਕਾਨੂੰਨ। ਲਿਲਬਰਨ ਦੇ ਸਾਥੀ ਵਾਈਲਡਮੈਨ ਦਾ ਕਹਿਣ ਸੀ ਕਿ ਇੰਗਲੈਂਡ ਵਿਚ ਹਰ ਵਿਅਕਤੀ ਨੂੰ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਹੈ। ਇਸ ਲਈ ਜਦੋਂ ਲੋਕ ਅਨੁਬੰਧ (Agreement of the people) ਬਣਾਇਆ ਗਿਆ ਤਾਂ ਉਸ ਵਿਚ ਵਿਅਸਕ ਸਤਾਅਧਿਕਾਰ, ਸੰਸਦ ਦੇ ਨਿਯਮ ਅਧਿਵੇਸ਼ਨ, ਧਰਮ ਸ਼ੁਲਕ (Tithe) ਵਿਚ ਕਮੀ ਅਤੇ ਮੁਕਤ ਵਿਉਪਾਰ ਜਿਸਰਾ ਅਨੁਬੰਧਾਂ ਨੂੰ ਸ਼ਾਮਿਲ ਕੀਤਾ। ਸੈਨਿਕ ਸਮਤਾਵਾਦੀਆਂ ਨੇ ਘੋਸ਼ਣਾ ਕੀਤੀ ਕਿ "ਅਸੀਂ ਧੰਨ ਦੇ ਲਾਲਚੀ ਸੈਨਿਕ ਨਹੀਂ ਹਾਂ ਜਿਸਨੂੰ ਕਿਸੇ ਵੀ ਨਿਰੰਕੁਸ਼ ਰਾਜ ਸੱਤਾ ਦੀ ਸੇਵਾ ਕਰਨ ਲਈ ਕਿਰਾਇਆ ਦੇ ਕੇ ਰੱਖਿਆ ਗਿਆ ਹੋਵੇ। ਅਸੀਂ ਤਾਂ ਆਪਣੇ ਨਾਲ ਆਮ ਲੋਕਾਂ ਦੇ ਅਧਿਕਾਰ ਅਤੇ ਸਵਤੰਤਰਤਾ ਦੀ ਰੱਖਿਆ ਲਈ ਅੱਗੇ ਆਏ ਹਨ।" ਜਦ ਲਿਲਬਰਨ ਵਾਲਵਿਲ ਅਤੇ ਹੋਰ ਨੇਤਾ 1649 ਵਿੱਚ ਕੈਦ ਕਰ ਲਏ ਗਏ ਤਦ ਸਮਤਾਵਾਦੀ ਪ੍ਰਚਾਰ ਪੱਤਰ ਵਿਚ ਸੈਨਿਕਾਂ ਤੋਂ ਅਪੀਲ ਕੀਤੀ ਗਈ ਕਿ ਉਹ ਆਪਣੇ ਸਥਾਨ 'ਤੇ ਅੜੇ ਰਹੇ ਅਤੇ ਕਿਸੇ ਵੀ ਪ੍ਰਕਾਰ ਦੇ ਅਤਿਆਚਾਰ ਦਾ ਯਥਾਸ਼ਕਤੀ ਵਿਰੋਧ ਕਰੇ, ਵਿਸ਼ੇਸਕਰ ਅਧਿਅਕਸ਼ ਦਾ ਜਿੰਨਾ ਨੇ ਸਮਾਜਿਕ ਸੁਧਾਰ ਦਾ ਤ੍ਰਿਸਕਾਰ ਕੀਤਾ ਅਤੇ ਗਰੀਬਾਂ ਲਈ ਕੁਝ ਨਾ ਕੀਤਾ। ਉਹਨਾਂ ਦਾ ਕਹਿਣਾ ਸੀ ਕਿ ਪਹਿਲੇ ਸਾਡੇ ਤੇ ਰਾਜਾ, ਲਾਰਡ ਅਤੇ ਕਾਮਨਸ ਦਾ ਰਾਜ ਸੀ। ਹੁਣ ਜਨਰਲ, ਕੋਰਟ ਮਾਰਸ਼ਲ ਅਤੇ ਹਾਉਸ ਆਫ਼ ਕਾਮਨਸ ਦਾ ਰਾਜ ਹੈ ਪਰ ਦੋਹਾਂ ਵਿਚ ਕੋਈ ਅੰਤਰ ਵਿਖਾਈ ਨਹੀਂ ਦਿੰਦਾ।

**ਡਿਗਰਸ :** ਡਿਗਰਸ ਦਲ ਸਮਸਤਵਾਦੀ ਦਲ ਤੋਂ ਉਗਤਾਂ ਵਿਚ ਇਕ ਕਦਮ ਅੱਗੇ ਸੀ। ਵਿਨਸਟੇਨਲੀ (Winstanley) ਦੇ ਨੇਤ੍ਰਵ ਵਿਚ ਡਿਗਰਸ ਅਤੇ 'ਵਾਸਤਵਿਕ ਸਮਤਾਵਾਦੀ' ਦਲ ਨੇ ਸੰਪਤੀ 'ਤੇ ਸੰਯੁਕਤ ਅਧਿਕਾਰ ਜਤਾਇਆ। ਇਹ ਅੰਦੋਲਨਕਾਰੀ ਪ੍ਰਤਕਸ਼ ਕਾਰਵਾਈ ਤੋਂ ਲੋਕਾਂ ਨੂੰ ਜ਼ਮੀਨ ਦਿਵਾਉਣਾ ਚਾਹੁੰਦੇ ਸਨ। ਇਹਨਾਂ ਦਾ ਕਹਿਣਾ ਸੀ ਕਿ ਸੰਸਦ ਦੀ ਜਿੱਤ ਤੋਂ ਇੰਗਲੈਂਡ ਦੀ ਜ਼ਮੀਨ 'ਤੇ ਕੋਈ ਨਿਅੰਤਰਣ ਨਹੀਂ ਰਿਹਾ। ਰਾਜਾ ਕੁਲੀਨ ਅਤੇ ਹੋਰ ਜ਼ਮੀਨਾਂ ਦੇ ਮਾਲਕ ਹੁਣ ਹਾਰ ਚੁੱਕੇ ਸਨ। ਇਸ ਲਈ ਜਮੀਨ ਹੁਣ ਲੋਕਾਂ ਦੀ ਹੈ। 1649 ਈ ਵਿਚ ਕੁਝ ਡਿਗਰਸ ਨੇ ਸਰ੍ਰੀ (Surrey) ਵਿਚ ਜ਼ਮੀਨਾਂ ਖੋਹਣੀਆਂ ਸ਼ੁਰੂ ਕਰ ਦਿੱਤੀਆਂ। ਉਹ ਸਾਮੂਹਿਕ ਰੂਪ ਤੋਂ ਉਸ ਪਰ ਖੇਤੀ ਕਰਨਾ ਚਾਹੁੰਦੇ ਸੀ। ਸੈਨਿਕਾਂ ਨੇ ਜਲਦੀ ਹੀ ਆਸਾਨੀ ਨਾਲ ਅਲਪਸੰਖਿਅਕ ਅੰਦੋਲਨਕਾਰੀ ਨੂੰ ਕੁਚਲ ਦਿੱਤਾ। ਇਹ ਦਲ ਸਵਿਧਾਨਿਕ ਅਪੇਕਸ਼ਾ ਆਰਥਿਕ ਮਾਮਲੇ ਵਿਚ ਜਿਆਦਾ ਜਾਗਰੂਕ ਸੀ। ਉਹ ਅਮੀਰ ਦੇ ਵਿਰੁੱਧ ਗਰੀਬ ਅਤੇ ਉਚ ਵਰਗ ਦੇ ਵਿਰੁੱਧ ਸਧਾਰਣ ਜਨਤਾ ਦੇ ਅਧਿਕਾਰਾਂ ਨੂੰ ਸਥਾਪਿਤ ਕਰਨਾ ਚਾਹੁੰਦਾ ਸੀ। ਅਕਤੂਬਰ 1647 ਵਿਚ ਇਹਨਾਂ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸੈਨਿਕਾਂ ਨੇ ਮੰਗ ਕੀਤੀ ਕਿ ਕਿਸੇ ਵੀ ਡਯੂਕ ਅਲਰ ਜਾਂ ਮਾਰਵਿਕਸ ਦੀ ਆਯ 2,000 ਪੌਂਡ ਹਰ ਸਾਲ ਵਿਚ ਜ਼ਿਆਦਾ ਨਹੀਂ ਹੋਣੀ ਚਾਹੀਦੀ ਅਤੇ ਹੋਰ ਲੋਕਾਂ ਦੀ ਆਯ ਤੋਂ ਵੀ ਪ੍ਰਤੀਬੰਧ ਲਗਾ ਦਿੱਤੇ। ਇਕ ਮੁੱਖ ਲੇਖਕ ਨੇ ਆਪਣੇ ਵਿਚਾਰ ਵਿਚ ਲਿਖਿਆ ਸੀ ਕਿ ਅਮੀਰ ਚੋਰ ਇਕੱਠੇ ਹੋ ਕੇ ਨਿਯਮ ਬਣਾਉਂਦੇ ਹਨ ਅਤੇ ਉਸ ਨੂੰ ਕਾਨੂੰਨ ਦਾ ਨਾਮ ਦੇ ਦਿੰਦੇ ਸਨ। ਇਸ ਕਾਨੂੰਨ ਦੇ ਨਾਲ ਉਹ ਗਰੀਬ ਲੋਕਾਂ ਦਾ ਸਭ ਕੁਝ ਖੋਹ ਲੈਂਦੇ ਸਨ ਅਤੇ ਗਰੀਬੀ ਵਿਚ ਮਜ਼ਬੂਰ ਹੋ ਕੇ ਜਦੋਂ ਉਹ ਚੋਰੀ ਕਰਦੇ ਸਨ ਤਾਂ ਉਸ ਨੂੰ ਸਜ਼ਾ ਦਿੰਦੇ ਸਨ। ਇਸ ਤਰ੍ਹਾਂ ਇਕ ਸਾਮੰਤਵਾਦੀ ਪ੍ਰਚਾਰਪੱਤਰ ਨੇ ਇਹ ਪ੍ਰਸ਼ਨ ਪੁੱਛਿਆ, 'ਕਿ ਸਾਰਾ ਝਗੜਾ ਇਸ ਗੱਲ ਨੂੰ ਲੈ ਕੇ ਨਹੀਂ ਹੈ ਕਿ ਗਰੀਬ ਕਿਸ ਦੇ ਸੇਵਕ ਬਣਨ ? ਡਿਗਰਸ ਅੰਦੋਲਨ ਨੇ ਪ੍ਰਚਲਿਤ ਸਮਾਜਿਕ ਅਵਸਥਾ ਲਈ ਚੁਣੌਤੀ ਪ੍ਰਸਤੁਤ ਕੀਤੀ ਅਤੇ ਸ਼ਾਇਦ ਗ੍ਰਾਮੀਨ ਕਰੀਸ਼ਕ ਸਮੂਹ ਦੇ ਸਤਰ ਦੇ ਵੀ ਸੰਮਤਾਵਾਦੀ ਅੰਦੋਲਨ ਤੋਂ ਜਿਆਦਾ ਖ਼ਤਰਾ ਪੈਦਾ ਕੀਤਾ ਪਰ ਰਾਜਨੀਤਿਕ ਆਪਤੀ ਦੇ ਰੂਪ ਵਿਚ ਡਿਗਰਸ ਅੰਦੋਲਨ ਦਾ ਪ੍ਰਭਾਵ ਨਾ ਦੇ ਬਰਾਬਰ ਹੀ ਸੀ। ਉਸ ਸਮੇਂ ਦੇ ਲਈ ਡਿਗਰਸ ਅਤੇ ਉਸ ਦੇ ਪ੍ਰਭਾਵਸ਼ਾਲੀ ਨੇਤਾ ਗੇਰਾਰਡ ਵਿਨਸਟੇਨਲੀ (Gerand winstanley) ਨੇ ਕੋਈ ਕੰਮ ਦਾ ਸਾਧਨ ਪ੍ਰਤਤੂਤ ਨਹੀਂ ਕੀਤਾ। ਸੰਸਦ ਦੇ ਭੁਸਵਾਮੀ ਵਰਗ ਦੇ ਅਪੇਕਸ਼ਾਕ੍ਰਤ ਰੂਢੀਵਾਦੀ ਵਿਅਕਤੀਆਂ ਨੂੰ ਡਰਾ ਕੇ, ਡਿਗਰਸ ਅੰਦੋਲਨ ਨੇ ਸੰਭਵਤ ਸੀਮਿਤ ਲੋਕ ਤੰਤਰ ਅਤੇ ਉਗਰਵਾਦੀ ਵਿਚਾਰਾਂ 'ਤੇ ਆਧਾਰਿਤ ਸਾਮਾਧਾਨ ਦਾ ਮੌਕਾ ਵੀ ਖੋਹ ਚੁੱਕਾ ਸੀ।

**ਫਿਫਥ ਮੋਨਾਰਕੀ :** (Fifth Monarchy) ਫਿਫਥ ਮੋਨਾਰਕੀ ਦਲ ਦੇ ਮੈਂਬਰਾਂ ਦਾ ਵਿਚਾਰ ਸੀ ਕਿ ਸੰਸਾਰ ਵਿਚ ਚਾਰ ਇਸ਼ਵਰੀਆ ਰਾਜ ਸਮਾਪਤ ਹੋ ਚੁੱਕੇ ਹਨ ਅਤੇ ਪੰਜਵਾਂ ਪਰਮਾਤਮਾ ਦੇ ਦਾਸਾਂ ਦੀ ਸਤਾ, ਹੁਣ ਸ਼ੁਰੂ ਹੋਣ ਵਾਲੀ ਹੈ। ਇਸ ਰਾਜਕਾਲ ਵਿਚ ਮਸੀਹਾ ਦੁਆਰਾ ਜਮੀਨ 'ਤੇ ਆਏਗਾ ਉਹਨਾਂ ਦਾ ਆਉਣ ਜਦ ਬਹੁਤ ਹੀ ਕਰੀਬ ਹੈ ਉਹ ਜਦ ਤੱਕ ਨਹੀਂ ਆਤੇ ਤਦ ਤੱਕ ਰਾਜ ਦਾ ਅਧਿਕਾਰ ਉਹਨਾਂ ਕੋਲ ਸੀ। ਉਹ ਇਸ਼ਵਰ ਦੇ ਨਿਡਰ ਸਿਪਾਹੀ ਸਨ ਜੋ ਮਨੁੱਖ ਦੁਆਰਾ ਬਣਾਏ ਗਏ ਕਾਨੂੰਨਾਂ ਦੇ ਪੈਰਾਂ ਥੱਲੇ ਕੁਚਲਨੇ ਤੇ ਆਮਦਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਮਸੀਹਾ ਲੋਕ ਵਿਚ ਵਿਆਪਸ ਹੈ। ਸਮਤਾਵਾਦੀ ਦੇ ਸਮਾਨ ਇਹ ਸਾਰੇ 'ਧਰਮ–ਸ਼ੁਲਕ' (Tithe) ਦੀ ਮੰਗ ਕਰਨ ਵਾਲੇ ਪਾਦਰੀ ਨਿਆਧੀਸ਼ ਅਤੇ ਧਨਵਾਨ ਵਰਗ ਦੇ ਵਿਰੁਧ ਸਨ। ਉਹ ਪ੍ਰਤੱਖ ਸੈਨਿਕ ਕਾਰਵਾਈ ਦੁਆਰਾ 'ਫਿਫਥ ਮੁਨਾਰਕੀ' ਸਥਾਪਿਤ ਕਰਨ ਦੇ ਇਛੁੱਕ ਸਨ। ਇਹ ਦਲ ਜਿਆਦਾ ਪ੍ਰਭਾਵਸ਼ਾਲੀ ਨਹੀਂ ਹੋਇਆ।

**ਕਵੈਕਰ :** ਧਾਰਮਿਕ ਦਲ ਕਵੈਕਰ ਨੇ, ਤੱਤਕਾਲੀਨ ਸਮਾਜ ਅਤੇ ਰਾਜਨੀਤਿਕ ਨੂੰ ਅਪੇਕਸ਼ਾਕਰਤ ਅਧਿਕ ਪ੍ਰਭਾਵਿਤ ਕੀਤਾ। ਇਹ ਦਲ ਪਾਦਰੀਆਂ ਨੂੰ ਸਾਰੀਆਂ ਬੁਰਾਈਆਂ ਦੀ ਜੜ ਮੰਨਦਾ ਸੀ ਅਤੇ 'ਟਾਇਦ' ਨੂੰ ਗਰੀਬਾਂ ਨੂੰ ਲੁੱਟਣ ਦਾ ਉਪਾਏ ਮੰਨਦੇ ਸਨ। ਉਹ ਵਿਸ਼ਵਾਸ਼ ਕਰਕੇ ਸਨ ਕਿ ਜ਼ਮੀਨ ਪਰਮਾਤਮਾ ਦੀ ਹੈ, ਇਸ ਤੇ ਕੁਝ ਗਿਨ–ਚੁਣੇ ਲੋਕਾਂ ਦਾ ਹੀ ਨਹੀਂ ਬਲਕਿ ਸਾਰਿਆਂ ਦਾ ਬਰਾਬਰ ਅਧਿਕਾਰ ਹੈ। ਇਹ ਦਲ ਧਾਰਮਿਕ ਸਹਿਸੁਣਤਾ ਵਿਸ਼ੇਸ਼ਕਰ ਪਯੂਰਿਟਨਾਂ ਦੇ ਲਈ ਧਾਰਮਿਕ ਸਹਿਸੁਣਤਾ ਦੇ ਪੱਖ ਵਿੱਚ ਸਨ। ਧਰਮਸ਼ੁਲਕ ਦਾ ਵਿਰੋਧ ਇਨ੍ਹਾਂ ਸਾਰੇ ਉਘਰਵਾਦੀਆਂ ਨੇ ਕੀਤਾ। ਇਸ ਵਿਰੋਧ ਨੇ ਰਾਜਤੰਤਰ ਦਾ ਢਾਂਡਾ ਹਿਲਾ ਕੇ ਰੱਖ ਦਿੱਤਾ, ਕਿਉਂਕਿ ਪਾਰਦੀ ਇਹ ਟੈਕਸ ਆਪਣੇ ਅਨੁਯਾਈ ਤੋਂ ਨਹੀਂ ਲੈ ਸਕਦੇ ਸਨ ਤਾਂ ਉਹਨਾਂ ਲਈ ਫਿਰ ਕੋਈ ਸੰਵਿਧਾਨਿਕ ਕਰ ਵੀ ਨਹੀਂ ਰਹਿ ਜਾਂਦਾ ਜਿਸ ਤੋਂ ਉਹ ਆਪਣਾ ਗੁਜ਼ਾਰਾ ਕਰ ਸਕਦੇ ਸਨ। 1647 ਈ: ਦੇ ਸਮਤਾਵਾਦੀ ਪ੍ਰਸਤਾਵ ਅਤੇ ਤਿੱਜੇ ਲੋਕ–ਅਨੁਬੰਧ (ਮਈ 1649) ਵਿੱਚ ਵੀ

**ਨੋਟ**

'ਟਾਇਦ' ਖ਼ਤਮ ਕਰਨ ਦੀ ਅਤੇ ਹੋਰ ਕੋਈ ਵੀ ਟੈਕਸ ਨਾ ਲਗਾਉਣ ਦੀ ਅਤੇ ਲੋਕਾਂ ਨੂੰ ਉਹਨਾਂ ਦਾ ਅਧਿਕਾਰ ਦੇਣ ਦੀ ਇੱਛਾ ਦੱਸੀ ਗਈ। ਕਵੈਕਰ ਇਹ ਕਹਿੰਦੇ ਸਨ ਕਿ ਪਾਦਰੀ ਦਾ ਧਾਰਮਿਕ ਭਾਸ਼ਣ ਖ਼ਤਮ ਹੋਣ ਤੋਂ ਬਾਅਦ, ਲੋਕਾਂ ਨੂੰ ਬੋਲਨੇ ਦੇ ਅਧਿਕਾਰ ਹੈ। ਕਵੈਕਰ ਜਾਰਜ ਫੈਕਸ ਨੇ ਇੱਕ ਵਾਰ ਧਾਰਮਿਕ ਭਾਸ਼ਨ ਦੇ ਬਾਅਦ ਬੋਲਣਾ ਸ਼ੁਰੂ ਕਰ ਦਿੱਤਾ ਤਾਂ ਪਾਦਰੀ ਨੇ ਵਿਰੋਧ ਕਰਦੇ ਹੋਏ ਕਿਹਾ ਕਿ ਇਸ ਦੀ ਸਮਯਾਵਧੀ ਵਿੱਚ ਭਾਸ਼ਣ ਕਿਸ ਅਧਾਰ ਦੇ ਰਹੀ ਹੈ। ਫੌਕਸ ਨੇ ਉੱਤਰ ਦਿੱਤਾ ਕਿ ਉਹ ਆਪ ਖੁਦ ਪਾਦਰੀ ਤੋਂ ਅਨੇਕ ਲੋਕਾਂ ਦੀ ਸਮੇਅਵਦੀ ਵਿੱਚ ਭਾਸ਼ਣ ਦੇ ਕੇ ਸੰਵਿਧਾਨ ਦਾ ਉਲੰਘਣ ਕੀਤਾ ਹੈ। ਇਹ ਧਾਰਮਿਕ ਅਵਰੋਧ 1656 ਦੇ ਲਾਰਡਸ ਡੇ ਏਕਟ ਦੁਆਰਾ ਹੀ ਖ਼ਤਮ ਕੀਤਾ ਜਾ ਸਕਿਆ ਜਿਸ ਵਿੱਚ ਅਵਰੋਧ ਪੈਦਾ ਕਰਨ ਵਾਲਿਆਂ ਨੂੰ ਦੰਡ ਦਿੱਤਾ ਜਾ ਸਕਦਾ ਹੈ।

ਕਵੈਕਰ ਨੇਤਾ ਫੌਕਸ ਨੇ 1653 ਈ: ਵਿਖੇ ਭਦ੍ਰਜਨਾਂ ਨੂੰ ਚੇਤਾਵਨੀ ਦਿੰਦੇ ਹੋਏ ਘੋਸ਼ਣਾ ਕੀਤੀ ਕਿ "ਜੋ ਧਰਤੀ ਦੇ ਧਨਵਾਨ ਅਤੇ ਮਹਾਨ ਲੋਕੋ- ਰੋਵੋ ਅਤੇ ਚਿਲਾਉ ਕਿਉਂਕਿ ਤੁਹਾਡੀ ਮੁਸੀਬਤ ਦੇ ਦਿਨ ਹੁਣ ਨੇੜੇ ਆ ਗਏ ਹਨ.......ਅੱਗ ਲੱਗ ਗਈ ਹੈ.......ਭਗਵਾਨ ਦਾ ਦਿਨ ਨਜ਼ਦੀਕ ਆ ਰਿਹਾ ਹੈ......ਆਦਮੀ ਦਾ ਅਭਿਮਾਨ ਅਵੱਸ਼ ਥੱਲੇ ਗਿਰਣਾ ਚਾਹੀਦਾ।"

1659 ਈ: ਵਿੱਚ ਬਰੋ ਨੇ ਸਮਾਜਕ ਸਰਵੋਚਤਾ, ਸ਼ੋਸ਼ਣ ਅਤੇ ਅੱਤਿਆਚਾਰ ਦੇ ਵਿਰੁੱਧ ਆਵਾਜ਼ ਚੁੱਕੀ। ਜਿਸ ਦੁਆਰਾ ਕੁਝ ਲੋਕਾਂ ਨੂੰ ਉਪਰ ਉਠ ਕੇ ਗਰੀਬਾਂ ਨੂੰ ਪੈਰਾ ਤਲੇ ਰੌਂਦਨੇ ਦਾ ਅਧਿਕਾਰ ਮਿਲ ਗਿਆ। ਨੇਲਰ ਨੇ ਕਿਹਾ ਕਿ ਪਰਮਾਤਮਾ ਉਨ੍ਹਾਂ ਲੋਕਾਂ ਦਾ ਵਿਰੋਧੀ ਹੈ ਜੋ ਲਾਲਚੀ, ਨਿਰਮਮ ਅਤੇ ਸ਼ੋਸ਼ਕ ਹਨ ਅਤੇ ਜੋ ਗਰੀਬ ਅਤੇ ਜ਼ਰੂਰਤਮੰਦ ਦਾ ਦਮਨ ਕਰਦੇ ਹਨ। ਫਾਕਸ ਨੇ ਸੁਝਾਵ ਦਿੱਤਾ ਕਿ ਵੱਡੇ-ਵੱਡੇ ਘਰ, ਗਿਰਜਾਘਰ ਅਗਰ ਗਰੀਬ ਘਰਾਂ ਵਿੱਚ ਪਰਿਵਰਤਨ ਕਰ ਦਿੱਤੇ ਜਾਣ ਅਤੇ ਚਰਚ ਦੀ ਜ਼ਮੀਨਾਂ ਤੋਂ ਪ੍ਰਾਪਤ ਆਯ ਗਰੀਬਾਂ ਤੇ ਚਰਚ ਕੀਤੀ ਜਾਵੇ। ਪਿਯਰਸਨ ਨੇ ਸੁਝਾਅ ਦਿੱਤਾ ਕਿ ਜਿਸ ਤਰ੍ਹਾਂ ਅਮੀਰਾਂ ਨੂੰ ਕੋਰਟ ਆਫ਼ ਲਾਰਡ ਖ਼ਤਮ ਕਰਕੇ ਫਾਇਦਾ ਕਰਵਾਇਆ ਉਸੇ ਤਰ੍ਹਾਂ ਟਾਇਦ ਖ਼ਤਮ ਕਰਕੇ ਗਰੀਬਾਂ ਦੀ ਭਲਾਈ ਕੀਤੀ ਜਾ ਸਕਦੀ ਹੈ।

ਇਸ ਤਰ੍ਹਾਂ ਦੇ ਸੁਭਾਵ ਉੱਚ ਵਰਗ ਨੂੰ ਸਸ਼ੰਕਿਤ ਕਰਨ ਲਈ ਬਹੁਤ ਸਨ। ਸੰਪਤੀਵਾਨ ਇਹ ਅਨੁਭਵ ਕਰਨ ਲੱਗੇ ਕਿ ਇਹ ਵਿਚਾਰ ਉਗਰ ਰਾਜਨੀਤਿ ਕਾਰਵਾਹੀ ਦੇ ਅਗ੍ਰਦੂਤ ਹਨ। 1655 ਈ: ਵਿੱਚ ਹੇਨਰੀ ਕ੍ਰਾਮਵੈਨ ਨੇ ਕਿਹਾ ਸੀ ਕਿ ਸਾਡੇ ਸਭ ਤੋ ਵੱਡੇ ਦੁਸ਼ਮਣ ਕਵੈਕਰ ਹਨ। ਜਿਸਦੀ ਧਾਰਣਾ ਉਸਦੇ ਵਿਚਾਰ ਵਿੱਚ ਸਰਕਾਰ ਅਤੇ ਸੈਨਿਕ ਸ਼ਾਸਨ ਦੋਹਾਂ ਦੇ ਵਿਰੁੱਧ ਸੀ।

ਸਾਰੇ ਵਿਅਕਤੀ ਸਚ ਦੀ ਅਲੱਗ-ਅਲੱਗ ਪਰਿਭਾਸ਼ਾ ਦੇਣ ਲੱਗੇ ਸੀ ਜਿਵੇਂ ਮਿਲਟਨ ਨੇ ਸੰਕੇਤ ਕੀਤਾ ਕਿ ਸੱਚ ਦਾ ਉਨਮੁਕਤ ਵਿਉਪਾਰ ਸ਼ੁਰੂ ਹੋਣ ਵਾਲਾ ਹੈ। ਸਾਮੰਤਵਾਦੀ, ਕਵੈਕਰ ਅਤੇ ਹੋਰ ਦਲਾਂ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਵਿਚਾਰ ਮਹੱਤਵਪੂਰਨ ਹਨ ਕਿਉਂਕਿ ਇਹ ਉਸ ਸਮੇਂ ਦੀ ਕਿਸੇ ਵੀ ਸਮਾਨਿਆ ਲੋਕਾਂ ਦੀ ਆਕੰਸ਼ਾਵਾ ਨੂੰ ਪ੍ਰਤਿਬਿੰਬਿਤ ਕਰਦੇ ਹਨ ਪਰ ਵਿਵਹਾਰਿਕ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ ਇਨ੍ਹਾਂ ਨੇ ਰਾਜਨੀਤਿਕ ਦ੍ਰਿਸ਼ਟੀ ਤੇ ਕੁਝ ਪ੍ਰਭਾਵ ਨਹੀਂ ਛੱਡਿਆ। ਸੱਤਾ ਧਾਰੀਆਂ ਨੇ ਆਪਣੀ ਸੰਪਤੀ ਅਤੇ ਸਮਾਜਿਕ ਪ੍ਰਤਿਸ਼ਠਾ ਤੇ ਚੋਟ ਲਗਦੇ ਵੇਖ ਬਲਪੂਰਵਕ ਇਨ੍ਹਾਂ ਦਲਾਂ ਦੇ ਨੇਤਾਵਾਂ ਨੂੰ ਨਿਰਮਮਤਾ ਨਾਲ ਕੁਚਲ ਦਿੱਤਾ। ਸਮਤਾਵਾਦੀ ਨੂੰ ਜਨ ਵਿਦਰੋਹ ਦੇ ਦੋ ਮੌਕੇ ਮਿਲੇ ਪਰ ਉਨ੍ਹਾਂ ਦੇ ਵਿਰੋਧੀ ਦੀ ਸੰਖਿਆ, ਪ੍ਰਭਾਵ ਅਤੇ ਸ਼ਕਤੀ ਨੂੰ ਵੇਖਦੇ ਹੋਏ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦੋਨਾਂ ਹੀ ਮੌਕਿਆਂ ਤੇ ਇਨ੍ਹਾਂ ਦੀ ਹਾਰ ਹੋਈ। ਇਸ ਤਰ੍ਹਾਂ ਇਹ ਵਿਦਰੋਹੀ ਅਤੇ ਉਤਸ਼ਾਹੀ ਅੰਦੋਲਨ ਕਰਤਾ ਇਤਿਹਾਸ ਦਾ ਇੱਕ ਅੰਸ਼ਮਾਤਰ ਹੀ ਬਣ ਕੇ ਰਹਿ ਗਏ ਪਰ ਇਸ ਸਮੇਂ ਤੱਕ ਟਾਮਸ ਹਾਬਸ (Thomas Hobbes) ਨੇ ਜਿਸਦੀ ਰਚਨਾਵਾਂ ਇਸ ਕਾਲ ਦੀ ਘਟਨਾਵਾਂ ਨੂੰ ਵਿਖਾਉਂਦਾ ਹੈ, ਆਪਣੇ ਨੀਤਿ ਸ਼ਾਸ਼ਤਰ ਨੂੰ ਆਖਿਰ ਰੂਪ ਦਿੱਤਾ। ਉਸਦੇ ਵਿਚਾਰ ਵਿੱਚ ਭਵਿੱਖ ਦੀ ਰਾਜਨੀਤਿਕ ਵਿਚਾਰਧਾਰਾ ਨੂੰ ਗੰਭੀਰ ਰੂਪ ਤੋਂ ਪ੍ਰਭਾਵਿਤ ਕੀਤਾ। ਹੱਬਸ ਦਾ ਦਰਸ਼ਨ ਪ੍ਰੋਟੇਸਟੈਂਟ ਵਿਚਾਰਧਾਰਾ ਦਾ ਧਰਮ-ਨਿਰਪੇਕਸ਼ ਰੂਪ ਹੈ ਉਸਦੇ ਵਿਚਾਰ ਵਿੱਚ ਮਨੁੱਖ ਸੱਤਾ ਦੇ ਪਿੱਛੇ ਦੋੜਦਾ ਹੈ ਅਤੇ ਜਾਂ ਉਸਦੇ ਕੰਮ ਇਸ ਡਰ ਤੋਂ ਸੰਚਾਲਿਤ ਹੁੰਦੇ ਹਨ ਕਿ ਸੱਤਾ ਲਈ ਸੰਘਰਸ਼ ਹੋਣ ਤੇ ਭਯੰਕਰ ਪਰਿਣਾਮ ਹੋਣਗੇ ਅਤੇ ਇਸ ਲਈ ਸੰਘਰਸ਼ ਦੀ ਸੰਭਾਵਨਾ ਖ਼ਤਮ ਕਰ ਦੇਣੀ ਹੈ।

ਲੇਖਕ ਕਾਵਿ ਮਿਲਟਨ ਵੀ ਇਸੇ ਸਮੇਂ ਦਾ ਸੀ। ਉਸਦਾ ਵਿਚਾਰ ਸੀ ਕਿ ਜਦ ਵੀ ਲੋਕ ਠੀਕ ਸਮਝਣ ਰਾਜੇ ਨੂੰ ਚੁਣ ਸਕਦੇ ਹਨ, ਉਸਦੀ ਬੇਅਜਤੀ ਕਰ ਸਕਦੇ ਹਨ, ਉਸਨੂੰ ਰਾਜੇ ਦੀ ਗੱਦੀ ਤੋਂ ਉਤਾਰ ਸਕਦੇ ਹਨ, ਕਿਉਂਕਿ ਸਵਤੰਤਰ ਸਨੁਸ਼ ਨੂੰ ਇਹ ਸਭ ਚੁਣਨ ਦਾ ਅਧਿਕਾਰ ਹੈ ਕਿ ਉਹਨਾਂ ਨੂੰ ਕਿਹੜੇ ਨਿਯਮਾਂ ਨੂੰ ਮੰਨਣਾ ਹੈ ਅਤੇ ਕਿਹੜੇ ਨਿਯਮ ਉਨ੍ਹਾਂ ਲਈ ਫਾਇਦੇਮੰਦ ਹਨ। ਰਾਜਾ ਅਤੇ ਮੈਜਿਸਟੈਟ ਲੋਕਾਂ ਦੇ ਪ੍ਰਤਿਨਿਧੀ ਹਨ ਅਤੇ ਉਨ੍ਹਾਂ ਦੇ ਕੰਮ ਕਰਨ ਲਈ ਇਨ੍ਹਾਂ ਨੂੰ ਰੱਖਿਆ ਗਿਆ ਹੈ। ਇਸ ਤੋਂ ਉਲਟ ਸੋਚਣ ਹੀ ਮਾਨਵ ਜਾਤੀ ਦੇ ਗੌਰਵ ਦੇ ਵਿਰੁੱਧ ਹੈ। ਇਤਿਹਾਸਕਾਰ ਹਿਲ ਦੇ ਅਨੁਸਾਰ, ਮਿਲਟਨ ਦੀਆਂ ਤਿੰਨ ਰਚਨਾਵਾਂ (**ਪੈਰਾਡਾਇਜ਼ ਲੌਸਟ, ਪੈਰਾਡਾਇਜ਼ ਰੀ-ਗੇਨਡ ਅਤੇ ਸੈਮਸਨ ਏਗੋਨਿਸ਼ਟੀਜ**) ਕ੍ਰਾਂਤੀ ਦੀ ਅਸਫ਼ਲਤਾ ਦੇ ਸਮੇਂ ਜੂਝ ਰਹੇ ਸਨ ਅਤੇ ਇਸ ਅਸਫ਼ਲਤਾ ਦਾ ਕਾਰਨ ਲਭ ਕੇ, ਹਾਰ ਤੋਂ ਅੱਗੇ ਭਵਿੱਖ ਦੀ ਤਰਫ਼ ਆਸ਼ਾਜਨਕ ਨਿਗਾਹਾਂ ਨਾਲ ਦੇਖਣ ਦਾ ਪ੍ਰਯਤਨ ਕਰ ਰਹੇ ਸੀ। ਇਹ ਮਿਲਟਨ ਦੀ ਮਹਾਨਤਾ ਹੈ ਕਿ ਪੂਰਨ-ਅਸਫ਼ਲਤਾ ਦੇ ਸਮੇਂ ਵਿੱਚ ਵੀ ਜਦ ਡਿਗਰਸ ਅਤੇ ਸਮਤਾਵਾਦੀ ਸ਼ਾਂਤ ਹੋ ਗਏ ਅਤੇ ਕਵੈਕਰ ਨੇ ਰਾਜਨੀਤਿ ਛੱਡ ਦਿੱਤੀ ਤਾਂ ਉਨ੍ਹਾਂ ਨੇ ਉਗ੍ਰ ਮਾਨਸਿਕ ਸਫ਼ਲਤਾ ਦੇ ਪ੍ਰਤੀ ਬੌਧਿਕ ਵਿਚਾਰ ਜੀਵਿਤ ਰੱਖੇ।

1640-1660 ਦੇ ਦੌਰਾਨ ਜੋ ਬੌਧਿਕ ਕ੍ਰਾਂਤੀ ਹੋਈ ਇਹ ਉਸ ਸਮੇਂ ਤਾਂ ਕੁਚਲ ਦਿੱਤੀ ਗਈ ਪਰ ਇਹ ਨਵੇਂ ਵਿਚਾਰ ਹੋਲੀ-ਹੋਲੀ ਇੰਗਲੈਂਡ ਦੇ ਇਤਿਹਾਸ ਵਿੱਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਦਾ ਮੁੱਖ ਅੰਗ ਬਣ ਗਏ।

**ਕ੍ਰੌਮਵੈਲ, ਗਣਤੰਤਰ ਅਤੇ ਪ੍ਰੋਟੇਕਟੋਰੇਟ (1649-1660) :-** ਕ੍ਰੌਸਵੈਲ ਨੇ ਸਮਤਾਵਾਦੀ ਅੰਦੋਲਨ ਨੂੰ ਕੁਚਲ ਦਿੱਤਾ ਪਰ ਇਸ ਤੋਂ ਇਹ ਗੱਲ ਨਿਸ਼ਚਿਤ ਹੋ ਗਈ ਕਿ ਰਾਜਤੰਤਰ ਅਤੇ ਹਾਊਸ ਆਫ਼ ਲਾਰਡਸ ਦੀ ਦੁਬਾਰਾ ਸਥਾਪਨਾ ਹੋਵੇਗੀ। ਕਾਰਨ ਇਹ ਸੀ ਕਿ ਇਸ ਅੰਦੋਲਨ ਨੂੰ ਕੁਚਲਣ ਤੇ ਕੁਲੀਨ ਵਰਗ ਦੇ ਲੋਕ ਜਨਤਾ ਦਾ ਵਿਸ਼ਵਾਸ਼ ਖੋ ਦੇਣਗੇ। ਹੁਣ ਉਹ ਸਿਰਫ਼ ਸੈਨਾ ਦੇ ਬਲ ਤੇ ਹੀ ਸ਼ਾਸਨ ਕਰ ਸਕਦੇ ਸਨ। ਇਹ ਬਹੁਤ ਹੀ ਮੁਸ਼ਕਿਲ ਅਤੇ ਮਹਿੰਗਾ ਪ੍ਰਯਾਸ ਸੀ। ਕੁਲੀਨਾਂ ਲਈ ਦੂਸਰਾ ਰਸਤਾ ਸੀ ਪੁਰਾਣੀ ਵਿਵਸਥਾ ਤੋਂ ਬਚੇ ਹੋਏ ਪ੍ਰਤੀਨਿਧੀਆਂ ਤੋਂ ਸਮਝੋਤਾ ਕਰਕੇ ਸ਼ਾਸਨ ਕਰਨ ਦਾ ਪ੍ਰਯਤਨ ਕਰਨਾ। ਇਸ ਤਰ੍ਹਾਂ 11 ਸਾਲਾਂ ਵਿੱਚ ਇੰਗਲੈਂਡ ਵਿੱਚ ਰਾਜੇ ਦੇ ਬਿੰਨ੍ਹਾਂ ਸੈਨਾ ਦੇ ਬਲ ਤੇ ਸ਼ਾਸਨ ਕਰਨ ਦਾ ਪ੍ਰਯਾਸ ਕੀਤਾ ਗਿਆ ਜੋ ਅਸਫ਼ਲ ਹੋਇਆ ਅਤੇ 1660 ਵਿੱਚ ਰਾਜ ਤੰਤਰ ਦੀ ਦੁਬਾਰਾ ਸਥਾਪਨਾ ਕੀਤੀ।

**ਨੋਟ**

ਇਸ ਵਿੱਚਲੇ 11 ਸਾਲ (1649–1660) ਵਿੱਚ ਅੰਗਰੇਜ਼ ਇੱਕ ਸਥਾਈ ਗਣਤੰਤਰੀਯ ਸਰਕਾਰ ਦੀ ਸਥਾਪਨਾ ਕਰਨ ਵਿੱਚ ਅਸਫ਼ਲ ਰਹੇ ਅਤੇ ਇੰਗਲੈਂਡ ਨੂੰ ਗਣਤੰਤਰ ਘੋਸ਼ਿਤ ਕਰ ਦਿੱਤਾ ਗਿਆ। ਇਹ ਘੋਸ਼ਣਾ ਕੀਤੀ ਗਈ ਕਿ 'ਜਨਤਾ ਇਸ਼ਵਰ ਦੇ ਅਧੀਨ ਹੈ' ਪਰ ਇੰਗਲੈਂਡ ਗਣਤੰਤਰ ਲਈ ਤਿਆਰ ਨਹੀਂ ਸੀ। ਇਸ ਲਈ ਗਣਤੰਤਰ ਸ਼ਾਸਨ ਸਫ਼ਲ ਨਹੀਂ ਹੋ ਪਾਇਆ। 1649 ਤੋਂ 1653 ਦੇ ਮੱਧ ਤੱਕ ਰਾਜ ਦਾ ਸੰਚਾਲਨ ਦੀਰਘ ਸੰਸਦ ਦੇ ਬਚੇ ਹੋਏ ਮੈਂਬਰਾਂ ਨੇ ਕੀਤਾ ਜਿਸਨੂੰ 'ਰੰਪ ਸੰਸਦ' ਦਾ ਨਾਮ ਦਿੱਤਾ ਗਿਆ।

1642 ਵਿੱਚ ਸੰਸਦ ਨੇ ਬਿਨਾਂ ਰਾਜੇ ਦੇ ਰਾਜ ਕਰਨ ਦਾ ਅਧਿਕਾਰ ਪ੍ਰਾਪਤ ਕਰ ਲਿਆ। ਜਦ ਹਾਊਸ ਆਫ਼ ਕਾਮਨਸ ਪੂਰਨ ਸੰਵੈਧਾਨਿਕ ਸੱਤਾ ਆਪਣੇ ਹੱਥਾਂ ਵਿੱਚ ਲੈ ਲਈ। ਇਸ ਦੀ ਕੰਮਕਰਣੀ ਰਾਜ ਪਰਿਸ਼ਦ (Council of State) ਵਿੱਚ ਸੈਨਾ ਅਧਿਕਾਰੀਆਂ ਦਾ ਦਬਾਵ ਸੀ ਅਤੇ ਸੈਨਾ ਵਿੱਚ ਕ੍ਰੱਮਵੈਲ ਦੀ ਸ਼ਕਤੀ। ਦੂਸਰਾ ਸਦਨ (ਹਾਊਸ ਆਫ਼ ਲਾਰਡਸ) ਪਹਿਲਾਂ ਹੀ ਖ਼ਤਮ ਕੀਤਾ ਜਾ ਚੁੱਕਾ ਸੀ। ਪਿਯਰ ਵਰਗ ਨੂੰ ਜੋ ਸੁਵਿਧਾਵਾਂ ਅਤੇ ਅਧਿਕਾਰ ਪ੍ਰਾਪਤ ਸੀ ਉਹ ਖੋਹ ਲਿਆ ਪਰ ਉਨ੍ਹਾਂ ਦੀਆਂ ਉਪਾਧੀਆਂ ਕਾਇਮ ਰੱਖੀਆਂ ਗਈਆਂ ਕਿਉਂਕਿ ਇੰਡੀਪੇਂਡੇਂਟ ਨੇਤਾਵਾਂ ਵਿੱਚ ਜਿਆਦਾਤਰ ਕੁਲੀਨ ਸੀ, ਸਮਤਾਵਾਦੀ ਨਹੀਂ। ਸਮਤਾਵਾਦੀ ਕੁਲੀਨਾਂ ਨੂੰ ਪਸੰਦ ਨਹੀਂ ਕਰਦੇ ਸਨ। ਉਹ ਸਮਝਦੇ ਸੀ ਕਿ ਉਨ੍ਹਾਂ ਨੂੰ ਕੁਲੀਨ ਵਰਗ ਦੇ ਹਿੱਤਾ ਲਈ ਵੇਚ ਦਿੱਤਾ ਗਿਆ ਹੈ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਾਲਾਂ ਵਿੱਚ ਪਿਯਰ ਵਰਗ ਦੀ ਸਮਾਜਿਕ, ਰਾਜਨੀਤਿਕ ਪ੍ਰਤਿਸ਼ਠਾ ਅਤੇ ਸ਼ਕਤੀ ਅਸਥਾਈ ਰੂਪ ਤੋਂ ਖ਼ਤਮ ਕਰ ਦਿੱਤੀ ਗਈ। ਪ੍ਰਸ਼ਾਸ਼ਨ ਵਿਵਸਥਾ ਵਿੱਚ ਹੁਣ ਕੋਈ ਸਥਾਈ ਵਿਵਸਥਾ ਦੇ ਆਸਾਰ ਨਹੀਂ ਸਨ।

ਵਿਦੇਸ਼ੀ ਨੀਤਿ ਤੇ ਵੀ ਮਤਭੇਦ ਸ਼ੁਰੂ ਹੋ ਗਿਆ। ਬਹੁਤ ਜਿਹੇ ਲੋਕ ਇਹ ਵਿਸ਼ਵਾਸ਼ ਰੱਖਦੇ ਸਨ ਕਿ ਇੰਗਲੈਂਡ ਵਿੱਚ ਗਣਤੰਤਰ ਸਥਾਪਿਤ ਹੋ ਜਾਣ ਤੇ, ਯੁਰੋਪ ਦੇ ਹੋਰ ਗਣਤੰਤਰ ਦੇਸ਼ (ਜਿਵੇਂ ਨੀਦਰਲੈਂਡ) ਇੰਗਲੈਂਡ ਦੇ ਦੋਸਤ ਬਣ ਜਾਣਗੇ। ਪਰ ਇੰਗਲੈਂਡ ਅਤੇ ਹਾਂਲੈਡ ਦੇ ਵਿਚਕਾਰ ਵਪਾਰਿਕ ਪ੍ਰਤੀਸਪਧਾ ਇਸ ਮਿੱਤਰਤਾ 'ਚ ਰੁਕਾਵਟ ਸੀ। 1651 ਦੇ ਨੌਸੈਨਾ ਕਾਨੂੰਨ ਦੇ ਅੰਤਰਗਤ ਵਿੱਚ ਇਹ ਨਿਯਮ ਪਾਰਿਤ ਕੀਤਾ ਗਿਆ ਕਿ ਇੰਗਲੈਂਡ ਵਿੱਚ ਆਉਣ ਵਾਲਾ ਸਮਾਨ ਇੰਗਲੈਂਡ ਦੇ ਜਾਂ ਉਸ ਦੇਸ਼ ਦੇ ਜਹਾਜ਼ ਵਿੱਚ ਆਵੇਗਾ। ਜਿਸ ਦੇਸ਼ ਤੋਂ ਮਾਲ ਆ ਰਿਹਾ ਸੀ। ਇਹ ਹੋਲੈਂਡ ਲਈ ਸਿੱਧੀ ਚੁਣੌਤੀ ਸੀ ਕਿਉਂਕਿ ਇਸ ਤੋਂ ਪਹਿਲਾਂ ਡਚ ਜਹਾਜ ਹੀ ਮਾਲ ਲਿਆਉਂਦੇ ਤੇ ਲੈ ਕੇ ਜਾਉਂਦੇ ਸਨ। ਜਲਦੀ ਹੀ ਯੁੱਧ ਸ਼ੁਰੂ ਹੋ ਗਿਆ। ਇਹ ਯੁੱਧ 1654 ਵਿੱਚ ਖ਼ਤਮ ਹੋ ਗਿਆ। ਹੋਲੈਂਡ ਨੇ ਨੌਸੈਨਾ ਕਾਨੂੰਨ ਸਵੀਕਾਰ ਕਿੱਤੇ।

ਇਸ ਵਿੱਚ ਸੈਨਾ, ਰੰਪ ਦੇ ਕੰਮ ਕਰਨੇ ਦੇ ਹੋਲੀ ਤਰੀਕੇ ਤੋਂ, ਤੰਗ ਆ ਚੁੱਕੀ ਸੀ। ਆਖਿਰ ਵਿੱਚ ਸੈਨਾ ਨੇ ਕ੍ਰੱਮਵੈਲ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਰੰਪ ਨੂੰ ਭੰਗ ਕਰ ਦੇਵੇ। ਇੱਕ ਵਾਰ ਫਿਰ ਇੰਗਲੈਂਡ ਦੇ ਸਾਹਮਣੇ ਸਰਕਾਰ ਦਾ ਰੂਪ ਨਿਸ਼ਚਿਤ ਕਰਣ ਦੀ ਸਮੱਸਿਆ ਸੀ। 1641 ਦੀ ਸਾਰੀਆਂ ਸੰਸਥਾਵਾਂ ਰਾਜੇ, ਹਾਊਸ ਆਫ਼ ਲਾਰਡਸ, ਹਾਊਸ ਆਫ਼ ਕਾਮਨਸ ਨਸ਼ਟ ਕਰ ਦਿੱਤੀ ਜਾ ਚੁੱਕੀ ਸੀ। ਕੇਵਲ ਸੈਨਾਅਧਿਯਕਸ਼ ਦੇ ਰੂਪ ਵਿੱਚ ਕ੍ਰੱਮਵੈਲ ਦੀ ਇੱਕ ਸੰਵੀਧਾਨਿਕ ਸ਼ਕਤੀ ਬਚੀ ਸੀ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ਲਿਲਬਰਨ ਨੇ ............... ਵਿੱਚ ਕਿਹਾ ਸੀ ਕਿ ਸ਼ਕਤੀ ਕੇਵਲ ਤਲਵਾਰ ਵਿੱਚ ਹੈ।
   (ੳ) 1647 (ਅ) 1557
   (ੲ) 1749 (ਸ) 1847
5. ............. ਦੇ ਦੋਰਾਨ ਜੋ ਬੌਧਿਕ ਕ੍ਰਾਂਤੀ ਹੋਈ ਉਹ ਉਸ ਸਮੇਂ ਕੁਚਲ ਦਿੱਤੀ ਗਈ।
   (ੳ) 1610–1630 (ਅ) 1620–1640
   (ੲ) 1640–1660 (ਸ) 1660–1680
6. .......... ਵਿੱਚ ਕ੍ਰਾਸਵੇਲ ਇੱਕ ਵੱਡੀ ਸੈਨਾ ਲੈ ਕੇ ਆਯਰਲੈਂਡ ਗਿਆ ਸੀ।
   (ੳ) 1549 (ਅ) 1449
   (ੲ) 1749 (ਸ) 1649

ਕ੍ਰਾਮਵੈਲ ਹੀ ਹਿਕ ਇਸ ਤਰ੍ਹਾਂ ਦੀ ਵਿਅਕਤੀ ਸੀ ਜੋ ਇਨ੍ਹਾਂ ਦੋਹਾਂ ਵਿਅਪਕਸ਼ੀ ਦਲਾਂ ਦਾ ਸਮਰਥਨ ਅਤੇ ਸਹਾਇਤਾ ਪ੍ਰਾਪਤ ਕਰ ਸਕਦਾ ਸੀ। ਉਹ ਸੈਨਾ ਅਧਿਯਕਸ਼ ਵੀ ਸੀ ਅਤੇ ਜਨਮ ਤੋਂ ਕੁਲੀਨ ਵੀ ਸੈਨਿਕ ਉਸ ਤੇ ਵਿਸ਼ਵਾਸ ਕਰਦੇ ਸਨ ਕਿਉਂਕਿ ਉਹ ਉਸ ਦੇ ਨਾਲ ਸਹਾਨੁਭੁਤੀ ਪ੍ਰਦਰਸ਼ਿਤ ਕਰਦਾ ਸੀ ਅਤੇ ਉਸਦੇ ਅਧੀਨ ਸੈਨਾ ਹਮੇਸ਼ਾ ਜਿੱਤਦੀ ਸੀ ਅਤੇ ਉਹਨ੍ਹਾਂ ਨੂੰ ਵਿਸ਼ਵਾਸ਼ ਸੀ ਕਿ ਕ੍ਰਾਮਵੇਲ ਉਹਨਾਂ ਨੂੰ ਵੇਤਨ ਦਿਵਾਏਗਾ ਅਤੇ ਉਹਨਾ ਨਾਲ ਚੰਗਾ ਸਲੂਕ ਕੀਤਾ ਜਾਵੇਗਾ।

ਕ੍ਰਾਮਵੈਲ ਇਨ੍ਹਾਂ ਉਗਰਵਾਦੀਆਂ ਦਾ ਸਮਰਥਨ ਕਰਨ ਨੂੰ ਤਿਆਰ ਸੀ ਜਿਸ ਤੋਂ ਨਿਚਲੇ ਵਰਗ ਦਾ ਉਤਥਾਨ ਹੋਵੇ ਪਰ ਨਾਲ ਹੀ ਨਾਲ ਉਹ ਕੁਲੀਨ ਵਰਗ ਦੀ ਸਥਿਤੀ, ਸ਼ਕਤੀ ਅਤੇ ਸਥਾਨ ਨੂੰ ਘੱਟ ਕਰਨਾ ਨਹੀਂ ਚਾਹੁੰਦਾ ਸੀ ਉਹ ਚਾਹੁੰਦਾ ਸੀ ਕਿ ਕੁਲੀਨ ਵਰਗ ਆਪਣੀ ਰਾਜਨੀਤਿ ਸ਼ਕਤੀ ਦਾ ਪ੍ਰਯੋਗ ਆਪਣੇ ਤੋਂ ਨੀਚੇ ਵਰਗ ਦੀ ਭਲਾਈ ਲਈ ਕਰੇ।

**ਰੰਪ-ਭੰਗ ਕਰਨ ਤੋਂ ਬਾਅਦ ਦੋ ਦਲਾਂ ਨੇ ਕ੍ਰਾਮਵੈਲ ਦੇ ਸਾਹਮਣੇ ਦੋ ਉਪਾਅ ਰੱਖੇ :**- ਲੇਮਬਰਟ ਨੇ ਸ਼ਕਤੀ ਦਾ ਸੰਗਠਨ ਛੋਟੇ ਕੰਮ ਕਾਰਿਣੀ ਰਾਜ ਪਰਿਸ਼ਦ ਦੇ ਹੱਥ ਵਿੱਚ ਦੇਣ ਦਾ ਸੁਝਾਵ ਦਿੱਤਾ। ਦੂਜਾ ਸੁਝਾਵ ਹੈਰੀਸਨ ਨੇ ਦਿੱਤਾ ਜੋ ਕਿ ਨਿਯੁਕਤ ਅਤੇ

ਚੁਣੇ ਹੋਏ ਸੈਨਿਕਾਂ ਦੀ ਸਭਾ ਦੁਆਰਾ ਸ਼ਾਸਨ ਚਲਾਉਣਾ ਚਾਹੁੰਦਾ ਸੀ। ਕ੍ਰਾਮਵੈਲ ਨੇ ਵਿੱਚ ਦਾ ਮਾਰਗ ਅਪਨਾਇਆ। 140 ਮੈਂਬਰਾਂ ਨੂੰ ਸੈਨਾ ਪਰਿਸ਼ਦ ਨੇ ਚੁਣਿਆ। ਇਸ ਨੂੰ 'ਬੇਯਰਬੋਨ ਸੰਸਦ' ਦਾ ਨਾ ਦਿੱਤਾ ਗਿਆ। ਇਹ ਸੰਸਦ ਅਵਿਵਹਾਰਿਕ ਅਤੇ ਆਦਰਸ਼ਵਾਦੀ ਸਾਬਿਤ ਹੋਈ। ਇਸਦਾ ਪਤਨ ਦੋ ਪ੍ਰਸ਼ਨ ਉਠਾਉਣ ਦੀ ਵਜਾ ਨਾਲ ਹੋਇਆ- (1) ਕੀ ਚਰਚ ਦੇ ਪੁਜਾਰੀਆਂ ਨੂੰ ਰੱਖਣ ਲਈ ਟਾਈਦ ਨਾਮ ਧਰਮ-ਸ਼ੁਲਕ ਜਾਰੀ ਰੱਖਿਆ ਜਾਏ। (2) ਕਾਨੂੰਨ ਵਿੱਚ ਸੁਧਾਰ ਸੀਮਿਤ ਰੂਪ ਤੋਂ ਇੱਕ-ਇੱਕ ਕਰਕੇ ਕੀਤੇ ਜਾਣ ਜਾਂ ਬੇਕਬਾਰਰੀ ਪੂਰਣ ਰੂਪ ਤੋਂ ਜਿਵੇਂ ਕਿ ਸੁਧਾਰਵਾਦੀ ਚਾਹੁੰਦੇ ਹਨ। ਇਸ ਤੋਂ ਅਨੁਦਾਰ ਲੋਕ ਡਰ ਗਏ ਅਤੇ ਇੱਕ ਦਿਨ ਜਦ ਉਗਰਵਾਦੀਆਂ ਦੀ ਗਿਣਤੀ ਘੱਟ ਸੀ ਤਾਂ ਸੰਸਦ ਨੇ ਆਪਣੇ ਆਪ ਨੂੰ ਭੰਗ ਕਰ ਦਿੱਤਾ।

ਬੇਯਰਬੋਨ ਸੰਸਦ ਉਗਰਵਾਦੀਆਂ ਦਾ ਆਖਿਰੀ ਮੌਕਾ ਸੀ। ਹੁਣ ਕ੍ਰਾਮਵੈਲ ਅਨੁਦਾਰ ਵਰਗ ਦੇ ਪੱਖ ਵਿੱਚ ਹੋ ਗਿਆ ਅਤੇ ਉਹਨਾਂ ਦੁਆਰਾ ਬਣਾਏ ਸੰਵਿਧਾਨ 'ਸ਼ਾਸਨ ਦੇ ਸਾਧਨ,1653' (Instruments of Government, 1653) ਤੋਂ ਕ੍ਰਾਮਵੈਲ ਨੇ ਲਾਰਡ, ਪ੍ਰੋਟੇਕਟਰ ਅਤੇ ਰਾਜ ਦੀ ਸੰਸਥਾ ਦਾ ਅਹੁੱਦਾ ਸੰਭਾਲਿਆ। ਸ਼ਾਸਨ ਵਿੱਚ ਸਹਾਇਤਾ ਦੇ ਲਈ ਉਸਨੂੰ 15 ਮੈਂਬਰਾਂ ਵਾਲੀ ਪਰਿਸ਼ਦ ਦਿੱਤੀ ਗਈ। ਕਾਨੂੰਨ ਬਣਾਉਣ ਦੇ ਲਈ ਇੱਕ ਸਦਨੀਯ ਸੰਸਦ ਦੀ ਸਥਾਪਨਾ ਕੀਤੀ ਗਈ।

ਪਹਿਲੀ ਸਰੰਕਸ਼ਕ ਸੰਸਦ ਦੀ ਬੈਠਕ 1654 ਈ: ਵਿਖੇ ਹੋਈ। ਇਹ ਸੰਸਦ ਦੀ ਸਟੂਅਰਟ ਸੰਸਦ ਦੇ ਸਾਮਾਨ ਕੰਮਕਾਰਿਣੀ ਦੀ ਸ਼ਕਤੀ ਤੇ ਅੰਕੁਸ਼ ਲਗਾ ਦਿੱਤੇ। ਕ੍ਰਾਮਵੇਲ ਇਸਨੂੰ ਸੰਵਿਧਾਨ ਦੁਆਰਾ ਚੁਣੀ ਹੋਈ ਸੰਸਦ ਮੰਨਦਾ ਸੀ ਪਰ ਸੰਸਦ ਦਾ ਵਿਚਾਰ ਸੀ ਕਿ 'ਸ਼ਾਸਨ ਦੇ ਸਾਧਨ' ਤੇ ਸੰਸਦ ਨੇ ਵਾਦ-ਵਿਵਾਦ ਅਤੇ ਵਿਚਾਰ ਵਿਮਰਸ਼ ਹੋਣ ਚਾਹੀਦਾ ਹੈ, ਕਿਉਂਕਿ ਕਿਸੇ ਨੂੰ ਵੀ, ਕੋਈ ਵੀ ਸੰਵਿਧਾਨ ਸੰਸਦ ਤੇ ਥੋਪਣੇ ਦਾ ਅਧਿਕਾਰ ਨਹੀਂ ਹੈ। ਕ੍ਰਾਮਵੈਲ ਨੇ ਸੰਸਦ ਦਾ ਇਹ ਅਧਿਕਾਰ ਸਵਿਕਾਰ ਕੀਤਾ ਪਰ ਉਨ੍ਹਾਂ ਨੇ ਚਾਰ ਸਿਧਾਂਤ ਰੱਖੇ। (1) ਕੰਮਕਾਰਿਣੀ ਅਤੇ ਵਿਵਸਥਾਪਿਕਾ ਸਭਾ ਵਿੱਚ ਰਾਜਸੱਤਾ ਦਾ ਵਿਭਾਜਨ (2) ਸਥਾਈ ਸੰਸਦ ਤੇ ਰੋਕ (3) ਧਾਰਮਿਕ ਸਹਿਨਸ਼ੀਲਤਾ (4) ਸੈਨਾ ਦੀ ਸਵਤੰਤਰਤਾ। ਇਹ ਚਾਰੇ ਸ਼ਰਤਾਂ ਸੈਨਾ ਨੂੰ ਪਸੰਦ ਨਹੀਂ ਆਈਆਂ। ਇਸ ਤੋਂ ਇਹ ਸਪਸ਼ਟ ਹੋਇਆ ਕਿ ਕੋਈ ਵੀ ਸੰਸਦ ਜੋ ਕਿ ਸੰਪਤੀਵਾਨ ਵਰਗ ਦਾ ਪ੍ਰਤੀਨਿਧੀਤਾ ਕਰਦਾ ਹੈ, ਵਿਸ਼ਾਲ ਸੈਨਾ ਦਾ ਖਰਚ ਬਹਨ ਨਹੀਂ ਕਰੇਗੀ। ਹੁਣ ਸੰਸਦ ਨੇ ਇੱਕ ਨਵਾਂ ਸਵਿਧਾਨ ਬਣਾਇਆ ਹੈ ਜਿਸ ਵਿੱਚ ਕਾਰਜਕਾਰਨੀ ਸੈਨਾ, ਕਰਾਰੋਪਨ ਅਤੇ ਚਰਚਾ ਉੱਤੇ ਸੰਸਦ ਦਾ ਨਿਯੰਤਰਣ ਪੂਰਨਰੂਪ ਤੋਂ ਸਥਾਪਿਤ ਕਰਨ ਦੀ ਵਿਵਸਥਾ ਕੀਤੀ। ਕ੍ਰਾਮਵੈਲ ਨੇ ਸੰਸਦ ਨੂੰ ਆਪਣੇ ਨਿਯੰਤਰਣ ਤੋਂ ਬਾਹਰ ਜਾਂਦੇ ਵੇਖ ਉਸਨੂੰ ਭੰਗ ਕਰ ਦਿੱਤਾ।

ਉਸੇ ਸਮੇਂ ਕੁਝ ਰਾਜਾ ਸਮਰਥਕਾਂ ਨੇ ਵਿਦਰੋਹ ਕੀਤਾ ਪਰ ਕ੍ਰਾਮਵੈਲ ਨੇ ਵਿਦਰੋਹ ਦਬਾ ਦਿੱਤਾ ਪਰ ਉਸਨੂੰ ਸੈਨਿਕ ਸ਼ਾਸਨ ਸਥਾਪਿਤ ਕਰਨ ਦਾ ਬਹਾਨਾ ਮਿਲ ਗਿਆ। ਪੂਰੇ ਇੰਗਲੈਂਡ ਨੂੰ 11 ਜ਼ਿਲ੍ਹਿਆਂ ਵਿੱਚ ਵੰਡ ਕੇ ਹਰ ਇੱਕ ਜ਼ਿਲ੍ਹੇ ਵਿੱਚ ਇੱਕ ਮੇਜਰ-ਜਨਰਲ ਨਿਯੁਕਤ ਕਰ ਦਿੱਤਾ। ਪ੍ਰਸ਼ਾਸ਼ਨ ਦਾ ਕੰਮ ਇਨ੍ਹਾਂ ਮੇਜਰ-ਜਨਰਲਾਂ ਨੇ ਆਪਣੇ ਹੱਥ ਵਿੱਚ ਲੈ ਲਿਆ। ਇਨ੍ਹਾਂ ਨੇ ਚੋਰੀ ਦੀ ਸਜ਼ਾ ਤੇ ਲੇਕਰ ਗਰੀਬਾਂ ਦੀ ਭਲਾਈ ਲਈ ਕਾਨੂੰਨ ਲਾਗੂ ਕਰਨ, ਸ਼ਰਾਬਘਰਾਂ ਨੂੰ ਲਾਈਸੈਂਸ ਆਦਿ ਨਾ ਦੇਣ ਜਿਹੇ ਸਾਰੇ ਕੰਮ ਸੌਂਪੇ ਗਏ। ਪਰ ਸ਼ਹਿਰਾਂ ਅਤੇ ਗ੍ਰਾਮੀਣ ਖੇਤਰਾਂ ਵਿੱਚ ਉਹਨਾਂ ਨੂੰ ਬਹੁਤ ਸੀਮਿਤ ਸਹਾਇਤਾ ਦਿੱਤੀ ਗਈ। ਮੇਜਰ ਜਨਰਲਾਂ ਨੇ ਧਾਰਮਿਕ ਸਹਿਸ਼ੁਣਤਾ ਲਾਗੂ ਕੀਤੀ। ਜਸਟਿਸ ਆਫ਼ ਪੀਸ (Hustice of peace) ਨੂੰ ਕੰਮ ਕਰਨ ਤੇ ਮਜ਼ਬੂਰ ਕੀਤਾ ਅਤੇ ਆਪਣੇ ਅਧੀਨਸਥ ਸੈਨਾ ਦੇ ਬਲ ਤੇ ਆਪਣੇ ਕਾਨੂੰਨ ਲਾਗੂ ਕਰਵਾਏ। ਇਸ ਕਾਰਨ ਇਸ ਯੋਜਨਾ ਦੇ ਦੁਆਰਾ ਸੈਨਿਕ ਅਤੇ ਅਸੈਨਿਕ ਸ਼ਾਸਨ ਦੇ ਮੱਧ ਤਨਾਵ ਵਿੱਚ ਵਾਧਾ ਹੋਇਆ। ਇਸ ਪ੍ਰਸ਼ਾਸਨ ਦੁਆਰਾ ਸਥਾਨੀਯ ਸ਼ਾਸਨ ਤੇ ਕੇਂਦਰੀ ਸ਼ਾਸਨ ਦਾ ਪੂਰਨ ਨਿਯੰਤਰਣ ਹੋ ਗਿਆ। ਕੁਲੀਨਾਂ ਨੂੰ ਇਹ ਪਸੰਦ ਨਹੀਂ ਆਇਆ। ਉਨ੍ਹਾਂ ਨੇ ਚਾਰਲਸ ਦੇ ਵਿਅਕਤੀਗਤ ਸ਼ਾਸਨ ਦਾ ਵਿਰੋਧ ਕੇਂਦਰੀ ਸਰਕਾਰ ਨੂੰ ਮਜ਼ਬੂਤ ਬਣਾਉਣ ਲਈ ਨਹੀਂ ਕੀਤਾ।

ਸੈਨਿਕ ਸ਼ਾਸ਼ਨ ਲਾਗੂ ਕੀਤੇ ਜਾਣ ਦੇ ਸਾਰੇ ਹੀ ਵਿਰੋਧੀ ਸਨ। ਪੁਰਾਣੇ ਰੰਪ ਮੈਂਬਰ, ਸਮਤਾਵਾਦੀ ਅਤੇ ਧਾਰਮਿਕ ਵਿਰੋਧੀ ਸਾਰਿਆਂ ਨੇ ਇਸਦਾ ਵਿਰੋਧ ਕੀਤਾ। ਸਰਕਾਰ ਚਲਾਉਣ ਲਈ ਹੁਣ ਉਸ ਨੂੰ ਸੈਨਾ ਦੀ ਆਵਸ਼ਕਤਾ ਹੋ ਗਈ ਸੀ ਪਰ ਸੈਨਿਕ ਦੇ ਵੇਤਨ ਲਈ ਧਨ ਨਹੀਂ ਸੀ। ਮੇਜਰ ਜਰਨਲਾਂ ਨੂੰ ਧਨ ਦੇਣ ਲਈ ਰਾਜਤੰਤਰ ਸਹਿਯੋਗੀ 'ਤੇ ਡੇਸੀਮੇਸ਼ਨ ਟੈਕਸ ਲਗਾਇਆ ਗਿਆ ਜੋ ਕਾਰਗਾਰ ਸਿੱਧ ਨਹੀਂ ਹੋਇਆ ਕਿਉਂਕਿ ਇਹ ਸੰਸਦ ਨੇ ਨਹੀਂ ਲਗਾਇਆ ਸੀ। ਇਸਦੀ ਅਸਫ਼ਲਤਾ ਤੋਂ ਲੋਕਾਂ ਨੂੰ ਡਰ ਹੋ ਗਿਆ ਕਿ ਕਿਧਰੇ ਸਰਕਾਰ ਉਹਨਾਂ ਦੀ ਜ਼ਮੀਨਾਂ ਨੂੰ ਲੈਣਾ ਸ਼ੁਰੂ ਨਾ ਕਰ ਦੇਵੇ। ਹੋਲੀ-ਹੋਲੀ ਜ਼ਮੀਦਾਰ ਵਰਗ ਖ਼ਤਰੇ ਨੂੰ ਸਮਝ ਕੇ ਏਕਤਾ ਵੱਲ ਅਗਰਸਰ ਹੋ ਗਿਆ। ਕ੍ਰੱਾਮਵੈਲ ਨੂੰ ਧਨ ਦੀ ਆਵਸ਼ਕਤਾ ਸੀ। ਇਸ ਲਈ ਉਸਨੇ ਸੰਸਦੀਯ ਚੁਨਾਵ ਕਰਵਾਏ। ਮੇਜਰ ਜਨਰਲ ਦੇ ਪ੍ਰਯਾਸ ਦੇ ਬਾਵਜੂਦ ਉਹ ਚੁਨਾਵ ਨੂੰ ਪ੍ਰਭਾਵਿਤ ਕਰਨ ਵਿੱਚ ਅਸਫਲ ਰਹੇ ਅਤੇ ਜੋ ਸੰਸਦ ਚੁਣੀ ਗਈ। ਉਹ ਮੇਜਰ ਜਰਨਲ ਸ਼ਾਸਨ ਦੀ ਪੂਰੀ ਤਰ੍ਹਾਂ ਵਿਰੋਧੀ ਸੀ।

ਸੰਸਦ ਦੀ ਬੈਠਕ ਵਿੱਚ ਡੇਸੀਮੇਸ਼ਨ ਟੈਕਸ ਨੂੰ ਲਗਾਈ ਰੱਖਣ ਦੇ ਵਿਰੋਧ ਵਿੱਚ ਪ੍ਰਸਤਾਵ ਪਾਸ ਕੀਤਾ ਗਿਆ। ਇਹ ਮੇਜਰ ਜਰਨਲਾਂ ਵਿੱਚ ਅਵਿਸ਼ਵਾਸ਼ ਦਾ ਪ੍ਰਸਤਾਵ ਸੀ। ਇਸ ਸੰਸਦ ਨੇ ਮਾਰਚ 1657 ਈ: ਵਿਖੇ ਕ੍ਰਾਰਮਵੈਲ ਦੇ ਸਾਹਮਣੇ ਵਿਨੀਤ ਪ੍ਰਾਥਨਾ ਅਤੇ ਪਰਾਮਰਸ਼ (Humble petition and advice) ਰੱਖੇ। ਇਸ ਵਿੱਚ ਕ੍ਰੱਾਮਵੈਲ ਨੂੰ ਰਾਜਾ ਬਣਾ ਕੇ ਸੀਮਿਤ ਰਾਜਤੰਤਰ ਦੀ ਸਥਾਪਨਾ ਅਤੇ ਸਥਾਨੀਯ ਸ਼ਾਸਨ ਨੂੰ ਸਵਾਭਾਵਿਕ ਸ਼ਾਸਕਾ ਦੇ ਹੱਥ ਵਿੱਚ ਨਾ ਦੇਣ ਦੀ ਯੋਜਨਾ ਬਣਾਈ ਗਈ। ਹਾਊਸ ਆਫ਼ ਕਾਮਨਸ ਦੁਆਰਾ ਨਿਯੁਕਤ ਕੀਤੇ ਗਏ ਮੈਂਬਰਾਂ ਦੁਆਰਾ ਇੱਕ ਹੋਰ ਸਦਨ, ਹਾਊਸ ਆਫ਼ ਲਾਰਡਸ ਦੀ ਦੁਬਾਰਾ ਸਥਾਪਨਾ ਦੀ ਯੋਜਨਾ ਬਣਾਈ ਗਈ ਅਤੇ ਸੰਸਦ ਨੂੰ ਸੈਨਾ ਨਿਯੰਤਰਣ ਅਤੇ ਕਰਾਰੋਪਣ ਦਾ ਅਧਿਕਾਰ ਦਿੱਤਾ ਗਿਆ।

ਕ੍ਰੱਾਮਵੈਲ ਨੂੰ ਰਾਜਾ ਦੀ ਪਦਵੀ ਦੇਣ ਦਾ ਇੱਕ ਕਾਰਨ ਸੀ ਕਿ ਉਸ ਤੇ ਘਾਤਕ ਹਮਲਾ ਹੋਇਆ ਸੀ ਅਗਰ ਉਸ ਤੇ ਇਸ ਤਰ੍ਹਾਂ ਦਾ ਕੋਈ ਹੋਰ ਵੀ ਆਕ੍ਰਮਣ ਹੋ ਜਾਂਦਾ ਤਾਂ ਫਿਰ ਉਤਰਾਧਿਕਾਰੀ ਦਾ ਸਵਾਲ ਹੀ ਨਹੀਂ ਉਠਦਾ। ਜੇਕਰ ਕ੍ਰਾਮਵੈਨ ਰਾਜਾ ਬਣਾ ਸਵੀਕਾਰ ਕਰ ਲੈਂਦਾ ਤਾਂ ਸਵਭਾਵਿਕ ਤੌਰ ਤੇ ਉਸਦਾ ਪੁੱਤਰ ਉਤਰਾਧਿਕਾਰੀ ਸਵੀਕਾਰ ਕਰ ਲਿਆ ਜਾਂਦਾ। ਪਰ ਇਸ ਪ੍ਰਸਤਾਵ ਦੇ ਪਿੱਛੇ ਇੱਕ ਪ੍ਰਮੁੱਖ ਕਾਰਨ ਸੀ ਜਿਵੇਂ ਕਿ ਸੇਂਟ ਜਾਨ (St. John) ਨੇ ਕਿਹਾ "ਉਹ ਜਾਣਦੇ ਸਨ ਕਿ ਰਾਜਾ ਕੀ ਕਰ ਰਿਹਾ ਹੈ ਪਰ ਉਹ ਇਹ ਨਹੀਂ ਜਾਣਦੇ ਸਨ ਕਿ ਸਰੰਸ਼ਕ (Protector) ਕੀ ਕਰ ਸਕਦਾ ਹੈ।" ਇਸ ਲਈ ਕ੍ਰਾਮਵੈਲ ਦੀ ਸ਼ਕਤੀ ਨੂੰ ਘੱਟ ਕਰਨ ਲਈ ਇਹ ਪ੍ਰਸਤਾਵ

ਪਾਸ ਕੀਤਾ ਗਿਆ ਫਿਰ ਰਾਜਤੰਤਰ ਦੀ ਦੁਬਾਰਾ ਸਥਾਪਨਾ ਦਾ ਅਰਥ ਕਾਨੂੰਨ ਦੇ ਰਾਜ ਦੀ ਦੁਬਾਰਾ ਸਥਾਪਨਾ ਵੀ ਹੋ ਸਕਦਾ ਹੈ। ਸੈਨਾ ਨੇ ਇਸ ਪ੍ਰਸਤਾਵ ਨੂੰ ਪਸੰਦ ਨਹੀਂ ਕੀਤਾ। ਕਿਉਂਕਿ ਇਸ ਵਿੱਚੋਂ ਕੁਝ ਤਾਂ ਸੱਚਮੁੱਚ ਹੀ ਗਣਤੰਤਰਵਾਦੀ ਸੀ ਦੂਜਾ ਉਹ ਸਮਝ ਗਏ ਕਿ ਇਹ ਪ੍ਰਸਤਾਵ ਵਿਸ਼ੇਸ ਰੂਪ ਤੋਂ ਸੈਨਾ ਦੇ ਵਿਰੁੱਧ ਹੈ। ਦਬਾਵ ਵਿੱਚ ਆ ਕੇ ਕ੍ਰਾਮਵੈਲ ਨੇ ਰਾਜਮੁਕਟ ਠੁਕਰਾ ਦਿੱਤਾ ਪਰ ਸੰਸ਼ੋਧਿਤ 'ਵਿਨੀਤ ਪ੍ਰਾਥਨਾ ਅਤੇ ਪਰਾਮਰਸ਼' ਸਵੀਕਾਰ ਕੀਤੇ ਜਿਸ ਤੋਂ ਦੂਸਰੇ ਸਦਨ ਦੇ ਮੈਂਬਰਾਂ ਦੀ ਨਿਯੁਕਤੀ ਦਾ ਅਧਿਕਾਰ ਕ੍ਰਾਮਵੈਲ ਦੇ ਹੱਥ ਵਿੱਚ ਰਿਹਾ। ਜਦ ਸੰਸਦ ਦਾ ਅਧਿਵੇਸ਼ਨ ਸ਼ੁਰੂ ਹੋਇਆ ਤਾਂ ਦੂਜੇ ਸਦਨ ਵਿੱਚ ਦੋ ਪੁਰਾਣੇ ਪਿਯਰਾਂ ਨੂੰ ਛੱਡ ਕੇ, ਸਾਰੇ ਮੈਂਬਰ, ਸੈਨਾ ਅਧਿਯਕਸ਼, ਉਸਦੇ ਸੰਬੰਧੀ ਅਤੇ ਮਿੱਤਰ ਸੀ। ਉਹ ਕਿਸੇ ਵੀ ਕਾਨੂੰਨ ਦਾ ਨਿਸ਼ੇਧ ਕਰ ਸਕਦੇ ਸਨ। ਇਸ ਲਈ ਸੰਸਦ ਦਾ ਕੰਮ ਕ੍ਰਾਰਿਣੀ ਤੇ ਨਿਯੰਤਰਣ ਪਹਿਲੇ ਜਿਨ੍ਹਾਂ ਹੀ ਦੂਰ ਸੀ। ਪਰ ਕ੍ਰਾਮਵੈਲ ਦੇ ਸੈਨਿਕ-ਅਸੈਨਿਕ ਮਿੱਤਰਾਂ ਵਿੱਚ ਏਕਤਾ ਲਿਆਉਣਾ ਅਸੰਭਵ ਹੈ ਜਦ ਸੰਸਦ ਨੇ ਕ੍ਰਾਮਵੈਲ ਦੇ ਕੰਮਾਂ ਵਿੱਚ ਅੜਚਨ ਪਾਉਣੀ ਸ਼ੁਰੂ ਕੀਤੀ ਤਾਂ ਕ੍ਰਾਮਵੈਲ ਨੇ ਇਸ ਨੂੰ ਭੰਗ ਕਰ ਦਿੱਤਾ। ਇਹ ਉਸਦੀ ਆਖਿਰੀ ਸੰਸਦ ਸੀ। ਕੁਝ ਹੀ ਮਹੀਨੇ ਬਾਅਦ ਉਹ ਮਰ ਗਿਆ।

ਕ੍ਰਾਮਵੇਲ ਦੇ ਪੁੱਤਰ, ਰਿਚਰਡ ਨੇ ਗਣਤੰਤਰ ਦਾ ਕੰਮਭਾਰ ਸੰਭਾਲਿਆ, ਉਹ ਨਾ ਤੇ ਮਹੱਤਵਕਾਂਸ਼ੀ ਸੀ ਅਤੇ ਨਾ ਹੀ ਯੋਗ, ਉਹ ਨਾ ਤਾਂ ਰਾਜਨੀਤਿਕ ਸੀ ਅਤੇ ਨਾ ਹੀ ਸੈਨਿਕ। ਇਸ ਕਾਰਨ ਉਹ ਸੈਨਾ ਨੂੰ ਵੀ ਨਿਯੰਤਰਿਤ ਨਹੀਂ ਕਰਦਾ ਸੀ। ਉਸਨੇ ਬਾਗਡੋਰ ਸੰਭਾਲਦੇ ਹੀ ਸੰਸਦ ਦਾ ਅਧਿਵੇਸ਼ਨ ਬੁਲਾਇਆ ਪਰ ਸੈਨਾ ਦਾ ਸੰਸਦ ਦੇ ਨਾਲ ਮਤਭੇਦ ਹੋ ਗਿਆ। ਸੰਸਦ, ਸੈਨਾ ਨੂੰ ਆਪਣੇ ਨਿਯੰਤਰਣ ਵਿੱਚ ਕਰਨਾ ਚਾਹੁੰਦੀ ਸੀ ਜਿਸ ਲਈ ਸੈਨਾ ਤਿਆਰ ਨਹੀਂ ਸੀ। ਸੰਸਦ ਨੇ ਸੈਨਾ ਨੂੰ ਵੇਤਨ ਦੇਣ ਤੋਂ ਮਨਾ ਕਰ ਦਿੱਤਾ ਅਤੇ ਸੈਨਿਕ ਅਧਿਕਾਰੀਆਂ ਦੇ ਅੱਤਿਆਚਾਰ ਨੂੰ ਜਾਂਚਿਆ। ਉਸਨੇ ਇਹ ਵੀ ਮੰਗ ਰੱਖੀ ਕਿ ਸੈਨਾ ਸੰਸਦ ਦੀ ਸੁਰੱਖਿਆ ਦੀ ਸ਼ਪਥ ਲਵੇ ਅਤੇ ਸੈਨਾ-ਪਰਿਸ਼ਦ ਦੀ ਬੈਠਕ ਸੰਸਦ ਦੀ ਸਵੀਕ੍ਰਤਿ ਤੋਂ ਬਿਨਾਂ ਨਾ ਹੋਵੇ। ਸੈਨਾ ਨੂੰ ਇਹ ਸਵੀਕਾਰ ਨਹੀਂ ਸੀ। ਰਿਚਰਡ ਨੇ ਸੈਨਾ ਨੂੰ ਭੰਗ ਕਿੱਤੇ ਜਾਣ ਦਾ ਆਦੇਸ਼ ਦਿੱਤਾ। ਉੱਤਰ ਵਿੱਚ ਸੈਨਿਕ ਅਧਿਕਾਰੀ ਫਲੀਟਵੁਡ ਨੇ ਸੰਸਦ ਨੂੰ ਭੰਗ ਕਰਨ ਦਾ ਆਦੇਸ਼ ਦਿੱਤਾ। ਸੰਸਦ ਨੇ ਆਪਣੀ ਹਾਰ ਸਵੀਕਾਰ ਕੀਤੀ ਅਤੇ ਆਪਣੇ ਆਪ ਨੂੰ ਭੰਗ ਕਰ ਦਿੱਤਾ। ਰਿਚਰਡ ਨੇ 1659 ਵਿੱਚ ਹੀ ਤਿਆਗ-ਪੱਤਰ ਦੇ ਦਿੱਤਾ ਅਤੇ ਯੂਰੋਪ ਚਲਾ ਗਿਆ।

ਅਕਤੂਬਰ 1659 ਈ: ਵਿਖੇ, ਸੈਨਿਕਾਂ ਨੇ ਸ਼ਾਸਨ ਨੂੰ ਸੰਵਿਧਾਨਿਕ ਰੂਪ ਦੇਣ ਲਈ 'ਰੰਪ' ਨੂੰ ਬੁਲਾਇਆ। ਰੰਪ ਨੇ ਵੀ ਇਹ ਸਾਰੇ ਕਾਨੂੰਨ ਅਵੈਧ ਘੋਸ਼ਿਤ ਕਰ ਦਿੱਤੇ, ਜੋ ਉਸਦੇ ਭੰਗ ਹੋਣ ਤੋਂ ਬਾਅਦ ਪਾਰਿਤ ਕੀਤੇ ਗਏ ਸੀ। ਜਨਰਲ ਲੈਮਬਰਟ ਨੇ ਮੰਗ ਕੀਤੀ ਕਿ ਸੈਨਿਕਾਂ ਦੀ ਇੱਛਾ ਅਨੁਸਾਰ ਸੰਵਿਧਾਨ ਵਿੱਚ ਪਰਿਵਰਤਨ ਕੀਤੇ ਜਾਣ ਪਰ ਸੰਸਦ ਨੇ ਇਸਦਾ ਜਵਾਬ 'ਚ ਲੈਮਬਰਟ ਨੂੰ ਉਸਦੇ ਪਦ ਤੋਂ ਹਟਾ ਦਿੱਤਾ। ਸੈਨਾ ਰੁਸ਼ਟ ਹੋ ਗਈ ਅਤੇ ਸੰਸਦ ਫਿਰ ਭੰਗ ਕੀਤੀ ਗਈ। ਨਵੀਨ ਸੰਵਿਧਾਨ ਬਣਾਉਣ ਲਈ ਸੁਰੱਖਿਆ ਸਮੀਤਿ ਦਾ ਗਠਨ ਕੀਤਾ ਗਿਆ। ਸੈਨਿਕ-ਅਸੈਨਿਕ ਸ਼ਾਸਨ ਵਿੱਚ ਅਲਪਕਾਲੀਨ ਸਹਿਯੋਗ ਸਮਾਪਤ ਹੋ ਗਿਆ।

ਇੰਗਲੈਂਡ ਵਿੱਚ ਅਰਾਜਕਤਾ ਫੈਲਾਉਣ ਦੇ ਅਸਾਰ ਵਿਖਾਈ ਦੇਣ ਲੱਗੇ। ਰਾਜ ਵਿੱਚ ਕੋਈ ਸਕਸ਼ਮ ਸਰਕਾਰ ਨਹੀਂ ਸੀ। ਗਣਤੰਤਰ ਰੂਪੀ ਸਰਕਾਰ ਵਿੱਚ ਲੋਕਾਂ ਦਾ ਵਿਸ਼ਵਾਸ਼ ਖ਼ਤਮ ਹੋ ਗਿਆ ਜੋ ਲੋਕ ਪਹਿਲੇ ਖੁਲ੍ਹੇ ਤੌਰ ਤੇ ਰਾਜਾ ਦੇ ਸਮਰਥਨ ਵਿੱਚ ਨਹੀਂ ਬੋਲਦੇ ਸਨ ਹੁਣ ਕਹਿਣੇ ਲੱਗੇ ਕਿ ਰਾਜਤੰਤਰ ਦੀ ਸਥਾਪਨਾ ਤੋਂ ਇਲਾਵਾ ਕੋਈ ਰਸਤਾ ਨਹੀਂ ਹੈ। ਨਿਸ਼ਕਾਸ਼ਿਤ ਚਾਰਲਸ ਦ੍ਵਿਤੀਯ ਦੇ ਕਈ ਸਮਰਥਕ ਹੋ ਗਏ। ਇਸੇ ਸਮੇਂ ਵਿੱਚ ਸਕੱਟਲੈਂਡ ਨੂੰ ਭੇਜੀ ਗਈ ਸੈਨਾ ਦੇ ਸੇਨਾਪਤੀ ਨੇ ਸਕੱਟਲੈਂਡ ਛੱਡ ਕੇ ਲੰਦਨ ਦੀ ਤਰਫ਼ ਪ੍ਰਸਥਾਨ ਕੀਤਾ। ਉਸਨੇ ਘੋਸਣਾ ਕੀਤੀ ਕਿ ਅਗਰ ਜਰਨਲ ਲੈਮਬਰਟ ਅਤੇ ਹੋਰ ਅਧਿਕਾਰੀ ਹਥਿਆਰ ਪਾ ਦੇਣਗੇ ਤਾਂ ਉਹ ਸਵਤੰਤਰ ਸੰਸਦ ਬੁਲਾਉਣਗੇ। ਇੰਗਲੈਂਡ ਦੀ ਸੈਨਾ ਯੁੱਧ ਦੇ ਇੱਛੁਕ ਨਹੀਂ ਸੀ। ਇਸ ਕਾਰਨ ਉਸਨੇ ਜਨਰਲ ਮੌਂਕ ਦੇ ਸਾਹਮਣੇ ਆਤਮਸਮਰਪਣ ਕਰ ਦਿੱਤਾ। ਮੌਂਕ ਨੇ ਲੰਦਨ ਪਹੁੰਚ ਕੇ ਸਵਤੰਤਰ ਸੰਸਦ ਦੇ ਚੁਨਾਵ ਦੇ ਆਦੇਸ਼ ਦਿੱਤੇ। ਸੰਵਿਧਾਨਿਕ ਸ਼ਕਤੀ (ਰਾਜਾ) ਦੁਆਰਾ ਨਾ ਬੁਲਾਏ ਜਾਣ ਦੇ ਕਾਰਣ ਇਸ ਨੂੰ 'ਕਨਵੇਂਸ਼ਨ ਸੰਸਦ' ਦਾ ਨਾਂ ਦਿੱਤਾ ਗਿਆ।

## 8.4 ਕ੍ਰਾਮਵੈਲ ਅਤੇ ਗਣਤੰਤਰ : ਨਿਸ਼ਕਰਸ਼ (Cromwell and Republic : Gist)

1648-1649 ਵਿੱਚ ਸੀਮਿਤ ਕ੍ਰਾਂਤੀ ਹੋ ਚੁੱਕੀ ਸੀ। ਰਾਜੇ ਤੇ ਮੁਕੱਦਮਾ ਚਲਾਕੇ ਉਸ ਨੂੰ ਮ੍ਰਿਤਯੂ ਦੰਡ ਦਿੱਤਾ ਜਾ ਚੁੱਕਾ ਸੀ ਅਤੇ ਰਾਜਤੰਤਰ ਵੀ ਸਮਾਪਤ ਕੀਤਾ ਜਾ ਚੁੱਕਾ ਸੀ। ਹਾਊਸ ਆਫ਼ ਲਾਰਡਸ ਦਾ ਅਸਤਿਤਵ ਖ਼ਤਮ ਕਰਕੇ, ਪੂਰਨ ਸੰਵਿਧਾਨਕਿ ਸ਼ਕਤੀ ਦਾ ਵਾਸ਼ ਹਾਊਸ ਆਫ਼ ਕਾਮਨਸ ਵਿੱਚ ਕਰ ਦਿੱਤਾ ਗਿਆ ਸੀ। ਰੰਪ ਸੰਸਦ ਨੇ ਗਣਤੰਤਰ ਸਰਕਾਰ ਦੀ ਸਥਾਪਨਾ ਕੀਤੀ ਅਤੇ ਕੁਝ ਸਮੇਂ ਬਾਅਦ ਹੀ ਇੰਗਲੈਂਡ ਵਿੱਚ ਗਣਤੰਤਰ ਘੋਸ਼ਿਤ ਕਰ ਦਿੱਤਾ। ਰੰਪ ਨੇ ਜਿਆਦਾਤਰ ਸਮੇਂ ਰਾਜ-ਸਮਰਥਕਾਂ ਨੂੰ ਦੰਡ ਦੇਣ ਲਈ ਕਾਨੂੰਨ ਬਣਾਉਣ ਵਿੱਚ ਗਵਾਇਆ। ਰੰਪ ਦੀ ਮੁੱਖ ਕਮੀ ਇਹ ਸੀ ਕਿ ਉਹ ਕਿਸੇ ਦੇ ਪ੍ਰਤਿ ਉਤਰਦਾਯੀ ਨਹੀਂ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਰੰਪ ਬਿਨਾਂ ਸਮਰਥਕ ਦੇ, ਆਪਣੇ ਨੂੰ ਹੀ ਸੱਤਾ ਵਿੱਚ ਬਣਾਏ ਰੱਖਣ ਦੇ ਯਤਨਾਂ ਵਿੱਚ ਸੰਗਲਨ ਹੈ। ਇਤਿਹਾਸਕਾਰ ਏਲਮਰ ਤੇ ਵੇਰੋਨਿਕਾ ਵਿਜਵੁਡ ਦਾ ਵਿਚਾਰ ਹੈ ਕਿ 1648-49 ਵਿੱਚ ਸੰਸਦ ਦੀ ਅਪੇਕਸ਼ਾ ਸੈਨਾ ਰਾਸ਼ਟਰੀ ਵਿਚਾਰ ਅਤੇ ਆਕਾਂਸ਼ਾਵਾਂ ਨੂੰ ਜਿਆਦਾ ਵਿਸ਼ਵਸਤ ਰੂਪ ਤੋਂ ਪ੍ਰਤਿਬਿੰਬਿਤ ਕਰਨ ਲੱਗੇ ਸਨ। ਪਰ 1651-53 ਤੱਕ ਸੰਸਦ ਅਤੇ ਸੈਨਾ ਦੋਹਾਂ ਸੰਸਥਾਵਾਂ ਜਨਤਾ ਤੋਂ ਵਿਮੁਖ ਹੋ ਚੁੱਕੀਆਂ ਸੀ।

ਬੇਯਰਬੋਨ ਸੰਸਦ ਵੀ ਕੋਈ ਸਥਾਈ ਰਾਜਨੀਤਿਕ ਵਿਵਸਥਾ ਦਾ ਹਲ ਪ੍ਰਸਤੁਤ ਕਰਨ ਵਿੱਚ ਅਸਫ਼ਲ ਰਹੀ। ਇਸ ਸੰਸਦ ਨੇ ਸੰਵਿਧਾਨਿਕ ਸਮੱਸਿਆ ਦਾ ਹੱਲ ਕੱਢਣ ਦੀ ਜਗ੍ਹਾ ਆਪਣਾ ਜਿਆਦਾ ਸਮੇਂ ਵਿੱਤ ਅਤੇ ਨਿਆਯ ਸੰਬੰਧੀ ਵਿਚਾਰਾਂ ਤੇ ਵਤੀਤ ਕੀਤਾ। 1653-57

1. Burnet, quoted in Thirsk, Restoration, p.XI.
2. Aylmer, Interragnum, the quest for settlement, p.19.

ਦੇ ਵਿੱਚ ਸੰਵਿਧਾਨਿਕ ਸਮੱਸਿਆ ਦਾ ਹੱਲ ਕੱਢਣ ਦੇ ਦੋ ਯਤਨ ਕੀਤੇ ਗਏ। ਸ਼ਾਸਨ ਦੇ ਸਾਧਨ (1653) ਅਤੇ ਵਿਨੀਤ ਪ੍ਰਾਥਨਾ ਅਤੇ ਪਰਾਮਰਸ਼ (1657)। ਇਸ ਵਿੱਚੋਂ ਪਹਿਲਾਂ ਅਰਥਾਤ ਸ਼ਾਸ਼ਨ ਦੇ ਸਾਧਨ (Instruments of Government) ਜਿੱਥੇ ਅਲਪਤੰਤਰ ਦੁਆਰਾ, ਸੈਨਾ ਨੂੰ ਰਾਜ ਦਾ ਅਭਿਨਯ ਅੰਗ ਮੰਨ ਕੇ ਰਾਜ ਕਰਨ ਦਾ ਪ੍ਰਯਾਸ ਕੀਤਾ, ਉਥੇ ਵਿਨੀਤ ਪ੍ਰਾਥਨਾ ਅਤੇ ਪ੍ਰਾਮਰਸ਼ ਦੁਬਾਰਾ ਸਥਾਪਨਾ ਲਈ ਮੁੱਖ ਕਦਮ ਸੀ।[1]

ਗਣਤੰਤਰ ਦੇ ਸੰਸਥਾਪਕਾਂ ਨੇ ਅਗਰ ਗਣਤੰਤਰ ਰਾਜ ਦਾ ਨਿਰਮਾਣ ਕਿਸੇ ਹੋਰ ਰੂਪ ਤੋਂ ਕੀਤਾ ਹੁੰਦਾ ਤਾਂ ਹੋਰ ਜਿਆਦਾ ਗਣਤੰਤਰੀਯ ਤੱਤ ਬਚਾਏ ਜਾ ਸਕਣ ਦੀ ਸੰਭਾਵਨਾ ਸੀ। ਦੁਬਾਰਾ ਸਥਾਪਿਤ-ਸਮਝੋਤਾ ਗਣਤੰਤਰ ਦੀ ਅਸਫ਼ਲਤਾ ਦਾ ਪੈਮਾਨਾ ਹੈ। ਅੰਗ੍ਰੇਜ 1660 ਤਕ ਇਸ ਗਲ ਦੇ ਇਛੁਕ ਸੀ ਕਿ ਰਾਜਾ ਅਤੇ ਰਾਜਤੰਤਰ ਵਾਪਸ ਆ ਜਾਵੇ ਜਿਸ ਤੋਂ ਰਾਜ ਵਿੱਚ ਫਿਰ ਤੋਂ ਆਪਣੀ ਪੁਰਾਣੀ ਪਰੰਪਰਾਗਤ ਰਾਹ ਤੇ ਵਾਪਸ ਆ ਗਏ।[2]

## ਦੁਬਾਰਾ ਸਥਾਪਨਾ, 1660

ਜਨਰਲ ਮੌਂਕ ਦੇ ਵਿਚਾਰ ਤੇ ਚਾਰਲਸ ਦ੍ਵਿਤੀਯ ਨੇ 'ਬ੍ਰੇਡਾ ਦੀ ਘੋਸ਼ਣਾ' ਕੀਤੀ ਜਿਸ ਦੁਆਰਾ ਉਸਨੇ ਵਚਨ ਦਿੱਤਾ ਕਿ ਉਹ (1) ਸੇਨਾ ਨੂੰ ਬਕਾਇਆ ਵੇਤਲ ਦੇਵੇ। (2) ਜਿਨ੍ਹਾਂ ਨੇ ਗ੍ਰਹਿਯੁੱਧ ਵਿੱਚ ਭਾਗ ਲਿਆ ਸੀ ਉਹਨਾਂ ਨੂੰ ਮਾਫ਼ ਕੀਤਾ ਜਾਵੇ। (3) ਧਾਰਮਿਕ ਸਵਤੰਤਰਤਾ ਰਹੇਗੀ। (4) ਸੰਸਦ ਦੇ ਦੁਆਰਾ ਹੀ ਭੂਮੀ ਦੇ ਸਵਾਮਿਤ ਦਾ ਸਮਝੋਤਾ ਹੁੰਦਾ ਹੈ।

ਸੰਸਦ ਨੇ ਇਸ ਘੋਸ਼ਣਾ ਨੂੰ ਸੁਣਿਆ ਅਤੇ ਮੰਨਿਆ। ਇੰਗਲੈਂਡ ਵਿੱਚ ਰਾਜਤੰਤਰ ਹੋਵੇਗਾ ਅਤੇ ਦ੍ਰਿਸ਼ਦਨੀਯ ਸੰਸਦ ਵੀ ਹੋਵੇਗੀ, ਰਾਜਾ ਕੇਵਲ ਸੰਸਦ ਦੀ ਸਹਾਇਤਾ ਤੋਂ ਸ਼ਾਸਨ ਕਰੇਗਾ। ਇਹ ਨਿਸ਼ਚਿਤ ਕਰਕੇ ਕਨਵੇਂਸਨ ਸੰਸਦ ਨੇ ਚਾਰਲਸ ਦ੍ਵਿਤੀਯ ਨੂੰ ਰਾਜਾ ਸਵੀਕਾਰ ਕਰਕੇ ਇੰਗਲੈਂਡ ਆਉਣ ਦਾ ਨਿਮੰਤਰਣ ਦਿੱਤਾ। ਅੰਗਰੇਜ਼ੀ ਭਦ੍ਰਜਨਾਂ ਦੀ ਪਰਿਵਰਤਨ-ਵਿਰੋਧੀ ਇਛਾਵਾਂ ਅਤੇ ਪ੍ਰਵਰਤੀ ਦੀ ਜਿੱਤ ਹੋਈ। ਚਾਰਲਸ ਨੇ ਮਈ 1660 ਨੂੰ ਲੰਦਨ ਵਿੱਚ ਪ੍ਰਵੇਸ਼ ਕੀਤਾ ਇਹ 1641 ਦੇ ਉਸ ਸੰਵਿਧਾਨ ਨੂੰ ਲਾਗੂ ਕਰਦੇ ਹੋਏ ਆਇਆ ਜੋ ਕਿ ਸੰਸਦੀਯ ਭਦ੍ਰਜਨ ਹਮੇਸ਼ਾ ਹੀ ਸੁਰੱਖਿਅਤ ਰੱਖਣਾ ਚਾਹੁੰਦ ਸੀ। ਰਾਜਾ ਅਤੇ ਭਦ੍ਰ-ਵਰਗ ਨੇ ਆਪਣੀ ਸਾਂਝੇਦਾਰੀ ਦੁਬਾਰਾ ਸਥਾਪਿਤ ਕੀਤੀ ਅਤੇ ਇੱਕ ਸਮੇਂ ਦੇ ਪੁਰਾਣੇ ਸੰਵਿਧਾਨ ਦੇ ਅਨੁਸਾਰ ਕੰਮ ਕਰਨ ਦੇ ਯਤਨ ਸ਼ੁਰੂ ਕੀਤੇ।

1660 ਦੀ ਦੁਬਾਰਾ ਸਥਾਪਨਾ ਰਾਜਾ ਤੋਂ ਜਿਆਦਾ ਉਸ ਵਰਗ ਦੀ ਦੁਬਾਰਾ ਸਥਾਪਨਾ ਸੀ ਜਿਸਦਾ ਪ੍ਰਤਿਨਿਧਿਤਵ ਸੰਸਦ ਕਰਦੀ ਸੀ। 'ਕਨਵੇਂਸ਼ਨ ਸੰਸਦ' ਨੇ ਰਾਜਾ ਨੂੰ ਬੁਲਾਇਆ ਸੀ, ਰਾਜਾ ਨੇ ਸੰਸਦ ਨੂੰ ਨਹੀਂ।

ਰਾਜਤੰਤਰ ਦੇ ਨਾਲ-ਨਾਲ ਪਾਰੰਪਰਿਕ ਉੱਚ ਵਰਗ ਵੀ ਸੱਤਾਰੂੜ ਹੋ ਗਿਆ ਅਤੇ ਕੁਝ ਸਮੇਂ ਬਾਅਦ ਵੀ ਬਿਸ਼ਪਾਂ ਨੂੰ ਉੱਚ ਸਦਨ ਵਿੱਚ ਸਥਾਨ ਪ੍ਰਾਪਤ ਕਰਨ ਦਾ ਅਧਿਕਾਰ ਅਤੇ ਚਰਚ ਦੇ ਸ਼ਾਸਲ ਵਿੱਚ ਏਂਗਲਿਕਨਾਂ ਨੂੰ ਨਿਯੁਕਤ ਕੀਤਾ ਜਾਣ ਲੱਗਾ। ਸਥਾਨੀਯ ਸ਼ਾਸਨ ਅਤੇ ਸੈਨਾ ਤੇ ਨਿਯੰਤਰਣ ਇੱਕ ਵਾਰ ਫਿਰ ਪਿਯਰਾਂ ਤੇ ਭਦ੍ਰਜਨਾਂ ਅਤੇ ਲਾਰਡ ਮੇਯਰ ਅਤੇ ਸ਼ੈਰਿਫ਼ ਦੇ ਹੱਥ ਵਿੱਚ ਆ ਗਿਆ। ਸ਼ਾਸਨ ਵਿੱਚ ਰਾਜਤੰਤਰ ਸਮਰਥਕਾਂ ਨੂੰ ਨਿਯੁਕਤ ਕੀਤਾ ਗਿਆ। ਕੁਝ ਹੋਰ ਸਥਾਨ (ਪ੍ਰਸ਼ਾਸਨਿਕ ਸਥਾਨ) ਤੇ ਹੁਣ ਵੀ ਗਣਤੰਤਰ ਸ਼ਾਸ਼ਨ ਦੇ ਸਮੇਂ ਦੇ ਅਧਿਕਾਰੀ ਕੰਮ ਕਰ ਰਹੇ ਸੀ ਜਿਵੇਂ :- ਮੌਂਕ ਅਤੇ ਉਸਦੇ ਮਿੱਤਰ ਅਤੇ ਕਈ ਪ੍ਰੇਸਬਾਈਟੇਰਿਯਨ ਨੇਤਾ। ਹਾਊਸ ਆਫ਼ ਲਾਰਡਸ ਦੀ ਸਥਾਪਨਾ ਦੁਬਾਰਾ ਹੋ ਗਈ ਸੀ ਪਰ ਉਸ ਦੀ ਸੰਵਿਧਾਨਿਕ ਸਥਿਤੀ ਕਦੇ ਵੀ ਪਹਿਲਾਂ ਦੀ ਤਰ੍ਹਾਂ ਨਹੀਂ ਹੋ ਸਕਦੀ ਸੀ। ਹਾਊਸ ਆਫ਼ ਕਾਮਨਸ 1661,1971 ਤੇ 1678 ਦੇ ਪ੍ਰਸਤਾਵਾਂ ਦੇ ਨਿਚਲੇ ਸਦਨ ਦੀ ਵਿੱਤ ਸੰਬੰਧੀ ਬਿੱਲਾਂ ਨੂੰ ਸ਼ੁਰੂ ਕਰਨ ਅਤੇ ਹਾਊਸ ਆਫ ਲਾਰਡਸ ਦੁਆਰਾ ਇਸ ਤਰ੍ਹਾਂ ਦੇ ਬਿੱਲ੍ਹਾਂ ਦਾ ਸੰਸ਼ੋਧਨ ਨਾ ਕੀਤੇ ਜਾਉਣ ਦੀ ਸ਼ਕਤੀ ਪੂਰਨ ਰੂਪ ਵਿਚੋਂ ਸਪਸ਼ਟ ਅਤੇ ਸਥਾਪਿਤ ਕਰ ਦਿੱਤੀ ਗਈ।

ਵਿਸ਼ੇਸ਼ਾਧਿਕਾਰ ਨਿਆਲਿਆ ਦੀ ਦੁਬਾਰਾ ਸਥਾਪਨਾ ਨਹੀਂ ਹੋਈ। ਇਸਦੇ ਬਿਨ੍ਹਾਂ ਪ੍ਰੀਵਿ ਪਰਿਸ਼ਦ ਵਿਸ਼ਾ ਵਿੱਚ ਕੁਲੀਨ ਜਨਾਂ ਦੀ ਇੱਛਾ ਦੇ ਵਿਰੁੱਧ ਹਸਤਖ਼ੇਪ ਨਹੀਂ ਕਰ ਸਕਦੇ ਸਨ।

ਪਰ ਸਭ ਤੋਂ ਵੱਡਾ ਪਰਿਵਰਤਨ ਲੋਕਾਂ ਦੇ ਵਿਚਾਰਾਂ ਵਿੱਚ ਸੀ। ਚਾਰਲਸ ਪ੍ਰਥਮ ਨੂੰ ਮ੍ਰਿਤਯੂ ਦੰਡ ਅਤੇ ਗਣਤੰਤਰ ਸ਼ਾਸਨ ਦੇ ਅਨੁਭਵ ਨੇ ਲੋਕਾਂ ਦੇ ਦਿਲਾਂ ਵਿੱਚ ਡੂੰਘੀ ਛਾਪ ਛੱਡੀ। ਕਰੀਬ 20 ਸਾਲਾਂ ਤੋਂ ਸੰਸਦ ਦੀ ਕਮੇਟੀਆਂ ਨੇ ਸੈਨਾ, ਚਰਚ, ਨੋਸੈਨਾ ਅਤੇ ਵਿਦੇਸ਼ ਨੀਤਿ ਆਦਿ ਦਾ ਨਿਯੰਤਰਣ ਕੀਤਾ ਸੀ। ਹੁਣ ਇਸ ਤਰ੍ਹਾਂ ਦੇ ਵਿਸ਼ੇ ਨਹੀਂ ਰਹਿ ਗਏ ਸਨ ਜਿਸਦਾ ਲੋਕਾਂ ਨੂੰ ਗਿਆਨ ਨਾ ਹੋਵੇ। ਇੱਕ ਨਵੇਂ ਨੌਕਰਸ਼ਾਹੀ ਦੀ ਸਥਾਪਨਾ ਹੋ ਚੁੱਕੀ ਸੀ ਅਤੇ ਇਹ ਨੌਕਰਸ਼ਾਹੀ ਆਪਣੇ ਉਪਯੋਗਿਤਾ ਵੀ ਪ੍ਰਦਰਸ਼ਿਤ ਕਰ ਚੁੱਕੀ ਸੀ। ਸੈਨਾ ਅਤੇ ਨੋਸੈਨਾ ਨਾਲ ਸੰਬੰਧਿਤ ਜੋ ਨਵਾਂ ਅਤੇ ਨਵੀਨ ਅਨੁਸ਼ਾਸਨ ਕਾਨੂੰਨ 1661 ਅਤੇ 1666 ਵਿੱਚ ਬਣਾਏ ਗਏ। ਇਸ ਵਿੱਚ ਕਾਮਨਵੇਲਥ ਦੀ ਝਲਕ ਸਾਫ਼ ਵਿਖਾਈ ਦਿੰਦੀ ਹੈ। ਚਾਰਲਸ ਦ੍ਵਿਤੀਯ ਦੀ ਪ੍ਰੀਵੀ ਪਰਿਵਸ਼ਦ ਵਿੱਚ ਇੱਕ ਤਿਹਾਈ ਮੈਂਬਰ ਇਸ ਤਰ੍ਹਾਂ ਦੇ ਸਨ ਜਿੰਨ੍ਹਾਂ ਨੇ ਉਸਦੇ ਪਿਤਾ ਦੇ ਵਿਰੋਧ ਵਿੱਚ ਯੁੱਧ ਕੀਤਾ ਸੀ। ਉਹ ਕਈ ਅਨਿਅੰਤਰਿਤ ਰਾਜਤੰਤਰ ਦੇ ਸਮਰਥ ਨਹੀਂ ਹੋ ਸਕਦੇ ਸੀ।

ਲੋਕ ਕਾਨੂੰਨ ਨਿਆਲਿਅ ਦੀ ਸਰਵੋਚਤਾ ਸਵੀਕਾਰ ਕਰ ਲਈ ਗਈ। ਵਿਦਰੋਹ ਦੇ ਮੁਕੱਦਮੇ ਅਤੇ ਕਾਫ਼ੀ ਹੱਦ ਤੱਕ ਵਿਉਪਾਰ-ਸੰਬੰਧੀ ਕਾਰਿਆਵਾਹੀ ਹੁਣ ਇਨ੍ਹਾਂ ਨਿਆਲਿਆ ਦੇ ਹੱਥ ਵਿੱਚ ਆ ਗਈ। ਚਰਚ ਨਿਆਲਿਆ ਵਾਪਸ ਆ ਗਏ ਪਰ ਹੁਣ ਉਹਨਾਂ ਦੀ ਸ਼ਕਤੀ ਵਿੱਚ ਕਮੀ ਆ ਗਈ ਅਤੇ ਉਹ ਲੋਕ ਕਾਨੂੰਨ ਨਿਆਲਿਆ ਦੇ ਅਧੀਨ ਸਵੀਕਾਰ ਕੀਤੇ ਗਏ।

ਲੋਕ ਕਾਨੂੰਨ ਦੀ ਸਵੀਕਾਰ ਕਰਨ ਯੋਗ ਪਰਿਭਾਸ਼ਾ ਹੁਣ ਰਾਜਾ ਅਤੇ ਉਸਦੇ ਜੱਜ ਨਹੀਂ ਬਲਕਿ ਉਸਦੇ ਸੰਸਦ ਦੇ ਮੈਂਬਰ ਕਰਦੇ ਸਨ। ਇੰਗਲੈਂਡ ਦਾ ਰਾਜ ਨਿਸ਼ਚਿਤ ਕਾਨੂੰਨ ਦੇ ਸ਼ਾਸਨ (Rule of law) ਤੇ ਆਧਾਰਿਤ ਹੋ ਗਿਆ।

**ਰਾਜਨੀਤਿਕ ਵਿਵਸਥਾ :-** 1660 ਵਿੱਚ ਸੰਵਿਧਾਨਿਕ ਸੰਤੁਲਨ ਸਥਾਪਿਤ ਕਰਨ ਦਾ ਪ੍ਰਯਾਸ ਕੀਤਾ ਗਿਆ। ਰਾਜਾ ਅਤੇ ਹਾਊਸ ਆਫ਼ ਕਾਮਨਸ ਦੇ ਵਿੱਚ ਸ਼ਕਤੀ ਦੀ ਵੰਡ ਕੀਤੀ ਗਈ। ਦੋਵੇਂ ਹੀ ਸ਼ਕਤੀ ਸੰਪਨ ਸੀ। ਕਿਸੇ ਵੀ ਇੱਕ ਦੀ ਸਰਵੋਚਤਾ ਸਥਾਪਿਤ ਨਹੀਂ ਹੋ ਪਾਈ ਸੀ। ਇਸ ਲਈ ਸ਼ਾਸਨ ਸੰਬੰਧੀ ਕਾਰਵਾਈ ਦੇ ਲਈ ਦੋਵਾਂ ਵਿੱਚ ਸਹਿਯੋਗ ਆਵਸ਼ਯਕ ਸੀ। ਸਤਾਰ੍ਹਵੀਂ ਸਦੀ

ਨੋਟ

ਦੇ ਰਾਜਾ ਸੰਸਦ ਸੰਘਰਸ਼ ਦੇ ਪਰਿਣਾਮਸਵਰੂਪ ਰਾਜਾ ਦੀ ਸ਼ਕਤੀ ਤੇ ਅੰਕੁਸ਼ ਲਗਾ ਦਿੱਤੇ ਗਏ ਪਰ ਸੰਸਦ ਨੂੰ ਸਰਵੋਚ ਨਾ ਬਣਾਇਆ ਜਾ ਸਕਿਆ।

ਦੁਬਾਰਾ ਸਥਾਪਨਾ ਦੇ ਸਮੇਂ ਪੁਰਾਣੇ ਸੰਵਿਧਾਨ ਨੂੰ ਜੋ ਪਹਿਲੇ ਹੀ ਅਲਿਖਿਤ ਸੀ ਅਤੇ ਜਿਸ ਵਿੱਚ 1642 ਈ: ਵਿੱਚ ਦਿਰਘ ਸੰਸਦ ਨੇ ਕੁਝ ਸੰਸ਼ੋਧਨ ਟੈਕਸ ਦਿੱਤੇ ਸਨ, ਦੁਬਾਰਾ ਲਾਗੂ ਕਰਨ ਦਾ ਪ੍ਰਯਾਸ ਕੀਤਾ ਗਿਆ। ਇਹ ਯਤਨ ਅਸਫ਼ਲ ਰਿਹਾ ਕਿਉਂਕਿ ਇਨ੍ਹਾਂ ਪਰਿਵਰਤਨਾਂ ਤੋਂ ਬਾਅਦ ਵੀ ਇਸ ਸੰਵਿਧਾਨ ਵਿੱਚ ਸਮੱਸਿਆ ਇਸ ਤਰ੍ਹਾਂ ਹੀ ਬਣੀ ਰਹੀ ਜਿਸਦੇ ਕਾਰਨ ਗ੍ਰਹਿਯੁੱਧ ਹੋਇਆ ਅਤੇ ਰਾਜਤੰਤਰ ਸਮਾਪਤ ਕੀਤਾ ਗਿਆ ਸੀ। ਇਨ੍ਹਾਂ ਸਮੱਸਿਆਂ ਵਿੱਚੋਂ ਮੁੱਖ ਸੀ ਦੋ ਸੰਸਥਾਵਾਂ ਦੇ ਵਿੱਚ ਸਹਿਯੋਗ ਸਥਾਪਿਤ ਕਰਨ। ਇਕ ਹੋਰ ਰਾਜਤੰਤਰ ਜਿਸਦੇ ਕੁਝ ਵਿਸ਼ੇਸ਼ਅਧਿਕਾਰ ਸਮਾਪਤ ਕਰ ਦਿੱਤੇ ਗਏ ਅਤੇ ਜੋ ਧਨ ਦੇ ਲਈ ਕਾਫ਼ੀ ਹੱਦ ਤੱਕ ਸੰਸਦ ਦੇ ਆਸ਼ਿਤ ਹੋ ਗਏ ਸਨ ਅਤੇ ਦੂਜੀ ਤਰਫ਼ ਹਾਊਸ ਆਫ ਕਾਮਨਸ ਜੋ ਹੁਣ ਅਨੇਕ ਸੁਵਿਧਾਵਾਂ ਪ੍ਰਾਪਤ ਕਰਨ ਤੋਂ ਬਾਅਦ ਅਤੇ ਸੰਘਰਸ਼ ਦੇ ਪਥ ਦੇ ਅਗ੍ਰਸਰ ਹੋਣ ਦੇ ਬਾਵਜੂਦ, ਆਪਣੇ ਅਸਤਿੱਤਵ ਲਈ ਰਾਜਾ ਤੇ ਨਿਰਭਰ ਕਰਦਾ ਸੀ। ਇਸ ਸਮੱਸਿਆ ਦਾ ਨਿਦਾਨ 1660 ਵਿੱਚ ਓਨਾਂ ਹੀ ਦੂਰ ਸੀ ਜਿੰਨਾਂ ਸੰਨ 1642 ਵਿੱਚ ਅਤੇ ਆਉਣ ਵਾਲੇ ਦੋ ਸਟੂਅਰਟ ਰਾਜਿਆਂ ਦੇ ਰਾਜਕਾਲ ਦੇ ਦੌਰਾਨ 1641 ਵਿੱਚ ਪਾਰਿਤ ਕਾਨੂੰਨ ਨੂੰ ਹੀ ਆਧਾਰ ਬਣਾਇਆ ਗਿਆ ਸੀ। 1660 ਵਿੱਚ ਹਾਊਸ ਆਫ਼ ਕਾਮਨਸ ਨੇ ਹਾਊਸ ਆਫ਼ ਲਾਰਡਸ ਦੇ ਦੌਰਾਨ ਸਮਝੌਤਾ ਕੀਤਾ। ਹੋਰ ਇਹ ਘੋਸ਼ਣਾ ਕੀਤੀ ਕਿ "ਦੇਸ਼ ਦੇ ਪ੍ਰਾਚੀਨ ਅਤੇ ਮੌਲਿਕ ਸੰਵਿਧਾਨ ਦੇ ਅਨੁਸਾਰ ਰਾਜਾ ਲਾਰਡਸ ਅਤੇ ਕਾਮਨਸ ਸਰਕਾਰ ਸੀ ਅਤੇ ਇਹ ਹੋਣ ਵੀ ਚਾਹੀਦਾ ਹੈ" ਇਹ ਘੋਸ਼ਣਾ ਸਵਤੰਤਰ ਦੀ ਸੂਚਕ ਸੀ। "ਸੰਸਦ ਵਿੱਚ ਰਾਜਾ" ਦੇ ਸਥਾਨ ਤੇ ਨਵੀਂ ਤ੍ਰਿਸੰਸਥਾ (ਰਾਜ, ਕਾਮਨਸ ਅਤੇ ਲਾਰਡਸ) ਦੇ ਹੱਥ ਵਿੱਚ ਸ਼ਕਤੀ ਦੀ ਸਥਾਪਨਾ ਹੋ ਗਈ। ਪਰ ਦੁਬਾਰਾ ਸਥਾਪਨਾ ਵਿੱਚ ਇਨ੍ਹਾਂ ਤਿੰਨਾਂ ਸੰਸਥਾਵਾਂ ਨੇ ਅਲੱਗ-ਅਲੱਗ ਪ੍ਰਮਾਣਿਤ ਕੀਤੀ, ਇਸ ਵਿੱਚ ਸਹਿਯੋਗ ਦਾ ਪ੍ਰਭਾਵ ਨਹੀਂ ਵਿਖਾਇਆ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਇੱਕ ਇਸ ਤਰ੍ਹਾਂ ਦਾ ਪ੍ਰਯਾਸ ਹੈ ਜਿਸ ਵਿੱਚ ਨਵੇਂ ਸਿਧਾਂਤਾਂ ਨੂੰ ਪੁਰਾਣੀ ਨੀਤਿ ਨਾਲ ਜੋੜਨ ਦਾ ਯਤਨ ਕੀਤਾ ਗਿਆ। ਇਹ ਯਤਨ ਅਸਫ਼ਲ ਰਿਹਾ। ਨਵੇਂ ਅਤੇ ਪੁਰਾਣੇ ਦਾ ਮੇਲ ਹੋ ਵੀ ਨਹੀਂ ਸਕਦਾ। 1640 ਤੋਂ ਪਹਿਲਾਂ 'ਸੰਸਦ ਵਿੱਚ ਰਾਜਾ' ਰਾਜਾ ਕਿਹਾ ਜਾਂਦਾ ਸੀ, 1660 ਤੋਂ ਬਾਅਦ 'ਰਾਜਾ ਅਤੇ ਸੰਸਦ'। 1640 ਤੋਂ ਪਹਿਲਾਂ ਸਰਕਾਰ ਇੱਕ ਸੰਸਥਾ ਸੀ ਜਿਸ ਵਿੱਚ ਰਾਜਾ ਆਪਣੇ ਨਿਆਧੀਸ਼, ਪਰਿਸ਼ਦ, ਭਦ੍ਰਜਨ ਅਤੇ ਵਿਸ਼ਵਾਸ਼ ਯੋਗ ਭਗਤ 'ਕਾਮਨਸ' (ਸੰਸਦਾਂ) ਦੀ ਸਹਾਇਤਾ ਨਾਲ ਰਾਜ ਕਰਦਾ ਸੀ।

1660 ਤੋਂ ਬਾਅਦ ਰਾਜਾ (ਜਿਸਨੂੰ ਕੁਝ ਵਿਸ਼ੇਸ਼ਾਧਿਕਾਰ ਪ੍ਰਾਪਤ ਸੀ) ਅਤੇ ਸੰਸਦ (ਜਿਸਨੂੰ ਸਿਰਫ਼ ਕੁਝ ਸੁਵਿਧਾਵਾਂ ਪ੍ਰਾਪਤ ਸਨ) ਦੇ ਵਿੱਚ ਸ਼ਕਤੀ-ਸੰਤੁਲਨ ਦੇ ਮੱਧ ਕੰਮਕਾਰਿਣੀ ਸ਼ਕਤੀ ਦੀ ਵਰਤੋਂ ਕਰਨ ਦਾ ਇੱਕ ਅਸ਼ਪਸ਼ਟ ਪ੍ਰਬੰਧ ਸੀ ਕਿ ਉਹ ਸ਼ਕਤੀ ਰਾਜਾ ਵਿੱਚ ਸਮਾ ਗਿਆ ਹੈ ਸੰਸਦ ਵਿੱਚ ਨਹੀਂ। ਪਰ ਉਹ ਇਸ ਸ਼ਕਤੀ ਦਾ ਪ੍ਰਯੋਗ ਕੇਵਲ ਆਪਣੇ ਦੁਆਰਾ ਚੁਣੇ ਹੋਏ ਪਰ ਦੇਸ਼ ਦੇ ਲਈ ਉਤਰਦਾਯੀ, ਪ੍ਰਿਵੀ ਪਰਿਸ਼ਦ ਦੇ ਮੈਂਬਰਾਂ ਦੀ ਮਰਜ਼ੀ ਤੋਂ ਹੀ ਕਰ ਸਕਦਾ ਹੈ। ਇਹ ਪਰਾਮਰਸ਼ ਸੁਝਾਵ ਹਨ, ਆਦੇਸ਼ ਨਹੀਂ। ਪਰ ਇਹ ਪਰਾਮਰਸ਼ ਦਾਤਾ ਆਪਣੀ ਨੀਤਿ ਦੇ ਲਈ ਸੰਸਦ ਦੇ ਪ੍ਰਤਿ ਉਤਰਦਾਯੀ ਸਨ ਅਤੇ ਕੋਈ ਪਰਿਸ਼ਦ ਮੈਂਬਰ ਗਲ਼ਤ ਸੁਝਾਵ ਦਿੰਦਾ ਸੀ ਤਾਂ ਸੰਸਦ ਉਸ ਤੇ ਮੁਕੱਦਮਾ ਚਲਾ ਸਕਦੀ ਸੀ। ਸੰਸਦ ਆਪਣੇ ਅਧਿਕਾਰਾਂ ਦੇ ਲਈ ਸਜਗ ਸੀ। ਹੁਣ ਕੋਈ ਵੀ ਮੰਤਰੀ, ਸੰਸਦ ਦਾ ਵਿਸ਼ਵਾਸ ਖੋ ਕੇ ਆਪਣੇ ਅਹੁੱਦੇ ਤੇ ਆਸੀਨ ਨਹੀਂ ਹੋ ਸਕਦਾ ਸੀ। ਚਾਲਰਸ ਦ੍ਵਿਤੀਯ ਦੇ ਮੰਤਰੀ ਡੇਨਬੀ ਤੇ ਜਦ ਸੰਸਦ ਨੇ ਫ੍ਰਾਂਸ ਦੇ ਨਾਲ ਸ਼ਡਯੰਤਰ ਦਾ ਅਭਿਯੋਗ ਕੀਤਾ ਤਾਂ ਇਸ ਅਧਿਕਾਰ ਦੀ ਪੁਸ਼ਟੀ ਹੋ ਗਈ। ਇਸ ਤਰ੍ਹਾਂ ਵਿਦੇਸ਼ੀ ਨੀਤਿ ਤੇ ਵੀ ਸੰਸਦ ਦਾ ਨਿਯੰਤਰਣ ਡੇਨਬੀ ਦੇ ਪਤਨ ਤੋਂ ਪ੍ਰਮਾਣਿਤ ਹੋਇਆ।

**ਧਾਰਮਿਕ ਵਿਵਸਥਾ :–** ਬਿਸ਼ਪ ਬਰਨਰ ਨੇ 1660 ਵਿੱਚ ਆਪਣੇ ਅਨੁਭਵ ਦੇ ਆਧਾਰ ਤੇ ਲਿਖਿਆ ਸੀ ਕਿ ਜਿਆਦਾਤਰ ਜਨਤਾ ਦੁਬਾਰਾ ਸਥਾਪਨਾ ਦੇ ਲਈ ਧਾਰਮਿਕ ਸਵਤੰਤਰਤਾ ਦੇ ਪੱਖ ਵਿੱਚ ਸੀ। ਚਾਰਲਸ ਦ੍ਵਿਤੀਯ ਵੀ ਸਾਰਿਆਂ ਨੂੰ ਹੀ ਧਾਰਮਿਕ ਸਵਤੰਤਰਤਾ ਦੇਣਾ ਚਾਹੁੰਦਾ ਸੀ ਜਿਸ ਤੋਂ ਉਹ ਕੈਥੋਲਿਕ ਧਰਮ ਦੇ ਲਈ ਮਾਰਗ ਖੁੱਲ੍ਹਾ ਰੱਖ ਸਕੇ। ਪਰ ਘਟਨਾਵਾਂ ਨੇ ਤਰ੍ਹਾਂ-ਤਰ੍ਹਾਂ ਦੇ ਮੋੜ ਲਏ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਚਾਰਲਸ ਦ੍ਵਿਤੀਯ ਨੇ ਆਪਣੇ ਨਿਸ਼ਕਾਸਨ ਦੇ ਸਮੇਂ ਏਂਗਲਿਕਨ ਪਾਦਰਿਆਂ ਤੋਂ ਜੋ ਸਮਝੌਤਾ ਕੀਤਾ ਉਸ ਤੋਂ ਇਹ ਆਵਸ਼ਿਯਕ ਹੋ ਗਿਆ ਕਿ ਪਾਦਰਿਆਂ ਦੀ ਸਥਾਪਨਾ ਦੁਬਾਰਾ ਹੋਵੇਗੀ। ਪਯੂਰਿਟਨ ਹਿੰਮਤ ਹਾਰ ਗਏ ਸੀ ਅਤੇ ਇਕੱਠੇ ਵੀ ਨਾ ਸੀ। ਇਸ ਨਾਲ ਰਾਜਤੰਤਰ-ਸਮਰਥਕਾਂ-ਜਿੰਨਾਂ ਨੂੰ 1661 ਦੇ ਚੁਣਾਵ ਵਿੱਚ ਹੀ ਬਹੁਮਤ ਮਿਲ ਗਿਆ ਸੀ- ਦਾ ਕੰਮ ਸੌਖਾ ਹੋ ਗਿਆ। ਜਿਸਦਾ ਪਰਿਣਾਮ, ਵਿਸ਼ੇਸ਼ਕਰ 'ਏਕਟ ਆਫ਼ ਯੂਨੀਫ਼ਾਰਮਿਟੀ' 1662 ਦੁਆਰਾ, ਨਰਮ ਪ੍ਰੇਸਬਾਈਟੇਰਿਅਨਾਂ ਨੂੰ ਵੀ ਜਾਂ ਤਾਂ ਇੰਗਲੈਂਡ ਦਾ ਚਰਚ ਸਵੀਕਾਰ ਕਰਨ ਪਿਆ ਅਤੇ ਨਾਂ ਕਰਨ ਤੇ ਚਰਚ ਛੱਡਣੀ ਪਈ। ਕਈ ਪਯੂਰਿਟਨ ਜੋ ਕਈ ਸਾਲਾਂ ਤੋਂ ਸਥਾਪਿਤ ਚਰਚ ਵਿੱਚ ਸੁਧਾਰ ਅਤੇ ਪਰਿਵਰਤਨ ਦਾ ਯਤਨ ਕਰ ਰਹੀ ਸੀ, ਐਂਗਲਿਕਨ ਚਰਚ ਸਵਿਕਾਰ ਨਾ ਕਰ ਪਾਏ ਅਤੇ ਰਾਜਧਰਮ-ਵਿਰੋਧੀ ਬਣ ਗਏ। ਪਰ ਹੁਣ ਪਯੂਰਿਟਨ ਵਿਚਾਰਧਾਰਾ ਦੁਬਾਰਾ ਸਮਾਜ ਦੇ ਸਾਰੇ ਵਰਗਾਂ ਨੂੰ ਮਾਨਯ ਨਾ ਰਹੀ ਗਈ ਸੀ ਅਤੇ ਦੁਬਾਰਾ ਸਾਥਪਨਾ ਤੋਂ ਬਾਅਦ ਤਾਂ ਇਹ ਸਿਰਫ਼ ਮੱਧਵਰਗ ਦੀ ਵਿਚਾਰਧਾਰਾ ਬਣ ਗਈ।

**ਆਰਥਿਕ ਨੀਤਿ ਅਤੇ ਆਰਥਿਕ ਵਿਕਾਸ :–** 1660 ਤੋਂ ਬਾਅਦ, ਜਮੀਂਦਾਰ ਵਰਗ, ਨਿਮਨ ਸਮਾਜਿਕ ਵਰਗ ਦੇ ਵਿਦ੍ਰੋਹ ਤੋਂ ਸੁਰੱਖਿਅਤ ਹੋ ਗਏ। ਇਸ ਕਾਰਨ ਸਰਕਾਰ ਦਾ ਉਦੇਸ਼ ਉਤਪਾਦਨ 'ਚ ਵਾਧਾ ਅਤੇ ਉਤਪਾਦਕਾਂ ਦੇ ਹਿੱਤ ਦੀ ਰੱਖਿਆ ਹੋ ਗਿਆ ਅਤੇ ਖਰੀਦਾਰਾਂ ਦੀ ਹਿੱਤ ਦੀ ਅਵਹੇਲਨਾਂ ਹੋ ਗਿਆ। ਕੁਝ ਹੀ ਸਾਲਾਂ ਵਿੱਚ ਅਨਾਜ ਦਾ ਆਯਾਤ ਪੂਰੀ ਤਰ੍ਹਾਂ ਬੰਦ ਕੀਤਾ ਗਿਆ। ਜਿਸ ਨਾਲ ਅੰਗਰੇਜ਼ ਉਤਪਾਦਕਾਂ ਨੂੰ ਉੱਚੀ ਕੀਮਤ ਮਿਲ ਸਕੇ। ਕਣਕ ਦੀ ਨਿਰਯਾਤ ਤੇ 'ਬਾਊਂਟੀ' ਦਿੱਤੀ ਜਾਣ ਲੱਗੀ। ਜਿਸ ਤੋਂ ਉਤਪਾਦਕਾਂ ਨੂੰ ਪ੍ਰੋਤਸਾਹਨ ਮਿਲਿਆ। 'ਅਵਰੋਧਕਾਰੀ ਗਿਲਡ' ਅਤੇ ਪ੍ਰਸ਼ਿਸ਼ਣ ਸੰਬੰਧੀ ਕਾਨੂੰਨ ਹੁਣ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੇ ਗਏ ਅਤੇ ਕੱਪੜਾ ਉਦਯੋਗ ਸਭ ਲਈ ਖੋਲ ਦਿੱਤੇ। ਇਸ ਨਵੀਂ ਸਵਤੰਤਰਤਾ ਤੋਂ ਉਦਯੋਗ, ਵਿਸ਼ੇਸ਼ਕਰ ਕੱਪੜਾ ਉਦਯੋਗ ਨੂੰ ਬਹੁਤ ਫਾਇਦਾ ਹੋਇਆ।

ਦੁਬਾਰਾ ਸਥਾਪਨਾ ਦਾ ਪਰਿਣਾਮ ਇਹ ਹੋਇਆ ਕਿ ਨਿਯੋਜਕ (ਨੌਕਰੀ ਦੇਣ ਵਾਲੇ) ਦੀ ਸਥਿਤੀ ਨੂੰ ਦ੍ਰਿੜ ਕੀਤਾ ਗਿਆ। 1662 ਈ: ਦਾ ਸੈਟਲਮੇਂਟ ਏਕਟ ਦੇ ਅਨੁਸਾਰ ਪੇਰਿਸ (ਪਾਦਰੀ ਦਾ ਨਿਯੰਤਰਣ ਖੇਤਰ) ਵਿੱਚ ਨਵੇਂ ਆਉਣ ਵਾਲੇ ਨੂੰ ਵਾਪਿਸ ਭੇਜਿਆ ਜਾ ਸਕਦਾ ਸੀ। ਗਰੀਬ ਘਰਾਂ (Parish House) ਵਿੱਚ ਹਾਲਤ ਇੰਨ੍ਹੀ ਮਾੜੀ ਸੀ ਕਿ ਲੋਕ ਉਧਰ ਆਉਣਾ ਵੀ ਪਸੰਦ ਨਹੀਂ ਕਰਦੇ ਸਨ।

ਇਸ ਤਰ੍ਹਾਂ ਉਨ੍ਹਾਂ ਅਤੇ ਨੌਕਰੀ ਕਰਨ ਤੇ ਮਜਬੂਰ ਕੀਤਾ ਜਾਂਦਾ ਸੀ। ਨੌਕਰੀ ਦੇ ਇਛੁੱਕ ਲੋਕਾਂ ਦੀ ਗਿਣਤੀ ਜਿਆਦਾ ਹੋਣ ਦੇ ਕਾਰਨ ਤਨਖ਼ਾਹ ਘੱਟ ਮਿਲਦੀ ਸੀ।

**ਸਾਮੰਤਵਾਦੀ ਪ੍ਰਥਾ ਅਤੇ ਬੰਧਨ ਦੀ ਦੁਬਾਰਾ ਸਥਾਪਨਾ ਨਹੀਂ ਹੋਈ :-** 1651 ਦੇ ਨੌ ਪਰਿਵਹਨ ਅਧਿਨਿਯਮ ਦੇ ਸੰਤੋਸ਼ਜਨਕ ਪਰਿਣਾਮ ਨਹੀਂ ਹੋ ਰਹੇ ਸੀ। 1660 ਦੇ ਨਵੇਂ ਕਾਨੂੰਨ ਨੇ ਪੁਰਾਣੇ ਕਾਨੂੰਨਾਂ ਦੇ ਉਦੇਸ਼ ਨੂੰ ਹੀ ਸਥਾਪਿਤ ਰੱਖਿਆ। ਸਾਂਝੇਦਾਰ ਪੂੰਜੀ ਕੰਪਨੀਆਂ ਵਿੱਚ ਜਿਨ੍ਹਾਂ ਲੋਕਾਂ ਨੇ ਆਪਣਾ ਪੈਸਾ ਲਗਾ ਰੱਖਿਆ ਸੀ ਉਹਨਾਂ ਦੇ ਹਿੱਤਾਂ ਦੀ ਸੁਰੱਖਿਆ 1662 ਦੇ ਕਾਨੂੰਨ ਦੇ ਕੀਤੀ ਜਿਸਦੇ ਵਿੱਚ ਉਹ ਆਪਣੇ ਦੁਆਰਾ ਦਿੱਤੇ ਹੋਏ ਧਨ ਜਿੰਨੀ ਪੂਜੀ ਲਈ ਉਹ ਉਤਰਦਾਯੀ ਬਣਾਏ ਗਏ। ਜਿਸ ਤਰ੍ਹਾਂ ਦੂਰ ਦੇਸ਼ਾ ਵਿੱਚ ਮੁਸ਼ਕਲ ਪਰਿਸਥਿਤੀਆਂ ਵਿੱਚ ਵਿਉਪਾਰ ਦੇ ਲਈ ਏਕਾਧਿਕਾਰ ਦਾ ਸਿਧਾਂਤ ਦੁਬਾਰਾ ਸਥਾਪਿਤ ਕੀਤਾ ਗਿਆ ਪਰ ਹੁਣ ਵਿਉਪਾਰੀਆਂ ਅਤੇ ਨੌਸੈਨਾ ਨੀਤਿ ਦਾ ਸੰਚਾਲਨ ਸਰਕਾਰ ਦੇ ਹੱਥ ਵਿੱਚ ਆ ਗਿਆ ਅਤੇ ਵਿਉਪਾਰ ਕੰਪਨੀਆਂ ਦਾ ਇਸ ਦਿਸ਼ਾ ਵਿੱਚ ਪ੍ਰਭਾਵ ਹੋਲੀ-ਹੋਲੀ ਘਟ ਹੁੰਦਾ ਗਿਆ ਜਿਸ ਕਾਰਨ ਦੁਬਾਰਾ ਸਥਾਪਿਤ ਰਾਜ ਤੰਤਰ ਸਰਕਾਰ ਨੇ ਵਿਉਪਾਰ ਅਤੇ ਉਦਯੋਗ ਨੂੰ ਲੈ ਕੇ ਅਨੇਕ ਵਾਣਿਜਯਵਾਦੀ (Mercantilist) ਕਾਨੂੰਨ ਬਣਾਏ। ਇਸ ਵਿਦੇਸ਼ੀ ਨੀਤਿ ਦੀ, ਜਿਸ ਤੋਂ ਵਿਉਪਾਰੀ ਉਦੇਸ਼ਾਂ ਦੀ ਪੂਰਤੀ ਨਹੀਂ ਹੁੰਦੀ ਸੀ ਦੁਬਾਰਾ ਸਥਾਪਨਾ ਨਹੀਂ ਹੋਈ।

### ਸਮਾਜਿਕ ਵਿਵਸਥਾ ਦੀ ਦੁਬਾਰਾ ਸਥਾਪਨਾ

ਸਮਾਜਿਕ ਵਿਵਸਥਾ ਵਿੱਚ ਭਦ੍ਰਜਨ ਅਤੇ ਕੁਲੀਨ ਵਿੱਚ ਸਮਾਜ, ਦੇਸ਼ ਅਤੇ ਸਥਾਨੀਯ ਸ਼ਾਸਨ ਵਿੱਚ ਆਪਣਾ ਪਰੰਪਰਾਗਤ ਉੱਚ ਸਥਾਨ ਦੁਬਾਰਾ ਪ੍ਰਾਪਤ ਕਰ ਲਿਆ। ਕਾਮਨਵੇਲਥ ਦੇ ਸਮੇਂ ਦੇ ਲੋਕਤੰਤਰਿਕ ਅੰਦੋਲਨਾਂ ਨੇ ਨਰਮ ਦਲ ਨੂੰ ਵੀ ਰੂੜੀਵਾਦ ਅਤੇ ਪੰਰਪਰਾਨਿਸ਼ਠ ਸਮਾਜਿਕ ਵਿਵਸਥਾ ਦੇ ਪੱਖ ਵਿੱਚ ਕਰ ਦਿੱਤਾ ਸੀ। ਹੁਣ ਪ੍ਰਾਚੀਨ ਪ੍ਰਤੀਸ਼ਠਾਤ ਪਰਿਵਾਰਾਂ ਨੇ ਸਥਾਨੀਯ ਸ਼ਾਸਨ ਸੰਸਥਾਵਾਂ ਵਿੱਚ ਆਪਣਾ ਪੁਰਾਣਾ ਸਥਾਨ ਲੈ ਲਿਆ। ਕੁਲੀਨਾਂ ਨੇ ਆਪਣੇ ਪੁਰਾਣੇ ਘਰ ਵਿੱਚ ਪਹੁੰਚ ਕੇ 'ਪੈਰਿਸ ਲਾਇਫ' (Parish-life) ਤੇ ਪਹਿਲਾਂ ਦੀ ਤਰ੍ਹਾਂ ਆਪਣਾ ਨਿਯੰਤਰਣ ਸਥਾਪਿਤ ਕਰ ਲਿਆ ਅਤੇ ਵਿਉਪਾਰੀਆਂ ਨੇ ਨਗਰ ਪਰਿਸ਼ਦ ਵਿੱਚ ਪਹੁੰਚ ਕੇ ਆਪਣੇ ਪੁਰਾਣੇ ਅਹੁੱਦੇ ਫਿਰ ਤੋਂ ਪ੍ਰਾਪਤ ਕਰ ਲਏ। ਸਮਾਜਿਕ ਵਿਵਸਥਾ ਵਿੱਚ ਪਰਿਵਰਤਨ ਕਰਨ ਦੀ ਕਿਸੇ ਵਿੱਚ ਰੁਚੀ ਹੀ ਨਾ ਰਹੀ।

### ਚਾਰਲਸ ਦਿਵੀਤੀਅ

ਸਟੂਅਰਟ ਰਾਜਾ ਜਾਣਦੇ ਸਨ ਕਿ ਉਹ ਹੁਣ ਸੰਸਦ ਦੇ ਸਮਰਥਨ ਤੋਂ ਬਿਨਾਂ ਰਾਜ ਨਹੀਂ ਕਰ ਸਕਦੇ ਇਸ ਦੇ ਲਈ ਇਹ ਜ਼ਰੂਰੀ ਹੋ ਗਿਆ ਕਿ ਸੰਸਦ ਵਫ਼ਾਦਾਰ ਹੋਵੇ ਅਤੇ ਇਸੇ ਕਾਰਨ ਇਹ ਵੀ ਜ਼ਰੂਰੀ ਸੀ ਕਿ ਸੰਸਦ ਨੂੰ ਪਯੂਰਿਟਨ ਬਹੁਮਤ ਤੋਂ ਬਚਾਇਆ ਜਾਏ। ਇਸਦਾ ਉਪਾਅ 'ਕਾਰਪੋਰੇਸ਼ਨ ਐਕਟ' ਨੇ ਕੀਤਾ। ਇਸਦੇ ਅਨੁਸਾਰ 'ਸਥਾਨੀਯ ਸਭਾ' (ਕਾਰਪੋਰੇਸ਼ਨ ਆਦਿ) ਦਾ ਮੈਂਬਰ ਬਣਨ ਦੇ ਲਈ ਰਾਜਾ ਅਤੇ ਏਂਗਲਿਕਨ ਚਰਚ ਦੇ ਪ੍ਰਤੀ ਵਫ਼ਾਦਾਰੀ ਦੀ ਸ਼ਪਥ ਲੈਣੀ ਲਾਜ਼ਮੀ ਸੀ। ਇਨ੍ਹਾਂ ਸਭਾਵਾਂ ਦੁਆਰਾ ਹੀ ਸੰਸਦ ਦੇ ਮੈਂਬਰ ਚੁਣ ਜਾਂਦੇ ਸਨ। ਇਸ ਕਾਰਨ ਵਿਸ਼ਵਾਸ਼ਨੀਯ ਮੈਂਬਰ ਚੁਣੇ ਜਾਣ ਲੱਗੇ ਪਰ ਹੁਣ ਸੰਸਦ ਵਫ਼ਾਦਾਰ ਹੁੰਦੇ ਹੋਏ ਵੀ ਆਪਣਾ ਇਹ ਸਥਾਨ ਛੱਡਣ ਨੂੰ ਤਿਆਰ ਨਹੀਂ ਸੀ ਜੋ ਪਿਛਲੇ 20 ਸਾਲਾਂ ਤੋਂ ਉਸਨੇ ਅਰਜਿਤ ਕਿਹਾ ਸੀ। ਇਸ ਸਮੇਂ ਵਿੱਚ ਕੋਈ ਮੰਤਰੀ ਜਿਸ ਨੇ ਨਿਮਨ ਸਦਨ ਦੀ ਸਹਾਇਤਾ ਅਤੇ ਸਮਰਥਨ ਪ੍ਰਾਪਤ ਨਾ ਹੋਵੇ ਸੱਤਾ ਵਿੱਚ ਜਿਆਦਾ ਦਿਨ ਰਹਿ ਸਕਦਾ ਸੀ।

ਮੈਕਾਲੇ ਨੇ ਕੈਵੇਲਿਅਰ ਸੰਸਦ (ਜਿਸ ਦੀ ਬੈਠਕ 1661-1679 ਦੇ ਦੌਰਾਨ ਹੋਈ) ਦੇ ਬਾਰੇ ਵਿੱਚ ਕਿਹਾ- "ਸਤਾਵਰੀਂ ਸਦੀ ਦੀ ਮਹਾਨ ਅੰਗਰੇਜ਼ੀ ਕ੍ਰਾਂਤੀ ਅਰਥਾਤ ਕੰਮ-ਕਾਰਿਣੀ ਸ਼ਾਸਨ ਦੇ ਸਰਵੋਚ ਨਿਯੰਤਰਣ ਨੂੰ ਰਾਜਾ ਦੇ ਹੱਥ ਤੋਂ ਹਾਊਸ ਆਫ਼ ਕਾਮਨਸ ਦੇ ਕੋਲ ਪਹੁੰਚਣ ਦੀ ਕਾਰਵਾਈ, ਇਸ ਸੰਸਦ ਨੇ ਆਪਣੇ ਲੰਮੇ ਕੰਮਕਾਲ ਵਿੱਚ, ਚੁੱਪਚਾਪ ਪਰ ਤੇਜ਼ੀ ਨਾਲ ਨਿਯਮਿਤ ਰੂਪ ਤੇ ਸੰਪਨ ਕਰੇ।"

1667 ਵਿੱਚ ਸੰਸਦ ਦੀ ਪਹਿਲੀ 'ਲੋਕ ਲੇਖਾ ਸਮਿਤੀ' (Public Account Committee) ਦੀ ਸਥਾਪਨਾ ਹੋਈ। ਇਸ ਕਾਲ ਸੰਸਦ ਨੇ ਸਵਤੰਤਰਤਾ ਤੋਂ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਦੀ ਅਭਿਵਿਅਕਤੀ ਕੀਤੀ। 1679 ਵਿੱਚ ਬੰਦੀ ਪ੍ਰਤਸ਼ੀਕਰਣ (Habeus campus) ਕਾਨੂੰਨ ਬਣਾਇਆ ਗਿਆ ਜਿਸ ਦੇ ਦੁਆਰਾ ਇਹ ਨਿਸ਼ਚਿਤ ਕੀਤਾ ਗਿਆ ਕਿ ਕੈਦੀ ਨੂੰ ਨਿਆਯ ਦੇ ਲਈ ਜਲਦੀ ਹੀ ਨਿਯਾਲਿਆ ਵਿੱਚ ਪ੍ਰਸਤੁਤ ਕੀਤਾ ਜਾਵੇ। ਅਗਰ ਰਾਜਾ ਚਾਰਲਸ ਸੰਸਦ ਵਿੱਚ ਕਿਸੇ ਮੈਂਬਰ ਦੇ ਭਾਸ਼ਣ ਤੋਂ ਨਾਰਾਜ਼ ਹੋ ਜਾਂਦਾ ਹੈ ਤਾਂ ਉਸ ਦੇ ਕੋਲ ਉਸ ਨੂੰ ਸਜ਼ਾ ਦੇਣ ਦੇ ਲਈ ਇੱਕ ਹੀ ਰਸਤਾ ਸੀ। ਆਪਣੇ ਆਦਮੀਆਂ ਤੋਂ ਉਸ ਸੰਸਦ ਮੈਂਬਰ ਦੀ ਹੱਤਿਆ ਕਰਵਾ ਦੇਵੇ ਅਤੇ ਸਮਾਂ ਇਨ੍ਹਾਂ ਬਦਲ ਚੁੱਕਾ ਸੀ ਕਿ ਰਾਜੇ ਨੂੰ 'ਅਟੈਂਡਰ ਐਕਟ' (Act of attainder) ਸਵੀਕਾਰ ਕਰਨਾ ਪਿਆ ਜਿਸਦੇ ਅਨੁਸਾਰ ਉਹ ਆਪਣੇ ਇਨ੍ਹਾਂ ਠੱਗਾਂ ਨੂੰ ਮਾਫ਼ੀ ਵੀ ਨਹੀਂ ਦਵਾ ਸਕਦਾ ਸੀ।

1672 ਈ: ਵਿੱਚ ਚਾਰਲਸ ਨੂੰ 'ਧਾਰਮਿਕ ਅਨੁਗ੍ਰਹਿ ਘੋਸ਼ਣਾ' (Declaration of inddugence) ਨੂੰ ਵਾਪਸ ਲੈਣਾ ਪਿਆ। ਇਹ ਘੋਸ਼ਣਾ ਉਸ ਨੇ ਲਈ ਚੌਦਹਵੇਂ ਨੂੰ ਦਿੱਤੇ ਗਏ ਵਚਨ ਦੇ ਅਨੁਸਾਰ ਕੀਤੀ ਸੀ। ਇਸ ਘੋਸ਼ਣਾ ਵਿੱਚ ਕੈਥੋਲਿਕ ਆਦਿ ਦੇ ਪ੍ਰਤਿ ਕਠੋਰ ਦੰਡ ਵਿਵਸਥਾ ਨੂੰ ਖ਼ਤਮ ਕਰਨ ਅਤੇ ਸਾਰੇ ਧਰਮਾਂ ਨੂੰ ਧਾਰਮਿਕ ਸਵਤੰਤਰਤਾ ਦੇਣ ਦਾ ਪ੍ਰਾਵਧਾਨ ਸੀ। ਚਾਰਲਸ ਦੀ ਫ੍ਰਾਂਸ-ਮੈਤਰੀ ਯੋਜਨਾ ਅਫ਼ਸਲ ਹੋ ਗਈ। ਇਸ ਤੋਂ ਇਲਾਵਾ ਚਾਰਲਸ ਨੂੰ 1673 ਵਿੱਚ ਸੰਸਦ ਦੁਆਰਾ ਪਾਰਿਤ 'ਟੈਸਟ ਏਕਟ' (Test Act) ਵੀ ਸਵੀਕਾਰ ਕਰਨਾ ਪਿਆ। ਇਸ ਦੇ ਦੁਆਰਾ ਸਾਰੇ ਸਰਕਾਰੀ ਅਧਿਕਾਰੀ ਦੇ ਲਈ ਇੰਗਲੈਂਡ ਦੀ ਚਰਚ ਅਤੇ ਉਸ ਦੇ ਦੁਆਰਾ ਪ੍ਰਤੀਪਾਦਿਤ-ਧਾਰਮਿਕ ਨਿਯਮਾਂ ਦੇ ਪ੍ਰਤੀ ਵਫ਼ਾਦਰੀ ਦੀ ਸ਼ਪਥ ਲੈਣਾ ਅਨਿਵਾਰਯ ਕੀਤਾ ਗਿਆ। ਇਸ ਤੋਂ ਪੋਪ ਸਮਰਥਕ ਹੁਣ ਸਰਕਾਰੀ ਅਧਿਕਾਰੀ ਨਹੀਂ ਬਣ ਸਕਦੇ ਸਨ।

ਉਸ ਸਮੇਂ ਹੁਣ ਅਫ਼ਵਾਹ ਫ਼ੈਲੀ ਕਿ ਪੋਪ ਅਤੇ ਫ੍ਰਾਂਸੀਸੀ ਸੈਨਾ ਮਿਲ ਕੇ ਚਾਰਲਸ ਦੀ ਹੱਤਿਆ ਕਰਕੇ ਜੇਮਸ ਦ੍ਵਿਤੀਯ ਨੂੰ ਇੰਗਲੈਂਡ ਦਾ ਰਾਜਾ ਬਣਾਉਣ ਦਾ ਯਤਨ ਕਰ ਰਹੇ ਹਨ। ਇਸੇ ਸਮੇਂ ਇਹ ਵੀ ਵਿਦਤ ਹੋਇਆ ਕਿ ਚਾਰਲਸ ਦਾ ਮੁੱਖ ਮੰਤਰੀ ਡੇਨਬੀ, ਫ੍ਰਾਂਸ ਦੇ ਰਾਜਾ

ਨੋਟ

ਲੁਈ ਤੋਂ ਧਨ ਪ੍ਰਾਪਤ ਕਰਨ ਲਈ ਪੱਤਰ–ਵਿਵਹਾਰ ਕਰ ਰਿਹਾ ਸੀ। ਇਸ ਆਧਾਰ ਤੇ ਸੰਸਦ ਨੇ ਡੇਨਬੀ ਤੇ ਅਭਿਯੋਗ ਲਗਾਇਆ। ਚਾਰਲਸ ਨੇ ਆਪਣੀ ਮੰਤਰੀ ਨੂੰ ਬਚਾਉਣ ਦੇ ਲਈ ਸੰਸਦ ਭੰਗ ਕਰ ਦਿੱਤੀ। ਇਸ ਅਭਿਯੋਗ ਤੋਂ ਇਹ ਸਿੱਧ ਹੋ ਗਿਆ ਕਿ ਇੱਕ ਮੰਤਰੀ ਜੋ ਸੰਸਦ ਵਿੱਚ ਬਹੁਮਦ ਦੇ ਕਾਰਨ ਹੀ ਆਪਣੀ ਉੱਚ ਪਦ ਤੇ ਹੀ ਪਹੁੰਚਾਇਆ ਹੋਵੇ, ਸੰਸਦ ਦਾ ਵਿਸ਼ਵਾਸ਼ ਖੋਹ ਕੇ ਆਪਣੀ ਗੱਦੀ ਤੇ ਆਸੀਨ ਨਹੀਂ ਰਹਿ ਸਕਦਾ। ਡੇਨਬੀ ਦਾ ਪਤਨ ਕਿਉਂਕਿ ਵਿਦੇਸ਼ੀ ਨੀਤਿ ਦੇ ਕਾਰਨ ਹੋਇਆ ਸੀ, ਆਖਿਰ ਵਿਦਸ਼ੀ ਨੀਤਿ ਤੇ ਵੀ ਸੰਸਦ ਦਾ ਨਿਯੰਤਰਣ ਇਕ ਵਾਰ ਫਿਰ ਪ੍ਰਮਾਣਿਤ ਹੋ ਗਿਆ।

1678 ਤੱਕ ਇੰਗਲੈਂਡ ਦੀ ਰਾਜਨੀਤਿ ਦਸ਼ਾ ਵਿੱਚ 1660 ਦੇ ਹਲਾਤਾਂ ਦੀ ਤੁਲਨ ਵਿੱਚ ਜਦ– ਚਾਰਲਸ ਦ੍ਵਿਤੀਯ ਦਾ ਖੁਸ਼ੀ ਨਾਲ ਸਵਾਗਤ ਕੀਤਾ ਗਿਆ–ਬਹੁਤ ਪਰਿਵਰਤਨ ਆ ਚੁੱਕਾ ਸੀ। ਇਸ ਦਾ ਕਾਰਨ ਇਹ ਸੀ ਕਿ ਅਨੇਕ ਉਪਚੁਣਾਵਾਂ ਦੇ ਕਾਰਨਰਾਜ ਸਮਰਥਕਾਂ ਦੀ ਗਿਣਤੀ ਹੁਣ ਸੰਸਦ ਵਿੱਚ ਘੱਟ ਹੋ ਗਈ ਸੀ ਅਤੇ ਫਿਰ ਤੋਂ ਜ਼ਮੀਂਦਾਰ ਵਰਗ ਦੇ ਦੂਰਗਾਮੀ ਸਵਾਰਥ ਦਾ ਪ੍ਰਤਿਨਿਧਿਤਵ ਕਰਨ ਵਾਲੇ ਤੱਤ ਬਹੁ ਮੱਤ ਵਿੱਚ ਆ ਗਏ ਸੀ। ਚਾਰਲਸ ਦੇ ਫ਼ਾਂਸ ਦੇ ਪ੍ਰਤੀ ਮੈਤਰੀ ਨੀਤਿ ਦੇ ਕਾਰਨ ਇੰਗਲੈਂਡ ਸਸ਼ੰਕਿਤ ਹੋ ਗਿਆ ਸੀ ਅਤੇ ਚਾਰਲਾਸ ਨੂੰ ਇਹ ਵਿਸ਼ਵਾਸ਼ ਦਿਵਾਉਣਾ ਪਿਆ ਕਿ ਕਾਨੂੰਨ ਅਤੇ ਸੰਪਤੀ ਨੂੰ ਨਿਯੰਤਰਣ ਵਿੱਚ ਕਰਨ ਦੀ ਚੇਸ਼ਠਾ ਨਹੀਂ ਕਰ ਰਿਹਾ। ਪੋਪ ਦੇ ਸ਼ਡਯੰਤਰ ਕਾਰਨ ਲੋਕਾਂ ਨੂੰ ਆਪਣੀ ਸ਼ੰਕਾ ਸਹੀ ਹੁੰਦੀ ਪ੍ਰਤੀਤ ਹੋਈ ਅਤੇ ਰਾਜਾ ਦੇ ਵਿਰੋਧੀਆਂ ਨੂੰ ਇੱਕ ਪ੍ਰਮਾਣ ਮਿਲ ਗਿਆ।

ਪਰ ਫਿਰ ਵੀ ਚਾਰਲਸ ਨੇ ਆਪਣੀ ਦੂਰਦਰਸ਼ਿਤਾ ਅਤੇ ਕੂਟਨੀਤਿ ਦੇ ਆਧਾਰ ਤੇ ਆਪਣੀ ਅਗਲੀ ਤਿੰਨ ਸੰਸਦਾਂ ਦੁਆਰਾ ਪ੍ਰਸਤੁਤ ਬਹਿਸ਼ਕਾਰ ਬਿਲ (Exclusive Bill) ਜਿਸਦਾ ਉਦੇਸ਼ ਜੇਮਸ ਦ੍ਵਿਤੀਯ ਦੇ ਸਥਾਨ ਤੇ 'ਡਯੂਕ ਆਫ਼ ਮੰਮਥ' ਨੂੰ ਰਾਜਾ ਬਣਾਉਣਾ ਸੀ, ਪਾਸ ਕਰਨ ਦੇ ਯਤਨ ਨੂੰ ਨਾਕਾਮ ਕਰ ਦਿੱਤਾ ਸੀ।

**ਸੰਸਦ ਵਿੱਚ ਦਲਬੰਦੀ :–** ਸੰਸਦ ਨੂੰ 'ਬਹਿਸ਼ਕਾਰ ਪ੍ਰਸਤਾਵ' ਵਿੱਚ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ, ਪਰ ਇਸੇ ਸਮੇਂ ਇਸ ਪ੍ਰਸਤਾਵ ਦੇ ਕਾਰਨ ਅੰਗਰੇਜ਼ੀ ਰਾਜਨੀਤਿ ਵਿੱਚ ਪਹਿਲੀ ਵਾਰ ਦੋ ਰਾਜਨੀਤਿਕ ਦਲਾਂ ਦਾ ਵਿਕਾਸ ਹੋਇਆ। ਉਹ ਦਲ ਜੋ ਜੇਮਸ ਦਾ ਬਹਿਸ਼ਕਾਰ ਕਰਨਾ ਚਾਹੁੰਦੇ ਸੀ ਪੇਟਿਨਸ਼ਰ (ਪ੍ਰਾਥਨਾ ਕਰਨਾ ਵਾਲਾ) ਕਹਿਲਾਇਆ। ਕਿਉਂਕਿ ਉਹ ਇਸ ਵਿਸ਼ੇ ਤੇ ਵਿਚਾਰ ਕਰਨ ਲਈ ਸੰਸਦ ਦੀ ਬੈਠਕ ਬੁਲਾਉਣਾ ਚਾਹੁੰਦਾ ਸੀ ਅਤੇ ਇਸਲਈ ਆਸ ਦਾ ਪ੍ਰਸਤਾਵ ਭੇਜਦਾ ਹੈ। ਦੂਜੇ ਦਲ ਨੂੰ 'ਅਬਹੋਰਰ' (Abhorer) ਕਿਹਾ ਗਿਆ। ਉਹ ਦਲ ਇਸ ਪ੍ਰਸਤਾਵ ਦਾ ਵਿਰੋਧੀ ਸੀ ਅਤੇ ਚਾਰਲਸ ਦੁਆਰਾ ਆਪਣਾ ਉਤਰਾਧਿਕਾਰੀ ਚੁਣਨ ਦੇ ਅਧਿਕਾਰ ਵਿੱਚ ਅੜਚਨ ਪਾਉਣ ਦਾ ਯਤਨ ਨੂੰ ਤੁਛ ਦ੍ਰਿਸ਼ਟੀ ਨਾਲ ਵੇਖਦਾ ਸੀ। ਇਨ੍ਹਾਂ ਦਲਾ ਨੂੰ 'ਬਿੰਗ' ਅਤੇ 'ਟੋਰੀ' (ਅਬਹੋਰਰ) ਦਾ ਨਾ ਦਿੱਤਾ ਗਿਆ ਅਤੇ ਅੱਗੇ ਚੱਲ ਕੇ ਇਹ ਨਾਮ ਹੀ ਪ੍ਰਚੱਲਿਤ ਹੋਇਆ। ਬਿੰਗ ਕੈਥੋਲਿਕ ਵਿਰੋਧੀ ਸੀ। ਰਾਜਾ ਦੇ ਵਿਸ਼ੇਸ਼ਾਧਿਕਾਰਾਂ ਤੇ ਹੋਰ ਵੀ ਪ੍ਰਤਿਬੰਧ ਲਾਉਣਾ ਚਾਹੁੰਦੇ ਸੀ ਅਤੇ ਸੰਸਦੀ ਸੁਧਾਰਾਂ ਜਿਵੇਂ, ਜਲਦੀ ਚੁਨਾਵ ਅਤੇ ਨਿਯਮਿਤ ਅਧਿਵੇਸ਼ਨ ਦੇ ਪੱਖ ਵਿੱਚ ਸਨ।

ਟੋਰੀ, ਇੰਗਲੈਂਡ ਦੇ ਚਰਚ ਅਤੇ ਰਾਜਾ ਦੇ ਵਿਸ਼ੇਸ਼ਾਧਿਕਾਰਾਂ ਦੇ ਸਮਰਥਕ ਸੀ। ਪਰ ਕਲਬੰਦੀ ਸ਼ੁਰੂਆਤੀ ਸਥਿਤੀ ਵਿੱਚ ਹੀ ਸੀ। ਦੋਵੇਂ ਤਰਫ਼ ਦੇ ਸੰਪਤੀਵਾਨ ਦੇਸ਼ ਨੂੰ ਇੱਕ ਹੋਰ ਗ੍ਰਹਿਯੁੱਧ ਨੂੰ ਬਚਾਉਣਾ ਚਾਹੁੰਦ ਸਨ ਅਤੇ ਯੁੱਧ ਦੇ ਡਰ ਤੋਂ ਸੰਪਤੀਵਾਨ ਰਾਜਾ ਸਮਰਥਕ ਬਣ ਜਾਂਦੇ ਸਨ। ਇਸ ਕਾਰਨ ਰਾਜਨੀਤਿਕ ਵਿਰੋਧ, ਸਤਾਰ੍ਹਵੀਂ ਸਦੀ ਦੇ ਇਨ੍ਹਾਂ ਆਖਿਰੀ ਸਾਲਾਂ ਵਿੱਚ, ਕਦੇ ਵੀ ਚਰਮ ਸੀਮਾਂ ਤੱਕ ਨਹੀਂ ਧਕੇਲਿਆ ਗਿਆ। ਹਾਊਸ ਆਫ਼ ਕਾਮਨਸ ਸਰਕਾਰੀ ਨੀਤਿਆਂ ਦੀ ਆਚੋਲਨਾ ਅਵੱਸ਼ਯ ਕਰਦਾ ਰਿਹਾ। ਪਰ ਜਦ ਤੱਕ ਸਰਕਾਰ ਨੇ ਇਸ ਧਨਵਾਨ ਵਰਗ ਦੇ – ਜਿਸਨੂੰ ਸੰਸਦ ਵਿੱਚ ਪ੍ਰਤਿਨਿਧਿਤਵ ਪ੍ਰਾਪਤ ਸੀ। ਸਵਾਰਥ ਤੇ ਅੰਕੁਸ਼ ਲਗਾਉਣ ਦਾ ਯਤਨ ਨਹੀਂ ਕੀਤਾ। ਤਦ ਤੱਕ ਸਦਨ ਨੇ ਸਿਧਾਂਤਿਕ ਤੌਰ ਤੇ ਸਰਕਾਰ ਦਾ ਵਿਰੋਧ ਨਾ ਕੀਤਾ। ਇਸ ਕਾਰਨ ਸਰਕਾਰ ਦਾ ਪ੍ਰਭਾਵ ਦੋਨੋਂ ਦਲਾਂ ਵਿੱਚ ਸਮਾਨ ਰੂਪ ਤੇ ਬਣਿਆ ਰਿਹਾ ਕਿਉਂਕਿ ਸਰਕਾਰ ਵੀ ਸਥਾਤਿਵ ਬਣਾਈ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਹੀ ਸੀ। ਇਸ ਸਥਾਇਤਵ ਵਿੱਚ ਵਿਗ ਅਤੇ ਟੋਰੀ ਦੋਵਾਂ ਨੂੰ ਫਾਇਦਾ ਸੀ।

## ਜੇਮਸ ਦਿਵੀਤੀਅ

ਜੇਮਸ ਦਿਵੀਤੀਅ 1685 ਈ: ਵਿੱਚ ਨਿਰਵਿਰੋਧ ਇੰਗਲੈਂਡ ਦਾ ਰਾਜਾ ਬਣਾਇਆ। ਇਸ ਸਮੇਂ ਪਰਸਥਿਤੀ ਆਸ਼ਾਜਨਕ ਸੀ। ਸੰਸਦ ਅਤੇ ਨਿਯਾਲਿਆ ਉਸ ਦੇ ਪੱਖ ਵਿੱਚ ਸਨ। ਸੰਸਦ ਨੇ ਉਸ ਨੂੰ ਪ੍ਰਯਾਪਤ ਧਨ ਦਿੱਤਾ ਪਰ ਜੇਮਸ ਦੇ ਕੈਥੋਲਿਕ ਧਰਮ ਦੇ ਸਥਾਪਿਤ ਕਰਨ ਦੇ ਯਤਨਾਂ ਦੇ ਕਾਰਨ ਜਲਦਿ ਹੀ ਸੰਸਦ ਉਸਦਾ ਵਿਰੋਧ ਕਰਨ ਲੱਗੀ।

ਹੁਣ ਸੰਸਦ ਦਾ ਅਧਿਵੇਸ਼ਨ ਸ਼ੁਰੂ ਹੀ ਹੋਇਆ ਸੀ, ਕਿ ਇੰਗਲੈਂਡ ਵਿੱਚ ਦੋ ਵਿਦਰੋਹ ਹੋ ਗਏ। ਇਹ ਦੋਵੇਂ ਵਿਦਰੋਹ (ਜੋ ਮਨਮਥ ਦੇ ਪੱਖ ਵਿੱਚ ਹੋਏ ਸਨ) ਕੁਚਲ ਦਿੱਤੇ ਗਏ ਅਤੇ ਦੋਨੋਂ ਨੇਤਾਵਾਂ (ਮਨਸਥ ਅਤੇ ਐਗਾਈਲ) ਨੂੰ ਮ੍ਰਿਤਯੂ ਦੰਡ ਦੇ ਦਿੱਤਾ ਗਿਆ ਪਰ ਜੇਮਸ ਨੇ ਮੌਕੇ ਦਾ ਫਾਇਦਾ, ਇੱਕ ਸਥਾਈ ਸੈਨਾ ਦੀ ਮੰਗ ਕਰਕੇ ਉਠਾਇਆ। ਸੰਸਦ ਸੈਨਾ ਦੇ ਲਈ ਧਨ ਦੇਣ ਨੂੰ ਤਿਆਰ ਸੀ ਪਰ ਧਨ ਦੇਣ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੀ ਸੀ ਕਿ ਸੈਨਾ ਅਤੇ ਚਰਚ ਵਿੱਚ ਕੈਥੋਲਿਕਾਂ ਦੀ ਨਿਯੁਕਤੀ ਕਿਉਂ ਕੀਤੀ ਜਾਵੇ। ਜੇਮਸ ਨੇ ਇਸਦੇ ਉੱਤਰ ਵਿੱਚ 'ਟੈਸਟ ਐਕਟ' ਖ਼ਤਮ ਕਰਨ ਦੀ ਮੰਗ ਕੀਤੀ ਜਿਸ ਤੋਂ ਕੈਥੋਲਿਕਾਂ ਦੀ ਨਿਯੁਕਤੀ ਵਿੱਚ ਸੰਵਿਧਾਨਿਕ ਕਠਿਨਾਈ ਨਾ ਹੋਵੇ। ਸੰਸਦ ਇਸ ਐਕਟ ਨੂੰ ਸੁਰੱਖਿਆ ਦਾ ਮੁੱਖ ਅਸਤਰ ਮੰਨਦੀ ਸੀ ਇਸ ਲਈ ਉਹ ਰਾਜਾ ਦੀ ਮੰਗ ਸਵੀਕਾਰ ਨਹੀਂ ਕਰ ਸਕਦੀ ਸੀ। ਰਾਜਾ ਨੇ ਗੁੱਸੇ ਵਿੱਚ ਸੰਸਦ ਭੰਗ ਕਰ ਦਿੱਤੀ।

ਇਸ ਸਮੇਂ ਇੱਕ ਮੁਕੱਦਮੇ (ਗੋਡਲ ਬਨਾਮ ਹੇਲਸ) ਵਿੱਚ ਜੱਜਾਂ ਨੇ ਨਿਰਣਾ ਲਿਆ ਕਿ ਰਾਜਾ ਕਾਨੂੰਨ ਨਿਰਮਾਤਾ ਹੈ ਅਤੇ ਕਾਨੂੰਨ ਦਾ ਉਲੰਘਣ ਵੀ ਕਰ ਸਕਦਾ ਹੈ। ਇਸ ਤੋਂ ਜੇਮਸ ਨੂੰ ਪ੍ਰੋਤਸਾਹਨ ਮਿਲਿਆ ਅਤੇ ਉਸਨੇ ਆਪਣੀ 'ਸਥਗਨ' (Suspending) ਅਤੇ ਵਿਮੋਚਨ (Dispensing) ਦੀ ਸ਼ਕਤੀ ਦਾ ਪ੍ਰਯੋਗ ਸ਼ੁਰੂ ਕੀਤਾ। ਇਨ੍ਹਾਂ ਸ਼ਕਤੀਆਂ ਦੇ ਆਧਾਰ ਤੇ ਰਾਜਾ ਕੀਸੇ ਵੀ ਕਾਨੂੰਨ ਨੂੰ ਸਥਗਿਤ ਕਰ ਸਕਦਾ ਸੀ ਅਤੇ ਕੀਸੇ ਦਾ ਵੀ ਦੰਡ ਮਾਫ ਕਰ ਸਕਦਾ ਸੀ। ਇਨ੍ਹਾਂ ਸ਼ਕਤੀਆਂ ਦੇ ਆਧਾਰ ਤੇ ਉਸਨੇ 'ਟੈਸਟ ਐਕਟ' ਦਾ

**ਨੋਟ**

ਉਲੰਘਨ ਕਰਕੇ ਕੈਥੋਲਿਕਾਂ ਨੂੰ ਪ੍ਰਸ਼ਾਸਨ ਅਧਿਕਾਰੀ ਨਿਯੁਕਤ ਕਰਨੇ ਸ਼ੁਰੂ ਕੀਤੇ। 1688 ਵਿੱਚ ਪੋਪ ਸਮਰਥਕ ਅਤੇ ਆਯਰਲੈਂਡ ਦਾ ਲਾਰਡ ਲੈਫਟੀਨੈਂਟ ਨਿਯੁਕਤ ਕਰ ਦਿੱਤਾ ਗਿਆ। ਉੱਧਰ ਕੈਥੋਲਿਕ ਸੈਨਾ ਵੀ ਤਿਆਰ ਹੋ ਰਹੀ ਸੀ। ਇਸਦੇ ਬਾਅਦ ਸਾਰੇ ਉੱਚ ਸਥਾਨਾ ਤੇ (ਜਿਵੇਂ ਮਿਯਰ, ਚਰਚ ਵਿੱਚ, ਮੰਤਰੀ ਅਤੇ ਨਿਆਯਧੀਸ਼ ਅਤੇ ਸੈਨਾ ਵਿੱਚ ਵੀ) ਕੈਥੋਲਿਕ ਹੀ ਨਿਯੁਕਤ ਕਿਤੇ ਗਏ। ਧਾਰਮਿਕ ਨਿਆਲਿਯਾ (Count of ecclesiastical commission) ਵੀ ਸਥਾਪਿਤ ਕਿਤੇ ਗਏ ਜੋ ਕਿ 1641 ਦੇ ਹਾਈ ਕੋਰਟ ਕਮੀਸ਼ਨ ਦੀ ਤਰ੍ਹਾਂ ਹੀ ਸਨ।

ਅਪ੍ਰੈਲ 1687 ਵਿੱਚ ਜੇਮਸ ਨੇ ਪਹਿਲਾਂ ਅਨੁਗ੍ਰਹਿ ਯੋਜਨਾ ਦੀ ਘੋਸ਼ਣਾ (Declaration of Indulgence) ਕੀਤੀ ਜਿਸਦੇ ਦੁਆਰਾ ਟੈਸਟ ਖ਼ਤਮ ਕਰ ਦਿੱਤੇ ਗਏ ਅਤੇ ਰੋਮਨ ਕੈਥੋਲਿਕਾਂ ਦੇ ਨਾਲ-ਨਾਲ ਰਾਜਧਰਮ ਵਿਰੋਧੀਆਂ ਨੂੰ ਵੀ ਸਾਰਵਜਨਿਕ ਬਿਨਤੀ ਦੀ ਸਵਤੰਤਰਤਾ ਪ੍ਰਦਾਨ ਕੀਤੀ ਗਈ। ਉਸਨੇ ਘੋਸ਼ਣਾ ਕੀਤੀ ਕਿ ਉਸਨੂੰ ਕੋਈ ਸ਼ੰਕਾ ਨਹੀਂ ਹੈ ਕਿ ਜਦ ਸੰਸਦ ਦਾ ਅਧਿਵੇਸ਼ਨ ਹੋਵੇਗਾ ਤਦ ਉਹ ਉਸਦੀ ਇਸ ਨੀਤਿ ਦਾ ਸਮਰਥਨ ਕਰੇਗੀ। ਮਈ 1688 ਵਿੱਚ ਦ੍ਵਿਤੀਯ ਅਨੁਗ੍ਰਹਿ ਯੋਜਨਾ ਦੀ ਘੋਸ਼ਣਾ ਕੀਤੀ ਗਈ। ਬਿਸ਼ਪਾ ਨੂੰ ਹੁਕਮ ਦਿੱਤਾ ਗਿਆ ਕਿ ਉਹ ਚਰਚ ਵਿੱਚ ਲਗਾਤਾਰ ਦੋ ਰਵਿਵਾਰਾਂ ਨੂੰ ਇਹ ਘੋਸ਼ਣਾ ਪੜੇ। ਸੱਤ ਬਿਸ਼ਪਾਂ ਨੇ ਰਾਜਾ ਨੂੰ ਬੇਨਤੀਪੱਤਰ ਭੇਜੇ ਜਿਸ ਵਿੱਚ ਉਹਨਾਂ ਨੇ ਵਿਰੋਧ ਕੀਤਾ ਕਿ ਉਹ ਆਪਣਾ ਆਦੇਸ਼ ਵਾਪਸ ਲੈ ਲਵੇ ਕਿਉਂਕਿ ਉਹਨਾਂ ਦੇ ਵਿਚਾਰਾਂ ਵਿੱਚ, ਰਾਜਾ ਨੂੰ ਇਹ ਅਧਿਕਾਰ ਨਹੀਂ ਸੀ ਕਿ ਉਹ ਇਨ੍ਹਾਂ ਕਾਨੂੰਨਾਂ ਤੋਂ ਛੁਟਕਾਰਾਂ ਪਾ ਲਵੇ ਜੋ ਰਾਜਧਰਮ ਵਿਰੋਧੀਆਂ (Dissenters) ਨੂੰ ਧਾਰਮਿਕ ਸਵਤੰਤਰਤਾ ਪ੍ਰਦਾਨ ਨਹੀਂ ਕਰਦੇ ਸੀ। ਬਿਸ਼ਪਾ ਨੂੰ ਰਾਜਾ ਨੇ ਕੈਦ ਕਰਵਾ ਦਿੱਤਾ। ਜੱਜਾਂ ਨੇ ਬਿਸ਼ਪਾ ਨੂੰ ਨਿਰਦੋਸ਼ ਠਹਿਰਾਉਂਦੇ ਹੋਏ ਕਿਹਾ ਕਿ ਅਗਰ ਰਾਜਾਂ ਸਾਰੇ ਕਾਨੂੰਨਾਂ ਨੂੰ ਖ਼ਤਮ ਕਰ ਦੇਵੇ ਤਾਂ ਸੰਸਦ ਦੀ ਲੋੜ ਹੀ ਖ਼ਤਮ ਹੋ ਜਾਵੇਗੀ। ਇਸ ਮਹੀਨੇ ਰਾਣੀ ਨੇ ਇੱਕ ਪੁੱਤਰ ਨੂੰ ਪੈਦਾ ਕੀਤਾ। ਇੰਗਲੈਂਡ ਦੀ ਜਨਤਾ ਨੂੰ ਡਰ ਲੱਗਣ ਲੱਗਿਆ ਕਿ ਹੁਣ ਕੈਥੋਲਿਕਾਂ ਰਾਜ ਕਾਇਮ ਰਹੇਗਾ। ਟੋਰੀ ਜੋ ਐਸੇ ਸਮੇਂ ਵਿੱਚ ਜੇਮਸ ਦਾ ਸਮਰਥਕ ਸੀ, ਹੁਣ ਅਨੁਭਵ ਕਰਨ ਲੱਗੇ ਕਿ ਕੈਥੋਲਿਕ ਪ੍ਰਭਾਵ ਦੇ ਕਾਰਨ ਉਹਨਾਂ ਦੀ ਨੌਕਰੀ ਵੀ ਖ਼ਤਰੇ ਵਿੱਚ ਪਈ ਹੈ। ਉਨ੍ਹਾਂ ਨੂੰ ਵਿਸ਼ਵਾਸ਼ ਹੋ ਗਿਆ ਕਿ ਜਦ ਤੱਕ ਸੰਸਦ ਦੀ ਸਰਵੋਚਤਾ ਸਥਾਪਿਤ ਨਹੀਂ ਹੋਵੇਗੀ ਤਦ ਤੱਕ ਉਹਨਾਂ ਦੀ ਆਪਣੀ ਸਥਿਤੀ ਸੁਰੱਖਿਅਤ ਨਹੀਂ ਸੀ। ਰਾਜਤੰਤਰ ਦੇ ਸਮਰਥਕ ਟੋਰੀ ਆਪਣੇ ਸਵਾਰਥ ਤੇ ਚੋਟ ਲਗਦੇ ਵੇਖ ਜੇਮਸ ਵਿਰੋਧੀ ਹੋ ਗਿਆ।

**ਗੋਰਵਪੂਰਨ ਕ੍ਰਾਂਤੀ (1688) :-** ਵਿਲਿਅਮ ਆਫ਼ ਆਰੇਂਜ ਨੂੰ ਇੰਗਲੈਂਡ ਤੇ ਹਮਲਾ ਕਰਨ ਦੇ ਲਈ ਸੱਤ ਅੰਗਰੇਜ਼ਾਂ ਨੇ ਨਿਯੰਤਰਣ ਭੇਜਿਆ। ਇਹ ਹਸਤਾਕਸ਼ਰ ਕਰਨੇ ਵਾਲੇ ਇੱਕ ਸੀਮਾਂ ਤੱਕ ਹੀ ਵਿਰੋਧੀ ਸੀ। ਇਸ ਵਿੱਚੋਂ ਦੋ ਐਂਗਲਿਕਨ ਸਨ, ਦੋ ਏਸੇ ਸਨ ਜੋ ਪਹਿਲੇ ਕੈਥੋਲਿਕ ਸਨ ਅਤੇ ਤਿੰਨ ਵਿਗ ਸੀ। ਇਹ ਸਾਰੇ ਹੀ ਅਗਰ ਖ਼ੁਦ ਕੁਲੀਨ ਨਹੀਂ ਸਨ ਤਾਂ ਸਭ ਦਾ ਕੁਲੀਨਾਂ ਨਾਲ ਬਹੁਤ ਨੇੜੇ ਦਾ ਸੰਬੰਧ ਸੀ ਅਤੇ ਉਹ ਇਸ ਗੱਲ ਤੋਂ ਪਰਿਚਿਤ ਸਨ ਕਿ ਵਿਦਰੋਹ ਹੋਣ ਤੋਂ ਸਮਾਜਿਕ ਢਾਂਚਾ ਵੀ ਠਹਿਸ-ਨਹਿਸ ਹੋ ਸਕਦਾ ਹੈ ਜਿਸ ਤੇ ਉਸਦੀ ਸੰਪਤੀ ਅਤੇ ਸੁਵਿਧਾਵਾਂ ਆਧਾਰਿਕ ਸਨ ਪਰ ਜੇਮਸ ਜਿਸ ਨਿਰੰਕੁਸ਼ ਰਾਜਤੰਤਰ ਨੂੰ ਸਥਾਪਿਤ ਕਰਨ ਦੀ ਚੇਸ਼ਠਾ ਕਰ ਰਿਹਾ ਸੀ ਉਹ ਵਿਦਰੋਹ ਤੋਂ ਵੀ ਜਿਆਦਾ ਖ਼ਤਰਨਾਕ ਸਿੱਧ ਹੋ ਸਕਦਾ ਸੀ। ਆਖਿਰ ਉਹ ਆਪਣੀ ਸੁਰੱਖਿਆ ਦੇ ਲਈ ਇਹ ਲੋਕ ਉਸ ਖ਼ਤਰੇ ਨੂੰ ਦੂਰ ਕਰਨ ਦੇ ਉਪਾਯ ਸੁਝਣ ਲੱਗੇ। ਵਿਲਿਅਮ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਉਹ ਉਨ੍ਹਾਂ ਦੀ ਸਹਾਇਤਾ ਕਰਨ ਲਈ ਤਿਆਰ ਹੈ, ਜੇਕਰ ਉਹ ਬਦਲੇ ਵਿੱਚ ਉਸਦਾ ਸਮਰਥਨ ਕਰਨ ਦਾ ਵਿਸ਼ਵਾਸ਼ ਦਿਲਵਾਏ। ਇਹ ਵਿਸ਼ਵਾਸ਼ ਨਿਮੰਤਰਣ ਦੇਣ ਵਾਲਿਆਂ ਨੇ ਨਿਮੰਤਰਣ-ਪੱਤਰ ਵਿੱਚ ਦਵਾਇਆ, ਜਿਸ ਵਿੱਚ ਕਿਹਾ ਗਿਆ ਕਿ "ਪੂਰੇ ਰਾਜ ਵਿੱਚ 20 ਵਿੱਚੋਂ 19 ਲੋਕ ਇਸ ਤਰ੍ਹਾਂ ਦੇ ਹਨ ਜੋ ਪਰਿਵਰਤਨ ਕਰਨਾ ਚਾਹੁੰਦੇ ਹਨ ਅਤੇ ਜੋ ਸਾਨੂੰ ਵਿਸ਼ਵਾਸ ਹੈ ਕਿ ਜੋ ਖ਼ੁਸ਼ ਹੋ ਕੇ ਪਰਿਵਰਤਨ ਵਿੱਚ ਸਹਾਇਤਾ ਕਰਨਗੇ, - ਬਿਨਾਂ ਕਿਸੇ ਸ਼ਰਤ ਦੇ ਉਹਨਾਂ ਨੂੰ ਕੋਈ ਸਹਾਇਤਾ ਮਿਲੇਗੀ ਕਿ ਉਹ ਵਿਦਰੋਹ ਵਿੱਚ ਇਸ ਤਰ੍ਹਾਂ ਦੇ ਪਰਿਵਰਤਨ ਹੋਣਗੇ ਜੋ ਉਹਨਾਂ ਨੂੰ ਨਸ਼ਟ ਹੋਣ ਤੋਂ ਬਚਾ ਲੈ" ਇਸ ਤਰ੍ਹਾਂ ਪੱਤਰ ਵਿੱਚ ਸਾਫ਼ ਕੀਤਾ ਗਿਆ ਕਿ ਇੰਗਲੈਂਡ ਵਿੱਚ ਵਰਤਮਾਨ ਸਰਕਾਰ ਦੀ ਧਾਰਮਿਕ ਸਵਤੰਤਰਤਾ ਅਤੇ ਸੰਪਤੀ ਸੰਬੰਧੀ ਨੀਤਿਆਂ ਤੋਂ ਸਾਧਾਰਣ ਲੋਕਾਂ ਵਿੱਚ ਅਸੰਤੋਸ਼ ਦੀ ਭਾਵਨਾ ਵਿਆਪਤ ਹੋ ਗਈ। ਵਿਲਿਅਮ ਨੇ ਨਿਮੰਤਰਣ ਸਵੀਕਾਰ ਕੀਤਾ।

ਵਿਲਿਅਮ ਨੂੰ ਯੁੱਦ ਦੀ ਤਿਆਰੀ ਕਰਦੇ ਵੇਖ ਜੇਮਸ ਡਰ ਗਿਆ ਉਸਨੇ ਘੋਸ਼ਣਾ ਕੀਤੀ ਕਿ ਜਦ ਸੰਸਦ ਦਾ ਅਧਿਵੇਸ਼ਨ ਹੋਵੇਗਾ ਤਾਂ ਕੈਥੋਲਿਕਾਂ ਨੂੰ ਉਸ ਵਿੱਚ ਬੈਠਣ ਦੀ ਅਨੁਮਤਿ ਨਹੀਂ ਸੀ। ਨੋਸੈਨਾ ਦਾ ਨੇਤਰਵ ਵੀ ਇੱਕ ਪ੍ਰੋਟੇਸਟੈਂਟਾਂ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ। ਧਾਰਮਿਕ ਨਿਯਾਲਿਆ ਦਾ ਅੰਤ ਕਰ ਦਿੱਤਾ ਗਿਆ ਅਤੇ ਕੁਝ ਪੋਪ ਸਮਰਥਕ ਲਾਰਡ ਲੈਫਟੀਨੇਂਟ ਪਦਚੁਤ ਕਰ ਦਿੱਤੇ ਗਏ ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਵਿਲਿਯਮ ਸੈਨਾ ਲੈ ਕੇ ਪ੍ਰਵੇਸ਼ ਕਰ ਗਿਆ ਪੀਅਰ ਅਤੇ ਕੁਲੀਨ ਵਰਗ ਨੇ ਉਸਦੀ ਮੱਦਦ ਕੀਤੀ। ਜੇਮਸ ਦੇ ਸਾਰੇ ਸਮਰਥਕ ਉਸਨੂੰ ਛੱਡ ਗਏ। ਜੇਮਸ ਬਿੰਨਾਂ ਕੀਸੇ ਨੂੰ ਆਪਣੀ ਸੱਤਾ ਦੀ ਬਾਗਡੋਰ ਸੌਂਪੇ ਆਪਣਾ ਸਿੰਘਾਸਨ ਅਤੇ ਆਪਣਾ ਦੇਸ਼ ਛੱਡ ਕੇ ਚਲਾ ਗਿਆ।

ਜੇਮਸ ਦੇ ਭੱਜਨੇ ਤੋਂ ਬਾਅਦ ਵਿਲਿਅਮ ਨੂੰ ਪ੍ਰਸ਼ਾਸਨ ਤੇ ਅਧਿਕਾਰ ਕਰਨ ਦਾ ਖੁੱਲ੍ਹਾ ਰਸਤਾ ਮਿਲ ਗਿਆ। ਅਭਿਜਾਤ ਵਰਗ ਦੇ ਪ੍ਰਤਿਨਿਧਿਆਂ ਨੇ- ਜਿੰਨ੍ਹਾਂ ਨੇ ਕ੍ਰਾਂਤੀ ਕੀਤੀ ਸੀ- ਨਵੇਂ ਰਾਜਾ ਨੂੰ ਸੁਝਾਵ ਦਿੱਤੇ ਕਿ ਉਹ ਸਭਾ ਬੁਲਾਵੇ। 1689 ਦੀ ਜਨਵਰੀ ਵਿੱਚ ਕਨਵੇਂਸਨ- ਜੋ ਕਿ ਨਾਮ ਤੋਂ ਇਲਾਵਾ ਹਰ ਤਰਫ਼ ਤੋਂ ਸੰਸਦ ਸੀ- ਦੀ ਬੈਠਕ ਲੰਦਨ ਵਿੱਚ ਹੋਈ। ਵਿਗ ਅਤੇ ਟੋਰੀ ਦਲਾਂ ਵਿੱਚ ਜੋ ਕਿ ਕ੍ਰਾਂਤੀ ਦੇ ਸਮੇਂ ਇੱਕ ਹੋ ਗਏ ਸੰਵਿਧਾਨਿਕ ਸਮਝੋਤੇ ਦੇ ਮਸਲੇ ਤੇ ਫਿਰ ਮਤਭੇਦ ਹੋ ਗਿਆ। ਟੋਰੀ ਜਿਸਦੇ ਕੋਲ ਹਾਊਸ ਆਫ਼ ਲਾਰਡਸ ਦਾ ਬਹੁਮਤ ਸੀ, ਕਹਿੰਦੇ ਸਨ ਕਿ ਰਾਜਾ ਦਾ ਪਦ ਵੰਸ਼ਾਨੁਗਤ ਹੈ। ਇਸ ਲਈ ਜੇਮਸ ਭੱਜਨੇ ਤੋਂ ਬਾਅਦ ਵੀ ਰਾਜਾ ਹੈ ਅਤੇ ਉਸਦੇ ਨਾਂ ਤੋਂ ਰਾਜ ਚਲਾਉਣ ਦੇ ਲਈ ਸਰੰਕਸ਼ਕ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਵਿਗ ਦਲ ਦਾ ਕਹਿਣਾ ਸੀ ਕਿ ਦੇਸ਼ ਛੱਡ ਕੇ ਜਾਉਣ ਤੇ ਜੇਮਸ ਨੇ ਗੱਦੀ ਤੋਂ ਅਧਿਕਾਰ ਛੱਡ ਦਿੱਤਾ ਇਸ ਲਈ ਰਾਜਗੱਦੀ ਖਾਲੀ ਹੈ।

ਇਸ ਤਰ੍ਹਾਂ ਲੱਗਦਾ ਸੀ ਕਿ ਇਸ ਮਤਭੇਦ ਵਿੱਚੋਂ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਪਰ ਹੁਣ ਟੋਰੀ ਦਲ ਪਿੱਛੇ ਹਟ ਗਿਆ। ਟੋਰਿਆਂ ਦੀ ਹਾਰ ਦਾ ਕਾਰਨ ਇਹ ਸੀ ਕਿ ਉਹ ਕੋਈ ਸਹੀ ਸਰੰਕਸ਼ਕ ਨਹੀਂ ਚੁਣ ਸਕੇ। ਆਖਿਰ ਵਿੱਚ ਵਿਲਿਅਮ ਅਤੇ ਉਸਦੀ ਪਤਨੀ ਮੇਰੀ ਨੂੰ ਸੰਯੁਕਤ ਰੂਪ ਤੋਂ ਇੰਗਲੈਂਡ ਦਾ ਤਾਜ਼ ਦਿੱਤਾ ਗਿਆ।

ਨੋਟ

ਟਾਸਕ ਸਤਾਰ੍ਹਵੀਂ ਸਦੀ ਦੇ ਵਿੱਚ ਇੰਗਲੈਂਡ ਦੀ ਸੰਸਦ ਨੇ ਆਪਣੇ ਰਾਜਾ ਦੇ ਨਾਲ ਕੀ ਕੀਤਾ।

**ਕ੍ਰਾਂਤੀ ਵਿਵਸਥਾ (1688) :–** 1660 ਵਿੱਚ ਚਾਰਲਸ ਦ੍ਵਿਤੀਯ ਨੂੰ ਬਿਨਾਂ ਕਿਸੇ ਸ਼ਰਤ ਦੇ ਰਾਜਾ ਸਵਿਕਾਰ ਕੀਤਾ ਗਿਆ। ਪਰਿਣਾਮਸਵਰੂਪ ਉਹ ਸੰਸਦ ਦਾ ਉਲੰਘਣ ਕਰਨ ਵਿੱਚ ਸਫ਼ਲ ਹੋਇਆ ਸੀ। ਸੰਸਦ ਮੈਂਬਰ ਇਸ ਅਨੁਭਵ ਤੋਂ ਸ਼ਿਕਸ਼ਾ ਪ੍ਰਾਪਤ ਕਰ ਰਹੇ ਸਨ। ਇਸ ਕਰਕੇ ਵਿਲਿਅਮ ਮੇਰੀ ਦੇ ਸਾਹਮਣੇ ਸ਼ਰਤ ਰੱਖ ਗਈ ਕਿ ਉਹ ਰਾਜਤਿਲਕ ਤੋਂ ਪਹਿਲੇ 'ਬਿਲ–ਆਫ਼ ਰਾਈਟਸ' ਸਵੀਕਾਰ ਕਰੇ।

'ਬਿਲ ਆਫ਼ ਰਾਈਟਸ' (ਅਧਿਕਾਰ–ਵਿਧੇਅਕ) ਸਟੂਅਰਟ ਕਾਲ ਦੇ ਸੰਵਿਧਾਨਿਕ ਇਤਿਹਾਸ ਤੇ ਟਿੱਪਣੀ ਸੀ। ਇਸਦੇ ਦੁਆਰਾ ਰਾਜਾ ਦੇ ਕਾਨੂੰਨ ਸਦਗਿਤ ਕਰਨੇ, ਹਾਈ ਕਮੀਸ਼ਨ ਦੀ ਤਰ੍ਹਾਂ ਨਿਆਲਯ ਸਥਾਪਿਤ ਕਰਨੇ, ਸੰਵਿਧਾਨ ਦਾ ਉਲੰਘਣ ਕਰਨ ਵਾਲੇ ਵਿਅਕਤੀ ਨੂੰ ਕਾਨੂੰਨ ਦੇ ਬੰਧਨ ਤੋਂ ਆਜ਼ਾਦ ਕਰਨਾ, ਸ਼ਾਂਤੀਕਾਲ ਵਿੱਚ ਸੰਸਦ ਦੀ ਸਮਸਤੀ ਤੋਂ ਬਿਨਾਂ ਸੈਨਾ ਤਿਆਰ ਕਰਨ ਅਤੇ ਸੰਸਦ ਦੀ ਅਨੁਮਤਿ ਤੋਂ ਬਿਨਾਂ ਟੈਕਸ ਲਗਾਉਣੇ ਦੇ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ। ਸ਼ਾਸਿਤਾਂ ਦਾ ਰਾਜਾ ਨੂੰ ਪ੍ਰਾਰਥਨਾ ਪੱਤਰ ਦੇਣ ਦੇ ਅਧਿਕਾਰ ਸਵੀਕਾਰ ਕੀਤਾ ਗਿਆ। ਜਿੱਥੇ ਤੱਕ ਸੰਸਦ ਦਾ ਸਵਾਲ ਸੀ ਇਹ ਸਪਸ਼ਟ ਕੀਤਾ ਗਿਆ ਕਿ ਸੰਸਦ ਦੇ ਚੁਣਾਵ ਸਵਤੰਤਰ ਹੋਣੇ ਚਾਹੀਦੇ ਹਨ। ਇੱਕ ਸਦੀ ਤੋਂ ਚਲਦੇ ਆ ਰਹੇ ਝਗੜੇ ਦਾ ਅੰਤ ਇਹ ਅਧਿਕਾਰ ਸਥਾਪਿਤ ਕਰਕੇ ਕੀਤਾ ਗਿਆ ਕਿ ਸੰਸਦ ਮੈਂਬਰ ਨੂੰ ਭਾਸ਼ਣ ਅਤੇ ਵਿਚਾਰ ਵਿਮਰਸ਼ ਦੀ ਆਜ਼ਾਦੀ ਹੈ ਅਤੇ ਸੰਸਦ ਦੀ ਕਾਰਜਵਾਹੀ ਤੇ ਸੰਸਦ ਤੋਂ ਬਾਹਰ ਦਾ ਕੋਈ ਪਦਚਿੰਨ੍ਹ ਨਹੀਂ ਲਗਾ ਸਕਦਾ ਸੀ ਅਤੇ ਨਾ ਹੀ ਕੋਈ ਸੰਸਦੀ ਕਾਰਵਾਈ ਦੇ ਵਿਰੁੱਧ ਮੁਕੱਦਮਾ ਚਲਾ ਸਕਦਾ ਸੀ।

ਕਿਉਂਕਿ ਵਿਲਿਅਮ ਦੀ ਕੋਈ ਔਲਾਦ ਨਹੀਂ ਸੀ, ਆਖਿਰ ਬਿਲ ਆਫ਼ ਰਾਈਟਸ ਨੇ ਉੱਤਰਾਧਿਕਾਰ ਦੀ ਸਮੱਸਿਆ ਨੂੰ ਵੀ ਸੁਲਝਾਇਆ। ਇਹ ਕਿਹਾ ਗਿਆ ਕਿ ਰਾਜਾ–ਰਾਣੀ ਦੇ ਮਰਨ ਤੋਂ ਬਾਅਦ ਰਾਜਗੱਦੀ ਮੇਰੀ ਦੀ ਭੈਣ ਐਨ (Anne) ਨੂੰ ਅਤੇ ਉਸਦੀ ਔਲਾਦ ਨੂੰ ਦੇ ਦਿੱਤੀ ਜਾਵੇ। ਗੱਦੀ ਤੇ ਸਟੂਅਰਟ ਅਧਿਕਾਰ ਖ਼ਤਮ ਕਰਨ ਲਈ ਇਹ ਨਿਯਮ ਬਣਾਇਆ ਗਿਆ ਕਿ ਕੋਈ ਵੀ ਪੋਪ ਸਮਰਥਕ ਅਤੇ ਰੋਮਨ ਕੈਥੋਲਿਕ ਨਾਲ ਵਿਆਹ ਕੀਤਾ ਹੋ, ਇੰਗਲੈਂਡ ਦੇ ਸਿੰਘਾਸਨ ਤੇ ਨਹੀਂ ਬੈਠ ਸਕਦਾ।

ਕ੍ਰਾਂਤੀ ਵਿਵਸਥਾ ਦਾ ਕੰਮ ਤਿੰਨ ਅਧਿਨਿਯਮਾਂ ਦੁਆਰਾ ਪੂਰਾ ਕੀਤਾ ਗਿਆ (1) ਵਿਦਰੋਹ ਅਧਿਨਿਯਮ (Meltiny Act), (2) ਸਹਿਸ਼ੁਣਤਾ ਅਧਿਨਿਯਮ (Act of toleration) ਅਤੇ (3) ਤ੍ਰਿਵਰਸ਼ੀਯ ਅਧਿਨਿਯਮ (Triemial Act)। ਵਿਦਰੋਹ ਅਧਿਨਿਯਮ ਇੱਕ ਵਾਰ ਵਿੱਚ ਇੱਕ ਸਾਲ ਲਈ ਹੀ ਪਾਰਿਤ ਕੀਤਾ ਜਾਂਦਾ ਸੀ। ਇਸ ਅਧਿਨਿਯਮ ਤੋਂ ਰਾਜਾ ਨੂੰ ਸੈਨਾ ਤੇ ਸੈਨਿਕ ਅਨੁਸ਼ਾਸਨ ਲਾਗੂ ਕਰਨ ਦਾ ਅਧਿਕਾਰ ਮਿਲਿਆ। ਇਸ ਤਰ੍ਹਾਂ ਸੈਨਾ ਤੇ ਕੁਝ ਨਿਯੰਤਰਣ ਸੰਸਦ ਦਾ ਵੀ ਕੀਤਾ ਗਿਆ। ਸਹਿਸ਼ੁਣਤਾ ਕਾਨੂੰਨ ਦੇ ਵਿੱਚ ਇਯ ਤਰ੍ਹਾਂ ਦੇ ਲੋਕਾਂ ਨੂੰ ਧਾਰਮਿਕ ਸਵਤੰਤਰਤਾ ਪ੍ਰਦਾਨ ਕੀਤੀ ਗਈ ਜੋ ਬੇਨਤੀ ਕਿਤਾਬ ਦੀ 39 ਧਾਰਾਵਾਂ ਵਿੱਚੋਂ 36 ਧਾਰਾਵਾਂ ਨੂੰ ਸਵੀਕਾਰਦੇ ਸਨ। ਇਸ ਤਰ੍ਹਾਂ ਕੈਥੋਲਿਕਾਂ ਨੂੰ ਛੱਡ ਕੇ ਲਗਭਗ ਸਾਰੇ ਨੂੰ ਹੀ ਧਾਰਮਿਕ ਸਵਤੰਤਰਤਾ ਪ੍ਰਦਾਨ ਕੀਤੀ ਗਈ। ਤ੍ਰਿਵਰਸ਼ੀਯ ਅਧਿਨਿਯਮ ਦੇ ਦੁਆਰਾ ਸੰਸਦ ਦੇ ਲੰਬੇ ਸਮੇਂ ਤੱਕ ਬੈਠਣੇ ਅਤੇ ਬਿਨਾਂ ਸੰਸਦ ਸ਼ਾਸਨ ਇਹ ਦੋਵੇਂ ਹੀ ਖ਼ਤਰਾ ਟਾਲਣੇ ਦਾ ਪ੍ਰਬੰਧ ਕੀਤਾ ਗਿਆ। ਇਸ ਕਾਨੂੰਨ ਦੇ ਦੁਆਰਾ ਇਹ ਸਥਾਪਿਤ ਕੀਤਾ ਗਿਆ ਕੀ ਭਵਿੱਖ ਵਿੱਚ ਸੰਸਦ ਦਾ ਚੁਣਾਵ ਤਿੰਨ ਸਾਲ ਬਾਅਦ ਹੋਵੇਗਾ।

ਇਸ ਕ੍ਰਾਂਤੀ ਵਿਵਸਥਾ ਦੀ ਵਿਸ਼ੇਸ਼ਤਾ ਇਸਦੀ ਨਿਮਰਤਾ ਸੀ। ਇਸਦੇ ਦੁਆਰਾ ਸੰਸਦੀਯ ਸ਼ਾਸ਼ਨ ਸਥਾਪਿਤ ਨਹੀਂ ਕੀਤਾ ਜਾਂਦਾ। ਹੁਣ ਵੀ ਰਾਜਾ ਆਪਣੇ ਮੰਤਰੀ ਅਤੇ ਜੱਜ ਚੁਣ ਸਕਦਾ ਸੀ। ਸੰਸਦ ਦਾ ਅਧਿਵੇਸ਼ਨ ਬੁਲਾਉਣੇ, ਉਸਨੇ ਭੰਗ ਕਰਨੇ, ਖ਼ਤਮ ਕਰਨ ਦੀ ਸ਼ਕਤੀ ਵੀ ਉਸਨੂੰ ਸੀ ਹਾਲਾਂਕਿ ਇਸ ਅਧਿਕਾਰ ਤੇ ਉਹ ਅੰਕੁਸ਼ ਸੀ ਕਿ ਉਹ ਤ੍ਰਿਵਰਸ਼ੀਯ ਨਿਯਮਾਂ ਦਾ ਉਲੰਘਣ ਨਾ ਕਰੇ। ਵਿਦੇਸ਼ੀ ਨੀਤਿ ਤੇ ਰਾਜਾ ਦੇ ਵਿਸ਼ੇਸ਼ਾਧਿਕਾਰ ਦਾ ਕੋਈ ਪ੍ਰਸ਼ਨ ਨਹੀਂ ਉਠਾ ਸਕਦਾ ਸੀ। 1688 ਦੀ ਕ੍ਰਾਂਤੀ ਦੀ ਵਿਸ਼ੇਸ਼ਤਾ ਇਹ ਸੀ ਕਿ ਥੋੜ੍ਹਾ ਜਿਹਾ ਪਰਿਵਰਤਨ ਕਰਕੇ ਪਰੰਪਰਾਗਤ ਸੰਵਿਧਾਨ ਨੂੰ ਵਾਪਸ ਸੰਤੁਲਨ ਵਿੱਚ ਲਿਆਇਆ ਗਿਆ। ਹੁਣ ਸਰਕਾਰ ਦੇ ਇੱਕ ਮਹੱਤਵਪੂਰਨ ਅਤੇ ਸਥਾਈ ਅੰਗ ਦੇ ਰੂਪ ਵਿੱਚ ਸੰਸਦ ਦੀ ਸਥਾਪਨਾ ਹੋਈ ਪਰ ਨਾਲ ਹੀ ਰਾਜਾ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਗਿਆ। ਦੋਨਾਂ ਵਿੱਚੋਂ ਕੋਈ ਵੀ ਇਕੱਲਾ ਸਰਵੋਚ ਨਹੀਂ ਸੀ– 'ਸੰਸਦ ਵਿੱਚ ਰਾਜਾ ਸਰਵੋਚ' ਸੀ।

ਇਸ ਕ੍ਰਾਂਤੀ ਦੇ ਪਰਿਣਾਮਸਵਰੂਪ ਸਮਾਜ ਵਿੱਚ ਅਵਿਵਸਥਾ ਨਹੀਂ ਫੈਲੀ, ਅਰਾਜਕਤਾ ਨਹੀਂ ਹੋਈ, ਕ੍ਰਾਂਤੀਕਾਰੀ ਲੋਕਤੰਤਰਿਕ ਮਾਰਗਾਂ ਦੀ ਦੁਬਾਰਾ ਦੋਹਰਾਈ ਨਹੀਂ ਹੋਈ। ਸੀਮਿਤ ਰਾਜਤੰਤਰ ਬਿਨਾਂ ਕਿਸੇ ਯੁੱਧ ਦੇ ਸਥਾਪਿਤ ਹੋਇਆ। ਕੰਮ ਕਾਰਿਣੀ ਦੇ ਨਿਰੰਕੁਸ਼ਵਾਦ ਤੇ ਲੋਕ ਕਾਨੂੰਨ ਨੇ ਜਿੱਤ ਪਾਈ। ਧਾਰਮਿਕ ਸਮੱਸਿਆ ਦਾ ਸਮਾਧਾਨ ਏਂਗਲਿਕਨ ਵਰਗ ਪ੍ਰੋਟੇਸਟੈਂਟ ਧਰਮ ਦੇ ਪੱਖ ਵਿੱਚ ਹੋ ਰਿਹਾ ਸੀ। ਇਸ ਤਰ੍ਹਾਂ ਸੰਪਤੀਵਾਨ ਵਰਗ ਨੂੰ ਸਵਤੰਤਰਤਾ ਮਿਲੀ– ਸਵੇਚਛਾਧਾਰੀ ਕਰਾਰੋਪਣ ਤੋਂ ਉਹ ਆਪਣੇ ਪ੍ਰਤਿਨਿਧਿਆ ਦੁਆਰਾ ਦੇਸ਼ ਦੇ ਨੀਤਿ ਨਿਰਧਾਰਣ ਦੀ ਸਵਤੰਤਰਤਾ, ਨਾਲ ਹੀ ਉਨ੍ਹਾਂ ਦੀ ਖਰੀਦ–ਫਰੋਖ਼ਤ ਦੀ ਸਵਤੰਤਰਤਾ ਵੀ ਪ੍ਰਾਪਤ ਹੋ ਗਈ। ਜਿਸ ਤਰ੍ਹਾਂ ਇਸ ਸਦੀ ਦੇ ਤ੍ਰਿਕੋਣਾਤਮਕ ਸੰਘਰਸ਼ ਵਿੱਚ ਉਸ ਵਰਗ ਨੂੰ ਸਫ਼ਲਤਾ ਮਿਲੀ ਜਿਸਦਾ ਕਿ ਹਾਊਸ ਆਫ਼ ਕਾਮਨਸ ਪ੍ਰਤੀਨਿਧਿਤਵ ਕਰਦਾ ਸੀ। ਉਨ੍ਹਾਂ ਨੇ ਗ੍ਰਹਿਯੁੱਧ ਤੋਂ ਬਾਅਦ ਸਮਝੋਤਾ ਕਰ ਲਿਆ ਅਤੇ 1688 ਈ: ਤੋਂ ਬਾਅਦ ਇਹ ਗਠਬੰਦਨ ਹੋਰ ਵੀ ਦ੍ਰਿੜ ਹੋ ਗਿਆ। 1660 ਦਾ ਸਮਝੋਤਾ ਨਿਚ ਵਰਗਾਂ ਦੇ ਵਿਰੁੱਧ ਸੀ। 1688 ਦੀ ਗੌਰਵਪੂਰਨ ਕ੍ਰਾਂਤੀ ਤੋਂ ਬਾਅਦ ਇੰਗਲੈਂਡ ਵਿੱਚ ਇਸ ਤਰ੍ਹਾਂ ਦੀ ਸਰਕਾਰ ਸਥਾਪਿਤ ਹੋ ਗਈ ਜਿਸ ਵਿੱਚ 'ਸੁਰੱਖਿਆ ਦੇ ਅਭਾਵ ਵਿੱਚ ਗਰੀਬ, ਕਮਜ਼ੋਰ ਅਤੇ ਬਿਮਾਰ ਨਿੱਚੇ ਗਿਰ ਗਏ ਅਤੇ ਅਮੀਰ ਅਤੇ ਸ਼ਕਤੀਸ਼ਾਲੀ ਖੁਸ਼ਹਾਲ ਹੋ ਗਏ।' ਇਸ ਸਦੀ ਦੇ ਸਾਰੇ ਦੁਰਗਾਮੀ ਪਰਿਵਰਤਨਾਂ ਦਾ ਅਭਾਵ ਉੱਚ ਵਰਗ ਤੇ ਪਿਆ। ਗਰੀਬ, ਕਿਸਾਨ, ਕਾਰੀਗਰ ਆਦਿ ਦੀ ਸਥਿਤੀ ਵਿੱਚ ਅਪੇਕਸ਼ਾਕ੍ਰਿਤ ਕੋਈ ਪਰਿਵਰਤਨ ਨਹੀਂ ਆਇਆ। ਰਾਜਨੀਤਿਕ ਸੰਸਥਾਵਾਂ ਨੇ ਆਪਣੇ ਆਪ ਨੂੰ ਨਵੇਂ ਸਮਾਜ ਦੇ ਉੱਚ ਵਰਗ ਦੀ ਜ਼ਰੂਰਤਾਂ ਦੇ ਅਨੁਸਾਰ ਡਾਲ ਦਿੱਤਾ।

ਨੋਟ

## 8.5 ਸਾਰਾਂਸ਼ (Summary)

ਸਤਾਰ੍ਹਵੀਂ ਸਦੀ ਦੀ ਅੰਗਰੇਜ਼ੀ ਕ੍ਰਾਂਤੀ ਨੇ ਪ੍ਰਚੱਲਿਤ ਸੰਸਥਾਵਾਂ ਦੇ ਰੂਪ ਨੂੰ ਹਮੇਸ਼ਾ ਲਈ ਬਦਲ ਦਿੱਤਾ। ਜਦ ਪਾਰੰਪਰਿਕ ਸੰਭ੍ਰਾਂਤ ਵਿੱਚ ਵਿੱਚ ਦਰਾਰ ਆਇਆ ਤਾਂ ਗ੍ਰਹਿਯੁੱਧ ਹੋਇਆ ਜਿਸਦੇ ਪਰਿਣਾਮਸਵਰੂਪ ਸੰਸਦ ਵਿੱਚ ਸੈਨਿਕ ਜਿੱਤ ਦੇ ਸਮਰਥਕਾਂ ਨੇ ਬਹੁਮਤ ਪ੍ਰਾਪਤ ਕਰ ਲਿਆ। ਦੂਜੀ ਤਰਫ਼ ਇਸ ਸਮੇਂ ਨਿਮਨ ਮੱਧ ਵਰਗ ਦੇ ਸਮਾਜਿਕ ਅਤੇ ਰਾਜਨੀਤਿਕ ਅਧਿਕਾਰਾਂ ਦਾ ਸਮਰਥਨ ਕਰਨ ਵਾਲੇ ਇੱਕ ਸਮਤਾਵਾਦੀ ਦਲ ਦਾ ਉਦਯ ਹੋਇਆ। ਤਿੰਨ ਪੁਰਾਣੇ ਸਤੰਭਾ- ਰਾਜਤੰਤਰ, ਹਾਊਸ ਆਫ਼ ਲਾਰਡਸ ਅਤੇ ਪਾਦਰੀ ਸ਼ਕਤੀ (Episcopal) ਚਰਚ ਦਾ ਨਾਸ਼ ਹੋਇਆ। ਕਾਮਨਵੇਲਥ ਦੇ ਵਿਫ਼ਲ ਹੋਣ ਤੇ ਇੱਕ ਪ੍ਰਕਾਰ ਦੇ ਸੈਨਿਕ ਸ਼ਾਸਨ ਦੀ ਸਥਾਪਨਾ ਹੋਈ ਅਤੇ ਫਿਰ ਇਸ ਕ੍ਰਾਂਤੀਕਾਰੀ ਸਰਕਾਰ ਦਾ ਅੰਤ ਵਿੱਚ 1660 ਵਿੱਚ ਵਿਨਾਸ਼ ਹੋ ਗਿਆ ਅਤੇ ਪੁਰਾਣੀ ਸੰਸਥਾਵਾਂ (ਰਾਜਤੰਤਰ, ਹਾਊਸ ਆਫ਼ ਲਾਰਡਸ ਆਦਿ) ਦੀ ਦੁਬਾਰਾ ਸਥਾਪਨਾ ਹੋਈ। 1688 ਵਿੱਚ ਇੱਕ ਹੋਰ ਕ੍ਰਾਂਤੀ ਹੋਈ ਅਤੇ ਜਦ ਤੱਕ ਨਵੇਂ ਸੰਭ੍ਰਾਂਤ ਵਰਗ ਨੇ ਰਾਜਾ ਦੇ ਨਾਲ ਸਮਝੌਤਾ ਕਰਕੇ ਆਪਣੀ ਸਥਿਤੀ ਨੂੰ ਦ੍ਰਿੜ ਅਤੇ ਨਿਸ਼ਚਿਤ ਕਰ ਲਿਆ। ਇਹ ਵਰਗ ਵਾਸਤਵ ਵਿੱਚ ਇਸ ਪੂਰੀ ਸਦੀ ਦੇ ਦੌਰਾਨ ਆਪਣੀ ਸੱਤਾ ਸਥਾਪਿਤ ਕਰਨ ਦਾ ਯਤਨ ਕੀਤਾ ਆ ਰਿਹਾ ਸੀ ਪਰ ਉਸਨੂੰ ਸਫ਼ਲਤਾ 1688 ਵਿੱਚ ਜਾ ਕੇ ਮਿਲੀ।

ਇਹ ਰਾਜਨੀਤਿਕ ਪਰਿਵਰਤਨ ਇੰਨ੍ਹਾਂ ਗਹਿਰਾ ਅਤੇ ਮਹਾਨ ਨਹੀਂ ਸੀ ਜਿਤਨਾ ਕਿ ਇਹ ਪਰਿਵਰਤਨ ਜੋ ਵਿਰੋਧੀ ਪੱਖਾਂ ਦੇ ਵਿਚਾਰਾਂ ਵਿੱਚ ਕਾਰਯਕੰਮ ਵਿੱਚ ਆਇਆ ਸੀ। ਵਾਸਤਵ ਵਿੱਚ ਇਨ੍ਹਾਂ ਵਿਚਾਰਾਂ ਨੂੰ ਇਕੱਠਾ ਕਰਨ ਵਿੱਚ ਜੋ ਸਫ਼ਲਤਾ ਪ੍ਰਾਪਤ ਕੀਤੀ ਗਈ ਉਹ ਜਿਆਦਾ ਮਹੱਤਵਪੂਰਨ ਸੀ। ਇਤਿਹਾਸ ਵਿੱਚ ਪਹਿਲੀ ਵਾਰ ਇੱਕ ਰਾਜਾ ਤੇ ਆਪਣੀ ਜਨਤਾ ਦੇ ਵਿਸ਼ਵਾਸ਼ ਦਾ ਉਲੰਘਣ ਕਰਨ ਦੇ ਅਭਿਯੋਗ ਵਿੱਚ ਮੁਕੱਦਮਾ ਚਲਾਇਆ ਗਿਆ ਅਤੇ ਉਸਨੂੰ ਦੋਸ਼ੀ ਕਹਿ ਕੇ ਰਾਜਤੰਤਰ ਨੂੰ ਹੀ ਖ਼ਤਮ ਕਰ ਦਿੱਤਾ। ਸਥਾਪਿਤ ਚਰਚ ਨੂੰ ਵੀ ਉਸਦੀ ਸੰਪਤੀ ਜ਼ਬਤ ਕਰਨ ਤੋਂ ਬਾਅਦ ਖਤਮ ਕੀਤਾ ਗਿਆ। ਕਾਫ਼ੀ ਸੀਮਾ ਤੱਕ ਪ੍ਰੋਟੇਸਟੈਂਟ ਧਰਮ ਦੇ ਸਾਰੇ ਰੂਪਾਂ ਨੂੰ ਧਾਰਮਿਕ ਸਵਤੰਤਰਤਾ ਦਿੱਤੀ ਗਈ ਅਤੇ ਉਸਨੂੰ ਲਾਗੂ ਵੀ ਕੀਤਾ ਗਿਆ। ਥੋੜ੍ਹੇ ਸਮੇਂ ਦੇ ਲਈ ਅਤੇ ਪਹਿਲੀ ਵਾਰ, ਲੋਕਾਂ ਦਾ ਇੱਕ ਐਸਾ ਦਲ ਬਣਾਇਆ ਜੋ ਸੁਵਿਧਾਵਾਂ, ਵਿਸ਼ੇਸ਼ਅਧਿਕਾਰਾਂ, ਭਗਤੀ ਅਤੇ ਸੇਵਾ ਦੇ ਸਥਾਨ ਤੇ ਸਵਤੰਤਰਤਾ, ਬਰਾਬਰੀ ਅਤੇ ਭਾਈਚਾਰੇ ਦੇ ਵਿਚਾਰ ਵਿਅਕਤ ਕਰਨ ਲੱਗਿਆ। ਇਹ ਵਿਚਾਰ ਕਿਸੇ-ਨਾ-ਕਿਸੇ ਰੂਪ ਵਿੱਚ ਜੀਵਿਤ ਰਹਿ ਕੇ ਆਉਣ ਵਾਲੇ ਅਗਾਮੀ ਸਾਲਾਂ ਵਿੱਚ ਦੁਬਾਰਾ ਵਿਅਕਤ ਕੀਤੇ ਗਏ। 1646 ਵਿੱਚ ਡੇਵਨਪੋਰਟ (Davenport) ਨੇ ਠੀਕ ਹੀ ਕਿਹਾ ਸੀ ਜੋ ਜੋਤੀ ਇੰਗਲੈਂਡ ਵਿੱਚ ਹੁਣ ਜਲੀ ਹੈ ਹੁਣ ਕਦੇ ਵੀ ਪੂਰੀ ਤਰ੍ਹਾਂ ਨਹੀ ਬੁਜ ਪਾਵੇਗੀ। ਮੈਨੂੰ ਆਸ਼ੰਕਾ ਹੈ ਕਿ ਕੁਝ ਸਮੇਂ ਦੇ ਲਈ ਵਿਰੋਧੀ ਵਿਚਾਰ ਪ੍ਰਚੱਲਿਤ ਅਤੇ ਵਿਆਪਕ ਰਹਿਣਗੇ।

1640 ਈ: ਦੀ ਕ੍ਰਾਂਤੀ ਪ੍ਰਤਯਕਸ਼ ਰੂਪ ਤੋਂ ਅਸਫ਼ਲ ਸਿੱਧ ਹੋਈ ਕਿਉਂਕਿ 1660 ਈ: ਵਿੱਚ ਰਾਜਤੰਤਰ ਹਾਊਸ ਆਫ਼ ਲਾਰਡਸ ਅਤੇ ਏਂਗਲਿਕਨ ਚਰਚ ਦੀ ਦੁਬਾਰਾ ਸਥਾਪਨਾ ਹੋਈ। ਕਾਨੂੰਨ, ਨਿਰਵਾਚਨ ਸੰਬੰਧੀ, ਸ਼ਿਕਸ਼ਾ ਸੰਬੰਧੀ, ਸ਼ਾਸਨ ਸੰਬੰਧੀ ਅਤੇ ਚਰਚ ਸੰਬੰਧੀ ਸੁਧਾਰ ਕਰਕੇ ਅਗਲੇ ਕਰੀਬ ਦੋ ਸੋ ਸਾਲਾਂ ਲਈ ਸਥਗਿਤ ਹੋ ਗਿਆ। ਸਮਾਜਿਕ ਵਿਵਸਥਾ ਪਹਿਲਾਂ ਤੋਂ ਵੀ ਜਿਆਦਾ ਵਰਗ ਵਿਭਾਜਿਤ ਹੋ ਗਈ। ਇਨ੍ਹਾਂ ਸਭ ਦੇ ਬਾਵਜੂਦ ਕ੍ਰਾਂਤੀ ਦੇ ਕੁਝ ਪੱਖਾਂ ਅਤੇ ਸਫ਼ਲਤਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਹਿਨਸ਼ੀਲਤਾ ਦਾ ਵਿਚਾਰ, ਕੇਂਦ੍ਰੀਯ ਕੰਮਕਾਰਿਣੀ ਦੇ ਸੰਪਤੀਵਾਨ ਵਰਗ ਦੀ ਵਿਅਕਤੀਗਤ ਸਵਤੰਤਰਤਾ ਵਿੱਚ ਹਸਤਖੇਪ ਕਰਨ ਦਾ ਅਧਿਕਾਰ ਤੇ ਅੰਕੁਸ਼ ਅਤੇ ਹੋਰ ਇਸ ਤਰ੍ਹਾਂ ਦੀ ਰਾਜ ਵਿਵਸਥਾ ਦੀ ਸਥਾਪਨਾ ਜਿਸ ਵਿੱਚ ਸਮਾਜ ਦੇ ਕਾਫ਼ੀ ਵਰਗਾਂ ਦੀ ਸਹਿਮਤੀ ਹੋਵੇ- ਇਹ ਐਸੀ ਅਸਫ਼ਲਤਾ ਸੀ ਜੋ ਬਾਅਦ ਵਿੱਚ ਸਹਾਇਕ ਸਿੱਧ ਹੋਇਆ। ਬਿਲ ਆਫ਼ ਰਾਇਟ, ਧਾਰਮਿਕ ਸਹਿਸ਼ੁਣਤਾ ਅਧਿਨਿਯਮ ਅਤੇ ਵਾਰਸ਼ਿਕ ਵਿਦਰੋਹ ਅਧਿਨਿਯਮ ਦੁਆਰਾ ਕੰਮਕਾਰਿਣੀ ਦੀ ਦਬਾਵਪੂਰਨ ਨੀਤਿ ਤੇ ਪੂਰੀ ਤਰ੍ਹਾਂ ਅੰਕੁਸ਼ ਲਗਾ ਦਿੱਤੇ। ਇਸਦੇ ਨਾਲ ਹੀ ਲੋਕ-ਕਾਨੂੰਨ ਦੇ ਜੱਜਾਂ ਨੂੰ ਜੋ ਅਧਿਕਾਰ ਪ੍ਰਾਪਤ ਹੋਏ ਉਸਨੇ ਇੰਗਲੈਂਡ ਜ਼ਮੀਂਦਾਰ ਵਰਗ ਨੂੰ ਵਿਅਕਤੀਗਤ ਅਤੇ ਰਾਜਨੀਤਿਕ ਸਵਤੰਤਰਤਾ ਪ੍ਰਾਪਤ ਹੋਈ ਜਿਸਦੀ ਵਜਾ ਤੋਂ ਇਹ ਵਰਗ ਯੂਰੋਪ ਦੇ ਹੋਰ ਦੇਸ਼ਾ ਦੇ ਜ਼ਮੀਂਦਾਰ ਵਰਗ ਦੀ ਇਰਖਾ ਦਾ ਪਾਤਰ ਬਣ ਗਏ। ਇਹ ਸੁਵਿਧਾ ਕੇਵਲ ਗਰੀਬਾਂ ਨੂੰ ਹੀ ਨਹੀਂ ਦਿੱਤੀਆਂ ਇਹ ਹੁਣ ਵੀ ਆਪਣੇ ਤੋਂ ਉਪਰ ਦੇ ਸਮਾਜਿਕ ਵਰਗਾਂ ਦੀ ਮਦ੍ਭਾਵਨਾ ਤੇ ਨਿਰਭਰ ਕਰਦੇ ਸੀ। ਪਰ ਹੁਣ ਇਹ ਵਿਚਾਰ ਪੂਰੇ ਦੇਸ਼ ਦੀ ਸਮੂਹਿਕ ਸੰਪਤੀ ਬਣ ਗਏ ਇਹ ਇਸ ਯੁੱਧ ਵਿੱਚ ਇੱਕ ਨਵੀਂ ਗੱਲ ਸੀ। ਇਸ ਤੋਂ ਭਵਿੱਖ ਵਿੱਚ ਇਨ੍ਹਾਂ ਸੁਵਿਧਾਵਾਂ ਨੂੰ ਨਿਚਲੇ ਵਰਗ ਤੱਕ ਪਹੁੰਚਾਉਣ ਦਾ ਸੁਝਾਵ ਤਯ ਹੋਇਆ। ਇਸ ਤਰ੍ਹਾਂ ਤੋਂ ਉਚ ਅਤੇ ਜ਼ਮੀਂਦਾਰ ਵਰਗ ਦੀ ਇਹ ਜਿੱਤ ਆਉਣ ਵਾਲੇ ਸਾਲਾਂ ਵਿੱਚ ਸਮਸਤ ਅੰਗਰੇਜ਼ੀ ਜਨਤਾਂ ਦੀ ਵਿਜਾਯ ਬਣ ਗਈ। ਸਮਤਾਵਾਦੀਆਂ ਦੀ ਵਿਫ਼ਲਤਾ ਤੋਂ ਬਾਵਜੂਦ ਸੰਸਦ ਸਰਕਾਰ ਦੀ ਸਥਾਪਨਾ ਤੋਂ ਲੋਕਤੰਤਰ ਤਿਆਰ ਕਰਨ ਦਾ ਰਸਤਾ ਲੱਭ ਰਹੀ ਸੀ। ਆਂਗਲ ਕ੍ਰਾਂਤੀ ਦੀ ਇਹ ਹੀ ਉਪਲਬਦੀ ਸੀ। ਵਿਚਾਰਾਂ ਦੀ ਇਹ ਵਿਰਾਸਤ ਜੋ ਕਿ ਇਸ ਕ੍ਰਾਂਤੀ ਨੇ ਭਵਿੱਖ ਨੂੰ ਦਿੱਤੀ। ਇਸ ਕ੍ਰਾਂਤੀ ਨੂੰ ਮਹਾਨ ਕਹਿਲਾਉਣ ਦਾ ਸ਼੍ਰੇਯ ਦਿੱਤਾ ਗਿਆ। ਇਸ ਲਈ ਇਹ ਕ੍ਰਾਂਤੀ ਪੱਛਮੀ-ਸੱਭਿਅਤਾ ਦੇ ਵਿਕਾਸ ਵਿੱਚ ਸੰਵਿਧਾਨਿਕ ਮਹੱਤਵ ਰੱਖਦੀ ਹੈ।

## 8.6 ਸ਼ਬਦਕੋਸ਼ (Keywords)

1. **ਲੋਕ ਕਾਨੂੰਨ (Common Law)**– ਜਨਤਾ ਲਈ ਬਣਾਇਆ ਗਿਆ ਕਾਨੂੰਨ।
2. **ਵਿਚਾਰਧਾਰਾ (Ideology)**– ਸਿਧਾਂਤ।

## 8.7 ਅਭਿਆਸ ਪ੍ਰਸ਼ਨ (Review Questions)

1. ਟ੍ਯੂਡਰ ਸੰਸਦ ਨੇ ਰੋਮ ਦੇ ਨਾਲ ਸੰਬੰਧ ਵਿਛੇਦ ਕਰਨ ਵਿੱਚ ਕਿਸ ਦਾ ਸਾਥ ਦਿੱਤਾ ਸੀ ?

ਨੋਟ

2. ਜੇਮਸ ਪ੍ਰਥਮ ਦੇ ਸ਼ਾਸ਼ਨਕਾਲ ਦਾ ਵਰਣਨ ਕਰੋ।
3. 1603–40 ਦੇ ਦੌਰਾਨ ਇੰਗਲੈਂਡ ਦੀ ਆਰਥਿਕ ਸਥਿਤੀ ਕਿਸ ਤਰ੍ਹਾਂ ਸੀ ?
4. 'ਬਿਲ ਆਫ਼ ਰਾਈਟਸ' ਕੀ ਹੈ ? ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

**ਉੱਤਰ : ਸਵ–ਮੁਲਾਂਕਣ (Answer: Self Assessment)**

1. ਏਲਿਜਾਬੇਥ
2. ਇੰਗਲੈਂਡ
3. 1520–1640
4. (ੳ) 1647
5. (ੲ) 1640–1660
6. (ਸ) 1649

## 8.8 ਸੰਦਰਭ ਪੁਸਤਕਾਂ (Further Readings)


ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–9: ਆਧੁਨਿਕ ਕਲਿਆਣਕਾਰੀ ਰਾਜ
# (Modern State and Welfare)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

9.1 ਡੇਨਯੂਬੀ ਰਾਜ (The Danubian States)

9.2 ਸੋਵੀਅਤ ਸੰਘ (The Soviet Union)

9.3 ਸ਼ਾਂਤੀ ਦੇ ਅਧਾਰ (The Foundations of Peace)

9.4 ਡਾਵੇਸ–ਯੋਜਨਾ (The Dawes Plan)

9.5 ਮਿੱਤਰ ਰਾਸ਼ਟਰਾਂ ਦੇ ਆਪਸੀ ਕਰਜ਼ (Inter-Allied Debts)

9.6 ਜੇਨੇਵਾ–ਦਸਤਾਵੇਜ਼ (Geneva Protocol)

9.7 ਲੋਕਾਰਨੋ ਦੀ ਸੰਧੀ (Treaty of Locarno)

9.8 ਰਾਸ਼ਟਰ ਸੰਘ ਪ੍ਰਤਿਸ਼ਠਾ ਦੀ ਚੋਟੀ ’ਤੇ (The League at its Zenith)

9.9 ਲੋਕਾਰਨੋ ਦਾ ਅੰਤ (The End of Locarno)

9.10 ਸਾਰਾਂਸ਼ (Summary)

9.11 ਸ਼ਬਦਕੋਸ਼ (Keywords)

9.12 ਅਭਿਆਸ ਪ੍ਰਸ਼ਨ (Review Questions)

9.13 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਡੇਨਯੂਬੀ ਰਾਜ ਨੂੰ ਜਾਣਨ ’ਚ।
- ਡਾਵੇਸ–ਯੋਜਨਾ ਨੂੰ ਜਾਣਨ ’ਚ।
- ਲੋਕਾਰਨੋ ਦੀ ਸੰਧੀ ਨੂੰ ਜਾਣਨ ’ਚ।

## ਪ੍ਰਸਤਾਵਨਾ (Introduction)

ਜਿਸ ਸਮੇਂ ਯੂਰਪੀ ਰੰਗਮੰਚ ਦੇ ਕੇਂਦਰ ਫਰਾਂਸ ਅਤੇ ਜਰਮਨੀ ਦਰਮਿਆਨ ਸੰਘਰਸ਼ ਚੱਲ ਰਿਹਾ ਸੀ, ਉਸ ਸਮੇਂ ਉਸ ਦੇ ਸਮਕਾਲ ’ਚ ਹੋਰ ਸੰਘਰਸ਼ ਚੱਲ ਰਹੇ ਸਨ ਜਿਨ੍ਹਾਂ ਦਾ ਇਸ ਮੁੱਖ ਵਿਵਾਦ ਨਾਲ ਜਾਂ ਤਾਂ ਸੰਬੰਧ ਨਹੀਂ ਸੀ ਜਾਂ ਸੀ ਵੀ ਤਾਂ ਬਹੁਤ ਘੱਟ। ਇਨ੍ਹਾਂ ਨੂੰ ਤਿੰਨ ਸਿਰਲੇਖਾਂ ਤਹਿਤ ਵਰਗੀਕਰਨ ਕੀਤਾ ਜਾ ਸਕਦਾ ਹੈ : ਡੇਨਯੂਬੀ ਰਾਜ, ਇਟਲੀ ਅਤੇ ਸੋਵੀਅਤ ਰਾਜ।

## 9.1 ਡੇਨਯੂਬੀ ਰਾਜ (The Danubian States)

ਮੱਧ–ਯੂਰਪ ’ਚ, ਜਿਸ ਨੂੰ ਮੱਧ–ਡੇਨਯੂਬ ਦਾ ਨਦੀ–ਖੇਤਰ ਕਹਿਣਾ ਹੀ ਵਧੇਰੇ ਸਹੀ ਹੋਵੇਗਾ, 1914 ਤੋਂ ਪਹਿਲਾਂ ਆਸਟਰੀਆ–ਹੰਗਰੀ ਨਾਮਕ ਰਾਜ ਸਨ ਜਿਸ ਦੀ ਜਨਸੰਖਿਆ 5,50,00,000 ਸੀ ਅਤੇ ਜਿਸ ਨੂੰ ਰੁਮਾਨੀਆ ਦਾ ਛੋਟਾ ਜਿਹਾ ਸੂਬਾ ਕਾਲਾ ਸਾਗਰ (Black Sea) ਤੋਂ ਵੱਖ ਕਰਦਾ ਸੀ। ਜੰਗ ਤੋਂ ਬਾਅਦ ਡੇਨਯੂਬ ਨਦੀ–ਖੇਤਰ ’ਚ ਪੰਜ ਰਾਜ ਹੋ ਗਏ– (ਜਨਸੰਖਿਆ ਦੇ ਅਨੁਸਾਰ) ਯੂਗੋਸਲਾਵੀਆ, ਰੁਮਾਨੀਆ, ਚੈਕੋਸਲੋਵਾਕਿਆ, ਹੰਗਰੀ ਅਤੇ ਆਸਟਰੀਆ। ਇਸ ਸਖ਼ਤ ਪੁਨਰ–ਵਿਵਸਥਾ ਦਾ ਨਤੀਜਾ ਸਰਹੱਦੀ ਟੈਕਸ–ਨਾਕਿਆਂ ’ਚ

ਨੋਟ

ਵਾਧਾ ਅਤੇ ਆਰਥਿਕ ਜੀਵਨ ਦਾ ਅਸਤ-ਵਿਅਸਤ ਹੋ ਜਾਣਾ ਹੋਇਆ ਜਿਸ ਤੋਂ ਡੇਨਯੂਬੀ ਦੇਸ਼ ਪੂਰੀ ਤਰ੍ਹਾਂ ਕਦੇ ਵੀ ਮੁਕਤ ਨਹੀਂ ਹੋ ਸਕੇ। 1920-1924 ਦੀ ਮਿਆਦ 'ਚ, ਇਸ ਉਥਲ-ਪੁਥਲ ਦੇ ਭਿਆਨਕ ਨਤੀਜਿਆਂ ਨਾਲ ਯੂਗੋਸਲਾਵੀਆ, ਰੁਮਾਨੀਆ ਅਤੇ ਚਕੋਸਲੋਵਾਕਿਆ ਨੂੰ ਫਰਾਂਸ ਦੀ ਸੁਰੱਖਿਆ ਨੇ ਹੀ ਬਚਾਇਆ।

ਆਸਟਰੀਆ ਦੇ ਗਣਤੰਤਰ ਦਾ ਆਰੰਭ ਤੋਂ ਹੀ ਇੰਨਾ ਬਣਾਉਟੀ ਸਰੂਪ ਸੀ ਕਿ ਉਸ ਦੀ ਸਥਾਈ ਹੋਂਦ ਸ਼ੰਕਾਵਾਦੀ ਸੀ। ਉਸ 'ਚ ਨਾ ਤਾਂ ਕੌਮੀ ਏਕਤਾ ਸੀ ਅਤੇ ਨਾ ਹੋਂਦ 'ਚ ਬਣੇ ਰਹਿਣ ਦੀ ਕੌਮੀ ਇੱਛਾ ਹੀ। ਉਸ ਦੀ ਆਬਾਦੀ ਪੁਰਾਣੇ ਆਸਟਰੀਅਨ ਸਾਮਰਾਜ ਦੇ ਜਰਮਨ-ਭਾਸੀ ਲੋਕਾਂ ਦੀ ਸੀ। ਪਰ ਇਹ ਜਰਮਨ ਲੋਕ ਜੋ ਵਿਏਨਾ ਦੇ ਬਹੁ-ਭਾਸ਼ਾ- ਭਾਸ਼ੀ ਹੇਪਸਬੁਰਗ (Hapsburg) ਸਮਾਰਾਜ ਦੀ ਰਾਜਧਾਨੀ ਰਹਿਣ ਤੱਕ ਹੇਪਸਬੁਰਗਾਂ ਦੀ ਨਿਸ਼ਠਾਵਾਨ ਪਰਜਾ ਰਹਿ ਚੁੱਕੇ ਸਨ, ਜਰਮਨ-ਆਸਟਰੀਆ ਨੂੰ ਇੱਕ ਛੋਟੇ ਜਿਹੇ ਸੁਤੰਤਰ ਰਾਜ ਦੇ ਰੂਪ 'ਚ ਕਦੇ ਨਹੀਂ ਦੇਖਣਾ ਚਾਹੁੰਦੇ ਸਨ। ਇਹ ਨਵਾਂ ਗਣਤੰਤਰ ਦੋ ਹਿੱਸਿਆਂ 'ਚ ਵੰਡਿਆ ਹੋਇਆ ਸੀ। ਇੱਕ ਹਿੱਸਾ ਤਾਂ ਉਸ ਦੀ ਰਾਜਧਾਨੀ ਸੀ ਜਿਸ 'ਚ ਇਸ ਗਣਤੰਤਰ ਦੀ ਲਗਭਗ ਇੱਕ-ਤਿਹਾਈ ਜਨਸੰਖਿਆ, ਜੋ ਮੁੱਖ ਤੌਰ 'ਤੇ ਸਮਾਜਵਾਦੀ ਅਤੇ ਧਰਮਵਿਰੋਧੀ ਸੀ, ਰਹਿੰਦੀ ਸੀ। ਉਸ ਦਾ ਦੂਜਾ ਭਾਗ ਕੱਟੜ ਰੋਮਨ ਕੈਥੋਲਿਕ ਪੇਂਡੂ ਖੇਤਰ ਸੀ ਜਿਸ 'ਚ ਕੁਝ ਪ੍ਰਾਂਤੀ ਨਗਰ ਵੀ ਸਨ ਜੋ ਵਿਏਨਾ ਅਨੁਸਾਰ ਹੀ ਰਹਿੰਦੇ ਸਨ। ਅਸਟਰੀਆ ਦੀ ਸ਼ਕਤੀ ਸਿਰਫ਼ ਇਸ ਗੱਲ 'ਚ ਸੀ ਕਿ ਉਸ ਦੇ ਲਗਭਗ ਸਾਰੇ ਨਿਵਾਸੀਆਂ ਦੀ ਇਹ ਇੱਛਾ ਸੀ ਆਸਟਰੀਆ ਜਰਮਨੀ 'ਚ ਮਿਲ ਜਾਵੇ। ਉਨ੍ਹਾਂ ਦੀ ਇਹ ਇੱਛਾ ਸਮੇਂ-ਸਮੇਂ 'ਤੇ ਲਏ ਗਏ ਸਰਕਾਰ ਵੱਲੋਂ ਗੈਰ-ਕਾਨੂੰਨੀ 'ਜਨਮਤਾਂ' (plebiscite) ਦੇ ਨਤੀਜਿਆਂ 'ਚ ਪ੍ਰਗਟ ਹੁੰਦੀ ਰਹਿੰਦੀ ਸੀ। ਪਰ ਮਿੱਤਰ-ਰਾਸ਼ਟਰ ਇਸ ਗੱਲ ਨੂੰ ਮੌਨ ਧਮਕੀ ਸਮਝਦੇ ਸਨ।

ਇਸ ਤਰ੍ਹਾਂ ਮਿੱਤਰ-ਰਾਸ਼ਟਰਾਂ ਦੀਆਂ ਸਰਕਾਰਾਂ ਦੀ ਨੀਤੀ ਦੇ ਨਤੀਜੇ ਵਜੋਂ, ਨਾ ਕਿ ਉਨ੍ਹਾਂ ਦੇ ਰਹਿਮ ਦੇ ਕਾਰਨ, ਆਸਟਰੀਆ ਮਿੱਤਰ-ਰਾਸ਼ਟਰ ਸਰਕਾਰਾਂ ਦਾ ਆਸ਼ਰਿਤ ਬਣ ਗਿਆ ਸੀ। ਸਭ ਤੋਂ ਪਹਿਲਾਂ, ਇੱਕ ਅੰਤਰ ਰਾਸ਼ਟਰੀ ਸਹਾਇਤਾ ਕਮੇਟੀ (International Relief Committee) ਦੀ ਸਥਾਪਨਾ ਕੀਤੀ ਗਈ ਜਿਸ ਦੇ ਨਾਲ ਸਹਿਯੋਗ ਕਰਨ ਲਈ ਨਿਰਪੱਖ ਦੇਸ਼ਾਂ ਨੂੰ ਸੱਦਿਆ ਗਿਆ; ਅਤੇ ਆਸਟਰੀਅਨ ਨੁਕਸਾਨ ਪੂਰਤੀ ਕਮਿਸ਼ਨ ਨੇ ਸੇਂਟ ਜਰਮਨ ਸੰਧੀ ਰਾਹੀਂ ਦਿੱਤੀ ਗਈ ਆਸਟਰੀਆ ਦੀ ਸਾਰੀ ਸੰਪਤੀ (assets) ਅਤੇ ਮਾਲੀਏ 'ਤੇ ਆਪਣਾ ਪਹਿਲਾ ਦਾਅਵਾ ਤਿਆਗ ਦਿੱਤਾ ਤਾਂਕਿ ਉਨ੍ਹਾਂ ਦੀ ਜਮਾਨਤ 'ਤੇ 'ਸਹਾਇਤਾ ਬਾਂਡ' (relief bonds) ਜਾਰੀ ਕੀਤੇ ਜਾ ਸਕਣ। 1919 ਅਤੇ 1921 ਦਰਮਿਆਨ ਆਸਟਰੀਅਨ ਸਰਕਾਰ ਨੂੰ ਸਹਾਇਤਾ ਕਰਜ਼ (relief credits) ਵਜੋਂ ਲਗਭਗ 2,50,00,000 ਪੌਂਡ ਪ੍ਰਾਪਤ ਹੋਏ। ਇਸ ਉਪਰੰਤ , ਮਿੱਤਰ-ਰਾਸ਼ਟਰ ਸਰਕਾਰਾਂ ਇਸ ਮਾਮਲੇ ਨੂੰ ਰਾਸ਼ਟਰ-ਸੰਘ 'ਚ ਭੇਜਣਾ ਚਾਹੁੰਦੀਆਂ ਸਨ। ਆਸਟਰੀਆ ਨੂੰ ਕੁਝ ਮਹੀਨਿਆਂ ਤੱਕ ਹੋਰ ਕਰਜ਼ਾ ਮੁਕਤ ਰੱਖਣ ਲਈ ਬ੍ਰਿਟੇਨ, ਫਰਾਂਸ, ਇਟਲੀ ਅਤੇ ਚੇਕੋਸਲੋਵਾਕਿਆ ਦੀਆਂ ਸਰਕਾਰਾਂ ਵੱਲੋਂ ਉਸ ਨੂੰ ਕਾਫ਼ੀ ਅਗਾਊਂ ਪੈਸਾ (advance) ਦਿੱਤੇ ਜਾਣ ਤੋਂ ਬਾਅਦ ਰਾਸ਼ਟਰ-ਸੰਘ ਦੀ ਅਰਥ ਕਮੇਟੀ ਨੇ ਅਸਟਰੀਆ ਦੇ ਵਿੱਤੀ ਪੁਨਰ-ਨਿਰਮਾਣ, ਉਸ ਦੀ ਕਰੰਸੀ ਦੀ ਸਥਿਰਤਾ ਅਤੇ ਇੱਕ ਅੰਤਰ ਰਾਸ਼ਟਰੀ ਕਰਜ਼ਾ ਜਾਰੀ ਕਰਨ ਲਈ ਇੱਕ ਵਿਸਥਾਰ ਯੋਜਨਾ ਤਿਆਰ ਕੀਤੀ ਜਿਸ ਨੂੰ ਅਕਤੂਬਰ 1922 'ਚ ਆਸਟਰੀਆ ਦੀ ਸਰਕਾਰ ਨੇ ਵੀ ਮਨਜ਼ੂਰ ਕਰ ਲਿਆ। ਕਰਜ਼ੇ ਦੀ ਵਿਵਸਥਾ ਕਰਨ ਵਾਲੇ ਇਸ ਦਸਤਾਵੇਜ਼ 'ਚ ਇੱਕ ਮਹੱਤਵਪੂਰਨ ਰਾਜਨੀਤਿਕ ਸ਼ਰਤ ਦਾ ਸੁਮੇਲ ਸੀ। ਅਸਟਰੀਆ ਨੇ ਸੇਂਟ ਜਰਮਨ ਸੰਧੀ 'ਚ ਜ਼ਿਕਰਯੋਗ ਰਾਸ਼ਟਰਸੰਘ-ਪਰਿਸ਼ਦ ਦੀ ਮਨਜ਼ੂਰੀ ਤੋਂ ਬਿਨਾਂ ਆਪਣੀ ਸਵਤੰਤਰਤਾ ਦਾ ਤਿਆਰ ਨਾ ਕਰਨ ਦੀ ਪ੍ਰਤਿੱਗਿਆ ਦੀ ਸਿਰਫ਼ ਪੁਸ਼ਟੀ ਹੀ ਨਹੀਂ ਕੀਤੀ ਸਗੋਂ ਇਹ ਵਚਨ ਵੀ ਦਿੱਤਾ ਕਿ ਹੋਰ ਰਾਸ਼ਟਰਾਂ ਨਾਲ ਉਹ ਅਜਿਹਾ ਕੋਈ ਆਰਥਿਕ ਸਮਝੌਤੇ ਨਹੀਂ ਕਰੇਗਾ ਜਿਸ ਨਾਲ ਉਸ ਦੀ ਸਵਤੰਤਰਤਾ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਪੁੱਜ ਸਕੇ। ਇਸ ਦਸਤਾਵੇਜ਼ ਦੇ ਅਧਾਰ 'ਤੇ 1923 ਦੇ ਵਸੰਤ 'ਚ ਅਸਟਰੀਆ ਨੇ ਦਸ ਰਾਸ਼ਟਰਾਂ ਦੇ ਸ਼ਾਹੂਕਾਰਾਂ ਤੋਂ ਸਿਰਫ਼ 3,00,00,000 ਪੌਂਡ ਦਾ ਕਰਜ਼ਾ ਮੰਗਿਆ। ਇਸ ਕਰਜ਼ੇ ਦੀ ਬ੍ਰਿਟਿਸ਼, ਫਰਾਂਸੀਸੀ, ਇਟਾਲੀਅਨ, ਚੈਕਸੋਲੋਵਾਕਿਆ ਅਤੇ ਕੁਝ ਨਿਰਪੱਖ ਸਰਕਾਰਾਂ ਨੇ ਕੁਝ ਅਨੁਪਾਤਾਂ 'ਚ ਗਾਰੰਟੀ ਦਿੱਤੀ ਸੀ ਅਤੇ ਉਸ 'ਚ ਬਹੁਤ ਜ਼ਿਆਦਾ ਰਕਮ ਪ੍ਰਾਪਤ ਹੋਈ ਸੀ। ਇਸ ਸਫ਼ਲਤਾ ਨਾਲ ਨਾ ਸਿਰਫ਼ ਅਸਟਰੀਆ ਦੀ ਹੀ ਸਮੱਸਿਆ ਅਨੇਕਾਂ ਸਾਲਾਂ ਲਈ ਹੱਲ ਹੋ ਗਈ ਸਗੋਂ ਉਨ੍ਹਾਂ ਕਰਜ਼ਿਆਂ ਲਈ ਜੋ ਹੋਰ ਯੂਰਪੀ ਦੇਸ਼ਾਂ ਨੂੰ ਅੱਗੇ ਚੱਲ ਕੇ ਰਾਸ਼ਟਰ-ਸੰਘ ਦੀ ਅਗਵਾਈ 'ਚ ਦਿੱਤੇ ਗਏ , ਉਸ ਨੇ ਇੱਕ ਉਦਾਹਰਨ ਵੀ ਪੇਸ਼ ਕਰ ਦਿੱਤੀ।

ਆਸਟਰੀਆ ਵਾਂਗ ਹੰਗਰੀ ਚੰਗੀ ਸਥਿਤੀ 'ਚ ਸੀ। ਜੰਗ-ਪੂਰਬ ਦੀ ਆਪਣੀ ਲਗਭਗ ਅੱਧੀ ਆਬਾਦੀ ਅਤੇ ਅੱਧੇ ਤੋਂ ਵੀ ਜ਼ਿਆਦਾ ਇਲਾਕੇ ਤੋਂ ਹੱਥ ਧੋ ਬੈਠਾ ਸੀ। ਪਰ ਇੱਕ ਤਰ੍ਹਾਂ ਨਾਲ ਇਸ ਗੱਲ ਤੋਂ ਉਸ ਦੀ ਸ਼ਕਤੀ ਵਧੀ ਸੀ ਕਿਉਂਕਿ ਹੁਣ ਉਸ ਦੇ ਖੇਤਰ 'ਚ ਕੋਈ ਵਿਦਰੋਹੀ ਮਨੋਬਿਰਤੀ ਦੇ ਵਿਜਾਤੀ ਲੋਕ ਨਹੀਂ ਰਹਿ ਗਏ ਸਨ। ਆਰਥਿਕ ਪੱਖੋਂ ਹੰਗਰੀ ਇੱਕ ਧਨੀ ਕਿਸਾਨ ਦੇਸ਼ ਸੀ ਜਿਸ ਦੀ ਸ਼ਹਿਰੀ ਆਬਾਦੀ ਅਨੁਪਾਤ ਤੋਂ ਵੱਧ ਨਹੀਂ ਸੀ। ਰਾਜਨੀਤਿਕ ਪੱਖੋਂ, ਮੋਟੇ ਤੌਰ 'ਤੇ ਉਥੇ ਪਰਜਾਤੰਤਰ ਦਾ ਸਰੂਪ ਬਣਿਆ ਰਿਹਾ। ਪਰ ਅਸਲੀ ਸ਼ਕਤੀ ਛੋਟੇ ਅਤੇ ਵੱਡੇ ਜਿਮੀਂਦਾਰਾਂ ਦੇ ਇੱਕ ਸ਼ਾਸਕ ਵਰਗ ਦੇ ਹੱਥਾਂ 'ਚ ਸੀ ਜਿਸ ਨੇ ਫੌਜ ਅਤੇ ਪ੍ਰਸ਼ਾਸਨ ਦੋਵਾਂ 'ਤੇ ਹੀ ਆਪਣਾ ਅਧਿਕਾਰ ਜਮਾ ਰੱਖਿਆ ਸੀ। ਪਰ ਹੰਗਰੀ ਦੇ ਕਿਸਾਨਾਂ ਦੀ ਸਥਿਤੀ ਯੂਰਪ ਦੇ ਕਿਸੇ ਵੀ ਆਧੁਨਿਕ ਸੂਬੇ ਦੇ ਕਿਸਾਨ ਨਾਲੋਂ ਖਰਾਬ ਸੀ, ਉਹ ਲਗਭਗ ਦਾਸਤਾ (Serfdom) ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ।

ਸ਼ਾਂਤੀ-ਸਮਝੌਤੇ ਦੇ ਸਮੇਂ ਤੋਂ ਹੀ ਆਪਣੇ 'ਤੇ ਲੱਦੀ ਗਈ ਸੰਧੀ ਦੀਆਂ ਸ਼ਰਤਾਂ ਦਾ ਵਿਰੋਧ ਕਰਨ ਅਤੇ ਮੌਕਾ ਮਿਲਦਿਆਂ ਹੀ ਉਨ੍ਹਾਂ ਨੂੰ ਪਲਟ ਦੇਣ ਦੇ ਸੰਕਲਪ 'ਚ ਹੰਗਰੀ ਦਾ ਸਥਾਨ ਜਰਮਨੀ ਤੋਂ ਬਾਅਦ ਦੂਜਾ ਸੀ। ਉਹ ਸੰਕਲਪ ਚੈਕੋਸਲੋਵਾਕਿਆ, ਰੁਮਾਨੀਆ ਅਤੇ ਯੂਗੋਸਲਾਵੀਆ ਲਈ-ਜਿਨ੍ਹਾਂ ਨੂੰ ਕਿ ਤ੍ਰਿਆਨੋ ਦੀ ਸੰਧੀ ਦੇ ਅਨੁਸਾਰ ਹੰਗਰੀ ਦਾ ਕੁਝ ਇਲਾਕਾ ਪ੍ਰਾਪਤ ਹੋਇਆ ਸੀ- ਡਰ ਦਾ ਕਾਰਨ ਬਣ ਗਿਆ ਅਤੇ ਇਸ ਕਾਰਨ ਜਿਵੇਂ ਪਹਿਲਾਂ ਦੱਸ ਚੁੱਕੇ ਹਾਂ, ਛੋਟੇ ਸਮਹਿਤਸੰਘ ਦਾ ਨਿਰਮਾਣ ਹੋਇਆ। ਪਰ ਛੋਟੇ ਸਮਹਿਤ-ਸੰਘ ਦੇ ਰਾਜਾਂ ਨੂੰ ਇੱਕ ਹੋਰ ਗੱਲ ਦਾ ਡਰ ਲੱਗਿਆ ਰਹਿੰਦਾ ਸੀ। ਨਵੰਬਰ 1918 ਦੇ ਅੰਤਿਮ ਹੇਪਸਬੁਰਗ ਰਾਜਾ, ਕਾਰਲ ਚੌਥਾ (Karl IV), ਦੇ ਸਿੰਘਾਸਨ ਤਿਆਗਣ 'ਤੇ ਵੀ ਹੰਗੇਰੀਅਨ ਜਨਤਾ ਦੀ ਆਪਣੇ ਰਾਜਾ ਪ੍ਰਤੀ ਪਰੰਪਰਾਗਤ ਸ਼ਰਧਾ ਨਸ਼ਟ ਨਹੀਂ ਹੋਈ ਸੀ। ਹੰਗਰੀ ਦੇ ਨਵੇਂ ਸੰਵਿਧਾਨ ਦਾ ਸਵਰੂਪ ਰਾਜਤੰਤਰੀ ਸੀ ਅਤੇ ਰਾਜ ਦੇ ਮੁਖੀ ਨੂੰ ਰੀਜੇਂਟ ਕਿਹਾ ਗਿਆ ਸੀ ਜਿਸ ਦਾ ਅਰਥ ਇਹ ਸੀ ਕਿ ਭਵਿੱਖ 'ਚ ਰਾਜਤੰਤਰ ਦੇ ਮੁੜ-ਸਥਾਪਿਤ ਹੋਣ ਦੀ ਆਸ ਸੀ। ਇਸ ਦੇ ਉਲਟ, ਇਹ ਵੀ ਭਰੋਸਾ ਕੀਤਾ ਜਾਂਦਾ ਸੀ ਕਿ ਸਲੋਵਾਕਿਆ, ਟ੍ਰਾਂਸਿਲਵਾਨੀਆ ਅਤੇ ਕ੍ਰੋਏਸ਼ੀਆ ਦੇ ਸਮਰਪਿਤ ਇਆਕਿਆਂ ਦੇ ਨਿਵਾਸੀਆਂ ਦੇ, ਆਪਣੇ ਪੁਰਾਣੇ ਹੰਗੇਰੀਅਨ ਸ਼ਾਸਕਾਂ ਦੇ ਪ੍ਰਤੀ, ਚਾਹੇ ਉਨ੍ਹਾਂ ਨੂੰ ਪ੍ਰੇਮ ਨਾ

ਵੀ ਰਿਹਾ ਹੋਵੇ, ਮਨ 'ਚ ਹੇਪਸਬੁਰਗ ਰਾਜਵੰਸ਼ ਪ੍ਰਤੀ ਕੁਝ ਸ਼ਰਧਾ ਜ਼ਰੂਰ ਸੀ। ਇਸ ਲਈ ਛੋਟੇ ਸਮਹਿਤਸੰਘ ਦੀਆਂ ਸਰਕਾਰਾਂ ਨੂੰ ਇਹ ਡਰ ਸੀ ਕਿ ਜੇਕਰ ਹੰਗਰੀ 'ਚ ਹੇਪਸਬੁਰਗ ਰਾਜਵੰਸ਼ ਮੁੜ-ਸੱਤਾਧਾਰੀ ਹੋ ਗਿਆ ਤਾਂ ਇਹ ਗੱਲ ਉਨ੍ਹਾਂ ਦੀ ਪ੍ਰਜਾ 'ਚ ਅਸ਼ਾਂਤੀ ਦਾ ਇੱਕ ਸੰਭਾਵੀ ਕਾਰਨ ਬਣ ਜਾਵੇਗੀ।

> ਨੋਟਸ ਹੰਗਰੀ ਦੇ ਨਵੇਂ ਸੰਵਿਧਾਨ ਦਾ ਸਵਰੂਪ ਰਾਜਤੰਤਰੀ ਸੀ।

ਲਘੂ ਸਮਹਿਤ ਸੰਘ ਦੇ ਦੇਸ਼ਾਂ ਦੀ ਘਬਰਾਹਟ ਬਿਲਕੁਲ ਬੇਬੁਨਿਆਦ ਵੀ ਨਹੀਂ ਸੀ। 1921 'ਚ ਹੰਗਰੀ ਦੇ ਆਪਣੇ ਸਿੰਘਾਸਨ 'ਤੇ ਮੁੜ-ਅਧਿਕਾਰ ਕਰਨ ਲਈ ਭਾਵੁਕ ਅਤੇ ਬਹਿਕਾਏ ਗਏ ਕਾਰਲ ਨੇ ਦੋ ਵਾਰ ਯਤਨ ਕੀਤੇ। ਸਵਿੱਟਜਰਲੈਂਡ ਸਥਿੱਤ ਆਪਣੀ ਰਿਹਾਇਸ਼ ਤੋਂ ਉਹ ਹਰ ਵਾਰ ਬਿਨਾਂ ਕਿਸੇ ਐਲਾਨ ਦੇ ਇਹ ਸੋਚ ਕੇ ਹੰਗਰੀ ਚਲਿਆ ਆਉਂਦਾ ਕਿ ਸਾਰਾ ਹੰਗਾਰੀ ਉਸ ਦਾ ਸਾਥ ਦੇਵੇਗਾ। ਅਸਲ 'ਚ ਹੰਗਰੀ ਦੀ ਸਰਕਾਰ ਦੇ ਹੇਪਸਬੁਰਗ ਰਾਜਾ ਦੇ ਮੁੜ ਸੱਤਾਧਾਰੀ ਹੋਣ ਨਾਲ ਛੋਟੇ ਸਮਹਿਤ ਸੰਘ ਦੇ ਦੇਸ਼ਾਂ ਨਾਲ ਜੋ ਜੰਗ ਹੁੰਦਾ ਉਸ 'ਚ ਪੈਣ ਦੀ ਸਥਿਤੀ 'ਚ ਨਹੀਂ ਸੀ। ਇਸ ਲਈ ਹੰਗਰੀ 'ਚ ਕਾਰਲ ਦੀ ਮੌਜੂਦਗੀ ਨਾਲ ਉਹ ਵੱਡੀ ਮੁਸੀਬਤ 'ਚ ਪੈ ਗਈ। ਪਹਿਲੀ ਵਾਰ ਤਾਂ ਉਸ ਨੇ ਕਾਰਲ ਨੂੰ ਹੰਗਰੀ ਛੱਡ ਕੇ ਚੁੱਪਚਾਪ ਚਲੇ ਜਾਣ ਨੂੰ ਰਾਜ਼ੀ ਕਰ ਲਿਆ, ਪਰ ਦੂਜੀ ਵਾਰ ਉਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਮਿੱਤਰ ਰਾਸ਼ਟਰਾਂ ਨੂੰ ਸੌਂਪ ਦਿੱਤਾ ਜਿਨ੍ਹਾਂ ਨੇ ਉਸ ਨੂੰ ਮੇਦੀਰਾ (Madeira) ਭੇਜ ਦਿੱਤਾ ਜਿੱਥੋਂ ਉਸ ਨੇ ਆਪਣੀ ਰਹਿੰਦੀ ਜ਼ਿੰਦਗੀ ਬਿਤਾਈ। ਮਿੱਤਰ-ਰਾਸ਼ਟਰਾਂ ਦੇ ਦਬਾਅ ਕਾਰਨ ਹੰਗਰੀ ਸਰਕਾਰ ਨੂੰ ਪਾਬੰਦ ਹੋ ਕੇ ਇੱਕ ਕਾਨੂੰਨ ਬਣਾਉਣਾ ਪਿਆ ਜਿਸ ਦੇ ਅਨੁਸਾਰ ਹੇਪਸਬਰਗ ਰਾਜਵੰਸ਼ ਦੇ ਲੋਕ ਹੰਗਰੀ ਦੇ ਸਿੰਘਾਸਨ ਤੋਂ ਸਦਾ ਲਈ ਵਾਂਝਾ ਕਰ ਦਿੱਤੇ ਗਏ। ਕਾਰਲ ਦੀ ਫੌਜ ਦਾ ਇੱਕੋ ਇੱਕ ਨਤੀਜਾ ਛੋਟੇ ਸਮਹਿਤਸੰਘ ਦੇ ਦੇਸਾਂ ਵੱਲੋਂ ਆਪਣੇ ਸ਼ਕਤੀ ਅਤੇ ਸੰਗਠਨ ਦਾ ਹੈਰਾਨੀਜਨਕ ਪ੍ਰਦਰਸਨ ਹੋਇਆ। ਛੇ ਮਹੀਨਿਆਂ ਤੋਂ ਬਾਅਦ ਮੇਦੀਰਾ 'ਚ ਹੀ ਕਾਰਲ ਦੀ ਮੌਤ ਹੋ ਗਈ ਅਤੇ ਉਹ ਆਰਕਡਿਊਕ ਓਟੋ (Archduke Otto) ਨਾਮੀ ਇੱਕ ਨੌਂ-ਸਾਲਾ ਉੱਤਰਾਧਿਕਾਰੀ ਆਪਣੇ ਪਿੱਛੇ ਛੱਡ ਗਿਆ। ਹੁਣ ਇਹ ਸਪੱਸ਼ਟ ਹੋ ਚੁੱਕਾ ਸੀ ਕਿ ਹੇਪਸਬੁਰਗ ਰਾਜਵੰਸ਼-ਸਬੰਧੀ ਸਵਾਲ ਅਨੇਕਾਂ ਵਰ੍ਹਿਆਂ ਤੱਕ ਮੱਧ-ਯੂਰਪ ਨੂੰ ਪਰੇਸ਼ਾਨ ਨਹੀਂ ਕਰੇਗਾ।

**ਇਟਲੀ (Italy)**

ਇਟਲੀ ਉਨ੍ਹਾਂ ਪੰਜ 'ਮੁੱਖ ਮਿੱਤਰ ਅਤੇ ਸਾਥੀ ਰਾਸ਼ਟਰਾਂ' 'ਚੋਂ ਇੱਕ ਸੀ ਜਿਨ੍ਹਾਂ ਨੇ ਸੰਧੀ ਦੀਆਂ ਸ਼ਰਤਾਂ ਤੈਅ ਕੀਤੀਆਂ ਸਨ। ਪਰ ਜਾਪਾਨ ਵਾਂਗ ਜੰਗ ਦੇ ਨਤੀਜਿਆਂ ਨਾਲ ਉਸ ਦੀ ਤ੍ਰਿਸ਼ਨਾ ਵਧ ਗਈ, ਬੁਝੀ ਨਹੀਂ; ਅਤੇ ਜੰਗ ਤੋਂ ਬਾਅਦ ਦੀ ਪੂਰੀ ਮਿਆਦ 'ਚ ਇਟਲੀ ਦੀ ਗਣਨਾ ਜਾਪਾਨ ਅਤੇ ਪੁਰਾਣੇ ਦੁਸ਼ਮਣ ਦੇਸ਼ਾਂ ਵਾਂਗ 'ਅਸੰਤੁਸ਼ਟ', 'ਕਸ਼ਟਦਾਈ' ਰਾਜਾਂ 'ਚ ਕੀਤੀ ਜਾਣੀ ਚਾਹੀਦੀ ਹੈ। 1848 'ਚ ਇਟਲੀ ਦਾ ਪਰਾਦੀਪ ਅੱਠ ਵੱਖ-ਵੱਖ ਰਾਜਿਆਂ 'ਚ ਵੰਡਿਆ ਹੋਇਆ ਸੀ ਅਤੇ ਇਟਲੀ ਦੀ ਏਕਤਾ ਕੁਝ ਉਤਸਾਹੀ ਲੋਕਾਂ ਦਾ ਹੀ ਸੁਫ਼ਨਾ ਸੀ, ਇੱਥੋਂ ਤੱਕ ਕਿ 1920-29 'ਚ ਵੀ ਉਹ ਆਪਣੀ ਦਮਨਕਾਰੀ ਤੇ ਭਰਵੀਂ ਯੁਵਾ ਅਵਸਥਾ 'ਚ ਹੀ ਸੀ। ਪੁਰਾਣੇ ਰਾਸ਼ਟਰਾਂ ਦੀਆਂ ਮਾਣਯੋਗ ਅਤੇ ਸ਼ਾਂਤੀ ਪਸੰਦ ਪਰੰਪਰਾਵਾਂ ਉਸ 'ਚ ਅਜੇ ਤੱਕ ਨਹੀਂ ਬਣ ਸਕੀਆਂ ਸਨ। ਉਸ ਨੂੰ ਇਹ ਯਾਦ ਸੀ ਕਿ ਉਸ ਨੇ ਆਪਣੀ ਏਕਤਾ ਲੜ ਕੇ ਪ੍ਰਾਪਤ ਕੀਤੀ ਹੈ, ਇਸ ਲਈ ਆਪਣੀ ਸ਼ਕਤੀ ਅਤੇ ਇਲਾਕੇ ਦਾ ਵਿਸਥਾਰ ਕਰਨ ਲਈ ਉਹ ਹੁਣ ਵੀ ਜੰਗ ਦਾ ਆਸਰਾ ਲੈਣਾ ਹੀ ਜ਼ਰੂਰੀ ਸਮਝਦਾ ਸੀ। ਜੇਕਰ ਇਹ ਪੁੱਛਿਆ ਜਾਵੇ ਕਿ ਹੋਰ ਵੱਡੇ ਰਾਸ਼ਟਰਾਂ ਵਾਂਗ ਇਟਲੀ ਦਾ ਰਸੂਖ ਰਾਸ਼ਟਰ-ਸੰਘ 'ਚ ਕਿਉਂ ਘੱਟ ਸੀ ਤਾਂ ਉਸ ਦਾ ਇੱਕ ਉੱਤਰ ਇਹ ਹੋਵੇਗਾ ਕਿ ਜੇਕਰ ਰਾਸ਼ਟਰ ਸੰਘ ਦੀ 19ਵੀਂ ਸ਼ਤਾਬਦੀ 'ਚ ਹੋਂਦ ਹੁੰਦੀ ਅਤੇ ਜੇਕਰ ਉਸ ਸਮੇਂ ਉਸਦੀ ਤਜਵੀਜ਼ ਦਾ ਪਾਲਣ ਕੀਤਾ ਗਿਆ ਹੁੰਦਾ, ਤਾਂ ਇਟਲੀ ਕਦੇ ਵੀ ਇੱਕ ਰਾਸ਼ਟਰ ਨਹੀਂ ਬਣ ਸਕਦਾ ਸੀ।

ਦੂਜਾ, ਇਟਲੀ ਦੇ ਅਸੰਤੋਸ਼ ਦੇ ਕੁਝ ਵਿਸ਼ੇਸ ਕਾਰਨ ਵੀ ਸਨ। 1915 'ਚ ਜਦੋਂ ਇਟਲੀ-ਮਿੱਤਰ ਰਾਸ਼ਟਰਾਂ 'ਚ ਸ਼ਾਮਲ ਹੋਇਆ ਸੀ, ਤਾਂ ਉਸ ਨੇ ਆਪਣਾ ਪੁਰਸਕਾਰ ਠਹਿਰਾ ਲਿਆ ਸੀ। ਲੰਡਨ ਦੀ ਗੁਪਤ ਸੰਧੀ ਦੇ ਅਨੁਸਾਰ ਇਹ ਸਮਝੌਤਾ ਕੀਤਾ ਗਿਆ ਸੀ ਕਿ ਸ਼ਾਂਤੀ ਸਮਝੌਤੇ ਦੇ ਸਮੇਂ ਇਟਲੀ ਨੂੰ ਆਸਟਰੀਆ ਤੋਂ ਦੱਖਣੀ ਟਾਇਰੋਲ (South Tyrol) ਜਿਸ ਦੀ ਆਬਾਦੀ ਜਰਮਨ ਸੀ, ਅਤੇ ਟ੍ਰੀਸਟ (Trieste) ਅਤੇ ਉਸ ਦੀ ਪਾਸ਼ਰਵ ਭੂਮੀ ਅਤੇ ਡਲਮੇਸ਼ੀਅਨ ਕਿਨਾਰਾ (ਟ੍ਰੀਸਟ ਨਗਰ ਨੂੰ ਛੱਡ ਕੇ) ਜਿਨ੍ਹਾਂ ਦੇ ਨਿਵਾਸੀ ਮੁੱਖ ਤੌਰ 'ਤੇ ਸਲਾਵ ਸਨ, ਮਿਲਣਗੇ। ਇਹ ਸੌਦਾ ਆਤਮ ਫ਼ੈਸਲੇ ਦੇ ਉਸ ਸਿਧਾਂਤ ਨੂੰ ਨਕਾਰਨ ਦਾ ਇੱਕ ਨਿੰਦਣਯੋਗ ਯਤਨ ਸੀ ਜਿਸ ਨੂੰ ਅਮਰੀਕੀ ਰਾਸ਼ਟਰਪਤੀ ਵਿਲਸਨ ਨੇ ਸਥਾਪਿਤ ਕੀਤਾ ਸੀ ਅਤੇ ਹੋਰ ਮਿੱਤਰ-ਰਾਸ਼ਟਰਾਂ ਨੇ 1918 'ਚ ਸ਼ਾਂਤੀ-ਸਮਝੌਤੇ ਦੇ ਅਧਾਰ ਦੇ ਰੂਪ 'ਚ ਮਨਜ਼ੂਰ ਕਰ ਲਿਆ ਸੀ। ਵਿਲਸਨ ਨੇ ਇਸ ਗੁਪਤ ਲੰਡਨ-ਸੰਧੀ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। 1920 ਦੇ ਸ਼ੁਰੂ 'ਚ, ਮਿੱਤਰ-ਰਾਸ਼ਟਰਾਂ ਨੇ ਪੂਰੇ ਸਰਹੱਦੀ ਵਿਵਾਦ ਤੋਂ ਆਪਣੇ ਹੱਥ ਖਿੱਚ ਲਏ ਸਨ ਅਤੇ ਯੂਗੋਸਲਾਵੀਆ ਅਤੇ ਇਟਲੀ ਨੂੰ ਆਪਸ 'ਚ ਨਜਿੱਠਣ ਲਈ ਛੱਡ ਦਿੱਤਾ। ਵਿਚਾਰ-ਵਟਾਂਦਰੇ ਕਈ ਵਰ੍ਹਿਆਂ ਤੱਕ ਚਲਦੇ ਰਹੇ ਤੇ ਉਨ੍ਹਾਂ 'ਚ ਕਈ ਦੌਰ ਆਏ। ਯੂਗੋਸਲਾਵੀਆ ਦੀ ਹਮਾਇਤ ਕਰਕੇ ਫਰਾਂਸ ਨੇ ਇਟਲੀ ਨਾਲ ਦੁਸ਼ਮਣੀ ਮੁੱਲ ਲੈ ਲਈ ਸੀ। ਆਖ਼ਰ 1924 'ਚ ਜਾ ਕੇ ਕਿਤੇ ਆਖ਼ਰੀ ਸਮਝੌਤਾ ਹੋ ਸਕਿਆ। ਇਟਲੀ ਨੇ ਜਾਰਾ ਬੰਦਰਗਾਹ ਨੂੰ ਛੱਡ ਕੇ ਪੂਰਾ ਡਲਮੇਸ਼ੀਅਨ ਕਿਨਾਰਾ ਯੂਗੋਸਲਾਵੀਆ ਨੂੰ ਦੇ ਦਿੱਤਾ ਪਰ ਹੋਰ ਥਾਵਾਂ 'ਚ ਉਸ ਨੂੰ ਲੰਡਨ-ਸੰਧੀ ਤੋਂ ਵੀ ਵਧੇਰੇ ਅਨੁਕੂਲ ਸ਼ਰਤਾਂ ਮਿਲੀਆਂ ਜਿਨ੍ਹਾਂ 'ਚ ਫਿਊਮ ਨਗਰ 'ਤੇ ਅਧਿਕਾਰ ਵੀ ਸ਼ਾਮਲ ਸੀ।

ਫਿਰ ਵੀ ਇੱਕ ਨਾਜ਼ੁਕ ਸਵਾਲ ਦਾ ਨਿਪਟਾਰਾ ਬਾਕੀ ਰਹਿ ਗਿਆ ਸੀ। ਇਟਲੀ ਨੇ ਇਹ ਦਾਅਵਾ ਕੀਤਾ ਕਿ ਲੰਡਨ-ਸੰਧੀ ਦੇ ਅੰਤਰਗਤ ਅਧਿਕਾਰਾਂ ਦਾ ਤਿਆਗ ਕਰਨ ਦੇ ਬਦਲੇ, ਮਿੱਤਰ-ਰਾਸ਼ਟਰ ਅਲਬਾਨੀਆ ਦੇ ਮਾਮਲਿਆਂ 'ਚ ਇਟਲੀ ਦੀ 'ਵਿਸ਼ੇਸ ਸਥਿਤੀ' (special status) ਨੂੰ ਮਾਨਤਾ ਕਰੋ। ਨਵੰਬਰ 1921 ਵਿੱਚ ਪੈਰਿਸ ਰਾਜਦੂਤ-ਸਮੇਲੰਨ (Ambassador's Conference)

ਨੋਟ

ਨੇ, ਜਿਸ ਨੇ ਮਿੱਤਰ-ਰਾਸ਼ਟਰ ਸਰਕਾਰਾਂ ਦੀ ਮੁੱਖ ਕਮੇਟੀ ਵਜੋਂ ਸਰਵਉੱਚ ਪਰਿਸ਼ਦ (Supreme Council) ਦੀ ਜਗ੍ਹਾ ਲੈ ਲਈ ਸੀ, ਇੱਕ ਮਤ ਸਵੀਕਾਰ ਕਰਕੇ ਇਹ ਐਲਾਨ ਕੀਤਾ ਕਿ ਜੇਕਰ ਅਲਬਾਨੀਆ ਦੀ ਅਜ਼ਾਦੀ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਪੈਦਾ ਹੋਇਆ ਤਾਂ ਬਿਟ੍ਰੇਨ, ਫਰਾਂਸ ਅਤੇ ਜਾਪਾਨ ਦੀਆਂ ਸਰਕਾਰਾਂ ਰਾਸ਼ਟਰ-ਸੰਘ ਪਰਿਸ਼ਦ 'ਚ ਆਪਣੇ ਪ੍ਰਤੀਨਿਧੀਆਂ ਨੂੰ ਇਹ ਅਲਬਾਨੀਆ ਦੀ ਸੁਤੰਤਰਤਾ ਦੀ ਰੱਖਿਆ ਕਰਨ ਦਾ ਕੰਮ ਇਟਲੀ ਨੂੰ ਸੌਂਪਿਆ ਜਾਵੇ। ਇਸ ਰੂਪ 'ਚ ਇਸ ਮਤੇ ਦਾ ਕੋਈ ਵੀ ਤੱਤਕਾਲੀਨ ਪ੍ਰਯੋਗ ਨਹੀਂ ਹੋ ਸਕਦਾ ਸੀ ਅਤੇ ਜੇਕਰ ਸੱਚ ਪੁੱਛਿਆ ਜਾਵੇ ਵੀ ਤਾਂ ਇਸ ਤਰ੍ਹਾਂ ਦੀ ਤਜਵੀਜ਼ ਇੱਕ ਬੇਤੁਕੀ ਗੱਲ ਸੀ ਕਿਉਂਕਿ ਅਲਬਾਨੀਆ ਦੀ ਸਵਤੰਤਰਤਾ ਨੂੰ ਜੇਕਰ ਕਿਸੇ ਰਾਸ਼ਟਰ ਤੋਂ ਖਤਰਾ ਵੀ ਸੀ, ਤਾਂ ਉਹ ਸਿਰਫ਼ ਇਟਲੀ ਤੋਂ ਹੀ ਸੀ। ਪਰ ਇਟਲੀ ਨੇ ਇਸ ਦਾ ਇਹ ਅਰਥ ਲਾਇਆ ਕਿ ਅਲਬਾਨੀਆ ਦੇ ਮਾਮਲਿਆਂ 'ਚ ਦਖਲਅੰਦਾਜ਼ੀ ਕਰਨਾ ਸਿਰਫ਼ ਉਸ ਦਾ ਅਧਿਕਾਰ ਮੰਨ ਲਿਆ ਗਿਆ ਹੈ ਤੇ ਇਹ ਅਧਿਕਾਰ ਉਸ ਤੋਂ ਬਿਨਾਂ ਹੋਰ ਕਿਸੇ ਵੀ ਰਾਸ਼ਟਰ ਨੂੰ ਨਹੀਂ ਹੈ। ਇਟਲੀ ਦਾ ਇਹ ਦਾਅਵਾ ਯੂਗੋਸਲਾਵੀਆ ਲਈ ਸ਼ੰਕਾ ਅਤੇ ਚਿੜ ਦਾ ਕਾਰਨ ਬਣ ਗਿਆ।




> ਕੀ ਤੁਸੀ ਜਾਣਦੇ ਹੋ? 1915 'ਚ ਇਟਲੀ ਮਿੱਤਰ-ਰਾਸ਼ਟਰਾਂ 'ਚ ਸ਼ਾਮਲ ਹੋਇਆ ਸੀ ?

ਲੰਡਨ- ਸੰਧੀ ਦੇ ਇੱਕ ਤੀਜੇ ਅਨੁਛੇਦ ਦੇ ਕਾਰਨ ਹੀ ਇਟਲੀ ਨੂੰ ਅਸੰਤੋਸ਼ ਸੀ ਅਤੇ ਉਸ ਦੀ ਇਹ ਭਾਵਨਾ ਬਣ ਗਈ ਸੀ ਕਿ ਮਿੱਤਰ-ਰਾਸ਼ਟਰ ਉਸ ਦੇ ਨਾਲ ਨਿਆਂਇਕ ਵਿਵਹਾਰ ਨਹੀਂ ਕਰ ਰਹੇ ਹਨ। ਇਸ ਅਨੁਛੇਦ 'ਚ ਇਹ ਦੱਸਿਆ ਗਿਆ ਸੀ ਕਿ ਜੇਕਰ ਅਫ਼ਰੀਕਾ 'ਚ ਗ੍ਰੇਟ ਬ੍ਰਿਟੇਨ ਅਤੇ ਫਰਾਂਸ ਆਪਣਾ ਉਪਨਿਵੇਸ਼ਕ ਖੇਤਰ ਜਰਮਨੀ ਤੋਂ ਖੋਹ ਕੇ ਵਧਾਵੇਗਾ ਤਾਂ ਇਟਲੀ ਨੂੰ ਉਸ ਦੇ ਵਰਤਮਾਨ ਅਫ਼ਰੀਕੀ ਉਪਨਿਵੇਸ਼ਾਂ ਦੇ ਸੀਮਾਂਤਾਂ ਅਤੇ ਉਸ ਨਾਲ ਲੱਗਦੀਆਂ ਗ੍ਰੇਟ ਬ੍ਰਿਟੇਨ ਅਤੇ ਫਰਾਂਸ ਦੇ ਉਪਨਿਵੇਸ਼ਾਂ ਦੀ ਹੱਦ ਦੇ ਸਹੀ ਪ੍ਰਬੰਧ ਰਾਹੀਂ ਜਾਇਜ਼ ਮੁਆਵਜ਼ਾ ਦਿੱਤਾ ਜਾਵੇਗਾ। ਇਹ ਵਚਨ ਇੰਨਾ ਅਸਪੱਸ਼ਟ ਸੀ ਕਿ ਉਸ ਦੇ ਕਈ ਅਰਥ ਕੱਢੇ ਜਾ ਸਕਦੇ ਸਨ । 1924 'ਚ ਜਾ ਕੇ ਕਿਤੇ ਇਟਲੀ ਅਤੇ ਗ੍ਰੇਟ ਬ੍ਰਿਟੇਨ 'ਚ ਸਮਝੌਤਾ ਹੋ ਸਕਿਆ। ਇਸ ਵਚਨ ਨੂੰ ਪੂਰਾ ਕਰਨ ਲਈ ਬ੍ਰਿਟਿਸ਼ ਉਪਨਿਵੇਸ਼ ਕੇਨੀਆ ਦਾ ਜੁਬਾਲੈਂਡ (Jubaland) ਖੇਤਰ ਇਟਲੀ ਦੇ ਸੋਮਾਲਿਲੈਂਡ (Somaliland) ਖੇਤਰ 'ਚ ਮਿਲਾ ਦਿੱਤਾ ਗਿਆ। ਇਟਲੀ ਅਤੇ ਫਰਾਂਯ 'ਚ ਸਮਝੌਤਾ ਹੋ ਸਕਣਾ ਹੋਰ ਵੀ ਮੁਸ਼ਕਲ ਸਿੱਧ ਹੋਇਆ। 1919 'ਚ ਉੱਤਰੀ ਅਫ਼ਰੀਕਾ ਦੇ ਸੋਧ ਦੁਆਰਾ ਵੀ, ਇਸ ਅਨੁਛੇਦ ਦੇ ਤਹਿਤ, ਇਟਲੀ ਦੇ ਲੰਬੇ ਚੌੜੇ ਦਾਅਵੇ ਪੂਰੇ ਨਹੀਂ ਹੋਏ ਅਤੇ ਉਸ ਦੀ ਇਹ ਸ਼ਿਕਾਇਤ 1935 ਤੱਕ ਬਣੀ ਰਹੀ ਜਿਸ ਨਾਲ ਫਰਾਂਸ ਅਤੇ ਇਟਲੀ ਦੇ ਸਬੰਧਾਂ 'ਚ ਵੈਰ ਵਧਾਉਣ ਲਈ ਇੱਕ ਕਾਰਨ ਹੋਰ ਜੁੜ ਗਿਆ।

ਅਕਤੂਬਰ 1922 'ਚ ਜਦੋਂ ਕਿ ਇਟਲੀ ਅਤੇ ਯੂਗੋਸਲਾਵੀਆ ਦੀ ਹੱਦ ਨਿਸ਼ਚਿਤ ਵੀ ਨਹੀਂ ਹੋ ਸਕੀ ਸੀ, ਇਟਲੀ ਦੀ ਸ਼ਾਸ਼ਨ ਪ੍ਰਣਾਲੀ 'ਚ ਇੱਕ ਮਹੱਤਵਪੂਰਨ ਬਦਲਾਅ ਹੋਇਆ। ਉਥੋਂ ਦੀ ਪ੍ਰਜਾਤੰਤਰ ਸਰਕਾਰ ਨੂੰ, ਜੋ ਅੰਦਰੂਨੀ ਵਿਵਸਥਾ ਬਣਾਈ ਰੱਖਣ 'ਚ ਕਮਜ਼ੋਰ ਹੋਣ ਕਾਰਨ ਆਪਣਾ ਮਾਣ ਗਵਾ ਬੈਠੀ ਸੀ, ਫਾਸਿਸਟ ਪਾਰਟੀ ਨੇ ਪਲਟ ਦਿੱਤਾ ਅਤੇ ਇਟਲੀ 'ਚ 20 ਤੋਂ ਵੱਧ ਸਾਲਾਂ ਲਈ

ਬੇਨਿਟੋ ਮੁਸੋਲਿਨੀ (Benito Mussolini) ਨਾਮੀ ਫਾਸਿਸਟ ਨੇਤਾ ਦੀ ਵਿਅਕਤੀਗਤ ਤਾਨਾਸ਼ਾਹੀ ਸਥਾਪਿਤ ਹੋ ਗਈ। ਇਸ ਘਟਨਾ ਨਾਲ ਦੋ ਤਰ੍ਹਾਂ ਦੀਆਂ ਅਪ੍ਰਤੱਖ ਅੰਤਰਰਾਸ਼ਟਰੀ ਪ੍ਰਤੀਕਿਰਿਆਵਾਂ ਹੋਈਆਂ। ਇੱਕ ਤਾਂ, ਯੂਰਪ ਦੇ ਹੋਰ ਕਈ ਰਾਜਾਂ 'ਚ ਵੀ ਛੇਤੀ ਹੀ ਪਰਜਾਤੰਤਰ ਦੀ ਥਾਂ ਤਾਨਾਸ਼ਾਹੀ ਦੀ ਸਥਾਪਨਾ ਹੋ ਗਈ। ਇਯ ਤਰ੍ਹਾਂ ਦੇ ਰਾਜਾਂ 'ਚ ਸਪੇਨ ਸਭ ਤੋਂ ਪਹਿਲਾ ਸੀ। ਦੂਜਾ, ਮੁਸੋਲਿਨੀ ਦੇ ਸੱਤਾਧਾਰੀ ਹੋਣ 'ਚ ਇਟਲੀ ਦੀ ਵਿਦੇਸ਼ ਨੀਤੀ ਹੋਰ ਵੀ ਹਮਲਾਕਾਰੀ ਹੋ ਜਾਵੇਗੀ, ਇਸ ਗੱਲ ਦਾ ਪਤਾ ਲੱਗ ਗਿਆ। ਜੰਗ ਤੋਂ ਪਹਿਲਾਂ ਪਰਜਾਤੰਤਰ-ਕਾਲ 'ਚ ਅਸ਼ਾਂਤੀਪੂਰਨ ਅਸੰਤੋਸ਼ ਇਟਲੀ ਦੀ ਨੀਤੀ ਦਾ ਇੱਕ ਸਪੱਸ਼ਟ ਲੱਛਣ ਸੀ। ਮੁਸੋਲਿਨੀ ਦੇ ਹੱਥਾਂ 'ਚ ਸੱਤਾ ਆਉਣ 'ਤੇ ਇਹ ਅਸੰਤੋਸ਼ ਵਧੇਰੇ ਬਹੁਉਦੇਸ਼ੀ, ਵਧੇਰੇ ਅਹੰਕਾਰੀ ਅਤੇ ਹੋਰ ਰਾਸ਼ਟਰਾਂ ਦੀਆਂ ਲੋੜ ਅਤੇ ਮੁਸ਼ਕਲਾਂ ਤੋਂ ਲਾਭ ਉਠਾ ਕੇ ਇਟਲੀ ਦੇ ਹਿੱਤ ਮੁੱਖ ਰੱਖਣ ਲਈ ਵਧੇਰੇ ਦ੍ਰਿੜ ਸੰਕਲਪ ਹੋ ਗਿਆ।

ਮੁਸੋਲਿਨੀ ਨੇ ਯੂਰਪ ਨੂੰ ਛੇਤੀ ਹੀ ਆਪਣੀ ਸ਼ਕਤੀ ਦਾ ਸਬੂਤ ਦੇ ਦਿੱਤਾ। ਅਗਸਤ 1923 'ਚ ਅਲਬਾਨੀਆ ਅਤੇ ਯੂਨਾਨ ਦੀ ਹੱਦ ਨਿਸ਼ਚਿਤ ਕਰਨ ਵਾਲੇ ਕਮਿਸ਼ਨ ਦੇ ਇਟਾਲੀਅਨ ਪ੍ਰਤੀਨਿਧੀ ਅਤੇ ਉਸ ਦੇ ਤਿੰਨ ਸਹਾਇਕਾਂ ਨੂੰ ਯੂਨਾਨੀ ਡਾਕੂਆਂ ਨੇ ਗੋਲ਼ੀ ਨਾਲ ਉਡਾ ਦਿੱਤਾ। ਇਸ 'ਤੇ ਇਟਲੀ ਦੇ ਬੇੜੇ ਨੇ ਤੁਰੰਤ ਹੀ ਕੋਰਫੂ (Corfu) 'ਤੇ ਬੰਬਾਰੀ ਕਰ ਦਿੱਤੀ ਜਿਸ 'ਚ ਕਈ ਨਾਗਰਿਕ ਮਾਰੇ ਗਏ ਅਤੇ ਦੀਪ 'ਤੇ ਅਧਿਕਾਰ ਕਰਕੇ ਨੁਕਸਾਨ ਪੂਰਤੀ ਦੀ ਮੰਗ ਕੀਤੀ ਜਿਸ ਦਾ ਪੈਰਿਸ 'ਚ ਸਥਿਤ ਰਾਜਦੂਤ-ਸੰਮੇਲਨ ਨੇ ਵੀ ਸਮਰਥਨ ਕੀਤਾ। ਯੂਨਾਨ ਨੇ ਜੋ ਵੇਨਿਜੇਲਾਸ ਦੇ ਪਤਨ ਤੋਂ ਬਾਅਦ ਯੂਰਪ 'ਚ ਮਿੱਤਰਹੀਣ ਹੋ ਗਿਆ ਸੀ, ਬੇਹੱਦ ਡਰ ਕਾਰਨ ਬਿਨਾਂ ਸੋਚੇ-ਵਿਚਾਰੇ ਰਾਸ਼ਟਰ-ਸੰਘ ਅਤੇ ਰਾਜਦੂਤ ਸੰਮੇਲਨ ਦੋਵਾਂ ਨੂੰ ਹੀ ਅਪੀਲ ਕੀਤੀ। ਅਥਾਰਟੀ ਦੀ ਇਸ ਵੰਡ ਤੋਂ ਲਾਭ ਉਠਾ ਕੇ ਮੁਸੋਲਿਨੀ ਨੇ ਇਹ ਐਲਾਨ ਕਰ ਦਿੱਤਾ ਕਿ ਉਹ ਰਾਸ਼ਟਰ-ਸੰਘ ਦੇ ਖੇਤਰ ਅਧਿਕਾਰ ਨੂੰ ਨਹੀਂ ਮੰਨੇਗਾ। ਆਖ਼ਰ 'ਚ ਨਿੱਜੀ ਵਿਚਾਰ-ਵਟਾਂਦਰੇ ਦੇ ਸਿੱਟੇ ਵਜੋਂ ਇੱਕ ਸਮਝੌਤਾ ਹੋਇਆ ਜਿਸ ਦੇ ਅਨੁਸਾਰ ਯੂਨਾਨ ਨੂੰ ਅਦਾਲਤ ਵੱਲੋਂ ਇਟਲੀ ਦੇ ਦਾਬੇ ਦੀ ਵੈਧਤਾ ਦਾ ਫ਼ੈਸਲਾ ਹੋਣ ਤੱਕ ਹੇਗ (Hague)ਸਥਿੱਤ ਅੰਤਰਾਸ਼ਟਰੀ ਸਥਾਈ ਅਦਾਲਤ (Permanent Court of International Justice) 'ਚ 5,00,00,000 ਲਾਇਰ (Lire) ਜਮ੍ਹਾਂ ਕਰਨੇ ਸਨ। ਪਰ ਐਨ ਮੌਕੇ 'ਤੇ ਇਟਲੀ ਨੇ ਇਸ ਹੱਲ ਨੂੰ ਵੀ ਨਾਮਨਜ਼ੂਰ ਕਰ ਦਿੱਤਾ। ਆਖ਼ਰ 'ਚ ਰਾਜਦੂਤ-ਸੰਮੇਲਨ ਦੇ ਦਬਾਅ ਕਾਰਨ ਯੂਨਾਨ ਨੂੰ ਨੁਕਸਾਨਪੂਰੀ ਦੀ ਰਕਮ ਸਿਧਾ ਹੀ ਇਟਲੀ ਨੂੰ ਦੇਣੀ ਪਈ। ਇਨ੍ਹਾਂ ਕਾਰਵਾਈਆਂ ਤੋਂ ਪਤਾ ਲਗਦਾ ਸੀ ਕਿ ਮਿੱਤਰ-ਰਾਸ਼ਟਰ ਸਰਕਾਰਾਂ ਇੱਕ ਛੋਟੇ ਰਾਜ ਦੀ ਰੱਖਿਆ ਲਈ ਰਾਸ਼ਟਰ-ਸੰਘ ਦੁਆਰਾ ਜਾਂ ਹੋਰ ਕਿਸੇ ਤਰ੍ਹਾਂ ਨਾਲ ਆਪਣੇ 'ਚੋਂ ਕਿਸੇ ਦੇ ਵਿਰੁੱਧ ਕਾਰਵਾਈ ਕਰਨ ਲਈ ਤਿਆਰ ਨਹੀਂ ਸਨ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. 1920 'ਚ ਅਲਬਾਨੀਆ ਨੂੰ ਇੱਕ ਸਵਤੰਤਰ ਰਾਜ ਦੀ ਹੈਸੀਅਤ ਨਾਲ........ ਦਾ ਮੈਂਬਰ ਬਣਾ ਲਿਆ ਗਿਆ।
2. 1913 'ਚ....... ਨੂੰ ਇੱਕ ਸਵਤੰਤਰ ਰਾਜ ਮੰਨ ਲਿਆ ਗਿਆ ਸੀ।
3. ਯੂਗੋਸਲਾਵੀਆ ਦਾ ਸਮਰਥਨ ਕਰਕੇ..... ਨੇ ਇਟਲੀ ਤੋਂ ਦੁਸ਼ਮਣੀ ਮੁੱਲ ਲੈ ਲਈ।

## 9.2 ਸੋਵੀਅਤ ਸੰਘ (The Soviet Union)

**1918 ਤੋਂ ਬਾਅਦ ਦੇ ਵਰ੍ਹਿਆਂ 'ਚ ਸੋਵੀਅਤ ਸਮਾਜਵਾਦੀ ਗਣਤੰਤਰ ਸੰਘ (Union of Soviet Socialist Republics)**- ਪਹਿਲਾਂ ਰੂਸ ਦੇ ਨਾਂਅ ਤੋਂ ਜਾਣੇ ਜਾਂਦੇ ਇਸ ਦੇਸ਼ ਦਾ ਇਹ ਨਾਂਅ ਸਰਕਾਰੀ ਤੌਰ 'ਤੇ 1923 'ਚ ਰੱਖਿਆ ਗਿਆ ਸੀ-ਦੀ ਵੀ ਗਣਨਾ ਯੂਰਪੀ ਰਾਜਨੀਤੀ 'ਚ ਵਿਛੁਬਧ ਸ਼ਕਤੀਆਂ (distrubing forces) 'ਚ ਕੀਤੀ ਜਾਣੀ ਚਾਹੀਦੀ ਹੈ, ਜਿੱਥੋਂ ਤੱਕ ਕਿ ਇਸ ਦੇ ਕਾਰਨ ਇਕਦਮ ਭਿੰਨ ਹਨ। ਰੂਸ ਦਾ ਗ੍ਰਹਿਯੁੱਗ ਇਸ 'ਚ ਸੋਵੀਅਤ-ਵਿਰੋਧੀ ਫੌਜਾਂ ਨੂੰ ਬ੍ਰਿਟੇਨ, ਫਰਾਂਸ, ਜਾਪਾਨ ਅਤੇ ਅਮਰੀਕਾ (ਕੁਝ ਸਮੇਂ ਤੱਕ) ਦੀਆਂ ਸਰਕਾਰਾਂ ਤੋਂ ਸਹਾਇਤਾ ਮਿਲੀ ਸੀ, 1920 'ਚ ਜਾ ਕੇ ਖ਼ਤਮ ਹੋਇਆ ਅਤੇ ਸੋਵੀਅਤ ਸਰਕਾਰ ਅਤੇ ਮਿੱਤਰ-ਰਾਸ਼ਟਰਾਂ ਦੇ ਸਬੰਧਾਂ 'ਚ ਉਸ ਤੋਂ ਬਾਅਦ ਵੀ ਕਈ ਵਰ੍ਹਿਆਂ ਤੱਕ ਪਰਸਪਰ ਬੇਭਰੋਸਗੀ ਅਤੇ ਦੁਸ਼ਮਣੀ ਬਣੀ ਰਹੀ। ਇਹ ਦੁਸ਼ਮਣੀ ਸੁਭਾਵਿਤ ਅਤੇ ਲਾਜ਼ਮੀ ਸੀ। ਧਰਮ ਸੁਧਾਰ (Reformation) ਤੋਂ ਬਾਅਦ ਯੂਰਪ ਦੇ ਰਾਜ ਆਪਣੇ ਆਪ ਨੂੰ ਅਤੇ ਹੋਰ ਰਾਜਾਂ ਨੂੰ (Religious) ਅਖੰਡ ਅਤੇ ਆਜ਼ਾਦ ਇਕਾਈਆਂ ਮੰਨਦੇ ਸਨ। ਹੋਰ ਰਾਜਾਂ ਦੀ ਜਨਤਾ 'ਚ ਅਸੰਤੋਸ਼ ਫ਼ੈਲਾ ਕੇ ਕਿਸੇ ਰਾਜ ਦੀ ਸੁਰੱਖਿਆ ਖ਼ਤਰੇ 'ਚ ਪਾਉਣਾ ਜੰਗ-ਕਾਲ 'ਚ ਠੀਕ ਹੋ ਸਕਦਾ ਸੀ, ਪਰ ਸਾਧਾਰਨ ਸਮੇਂ 'ਚ ਅਜਿਹਾ ਕਰਨਾ ਇਕਦਮ ਗ਼ਲਤ ਗੱਲ ਮੰਨੀ ਜਾਂਦੀ ਸੀ। ਸੋਵੀਅਤ ਸਿਧਾਂਤ ਨੇ ਇਨ੍ਹਾਂ ਮੁੱਢਲੀ ਧਾਰਨਾਵਾਂ ਨੂੰ ਇੱਕ ਪਾਸੇ ਰੱਖ ਦਿੱਤਾ। ਉਸ ਨੇ ਇਸ ਗੱਲ ਤੋਂ ਵੀ ਨਾਂਹ ਕੀਤੀ ਕਿ ਸੋਵੀਅਤ ਸੰਘ ਇੱਕ ਰਾਸ਼ਟਰੀ ਇਕਾਈ ਹੈ। ਰਾਜ ਨੂੰ ਉਹ ਰਾਜਨੀਤਿਕ ਸੰਗਠਨ ਦਾ ਇੱਕ ਅਸਥਾਈ ਰੂਪ ਮੰਨਦਾ ਸੀ ਜਿਸ ਦਾ ਮੇਲ ਕਮਿਊਨਿਸਟ ਆਦਰਸ਼ ਦੀ ਪ੍ਰਾਪਤੀ ਦੇ ਨਾਲ ਨਹੀਂ ਬੈਠਦਾ ਸੀ। ਉਸ ਦੇ ਅਨੁਸਾਰ ਹਰ ਸੱਚੇ ਕਮਿਊਨਿਸਟ ਦਾ ਫਰਜ਼ ਸਾਰੇ ਵਿਸ਼ਵ 'ਚ ਉਸ ਕ੍ਰਾਂਤੀ ਦਾ ਪ੍ਰਚਾਰ ਕਰਨਾ ਸੀ ਜੋ ਰੂਸ 'ਚ ਸਫ਼ਲ ਹੋ ਚੁੱਕੀ ਸੀ ਅਤੇ ਕਿਉਂਕਿ ਸੋਵੀਅਤ ਸੰਘ ਦੇ ਆਰੰਭਿਕ ਦਿਨਾਂ ਦੇ ਨੇਤਾਵਾਂ ਦਾ ਇਹ ਭਰੋਸਾ ਸੀ ਕਿ ਬਾਕੀ ਸੰਸਾਰ 'ਚ ਵੀ ਪੂੰਜੀਵਾਦ ਦੀ ਸਮਾਪਤੀ ਬਿਨਾਂ ਰੂਸ 'ਚ ਕ੍ਰਾਂਤੀਕਾਰੀ ਸਰਕਾਰ ਟਿਕ ਨਹੀਂ ਸਕੇਗੀ, ਇਸ ਲਈ ਉਨ੍ਹਾਂ ਦੇ ਜੋਸ਼ੀਲੇ ਉਤਸ਼ਾਹ 'ਚ ਸਵਾਰਥ ਦਾ ਵੀ ਕੁਝ ਅੰਸ਼ ਸੀ।

ਸ਼ੁਰੂ 'ਚ ਸੋਵੀਅਤ ਸੰਘ ਆਪਣੇ ਛੋਟੇ-ਛੋਟੇ ਗੁਆਂਢੀ ਦੇਸ਼ਾਂ ਤੋਂ ਹੀ ਡਿਪਲੋਮੇਟ ਸਬੰਧ ਸਥਾਪਿਤ ਕਰ ਸਕਿਆ। ਸੋਵੀਅਤ ਸਰਕਾਰ ਨੇ ਰਾਸ਼ਟਰੀ ਇੱਛਾਵਾਂ ਦਾ ਤਿਆਰ ਕਰਨ ਦਾ ਐਲਾਂਲ ਕੀਤਾ ਸੀ ਅਤੇ ਉਸ ਦੀ ਨੇਕ-ਨੀਅਤ ਦਾ ਪਤਾ ਇਸ ਗੱਲ ਤੋਂ ਲਗਦਾ ਸੀ ਕਿ ਉਹ ਉਨ੍ਹਾਂ ਨਵੇਂ ਬਣੇ ਰਾਜਾਂ ਨੂੰ ਮਾਨਤਾ ਦੇਣ ਲਈ ਤਿਆਰ ਸੀ ਜੋ ਰੂਸੀ ਸਾਮਰਾਜ ਤੋਂ ਵੱਖ ਹੋ ਗਏ ਸਨ। 1920 'ਚ ਉਸ ਨੇ

ਫਿਨਲੈਂਡ (ਜੋ ਰੂਸੀ ਸਾਮਰਾਜ ਦੇ ਅੰਤਰਗਤ ਅਰਧ ਸਵਤੰਤਰ ਗ੍ਰੇਂਡ ਡਚੀ ਰਹਿ ਚੁੱਕਾ ਸੀ) ਅਤੇ ਇਸਟੋਨੀਆ (Estonia), ਲੇਟਵੀਆ (Latvia) ਅਤੇ ਲਿਥੁਆਨੀਆ (Lithuania) (ਜਿਸ ਦੀ ਭੂਮੀ ਰੂਸ ਦਾ ਅਖੰਡ ਅੰਗ ਰਹਿ ਚੁੱਕੀ ਸੀ) ਨਾਲ ਸ਼ਾਂਤੀ ਸੰਧੀਆਂ ਕੀਤੀਆਂ। ਇਨ੍ਹਾਂ ਸੰਧੀਆਂ ਤੋਂ ਬਾਅਦ ਹੀ ਅਗਲੇ ਸਾਲ ਪੋਲੈਂਡ ਦੇ ਨਾਲ ਸੰਧੀ ਹੋਈ। ਪਰ ਤਿੰਨਾ ਕਾਕੇਸ਼ੀਅਨ (Caucasian) ਰਾਜ ਜਾਰਜੀਆ (Georgia), ਅਜਰਬੇਜਾਨ (Azerbaijan) ਅਤੇ ਆਰਮੀਨੀਆ (Armenia)- ਘਾਟੇ 'ਚ ਰਹੇ। ਸ਼ਾਇਦ ਜਾਰਜੀਆ ਨੂੰ ਛੱਡ ਕੇ ਇਨ੍ਹਾਂ 'ਚੋਂ ਕੋਈ ਵੀ ਸਵਤੰਤਰਤਾ ਦੇ ਤੱਤਾਂ ਨਾਲ ਲੈਸ ਨਹੀਂ ਸੀ। ਮਿੱਤਰ-ਰਾਸ਼ਟਰਾਂ ਦੀ ਫੌਜ, ਜਿਸ ਦੀ ਸੁਰੱਖਿਆ 'ਚ ਇਹ ਜੰਗ ਦੇ ਆਖ਼ਰੀ ਵਰ੍ਹੇ 'ਚ ਹੋਂਦ 'ਚ ਆਏ ਸਨ, ਹਟ ਜਾਣ ਕਾਰਨ ਉਨ੍ਹਾਂ ਦੀ ਕਿਸਮਤ ਦਾ ਸਿਤਾਰਾ ਡੁੱਬ ਗਿਆ। ਉਨ੍ਹਾਂ ਦੀ ਭੂਮੀ ਸੋਵੀਅਤ ਸੰਘ ਅਤੇ ਟਰਕੀ ਨੂੰ ਵਾਪਸ ਮਿਲ ਗਈ। 1921 ਦੇ ਸ਼ੁਰੂ 'ਚ ਸੋਵੀਅਤ ਸੰਘ ਨੇ ਟਰਕੀ, ਫਾਰਸ ਅਤੇ ਅਫ਼ਗਾਨਿਸਤਾਨ ਨਾਲ ਮਿੱਤਰਤਾ ਦੀਆਂ ਸੰਧੀਆਂ ਕੀਤੀਆਂ। ਫਾਰਸ ਅਤੇ ਅਫ਼ਗਾਨਿਸਤਾਨ ਦੇ ਨਾਲ ਕੀਤੀਆਂ ਗਈਆਂ ਸੰਧੀਆਂ ਦਾ ਸਿੱਟਾ ਇਹ ਹੋਇਆ ਕਿ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਦੇ ਦਬਾਅ ਦਾ ਮੁਕਾਬਲਾ ਕਰਨ ਦਾ ਹੌਂਸਲਾ ਹੋਇਆ ਜਦੋਂ ਕਿ ਮੰਸ਼ਾ ਅਜਿਹੀ ਨਹੀਂ ਸੀ, ਅਤੇ ਕੁਝ ਸਮੇਂ ਤੱਕ ਤਾਂ ਅਜਿਹਾ ਪ੍ਰਤੀਤ ਹੋਣ ਲੱਗਿਆ ਮੰਨੋ ਗ੍ਰੇਟ ਬ੍ਰਿਟੇਨ ਅਤੇ ਰੂਸ ਦਰਮਿਆਨ 19ਵੀਂ ਸ਼ਤਾਬਦੀ 'ਚ ਏਸ਼ੀਆ 'ਚ ਚੱਲਣ ਵਾਲੀ ਆਪਸੀ ਜੰਗ ਮੁੜ ਸ਼ੁਰੂ ਹੋਣ ਹੀ ਵਾਲੀ ਹੈ।

ਵੱਡੇ ਰਾਸ਼ਟਰ ਸੋਵੀਅਤ ਸਰਕਾਰ ਨਾਲ ਡਿਲੋਮੇਟਿਕ ਸਬੰਧ ਬਣਾਉਣ ਤੋਂ ਇਸ ਸਮੇਂ ਵੀ ਬਚਣਾ ਚਾਹੁੰਦੇ ਸਨ। ਪਰ ਸੋਵੀਅਤ ਸੰਘ ਨਾਲ, ਹਾਲਾਂਕਿ ਉਸ ਨੇ ਜਾਰਕਾਲੀਨ ਰੂਸ ਦਾ ਕਰਜ਼ਾ ਚੁਕਾਉਣ ਤੋਂ ਨਾਂਹ ਕਰ ਦਿੱਤੀ ਸੀ, ਵਪਾਰ ਦੀਆਂ ਸੰਭਾਵਨਾਵਾਂ ਦੀ ਅਣਦੇਖੀ ਤਾਂ ਨਹੀਂ ਕੀਤੀ ਜਾ ਸਕਦੀ ਸੀ। 1921 'ਚ ਗ੍ਰੇਟ ਬ੍ਰਿਟੇਨ ਨੇ ਸੋਵੀਅਤ ਸਰਕਾਰ ਦੇ ਨਾਲ ਇੱਕ ਵਪਾਰਕ ਸਮਝੌਤਾ ਕੀਤਾ ਅਤੇ ਇੱਕ 'ਵਪਾਰਕ ਵਫ਼ਦ' ("trade mission") ਮਾਸਕੋ ਭੇਜਿਆ। ਇਟਲੀ ਨੇ ਗ੍ਰੇਟ ਬ੍ਰਿਟੇਨ ਦੀ ਨਕਲ ਕੀਤੀ ਅਤੇ ਅਗਲੇ ਵਰ੍ਹੇ ਸੋਵੀਅਤ ਸੰਘ ਨੂੰ ਰਾਸ਼ਟਰ-ਕੁਲ ਦੇ ਇੱਕ ਮੈਂਬਰ ਵਜੋਂ ਇੰਨੀ ਮਾਨਤਾ ਮਿਲ ਚੁੱਕੀ ਸੀ ਕਿ ਜੇਨੋਆ (Genoa)'ਚ ਅਪਰੈਲ 1922 'ਚ ਹੋਏ ਜਰਮਨੀ ਸਮੇਤ ਸਾਰੇ ਯੂਰਪੀ ਦੇਸ਼ਾਂ ਦੀ ਇੱਕ ਆਰਥਿਕ ਸੰਮੇਲਨ ਚ ਹਿੱਸਾ ਲੈਣ ਲਈ ਉਸ ਨੂੰ ਸੱਦਿਆ ਗਿਆ। ਲਾਰਡ ਜਾਰਜ ਨੂੰ ਇਹ ਆਸ ਸੀ ਕਿ ਇਸ ਸੰਮੇਲਨ ਦੀ ਵਰਤੋਂ ਸੋਵੀਅਤ ਸੰਘ ਅਤੇ ਹੋਰ ਸੂਬਿਆਂ 'ਚ ਸਮਝੌਤਾ ਕਰਵਾਉਣ 'ਚ ਕੀਤੀ ਜਾ ਸਕੇਗੀ; ਪਰ ਫ੍ਰਾਂਸੀਸੀ ਅਤੇ ਬੈਲਜੀਅਮ ਵਫ਼ਦ ਦੀ ਜਿੱਦ ਕਾਰਨ ਇਸ ਆਸ 'ਤੇ ਪਾਣੀ ਫਿਰ ਗਿਆ। ਉਨ੍ਹਾਂ ਦੀ ਇਹ ਮੰਗ ਸੀ ਕਿ ਸੋਵੀਅਤ ਸਰਕਾਰ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਇਸ ਸ਼ਰਤ 'ਤੇ ਚਲਾਈ ਜਾਣੀ ਚਾਹੀਦੀ ਹੈ ਕਿ ਸੋਵੀਅਤ ਸਰਕਾਰ ਰੂਸ ਦੀ ਜੰਗ ਤੋਂ ਪਹਿਲਾਂ ਕਰਜ਼ੇ ਨੂੰ ਚੁਕਾਉਣਾ ਸਵੀਕਾਰ ਕਰੇ।

ਗ੍ਰੇਟ ਬ੍ਰਿਟੇਨ ਦੀ ਸੋਵੀਅਤ ਸੰਘ-ਸਬੰਧੀ ਨੀਤੀ ਇਸ ਸਮੇਂ ਮੰਦੇਭਾਗਾਂ ਨਾਲ ਗੁੱਟਬਾਜ਼ੀ ਰਾਜਨੀਤੀ ਦੀ ਗੇਂਦ ਬਣ ਗਈ। ਜੇਨੋਆ-ਸੰਮੇਲਨ ਤੋਂ ਕੁਝ ਸਮੇਂ ਬਾਅਦ ਹੀ, ਲਾਇਡ ਜਾਰਜ ਦੇ ਪਤਨ ਦਾ ਇੱਕ ਕਾਰਨ ਉਸ ਵੱਲੋਂ 'ਬੋਲਸ਼ੇਵਿਕਾਂ ਨੂੰ ਰਿਝਾਉਣ' ("Coquetting the Bolsheviks") ਦੀ ਨੀਤੀ ਦੱਸਿਆ ਜਾਂਦਾ ਸੀ। ਲਾਇਡ ਜਾਰਜ ਦੀ ਸਰਕਾਰ ਤੋਂ ਬਾਅਦ ਰੂੜੀਵਾਦੀ ਸਰਕਾਰ (Conservative Government) ਬਣੀ ਜਿਸ ਨੇ ਇਸ ਮਾਮਲੇ 'ਚ ਹੋਰ ਵੀ ਸਖ਼ਤ ਨੀਤੀ ਅਪਣਾਉਣਾ ਜ਼ਰੂਰੀ ਸਮਝਿਆ। ਰੂੜੀਵਾਦੀ ਗੁੱਟ ਦੀ ਇਸ ਨੀਤੀ ਦੀ ਪ੍ਰਤੀਕਿਰਿਆ ਦੇ ਸਿੱਟੇ ਵਜੋਂ ਮਜ਼ਦੂਰਾਂ ਦੀ ਸਰਕਾਰ ਨੇ, ਜੋ ਫਰਵਰੀ 1924 'ਚ ਸੱਤਾਧਾਰੀ ਹੋਈ, ਤੁਰੰਤ ਸੋਵੀਅਤ ਸਰਕਾਰ (Labour Governemnt) ਨੂੰ ਮਾਨਤਾ ਦੇ ਦਿੱਤੀ। ਪੂਰੀ ਗਰਮ ਰੁੱਤ 'ਚ ਲੰਡਨ 'ਚ ਬਹਿਸ ਚਲਦੀ ਰਹੀ ਅਤੇ ਅਗਸਤ 'ਚ ਬ੍ਰਿਟਿਸ਼ ਅਤੇ ਸੋਵੀਅਤ ਪ੍ਰਤੀਨਿਧੀਆਂ 'ਚ ਇੱਕ ਸਮਝੌਤਾ ਹੋ ਗਿਆ ਜਿਸ ਅਨੁਸਾਰ ਇੱਕ-ਦੂਜੇ ਦੇ ਬਕਾਇਆ ਦਾਅਵਿਆਂ ਨੂੰ ਰੱਦ ਕਰ ਦੇਣ ਅਤੇ ਸੋਵੀਅਤ ਸਰਕਾਰ ਨੂੰ ਇੱਕ ਗਾਰੰਟੀ-ਪ੍ਰਾਪਤ ਕਰਜ਼ਾ ਦੇਣ ਦੀ ਵਿਵਸਥਾ ਕੀਤੀ ਗਈ।

ਇਸ ਦਰਮਿਆਨ ਰੂੜੀਵਾਦੀ ਗੁੱਟ ਨੇ ਆਪਣੇ ਪ੍ਰੋਗਰਾਮ ਦਾ ਇੱਕ ਮੁੱਖ ਅੰਗ ਮਜ਼ੂਦਰ ਗੁੱਟ ਸਰਕਾਰ ਦੀ ਸੋਵੀਅਤ ਸੰਘ ਦੇ ਪ੍ਰਤੀ ਨੀਤੀ ਦਾ ਵਿਰੋਧ ਬਣਾ ਲਿਆ। 1921 ਦੇ ਵਪਾਰਕ ਸਮਝੌਤੇ ਦੀ ਇੱਕ ਧਾਰਾ ਦੇ ਅਨੁਸਾਰ ਸੋਵੀਅਤ ਸਰਕਾਰ ਨੇ ਬ੍ਰਿਟਿਸ਼ ਸਾਮਰਾਜ 'ਚ ਕਿਸੇ ਵੀ ਤਰ੍ਹਾਂ ਦਾ ਕ੍ਰਾਂਤੀਕਾਰੀ ਪ੍ਰਚਾਰ ਨਾ ਕਰਨ ਦਾ ਵਚਨ ਦਿੱਤਾ ਸੀ। ਨਾ ਤਾਂ ਰੂੜੀਵਾਦੀ ਅਤੇ ਨਾ ਮਜ਼ੂਦਰ ਗੁੱਟ ਸਰਕਾਰ ਨੇ ਹੀ ਸੋਵੀਅਤ ਸਰਕਾਰ ਦਾ ਇਹ ਤਰਕ ਮਨਜ਼ੂਰ ਕੀਤੀ ਸੀ ਕਿ ਸੀ ਕਿ ਸੋਵੀਅਤ ਸਰਕਾਰ ਤੇ ਕਾਮਿੰਟਰਨ ਦੋ ਵੱਖ-ਵੱਖ ਚੀਜ਼ਾਂ ਹਨ ਅਤੇ ਕਾਮਿੰਟਰਨ ਦੀਆਂ ਗਤੀਵਿਧੀਆਂ ਨੂੰ ਇਸ ਵਚਨ ਦਾ ਅੰਗ ਨਹੀਂ ਮੰਨਿਆ ਜਾ ਸਕਦਾ। 1924 ਦੀ ਗਰਮ ਰੁੱਤ 'ਚ ਰੂੜੀਵਾਦੀ ਗੁੱਟਾਂ ਦੇ ਲੋਕ ਬ੍ਰਿਟਿਸ਼ ਸਾਮਰਾਜ 'ਚ ਕਾਮਿੰਟਰਨ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਵੱਲ ਮਜ਼ਦੂਰ ਗੁੱਟ ਸਰਕਾਰ ਦਾ ਧਿਆਨ ਵਾਰ-ਵਾਰ ਆਕਰਸ਼ਿਤ ਕਰਕੇ ਪ੍ਰੇਸ਼ਾਨ ਕਰਦੇ ਰਹੇ। ਅਕਤੂਬਰ 1924 'ਚ ਆਮ ਚੋਣਾਂ ਦੇ ਇੱਕ ਰੂੜੀਵਾਦੀ ਅਖ਼ਬਾਰ ਨੇ, ਲਿਹਾਜ਼ਾ ਕਮਿੰਟਰਨ ਦੇ ਚੇਅਰਮੈਨ ਜਿਨੋਵਿਵ (Zinoviv) ਵੱਲੋਂ ਲਿਖੀ ਗਈ ਇੱਕ ਚਿੱਠੀ ਪ੍ਰਕਾਸ਼ਿਤ ਕੀਤੀ ਜਿਸ 'ਚ ਬ੍ਰਿਟਿਸ਼ ਕਮਿਊਨਿਸਟ ਨੂੰ ਗ੍ਰੇਟ ਬ੍ਰਿਟੇਨ 'ਚ ਕਮਿਊਨਿਸਟ-ਪ੍ਰਚਾਰ ਦੇ ਢੰਗਾਂ ਦੀ ਵਿਆਖਿਆ ਪ੍ਰਸਾਰਿਤ ਕੀਤੀ ਗਈ ਸੀ। ਸੋਵੀਅਤ ਸਰਕਾਰ ਨੇ ਚਿੱਠੀ ਦੀ ਪ੍ਰਮਾਣਤਾ ਦਾ ਦ੍ਰਿੜ ਵਿਰੋਧ ਕੀਤਾ।

ਪਰ 1924 ਦੇ ਆਖ਼ਰ 'ਚ ਸੋਵੀਅਤ ਸੰਘ ਦੀ ਅੰਤਰਰਾਸ਼ਟਰੀ ਸਥਿਤੀ ਹਰ ਕਿਤੇ ਤਣਾਅਪੂਰਨ ਨਹੀਂ ਸੀ। ਗ੍ਰੇਟ ਬ੍ਰਿਟੇਨ ਦੁਆਰਾ ਡਿਪਲੋਮੇਟ ਮਾਨਤਾ ਦਿੱਤੇ ਜਾਣ ਤੋਂ ਬਾਅਦ ਸੋਵੀਅਤ ਸੰਘ ਨੂੰ ਇਟਲੀ, ਫਰਾਂਸ ਅਤੇ ਜਾਪਾਨ ਅਤੇ ਯੂਰਪ ਦੇ ਜ਼ਿਆਦਾਤਰ ਸੂਬਿਆਂ ਨੇ ਮਾਨਤਾ ਦੇ ਦਿੱਤੀ ਸੀ। ਇਸ ਸਮੇਂ ਯੂਨਾਈਟਿਡ ਸਟੇਟਸ ਹੀ ਇੱਕ ਅਜਿਹਾ ਵੱਡਾ ਰਾਸ਼ਟਰ ਰਹਿ ਗਿਆ ਸੀ ਜੋ ਸੋਵੀਅਤ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦਾ ਸੰਬੰਧ ਨਹੀਂ ਰੱਖਣਾ ਚਾਹੁੰਦਾ ਸੀ। ਇਧਰ, ਸੋਵੀਅਤ ਸੰਘ 'ਚ ਜਨਵਰੀ 1924 'ਚ ਲੇਨਿਨ ਦੀ ਮੌਤ ਦੇ ਬਾਅਦ ਤੋਂ ਵਿਸ਼ਵ ਕ੍ਰਾਂਤੀ ਨੂੰ ਪਾਰਟੀ-ਪ੍ਰੋਗਰਾਮ 'ਚ ਗੌਣ ਸਥਾਨ ਦੇਣ ਦੀ ਪ੍ਰਵਿਰਤੀ ਸਾਫ਼ ਝਲਕ ਰਹੀ ਸੀ। ਜਿਨੋਵਿਵ-ਪੱਤਰ' ਮਾਮਲੇ ਦਾ ਸਭ ਤੋਂ ਵੱਧ ਮਹੱਤਵਪੂਰਨ ਪਹਿਲੂ ਇਹ ਸੀ ਕਿ ਸੋਵੀਅਤ ਸੰਘ 'ਚ ਹਰ ਕੋਈ ਇਸ ਪੱਤਰਰ ਦੀ ਪ੍ਰਮਾਣਿਕਤਾ ਨੂੰ ਨਕਾਰਨਾ ਚਾਹੁੰਦਾ ਸੀ। ਪੱਤਰ ਪ੍ਰਮਾਣਿਕ ਹੋਵੇ ਜਾਂ ਨਾ ਹੋਵੇ, ਪਰ ਉਸ 'ਚ ਅਜਿਹੀ ਕੋਈ ਗੱਲ ਨਹੀਂ ਸੀ ਜੋ ਸੋਵੀਅਤ ਨੇਤਾਵਾਂ ਦੀ ਹੁਣ ਤੱਕ ਦੀ ਐਲਾਨ ਕੀਤੀ ਨੀਤੀ ਦੇ ਵਿਰੁੱਧ ਹੋਵੇ। ਟ੍ਰੱਟਸਕੀ (Trotsky) ਅਤੇ ਸਟਾਲਿਨ 'ਚ 1924 ਤੋਂ ਅਗਵਾਈ ਲਈ ਜੋ ਸੰਘਰਸ਼ ਸ਼ੁਰੂ ਹੋਇਆ, ਉਸ ਦਾ ਵੀ ਵਿਸ਼ਾ ਇਹ ਸੀ। ਟ੍ਰੱਟਸਕੀ ਇਸ ਪੰਰਪਰਾਗਤ ਸਿਧਾਂਤ ਦਾ ਸਮਰਥਨ ਕਰਦਾ ਸੀ ਕਿ ਪੂੰਜੀਵਾਦੀ ਦੁਨੀਆ ਦੇ ਵਿਚਕਾਰ ਸੋਵੀਅਤ ਸਰਕਾਰ ਜ਼ਿਆਦਾ ਦੇਰ ਟਿਕੀ ਨਹੀਂ ਰਹਿ ਸਕਦੀ; ਇਸ ਲਈ ਕ੍ਰਾਂਤੀ ਦਾ ਵਿਸਥਾਰ ਹੀ ਸੋਵੀਅਤ ਕਾਰਜ ਦਾ

ਨੋਟ

ਪਹਿਲਾ ਉਦੇਸ਼ ਹੋਣਾ ਚਾਹੀਦਾ ਹੈ। ਪਰ ਸਟਾਲਿਨ ਨਵੀਂ ਨੀਤੀ ਦਾ ਸਮਰਥਕ ਸੀ ਜੋ ' ਇੱਕ ਹੀ ਰਾਜ 'ਚ ਸਮਾਜਵਾਦ ਦਾ ਨਿਰਮਾਣ ਕਰਨ' ("Building up Socialism in a single state") ਦੀ ਨੀਤੀ ਦੇ ਨਾਂਅ ਨਾਲ ਪ੍ਰਸਿੱਧ ਹੋਈ। 1927 'ਚ ਟ੍ਰਾਂਟਸਕੀ ਨੂੰ ਕਮਿਊਨਿਸਟ ਪਾਰਟੀ ਤੋਂ ਕੱਢ ਦੇਣ ਦਾ ਅਰਥ ਸੰਸਾਰ 'ਚ ਇਹ ਐਲਾਨ ਕਰ ਦੇਣਾ ਸੀ ਕਿ ਨਵੀਂ ਨੀਤੀ ਦੀ ਜਿੱਤ ਹੋਈ ਹੈ ਤੇ ਵਿਸ਼ਵ-ਕ੍ਰਾਂਤੀ ਦੀਆਂ ਇੱਛਾਵਾਂ ਨੂੰ, ਜੇਕਰ ਵਿਧੀਪੂਰਨ ਉਨ੍ਹਾਂ ਦਾ ਤਿਆਗ ਨਹੀਂ ਕੀਤਾ ਗਿਆ ਸੀ, ਭਵਿੱਖ 'ਚ ਸੋਵੀਅਤ ਸਰਕਾਰ ਤੇ ਪੂੰਜੀਵਾਦੀ ਰਾਜਾਂ ਵਿਚਕਾਰ ਸਾਧਾਰਨ ਸਬੰਧ ਹੋਣ 'ਚ ਅੜਿੱਕਾ ਨਹੀਂ ਆਉਣ ਦਿੱਤਾ ਜਾਵੇਗਾ। ਇਸ ਤਰ੍ਹਾਂ ਸੋਵੀਅਤ ਸੰਘ ਨੇ ਅੰਤਰਰਾਸ਼ਟਰੀ ਸੰਬੰਧਾਂ ਦੇ ਮੁੱਢਲੇ ਆਧਾਰ ਨੂੰ ਆਖ਼ਰ ਮੰਨ ਲਿਆ ਅਤੇ ਅੰਤਰ ਰਾਸ਼ਟਰੀ ਰਾਜਾਂ ਦੀ ਬਿਰਾਦਰੀ 'ਚ ਉਸ ਦਾ ਪੂਰੀ ਤਰ੍ਹਾਂ ਮੁੜ ਸ਼ਾਮਲ ਹੋਣਾ ਸਿਰਫ਼ ਸਮੇਂ ਦਾ ਹੀ ਸਵਾਲ ਰਹਿ ਗਿਆ।

## 9.3 ਸ਼ਾਂਤੀ ਦੇ ਅਧਾਰ (The Foundations of Peace)

ਵਿਸ਼ਵ-ਯੁੱਧਾਂ ਦੇ ਵਿਚਕਾਰ ਯੂਰਪੀ ਇਤਿਹਸ ਦੇ ਦੂਜੇ ਕਾਲ-ਸ਼ਾਂਤੀਕਰਨਕਾਲ (Period of Pacification) ਦੀ ਸ਼ੁਰੂਆਤ ਉਨ੍ਹਾਂ ਦੋ ਸਮੱਸਿਆਵਾਂ ਦੇ ਹੱਲ ਨਾਲ ਹੋਈ ਜਿਨ੍ਹਾਂ ਨੇ ਪਹਿਲੇ ਕਾਲ ਤੋਂ ਸਭ ਤੋਂ ਵੱਧ ਸਮੱਸਿਆਵਾਂ ਖੜੀਆਂ ਕੀਤੀਆਂ ਸਨ। ਇਹ ਸਮੱਸਿਆਵਾਂ ਸਨ-ਨੁਕਸਾਨ ਪੂਰਤੀ ਅਤੇ ਫਰਾਂਸ ਦੀ ਸੁਰੱਖਿਆ। 1924 ਅਤੇ 1925'ਚ ਇਨ੍ਹਾਂ ਸਮੱਸਿਆਵਾਂ ਦੇ ਜੋ ਹੱਲ-ਡਾਵੇਸ-ਯੋਜਨਾ (Dawes plan) ਅਤੇ ਲੋਕਾਰਨੋ-ਸੰਧੀ (Locarno Treaty) ਕੱਢੇ ਗਏ ਉਹ ਅਧੂਰੇ, ਅਤੇ ਜਿਵੇਂ ਅਸੀਂ ਹੁਣ ਜਾਣਦੇ ਹਾਂ, ਅਲਪਕਾਲਿਕ ਸਨ। ਪਰ ਅੱਧੀ ਸ਼ਤਾਬਦੀ ਤੱਕ ਉਨ੍ਹਾਂ ਨੂੰ ਅੰਤਿਮ ਮੰਨਿਆ ਜਾਂਦਾ ਰਿਹਾ; ਅਤੇ ਇਹ ਸਾਲ, ਬੇਯਕੀਨੀਆਂ ਅਤੇ ਅਧੂਰੇਪਣ ਦੇ ਹੁੰਦੇ ਹੋਏ ਵੀ ਯੁੱਧ ਤੋਂ ਪਹਿਲਾਂ ਵਾਲੇ ਯੂਰਪ ਦੇ ਸੁਨਹਿਰੇ ਸਾਲ ਸਨ।

## 9.4 ਡਾਵੇਸ-ਯੋਜਨਾ (The Dawes Plan)

11 ਮਈ, 1924 ਨੂੰ ਫਰਾਂਸ 'ਚ ਆਮ ਚੋਣਾਂ ਹੋਈਆਂ ਜਿਸ ਦੇ ਸਿੱਟੇ ਵਜੋਂ ਹੇਰੀਅਤ (Herriot) ਫਰਾਂਸ ਦੇ ਪ੍ਰਧਾਨ ਮੰਤਰੀ ਬਣੇ। ਇਨ੍ਹਾਂ ਚੋਣਾਂ ਤੋਂ ਕੁਝ ਹੀ ਸਮਾਂ ਪਹਿਲਾਂ ਡਾਵੇਸ-ਕਮੇਟੀ ਨੇ ਆਪਣੀ ਰਿਪੋਰਟ ਨੁਕਸਾਨ-ਪੂਰਤੀ ਕਮਿਸ਼ਨ ਨੂੰ ਪੇਸ਼ ਕੀਤਾ ਸੀ। ਜਰਮਨੀ 'ਚ ਇਸ ਸਮੇਂ ਤੱਕ, ਉਥੋਂ ਦਾ ਵਿਦੇਸ਼-ਮੰਤਰੀ ਸਟ੍ਰੇਸਮਾਨ (Stressemann) ਰਾਜਨੀਤਿਕ ਜਗਤ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀ ਹੋ ਚੁੱਕਿਆ ਸੀ। ਗ੍ਰੇਟ ਬ੍ਰਿਟੇਨ 'ਚ ਰੇਮਜੇ ਮੇਕਡਾਨਲਡ ਦੀ ਮਜ਼ਦੂਰ ਪਾਰਟੀ ਸਰਕਾਰ ਸੱਤਾਧਾਰੀ ਸੀ। ਹੁਣ ਇਹ ਤਿੰਨੇ ਰਾਜਨੀਤੀਵਾਨ ਡਾਵੇਸ-ਰਿਪੋਰਟ ਦੇ ਅਧਾਰ 'ਤੇ ਨੁਕਸਾਨਪੂਰਤੀ-ਸਮੱਸਿਆ ਦਾ ਹੱਲ ਕੱਢਣ 'ਚ ਜੁਟੇ ਗਏ।

ਡਾਵੇਸ-ਕਮੇਟੀ ਦੀ ਪਹਿਲੀ ਚਿੰਤਾ ਜਰਮਨ ਕਰੰਸੀ ਨੂੰ ਮੁੜ ਸਥਿਰ ਕਰਨ ਦੀ ਸੀ, ਕਿਉਂਕਿ ਉਸ ਦੇ ਬਿਨਾਂ ਵਿਦੇਸ਼ਾਂ ਦਾ ਭੁਗਤਾਨ ਕਰ ਸਕਣਾ ਜਰਮਨੀ ਲਈ ਮੁਸ਼ਕਲ ਸੀ। 1923 ਦੇ ਅੰਤ ਤੱਕ ਜਰਮਨ ਮਾਰਕ ਦੀ ਅਸਲ 'ਚ ਕੋਈ ਕੀਮਤ ਨਹੀਂ ਰਹਿ ਗਈ ਸੀ। ਜਰਮਨ ਸਰਕਾਰ ਨੇ ਅਸਥਾਈ ਤੌਰ 'ਤੇ ਇੱਕ ਨਵੀਂ ਮੁਦਰਾ ਚਲਾਈ ਸੀ ਜੋ ਰੇਨਟੇਨਮਾਰਕ (Rentenmark) ਕਹਾਉਂਦੀ ਸੀ ਅਤੇ ਜਿਸ ਦੀ ਦਰ ਪੁਰਾਣੇ ਸਿੱਕੇ ਦੀ ਦਰ ਦੇ ਬਰਾਬਰ 20 ਪ੍ਰਤੀ ਪੌਂਡ ਸੀ। ਪਰ ਸੋਨੇ ਜਾਂ ਵਿਦੇਸ਼ੀ ਕਰੰਸੀ (foreign assets) ਦੀ ਇੱਕ ਦ੍ਰਿੜ ਸੇਵਿੰਗ (Reserve) ਦੇ ਸਮਰਥਨ ਦੀ ਕਮੀ 'ਚ ਰੇਨਟੇਮਾਰਕ ਦੀ ਸਥਿਤੀ ਵੀ ਸੰਕਟਪੂਰਨ ਹੀ ਸੀ। ਡਾਵੇਸ-ਕਮੇਟੀ ਨੇ ਉਤਕ ਦਰ 'ਤੇ ਹੀ ਰੀਸ਼ਮਾਰਕ (Reichsmark) ਨਾਮੀ ਇੱਕ ਨਵੀਂ ਕਰੰਸੀ ਜਾਰੀ ਕਰਨ ਦੀ ਸਿਫਾਰਸ਼ ਕੀਤੀ ਸੀ, ਜਿਸ ਦਾ ਕੰਟਰੋਲ ਜਰਮਨ ਸਰਕਾਰ ਤੋਂ ਅਜ਼ਾਦ ਇੱਕ ਪ੍ਰਚਾਲਨ-ਬੈਂਕ (Bank of Issue) ਦੁਆਰਾ ਕੀਤਾ ਜਾਣਾ ਸੀ।

ਇਹ ਮੰਨ ਕੇ ਕਿ ਕਰੰਸੀ ਸਥਿਰ ਹੋ ਜਾਵੇਗੀ, ਕਮੇਟੀ ਨੇ ਇਹ ਮਤ ਪ੍ਰਗਟਾਇਆ ਸੀ ਕਿ ਨੁਕਸਾਨਪੂਰਤੀ ਦੇ ਅੰਸ਼ਿਕ ਭੁਗਤਾਨਾਂ ਦੇ ਰੂਪ 'ਚ, ਜਰਮਨੀ ਮਿੱਤਰ-ਰਾਸ਼ਟਰਾਂ ਨੂੰ 5,00,00,000 ਪੌਂਡ ਤੋਂ ਸ਼ੁਰੂ ਹੋਣ ਵਾਲੀ ਸਾਲਾਨਾ ਰਕਮ (annuities) ਚੁਕਾ ਸਕੇਗਾ ਜੋ ਪੰਜਵੇਂ ਵਰ੍ਹੇ ਤੋਂ ਬਾਅਦ ਦੇ ਵਧਦੇ ਹੋਏ 12,50,00,000 ਪੌਂਡ ਦੇ ਉੱਚ ਸਟੈਂਡਰਡ (standard maximum) ਤੱਕ ਪੁੱਜ ਜਾਵੇਗੀ। ਇਨ੍ਹਾਂ ਭੁਗਤਾਨਾਂ ਦੀ ਸਕਿਊਰਟੀ (security) ਤਿੰਨ ਤਰ੍ਹਾਂ ਦੀ ਰੱਖੀ ਗਈ ਸੀ : ਸਰਕਾਰੀ ਰੇਲਾਂ ਦੇ ਬੌਂਡ (bonds), ਜਰਮਨ ਉਦਯੋਗਿਕ ਅਦਾਰਿਆਂ ਦੇ ਬੌਂਡ ਅਤੇ ਸ਼ਰਾਬ (alcohol), ਖੰਡ ਅਤੇ ਤੰਬਾਕੂ 'ਤੇ ਟੈਕਸ ਅਤੇ ਸਰਹੱਦੀ ਟੈਕਸ ਤੋਂ ਮਾਲੀ ਆਮਦਨ (revenue receipts) ਕਿਤੇ ਇਹ ਭੁਗਤਾਨ ਐਕਸਚੇਂਜ (exchange) ਨੂੰ ਮੁੜ-ਨੁਕਸਾਨ ਨਾ ਪਹੁੰਚਾਵੇ ਇਸ ਨਜ਼ਰੀਏ ਤੋਂ ਇਹ ਸੁਝਾਵ ਰੱਖਿਆ ਗਿਆ ਸੀ ਕਿ ਜਰਮਨੀ ਵੱਲੋਂ ਇਹ ਭੁਗਤਾਨ ਮਾਰਕਾਂ 'ਚ ਕੀਤੇ ਜਾਣ ਅਤੇ ਵਿਦੇਸ਼ੀ ਕਰੰਸੀ 'ਚ ਇਨ੍ਹਾਂ ਰਕਮਾਂ ਦੀ ਐਕਸਚੇਂਜ ਕਰਵਾਉਣ ਦਾ ਫਰਜ਼ ਮਿੱਤਰ-ਰਾਸ਼ਟਰਾਂ ਦੀਆਂ ਸਰਕਾਰ ਦਾ ਰਹੇ। ਲੈਣਦਾਰਾਂ (creditors) ਦੇ ਹਿੱਤ 'ਚ ਇਹ ਵਿਵਸਥਾ ਉੱਚਿਤ ਤੌਰ 'ਤੇ ਚਲਦੀ ਰਹੇ, ਇਸ ਲਈ ਨੁਕਸਾਨਪੂਰਤੀ-ਕਮਿਸ਼ਨ ਨੂੰ ਪ੍ਰਚਾਲਨ-ਬੈਂਕ ਦੇ ਬੋਰਡ, ਰੇਲਾਂ ਅਤੇ "ਕੰਟਰੋਲਡ ਮਾਲੀਆ' ("controlled revenue") ਅਰਥਾਤ ਵੱਖਰੇ ਹੋਈ ਮਾਲੀ-ਆਮਦਨ (earmarked tax receipts) ਦੇ ਪ੍ਰਬੰਧਕ-ਮੰਡਲ 'ਚ ਮਿੱਤਰ-ਰਾਸ਼ਟਰੀ ਕਮਿਸ਼ਨਰ (Allied Commissioners) ਨਿਯੁਕਤ ਕਰਨ ਦਾ ਅਧਿਕਾਰ ਦਿੱਤਾ ਗਿਆ। ਇਸ ਦੇ ਨਾਲ ਹੀ ਪੂਰੀ ਯੋਜਨਾ ਦਾ ਭਾਰ ਇੱਕ "ਨੁਕਸਾਨਪੂਰਤੀ ਭੁਗਤਾਨ ਏਜੰਟ" (Agent) ਨੂੰ ਸੌਂਪਿਆ ਗਿਆ। ਆਖ਼ਰ 'ਚ ਇਸ ਯੋਜਨਾ ਦੀ ਸਫ਼ਲਤਾ ਲਈ ਦੋ ਸ਼ਰਤਾਂ ਦਾ ਪੂਰਾ ਹੋਣਾ ਜ਼ਰੂਰੀ ਸੀ-ਇੱਕ ਤਾਂ ਰੂਰ 'ਤੇ ਅਧਿਕਾਰ ਦਾ ਖਾਤਮਾ ਅਤੇ ਜਰਮਨੀ ਦਾ ਆਪਣੇ ਪੂਰੀ ਖੇਤਰ 'ਚ ਮੁੜ ਆਰਥਿਕ ਕੰਟਰੋਲ। ਦੂਜਾ, ਜਰਮਨੀ ਨੂੰ ਵਿਦੇਸ਼ਾਂ ਤੋਂ 4,00,00,000 ਪੌਂਡ ਕਰਜ਼ਾ ਮਿਲਿਆ ਤਾਂਕਿ ਉਸ ਦੇ ਕੰਮ- ਕਰੰਸੀ ਸੇਵਿੰਗ (currency reserve) ਦੀ ਵਿਵਸਥਾ ਕਰਨਾ ਅਤੇ ਉਸ ਪਹਿਲੇ ਸਾਲਾਨਾ ਦੇ ਭੁਗਤਾਨ 'ਚ ਉਸ ਦੀ ਸਹਾਇਤਾ ਕਰਨਾ ਜੋ ਯੋਜਨਾ ਦੇ ਲਾਭ ਸਾਹਮਣੇ ਆਉਣ ਤੋਂ ਪਹਿਲਾਂ ਹੀ ਦਿੱਤੀ (due) ਜਾਵੇਗੀ-ਪੂਰੇ ਹੋ ਸਕਣ।

ਮੇਕਡਾਨਲਡ ਅਤੇ ਹੇਰੀਅਤ 'ਚ ਪਰਸਪਰ ਸ਼ੁਰੂਆਤੀ ਵਿਚਾਰ-ਵਟਾਂਦਰਿਆਂ ਤੋਂ ਬਾਅਦ 'ਡਾਵੇਸ-ਯੋਜਨਾ' ਲੰਡਨ 'ਚ ਜੁਲਾਈ ਅਤੇ ਅਗਸਤ 'ਚ ਹੋਏ ਇੱਕ ਸੰਮੇਲਨ 'ਚ ਪੇਸ਼ ਕੀਤੀ ਗਈ। ਇਸ ਸੰਮੇਲਨ 'ਚ ਸਟ੍ਰੇਸਮਾਸ ਵੀ ਸ਼ਾਮਲ ਹੋਇਆ ਸੀ। ਸਮਝੌਤੇ ਦੇ ਇਸ

ਨਵੇਂ ਵਾਤਾਵਰਨ 'ਚ ਇਹ ਯੋਜਨਾ ਬਿਨਾ ਵਧੇਰੇ ਮੁਸ਼ਕਲਾਂ ਦੇ ਮਨਜ਼ੂਰ ਕਰ ਲਈ ਗਈ, ਜਦੋਂ ਕਿ ਕਈ ਜਟਿਲ ਬਾਰੀਕੀਆਂ 'ਤੇ ਸਮਝੌਤਾ ਹੋਣਾ ਜ਼ਰੂਰੀ ਸੀ। ਰੂਸ ਦੀ ਘਟਨਾ ਧਿਆਨ 'ਚ ਰੱਖਦਿਆਂ ਜਰਮਨੀ ਨੇ ਇਹ ਬਚਨ ਲੈਣ ਦਾ ਯਤਨ ਕੀਤਾ, ਅਤੇ ਇਸ 'ਚ ਉਸ ਨੂੰ ਸਫ਼ਲਤਾ ਵੀ ਮਿਲੀ ਕਿ ਜਾਣਬੁੱਝ ਕੇ ਵੱਡੀ ਰਕਮ ਬਕਾਇਆ ਰੱਖਣ ਤੋਂ ਇਲਾਵਾ ਹੋਰ ਕਿਸੇ ਵੀ ਦਸ਼ਾ 'ਚ ਉਸ 'ਤੇ ਜ਼ੁਰਮਾਨਾ ਨਹੀਂ ਲਾਇਆ ਗਿਆ। ਅਕਤੂਬਰ 'ਚ ਜਰਮਨ ਕਰਜ਼ਾ ਜਾਰੀ ਕੀਤਾ ਗਿਆ ਅਤੇ (ਫਰਾਂਸ ਨੂੰ ਛੱਡ ਕੇ, ਜਿੱਥੇ ਖ਼ੁਦ ਬੈਂਕਾਂ ਨੇ ਕਰਜ਼ਾ ਦਿੱਤਾ ਸੀ) ਸਭ ਤੋਂ ਪਹਿਲਾਂ ਉਸ 'ਚ ਆਸ ਤੋਂ ਵੱਧ ਰਕਮ ਪ੍ਰਾਪਤ ਹੋਈ। ਕਰਜ਼ੇ ਦੀ ਅੱਧੀ ਤੋਂ ਵੀ ਵੱਧ ਰਕਮ ਅਮਰੀਕਾ ਤੋਂ ਮਿਲੀ ਇੱਕ-ਚੌਥਾਈ ਤੋਂ ਵੀ ਵੱਧ ਗ੍ਰੇਟ ਬ੍ਰਿਟੇਨ ਤੋਂ। ਬਾਕੀ ਰਕਮ ਫਰਾਂਸ, ਬੈਲਜ਼ੀਅਮ, ਇਟਲੀ, ਸਵਿੱਟਜ਼ਰਲੈਂਡ ਅਤੇ ਸਵੀਡਨ ਤੋਂ ਪ੍ਰਾਪਤ ਹੋਈ। ਜਦੋਂ ਕਿ ਡਾਵੇਸ-ਕਰਜ਼ਾ ਰਾਸ਼ਟਰ-ਸੰਘ ਦੀ ਅਗਵਾਈ 'ਚ ਜਾਰੀ ਨਹੀਂ ਕੀਤਾ ਗਿਆ ਸੀ, ਫਿਰ ਵੀ ਇਸ 'ਚ ਕੋਈ ਸ਼ੱਕ ਨਹੀਂ ਸੀ ਕਿ ਆਸਟਰੀਆ ਅਤੇ ਹੰਗਰੀ ਨੂੰ ਰਾਸ਼ਟਰ-ਸੰਘ ਵੱਲੋਂ ਦਿਵਾਏ ਗਏ ਕਰਜ਼ੇ ਦੀ ਉਦਾਹਰਨ ਨੇ ਇਸ ਕਰਜ਼ੇ ਦੀ ਸਫ਼ਲਤਾ 'ਚ ਬਹੁਤ ਨਫ਼ਾ ਦਿੱਤਾ। ਨਵੰਬਰ ਦੇ ਮੱਧ 'ਚ ਫਰਾਂਸ ਅਤੇ ਬੈਲਜ਼ੀਅਮ ਦੀ ਆਖ਼ਰੀ ਫੌਜ ਰੂਟ ਤੋਂ ਹਟਾ ਲਈ ਗਈ।

ਡਾਵੇਸ-ਯੋਜਨਾ 'ਚ ਕਈ ਅੱਛਾਈਆਂ ਸਨ। ਉਸ 'ਚ ਮੰਗਾਂ ਨੂੰ ਸਿਰਫ਼ ਓਨੀ ਹੀ ਰਕਮ ਤੱਕ ਸੀਮਿਤ ਰੱਖਿਆ ਗਿਆ ਸੀ, ਜਿੰਨੀ, ਜਰਮਨੀ ਹਾਲਾਤਾਂ ਅਨੁਕੂਲ ਹੋਣ 'ਤੇ, ਚੁਕਾ ਸਕਦਾ ਸੀ, ਜਦੋਂ ਕਿ ਫਰਾਂਸ ਦੀਆਂ ਆਸ਼ਾਵਾਂ ਨੂੰ ਪੂਰਾ ਕਰਨ ਦੀਆਂ ਜ਼ਰੂਰਤਾਂ ਦੇ ਕਾਰਨ ਮਾਹਿਰ ਲੋਕ ਲਿਹਾਜਾ ਲੋੜਾਂ ਤੋਂ ਵੱਧ ਆਸ਼ਾਵਾਦੀ ਬਣ ਗਏ ਸਨ। ਇਸ ਯੋਜਨਾ ਨੇ ਭੁਗਤਾਨ ਅਤੇ ਵਿਨਿਮਅ ਦੇ ਸਵਾਲ 'ਚ ਫ਼ਰਕ ਕੀਤਾ ਅਤੇ ਨਿਯਮਾਂ ਦਾ ਫਰਜ਼ ਲੈਣਦਾਰਾਂ 'ਤੇ ਹੀ ਛੱਡ ਦਿੱਤਾ। ਇਸ ਯੋਜਨਾ 'ਚ ਜਰਮਨੀ ਦੇ ਵਸੀਲਿਆਂ ਦੀ ਅਸਪੱਸ਼ਟ ਆਮ ਸ਼ੇਅਰਾਂ ਦੀ ਆਸ ਕੁਝ ਨਿਸ਼ਚਿਤ ਮਾਲੀ-ਆਮਦਨ ਦੇ ਸ਼ੇਅਰਾਂ ਲੈਣਦਾਰਾਂ ਨੂੰ ਦਿੱਤੇ। ਸਭ ਤੋਂ ਵਧੀਆ ਗੱਲ ਤਾਂ ਉਸ ਵੱਲੋਂ ਇਹ ਹੋਈ ਕਿ ਉਸ ਨੇ ਨੁਕਸਾਨਪੂਰਤੀ ਦੇ ਸਵਾਲ ਨੂੰ ਰਾਜਨੀਤਿਕ ਵਿਵਾਦ-ਖੇਤਰ ਤੋਂ ਹਟਾ ਲਿਆ ਅਤੇ ਉਸ ਨੂੰ ਇੱਕ ਸਾਧਾਰਨ ਵਪਾਰਕ ਕਰਜ਼ੇ ਵਾਂਗ ਹੀ ਮੰਨਿਆ। ਉਸ ਨੇ ਨਕਾਰਾ ਹੋ ਚੁੱਕੇ ਨੁਕਸਾਨਪੂਰਤੀ ਕਮਿਸ਼ਨ ਦੇ ਹੱਥੋਂ ਇਹ ਸਾਰਾ ਮਾਮਲਾ ਹਟਾ ਲਿਆ ਤੇ ਇਹ ਯਕੀਨੀ ਕਰ ਦਿੱਤਾ ਕਿ ਉਸ ਦਾ ਨਿਪਟਾਰਾ ਨਿਰਪੱਖ, ਰਾਜਨੀਤੀ ਤੋਂ ਹਟ ਕੇ ਕੀਤਾ ਜਾਵੇ। ਇਹ ਗੱਲ ਵਿਸ਼ੇਸ਼ ਕਰਕੇ ਇਸ ਲਈ ਸੰਭਵ ਹੋ ਸਕੀ ਕਿ 'ਨੁਕਸਾਨਪੂਰਤੀ ਭੁਗਤਾਨ ਏਜੰਟ' ਇੱਕ ਅਮਰੀਕੀ ਨਾਗਰਿਕ ਨੂੰ ਬਣਾਇਆ ਜਾਣਾ ਸੀ।

ਡਾਵੇਸ-ਕਰਜ਼ੇ ਦੀ ਸਫ਼ਲਤਾ ਤੋਂ ਬਾਅਦ ਜਰਮਨੀ ਨੇ ਖ਼ੂਬ ਕਰਜ਼ਾ ਲਿਆ। ਅਗਲੇ ਪੰਜ ਵਰ੍ਹਿਆਂ 'ਚ ਜਰਮਨੀ ਦੀ ਹਰ ਮੁੱਖ ਨਗਰਪਾਲਿਕਾ ਅਤੇ ਲਗਭਗ ਹੋਰ ਮੁੱਖ ਵਪਾਰਕ ਅਦਾਰੇ ਨੇ ਯੂਨਾਈਟਿਡ ਸਟੇਟਸ ਅਤੇ ਕਦੇ-ਕਦੇ ਗ੍ਰੇਟ ਬ੍ਰਿਟੇਨ ਤੋਂ ਜਾਂ ਤਾਂ ਕਾਫ਼ੀ ਕਰਜ਼ਾ ਲਿਆ ਜਾਂ ਉਧਾਰ ਖਾਤੇ ਖੋਲ੍ਹੇ। ਪੈਸੇ ਦੀ ਇਹ ਆਮਦ ਕਿਸਮਤ ਖੁੱਲ ਜਾਣ ਦੇ ਬਰਾਬਰ ਲੱਗਣ ਲੱਗੀ। ਇਸ ਦੇ ਕਾਰਨ ਖ਼ੁਸ਼ਹਾਲੀ ਦੀ ਅਜਿਹੀ ਲਹਿਰ ਜਿਹੀ ਆ ਗਈ ਕਿ ਆਪਣੇ ਵਸੀਲਿਆਂ 'ਤੇ ਜ਼ਿਆਦਾ ਭਾਰ ਪਾਏ ਬਿਨਾਂ ਜਰਮਨੀ ਡਾਵੇਸ-ਸਾਲਾਨਾ ਪੈਸਾ ਮੋੜਨ 'ਚ ਸਮਰੱਥ ਹੋ ਸਕਿਆ ਅਤੇ ਵਾਧੂ ਵਿਦੇਸ਼ੀ ਕਰੰਸੀ ਆਪਣੇ ਹੱਥ 'ਚ ਰੱਖ ਕੇ ਆਪਣੀ ਸਮੱਸਿਆ ਨੂੰ ਵੀ ਹੱਲ ਕਰ ਸਕਿਆ। ਇਨ੍ਹਾਂ ਸਾਲਾਂ 'ਚ ਡਾਵੇਸ-ਯੋਜਨਾ ਇੱਕ ਜ਼ਬਰਦਸਤ ਸਫ਼ਲਤਾ ਪ੍ਰਤੀਤ ਹੁੰਦੀ ਸੀ। ਉਸ ਸਮੇਂ ਬਹੁਤ ਥੋੜ੍ਹੇ ਲੋਕ ਇਹ ਮਹਿਸੂਸ ਕਰ ਸਕਦੇ ਸਨ ਕਿ ਜਰਮਨੀ ਅਮਰੀਕਾ ਤੋਂ ਪ੍ਰਾਪਤ ਪੈਸਾ ਲੈ ਕੇ ਆਪਣਾ ਕਰਜ਼ਾ ਲਾਹ ਰਿਹਾ ਸੀ ਅਤੇ ਉਸ ਦੀ ਕਰਜ਼ਾ ਮੋੜਨ ਦੀ ਸਮਰੱਥਾ ਇਸ ਗੱਲ 'ਤੇ ਨਿਰਭਰ ਸੀ ਕਿ ਜਰਮਨ ਕਰਜ਼ਾ ਦਾ ਵਾਲ ਸਟ੍ਰੀਟ (Wall Street) 'ਚ ਹਮੇਸ਼ਾ ਸਵਾਗਤ ਹੁੰਦਾ ਰਹੇ।

**ਸਵ-ਮੁਲਾਂਕਣ (Self Assessment)**

ਬਹੁ ਵਿਕਲਪੀ ਪ੍ਰਸ਼ਨ (Multiple Choice Questions ) :

4. ਲੋਕਾਰਨੋ ਸੰਧੀ ਨੇ ............ਸ਼ਾਂਤੀਕਰਨ 'ਚ ਯੋਗਦਾਨ ਦਿੱਤਾ।
   - (ੳ) ਯੂਰਪ (ਅ) ਫਰਾਂਸ
   - (ੲ) ਚੈਕੋਸਲੋਵਾਕਿਆ (ਸ) ਪੋਲੈਂਡ
5. ਫਰਾਂਸ-ਜਰਮਨੀ ਦੇ ਸੀਮਾਂਤਾਂ ਦੀ ਗਾਰੰਟੀ ਸਬੰਧੀ ਸੰਧੀ.......ਸੀ।
   - (ੳ) ਰੂਸ-ਸੰਧੀ (ਅ) ਲੋਕਾਰਨੋ -ਸੰਧੀ
   - (ੲ) ਪੋਲੈਂਡ-ਸੰਧੀ (ਸ) ਰੇਪੋਲੋ-ਸੰਧੀ
6. ......... ਤੋਂ ਪਹਿਲਾਂ ਸੰਯੁਕਤ ਆਸਟਰੀਆ-ਹੰਗਰੀ ਨਾਮਕ ਰਾਜ ਸੀ ਜਿਸ ਦੀ ਜਨਸੰਖਿਆ 5,50,00,000 ਸੀ।
   - (ੳ) 1916 (ਅ) 1914
   - (ੲ) 1920 (ਸ) 1912

## 9.5 ਮਿੱਤਰ ਰਾਸ਼ਟਰਾਂ ਦੇ ਆਪਸੀ ਕਰਜ਼ (Inter-Allied Debts)

ਇੱਥੇ ਇੱਕ ਹੋਰ ਤਰ੍ਹਾਂ ਦੇ ਦਾਅਵਿਆਂ ਦੀ ਚਰਚਾ ਲਈ ਸਭ ਤੋਂ ਵਧੀਆ ਮੌਕਾ ਹੈ ਜੋ ਬੁਨਿਆਦੀ ਤੌਰ 'ਤੇ ਵੱਖ ਹੁੰਦੇ ਹੋਏ ਵੀ ਨੁਕਸਾਨਪੂਰਤੀ-ਸਮੱਸਿਆ ਦੇ ਨਾਲ ਬੁਰੀ ਤਰ੍ਹਾਂ ਉਲਝੇ ਸਨ ਅਤੇ ਜਿਨ੍ਹਾਂ ਦਾ ਆਖ਼ਰ 'ਚ ਜਾ ਕੇ ਉਨ੍ਹਾਂ ਵਾਂਗ ਹੀ ਹਾਲ ਹੋਇਆ। ਯੁੱਧ-ਕਾਲ 'ਚ ਗ੍ਰੇਟ ਬ੍ਰਿਟੇਨ ਨੇ ਆਪਣੇ ਕੁਝ ਯੂਰਪੀ ਮਿੱਤਰ ਦੇਸ਼ਾਂ ਨੂੰ, ਜਿਨ੍ਹਾਂ 'ਚ ਰੂਸ ਵੀ ਸ਼ਾਮਲ ਸੀ, ਕਾਫ਼ੀ ਰਕਮ ਕਰਜ਼ੇ 'ਚ ਦਿੱਤੀ ਸੀ ਅਤੇ ਇਸ ਕਰਜ਼ੇ ਦੀ ਅੱਧੀ ਤੋਂ ਵੀ ਵੱਧ ਰਕਮ ਉਸ ਨੇ ਯੂਨਾਈਟਿਡ ਸਟੇਟਸ ਤੋਂ, ਜਿਸ ਤੋਂ ਕੁਝ ਮਿੱਤਰ-ਰਾਸ਼ਟਰਾਂ ਨੇ ਵੀ ਸਿੱਧੇ

**ਨੋਟ**

ਕਰਜ਼ੇ ਲਏ ਸਨ, ਉਧਾਰ ਲਈ ਸੀ। ਨੁਕਸਾਨਪੂਰਤੀ-ਸਮੱਸਿਆ ਵਾਂਗ ਕਰਜ਼ਦਾਰੀ ਦੇ ਇਸ ਝਮੇਲੇ ਦੀ ਛੇਤੀ ਹੀ ਅਸਾਧ ਅਤੇ ਜਟਿਲ ਸਥਿਤੀ ਬਣ ਜਾਣ ਦੀ ਸ਼ੰਕਾ ਹੋਣ ਲੱਗੀ। ਜਿੱਥੋਂ ਤੱਕ ਕਿ ਮਿੱਤਰ-ਰਾਸ਼ਟਰਾਂ ਦੇ ਯੁੱਧ-ਕਾਲੀਨ ਆਪਸੀ ਕਰਜ਼ਿਆਂ ਦਾ ਸਵਾਲ ਹੈ, ਸਿਰਫ਼ ਅਮਰੀਕਾ ਹੀ ਸ਼ਾਹੂਕਾਰ ਸੀ ਜਦੋਂ ਕਿ ਯੂਰਪੀ ਮਿੱਤਰ-ਰਾਸ਼ਟਰ ਸਿਰਫ਼ ਕਰਜ਼ਦਾਰ ਹੀ ਸਨ (ਫਰਾਂਸ ਵੀ ਥੋੜ੍ਹੀ ਜਿਹੀ ਰਕਮ ਦਾ ਕਰਜ਼ਦਾਤਾ ਸੀ) ਅਤੇ ਗ੍ਰੇਟ ਬ੍ਰਿਟੇਨ ਦੀ ਸਥਿਤੀ ਵਿਚਕਾਰੀ ਸੀ; ਉਹ ਅੰਸ਼ਿਕ ਤੌਰ 'ਤੇ ਕਰਜ਼ਦਾਰ ਅਤੇ ਅੰਸ਼ਿਕ ਤੌਰ 'ਤੇ ਕਰਜ਼ਦਾਤਾ ਸੀ।

1922 'ਚ ਜਦੋਂ ਯੂਨਾਈਟਿਡ ਸਟੇਟਸ ਸਰਕਾਰ ਆਪਣਾ ਕਰਜ਼ਾ ਵਾਪਸ ਚੁਕਾਉਣ ਲਈ ਵਧੇਰੇ ਜ਼ੋਰ ਦੇਣ ਲੱਗੀ, ਤਾਂ ਫਰਾਂਸ ਨੇ ਐਲਾਂਲ ਕੀਤਾ ਕਿ ਉਹ ਆਪਣਾ ਯੁੱਧ-ਕਾਲ ਦਾ ਕਰਜ਼ਾ ਸਿਰਫ਼ ਉਦੋਂ ਅਤੇ ਉਸ ਸਥਿਤੀ 'ਚ ਚੁਕਾ ਸਕਦਾ ਹੈ ਜਦੋਂ ਕਿ ਜਰਮਨੀ ਨੁਕਸਾਨਪੂਰਤੀ ਦਾ ਭੁਗਤਾਨ ਕਰੇ, ਕਿਉਂਕਿ ਹਾਰਿਆ ਹੋਇਅ ਜਰਮਨੀ ਹੀ ਉਸ ਦਾ (ਫਰਾਂਸ ਦਾ) ਕਰਜ਼ਾ ਨਾ ਮੋੜੇ ਅਤੇ ਅਜਿਹੀ ਸਥਿਤੀ 'ਚ ਜੇਤੂ ਰਹੇ ਫਰਾਂਸ ਨੂੰ ਆਪਣੇ ਹੀ ਮਿੱਤਰ-ਰਾਸ਼ਟਰਾਂ ਦਾ ਕਰਜ਼ਾ ਚੁਕਾਉਣਾ ਪਵੇ ਇਹ ਅਸਿਹ ਸੀ। ਦੇਣਦਾਰੀ ਅਤੇ ਲੈਣਦਾਰੀ ਦੋਵਾਂ 'ਚ ਹੀ ਬਰਾਬਰੀ ਹੋਣ ਕਾਰਨ ਗ੍ਰੇਟ ਬ੍ਰਿਟੇਨ ਇਹ ਪਸੰਦ ਕਰਦਾ ਸੀ ਕਿ ਸਾਰੇ ਯੁੱਧ-ਕਾਲੀ ਕਰਜ਼ੇ ਬਿਲਕੁਲ ਰੱਦ ਕਰ ਦਿੱਤੇ ਜਾਣ। ਅਗਸਤ 1922 'ਚ ਆਪਣੇ ਯੂਰਪੀ ਸਾਥੀ ਰਾਸ਼ਟਰਾਂ ਨੂੰ ਉਸ ਨੇ ਇੱਕ ਚਿੱਠੀ ਲਿਖੀ (ਸਾਧਾਰਨ ਤੌਰ 'ਤੇ : ਬੇਲਫਾਰ-ਪੱਤਰ ("Balfournote) ਦੇ ਨਾਂਅ ਨਾਲ ਪ੍ਰਸਿੱਧ ਹੈ), ਜਿਸ ਨਾਲ ਉਸ ਨੇ ਉਨ੍ਹਾਂ ਨੂੰ ਇਹ ਸੂਚਿਤ ਕੀਤਾ ਕਿ ਬ੍ਰਿਟੇਨ ਆਪਣੇ ਕਰਜ਼ਦਾਰਾਂ ਤੋਂ ਕਰਜ਼ੇ ਦੀ ਸਿਰਫ਼ ਓਨੀ ਹੀ ਰਕਮ ਵਾਪਸ ਚਾਹੁੰਦਾ ਹੈ ਜਿੰਨੀ ਉਸ ਨੂੰ ਅਮਰੀਕਾ ਨੂੰ ਆਪਣਾ ਕਰਜ਼ਾ ਮੋੜ ਲਈ ਜ਼ਰੂਰੀ ਹੈ। ਕਰਜ਼ਾ-ਵਸੂਲੀ ਦੀ ਸਾਰੀ ਬੁਰਾਈ ਯੂਨਾਈਟਿਡ ਸਟੇਟਸ ਦੇ ਸਿਰ ਮੜ੍ਹਨ ਦੇ ਇਸ ਅਤਿਅੰਤ ਚਾਲਾਕੀ ਭਰੇ ਯਤਨ ਦਾ ਉਸ ਦੇਸ਼ 'ਚ ਲਗਭਗ ਸਾਰੇ ਪਾਸੇ ਵਿਰੋਧ ਹੋਇਆ ਅਤੇ ਇਸ ਕਾਰਨ ਕਰਜ਼ਾ ਰੱਦ ਕਰ ਦੇਣ ਦੇ ਮਤੇ ਪ੍ਰਤੀ ਅਰਮੀਕਾ ਦੀਆਂ ਭਾਵਨਾਵਾਂ ਹੋਰ ਵੀ ਸਖ਼ਤ ਹੋ ਗਈਆਂ।

ਅਮਰੀਕਾ ਦੇ ਰੁਖ ਨੂੰ ਦੇਖਦਿਆਂ ਬ੍ਰਿਟਿਸ਼ ਸਰਾਕਰ ਨੇ ਸੋਚਿਆ ਕਿ ਉਸ ਨੂੰ ਆਪਣਾ ਕਰਜ਼ਾ ਮੋੜਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਦਸੰਬਰ, 1922 'ਚ ਇੱਕ ਸਮਝੌਤਾ ਹੋਇਆ ਜਿਸ ਦੇ ਅਨੁਸਾਰ ਇਹ ਨਿਸ਼ਚਿਤ ਕੀਤਾ ਗਿਆ ਕਿ ਬ੍ਰਿਟੇਨ ਯੂਨਾਈਟਿਡ ਸਟੇਟਸ ਦਾ ਕਰਜ਼ਾ ਉਸ ਵਿਆਜ਼ ਸਮੇਤ ਲਗਭਗ 3,30,00,000 ਪੌਂਡ ਦੀ 62 ਸਾਲਾਨਾ ਕਿਸ਼ਤਾਂ 'ਚ ਮੋੜੇਗਾ। 1926 ਤੱਕ ਗ੍ਰੇਟ ਬ੍ਰਿਟੇਨ ਨੂੰ ਆਪਣੇ ਯੂਰਪੀ ਮਿੱਤਰ-ਰਾਸ਼ਟਰਾਂ ਤੋਂ ਇੱਕ ਵੀ ਪੈਸਾ ਨਾ ਮਿਲਿਆ। ਫਿਰ ਡਾਵੇਸ-ਸਮਝੌਤੇ ਤੋਂ ਬਾਅਦ, ਬ੍ਰਿਟਿਸ਼-ਅਮਰੀਕੀ ਸਮਝੌਤੇ ਦੇ ਹੀ ਢੰਗ ਦੇ ਸਮਝੌਤੇ ਉਸ ਕਰਜ਼ੇ ਨੂੰ ਸਾਲਾਨਾ ਕਿਸ਼ਤਾਂ 'ਚ ਮੋੜਨ ਲਈ ਹੋਏ ਜੋ ਫਰਾਂਸ, ਇਟਲੀ, ਰੂਮਾਨੀਆ, ਯੂਗੋਸਲਾਵੀਆ , ਯੂਨਾਨ ਅਤੇ ਪੁਰਤਗਾਲ ਨੇ ਗ੍ਰੇਟ ਬ੍ਰਿਟੇਨ ਅਤੇ ਅਮਰੀਕਾ ਤੋਂ ਲਏ ਸਨ। ਇਨ੍ਹਾਂ ਲੈਣ-ਦੇਣਾਂ ਦਾ ਵਿਸਥਾਰ ਵੇਰਵਾ ਇੱਥੇ ਨਹੀਂ ਦਿੱਤਾ ਜਾ ਸਕਦਾ । ਪਰ ਇਹ ਗੱਲ ਧਿਆਨ 'ਚ ਰੱਖਣਯੋਗ ਹੈ ਕਿ ਜਿੱਥੇ ਅਮਰੀਕਾ ਨੇ ਬ੍ਰਿਟੇਨ ਦੇ ਮੂਲ ਕਰਜ਼ (ਪੰਜ ਫੀਸਦੀ ਦੀ ਮਾਨਕ ਦਰ 'ਤੇ ਵਿਆਜ ਜੋੜਦੇ ਹੋਏ) 'ਚ 30 ਫੀਸਦੀ ਤੋਂ ਵੀ ਘੱਟ ਦੀ ਕਮੀ ਸੀ, ਉਹ ਬ੍ਰਿਟੇਨ ਨੇ ਇਟਲੀ ਦੇ ਕਰਜ਼ 'ਚ 80 ਫੀਸਦੀ ਤੋਂ ਵੱਧ ਅਤੇ ਹੋਰ ਮਿੱਤਰ ਰਾਸ਼ਟਰਾਂ ਦੇ ਕਰਜ਼ੇ 'ਚ 60 ਫੀਸਦੀ ਤੋਂ ਵੀ ਵੱਧ ਦੀ ਕਮੀ ਕੀਤੀ। ਇਸ ਤੋਂ ਇਲਾਵਾ ਗ੍ਰੇਟ ਬ੍ਰਿਟੇਨ ਨੂੰ ਮਿੱਤਰ-ਰਾਸਟਰਾਂ ਦੇ ਆਪਸੀ ਕਰਜ਼ੇ ਤੇ ਨੁਕਸਾਨਪੂਰਤੀ ਤੋਂ ਜੋ ਰਕਮ ਮਿਲੀ, ਉਹ ਸਾਰੀ ਮਿਲਾ ਕੇ ਵੀ ਬ੍ਰਿਟੇਨ ਦੇ ਕਰਜ਼ੇ ਦੀ ਉਸ ਰਕਮ ਦੇ ਬਰਾਬਰ ਕਦੇ ਵੀ ਨਹੀਂ ਹੋਈ ਜੋ ਉਸ ਨੂੰ ਅਮਰੀਕਾ ਨੂੰ ਮੋੜਨੀ ਪਈ। ਅਸਲ 'ਚ ਇਸ ਤਰ੍ਹਾਂ ਦੇ ਕਰਜ਼ੇ ਦੀ ਸਾਰੀ ਰਕਮ, ਚਾਹੇ ਉਹ ਕਿਤੇ ਵੀ ਚੁਕਾਈ ਗਈ ਹੋਵ, ਅਮਰੀਕੀ ਖਜ਼ਾਨੇ 'ਚ ਹੀ ਪੁੱਜ ਗਈ।

1924 ਅਤੇ 1928 ਦਰਮਿਆਨ ਰਾਸ਼ਟਰ-ਸੰਘ ਦੀ ਅਗਵਾਈ 'ਚ ਯੂਨਾਨ, ਬਲਗੇਰੀਆ, ਇਸਟੋਨੀਆ (Estonia) ਅਤੇ ਡਾਨਜ਼ਿਗ ਦੇ ਅਜ਼ਾਦ ਨਗਰ ਨੇ ਕਰਜ਼ੇ ਲਏ ਅਤੇ ਉਨ੍ਹਾਂ ਦੀ ਰਕਮ ਮੁੱਖ ਤੌਰ 'ਤੇ ਯੂਨਾਈਟਿਡ ਸਟੇਟਸ ਅਤੇ ਗ੍ਰੇਟ ਬ੍ਰਿਟੇਨ ਤੋਂ ਪ੍ਰਾਪਤ ਹੋਈ। ਅਟਲਾਂਟਿਕ ਦੇ ਉਸ ਪਾਰ ਤੋਂ ਜਰਮਨੀ ਅਤੇ ਹੋਰ ਯੂਰਪੀ ਦੇਸ਼ਾਂ ਨੂੰ ਕਾਫ਼ੀ ਰਕਮ ਉਧਾਰ ਮਿਲਣ ਨਾਲ ਨਾ ਸਿਰਫ਼ ਨੁਕਸਾਨ ਪੂਰਤੀ ਅਤੇ ਯੁੱਧ-ਕਾਲੀ ਕਰਜ਼ਾਂ ਦੇ ਭੁਗਤਾਨ-ਸੰਬੰਧੀ ਸਾਰੀ ਭਾਰੀ ਵਿਵਸਥਾ ਹੀ ਚਲਦੀ ਰਹੀ, ਬਲਕਿ ਉਸ ਦੇ ਕਾਰਨ ਯੂਰਪ 'ਚ ਖੁਸ਼ਹਾਲੀ ਅਤੇ ਕਲਿਆਣ ਦਾ ਇੱਕ ਸਾਧਾਰਨ ਵਾਤਾਵਰਨ ਵੀ ਬਣ ਗਿਆ ਅਤੇ ਖੁਸ਼ਹਾਲ ਯੂਰਪ ਦੇ ਮੁੱਖ ਰਾਜਾਂ ਦੇ ਸਬੰਧਾਂ ਦੇ ਸੁਧਾਰ ਲਈ ਜੋ ਇਸ ਮਿਆਦ ਦੀ ਸਭ ਤੋਂ ਵੱਧ ਮਹੱਤਵਪੂਰਨ ਵਿਸ਼ੇਸ਼ਤਾ ਸੀ, ਅਤਿਅੰਤ ਜ਼ਰੂਰੀ ਸੀ।

## 9.6 ਜੇਨੇਵਾ-ਦਸਤਾਵੇਜ਼ (Geneva Protocol)

ਅਗਸਤ 1924 'ਚ ਲੰਡਨ 'ਚ ਜਰਮਨ ਨੁਕਸਾਨਪੂਰਤੀ-ਸਮੱਸਿਆ ਦੇ ਹੱਲ ਲਈ ਡਾਵੇਸ-ਯੋਜਨਾ ਮਨਜ਼ੂਰ ਕਰਨ-ਸਬੰਧੀ ਸਮਝੌਤਾ ਟੈਕਸ ਚੁਕਾਉਣ ਤੋਂ ਬਾਅਦ ਮੈਕਡਾਨਲਡ ਅਤੇ ਹੇਰੀਅਤ ਅਗਲੇ ਮਹੀਨੇ ਰਾਸ਼ਟਰਸੰਘ-ਸਭਾ ਦੇ ਜੇਨੇਵਾ-ਅਧਿਵੇਸ਼ਨ 'ਚ ਸ਼ਾਮਲ ਹੋਏ। ਉਸ 'ਚ ਉਨ੍ਹਾਂ ਨੇ ਦੂਜੀ ਮਹੱਤਵਪੂਰਨ ਸਮੱਸਿਆ-ਫਰਾਂਸ ਦੀ ਸੁਰੱਖਿਆ-ਦਾ ਹੱਲ ਕੱਢਣ ਲਈ ਇੱਕ ਮਹੱਤਵਪੂਰਨ ਯਤਨ ਕੀਤਾ।

1922 'ਚ ਗਾਰੰਟੀ-ਸਮਝੌਤੇ ਸਬੰਧੀ ਇੱਕ ਬ੍ਰਿਟਿਸ਼ ਮਤ ਫਰਾਂਸ ਵੱਲੋਂ ਨਾਮਨਜ਼ੂਰ ਕਰ ਦਿੱਤੇ ਜਾਣ ਤੋਂ ਬਾਅਦ ਫਰਾਂਸੀਸੀ ਸੁਰੱਖਿਆ ਲਈ ਵੱਖ-ਵੱਖ ਦਿਸ਼ਾਵਾਂ 'ਚ ਖੋਜ ਹੋਣ ਲੱਗੀ ਸੀ। 1921 'ਚ ਰਾਸ਼ਟਰ-ਸੰਘ ਨੇ ਨਿਸ਼ਸਤਰੀਕਰਨ ਦੇ ਜਟਿਲ ਪ੍ਰਸ਼ਨ ਨੂੰ ਹੱਲ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਸਨ ਅਤੇ 1922 'ਚ ਫਰਾਂਸੀਸੀ ਸਰਕਾਰ ਨੇ ਪਹਿਲੀ ਵਾਰ ਆਪਣਾ ਇਹ ਸੰਕਲਪ ਪ੍ਰਗਟਾਇਆ ਅਤੇ ਉਸ 'ਤੇ ਹੋਰ ਜ਼ਿਆਦਾ ਅਟੱਲ ਬਣੀ ਰਹੀ ਕਿ ਫਰਾਂਸ ਸਿਰਫ਼ ਵਧੇਰੇ ਸੁਰੱਖਿਆ ਪ੍ਰਾਪਤ ਹੋਣ 'ਤੇ ਹੀ ਆਪਣਾ ਨਿਸ਼ਸਤਰੀਕਰਨ ਕਰ ਸਕਦਾ ਹੈ। 1919 'ਚ ਜਦੋਂ ਫਰਾਂਸ ਵੱਲੋਂ ਸੁਰੱਖਿਆ ਦੀ ਮੰਗ ਪਹਿਲੀ ਵਾਰ ਕੀਤੀ ਗਈ ਸੀ, ਉਦੋਂ ਤੋਂ ਹੁਣ ਤੱਕ ਫਰਾਂਸੀਸੀ ਸੁਰੱਖਿਆ ਦੀ ਕਲਪਨਾ 'ਚ ਵਾਧਾ ਹੋ ਗਿਆ ਸੀ। ਪੂਰਬੀ ਅਤੇ ਮੱਧ ਯੂਰਪ 'ਚ ਫਰਾਂਸ ਦੇ ਹੁਣ ਅਜਿਹੇ ਆਸ਼ਰਿਤ ਮਿੱਤਰ ਸਨ ਜਿਨ੍ਹਾਂ ਦੀ ਸੁਰੱਖਿਆ ਹੁਣ ਖੁਦ ਉਸ ਦੀ ਸੁਰੱਖਿਆ ਦਾ ਅੰਗ ਬਣ ਚੁੱਕੀ ਸੀ। ਹੁਣ ਲੋੜ ਇਸ ਗੱਲ ਦੀ ਸੀ ਕਿ ਫਰਾਂਸ ਅਤੇ ਉਸ ਦੇ ਸਾਥੀਆਂ ਨੂੰ ਵਾਧੂ ਸੁਰੱਖਿਆ ਦੀ ਗਾਰੰਟੀ ਦਿੱਤੀ ਜਾਵੇ। ਨਿਸ਼ਸ਼ਤਰੀਕਰਨ ਸਬੰਧੀ ਜੇਨੇਵਾ-ਚਰਚਾਵਾਂ 'ਚ ਇਸ ਗੱਲ ਦੀ ਗਾਰੰਟੀ ਦੀ ਮੰਗ ਕਰਨ ਦਾ

ਨੋਟ

ਸਹੀ ਮੌਕਾ ਮਿਲ ਗਿਆ। ਜੇਕਰ ਇਸ ਦੀ ਗਾਰੰਟੀ ਪ੍ਰਾਪਤ ਹੋ ਜਾਂਦੀ, ਤਾਂ ਫਰਾਂਸ ਦੀ ਨੀਤੀ ਨੂੰ ਇੱਕ ਮਹੱਤਵਪੂਰਨ ਸਫ਼ਲਤਾ ਮਿਲ ਜਾਂਦੀ। ਜੇਕਰ ਉਹ ਪ੍ਰਾਪਤ ਨਾ ਹੁੰਦੀ, ਤਾਂ ਫਰਾਂਸ ਅਤੇ ਸਾਥੀ ਨਿਸ਼ਸ਼ਤਰੀਕਰਨ ਸਬੰਧੀ ਕੋਈ ਫਰਜ਼ ਸਵੀਕਾਰ ਹੀ ਨਾ ਕਰਦੇ।

ਜੇਨੇਵਾ 'ਚ ਬ੍ਰਿਟਿਸ਼ ਪ੍ਰਤੀਨਿਧੀਮੰਡਲ ਨੇ, ਲਿਹਾਜ਼ਜ ਆਪਣੇ ਕਦਮ ਦੇ ਪੂਰੇ ਨਤੀਜਿਆਂ ਨੂੰ ਮਹਿਸੂਸ ਕੀਤੇ ਬਿਨਾਂ ਹੀ ਫਰਾਂਸ ਦੀ ਉਕਤ ਧਾਰਨਾ ਨੂੰ ਚੁੱਪਚਾਪ ਮਨਜ਼ੂਰ ਕਰ ਲਿਆ। ਅਸਥਾਈ ਮਿਸ਼ਰਿਤ ਕਮਿਸ਼ਨ (Temporary Mixed Commission) ਨੇ ਜਿਸ ਨੂੰ ਨਿਸ਼ਸ਼ਤਰੀਕਰਨ-ਪ੍ਰਸ਼ਨ 'ਤੇ ਵਿਚਾਰ ਕਰਨ ਲਈ ਨਿਯੁਕਤ ਕੀਤਾ ਗਿਆ ਸੀ, 1923 'ਚ ਰਾਸ਼ਟਰ-ਸੰਘ ਦੀ ਸਭਾ ਦੇ ਸਾਹਮਣੇ " ਪਰਸਪਰ ਸਹਾਇਤਾ ਸੰਧੀ" ("Treaty of Mutual Assistance") ਦੀ ਰੂਪਰੇਖਾ ਪੇਸ਼ ਕੀਤੀ ਜਿਸ 'ਚ ਭਾਵੀ ਨਿਸ਼ਸ਼ਤਰੀਕਰਨ ਸਬੰਧੀ ਕੁਝ ਅਸਪੱਸ਼ਟ ਜਿਹੀ ਵਿਵਸਥਾ ਕੀਤੀ ਗਈ ਸੀ ਅਤੇ ਵਰਤਮਾਨ ਸੁਰੱਖਿਆ ਲਈ ਸਪੱਸ਼ਟ ਗਾਰੰਟੀਆਂ ਤੈਅ ਕੀਤੀਆਂ ਗਈਆਂ ਸਨ। ਕਿਸੇ ਵੀ ਯੁੱਧ ਦੇ ਸ਼ੁਰੂ ਹੋਣ ਤੋਂ ਚਾਰ ਦਿਨਾਂ ਦੇ ਅੰਦਰ ਰਾਸ਼ਟਰ-ਸੰਘ ਪਰਿਸ਼ਦ ਨੂੰ ਇਹ ਫ਼ੈਸਲਾ ਕਰਨਾ ਸੀ ਕਿ ਹਮਲਾਕਾਰੀ (aggressor) ਪੱਖ ਕਿਹੜਾ ਹੈ ਅਤੇ ਉਸ ਤੋਂ ਬਾਅਦ ਰਾਸ਼ਟਰ-ਸੰਘ ਦੇ ਮੈਂਬਰ ਖੁਦ ਹਮਲਾਕਾਰੀ ਦੇ ਵਿਰੁੱਧ ਫੌਜੀ ਸਹਾਇਤਾ ਦੇਣ ਲਈ ਵਚਨਬੱਧ ਹੋ ਜਾਂਦੇ ਸਨ।

1923 ਦੀ ਰਾਸ਼ਟਰ-ਸੰਘ-ਸਭਾ, ਜਿਸ 'ਚ ਕਿਸੇ ਵੀ ਵੱਡੇ ਰਾਸ਼ਟਰ ਦੇ ਜਿੰਮੇਵਾਰ ਮੰਤਰੀਆਂ ਨੇ ਹਿੱਸਾ ਨਹੀਂ ਲਿਆ ਸੀ, ਇਸ ਰੂਪਰੇਖਾ ਨੂੰ ਸਬੰਧਿਤ ਸਰਕਾਰਾਂ ਦੇ ਵਿਚਾਰ ਕਰਨ ਲਈ ਭੇਜਣ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਕਰ ਸਕੀ। ਫਰਾਂਸ, ਉਸ ਦੇ ਜ਼ਿਆਦਾਤਰ ਸਾਥੀਆਂ ਅਤੇ ਪੂਰਬੀ ਯੂਰਪ ਦੇ ਛੋਟੇ-ਛੋਟੇ ਰਾਜਾਂ ਨੇ ਉਸ ਦਾ ਉਤਸ਼ਾਪੂਰਵਕ ਸਵਾਗਤ ਕੀਤਾ ਪਰ ਗ੍ਰੇਟ ਬ੍ਰਿਟੇਨ ਬ੍ਰਿਟਿਸ਼ਮਕਬੂਜ਼ਾ ਰਾਜਾਂ ਸਕੇਂਡਿਨੇਵੀਅਨ ਰਾਜਾਂ ਤੇ ਹਾਲੈਂਡ ਨੇ, ਜੋ ਆਪਣੀ ਸੁਰੱਖਿਆ ਵਧਾਉਣ ਨਾਲੋਂ ਫਰਜ਼ਾਂ 'ਚ ਵਾਧਾ ਕਰਨ ਤੋਂ ਬਚਾਣਾ ਚਹੁੰਦੇ ਸਨ, ਉਸ ਨੂੰ ਨਿਸ਼ਚਿਤ ਤੌਰ 'ਤੇ ਨਾਮਨਜ਼ੂਰ ਕਰ ਦਿੱਤਾ। ਪਰ ਅਗਲੇ ਵਰ੍ਹੇ ਜਦੋਂ ਮੇਕਡਾਨਲਡ ਅਤੇ ਹੇਰੀਅਤ ਇਕੱਠੇ ਸਭਾ 'ਚ ਹਾਜ਼ਰ ਹੋਏ, ਉਦੋਂ ਵਾਤਾਵਰਨ 'ਚ ਇੰਨਾ ਸੁਧਾਰ ਹੋ ਚੁੱਕੀ ਸੀ ਕਿ ਉਕਤ ਦੋਵਾਂ ਵਿਰੋਧੀ ਦ੍ਰਿਸ਼ਟੀਕੋਣਾਂ 'ਚ ਸਮਝੌਤਾ ਸੰਭਵ ਦਿਖਾਈ ਦੇਣ ਲੱਗਿਆ। 1924 'ਚ ਸਭਾ ਨੇ ਸਮਝੌਤੇ ਦੀ ਇੱਕ ਰੂਪਰੇਖਾ ਬਣਾਈ ਜੋ " ਜੇਨੇਵਾ-ਪ੍ਰੋਟੋਕਾਲ' ਨਾਂਅ ਨਾਲ ਪ੍ਰਸਿੱਧ ਹੋਈ। ਸਬੰਧਿਤ ਸਰਕਾਰਾਂ ਨੂੰ ਉਸ ਨੂੰ ਮਨਜ਼ੂਰ ਕਰ ਲੈਣ ਦੀ ਨਿਰਵਿਰੋਧ ਸਿਫਾਰਸ਼ ਕੀਤੀ। ਇਸ ਸਮਝੌਤੇ ਦਾ ਪੂਰਾ ਨਾਮ ਸੀ," ਅੰਤਰ ਰਾਸ਼ਟਰੀ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਲਈ ਪ੍ਰੋਟੋਕਾਲ (Protocol for the Pacific Settlement of International Disputes")।

ਵਚਨ-ਪੱਤਰ ਦੇ ਅਨੁਛੇਦ 16 ਦੇ ਅਧੀਨ ਪਰਿਸ਼ਦ ਦੀਆਂ ਸ਼ਕਤੀਆਂ 'ਚ ਵਾਧਾ ਕਰਨ ਜਾਂ ਫੌਜੀ ਸਮਰਥਨ (military sanctions) ਨੂੰ ਜ਼ਰੂਰੀ ਬਣਾਉਣ ਲਈ ਜੇਨੇਵਾ ਪ੍ਰੋਟੋਕਾਲ 'ਚ ਕੋਈ ਵਿਵਸਥਾ ਨਹੀਂ ਕੀਤੀ ਗਈ ਸੀ। ਇਸ ਕਾਰਨ ਉਸ ਤੋਂ ਫਰਾਂਸ ਦੀ ਮੰਗ ਪਰਸਪਰ ਸਹਾਇਤਾ ਸੰਧੀ ਰੂਪਰੇਖਾ (Draft Treaty of Mutual Assistance) ਨਾਲੋਂ ਘੱਟ ਹੀ ਪੂਰੀ ਹੁੰਦੀ ਸੀ। 1924 ਦੀ ਫਰਾਂਸੀਸੀ ਸਰਕਾਰ ਦਾ ਉਸ ਨੂੰ (ਜੇਨੇਵਾ-ਪ੍ਰੋਟੋਕਾਲ) ਜਾਇਜ਼ ਮੰਨ ਕੇ ਮਨਜ਼ੂਰ ਕਰ ਲੈਣਾ ਇਸ ਗੱਲ ਦਾ ਪ੍ਰਮਾਣ ਸੀ ਕਿ ਪ੍ਰੁੰਕਾਰੇ ਦੇ ਪਤਨ ਤੋਂ ਬਾਅਦ ਫਰਾਂਸੀਸੀ ਨੀਤੀ ਸਮਝੌਤੇ ਵੱਲ ਝੁਕ ਗਈ ਸੀ। ਜੋ ਵੀ ਹੋਵੇ, ਇਸ ਦਸਤਾਵੇਜ਼ ਤੋਂ ਫਰਾਂਸ ਅਤੇ ਉਸ ਦੇ ਸਾਥੀਆਂ ਦੇ ਇੱਕ ਮਹੱਤਵਪੂਰਨ ਹਿੱਤ ਦਾ-1919 ਦੇ ਸ਼ਾਂਤੀ-ਸਮਝੌਤੇ ਅਤੇ ਵਿਸ਼ੇਸ਼ ਕਰਕੇ ਉਸ ਦੀ ਪ੍ਰਾਦੇਸ਼ਿਕ ਵਿਵਸਥਾਵਾਂ ਦਾ ਹੱਲ ਤਾਂ ਜ਼ਰੂਰ ਹੁੰਦਾ ਸੀ। ਸ਼ਾਂਤੀ ਦੇ ਉਪਬੰਧ (provision) ਨੂੰ ਸੋਧਣ ਦੀ ਮੰਗ "ਵਿਵਾਦ" ("dispute") ਨਹੀਂ ਕਹੀ ਜਾ ਸਕਦੀ ਸੀ ਜਿਸ 'ਤੇ ਰੂਪਰੇਖਾ 'ਚ (ਜਾਂ ਅਸਲ 'ਚ ਖੁਦ ਵਚਨਪੱਤਰ 'ਚ) ਦਿੱਤੀ ਹੋਈ ਵਿਵਸਥਾ ਲਾਗੂ ਕੀਤੀ ਜਾ ਸਕਦੀ। ਰੂਪਰੇਖਾ ਨਿਰਮਾਣ ਕਮੇਟੀ ਨੇ ਵੀ ਇਹ ਸੋਚ ਕੇ ਇਸ ਵਿਸ਼ੇ 'ਤੇ ਕਿਤੇ ਕੋਈ ਸ਼ੰਕਾ ਨਾ ਰਹਿ ਜਾਵੇ, ਆਪਣੀ ਰਿਪੋਰਟ 'ਚ ਇਸ ਮੁੱਦੇ 'ਤੇ ਵਿਸ਼ੇਸ਼ ਜ਼ੋਰ ਦਿੱਤਾ ਸੀ। ਦੂਜੇ ਸ਼ਬਦਾਂ 'ਚ ਇਸ ਰੂਪਰੇਖਾ ਨੇ ਵਚਨ-ਪੱਤਰ ਦੀ ਇੱਕ ਗੱਲ ਨੂੰ ਜਿਸ ਨੂੰ ਬਾਅਦ 'ਚ ਉਸ ਦੀਆਂ ਕਈ ਕਮਜ਼ੋਰੀਆਂ 'ਚੋਂ ਇੱਕ ਕਹਿ ਕੇ ਪੁਕਾਰਿਆ ਗਿਆ, ਹੋਰ ਵੀ ਦ੍ਰਿੜ ਕਰ ਦਿੱਤਾ ਤੇ ਉਹ ਸੀ ਉਸ ਦੀ 1919 ਦੀ ਵਿਵਸਥਾ ਅਤੇ ਸੁਰੱਖਿਆ ਨੂੰ ਇੱਕ ਹੀ ਚੀਜ਼ ਸਮਝਣ ਦੀ ਪ੍ਰਵਿਰਤੀ ਅਤੇ ਉਸ ਵਿਵਸਥਾ ਦੀ ਸੋਧ ਲਈ ਸਹੀ ਵਿਧੀ ਤੈਅ ਕਰਨ ਦੀ ਭੁੱਲ। ਪਰ 1924 'ਚ ਆਲੋਚਨਾ ਸ਼ਾਇਦ ਹੀ ਕਿਤੇ ਸੁਣੀ ਜਾਂਦੀ ਸੀ। ਜਰਮਨੀ ਹੁਣ ਤੱਕ ਵੀ ਰਾਸ਼ਟਰ-ਸੰਘ ਦਾ ਮੈਂਬਰ ਨਹੀਂ ਸੀ। ਛੋਟੇ-ਮੋਟੇ ਯੁੱਧ-ਕਾਲੀਨ ਦੁਸ਼ਮਣ-ਰਾਜਾਂ ਨੂੰ ਖੁਦ ਹਮਲੇ ਦਾ ਸ਼ਿਕਾਰ ਹੋਣ ਦਾ ਜ਼ਿਆਦਾ ਡਰ ਸੀ ਬਜਾਇ ਆਪਣੇ ਸ਼ਕਤੀਸ਼ਲੀ ਹੋ ਕੇ ਹਮਲਾਵਰ ਬਣ ਸਕਣ ਦੇ। ਆਖ਼ਰ ਉਨ੍ਹਾਂ ਨੇ ਰੂਪਰੇਖਾ 'ਤੇ ਉਤਸ਼ਾਹ ਨਾਲ ਹਸਤਾਖ਼ਰ ਕਰ ਦਿੱਤੇ।

ਰਾਸ਼ਟਰਸੰਘ-ਸਭਾ ਖ਼ਤਮ ਹੋਣ ਤੱਕ ਦਸਤਾਵੇਜ਼ ਦੇ ਪ੍ਰਤੀ ਆਮ ਉਤਸ਼ਾਹ ਬਣਿਆ ਰਿਹਾ। ਉਸ ਤੋਂ ਬਾਅਦ ਪ੍ਰਤੀਕਿਰਿਆ ਸ਼ੁਰੂ ਹੋਈ। ਇਤਰਾਜ਼ ਸਭ ਤੋਂ ਪਹਿਲਾਂ ਇਸ ਦੀਆਂ ਧਾਰਵਾਂ ਦੇ ਸਬੰਧੀ ਉੱਠ ਖੜ੍ਹਾ ਹੋਇਆ ਕਿ ਵਚਨਪੱਤਰ ਦੇ ਅਨੁਛੇਦ 11 ਦੇ ਅਧੀਨ ਘਰੇਲੂ ਅਧਿਕਾਰ-ਖੇਤਰ ਦੇ ਮਾਮਲਿਆਂ ਸਬੰਧੀ ਵਿਵਾਦ ਰਾਸ਼ਟਰ-ਸੰਘ ਦੇ ਸਾਮਹਣੇ ਪੇਸ਼ ਕੀਤੇ ਜਾ ਸਕਦੇ ਹਨ। ਇਸ ਮਤੇ ਨੂੰ ਪੇਸ਼ ਕਰਨ 'ਚ ਜਾਪਾਨ ਦੀ ਨੀਅਤ ਸਾਫ਼ ਸੀ। ਆਪਣੇ ਖੇਤਰਾਂ 'ਚ ਜਾਪਾਨੀ ਅਪ੍ਰਵਾਸੀਆਂ (immigrants) ਨੂੰ ਦਾਖ਼ਲ ਨਾ ਕਰਨ ਦੇਣ ਸਬੰਧੀ ਅਮਰੀਕੀ ਨੀਤੀ ਦਾ ਕੈਨੇਡਾ, ਆਸਟ੍ਰੇਲਿਆ ਅਤੇ ਨਿਊਜ਼ੀਲੈਂਡ ਨੇ ਹਾਲ ਹੀ 'ਚ ਪਾਲਣ ਕੀਤਾ ਸੀ; ਇਸ ਲਈ ਜਾਪਾਨ ਇਨ੍ਹਾਂ ਪਾਬੰਦੀਆਂ ਦੇ ਵਿਰੁੱਧ ਜੇਨੇਵਾ 'ਚ ਆਪਣਾ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰਰ ਪ੍ਰਾਪਤ ਕਰਨਾ ਚਾਹੁੰਦਾ ਸੀ। ਅਨੁਛੇਦ 11 ਹੀ ਇੰਨਾ ਮਜ਼ਬੂਤ ਪ੍ਰਤੀਤ ਹੁੰਦਾ ਸੀ ਕਿ ਖੁਦ ਉਸ ਨਾਲ ਹੀ ਇਹ ਅਧਿਕਾਰ ਸੁਰੱਖਿਅਤ ਮਹਿਸੂਸ ਹੁੰਦਾ ਸੀ। ਪਰ ਬ੍ਰਿਟਿਸ਼ ਅਧਿਕਾਰ ਰਾਜ ਇਹ ਸ਼ਰਤ ਮੰਨਣ ਲਈ ਸਭ ਤੋਂ ਵੱਧ ਗੈਰ-ਇੱਛੁਕ ਸਨ ਕਿ ਅਪ੍ਰਵਾਸ (immigration) ਦੇ ਸਵਾਲਾਂ ਨਾਲ ਸਬੰਧਿਤ ਉਨ੍ਹਾਂ ਦੇ ਕਾਨੂੰਨਾਂ 'ਤੇ ਕਿਸੇ ਵੀ ਹਾਲਤ 'ਚ ਰਾਸ਼ਟਰ-ਸੰਘ 'ਚ ਗੱਲਬਾਤ ਹੋਵੇ ਜਾਂ ਉਨ੍ਹਾਂ ਨੂੰ ਚੁਣੌਤੀ ਦਿੱਤੀ ਜਾਵ; ਅਤੇ ਇਹ ਗੱਲ ਛੇਤੀ ਹੀ ਸਪੱਸ਼ਟ ਹੋ ਗਈ ਕਿ ਜੇਕਰ ਹੋਰ ਕਿਸੇ ਕਾਰਨ ਤੋਂ ਨਹੀਂ ਤਾਂ ਸਿਰਫ਼ ਇਸ ਆਧਾਰ 'ਤੇ ਉਹ ਦਸਤਾਵੇਜ਼ ਦਾ ਸਮਰਥਨਕਰਨ ਤੋਂ ਨਾਂਹ ਕਰ ਦੇਣਗੇ।

ਇਨ੍ਹਾਂ ਹਾਲਾਤਾਂ 'ਚ ਰਾਜਾਂ ਦੇ ਵਿਰੋਧ ਅਤੇ ਨਾਲ ਹੀ ਵਚਨਪੱਤਰ ਦੇ ਅਧੀਨ ਗ੍ਰੇਟ ਬ੍ਰਿਟੇਨ ਦੇ ਕਰਤੱਵਾਂ 'ਚ ਕਿਸੇ ਵੀ ਤਰ੍ਹਾਂ ਦੇ ਵਾਧੇ ਕਰਨ 'ਚ ਕਾਮਨ ਸਭਾ (House of Commons) ਦੀ ਨਾਖੁਸ਼ੀ ਕਾਰਨ ਦਸਤਾਵੇਜ਼ ਦੀ ਮਨਜ਼ੂਰੀ ਸ਼ਾਇਦ ਸੰਭਵ ਹੀ ਨਾ ਹੁੰਦੀ, ਚਾਹੇ ਉਸ 'ਤੇ ਹਸਤਾਖਰ ਕਰਨ ਵਾਲੀ ਸਰਕਾਰ ਹੀ ਸੱਤਾਧਾਰੀ ਕਿਉਂ ਨਾ ਰਹਿੰਦੀ। ਪਰ ਨਵੰਬਰ 'ਚ " ਜਿਨੋਵਿਵ-ਪੱਤਰ' ਦੇ ਸੰਦਰਭ 'ਚ

ਚੋਣਾਂ ਤੋਂ ਬਾਅਦ ਮੈਕਡਾਨਲਡ ਦੀ ਮਜ਼ਦੂਰ ਪਾਰਟੀ ਸਰਕਾਰ ਦੀ ਜਗ੍ਹਾ 'ਤੇ ਬਾਲਡਵਿਨ ਦੀ ਸਰਕਾਰ ਸੱਤਾਧਾਰੀ ਬਣੀ। ਇਸ ਘਟਨਾ ਨੇ ਦਸਤਾਵੇਜ਼ ਦੇ ਭਾਗ ਦਾ ਫ਼ੈਸਲਾ ਕਰ ਦਿੱਤਾ। ਮਾਰਚ 1925 'ਚ ਨਵੇਂ ਵਿਦੇਸ਼ ਮੰਤਰੀ ਆਸਟਿਨ ਚੇਂਬਰਲੇਨ (Austen Chamberlain) ਨੇ ਰਾਸ਼ਟਰ-ਸੰਘ ਦੀ ਪਰਿਸ਼ਦ ਦੇ ਸਾਹਮਣੇ ਇਹ ਐਲਾਨ ਕਰ ਦਿੱਤਾ ਕਿ ਗ੍ਰੇਟ ਬ੍ਰਿਟੇਨ ਨੇ ਪ੍ਰੋਟੋਕਾਲ ਨੂੰ ਨਾਮਨਜ਼ੂਰ ਕਰਨ ਦਾ ਫ਼ੈਸਲਾ ਕੀਤਾ ਹੈ।

## 9.7 ਲੋਕਾਰਨੋ ਦੀ ਸੰਧੀ (Treaty of Locarno)

ਜੇਨੇਵਾ-ਪ੍ਰੋਟੋਕਾਲ ਦੀ ਅਰਥੀ ਉੱਠ ਚੁੱਕੀ ਸੀ ਇਸ ਤਰ੍ਹਾਂ ਫਰਾਂਸ ਦੀ ਸੁਰੱਖਿਆ ਦੀ ਦਿਸ਼ਾ 'ਚ ਖੋਜ ਇੱਕ ਵਾਰ ਫਿਰ ਵਿਆਰਥ ਹੋ ਗਈ; ਅਤੇ ਫਰਾਂਸ ਇਸ ਵਾਰ ਵੀ ਇਹੀ ਸੋਚਦਾ ਸੀ ਕਿ ਇਹ ਸਭ ਕੁਝ ਗ੍ਰੇਟ ਬ੍ਰਿਟੇਨ ਦੇ ਕਾਰਨ ਹੋਇਆ। ਹੁਣ ਸਿਰਫ਼ ਇਹੀ ਰਾਹ ਰਹਿ ਗਿਆ ਸੀ ਕਿ ਫਰਾਂਸ ਦੇ ਰਾਇਨਲੈਂਡ ਸਰਹੱਦ ਦੀ ਗ੍ਰੇਟ ਬ੍ਰਿਟੇਨ ਵੱਲੋਂ ਸਪੱਸ਼ਟ ਗਾਰੰਟੀ ਸੰਬੰਧੀ ਮੂਲ ਯੋਜਨਾ ਦਾ ਮੁੜ :ਆਸਰਾ ਲਿਆ ਜਾਵੇ। ਪਰ ਇਹ ਗਾਰੰਟੀ ਹੁਣ ਇੱਕ ਨਵੇਂ ਰੂਪ 'ਚ ਦਿੱਤੀ ਜਾਣੀ ਸੀ। ਬੜੀ ਹੈਰਾਨੀ ਦੀ ਗੱਲ ਹੈ ਕਿ ਇਸ ਦਾ ਹੱਲ ਇੱਕ ਅਜਿਹੇ ਮਤੇ ਨਾਲ ਪ੍ਰਾਪਤ ਹੋਇਆ ਜੋ ਦੋ ਵਰ੍ਹੇ ਪਹਿਲਾਂ ਸਭ ਤੋਂ ਪਹਿਲੇ ਜਰਮਨ ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਸੀ।

1922 ਦੇ ਅੰਤ 'ਚ ਜਰਮਨ ਸਰਕਾਰ ਨੇ ਫਰਾਂਸੀਸੀ ਸਰਕਾਰ ਦੇ ਸਾਹਮਣੇ ਇਹ ਮਤਾ ਰੱਖਿਆ ਸੀ ਕਿ ਉਹ ਪਰਸਪਰ, ਜਿਸ 'ਚ ਗ੍ਰੇਟ ਬ੍ਰਿਟੇਨ ਅਤੇ ਬੈਲਜ਼ੀਅਮ ਨੂੰ ਵੀ ਸ਼ਾਮਲ ਕੀਤਾ ਜਾਵੇਗਾ, ਇਹ ਵਚਨ ਦੇਣ ਕਿ ਇੱਕ ਪੀੜ੍ਹੀ ਤੱਕ ਉਹ ਇੱਕ-ਦੂਜੇ ਦੇ ਵਿਰੁੱਧ ਜੰਗ ਦਾ ਆਸਰਾ ਨਹੀਂ ਲੈਣਗੇ। ਇਹ ਮਤਾ ਅਮਰੀਕਾ ਸਰਕਾਰ ਜਰਿਏ ਕੀਤਾ ਗਿਆ ਸੀ, ਜਿਸ 'ਚ ਇਸ ਸਮਝੌਤੇ ਦੇ "ਟਰਸਟੀ" ("trustee") ਵਜੋਂ ਕੰਮ ਕਰਨ ਦੀ ਅਪੀਲ ਕੀਤੀ ਗਈ ਸੀ। ਰੂਰ 'ਤੇ ਬਲਾਤ ਅਧਿਕਾਰ ਤੋਂ ਪਹਿਲਾਂ ਇਹ ਯੋਜਨਾ ਫਰਾਂਸ ਨਾਲੋਂ (ਕਿਉਂਕਿ ਫਰਾਂਸ ਵੱਲੋਂ ਹੀ ਜਰਮਨੀ 'ਤੇ ਹਮਲਾ ਕੀਤੇ ਜਾਣ ਦੀ ਜ਼ਿਆਦਾ ਸ਼ੰਕਾ ਸੀ, ਨਾ ਕਿ ਜਰਮਨੀ ਵੱਲੋਂ ਫਰਾਂਸ 'ਤੇ) ਜਰਮਨੀ ਦੇ ਹੀ ਹਿੱਤ 'ਚ ਜ਼ਿਆਦਾ ਲੱਗ ਰਹੀ ਸੀ; ਇਸ ਲਈ ਪੁੰਕਾਰੇ ਨੇ ਉਸ ਨੂੰ ਰੱਦੀ ਦੀ ਟੋਕਰੀ 'ਚ ਸੁੱਟ ਦਿੱਤਾ। ਪਰ ਫਿਰ ਵੀ, ਜਰਮਨ ਸਰਕਾਰ ਅਗਾਮੀ ਦੋ ਵਰ੍ਹਿਆਂ 'ਚ ਇਸ ਲਈ ਲਗਾਤਾਰ ਯਤਨ ਕਰਦੀ ਰਹੀ ਫਿਰ ਵੀ ਉਸ ਨੂੰ ਸਫ਼ਲਤਾ ਨਹੀਂ ਮਿਲੀ। ਉਸ ਤੋਂ ਬਾਅਦ ਜੇਨੇਵਾ-ਪ੍ਰੋਟੋਕਾਲ ਦੇ ਨਾਮਨਜ਼ੂਰ ਹੋ ਜਾਣ ਅਤੇ ਇਸ ਭਾਵਨਾ ਨੇ ਕਿ ਹੁਣ ਜਰਮਨੀ ਦੇ ਨਾਲ ਰਾਜਨੀਤਿਕ ਅਤੇ ਆਰਥਿਕ ਸਮਝੌਤੇ ਕਰਨ ਦਾ ਸਮਾਂ ਆ ਗਿਆ ਹੈ, ਇਸ ਯੋਜਨਾ 'ਚ ਨਵੀਂ ਖਿੱਚ ਪੈਦਾ ਕਰ ਦਿੱਤੀ। ਯੂਰਪ ਨਾਲ ਸੰਬੰਧਿਤ ਕਿਸੇ ਰਾਜਨੀਤਿਕ ਸਵਾਲ 'ਚ ਅਮਰੀਕੀ ਸਹਿਯੋਗ ਦੀ ਤਾਂ ਹੁਣ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ ਸੀ। ਪਰ ਗ੍ਰੇਟ ਬ੍ਰਿਟੇਨ, ਜੋ ਰੂਰ ਵੱਲੋਂ ਕਬਜ਼ੇ (Ruhr Occupation ) ਦੇ ਸਮੇਂ ਉਸ ਦੇ ਸਵੰਤਤਰ ਰੁਖ ਦੇ ਕਾਰਨ ਜਰਮਨੀ ਅਤੇ ਫਰਾਂਸ ਦਰਮਿਆਨ ਇੱਕ ਵਿਚੋਲੇ (mediator) ਦੇ ਰੂਪ 'ਚ ਸਪੱਸਟ ਤੌਰ 'ਤੇ ਪ੍ਰਸਿੱਧ ਹੋ ਚੁੱਕਾ ਸੀ, ਇਸ ਸਮੇਂ ਅੱਗੇ ਆਕਰ ਇਸ ਕਮੀ ਦੀ ਪੂਰਤੀ ਕਰਨ ਨੂੰ ਤਿਆਰ ਸੀ। ਉਹ ਇਕੱਲਾ ਹੀ (ਕਿਉਂਕਿ ਅਧਿਕਾਰ ਇਸ ਮਾਮਲੇ 'ਚ ਉਸ ਦਾ ਹੱਥ ਨਹੀਂ ਦਿੰਦੇ) ਫਰਾਂਸੀਸੀ-ਜਰਮਨ ਸਰਹੱਦ 'ਤੇ ਜਰਮਨ ਹਮਲੇ ਦੇ ਵਿਰੁੱਧ ਗਾਰੰਟੀ ਦੇਣ ਲਈ ਤਿਆਰ ਸੀ (ਇਸ ਗੱਲ ਦੀ ਤਾਂ ਫਰਾਂਸ ਹਮੇਸ਼ਾ ਮੰਗ ਕਰਦਾ ਆਇਆ ਸੀ)। ਸੰਤੁਲਨ ਬਰਾਬਰ ਬਣਾਈ ਰੱਖਣ ਦੀ ਦ੍ਰਿਸ਼ਟੀ ਤੋਂ ਉਹ ਫਰਾਂਸੀਸੀ ਹਮਲੇ ਦੇ ਵਿਰੁੱਧ ਵੀ ਸਹੀ ਸਰਹੱਦ ਸੰਬੰਧੀ ਗਾਰੰਟੀ ਦੇਣ ਲਈ ਤਿਆਰ ਸੀ।

ਇਸ ਤਰ੍ਹਾਂ ਪ੍ਰਸਿੱਧ ਲੋਕਾਰਨੋ-ਸੰਧੀ ਦਾ ਅਧਾਰ ਜਾਇਜ਼ ਸੀ। 1925 ਦੇ ਪੂਰੀ ਗਰਮ-ਰੁੱਤ 'ਚ ਡਿਪਲੋਮੇਟ ਮਾਰਗਾਂ ਰਾਹੀਂ ਵਿਚਾਰ-ਵਟਾਂਦਰੇ ਚਲਦੇ ਰਹੇ ਅਤੇ ਇਸ ਯੋਜਨਾ ਦਾ ਵੇਰਵਾ ਹੌਲੀ-ਹੌਲੀ ਨਿਸ਼ਚਿਤ ਹੋਣ ਲੱਗਿਆ। ਜਰਮਨੀ ਅਤੇ ਬੈਲਜ਼ੀਮ ਦੀ ਸਰਹੱਦ ਦੀ ਵੀ ਉਹ ਸਥਿਤੀ ਰੱਖੀ ਗਈ ਅਤੇ ਉਸ ਲਈ ਵੀ ਉਹ ਹੀ ਗਾਰੰਟੀਆਂ ਦਿੱਤੀਆਂ ਗਈਆਂ ਜੋ ਜਰਮਨੀ ਅਤੇ ਫਰਾਂਸ ਦਰਮਿਆਨ ਸਰਹੱਦ ਲਈ ਦਿੱਤੀਆਂ ਗਈਆਂ ਸਨ। ਇਹ ਗਾਰੰਟੀ ਨਾ ਸਿਰਫ਼ ਸਰਹੱਦਾਂ 'ਤੇ ਬਲਕਿ ਉਸ ਨਾਗਰਿਕ ਅਧਿਕਾਰ ਖੇਤਰ 'ਤੇ ਵੀ ਲਾਗੂ ਹੁੰਦੀ ਸੀ, ਜਿਸ 'ਚ ਫੌਜ ਰੱਖਣ ਜਾਂ ਕਿਲੇ ਬਣਾਉਣ ਦੀ ਜਰਮਨੀ ਨੂੰ ਮਨਾਹੀ ਕਰ ਦਿੱਤੀ ਸੀ। ਇਟਲੀ ਵਾਧੂ ਗਾਰੰਟੀਦਾਤਾ ਵਜੋਂ ਸਾਮਹਣੇ ਆਇਆ। ਇਹ ਠਹਿਰਾਇਆ ਗਿਆ ਕਿ ਸੰਧੀ 'ਤੇ ਹਸਤਾਖ਼ਰ ਹੋ ਜਾਣ ਤੋਂ ਬਾਅਦ ਜਰਮਨੀ ਰਾਸ਼ਟਰ-ਸੰਘ 'ਚ ਸ਼ਾਮਲ ਹੋ ਜਾਏ ਤੇ ਉਸ ਨੂੰ ਪਰਿਸ਼ਦ 'ਚ ਸਥਾਈ ਜਗ੍ਹਾ ਮਿਲੇ।

ਇਸ 'ਚ ਦੋ ਮੁੱਖ ਮੁਸ਼ਕਲਾਂ ਸਨ। ਉਨ੍ਹਾਂ 'ਚੋਂ ਪਹਿਲੀ ਚੇਕੋਸਲੋਵਾਕਿਆ ਤੇ ਪੋਲੈਂਡ ਨਾਲ ਲਗਦੇ ਜਰਮਨੀ ਦੀ ਹੱਦ ਨੂੰ ਲੈ ਕੇ ਪੈਦਾ ਹੋਈ। ਜਰਮਨੀ ਵਰਸਾਈ-ਸੰਧੀ ਰਾਹੀਂ ਨਿਸ਼ਚਿਤ ਪੱਛਮੀ ਸਰਹੱਦ ਦੀ ਵੀ ਮਨਜ਼ੂਰੀ ਦੀ ਪੁਸ਼ਟੀ ਕਰਨ ਲਈ ਤਾਂ ਤਿਆਰ ਸੀ ਪਰ ਹੋਰ ਵਰਸਾਈ-ਸਰਹੱਦਾਂ ਲਈ ਉਹ ਅਜਿਹਾ ਕਰਨ ਨੂੰ ਰਾਜੀ ਨਹੀਂ ਸੀ। ਉਸ ਨੇ ਸਪੱਸ਼ਟ ਤੌਰ 'ਤੇ ਮਨਜ਼ੂਰ ਕੀਤਾ ਕਿ ਉਹ ਆਪਣੀ ਪੂਰਬੀ ਸਰਹੱਦ ਨੂੰ ਅੰਤਿਮ ਨਹੀਂ ਮੰਨਦਾ, ਬਲਕਿ ਨਾਲ ਹੀ ਉਸ ਨੇ ਇਹ ਵੀ ਕਿਹਾ ਕਿ ਤਾਕਤ ਦੀ ਵਰਤੋਂ ਰਾਹੀਂ ਉਸ ਨੂੰ ਬਦਲਣ ਦਾ ਉਸ ਦਾ ਕੋਈ ਵਿਚਾਰ ਨਹੀਂ। ਇਸ ਗੱਲ 'ਚ ਜਰਮਨੀ ਦਾ ਰੁਖ ਗ੍ਰੇਟ ਬ੍ਰਿਟੇਨ ਦੇ ਰੁਖ ਨਾਲ ਮਿਲਦਾ ਸੀ ਜੋ ਜਰਮਨੀ ਦੀ ਪੱਛਮੀ ਸਰਹੱਦ ਨੂੰ ਛੱਡ ਕੇ ਹੋਰ ਕਿਸੇ ਵੀ ਸਰਹੱਦ ਦੀ ਗਾਰੰਟੀ ਦੇਣ ਲਈ ਤਿਆਰ ਨਹੀਂ ਸੀ। ਇਸ ਮੁਸ਼ਕਲ ਦਾ ਜਿੱਥੋਂ ਤੱਕ ਸੰਭਵ ਹੋਵੇ ਹੱਲ ਜਰਮਨੀ ਅਤੇ ਪੋਲੈਂਡ ਤੇ ਜਰਮਨੀ ਅਤੇ ਚੈਕਸਲੋਵਾਕਿਆ 'ਚ ਸਵੈਇਛੁੱਕ-ਸੰਧੀਆਂ (arbitration treaties) ਅਤੇ ਫਰਾਂਸ ਤੇ ਇਨ੍ਹਾਂ ਦੋਵਾਂ ਦੇਸ਼ਾਂ 'ਚ ਗਾਰੰਟੀ ਸੰਧੀਆਂ ਕਰਕੇ ਕੱਢਿਆ ਗਿਆ।

ਦੂਜੀ ਮੁਸ਼ਕਲ ਸੋਵੀਅਤ ਸੰਘ ਤੋਂ ਜਰਮਨੀ ਦੀ ਮਿੱਤਰਤਾ ਦੇ ਕਾਰਨ ਪੈਦਾ ਹੋਈ ਜੋ ਰੇਪੇਲੋ-ਸੰਧੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਸੀ। ਜਰਮਨੀ ਨੂੰ ਇਹ ਡਰ ਸੀ ਕਿ ਵਚਨ-ਪੱਤਰ ਦੇ ਅਨੁਛੇਦ 16 ਦੇ ਅਧੀਨ ਪੱਛਮੀ ਰਾਸ਼ਟਰ ਸੋਵੀਅਤ ਸੰਘ ਦੇ ਵਿਰੁੱਧ ਕਿਸੇ ਵੀ ਦਿਨ ਫੌਜੀ ਕਾਰਵਾਈ ਕਰ ਸਕਦੇ ਹਨ ਤੇ ਇਸ ਤਰ੍ਹਾਂ ਦੀ ਕਾਰਵਾਈ 'ਚ ਸ਼ਾਮਲ ਹੋਣ ਲਈ ਉਸ ਨੂੰ ਵੀ ਸੱਦਾ ਦਿੱਤਾ ਜਾ ਸਕਦਾ ਹੈ। ਇਹ ਡਰ ਇੱਕ ਚਿੱਠੀ ਰਾਹੀਂ ਦੂਰ ਕੀਤਾ ਗਿਆ ਜਿਸ 'ਚ ਹੋਰ ਲੋਕਾਰਨੋ-ਰਾਸ਼ਟਰਾਂ ਨੇ ਜਰਮਨੀ ਨੂੰ ਇਹ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੀ ਵਿਆਖਿਆ ਦੇ ਅਨੁਸਾਰ ਰਾਸ਼ਟਰ-ਸੰਘ ਦੇ ਕਿਸੇ ਵੀ ਮੈਂਬਰ ਲਈ ਵਚਨ-ਪੱਤਰ ਦੇ ਸਮਰਥਨ 'ਚ ਸਿਰਫ਼ " ਉਸ ਹੱਦ ਤੱਕ" ਸਹਿਯੋਗ ਕਰਨਾ ਜ਼ਰੂਰੀ ਹੈ ਜਿਸ ਹੱਦ ਤੱਕ ਅਜਿਹਾ ਸਹਿਯੋਗ " ਉਸ ਦੀ ਫੌਜੀ ਸਥਿਤੀ ਨਾਲ ਸੰਗਤ ਹੋਵੇ ਅਤੇ ਉਸ ਦੀ ਭੂਗੋਲਿਕ ਸਥਿਤੀ

ਦਾ ਵੀ, ਜਿਸ 'ਚ ਧਿਆਨ ਰੱਖਿਆ ਗਿਆ ਹੋਵੇ।" ਇਸ ਦਾ ਇਹ ਅਰਥ ਕੱਢਿਆ ਗਿਆ ਕਿ ਨਿਸ਼ਸ਼ਤਰ ਰਾਸ਼ਟਰ ਵਜੋਂ ਜਰਮਨੀ ਤੋਂ ਇਹ ਆਸ ਨਹੀਂ ਕੀਤੀ ਜਾਵੇਗੀ ਕਿ ਉਹ ਸੋਵੀਅਤ ਸੰਘ ਦੇ ਵਿਰੁੱਧ ਫੌਜੀ ਅਨੁਸ਼ਾਸਤੀਆਂ 'ਚ ਕੋਈ ਹਿੱਸਾ ਲਵੇ।

ਅਕਤੂਬਰ 'ਚ ਇਨ੍ਹਾਂ ਸਾਰੇ ਰਾਜਾਂ ਦੇ ਮੰਤਰੀ ਸਵਿੱਟਜ਼ਰਲੈਂਡ 'ਚ ਇੱਕ ਝੀਲ ਦੇ ਕਿਨਾਰੇ ਵਸੇ ਲੋਕਾਰਨੋ ਨਾਮੀ ਨਗਰ 'ਚ ਇਕੱਠੇ ਹੋਏ, ਜਿੱਥੇ 16 ਅਕਤੂਬਰ ਨੂੰ ਉਨ੍ਹਾਂ ਨੇ ਨਿਮਨਲਿਖਤ ਸਮਝੌਤਿਆਂ ਦੀ ਰੂਪਰੇਖਾ ਬਣਾਈ ਅਤੇ ਉਨ੍ਹਾਂ 'ਤੇ ਆਪਣੇ ਹਸਤਾਖ਼ਰ ਕੀਤੇ :-

1. ਫਰਾਂਸ-ਜਰਮਨੀ ਅਤੇ ਬੈਲਜ਼ੀਅਮ-ਜਰਮਨੀ ਦੀਆਂ ਸਰਹੱਦਾਂ ਦੀ ਗਾਰੰਟੀ-ਸਬੰਧੀ ਸੰਧੀ (ਇਹੀ ਅਸਲ 'ਚ ਕਥਿਤ ਤੌਰ 'ਤੇ ਲੋਕਾਰਨੋ-ਸੰਧੀ ਸੀ)।
2. ਇੱਕ ਪਾਸੇ ਜਰਮਨੀ ਅਤੇ ਦੂਜੇ ਪਾਸੇ ਫਰਾਂਸ, ਬੈਲਜ਼ੀਅਮ, ਚੇਕੋਸਲੋਵਾਕਿਆ ਅਤੇ ਪੋਲੈਂਡ ਤੇ ਸਵੈ-ਇੱਛੁਕ-ਸੰਧੀਆਂ।
3. ਇੱਕ ਪਾਸੇ ਫਰਾਂਸ ਤੇ ਦੂਜੇ ਪਾਸੇ ਚੇਕੋਸਲੋਵਾਕਿਆ ਅਤੇ ਪੋਲੈਂਡ 'ਚ ਪਰਸਪਰ ਗਾਰੰਟੀ-ਸੰਧੀਆਂ।

ਇਨ੍ਹਾਂ ਸਾਰੀਆਂ ਸੰਧੀਆਂ 'ਤੇ ਲੰਡਨ 'ਚ 1 ਦਸੰਬਰ 1925 ਨੂੰ ਰਸਮੀ ਤੌਰ 'ਤੇ ਹਸਤਾਖ਼ਰ ਹੋਏ।

1925 'ਚ ਜਦੋਂ ਸਾਰੇ ਪਾਸੇ ਸਦਭਾਵਨਾ ਅਤੇ ਸੁਖਦ ਭਵਿੱਖ ਦਾ ਵਾਤਾਵਰਨ ਸੀ, ਇਨ੍ਹਾਂ ਪੇਚੀਦਗੀਆਂ ਦੀ ਅਣਦੇਖੀ ਕੀਤੀ ਜਾ ਸਕਦੀ ਸੀ। ਇਹ ਕਹਿਣ 'ਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਲੋਕਾਰਨੋ-ਸੰਧੀ ਨੇ ਯੂਰਪੀ ਸ਼ਾਂਤੀਕਰਨ 'ਚ ਯੋਗਦਾਨ ਦਿੱਤਾ ਹੈ। ਯੁੱਧ ਤੋਂਬਾਅਦ ਪਹਿਲੀ ਵਾਰ ਉਸ ਨੇ ਫਰਾਂਸ ਅਤੇ ਜਰਮਨੀ ਦੀਆਂ ਲੋੜਾਂ ਦਰਮਿਆਨ ਨਿਆਂਉੱਚਿਤ ਤੇ ਨਿਰਪੱਖ ਸੰਤੁਲਨ ਬਣਾਇਆ। ਜੋ ਕਾਰਜ ਡਾਵੇਸ-ਯੋਜਨਾ ਨੇ ਸ਼ੁਰੂ ਕੀਤਾ ਸੀ, ਉਥੀ ਕਾਰਜ ਇਸ ਸੰਧੀ ਨੇ ਜਰਮਨੀ ਨੂੰ ਵੱਡੇ ਰਾਸ਼ਟਰਾਂ 'ਚ ਮੁੜ-ਸਥਾਨ ਦਿਵਾ ਕੇ ਪੂਰਾ ਕੀਤਾ-ਪੂਰਨ ਸਮਾਨਤਾ ਦੇ ਅਧਾਰ 'ਤੇ ਤਾਂ ਨਹੀਂ (ਕਿਉਂਕਿ ਨਿਸ਼ਸ਼ਤਰੀਕਰਨ ਤੇ ਨਾਗਰਿਕੀਕਰਨ-ਸਬੰਧੀ ਬੰਦਿਸ਼ਾਂ ਹੁਣ ਵੀ ਲਗੀ ਹੋਈ ਸੀ) ਪਰ ਪੂਰਨ ਅਤੇ ਸਨਮਾਨਿਤ ਮੈਂਬਰ ਵਜੋਂ ਆਪਣੀ ਸਫ਼ਲਤਾ 'ਤੇ ਨਿਮਰਤਾ ਪਰ ਮਾਣ ਦੇ ਨਾਲ ਆਸਟਿਨ ਚੈਂਬਰਲੇਨ ਨੇ ਇਸ ਸੰਧੀ ਨੂੰ "ਯੁੱਧ ਅਤੇ ਸ਼ਾਂਤੀ ਦੇ ਸਾਲਾਂ ਦਰਮਿਆਨ ਅਸਲੀ ਵੰਡ ਰੇਖਾ" ਦੱਸਿਆ।

## 9.8 ਰਾਸ਼ਟਰ ਸੰਘ ਪ੍ਰਤਿਸ਼ਠਾ ਦੀ ਚੋਟੀ 'ਤੇ (The League at its Zenith)

1924 ਤੋਂ 1930 ਤੱਕ ਦਾ ਕਾਲ ਰਾਸ਼ਟਰ-ਸੰਘ ਦਾ ਚੋਟੀ ਦਾ ਅਤੇ ਸੱਤਾ ਦਾ ਕਾਲ ਸੀ। 1924 ਤੋਂ ਪਹਿਲਾਂ, ਜੇਨੇਵਾ 'ਚ ਰਾਸ਼ਟਰ-ਸੰਘ ਦੇ ਮੈਂਬਰਾਂ ਦਾ ਪ੍ਰਤੀਨਿਧਤਵ ਆਮ ਤੌਰ 'ਤੇ ਅਜਿਹੇ ਪ੍ਰਤੀਨਿਧੀ ਕਰਦੇ ਸਨ, ਜੋ ਕਿੰਨੇ ਹੀ ਪ੍ਰਸਿੱਧ ਕਿਉਂ ਨਾ ਹੋਣ, ਆਪਣੇ ਦੇਸ਼ ਦੀ ਵਿਦੇਸ਼-ਨੀਤੀ ਦੇ ਉੱਤਰਦਾਈ ਮੰਤਰੀ ਨਹੀਂ ਹੁੰਦੇ ਸਨ। ਪਰ ਜਦੋਂ 1924 'ਚ ਮੈਕਡਾਨਲਡ ਤੇ ਹੇਰੀਅਤ ਜੇਨੇਵਾ 'ਚ ਸਭਾ (Assembly) ਦੀ ਕਾਰਵਾਈ 'ਚ ਹਿੱਸਾ ਲੈਣ ਲਈ ਖੁਦ ਆਏ, ਤਦ ਉਨ੍ਹਾਂ ਨੇ ਇੱਕ ਦੂਰਗਾਮੀ ਮਹੱਤਵ ਦੀ ਨਜ਼ੀਰ ਸਥਾਪਿਤ ਕੀਤੀ। ਉਸ ਤੋਂ ਬਾਅਦ ਗ੍ਰੇਟ ਬ੍ਰਿਟੇਨ, ਫਰਾਂਸ ਅਤੇ ਜਰਮਨੀ (ਉਸ ਦੀ ਮੈਂਬਰਸ਼ਿਪ-ਮਿਆਦ) ਦੇ ਵਿਦੇਸ਼-ਮੰਤਰੀ ਆਮ ਤੌਰ 'ਤੇ ਸਭਾ ਦੇ ਹਰੇਕ ਸੈਸ਼ਨ ਦੀਆਂ ਕੁਝ ਕਾਰਵਾਈਆਂ 'ਚ ਅਤੇ ਪਰਿਸ਼ਦ (Council) ਦੇ ਲਗਭਗ ਹਰ ਸੈਸ਼ਨ 'ਚ ਹਿੱਸਾ ਲੈਂਦੇ ਰਹੇ ਯੂਰਪ ਦੇ ਕਈ ਹੋਰ ਰਾਸ਼ਟਰਾਂ ਦੇ ਵਿਦੇਸ਼-ਮੰਤਰੀਆਂ ਨੇ ਵੀ ਇਸ ਉਦਾਹਰਨ ਨੂੰ ਛੇਤੀ ਹੀ ਅਪਨਾ ਲਿਆ। ਇਸ ਕਾਰਨ ਸਤੰਬਰ 'ਚ ਜੇਨੇਵਾ ਯੂਰਪ ਦੇ ਰਾਜਨੀਤੀਵਾਨਾਂ ਦਾ ਗੜ੍ਹ ਬਣਾ ਗਿਆ ਸੀ। ਇੱਕ ਵਰ੍ਹੇ (1929) ਤਾਂ ਸਭਾ 'ਚ ਯੂਰਪ ਦੇ ਸਾਰੇ ਵਿਦੇਸ਼ ਮੰਤਰੀ ਸ਼ਾਮਲ ਹੋਏ ਸਨ। ਜ਼ਿਆਦਾਤਰ ਮੌਕਿਆਂ 'ਤੇ ਗੈਰ-ਯੂਰਪੀ ਦੇਸ਼ਾਂ ਦਾ ਪ੍ਰਤੀਨਿਧਤਵ ਵੱਖ-ਵੱਖ ਯੂਰਪੀ ਰਾਜਧਾਨੀਆਂ 'ਚ ਸਥਿੱਤ ਉਨ੍ਹਾਂ ਦੇ ਰਾਜਦੂਤਾਂ ਅਤੇ ਜੇਨੇਵਾ ਸਥਿੱਤ ਉਨ੍ਹਾਂ ਦੇ (Professional) ਪ੍ਰਤੀਨਿਧੀਆਂ ਨੂੰ ਕਰਨਾ ਪੈਂਦਾ ਸੀ।

**ਰਾਸ਼ਟਰ-ਸੰਘ ਆਪਣੀ ਪੂਰਨ ਸ਼ਕਤੀ 'ਤੇ (The League at Full Strength)**– ਲੋਕਾਰਨੋ-ਸੰਧੀਆਂ 'ਤੇ ਹਸਤਾਖ਼ਰ ਹੋਣ 'ਤੇ ਰਾਸ਼ਟਰਸੰਘ-ਸਭਾ ਦਾ ਇੱਕ ਵਿਸ਼ੇਸ ਸ਼ੈਸ਼ਨ ਮਾਰਚ 1926 'ਚ, ਜਿਸ ਸਮੇਂ ਪਰਿਸ਼ਦ ਦਾ ਨਿਯਮਿਤ ਸੈਸ਼ਨ ਵੀ ਹੋਣਾ ਸੀ, ਬੁਲਾਇਆ ਗਿਆ ਤਾਂਕਿ ਜਰਮਨੀ ਨੂੰ ਰਾਸ਼ਟਰ-ਸੰਘ ਦਾ ਵਿਧੀਪੂਰਵਕ ਮੈਂਬਰ ਬਣਾਇਆ ਜਾ ਸਕੇ ਤੇ ਉਸ ਨੂੰ ਪਰਿਸ਼ਦ 'ਚ ਸਥਾਈ ਜਗ੍ਹਾ ਵੀ ਦਿੱਤੀ ਜਾ ਸਕੇ। ਰਾਸ਼ਟਰ-ਸੰਘ ਦੇ ਇਤਿਹਾਸ 'ਚ ਇਹ ਮੌਕਾ ਇੱਕ ਫ਼ੈਸਲਾਕੁੰਨ ਮੋੜ ਮੰਨਿਆ ਗਿਆ। ਇਸ ਸਮੇਂ ਤੱਕ ਰਾਸ਼ਟਰ-ਸੰਘ ਦੇ ਮੈਂਬਰਾਂ ਅਤੇ ਛੋਟੇ ਪੁਰਾਣੇ ਦੁਸ਼ਮਣ ਰਾਜਾਂ ਦਾ, ਜਿਨ੍ਹਾਂ ਨੂੰ ਸ਼ਾਂਤੀ ਦੇ ਸ਼ੁਰੂਆਤੀ ਸਾਲਾਂ 'ਚ ਰਾਸ਼ਟਰ-ਸੰਘ ਦਾ ਮੈਂਬਰ ਬਣਾਇਆ ਗਿਆ ਸੀ, ਪ੍ਰਭਾਵ ਇੰਨਾ ਕਾਫ਼ੀ ਨਹੀਂ ਸੀ ਕਿ ਇਸ ਦੋਸ਼ ਦਾ ਖੰਡਨ ਹੋ ਸਕਦਾ ਹੈ ਕਿ ਰਾਸ਼ਟਰ-ਸੰਘ ਜੇਤੂ-ਰਾਸ਼ਟਰਾਂ ਦਾ ਹੀ ਇੱਕ ਸੰਗਠਨ ਹੈ ਜਿਸ ਦਾ ਫ਼ੈਸਲਾ ਮੁੱਖ ਤੌਰ 'ਤੇ 1919 ਦੇ ਸਮਝੌਤੇ ਦੀਆਂ ਸ਼ਰਤਾਂ (terms) ਦਾ ਸਮਰਥਨ ਕਰਨ ਲਈ ਹੋਇਆ ਸੀ। ਰਾਸ਼ਟਰ-ਸੰਘ 'ਚ ਜਰਮਨੀ ਨੂੰ ਸ਼ਾਮਲ ਕਰਨ ਅਤੇ ਪਰਿਸ਼ਦ 'ਚ ਉਸ ਨੂੰ ਸਥਾਈ ਜਗ੍ਹਾ ਦੇਣ ਨਾਲ ਸੰਤੁਲਨ ਮੁੜ-ਸਥਾਪਿਤ ਹੋ ਜਾਂਦਾ ਅਤੇ ਰਾਸ਼ਟਰ-ਸੰਘ ਨਿਰਪੱਖ ਅਧਾਰ 'ਤੇ ਨਵਾਂ ਜੀਵਨ ਪ੍ਰਾਪਤ ਕਰਦਾ।

ਪਰ ਇਸ ਮਹੱਤਵਪੂਰਨ ਮੌਕੇ 'ਤੇ ਫ਼ੈਸਲੇ ਦੀ ਇੱਕ ਗੰਭੀਰ ਭੁੱਲ ਦੇ ਕਾਰਨ ਬਣ ਸਕਦੇ ਹਨ।

ਟਾਸਕ ਹੇਰੀਅਤ ਫਰਾਂਸ ਦਾ ਪ੍ਰਧਾਨ ਮੰਤਰੀ ਕਦੋਂ ਬਣਿਆ ?

## 9.9 ਲੋਕਾਰਨੋ ਦਾ ਅੰਤ (The End of Locarno)

ਨੋਟ

ਇਟਲੀ ਦੇ ਪ੍ਰਤੀ ਹੋਰ ਵੱਡੇ ਰਾਸ਼ਟਰਾਂ ਦੇ ਦਬੂ ਰੁਖ ਦਾ ਅੰਸ਼ਿਕ ਕਾਰਨ ਇਹ ਸੀ ਕਿ ਅਬੀਸੀਨੀਅਨ ਯੁੱਧ ਦੇ ਆਖ਼ਰੀ ਦਿਨਾਂ 'ਚ ਹੀ ਜਰਮਨੀ ਨੇ ਇੱਕ ਹੋਰ ਨਾਂਹ ਕਰ ਦਿੱਤੀ ਸੀ। ਮਈ 1935 'ਚ ਕੀਤੇ ਗਏ ਫਰਾਂਸ-ਸੋਵੀਅਤ ਸਮਝੌਤੇ ਨੂੰ ਜਰਮਨੀ ਸ਼ੁਰੂ ਤੋਂ ਹੀ ਸਿਰਫ਼ ਉਸ ਦੇ ਵਿਰੁੱਧ ਕੀਤੀ ਗਈ ਫੌਜੀ ਗੁੱਟਬੰਦੀ ਤੇ ਇਸ ਕਾਰਨ ਲੋਕਾਰਨੋ-ਸੰਧੀ ਤੋਂ ਅਸੰਗਤ ਮੰਨਦਾ ਸੀ, ਫਿਰ ਵੀ ਫਰਾਂਸੀਸੀ ਤੇ ਬ੍ਰਿਟਿਸ਼ ਸਰਕਾਰਾਂ ਦਾ ਇਹ ਮਤ ਨਹੀਂ ਸੀ। ਜਰਮਨੀ ਨੇ ਇਸ ਦਾ ਹੋਰ ਵੀ ਜ਼ੋਰ ਨਾਲ ਵਿਰੋਧ ਕੀਤਾ। 1936 ਦੇ ਸ਼ੁਰੂ 'ਚ, ਜਦੋਂ ਇਹ ਸਮਝੌਤਾ ਫਰਾਂਸ ਦੀ ਪ੍ਰਤੀਨਿਧੀ-ਸਭਾ 'ਚ ਸਮਰਥਨ ਲਈ ਪੇਸ਼ ਕੀਤਾ ਗਿਆ, ਹਿਟਲਰ ਨੇ ਮੁੜ ਹੌਂਸਲੇ ਭਰਿਆ ਹਮਲਾ ਕਰਨ ਦਾ ਫ਼ੈਸਲਾ ਕੀਤਾ।

ਵਰਸਾਈ ਦੀ ਸੰਧੀ ਦੇ ਅਨੁਸਾਰ ਜਰਮਨੀ ਰਾਇਨਲੈਂਡ 'ਚ ਨਾ ਤਾਂ ਹਥਿਆਰਬੰਦ ਫੌਜ ਰੱਖ ਸਕਦਾ ਸੀ ਅਤੇ ਨਾ ਹੀ ਕਿਲੇਬੰਦੀ ਕਰ ਸਕਦਾ ਸੀ। ਲੋਕਾਰਨੋ-ਸੰਧੀ ਦੇ ਸਮੇਂ ਹਸਤਾਖ਼ਰਕਰਤਾਵਾਂ ਨੇ ' ਸਮੂਹਿਕ ਤੌਰ 'ਤੇ ਅਤੇ ਵਿਅਕਤੀਗਤ ਤੌਰ 'ਤੇ' ਇਨ੍ਹਾਂ ਸ਼ਰਤਾਂ ਦੇ ਪਾਲਣ ਦੀ ਗਾਰੰਟੀ ਦਿੱਤੀ ਸੀ। ਮਾਰਚ 1935 'ਚ ਹਿਟਲਰ ਨੇ ਵਰਸੋਈ ਦੀ ਆਦਿਸ਼ਟ ਸੰਧੀ ਨੂੰ ਨਾਮਜ਼ੂਰ ਕੀਤਾ ਸੀ, ਪਰ ਸਵੈਇੱਛਾ ਨਾਲ ਕੀਤੀ ਗਈ ਲੋਕਾਰਨੋ-ਸੰਧੀ ਪ੍ਰਤੀ ਮੁੜ ਅਪਾਣੀ ਨਿਸ਼ਠਾ ਦਾ ਐਲਾਲ ਕੀਤਾ ਸੀ। 7 ਮਾਰਚ 1936 ਨੂੰ ਜਰਮਨ ਸਰਕਾਰ ਨੇ ਬ੍ਰਿਟਿਸ਼, ਫਰਾਂਸੀਸੀ ਅਤੇ ਬੈਲਜ਼ੀਅਨ ਸਰਕਾਰਾਂ ਨੂੰ ਸੂਚਿਤ ਕੀਤਾ ਕਿ ਕਿਉਂਕਿ ਫਰਾਂਸ ਨੇ ਫਰਾਂਸ-ਸੋਵੀਅਤ ਸਮਝੌਤੇ ਤਹਿਤ ਅਜਿਹੇ ਕਰਤੱਵ ਮਨਜ਼ੂਰ ਕਰ ਲਏ ਹਨ ਜੋ ਲੋਕਾਰਨੋ-ਸੰਧੀ ਤਹਿਤ ਫਰਾਂਸ ਦੁਆਰਾ ਸਵੀਕਾਰ ਕੀਤੇ ਗਏ ਕਰਤੱਵਾਂ ਤੋਂ ਅਸੰਗਤ ਹਨ, ਇਸ ਲਈ ਉਹ ਸੰਧੀ 'ਅੰਦਰੂਨੀ-ਅਰਥਾਂ" ("inner meaning") ਤੋਂ ਰਹਿਤ ਹੋ ਚੁੱਕੀ ਹੈ। ਇਸ ਕਾਰਨ ਜਰਮਨੀ ਇਸ ਸੰਧੀ ਤੋਂ ਆਪਣੇ ਆਪ ਨੂੰ ਹੁਣ ਪਾਬੰਦ ਨਹੀਂ ਮੰਨਦਾ ਅਤੇ ਅੱਜ ਹੀ ਜਰਮਨ ਫੌਜਾਂ ਰਾਇਨਲੈਂਡ 'ਤੇ ਮੁੜ ਅਧਿਕਾਰ ਕਰ ਰਹੀਆਂ ਹਨ। ਜਿਸ ਮੰਗ ਪੱਤਰ 'ਓ ਇਹ ਸੂਚਨਾ ਦਿੱਤੀ ਗਈ ਸੀ ਉਸ 'ਚ ਅਨੇਕਾਂ ਮਤੇ ਵੀ ਸਨ। ਜਰਮਨੀ ਨੇ ਇੱਕ ਮਤੇ 'ਚ ਕਿਹਾ ਕਿ ਉਹ ਸਰਹੱਦ ਦੇ ਦੋਵੇਂ ਪਾਸੇ ਬਰਾਬਰ ਦੂਰੀ ਤੱਕ ਇੱਕ ਨਵਾਂ ਨਾਗਰਿਕ ਖੇਤਰ ਸਥਾਪਿਤ ਕਰਨ (ਕਿਉਂਕਿ ਇਹ ਸਾਰੇ ਜਾਣਦੇ ਸਨ ਕਿ ਫਰਾਂਸ ਅਤੇ ਬੈਲਜ਼ੀਅਮ ਆਪਦੇ ਖੇਤਰ ਦੇ ਕਿਸੇ ਵੀ ਹਿੱਸੇ ਨੂੰ ਫੌਜ ਮੁਕਤ ਕਰਨ ਲਈ ਤਿਆਰ ਨਹੀਂ ਹੈ, ਜਰਮਨੀ ਦਾ ਇਹ ਮਤਾ ਨਾ ਹੋ ਕੇ ਇੱਕ ਵਿਵਾਦ ਦਾ ਵਿਸ਼ਾ ਹੀ ਸੀ); ਲੋਕਾਰਨੋ-ਸੰਧੀ ਦੇ ਢੰਗ ਦਾ ਇੱਕ ਅਜਿਹਾ ਨਵਾਂ ਸਮਝੌਤਾ ਕਰਨ ਜਿਸ 'ਚ, ਰਾਇਨਲੈਂਡ-ਸਬੰਧੀ ਧਾਰਾਵਾਂ ਨਾ ਹੋਣ; ਆਪਣੇ ਗੁਆਂਢੀ ਦੇਸ਼ਾਂ ਨਾਲ (ਅਤੇ ਜਿਵੇਂ ਹਿਟਲਰ ਨੇ ਬਾਅਦ 'ਚ ਐਲਾਂਨ ਕੀਤਾ, ਅਸਟਰੀਆ ਤੇ ਚੇਕੋਸਲੋਵਾਕਿਆ ਨੂੰ ਵੀ) ਗੈਰ-ਹਮਲਾਕਾਰੀ-ਸਮਝੌਤੇ ਕਰਨ ਅਤੇ ਰਾਸ਼ਟਰ-ਸੰਘ 'ਚ ਮੁੜ ਸ਼ਾਮਲ ਹੋਣ ਲਈ ਰਾਜੀ ਹੈ।

ਇਸ ਦਰਮਿਆਂਲ ਇੱਕ ਨਵੀਂ ਉਲਝਣ ਪੈਦਾ ਹੋ ਗਈ। ਜ਼ਿਆਦਾਤਰ ਹੋਰ ਛੋਟੇ-ਛੋਟੇ ਰਾਸ਼ਟਰਾਂ ਵਾਂਗ ਬੈਲਜ਼ੀਅਮ 'ਤੇ ਸਮੂਹਿਕ ਸੁਰੱਖਿਆ ਦੀ ਸਫ਼ਲਤਾ ਤੇ ਜਰਮਨੀ ਦੀ ਸ਼ਕਤੀ 'ਚ ਵਾਧੇ ਦਾ ਡੂੰਘਾ ਪ੍ਰਭਾਵ ਪਿਆ। ਉਸ ਨੂੰ ਇਹ ਮਹਿਸੂਸ ਹੋਇਆ ਕਿ ਫਰਾਂਸ-ਬੈਲਜ਼ੀਅਮ ਯੂਨੀਅਨ ਤੇ ਲੋਕਾਰਨੋ-ਸੰਧੀ ਤਹਿਤ ਉਸ ਨੇ ਜੋ ਵਚਨ ਦਿੱਤੇ ਹਨ, ਉਹ ਸੁਰੱਖਿਆ ਦੀ ਬਜਾਇ ਖ਼ਤਰੇ ਵੀ ਜ਼ਿਆਦਾ ਹੋ ਸਕਦੇ ਹਨ, ਵਿਸ਼ੇਸ਼ ਕਰਕੇ ਉਸ ਸਥਿਤੀ 'ਚ ਜਦੋਂ ਫਰਾਂਸ-ਸੋਵੀਅਤ ਸਮਝੌਤੇ ਦੇ ਸਿੱਟੇ ਵਜੋਂ ਫਰਾਂਸ ਜਰਮਨੀ ਦੇ ਨਾਲ ਕਿਸੇ ਲੜਾਈ 'ਚ ਉਲਝ ਜਾਵੇ। 14 ਅਕਤੂਰ, 1936 ਨੂੰ ਉਸ ਵੱਲੋਂ ਇੱਕ ਐਲਾਨ ਕੀਤਾ ਗਿਆ, ਜਿਸ 'ਚ ਇਹ ਕਿਹਾ ਗਿਆ ਕਿ ਭਵਿੱਖ 'ਚ ਬੈਲਜ਼ੀਅਮ ਸਿਰਫ਼ ਬੈਲਜ਼ੀਅਨ ਨੀਤੀ 'ਤੇ ਹੀ ਚੱਲੇਗਾ ਤੇ ਕਿਸੇ ਯੂਨੀਅਨ 'ਚ ਸ਼ਾਮਲ ਨਹੀਂ ਹੋਵੇਗਾ ਤੇ ਆਪਣੇ ਗੁਆਂਢੀਆਂ ਦੇ ਵਿਵਾਦਾਂ ਸਬੰਧੀ ਸਵਿੱਟਜ਼ਰਲੈਂਡ ਤੇ ਹਾਲੈਂਡ ਵਾਂਗ ਪੂਰਾ ਨਿਰਪੱਖ ਰੁਖ ਅਪਣਾਏਗਾ। ਇਸ ਤਰ੍ਹਾਂ ਆਪਣੇ ਪੁਰਾਣੇ ਰੂਪ 'ਚ ਲੋਕਾਰਨੋ ਦੇ ਨਵੀਨੀਕਰਨ (renewal) ਦੀ ਹੁਣ ਕੋਈ ਸੰਭਾਵਨਾ ਨਹੀਂ ਰਹਿ ਗਈ ਸੀ। ਬੈਲਜ਼ੀਅਮ ਗਾਰੰਟੀਆਂ ਮਨਜ਼ੂਰ ਕਰਨ ਲਈ ਤਾਂ ਤਿਆਰ ਸੀ ਪਰ ਹੁਣ ਖੁਦ ਕਿਸੇ ਤਰ੍ਹਾਂ ਦੀ ਗਾਰੰਟੀ ਨਹੀਂ ਦੇਣਾ ਚਾਹੁੰਦਾ ਸੀ। ਨਵੰਬਰ 'ਚ ਈਡਨ ਨੇ ਇਹ ਸਪੱਸ਼ਟ ਐਲਾਨ ਕੀਤਾ ਕਿ ' ਜੇਕਰ ਬੈਲਜੀਅਮ 'ਤੇ ਅਕਾਰਨ ਹਮਲਾ ਕੀਤਾ ਗਿਆ ਤਾਂ ਉਹ ਸਾਡੀ ਸਹਾਇਤਾ 'ਤੇ ਭਰੋਸਾ ਕਰ ਸਕਦਾ ਹੈ," ਅਤੇ ਕੁਝ ਦਿਨ ਪਿੱਛੋਂ ਇਸ ਤਰ੍ਹਾਂ ਦਾ ਭਰੋਸਾ ਉਸ ਨੇ ਫਰਾਂਸ ਨੂੰ ਵੀ ਦਿੱਤਾ। ਫਰਾਂਸੀਸੀ ਵਿਦੇਸ਼ ਮੰਤਰੀ ਨੇ ਇਸ ਦਾ ਉੱਤਰ ਪ੍ਰਤੀਨਿਧੀ-ਸਭਾ 'ਚ ਇਹ ਐਲਾਨ ਕਰਕੇ ਦਿੱਤਾ ਕਿ ਅਜਿਹੇ ਹੀ ਹਾਲਾਤਾਂ 'ਚ ਫਰਾਂਸ ਵੀ ਗ੍ਰੇਟ ਬ੍ਰਿਟੇਨ ਜਾਂ ਬੈਲਜ਼ੀਅਮ ਦੀ ਸਹਾਇਤਾ ਕਰੇਗਾ। ਇਹ ਐਲਾਨ ਉਸ ਪੱਛਮੀ ਸਮਝੌਤੇ (Western Pact) ਦੇ, ਜਿਸ ਦਾ ਮੁਕੰਮਲ ਹੋਣਾ ਹੁਣ ਅਸੰਭਵ ਸੀ, ਕਮੀ ਦੀ ਪੂਰੀ ਕਰਨ ਵਾਲੀ ਮੰਨੀ ਜਾ ਸਕਦੀ ਸੀ।

## 9.10 ਸਾਰਾਂਸ਼ (Summary)

ਸ਼ੁਰੂ 'ਚ ਸੋਵੀਅਤ ਸੰਘ ਆਪਣੇ ਛੋਟੇ-ਛੋਟੇ ਗੁਆਂਢੀ ਦੇਸ਼ਾਂ ਨਾਲ ਹੀ ਡਿਪਲੋਮੇਟ ਸਬੰਧੀ ਬਣਾ ਸਕਿਆ। ਸੋਵੀਅਤ ਸਰਕਾਰ ਨੇ ਰਾਸ਼ਟਰੀ ਇੱਛਾਵਾਂ ਦਾ ਤਿਆਰ ਕਰਨ ਦਾ ਐਲਾਨ ਕੀਤਾ ਸੀ ਤੇ ਉਸ ਦੀ ਨੇਕ ਨੀਤ ਦਾ ਪਤਾ ਇਸ ਗੱਲ ਤੋਂ ਲਗਤਾ ਸੀ ਕਿ ਉਹ ਉਨ੍ਹਾਂ ਨਵੇਂ ਬਣੇ ਰਾਜਾਂ ਨੂੰ ਮਾਨਤਾ ਦੇਣ ਲਈ ਤਿਆਰ ਸੀ ਜੋ ਰੂਸੀ ਸਾਮਰਾਜ ਤੋਂ ਵੱਖ ਹੋ ਗਏ ਸਨ। 1920 'ਚ ਉਸ ਨੇ ਫਿਨਲੈਂਡ (ਜੋ ਰੂਸੀ ਸਾਮਰਾਜ ਤਹਿਤ ਅਰਧ-ਸਵਤੰਤਰ ਗ੍ਰੇਂਡ ਡਚੀ ਰਹਿ ਚੁੱਕਾ ਸੀ) ਅਤੇ ਇਸਟੋਨੀਆ (Estonia), ਲੇਟਵੀਆ (Latvia) ਤੇ ਲਿਥੁਆਨੀਆ (Lithuania) (ਜਿਸ ਦੀ ਭੂਮੀ ਰੂਸ ਦਾ ਅਖੰਡ ਅੰਗ ਰਹਿ ਚੁੱਕੀ ਸੀ) ਨਾਲ ਸ਼ਾਂਤੀ ਸੰਧੀਆਂ ਕੀਤੀਆਂ। ਇਨ੍ਹਾਂ ਸੰਧੀਆਂ ਤੋਂ ਬਾਅਦ ਹੀ ਅਗਲੇ ਵਰ੍ਹੇ ਪੋਲੈਂਡ ਦੇ ਨਾਲ ਸੰਧੀ ਹੋਈ। ਪਰ ਤਿੰਨੇ ਕਾਕੇਸ਼ੀਅਨ (Caucasian) ਰਾਜ-ਜਾਰਜੀਆ, (Georgia) ਅਜਰਬੇਜਾਨ (Azerbailan) ਅਤੇ ਆਰਮੀਨੀਆ (Armenia) -ਘਾਟੇ 'ਚ ਰਹੇ। ਸ਼ਾਇਦ ਜਾਰਜੀਆ ਨੂੰ ਛੱਡ ਕੇ ਇਨ੍ਹਾਂ 'ਚੋਂ ਕੋਈ ਵੀ ਸਵਤੰਤਰਤਾ ਦੇ ਤੱਕ ਨਾਲ ਭਰਪੂਰ ਨਹੀਂ ਸੀ।

ਨੋਟ

## 9.11 ਸ਼ਬਦਕੋਸ਼ (Keywords)

1. **ਸਹਾਇਤ ਬੌਂਡ ਪੱਤਰ (Relief bond)**– ਸਹਾਇਤਾ ਲਈ ਇਕਰਾਰਨਾਮਾ।
2. **ਅਗਾਊਂ ਪੈਸਾ (Advance)**– ਅਗਾਂਊਂ ਰਾਸ਼ੀ, ਪੇਸ਼ਗੀ।

## 9.12 ਅਭਿਆਸ ਪ੍ਰਸ਼ਨ (Review Questions)

1. ਇਟਲੀ ਦੇ ਅਸੰਤੋਸ਼ ਦੇ ਵਿਸ਼ੇਸ਼ ਕਾਰਨ ਕੀ ਸਨ ? ਜ਼ਿਕਰ ਕਰੋ।
2. 'ਰੂਸ ਦੇ ਗ੍ਰਹਿਯੁੱਧ' 'ਤੇ ਟਿੱਪਣੀ ਕਰੋ।
3. ਡਾਵੇਸ-ਯੋਜਨਾ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ।
4. 'ਲੋਕਾਰਨੋ ਦੀ ਸੰਧੀ' 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।

### ਉੱਤਰ : ਸਵ-ਮੁਲਾਂਕਣ (Answer: Self Assessment)

1. ਰਾਸ਼ਟਰ-ਸੰਘ
2. ਅਲਬਾਨੀਆ
3. ਫਰਾਂਸ
4. (ੳ) ਯੂਰਪ
5. (ਅ) ਲੋਕਾਰਨੋ-ਸੰਧੀ
6. (ਅ) 1914

## 9.13 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐੱਸ ਤਿਆਗੀ, ਰਜਨੀ ਤਿਆਗੀ-ਰਾਧਾ ਪਬਲੀਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ –ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲੀਕੇਸ਼ਨ।
3. ਆਧੁਨਿਕ ਵਿਸ਼ਵ– ਡਾ. ਬਿਪਿਨ ਬਿਹਾਰੀ ਸਿਨਹਾ– ਗਿਆਨੰਦਾ ਪ੍ਰਕਾਸ਼ਨ।
4. ਸਮਕਾਲੀ ਵਿਸ਼ਵ ਇਤਿਹਾਸ– ਅਰਜੁਨ ਦੇਵ ਇੰਦਰਾ –ਓਰੀਐਂਟ ਬਲੈਕ ਸਵਾਨ।
5. ਵਿਸ਼ਵ ਦਾ ਇਤਿਹਾਸ-ਮਾਨਿਕ ਲਾਲ ਗੁਪਤ-ਅਟਲਾਂਟਿਕ ਪਬਲੀਕੇਸ਼ਨ।
6. ਆਧੁਨਿਵ ਵਿਸ਼ਵ ਦਾ ਇਤਿਹਾਸ-ਡਾ. ਦੀਨਾਨਾਥ ਵਰਮਾ-ਗਿਆਨੰਦਾ ਪ੍ਰਕਾਸ਼ਨ।
7. ਆਧੁਨਿਕ ਵਿਸ਼ਵ ਦਾ ਇਤਿਹਾਸ-ਡਾ. ਧਨਪਤੀ ਪਾਂਡੇ– ਐੱਮ.ਐੱਲ.ਬੀ.ਡੀ.ਡੌਟਕਾਮ।

ਨੋਟ

# ਇਕਾਈ-10: ਰਾਸ਼ਟਰਵਾਦ
# (Nationalism)

**ਵਿਸ਼ੇ ਵਸਤੂ (Contents)**


ਉਦੇਸ਼ (Objectives)
ਪ੍ਰਸਤਾਵਨਾ (Introduction)
10.1 ਯੂਨਾਨ ਦੀ ਜੰਗ-ਏ-ਆਜ਼ਾਦੀ (Freedom Fight of Greece)
10.2 ਕ੍ਰੀਮੀਆ ਦਾ ਯੁੱਧ (Battle of Cremia)
10.3 ਬਾਲਕਨ 'ਚ ਵਧਦਾ ਹੋਇਆ ਰਾਸ਼ਟਰਵਾਦ : ਰੂਸ-ਤੁਰਕੀ ਯੁੱਧ (Increasing Nationalism in Balkan: Russia-Turkey War)
10.4 ਸੈਨਸਟੀਫੇਨੋ ਸੰਧੀ ਦੀਆਂ ਵਿਵਸਥਾਵਾਂ (Systems of Sanstifeno Treaty)
10.5 1878 ਦੀ ਬਰਲਿਨ ਕਾਂਗਰਸ ਅਤੇ ਉਸ ਦੀਆਂ ਵਿਵਸਥਾਵਾਂ (Berlin Congress of 1878 and its Systems)
10.6 1878 ਤੋਂ ਬਾਅਦ 1914 ਤੱਕ ਪੂਰਬੀ ਸਮੱਸਿਆ (Eastern Problem Since 1914 after 1878)
10.7 ਬਾਲਕਨ ਯੁੱਧ (Balkan War)
10.8 ਸਾਰਾਂਸ਼ (Summary)
10.9 ਸ਼ਬਦਕੋਸ਼ (Keywords)
10.10 ਅਭਿਆਸ ਪ੍ਰਸ਼ਨ (Review Questions)
10.11 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਦੇ ਬਾਅਦ ਵਿਦਿਆਰਥੀ ਯੋਗ ਹੋਣਗੇ :

- ਯੂਨਾਨ ਦੀ ਜੰਗ-ਏ-ਆਜ਼ਾਦੀ ਨੂੰ ਜਾਣਨ 'ਚ।
- ਸੈਨਸਟੀਫੇਨੋ ਸੰਧੀ ਦੀਆਂ ਵਿਵਸਥਾਵਾਂ ਜਾਣਨ 'ਚ।

## ਪ੍ਰਸਤਾਵਨਾ (Introduction)

1789 ਈਸਵੀ ਦੀ ਫ਼ਰਾਂਸ ਦੀ ਕ੍ਰਾਂਤੀ ਨੇ ਸਵਤੰਤਰਤਾ (Liberty), ਬਰਾਬਰੀ (Equality) ਤੇ ਭਾਈਚਾਰੇ (Fraternity) ਦਾ ਪ੍ਰਚਾਰ ਪੂਰੇ ਯੂਰਪ ਵਿੱਚ ਕੀਤਾ। ਨਾਗਰਿਕਾਂ ਦੇ ਦਿਲਾਂ ਵਿੱਚ ਆਪਣੇ ਦੇਸ਼ ਦੇ ਪ੍ਰਤੀ ਪਿਆਰ ਪੈਦਾ ਕਰਦੇ ਹੋਏ ਕੌਮੀਅਤ ਦੀ ਭਾਵਨਾ ਜਾਗ੍ਰਿਤ ਕੀਤੀ। 19ਵੀਂ ਸਦੀ ਦੇ ਸ਼ੁਰੂ ਤੋਂ ਹੀ ਸਵਤੰਤਰਤਾ ਕੌਮ ਦੀ ਸਮਾਨਅਰਥਕ ਬਣ ਗਈ ਸੀ । ਨੈਪੋਲੀਅਨ ਬੋਨਾਪਾਰਟ ਦੀਆਂ ਜੇਤੂ ਮੁਹਿੰਮਾਂ ਨੇ ਕੌਮੀਅਤ ਦੇ ਆਧੁਨਿਕ ਮੁੱਲਾਂ ਨੂੰ ਜਗਾਇਆ ਸੀ । ਪੁਰਾਤਨ ਵਿਵਸਥਾ ਦੇ ਵਿਰੁੱਧ ਸੰਘਰਸ਼ ਵਿੱਚ ਆਖ਼ਰ ਕੌਮੀਅਤ ਦੀ ਜਿੱਤ ਹੋਈ। 1870 ਤੱਕ ਪੁਰਾਤਨ ਵਿਵਸਥਾ ਦੇ ਖੰਡਰਾਂ ਉੱਤੇ ਜਰਮਨੀ ਅਤੇ ਇਟਲੀ ਦੇ ਸ਼ਕਤੀਸ਼ਾਲੀ ਰਾਸ਼ਟਰੀ ਰਾਜਾਂ ਦਾ ਉਸਾਰੀ ਹੋ ਚੁੱਕੀ ਸੀ। 1815 ਤੋਂ 1871 ਤੱਕ ਅਨੇਕਾਂ ਨਵੇਂ ਰਾਸ਼ਟਰੀ ਰਾਜਾਂ ਦਾ ਉਸਾਰੀ ਹੋਇਆ ਅਤੇ ਯੂਰਪ ਦਾ ਰਾਜਨੀਤਕ ਮਾਨਚਿਤਰ ਬਦਲ ਗਿਆ । 1871 ਈ. ਤੋਂ ਬਾਅਦ ਯੂਰਪ ਦੇ ਇਤਿਹਾਸ ਦੀ ਇੱਕ ਮੁੱਖ ਵਿਸ਼ੇਸ਼ਤਾ ਸੀ- ਰਾਸ਼ਟਰੀਅਤਾ ਅਤੇ ਉਸ ਨਾਲ ਸਬੰਧਿਤ ਸਮੱਸਿਆਵਾਂ ਦਾ ਹੱਲ ਕਰਨਾ।

1789 ਦੀ ਫਰਾਂਸੀਸੀ ਰਾਜ ਕਰਾਂਤੀ ਤੋਂ ਬਾਅਦ ਰਾਸ਼ਟਰੀਅਤਾ ਅੰਤਰ ਰਾਸ਼ਟਰੀ ਸੰਬੰਧਾਂ ਦਾ ਸਭ ਤੋਂ ਵੱਧ ਮਹੱਤਵਪੂਰਨ ਨਿਰਧਾਰਕ ਤੱਤ ਬਣ ਗਿਆ। ਇਸ ਤੱਤ ਨੇ (ਕੌਮੀਅਤ ਨੇ) ਇੱਕ ਮਹਾਨ ਏਕਤਾਕਾਰੀ ਸ਼ਕਤੀ ਵਜੋਂ ਕਾਰਜ ਕਰਕੇ ਮਹਾਨ ਰਾਸ਼ਟਰਾਂ ਦੀ ਸਥਾਪਨਾ ਵਿੱਚ ਜੋੜ ਦਿੱਤਾ ਪਰ ਨਾਲ ਹੀ ਇਹ ਸਾਮਰਾਜਾਂ ਦੇ ਵਿਘਟਨ, ਰਾਸ਼ਟਰੀ ਮੁਕਤੀ ਯੁੱਧਾਂ ਅਤੇ ਪਹਿਲਾ ਵਿਸ਼ਵ ਯੁੱਧ ਦਾ ਮੁੱਖ ਕਾਰਨ ਵੀ ਸਿੱਧ ਹੋਇਆ । ਰਾਸ਼ਟਰੀਅਤਾ ਦੀ ਅੱਤ ( ਉਗਰ ਰਾਸ਼ਟਰਵਾਦ) ਅਤੇ ਅਣਦੇਖੀ ਦੋਵੇਂ ਹੀ ਯੁੱਧ ਵਿਸਫ਼ੋਟਕ ਸਮੱਗਰੀ ਦੇ ਜਮ੍ਹਾਂ

ਨੋਟ

ਹੋਣ ਦੇ ਕਾਰਨ ਰਹੇ। ਰਾਸ਼ਟਰੀ ਭਾਵਨਾ ਦੀ ਉਗਰਤਾ ਦੇ ਕਾਰਨ ਵਿਸ਼ਵ ਦੀਆਂ ਵੱਖ-ਵੱਖ ਕੌਮਾਂ ਦੇ ਲੋਕਾਂ ਵਿੱਚ ਆਪਣੇ-ਆਪ ਨੂੰ ਸੰਸਾਰ ਦੀ ਉੱਤਮ ਜਾਤੀ ਮੰਨਣ ਦੀ ਪ੍ਰਵਿਰਤੀ ਪੈਦਾ ਹੋਈ । ਜਰਮਨ ਲੋਕਾਂ ਨੇ ਵਿਸ਼ੇਸ਼ ਤੌਰ 'ਤੇ ਆਰੀਆ ਜਾਤੀ ਦੀ ਸ਼੍ਰੇਸ਼ਠਤਾ ਦੇ ਸਿਧਾਂਤ ਦਾ ਦਮਨ ਕਰਕੇ ਆਪਣੇ ਨੂੰ ਸੰਸਾਰ ਦੀ ਸਰਵੋਤਮ ਜਾਤੀ ਅਤੇ ਹੋਰ ਜਾਤੀਆਂ ਦਾ ਸ਼ਾਸਕ ਹੋਣ ਦਾ ਅਧਿਕਾਰੀ ਕਹਿਣਾ ਸ਼ੁਰੂ ਕਰ ਦਿੱਤਾ ਸੀ। ਬ੍ਰਿਟੇਨ ਦਾ 'ਸ਼ਵੇਤ ਲੋਕਾਂ ਦੇ ਭਾਰ' ਦਾ ਸਿਧਾਂਤ ਫਰਾਂਸੀਸੀ ਲੋਕਾਂ ਦਾ 'ਸਭਿਅਤਾ ਪ੍ਰਸਾਰ ਕਾਰਜ' ਦਾ ਸਿਧਾਂਤ ਵੀ ਜਰਮਨ ਉਗਰ ਕੌਮੀਅਤ ਸਦ੍ਰਿਸ਼ ਸਨ । ਇਸ ਤਰ੍ਹਾਂ ਦੀ ਉਗਰ ਕੌਮੀਅਤ ਦੀ ਭਾਵਨਾ ਦੀ ਨੁਮਾਇਸ਼ ਹੋਰ ਕੌਮਾਂ ਨੇ ਵੀ ਕੀਤੀ। ਆਪਣੇ ਇਸ ਉਗਰਵਾਦੀ ਰੂਪ ਵਿੱਚ ਕੌਮੀਅਤ ਨੇ ਸਾਮਰਾਜਵਾਦ ਨੂੰ ਜਨਮ ਦਿੱਤਾ ਅਤੇ ਅੰਤਰਰਾਸ਼ਟਰੀ ਜਗਤ ਵਿੱਚ ਅਸ਼ਾਂਤੀ ਦਾ ਇੱਕ ਮੁੱਖ ਕਾਰਨ ਬਣ ਗਈ। ਕੌਮੀਅਤ ਦਾ ਮਤਲਬ 'ਕੇਵਲ ਆਪਣੇ ਦੇਸ਼ ਨਾਲ ਪ੍ਰੇਮ ਹੀ ਨਹੀਂ ਬਲਕਿ ਦੂਜੇ ਸਾਰੇ ਦੇਸ਼ਾਂ ਪ੍ਰਤੀ ਨਫ਼ਰਤ' ਸਮਝਿਆ ਜਾਣ ਲੱਗਾ ਸੀ। ਕੌਮੀਅਤ ਦੇ ਸਿਧਾਂਤ ਦੀ ਅਣਦੇਖੀ ਪਹਿਲੇ ਵਿਸ਼ਵ ਯੁੱਧ ਦੇ ਮੂਲ ਕਾਰਨ ਵਜੋਂ ਉਸਦੀ ਅੰਤ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ। 1815 ਵਿੱਚ ਵਿਆਨਾ ਸੰਮੇਲਨ ਦੀਆਂ ਵਿਅਵਸਥਾਵਾਂ ਵਿੱਚ ਪਹਿਲਾਂ ਵਿਸ਼ਵ ਯੁੱਧ ਬੀਜ ਰੱਖਿਆ ਹੋਇਆ ਸਨ। ਇਸ ਸੰਮੇਲਨ ਵਿੱਚ ਸਿਆਸਤਦਾਨਾਂ ਨੇ ਲੋਕਤੰਤਰ ਅਤੇ ਕੌਮੀਅਤ ਦੀ ਘੋਰ ਅਣਦੇਖੀ ਕੀਤੀ ਸੀ । ਕੌਮੀਅਤ ਦੇ ਸਿਧਾਂਤ ਦੀ ਅਣਦੇਖੀ ਕਰਦਿਆਂ ਬੈਲਜ਼ੀਅਮ ਨੂੰ ਹਾਲੈਂਡ ਦੇ ਨਾਲ ਮਿਲਾ ਦਿੱਤਾ, ਫਿਨਲੈਂਡ ਨੂੰ ਰੂਸ ਦੇ ਨਾਲ ਮਿਲਾ ਦਿੱਤਾ, ਸਵੀਡਨ ਅਤੇ ਨਾਰਵੇ ਨੂੰ ਜੁਆਇੰਟ ਕਰ ਦਿੱਤਾ, ਰੂਸ ਦੇ ਜਾਰ ਨੂੰ ਪੋਲੈਂਡ ਦਾ ਵੀ ਜਾਰ (ਸਮਰਾਟ) ਮੰਨ ਲਿਆ। ਰੂਸ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਉਦੇਸ਼ ਨਾਲ ਬਾਲਕਨ ਪ੍ਰਦੇਸ਼ ਦੇ ਰਾਸ਼ਟਰਵਾਦੀਆਂ ਨੂੰ ਤੁਰਕੀ ਦੇ ਵਿਰੁੱਧ ਉਨ੍ਹਾਂ ਦੇ ਸੰਘਰਸ਼ ਵਿੱਚ ਵਧੇਰੇ ਸਹਿਯੋਗ ਕਰਦਾ ਰਹਿੰਦਾ ਸੀ। ਪਰ ਇੰਗਲੈਂਡ, ਫ਼ਰਾਂਸ ਅਤੇ ਆਸਟਰੀਆ ਰੂਸ ਦੀ ਸ਼ਕਤੀ ਨੂੰ ਵਧਣ ਨਹੀਂ ਦੇਣਾ ਚਾਹੁੰਦੇ ਸਨ। ਆਖ਼ਰ ਉਨ੍ਹਾਂ ਨੇ ਰੂਸ ਦੇ ਵਿਰੁੱਧ ਤੁਰਕੀ ਸਮਰਥਨ ਕਰਨ ਦੀ ਨੀਤੀ ਅਪਣਾਈ। ਇਸ ਨਾਲ ਬਾਲਕਨ ਪ੍ਰਦੇਸ਼ ਅੰਤਰ ਰਾਸ਼ਟਰੀ ਸਬੰਧਾਂ ਦਾ ਵਿਸਫੋਟਕ ਸਥਾਨ ਬਣ ਗਿਆ। 1912 ਵਿੱਚ ਯੂਨਾਨ, ਸਰਵੀਆ, ਮਾਂਟੀਨੀਗਰੋ ਅਤੇ ਬਲਗਾਰੀਆ ਨੇ ਬਾਲਕਨ ਲੀਗ ਦੀ ਸਥਾਪਨਾ ਕਰਕੇ ਤੁਰਕੀ ਦੇ ਵਿਰੁੱਧ ਯੁੱਧ ਸ਼ੁਰੂ ਵੀ ਕੀਤਾ ਪਰ ਆਪਣੀ ਸੌੜੀ ਮਨੋਬਿਰਤੀ ਅਤੇ ਉਗਰ ਕੌਮੀਅਤ ਦੇ ਪ੍ਰਭਾਵ ਕਾਰਨ ਪੂਰਵੀ ਸਮੱਸਿਆ ਦਾ ਅਸਲੀ ਹੱਲ ਨਹੀਂ ਕੱਢ ਸਕੇ । ਬਲਕਿ ਸਮੱਸਿਆ ਉਲਝਦੀ ਚਲੀ ਗਈ । ਆਸਟਰੀਆ ਅਤੇ ਰੂਸ ਨੇ ਸਮੱਸਿਆ ਨੂੰ ਕੌਮੀਅਤ ਦੇ ਸਿਧਾਂਤ ਦੇ ਅਨੁਸਾਰ ਸਮਝ ਕੇ ਆਪਣੀਆਂ ਇੱਛਾਵਾਂ ਦੇ ਕਾਰਨ ਘੋਰ ਵੈਰ ਵਿੱਚ ਪਰਿਵਰਤਿਤ ਕਰ ਦਿੱਤਾ । ਇਹ ਘੋਰ ਵੈਰ ਅਤੇ ਦੂਜਿਆਂ ਦੇ ਪ੍ਰਤੀ ਨਫ਼ਰਤ ਨੇ ਮਹਾਂਯੁੱਧ ਦਾ ਰਾਹ ਪੱਧਰਾ ਕਰ ਦਿੱਤਾ। 28 ਜੂਨ, 1914 ਨੂੰ ਬੋਸਤਰਾਇਆ ਦੇ ਸੇਰਾਜੇਵੋ ਨਗਰ ਵਿੱਚ ਇੱਕ ਵਿਦਿਆਰਥੀ (ਗੇਵਰੀਲੀ ਪ੍ਰਿੰਸਿਪ) ਜਿਸ ਨੂੰ ਸਰਵੀਆ ਦੀ ਅੱਤਵਾਦੀ ਸੰਸਥਾ 'ਬਲੈਕ ਹੈਂਡ' ਦਾ ਸਹਿਯੋਗ ਪ੍ਰਾਪਤ ਸੀ , ਉਸਨੇ ਆਸਟਰੀਆ ਦੇ ਰਾਜ ਕੁਮਾਰ ਫਰਾਂਸਿਸ ਫਰਡੀਨੇਂਡ ਦਾ ਕਤਲ ਕਰ ਦਿੱਤਾ। ਇਸ ਨਾਲ ਆਸਟਰੀਆ ਨੂੰ ਸਰਵੀਆ ਦੇ ਵਿਰੁੱਧ ਕਰਨ ਦਾ ਬਹਾਨਾ ਮਿਲ ਗਿਆ। ਫਰਾਂਸਿਸ ਫਰਡੀਨੇਂਡ ਦਾ ਕਤਲ ਕਰਨ ਵਾਲੀਆਂ ਗੋਲ਼ੀਆਂ ਪਹਿਲੇ ਵਿਸ਼ਵ ਯੁੱਧ ਦਾ ਐਲਾਨ ਬਣ ਗਿਆ। ਉਗਰ ਅਤੇ ਅਣਦੇਖ ਨੇ ਇਸ ਤਰ੍ਹਾਂ ਦਾ ਪਿਛੋਕੜ ਨਿਰਮਿਤ ਕਰ ਦਿੱਤਾ ਕਿ ਆਮ ਜਿਹੀ ਉਤੇਜਕ ਘਟਨਾ ਨੇ ਮਹਾਂ ਯੁੱਧ ਦਾ ਰੂਪ ਧਰ ਲਿਆ। 15ਵੀਂ ਸ਼ਤਾਬਦੀ ਤੋਂ ਹੀ ਤੁਰਕੀ ਦੇ ਸਾਮਰਾਜ ਦਾ ਵਿਸਥਾਰ ਸ਼ੁਰੂ ਹੋਇਆ ਸੀ। ਸੁਲੇਮਾਨ ਮਹਾਨ ਦੇ ਸ਼ਾਸਨਕਾਲ ਦੇ ਸਮੇਂ ਤੁਰਕ ਸਾਮਰਾਜ ਪੂਰੇ ਸੰਸਾਰ ਵਿੱਚ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਸਾਮਰਾਜ ਬਣ ਗਿਆ ਸੀ। ਪੂਰੇ ਦੱਖਣ-ਪੂਰਵੀ ਯੂਰਪ ਉੱਤੇ ਤੁਰਕਾਂ ਦਾ ਰਾਜ ਦ੍ਰਿੜ ਹੋ ਗਿਆ ਸੀ। ਦੱਖਣ-ਪੂਰਵੀ ਯੂਰਪ ਦੀਆਂ ਈਸਾਈ ਜਾਤੀਆਂ ਜਿਨ੍ਹਾਂ ਵਿੱਚ ਸਲਾਵ, ਬਲਗਰ, ਸਰਵ ਆਦਿ ਵੱਖ-ਵੱਖ ਭਾਸ਼ਾਵਾਂ ਅਤੇ ਕੌਮੀਅਤ ਦੇ ਲੋਕ ਸਨ, ਮੁਸਲਮਾਨ ਤੁਰਕਾਂ ਦੇ ਪ੍ਰਭੁਤਵ ਵਿੱਚ ਆ ਗਏ ਸਨ ਅਠਾਰਹਵੀਂ ਸ਼ਤਾਬਦੀ ਦੇ ਉੱਤਰਅਰਧ ਵਿੱਚ ਦੋ ਮਹੱਤਵਪੂਰਨ ਤਬਦੀਲੀਆਂ ਹੋਈਆਂ। ਪਹਿਲੀ ਰੂਸ ਦੀ ਮਹਾਰਾਣੀ (ਜਾਰੀਨਾ ਕੈਥਰੀਨ ਦੂਜੀ) ਨੇ ਸਾਮਰਾਜਵਾਦੀ ਨੀਤੀ ਅਪਣਾ ਕੇ ਦੱਖਣ ਵੱਲ ਸਾਮਰਾਜ ਵਿਸਥਾਰ ਕਰਦੇ ਹੋਏ ਕਾਲ਼ਾ ਸਾਗਰ ਦੇ ਅਜੋਵ ਤੱਕ ਪਹੁੰਚ ਗਈ । ਦੂਜੇ ਪਾਸੇ ਫ਼ਰਾਂਸ ਦੀ ਕ੍ਰਾਂਤੀ ਅਤੇ ਬਾਅਦ ਵਿੱਚ ਨੈਪੋਲੀਅਨ ਬੋਨਾਪਾਰਟ ਦੀ ਜੇਤੂ ਮੁਹਿੰਮ ਨੇ ਰਾਸ਼ਟਰਵਾਦ ਦੇ ਸਿਧਾਂਤ ਤੋਂ ਸਾਰੇ ਯੂਰਪ ਨੂੰ ਪ੍ਰੇਰਿਤ ਕੀਤਾ। ਬਾਲਕਨ ਪ੍ਰਾਇਦੀਪ ਜਿੱਥੇ ਕਈ ਕੌਮਾਂ ਦੇ ਲੋਕ ਰਹਿੰਦੇ ਸਨ, ਚੇਤਨਸ਼ੀਲ ਬਨਣ ਲੱਗੇ। ਈਸਾਈ ਬਹੁਲ ਬਾਲਕਨ ਵਿੱਚ ਮੁਸਲਮਾਨ, ਤੁਰਕਾਂ ਦਾ ਸ਼ਾਸਨ ਹੁਣ ਦਮਨਕਾਰੀ ਲੱਗਣ ਲੱਗਿਆ। ਵਿਸ਼ੇਸ਼ ਕਰਕੇ ਇਸ ਲਈ ਕਿ ਯੂਰਪ ਦੇ ਮੁੱਖ ਇਸਾਈ ਦੇਸ਼ ਧਰਮ ਦੇ ਨਾਂਅ 'ਤੇ ਆਪਣਾ ਕੌਮੀ ਹਿੱਤ ਸਾਧਨ ਲਈ ਈਸਾਈਆਂ ਦਾ ਪੱਖ ਲੈਣ ਲੱਗੇ ਸਨ। ਪੂਰੇ ਬਾਲਕ 'ਚ ਰਾਸ਼ਟਰਵਾਦੀ ਚੇਤਨਾ ਵਿਕਸਿਤ ਹੋ ਗਈ। ਇਹੀ ਸਮਾਂ ਸੀ ਜਦੋਂ ਤੁਰਕ ਸਾਮਰਾਜ (ਆਟੋਮਨ ਇੰਪਾਇਰ) ਦੀ ਸ਼ਕਤੀ ਘਟ ਰਹੀ ਸੀ।

19ਵੀਂ ਸ਼ਤਾਬਦੀ ਦੇ ਸ਼ੁਰੂ 'ਚ ਤੁਰਕ ਸਾਮਰਾਜ (ਆਟੋਮਨ ਇੰਪਾਇਰ) ਦੇ ਪਤਨ ਹੋਣ ਦੇ ਮੁੱਖ ਕਾਰਨ ਬਾਲਕਨ 'ਚ ਪੈਦਾ ਹੋ ਰਹੀ ਸ਼ਕਤੀ-ਖਾਲੀਪਨ ਭਰਨ ਲਈ ਕਈ ਸ਼ਕਤੀਆਂ ਨੇ ਯਤਨ ਕਰਨਾ ਸ਼ੁਰੂ ਕੀਤਾ। ਸਭ ਤੋਂ ਵੱਧ ਸਹੀ ਦਾਅਵਾ ਬਾਲਕਨ ਰਾਸ਼ਟਰਾਂ ਦਾ ਸੀ ਪਰ ਵਿਆਨਾ ਕਾਂਗਰਸ ਤੋਂ ਬਾਅਦ ਸ਼ੁਰੂ ਹੋਈ ਰਾਸ਼ਟਰਵਾਦੀ ਵਿਰੋਧੀ ਪ੍ਰਤੀਕਿਰਿਆਵਦੀ ਵਿਵਸਥਾ ਬਾਲਕਨ ਰਾਸ਼ਟਰਾਂ ਦੀ ਹੋਂਦ ਨੂੰ ਸਾਕਾਰਾ ਨਾ ਹੋਣ ਦੇਣ ਲਈ ਵਚਨਬੱਧ ਸੀ।

ਰੂਸ ਅਤੇ ਆਸਟਰੀਆ ਦਾ ਬਾਲਕਨ ਨਾਲ ਨੇੜਲਾ ਸਬੰਧੀ ਸੀ। ਰੂਸ ਦਾ ਸ਼ਾਸਕ ਵਰਗ ਸਲਾਵ ਜਾਤੀ ਦਾ ਹੀ ਸੀ। ਰੂਸ ਦੀ ਜ਼ਿਆਦਾਤਰ ਜਨਤਾ ਗ੍ਰੀਕ ਆਰਥੋਡਾਕਸ ਚਰਚ ਦੇ ਸ਼ਰਧਾਲੂ ਸੀ ਅਤੇ ਬਾਲਕਨ ਦੇ ਈਸਾਈ ਵੀ ਚਰਚ ਨੂੰ ਮੰਨਦੇ ਸਨ। ਆਖ਼ਰ ਰੂਸ ਬਾਲਕਨ ਰਾਸ਼ਟਰਾਂ ਨਾਲ ਜਾਤੀ, ਸੱਭਿਆਚਾਰਕ ਤੇ ਧਾਰਮਿਕ ਨੇੜਤਾ ਦਿਖਾ ਕੇ ਉਥੋਂ ਦੇ ਰਾਸ਼ਟਰਾਂ ਦਾ ਪੱਖ ਲੈਣ ਦੇ ਬਹਾਨੇ ਆਪਣਾ ਪ੍ਰਭਾਵ ਵਧਾਉਣਾ ਚਾਹੁੰਦਾ ਸੀ। ਆਸਟਰੀਆ ਆਪਣੇ ਦੱਖਣ-ਪੂਰਬ 'ਚ ਵਿਸਥਾਰ ਚਾਹੁੰਦਾ ਸੀ ਇਸ ਲਈ ਅਸਟਰੀਆ ਬਾਲਕਨ 'ਚ ਰੂਸ ਦਾ ਮੁਕਾਬਲੇਬਾਜ਼ ਸੀ। ਦੂਰ-ਦੂਰ ਤੋਂ ਫਰਾਂਸ ਤੇ ਇੰਗਲੈਂਡ ਵੀ ਬਾਲਕਨ 'ਚ ਆਪਣੀ ਰੁਚੀ ਬਣਾਈ ਬੈਠੇ ਸਨ। ਫਰਾਂਸ ਤਾਂ ਆਪਸੀ ਸਬੰਧਾਂ 'ਚ ਮਹੱਤਵਪੂਰਨ ਬਣੇ ਰਹਿਣ ਲਈ ਦਖ਼ਲਅੰਦਾਜ਼ੀ ਕਰਦਾ ਸ, ਪਰ ਇੰਗਲੈਂਡ ਦੇ ਹਿੱਤ ਜ਼ਿਆਦਾ ਗੰਭੀਰ ਸਨ। ਪਹਿਲਾਂ ਇੰਗਲੈਂਡ ਨੇ ਤੁਰਕੀ ਦਾ ਮਹੱਤਵ ਨਹੀਂ ਸਮਝਿਆ ਸੀ ਪਰ ਜਦੋਂ ਨੈਪੋਲੀਅਨ ਬੋਨਾਪਰਟ ਨੇ ਮਿਸਰ 'ਤ ਹਮਲਾ ਕੀਤਾ ਤਾਂ ਇੰਗਲੈਂਡ ਨੂੰ ਇਸ ਦਾ ਪ੍ਰਭਾਵ ਪਤਾ ਲੱਗਿਆ, ਉਦੋਂ ਤੋਂ ਇੰਗਲੈਂਡ ਨੇ ਆਟੋਮਨ ਇੰਪਾਇਰ 'ਚ ਰੁਚੀ ਪੈਦਾ ਹੋਈ ਕਿਉਂਕਿ ਇੰਗਲੈਂਡ ਦਾ ਸਾਮਰਾਜ ਦੱਖਣੀ ਏਸ਼ੀਆ, ਵਿਸ਼ੇਸ਼ਕਰਕੇ ਭਾਰਤ 'ਚ ਫੈਲੀਆ ਹੋਇਆ ਸੀ। ਇੰਗਲੈਂਡ ਦੇ ਰਾਜਨੇਤਾ ਰੂਸ ਦੇ ਡਰੋਂ (ਰਸ਼ੋਫੋਬੀਆ) ਪੀੜਤ ਰਹਿਣ

ਲੱਗੇ ਸਨ। ਰੂਸੀ ਨੇਵੀ ਦੇ ਕਾਲਾ ਸਾਗਰ 'ਚ ਪੁੱਜਣ ਤੋਂ ਨਾਲ ਪੂਰਬੀ-ਭੂ-ਮੱਧ ਸਾਰਗ ਅਤੇ ਮਿਸਰ 'ਚ ਉਸ ਦਾ ਪ੍ਰਭਾਵ ਵਧ ਸਕਦਾ ਸੀ, ਇਹ ਇੰਗਲੈਂਡ ਲਈ ਅਸਿਹ ਸੀ। ਇਸ ਲਈ ਇੰਗਲੈਂਡ ਰੂਸ ਦੇ ਵਿਸਥਾਰ ਨੂੰ ਰੋਕਣ ਲਈ ਤੁਰਕੀ ਨੂੰ ਬੰਨ੍ਹ ਵਾਂਗ ਵਰਤਣਾ ਚਾਹੁੰਦਾ ਸੀ। ਤੁਰਕੀ ਨੂੰ ਜਿਸ ਨੂੰ 'ਯੂਰਪ ਦਾ ਬਿਮਾਰ' ਦੇਸ਼ ਕਿਹਾ ਜਾਂਦਾ ਸੀ, ਇੰਗਲੈਂਡ ਆਪਣੇ ਸਹਿਯੋਗ ਤੇ ਸਮਰਥਨ ਦਾ ਦਵਾ ਦੇ ਕੇ ਬਰਾਬਰ ਜਿਉਂਦਾ ਰੱਖਣਾ ਚਹੁੰਦਾ ਸੀ। ਇਸ ਤਰ੍ਹਾਂ ਇੰਗਲੈਂਡ ਦਾ ਹਿੱਤ ਪਤਨਸ਼ੀਲ ਮੱਧਯੁਗੀਨ ਤੁਰਕ ਸਾਮਰਾਜ ਨੂੰ ਜਿਉਂਦਾ ਰੱਖਣਾ ਸੀ। ਉਸ ਦੀ ਇਹ ਇੱਛਾ ਅਤੇ ਰੁਚੀ ਇਸ ਸਮੱਸਿਆ ਨੂੰ ਹੋਰ ਜਟਿਲ ਬਣਾਉਂਦੀ ਸੀ। ਇਨ੍ਹਾਂ ਤੱਤਾਂ ਦੀ ਟਕਰਾਹਟ ਦਰਮਿਆਨ ਪੂਰਬੀ ਸਮੱਸਿਆ ਸੁਲਗਦੀ ਰਹੀ ਅਤੇ ਆਖ਼ਰ 'ਚ ਇੱਕ ਭਿਆਨਕ ਮਹਾਂਯੁੱਧ ਦਾ ਸੂਤਰਪਾਤ ਕਰ ਕੇ ਉੱਠੀ। ਇਸ ਸਮੱਸਿਆ ਦੀ ਮੁੱਢਲੀ ਬੁਨਿਆਦ ਸੰਖੇਪ 'ਚ ਇਸ ਤਰ੍ਹਾਂ ਸਮਝੀ ਜਾ ਸਕਦੀ ਹੈ ਕਿ ਪਰੰਪਰਾਗਤ ਸਾਮਰਾਜਾਂ ਤੁਰਕੀ, ਰੂਸ ਅਤੇ ਅਸਟਰੀਆ ਦੀ ਪਰਸਪਰ ਅਤੇ ਇੰਗਲੈਂਡ ਨਾਲ ਟਕਰਾਹਟ ਤੇ ਉੱਭਰਦੇ ਰਾਸ਼ਟਰਵਾਦ ਦੇ ਕਾਰਨ ਇਹ ਸਮੱਸਿਆ ਪੈਦਾ ਹੋਈ ਸੀ। ਬਾਲਕਨ 'ਚ ਮੱਧਯੁਗੀਨ ਅਤੇ ਆਧੁਨਿਕ ਤੱਤ ਕਈ ਤਰ੍ਹਾਂ ਨਾਲ ਇੱਕ-ਦੂਜੇ ਨਾਲ ਟਕਰਾਉਂਦੇ ਸਨ। 19ਵੀਂ ਸ਼ਤਾਬਦੀ ਦੇ ਸ਼ੁਰੂ ਤੋਂ ਹੀ ਇਹ 'ਪੂਰਬੀ ਸਮੱਸਿਆ' ਜਟਿਲ ਰੂਪ ਨਾਲ ਯੂਰਪ ਦੀਆਂ ਮਹਾਸ਼ਕਤੀਆਂ ਨੂੰ ਪਰਸਪਰ ਉਲਝਾ ਰਹੀ ਸੀ। ਬਾਲਕਨ ਜਾਤੀਆਂ ਦੇ ਉਹ ਮੁਕਤੀ ਸੰਗ੍ਰਾਮ ਜੋ 19ਵੀਂ ਸਦੀ ਦੇ ਪਹਿਲੇ ਦਹਾਕੇ 'ਚ ਸ਼ੁਰੂ ਹੋਏ ਸਨ, ਵੀਹਵੀਂ ਸਦੀ ਦੇ ਦੂਜੇ ਦਹਾਕੇ 'ਚ ਵੀ ਖ਼ਤਮ ਨਾ ਹੋ ਸਕੇ। ਇਹ ਇੱਕ ਦੀਰਘਕਾਲੀਨ, ਖੂਨੀ, ਅਸ਼ਾਂਤੀਪੂਰਨ, ਜਟਿਲ ਅਤੇ ਵੀਰਤਾ ਭਰੇ ਇਤਿਹਾਸ ਦੀ ਗਾਥਾ ਹੈ।

ਨੋਟਸ — ਯੂਰਪੀ ਤੁਰਕੀ ਦੇ ਟੁੱਟਣ ਨਾਲ 19ਵੀਂ ਸਦੀ 'ਚ ਉਦੈ ਹੋਣ ਵਾਲਾ ਪਹਿਲਾ ਰਾਜ ਸਰਬੀਆ ਸੀ।

## 10.1 ਯੂਨਾਨ ਦੀ ਜੰਗ-ਏ-ਆਜ਼ਾਦੀ (Freedom Fight of Greece)

ਤੁਰਕੀ ਦੇ ਵਿਰੁੱਧ ਅਧੀਨ ਜਾਤੀਆਂ 'ਚ ਵਿਦਰੋਹ ਕਰਨ ਵਾਲਿਆਂ 'ਚ ਸਰਬੀਆ ਦੇ ਪੱਛਮੀ ਯੂਨਾਨੀ ਸਨ। ਯੂਨਾਨੀਆਂ ਨੇ 19ਵੀਂ ਸਦੀ ਦੇ ਸ਼ੁਰੂ 'ਚ ਜਾਤੀ ਅਤੇ ਰਾਸ਼ਟਰੀ ਚੇਤਨਾ ਦੀ ਮੁੜ-ਜਾਗ੍ਰਿਤੀ ਦਾ ਅਹਿਸਾਸ ਕੀਤਾ ਸੀ। 1821 'ਚ ਯੂਨਾਨੀਆਂ ਨੇ ਵਿਦਰੋਹ ਕਰ ਦਿੱਤਾ ਅਤੇ ਉਨ੍ਹਾਂ ਨੇ ਉਸ ਸੰਘਰਸ਼ ਨੂੰ ਸ਼ੁਰੂ ਕੀਤਾ ਜੋ 1829 'ਚ ਅਜ਼ਾਦੀ ਪ੍ਰਾਪਤੀ ਦੇ ਨਾਲ ਹੀ ਖ਼ਤਮ ਹੋਇਆ ਸੀ। ਪਹਿਲੇ ਛੇ ਸਾਲਾਂ 'ਚ ਯੂਨਾਨੀਆਂ ਨੇ ਤੁਰਕੀ ਦੇ ਵਿਰੁੱਧ ਇਕੱਲੇ ਸੰਘਰਸ਼ ਕੀਤਾ। ਇਸ ਪੱਛਮੀ ਵਿਦੇਸ਼ੀ ਦਾਖ਼ਲਅੰਦਾਜ਼ੀ ਨੇ ਇਸ ਸੰਘਰਸ਼ ਨੂੰ ਵਿਆਪਕ ਤੇ ਭਿਆਨਕ ਬਣਾ ਦਿੱਤਾ। ਯੂਰਪੀ ਸ਼ਕਤੀਆਂ ਦੀ ਹਮਦਰਦੀ ਸ਼ੁਰੂ ਤੋਂ ਹੀ ਯੂਨਾਨ ਦੇ ਪ੍ਰਤੀ ਜਾਗ੍ਰਿਤ ਹੋ ਗਈ ਸੀ ਕਿਉਂਕਿ ਯੂਨਾਨ ਨੇ ਵਿਸ਼ਵ ਨੂੰ ਬੌਧਿਕ ਜਾਗ੍ਰਿਤੀ ਤੇ ਵਿਸ਼ਿਸਟਤਾ ਪ੍ਰਦਾਨ ਕੀਤੀ ਸੀ, ਜੋ ਕਲਾਵਾਂ ਦਾ ਜਨਕ ਰਿਹਾ ਸੀ (ਅਤੀਤ 'ਚ) ਅਤੇ ਹੁਣ ਆਪਣੇ ਸਵਤੰਤਰ ਅਤੇ ਸੁਚਾਰੂ ਜੀਵਨ ਲਈ ਵੀਰਤਾਪੂਰਨ ਤੇ ਰੋਮਾਂਚਕਾਰੀ ਸੰਘਰਸ਼ 'ਚ ਸ਼ਾਮਲ ਸੀ। ਪ੍ਰਾਚੀਨ ਯੂਨਾਨ ਦੀਆਂ ਸਮ੍ਰਿਤੀਆਂ ਦੀ ਪ੍ਰੇਰਨਾ ਨਾਲ ਯੂਨਾਨ ਪ੍ਰੇਮੀ ਸੰਸਥਾਵਾਂ (Phipellenic Societies) ਸਥਾਪਿਤ ਹੋਈਆਂ। ਇਨ੍ਹਾਂ ਸੰਸਥਾਵਾਂ ਨੇ ਜੋ ਫਰਾਂਸ, ਜਰਮਨੀ, ਸਵਿੱਟਜ਼ਰਲੈਂਡ, ਇੰਗਲੈਂਡ ਅਤੇ ਸੰਯੁਕਤ ਰਾਜ ਅਮਰੀਕਾ 'ਚ ਸਥਾਪਿਤ ਹੋਈ ਸੀ, ਪੈਸਾ, ਹਥਿਆਰ ਤੇ ਸਵੈ ਸੇਵਕ ਸੈਨਿਕ ਭੇਜ ਕੇ ਅਤੇ ਸ਼ਾਸ਼ਨਾਂ 'ਤੇ ਦਖ਼ਲਅੰਦਾਜ਼ੀ ਕਰਨ ਲਈ ਦਬਾਅ ਪਾ ਕੇ ਯੂਨਾਨੀਆਂ ਦੀ ਸਹਾਇਤਾ ਕਰਨ ਦਾ ਯਤਨ ਕੀਤਾ। ਪੱਛਮੀ ਯੂਰਪ ਦੇ ਬਹੁਤ ਸਾਰੇ ਵਿਅਕਤੀ ਯੂਨਾਨੀ ਫੌਜ 'ਚ ਸ਼ਾਮਲ ਹੋ ਗਏ। ਇਨ੍ਹਾਂ 'ਚ ਸਭ ਤੋਂ ਵੱਧ ਚਰਚਿਤ ਵਿਅਕਤੀ ਸੀ ' ਲਾਰਡ ਬਾਇਰਨ', ਜਿਸ ਨੇ ਸਵਤੰਤਰ ਯੂਨਾਨ ਦੇ ਲਈ ਆਪਣੇ ਜੀਵਨ ਦਾ ਬਲੀਦਾਨ ਕਰ ਦਿੱਤਾ। ਅੰਤ ਵਿਦੇਸ਼ੀ ਸ਼ਕਤੀਆਂ ਨੇ ਦਖ਼ਲਅੰਦਾਜ਼ੀ ਦਾ ਫ਼ੈਸਲਾ ਕੀਤਾ। 1827 'ਚ ਲੰਡਨ ਸੰਧੀ ਅਨੁਸਾਰ ਇੰਗਲੈਂਡ, ਰੂਸ ਅਤੇ ਫਰਾਂਸ ਇਸ ਮੰਗ ਨੂੰ ਕਰਨ 'ਤੇ ਸਹਿਮਤ ਹੋਏ ਕਿ ਯੂਨਾਨ ਤੁਰਕੀ ਦੀ ਪ੍ਰਭੂਸੱਤਾ ਦੇ ਅਧੀਨ ਸਵੈਸ਼ਾਸਿਤ ਰਾਜ ਬਣਾ ਦਿੱਤਾ ਜਾਵੇ ਜਿਵੇਂ ਕਿ ਸਰਬੀਆ ਬਣਾਇਆ ਗਿਆ ਸੀ ਪ੍ਰੰਤੂ ਤੁਰਕੀ ਨੇ ਇਸ ਮੰਗ ਨੂੰ ਨਾਮਨਜ਼ੂਰ ਕਰ ਦਿੱਤਾ। ਸਿੱਟੇ ਵਜੋਂ ਜੰਗ ਸ਼ੁਰੂ ਹੋ ਗਈ ਅਤੇ 20 ਅਕਤੂਬਰ, 1827 ਨੂੰ ਨੈਵਾਰਿਨਾਂ ਦੀ ਸਮੁੰਦਰੀ ਲੜਾਈ 'ਚ ਤੁਰਕੀ ਬੇੜਾ ਦੇ ਵਿਨਾਸ਼ ਹੋ ਗਿਆ। ਅਗਲੇ ਸਾਲ ਰੂਸ ਨੇ ਤੁਰਕੀ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਹ ਰੂਸ-ਤੁਰਕੀ ਯੁੱਧ ਇੱਕ ਸਾਲ ਤੋਂ ਵੱਧ ਸਮੇਂ ਤੱਕ ਹੁੰਦਾ ਰਿਹਾ। ਰੂਸੀਆਂ ਨੇ ਬਾਲਕਨ ਦੇਸ਼ਾਂ ਨੂੰ ਲਤਾੜਦੇ ਹੋਏ ਤੇਜ਼ ਗਤੀ ਨਾਲ ਕਾਸਟੇਂਟਿਨਪੁਲ ਵੱਲ ਰੁਖ ਕੀਤਾ। ਇਸੇ ਦਰਮਿਆਨ ਫਰਾਂਸੀਸੀਆਂ ਨੇ ਵੀ ਹਮਲਾ ਕਰ ਦਿੱਤਾ।। ਅੰਤਤੋਗਤਵਾ ਤੁਰਕੀ ਦੇ ਸੁਲਤਾਨ ਮਹਿਮੂਦ ਦੂਜੇ ਨੂੰ ਸੰਧੀ ਦੀ ਯਾਚਨਾ ਕਰਨੀ ਪਈ ਅਤੇ 14 ਸਤੰਬਰ, 1829 ਨੂੰ ਰੂਸ ਦੇ ਨਾਲ 'ਐਡ੍ਰਿਆਨੋਪਲ ਦੀ ਸੰਧੀ' ਕਰ ਲਈ ਗਈ।

ਇਸ ਘਟਨਾਚੱਕਰ ਦੇ ਸਿੱਟੇ ਵਜੋਂ ਯੂਨਾਨ ਸਵਤੰਤਰ ਰਾਜ ਬਣਾ ਗਿਆ ਜੋ ਕਿ ਤੁਰਕੀ ਦੀ ਪ੍ਰਭੂਸੱਤਾ ਤੋਂ ਪੂਰੀ ਤਰ੍ਹਾਂ ਆਜ਼ਾਦ ਮੰਨਿਆ ਗਿਆ ਸੀ। ਯੂਨਾਨ ਦੀ ਸਵਤੰਤਰਾ ਦੀ ਗਾਰੰਟੀ ਤਿੰਨ ਸ਼ਕਤੀਆਂ-ਫਰਾਂਸ, ਇੰਗਲੈਂਡ ਅਤੇ ਰੂਸ ਨੇ ਦਿੱਤੀ। ਰਸਮੀ ਤੌਰ 'ਤੇ ਤਾਂ ਨਹੀਂ ਪਰ ਵਿਵਹਾਰਕ ਤੌਰ 'ਤੇ ਡੈਨਯੂਬੀ ਰਿਆਸਤਾਂ-ਮਾਲਡੇਵੀਆ ਅਤੇ ਵੇਲੈਸ਼ੀਆ ਮੁੜ ਸਵਤੰਤਰ ਬਣਾ ਦਿੱਤੀਆਂ ਗਈਆਂ। ਇਸ ਤਰ੍ਹਾਂ ਯੂਰਪ 'ਚ ਤੁਰਕੀ ਦੇ ਸੁਲਤਾਨ ਦੀ ਸ਼ਕਤੀ ਘਟ ਗਈ। 1833 'ਚ ਬਵੇਰੀਆ ਦਾ ਰਾਜ ਕੁਮਾਰ ਓਟੋ ਯੂਨਾਨ ਦਾ ਪਹਿਲਾ ਰਾਜਾ ਬਣ ਗਿਆ। ਦੱਖਣੀ-ਪੂਰਬੀ ਯੂਰਪ 'ਚ ਇੱਕ ਨਵੇਂ ਈਸਾਈ ਸਵਤੰਤਰ ਰਾਜ ਦਾ ਨਿਰਮਾਣ ਹੋ ਗਿਆ। ਰੂਸ ਦੇ ਮਾਣ ਅਤੇ ਸ਼ਕਤੀ 'ਚ ਵਾਧਾ ਹੋਗਿਆ ਸੀ। ਇਸ ਘਟਨਾ ਨੇ ਤੁਰਕੀ ਦੀ ਕਮਜ਼ੋਰੀ ਪੂਰੇ ਸੰਸਾਰ 'ਚ ਪ੍ਰਗਟ ਕਰ ਦਿੱਤੀ ਅਤੇ ਇਸ ਦੇ ਨਾਲ ਹੀ ਇਹ ਵੀ ਪ੍ਰਗਟ ਕਰ ਦਿੱਤਾ ਕਿ ਤੁਰਕੀ ਦੀ ਸਮੱਸਿਆ ਯੂਰਪ ਦੀ ਇੱਕ ਮਹਾਨ ਜਟਿਲ ਅੰਤਰਾਸ਼ਟਰੀ ਸਮੱਸਿਆ ਹੈ, ਜਿਸ 'ਚ ਕਈ ਸ਼ਕਤੀਆਂ ਦੇ ਹਿੱਤਾਂ ਦਾ ਸਬੰਧ ਸੀ।

ਨੋਟ

## 10.2 ਕ੍ਰੀਮੀਆ ਦਾ ਯੁੱਧ (Battle of Cremia)

ਯੂਨਾਨ ਦੇ ਸਵੈਤੰਤਰ-ਸੰਘਰਸ਼ ਦੀਆ ਘਟਨਾਵਾਂ ਨੇ ਰੂਸ ਦੇ ਮਾਣ ਅਤੇ ਸ਼ਕਤੀ 'ਚ ਵਾਧਾ ਕਰ ਦਿੱਤਾ ਸੀ। ਰੂਸ ਦੇ 1829 ਦੇ ਫੌਜੀ ਮੁਹਿੰਮ ਨੇ ਹੀ ਤੁਰਕੀ ਦੇ ਸੁਲਤਾਨ ਮਹਿਮੂਦ ਦੂਜੇ ਨੂੰ ਸ਼ਰਤਾਂ ਮਨਜ਼ੂਰ ਕਰਨ 'ਤੇ (ਐਡ੍ਰਿਆਨੋਪਲ ਦੀ ਸੰਧੀ) ਮਜ਼ਬੂਰ ਕਰ ਦਿੱਤਾ ਸੀ। ਯੂਨਾਨ ਸਵਤੰਤਰ ਹੋ ਗਿਆ ਸੀ ਅਤੇ ਉਹ ਹੋਰ ਸ਼ਕਤੀਆਂ ਨਾਲੋਂ ਰੂਸ ਦਾ ਵਧੇਰੇ ਧੰਨਵਾਦੀ ਸੀ। ਮੋਲਡੇਵੀਆ ਅਤੇ ਵੈਲੇਸ਼ੀਆ ਅਜੇ ਵੀ ਨਾਮਾਤਰ ਲਈ ਤੁਰਕੀ ਦੇ ਹਿੱਸੇ ਸਨ ਪਰ ਫਿਲਹਾਲ ਉਹ ਤੁਰਕੀ ਦੇ ਕੰਟਰੋਲ ਤੋਂ ਮੁਕਤ ਸਨ ਅਤੇ ਪਰਵਰਤੀ ਕਾਲ 'ਚ ਉਨ੍ਹਾਂ 'ਚ ਰੂਸੀ ਪ੍ਰਭਾਵ ਸਭ ਤੋਂ ਵੱਧ ਸੀ। ਕਈ ਸਾਲਾਂ ਪਿੱਛੋਂ ਰੂਸ ਨੇ ਆਪਣਾ ਪ੍ਰਭਾਵ ਖੇਤਰ ਹੋਰ ਅੱਗੇ ਵਧਾਉਣ ਦੇ ਯਤਨ ਕਰਨ ਦਾ ਅਹਿਦ ਕੀਤਾ ਅਤੇ ਇਸ ਯਤਨ ਨਾਲ ਪੂਰਬੀ ਪ੍ਰਸ਼ਨ ਨੂੰ ਮੁੜ ਚੁੱਕਣ ਦਾ ਹੌਂਸਲੇ ਭਰਿਆ ਮੌਕਾ ਪ੍ਰਦਾਨ ਕੀਤਾ ਅਤੇ ਇਸ ਦੇ ਸਿੱਟੇ ਵਜੋਂ ਨੈਪੋਲੀਅਨ ਬੋਨਾਪਾਰਟ ਦੇ ਪਤਨ ਦੇ ਪਿੱਛੋਂ ਇੱਕ ਮਹਾਨ ਯੂਰਪੀ ਯੁੱਧ ਹੋਇਆ।

ਰੂਸ ਨੇ ਤੁਰਕੀ ਸਮਰਾਜ ਦੇ ਸਾਰੇ ਯੂਨਾਨੀ ਈਸਾਈਆਂ ਦੀ ਰੱਖਿਆ ਕਰਨ ਦੇ ਅਧਿਕਾਰ ਦੀ ਮੰਗ ਕੀਤੀ। ਇਸ ਨੂੰ ਮਨਜ਼ੂਰ ਕਰਨ ਦਾ ਅਰਥ ਸੀ ਤੁਰਕੀ ਦੇ ਅੰਦਰੂਨੀ ਮਾਮਲਿਆਂ 'ਚ ਰੂਸ ਦੀ ਸਦਾ ਲਈ ਦਖ਼ਲਅੰਦਾਜ਼ੀ ਕਰਨ ਦਾ ਅਧਿਕਾਰ ਪ੍ਰਦਾਨ ਕਰਨਾ ਜਿਸ ਦਾ ਅੰਤਿਮ ਸਿੱਟਾ ਇਹ ਨਿਕਲਿਆ ਸੀ ਕਿ ਤੁਰਕੀ ਰੂਸ ਦਾ ਇੱਕ ਤਰ੍ਹਾਂ ਦਾ ਅਧੀਨ ਦੇਸ਼ ਬਣ ਜਾਣਾ। ਇਯ ਲਈ ਤੁਰਕੀ ਨੇ ਰੂਸ ਦੀ ਇਸ ਬਹੁਉਦੇਸ਼ੀ ਮੰਗ ਦੀ ਅਣਦੇਖੀ ਕੀਤੀ। ਸਿੱਟੇ ਵਜੋਂ 1853 ਦੇ ਅਕਤੂਬਰ 'ਚ ਰੂਸ ਅਤੇ ਤੁਰਕੀ ਦੇ ਵਿਚਕਾਰ ਯੁੱਧ ਸ਼ੁਰੂ ਹੋ ਗਿਆ। ਰੂਸ ਨੂੰ ਇਹ ਵਿਸ਼ਵਾਸ ਸੀ ਕਿ ਇਹ ਯੁੱਧ ਸਥਾਨਕ ਹੀ ਰਹੇਗਾ ਅਤੇ ਉਨ੍ਹਾਂ ਦੋਵਾਂ ਦੇ ਵਿਚਕਾਰ ਹੀ ਸੀਮਿਤ ਰਹੇਗਾ, ਪਰ ਛੇਤੀ ਹੀ ਉਨ੍ਹਾਂ ਦਾ ਇਹ ਵਿਸ਼ਵਾਸ ਭਰਮ ਸਿੱਧ ਹੋਇਆ ਕਿਉਂਕਿ ਇੰਗਲੈਂਡ ਅਤੇ ਫਰਾਂਸ ਤੇ ਉਸ ਦੇ ਪਿੱਛੇ ਪੀਡਮਾਂਟ-ਸਾਰਡੀਨੀਆ ਨੇ ਤੁਰਕੀ ਦੀ ਸਹਾਇਤਾ ਕੀਤੀ।

ਰੂਸ ਨੇ ਆਪਣੇ ਵਿਰੁੱਧ ਇੱਕ ਜਗ੍ਹਾ 'ਤੇ ਚਾਰ ਸ਼ਕਤੀਆਂ ਨੂੰ ਵੇਖਿਆ। ਇੰਗਲੈਂਡ ਰੂਸ ਦੀ ਹਮਲਾਵਰ ਅਤੇ ਵਿਸਥਾਰਵਾਦੀ ਨੀਤੀ ਤੋਂ ਡਰਿਆ ਹੋਇਆ ਸੀ ਕਿਉਂਕਿ ਇਸ ਨਾਲ ਭਾਰਤ ਦੀ ਸੁਰੱਖਿਆ ਖ਼ਤਰੇ 'ਚ ਪੈ ਸਕਦੀ ਸੀ ਤੇ ਇੰਗਲੈਂਡ ਦੇ ਵਪਾਰਕ ਹਿੱਤਾਂ ਨੂੰ ਹਾਨੀ ਪੁੱਜ ਸਕਦੀ ਸੀ। ਫਰਾਂਸ ਦਾ ਸਮਰਾਟ ਨੈਪੋਲੀਅਨ ਤੀਜਾ ਰੂਸ ਦੇ ਪ੍ਰਤੀ ਆਪਣੀ ਦੁਸ਼ਮਣੀ ਦਾ ਬਦਲਾ ਲੈਣਾ ਚਾਹੁੰਦਾ ਸੀ। ਨੈਪੋਲੀਅਨ ਬੋਨਾਪਾਰਟ ਮਾਸਕੋ ਅਭਿਆਨ ਦਾ ਬਦਲਾ ਲੈਣਾ ਚਾਹੁੰਦਾ ਸੀ ਅਤੇ ਉਹ 1815 ਦੀ ਸੰਧੀਆਂ ਨੂੰ ਤੋੜਨਾ ਚਾਹੁੰਦਾ ਸੀ ਜਿਨ੍ਹਾਂ ਨੇ ਫਰਾਂਸ ਦਾ ਅਪਮਾਨ ਮੜ੍ਹ ਦਿੱਤਾ। ਪੀਡਮਾਂਟ-ਸਾਰਡੀਨੀਆ ਇਸ ਲਈ ਯੁੱਧ 'ਚ ਸ਼ਾਮਲ ਹੋਇਆ ਸੀ ਕਿ ਉਹ ਇਟਲੀ ਦੇ ਏਕੀਕਰਨ ਲਈ ਇੰਗਲੈਂਡ ਤੇ ਫਰਾਂਸ ਦਾ ਸਹਿਯੋਗ ਚਾਹੁੰਦਾ ਸੀ।

1855 ਦੇ ਮਾਰਚ 'ਚ ਰੂਸੀ ਸਮਰਾਟ ਜਾਰ ਨਿਕੋਲਸ ਪਹਿਲੇ ਦੀ ਮੌਤ ਹੋ ਗਈ। ਅੰਤ 'ਚ ਮਾਨਵ ਜੀਵਨ ਦੇ ਵਿਨਾਸ਼ ਉਪਰੰਤ 1855 ਦੇ ਸਤੰਬਰ 'ਚ ਸੈਬਸਟਾਪੋਲ ਦਾ ਪਤਨ ਹੋਗਿਆ। ਅੰਤਤੋਗਤਵਾ ਮਾਰਚ 1856 'ਚ ਪੈਰਿਸ ਦੀ ਸੰਧੀ ਨਾਲ ਸ਼ਾਂਤੀ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ।

ਇਸ ਸੰਧੀ ਦੇ ਅਨੁਸਾਰ ਭਵਿੱਖ 'ਚ ਕਾਲੇ ਸਾਗਰ ਨੂੰ ਨਿਰਪੱਖ ਬਣਾ ਦਿੱਤਾ ਗਿਆ, ਇਸ 'ਚ ਨਾ ਕੋਈ ਰਾਸ਼ਟਰ ਜੰਗੀ ਬੇੜਾ ਭੇਜ ਸਕਦਾ ਸੀ ਅਤੇ ਨਾ ਇਸ ਦੇ ਤੱਟਾਂ 'ਤੇ ਅਸਲਾਖਾਨਾ ਬਣਾਇਆ ਜਾ ਸਕਦਾ ਸੀ। ਇਸ 'ਚ ਹਰੇਕ ਰਾਸ਼ਟਰ ਦੇ ਵਪਾਰਕ ਜਲ ਬੇੜੇ ਚਲਾ ਸਕਦੇ ਸਨ। ਡੈਨਯੂਬ ਨਦੀ 'ਚ ਵੀ ਹਰੇਕ ਰਾਸ਼ਟਰ ਦੇ ਵਪਾਰਕ ਜਲ ਬੇੜੇ ਅਜ਼ਾਦੀ ਨਾਲ ਚੱਲ ਸਕੇਦ ਸਨ। ਮੋਲਡੇਵੀਆ ਤੇ ਵੈਲੇਸ਼ੀਆ ਦੇ ਉੱਪਰ ਰੂਸੀ ਸੁਰੱਖਿਆ ਖ਼ਤਮ ਕਰ ਦਿੱਤੀ ਗਈ। ਇਨ੍ਹਾਂ ਖੇਤਰਾਂ ਨੂੰ ਤੁਰਕੀ ਸੁਲਤਾਨ ਦੀ ਪ੍ਰਭੁੱਸਤਾ ਦੇ ਅਧੀਨ ਸਵਤੰਤਰ ਅਜ਼ਾਦ ਐਲਾਨ ਕਰ ਦਿੱਤਾ ਗਿਆ ਤੇ ਤੁਰਕੀ ਨੂੰ ਯੂਰਪੀ ਰਾਜਾਂ ਦੇ ਪਰਿਵਾਰ 'ਚ ਸ਼ਾਮਲ ਕਰ ਦਿੱਤਾ ਗਿਆ।

ਇਸ ਤਰ੍ਹਾਂ ਕ੍ਰੀਮੀਆ ਯੁੱਧ 'ਚ ਪੱਛਮੀ ਯੂਰਪ ਦੀਆਂ ਈਸਾਈ ਸ਼ਕਤੀਆਂ (ਇੰਗਲੈਂਡ, ਫਰਾਂਸ, ਪੀਡਮਾਂਟ-ਸਾਰਡੀਨੀਆ) ਨੇ ਤੁਰਕੀ ਨੂੰ ਸਹਾਇਤਾ ਦੇ ਕੇ ਨਸ਼ਟ ਹੋਣ ਤੋਂ ਬਚਾ ਲਿਆ ਪਰ ਪੂਰਬੀ ਸਮੱਸਿਆ ਦੇ ਰੂਪ 'ਚ ਇਹ ਯੁੱਧ ਦੀ ਪੂਰਨ ਅਸਫ਼ਲਤਾ ਸੀ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks) :

1. 20 ਅਕਤੂਬਰ, 1827 ਨੂੰ...... ਦੀ ਸਮੁੰਦਰੀ ਲੜਾਈ 'ਚ ਤੁਰਕੀ ਬੇੜੇ ਦਾ ਵਿਨਾਸ਼ ਹੋ ਗਿਆ ਸੀ।
2. ਤੁਰਕੀ ਦੇ ਸੁਲਤਾਨ ਮਹਿਮੂਦ ਦੂਜੇ ਨੇ 14 ਸਤੰਬਰ, 1829 ਨੂੰ......... ਦੇ ਨਾਲ ' ਐਡ੍ਰਿਆਨੋਪਲ ਦੀ ਸੰਧੀ' ਕਰ ਲਈ।

## 10.3 ਬਾਲਕਨ 'ਚ ਵਧਦਾ ਹੋਇਆ ਰਾਸ਼ਟਰਵਾਦ : ਰੂਸ-ਤੁਰਕੀ ਯੁੱਧ (Increasing Nationalism in Balkan : Russia-Turkey War)

ਪੈਰਿਸ ਸੰਧੀ (1856) ਤੋਂ ਬਾਅਦ ਬਾਲਕਨ ਖੇਤਰ ਦੀ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਸੀ- ' ਬਾਲਕਨ 'ਚ ਵਧਦਾ ਹੋਇਆ ਰਾਸ਼ਟਰੀ ਸੰਕਲਪ'। ਇਸ ਦਾ ਪਹਿਲਾ ਪ੍ਰਗਟਾਵਾ ਮੋਲਡੇਵੀਆ ਤੇ ਵੈਲੇਸ਼ੀਆ 'ਚ ਪਰਿਲਕਸ਼ਿਤ ਹੋਇਆ ਸੀ। ਇਨ੍ਹਾਂ ਦੋਵਾਂ ਪ੍ਰਦੇਸ਼ਾਂ ਨੇ ਇਕੋ ਜਿਹਾ ਸੰਵਿਧਾਨ ਬਣਾ ਕੇ ਅਤੇ ਇੱਕ ਹੀ ਵਿਅਕਤੀ ਨੂੰ ਆਪਣਾ ਰਾਜਾ ਮੰਨ ਕੇ (ਹੋਹੇਨਜਾਲਰਨ ਵੰਸ਼ ਦਾ ਚਾਰਲਸ ਪਹਿਲਾ) ਅਸਲੀ ਏਕੀਕਰਨ ਦਾ ਯਤਨ ਕੀਤਾ। 1862 'ਚ ਦੋਵਾਂ ਪ੍ਰਦੇਸ਼ਾਂ ਦੀਆਂ ਸਭਾਵਾਂ ਦਾ ਰਲੇਵਾਂ ਹੋ ਗਿਆ ਅਤੇ ਉਨ੍ਹਾਂ ਨੇ ਆਪਣਾ ਸਾਂਝਾ ਨਾਂਅ ਰੂਮਾਨੀਆ ਰੁਖ ਲਿਆ। ਇਸ ਤਰ੍ਹਾਂ ਬਾਲਕਨ ਪ੍ਰਾਦੀਪ 'ਚ ਯੂਨਾਨ, ਸਰਬੀਆ ਤੋਂ ਬਾਅਦ ਰੂਮਾਨੀਆ ਦੇ ਰੂਪ 'ਚ ਇੱਕ ਨਵੇਂ ਸਵਤੰਤਰ ਦੇਸ਼ ਨੇ ਜਨਮ ਲਿਆ। ਇਸ ਤੋਂ ਰੂਸ ਉਤਸ਼ਾਹਿਤ ਹੋਇਆ।

ਨੋਟ

1875 'ਚ ਪੂਰਬੀ ਪ੍ਰਸ਼ਨ ਨੇ ਗੰਭੀਰ ਅਤੇ ਮੁੱਖ ਰੂਪ ਧਾਰਨ ਕੀਤਾ। ਪੂਰੇ ਬਾਲਕਨ ਪ੍ਰਾਦੀਪ 'ਚ ਅਰਾਜਕਤਾ ਦੀ ਲਹਿਰ ਫ਼ੈਲ ਗਈ। ਹਰਜੇਗੋਵਿਨਾ 'ਚ ਵਿਦਰੋਹ ਦੇ ਸਪੱਸ਼ਟ ਲੱਛਣ ਸਾਹਮਣੇ ਆਏ। ਉੱਥੇ ਕਿਸਾਨਾਂ 'ਤੇ ਤੁਰਕੀ ਦੇ ਕੁਸ਼ਾਸਨ ਦੇ ਅੰਤਰਗਤ ਬਰਬਰ ਅੱਤਿਆਚਾਰ ਹੋ ਰਹੇ ਸਨ। ਤੁਰਕੀ-ਦਮਨ ਇੰਨਾ ਕਸ਼ਟਦਾਇਕ ਸੀ ਕਿ ਕਿਸਾਨਾਂ ਕੋਲ ਵਿਦਰੋਹ ਤੇ ਦੇਸ਼ ਛੱਡਣ ਤੋਂ ਇਲਾਵਾ ਕੋਈ ਰਾਹ ਬਾਕੀ ਨਹੀਂ ਰਹਿ ਗਿਆ ਸੀ। ਕਿਸਾਨ ਸਲਾਵ ਸਨ। ਇਸ ਲਈ ਬੋਸਿਤ੍ਰੀਆ, ਸਰਬੀਆ ਤੇ ਬਲਗਾਰੀਆ ਦੇ ਸਰਹੱਦੀ ਖੇਤਰਾਂ ਦੇ ਸਲਾਵਾਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ। ਪੂਰੇ ਪ੍ਰਾਦੀਪ 'ਚ ਈਸਾਈਆਂ ਤੇ ਸਲਾਵਾਂ ਦੀ ਤੁਰਕੀ ਦੇ ਪ੍ਰਤੀ ਧਾਰਮਿਕ ਅਤੇ ਜਾਤੀ ਘ੍ਰਿਣਾ ਪੈਦਾ ਹੋ ਗਈ।

ਆਸਟਰੀਆ ਨੇ ਬਾਲਕਨ ਰਾਸ਼ਟਰੀਅਤਾ ਦੇ ਪ੍ਰਚਾਰ ਨੂੰ ਰੋਕਣ ਦੇ ਨਜ਼ਰੀਏ ਤੋਂ ਯੂਰਪ ਦੇ ਸਹਿਯੋਗ ਨਾਲ ਇੱਕ ਯੋਜਨਾ ਦਸੰਬਰ 1875 (ਐਂਡ੍ਰੇਸੀ ਨੋਟ) 'ਚ ਤਿਆਰ ਕੀਤੀ ਪਰ ਯੂਰਪੀ ਸ਼ਕਤੀਆਂ ਦੇ ਬਾਲਕਨ ਸਮੱਸਿਆ ਦੇ ਹੱਲ ਕੱਢਣ ਦੇ ਯਤਨ ਵਿਅਰਥ ਹੋ ਗਏ। ਤੁਰਕੀ ਆਪਣੇ ਪ੍ਰਸ਼ਾਸਨ 'ਚ ਕਿਸੇ ਤਰ੍ਹਾਂ ਦੇ ਸੁਧਾਰ ਕਰਨ ਲਈ ਯਤਨਸ਼ੀਲ ਨਾ ਬਣ ਸਕਿਆ। ਈਸਾਈ ਰਾਜ ਵੀ ਤੁਰਕੀ ਦੇ ਕੁਸ਼ਾਸਨ ਦੇ ਵਿਰੁੱਧ ਸੰਘਰਸ਼ ਲਈ ਵਚਨਬੱਧ ਹੋ ਗਏ। ਆਖ਼ਰ ਮਈ 1876 'ਚ ਬਲਗਾਰੀਆ 'ਚ ਭਿਆਨਕ ਵਿਦਰੋਹ ਹੋ ਗਿਆ। ਤੁਰਕੀ ਪ੍ਰਸ਼ਾਸਨ ਨੇ ਲਗਭਗ 30 ਹਜ਼ਾਰ ਈਸਾਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਨਾਲ ਵਿਦਰੋਹ ਹੋਰ ਵੀ ਵਿਆਪਕ ਹੋ ਗਿਆ। ਜੁਲਾਈ 1876 'ਚ ਸਰਬੀਆ ਅਤੇ ਮਾਂਟੀਨੀਗਰੋ ਨੇ ਤੁਰਕੀ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਰੂਸੀ ਲੋਕਾਂ ਦੀ ਹਮਦਰਦੀ ਆਪਣੇ ਸਾਥੀ ਸਲਾਵਾਂ ਦੇ ਨਾਲ ਸੀ ਇਸ ਲਈ ਰੂਸ ਨੇ ਵੀ 24 ਅਪਰੈਲ 1877 ਨੂੰ ਤੁਰਕੀ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਤੁਰਕੀ ਯੁੱਧ 'ਚ ਹਾਰ ਗਿਆ। ਆਤਮਸਮਰਪਣ ਦੇ ਨਾਲ ਤੁਰਕੀ ਦੇ ਸੁਲਤਾਨ ਅਬਦੁਲ ਹਮੀਦ ਦੂਜੇ ਨੇ ਸੰਧੀ ਦੀ ਯਾਚਨਾ ਕੀਤੀ, ਸਿੱਟੇ ਵਜੋਂ 3 ਮਾਰਚ, 1878 ਨੂੰ ਰੂਸ ਅਤੇ ਤੁਰਕੀ ਦੇ ਵਿਚਕਾਰ 'ਸੈਨਸਟੀਫੇਨੋ ਦੀ ਸੰਧੀ' ਹੋ ਗਈ।

## 10.4 ਸੈਨਸਟੀਫੇਨੋ ਸੰਧੀ ਦੀਆਂ ਵਿਵਸਥਾਵਾਂ (Systems of Sanstifeno Treaty)

ਇਸ ਸੰਧੀ ਦੇ ਅਨੁਸਾਰ (1) ਸਰਬੀਆ, ਰੁਮਾਨੀਆ ਤੇ ਮਾਂਟੀਨੀਗਰੋ ਨੂੰ ਸਵਤੰਤਰ ਰਾਜਾਂ ਦੇ ਰੂਪ 'ਚ ਪੂਰੀ ਮਾਨਤਾ ਪ੍ਰਾਪਤ ਹੋ ਗਈ ਅਤੇ ਤੁਰਕੀ ਨਾਲ ਨਾਮਾਤਰ ਸਬੰਧ ਵੀ ਖ਼ਤਮ ਹੋ ਗਏ (2) ਬਲਗਾਰੀਆ ਨੂੰ ਸਵੈਸ਼ਾਸਨ ਦਾ ਅਧਿਕਾਰ ਪ੍ਰਾਪਤ ਹੋਇਆ। ਉਸ 'ਤੇ ਤੁਰਕੀ ਦਾ ਪ੍ਰਭਾਵ ਸਵੀਕਾਰ ਕੀਤਾ ਗਿਆ। ਬਲਗਾਰੀਆ ਦੇ ਵਿਸਥਾਰ ਲਈ ਉਸ ਦੀਆਂ ਸਰਹੱਦਾਂ ਡੇਨਯੂਬ ਤੋਂ ਈਜੀਅਨ ਸਾਗਰ, ਦੱਖਣ 'ਚ ਮੀਡੀਆ ਤੱਕ ਅਤੇ ਪੱਛਮੀ 'ਚ ਮੈਸੋਡੋਨੀਆ ਦੇ ਭੂ-ਭਾਗ ਤੱਕ ਮੰਨੀਆਂ ਗਈਆਂ। (3) ਤੁਰਕੀ ਨੇ ਰੂਸ ਅਤੇ ਆਟਰੀਆ ਦੀ ਦੇਖਰੇਖ 'ਚ ਬੋਸਤ੍ਰੀਆ ਤੇ ਹਰਜੇਗੋਵਿਨਾ 'ਚ ਸੁਧਾਰਾਂ ਨੂੰ ਲਾਗੂ ਕਰਨਾ ਮੰਨ ਲਿਆ। (4) ਅਰਮਾਨੀਆ 'ਚ ਈਸਾਈਆਂ ਦੀ ਦਸ਼ਾ ਸੁਧਾਰਨ ਦਾ ਤੁਰਕੀ ਨੂੰ ਭਰੋਸਾ ਦਿੱਤਾ (5) ਰੂਸ ਨੂੰ ਬਾਤੂਮ, ਕਾਰਸ, ਬੇਸੇਰਾਬੀਆ ਦੇ ਭੂ-ਭਾਗ ਪ੍ਰਾਪਤ ਹੋਏ (6) ਤੁਰਕੀ ਨੇ ਰੂਸ ਦੀ ਨੁਕਸਾਨ ਪੂਰਤੀ ਕਰਨ ਦਾ ਵਚਨ ਦਿੱਤਾ।

ਇੰਗਲੈਂਡ ਇਸ ( ਸੈਨਸਟੀਫੇਨੋ ਸੰਧੀ) ਨੂੰ ਸਵੀਕਾਰ ਕਰਨ ਲਈ ਤਿਆਰ ਨਾ ਹੋਇਆ; ਆਸਟਰੀਆ ਤੇ ਹੋਰ ਯੂਰਪੀ ਸ਼ਕਤੀਆਂ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਉਹ ਸਾਰੇ ਰੂਸ ਦੇ ਵਧਦੇ ਪ੍ਰਭਾਵ ਤੋਂ ਈਰਖਾਲੂ ਹੋ ਚੁੱਕੇ ਅਤੇ ਤੁਰਕੀ ਦੇ ਨਾਲ ਕਿਸੇ ਸੰਧੀ ਨੂੰ ਅੰਤਿਮ ਰੂਪ ਦੇਣ ਲਈ ਯੂਰਪ ਦੀਆਂ ਵੱਡੀਆਂ ਸ਼ਕਤੀਆਂ ਦੀ ਸਹਿਮਤੀ ਜ਼ਰੂਰੀ ਦੱਸੀ। ਇੰਗਲੈਂਡ ਰੂਸ ਨਾਲ ਯੁੱਧ ਕਰਨ ਦੀ ਯੋਜਨਾ ਵੀ ਬਣਾਉਣ ਲੱਗਿਆ। ਆਸਟਰੀਆ ਵੀ ਆਪਣਾ ਰੋਸ ਪ੍ਰਗਟ ਕਰ ਰਿਹਾ ਸੀ। ਬਾਲਕਨ ਰਾਜ ਵੀ ਸੰਧੀ ਤੋਂ ਸੰਤੁਸ਼ਟ ਨਹੀਂ ਸਨ। ਇਸ ਸਮੇਂ ਤੱਤਕਾਲੀਨ ਯੂਰਪ ਦੇ ਪ੍ਰਸਿੱਧ ਰਾਜਨੇਤਾ ਬਿਸਮਾਰਕ (ਜਰਮਨ ਚਾਂਸਲਰ) ਨੇ ਰੂਸ ਨੂੰ ਦੱਸਿਆ ਕਿ ਉਹ 'ਈਮਾਨਦਾਰ ਵਿਚੋਲਾ' (Honest Broker) ਬਣਨ ਲਈ ਤਿਆਰ ਹੈ ਤਾਂ ਰੂਸੀ ਵੀ ਸੈਨਸਟੀਫੇਨੋ ਸੰਧੀ 'ਤੇ ਮੁੜ ਵਿਚਾਰ ਲਈ ਬਰਲਿਨ 'ਚ ਆਯੋਜਿਤ ਕਾਂਗਰਸ ਲਈ ਸਹਿਮਤ ਹੋ ਗਿਆ।

## 10.5 1878 ਦੀ ਬਰਲਿਨ ਕਾਂਗਰਸ ਅਤੇ ਉਸ ਦੀਆਂ ਵਿਵਸਥਾਵਾਂ (Berlin Congress of 1878 and its Systems)

13 ਜੂਨ, 1878 ਨੂੰ ਜਰਮਨ ਚਾਂਸਲਰ ਬਿਸਮਾਰਕ ਦੀ ਪ੍ਰਧਾਨਗੀ 'ਚ ਬਲਨਿਲ ਕਾਂਗਰਸ ਆਯੋਜਿਤ ਹੋਈ, ਜਿਸ 'ਚ ਸੈਨਸਟੀਫੇਨੋ ਸੰਧੀ 'ਤੇ ਯੂਰਪੀ ਰਾਸ਼ਟਰਾਂ ਦੇ ਪ੍ਰਤੀਨਿਧੀਆਂ ਨੇ ਵਿਚਾਰ-ਵਟਾਂਦਰਾ ਕੀਤਾ। ਸੰਮੇਲਨ 'ਚ ਇੰਗਲੈਂਡ ਦਾ ਪ੍ਰਤੀਨਿਧਤਵ ਡਿਜਰਾਇਲੀ, ਸੈਲਿਸਬਰੀ, ਆਸਟਰੀਆ ਦਾ ਐਂਡ੍ਰੇਸੀ; ਰੂਸ ਦਾ ਗੋਰਚੇਕੋਵ ਫਰਾਂਸ ਦਾ ਵਾਂਡਿੰਗਟਨ, ਇਟਲੀ ਦਾ ਕੋਰਟੀ, ਤੁਰਕੀ ਦਾ ਕਾਰੋਥਡਰਾਇ ਪਾਸ਼ਾ ਪ੍ਰਤੀਨਿਧਤਵ ਕਰ ਰਹੇ ਸਨ। 13 ਜੁਲਾਈ 1878 ਨੂੰ ਸੋਧੇ ਸੰਧੀ ਪੱਤਰ 'ਤੇ ਹਸਤਾਖ਼ਰ ਹੋ ਗਏ-ਇਸ ਸੰਧੀ ਦੀਆਂ ਮੁੱਖ ਵਿਵਸਥਾਵਾਂ ਸਨ :-

1. ਸੇਨਸਟੀਫੇਨੋ ਦੀ ਸੰਧੀ 'ਚ ਬਲਗਾਰੀਆ ਦੀਆਂ ਜੋ ਹੱਦਾਂ ਤੈਅ ਹੋਈਆਂ ਸਨ, ਉਨ੍ਹਾਂ 'ਚ ਬਦਲਾਅ ਕੀਤਾ ਗਿਆ। ਬਰਲਿਨ ਸੰਧੀ 'ਚ ਬਲਗਾਰੀਆ ਨੂੰ ਤਿੰਨ ਮੁੱਖ ਹਿੱਸਿਆਂ 'ਚ ਵੰਡਿਆ ਗਿਆ। ਪਹਿਲਾ ਭਾਗ ਬਲਗਾਰੀਆ ਦਾ ਰਾਜ ਸੀ ਜੋ ਨਾਮਾਤਰ ਲਈ ਤੁਰਕੀ ਅਧੀਨ ਰਿਹਾ। ਦੂਜੇ ਭਾਗ 'ਚ ਦੱਖਣ 'ਚ ਪੂਰਬੀ ਰੂਮੇਲੀਆ ਦੀ ਸਥਾਪਨਾ ਕੀਤੀ ਗਈ। ਇਹ ਤੁਰਕੀ ਦੇ ਅਧੀਨ ਰੱਖਿਆ ਗਿਆ। ਪ੍ਰੰਤੂ ਸ਼ਾਸਨ-ਪ੍ਰਬੰਧ ਯੂਰਪੀ ਦੇਸ਼ਾਂ ਵੱਲੋਂ ਮਾਨਤਾ ਪ੍ਰਾਪਤ ਸਰਕਾਰ ਰਾਹੀਂ ਚਲਾਇਆ ਜਾਣਾ ਸੀ। ਤੀਜਾ ਭਾਗ ਮੇਸਿਡੋਨੀਆ ਤੁਰਕੀ ਨੂੰ ਭਰੋਸੇ ਦੇ ਨਾਲ ਵਾਪਾਸ ਕਰ ਦਿੱਤਾ ਗਿਆ ਕਿ ਈਸਾਈ ਪਰਜਾ ਦੇ ਵਿਚਕਾਰ ਸੁਧਾਰ ਕਰੇਗਾ।
2. ਆਸਟਰੀਆ ਨੂੰ ਬੋਸਤ੍ਰੀਆ-ਹਰਜੇਗੋਵਿਨਾ ਦੇ ਖੇਤਰਾਂ 'ਤੇ ਪ੍ਰਸਾਸਨ ਕਰਨ ਦਾ ਅਧਿਕਾਰ ਪ੍ਰਾਪਤ ਹੋਇਆ ਪਰ ਇਹ ਖੇਤਰ ਉਹ ਆਪਣੇ ਸਾਮਰਾਜ ਦੇ ਅੰਗ ਨਹੀਂ ਬਣਾ ਸਕਿਆ ਸੀ, ਅਜਿਹਾ ਉਸ ਨੇ ਭਰੋਸਾ ਦਿੱਤਾ।

ਨੋਟ

3. ਇੰਗਲੈਂਡ ਨੂੰ ਸਾਈਪ੍ਰਸ ਦਾ ਦੀਪ ਪ੍ਰਾਪਤ ਹੋਇਆ।
4. ਸਰਬੀਆ, ਰੁਮਾਨੀਆ, ਮਾਂਟੀਨੀਗਰੋ ਨੂੰ ਤੁਰਕੀ ਦੀ ਨਾਮਾਤਰ ਦੀ ਪ੍ਰਭੁਸੱਤਾ ਤੋਂ ਵੀ ਸਵਤੰਤਰ ਕਰ ਦਿੱਤਾ ਗਿਆ।
5. ਰੁਮਾਨੀਆ ਨੂੰ ਦੋਬੁਰਜਾ ਦਾ ਭੂ-ਭਾਗ ਮਿਲਿਆ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ, ਡਿਜਰਾਇਲੀ ਨੇ ਬਰਲਿਨ ਤੋਂ ਵਾਪਸ ਪਰਤ ਕੇ ਦੱਸਿਆ ਕਿ ਉਹ ਬਰਲਿਨ ਤੋਂ ਸਨਮਾਨ ਸਮੇਤ ਸ਼ਾਂਤੀ ਦੇ ਨਾਲ ਵਾਪਸ ਆਏ ਸਨ। ਇਹ ਸੱਚ ਸੀ ਕਿ ਰੂਸ ਨਾਲ ਯੁੱਧ ਟਲ ਗਿਆ ਸੀ ਤੇ ਗੱਲਬਾਤ ਨਾਲ ਹੱਲ ਕੱਢ ਲਿਆ ਗਿਆ ਸੀ। ਨਾਲ ਹੀ ਤੁਰਕੀ ਦਾ ਯੂਰਪ ਤੋਂ ਪੂਰੀ ਬੇਦਖ਼ਲੀ ਵੀ ਰੁਕ ਗਈ ਸੀ। ਤੁਰਕੀ ਨੂੰ ਮੁੜ ਜੀਵਨ ਪ੍ਰਾਪਤ ਹੋ ਗਿਆ ਸੀ। ਇਨਾਮ ਜਵੋਂ ਬ੍ਰਿਟੇਨ ਨੂੰ ਸਾਈਪ੍ਰਸ ਦੀਪ ਪ੍ਰਾਪਤ ਹੋ ਗਿਆ ਸੀ। ਇਹ ਸਾਰਾ ਕੁਝ ਇੰਗਲੈਂਡ ਦਨੂੰ ਬਿਨਾਂ ਯੁੱਧ ਕੀਤੇ ਹੀ ਪ੍ਰਾਪਤ ਹੋਇਆ ਸੀ। ਡਿਜ਼ਰਾਈਲੀ ਮਾਣ ਕਰ ਸਕਦਾ ਸੀ ਕਿ ਰੂਸ ਦਾ ਪ੍ਰਭਾਵ ਬਾਲਕਨ 'ਚ ਘਟ ਗਿਆ ਸੀ ਤੇ ਤੁਰਕ ਸਾਮਰਾਜ ਤੋਂ ਲੱਖਾਂ ਈਸਾਈਆਂ ਨੂੰ ਮੁਕਤੀ ਪ੍ਰਾਪਤ ਹੋ ਗਈ ਸੀ ਪਰ ਬਰਲਿਨ ਕਾਂਗਰਸ ਦਾ ਇੱਕ ਹੋਰ ਵੀ ਪੱਖ ਸੀ। ਅਜੇ ਵੀ ਲੱਖਾਂ ਈਸਾਈ ਤੁਰਕੀ ਦੇ ਸਾਮਰਾਜ 'ਚ ਰਾਖਵੇਂ ਰਹਿ ਰਹਿ ਸਨ। ਬਲਗਾਰੀਆ ਤੋਂ ਰੂਮੇਲੀਆ ਦਾ ਪ੍ਰਦੇਸ਼ ਵੱਖਰਾ ਕਰਨਾ ਸਹੀ ਨਹੀਂ ਸੀ। ਬੋਸਤ੍ਰੀਆ ਤੇ ਹਰਜਗੋਵਿਨਾ ਪ੍ਰਦੇਸ਼ ਆਸਟਰੀਆ ਨੂੰ ਸੌਂਪਣ ਦਾ ਕੋਈ ਤੁਕ ਨਹੀਂ ਸੀ, ਰੂਸ ਦਾ ਪ੍ਰਭਾਵ ਬਾਲਕਨ 'ਚ ਨਾ ਵਧਣ ਦੇ ਕੇ ਉਸ ਨੂੰ ਏਸ਼ੀਆ 'ਚ (ਦੂਰ-ਪੂਰਬ, ਫਾਰਸ, ਅਫ਼ਗਾਨਿਸਤਾਨ, ਤਿੱਬਤ ਆਦਿ) ਆਪਣੇ ਪ੍ਰਭਾਵ 'ਚ ਵਾਧੇ ਦਾ ਮੌਕਾ ਦੇ ਦਿੱਤਾ ਸੀ, ਇਸ ਤੋਂ ਵੱਡਾ ਖ਼ਤਰਾ ਪੈਦਾ ਹੋ ਗਿਆ ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

3. 13 ਜੂਨ, ......ਨੂੰ ਜਰਮਨ ਚਾਂਸਲਰ ਬਿਸਮਾਰਕ ਦੀ ਪ੍ਰਧਾਨਗੀ 'ਚ ਬਰਲਿਨ ਕਾਂਗਰਸ ਆਯੋਜਿਤ ਹੋਈ।
   (ੳ) 1778 (ਅ) 1878
   (ੲ) 1978 (ਸ) ਇਨ੍ਹਾਂ 'ਚੋਂ ਕੋਈ ਨਹੀਂ
4. .... 'ਚ ਬਵੇਰੀਆ ਦਾ ਰਾਜ ਕੁਮਾਰ ਓਟੋ ਯੂਨਾਨ ਦਾ ਪਹਿਲਾ ਰਾਜਾ ਬਣ ਗਿਆ।
   (ੳ) 1833 (ਅ) 1733
   (ੲ) 1633 (ਸ) 1933
5. .... 'ਚ ਰੂਸ ਅਤੇ ਤੁਰਕੀ ਦੇ ਵਿਚਕਾਰ ਯੁੱਧ ਸ਼ੁਰੂ ਹੋ ਗਿਆ ਸੀ।
   (ੳ) ਜਨਵਰੀ, 1853 (ਅ) ਜੁਲਾਈ, 1853
   (ੲ) ਸਤੰਬਰ, 1853 (ਸ) ਅਕਤੂਬਰ, 1853

## 10.6 1878 ਤੋਂ ਬਾਅਦ 1914 ਤੱਕ ਪੂਰਬੀ ਸਮੱਸਿਆ (Eastern Problem Since 1914 after 1878)

ਬਰਲਿਨ ਕਾਂਗਰਸ (1878) ਤੋਂ ਬਾਅਦ ਚਾਰ ਦਹਾਕਿਆਂ 'ਚ ਅੰਤਰ ਰਾਸ਼ਟਰੀ ਖੇਤਰ 'ਚ ਅਸ਼ਾਂਤੀ ਦੀ ਸਥਿਤੀ ਬਣੀ ਰਹੀ, ਮਹਾਂਸ਼ਕਤੀਆਂ ਸਮੱਸਿਆ ਨੂੰ ਜਟਿਲ ਤੋਂ ਜਟਿਲ ਬਣਾਉਂਦੀਆਂ ਗਈਆਂ। ਬਾਲਕਨ ਪ੍ਰਾਦੀਪ 'ਚ ਵੱਡੀਆਂ ਸ਼ਕਤੀਆਂ ਦੇ ਮੁਕਾਬਲੇ ਨਾਲ ਹੁਣ ਨਵੇਂ ਰਾਸ਼ਟਰਾਂ ਦੇ ਆਪਸੀ ਸੰਘਰਸ਼ ਦੀ ਵੀ ਸ਼ੁਰੂਆਤ ਹੋਈ। 1885 'ਚ ਬਾਲਕਨ ਰਾਜਾਂ ਦੇ ਆਪਸੀ ਸੰਘਰਸ਼ ਦਾ ਪਹਿਲਾ ਵਿਸਫੋਟ ਹੋਇਆ। ਸਰਬੀਆ ਨੇ ਬਲਗਾਰੀਆ 'ਤੇ ਹਮਲਾ ਕਰ ਦਿੱਤਾ। ਜਦੋਂ ਕਿ ਹਮਲਾ ਅਸਫ਼ਲ ਰਿਹਾ ਪਰ ਬਾਲਕਨ ਖੇਤਰ 'ਚ ਤਣਾਅ ਪੈਦਾ ਹੋ ਗਿਆ। 1896 'ਚ ਯੂਨਾਨ ਦੀ ਸਮੱਸਿਆ ਤੋਂ ਕ੍ਰੀਟ 'ਚ ਵਿਦਰੋਹ ਹੋਇਆ। ਯੂਨਾਨ ਕ੍ਰੀਟ ਨੂੰ ਤੁਰਕੀ ਤੋਂ ਹੜੱਪਣਾ ਚਾਹੁੰਦਾ ਸੀ। ਸੰਘਰਸ਼ ਨੂੰ ਵਧਦਾ ਦੇਖ ਕੇ ਮਹਾਸ਼ਕਤੀਆਂ ਨੇ ਤੁਰਕੀ 'ਤੇ ਦਬਾਅ ਪਾ ਕੇ ਕ੍ਰੀਟ ਯੂਨਾਨ ਨੂੰ ਪ੍ਰਦਾਨ ਕਰ ਦਿੱਤਾ। ਹੁਣ ਤੁਕਰੀ ਦੀ ਪ੍ਰਭੁਸੱਤਾ ਯੂਰਪ 'ਚ ਨਾਮਾਤਰ ਬਚੀ। ਕੁਝ ਸਮੇਂ ਉਪਰੰਤ ਤੁਰਕੀ 'ਚ ਵੀ ਅਣਚਾਹੇ ਬਦਲਾਅ ਨਸ਼ਰ ਹੋਏ।

1908 'ਚ ਤੁਰਕੀ ਦੇ ਸੁਲਤਾਨ ਦੀ ਨਿਰੰਕੁਸ਼ਤਾ ਸਵੈਇੱਛਾਚਾਰਿਤ ਦੇ ਵਿਰੁੱਧ ' ਯੁਵਾਤੁਰਕ ਅੰਦੋਲਨ' ਦੀ ਸ਼ੁਰੂਆਤ ਹੋਈ। ਤੁਰਕੀ 'ਚ ਸੁਲਤਾਨ ਅਬਦੁਲ ਹਮੀਦ ਦੂਜੇ ਨੂੰ ਇੱਕ ਪਾਰਲੀਆਮੈਂਟ ਦੀ ਸਥਾਪਨਾ ਲਈ ਸਹਿਮਤ ਹੋਣਾ ਪਿਆ। ਕ੍ਰਾਂਤੀਕਾਰੀਆਂ (ਯੁਵਾ ਤੁਰਕ ਅੰਦੋਲਨਕਾਰੀਆਂ) ਨੂੰ ਫੌਜ ਦਾ ਵੀ ਸਮਰਥਨ ਪ੍ਰਾਪਤ ਸੀ। ਪੱਛਮੀ ਯੂਪਰ ਦੇ ਦੇਸ਼ਾਂ ਨੂੰ ਚਿੰਤਾ ਹੋਈ ਕਿ ਪ੍ਰਜਾਤੰਤਰੀ ਤੁਰਕੀ ਸ਼ਕਤੀਸ਼ਾਲੀ ਹੋ ਜਾਵੇਗਾ ਤੇ ਉਹ ਆਪਣੇ ਖੁੱਸੇ ਪ੍ਰਦੇਸ਼ਾਂ ਦੀ ਮੰਗ ਕਰੇਗਾ। ਇਸ ਤੋਂ ਚਿੰਤਿਤ ਹੋ ਕੇ ਆਸਟਰੀਆ ਨੇ (1908 ਈ. 'ਚ) ਬਰਲਿਨ ਕਾਂਗਰਸ ਤੋਂ ਪ੍ਰਾਪਤ ਬੋਸਤ੍ਰੀਆ ਤੇ ਹਰਜੇਗੋਵਿਨਾ ਨੂੰ ਆਪਣੇ ਸਾਮਰਾਜ ਦਾ ਅੰਗ ਬਣਾ ਲਿਆ ਜਦੋਂ ਕਿ ਇਨ੍ਹਾਂ ਦੋਵਾਂ ਪ੍ਰਾਂਤਾਂ ਨੂੰ ਉਸ ਨੂੰ ਪਵਿੱਤਰ ਅਮਾਨਤ ਦੇ ਰੂਪ 'ਚ ਨਾ ਸਿਰਫ਼ ਸ਼ਾਸਨ ਚਲਾਉਣ ਲਈ ਸੌਂਪਿਆ ਗਿਆ ਸੀ ਅਤੇ ਉਸ ਨੇ ਸਾਰਿਆਂ ਨੂੰ ਵਚਨ ਦਿੱਤਾ ਸੀ ਕਿ ਉਹ ਇਨ੍ਹਾਂ ਨੂੰ ਆਪਣੇ ਸਾਮਰਾਜ 'ਚ ਸ਼ਾਮਲ ਨਹੀਂ ਕਰੇਗਾ। ਇਸ ਰਲੇਵੇਂ ਦਾ ਸਰਬੀਆ ਨੇ ਵਿਰੋਧ ਕੀਤਾ। ਰੂਸ ਨੇ ਸਰਬੀਆ ਦਾ ਪੱਖ ਲਿਆ ਪਰ ਜਰਮਨੀ ਦੇ ਸਮਰਾਟ ਕੈਸਰ ਵਿਲੀਅਮ ਦੂਜੇ ਨੇ, ਜੋ ਹਮਲਾਵਰ ਵਿਦੇਸ਼ ਨੀਤੀ ਲਈ ਤਿਆਰ ਸੀ, ਐਲਾਨ ਕੀਤਾ ਕਿ,' ਜੇਕਰ ਰੂਸ ਸਰਬੀਆ ਦੀ ਸਹਾਇਤਾ ਕਰੇਗਾ ਤਾਂ ਜਰਮਨੀ ਆਸਟਰੀਆ ਦੀ ਸਹਾਇਤਾ ਕਰੇਗਾ।' ਧਮਕੀ ਕਾਰਗਰ ਹੋਈ ਪਰ ਤਣਾਅ ਖ਼ਤਮ ਨਹੀਂ ਹੋਇਆ ਪਰ ਦਬ ਗਿਆ। ਇਸ ਘਟਨਾ ਉਪਰੰਤ ਪੂਰਬੀ ਸਮੱਸਿਆ ਦੇ ਖਿੱਤੇ 'ਤੇ ਯੁੱਧ ਦੇ ਬੱਦਲ ਛਾ ਗਏ, ਸਿੱਟੇ ਵਜੋਂ ਬਾਲਕਨ ਯੁੱਧ ਦੀ ਸ਼ੁਰੂਆਤ ਹੋਈ।

ਨੋਟ

ਟਾਸਕ ਪੈਰਿਸ ਸੰਧੀ ਉਪਰੰਤ ਬਾਲਕਨ ਖੇਤਰੀ ਦੀ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਕਿਹੜੀ ਸੀ ?

## 10.7 ਬਾਲਕਨ ਯੁੱਧ (Balkan War)

ਤੁਰਕੀ ਦੀ ਨਿਰਬਲਤਾ, ਯੁਵਾ ਤੁਰਕ ਅੰਦੋਲਨ ਨਾਲ ਫ਼ੈਲੀ ਅਰਾਜਕਤਾ ਨੇ ਬਾਲਕਨ ਰਾਜਾਂ ਨੂੰ ਮੇਸੀਡੋਨੀਆ ਵੱਲ ਆਕਰਸ਼ਿਤ ਹੋਣ ਲਈ ਉਤਸ਼ਾਹਿਤ ਕਰ ਦਿੱਤਾ ਜਿੱਥੇ ਸਾਰੇ ਰਾਸ਼ਟਰਾਂ ਦੇ ਲੋਕ ਰਹਿੰਦੇ ਸਨ। ਤੁਰਕੀ ਦੇ ਵਿਰੁੱਧ ਸੰਘਰਸ਼ ਕਰਨ ਲਈ ਬਾਲਕਨ ਦੇ ਰਾਜਾਂ ਨੇ ਆਪਸੀ ਝਗੜੇ ਭੁਲਾ ਦਿੱਤੇ ਅਤੇ 1912 'ਚ ' ਬਾਲਕਨ ਯੂਨੀਅਨ' ਬਣਾ ਲਈ ਗਈ। ਆਪਣੀ ਸਾਂਝੀ ਸ਼ਕਤੀ ਅਤੇ ਤੁਰਕੀ ਦੀ ਨਿਰਬਲਤਾ ਦੇਖ ਕੇ ਮੇਸੀਡੋਨੀਆ ਨੂੰ ਆਪਸ 'ਚ ਵੰਡਣ ਦੀ ਨੀਤਿ ਨਾਲ ਉਨ੍ਹਾਂ ਨੇ ਤੁਰਕੀ ਵਿਰੁੱਧ ਯੁੱਧ ਸ਼ੁਰੂ ਕਰ ਦਿੱਤਾ। ਬਾਲਕਨ ਦੇ ਇਸ ਪਹਿਲੇ ਯੁੱਧ 'ਚ ਸਰਬੀਆ, ਬਲਗਾਰੀਆ, ਯੂਨਾਨ, ਮਾਂਟੀਨੀਗਰੋ (ਅਕਤੂਬਰ 1912) ਨੇ ਯੂਰਪ ਤੋਂ ਤੁਰਕ ਸਾਮਰਾਜ ਲਗਭਗ ਸਮਾਪਤ ਕਰ ਦਿੱਤਾ, ਤੁਰਕੀ ਨੇ ਆਤਮ ਸਮਰਪਣ ਕਰ ਦਿੱਤਾ। ਇਸ ਲਈ ਇੰਗਲੈਂਡ ਦੇ ਯਤਨਾਂ ਨਾਲ 30 ਮਈ, 1913 ਨੂੰ ' ਲੰਡਨ ਦੀ ਸੰਧੀ' ਹੋ ਗਈ। ਹੁਣ ਲੁੱਟ ਦੀ ਵੰਡ ਸਬੰਧੀ ਬਾਲਕਨ ਰਾਜਾਂ 'ਚ ਆਪਸੀ ਸੰਘਰਸ਼ ਹੋ ਗਿਆ। ਮੇਸੀਡੋਨਆ ਦੀ ਵੰਡ ਦਾ ਅਧਾਰ ਤੈਅ ਨਹੀਂ ਹੋ ਰਿਹਾ ਸੀ। ਵੈਰ ਵਧਦਾ ਗਿਆ ਅਤੇ ਆਖ਼ਰ ਲੰਡਨ ਸੰਧੀ ਦੇ ਤਿੰਨ ਮਹੀਨਿਆਂ ਅੰਦਰ ਹੀ ਬਾਲਕਨ ਦਾ ਦੂਜਾ ਯੁੱਧ ਸ਼ੁਰੂ ਹੋ ਗਿਆ। ਇਸ ਵਾਰ ਬਾਲਕਨ ਦੇ ਰਾਸ਼ਟਰ ਆਪਸੀ 'ਚ ਹੀ ਸੰਘਰਸ਼ਗ੍ਰਸਤ ਹੋਏ। ਸਰਬੀਆ, ਯੂਨਾਨ, ਰੂਮਾਨੀਆ, ਤੁਰਕੀ ਇੱਕ ਪੱਖ 'ਚ ਅਤੇ ਬਲਗਾਰੀਆ ਇਕੱਲਾ ਦੂਜੇ ਪੱਖ 'ਚ ਸੀ। ਮਾਂਟੀਨੀਗਰੋ ਵੀ ਸਰਬੀਆ ਅਰਥਾਤ ਪਹਿਲੇ ਪੱਖ ਦੇ ਨਾਲ ਹੋ ਗਿਆ। ਇਸ ਤਰ੍ਹਾਂ ਬਲਗਾਰੀਆ ਸਾਰੇ ਪਾਸਿਓਂ ਦੁਸ਼ਮਣਾਂ ਨਾਲ ਘਿਰ ਗਿਆ। ਉਹ ਇਕੱਲਾ ਪੰਜ ਰਾਜਾਂ ਨਾਲ ਯੁੱਧ ਕਰ ਰਿਹਾ ਸੀ, ਹਾਲਾਤ ਨਿਰਾਸ਼ਾਜਨਕ ਸਨ। ਹਾਰੇ ਬਲਗਾਰੀਆ ਨੇ ਨਿਰਾਸ਼ ਹੋ ਕੇ ਸੰਧੀ ਦੀ ਯਾਚਨਾ ਕੀਤੀ। ਆਖ਼ਰ 10 ਅਗਸਤ,1913 ਨੂੰ ਬੁਖਰੇਸਟ ਦੀ ਸੰਧੀ ਹੋ ਗਈ। ਇਸ ਸੰਧੀ ਅਨੁਸਾਰ ਸਰਬੀਆ ਨੂੰ ਉੱਤਰੀ ਅਤੇ ਮੱਧ ਮੇਸੋਡੋਨੀਆ ਦਾ ਹਿੱਸਾ ਪ੍ਰਾਪਤ ਹੋਇਆ। ਦੱਖਣੀ ਮੇਸੋਡੋਨੀਆ (ਸੈਲੋਨਿਕਾ ਬੰਦਰਗਾਹ ਸਮੇਤ) ਯੂਨਾਨ ਨੂੰ ਪ੍ਰਾਪਤ ਹੋਇਆ। ਰੂਮਾਨੀਆ ਨੂੰ ਬਲਗਾਰੀਆ ਤੋਂ ਉੱਤਰ ਪੂਰਬੀ ਦੀ ਸੰਕਰੀ ਪੱਟੀ ਪ੍ਰਾਪਤ ਹੋਈ, ਜੋ ਰੁਮਾਨੀਆ ਦੀ ਇੱਛਾ ਸੀ।

ਬਲਾਕਨ ਯੁੱਧਾਂ ਨਾਲ ਸਰਬੀਆ ਦੀ ਸ਼ਕਤੀ ਅਤੇ ਪ੍ਰਭਾਵ 'ਚ ਆਸ ਨਾਲੋਂ ਵੱਧ ਵਾਧਾ ਹੋਇਆ। ਇਸ ਨਾਲ ਆਸਟਰੀਆ ਵਧੇਰੇ ਚਿੰਤਿਤ ਸੀ ਕਿਉਂਕਿ ਉਸ ਨੂੰ ਡਰ ਸੀ ਕਿ ਸਰਬੀਆ ਦੇ ਸਲਾਵ ਜਾਤੀ ਦੇ ਲੋਕ ਸੰਗਠਨ ਦੇ ਬਹਾਨੇ ਆਸਟਰੀਆ 'ਚ ਰਹਿਣ ਵਾਲੇ ਸਲਾਵਾਂ ਨੂੰ ਵਿਦਰੋਹ ਲਈ ਉਕਸਾਉਣਗੇ। ਇਸ ਲਈ ਆਸਟਰੀਆ 'ਚ ਸਰਵੀਆ ਪ੍ਰਤੀ ਈਰਖ਼ਾ ਪੈਦਾ ਹੋਈ ਅਤੇ ਦੋਵਾਂ ਦੇ ਸੰਬੰਧ ਵੈਰ ਵਾਲੇ ਹੋ ਗਏ। 1914 'ਚ ਆਸਟਰੀਆ ਦੇ ਮਕਬੂਜ਼ਾ ਬੋਸਤ੍ਰੀਆ ਦੀ ਰਾਜਧਾਨੀ ਸੇਰਾਜੇਵੋਂ 'ਚ ਆਸਟਰੀਆ ਦੇ ਰਾਜ ਕੁਮਾਰ ਫਰਡੀਨੇਂਡ ਦਾ ਕਤਲ (28 ਜੂਨ, 1914) ਕਰ ਦਿੱਤਾ ਗਿਆ, ਇਸ ਲਈ ਆਸਟਰੀਆ ਨੇ ਸਰਬੀਆ 'ਤੇ ਦੋਸ਼ ਲਾ ਕੇ ਬਾਅਦ 'ਚ ਹਮਲਾ ਕਰ ਦਿੱਤਾ। ਇੱਕ ਸਰਬੀਆ ਪੱਖ 'ਚ ਅਤੇ ਜਰਮਨੀ ਆਸਟਰੀਆ ਦੇ ਪੱਖ 'ਚ ਸੀ। ਬਾਲਕਨ ਤੋਂ ਸ਼ੁਰੂ ਹੋਇਆ ਯੁੱਧ ਵਿਸ਼ਵ ਯੁੱਧ ਬਣ ਗਿਆ। ਇਸ ਪਹਿਲੇ ਮਹਾਂਯੁੱਧ 'ਚ ਰੂਸ ਤੁਰਕੀ ਅਤੇ ਆਸਟਰੀਆ ਤੇ ਜਰਮਨ ਸਾਮਰਾਜ ਖ਼ਤਮ ਹੋ ਗਏ। ਆਖ਼ਰ 'ਚ ਬਾਲਕਨ ਰਾਸ਼ਟਰ ਨੂੰ ਸਵਤੰਤਰ ਰਾਸ਼ਟਰ ਦੀ ਪ੍ਰਭੂਸੱਤਾ ਪ੍ਰਾਪਤ ਹੋਈ। 100 ਸਾਲਾਂ ਤੋਂ ਬਾਅਦ ਪੂਰੀ ਸਮੱਸਿਆ ਦਾ ਅੰਤ ਹੋ ਗਿਆ।

## 10.8 ਸਾਰਾਂਸ਼ (Summary)

19ਵੀਂ ਸ਼ਤਾਬਦੀ ਦੇ ਸ਼ੁਰੂ 'ਚ ਤੁਰਕ ਸਾਮਰਾਜ (ਆਟੋਮਨ ਇੰਪਾਇਰ) ਦੇ ਪਤਨ ਦੇ ਮੁੱਖ ਕਾਰਨ ਬਾਲਕਨ 'ਚ ਪੈਦਾ ਹੋ ਰਹੀ ਸ਼ਕਤੀ-ਖਾਲੀਪਨ ਭਰਨ ਲਈ ਕਈ ਸ਼ਕਤੀਆਂ ਨੇ ਯਤਨ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਵੱਧ ਸਹੀ ਦਾਆਵ ਬਾਲਕਾਨ ਰਾਸ਼ਟਰਾਂ ਦਾ ਸੀ ਪਰ ਵਿਆਨਾ ਕਾਂਗਰਸ ਤੋਂ ਬਾਅਦ ਸ਼ੁਰੂ ਹੋਈ ਰਾਸ਼ਟਰਵਾਦ ਵਿਰੋਧੀ ਪ੍ਰਤੀਕਿਰਿਆਵਾਦੀ ਵਿਸਵਥਾ ਬਾਲਕਨ ਰਾਸ਼ਟਰਾਂ ਦੀ ਹੋਂਦ ਨੂੰ ਸਾਕਾਰ ਨਾ ਹੋਣ ਦੇਣ ਲਈ ਮਜ਼ਬੂਰ ਸੀ।

## 10.9 ਸ਼ਬਦਕੋਸ਼ (Keywords)

1. **ਸਵਤੰਤਰਤਾ** (Liberty)– ਸਵਾਧੀਨਤਾ।
2. **ਬੰਧੂਤਵ** (Fraternity)– ਭਾਈਚਾਰਾ।

## 10.10 ਅਭਿਆਸ ਪ੍ਰਸ਼ਨ (Review Questions)

1. ਯੂਨਾਨ ਦਾ ਸਵਤੰਤਰ ਯੁੱਧ ਦਾ ਸੰਖੇਪ 'ਚ ਜ਼ਿਕਰ ਕਰੋ।
2. 'ਸੈਨਸਟੀਫੇਨੋ ਸੰਧੀ' 'ਤੇ ਟਿੱਪਣੀ ਲਿਖੋ।
3. 1908 'ਚ 'ਯੁਵਾਤੁਰਕ ਅੰਦੋਲਨ' ਦੀ ਸ਼ੁਰੂਆਤ ਕਿਉਂ ਹੋਈ ? ਵਰਨਣ ਕਰੋ।

ਨੋਟ

**ਉੱਤਰ : ਸਵ-ਮੁਲਾਂਕਣ (Answer: Self Assessment)**

1. ਨੈਵਾਰਿਨਾਂ
2. ਰੂਸ
3. (ਅ) 1878
4. (ੳ) 1833
5. (ਸ) ਅਕਤੂਬਰ, 1853

## 10.11 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ–ਅਲਫ਼ਾ ਪਬਲੀਕੇਸ਼ਨ।
2. ਆਧੁਨਿਕ ਵਿਸ਼ਵ–ਡਾ. ਬਿਪਿਨ ਬਿਹਾਰੀ ਸਿਨਹਾ–ਗਿਆਨੰਦਾ ਪ੍ਰਾਕਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ–ਡਾ. ਦੀਨਾਨਾਥ ਵਰਮਾ–ਗਿਆਨੰਦਾ ਪ੍ਰਕਾਸ਼ਨ।
4. ਆਧੁਨਿਵ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐੱਮ.ਐੱਲ.ਬੀ.ਡੀ ਡਾੱਟ ਕਾਮ।
5. ਸਮਕਾਲੀਨ ਵਿਸ਼ਵ ਇਤਿਹਾਸ–ਅਰਜੁਨ ਦੇਵ ਇੰਦਰਾ–ਓਰੀਐਂਟ ਬਲੈਕ ਸਵਾਨ।
6. ਵਿਸ਼ਵ ਦਾ ਇਤਿਹਾਸ–ਮਾਨਿਕ ਲਾਲ ਗੁਪਤ–ਅਨਲਾਂਟਿਕ ਪਬਲੀਕੇਸ਼ਨ।
7. ਆਧੁਨਿਵ ਵਿਸ਼ਵ ਦਾ ਇਤਿਹਾਸ– ਐਮ.ਐੱਸ ਤਿਆਗੀ, ਰਜਨੀ ਤਿਆਗੀ–ਰਾਧਾ ਪਬਲੀਕੇਸ਼ਨ।

ਨੋਟ

# ਇਕਾਈ-11: ਵਣਜ ਪੂੰਜੀਵਾਦ (Commercial Capitalism)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

11.1 ਇਤਿਹਾਸਕ ਸਪੱਸ਼ਟੀਕਰਨ (Historical Explanation)

11.2 ਸਮਾਜਿਕ ਅਤੇ ਰਾਜਨੀਤਿਕ ਨਿਰਧਾਰਕ : ਕੁਲੀਨ ਵਰਗ, ਰਾਜਤੰਤਰ ਤੇ ਕਿਸਾਨ ਵਰਗ (Social and Political Determinant : Aristocracy, Monarchy and Peasantry)

11.3 ਆਰਥਿਕ ਤੇ ਸਮਾਜਿਕ ਨਿਰਧਾਰਕ : ਵਣਜ ਨਗਰੀ ਕੇਂਦਰਾਂ ਦੀ ਪ੍ਰਸੰਗਿਕਤਾ (Economic and Soical Determinant : Relevance of Commercial Civic Centres)

11.4 ਖੇਤੀਗਤ ਪੂੰਜੀਵਾਦ : ਗਤੀਰੋਧ ਤੇ ਵਿਕਾਸ (Cultivative Capitalism: Hindrance and Development)

11.5 ਸਾਰਾਂਸ਼ (Summary)

11.6 ਸ਼ਬਦਕੋਸ਼ (Keywords)

11.7 ਅਭਿਆਸ ਪ੍ਰਸ਼ਨ (Review Questions)

11.8 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਅਰਥਵਿਵਸਥਾ ਨੂੰ ਮਾਪਣ ਲਈ ਇਤਿਹਾਸਕਾਰਾਂ ਦੇ ਅੰਕੜੇ ਜਾਨਣ 'ਚ।
- ਕੁਲੀਨ ਵਰਗ, ਕਿਸਾਨ ਵਰਗ ਤੇ ਰਾਜਤੰਤਰ ਨੂੰ ਜਾਣਨ 'ਚ।
- ਵਣਜ ਨਗਰੀ ਕੇਂਦਰਾਂ ਦੀ ਯੋਗਤਾ ਜਾਣਨ 'ਚ।

## ਪ੍ਰਸਤਾਵਨਾ (Introduction)

1580 ਤੋਂ 1650 ਦੌਰਾਨ ਯੂਰਪ ਦੇ ਹੋਰ ਖੇਤਰਾਂ 'ਚ ਅਵਨਤੀ ਦੇ ਸੰਕੇਤ ਦਿਖਾਈ ਪੈਂਦੇ ਹਨ। ਜਨਸੰਖਿਆ, ਖੇਤੀ ਪੈਦਾਵਾਰ ਤੇ ਕੀਮਤਾਂ 'ਚ ਗਿਰਾਵਟ ਆਈ ਤੇ ਵਪਾਰ ਤੇ ਸ਼ਿਲਪ ਦੇ ਮੁੱਖ ਕੇਂਦਰਾਂ ਦੀ ਦੁਰਦਸ਼ਾ ਦੀ ਪ੍ਰਵਿਰਤੀ ਦੇਖੀ ਗਈ। ਲਗਭਗ ਇਸ ਕਾਲ 'ਚ ਸਪੇਨ, ਨੀਦਰਲੈਂਡ, ਫਰਾਂਸ ਤੇ ਇੰਗਲੈਂਡ ਦੇ ਰਾਜਸ਼ਾਸਨਾਂ ਦੇ ਵਿਰੁੱਧ ਰਾਜਨੀਤਿਕ ਵਿਦਰੋਹ ਜਾਰੀ ਰਹੇ ਅਤੇ ਜਰਮਨੀ ਦੇ ਰਾਜਾਂ 'ਚ ਤੀਹ ਸਾਲਾ ਯੁੱਧ ਚਲਦਾ ਰਿਹਾ। ਤੱਤਕਾਲੀਨ ਯੂਰਪ ਸਮਾਜ 'ਚ ਅਸਥਿਰਤਾ ਲਿਆਉਣ ਵਾਲੀਆਂ ਇਨ੍ਹਾਂ ਘਟਨਾਵਾਂ ਨੂੰ ਇਤਿਹਾਸਕਾਰਾਂ ਨੇ '17ਵੀਂ ਸਦੀ ਦਾ ਸਾਧਾਰਨ ਸੰਕਟ'(General Crisis of the 17th Century) ਦਾ ਨਾਂਅ ਦਿੱਤਾ। ਪਰ ਇਹ ਨਾਂਅ ਭਰਮਾਊ ਹੈ ਕਿਉਂਕਿ ਯੂਰਪ ਦੇ ਹਰ ਖੇਤਰ 'ਚ ਪਤਨ ਬਰਾਬਰ ਨਹੀਂ ਹੋਇਆ, ਨਾ ਹੀ ਇਸ ਸੰਕਟ ਦਾ ਪ੍ਰਭਾਵ ਸਾਰਿਆਂ 'ਤੇ ਇੱਕੋ ਜਿਹਾ ਰਿਹਾ। ਪਿਛਲੇ ਤੀਹ ਸਾਲਾਂ ਦੇ ਸੋਧਕਾਰਜ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਵੱਖ-ਵੱਖ ਖੇਤਰਾਂ 'ਤੇ ਸੰਕਟ ਦਾ ਵੱਖ-ਵੱਖ ਪ੍ਰਭਾਵ ਪੈਂਦਾ ਹੈ ਅਤੇ ਉਨ੍ਹਾਂ ਦੀਆਂ ਪ੍ਰਤੀਕਿਰਿਆਵਾਂ ਵੀ ਵੱਖ-ਵੱਖ ਰਾਹੀਆਂ।

## 11.1 ਇਤਿਹਾਸਕ ਸਪੱਸ਼ਟੀਕਰਨ (Historical Explanation)

17ਵੀਂ ਸ਼ਤਾਬਦੀ ਦੀ ਆਰਥਿਕ ਮੰਦੀ ਦੇ ਕਾਰਨਾਂ 'ਤੇ ਇਤਿਹਾਸਕਾਰਾਂ 'ਚ ਜੋ ਮਤਭੇਦ ਹੋਇਆ ਹੈ, ਉਨ੍ਹਾਂ ਦੇ ਮੁੱਖ ਵਿਚਾਰਾਂ ਦੀ ਅਸੀਂ ਇੱਥੇ ਚਰਚਾ ਕਰਾਂਗੇ। ਪਰ ਇਨ੍ਹਾਂ ਦੇ ਵਿਸ਼ਲੇਸਣ 'ਚ ਅਸੀਂ 17ਵੀਂ ਸ਼ਤਾਬਦੀ ਦੀਆਂ ਸਮੱਸਿਆਵਾਂ ਤੱਕ ਸੀਮਤ ਨਾ ਰਹਿ ਕੇ ਆਰਥਿਕ ਵਿਕਾਸ ਅਤੇ ਪੂੰਜੀਵਾਦ ਦੇ ਆਮ ਮੁੱਦੇ ਵੀ ਚੁੱਕਣਾ ਚਾਹਾਂਗੇ। ਉਦਾਹਰਨ ਵਜੋਂ ਕੀਮਤਾਂ ਦਾ ਆਰਿਥਕ ਸਥਿਤੀ 'ਤੇ ਪ੍ਰਭਾਵ ਅਸੀਂ

ਨੋਟ

ਸਿਰਫ਼ 17ਵੀਂ ਸ਼ਤਾਬੀ ਦੇ ਸੰਦਰਭ 'ਚ ਹੀ ਨਹੀਂ ਦੇਖਾਂਗੇ ਬਲਕਿ ਅਜਿਹੇ ਸਵਾਲ ਵੀ ਉਠਾਵਾਂਗੇ ਕਿ ਕੀ ਹਰ ਇਤਿਹਾਸਕ ਢਾਂਚੇ 'ਚ ਕੀਮਤਾਂ ਦਾ ਉਤਪਾਦਨ 'ਤੇ ਬਰਾਬਰ ਪ੍ਰਭਾਵ ਹੁੰਦਾ ਹੈ,ਅਤੇ ਹੁੰਦਾ ਹੈ ਤਾਂ ਕਿਉਂ ਅਤੇ ਕਿਵੇਂ ?

ਇਤਿਹਾਸਕਾਰਾਂ ਦੇ ਵਿਚਾਰਾਂ ਨੂੰ ਤਿੰਨ ਮੁੱਖ ਵਰਗਾਂ 'ਚ ਰੱਖਿਆ ਜਾ ਸਕਦਾ ਹੈ। ਪਹਿਲਾ ਇਹ ਜੋ ਕੀਮਤਾਂ 'ਚ ਗਿਰਾਵਟ ਨੂੰ ਆਰਥਿਕ ਮੰਦੀ ਦਾ ਕਾਰਨ ਮੰਨਦੇ ਹਨ। ਇਹ ਈ. ਜੇ. ਹੈਮਿਲਟਨ ਦਾ ਮਤ ਹੈ। ਦੂਜਾ ਆਰਥਿਕ ਵਿਵਸਥਾ 'ਤੇ ਜਨਸੰਖਿਆ ਦੇ ਪ੍ਰਭਾਵ ਨੂੰ ਮੁੱਖ ਮੰਨਦਾ ਹੈ। ਤੀਜਾ ਇਹ ਜਿਨ੍ਹਾਂ ਦੇ ਵਿਚਾਰ 'ਚ ਅਰਥ ਵਿਵਸਥਾ 'ਤੇ ਕੀਮਤ ਤੇ ਜਨਸੰਖਿਆ ਦਾ ਪ੍ਰਭਾਵ ਜਾਨਣ ਲਈ, ਇਹ ਅੰਕੜੇ ਪੈਦਾਵਾਰ ਦੀ ਸਾਰੀ ਪ੍ਰਕਿਰਿਆ 'ਚ ਰੱਖਣੇ ਹੋਣਗੇ। ਇਹ ਇਸ ਲਈ ਕਿਉਂਕਿ ਮਨੁੱਖ ਆਪਦੀਆਂ ਲੋੜਾਂ ਦੀ ਪੂਰਤੀ ਲਈ ਹਮੇਸ਼ਾ ਕਿਸੇ ਨਾ ਕਿਸੇ ਆਰਥਿਕ ਲੜੀ ਦੇ ਚੱਕਰ 'ਚ ਪਾਇਆ ਜਾਂਦਾ ਹੈ-ਕਦੇ ਸਵਤੰਤਰ ਕਿਸਾਨ ਦੇ ਰੂਪ 'ਚ, ਕਦੇ ਬੰਧੂਆ ਮਜ਼ਦੂਰ ਅਤੇ ਕਦੇ ਤਨਖ਼ਾਹ ਲੈਣ ਵਾਲੇ ਕਾਮਿਆਂ ਦੇ ਰੂਪ 'ਚ। ਇਸ ਲੜੀ ਨਾਲ ਉਸ ਦੇ ਹੋਰ ਵਰਗਾਂ ਨਾਲ ਸਮਾਜਿਕ ਰਿਸ਼ਤੇ ਵੀ ਸਥਾਪਿਤ ਹੁੰਦੇ ਹਨ ਅਰਥਾਤ ਰਾਜਨੀਤਿਕ ਸੱਤਾ ਦੇ ਜ਼ੋਰ 'ਤੇ ਖੋਹਦੇ ਹੋਏ ਅਭਿਜਾਤ ਵਰਗ ਦੇ ਨਾਲ ਜ਼ਮੀਨ ਦੇ ਮਾਲਕ ਹੋਣ ਦੇ ਨਾਤੇ ਜਿਮੀਂਦਾਰ ਦੇ ਨਾਲ ਜਾਂ ਪੈਦਾਵਾਰ ਦੀਆਂ ਵਸਤੂਆਂ ਸਮੇਟੀ ਬੈਠੇ ਪੂੰਜੀਪਤੀ ਦੇ ਨਾਲ ਜੋ ਉਸ ਦੀ ਮਿਹਨਤ ਸ਼ਕਤੀ ਖ਼ਰੀਦਦਾ ਹੈ। ਇਨ੍ਹਾਂ ਸਮਾਜਿਕ-ਆਰਥਿਕ (ਇਤਿਹਾਸਕ) ਪ੍ਰਕਿਰਿਆਵਾਂ ਤੋਂ ਤੈਅ ਹੁੰਦਾ ਹੈ ਕਿ ਸਮਾਜ 'ਚ ਮੰਗ ਦਾ ਪੱਧਰ ਅਤੇ ਸਰੂਪ ਕੀ ਹੋਵੇਗਾ-ਅਰਥਾਤ ਕਿੱਥੋਂ ਤੱਕ ਖੁਦ ਦੇ ਉਤਪਾਦਨ ਨਾਲ ਪੂਰਤੀ ਨਾ ਹੋਕੇ ਹੋਰਾਂ ਦੀਆਂ ਬਣਾਈਆਂ ਵਸਤੂਆਂ 'ਤੇ ਨਿਰਭਰਤਾ ਵਧੇਗੀ। ਅਤੇ ਕੀ ਹੋਰਾਂ ਦੀਆਂ ਬਣੀਆਂ ਵਸਤੂਆਂ ਭੇਂਟ, ਟੈਕਸ ਜਾਂ ਵਿੱਕਰੀ-ਜਿਨਸਾਂ ਦੇ ਰੂਪ 'ਚ ਪ੍ਰਾਪਤ ਕੀਤੀ ਜਾਵੇਗੀ। ਇਨ੍ਹਾਂ ਇਤਿਹਾਸਕਾਰਾਂ ਦੇ ਵਿਚਾਰ 'ਚ ਪੂੰਜੀਵਾਦ ਦੇ ਅੰਦਰ ਜ਼ਿਆਦਾ ਮੰਗ ਵਧਦੀ ਹੈ ਕਿਉਂਕਿ ਉਸ ਨਾਲ ਆਰਥਿਕ ਲੜੀ ਅਤੇ ਕਿਰਤੀਆਂ ਨੂੰ ਬਣਾਈ ਰੱਖਣ ਲਈ ਹੋਰਾਂ ਦੀਆਂ ਬਣਾਈਆਂ ਵਸਤੂਆਂ ਹਰ ਸਮੇਂ ਖ਼ਰੀਦਦੀਆਂ ਪੈਂਦੀਆਂ ਹਨ। ਇਹ ਗੱਲਾਂ ਅੱਗੇ ਵਿਸਥਾਰ 'ਚ ਸਮਝਾਈਆਂ ਜਾਣਗੀਆਂ। ਇੱਥੇ ਅਸੀਂ ਸਿਰਫ਼ ਇੰਨਾ ਹੀ ਕਹਿਣ ਚਾਹੁੰਦੇ ਹਾਂ ਕਿ ਇਸ ਪ੍ਰਕਿਰਿਆ ਦੇ ਬਦਲਣ ਨਾਲ ਹੀ ਮੰਗ ਤੇ ਉਤਪਾਦਨ 'ਚ ਵਾਧਾ ਹੁੰਦਾ ਹੈ, ਸਿਰਫ਼ ਜਨਸੰਖਿਆ ਜਾਂ ਕੀਮਤਾਂ ਦੇ ਬਦਲਾਅ ਨਾਲ ਨਹੀਂ। ਇਤਿਹਾਸ 'ਚ ਅਸੀਂ ਇਹੀ ਪੜ੍ਹਦੇ ਹਾਂ ਕਿ ਇਨ੍ਹਾਂ ਪ੍ਰਕਿਰਿਆਵਾਂ 'ਚ ਕਿਹੋ ਜਿਹੇ ਬਦਲਾਅ ਆਉਣ ਅਤੇ ਉਨ੍ਹਾਂ ਦੇ ਨਾਲ-ਨਾਲ ਮਨੁੱਖੀ ਤੇ ਸਮਾਜਿਕ ਰਿਸ਼ਤੇ ਕਿਵੇਂ ਬਦਲਣ।

17ਵੀਂ ਸ਼ਤਾਬਦੀ 'ਚ ਯੂਰਪ 'ਚ ਜੋ ਆਰਥਿਕ ਮੰਦੀ ਆਈ, ਈ.ਜੇ ਹੈਮਿਲਟਨ ਦੇ ਅਨੁਸਾਰ ਉਸ ਦਾ ਸਭ ਤੋਂ ਪਹਿਲਾ ਕਾਰਨ ਸੀ ਸਪੇਨ ਦੇ ਮਾਧਿਅਮ ਨਾਲ ਦੱਖਣੀ ਅਮਰੀਕਾ ਤੋਂ ਸੋਨੇ-ਚਾਂਦੀ ਦੀ ਆਮਦ 'ਚ ਕਮੀ ਆ ਜਾਣਾ। ਸੋਨੇ-ਚਾਂਦੀ ਦੀ ਇਸ ਕਮੀ ਨਾਲ ਪ੍ਰਚੱਲਿਤ ਕੰਰਸੀ 'ਚ ਵੀ ਕਮੀ ਆ ਗਈ ਅਤੇ ਉਸ ਨਾਲ ਕੀਮਤਾਂ 'ਚ ਗਿਰਾਵਟ ਦਾ ਦੌਰ ਸ਼ੁਰੂ ਹੋ ਗਿਆ। ਇਸ ਦਾ ਸਿੱਟਾ ਇਹ ਹੋਇਆ ਕਿ ਖੇਤੀ ਤੇ ਸ਼ਿਲਪ 'ਚ ਪੈਸਾ ਲਗਾਉਣਾ ਲਾਭਦਾਇਕ ਨਹੀਂ ਰਿਹਾ। ਉਸ ਦੇ ਇਸ ਤਰਕ ਤੋਂ ਤਾਂ ਇਹ ਲਗਦਾ ਹੈ ਕਿ 16ਵੀਂ ਸ਼ਤਾਬਦੀ ਦੇ ਯੂਰਪ ਦਾ ਆਰਥਿਕ ਵਿਕਾਸ ਤਦੇ ਜਾਰੀ ਰਹਿ ਸਕਦਾ ਸੀ, ਜਦੋਂ ਉਸ 'ਚ ਲਗਾਤਾਰ ਪੈਸਾ ਜੋੜਿਆ ਜਾਂਦਾ ਰਹਿੰਦਾ।

ਹੈਮਿਲਟਨ ਦੀ ਯੁਕਤੀ ਦੇ ਪਿੱਛੇ ਮੂਲ ਧਾਰਨਾ ਇਹੀ ਹੈ ਕਿ ਜਦੋਂ ਕੀਮਤ ਉਤਪਾਦਨ ਲਾਗਤ ਤੋਂ ਵੱਧ ਹੋਵੇਗੀ ਤਾਂ ਨਿਰਮਾਣ ਲਾਭ ਦੇਵੇਗਾ ਤੇ ਲੋਕਾਂ ਨੂੰ ਪੂੰਜੀ ਲਾ ਕੇ ਉਤਪਾਦਨ ਵਧਾਉਣ ਲਈ ਉਤਸ਼ਾਹ ਮਿਲੇਗਾ। ਅੱਜ ਦੀ ਪੂੰਜੀਵਾਦੀ ਅਰਥਵਿਵਸਥਾ 'ਚ ਇਹ ਵਿਚਾਰ ਭਲਾਂ ਹੀ ਸਹੀ ਹੋਵੇ, ਪਰ 17ਵੀਂ ਸ਼ਤਾਬਦੀ 'ਚ ਅਜਿਹਾ ਨਹਂ ਹੋ ਸਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਲਾਭ ਹੋ ਰਿਹਾ ਹੋਵੇ ਤਾਂ ਵੀ ਉਤਪਾਦਨ ਨੂੰ ਵਧਾਉਣ ਅਤੇ ਪੂੰਜੀ ਨੂੰ ਨਵੀਂ ਜਗ੍ਹਾ 'ਚ ਲਾਇਅ ਜਾਣਾ ਸੰਭਵ ਨਹੀਂ ਸੀ। ਮਸਲਨ ਜ਼ਮੀਨ ਦਾ ਮਿਲਣਾ ਸੌਖਾ ਨਹੀਂ ਸੀ। ਜ਼ਮੀਨ ਦਾ ਬਹੁਤ ਵੱਡਾ ਹਿੱਸਾ ਚਰਾਂਦਾ ਦੇ ਰੂਪ 'ਚ ਪਿੰਡਾਂ ਦੀ ਸਾਂਝੀ ਜਾਇਦਾਦ ਹੁੰਦੀ ਸੀ। ਕੁਝ ਕਿਸਾਨਾਂ ਦੇ ਕੋਲ ਜ਼ਮੀਨ ਵਿਸ਼ੇਸ਼ ਪੱਟਾਂ 'ਤੇ ਸੀ ਜਿਸ ਦੇ ਕਾਰਨ ਉਹਨਾਂ ਨੂੰ ਬੇਦਖਲ ਨਹੀਂ ਕੀਤਾ ਜਾ ਸਕਦਾ ਸੀ। ਇੱਕ ਕਿਸਾਨ (ਵਿਸ਼ੇਸ ਕਰਕੇ ਪੂਰਬੀ ਯੂਰਪ ਤੇ ਫਰਾਂਸ ਦਾ ਕਿਸਾਨ) ਜਿਮੀਂਦਾਰਾਂ ਦੀ ਆਗਿਆ ਦੇ ਬਿਨਾਂ ਖੁਦ ਆਪਣੀ ਵੀ ਜ਼ਮੀਨ ਵੇਚ ਨਹੀਂ ਸਕਦਾ ਸੀ, ਨਾ ਉਹ ਉਸ ਨੂੰ ਪਟੇ 'ਤੇ ਦੇ ਸਕਦਾ ਸੀ। ਇਨ੍ਹਾਂ ਜਿਮੀਂਦਾਰਾਂ ਨੂੰ ਜ਼ਮੀਨ ਬਾਰੇ ਬਹੁਤ ਸਾਰੇ ਅਧਿਕਾਰ ਮਿਲੇ ਸਨ। ਸਭ ਤੋਂ ਵੱਡਾ ਕਾਰਨ ਇਹ ਸੀ ਕਿ ਕਿਸਾਨ ਲੋਕ ਘੱਟ ਫ਼ਸਲ ਦੇ ਬਾਵਜੂਦ ਹੋਰ ਵਸੀਲਿਆਂ ਨਾਲ ਗੁਜ਼ਾਰਾ ਕਰਦੇ ਹੋਏ ਵੀ ਆਪਣੀ ਜ਼ਮੀਨ ਦਾ ਛੋਟੇ ਤੋਂ ਛੋਟਾ ਟੁਕੜਾ ਵੀ ਆਪਣੇ ਹੱਥ 'ਚ ਬਣਾਈ ਰੱਖਣਾ ਚਾਹੁੰਦੇ ਸਨ। 16ਵੀਂ ਸ਼ਤਾਬਦੀ 'ਚ ਫਰਾਂਸ ਦੇ ਆਸਪਾਸ 'ਚ ਛੋਟੇ-ਛੋਟੇ ਖੇਤਾਂ ਨੂੰ ਮਿਲਾ ਕੇ ਵੱਡੇ ਫਾਰਮ ਬਣਾਉਣ ਦਾ ਯਤਨ ਕਿਉਂ ਅਸਫ਼ਲ ਰਿਹਾ, ਉਸ ਦੇ ਕੁਝ ਕਾਰਨ ਇਹੀ ਸਨ, ਜੋ ਉਪਰ ਦੱਸੇ ਗਏ ਹਨ। ਇਨ੍ਹਾਂ ਅੜਿੱਕਿਆਂ ਦੇ ਬਾਵਜੂਦ ਚਕਬੰਦੀ 'ਤੇ ਰੋਕ ਨਾ ਲਗਾਉਣ ਦਾ ਮਤਲਬ ਸੀ ਛੋਟੇ ਕਿਸਾਨਾਂ ਦਾ ਹਿੰਸਾ 'ਤੇ ਉਤਾਰੂ ਹੋ ਜਾਣਾ।

ਇਹ ਕੋਈਵੀ ਨਿਰੰਕੁਸ ਰਾਜਤੰਤਰ (absolutist monarchy) ਕਰਨ ਲਈ ਰਾਜੀ ਨਹੀਂ ਸੀ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਮਜ਼ਦੂਰ ਸੌਖੇ ਨਹੀਂ ਮਿਲਦੇ ਸਨ। ਮਨੁੱਖੀ ਮਿਹਨਤ ਸ਼ਕਤੀ ਜ਼ਿਆਦਾਤਰ ਆਪਣੇ ਛੋਟੇ ਅਤੇ ਘੱਟ ਉਪਜਾਊ ਖੇਤਾਂ 'ਚ ਵੱਧ ਮਿਹਨਤ ਕਰਕੇ ਕੰਮ-ਚਲਾਊ ਪੈਦਾਵਾਰ ਲੈਣ 'ਚ ਲੱਗੀ ਹੋਈ ਸੀ। ਇਨ੍ਹਾਂ ਅਸਮਰੱਥ ਤੇ ਸਿਰਫ਼ ਕਿਸਾਨ-ਪਰਿਵਾਰ ਦੀ ਖ਼ਪਤ ਲਾਇਕ ਪੈਦਾਵਾਰ ਦੇਣ ਵਾਲੇ ਖੇਤਾਂ ਨੂੰ ਖ਼ਤਮ ਕਰਕੇ ਹੀ ਕਣਕ ਦੇ ਵੱਡੇ-ਵੱਡੇ ਫਾਰਮਾਂ ਲਈ ਮਜ਼ਦੂਰ ਲਏ ਜਾ ਸਕਦੇ ਸਨ। ਜੇਕਰ ਵੱਡੇ ਚਕਬੰਦੀ ਖੇਤ ਜਾਂ ਹੱਥਖੱਡੀ ਖੜੇ ਕਰਕੇ ਵੀ ਦਿੱਤੇ ਜਾਣ ਤਾਂ ਉਹ ਬਿਨਾਂ ਮਜ਼ਦੂਰਾਂ ਦੇ ਨਾ ਤਾਂ ਉਤਪਾਦਨ ਕਰ ਸਕਣਗੇ ਅਤੇ ਨਾ ਹੀ ਆਪਣੇ ਮਾਲਕਾਂ ਲਈ ਮੁਨਾਫ਼ਾ ਕਮਾ ਸਕਣਗੇ। ਇਸ ਨਾਲ ਮਾਰਕਸ ਦੀ ' ਭਾਵੀ ਪੂੰਜੀਪਤੀ' ਵਾਲੀ ਕਹਾਣੀ ਯਾਦ ਆ ਜਾਂਦੀ ਹੈ। ਉਹ ਇੰਗਲੈਂਡ ਤੋਂ ਆਪਣੀਆਂ ਮਸ਼ੀਨਾਂ ਅਤੇ ਮਜ਼ਦੂਰ ਲੈ ਕੇ ਅਮਰੀਕਾ ਗਿਆ, ਪਰ ਉਸ ਦੇ ਸਾਰੇ ਮਜ਼ਦੂਰ ਅਮਰੀਕੀ ਸਰਹੱਦੀ ਖੇਤਰ 'ਚ ਖੇਤੀ ਕਰਨ ਲਈ ਭੱਜ ਗਏ ਅਤੇ ਉਸ ਦੀਆਂ ਮਸ਼ੀਨਾਂ ਬੇਕਾਰ ਹੋ ਗਈਆਂ। ਪੂੰਜੀਪਤੀ ਨੂੰ ਪਤਾ ਲੱਗਿਆ ਕਿ ਪੂੰਜੀ ਉਤਪਾਦਨ ਸਿਰਫ਼ ਤਕਨੀਕੀ ਸਾਧਨ ਨਹੀਂ ਸਗੋਂ ਸਮਾਜਿਕ ਸਬੰਧ ਹੈ ਜੋ ਦੋ ਵਰਗਾਂ ਵਿਚਕਾਰ ਸਥਾਪਿਤ ਕੀਤਾ ਜਾਂਦਾ ਹੈ; ਇੱਕ ਪਾਸੇ ਉਤਪਾਦਨ ਦੇ ਯੰਤਰ ਦਾ ਮਾਲਕ, ਪੂੰਜੀਪਤੀ ਅਤੇ ਦੂਜੇ ਪਾਸੇ ਮਜ਼ਦੂਰ ਵਰਗ ਜਿਸ ਦੇ ਕੋਲ ਖੁਦ ਢਿੱਡ ਭਰਨ ਲਈ ਕੋਈ ਪੈਦਾਵਾਰ ਦੇ ਸਾਧਨ ਨਹੀਂ ਹਨ। ਜਦੋਂ ਤੱਕ ਜ਼ਮੀਨ ਤੇ ਮਜ਼ਦੂਰ ਇਨ੍ਹਾਂ ਤੁੱਛ ਉਤਪਾਦਨ-ਚੱਕਰਾਂ 'ਚ ਉਲਝੇ ਰਹੇ, ਉਦੋਂ ਤੱਕ ਕੀਮਤਾਂ ਦਾ ਉਤਪਾਦਨ ਜਾਂ ਉਸ ਦੇ ਵਿਕਾਸ 'ਤੇ ਪ੍ਰਭਾਵ ਬਹੁਤ ਸੀਮਿਤ ਰਿਹਾ। ਉਤਪਦਾਨ ਦੀ ਵਾਧੇ 'ਚ ਇਨ੍ਹਾਂ ਅੜਿੱਕਿਆਂ ਨੂੰ ਦੇਖਦਿਆਂ ਸੱਤਾ 'ਚ ਬੈਠੇ ਲੋਕਾਂ ਨੇ ਆਪਣੀ ਸਥਿਤੀ ਦਾ ਲਾਭ ਅਤੇ ਤੱਤਕਾਲੀਨ ਮੌਜੂਦਾ ਉਤਪਾਦਨ'ਚ ਡੰਡੇ ਦੇ ਜ਼ੋਰ 'ਤੇ ਆਪਣਾ ਹਿੱਸਾ ਖੂਬ ਵਧਾ ਲਿਆ। 16ਵੀਂ ਸ਼ਤਾਬਦੀ ਦੇ ਫਰਾਂਸ 'ਚ ਰਾਜਤੰਤਰ ਦੇ ਲੋਕ ਜਦੋਂ ਜ਼ਮੀਨਾਂ ਨੂੰ ਮਿਲਾ ਕੇ ਵੱਡੇ ਫਾਰਮ ਬਣਾਉਣ 'ਚ ਅਸਫ਼ਲ ਰਹੇ ਉਦੋਂ ਉਨ੍ਹਾਂਨੇ ਜ਼ਮੀਨਾਂ ਦਾ ਲਗਾਨ ਵਧਾ

ਦਿੱਤਾ ਅਤੇ ਮੋਰਟਮੇਨ (mortmain) ਅਤੇ **ਬੈਨਾਲਾਈਟਸ** (banalites) ਵਰਗੇ ਪਰੰਪਰਾਗਤ ਸਾਮੰਤੀ ਟੈਕਸ ਫਿਰ ਤੋਂ ਲਾ ਦਿੱਤੇ। 17ਵੀਂ ਸ਼ਤਾਬਦੀ 'ਚ ਹੰਗਾਰੀ 'ਚ ਵੀ ਇਸ ਤਰ੍ਹਾਂ ਸਾਮੰਤੀ ਟੈਕਸ ਵਧਾ ਦਿੱਤੇ ਗਏ। ਕਿਸਾਨ ਦੇ ਇਸ ਤਰ੍ਹਾਂ ਸ਼ੋਸ਼ਣ ਨੇ ਉਸ ਦੇ ਕੋਲ ਅਜਿਹਾ ਕੁਝ ਵੀ ਨਹੀਂ ਛੱਡਿਆ ਜਿਸ ਨੂੰ ਉਹ ਆਪਣੀ ਪੈਦਾਵਾਰ ਵਧਾਉਣ ਜਾਂ ਜ਼ਮੀਨ ਦੀ ਸਥਿਤੀ ਸੁਧਾਰਨ 'ਚ ਖ਼ਰਚ ਕਰ ਸਕਦੇ।

ਪੋਲੈਂਡ ਦੇ ਉਦਾਹਰਨ ਨਾਲ ਇਸ ਯੁਕਤੀ ਨੂੰ ਹੋਰ ਬਲ ਮਿਲਦਾ ਹੈ। ਅਸੀਂ ਜਾਣਦੇ ਹਾਂ ਕਿ ਪੋਲੈਂਡ ਦੇ ਜਾਗੀਰਦਾਰਾਂ ਨੇ ਛੋਟੇ-ਛੋਟੇ ਸਵਤੰਤਰ ਕਿਸਾਨਾਂ ਤੋਂ ਡੰਡੇ ਦੇ ਜ਼ੋਰ 'ਤੇ ਆਪਣੇ ਫਾਰਮਾਂ 'ਚ ਕੰਮ ਕਰਵਾਇਆ। ਪਰ ਇਹ ਛੋਟੇ ਕਿਸਾਨ ਆਪਣੇ ਲਈ ਜੋ ਕੁਝ ਉਗਾਉਣਾ ਚਾਹੁੰਦੇ ਸਨ, ਉਹ ਨਾ ਉਗਾ ਸਕਣ ਅਤੇ ਜ਼ਬਰਦਸਤੀ ਦੇ ਕੰਮ 'ਚ ਮਨ ਨਾ ਲੱਗਣ ਕਾਰਨ ਪੈਦਾਵਰ ਓਨੀ ਨਹੀਂ ਕਰ ਸਕੇ ਜਿੰਨੀ ਜ਼ਮੀਨ ਸੀ। ਇਸੀ ਕਾਰਨ ਪੋਲੈਂਡ ਦੇ ਵੱਡੇ-ਵੱਡੇ ਫਾਰਮਾਂ ਦੇ ਇਹ ਸਵਾਮੀ 16ਵੀਂ ਸ਼ਤਾਬਦੀ 'ਚ ਅਨਾਜ ਦੀਆਂ ਕੀਮਤਾਂ 'ਚ ਹੋਏ ਭਾਰੀ ਵਾਧੇ ਦਾ ਕੋਈ ਲਾਭ ਨਾ ਉਠਾ ਸਕੇ। ਬਿਟੋਲਡ ਕੂਲਾ ਨੇ ਸਪੱਸ਼ਟ ਕੀਤਾ ਹੈ ਕਿ 16ਵੀਂ ਸ਼ਤਾਬਦੀ ਦੇ ਸਮੁੱਚੇ ਵਪਾਰ ਪ੍ਰਧਾਨ ਦੌਰ 'ਚ ਵੀ, ਪੋਲੈਂਡ ਦੇ ਕਣਕ ਦੀਆਂ ਕੀਮਤਾਂ ਸੰਭਾਵਿਤ ਕੀਮਤਾਂ ਅਤੇ ਲਾਭ ਨੂੰ ਧਿਆਨ 'ਚ ਰੱਖ ਕੇ ਨਹੀਂ ਸਗੋਂ ਪੈਦਾਵਾਰ ਦੀ ਮਾਤਾਰਾ ਨੂੰ ਦੇਖ ਕੇ ਤੈਅ ਹੁੰਦੀਆਂ ਸਨ। ਇਸ ਦਾ ਮਤਲਬ ਹੈ ਕਿ ਜ਼ਿਆਦਾ ਕੀਮਤ ਮਿਲਣ ਦੀ ਪੂਰੀ ਸੰਭਾਵਨਾ ਹੁੰਦੇ ਹੋਏ ਵੀ ਪੋਲੈਂਡ ਦੇ ਤੱਤਕਾਲੀਨ (16ਵੀਂ ਸ਼ਦੀ ਦੇ) ਰਾਜਨੀਤਿਕ ਅਤੇ ਆਰਥਿਕ ਢਾਂਚੇ ਦੇ ਕਾਰਨ ਉਸ ਦੇਸ਼ ਦੇ ਜਿਮੀਂਦਾਰ ਆਪਣੀ ਉਪਜ ਨਹੀਂ ਵਧਾ ਸਕੇ।

ਵਧਦੀਆਂ ਕੀਮਤਾਂ ਦਾ ਉਤਪਾਦਨ 'ਤੇ ਅਸਰ ਸਿਰਫ਼ ਪੂੰਜੀਵਾਦ 'ਚ ਹੀ ਹੁੰਦਾ ਹੈ ਜਿੱਥੇ ਉਤਪਾਦਨ ਦੇ ਕਾਰਕ ਜਿਨਸਾਂ ਦੇ ਰੂਪ 'ਚ ਸੌਖਿਆ ਉਪਲੱਬਧ ਹੈ ਅਤੇ ਪੈਸੇ ਨਾਲ ਖਰੀਦੇ ਜਾ ਸਕਦੇ ਹਨ ਅਤੇ ਕਿਸੇ ਵੀ ਆਕਾਰ-ਪ੍ਰਕਾਰ 'ਚ ਸੰਗਠਿਤ ਕੀਤੇ ਜਾ ਸਕਦੇ ਹਨ। ਅੱਜ ਦੀ ਸਥਿਤੀ ਨੂੰ ਦੇਖ ਕੇ ਬਣਾਈ ਗਈ ਕੋਈ ਵੀ ਧਾਰਨਾ ਪੂੰਜੀਵਾਦ ਤੋਂ ਪਹਿਲਾਂ ਦੇ ਉਸ ਕਾਲ ਬਾਰੇ ਪ੍ਰਗਟ ਨਹੀਂ ਕੀਤੀ ਜਾ ਸਕਦੀ।

ਹੁਣ ਸਵਾਲ ਉਠਦਾ ਹੈ ਕਿ ਆਰਥਿਕ ਸੁਧਾਰ ਅਤੇ ਮੰਦੀ ਦੇ ਇਹ ਚੱਕਰ ਜਨਸੰਖਿਆ 'ਚ ਵਾਧੇ ਦੇ ਨਾਲ ਕਿਵੇਂ ਆਉਂਦੇ ਹਨ ? ਖੇਤੀ-ਅਧਾਰਿਤ ਰਾਜਾਂ 'ਚ ਤਕਨੀਕੀ ਠਹਿਰਾਅ ਦੇ ਕਾਰਨ ਵਧਦੀ ਜਨਸੰਖਿਆ ਲਈ ਫਾਲਤੂ ਅਨਾਜ਼ ਵਧਰੇ ਜ਼ਮੀਨ 'ਤੇ ਖੇਤੀ ਨਾਲ ਹੀ ਪੈਦਾ ਹੋ ਸਕਦਾ ਹੈ। ਨਵੀਂ ਜ਼ਮੀਨ 'ਤੇ ਹਲ਼ ਚਲਾਉਣ ਨਾਲ ਜੰਗਲ ਜਾਂ ਚਰਾਂਦਾ ਦਾ ਨਾਸ਼ ਹੁੰਦਾ ਹੈ ਜੋ ਖੇਤੀਯੋਗ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਅਧਾਰ ਹੈ। ਫਿਰ ਜਿੱਥੇ ਜ਼ਮੀਨ ਮਿਲਣੀ ਬੰਦ ਹੋਈ, ਜ਼ਮੀਨ ਦੀ ਉਪਜਾਊ ਸ਼ਕਤੀ ਦਾ ਪਤਨ ਸ਼ੁਰੂ ਹੋ ਗਿਆ, ਵਿਸ਼ੇਸ ਕਰਕੇ ਛੋਟੇ ਟੁਕੜਿਆਂ 'ਚ ਵੰਡੀ ਜ਼ਮੀਨ 'ਚ ਇਹ ਜਲਦੀ ਹੁੰਦਾ ਹੈ। ਅਜਿਹਾ ਜ਼ਮੀਨ 'ਚ ਫ਼ਸਲ ਚੱਕਰ ਨੂੰ ਛੋਟਾ ਕਰਕੇ ਹਰ ਵਾਰ ਵੱਧ ਤੋਂ ਵੱਧ ਜ਼ਮੀਨ 'ਚ ਬਿਜਾਈ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂਕਿ ਵੱਧ ਤੋਂ ਵੱਧ ਫ਼ਸਲ ਪ੍ਰਾਪਤ ਕੀਤੀ ਜਾ ਸਕੇ। ਪਰ ਆਖ਼ਰ ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਹੀ ਨਸ਼ਟ ਹੋ ਜਾਂਦੀ ਹੈ। ਇਸ ਲਈ ਵਧਦੀ ਜਨਸੰਖਿਆ ਦਾ ਮਤਲਬ ਹੁੰਦਾ ਹੈ ਖੇਤਾਂ ਦਾ ਛੋਟੇ-ਛੋਟੇ ਟੁਕੜਿਆਂ 'ਚ ਵੰਡਿਆ ਜਾਣਾ, ਵਸੀਲਿਆਂ ਅਤੇ ਜ਼ਮੀਨ ਦਾ ਚੁਕ ਜਾਣਾ, ਉਪਜ 'ਚ ਕਮੀ ਹੋਣਾ, ਅਕਾਲ ਦੀ ਸਥਿਤੀ ਪੈਦਾ ਹੋਣਾ, ਲੋਕਾਂ ਦਾ ਮਰਨਾ ਅਤੇ ਆਖ਼ਰ ਆਰਥਿਕ ਜੀਵਨ ਦਾ ਵਿਸਥਾਰ ਰੁਕ ਜਾਣਾ। ਇਨ੍ਹਾਂ ਇਤਿਹਾਸਕਾਰਾਂ ਦੀ ਰਾਇ 'ਚ 17ਵੀਂ ਸ਼ਤਾਬਦੀ ਦਾ ਸੰਕਟ ਸਾਮੰਤਵਾਦੀ ਖੇਤੀ-ਅਧਾਰਿਤ ਯੂਰਪ ਦਾ ਅੰਤਿਮ ਜਨਸੰਹਾਰਕ ਸੰਕਟ ਸੀ। 18ਵੀਂ ਸ਼ਤਾਬਦੀ 'ਚ ਤਕਨੀਕੀ ਠਹਿਰਾਅ ਖ਼ਤਮ ਹੋ ਕੇ ਨਵਾਂ ਯੁੱਗ ਸ਼ੁਰੂ ਹੋਇਆ, ਜਿਸ 'ਚ ਖੇਤੀ ਦੀਆਂ ਨਵੀਆਂ ਤਕਨੀਕਾਂ ਅਪਣਾਈਆਂ ਗਈਆਂ। ਇਨ੍ਹਾਂ ਨਾਲ ਅਨਾਜ਼ ਦੀ ਪੈਦਾਵਰ 'ਚ ਭਾਰੀ ਵਾਧਾ ਹੋਇਆ ਅਤੇ 19ਵੀਂ ਸ਼ਤਾਬਦੀ 'ਚ ਉਦਯੋਗਿਕ ਕ੍ਰਾਂਤੀ ਲਿਆਉਣ ਵਾਲੀ ਮਹੱਤਵਪੂਰਨ ਕ੍ਰਾਂਤੀ ਦਾ ਜਨਮ ਹੋਇਆ।

ਪੂੰਜੀਵਾਦ ਤੋਂ ਪਹਿਲਾਂ, ਖੇਤੀ-ਅਧਾਰਿਤ ਆਰਕਵਿਵਸਥਾ ਦੇ ਜਗਤ 'ਚ ਇਸ ਚੱਕਰੀ ਹਲਚਲ ਨੂੰ ਸਪੱਸ਼ਟ ਕਰਕੇ ਇਨ੍ਹਾਂ ਇਤਿਹਾਸਕਾਰਾਂ ਨੇ ਇਹ ਸਮਝਣ 'ਚ ਸਹਾਇਤਾ ਕੀਤੀ ਹੈ ਕਿ ਹਰ ਖੇਤਰ ਦੇ ਅੰਦਰੂਨੀ ਸਰੂਪ 'ਚ ਅੰਤਰ ਹੁੰਦੇ ਹੋਏ ਵੀ ਯੂਰਪ ਦੇ ਸਾਰੇ ਹਿੱਸਿਆਂ 'ਚ ਕੁਝ ਹੱਦ ਤੱਕ ਬਰਾਬਰ ਆਰਥਿਕ ਲਹਿਰ ਕਿਵੇਂ ਫ਼ੈਲੀ ਜਿਸ ਨੂੰ ਅਸੀਂ '16ਵੀਂ ਸ਼ਤਾਬਦੀ ਦੇ ਵਿਸਥਾਰ' ਤੇ '17ਵੀਂ ਸ਼ਤਾਬਦੀ ਦੇ ਆਮ ਸੰਕਟ' ਦੇ ਨਾਂਅ ਨਾਲ ਪਹਿਚਾਣਦੇ ਹਨ। "ਅਜਿਹਾ ਪ੍ਰਤੀਤ ਹੁੰਦਾ ਸੀ ਕਿ ਸਾਨੂੰ ਕ੍ਰਮਬੱਧ ਆਰਥਿਕ ਉਤਰਾਅ-ਚੜ੍ਹਾਅ (ਆਰਥਿਕ ਲੈਅ) ਦੀ ਗੱਲ ਕਰਨੀ ਚਾਹੀਦੀ ਹੈ-ਢਾਂਚੇ ਦੀ ਨਹੀਂ। ਯੂਰਪ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਹਰ ਚੀਜ਼ ਇੱਕ ਸੰਕੇਤ 'ਤੇ ਕੰਮ ਨਹੀਂ ਕਰ ਰਹੀ ਸੀ। ਇਸ ਦੇ ਉਲਟ ਹਰ ਆਵੇਗ ਇਸ ਆਰਥਿਕ ਲੈਅ ਨਾਲ ਸਬੰਧਿਤ ਸੀ। ਉਸ ਸਮੇਂ ਆਰਥਿਕ ਸਥਿਤੀ ਬਹੁਤ ਹੱਦ ਤੱਕ ਖੇਤੀ-ਉਤਪਾਦਨ 'ਤੇ ਨਿਰਭਰ ਸੀ। ਅਜਿਹੀਆਂ ਹਲਚਲਾਂ ਯੂਰਪ ਭਰ 'ਚ ਤੁਰੰਤ ਅਸਰ ਕਰਦੀਆਂ ਸਨ, ਪਰ ਹਰ ਖੇਤਰ 'ਚ ਆਪਣੇ ਇਤਿਹਾਸ ਅਤੇ ਵਿਸ਼ੇਸ਼ ਸਥਿਤੀ ਦੇ ਅਨੁਸਾਰ ਹੀ ਉਸ ਦੀ ਪ੍ਰਕਿਰਿਆ ਹੁੰਦੀ ਸੀ।"

ਨੋਟਸ 16ਵੀਂ ਸ਼ਤਾਬਦੀ 'ਚ ਸਪੇਨ ਆਪਣੇ ਦੱਖਣੀ ਅਮਰੀਕੀ ਉਪਨਿਵੇਸ਼ਾਂ ਨਾਲ ਭਾਰੀ ਮਾਤਰਾ 'ਚ ਚਾਂਦੀ ਲਿਆਉਂਦਾ ਸੀ।

ਹੱਬਸਬਾਮ ਦਾ ਕਹਿਣਾ ਹੈ ਕਿ ਸਾਮੰਤਵਾਦੀ ਵਿਵਸਥਾ 'ਚ ਬਾਜ਼ਾਰੋਂ ਖ਼ਰੀਦੀਆਂ ਜਾਣ ਵਾਲੀਆਂ ਚੀਜ਼ਾਂ ਭਾਵ ਜਿਨਸਾਂ ਦੀ ਮੰਗ ਸੀਮਿਤ ਹੁੰਦੀ ਹੈ। ਤਿਆਰ ਮਾਲ ਅਨਾਜ਼ ਆਦਿ ਜਿਨਸਾਂ ਲਈ ਵੱਡਾ ਬਾਜ਼ਾਰ ਉਦੋਂ ਤੱਕ ਨਹੀਂ ਬਣਾਇਆ ਜਾ ਸਕਦਾ ਜਦੋਂ ਤੱਕ ਜਨਸੰਖਿਆ ਦਾ ਜ਼ਿਆਦਾਤਰ ਹਿੱਸਾ ਆਪਣੀ ਰੋਜ਼ੀ-ਰੋਟੀ ਲਈ ਜ਼ੂਰੀ ਭੋਜਨ ਅਤੇ ਕੱਪੜਾ ਬਣਾਉਣ ਲਾਇਕ ਜ਼ਮੀਨ ਆਪਣੇ ਕੋਲ ਰੱਖਦਾ ਸੀ। ਕਿਸਾਨ ਆਪਣੀ ਉਪਜ ਦਾ ਇੱਕ ਹਿੱਸਾ ਬਾਜ਼ਾਰ 'ਚ ਵੇਚ ਕੇ ਕਰਾਂ, ਲਗਾਨ ਤੇ ਸਾਮੰਤੀ ਟੈਸਕਾਂ ਦੀ ਅਦਾਇਗੀ ਕਰ ਦਿੰਦਾ ਸੀ। ਇਹ ਪੈਸਾ ਉਹ ਦੂਜਿਆ ਦੁਆਰਾ ਤਿਆਰ ਕੀਤੇ ਹੋਏ ਮਾਲ ਨੂੰ ਖ਼ਰੀਦਣ 'ਚ ਵਰਤ ਨਹੀਂ ਸਕਦਾ ਸੀ। ਇਸ ਤਰ੍ਹਾਂ ਕਿਸਾਨ ਦਾ ਪੈਸਾ, ਰਾਜ, ਚਰਚ ਅਤੇ ਜਿਮੀਂਦਾਰ ਲੈ ਜਾਂਦੇ ਸਨ। ਸਾਮੰਤਵਾਦੀ ਵਿਸਵਥਾ 'ਚ ਪੈਸਾ ਸ਼ਕਤੀ ਇਨ੍ਹਾਂ ਲੋਕਾਂ ਦੇ ਹੱਥ 'ਚ ਸੀ ਅਤੇ ਇਹ ਹੀ ਲੋਕ ਜਿਨਸ ਉਤਪਾਦਕਾਂ ਨੂੰ ਬਾਜ਼ਾਰ ਮੁਹੱਈਆ ਕਰਵਾਉਂਦੇ ਸਨ। ਇਸ ਲਈ ਬਾਜ਼ਾਰ ਬਹੁਤ ਸੀਮਿਤ ਸੀ, ਖ਼ਪਤਕਾਰ ਬਹੁਤ ਘੱਟ ਸਨ ਅਤੇ ਉਹ ਵੀ ਵਿਲਾਸ ਸਮੱਗਰੀ ਦੇ ਸਨ। ਜਿੱਥੇ ਰਾਜਤੰਤਰ ਦੀ ਨਿਯਮਿਤ ਫੌਜ ਅਤੇ ਯੁੱਧ ਦੀ ਵਜ੍ਹਾ ਨਾਲ ਧਾਤੂ ਅਤੇ ਕੱਪੜਾ ਉਦਯੋਗ

ਨੋਟ

ਨੂੰ ਉਤਸ਼ਾਹ ਮਿਲਦਾ ਸੀ ਉਥੇ ਇਸ ਦਾ ਇਹ ਨੁਕਸਾਨ ਵੀ ਸੀ ਕਿ ਖੇਤੀ ਕਾਰਜਾਂ 'ਚ ਲੱਗੇ ਕਿਸਾਨਾਂ ਨੂੰ ਜ਼ਬਰਦਸਤੀ ਫੌਜ 'ਚ ਲਿਆ ਜਾਂਦਾ ਸੀ ਤੇ ਯੁੱਧਾਂ 'ਚ ਜਨ-ਧਨ ਤੋਂ ਇਲਾਵਾ ਪਸ਼ੂਧਨ ਅਤੇ ਫ਼ਸਲਾਂ ਦਾ ਨਾਸ਼ ਵੀ ਹੁੰਦਾ ਸੀ। ਇਨ੍ਹਾਂ ਤਰਕਾਂ ਦੇ ਅਧਾਰ 'ਤੇ ਹੱਬਸਬਾਮ ਨੇ ਇਹ ਸਿੱਟਾ ਕੱਢਿਆ ਕਿ ਇਨ੍ਹਾਂ ਹਾਲਾਤਾਂ 'ਚ ਆਪਣੀ ਖਪਤ ਅਤੇ ਕੁਝ ਸੀਮਿਤ ਵਸਤੂਆਂ ਤੋਂ ਇਲਾਵਾ ਹੋਰ ਵਧੇਰੇ ਉਤਪਾਦਨ ਨੂੰ ਵਧਾਉਣਾ ਸੰਭਵ ਨਹੀਂ ਸੀ। ਇਸ ਲਈ 17ਵੀਂ ਸ਼ਤਾਬਦੀ 'ਚ ਯੂਰਪ ਦੇ ਵਿਕਾਸ 'ਚ ਅੜਿੱਕਾ ਆ ਗਿਆ, ਜਿਸ ਨੂੰ 'ਸੰਕਟ' ਕਿਹਾ ਜਾਂਦਾ ਹੈ। ਇਸ ਸਦੀ 'ਚ ਉਤਪਾਦਨ ਵਧਾਉਣਾ ਲਾਭਾਇਕ ਨਹੀਂ ਸੀ। ਪੈਸਾ ਜਿਹੜੇ ਹੱਥਾਂ 'ਚ ਸੀ, ਉਨ੍ਹਾਂ ਨੇ ਉਸ ਨੂੰ ਜ਼ਮੀਨ ਦੀ ਖ਼ਰੀਦ 'ਚ, ਰਾਜ ਦਰਬਾਰ 'ਚ ਅਹੁਦੇ ਪ੍ਰਾਪਤ ਕਰਨ 'ਚ, ਆਲੀਸ਼ਾਨ ਮਕਾਨ ਬਣਾਉਣ ਅਤੇ ਲਗਾਤਾਰ ਯੁੱਧਾਂ ਦੀਆਂ ਯੋਜਨਾਵਾਂ ਬਣਾਉਣ 'ਚ ਖ਼ਰਚ ਕੀਤਾ। ਇੰਗਲੈਂਡ ਤੇ ਨੀਦਰਲੈਂਡ ਇਸ ਸੰਕਟ ਦੇ ਅਪਵਾਦ ਰਹੇ, ਕਿਉਂਕਿ 17ਵੀਂ ਸ਼ਤਾਬਦੀ 'ਚ ਇਨ੍ਹਾਂ ਦੇਸ਼ਾਂ 'ਚ ਖੇਤੀ ਉਤਪਾਦਨ 'ਚ ਭਾਰੀ ਵਾਧਾ ਹੋਇਆ। ਉਥੇ ਛੋਟੇ ਕਿਸਾਨਾ ਨੂੰ ਆਪਣੇ ਛੋਟੇ-ਛੋਟੇ ਖੇਤ ਛੱਡ ਕੇ ਵੱਡੇ ਫਾਰਮਾਂ 'ਚ ਖੇਤ ਮਜ਼ਦੂਰ ਬਣਨਾ ਪਿਆ। ਨਾਲ ਹੀ ਜਿਨਸ ਬਾਜ਼ਾਰ ਖੁੱਲ੍ਹ ਗਏ, ਕਿਉਂਕਿ ਢਿੱਡ ਭਰਨ ਲਈ ਮਜ਼ਦੂਰੀ ਤੋਂ ਪ੍ਰਾਪਤ ਕੀਤੀ ਗਈ ਆਦਮਨ ਨਾਲ ਦੂਜੇ ਦਾ ਬੀਜਿਆ ਅਨਾਜ਼ ਖਰੀਦਣਾ ਪੈਂਦਾ ਅਤੇ ਦੂਜਿਆਂ ਦਾ ਬੁਣਿਆ ਕੱਪੜਾ ਖ਼ਰੀਦਣਾ ਪੈਂਦਾ। ਇਸ ਤਰ੍ਹਾਂ ਦੋਹਰਾ ਬਾਜ਼ਾਰ ਬਣ ਗਿਆ : ਇੱਕ ਤਾਂ ਉਹ ਜਿੱਥੇ ਰੋਜ਼ਮਰਾ ਨਿਰਵਾਹ ਦੀਆਂ ਜਿਨਸਾਂ ਮਿਲਦੀਆਂ ਸਨ ਤੇ ਦੂਜੇ, ਰੋਜ਼ਮਰਾਂ ਦੀ ਖ਼ਪਤ ਦੀਆਂ ਚੀਜ਼ਾਂ ਬਣਾਉਣ ਵਾਲਿਆਂ 'ਚ ਆਪਣਾ ਉਤਪਾਦਨ ਵਧਾਉਣ ਲਈ ਜਦੋਂ ਹੋੜ ਹੋਈ ਤਾਂ ਅਜਿਹੇ ਉਪਕਰਨ ਜਾਂ ਯੰਤਰ ਬਣਾਏ ਗਏ ਜੋ ਘੱਟ ਲਗਾਤ 'ਚ ਵੱਧ ਤੋਂ ਵੱਧ ਉਪਜ ਦੇਣ। ਇਸ ਤਰ੍ਹਾਂ ਉਤਪਾਦਨ ਵਧਾਉਣ ਵਾਲੇ ਉਪਕਰਨ, ਢੁਆਈ ਕਰਨ ਵਾਲੇ ਵਾਹਨ ਆਦਿ ਦਾ ਦੂਜਾ ਬਾਜ਼ਾਰ ਬਣ ਗਿਆ ਜਿਸ 'ਚ ਪੂੰਜੀਪਤੀ ਖੁਦ ਇੱਕ-ਦੂਜੇ ਦੇ ਮਾਲ ਦੀ ਖਰੀਦਦਾਰ ਸਨ।

ਇਸ ਲਈ ਜਿਨਸਾਂ ਦੀ ਵਧੀ ਹੋਈ ਮੰਗ ' ਸਿਰਫ਼ ਜਨਸੰਖਿਆ ਵਾਧਾ' 'ਤੇ ਨਿਰਭਰ ਨਹੀਂ ਕਰਦੀ (ਅਨਾਲੇਸ ਸਾਹਿਤਕਾਰਾਂ ਦਾ ਦ੍ਰਿਸ਼ਟੀਕੋਣ), ਸਗੋਂ ਆਪਣੀ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਦੇ ਦੁਆਰਾ ਆਪਣਾਏ ਗਏ ਵਿਵਸਾਯ 'ਤੇ ਨਿਰਭਰ ਕਰਦੀ ਹੈ। ਮਸਲਨ ਜਿਨਸਾਂ ਲਈ ਮੰਗ ਵਧਾਉਣ ਲਈ ਪਹਿਲਾਂ ਛੋਟੇ ਉਤਪਾਦਕਾਂ ਦੇ ਉਤਪਾਦਨ ਦੇ ਸਾਧਨ ਤੋਂ ਵੱਖ ਕਰਕੇ ਮਜ਼ਦੂਰ ਬਣਨਾ ਪਵੇਗਾ, ਕਿਉਂਕਿ ਤਦ ਲੋਕ ਆਪਣਾ ਢਿੱਡ ਭਰਨ ਲਈ ਜਿਨਸ ਖ਼ਰੀਦਣ ਨੂੰ ਵਿਵਸ਼ ਹੁੰਦੇ ਹਨ। ਮੰਗ ਸਮਾਜਿਕ ਤੇ ਮੁਖਤਿਆਰੀ-ਸਬੰਧਾਂ ਦੇ ਬਦਲਣ ਤੋਂ ਪੈਦਾ ਹੁੰਦੀ ਸੀ, ਸਿਰਫ਼ ਜਨਸੰਖਿਆ ਵਧਣ ਨਾਲ ਨਹੀਂ।

ਖੇਤੀ 'ਚ ਛੋਟੀਆਂ ਜੋਤਾਂ ਤੇ ਸ਼ਿਲਪ 'ਚ ਲਘੂ ਉਤਪਾਦਨ ਕਰਨ ਵਾਲੇ ਕਿਸਾਨਾਂ ਅਤੇ ਨਿਰਮਾਤਾਵਾਂ ਨੂੰ, ਯੂਰਪ ਦੇ ਜ਼ਿਆਦਾਤਰ ਹਿੱਸਿਆਂ 'ਚ ਸਮਰਥਨ ਮਿਲਿਆ ਅਤੇ ਉਹ ਨਿਮਨਲਿਖਤ ਮਹੱਤਵਪੂਰਨ ਬੋਝਾਂ ਤੋਂ ਬਚ ਗਏ (ਅਤੇ ਇਸ ਕਾਰਨ ਪੂੰਜੀਵਾਦ ਇੱਥੇ ਇੰਗਲੈਂਡ ਦੀ ਤੁਲਨਾ 'ਚ ਪੱਛੜ ਗਿਆ)- (ੳ) ਕਿਸਾਨਾਂ 'ਤੇ ਪੈ ਰਹੇ ਭਾਰੀ ਲਗਾਨ, ਟੈਕਸਾਂ ਅਤੇ ਸਾਮੰਤੀ ਟੈਕਸਾਂ ਦੇ ਬੋਝ ਨਾਲ। ਇਸ ਨਾਲ ਪੈਸਾ, ਜ਼ਮੀਨ ਤੇ ਪਸ਼ੂਧਨ ਕਿਸਾਨਾਂ ਦੇ ਕੋਲ ਜਮ੍ਹਾ ਨਾ ਹੋ ਸਕਿਆ। ਇਸ ਲਈ ਕਿਸਾਨਾਂ ਦੇ ਵਿਚਕਾਰ ਕੋਈ ਅਜਿਹਾ ਵਰਗ ਨਾ ਬਣ ਸਕਿਆ ਜੋ ਹੌਲੀ-ਹੌਲੀ ਸਾਰੀ ਜ਼ਮੀਨ ਆਪਣੇ ਹੱਥਾਂ 'ਚ ਸੰਗਠਿਤ ਕਰ ਲਵੇ ਅਤੇ ਖੁਦ ਪੂੰਜੀ-ਪ੍ਰਣਾਲੀ ਖੇਤੀ ਖੇਤਰ 'ਚ ਅਪਣਾਏ। (ਅ) ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਦਬਾਅ ਨਾਲ- ਜਿਨ੍ਹਾਂ ਨੂੰ ਖੇਤੀ 'ਚ ਆਰਥਿਕ ਸਮਾਨਤਾ ਅਤੇ ਸਮਰੱਥਾ ਨੂੰ ਬਣਾਈ ਰੱਖਿਆ। ਇਨ੍ਹਾਂ ਸੰਸਥਾਵਾਂ 'ਚ ਸਭ ਤੋਂ ਮੁੱਖ ਗ੍ਰਾਮ-ਸਭਾ ਤੇ ਨਿਰੰਕੁਸ਼ (absolutist monarchies) ਰਾਜਤੰਤਰ ਸਨ।

ਆਖ਼ਰ 'ਚ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਪੂੰਜੀਵਾਦੀ ਪ੍ਰਣਾਲੀ ਦੀ ਸਥਾਪਨਾ ਲਈ ਇਹ ਜ਼ਰੂਰੀ ਹੈ ਕਿ ਉਤਪਾਦਨ ਦੇ ਕਾਰਕ ਇੱਕ ਉਤਪਾਦਨ ਪ੍ਰਕਿਰਿਆ ਨਾਲ ਦੂਜੀ ਉਤਪਾਦਨ ਪ੍ਰਕਿਰਿਆ 'ਚ ਸੌਖਿਆਂ ਤੋਂ ਢਾਲੇ ਜਾ ਸਕਣ। ਅਜਿਹਾ ਉਦੋਂ ਸੰਭਵ ਹੁੰਦਾ ਹੈ ਜਦੋਂ ਛੋਟੇ ਸਵਤੰਤਰ ਕਾਰੀਗਰ ਤੇ ਛੋਟੇ ਕਿਸਾਨ ਨੂੰ ਆਪਣੇ ਯੰਤਰ ਤੇ ਜ਼ਮੀਨ ਤੋਂ ਵੱਖ ਕਰ ਦਿੱਤਾ ਜਾਵੇ, ਲਘੂ-ਉਤਪਾਦਨ ਪ੍ਰਕਿਰਿਆਵਾਂ ਨਸ਼ਟ ਹੋ ਜਾਣ। ਤਦ ਇਨ੍ਹਾਂ 'ਚ ਲੱਗੀ ਹੋਈ ਕਿਰਤ-ਸ਼ਕਤੀ ਅਤੇ ਜ਼ਮੀਨ ਦਾ ਕੋਈ ਵਧਰੇ ਉਤਪਾਦਕ ਪ੍ਰਕਿਰਿਆਵਾਂ ਦਾ ਗਠਨ ਕੀਤਾ ਜਾ ਸਕੇਗਾ।

ਇਸ ਅਧਾਰ 'ਤੇ ਅਸੀਂ ਹੁਣ 17ਵੀਂ ਸਦੀ ਦੇ ਯੂਰਪ 'ਚ ਪੂੰਜੀਵਾਦੀ ਪ੍ਰਵਿਰਤੀਆਂ ਦਾ ਸਰਵੇ ਕਰਾਂਗੇ। ਸਾਡੇ ਸਾਹਮਣੇ ਦੋ ਮੁੱਖ ਸਵਾਲ ਹਨ : (1) ਕਿਸ ਹੱਦ ਤੱਕ ਲਘੂ ਉਤਪਾਦਕ ਪ੍ਰਕਿਰਿਆਵਾਂ ਸੰਕਟ 'ਚ ਖ਼ਮਮ ਹੋ ਗਈਆਂ ਜਾਂ ਉਸ ਦੇ ਬਾਵਜੂਦ ਜਰੀ ਰਹੀਆਂ; (2) ਇਨ੍ਹਾਂ ਦੇ ਖ਼ਤਮ ਹੋਣ 'ਤੇ ਪੂੰਜੀਪਤੀ ਜਾਂ ਬੁਰਜੁਆ ਵਰਗ ਕਿੱਥੋਂ ਤੱਕ ਉੱਭਰ ਕੇ ਆਇਆ।

ਫਰਾਂਸ 'ਚ ਖੇਤੀ ਦੀਆਂ ਛੋਟੀਆਂ ਜੋਤਾਂ 16ਵੀਂ-17ਵੀਂ ਸ਼ਤਾਬਦੀ 'ਚ ਬਣੀਆਂ ਰਹੀਆਂ। ਕੁਝ ਹੱਦ ਤੱਕ ਇਹ ਕਮਯੂਨ ਜੀਵਨ-ਪ੍ਰਣਾਲੀ ਨਾਲ ਸੰਭਵ ਹੋ ਸਕਿਆ। ਪੇਂਡੂ ਵਰਗ 'ਚ ਧਨੀ ਕਿਸਾਨਾਂ ਨੂੰ ਉੱਪਰ ਜਾਂ ਪਰਤੀ ਜ਼ਮੀਨ 'ਤੇ ਦਰੱਖ਼ਤ ਲਾਉਣ, ਆਸਪਾਸ ਦੀ ਜ਼ਮੀਨ 'ਤੇ ਕਬਜ਼ਾ ਕਰਨ, ਪਸ਼ੂ-ਪਾਲਣ ਨੂੰ ਖੇਤੀ ਦੇ ਨਾਲ ਮਿਲਾਉਣ ਅਤੇ ਬਿਹਤਰ ਖੇਤੀ ਢੰਗ ਅਪਣਾਉਣ ਤੋਂ ਰੋਕਿਆ। ਜੇਕਰ ਉਨ੍ਹਾਂ ਨੂੰ ਰੋਕਿਆ ਨਾ ਗਿਆ ਹੁੰਦਾ ਤਾਂ ਉਨ੍ਹਾਂ ਗਰੀਬ ਅਤੇ ਛੋਟੇ ਕਿਸਾਨਾਂ ਦਾ ਗੁਜ਼ਾਰਾ ਮੁਸ਼ਕਲ ਹੋ ਗਿਆ ਹੁੰਦਾ ਜੋ ਆਪਣੇ ਖੇਤਾਂ ਦੀ ਥੋੜ੍ਹੀ ਜਿਹੀ ਪੈਦਾਵਾਰ 'ਤੇ ਨਿਰਭਰ ਕਰਦੇ ਸਨ। ਇਸ ਤਰ੍ਹਾਂ ਫਰਾਂਸ 'ਚ ਪੇਂਡੂ ਕਮਯੂਨਾਂ ਨੇ ਖੇਤੀ ਅਤੇ ਪਸ਼ੂ ਪਾਲਣ 'ਚ ਕਿਸੇ ਇੱਕ ਵਿਅਕਤੀ ਦੇ ਵੱਡੇ ਹੋ ਜਾਣ 'ਤੇ ਸਫ਼ਲਤਾਪੂਰਵਕ ਰੋਕ ਲਾ ਦਿੱਤੀ। ਕੁੱਲ ਮਿਲਾ ਕੇ ਖੇਤੀ ਅਨਾਜ਼ ਅਧਾਰਿਤ ਹੀ ਰਹੀ ਅਤੇ ਖੇਤ ਇਧਰ-ਉਧਰ ਖੁੱਲ੍ਹੇ 'ਚ ਪੱਟੀਆਂ ਦੇ ਰੂਪ 'ਚ ਖਿਲਰੇ ਰਹੇ। ਇਸ ਤਰ੍ਹਾਂ ਜ਼ਮੀਨ ਦੀ ਉਪਜਾਊ-ਸ਼ਕਤੀ ਖ਼ਤਮ ਕਰਨ ਵਾਲੇ ਖੇਤੀ ਉਪਾਅ ਜਾਰੀ ਰਹੇ। ਗ੍ਰਾਮ ਕਮਯੂਨ ਨੇ ਬਾਹਰੀ ਲੋਕਾਂ ਨੂੰ ਜ਼ਮੀਨ ਜ਼ਬਤ ਕਰਨ ਤੋਂ ਵੀ ਰੋਕਿਆ। 16ਵੀਂ ਸ਼ਤਾਬਦੀ 'ਚ ਜਦੋਂ ਗੋਸ਼ਤ ਅਤੇ ਉਨ ਦੀਆਂ ਕੀਮਤਾਂ ਅਨਾਜ ਤੋਂ ਵੱਧ ਸਨ ਉਦੋਂ ਜਿਮੀਂਦਾਰਾਂ ਦੇ ਕੁਝ ਵਰਗ (ਸ਼ਾਹੀ ਦਰਬਾਰੀਆਂ ਤੇ ਵਪਾਰੀਆਂ 'ਚੋਂ) ਨੇ ਖਾਲੀ ਪਈਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਅਤੇ ਉਸ ਨੂੰ ਆਪਣੀ ਜ਼ਮੀਨ 'ਚ ਮਿਲਾਉਣ ਦੀ ਕੋਸ਼ਿਸ਼ ਕੀਤੀ ਤਾਂਕਿ ਉਸ 'ਤੇ ਪਸ਼ੂ ਪਾਲਣ ਕੀਤਾ ਜਾ ਸਕੇ। ਪਰ ਪੇਂਡੂ-ਕਮਯੂਨਾਂ ਨੇ ਇਨ੍ਹਾਂ ਯਤਨਾਂ ਦਾ ਹੌਂਸਲੇ ਨਾਲ ਵਿਰੋਧ ਕੀਤਾ। ਚਰਾਂਦਾਂ ਦੇ ਆਲੇ-ਦੁਆਲੇ ਖੜੀਆਂ ਕਰ ਦਿੱਤੀਆਂ ਗਈਆਂ ਵਾੜਾਂ ਤੋੜ ਦਿੱਤੀਆਂ ਗਈਆਂ ਅਤੇ ਚਰਾਂਦਾਂ ਨੂੰ ਵੱਖ ਕਰਨ ਵਾਲੀਆਂ ਨਾਲੀਆਂ ਪੁੱਟ ਦਿੱਤੀਆਂ ਗਈਆਂ। ਬਾਹਰ ਦੇ ਅਜਿਹੇ ਉਪਦ੍ਰਵੀ ਤੱਤਾਂ ਦੇ ਵਿਰੁੱਧ ਪਿੰਡ ਨੂੰ ਸਥਾਈ ਬਣਾਈ ਰੱਖਣ 'ਚ ਨਿਰੰਕੁਸ਼ ਰਾਜਤੰਤਰ ਦੀਆਂ ਨੀਤਆਂ ਨਾਲ ਵੀ ਵੱਡੀ ਮੱਦਦ ਮਿਲੀ। ਵਿਸ਼ੇਸ਼ ਕਰਕੇ ਸੋਲਵੀਂ ਸ਼ਤਾਬਦੀ 'ਚ ਲੂਈ ਤੇਰਹਵੇਂ ਦੇ ਸ਼ਾਸਨਕਾਲ 'ਚ ਸਰਕਾਰੀ ਅਫ਼ਸਰ ਇਸ ਨੂੰ ਰੋਕਣ 'ਚ ਬੜੇ ਚੌਕਸ ਰਹੇ। ਇਨ੍ਹਾਂ ਅਫ਼ਸਰਾਂ 'ਚ ਸਭ ਤੋਂ

ਨੋਟ

ਮਹੱਤਵਪੂਰਨ ਇਨਟੇਂਡੇਂਟ (intendants) ਰਹੇ ਜੋ ਰਾਜ ਦੇ ਪ੍ਰਤੀਨਿਧੀ ਬਣ ਕੇ ਦੇਹਾਤੀ ਖੇਤਰ 'ਚ ਜਾਂਦੇ ਸਨ ਤੇ ਖੁਸ਼ਹਾਲ ਜਿਮੀਂਦਾਰਾਂ ਨੂੰ ਦੂਜਿਆਂ ਦੀ ਜਾਂ ਪਿੰਡ ਦੀ ਜ਼ਮੀਨ 'ਤੇ ਕਬਜ਼ਾ ਕਰਨ ਤੋਂ ਅਤੇ ਕਿਰਾਏ ਵਧਣ ਤੋਂ ਰੋਕਦੇ ਸਨ। ਤੀਹ ਸਾਲਾ ਯੁੱਧ 'ਚ ਕਿਸਾਨਾਂ ਦੀ ਜਾਇਦਾਦ ਦੇ ਵਿਨਾਸ਼ ਤੋਂ ਬਾਅਦ ਛੋਟੇ ਕਿਸਾਨਾਂ ਦੀ ਜ਼ਮੀਨ ਸੁਰੱਖਿਆ ਰੱਖਣ ਅਤੇ ਪੇਂਡੂ-ਸੰਗਠਨ ਨੂੰ ਬਣਾਈ ਰੱਖਣ ਲਈ ਇਨ੍ਹਾਂ ਇਨਟੈਂਡੇਂਟਾਂ ਦੀ ਭੂਮਿਕਾ ਬੜੀ ਮਹੱਤਵਪੂਰਨ ਰਹੀ। ਇਸ ਤਰ੍ਹਾਂ ਰਾਜ ਦੇ ਸੁਰੱਖਿਅਕ ਦੇ ਰੂਪ 'ਚ ਇਨ੍ਹਾ ਇਨਡੈਂਟਡੈਂਟਾਂ ਨੇ ਆਪਣੀ ਭੂਮਿਕਾ ਨੂੰ ਵੀ ਕਿਸਾਨਾਂ ਦੀ ਨਜ਼ਰ 'ਚ ਬਣਾਈ ਰੱਖਿਆ ਤੇ ਵਾਧੂ ਗਿਣਤੀ 'ਚ ਕਰਦਾਤਾ ਪਰਿਵਾਰਾਂ ਨੂੰ ਵੀ ਬਣਾਈ ਰੱਖਿਆ (ਕਿਉਂਕਿ ਫਰਾਂਸ 'ਚ ਰਾਜਸ਼ਾਹੀ ਦੇ ਲੋਕ ਕਰਮੁਕਤ ਸਨ, ਅਤੇ ਰਾਜ ਕਿਸਾਨਾਂ ਤੋਂ ਪ੍ਰਾਪਤ ਟੈਕਸਾਂ 'ਤੇ ਕਾਫ਼ੀ ਹੱਦ ਤੱਕ ਨਿਰਭਰ ਸੀ। 17ਵੀਂ ਸ਼ਤਾਬਦੀ ਦੇ ਸ਼ੁਰੂ 'ਚ ਹੀ ਰਾਜਤੰਤਰ,ਉਸ ਦੀਆਂ ਅਦਾਲਤਾਂ, ਵਿਸ਼ਾਲ ਫ਼ੌਜ, ਅਫ਼ਸਰਾਂ ਦੀ ਲੰਬੀ-ਚੌੜੀ ਫੌਜ ਤੇ ਸ਼ਾਹੀ ਸ਼ਾਨੋ-ਸ਼ੌਕਤ ਨੂੰ ਬਣਾਈ ਰੱਖਣ ਲਈ ਕੁਝ ਨਵੇਂ ਟੈਕਸ, ਜਿਵੇਂ ਚੁੱਲ੍ਹਾ ਟੈਕਸ, ਲੂਣ ਟੈਕਸ ਆਦਿ ਲਾਏ ਗਏ ਸਨ)।

ਇਸ ਤਰ੍ਹਾਂ ਫਰਾਂਸ 'ਚ ਖੇਤੀ ਦੀਆਂ ਛੋਟੀਆਂ ਜੋਤਾਂ (ਛੋਟੇ ਉਤਪਾਦਕਾਂ) ਨੂੰ ਵੱਡੇ ਜਿਮੀਂਦਾਰਾਂ ਤੇ ਵਪਾਰੀਆਂ ਤੋਂ ਬਚਾ ਕੇ ਰਾਜਸ਼ਾਹੀ ਨੇ ਉਨ੍ਹਾਂ ਨੂੰ ਟੁੱਟਣ ਤੋਂ ਬਚਾਇਆ। ਪਰ ਉਸ 'ਚ ਖੁਦ ਆਰਥਿਕ ਵਿਕਾਸ ਲਈ ਦਮ ਨਹੀਂ ਸੀ ਕਿਉਂਕਿ ਕਿਸਾਨਾਂ ਦੇ ਕੋਲ ਪੈਸਾ ਜਮ੍ਹਾਂ ਹੀ ਨਾ ਹੋ ਸਕਿਆ। ਉਨ੍ਹਾਂ ਨੇ ਰਾਜ, ਚਰਚ ਅਤੇ ਸਾਮੰਤੀ ਜਾਗੀਰਦਾਰਾਂ ਨੂੰ ਭਾਰੀ ਟੈਕਸ ਦੇਣਾ ਹੁੰਦੇ ਸਨ। ਗੋਬਰਟ ਨੇ ਅਨੁਮਾਨ ਲਾਇਆ ਹੈ ਕਿ ਇੱਕ ਔਸਤ ਖਾਂਦੇ-ਪੀਂਦੇ ਕਿਸਾਨ ਨੂੰ ਆਪਣੀ ਕਣਕ ਦੀ ਪੈਦਾਵਾਰ ਦਾ ਇੱਕ ਤਿਹਾਹੀ ਹਿੱਸਾ ਅਤੇ ਜੇਕਰ ਮੋਟਾ ਅਨਾਜ ਹੋਵੇ ਤਾਂ ਹੋਰ ਵੀ ਵੱਧ ਹਿੱਸਾ-ਉਕਤ ਟੈਕਸਾਂ ਦੇ ਰੂਪ 'ਚ ਦੇਣਾ ਹੁੰਦਾ ਸੀ। ਇਹੀ ਫਰਾਂਸ 'ਚ 17ਵੀਂ ਸ਼ਤਾਬਦੀ ਦੀ ਖੇਤੀ ਦੀ ਵਿਸ਼ੇਸ਼ਤਾ ਸੀ। ਜਦੋਂ ਕਿ ਕੁਝ ਹੋਰ ਪ੍ਰਵਿਰਤੀਆਂ ਵੀ ਦਿਖਾਈ ਦੇ ਰਹੀਆਂ ਸਨ, ਪਰ ਉਹ ਅਜੇ ਇੰਨੀਆਂ ਮੁੱਖ ਨਹੀਂ ਸਨ। ਸੋਲ੍ਹਵੀਂ ਸ਼ਤਾਬਦੀ ਦੇ ਆਖ਼ਰ ਤੋਂ ਲੈ ਕੇ 18ਵੀਂ ਸ਼ਤਾਬਦੀ ਦੇ ਸ਼ੁਰੂ ਤੱਕ ਖੇਤੀ ਦੇ ਖੇਤਰ 'ਚ ਆਏ ਸੰਕਟਚੱਕਰ ਅਤੇ ਕੀਮਤਾਂ 'ਚ ਉਤਰਾਅ-ਚੜ੍ਹਾਅ ਛੋਟੀਆਂ ਜੋਤਾਂ ਦੇ ਕਿਸਾਨਾਂ ਦੀ ਆਤਮਨਿਰਭਰਤਾ ਖ਼ਤਮ ਹੋ ਗਈ ਅਤੇ ਉਹਨਾਂ ਨੇ ਆਪਣੀ ਜੀਵਿਕਾ ਦੇ ਲਈ ਨਾਲ ਹੀ ਕੋਈ ਮਜ਼ਦੂਰੀ ਦਾ ਕੰਮ ਕਰਨਾ ਸੌਖਾ ਹੋ ਗਿਆ। ਗੋਵਰਟ ਨੇ ਲਿਖਿਆ ਹੈ ਕਿ ਫਰਾਂਸ ਦੇ ਕੁਝ ਭਾਗਾਂ ਵਿੱਚ ਸਮਰਿਧ ਕਿਸਾਨਾਂ ਅਤੇ ਵਪਾਰੀਆਂ ਦੇ ਕੋਲ ਛੋਟੇ ਕਿਸਾਨਾਂ ਲਈ ਅਜਿਹਾ ਕੰਮ ਸੀ। ਇਨ੍ਹਾਂ ਛੋਟੇ ਕਿਸਾਨਾਂ ਨੂੰ ਬੀਜ਼, ਹਲ਼ ਜਾਂ ਘੋੜਾ ਉਧਾਰ ਦੇ ਕੇ ਬਦਲੇ 'ਚ ਧਨੀ ਕਿਸਾਨ ਉਨ੍ਹਾਂ ਤੋਂ ਆਪਣੇ ਖੇਤਾਂ 'ਚ ਮਜ਼ਦੂਰੀ ਕਰਵਾ ਕੇ ਆਪਣੀ ਜ਼ਮੀਨ ਅਤੇ ਉਪਜ ਵਧਾ ਰਹੇ ਸਨ। ਇਹੀ ਨਹੀਂ, ਕਮੀ ਵਾਲੇ ਦਿਲਾ 'ਚ ਜਦੋਂ ਅਨਾਜ਼ ਦੀ ਕੀਮਤ ਤਿੰਨ-ਚਾਰ ਗੁਣਾ ਵਧ ਜਾਂਦੀ ਸੀ, ਧਨੀ ਕਿਸਾਨ (ਜਿਨ੍ਹਾਂ ਕੋਲ ਆਪਣੀ ਲੋੜ ਤੋਂ ਵੱਧ ਅਨਾਜ਼ ਹੁੰਦਾ ਸੀ) ਖੂਬ ਚੰਗਾ ਮੁਨਾਫ਼ਾ ਕਮਾਉਂਦੇ ਸਨ। ਫਰਾਂਸ ਦੇ ਕੁਝ ਹਿੱਸਿਆਂ 'ਚ ਇਨ੍ਹਾਂ ਦੋ ਤਰ੍ਹਾਂ ਦੇ ਕਿਸਾਨਾਂ ਦਰਮਿਆਨ ਦਾ ਸਮਾਜਿਕ ਅੰਤਰ ਸਪੱਸ਼ਟ ਦਿਖਾਈ ਦੇਣ ਲੱਗਿਆ ਸੀ। ਮਾਨੋਵ੍ਰਿਅਰ (Manouvrier) ਦੇ ਕੋਲ ਕੋਈ ਜ਼ਮੀਨ ਨਹੀਂ ਸੀ ਅਤੇ ਉਹ ਖੁਸ਼ਹਾਲ ਕਿਸਾਨ ਦੇ ਖੇਤਾਂ 'ਚ ਕੰਮ ਕਰਦਾ ਸੀ, 'ਲੈਬੋਰੀਅਰ' (Laboureur) ਸ਼ਬਦ ਮੱਧਵਰਗੀ ਤੇ ਧਨੀ ਕਿਸਾਨ ਦੇ ਅੰਤਰ ਨੂੰ ਸਪੱਸ਼ਟ ਕਰਦਾ ਸੀ। ਗੋਰਬਰਟ ਦਾ ਕਹਿਣਾ ਹੈ ਕਿ ਅਜਿਹੇ ਵੱਡੇ ਕਿਸਾਨ ਹਰ ਪਿੰਡ 'ਚ ਗਿਣੇ-ਚੁਣੇ ਹੀ ਸਨ, ਪਰ ਆਰਥਿਕ ਨਜ਼ਰੀਏ ਤੋਂ ਉਹ ਸਭ ਤੋਂ ਸ਼ਕਤੀਸ਼ਾਲੀ ਸਨ। ਇਸ ਲਈ ਜੋ ਕਾਲ ਬਹੁਸੰਖਿਅਕ ਲੋਕਾਂ ਲਈ ਆਰਥਿਕ ਸੰਕਟ ਦਾ ਕਾਲ ਹੁੰਦਾ ਸੀ, ਉਹ ਕੁਝ ਲਈ ਬੇਸ਼ੁਮਾਰ ਪੈਸਾ ਜਮ੍ਹਾ ਕਰਨ ਦਾ ਸਮਾਂ ਹੁੰਦਾ ਸੀ, ਅਤੇ ਜਿਸ ਨਾਲ ਹਰੇਕ ਦਾ ਆਰਥਿਕ ਜੀਵਨ ਨਵੇਂ ਸਿਰਿਓਂ ਤੈਅ ਹੋ ਰਿਹਾ ਸੀ।

ਸਪੇਨ 'ਚ, ਜਿਵੇਂ ਕਿ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ, ਰਾਜ ਦੀਆਂ ਨੀਤੀਆਂ ਭੇਡ ਪਾਲਕ ਅਭਿਜਾਤ ਤੇ ਜਿਮੀਂਦਾਰ ਵਰਗ ਦੇ ਪੱਖ 'ਚ ਅਨਾਜ ਉਤਪਾਦਕ ਕਿਸਾਨਾਂ ਨੂੰ ਨਿਰਾਸ਼ ਕਰਨ ਵਾਲੀਆਂ ਸਨ। 17ਵੀਂ ਸ਼ਤਾਬਦੀ 'ਚ ਸਪੇਨ ਦੇ ਰਾਜਾ ਨੇ ਅਭਿਜਾਤ ਭੇਡ ਪਾਲਕਾਂ ਨੂੰ ਆਪਣਾ ਰੇਵੜ ਤੇ ਵੱਡਾ ਕਰਨ ਲਈ ਅਤੇ ਖੇਤੀ ਯੋਗ ਜ਼ਮੀਨ 'ਤੇ ਕਬਜ਼ਾ ਕਰਨ ਦੀ ਅਗਿਆ ਦੇ ਦਿੱਤੀ। ਇਸ ਦੇ ਨਾਲ ਹੀ ਅਨਾਜਾਂ ਦੀਆਂ ਕੀਮਤਾਂ 'ਚ ਆਈ ਗਿਰਾਵਟ ਨਾਲ ਤਾਂ ਕਿਸਾਨਾਂ ਦੀ ਰੀੜ੍ਹ ਹੀ ਟੁੱਟ ਗਈ ਸੀ। ਉਹ ਜਾਂ ਤਾਂ ਆਮ ਤੌਰ 'ਤੇ ਭਿਖਾਰੀ ਬਣ ਗਏ ਜਾਂ ਫੌਜ 'ਚ ਭਰਤੀ ਹੋ ਗਏ। 18ਵੀਂ ਦੇ ਅੰਤ ਤੱਕ ਜ਼ਮੀਨ ਦਾ ਵੱਡਾ ਹਿੱਸਾ, ਜਿਸ 'ਤੇ ਪਹਿਲਾਂ ਖੇਤੀ ਹੁੰਦੀ ਸੀ, ਹੁਣ ਖਾਲੀ ਪਿਆ ਰਿਹਾ।

ਪੂਰਬੀ ਯੂਰਪ 'ਚ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਧਨੀ ਜਿਮੀਂਦਾਰਾਂ ਨੇ ਡੰਡੇ ਦੇ ਜ਼ੋਰ 'ਤੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆ ਲਈਆਂ। ਯੂਰਪ ਦੇ ਇਸ ਹਿੱਸੇ ਦੇ ਦੇਸ਼ਾਂ ਦੇ ਰਾਜਤੰਤਰ ਕਿਸਾਨਾਂ ਨੂੰ ਸੁਰੱਖਿਆ ਦੇਣ ਅਤੇ ਉਨ੍ਹਾਂ ਦੀ ਉਪਜ 'ਤੇ ਆਪਣਾ ਅਧਿਕਾਰ ਜਮਾਉਣ 'ਚ ਅਸਮਰੱਥ ਸਨ, ਸਿੱਟ ਵਜੋਂ ਵੱਡੇ ਜਿਮੀਂਦਾਰ ਹੋਰ ਵੀ ਨਿਰੰਕੁਸ਼ ਹੋ ਗਏ ਸਨ। ਇਨ੍ਹਾਂ ਸਾਮੰਤਾਂ ਨੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜਾ ਕਰਕੇ ਉਨ੍ਹਾਂ ਨੂੰ ਆਪਣੇ-ਆਪਣੇ ਵੱਡੇ ਫਾਰਮਾਂ (ਡਿਮੇਨਾਂ) 'ਤੇ ਸਖ਼ਤ ਮਿਹਨਤ ਕਰਨ ਲਈ ਮਜ਼ਬੂਰ ਕਰ ਦਿੱਤਾ। ਪਰ ਕਿਉਂਕਿ ਜਿਮੀਂਦਾਰ ਵੀ ਖੇਤੀ ਦੀਆਂ ਨਵੀਆਂ ਤਕਨੀਕਾਂ ਅਪਣਾਉਣ ਨੂੰ ਉਤਸੁਕ ਨਹੀਂ ਸਨ, ਇਸ ਲਈ 17ਵੀਂ ਸਦੀ 'ਚ ਜਦੋਂ ਮੰਦੀ ਦਾ ਦੌਰ ਆਇਆ ਉਦੋਂ ਇਨ੍ਹਾਂ ਜਿਮੀਂਦਾਰਾਂ ਨੇ ਆਪਣੀ ਆਮਦਨ ਵਧਾਉਣ ਲਈ ਛੋਟੇ ਕਿਸਾਨਾਂ 'ਤੇ ਹੋਰ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤਾ। ਇਹ ਨੀਤੀ ' ਬੇਨਰਲੇਗਾਨ' (benarlegan) ਕਹੀ ਜਾਂਦੀ ਸੀ। ਸਰਫ਼ ਭਾਵ ਬੰਧੂਆ ਕਿਸਾਨਾਂ (ਖੇਤੀਦਾਸਾਂ) ਤੋਂ ਮਜ਼ਦੂਰੀ ਹੋਰ ਸਖ਼ਤੀ ਨਾਲ ਕਰਵਾਈ ਜਾਣ ਲੱਗੀ ਅਤੇ ਸ਼ਰਾਬ, ਨਮਕ, ਆਟਾ ਪੀਸਣ, ਰੋਟੀ ਬਣਾਉਣ ਆਦਿ 'ਤੇ ਹੋਰ ਜ਼ਿਆਦਾ ਟੈਕਸ ਲਾ ਕੇ ਉਨ੍ਹਾਂ 'ਤੇ ਸਾਮੰਤੀ ਟੈਕਸ ਵਧਾ ਦਿੱਤੇ ਗਏ। ਪੱਛਮੀ ਯੂਰਪ 'ਚ ਵਪਾਰੀਆਂ ਦੀ ਜਿਸ ਧਨ-ਸੰਪਦਾ ਨੇ ਖੇਤੀ ਵਿਕਾਸ 'ਚ ਭੂਮਿਕਾ ਅਦਾ ਕੀਤੀ, ਉਸ ਨੂੰ ਇੱਥੇ ਮੌਕਾ ਨਾ ਮਿਲਿਆ। ਇਹ ਕਾਰਨਾਮਾ ਵੀ ਸਾਮੰਤਾਂ ਦਾ ਸੀ, ਜਿਨ੍ਹਾਂ ਨੇ 17ਵੀਂ ਸ਼ਤਾਬਦੀ 'ਚ ਆਪਣੀ ਆਮਦਨੀ ਵਧਾਉਣ ਲਈ ਕਣਕ ਦਾ ਵਪਾਰ ਆਪਣੇ ਹੱਥ 'ਚ ਲੈ ਲਿਆ ਸੀ। ਇਸ ਲਈ ਯੂਰਪ 'ਚ ਨਾ ਤਾਂ ਕਿਸਾਂਨਾ 'ਚ ਪੂੰਜੀਵਾਦੀ ਬਰਜੁਆ ਪ੍ਰਵਿਰਤੀ ਪਣਪ ਸਕੀ ਤੇ ਨਾ ਹੀ ਵਪਾਰੀ ਵਰਗ 'ਚ। 19ਵੀਂ ਸ਼ਤਾਬਦੀ ਤੱਕ ਇਹੀ ਹਾਲਤ ਰਹੀ। ਜਦੋਂ ਤੱਕ ਜਿਮੀਂਦਾਰ ਰਾਜਨੀਤਿਕ ਸੱਤਾ 'ਚ ਸਨ ਉਨ੍ਹਾਂ ਨੂੰ ਨਵੀਂਆਂ ਤਕਨੀਕਾਂ ਦੀ ਪਰਵਾਹ ਨਹੀਂ ਸੀ। ਆਪਣੀ ਆਮਦਨੀ ਤੇ ਉਪਜ ਵਧਾਉਣ ਦੀ ਬਜਾਇ ਉਹ ਸਰਫ਼ਾਂ ਦੇ ਹਿੱਸੇ 'ਚੋਂ ਕੁਝ ਹਿੱਸਾ ਹੜੱਪ ਸਕਦੇ ਸਨ।

ਯੂਰਪ ਦੀ ਇਸ ਆਮ ਪ੍ਰਣਾਲੀ ਤੋਂ ਇੰਗਲੈਂਡ ਇਕਦਮ ਵੱਖ ਸਾਬਤ ਹੋਇਆ। ਇੱਥੇ ਛੋਟੇ ਕਿਸਾਨਾਂ ਦੀ ਉਪਜ ਨੂੰ 17ਵੀਂ ਸ਼ਤਾਬਦੀ ਤੋਂ ਬਹੁਤ ਪਹਿਲਾਂ ਹੀ ਲਾਂਭੇ ਕੀਤਾ ਜਾਣ ਲੱਗਿਆ ਸੀ। 16ਵੀਂ ਸ਼ਤਾਬਦੀ 'ਚ ਵੀ ਇੱਥੇ ਅਜਿਹੇ ਧਨੀ ਕਿਸਾਨਾਂ ਦੀ ਇੱਕ ਪੰਕਤੀ ਦਿਖਾਈ ਦੇ ਰਹੀ ਸੀ ਜੋ ਖੇਤਾਂ 'ਤੇ ਵਾੜ ਲਾ ਕੇ ਕਮਯੂਨ ਦੀ ਪਾਬੰਦੀ ਤੋਂ ਮੁਕਤ ਹੋ ਗਏ ਸਨ ਤੇ ਨਵੀਂ ਤਕਨੀਕ ਅਪਣਾਉਣ ਲੱਗੇ ਸਨ। ਉਹ

ਨੋਟ

ਨਵੀਆਂ ਫ਼ਸਲਾਂ ਲੰਬੀ ਮਿਆਦ ਦੇ ਫ਼ਸਲੀ ਚੱਕਰ 'ਚ ਬੀਜਦੇ ਸਨ ਤੇ ਪਸ਼ੂ-ਪਾਲਣ ਵਿਵਸਥਾ ਵੀ ਅਪਨਾਏ ਬੈਠੇ ਸਨ। ਇਸ ਸਾਰੇ ਤਰੀਕੇ ਉਪਜ ਵਧਾਉਣ ਲਈ ਮਹੱਤਵਪੂਰਨ ਸਨ। ਕਿਸਾਨ-ਵਰਗ ਦੇ ਅੰਦਰ ਇੰਗਲੈਂਡ 'ਚ ਅੰਤਰ ਇੰਨੀ ਤੇਜ਼ੀ ਨਾਲ ਕਿਉਂ ਆਇਆ, ਇਸ ਦਾ ਇੱਕ ਮੁੱਖ ਕਾਰਨ ਇਹ ਸੀ ਕਿ ਸਾਮੰਤੀ ਜਿਮੀਂਦਾਰਾਂ ਦਾ ਪ੍ਰਭਾਵ ਉਥੇ ਬਾਕੀ ਯੂਰਪ ਨਾਲੋਂ ਬਹੁਤ ਦੇਰ ਤੋਂ ਹੋਇਆ। ਫਰਾਂਸ 'ਚ ਗਿਆਰਵੀਂ, ਬਾਰਵੀਂ ਸ਼ਤਾਬਦੀ 'ਚ ਹੀ ਸਾਮੰਤੀ ਟੈਕਸਾਂ ਤੇ ਕਿਰਾਏ ਦੇ ਵਿਰੁੱਧ ਕਿਸਾਨ ਇਕਜੁਟ ਹੋਣ ਲੱਗੇ ਸਨ। ਉਨ੍ਹਾਂ ਦੇ ਇਨ੍ਹਾਂ ਦ੍ਰਿੜ ਕਮਯੂਨਾਂ ਦੇ ਕਾਰਨ ਬਾਦਅ 'ਚ ਵੀ ਫਰਾਂਸ 'ਚ ਧਨੀ ਕਿਸਾਨ ਬੁਰਜੁਆ ਵਰਗ ਨਹੀਂ ਪਣਪ ਸਕਿਆ। ਫਰਾਂਸ ਦੇ ਕਿਸਾਨ ਵਰਗ ਦੀ ਏਕਤਾ ਦਾ ਸੰਬੰਧ ਇਸ ਤੱਥ ਤੋਂ ਵੀ ਹੈ ਕਿ ਨੌਵੀਂ ਤੋਂ ਗਿਆਰਵੀਂ ਸ਼ਤਾਬਦੀ ਦਰਮਿਆਨ ਜਿੱਥੇ ਪੇਂਡੂ ਕਮਯੂਨ ਬਣੇ, ਉਦੋਂ ਉਥੋਂ ਦੇ ਕਿਸਾਨ ਇੱਕੋ ਜਿਹੇ ਧਨੀ ਅਤੇ ਸਨਮਾਨਿਤ ਸਨ। ਇਸ ਲਈ ਉਹ ਲੋਕ ਅਨਿਯਮਿਤ ਲਗਾਨ ਤੇ ਟੈਕਸ ਵਾਧਾ ਅਤੇ ਜ਼ੁਰਮਾਨਿਆਂ ਦੇ ਵਿਰੋਧ 'ਚ ਇਕਜੁਟ ਹੋ ਕੇ ਜਿਮੀਂਦਾਰ ਦੇ ਵਿਰੁੱਧ ਲੜੇ। ਵਿਸ਼ੇਸ਼ ਤੌਰ 'ਤੇ ਬਾਰਵੀਂ, ਤੇਰਵੀਂ ਸ਼ਤਾਬਦੀ 'ਚ ਐਲਾਨ ਪੱਤਰ ਅੰਦੋਲਨ (ਚਾਰਟਰ) ਦੇ ਦੌਰਾਨ ਉਨ੍ਹਾਂ ਦੇ ਵਿਚਕਾਰ, ਫਰਾਂਸ 'ਚ ਜ਼ਬਰਦਸਤ ਏਕਤਾ ਰਹੀ। ਇੰਗਲੈਂਡ 'ਚ ਛੋਟੇ ਕਿਸਾਨਾਂ 'ਤੇ ਸਾਮੰਤਾਂ ਦਾ ਕੰਟਰੋਲ ਗਿਆਰਵੀਂ ਸ਼ਤਾਬਦੀ ਦੇ ਆਖ਼ਰ 'ਚ, ਨਾਰਮਨਾਂ ਦੀ ਜਿੱਤ ਤੋਂ ਪਿੱਛੋਂ ਬਾਅਦ 'ਚ ਸ਼ੁਰੂ ਹੋਇਆ ਅਰਥਾਤ ਫਰਾਂਸ ਤੋਂ ਢਾਈ ਸੌ ਸਾਲ ਬਾਅਦ। ਉਦੋਂ ਤੱਕ ਉਥੇ ਖੇਤੀ 'ਚ ਨਵੀਆਂ ਤਕਨੀਕਾਂ ਦੀ ਵਰਤੋਂ ਵਿਆਪਕ ਹੋ ਚੁੱਕੀ ਸੀ। ਇੰਗਲੈਂਡ 'ਚ ਭਾਰੀ ਹਲ ਅਤੇ ਹਲਕੇ ਹਲ ਦਾ ਜਾਂ ਹੱਥ ਨਾਲ ਚਲਾਏ ਜਾਣ ਵਾਲਿਆਂ ਦਾ ਫ਼ਰਕ ਕਾਫ਼ੀ ਸੀ। ਇਨ੍ਹਾਂ ਦੋਵਾਂ ਵਰਗਾਂ ਦਾ ਸਾਮੰਤੀ ਜਿਮੀਂਦਾਰਾਂ ਨਾਲ ਸਬੰਧ ਵੀ ਵੱਖ-ਵੱਖ ਤਰ੍ਹਾਂ ਦਾ ਸੀ ਤੇ ਸ਼ੁਰੂ 'ਚ ਹੀ ਇਹ ਅਸਮਾਨਤਾ ਕਾਨੂੰਨੀ ਮਾਨਤਾ ਦੇ ਰੂਪ 'ਚ ਤੈਅ ਹੋ ਗਈ ਸੀ। ਧਨੀ ਕਿਸਾਨ ਜ਼ਮੀਨ ਦੇ ਮਾਲਕ ਸਨ ਤੇ ਉਨ੍ਹਾਂ 'ਤੇ ਰੂੜੀਵਾਦੀ ਵਿਧੀ-ਕਾਨੂੰਨ, ਜਿਸ 'ਚ ਉਨ੍ਹਾਂ ਦਾ ਆਪਣੀਆਂ ਜੋਤਾਂ 'ਤੇ ਹੱਕ ਮੰਨਿਆ ਜਾਂਦਾ ਸੀ, ਲਾਗੂ ਹੁੰਦਾ ਸੀ। ਬਾਕੀ ਹੋਰ ਕਿਸਾਨਾਂ ਦੀ ਮਜ਼ਦੂਰੀ 'ਤੇ ਟੈਕਸ ਲਾਏ ਗਏ। ਇਹ ਲੋਕ ਪੂਰੀ ਤਰ੍ਹਾਂ ਸਾਮੰਤੀ ਜਿਮੀਂਦਾਰਾਂ ਦੀ ਕਿਰਪਾ 'ਤੇ ਆਸ਼ਰਿਤ ਸਨ ਤੇ ਬਾਰਵੀਂ ਸ਼ਤਾਬਦੀ ਤੋਂ ਇਨ੍ਹਾਂ 'ਤੇ ਰੂੜੀਗਤ ਵਿਧੀ-ਕਾਨੂੰਨ ਵੀ ਲਾਗੂ ਨਹੀਂ ਹੁੰਦੇ ਸਨ। ਇਸ ਲਈ ਅੰਗਰੇਜ਼ ਕਿਸਾਨਾਂ ਨੂੰ ਫਰਾਂਸੀਸੀ ਕਿਸਾਨਾਂ ਦੀ ਤੁਲਨਾ ਵਿੱਚ ਸਵਰਸਮਤਾਵਾਦੀ ਪ੍ਰਵਿਰਤੀ ਬਹੁਤ ਘੱਟ ਸੀ ਤੇ ਇਸ ਕਾਰਨ ਸੋਲ੍ਹਵੀਂ, ਸਤਾਰਵੀਂ ਸ਼ਤਾਬਦੀ 'ਚ ਇੰਗਲੈਂਡ ਦੇ ਕਿਸਾਨ ਵਰਗ 'ਚੋਂ ਹੀ ਖੇਤੀ ਉਦਮੀ ਸੌਖੇ ਹੀ ਉਭਰ ਆਏ ਜਿਨ੍ਹਾਂ ਨੇ ਹੌਲੀ-ਹੌਲੀ ਉਤਪਾਦਨ ਦੇ ਕਾਰਕ ਆਪਣੇ ਵੱਸ 'ਚ ਕਰ ਲਏ ਅਤੇ ਖੇਤੀ ਖੇਤਰ 'ਚ ਪੂੰਜੀ ਪ੍ਰਣਾਲੀ ਦੀ ਸ਼ੁਰੂਆਤ ਕੀਤੀ।

ਇੰਗਲੈਂਡ 'ਚ ਇੱਕ ਹੋਰ ਪੱਧਰ 'ਤੇ ਵੀ ਖੇਤੀ ਉੱਦਮ ਪਣਪਿਆ। ਉਹ ਹੇਠਲੇ ਤਬਕੇ ਦੇ ਸਾਮੰਤਾਂ ਅਤੇ ਜਿਮੀਂਦਾਰਾਂ 'ਚ ਪਣਪਿਆ ਸੀ। ਇੰਗਲੈਂਡ ਤੇ ਫਰਾਂਸ ਦੋਵੇਂ ਹੀ ਜਗ੍ਹਾ ਖੁਸ਼ਹਾਲ ਤੇ ਸਾਮੰਤ ਲੋਕ ਤੇਰਵੀਂ ਤੇ ਸੋਲ੍ਹਵੀਂ ਸ਼ਤਾਬਦੀ 'ਚ ਕੀਮਤਾਂ 'ਚ ਵਾਧੇ ਦਾ ਸ਼ਿਕਾਰ ਹੋ ਗਏ ਸਨ। ਪਰ ਸਿਰਫ਼ ਇੰਗਲੈਂਡ 'ਚ ਇਨ੍ਹਾਂ ਲੋਕਾਂ ਨੇ ਆਪਣੀ ਜ਼ਮੀਨ ਦੀ ਵਰਤੋਂ ਪੈਦਾਵਾਰ ਵਧਾਉਣ ਦੇ ਨਵੇਂ ਤਰੀਕੇ ਅਪਨਾ ਕੇ ਵਧੇਰੇ ਕਾਰਗਰ ਢੰਗ ਨਾਲ ਕੀਤਾ। ਅਜਿਹਾ ਕਿਉਂ ਹੋਇਆ ? ਫਰਾਂਸ 'ਚ ਰਾਜਸ਼ਾਹੀ ਨ ਇਨ੍ਹਾਂ ਸਾਮੰਤਾਂ ਨੂੰ ਆਪਣੇ ਪ੍ਰਸ਼ਾਸਨ ਤੰਤਰ ਤੇ ਫੌਜ 'ਚ ਚੰਗੇ-ਚੰਗੇ ਅਹੁਦੇ ਦੇ ਕੇ ਆਰਥਿਕ ਨਜ਼ਰੀਏ ਤੋਂ ਸੁਰੱਖਿਅਤ ਬਣਾ ਦਿੱਤਾ। 17ਵੀਂ ਸ਼ਤਾਬਦੀ ਤੱਕ ਸਾਮੰਤ ਲੋਕ ਆਪਣੇ ਵਰਗ 'ਚ ਕਿਸੇ ਹੋਰ ਨੂੰ ਸ਼ਾਮਲ ਕਰਨ ਦੇ ਪੱਖ 'ਚ ਨਹੀਂ ਸਨ। ਇਸ ਤਰ੍ਹਾਂ ਫਰਾਂਸ 'ਚ ਰਾਜਸ਼ਾਹੀ ਨੇ ਇਸ ਨੂੰ ਆਰਥਿਕ ਤੇ ਸਮਾਜਿਕ ਦੋਵਾਂ ਨਜ਼ਰੀਏ ਤੋਂ ਸੁਰੱਖਿਅਤ ਕਰਨ ਦਾ ਯਤਨ ਕੀਤਾ। ਇਸ ਦੇ ਉਲਟ ਇੰਗਲੈਂਡ ਦੇ ਟਿਊਡਰ ਤੇ ਸਟੂਅਰਟ ਸ਼ਾਸਨ 'ਚ ਇੰਗਲੈਂਡ ਦਾ ਅਜਿਹਾ ਵੱਡਾ ਪ੍ਰਸ਼ਾਸਨਿਕ ਤੇ ਸੈਨਿਕ ਢਾਂਚਾ ਨਹੀਂ ਸੀ ਕਿ ਉਥੋਂ ਦੇ ਸਾਮੰਤ ਲੋਕਾਂ ਨੂੰ ਉਸ 'ਚ ਖਪਾ ਲਿਆ ਜਾਂਦਾ। ਇਸ ਲਈ ਇੰਗਲੈਂਡ ਦੇ ਜ਼ਿਆਦਾਤਰ ਸਾਮੰਤਾਂ ਤੇ ਧਨੀ ਲੋਕਾਂ ਨੂੰ ਆਪਣੇ ਲਈ ਸਾਧਨ ਖੁਦ ਬਣਾਉਣੇ ਪਏ। ਚੌਦਵੀਂ ਅਤੇ ਪੰਦਰਵੀਂ ਸ਼ਤਾਬਦੀ ਦੇ ਆਰਥਿਕ ਸੰਕਟ ਦੇ ਦੌਰ 'ਚ ਹੀ ਇੰਗਲੈਂਡ ਦੇ ਜਿਮੀਦਾਰ ਸਾਮੰਤ ਆਪਣੀ ਜਮੀਨ 'ਤੇ ਫਸਲਾਂ ਦਾ ਦੀਰਘਕਾਲੀਨ ਕਰਮ ਅਤੇ ਵਪਾਰਿਕ ਪੱਧਰ 'ਤੇ ਭੇਡਾਂ ਪਾਲਣ ਦਾ ਕੰਮ ਕਰ ਰਹੇ ਸਨ। ਸੋਲ੍ਹਵੀਂ ਅਤੇ 17ਵੀਂ ਸ਼ਤਾਬਦੀ 'ਚ ਇਨ੍ਹਾਂ ਲੋਕਾਂ ਨੇ ਆਪਣੀ ਜ਼ਮੀਨ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦਾ ਯਤਨ ਸ਼ੁਰੂ ਕਰ ਦਿੱਤਾ। ਵਾੜ ਲਾ ਕੇ ਅਤੇ ਹੋਰ ਜ਼ਮੀਨ ਖ਼ਰੀਦ ਕੇ ਇਨ੍ਹਾਂ ਸਾਮੰਤਾਂ ਨੇ ਆਪਣੇ ਵੱਡੇ-ਵੱਡੇ ਫਾਰਮ ਬਣਾ ਲਏ। ਇਸ ਫਾਰਮ ਨੂੰ ਵੱਡੇ ਕਿਸਾਨਾਂ ਨੂੰ ਵਟਾਈ 'ਤੇ ਦੇ ਦਿੱਤੇ ਗਏ। ਪਰ ਅੰਗਰੇਜ਼ ਜਾਂ ਜਿਮੀਂਦਾਰਾਂ ਦੀ ਰੁਚੀ ਜ਼ਮੀਨ ਦੀ ਉਤਪਾਦਕਤਾ ਵਧਾਉਣ 'ਚ ਫਿਰ ਵੀ ਬਣੀ ਰਹੀ। ਜ਼ਮੀਨ ਦੇ ਇਰਦ-ਗਿਰਦ ਵਾੜ ਲਗਾਉਣ, ਦਲਦਲੀ ਜ਼ਮੀਨ 'ਚੋਂ ਪਾਣੀ ਕੱਢਣ ਅਤੇ ਨਵੀਂਆਂ ਫਸਲਾਂ ਸ਼ੁਰੂ ਕਰਨ ਵਰਗੇ ਖੇਤੀ-ਸੁਧਾਰ ਲਾਗੂ ਕਰਕੇ ਇਨ੍ਹਾਂ ਸਾਮੰਤਾਂ ਨੇ " ਸੁਧਾਰਵਾਦੀ ਅੰਗਰੇਜ਼ ਜਿਮੀਂਦਾਰ (Improving English landlord)" ਦਾ ਨਾਂਅ ਕਮਾ ਲਿਆ। ਇਸੇ ਕਾਲ 'ਚ ਕੋਇਲਾ ਤੇ ਲੋਹੇ ਦੀਆਂ ਖਾਨਾਂ ਦੀ ਵਿਸਥਾਰ ਵੀ ਅੰਗਰੇਜ਼ ਜਿਮੀਂਦਾਰ ਅਭਿਜਾਤ ਵਰਗ ਦੀ ਵਜ੍ਹਾ ਨਾਲ ਸੰਭਵ ਹੋ ਸਕਿਆ ਸੀ। ਇਨ੍ਹਾਂ ਕਾਰਜਾਂ ਨੂੰ ਪੂਰਾ ਕਰਨ ਲਈ ਵਪਾਰੀਆਂ ਤੋਂ ਕਰਜ਼ੇ ਲਏ ਗਏ। ਹੌਲੀ-ਹੌਲੀ ਇਨ੍ਹਾਂ ਜਿਮੀਂਦਾਰਾਂ, ਵਪਾਰੀਆਂ ਅਤੇ ਨਿਰਮਾਤਾਵਾਂ ਦੇ ਵਿਚਕਾਰ ਜੂਨੀਅਰ ਸਬੰਧ ਕਾਇਮ ਹੋ ਗਿਆ ਅਤੇ ਪੈਸਾ ਖੇਤੀ-ਖੇਤਰ ਤੋਂ ਵਪਾਰ ਅਤੇ ਸ਼ਿਲਪ 'ਚ ਅਤੇ ਸ਼ਿਲਪ ਤੋਂ ਵਪਾਰ ਅਤੇ ਖੇਤੀ 'ਚ ਆਉਣ-ਜਾਣ ਲੱਗਾ। ਇਸ ਤਰ੍ਹਾਂ ਇੰਗਲੈਂਡ 'ਚ ਇੱਕ ਮਜ਼ਬੂਤ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਪੂੰਜੀਵਾਦੀ ਵਰਗ ਤਿਆਰ ਹੋ ਗਿਆ, ਜਿਸ ਦੇ ਹਿੱਤ ਸੰਸਦ 'ਚ ਬੈਠੇ ਜਿਮੀਂਦਾਰਾਂ ਦੇ ਕਾਰਨ ਸਰਕਾਰ 'ਚ ਵੀ ਸੁਰੱਖਿਅਤ ਸਨ। ਇਹ ਲੋਕ ਹੌਲੀ-ਹੌਲੀ ਏਨੇ ਸਸ਼ਕਤ ਹੋ ਗਏ ਕਿ ਐਲੀਜਾਬੇਥ ਅਤੇ ਸਟੂਅਰਟ ਰਾਜਾਂ ਦੀ ਪ੍ਰਤੀਬੰਧ ਕਾਰੀ ਆਰਥਿਕ ਨੀਤੀਆਂ ਦੇ ਮੁਕਾਬਲੇ 'ਚ ਡਟੇ ਰਹੇ। ਅਤੇ ਲੋੜ ਪੈਣ 'ਤੇ 1632 ਦੇ ਗ੍ਰਹਿਯੁੱਧ 'ਚ ਉਨ੍ਹਾਂ ਨੇ ਸਟੂਆਰਟ ਰਾਜਵੰਸ਼ ਨੂੰ ਉਖਾੜਨ ਦੇ ਫ਼ੈਸਲੇ ਦਾ ਸਮਰਥਨ ਕੀਤਾ। ਇਸ ਤਰ੍ਹਾਂ 17ਵੀਂ ਸ਼ਤਾਬਦੀ ਦੇ ਮੱਧ ਤੱਕ ਛੋਟੇ ਕਿਸਾਨਾਂ ਦੀ ਹੋਂਦ ਮਜ਼ਦੂਰਾਂ ਵਜੋਂ ਸਾਹਮਣੇ ਆਉਣ ਅਤੇ ਦੂਜੇ ਪਾਸੇ ਮਜ਼ਬੂਤ ਪੂੰਜੀਵਾਦੀ ਵਰਗ ਦੇ ਉਭਰਨ ਨਾਲ ਇੰਗਲੈਂਡ 'ਚ 1750 ਤੋਂ ਬਾਅਦ ਹੋਣ ਵਾਲੀ ਖੇਤੀ ਕ੍ਰਾਂਤੀ ਦਾ ਅਤੇ 1800 ਤੋਂ ਬਾਅਦ ਹੋਣ ਵਾਲੀ " ਉਦਯੋਗਿਕ ਕ੍ਰਾਂਤੀ' ਦਾ ਦ੍ਰਿੜ ਆਧਾਰ ਤਿਆਰ ਹੋ ਗਿਆ ਸੀ। ਇੰਗਲੈਂਡ 'ਚ ਪੂੰਜੀਵਾਦੀ ਅਰਥਵਿਵਸਥਾ ਦਾ ਆਧਾਰ ਤਾਂ 16ਵੀਂ, 17ਵੀਂ ਸਦੀ 'ਚ ਹੀ ਤਿਆਰ ਹੋ ਗਿਆ ਸੀ।

## ਸਵੈ-ਮੁਲਾਂਕਣ (Self Assessment)

ਨੋਟ

ਖਾਲੀ ਥਾਵਾਂ ਭਰੋ (Fill in the blanks) :

1. ਮਸ਼ੀਨੀਕਰਨ ਤੋਂ ਬਾਅਦ ਅਠਾਰਵੀਂ ਸਦੀ 'ਚ ਇੰਗਲੈਂਡ ਇੱਕ ਵੱਡਾ ਉਦਯੋਗਿਕ ਨਗਰ......... ਬਣਿਆ।
2. 19ਵੀਂ ਸ਼ਤਾਬਦੀ 'ਚ.............. ਲਿਆਉਣ ਵਾਲੀ ਮਹੱਤਵਪੂਰਨ ਕ੍ਰਾਂਤੀ ਦਾ ਜਨਮ ਹੋਇਆ।
3. 17ਵੀਂ ਸ਼ਤਾਬੀ 'ਚ ਯੂਰਪ ਦੇ ਵਿਕਾਸ 'ਚ ਅੜਿੱਕਾ ਆ ਗਿਆ, ਜਿਸ ਨੂੰ......... ਦਾ ਜਾਂਦਾ ਹੈ।

ਇੰਗਲੈਂਡ ਤੇ ਹਾਲੈਂਡ ਦੀ ਆਰਥਿਕ ਉੱਨਤੀ ਦੀ ਇੱਕ ਮੁੱਖ ਉਪਲੱਬਧੀ ਇਹ ਰਹੀ ਕਿ ਇਸ ਨਾਲ ਕਿਰਿਆਸ਼ੀਲ ਤੇ ਨਿੱਡਰ ਬੁਰਜੁਆ ਲੋਕਾਂ ਦੀ ਉਤਪਦੀ ਹੋਈ। ਉਨ੍ਹਾਂ ਨੇ ਸ਼ੇਅਰ ਕੰਪਨੀਆਂ ਸਥਾਪਿਤ ਕੀਤੀਆਂ, ਵਿੱਤੀ ਸੰਸਥਾਵਾਂ ਬਣਾਈਆਂ, ਸੂਚਨਾਵਾਂ ਦੇ ਅਦਾਨ-ਪ੍ਰਦਾਨ ਦਾ ਜਾਲ ਤਿਆਰ ਕੀਤਾ। ਨਵੀਆਂ ਜਿਣਸਾਂ, ਨਵੇਂ ਬਾਜ਼ਾਰ, ਨਵੇਂ ਵਪਾਰ-ਮਾਰਗ ਤੇ ਨਵੇਂ ਜੀਵਨ ਸਿਧਾਂਤ (ਮੁਕਤੀ ਸੰਗਠਨ, ਵਿਅਕਤੀਵਾਦ, ਵਿਗਿਆਨਕਤਾ, ਪਿਊਰਿਟਨਵਾਦ) ਸਾਹਮਣੇ ਆਏ। ਦਰਾਸ਼ਨਿਕ ਇਸ ਜਗਤ ਨੂੰ ਕਾਲ ਚੱਕਰ (clock), ਮਨੁੱਖ ਨੂੰ ਇੱਕ ਯੰਤਰ ਅਤੇ ਪਰਮਾਤਮਾ ਨੂੰ ਇਸ ਕਾਲ ਚੱਕਰ ਦਾ ਨਿਰਮਾਣ ਕਰਨ ਵਾਲੇ ਕਾਰੀਗਰ ਦੇ ਰੂਪ 'ਚ ਦੇਖਣ-ਸਮਝਣ ਲੱਗੇ।

ਬਾਕੀ ਯੂਰਪ ਤੋਂ ਬੁਰਜੁਆ ਵਰਗ ਨੇ ਉਲਟ ਨੀਤੀ ਅਪਣਾਈ। ਉਨ੍ਹਾਂ ਦੇ ਸਾਹਮਣੇ ਕਿਰਿਆਸ਼ੀਲ ਅਰਥਵਿਵਸਥਾ ਤੇ ਉਤਪਾਦਨ ਵਧਾ ਕੇ ਲਾਭ ਕਮਾਉਣ ਦਾ ਵਿਕਲਪ ਨਹੀਂ ਸੀ। ਸ਼ਾਇਦ ਇਹੀ ਕਾਰਨ ਹੋਵੇਗਾ ਕਿ ਇੱਥੋਂ ਦੇ ਸੰਪੰਨ ਲੋਕਾਂ ਨੇ ਪੂੰਜੀ ਦਾ 'ਨਿਰਥਕ ਨਿਵੇਸ਼' ਕੀਤਾ ਅਤੇ ਸਾਮੰਤੀ ਕੀਮਤਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਪੈਸਾ ਉਤਪਾਦਨ 'ਚ ਲਗਾਉਣ ਦੀ ਬਜਾਇ ਉਸ ਨੂੰ ਮੁੱਖ ਤੌਰ 'ਤੇ ਸਰਕਾਰੀ ਕਰਜ਼ੇ, ਜ਼ਮੀਨ ਖ਼ਰੀਦਣ, ਸਾਮੰਤੀ ਅਹੁਦੇ ਖ਼ਰੀਦਣ ਅਤੇ ਆਪਣੇ ਰਹਿਣ-ਸਹਿਣ ਤੇ ਵਿਲਾਸ ਦੀਆਂ ਵਸਤੂਆਂ 'ਚ ਲਾਇਆ। ਖੇਤੀ ਤੇ ਨਿਰਮਾਣ 'ਚ ਦ੍ਰਿੜ ਉਤਪਾਦਨ ਆਧਾਰ ਨਾ ਹੋਣ ਦੀ ਵਜ੍ਹਾ ਨਾਲ ਸਪੇਨ, ਪੁਰਤਗਾਲ ਤੇ ਇਟਲੀ, ਅਮਰੀਕਾ ਤੋਂ ਪੈਸੇ ਦੀ ਆਮਦ ਦੇ ਬਾਵਜੂਦ, ਵਿਕਾਸ ਨਹੀਂ ਕਰ ਸਕੇ। ਉਨ੍ਹਾਂ ਨੂੰ ਇਹ ਪੈਸਾ ਬ੍ਰਿਟੇਨ, ਫਰਾਂਸ ਤੇ ਨੀਦਰਲੈਂਡ ਤੋਂ ਵਸਤੂਆਂ ਨੂੰ ਖਰੀਦਣ 'ਚ ਖ਼ਰਚ ਕਰਨਾ ਪਿਆ। ਇਸ ਤਰ੍ਹਾਂ ਬ੍ਰਿਟੇਨ ਆਦਿ ਦੇਸ਼ਾਂ 'ਚ ਨਿਰਮਾਣ ਵਿਸਵਥਾ ਦੀ ਉੱਨਤੀ ਹੋਈ ਅਤੇ ਦੂਜੇ ਪਾਸੇ ਸਪੇਨ ਆਦਿ ਦੇਸ਼ ਸਿਰਫ਼ ਉਨ੍ਹਾਂ ਨੂੰ ਪੈਸਾ ਪਹੁੰਚਾਉਣ ਦੇ ਮਾਧਿਅਮ ਭਰ ਬਣ ਕੇ ਰਹਿ ਗਏ। ਪੂੰਜੀਵਾਦੀ ਵਿਵਸਥਾ 'ਚ ਪੈਸਾ ਆਪਣੇ ਆਪ 'ਚ ਕੁਝ ਨਹੀਂ ਹੁੰਦਾ; ਉਹ ਤਾਂ ਸਦਾ ਉਤਪਾਦਨ ਵੱਲ ਆਕਰਸ਼ਿਤ ਹੁੰਦਾ ਹੈ ਅਤੇ ਉਤਪਾਦਨ ਦੀਆਂ ਵਸਤੂਆਂ 'ਚ ਬਦਲਿਆ ਜਾਂਦਾ ਹੈ। ਪੈਸਾ ਉਤਪਾਦਨ ਦਾ ਸਾਧਨ ਹੈ, ਸੋਨਾ-ਚਾਂਦੀ ਨਹੀਂ।

'ਸਾਮੰਤਵਾਦ' ਅਤੇ 'ਪੂੰਜੀਵਾਦ' ਬੜੇ ਹੀ ਭਾਰੀ ਸ਼ਬਦ ਹਨ ਜੋ ਵਿਆਪਕ ਅਵਧਾਰਨਾਵਾਂ ਦਾ ਬੋਧ ਕਰਵਾਉਂਦੇ ਹਨ। ਇਨ੍ਹਾਂ ਸ਼ਬਦਾਂ ਨਾਲ ਅਜਿਹੇ ਸਮਾਜਿਕ ਅਤੇ ਰਾਜਨੀਤਿਕ ਸੰਠਗਨਾਂ ਦਾ ਸੰਕੇਤ ਮਿਲਦਾ ਹੈ ਜੋ ਉੱਪਰ-ਉੱਪਰ ਦੇਖਣ 'ਤੇ ਤਾਂ ਭਿੰਨ ਪ੍ਰਤੀਤ ਹੁੰਦੇ ਹਨ ਪਰ ਜਿਨ੍ਹਾਂ 'ਚ ਮੁੱਢਲੀ ਸਮਾਨਤਾ ਪਾਈ ਜਾਂਦੀ ਹੈ। ਆਖ਼ਰ ਸਾਡੇ ਲਈ ਇਹ ਉਪਯੋਗੀ ਹੋਵੇਗਾ ਕਿ ਸ਼ੁਰੂ 'ਚ ਅਸੀਂ ਸਾਮੰਤਵਾਦ ਦੀ ਪਰਿਭਾਸ਼ਾ ਦੇਈਏ ਜਿਵੇਂ ਕਿ ਇੱਕ ਮਹਾਨ ਫਰਾਂਸੀਸੀ ਇਤਿਹਾਸਕਾਰ ਨੇ ਮੱਧ ਯੁੱਧ ਦੇ ਪਰਵਰਤੀ ਭਾਗ-ਅਰਥਾਤ ਦਸਵੀਂ ਤੋਂ ਬਾਰਵੀਂ ਸਦੀ ਦੇ ਅੰਤ ਤੱਕ ਦੀ ਯੂਰਪੀ ਸਥਿਤੀ ਦਾ ਸਰਵੇਖਣ ਕਰਦੇ ਹੋਏ ਦਿੱਤੀ ਸੀ। ਇਸ ਤੋਂ ਬਾਅਦ ਅਸੀਂ 'ਪੂੰਜੀਵਾਦ' ਨੂੰ ਪਰਿਭਾਸ਼ਤ ਕਰੀਏ ਜਿਵੇਂ ਕਿ ਅਸੀਂ ਉਸ ਨੂੰ ਅਠਾਰਵੀਂ ਸਦੀ ਦੇ ਸ਼ੁਰੂ ਤੋਂ ਯੂਰਪ ਦੇ ਵੱਖ-ਵੱਖ ਭਾਗਾਂ 'ਚ, ਉਦਯੋਗ ਤੇ ਖੇਤੀ ਦੇ ਖੇਤਰਾਂ 'ਚ, ਵਿਕਸਿਤ ਹੁੰਦਾ ਹੋਇਆ ਦੇਖਦੇ ਹਨ।

ਉੱਪਰ ਦੇ ਵੇਰਵੇ 'ਚ ਕਿਸਾਨ ਵਰਗ ਨਾਲ ਉਸ ਦੇ ਬਾਕੀ ਉਤਪਾਦਨ ਦਾ ਅੰਸ਼ ਜ਼ਬਰਦਸਤੀ ਲਏ ਜਾਣ ਦੇ ਦਬਾਅ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਤੇ ਇਸ 'ਚ ਇਹ ਸੰਕੇਤ ਹੈ ਕਿ ਇਸ ਕਾਲ ਦੌਰਾਨ ਕਰੰਸੀ ਦਾ ਚਲਨ ਆਸ ਨਾਲੋਂ ਘੱਟ ਸੀ। ਨਾਲਹੀ ਇਸ ਵੇਰਵੇ 'ਚ ਸੂਰਵੀਰ ਵਰਗ ਅਤੇ ਯੁੱਧਾ ਦੀ ਮਹੱਤਤਾ ਤੇ ਸਮਾਜ 'ਚ ਪਦਾਨੁਕ੍ਰਮ (hierarchy of status) ਕਾਇਮ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਜਦੋਂ ਅਸੀਂ ਅਠਾਰਵੀਂ ਸ਼ਤਾਬੀ ਦੇ ਬ੍ਰਿਟੇਨ ਅਤੇ ਨੀਦਰਲੈਂਡ 'ਤੇ (ਅਤੇ ਫਰਾਂਸੀਸੀ ਕ੍ਰਾਂਤੀ ਤੋਂ ਬਾਦਅ ਲਗਭਗ ਪੂਰੇ ਪੱਛਮੀ ਯੂਰਪ 'ਤੇ) ਨਜ਼ਰ ਮਾਰਦੇ ਸਨ, ਤਾਂ ਇਕਦਮ ਭਿੰਨ ਸਮਾਜਿਕ ਸੰਰਚਨਾ ਦਿਖਾਈ ਦਿੰਦੀ ਹੈ। ਕਿਸਾਨ ਬਾਜ਼ਾਰ ਲਈ ਉਤਪਾਦਨ ਕਰਦਾ ਸੀ ਅਤੇ ਹੋਰ ਉਤਪਾਦਕਾਂ ਜਾਂ ਸਵਾਮੀਆਂ ਦੇ ਨਾਲਉਸ ਦੇ ਜੋ ਸਬੰਧ ਸਨ ਉਹ ਅਹੁਦੇ ਨਾਲ ਨਹੀਂ ਬਲਕਿ ਸਮਝੌਤੇ ਦੁਆਰਾ ਤੈਅ ਹੁੰਦੇ ਸਨ। ਕਰੰਸੀ ਦੀ ਵੱਡੇ ਪੈਮਾਨੇ 'ਤੇ ਵਰਤੋਂ ਹੋਣ ਲੱਗੀ ਸੀ ਕਿਉਂਕਿ ਅਰਥਵਿਵਸਥਾ ਦੇ ਖੇਤੀਗਤ, ਉਦਯੋਗਿਕ ਖੇਤਰਾਂ 'ਤੇ ਬਾਜ਼ਾਰ ਦੇ ਵਿਸਥਾਰ ਦੀ ਤੱਤਕਾਲ ਪ੍ਰਤਕਿਰਿਆ ਹੁੰਦੀ ਸੀ। ਇਨ੍ਹਾਂ ਪ੍ਰਤੀਕਿਰਿਆਵਾਂ ਦਾ ਸਾਹਮਣਾ ਕਰਨ ਲਈ ਕਰੰਸੀ ਅਤੇ ਕਰਜ਼ੇ ਦੀ ਪੂਰੀ ਵਿਕਸਿਤ ਵਿਵਸਥਾ ਦੀ ਲੋੜ ਹੁੰਦੀ ਹੈ। ਇਨ੍ਹਾਂ ਸਾਰਿਆਂ ਤੋਂ ਇਲਾਵਾ, ਜ਼ਿਆਦਾਤਰ ਉਦਾਹਰਨਾਂ 'ਚ ਚਾਹੇ ਉਹ ਉਦਯੋਗ ਹੋਵੇ ਜਾਂ ਖੇਤੀ, ਉਤਪਦਾਨ ਦੇ ਸਾਧਨ ਅਸਲੀ ਕਾਮਿਆਂ ਦੇ ਹੱਥਾਂ 'ਚ ਨਹੀਂ ਸਨ ਤੇ ਜੀਵਨ-ਯਾਪਨ ਲਈ ਉਸ ਨੂੰ ਆਪਣੀ ਕਿਰਤ ਸ਼ਕਤੀ ਵੇਚਣ 'ਤੇ ਮਜ਼ਬੂਰ ਹੋਣਾ ਪੈਂਦਾ ਸੀ। ਇਸ ਦੇ ਉਲਟ ਸਾਮੰਤੀ ਸਮਾਜ 'ਚ ਥੋੜ੍ਹੀ ਜਿਹੀ ਜ਼ਮੀਨ ਦਾ ਮਾਲਕ ਕਿਸਾਨ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਖੇਤੀ ਕਰਦਾ ਸੀ ਅਤੇ ਆਮ ਤੌਰ 'ਤੇ ਉਸ ਦੇ ਸਾਹਮਣੇ ਅਜਿਹਾ ਕੋਈ ਉਤਸ਼ਾਹ ਨਹੀਂ ਸੀ ਜਿਸ ਨਾਲ ਉਹ ਬਾਜ਼ਾਰ ਲਈ ਉਤਪਾਦਨ ਕਰੇ। ਉਸ ਦੇ ਸਾਮੰਤ ਸਵਾਮੀ ਦੀ ਉਤਪੀੜਕ ਸ਼ਕਤੀ ਹੀ ਉਸ ਨੂੰ ਵਧੇਰੇ ਕੰਮ ਕਰਨ 'ਤੇ ਮਜ਼ਬੂਰ ਕਰਦੀ ਸੀ ਤਾਂਕਿ ਉਹ ਆਪਣੇ ਸਵਾਮੀ ਲਈ ਸਾਮੰਤੀ ਲਗਾਨ ਨਗਦ ਜਾਂ ਵਸਤੂਆਂ ਦੇ ਰੂਪ 'ਚ ਦੇ ਸਕੇ। ਇੱਕ ਹੋਰ ਫ਼ਰਕ ਇਹ ਹੈ ਕਿ ਮੱਧ ਯੁੱਗ 'ਚ ਜਿੱਥੇ ਬਾਜ਼ਾਰ ਅਤੇ ਸੰਚਾਰ-ਸਾਧਨ ਵਿਖੰਡਿਤ ਅਵਸਥਾ 'ਚ ਸਨ ਉਥੇ ਪਰਵਰਤੀ ਕਾਲ 'ਚ ਬਹੁਤ ਜ਼ਿਆਦਾ ਵਾਨਿਜਿਕ ਕੇਂਦਰ ਵਪਾਰਕ ਰੂਪ ਦਾ ਉਦੇ ਹੋਇਆ। ਇਸ ਵਪਾਰਕ ਨੇ ਨਾ ਸਿਰਫ਼ ਪੱਛਮੀ ਯੂਰਪ ਤੇ ਅਮਰੀਕਾ ਨੂੰ ਇੱਕ ਲੜੀ 'ਚ ਪਿਰੋ ਦਿੱਤਾ, ਭਾਵ 18ਵੀਂ ਸ਼ਤਾਬਦੀ ਤੱਕ ਏਸ਼ੀਆ ਅਤੇ ਅਫ਼ਰੀਕਾ ਦੇ ਨਾਲ ਵੀ ਸਬੰਧ ਵਿਕਸਿਤ ਕਰ ਰਹੇ ਸਨ।

ਨੋਟ

ਟਾਸਕ ਕਿਰਤ ਦੇ ਬਦਲੇ 'ਚ ਦਿੱਤਾ ਜਾਣ ਵਾਲਾ 'ਸੱਾਂ' (cens) ਕਿਹਾੜਾ ਕਰ ਹੈ ?

**ਆਰਥਿਕ ਨਿਰਧਾਰਕ : ਮਨੁੱਖ ਬਨਾਮ ਕੁਦਰਤ :** ਸਾਮੰਤੀ ਸਮਾਜ ਮੁੱਖ ਤੌਰ 'ਤੇ ਖੇਤੀ 'ਤੇ ਅਧਾਰਿਤ ਸੀ ਤੇ ਛੋਟਾ ਕਿਸਾਨ ਪਰਿਵਾਰ ਹੀ ਉਸ 'ਚ ਉਤਪਾਦਨ ਦੀ ਮੂਲ ਇਕਾਈ ਸੀ। ਕਿਸਾਨ ਪਰਿਵਾਰ 'ਤੇ ਕੁਲੀਨਜਨ (nobleman) ਦੀ ਮੁਖ਼ਤਿਆਰੀ ਹੁੰਦੀ ਸੀ ਅਤੇ ਕਿਉਂਕਿ ਉਹ ਕੁਲੀਨ ਉਸ ਕਿਸਾਨ ਪਰਿਵਾਰ ਅਤੇ ਪੇਂਡੂ ਵਰਗ (ਜਿਸ ਦਾ ਉਹ ਕਿਸਾਨ ਪਰਿਵਾਰ ਅੰਗ ਹੁੰਦਾ ਸੀ) 'ਤੇ ਸਮਾਜਿਕ ਅਤੇ ਰਾਜਨੀਤਿਕ ਦਬਾਅ ਪਾਉਣ 'ਚ ਸਮਰੱਥ ਸੀ, ਇਸ ਲਈ ਉਹ ਆਪਣੇ ਕਿਸਾਨ ਪਰਿਵਾਰ ਤੋਂ ਜ਼ਬਰਦਸਤੀ ਬਚਿਆ ਉਤਪਾਦਨ ਪ੍ਰਾਪਤ ਕਰਨ 'ਚ ਸਮਰੱਥ ਸੀ। ਹੋਰ ਜਗ੍ਹਾ 'ਤੇ ਇਨ੍ਹਾਂ ਕੁਲੀਨਜਨਾਂ ਦੇ ਕੋਲ ਨਿੱਜੀ ਜਾਗੀਰ (estate) ਸੀ ਜੋ 'ਡਿਮੇਨ' (demensne) ਕਹਾਉਂਦੀ ਸੀ। ਇਸ ਜਾਗੀਰ 'ਤੇ ਹੇਠਲੇ ਕਿਸਾਨਾਂ ਨੂੰ ਖੇਤੀ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ।

ਸਾਮੰਤੀ ਸਮਾਜ ਦੇ ਢਾਂਚੇ ਦੇ ਅੰਤਰਗਤ ਖੇਤੀ ਤੋਂ ਉਤਪਾਦਨ ਦੇ ਇਸ ਰੂਪ ਨੂੰ ਬਾਜ਼ਾਰ ਲਈ ਵਣਜ-ਅਧਾਰਿਤ ਪੂੰਜੀਵਾਦੀ ਖੇਤੀ ਦੇ ਰੂਪ 'ਚ ਵਿਕਸਿਤ ਹੋਣ ਦੀਆਂ ਨਿਸ਼ਚਿਤ ਹੱਦਾਂ ਸਨ। ਵਣਜ 'ਤੇ ਅਧਾਰਿਤ ਪੂੰਜੀਵਾਦੀ ਖੇਤੀ ਦਾ ਸਾਰ ਇਹ ਹੈ ਕਿ ਉਸ ਲਈ ਨਾ ਸਿਰਫ਼ ਇੱਕ ਲਗਾਤਾਰ ਵਿਕਾਸਸ਼ੀਲ ਬਾਜ਼ਾਰ ਹੋਵੇ, ਸਗੋਂ ਖੇਤੀ ਦੀ ਪੈਦਾਵਾਰ ਨੂੰ ਵਧਾਉਣ ਵਾਲਾ ਹੋਵੇ। ਨਾਲ ਹੀ ਇਹ ਵੀ ਜ਼ਰੂਰੀ ਸੀ ਕਿ ਕਿਸਾਨ ਦੀ ਵਿਅਕਤੀਗਤ ਪਹਿਲ ਤੇ ਉੱਦਮ ਲਈ ਵੀ ਪਰੰਪਰਿਕ ਅੜਿੱਕੇ ਘੱਟ ਤੋਂ ਘੱਟ ਹੋਣ। ਕਿਸਾਨ ਪਰਿਵਾਰ ਦੀ ਪੈਦਾਵਾਰ-ਇਕਾਈ ਦੇ ਪੈਮਾਨੇ, ਪੇਂਡੂ ਸਮੁਦਾਇ ਦੇ ਸੰਗਠਨ ਅਤੇ ਇਨ੍ਹਾਂ ਸਾਰਿਆਂ ਤੋਂ ਇਲਾਵਾ ਕੁਲੀਨ ਵਰਗ ਦੁਆਰਾ ਬਾਕੀ ਪੈਦਾਵਰ ਦੀ ਜ਼ਬਰਦਸਤੀ ਵਸੂਲੀ ਦੇ ਕਾਰਨ ਖੇਤੀ-ਪੈਦਾਵਾਰ 'ਚ ਵਾਧੇ ਦੀ ਸੰਭਾਵਨਾ ਬਹੁਤ ਘੱਟ ਰਹਿ ਗਈ ਸੀ। 11ਵੀਂ ਤੋਂ 13ਵੀਂ ਸਦੀ ਦੌਰਾਨ ਹਲ 'ਚ ਘੋੜਿਆਂ ਤੇ ਬੈਲਾਂ ਨਾਲ ਜੋਤਾਈ ਕਰਨ ਤੇ ਇਨ੍ਹਾਂ ਪਸ਼ੂਆਂ ਦੇ ਖੁਰ ਲਗਵਾਉਣ ਦੇ ਢੰਗ 'ਚ ਕੁਝ ਸੁਧਾਰ ਹੋਏ ਸਨ। ਨਾਲ ਹੀ ਫ਼ਸਲਾਂ ਨੂੰ ਅਦਲ-ਬਦਲ ਕੇ ਬੀਜਣ ਦੇ ਤਰੀਕਿਆਂ 'ਚ ਵੀ ਕੁਝ ਸੁਧਾਰ ਹੋਏ ਜਿਸ ਨਾਲ ਜ਼ਮੀਨ ਦੇ ਪਰਤੀ ਛੱਡੇ ਜਾਣ ਦੇ ਕਾਲ 'ਚ ਵੀ ਕਮੀ ਆਈ ਸੀ। ਇਨ੍ਹਾਂ 'ਚੋਂ ਕਿਸੇ ਲਈ ਵੀ ਅਜਿਹੇ ਵਿਸ਼ੇਸ ਪੂੰਜੀ-ਨਿਵੇਸ਼ ਦੀ ਲੋੜ ਨਹੀਂ ਸੀ, ਜਿਸ ਦੀ ਤੁਲਨਾ 17ਵੀਂ ਸ਼ਤਾਬਦੀ ਦੇ ਇੰਗਲੈਂਡ ਤੋਂ ਇਲਾਵਾ ਪਰਬਤੀ ਯੂਰਪ 'ਚ ਕੱਛ ਖੇਤਰਾਂ ਦੀ ਸਿੰਚਾਈ ਵਿਸਵਥਾ ਦੀਆਂ ਲੋੜਾਂ ਨਾਲ ਕੀਤੀ ਜਾ ਸਕੇ।

ਕਿਸਾਨ ਪਰਿਵਾਰ 'ਚ ਖੇਤੀ ਪੈਦਾਵਾਰ ਹਰ ਵਰ੍ਹੇ ਘਟਦੀ-ਵਧਦੀ ਰਹਿੰਦੀ ਸੀ ਤੇ ਇਸ ਘਟਦੀ-ਵਧਦੀ ਪੈਦਾਵਰ 'ਚੋਂ ਅਗਲੇ ਵਰ੍ਹੇ ਲਈ ਜ਼ਰੂਰੀ ਬੀਜ਼ਾਂ ਤੇ ਪਰਿਵਾਰ ਦੇ ਗੁਜ਼ਾਰੇ ਲਈ ਵੀ ਉਸ ਦੀ ਲੋੜੀਂਦੀ ਮਾਤਰਾ ਬਚਾ ਕੇ ਰੱਖਣੀ ਪੈਂਦੀ ਸੀ। ਇਸ ਨੂੰ ਉਪਜ-ਅਨੁਪਾਤ (yield ratio) ਕਹਿੰਦੇ ਹਨ। ਜੇਕਰ ਇਹ ਅਨੁਪਾਤ ਘਟ ਹੋਵੇ (ਅਰਥਾਤ ਜੇਕਰ ਉਪਜ ਦੀ ਮਾਤਰਾ ਬੀਜੇ ਗਏ ਬੀਜਾਂ ਦੀ ਸਿਰਫ਼ ਚਾਰ ਗੁਣਾ ਹੋਵੇ) ਤਾਂ ਉਪਜ ਦਾ ਇੱਕ ਚੌਥਾਈ ਹਿੱਸਾ ਅਗਲੇ ਵਰ੍ਹੇ ਦੀ ਬਿਜਾਈ ਲਈ ਬਚਾ ਕੇ ਰੱਖਦਾ ਪੈਂਦਾ ਸੀ। ਫਿਰ ਪਰਿਵਾਰ ਦੀ ਖ਼ਪਤ ਅਤੇ ਸਾਮੰਤੀ ਦੇਣਦਾਰੀ (feudal dues) ਦੇ ਭੁਗਤਾਨ ਤੋਂ ਬਾਅਦ ਕਿਸਾਨ ਪਰਿਵਾਰ ਦੇ ਕੋਲ ਵਿੱਕਰੀ ਅਤੇ ਪੂੰਜੀ ਸਪਲਾਈ (capital accumulation) ਲਈ ਜੋ ਉਪਜ ਬਚਦੀ ਸੀ ਉਹ ਨਾਂਹ ਦੇ ਬਰਾਬਰ ਹੁੰਦੀ ਸੀ। ਪੇਂਡੂ ਵਰਗ ਨੇ ਖੇਤੀ ਕਾਰਜ ਤੋਂ ਹੋਣ ਵਾਲੇ ਨਫ਼ੇ-ਨੁਕਸਾਨ ਦਾ ਜੋ ਹਿਸਾਬ ਲਾਇਆ ਸੀ ਉਹ ਵੀ ਨਿੱਜੀ ਉੱਦਮ ਦਾ ਨਿਰੁ ਉਤਸ਼ਾਹ ਘਟਾਉਂਦਾ ਸੀ। ਜ਼ਿਆਦਾਤਰ ਥਾਵਾਂ 'ਤੇ ਪਰਿਵਾਰਾਂ ਦੀ ਜ਼ਮੀਨ ਪਿੰਡ ਦੇ ਚਾਰੇ ਪਾਸੇ ਵੱਖ-ਵੱਖ ਪੱਟੀਆਂ 'ਚ ਵੱਖਰੀ-ਵੱਖਰੀ ਸੀ ਤੇ ਜਿੱਥੇ ਕਿਤੇ ਥੋੜ੍ਹੀ-ਬਹੁਤ ਜ਼ਮੀਨ ਨੂੰ ਨਿੱਜੀ ਤੌਰ 'ਤੇ ਘੇਰ ਲੈਣ ਦੀ ਆਗਿਆ ਦੇ ਵੀ ਦਿੱਤੀ ਜਾਂਦੀ ਸੀ (ਜਿਵੇਂ ਕਿ 14ਵੀਂ ਸ਼ਤਾਬਦੀ ਦੇ ਫਰਾਂਸ 'ਚ ਬ੍ਰਿਤਾਨਿ 'ਚ) ਉਥੇ ਵੀ ਉਸ ਨੂੰ ਅਸਥਾਈ ਹੀ ਸਮਝਿਆ ਜਾਂਦਾ ਸੀ ਕਿਉਂਕਿ ਪਸ਼ੂਆਂ ਨੂੰ ਚਰਾਉਣ ਦੀ ਸਮੁਦਾਇਕ ਲੋੜਾਂ ਦੇ ਕਾਰਨ ਇਹ ਵੀ ਲੋੜ ਸੀ ਕਿ ਇਸ ਘੇਰੀ ਹੋਈ ਜ਼ਮੀਨ ਨੂੰ ਸਮੇਂ-ਸਮੇਂ 'ਤੇ ਖੁੱਲ੍ਹਾ ਛੱਡਿਆ ਜਾਵੇ।

ਇਸ ਗੱਲ ਦੇ ਪ੍ਰਮਾਣ ਮੁਹੱਈਆ ਹੈ ਕਿ ਕੁਲੀਨ ਵਰਗ ਦੇ ਕੁਝ ਲੋਕਾਂ ਨੇ, ਵਿਸ਼ੇਸ਼ ਕਰਕੇ ਧਾਰਮਿਕ ਸ਼੍ਰੇਣੀ ਵਾਲਿਆਂ ਨੇ, ਵਧਦੀ ਹੋਈ ਜਨਸੰਖਿਆ ਅਤੇ ਚੜ੍ਹਦੀਆਂ ਹੋਈਆਂ ਕੀਮਤਾਂ ਦੇ ਕਾਲ ਦਾ ਉਪਯੋਗ ਆਪਣੀ ਡਿਮੇਨ ਭੂਮੀਆਂ ਦੇ ਪ੍ਰਬੰਧ ਅਤੇ ਸ਼ਰਾਬ ਤੇ ਉੱਨ ਦੇ ਉਤਪਾਦਨ ਦੇ ਪੱਧਰ ਨੂੰ ਸੁਧਾਰਨ ਲਈ ਕੀਤਾ। ਇਹ ਅਪਵਾਦ ਹੀ ਸਨ ਤੇ ਇਹ ਸਾਮੰਤੀ ਉਤਪਾਦਨ ਸਬੰਧਾਂ ਦੇ ਢਾਂਚੇ ਦੇ ਅੰਤਰਗਤ ਹੀ ਹੋਏ। ਪ੍ਰੋਫੈਸਰ ਪੋਸਟਨ ਨੇ ਦੱਸਿਆ ਹੈ ਕਿ 13ਵੀਂ ਸ਼ਤਾਬਦੀ 'ਚ ਜਦੋਂ ਬਸਤੀਆਂ ਦਾ ਵਿਸਥਾਰ ਹੋ ਰਿਹਾ ਸੀ, ਉਤਪਦਾਨ ਲਗਾਤਾਰ ਵਧ ਰਿਹਾ ਸੀ ਤੇ ਇੰਗਲੈਂਡ ਤੋਂ ਉੱਨ ਦੇ ਨਿਰਯਾਤ 'ਚ ਵੀ ਕਾਫ਼ੀ ਤੇਜ਼ੀ ਆਈ ਸੀ, ਉਦੋਂ ਅੰਗਰੇਜ਼ ਕੁਲੀਨ ਵਰਗ ਨੇ ਆਪਣੇ ਖੇਤੀ ਦਾਸਾਂ 'ਤੇ ਕਿਰਤ ਟੈਕਸ ਲਾ ਦਿੱਤਾ। ਹਾਲਾਂਕਿ ਉਸ ਨਾਲ ਪਿਛਲੀ ਸ਼ਤਾਬੀ 'ਚ ਹੀ ਇਨ੍ਹਾਂ ਲੋਕਾਂ ਨੇ ਕਿਰਤ-ਸੇਵਾਵਾਂ ਦੇ ਬਦਲੇ 'ਚ ਨਗਦ ਭੁਗਤਾਨ ਦੀ ਪ੍ਰਵਿਰਤੀ ਦਰਸਾਈ ਸੀ। ਕੁਲੀਨ ਵਰਗ ਦੇ ਜ਼ਿਆਦਾ ਲੋਕਾਂ ਦੇ ਜ਼ਿੰਦਗੀ ਦਾ ਬੁਨਿਆਦੀ ਦਰਸ਼ਨ ਖ਼ਪਤ 'ਤੇ ਅਧਾਰਿਤ ਸੀ, ਸੰਗ੍ਰਹਿ 'ਤੇ ਨਹੀਂ। ਨਾਲ ਹੀ ਸਾਮੰਤੀ ਖੇਤੀ ਪ੍ਰਧਾਨ ਸਮਾਜ 'ਚ ਹੋਰ ਖੇਤਰਾਂ 'ਤੇ ਸਾਮੰਤੀ ਅਧਿਕਾਰ ਪ੍ਰਾਪਤ ਕਰਨ ਲਈ ਜੋ ਯੁੱਧ ਲੜੇ ਜਾਂਦੇ ਸਨ ਉਨ੍ਹਾਂ ਦਾ ਇੱਕ ਖਾਸ ਆਰਥਿਕ ਕਾਰਨ ਸਲ।

ਜਨਸੰਖਿਆ ਵਾਧੇ ਦੇ ਕਾਲ 'ਚ (ਜਿਵੇਂ ਕਿ 11ਵੀਂ ਤੋਂ 13ਵੀਂ ਸ਼ਤਾਬਦੀ ਦੌਰਾਨ) ਕਿਸਾਨ ਵਰਗ ਨੇ ਅਜਿਹੀ ਜ਼ਮੀਨ 'ਤੇ ਅਪਾਣੀ ਰਿਹਾਇਸ਼ ਬਣਾ ਲਈ ਸੀ ਜਿੱਥੇ ਹੁਣ ਤੱਕ ਖੇਤੀ ਨਹੀਂ ਕੀਤੀ ਜਾਂਦੀ ਸੀ। ਇੱਕ ਖਾਸ ਪੱਧਰ 'ਤੇ ਪੁੱਜ ਕੇ ਜਦੋਂ ਘੱਟ ਉਪਜਾਊ ਜ਼ਮੀਨ ਨੂੰ ਖੇਤੀਯੋਗ ਬਣਾ ਲਿਆ ਗਿਆ, ਤਾਂ ਜਨਸੰਖਿਆ ਦੇ ਦਬਾਅ ਨੇ ਖੇਤੀ ਉਤਪਦਾਨ ਦੀ ਉੱਪਰੀ ਹੱਦ ਯਕੀਨੀ ਕਰ ਦਿੱਤੀ ਕਿਉਂਕਿ ਕੋਈ ਸ਼ਲਾਘਾਯੋਗ ਪਰਿਵਰਤਨ ਤਾਂ ਹੋ ਨਹੀਂ ਰਿਹਾ ਸੀ। ਅਜਿਹੀ ਸਥਿਤੀ 'ਚ ਲੁਟੇਰਿਆਂ ਦਾ ਬੋਲਬਾਲਾ ਹੋ ਜਾਂਦਾ ਸੀ ਜਿਵੇਂ ਕਿ 1315 ਤੋਂ 1317 ਤੱਕ ਪੂਰੇ ਯੂਰਪ 'ਚ ਹੋਇਆ। ਕਦੇ-ਕਦੇ ਇਸ ਦੇ ਪਿੱਛੋਂ ਮਹਾਮਾਰੀ ਵੀ ਫੈਲ ਜਾਂਦੀ ਸੀ, ਜਿਵੇਂ 1349 ਤੋਂ ਬਾਅਦ ਇੰਗਲੈਂਡ 'ਚ 'ਬਲੈਕ ਡੈਥ' ਨਾਮੀ ਜ਼ਹਿਰੀਲਾ ਪਲੇਗ ਫ਼ੈਲਿਆ ਸੀ। ਇਸ ਦੇ ਸਿੱਟੇ ਵਜੋਂ 14ਵੀਂ ਤੇ 15ਵੀਂ ਸ਼ਤਾਬਦੀਆਂ 'ਚ ਜਨਸੰਖਿਆ 'ਚ ਦੀਰਘਕਾਲੀ ਕਮੀ ਹੋਈ ਅਤੇ ਅਜਿਹੇ ਅਨੇਕਾਂ ਖੇਤਰ 'ਚ ਆਬਾਦੀ ਘਟ ਗਈ ਜਿਨ੍ਹਾਂ 'ਚ ਪਹਿਲਾਂ ਖੇਤੀ ਕੀਤੀ ਜਾਂਦੀ ਸੀ। ਇਸ ਕਾਲ

ਨੋਟ

’ਚ ਪ੍ਰਤੀ ਵਿਅਕਤੀ ਔਸਤ ਪੈਦਾਵਾਰ ਤਾਂ ਚਾਹੇ ਵਧ ਗਈ (ਕਿਉਂਕਿ ਲੋਕਾਂ ਦੀ ਗਿਣਤੀ ਘੱਟ ਹੋ ਗਈ ਸੀ) ਪਰ ਇਸ ਪੈਦਾਵਾਰ ਦਾ ਵਧੇਰੇ ਹਿੱਸਾ ਕਿਸਾਨ ਦੀ ਆਪਣੀ ਖ਼ਪਤ ’ਚ ਹੀ ਖ਼ਰਚ ਹੋ ਗਿਆ, ਕੁਝ ਸਮੇਂ ਉਪਰੰਤ 15ਵੀਂ ਸ਼ਤਾਬਦੀ ਦੇ ਅੰਤ ’ਚ ਜਨਸੰਖਿਆ ’ਚ ਵਾਧੇ ਦਾ ਕ੍ਰਮ ਮੁੜ ਸ਼ੁਰੂ ਹੋ ਗਿਆ, ਜੋ 17ਵੀਂ ਸ਼ਤਾਬਦੀ ਦੇ ਸ਼ੁਰੂ ਤੱਕ ਜਾਰੀ ਰਿਹਾ। ਕਥਿਤ ਤੌਰ ’ਤੇ ‘ਸਤਾਰਵੀਂ ਸ਼ਤਾਬਦੀ ਦੇ ਵਿਆਪਕ ਸੰਕਟ’ ਦਾ ਇੱਕ ਮਹੱਤਵਪੂਰਨ ਤੱਤ ਇਹ ਸੀ ਕਿ ਕਮੀ, ਪਲੇਗ ਅਤੇ ਜਲਵਾਯੂ ਸਬੰਧ ਪਰਿਵਰਤਨਾਂ ਦੇ ਸਿੱਟੇ ਵਜੋਂ ਜਨਸੰਖਿਆ ਦੇ ਵਾਧੇ ’ਤੇ ਰੋਕ ਲੱਗ ਗਈ। ਉਸ ਸਮੇਂ ਦੇ ਸਮਾਜਿਕ ਢਾਂਚੇ ਦੇ ਅੰਤਰਗਤ ਪ੍ਰਕਿਰਤੀ ’ਤੇ ਕਾਬੂ ਪਾਉਣ ਦੀਆਂ ਮਨੁੱਖ ਸ਼ਕਤੀਆਂ ਇੱਕ ਵਾਰ ਫਿਰ ਇੱਕ ਹੱਦ ਤੱਕ ਪੁੱਜ ਚੁੱਕੀਆਂ ਸਨ।

ਇੱਕ ਅਜਿਹੀ ਖੇਤੀ ਪ੍ਰਧਾਨ ਅਰਥਵਿਵਸਥਾ ਦੀ ਤੁਲਨਾ ’ਚ ਜਿਸ ’ਚ ਸਮਾਜਿਕ ਸਬੰਧਾਂ ’ਚ ਪਰਿਵਰਤਨਾਂ ਦੇ ਸਿੱਟੇ ਵਜੋਂ ਪ੍ਰਕਿਰਤੀ ’ਤੇ ਮਨੁੱਖ ਦਾ ਵੱਧ ਆਰਥਿਕ ਕੰਟਰੋਲ ਸੰਭਵ ਸੀ, ਖੇਤੀ ਪ੍ਰਧਾਨ ਅਰਥਵਿਵਸਥਾ ਜਲਵਾਯੂ ਸੰਬੰਧੀ ਪਰਿਵਰਤਨਾਂ ਦੇ ਨਜ਼ਰੀਏ ਤੋਂ ਕਿਤੇ ਵੱਧ ਅਸੁਰੱਖਿਅਤ ਸੀ। 1315–17 ਦੌਰਾਨ ਅਕਾਲ ਇਸ ਲਈ ਪਏ ਕਿ ਇਨ੍ਹਾਂ ਸਾਲਾਂ ’ਚ ਗਰਮੀ ਰੁੱਤ ’ਚ ਲਗਾਤਾਰ ਵਰਖਾ ਹੁੰਦੀ ਰਹੀ ਤੇ ਤਾਪਮਾਨ ਘਟ ਬਣਿਆ ਰਹਿਣ ਕਾਰਨ ਫ਼ਸਲ ਨਸ਼ਟ ਹੋ ਗਈ। 17ਵੀਂ ਸ਼ਤਾਬਦੀ ਦੇ ਸ਼ੁਰੂ ’ਚ ਜੋ ਖੇਤੀ ਸਬੰਧੀ ਸਮੱਸਿਆਵਾਂ ਸਾਹਮਣੇ ਆਈਆਂ ਉਸ ਦਾ ਕਾਰਨ ਇਹ ਸੀ ਕਿ ਕੁੱਲ ਮਿਲਾ ਕੇ ਤਾਪਮਾਨ ’ਚ 1 ਸੈਂਟੀਗ੍ਰੇਡ ਦੀ ਕਮੀ ਰਹੀ ਜਿਸ ਦੀ ਵਜ੍ਹਾ ਨਾਲ ਪੌਦਿਆਂ ਦੇ ਉੱਗਣ ਦਾ ਮੌਸਮ ਤਿੰਨ-ਚਾਰ ਹਫ਼ਤਿਆਂ ਤੱਕ ਹੀ ਸੀਮਿਤ ਰਹਿ ਗਿਆ ਤੇ ਖੇਤੀ ਯੋਗ ਜ਼ਮੀਨ ਦਾ ਖੇਤਰ ਕਾਫ਼ੀ ਘਟ ਗਿਆ। ਕਿਉਂਕਿ 16ਵੀਂ ਸ਼ਤਾਬਦੀ ਦੀ ਜਨਸੰਖਿਆ ਵਾਧੇ ਦੇ ਕਾਰਨ ਕੁਝ ਹੱਦੀ ਪਰਬਤੀ ਖੇਤਰਾਂ ’ਚ ਵੀ ਖੇਤੀ ਕੀਤੀ ਜਾਣ ਲੱਗੀ ਸੀ, ਇਸ ਲਈ ਜਲਵਾਯੂ ਸਬੰਧੀ ਪਰਿਵਰਤਨ ਦਾ ਲੋਕਾਂ ਲਈ ਖ਼ੁਰਾਕ ਸਮੱਗਰੀ ਉਪਲੱਬਧੀ ’ਤੇ ਸਿੱਧਾ ਅਤੇ ਖ਼ਰਾਬ ਅਸਰ ਪਿਆ।

## 11.2 ਸਮਾਜਿਕ ਅਤੇ ਰਾਜਨੀਤਿਕ ਨਿਰਧਾਰਕ : ਕੁਲੀਨ ਵਰਗ, ਰਾਜਤੰਤਰ ਤੇ ਕਿਸਾਨ ਵਰਗ (Social and Political Determinant: Aristocracy, Monarchy and Peasantry)

ਇਤਿਹਾਸਕ ਨਜ਼ਰੀਏ ਤੋਂ, ਸਾਮੰਤੀ ਅਰਥਵਿਵਸਥਾ ’ਚ ਨਿਰਵਾਹ ਸਬੰਧੀ ਹਰੇਕ ਸਕੰਟ ਦਾ ਪ੍ਰਭਾਵ ਦੋ ਤੱਤਾਂ ਤੋਂ ਤੈਅ ਹੁੰਦਾ ਸੀ : (1) ਯੂਰਪ ਦੇ ਵੱਖ-ਵੱਖ ਹਿੱਸਿਆਂ ’ਚ ਵਰਗ-ਸ਼ਕਤੀਆਂ ਦਾ ਸੰਮੁਲਨ, ਅਤੇ (2) ਕਾਨੂੰਨ ਅਤੇ ਰਾਜਨੀਤਿਕ ਸੰਸਥਾਵਾਂ ਦਾ ਸਰੂਪ। ਕੁਲੀਨ ਵਰਗ ਕਿਸਾਨ ਵਰਗ ਤੋਂ ਕਿੰਨਾ ਬਚਿਆ ਮਾਲ ਖੋਹ ਸਕੇਗਾ, ਇਹ ਇਸ ਗੱਲ ’ਤੇ ਨਿਰਭਰ ਕਰਦਾ ਸੀ ਕਿ ਸਾਮੰਤੀ ਦਰਬਾਰਾਂ ਦੀਆਂ ਉਤਪੀੜਕ ਸ਼ਕਤੀ ਕਿੰਨੀ ਹੈ ਤੇ ਕਿਸਾਨ ਵਰਗ ਇਸ ਜ਼ੁਲਮ ਦਾ ਕਿੰਨਾ ਵਿਰੋਧ ਕਰਦੇ ਹਨ। ਫਰਾਂਸ, ਇੰਗਲੈਂਡ ਤੇ ਜਰਮਨੀ ਦੇ ਅਨੁਭਵ ਕੁਝ ਰੌਚਕ ਵਿਸ਼ਮਤਾ ਪੇਸ਼ ਕਰਦੇ ਹਨ।

**ਫਰਾਂਸ :**

11ਵੀਂ ਤੋਂ 13ਵੀਂ ਸ਼ਤਾਬਦੀ ਦੌਰਾਨ ਇੱਕ ਪਾਸੇ ਤਾਂ ਜਨਸੰਖਿਆ ’ਚ ਵਾਧਾ ਹੋ ਰਿਹਾ ਸੀ ਤੇ ਦੂਜੇ ਪਾਸੇ ਨਵੇਂ ਖੇਤਰਾਂ ਨੂੰ ਖੇਤੀ ਯੋਗ ਬਦਾਏ ਜਾਣ ਦੇ ਕਾਰਨ ਖੇਤੀ ਪੈਦਾਵਰ ਦਾ ਵੀ ਵਿਸਥਾਰ ਹੋਇਆ। ਇਨ੍ਹਾਂ ਹਾਲਤਾਂ ’ਚ ਫਰਾਂਸ ਦੇ ਕੁਲੀਨ ਵਰਗ ਦੇ ਖੰਡਿਤ ਰੂਪ ਤੇ ਉਸ ਦਾ ਸਮਰਥਨ ਕਰਨ ਵਾਲੇ ਇੱਕ ਸ਼ਕਤੀਸ਼ਾਲੀ ਸਾਮੰਤੀ ਰਾਜਤੰਤਰ ਦੀ ਕਮੀ ’ਚ ਫਰਾਂਸ ਦਾ ਕਿਸਾਨ ਵਰਗ ਦਾਸਤਾਪੂਰਨ ਕਿਰਤ ਦੇ ਬਦਲ ’ਚ ‘ਸੱਾ’ (cens) ਨਾਮੀ ਇੱਕ ਨਿਸ਼ਚਿਤ ਧਨ-ਕਰ ਦੀ ਪ੍ਰਥਾ ਸ਼ੁਰੂ ਕਰਨ ’ਚ ਸਫ਼ਲ ਹੋ ਗਿਆ। ਇਹ ਗੱਲ ਪੈਰਿਸ ਅਤੇ ਨਾਰਮਡੀ ਖੇਤਰਾਂ ਲਈ ਵਿਸ਼ੇਸ਼ ਤੌਰ ’ਤੇ ਸੱਚ ਹੈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਬਚੀ ਉਪਜ ਦਾ ਵੱਧ ਤੋਂ ਵੱਧ 10 ਫੀਸਦੀ ਹਿੱਸਾ ਹੀ ਕੁਲੀਨ ਵਰਗ ਨੂੰ ਜਾਂਦਾ ਸੀ। 14ਵੀਂ ਤੇ 15ਵੀਂ ਸ਼ਤਾਬਦੀਆਂ ’ਚ ਜਦੋਂ ਜਨਸੰਖਿਆ ’ਚ ਗਿਰਾਵਟ ਆਉਣੀ ਸ਼ੁਰੂ ਹੋਈ, ਉਸ ਸਮੇਂ ਫਰਾਂਸ ਵੀ ਇੰਗਲੈਂਡ ਦੇ ਨਾਲ ਸ਼ਤਸਾਲਾ ਯੁੱਧ ’ਚ ਉਲਝਿਆ ਸੀ। ਇਹ ਯੁੱਧ ਪੂਰੇ ਤੌਰ ’ਤੇ ਫਰਾਂਸ ਦੀ ਜ਼ਮੀਨ ’ਤੇ ਲੜਿਆ ਗਿਆ ਸੀ ਤੇ ਇਸ ਦੇ ਸਿੱਟੇ ਵਜੋਂ ਉੱਥੋਂ ਦਾ ਕੁਲੀਨ ਵਰਗ ਕਮਜ਼ੋਰ ਹੋ ਗਿਆ ਸੀ। ਜਦੋਂ ਕੈਪੇਸ਼ੀਅਨ ਵੰਸ਼ ਨੇ ਕੇਂਦਰੀਭੂਤ ਰਾਜ ਦੀ ਸਥਾਪਨਾ ਕਰਨੀ ਸ਼ੁਰੂ ਕੀਤੀ ਤਾਂ ਸਥਾਨਕ ਸਾਮੰਤਾਂ ਦੀਆਂ ਸ਼ਕਤੀਆਂ ’ਤੇ ਰੋਕ ਲਗਾਉਣ ਲਈ ਉਨ੍ਹਾਂ ਨੂੰ ਅਨੇਕਾਂ ਮੌਕਿਆਂ ’ਤੇ ਸਥਾਨਕ ਕਿਸਾਨ ਵਰਗ ਦੇ ਸਮਰਥਨ ਦੀ ਲੋੜ ਪਈ। ਆਖ਼ਰ ਸ਼ਾਹੀ ਦਰਬਾਰਾਂ ਨੇ ‘ਸੱਾ’ ਨਾਮੀ ਟੈਕਸ ਦੇ ਸਥਾਈ ਨਿਰਧਾਰਨ ਨੂੰ ਹੋਰ ਅੱਗੇ ਲਈ ਵਧਾ ਦਿੱਤਾ। ਇਸ ਉਪਰੰਤ ਰਾਜ ਤੰਤਰ ਨੇ ਕਿਸਾਨ ਵਰਗ ’ਤੇ ਆਪਣਾ ਵੀ ਇੱਕ ਟੈਕਸ ਲਾ ਦਿੱਤੀ। ਇਹ ਟੈਕਸ ‘ਤਾਯ’ (taille) ਕਹਾਉਂਦਾ ਸੀ ਤੇ ਇਸ ਨੂੰ ਇੱਕੱਠਾ ਕਰਨ ਦੀ ਜ਼ਿੰਮੇਵਾਰੀ ਕਿਸਾਨ ਦੇ ਪਿੰਡ ’ਤੇ ਸੀ।

ਇਸ ਤਰ੍ਹਾਂ 16ਵੀਂ ਸ਼ਤਾਬਦੀ ’ਚ ਫਰਾਂਸ ਇੱਕ ਅਜਿਹਾ ਮੰਚ ਸੀ, ਜਿੱਥੇ ਕਿਸਾਨ ਵਰਗ ਨੂੰ ਲੁੱਟਣ ਲਈ ਦੋ ਪ੍ਰਣਾਲੀਆਂ ’ਚ ਆਪਸੀ ਸੰਘਰਸ਼ ਚੱਲ ਰਿਹਾ ਸੀ। ਦਾਸਤਾਪੂਰਨ ਮਜ਼ਦੂਰੀ (servile labour) ਦੀ ਜਗ੍ਹਾ ’ਤੇ ਇੱਕ ਨਿਸ਼ਚਿਤ ਤੇ ਸਥਾਈ ਟੈਕਸ (ਸੱਾ) ਨੂੰ ਲਾਉਣ ਨਾਲ ਕਿਸਾਨ ਵਰਗ ਨੂੰ ਲਾਭ ਹੋਇਆ ਸੀ, ਉਸ ਨੂੰ ਨਿਰੰਕੁਸ਼ ਰਾਜ ਦੀ ਵਿਕਾਸਸ਼ੀਲ ਅਫ਼ਸਰਸ਼ਾਹੀ ਤੋਂ ਇੱਕ ਹੱਦ ਤੱਕ ਖ਼ਤਰਾ ਪੈਦਾ ਹੋ ਗਿਆ ਸੀ। ਫਰਾਂਸ ’ਚ ਅਗਲੀਆਂ ਦੋ ਸ਼ਤਾਬਦੀਆਂ ਦੌਰਾਨ ਵਿਕਾਸ ਦਾ ਕੀ ਕ੍ਰਮ ਰਿਹਾ, ਫਰਾਂਸ ’ਚ ਖੇਤੀਯੋਗ ਪੂੰਜੀਵਾਦ ਦਾ ਵਿਕਾਸ ਜੇਕਰ ਹੋਇਆ ਤਾਂ ਕਿੱਥੋਂ ਤੱਕ ਹੋਇਆ ਇਸ ’ਤੇ ਵਿਚਾਰ ਕਰਨ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਇਸ ਮਿਆਦ ’ਚ ਇੰਗਲੈਂਡ ਦੀ ਸਥਿਤੀ ਦਾ ਸਰਵੇ ਕਰੀਏ।

ਕੀ ਤੁਸੀ ਜਾਣਦੇ ਹੋ? ਸਾਮੰਤੀ ਸਮਾਜ ਮੁੱਖ ਤੌਰ ’ਤੇ ਖੇਤੀ ਅਧਾਰਿਤ ਸੀ ਅਤੇ ਛੋਟਾ ਕਿਸਾਨ ਪਰਿਵਾਰ ਹੀ ਉਸ ’ਚ ਪੈਦਾਵਾਰ ਦੀ ਮੂਲ ਇਕਾਈ ਸੀ।

ਨੋਟ

**ਇੰਗਲੈਂਡ :**

ਇੰਗਲੈਂਡ 'ਚ ਵਿਸਥਾਰ ਦਾ ਯੁੱਗ 1066 ਦੀ ਨਾਰਮਨ ਜਿੱਤ ਦੇ ਨਾਲ ਸ਼ੁਰੂ ਹੁੰਦਾ ਹੈ। ਇਸ ਜਿੱਤ ਨੇ ਇੱਕ ਸਾਮੰਤੀ ਰਾਜਤੰਤਰੀ ਰਾਜ ਦਾ ਸਿਰਜਨ ਕੀਤਾ। ਇਹ ਰਾਜ ਕੁਲੀਨ ਵਰਗ ਦੁਆਰਾ ਮਾਲ ਖੋਹਣ 'ਚ ਕੁਲੀਨ ਵਰਗ ਨੂੰ ਜ਼ਰੂਰੀ ਸਹਾਇਤਾ ਦੇਣ 'ਚ ਸਮਰੱਥ ਸੀ, ਬਸ਼ਰਤੇ ਕਿ ਕੁਲੀਨ ਵਰਗ ਇਹ ਮੰਨੇ ਕਿ ਸ਼ਾਹੀ ਪ੍ਰਭੂਸੱਤਾ ਦੇ ਨਾਲ ਉਸ ਦੇ ਬੰਧਨ ਕਾਨੂੰਨੀ ਆਦਰਸ਼ਾਂ (legal norms) 'ਤੇ ਅਧਾਰਿਤ ਹੈ। ਐਡਵਰਡ ਪਹਿਲੇ ਦੇ ਕਾਨੂੰਨੀ ਸੁਧਾਰਾਂ, ਵੱਖ-ਵੱਖ ਲਾਰਡਾਂ, ਸਾਮੰਤਾਂ (knights) ਅਤੇ ਧਨੀ ਨਗਰਵਾਸੀਆਂ ਦੇ ਪ੍ਰਤੀਵੇਦਨਾਂ ਦੀ ਸੁਣਵਾਈ ਲਈ ਸੰਸਦ ਦੀ ਸਥਾਪਨਾ ਅਤੇ ਰਾਜਾਂ ਦੀਆਂ ਅਦਾਲਤਾਂ (king's courts) ਦੇ ਵਿਕਾਸ ਜਿਵੇਂ ਸਾਰੇ ਤੱਤਾਂ ਨੇ ਰਾਜਾ ਤੇ ਕੁਲੀਨ ਵਰਗ ਦੇ ਅਧਿਕਾਰਾਂ ਤੇ ਕਰਤੱਵਾਂ ਨੂੰ ਸਪੱਸ਼ਟ ਤੌਰ 'ਤੇ ਤੈਅ ਕਰ ਦੇਣ 'ਚ ਮਹੱਤਵਪੂਰਨ ਯੋਗਦਾਨ ਦਿੱਤਾ। ਕੁਲੀਨਾਂ ਨੇ ਆਪਣੇ ਆਪਸੀ ਝਗੜਿਆਂ ਦੇ ਨਿਪਟਾਰੇ ਲਈ ਰਾਜਾ ਦੀਆਂ ਅਦਾਲਤਾਂ ਦੇ ਅਧਿਕਾਰ ਖੇਤਰ ਨੂੰ ਮਾਨਤਾ ਦਿੱਤੀ। ਕੁਲੀਨ ਵਰਗ ਨੂੰ ਮੈਨਰ ਅਦਾਲਤਾਂ (manorial courts) ਨੂੰ ਵੀ ਅਧਿਕਾਰ ਖੇਤਰ ਪ੍ਰਾਪਤ ਹੋ ਗਿਆ ਜਿਸ 'ਤੇ ਕੋਈ ਰੋਕ-ਟੋਕ ਨਹੀਂ ਸੀ। ਇਨ੍ਹਾਂ ਅਦਾਲਤਾਂ 'ਚ ਕੁਲੀਨਾਂ ਦਾ ਅਧਿਕਾਰ ਸੀ ਤੇ ਖੇਤੀ ਦਾਸਾਂ ਦੀਆਂ ਸ਼ਿਕਾਇਤਾਂ 'ਤੇ ਸਿਰਫ਼ ਇਹ ਅਦਾਲਤ ਹੀ ਫ਼ੈਸਲਾ ਦੇ ਸਕਦੀ ਸੀ। ਅਜਿਹਾ ਅਨੁਮਾਨ ਲਾਇਆ ਗਿਆ ਹੈ ਕਿ ਇਸ ਦੇ ਸਿੱਟੇ ਵਜੋਂ ਫਰਾਂਸ ਦੀ ਤੁਲਨਾ 'ਚ ਇੰਗਲੈਂਡ 'ਚ ਖੇਤੀ ਦਾਸਾਂ ਦੀ ਉਪਜ ਦਾ ਲਗਭਗ 50 ਫੀਸਦੀ ਹਿੱਸਾ ਸਾਮੰਤੀ ਲਗਾਨ (feudal rent) ਵਜੋਂ ਸਵਾਮੀ ਦੇ ਹੱਥ 'ਚ ਪੁੱਜ ਜਾਂਦਾ ਸੀ।

14ਵੀਂ ਸ਼ਤਾਬਦੀ ਦੇ ਆਖ਼ਰ 'ਚ ਇੰਗਲੈਂਡ 'ਚ ਕਿਸਾਨ ਸੰਘਰਸ਼ ਸ਼ੁਰੂ ਹੋ ਗਏ, ਜਦੋਂ ਕਿ ਜਨਸੰਖਿਆ 'ਚ ਆਈ ਤੇਜ਼ ਗਿਰਾਵਟਏ ਅਤੇ ਖੇਤੀ ਕੀਮਤਾਂ 'ਚ ਗਿਰਾਵਟ ਤੋਂ ਬਾਅਦ ਲਾਰਡ ਰੂਪਾਂਤਰਿਤ ਕਿਰਤ ਸੇਵਾਵਾਂ (commuted labour services) ਦੇ ਕਰੰਸੀ ਕੀਮਤ ਨੂੰ ਪੁਰਾਣੀਆਂ ਦਰਾਂ 'ਤੇ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ 'ਚ ਜਿਆਦਾਤਰ ਕਿਸਾਨ-ਸੰਘਰਸ਼ ਇੰਗਲੈਂਡ ਦੇ ਕਿਸਾਨਾਂ ਨੂੰ ਫਰਾਂਸ ਦੇ ਕਿਸਾਨਾਂ ਵਰਗਾ ਅਹੁਦੇ ਤੇ ਮਾਣ ਦਿਵਾਉਣ 'ਚ ਅਸਫ਼ਲ ਰਹੇ, ਪਰ ਨਾਲ ਹੀ ਕੁਲੀਨ ਵਰਗ ਵੀ ਅੰਗਰੇਜ਼ ਕਿਸਾਨਾਂ ਨੂੰ ਮੁੜ ਖੇਤੀ ਦਾਸ ਪ੍ਰਥਾ ਦੇ ਅੰਤਰਗਤ ਨਹੀਂ ਲਿਆ ਸਕਿਆ।

ਇਸ ਤੋਂ ਪਿੱਛੋਂ ਗ੍ਰਹਿ ਯੁੱਧ ਨੇ ਸ਼ਕਤੀਸ਼ਾਲੀ ਐਂਗਲੋ-ਨਾਰਮਨ ਸਾਮੰਤੀ ਰਾਜ ਤੰਤਰ ਨੂੰ ਕਮਜ਼ੋਰ ਕਰ ਦਿੱਤਾ। ਇਸ ਦੀ ਜਗ੍ਹਾ 'ਤੇ ਅਸੀਂ ਦੇਖਦੇ ਹਾਂ ਕਿ ਧਨਾਢ ਕੁਲੀਨ ਲੋਕਾਂ ਦੇ ਵੱਖ-ਵੱਖ ਗੁੱਟਾਂ 'ਚ ਆਸਪੀ ਮੁਕਾਬਲਾ ਪੈਦਾ ਹੋ ਗਿਆ ਤੇ ਨਿੱਜੀ ਫੌਜਾਂ ਦਾ ਵਿਕਾਸ ਹੋਇਆ। ਇਸ ਨੂੰ ਕਦੇ-ਕਦੇ 'ਦੋਗਲੇ ਸਾਮੰਤਵਾਦ' (bastard feudalism) ਦਾ ਨਾਂਅ ਦਿੱਤਾ ਜਾਂਦਾ ਹੈ। ਇਨ੍ਹਾਂ ਸਾਰੇ ਕਾਰਕਾਂ ਤੋਂ, ਮੁੜ ਖੇਤੀ ਦਾਸ ਬਣਾਏ ਜਾਣ ਦੀ ਪ੍ਰਕਿਰਿਆ 'ਤੇ ਰੋਕ ਲੱਗ ਗਈ। ਕਿਸਾਨ ਵਰਗ ਦੇ ਅੰਤਰਗਤ ਵਿਭੇਦੀਕਰਨ ਸਪੱਸ਼ਟ ਝਲਕ ਰਿਹਾ ਸੀ। ਜੋ ਕਿਸਾਨ ਸਭ ਤੋਂ ਭਾਗਸ਼ਾਲੀ ਸਨ ਉਹ ਪੂਰੀ ਮੁਖ਼ਤਿਆਰੀ ਵਾਲੇ (free holder) ਸਵਤੰਤਰ ਕਿਸਾਨ ਬਣ ਗਏ। ਇੱਕ ਦੂਜੀ ਸ਼੍ਰੇਣੀ ਦੇ ਕਿਸਾਨਾਂ ਨੂੰ ਸਥਾਈ ਜ਼ਮੀਨ ਪਟੇ (ਕਾਪੀ ਹੋਲਡ) ਪ੍ਰਾਪਤ ਹੋ ਗਿਆ, ਜਿਸ ਨਾਲ ਉਨ੍ਹਾਂ ਨੇ ਅਦਾਲਤਾਂ ਦੁਆਰਾ ਮਨਜ਼ੂਰ ਮਿਆਦ ਤੱਕ ਸੁਰੱਖਿਅਤ ਪੱਟਾ ਮਿਲ ਗਿਆ। ਪਰ 17ਵੀਂ ਸ਼ਤਾਬਦੀ ਦੇ ਸ਼ੁਰੂ ਤੋਂ ਬਾਅਦ ਹੀ ਅਜਿਹਾ ਹੋ ਸਕਿਆ ਕਿ ਅਦਾਲਤਾਂ ਨੇ ਕੁਲੀਨ ਲੋਕਾਂ ਅਤੇ ਜ਼ਮੀਨ ਪੱਟੇਦਾਰਾਂ (ਕਾਪੀ ਹੋਲਡਰਾਂ) ਦਰਮਿਆਨ ਹੋਣ ਵਾਲੇ ਝਗੜਿਆਂ 'ਚ ਬਰਾਬਰੀ 'ਤੇ ਅਧਾਰਿਤ ਜਾਂ ਨਿਆਂਉਚਿਤ ਫ਼ੈਸਲੇ (equitable verdicts) ਦੇਣੇ ਸ਼ੁਰੂ ਕੀਤੇ। ਮੁੱਖ ਪਰਿਸੰਪਤੀ (asset) ਅਜੇ ਵੀ ਅੰਗਰੇਜ਼ ਕੁਲੀਨ ਵਰਗ ਦੇ ਕੋਲ ਸੀ ਅਤੇ ਉਹ ਸੀ ਉਨ੍ਹਾਂ ਦੀ ਡਿਮੇਨ ਜ਼ਮੀਨ, ਜੋ ਫਰਾਂਸ ਦੀ ਤੁਲਨਾ 'ਚ ਇੰਗਲੈਂਡ 'ਚ ਵਧੇਰੇ ਵਿਸਥਾਰ ਸੀ। ਬਲੈਕ ਡੈਥ 'ਚ ਮਰ ਜਾਣ ਵਾਲਿਆਂ ਅਤੇ ਭੱਜ ਜਾਣ ਵਾਲੇ ਖੇਤੀਦਾਸਾਂ ਦੀ ਜ਼ਮੀਨ ਹੜੱਪਣ ਦੇ ਸਿੱਟੇ ਵਜੋਂ ਕੁਲੀਨ ਵਰਗ ਨੇ ਇਸ ਜ਼ਮੀਨ ਦਾ ਹੋਰ ਵਧੇਰੇ ਵਿਸਥਾਰ ਕਰ ਲਿਆ ਸੀ। ਹਾਲਾਂਕਿ ਕੁਲੀਨ ਵਰਗ ਹੁਣ ਇੰਨਾ ਸਮਰੱਥ ਤਾਂ ਨਹੀਂ ਸੀ ਕਿ ਉਹ ਆਪਣੇ ਕਿਸਾਨਾਂ ਨੂੰ ਮੁੜ ਦਾਸ ਬਣਾ ਸਕਦਾ ਪਰ ਉਸ ਨੇ ਆਪਣੀ ਡਿਮੇਨ ਜ਼ਮੀਨ 'ਤੇ ਆਪਣੀ ਪੂਰੀ ਜਾਇਦਾਦ-ਅਧਿਕਾਰ ਦੀ ਵਰਤੋਂ ਕੀਤੀ। ਇਸ ਦੇ ਮਾਧਿਅਮ ਨਾਲ ਉਨ੍ਹਾਂ ਨੇ ਉਸ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ ਨੂੰ ਆਰਥਿਕ ਦ੍ਰਿਸ਼ਟੀ ਤੋਂ ਲਾਭਦਾਇਕ ਕਿਰਾਏ 'ਤੇ ਉਨ੍ਹਾਂ ਕਿਸਾਨਾ ਨੂੰ ਪਟੇ 'ਤੇ ਦੇ ਦਿੱਤਾ ਜੋ ਓਨਾ ਕਿਰਾਇਆ ਦੇਣ ਦੇ ਇਛੁੱਕ ਸਨ। ਇਸ ਤਰ੍ਹਾਂ ਜਿੱਥੇ 16ਵੀਂ ਸ਼ਤਾਬਦੀ ਦੇ ਸ਼ੁਰੂ 'ਚ ਫਰਾਂਸ 'ਚ ਛੋਟੇ-ਛੋਟੇ ਕਿਸਾਨਾਂ ਦੁਆਰਾ ਖੇਤੀ ਉਤਪਾਦਨ (petty peasant production) ਦੀ ਸ਼ੁਰੂਆਤ ਹੋ ਰਹੀ ਸੀ, ਉਥੇ ਉਸੇ ਕਾਲ 'ਚ ਇੰਗਲੈਂਡ 'ਚ ਪੂੰਜੀਵਾਦੀ ਖੇਤੀ ਦਾ ਉਥਾਨ ਹੋ ਰਿਹਾ ਸੀ। ਇਹ ਪੂੰਜੀਵਾਦੀ ਖੇਤੀ ਵਿਰੋਧੀ ਸਬੰਧਾਂ 'ਤੇ ਅਧਾਰਿਤ ਸੀ ਤੇ ਇਹ ਤਿੰਨ ਪੱਖ ਸਨ : ਭੂ-ਸਵਾਮੀ, ਪਟੇਦਾਰ ਕਾਸ਼ਤਕਾਰ (Tenant Farmer) ਅਤੇ ਮਜ਼ਦੂਰੀ 'ਤੇ ਕੰਮ ਕਰਨ ਵਾਲੇ ਮਜ਼ਦੂਰ (wage labourers)।

**ਜਰਮਨੀ :**

ਜਰਮਨੀ 'ਚ 16ਵੀਂ ਸਦੀ ਤੱਕ ਖੇਤੀਗਤ ਸਬੰਧਾਂ ਦੇ ਦੋ ਵੱਖ-ਵੱਖ ਸਰੂਪਾਂ ਦਾ ਉਦੈ ਹੋ ਚੁੱਕਾ ਸੀ। ਪੱਛਮੀ ਭਾਗ 'ਚ ਤਾਂ ਛੋਟੇ ਪੈਮਾਨੇ ਦੇ ਕਿਸਾਨ ਪਰਿਵਾਰ ਰੂਪੀ ਇਕਾਈ ਸੀ। ਪੇਂਡੂ ਵਰਗ 'ਚ ਇਸ ਇਕਾਈ ਨੂੰ ਸੁਰੱਖਿਅਤ ਪਟਾ ਤਾਂ ਪ੍ਰਾਪਤ ਸੀ ਪਰ ਉਸ ਨੂੰ ਲਾਰਡ ਜਾਂ ਸਵਾਮੀ ਨੂੰ ਪਰੰਪਰਾਗਤ ਸਾਮੰਤੀ ਦੇਣਦਾਰੀ ਤੇ ਲਗਾਨ (feudal dues and rent) ਦੇਣੀ ਪੈਂਦੀ ਸੀ। ਉਹ ਸਵਾਮੀ ਫਿਰ ਇੱਕ ਛੋਟੀ ਸ਼੍ਰੇਣੀ ਦਾ ਕੁਲੀਨ ਹੁੰਦਾ ਸੀ ਜਿਸ ਨੂੰ ਇੱਕ ਸੀਮਿਤ ਖੇਤਰ 'ਚ ਰਾਜਨੀਤਿਕ ਪ੍ਰਭੂਸੱਤਾ ਪ੍ਰਾਪਤ ਸੀ। ਇਨ੍ਹਾਂ ਖੇਤਰਾਂ 'ਚ ਇਸ ਪੈਟਰਨ ਦਾ ਉਥਾਨ ਠੀਕ ਉਸੇਤਰ੍ਹਾਂ ਹੋਇਆ ਜਿਵੇਂ ਕਿ ਫਰਾਂਸ 'ਚ ਹੋਇਆ ਸੀ, ਅਰਥਾਤ ਪਿੰਡ ਦਰ ਪਿੰਡ ਅਨੇਕਾਂ ਵਰ੍ਹਿਆਂ ਦੇ ਦੀਰਕਾਲਿਕ ਸੰਘਰਸ਼ ਦੇ ਅਧਾਰ 'ਤੇ। ਦੂਜੇ ਪਾਸੇ, ਪੱਛਮੀ ਭਾਗ 'ਚ ਜਨਸੰਖਿਆ ਵਧੇਰੇ ਸੰਘਣੀ ਸੀ ਤੇ ਸਾਮੰਤੀ ਜਾਗੀਰਾਂ (feudal estates) ਛੋਟੇ-ਛੋਟੇ ਪਿੰਡਾਂ ਦੇ ਰੂਪ 'ਚ ਸਨ। ਇਸ ਕਾਰਨ ਪੇਂਡੂ ਵਰਗ ਲਈ ਕਿਸਾਨੀ ਅਧਿਕਾਰਾਂ ਦਾ ਸਫ਼ਲਤਪੂਰਵਕ ਦਾਅਵਾ ਕਰਨਾ ਸੌਖਾ ਸੀ ਤੇ ਇਯ ਲਈ ਕਿਸੇ ਵੀ ਕੁਲੀਨ ਲਈ ਆਪਣੇ ਕਿਸਾਨਾਂ ਤੋਂ ਅੱਖਾਂ ਮੀਚ ਕੇ ਆਗਿਆ ਪਾਲਣ ਕਰਵਾਉਣਾ ਆਸ ਨਾਲੋਂ ਵੱਧ ਮੁਸ਼ਕਲ ਸੀ। ਪੂਰਬੀ ਭਾਗ 'ਚ ਉਸ ਖੇਤਰ ਦਾ, ਜਰਮਨ ਕੁਲੀਨ ਲੋਕਾਂ ਦੀ ਅਗਵਾਈ 'ਚ, ਉਪਨਿਵੇਸ਼ੀਕਰਨ ਕਰ ਦਿੱਤਾ ਗਿਆ ਸੀ। ਇਨ੍ਹਾਂ ਕੁਲੀਨਾਂ ਨੇ ਕਿਸਾਨਾਂ ਨੂੰ ਆਪਣੀ ਖੁਦ ਦੀਆਂ ਜਾਗੀਰਾਂ ਨਾਲ ਜੁੜੇ ਖੇਤਰਾਂ 'ਤੇ ਵਸਾਇਆ। ਖੇਤੀਦਾਸਾਂ ਤੇ ਉਨ੍ਹਾਂ 'ਤੇ ਆਪਣੇ ਅਧਿਕਾਰ ਰੱਖਣ ਵਾਲੇ ਸਵਾਮੀ ਦਰਮਿਆਨ ਵਿਚੋਲੇ ਵੀ ਬਹੁਤ ਘੱਟ ਸਨ। ਪੱਛਮੀ ਜਰਮਨੀ ਦੀ ਪੇਂਡੂ ਅਰਥਵਿਵਸਥਾ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਸਮੂਹਿਕ ਚਰਾਂਦਾਂ ਦੀ ਵਰਤੋਂ ਨੂੰ ਨਿਯਮਿਤ ਕਰਨ ਲਈ, ਪੇਂਡੂ ਵਰਗ ਦੇ ਮਾਧਿਅਮ ਨਾਲ, ਕਿਸਾਨ ਪਰਿਵਾਰਾਂ 'ਚ ਆਪਸੀ

ਸਹਿਯੋਗ ਸੀ, ਪਰ ਜਰਮਨਾਂ ਦੁਆਰਾ ਏਲਬ ਦੇ ਪੂਰਬ 'ਚ ਵਸਾਈਆਂ ਗਈਆਂ ਬਸਤੀਆਂ 'ਚ ਇਸ ਵਿਸ਼ੇਸ਼ਤਾ ਦੀ ਕਮੀ ਸੀ। ਆਮ ਤੌਰ 'ਤੇ ਉਥੇ ਸਮੂਹਿਕ ਜ਼ਮੀਨ ਬਹੁਤ ਹੀ ਘੱਟ ਸੀ।

**ਨੋਟ**

## 11.3 ਆਰਥਿਕ ਤੇ ਸਮਾਜਿਕ ਨਿਰਧਾਰਕ : ਵਣਜ ਨਗਰੀ ਕੇਂਦਰਾਂ ਦੀ ਪ੍ਰਸੰਗਿਕਤਾ (Economic and Social Determinant : Relevance of Commercial Civic Centres)

ਪਰਵਰਤੀ ਮੱਧਯੁਗੀਨ ਸਾਮੰਤੀ ਸਮਾਜ 'ਚ ਵਪਾਰ ਤੇ ਵਣਜ ਦਾ ਜੋ ਸਥਾਨ ਸੀ ਉਸ ਬਾਰੇ ਨਾ ਤਾਂ ਵਧਾ-ਚੜ੍ਹਾ ਕੇ ਕਹਿਣਾ ਚਾਹੀਦਾ ਹੈ ਤੇ ਨਾ ਹੀ ਉਸ ਨੂੰ ਘੱਟ ਮਹੱਤਵ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਪੂੰਜੀਵਾਦ ਦੇ ਉਦੈ 'ਚ ਵਾਪਰਕ ਪੂੰਜੀਪਤੀ ਅਤੇ ਮੱਧ ਯੁਗੀਨ ਸਵੈਸ਼ਾਸਿਤ ਨਗਰਾਂ ਨੇ ਜੋ ਭੂਮਿਕਾ ਨਿਭਾਈ ਉਹ ਇੱਕ ਕਾਲ ਤੋਂ ਦੂਜੇ ਕਾਲ 'ਚ ਅਤੇ ਇੱਕ ਖੇਤਰ ਤੋਂ ਦੂਜੇ ਖੇਤਰ 'ਚ ਬਦਲਦੀ ਰਹੀ। ਇਤਿਹਾਸਕਾਰ ਹੇਨਰੀ ਪਿਰੇਨ (Henri Pirenne) ਦਾ ਵਿਚਾਰ ਸੀ ਕਿ ਇਨ੍ਹਾਂ ਨੂੰ ਇੱਕ ਫ਼ੈਸਲਾਕੁੰਨ ਭੂਮਿਕਾ ਨਿਭਾਈ। ਪਰ ਇਹ ਮਤ ਹੁਣ ਮਾਨਤਾ ਪ੍ਰਾਪਤ ਨਹੀਂ ਹੈ।

ਮੱਧ ਯੁੱਧ ਦੇ ਪਰਿਵਰਤੀ ਭਾਗ 'ਚ ਸਾਮੰਤੀ ਅਰਥਵਿਵਸਥਾ ਅਜਿਹੀ ਨਹੀਂ ਸੀ ਜਿਸ 'ਚ ਕਰੰਸੀ ਦੀ ਵਰਤੋਂ ਨਾ ਕੀਤੀ ਗਈ ਹੋਵੇ। ਅਸੀਂ ਦੇਖ ਚੁੱਕੇ ਹਾਂ ਕਿ ਜਦੋਂ ਵੀ ਸਾਮੰਤਾਂ ਦੇ ਆਪਣੇ ਹਿੱਤਾਂ ਨੂੰ ਲਾਭ ਪਹੁੰਚਾਉਂਦਾ ਸੀ, ਉਹ ਕਿਰਤ-ਸੇਵਾਵਾਂ ਦੇ ਬਦਲੇ 'ਚ ਨਗਦ ਭੁਗਤਾਨ ਕੀਤਾ ਜਾਣਾ ਸਵੀਕਾਰ ਕਰ ਲੈਂਦੇ ਸਨ। ਜਦੋਂ ਤੱਕ ਕੋਈ ਅਜਿਹਾ ਬਾਜ਼ਾਰ ਵਿੱਦਿਆਮਾਨ ਨਾ ਹੋਵੇ ਜਿਸ 'ਚ ਨਗਦ ਰਾਸ਼ੀ ਦੇ ਬਦਲੇ ਸਮਾਨ ਖ਼ਰੀਦਿਆ ਤੇ ਵੇਚਿਆ ਜਾ ਸਕਦਾ ਹੋਵੇ ਉਦੋਂ ਤੱਕ ਕਰੰਸੀ ਦੇ ਕੋਈ ਅਰਥ ਨਹੀਂ ਹਨ ਪਰ ਕਿਸਾਨ ਵਰਗ ਦੇ ਪੱਧਰ 'ਤੇ ਨਗਦ ਖ਼ਰੀਦੋ-ਫਰੋਖ਼ਤ ਨਾ ਦੇ ਬਰਾਬਰ ਹੁੰਦੀ ਸੀ। ਇਸ ਦਾ ਇੱਕ ਅਪਵਾਦ ਲਿਹਾਜ਼ਾ ਮੱਧ ਯੁੱਗ ਦੇ ਲਗਭਗ ਅੰਤ 'ਚ ਲਗਦਾ ਹੈ, ਜਦੋਂ ਕੁਝ ਖੁਸ਼ਹਾਲ ਕਿਸਾਨ ਡਿਮੇਨ ਜ਼ਮੀਨ ਦੇ ਕੁਝ ਹਿੱਸਿਆਂ ਨੂੰ ਪਟੇ 'ਤੇ ਲੈਣ ਦੇ ਇਛੁੱਕ ਸਨ ਤੇ ਉਨ੍ਹਾਂ ਨੇ ਅਜਿਹਾ ਕੀਤਾ ਵੀ (ਉੱਪਰ ਵਰਨਣ ਕੀਤਾ ਜਾ ਚੁੱਕਾ ਹੈ) ਕਰੰਸੀ ਦੀ ਮੁੱਖ ਵਰਤੋਂ ਦੂਰ-ਦੁਰਾਡੇ ਵਪਾਰ ਲਈ ਵਿੱਤ ਜੁਟਾਉਣ, ਭਾੜੇ ਦੇ ਫੌਜੀਆਂ ਨੂੰ ਭੁਗਤਾਨ ਕਰਨ ਤੇ ਯੁੱਧ ਕਾਲ 'ਚ ਕੁਲੀਨ ਵਰਗ ਦੇ ਕੈਦੀਆਂ ਨੂੰ ਛਡਾਉਣ ਲਈ ਭੁਗਤਾਨ ਦੇਣ 'ਚ ਹੁੰਦਾ ਸੀ।

13ਵੀਂ ਸ਼ਤਾਬਦੀ 'ਚ ਵਪਾਰ ਦਾ ਸਰੂਪ ਕੁਝ ਇਸ ਤਰ੍ਹਾਂ ਦਾ ਸੀ : ਫਰਾਂਸ 'ਚ ਗੈਸਕਨੀ ਨਿਰਯਾਤ ਲਈ ਸ਼ਰਾਬ ਦਾ ਉਤਪਾਦਨ ਕਰਦਾ ਸੀ।, ਫਲੈਂਡਰਜ (ਬੈਲਜ਼ੀਅਮ) 'ਚ ਬਹੁਤ ਜ਼ਿਆਦਾ ਸੁਵਿਕਸਿਤ ਹਥਖੱਡੀ ਊਨੀ, ਵਸਤਰ-ਉਦਯੋਗ ਸੀ, ਜੋ ਪੂਰੀ ਯੂਰਪੀ ਬਾਜ਼ਾਰ ਦੀ ਮੰਗ ਪੂਰੀ ਕਰਨ ਲਈ ਉਤਪਾਦਨ ਕਰਦਾ ਸੀ; ਰੂਸ ਦਾ ਬਾਲਟਿਕ ਖੇਤਰ ਪੱਛਮੀ ਯੂਰਪ ਦੇ ਖ਼ਪਤਕਾਰਾਂ ਤੇ ਜਹਾਜ਼-ਨਿਰਮਾਤਾਵਾਂ ਲਈ ਫ਼ਰ (furs)ਅਤੇ ਲੱਕੜ ਦਾ ਨਿਰਯਾਤ ਕਰਦਾ ਸੀ ਤੇ ਇੰਗਲੈਂਡ ਉੱਨ (ਮੁੱਖ ਤੌਰ 'ਤੇ ਫਲੈਂਡਰਜ ਨੂੰ), ਅਨਾਜ਼ (ਗੈਸਕਨੀ ਤੇ ਫਲੈਂਡਰਜ) ਅਤੇ ਡੱਬਾਬੰਦ ਤੇ ਡੇਅਰੀ ਦੀਆਂ ਵਸਤੂਆਂ ਦਾ ਨਿਰਮਾਣ ਕਰਦਾ ਸੀ। ਏਸ਼ੀਆ ਤੋਂ ਅਉਣ ਵਾਲੀਆਂ ਵਿਲਾਸ-ਚੀਜਾਂ ਨੂੰ ਭੂਮੱਧ ਸਾਗਰੀ ਵਪਾਰੀ ਖ਼ਰੀਦ ਲੈਂਦੇ ਸਨ ਤੇ ਫਿਰ ਉਹ ਦੱਖਣੀ ਜਰਮਨੀ 'ਚ ਆਗਸਬਰਗ, ਉੱਤਰੀ ਜਰਮਨੀ 'ਚ ਲਿਊਬੇਕ ਅਤੇ ਫਲੈਂਡਰਜ 'ਚ ਏਂਟਵਰਪ-ਵਰਗੇ ਮਹੱਤਵਪੂਰਨ ਬਾਜ਼ਾਰ ਕੇਂਦਰਾਂ 'ਚ ਉਨ੍ਹਾਂ ਦੀ ਅਦਲਾ-ਬਦਲੀ ਕਰ ਲੈਂਦੇ ਸਨ।

ਸਾਮੰਤੀ ਉਤਪਾਦਨ-ਸੰਬੰਧਾਂ 'ਚ ਪਰਿਵਰਤਨ ਦੇ ਸਾਧਨ ਦੇ ਰੂਪ 'ਚ ਮੱਧਯੁਗੀਨ ਵਪਾਰਕ ਪੂੰਜੀ ਦੀਆਂ ਹੱਦਾਂ ਬਾਰੇ ਉੱਪਰ ਜੋ ਕਿਹਾ ਗਿਆ ਹੈ, ਉਸ ਦੇ ਬਾਵਜੂਦ ਇਹ ਤਾਂ ਮੰਨਣਾ ਹੀ ਪਵੇਗਾ ਕਿ ਅਣਜਾਨੇ 'ਚ ਹੀ ਇਸ ਪੂੰਜੀ ਦੇ ਕੁਝ ਅਜਿਹੇ ਦੀਰਘਕਾਲੀਨ ਪ੍ਰਭਾਵ ਸਾਹਮਣੇ ਆਏ ਹਨ ਜਿੰਨਾਂ ਦੀ ਵਜ੍ਹਾ ਨਾਲ ਪੂੰਜੀਵਾਦ ਵੱਲ ਸੰਕ੍ਰਮਣ ਸੰਭਵ ਹੋ ਸਕਿਆ। ਬੈਂਕਿੰਗ ਪ੍ਰਣਾਲੀ, ਸਿੱਕਿਆਂ ਦੇ ਪ੍ਰੀਖਣ, ਵਪਾਰਕ ਮਾਰਗਾਂ ਦੇ ਗਿਆਨ ਅਤੇ ਮਹੱਤਵਪੂਰਨ ਸ਼ਹਿਰੀ ਕੇਂਦਰਾਂ 'ਤੇ ਮੇਲੇ ਦੇ ਆਯੋਜਨੋਂ ਬਾਰੇ 'ਚ ਕਾਫ਼ੀ ਤਜ਼ਰਬਾ ਪ੍ਰਾਪਤ ਹੋਇਆ। ਜਦੋਂ 16ਵੀਂ ਸ਼ਤਾਬਦੀ ਦੀ ਖੋਜ ਯਾਤਰਾਵਾਂ ਅਤੇ ਭਾਰੀ ਮਾਤਰਾ 'ਚ ਬੇਸ਼ਕੀਮਤੀ ਧਾਤੂਆਂ ਦੇ ਆਗਮਨ ਨਾਲ ਵਪਾਰੀਆਂ ਲਈ ਮੌਕਿਆਂ 'ਚ ਸ਼ਲਾਘਾਯੋਗ ਵਾਧਾ ਹੋਗਿਆ ਤਾਂ ਉੱਪਰ ਦੱਸੇ ਗਏ ਤਜ਼ਰਬੇ ਬਹੁਤ ਉਪਯੋਗੀ ਸਿੱਧ ਹੋਏ।

15ਵੀਂ ਸਦੀ ਦੇ ਅੰਤ 'ਚ, ਸਾਮੰਤੀ ਸਮਾਜ ਦੇ ਪੇਂਡੂ ਅਤੇ ਸ਼ਹਿਰੀ ਖੇਡਾਂ 'ਚ ਜਾਇਦਾਦ ਤੇ ਵਿਸ਼ੇਸ਼ ਅਧਿਕਾਰ-ਸੰਪੰਨ ਤੱਤਾਂ ਦੀਆਂ ਲੋੜਾਂ ਦੀ ਪੂਰਤੀ ਲਈ ਕੁਝ ਤਕਨੀਕੀ ਪਰਿਵਤਰਨ ਕੀਤੇ ਗਏ। ਸੱਭਿਆਚਾਰਕ ਪਰਿਵਰਤਨ ਤਾਂ ਪਹਿਲਾਂ ਹੀ ਹੋ ਚੁੱਕੇ ਸਨ, ਪਰ ਉਨ੍ਹਾਂ ਨੂੰ ਮਹੱਤਵਪੂਰਨ ਪੂੰਜੀਵਾਦ ਦੀਆਂ ਲੋੜਾਂ ਦੇ ਅਨੁਸਾਰ ਢਾਲਿਆ ਜਾ ਸਕਦਾ ਸੀ। ਜਿਸ ਤਕਨੀਕ ਨੇ ਬਾਰੂਦ ਨੂੰ ਜਨਮ ਦਿੱਤਾ (ਜੋ ਸਥਾਨਕ ਸਾਮੰਤੀ ਪ੍ਰਭੂਤਵ ਦੇ ਵਿਰੁੱਧ ਰਾਜਤੰਤਰੀ ਕੇਂਦਰੀ ਕਰਨ ਦਾ ਇੱਕ ਉਪਕਰਨ ਸੀ) ਉਸ ਦੀ ਵਰਤੋਂ ਓਪਨਿਵੇਸਕ ਜਿੱਤਾਂ ਲਈ ਵੀ ਕੀਤੀ ਜਾ ਸਕਦੀ ਸੀ। ਤਾਂਬੇ ਤੋਂ ਚਾਂਦੀ ਨੂੰ ਵੱਖਰਾ ਕਰਨ ਦੀ ਪ੍ਰਕਿਰਿਆ ਦਾ ਵਿਕਾਸ ਮੱਧ ਯੂਰਪ 'ਚ ਹੋ ਚੁੱਕਾ ਸੀ ਤੇ ਸਿੱਕਿਆਂ ਲਈ ਮੁਹੱਈਆ ਚਾਂਦੀ ਤੇ ਤਾਂਬੇ ਦੀ ਮਾਤਰਾ 1460 ਤੋਂ 1530 ਦਰਮਿਆਨ ਪੰਜ ਗੁਣਾ ਹੋ ਗਈ ਸੀ। ਇਸ ਨਾਲ ਜਨਸੰਖਿਆ 'ਚ ਮੁੜ ਵਾਧੇ ਦੇ ਕਾਲ 'ਚ ਦਬੀ ਹੋਈ ਮੰਗ ਨੂੰ ਪੂਰਾ ਕਰਨ ਸੰਭਵ ਹੋ ਸਕਿਆ। ਯੂਰਪੀ ਤੱਟਾਂ ਨਾਲ ਲੱਗਦੇ ਹੋਏ ਸਮੁੰਦਰਾਂ 'ਚ ਵਪਾਰ ਦਾ ਜੋ ਅਨੁਭਵ ਹੋਇਆ ਉਸ ਦੇ ਅਧਾਰ 'ਤੇ ਤਿੰਨ ਮਸਤੂਲਾਂ ਤੇ ਦ੍ਰਿੜ ਪਤਵਾਰਾਂ ਵਾਲੇ ਜਹਾਜ਼ਾਂ ਦਾ ਵਿਕਾਸ ਕੀਤਾ ਗਿਆ ਜਿਸ ਨਾਲ ਮਹਾਂਸਾਗਰਾਂ ਨੂੰ ਸਮੁੰਦਰੀ ਆਵਾਜਾਈ ਦੇ ਯੋਗ ਬਣਾਇਆ ਜਾ ਸਕਿਆ ਅਤੇ ਅਮਰੀਕਾ ਦੀ ਖੋਜ ਕਰਨੀ ਵੀ ਸੰਭਵ ਹੋਈ। ਪ੍ਰੀਟਿੰਗ ਦੀ ਖੋਜ ਨੇ ਉਪਯੋਗੀ ਗਿਆਨ ਦੇ ਪ੍ਰਸਾਰ 'ਚ ਵਿਵਹਾਰਕ ਸਹਾਇਤਾ ਪ੍ਰਦਾਨ ਕੀਤੀ। ਜਿੱਥੇ ਕਦੇ ਵੀ ਕੁਝ ਹੋਰ ਕਾਰਕਾਂ ਦੀ ਵਜ੍ਹਾ ਨਾਲ ਬਾਜ਼ਾਰ ਲਈ ਖੇਤੀ ਉਤਪਾਦਨ ਪ੍ਰਤੀ ਵਾਧੂ ਉਤਸ਼ਾਹ ਸੀ, ਉਥੇ ਰੋਮੀ ਸਿਵਲ ਕਾਨੂੰਨ (Roman Civil Law) ਦੇ ਅਧਿਐਨ ਦੇ ਮੁੜ ਪ੍ਰਚਲਨ ਨੇ (ਜਿਸ 'ਚ ਨਿੱਜੀ ਜਾਇਦਾਦ ਦੇ ਪੂਰਨ ਮੁਖ਼ਤਿਆਰੀ 'ਤੇ ਕੋਈ ਪਾਬੰਦੀ ਨਹੀਂ ਸੀ) ਖੇਤੀ ਜ਼ਮੀਨ ਸਬੰਧੀ ਪੂੰਜੀਵਾਦ (agrarian capitalism) ਦੇ ਵਿਕਾਸ ਵਿੱਚ ਸਹਾਇਤਾ ਕੀਤੀ। ਰੋਮੀ ਕਾਨੂੰਨ ਵਿੱਚ ਪ੍ਰਮਾਣ ਦੇ ਬਾਰੇ ਵਿੱਚ ਜਿਆਦਾਤਰ ਸਪਸ਼ੱਟ ਕਸੌਟੀ, ਪੇਸ਼ੇਵਰ ਨਿਆਂਇਪਾਲਿਕਾ ਦੇ ਵਿਕਾਸ ਅਤੇ ਦੇ ਉਸ ਦੀ ਨਿਰਪੱਖਤਾ ਦੀਆਂ ਪਰੰਪਰਾਵਾਂ 'ਤੇ ਜੋ ਜ਼ੋਰ ਦਿੱਤਾ ਗਿਆ ਸੀ ਉਸ ਨਾਲ ਵਪਾਰਕ ਵਰਗਾਂ ਨੂੰ ਵੀ ਲਾਭ ਹੋਇਆ (ਰੋਮ ਦੇ ਕਾਨੂੰਨ ਨੇ ਨਿਰੰਕੁਸ਼ ਰਾਜਤੰਤਰ ਦੇ ਵਿਕਾਸ 'ਚ ਵੀ ਮੱਦਦ ਕੀਤੀ)।

ਨੋਟ

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ਜਰਮਨੀ ਵਿੱਚ .... ਤੱਕ ਖੇਤੀਗਤ ਸਬੰਧਾਂ ਦੇ ਦੋ ਭਿੰਨ ਸਰੂਪਾਂ ਦਾ ਉਦੈ ਹੋ ਚੁੱਕਾ ਸੀ।
   (ੳ) ਸੋਲਵੀਂ ਸਦੀ (ਅ) ਸਤਾਰਵੀਂ ਸਦੀ
   (ੲ) ਅਠਾਰਵੀਂ ਸਦੀ (ਸ) ਇਨ੍ਹਾਂ 'ਚੋਂ ਕੋਈ ਨਹੀਂ
5. ਇੰਗਲੈਂਡ 'ਚ ਵਿਸਥਾਰ ਦਾ ਯੁੱਗ...... ਦੀ ਨਾਰਮਨ ਜਿੱਤ ਦੇ ਨਾਲ ਆਰੰਭ ਹੁੰਦਾ ਹੈ।
   (ੳ) 1066 (ਅ) 1266
   (ੲ) 1566 (ਸ) 1166
6. ........ ਦੇ ਅੰਤ 'ਚ ਇੰਗਲੈਂਡ 'ਚ ਕਿਸਾਨ-ਸੰਘਰਸ਼ ਸ਼ੁਰੂ ਹੋ ਗਏ ਸਨ।
   (ੳ) 12ਵੀਂ ਸ਼ਤਾਬਦੀ (ਅ) 13ਵੀਂ ਸ਼ਤਾਬਦੀ
   (ੲ) 14ਵੀਂ ਸ਼ਤਾਬਦੀ (ਸ) 15ਵੀਂ ਸ਼ਤਾਬਦੀ

## 11.4 ਖੇਤੀਗਤ ਪੂੰਜੀਵਾਦ : ਗਤੀਰੋਧ ਤੇ ਵਿਕਾਸ (Cultivative Capitalism : Hindrance and Development)

ਇਸ ਅਧਿਆਇ ਦੇ ਸ਼ੁਰੂ 'ਚ ਅਸੀਂ ਸਾਮੰਤੀ ਉਤਪਾਦਨ ਸਬੰਧਾਂ ਤੇ ਖ਼ਪਤਕਾਰਾਂ ਲਈ ਵਿਕਾਸਸ਼ੀਲ ਤੇ ਵੱਖਰੇ (differentiated) ਬਾਜ਼ਾਰ ਦੀ ਕਮੀ ਦੇ ਢਾਂਚੇ ਤਹਿਤ, ਖੇਤੀ ਉਤਪਾਦਕਤਾ 'ਚ ਵਾਧੇ ਦੀ ਤਕਨੀਕੀ ਅਤੇ ਆਰਥਿਕ ਹੱਦਾਂ ਦਾ ਵਰਨਣ ਕੀਤਾ ਸੀ। ਅਸੀਂ ਇਹ ਵੀ ਜ਼ੋਰ ਦਿੱਤਾ ਸੀ ਕਿ ਜੇਕਰ ਉਤਪਦਾਨ ਸਬੰਧਾਂ 'ਚ ਕੋਈ ਪਰਿਵਰਤਨ ਨਹੀਂ ਹੁੰਦਾ ਸੀ, ਤਾਂ ਕਾਲਾਂਤਰ 'ਚ ਜਨਸੰਖਿਆ ਸਬੰਧੀ ਚੱਕਰ ਦੇ ਕਾਰਨ ਖੇਤੀਗਤ ਉਤਪਦਾਨ 'ਚ ਵਾਧੇ ਦੇ ਕਾਰਨ ਉੱਪਰੀ ਹੱਦ ਵੀ ਨਿਸ਼ਚਿਤ ਕਰ ਦਿੱਤੀ ਜਾਂਦੀ ਸੀ। 16ਵੀਂ ਤੇ 17ਵੀਂ ਸ਼ਤਾਬਦੀ 'ਚ ਖੇਤੀ ਦੇ ਖੇਤਰ 'ਚ ਅੜਿੱਕੇ ਦੇ ਦੋ ਉਦਾਹਰਨ ਹਨ- ਇਟਲੀ ਤੇ ਫਰਾਂਸ। ਇਸ ਦੇ ਉਲਟ ਨੀਂਦਰਲੈਂਡ ਤੇ ਇੰਗਲੈਂਡ ਖੇਤੀਗਤ ਪੂੰਜੀਵਾਦ ਦੇ ਵਿਕਾਸ ਦੇ ਉਦਾਹਰਨ ਹਨ।

**ਇਟਲੀ :** ਉੱਤਰ-ਮੱਧ ਤੇ 16ਵੀਂ ਤੇ ਸ਼ੁਰੂਆਤੀ 17ਵੀਂ ਸ਼ਤਾਬਦੀ 'ਚ ਅੰਤਰਰਾਜੀ ਵਪਾਰ ਤੇ ਵਣਜ ਦੇ ਮੁੱਖ ਕੇਂਦਰ ਦੇ ਰੂਪ 'ਚ ਬਲਕਿ ਭੂਮੱਧ ਸਾਗਰ ਅਤਿਅੰਤ ਮਹੱਤਵਪੂਰਨ ਸੀ, ਫਿਰ ਵੀ ਉਸ ਦੇ ਤੱਟੀ ਖੇਤਰਾਂ ਦਾ ਖੇਤੀ-ਖੇਤਰ ਉਤਪਦਾਨ ਤਰੀਕਿਆਂ 'ਚ ਕਿਸੇ ਵੀ ਤਰ੍ਹਾਂ ਦੀ ਕ੍ਰਾਂਤੀ ਤੋਂ ਅਛੂਤਾ ਰਿਹਾ। ਖੇਤੀ ਦਾ ਜ਼ਿਆਦਾਤਰ ਭਾਗ ਕਰੰਸੀ-ਅਰਥਵਿਵਸਥਾ ਦੇ ਖੇਤਰ 'ਚੋਂ ਬਾਹਰ ਰਿਹਾ ਤੇ ਖੇਤੀ ਦੇ ਤਰੀਕਿਆਂ 'ਚ ਕੋਈ ਵੀ ਪਰਿਵਰਤਨ ਨਹੀਂ ਆਇਆ।

**ਫਰਾਂਸ :** ਉੱਤਰ ਮੱਧ ਯੁੱਧ 'ਚ ਫਰਾਂਸੀਸੀ ਖੇਤੀ ਵਰਗ 'ਚ ਸਾਮੰਤੀ ਲਗਾਨ (ਸੱਾ) ਦਾ ਨਿਸ਼ਚਿਤ ਮੁੱਲ ਤੈਅ ਕਰਨ 'ਚ ਜੋ ਸਫ਼ਲਤਾ ਮਿਲੀ ਤੇ ਉਸ ਨੂੰ ਕਾਇਮ ਰੱਖਣ 'ਚ ਪੇਂਡੂ ਵਰਗ ਦੀ ਜੋ ਭੂਮਿਕਾ ਰਹੀ ਉਹ ਕਿਸਾਨ ਵਰਗ ਦੇ ਅੰਤਰਗਤ ਵਖਰੇਵੇ (differentiation' ਦੇ ਵਿਕਾਸ ਅਤੇ ਵਿਆਪਕ ਪੱਧਰ 'ਤੇ ਬਾਜ਼ਾਰ ਲਈ ਉਤਪਾਦਨ ਦੇ ਰਾਹ 'ਚ ਅੜਿੱਕਾ ਸਿੱਧ ਹੋਇਆ। ਲਗਭਗ ਦੋ ਤਿਹਾਈ ਫਰਾਂਸ (ਮੋਟੇ ਤੌਰ 'ਤੇ ਲਾ ਰੋਸ਼ੇ ਤੇ ਜੇਨੇਵਾ ਵਿਚਕਾਰਲੀ ਲਾਈਨ ਦੇ ਉੱਤਰ 'ਚ ) 'ਚ ਜੋ ਉੱਤਰਾਧਿਕਾਰ-ਪ੍ਰਣਾਲੀ ਪ੍ਰਚੱਲਿਤ ਸੀ ਉਸ 'ਚ ਸਾਰੇ ਪੁੱਤਰਾਂ 'ਚ ਬਰਾਬਰ ਵੰਡ ਦੇ ਸਿਧਾਂਤ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਂਦਾ ਸੀ। ਇਸ ਨਾਲ ਕਿਸਾਨ ਦੀ ਜ਼ਮੀਨ ਦੀ ਵੰਡ ਵਧਦੀ ਜਾਂਦੀ ਸੀ। 17ਵੀਂ ਸ਼ਤਾਬਦੀ 'ਚ ਫਰਾਂਸ ਦੇ 75 ਫੀਸਦੀ ਫਾਰਮ ਬਹੁਤ ਛੋਟੇ ਸਨ, ਉਨ੍ਹਾਂ 'ਚ ਪੂੰਜੀ-ਨਿਵੇਸ ਤੇ ਯਾਤਰੀਆਂ ਸਹੂਲਤਾਂ ਦੀ ਕਮੀ ਸੀ ਤੇ ਇਨ੍ਹਾਂ ਪਰਿਵਾਰਾਂ ਦੇ ਕੁਝ ਮੈਂਬਰ ਤਾਂ ਮੱਧਮ ਅਕਾਰ ਦੇ ਫਾਰਮਾਂ 'ਤੇ ਹਿੱਸੇਦਾਰ ਬਣ ਗਏ ਸਨ। ਇਨ੍ਹਾਂ ਫਾਰਮਾਂ ਦੇ ਮਾਲਕ ਅਨਾਜ ਦੀ ਦ੍ਰਿਸ਼ਟੀ ਤੋਂ ਆਤਮਨਿਰਭਰ ਸਨ ਪਰ ਪੈਰਿਸ ਖੇਤਰ ਦੇ ਕੋਲ ਰਹਿਣ ਵਾਲਿਆਂ ਨੂੰ ਛੱਡ ਕੇ ਇਨ੍ਹਾਂ 'ਚੋਂ ਕੋਈ ਵੀ ਬਾਜ਼ਾਰ ਲਈ ਉਤਪਦਾਨ ਨਹੀਂ ਕਰ ਰਿਹਾ ਸੀ। ਵਪਾਰ ਦੇ ਨਜ਼ੀਰਏ ਤੋਂ ਮੁੱਖ ਖੇਤੀ-ਉਪਜ ਅੰਗੂਰਾਂ ਦੀ ਸੀ ਜਿਸ ਦੀ ਵਰਤੋਂ ਸ਼ਰਾਬ ਬਣਾਉਣ 'ਚ ਕੀਤੀ ਜਾਂਦੀ ਸੀ। ਕਿਸਾਨ ਵਰਗ 'ਤੇ ਵਧਦੇ ਹੋਏ ਕਰ (ਜਿਸ ਦਾ ਜ਼ਿਕਰ ਉੱਪਰ ਕੀਤਾ ਜਾ ਚੁੱਕਾ ਹੈ) ਨੇ ਵੀ ਖੇਤੀਗਤ ਪੂੰਜੀਵਾਦ ਦੇ ਵਿਕਾਸ 'ਚ ਸਹਾਇਕ ਕਿਸੇ ਵੀ ਪ੍ਰਵਿਤਰੀ ਨੂੰ ਪਣਪਨ ਨਹੀਂ ਦਿੱਤਾ।

**ਨੀਦਰਲੈਂਡ :** ਇੰਗਲੈਂਡ ਵਾਂਗ ਇਸ ਦੇਸ਼ 'ਚ ਵੀ ਭੂ-ਸਵਾਮਿਤਵ ਦੀ ਜੋ ਵਿਵਸਥਾ ਪ੍ਰਚੱਲਿਤ ਸੀ ਉਹ ਸਾਮੰਤੀ ਸਬੰਧਾਂ ਦੀ ਜਗ੍ਹਾ 'ਤੇ, ਪੂੰਜੀਵਾਦੀ ਖੇਤੀ ਲਈ, ਪੱਟੇਦਾਰੀ ਵਿਵਸਥਾ ਦਾ ਨਤੀਜਾ ਸੀ। ਨੀਦਰਲੈਂਡ ਦੇ ਸਾਂਝੇ ਪ੍ਰਾਂਤਾਂ ਦੁਆਰਾ ਸਵਤੰਤਰਤਾ ਪ੍ਰਾਪਤ ਕਰ ਲੈਣ 'ਤੇ ਸਾਮੰਤੀ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਤੇ ਛੋਟੀਆਂ-ਛੋਟੀਆ ਜ਼ਮੀਨਾਂ ਦੀ ਗਿਣਤੀ ਵਧ ਗਈ। ਇਨ੍ਹਾਂ 'ਚੋਂ ਅਨੇਕ ਜ਼ਮੀਨਾਂ, ਵਿਸ਼ੇਸ਼ ਤੌਰ 'ਤੇ ਜੀਲੈਂਡ, ਹਾਲੈਂਡ ਤੇ ਫ੍ਰੀਜਲੈਂਡ ਦੇ ਪ੍ਰਾਂਤਾਂ 'ਚ, ਧਨਾਢ ਬੁਰਜੂਆ ਵਰਗ ਦੇ ਹੱਥਾਂ 'ਚ ਆ ਗਈ। ਉਹ ਇਨ੍ਹਾਂ ਜ਼ਮੀਨਾਂ ਨੂੰ ਅਲਪਕਾਲੀਨ ਪੱਟੇ 'ਤੇ ਦਿੰਦੇ ਸਨ ਤੇ ਇਸ ਗੱਲ 'ਤੇ ਵੀ ਜ਼ੋਰ ਦਿੰਦੇ ਸਨ ਕਿ ਉਨ੍ਹਾਂ 'ਚ ਖੇਤੀ ਕਰਦੇ ਸਮੇਂ ਪੈਦਾਵਾਰ ਦੇ ਅਧੁਨਿਕ ਤਰੀਕਿਆਂ ਦੀ ਵਰਤੋਂ ਕੀਤੀ ਜਾਵੇ। ਇਸ ਦਾ ਸਿੱਟਾਂ ਇਹ ਹੋਇਆ ਕਿ ਅਨਾਜ 'ਚ, ਵਰਨਣਯੋਗ ਵਾਧਾ ਹੋਇਆ; ਫ਼ਸਲਾਂ ਨੂੰ ਬਦਲ-ਬਦਲ ਕੇ ਬੀਜਣ ਦੇ ਨਵੇਂ ਢੰਗ ਅਪਣਾਏ ਗਏ; ਪਸ਼ੂਆਂ ਦੀ ਸ਼ੀਤਕਾਲੀਨ ਖਾਦ ਦੀ ਪੈਦਾਵਾਰ ਹੋਈ। ਸਾਵਧਾਨੀ ਨਾਲ ਬੀਜਾਂ ਨੂੰ ਬੀਜਣ ਤੇ ਵੱਖ-ਵੱਖ ਤਰ੍ਹਾਂ ਦੀਆਂ ਗੌਣ ਫ਼ਸਲਾਂ ਨੂੰ ਬੀਜਣ ਦੀ ਵਜ੍ਹਾ ਨਾਲ ਪ੍ਰਤੀ ਏਕੜ ਉਪਜ 'ਚ ਵਾਧਾ ਹੋਇਆ। ਤਿਲਹਨ, ਸਨ (ਫਲੈਕਸ) ਤੇ ਮਜੀਠ (madder) ਵਰਗੇ ਉਦਯੋਗਿਕ ਫ਼ਸਲਾਂ ਦੀ ਪੈਦਾਵਾਰ ਹੋਣ ਲੱਗੀ। ਡੱਚ ਇੰਜੀਨੀਅਰਾਂ ਨੇ ਸਿੰਚਾਈ

**ਨੋਟ**

ਦੀਆਂ ਉੱਚ ਪੱਧਰੀ ਤਕਨੀਕਾਂ ਦਾ ਵਿਕਾਸ ਕੀਤਾ, ਜਿਸ ਦੇ ਕਾਰਨ ਖੇਤੀ ਯੋਗ ਜ਼ਮੀਨ 'ਚ ਹਰ ਵਰ੍ਹੇ ਛੇ-ਸੱਤ ਵਰਗਮੀਲ ਦਾ ਵਾਧਾ ਹੋ ਜਾਂਦਾ ਸੀ। ਵਪਾਰਕ ਨਜ਼ਰੀਏ ਤੋਂ ਖੁਸ਼ਹਾਲ ਨੀਦਰਲੈਂਡ ਤੇ ਇੰਗਲੈਂਡ 'ਚ ਸ਼ਹਿਰੀ ਬਾਜ਼ਾਰ ਦੀ ਹੋਂਦ ਨੇ ਮੰਗ ਨੂੰ ਉਤਸਾਹ ਦਿੱਤਾ। ਡੱਚ ਇਤਿਹਾਸਕਾਰਾਂ ਸਲੀਖਰ ਵਾੱ ਬਾਥ (Slicher Wan Bath) ਵੱਲੋਂ ਸੰਕਲਿਤ ਯੂਰਪ ਦੇ ਵੱਖ-ਵੱਖ ਹਿੱਸਿਆਂ ਦੇ ਉਪਜ-ਅਨੁਪਾਤ ਸਬੰਧੀ ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਯੂਰਪ ਦੇ ਹੋਰ ਦੇਸ਼ਾਂ ਦੀ ਤੁਲਨਾ 'ਚ ਨੀਦਰਲੈਂਡ ਤੇ ਇੰਗਲੈਂਡ ਨਿਸ਼ਚਿਤ ਤੌਰ 'ਤੇ ਵੱਧ ਵਿਕਸਿਤ ਸਨ। ਫਰਾਂਸ, ਸਪੇਨ ਤੇ ਇਟਲੀ ਨੂੰ ਦੂਜੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਜਰਮਨੀ ਤੀਜੀ ਸ਼੍ਰੇਣੀ 'ਚ ਹੈ ਤੇ ਪੂਰਬ ਯੂਰਪੀ ਦੇਸ਼ਾਂ ਦੀ ਗਣਨਾ ਚੌਥੀ ਸ਼੍ਰੇਣੀ 'ਚ ਕੀਤੀ ਗਈ ਹੈ।

**ਇੰਗਲੈਂਡ :** ਅਸੀਂ ਉੱਪਰ ਵਪਾਰਕ ਜਿਮੀਂਦਾਰ (commercial landlord) ਦੇ ਤ੍ਰਿਪੱਖੀ ਪੂੰਜੀਵਾਦ ਅਨੁਕ੍ਰਮ (tripartite capitalist hierarchy) ਦੀ ਚਰਚਾ ਕਰ ਚੁੱਕ ਹਾਂ, ਜਿਸ ਦੇ ਅਨੁਸਾਰ ਜਿਮੀਂਦਾਰ ਆਪਣੀ ਡਿਮੇਨ ਭੂਮੀ ਨੂੰ ਕਿਰਾਏਦਾਰ ਕਿਸਾਨਾਂ ਨੂੰ ਕਿਰਾਏ 'ਤੇ ਦਿੰਦਾ ਸੀ। ਇਨ੍ਹਾਂ ਦੇ ਨਾਲ-ਨਾਲ ਛੋਟੇ ਕਿਸਾਨ-ਫ੍ਰੀ ਹੋਲਡਰ ਤੇ ਕਾਪੀ-ਹੋਲਡਰ ਵੀ ਚੱਲ ਰਹੇ ਸਨ ਪਰ ਫਿਰ ਵੀ ਖੇਤੀਗਤ ਤਕਨੀਕਾਂ 'ਚ ਸੁਧਾਰ ਅਤੇ ਬਾਜ਼ਾਰ ਲਈ ਉਤਪਾਦਨ ਦੀ ਵਾਧੇ ਦੀ ਦਿਸ਼ਾ 'ਚ ਮੁੱਖ ਪ੍ਰਹਾਰ ਕਿਰਾਏਦਾਰ ਕਿਸਾਨਾਂ ਨੇ ਹੀ ਕੀਤਾ। ਜਦੋਂ ਪੱਟੇ ਦਾ ਅੰਤ ਹੁੰਦਾ ਸੀ, ਉਦੋਂ ਵਧਦੀਆਂ ਹੋਈਆਂ ਕੀਮਤਾਂ ਦੇ ਕਾਲ'ਚ ਜਿਮੀਂਦਾਰ ਆਰਥਿਕ ਨਜ਼ਰੀਏ ਤੋਂ ਲਾਭਦਾਇਕ ਕਿਰਾਏ (economic rent) ਦਾ ਦਬਜਅ ਪਾਉਣ ਲਈ ਇਛੁੱਕ ਹੁੰਦੇ ਸਨ। ਕੁਝ ਉੱਦਮੀ ਜਿਮੀਂਦਾਰ ਤਾਂ ਕਿਰਾਏਦਾਰ ਦੁਆਰਾ ਜ਼ਮੀਨ 'ਤੇ ਕੀਤੇ ਗਏ ਸੁਧਾਰਾਂ ਲਈ ਚੰਗੀਆਂ ਸ਼ਰਤਾਂ ਦੇ ਰੂਪ 'ਚ ਉਤਸ਼ਾਹ ਵੀ ਦੇ ਰਹੇ ਸਨ। ਇਨ੍ਹਾਂ ਹਾਲਾਤਾਂ 'ਚ ਵੱਧ ਉੱਤਮ ਖਾਦ ਦੀ ਵਰਤੋਂ ਕਰਕੇ, ਕੁਝ ਚਰਾਂਦਾਂ ਨੂੰ ਖੇਤੀਯੋਗ ਜ਼ਮੀਨ 'ਚ ਬਦਲ ਕਰਕੇ ਅਤੇ ਦਲਦਲੀ ਜ਼ਮੀਨ ਦੇ ਪਾਣੀ ਨੂੰ ਕੱਢ ਕੇ ਅਨਾਜ਼ ਪੈਦਾ ਹੋਣ ਵਾਲੇ ਸਰਵੋਂਤਮ ਖੇਤਰਾਂ 'ਚ ਬਦਲ ਕੇ ਅਤੇ ਉੱਚ ਖੇਤੀ ਦੇ ਟੀਚੇ ਨੂੰ ਪੂਰਾ ਕੀਤਾ ਗਿਆ। ਜਨਸੰਖਿਆ ਦੇ ਵਾਧੇ ਕਾਰਨ ਪੇਂਡੂ ਖੇਤਰਾਂ 'ਚ ਮਜ਼ਦੂਰ ਜ਼ਿਆਦਾ ਸਸਤੇ ਸਨ। ਇਹ ਮਜ਼ਦੂਰ ਖੇਤੀ ਕਾਰਜਾਂ ਲਈ ਹੀ ਨਹੀਂ ਸਗੋਂ ਘਰੇਲੂ ਅਤੇ ਨਿਰਯਾਤ ਬਾਜ਼ਾਰ ਲਈ ਵੱਖ-ਵੱਖ ਤਰ੍ਹਾਂ ਦੀਆਂ ਕਿਰਤ-ਪ੍ਰਧਾਨ (labour-intensive) ਖ਼ਪਤਕਾਰ ਚੀਜ਼ਾਂ ਦੇ ਉਤਪਾਦਨ ਲਈ ਵੀ ਮੁਹੱਈਆ ਸਨ।

## 11.5 ਸਾਰਾਂਸ਼ (Summary)

ਸਾਮੰਤੀ ਉਤਪਾਦਨ ਸਬੰਧਾਂ 'ਚ ਪਰਿਵਰਤਨ ਦੇ ਸਾਧਨ ਦੇ ਰੂਪ 'ਚ ਮੱਧਯੁਗੀਨ ਵਪਾਰਕ ਪੂੰਜੀ ਦੀਆਂ ਹੱਦਾਂ ਬਾਰੇ ਉੱਪਰ ਜੋ ਕੁਝ ਕਿਹਾ ਗਿਆ ਹੈ, ਉਸ ਦੇ ਬਾਵਜੂਦ ਤਾਂ ਮੰਨਣਾ ਹੀ ਪਵੇਗਾ ਕਿ ਅਣਜਾਨੇ 'ਚ ਹੀ ਇਸ ਪੂੰਜੀ ਦੇ ਕੁਝ ਅਜਿਹੇ ਦੀਰਘਾਲੀਨ ਪ੍ਰਭਾਵ ਸਾਹਮਣੇ ਆਏ ਜਿਨ੍ਹਾਂ ਦੀ ਵਜ੍ਹਾ ਨਾਲ ਪੂੰਜੀਵਾਦ ਵੱਲੋਂ ਸੰਕ੍ਰਮਣ ਸੰਭਵ ਹੋ ਸਕਿਆ। ਬੈਂਕਿੰਗ ਪ੍ਰਣਾਲੀ, ਸਿੱਕਿਆਂ ਦੇ ਪ੍ਰੀਖਣ, ਵਪਾਰ-ਮਾਰਗ ਦੇ ਗਿਆਨ ਤੇ ਮਹੱਤਵਪੂਰਨ ਸ਼ਹਿਰੀ ਕੇਂਦਰਾਂ 'ਤੇ ਮੇਲਿਆਂ ਬਾਰੇ ਕਾਫ਼ੀ ਤਜ਼ਰਬਾ ਪ੍ਰਾਪਤ ਹੋਇਆ। ਜਦੋਂ ਸੋਲ੍ਹਵੀਂ ਸ਼ਤਾਬਦੀ ਦੀ ਖੋਜ ਯਾਤਰਾਵਾਂ ਤੇ ਭਾਰੀ ਮਾਤਰਾ 'ਚ ਬੇਸ਼ਕੀਮਤੀ ਧਾਤੂਆਂ ਦੀ ਆਮਦ ਨਾਲ ਵਪਾਰੀਆਂ ਲਈ ਮੌਕਿਆਂ 'ਚ ਭਰਪੂਰ ਵਾਧਾ ਹੋਇਆ ਤਾਂ ਉੱਪਰ ਦਿੱਤੇ ਤਜ਼ਰਬੇ ਬਹੁ ਉਪਯੋਗੀ ਸਿੱਧ ਹੋਏ।

## 11.6 ਸ਼ਬਦਕੋਸ਼ (Keywords)

1. **ਕਿਰਾਏਦਾਰ ਕਿਸਾਨ** (Tenant farmer)– ਕਾਸ਼ਤਕਾਰ।
2. **ਜਾਗੀਰ** (Fief)– ਭੂ ਜਾਇਦਾਦ।

## 11.7 ਅਭਿਆਸ ਪ੍ਰਸ਼ਨ (Review Questions)

1. 17ਵੀਂ ਸ਼ਤਾਬਦੀ ਦੇ ਉਦਯੋਗਿਕ ਪੱਧਰ ਨੂੰ ਦੇਖਦਿਆਂ ਹੋਇਆਂ ਖੇਤੀ ਪੈਦਾਵਾਰ ਵਧਾਉਣ ਦੇ ਮੁੱਖ ਵਿਕਾਸ ਦੱਸੋ ?
2. 17ਵੀਂ ਸ਼ਤਾਬਦੀ ਦੀ ਆਰਥਿਕ ਮੰਦੀ ਦੇ ਕਾਰਨ ਦੱਸੋ।
3. ਮੱਧ ਯੁੱਧ ਦੇ ਪਰਵਰਤੀ ਭਾਗ 'ਚ ਸਾਮੰਤੀ ਅਰਥਵਿਵਸਥਾ ਕਿਹੋ ਜਿਹੀ ਸੀ ?
4. 'ਖੇਤੀਗਤ ਪੂੰਜੀਵਾਦ' 'ਤੇ ਟਿੱਪਣੀ ਲਿਖੋ।

## ਉੱਤਰ : ਸਵ-ਮੁਲਾਂਕਣ (Answer: Self Assessment)

1. ਲੰਕਾਸ਼ਾਇਰ
2. ਉਦਯੋਗਿਕ ਕ੍ਰਾਂਤੀ
3. ਸੰਕਟ
4. (ੳ) 16ਵੀਂ ਸਦੀ
5. (ਅ) 1066
6. (ੲ) 14ਵੀਂ ਸ਼ਤਾਬਦੀ

ਨੋਟ

## 11.8 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐੱਸ ਤਿਆਗੀ, ਰਜਨੀ ਤਿਆਗੀ–ਰਾਧਾ ਪਬਲੀਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ –ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲੀਕੇਸ਼ਨ।
3. ਆਧੁਨਿਕ ਵਿਸ਼ਵ– ਡਾ. ਬਿਪਿਨ ਬਿਹਾਰੀ ਸਿਨਹਾ– ਗਿਆਨੰਦਾ ਪ੍ਰਕਾਸ਼ਨ।
4. ਸਮਕਾਲੀ ਵਿਸ਼ਵ ਇਤਿਹਾਸ– ਅਰਜੁਨ ਦੇਵ ਇੰਦਰਾ–ਓਰੀਐਂਟ ਬਲੈਕ ਸਵਾਨ।
5. ਵਿਸ਼ਵ ਦਾ ਇਤਿਹਾਸ–ਮਾਨਿਕ ਲਾਲ ਗੁਪਤ–ਅਟਲਾਂਟਿਕ ਪਬਲੀਕੇਸ਼ਨ।
6. ਆਧੁਨਿਵ ਵਿਸ਼ਵ ਦਾ ਇਤਿਹਾਸ–ਡਾ. ਦੀਨਾਨਾਥ ਵਰਮਾ–ਗਿਆਨੰਦਾ ਪ੍ਰਕਾਸ਼ਨ।
7. ਆਧੁਨਿਕ ਵਿਸ਼ਵ ਦਾ ਇਤਿਹਾਸ–ਡਾ. ਧਨਪਤੀ ਪਾਂਡੇ–ਐੱਮ.ਐੱਲ.ਬੀ.ਡੀ.ਡੌਟਕਾਮ।

ਨੋਟ

# ਇਕਾਈ-12: ਪੂੰਜੀਵਾਦੀ ਉਦਯੋਗੀਕਰਨ (Capitalist Industrialization)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
12.1 ਵਣਜ ਤੇ ਉਦਯੋਗਿਕ ਪੂੰਜੀਵਾਦ ਦਾ ਆਰੰਭ
(Beginning of Commercial and Industrial Capitalism)
12.2 ਸਾਮੰਤਵਾਦ ਤੋਂ ਪੂੰਜੀਵਾਦ ਵੱਲ ਸੰਕ੍ਰਮਣ ਨਾਲ ਸਬੰਧਿਤ ਵਿਵਾਦ
(Controversy Concerned with Transit Towards Feudalism to Capitalism)
12.3 ਪੂੰਜੀਵਾਦ ਦੇ ਵਿਕਾਸ ਦੀ ਲੜੀ (Order of Development of Capitalism)
12.4 ਸਾਰਾਂਸ਼ (Summary)
12.5 ਸ਼ਬਦਕੋਸ਼ (Keywords)
12.6 ਅਭਿਆਸ ਪ੍ਰਸ਼ਨ (Review Questions)
12.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਉਦਯੋਗਿਕ ਪੂੰਜੀਵਾਦ ਦਾ ਆਰੰਭ ਜਾਣਨ 'ਚ।
- ਸਾਮੰਤਵਾਦ ਤੋਂ ਪੂੰਜੀਵਾਦ ਵੱਲ ਸੰਕ੍ਰਮਣ ਨਾਲ ਸਬੰਧਿਤ ਵਿਵਾਦ ਜਾਣਨ 'ਚ।
- ਪੂੰਜੀਵਾਦ ਦੇ ਵਿਕਾਸ ਦਾ ਕ੍ਰਮ ਜਾਣਨ 'ਚ।

## ਪ੍ਰਸਤਾਵਨਾ (Introduction)

18ਵੀਂ ਸ਼ਤਾਬਦੀ ਦੇ ਉੱਤਰ-ਪੱਛਮ ਯੂਰਪ 'ਚ ਸਪਲਾਈ (ਪੂੰਜੀ ਸੰਚਯ, ਕਿਰਤ ਦੀ ਉਪਲੱਬਧੀ) ਅਤੇ ਮੰਗ (ਵੱਖ-ਵੱਖ ਪ੍ਰਕਾਰ ਦੀਆਂ ਚੀਜ਼ਾਂ ਲਈ ਵਧਦੇ ਹੋਏ ਅਤੇ ਵਿਭੇਦੀਕ੍ਰਿਤ ਉਪਭੋਗਤਾ ਵਰਗ) ਦੋਵਾਂ ਪੱਖਾਂ 'ਚ ਅਜਿਹੇ ਹਾਲਾਤ ਸਨ, ਜੋ ਪੂੰਜੀਵਾਦ ਉਤਪਾਦਨ ਪ੍ਰਣਾਲੀ (ਜਿਸ ਨੂੰ ਅਸੀਂ 'ਉਦਯੋਗਿਕ ਕ੍ਰਾਂਤੀ' ਦਾ ਨਾਂਅ ਦਿੰਦੇ ਹਾਂ) ਦੀ ਦਿਸ਼ਾ 'ਚ ਨਵੀਨ ਸਫ਼ਲਤਾ ਪ੍ਰਾਪਤ ਕਰਨ ਲਈ ਤਿਆਰ ਸੀ। ਪਰ ਇਹ ਵਿਕਾਸ ਕ੍ਰਮ ਇਸ ਪੁਸਤਕ ਦੇ ਅਧਿਐਨ ਖੇਤਰ ਤੋਂ ਬਾਹਰ ਹੈ।

## 12.1 ਵਣਜ ਤੇ ਉਦਯੋਗਿਕ ਪੂੰਜੀਵਾਦ ਦਾ ਆਰੰਭ (Beginning of Commercial and Industrial Capitalism)

ਸਾਮੰਤਵਾਦ ਦੀ ਖੁਸ਼ਹਾਲੀ ਸ਼ਤਾਬਦੀਆਂ (ਅਰਥਾਤ ਜਦੋਂ ਕੋਈ ਜੀਵਨ-ਬਤੀਤ ਕਰਨ ਦਾ ਸੰਕਟ ਨਹੀਂ ਸੀ) ਦੌਰਾਨ ਯੂਰਪ 'ਚ ਵਣਜ ਤੇ ਉਦਯੋਗਿਕ ਉਤਪਾਦਨ ਦਾ ਜੋ ਸਰੂਪ ਉੱਭਰਿਆ ਤੇ 17ਵੀਂ ਸ਼ਤਾਬਦੀ ਦੇ ਅੰਤ 'ਚ ਇਨ੍ਹਾਂ ਖੇਤਰਾਂ 'ਚ ਜੋ ਸਰੂਪ ਉੱਭਰ ਕੇ ਸਾਹਮਣੇ ਆਇਆ ਉਨ੍ਹਾਂ 'ਚ ਮੁੱਖ ਅੰਤਰ ਨਿਮਨਲਿਖਤ ਹੈ : ਭੂਗੋਲਿਕ ਤਬਦੀਲੀਆਂ, ਅੰਤਰ ਰਾਸ਼ਟਰੀ ਵਪਾਰ 'ਚ ਨਿਯਮਿਤ ਵਸਤੂਆਂ ਦਾ ਕਾਨੂੰਨੀਕਰਨ, ਜਿਸ 'ਚ ਵੱਡੀ ਗਿਣਤੀ 'ਚ ਸ਼ਾਨੋ-ਸ਼ੌਕਤ ਦੀਆਂ ਚੀਜ਼ਾਂ ਤੋਂ ਵੱਖਰੀਆਂ ਵਸਤੂਆਂ ਸ਼ਾਮਲ ਸਨ, ਉਤਪਦਾਨ ਦੇ ਗਠਨ 'ਚ ' ਘਰੇਲੂ ਉਤਪਾਦਨ ਪ੍ਰਣਾਲੀ (putting-out system) ਦਾ ਵਿਸਥਾਰ ਵਿਕਾਸ, ਇੰਗਲੈਂਡ ਤੇ ਨੀਦਰਲੈਂਡ 'ਚ ਵਧੇਰੇ ਫੈਲੇ ਬਾਜ਼ਾਰ ਦਾ ਵਿਕਾਸ ਅਤੇ ਨੀਦਰਲੈਂਡ ਤੇ ਇੰਗਲੈਂਡ ਦੁਆਰਾ ਉਪਨਿਵੇਸ਼ਕਿਕ ਪੁਨਰਨਿਰਯਾਤ ਦੇ ਨਤੀਜੇ 'ਚ ਵਾਧਾ।

**ਨੋਟ**

ਨੋਟਸ ਪੂੰਜੀਵਾਦ ਦੇ ਵਿਕਾਸ ਲਈ ਬਾਜ਼ਾਰ ਅਤਿਅੰਤ ਮਹੱਤਵਪੂਰਨ ਹੁੰਦੇ ਹਨ।

**ਭੂਗੋਲਿਕ ਤਬਦੀਲੀ :** ਉੱਤਰ ਮੱਧ ਯੁੱਗ (ਸੋਲ੍ਹਵੀਂ ਸ਼ਤਾਬਦੀ ਦੇ ਆਰੰਭ 'ਚ) ਦੇ ਦੌਰਾਨ ਉੱਚ ਸ਼੍ਰੇਣੀ ਦੀ ਦਸਤਕਾਰੀ ਦੇ ਮੁੱਖ ਕੇਂਦਰ ਸਨ–ਉੱਤਰੀ ਇਟਲੀ, ਦੱਖਣੀ ਜਰਮਨੀ ਦੇ ਕੁਝ ਭਾਗ, ਫਲੈਂਡਰਜ (ਆਧੁਨਿਕ ਬੈਲਜ਼ੀਅਮ) ਤੇ ਜਹਾਜ਼ਰਾਣੀ ਤੇ ਮੱਛੀ ਪਾਲਣ ਲਈ ਉੱਤਰੀ ਨੀਦਰਲੈਂਡ (ਆਧੁਨਿਕ ਹਾਲੈਂਡ)। ਇਟਲੀ 'ਚ ਟਸਕਨੀ ਨੂੰ ਫਲੈਂਡਰਜ ਨੂੰ ਮਿਲਾਉਣ ਵਾਲੀ ਰੇਖਾ ਨੂੰ ਯੂਰਪ ਦੀ ਉਦਯੋਗਿਕ ਰੀੜ ਕਿਹਾ ਜਾ ਸਕਦਾ ਹੈ। 1700 ਤੱਕ ਇਸ ਰੇਖਾ ਦੀ ਜਗ੍ਹਾ 'ਤੇ ਇੱਕ ਤ੍ਰਿਭੁਜ ਆ ਗਿਆ ਸੀ, ਜਿਸ ਦੇ ਮੁੱਖ ਕੇਂਦਰ ਨੀਦਰਲੈਂਡ, ਬਿਰਟੇਨ ਅਤੇ ਫ੍ਰਾਂਸ ਸਨ। ਨੀਦਰਲੈਂਡ 'ਚ ਐਮਸਟਰਡਮ ਸਭ ਤੋਂ ਮਹੱਤਵਪੂਰਨ ਵਣਜ ਤੇ ਵਿੱਤੀ ਕੇਂਦਰ ਬਣ ਗਏ ਜੋ ਚੀਜਾਂ ਦੇ ਅੰਤਰ ਖੇਤਰੀ ਵਿਨਿਯਮ 'ਚ ਸਹਾਇਕ ਸਨ। ਸ਼ਾਹੂਕਾਰਾਂ (financiers) ਦਾ ਇਹ ਭੂਗੋਲਿਕ ਤਬਾਦਲਾ ਕੁਝ ਤਾਂ ਇਸ ਲਈ ਹੋਇਆ ਕਿ ਪ੍ਰਤੀਸੁਧਾਰ ਅੰਦੋਲਨ (Counter Reformation) ਦੇ ਉਪਰੰਤ ਹੋਣ ਵਾਲੇ ਧਾਰਮਿਕ ਉਤਪੀੜਨ ਦੀ ਵਜ੍ਹਾ ਨਾਲ ਪੁਰਾਣੇ ਕੇਂਦਰਾਂ ਤੋਂ ਅਨੇਕਾਂ ਪੂੰਜੀਪਤੀ ਵਪਾਰੀ ਆਪਣੇ ਦੇਸ਼ ਛੱਡ ਕੇ ਦੂਜੇ ਦੇਸ਼ਾਂ 'ਚ ਵਸਣ ਲਈ ਜਾ ਚੁੱਕੇ ਸਨ।[1]

**ਵਪਾਰਕ ਵਸਤੂਆਂ ਦਾ ਵਿਵਿਧੀਕਰਨ :** ਹਾਲਾਂਕਿ ਮੱਧ ਯੁੱਗ 'ਚ ਆਮ ਲੋਹੇ ਦੇ ਸਾਮਾਨ, ਚਮੜੇ ਦੇ ਸਾਮਾਨ, ਲਿਖਣ ਦੇ ਕਾਗਜ਼ ਤੇ ਅਸਤਰ–ਸ਼ਸ਼ਤਰ ਦਾ ਵਿਨਿਯਮ ਅਣਡਿੱਠਾ ਨਹੀਂ ਸੀ, ਫਿਰ ਵੀ ਵਪਾਰ ਦੇ ਸਰੂਪ ਮੁੱਖ ਤੌਰ 'ਤੇ ਸ਼ਾਨੋ–ਸ਼ੌਕਤ ਦੀਆਂ ਚੀਜਾਂ ਦੇ ਅੰਤਰ ਖੇਤਰੀ ਵਿਨਿਯਮ 'ਤੇ ਅਧਾਰਿਤ ਸੀ। 17ਵੀਂ ਸ਼ਤਾਬਦੀ ਤੱਕ ਪੁੱਜਦੇ–ਪੁੱਜਦੇ ਜੋ ਮਹੱਤਵਪੂਰਨ ਪਰਿਵਰਤਨ ਹੋਇਆ ਉਹ ਇਹ ਸੀ ਕਿ ਖ਼ਪਤ ਦੀਅ ਚੀਜ਼ਾਂ ਦੇ ਸਿੱਟੇ 'ਚ ਵਾਧਾ ਹੋਇਆ। ਇਨ੍ਹਾਂ ਚੀਜ਼ਾਂ ਦਾ ਵਪਾਰ ਅੰਤਰ ਰਾਸ਼ਟਰੀ ਤੇ ਘੱਟ ਤੋਂ ਘੱਟ ਇੰਗਲੈਂਡ ਤੇ ਨੀਦਰਲੈਂਡ 'ਚ ਘਰੇਲੂ ਬਾਜ਼ਾਰਾਂ 'ਚ ਹੁੰਦਾ ਸੀ। ਹਾਲੈਂਡ ਦੇ ਵਪਾਰੀ ਕੇਵਲ ਸ਼ਾਨੋ–ਸ਼ੌਕਤ ਦੀ ਪਰੰਪਰਿਕ ਵਸਤੂਆਂ ਦਾ ਹੀ ਨਹੀਂ ਸਗੋਂ ਲਿਨੇਨ, ਊਨੀ ਕੱਪੜਿਆਂ, ਮੱਛੀ, ਖੰਡ ਤੇ ਡੇਅਰੀ ਦੀਆਂ ਚੀਜ਼ਾਂ ਦਾ ਵਪਾਰ ਕਰਦੇ ਸਨ।

**ਘਰੇਲੂ ਉਤਪਾਦਨ ਪ੍ਰਣਾਲੀ** (putting-out system) **:** ਪੰਦਰਵੀਂ ਸ਼ਤਾਬਦੀ ਦੇ ਅੰਤ ਤੋਂ ਊਨੀ ਵਸਤਰਾਂ ਦੇ ਖੇਤਰਜ 'ਚ ਇੰਗਲੈਂਡ ਦੇ ਨਿਰਯਾਤ ਵਪਾਰ ਦੇ ਵਿਕਾਸ ਦਾ ਵਿਵੇਚਨ ਕੀਤਾ ਜਾ ਚੁੱਕਾ ਹੈ।[2] ਵਿਦੇਸ਼ੀ ਬਾਜ਼ਾਰ 'ਚ ਵਧਦੀ ਹੋਈ ਮੰਗ ਨੂੰ ਪੂਰਾ ਕਰਨ ਲਈ ਪੂੰਜੀਪਤੀ ਵਪਾਰੀਆਂ ਨੇ ਪੇਂਡੂ ਸ਼ਿਲਪਕਾਰਾਂ ਨੂੰ ਕੱਚਾ ਮਾਲ ਦੇਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਸ਼ਿਲਪਾਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਜਾਂਦੇ ਸਨ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਦੇ ਮਾਲ ਦਾ ਉਤਪਾਦਨ ਕਰਨਾ ਹੈ। ਇਹ ਸ਼ਹਿਰੀ ਸ਼ਿਲਪੀ ਸੰਘਾਂ ਦੀਆਂ ਪਾਬੰਦੀਆਂ ਤੋਂ ਮੁਕਤ ਸਨ। ਇਹ ਮੁੱਖ ਤੌਰ 'ਤੇ ਅਲਪਰੁਜ਼ਗਾਰ ਵਾਲੇ (under employed) ਫਾਰਮ ਕਰਮਚਾਰੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸਨ। ਇਸ ਲਈ ਉਨ੍ਹਾਂ ਕੋਲ ਕੰਮ ਘੱਟ ਸੀ ਤੇ ਉਹ ਖੁਦ ਵੀ ਆਪਣੀ ਆਮਦਨੀ ਨੂੰ ਵਧਾਉਣ ਦੇ ਇਨ੍ਹਾਂ ਮੌਕਿਆਂ ਤੋਂ ਖੁਸ਼ ਸਨ। ਪੂੰਜੀਪਤੀ ਵਪਾਰੀ ਦੇ ਨਜ਼ਰੀਏ ਤੋਂ ਇਸ ਤਰ੍ਹਾਂ ਦੇ ਪ੍ਰਬੰਧ 'ਚ ਲਾਭ ਬਹੁਤ ਜ਼ਿਆਦਾ ਸੀ ਤੇ ਖ਼ਤਰਾ ਘੱਟ ਤੋਂ ਘੱਟ। ਵਧਦੇ ਹੋਏ ਬਾਜ਼ਾਰ ਦੇ ਕਾਲ 'ਚ ਉਹ ਅਲਪ ਰੁਜ਼ਗਾਰ ਵਾਲੇ ਪੇਂਡੂ ਮਜ਼ਦੂਰ ਤੋਂ ਲਾਭ ਉਠਾ ਸਕਦਾ ਸੀ। ਬਾਜ਼ਾਰ ਦੇ ਸੁੰਘੜਨ ਕਾਲ 'ਚ ਉਸ ਨੂੰ ਸਿਰਫ਼ ਇੰਨਾ ਕਰਨਾ ਹੁੰਦਾ ਸੀ ਕਿ ਉਹ ਸ਼ਿਲਪਾਂ ਨੂੰ ਕੱਚਾ ਮਾਲ ਦੇਣਾ ਬੰਦ ਕਰ ਦੇਵੇ। ਉਸ ਨੂੰ ਇਹ ਖ਼ਤਰਾ ਨਹੀਂ ਸੀ ਕਿ ਮਹਿੰਗੇ ਕਾਰਖਾਨੇ ਜਾਂ ਮਸ਼ੀਨ ਨੂੰ ਖਾਲੀ ਛੱਡਣਾ ਪਵੇ ਕਿਉਂਕਿ ਇਹ ਪੂਰੇ ਉਤਪਾਦਨ ਕਿਰਤ–ਪ੍ਰਧਾਨ (labour intensive) ਸੀ ਤੇ ਇਸ ਲਈ ਨਿਸ਼ਚਿਤ ਪੂੰਜੀ ਦਾ ਲੋੜ ਬਹੁਤ ਘੱਟ ਸੀ।

**ਵੱਧ ਵਿਸਥਾਰਤ ਘਰੇਲੂ ਬਾਜ਼ਾਰ :** ਪੂੰਜੀਵਾਦ ਦੇ ਵਿਕਾਸ ਲਈ ਬਾਜ਼ਾਰ ਅਤਿਅੰਤ ਮਹੱਤਵਪੂਰਨ ਹੁੰਦੇ ਹਨ। ਹਾਲਾਂਕਿ ਵਿਦੇਸ਼ੀ ਬਾਜਾਰ ਨਿਸ਼ਚੇ ਹੀ ਅੰਤਿਅੰਤ ਜ਼ਰੂਰੀ ਹੈ ਪਰ ਉਨ੍ਹਾਂ ਦੀ ਪ੍ਰਕਿਰਤੀ ਬੇਯਕੀਨੀ ਹੋਣ ਕਾਰਨ ਉਨ੍ਹਾਂ 'ਤੇ ਨਿਰਭਰ ਨਹੀਂ ਕੀਤਾ ਜਾ ਸਕਦਾ। ਵਿਕਾਸ ਦੇ ਬਿਨਾਂ, ਨਵੀਨ ਸੁਧਾਰ ਲਈ ਜਰੂਰੀ ਉਤਸ਼ਾਹ ਨਹੀਂ ਮਿਲਦਾ। ਇਸ ਗੱਲ ਦੇ ਵਾਧੂ ਪ੍ਰਮਾਣ ਹਨ ਕਿ ਇੰਗਲੈਂਡ ਤੇ ਨੀਦਰਲੈਂਡ 'ਚ ਇਹ ਪ੍ਰਕਿਰਿਆ 17ਵੀਂ ਸ਼ਤਾਬਦੀ 'ਚ ਗਤੀਸ਼ੀਲ ਸੀ। 17ਵੀਂ ਸ਼ਤਾਬਦੀ ਦੇ ਤੀਜੇ ਦਹਾਕੇ ਤੱਕ ਸਫੀਤੀਕਾਰੀ ਪ੍ਰਵਿਰਤੀਆਂ ਦਾ ਪ੍ਰਭਾਵ ਖ਼ਤਮ ਹੋ ਚੁੱਕਾ ਸੀ ਤੇ ਇਸ ਦੇ ਸਿੱਟੇ ਵਜੋਂ ਅਸਲੀ ਮਜ਼ਦੂਰੀ 'ਚ ਕੁਝ ਵਾਧਾ ਹੋਇਆ। ਕੁਝ ਘਟੀਆ ਕਿਸਮ ਦਾ ਤੇ ਘੱਟ ਕੀਮਤਾਂ 'ਤੇ ਵੈਸੀਆਂ ਹੀ ਵਸਤੂਆਂ ਪੇਂਡੂ ਖੇਤਰਾਂ 'ਚ ਵੱਡੇ ਪੈਮਾਨੇ 'ਤੇ ਬਣਾਈਆਂ ਕੀਤੀਆਂ ਜਾ ਰਹੀਆਂ ਸਨ ਤਾਂ ਕਿ ਵੱਖਰੇ ਪੇਂਡੂ ਸਮਾਜ ਦੇ ਖ਼ਪਤਕਾਰਾਂ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ।[3]

ਕੀ ਤੁਸੀ ਜਾਣਦੇ ਹੋ? 18ਵੀਂ ਸ਼ਤਾਬਦੀ ਦੇ ਅੰਤ ਤੱਕ ਕਾਰਖਾਨੇ ਉਦਯੋਗਿਕ ਪੈਦਾਵਾਰ ਦਾ ਕੇਂਦਰ ਬਣ ਚੁੱਕੇ ਸਨ।

**ਉਪਨਿਵੇਸ਼ਕ ਪੁਨਰ ਨਿਰਯਾਤ ਵਪਾਰ :** ਨੀਦਰਲੈਂਡ ਤੇ ਇੰਗਲੈਂਡ ਨੇ ਉੱਤਰ, ਕੇਂਦਰੀ ਤੇ ਦੱਖਣੀ ਅਮਰੀਕਾ 'ਚ ਬਾਗ਼ (plantation) ਲਾ ਲਏ ਸਨ। ਇਨ੍ਹਾਂ ਬਾਗਾਂ 'ਚ ਅਫ਼ਰੀਕੀ ਤੱਟ ਤੋਂ ਭੇਜੇ ਗਏ ਦਾਸ ਮਜ਼ਦੂਰਾਂ ਦੀ ਸਹਾਇਤਾ ਨਾਲ ਕਾਹਵਾ, ਗੰਨੇ ਅਤੇ ਤੰਬਾਕੂ ਦੀ ਖੇਤੀ ਹੁੰਦੀ ਸੀ। ਅਮਰੀਕਾ ਦੇ ਉੱਤਰੀ ਖੇਤਰਾਂ ਦੀ, ਜਿੱਥੋਂ ਦਾਸ ਮਜ਼ਦੂਰਾਂ ਦੀ ਵਰਤੋਂ ਨਹੀਂ ਹੁੰਦਾ ਸੀ, ਇਮਾਰਤੀ ਲੱਕੜ ਤੇ ਫਰ ਦੀ ਮੰਗ ਯੂਰਪ 'ਚ ਬਹੁਤ ਸੀ। ਜੋ ਕੰਪਨੀਆਂ ਇਸ ਵਪਾਰ ਨੂੰ ਕੰਟਰੋਲ ਕਰਕੇ ਮਾਲ ਨੂੰ ਆਪਣੇ ਦੇਸ਼ਾਂ 'ਚ ਲਿਆਉਂਦੀਆਂ ਸਨ, ਉਹ ਉਨ੍ਹਾਂ ਨੂੰ ਹੋਰ

1. H.R. Trevor-Roper, Religion, Reformation and Social Change.
2. ਪਾਰਥ ਸਾਰਥੀ ਗੁਪਤਾ ਵੱਲੋਂ ਸੰਪਾਦਿਕ, ਬ੍ਰਿਟੇਨ ਦਾ ਇਤਿਹਾਸ ਸਫ਼ਾ ਨੰ. 45–52,
3. Joan Thirsk. Economic Policy and Projects: The Development of a Consumer Society in Early. Modern England, p. 22f. and Chaps. 5, 6 and 7.

**ਨੋਟ**

ਵਧੇਰੇ ਉਪਯੋਗੀ ਬਣਾ ਕੇ ਅਤੇ ਪੈਕ ਕਰਕੇ ਮੁੜ ਨਿਰਯਾਤ ਕਰ ਦਿੰਦੀਆਂ ਸਨ। ਇਸ ਤਰ੍ਹਾਂ ਉਹ ਚੰਗਾ ਲਾਭ ਕਮਾ ਲੈਂਦੀਆਂ ਸਨ। ਨਾਲ ਹੀ ਉਨ੍ਹਾਂ ਨੇ ਪੱਛਮੀ ਯੂਰਪ 'ਚ ਪੂੰਜੀ ਸੰਗ੍ਰਹਿ ਅਤੇ ਖ਼ਪਤਕਾਰ ਆਮਦਨੀ ਦੇ ਵਿਕਾਸ 'ਚ ਵੀ ਯੋਗਦਾਨ ਦਿੱਤਾ।

## 12.2 ਸਾਮੰਤਵਾਦ ਤੋਂ ਪੂੰਜੀਵਾਦ ਵੱਲ ਸੰਕ੍ਰਮਣ ਨਾਲ ਸਬੰਧਿਤ ਵਿਵਾਦ (Controversy Concerned with Transit Towards Feudalism to Capitalism)

35 ਸਾਲ ਪਹਿਲਾਂ ਦੇ ਮਾਰਕਸਵਾਦੀ ਅਰਥਸ਼ਾਸ਼ਤਰੀ ਮਾਰਿਸ ਡੱਾਬ (Maurice Dobb) ਨੇ **'ਸਟੱਡੀਜ਼ ਇਨ ਦ ਡਿਵੈਲਪਮੇਂਟ ਆਫ਼ ਕਾਪਟਲਿਜ਼ਮ'** ਨਾਮੀ ਗ੍ਰੰਥ ਪ੍ਰਕਾਸ਼ਿਤ ਕੀਤਾ ਸੀ। ਇਸ ਦੇ ਕਾਰਨ ਉਪਰੋਕਤ ਸੰਕ੍ਰਮਣ 'ਚ ਸਹਾਇਕ ਮੁੱਖ ਕਾਰਕਾਂ ਦੇ ਸਬੰਧ 'ਚ ਹੋਰ ਮਾਰਕਸਵਾਦੀ ਵਿਚਾਰਕਾਂ 'ਚ ਵਿਵਾਦ ਅਰੰਭ ਹੋ ਗਿਆ। ਇਸ 'ਚ ਹਿੱਸਾ ਲੈਣ ਵਾਲੇ ਹੋਰ ਵਿਦਵਾਨ ਸਨ-ਮਾਰਕਸਵਾਦੀ ਅਰਥਸ਼ਾਸ਼ਤੀ ਪਾਲ ਸਵੀਜੀ (Paul Sweezy), ਜਾਪਾਨੀ ਅਰਥ ਸ਼ਾਸ਼ਤਰੀ ਤਾਕਾਹਾਸ਼ੀ (Takahashi) ਅਤੇ ਬ੍ਰਿਟੇਨ ਦੇ ਦੋ ਮਾਰਕਸਵਾਦੀ ਰਾਡਨੀ ਹਿਲਟਨ (Rodney Hilton) ਅਤੇ ਕ੍ਰਿਸਟੋਫਰ ਹਿਲ (Christopher Hill)। ਇਹ ਵਿਵਾਦ ਮੁੱਖ ਤੌਰ 'ਤੇ ਦੋ ਮੁੱਦਿਆਂ 'ਤੇ ਸੀ-ਵਿਦੇਸ਼ੀ ਵਪਾਰ ਦੇ ਵਿਸਥਾਰ ਦੇ ਕਾਰਨ ਸਾਮੰਤੀ ਉਤਪਾਦਨ ਪ੍ਰਣਾਲੀ ਦਾ ਅੰਤ ਹੋਇਆ, ਜਾਂ ਫਿਰ ਉਨ੍ਹਾਂ ਦਾ ਵਿਘਟਨ ਸਾਮੰਤੀ ਉਤਪਾਦਨ-ਸਬੰਧਾਂ ਦੇ ਅੰਤਰਵਿਰੋਧਾਂ ਦਾ ਨਤੀਜਾ ਸੀ। ਇਨ੍ਹਾਂ ਅੰਤਰ ਵਿਰੋਧਾਂ 'ਚ ਮੁੱਖ ਸਨ ਕੁਲੀਨਵਰਗ ਦੁਆਰਾ ਬਚਿਆ ਖਿੱਚਣ ਦੀ ਪ੍ਰਕਿਰਿਆ ਨੂੰ ਹੋਰ ਵੱਧ ਤੇਜ਼ ਕਰਕੇ ਯੁੱਧ ਅਤੇ ਸ਼ਾਨ-ਸ਼ੌਕਤ ਦੀਆਂ ਵਸਤੂਆਂ ਦੀ ਖ਼ਪਤ ਵਰਗੇ ਅਨੁਉਤਪਾਦਕ ਗਤੀਵਿਧੀਆਂ 'ਚ ਖ਼ਰਚ ਕਰਨਾ। ਵਿਵਾਦ ਦੇ ਦੌਰਾਨ ਨਿਰੰਕੁਸ਼ ਰਾਜ ਦੇ ਸਰੂਪ ਦੇ ਸਬੰਧ 'ਚ ਵੀ ਮਤਭੇਦ ਸੀ। ਕੁਝ ਲੋਕ ਰਾਜ ਦੇ ਸਾਮੰਤੀ ਤੇ ਪੂੰਜੀਵਾਦੀ ਵਰਗਾਂ ਦੇ ਵਿਚਕਾਰ ਇੱਕ ਹੱਦ ਤੱਕ ਨਿਸ਼ਪਖ ਤੇ ਸ੍ਰੈ ਮਾਧਿਅਮ ਮੰਨਦੇ ਸਨ ਜਦੋਂ ਕਿ ਕੁਝ ਹੋਰ ਲੋਕ ਉਸ ਨੂੰ ਸਾਮੰਤਵਾਦ ਦਾ ਹੀ ਸੋਧਿਆ ਰੂਪ ਸਮਝਦੇ ਸਨ। ਇਸ ਵਿਚਾਰ-ਵਟਾਂਦਰੇ 'ਚ ਹਿੱਸਾ ਲੈਣ ਵਾਲੇ ਵਿਦਵਾਨਾਂ 'ਚੋਂ ਸਿਰਫ਼ ਰਾਡਨੀ ਹਿਲਟਨ ਨੇ ਇੰਗਲੈਂਡ ਦੀ ਸਾਮੰਤੀ ਅਰਥਵਿਵਸਥਾ 'ਤੇ ਮੌਲਿਕ ਸੋਧ ਕੀਤੀ ਸੀ ਤੇ ਇਸ ਵਿਵਾਦ ਦੇ ਛਿੜਨ ਦੇ ਸਮੇਂ ਕ੍ਰਿਸਟੋਫਰ ਹਿੱਲ ਨੇ 17ਵੀਂ ਸ਼ਤਾਬਦੀ ਦੇ ਇੰਗਲੈਂਡ ਦੇ ਸੰਬੰਧ 'ਚ ਕੁਝ ਸ਼ੁਰੂਆਤੀ ਸੋਧਕਾਰਜ ਪੇਸ਼ ਕੀਤਾ ਸੀ। ਡੱਾਬ ਅਤੇ ਸਿਵੀਜ਼ੀ, ਦੋਵੇਂ ਹੀ ਵਿਦਵਾਨਾਂ ਦੇ ਸਿਧਾਂਤ ਦਾ ਆਧਾਰ 1947 'ਚ ਉਪਲੱਬਧ ਉੱਤਰ-ਮੱਧ ਯੁਗੀਨ ਯੂਰਪ 'ਤੇ ਕੀਤਾ ਗਿਆ ਸੋਧਕਾਰਜ ਸੀ। ਉਸ ਸਮੇਂ ਵੀ ਇਸ ਵਾਦ-ਵਿਵਾਦ ਦੀ ਮੁੱਖ ਕਮੀ ਇਹ ਸੀ ਕਿ ਤੁਲਨਾਤਮਕ ਨਜ਼ਰੀਏ ਤੋਂ ਇਸ ਨੇ ਯੂਰਪੀ ਮਹਾਂਦੀਪ ਦੇ ਇਤਿਹਾਸਕਾਰਾਂ (ਹੈਨਰੀ ਰਿਪੇਨ ਵਰਗੇ ਵਿਦਵਾਨਾਂ ਨੂੰ ਛੱਡ ਕੇ) ਦੀ ਵਿਦਵਾਨੀ ਦੀ ਅਣਦੇਖੀ ਕੀਤੀ ਸੀ। ਪੂਰੇ ਯੂਰਪ 'ਚ ਮਾਰਕਸਵਾਦੀ ਤੇ ਗੈਰ-ਮਾਰਕਸਵਾਦੀ ਵਿਦਵਾਨਾਂ (ਜਿਨ੍ਹਾਂ 'ਚ ਰਾਡਨੀ ਹਿਲਟਨ ਤੇ ਕ੍ਰਿਸਟੋਫਰ ਹਿੱਲ ਵੀ ਹਨ) ਨੇ ਪਿਛਲੇ 35 ਸਾਲਾਂ 'ਚ ਜੋ ਸੋਧਕਾਰਜ ਕੀਤਾ ਹੈ, ਉਹ ਤੱਥਮਈ ਵੇਰਵਿਆਂ ਤੇ ਸਿਧਾਂਤਕ ਨਜ਼ਰੀਏ ਤੋਂ ਅਤਿਅੰਤ ਖੁਸ਼ਹਾਲ ਹੈ। ਇਸ ਲਈ ਇਹ ਜ਼ਰੂਰੀ ਹੈ ਕਿ –

1. ਮੱਧ ਕਾਲੀਨ ਖੇਤੀ ਤੇ ਜਾਗੀਰਦਾਰੀ ਪ੍ਰਥਾ ਨੂੰ ਡੂੰਘੀ ਠੇਸ ਵੱਜੀ। ਸਾਮੰਤ ਹੁਣ ਗੈਰ-ਮੌਜ਼ੂਦ ਭੂ-ਸਵਾਮੀ ਬਣਨ ਲੱਗੇ ਅਰਥਾਤ ਉਹ ਨਗਰਾਂ 'ਚ ਰਹਿਣ ਲੱਗੇ ਤੇ ਵਪਾਰਕ ਗਤੀਵਿਧੀਆਂ 'ਚ ਹਿੱਸਾ ਲੈਣ ਲੱਗੇ।
2. ਯੂਰਪੀ ਉਦਯੋਗਾਂ 'ਚ ਕ੍ਰਾਂਤੀ ਹੋ ਗਈ।
3. ਵਪਾਰਕ ਤੇ ਸ਼ਿਲਪੀ ਸ਼੍ਰੇਣੀਆਂ (ਗਿਲਡਸ) ਦਾ ਪਤਨ ਹੋ ਗਿਆ।
4. ਰਾਸ਼ਟਰੀ ਵਪਾਰਵਾਦ (National-Marcantilism) ਦਾ ਵਿਕਾਸ ਹੋਇਆ। ਰਾਸ਼ਟਰੀਅਤ ਦੀ ਚੇਤਨਾ ਵਿਕਸਿਤ ਹੋਈ।

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

1. ਵਪਾਰਕ ਪੂੰਜੀਵਾਦ ਨੇ ਅੰਤ 'ਚ..... ਪੂੰਜੀਵਾਦ ਦਾ ਰੂਪ ਧਾਰਨ ਕੀਤਾ।
   (ੳ) ਰਾਜਸੱਵ (ਅ) ਉਦਯੋਗਿਕ
   (ੲ) ਰਾਸ਼ਟਰੀ (ਸ) ਇਨ੍ਹਾਂ 'ਚੋਂ ਕੋਈ ਨਹੀਂ।
2. ਪੂੰਜੀਵਾਦੀ ਉਤਪਾਦਨ ਪ੍ਰਣਾਲੀ ਨੂੰ................ ਦਾ ਨਾਂਅ ਦਿੱਤਾ ਗਿਆ ਹੈ।
   (ੳ) ਰਾਸ਼ਟਰੀ ਕ੍ਰਾਂਤੀ (ਅ) ਉਦਯੋਗਿਕ ਕ੍ਰਾਂਤੀ
   (ੲ) ਵਪਾਰਕ ਕ੍ਰਾਂਤੀ (ਸ) ਇਨ੍ਹਾਂ 'ਚੋਂ ਕੋਈ ਨਹੀਂ
3. ਵਪਾਰਕ ਪੂੰਜੀਵਾਦ ਦਾ ਵਿਕਾਸ...... ਤੋਂ ਬਹੁਤ ਪਹਿਲਾਂ ਹੋ ਚੁੱਕਾ ਸੀ।
   (ੳ) ਖੇਤੀਗਤ ਕ੍ਰਾਂਤੀ (ਅ) ਮਸ਼ੀਨੀ ਕ੍ਰਾਂਤੀ
   (ੲ) ਰਾਜਸੱਵ ਕ੍ਰਾਂਤੀ (ਸ) ਉਦਯੋਗਿਕ ਕ੍ਰਾਂਤੀ

1. Studies in the Development of Capitalism.

ਨੋਟ

## 12.3 ਪੂੰਜੀਵਾਦ ਦੇ ਵਿਕਾਸ ਦੀ ਲੜੀ (Order of Development of Capitalism)

ਇਸ ਤਰ੍ਹਾਂ ਪੂੰਜੀਵਾਦ ਤੋਂ ਭਾਵ ਉਸ ਆਰਥਿਕ ਅਵਸਥਾ ਤੋਂ ਹੈ ਜਿਸ 'ਚ ਉਤਪਾਦਨ ਅਤੇ ਵਿਨਿਯਮਨ ਦੇ ਮੁੱਖ ਸਾਧਨਾਂ ਦੀ ਮੁਖ਼ਤਿਆਰੀ ਤੇ ਕੰਟਰੋਲ ਸਮਾਜ ਦੇ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥਾਂ 'ਚ ਕੇਂਦਰਿਤ ਹੋਵੇ। ਇਸ ਦਾ ਹੌਲੀ-ਹੌਲੀ ਵਿਕਾਸ ਹੋਇਆ। ਇਸ ਦਾ ਸ਼ੁਰੂਆਤੀ ਰੂਪ ਵਪਾਰਕ ਪੂੰਜੀਵਾਦ (Commercial) ਕਿਹਾ ਜਾਂਦਾ ਹੈ। ਬਾਅਦ 'ਚ ਇਸ ਨੂੰ ਉਦਯੋਗਿਕ ਪੂੰਜੀਵਾਦ (Industrial Capitalism) ਤੇ ਅੰਤ 'ਚ ਰਾਜਸੱਵ ਪੂੰਜੀਵਾਦ (Financial Capitalism) ਦਾ ਰੂਪ ਧਾਰਨ ਕੀਤਾ।

**ਵਪਾਰਕ ਪੂੰਜੀਵਾਦ :** ਵਪਾਰਕ ਪੂੰਜੀਵਾਦ ਦਾ ਵਿਕਾਸ ਉਦਯੋਗਿਕ ਕ੍ਰਾਂਤੀ ਤੋਂ ਬਹੁਤ ਪਹਿਲਾਂ ਹੋ ਚੁੱਕਾ ਸੀ। ਪੂੰਜੀ ਦਾ ਅਸਲੀ ਅਰਥ ਬੱਚਤ ਹੈ। ਇਸ ਆਮ ਅਰਥ 'ਚ ਹਰੇਕ ਵਿਅਕਤੀ ਜੋ ਆਪਣੀ ਆਮਦਨ ਤੋਂ ਕੁਝ ਬੱਚਤ ਕਰਦਾ ਹੈ। ਪੂੰਜੀਪਤੀ ਹੁੰਦਾ ਹੈ ਪਰ ਜਦੋਂ ਆਰਥਿਕ ਵਿਵਸਥਾ ਦੇ ਅੰਤਰਗਤ ਪੂੰਜੀਵਾਦ ਦੀ ਚਰਚਾ ਕਰਦੇ ਹਾਂ ਤਾਂ ਇਸ ਦਾ ਅਰਥ ਵੱਖਰਾ ਹੈ। ਇਸ ਅਰਥ 'ਚ ਪੂੰਜੀਵਾਦ ਦਾ ਜਨਮ ਉਸ ਸਮੇਂ ਹੁੰਦਾ ਹੈ ਜਦੋਂ ਇੱਕ ਵਿਅਕਤੀ ਜਾਂ ਕਈ ਵਿਅਕਤੀ ਸ਼ਾਮਲ ਹੋ ਕੇ ਆਪਣੀ ਪੂੰਜੀਵਾਦ ਦੀ ਵਰਤੋਂ ਲਾਭ ਦੇ ਨਜ਼ਰੀਏ ਤੋਂ ਕਿਸੇ ਵਪਾਰ ਜਾਂ ਕਿੱਤੇ 'ਚ ਕਰਨ। ਮੱਧ ਕਾਲ ਦੇ ਉੱਤਰ ਅਰਧ 'ਚ ਧਰਮ ਯੁੱਧਾਂ ਦੇ ਕਾਰਨ ਅਤੇ ਦੂਰਬੀਨ ਯੰਤਰ ਦੀ ਖੋਜ ਦੇ ਸਿੱਟੇ ਵਜੋਂ ਸਮੁੰਦਰੀ ਯਾਤਰਾਵਾਂ ਸੁਖਾਲੀਆਂ ਹੋ ਗਈਆਂ ਤਾਂ ਵਪਾਰ ਵਧਣ ਲੱਗਾ। ਅਨੇਕ ਵਪਾਰੀ ਇਸ ਤੋਂ ਲਾਭ ਚੁੱਕਣ ਲੱਗੇ। ਵਧੇਰੇ ਲਾਭ ਲਈ ਵੱਧ ਪੂੰਜੀ ਦੀ ਵਿਵਸਥਾ ਹੋਣ ਦੇ ਕਾਰਨ ਕੁਝ ਵਪਾਰੀ ਸ਼ਾਮਲ ਹੋ ਕੇ ਕੰਪਨੀਆਂ ਬਣਾਉਣ ਲੱਗੇ। ਇੰਗਲਿਸ਼ ਈਸਟ ਇੰਡੀਆ ਕੰਪਨੀ ਇਸ ਤਰ੍ਹਾਂ ਸਥਾਪਿਤ ਹੋਈ। ਸੀ। ਪਹਿਲਾਂ ਇਹ ਲੋਕ ਸਵਤੰਤਰ ਕਾਰੀਗਰਾਂ ਤੋਂ ਮਾਲ ਖ਼ਰੀਦਦੇ ਸਨ, ਹੌਲੀ-ਹੌਲੀ ਵੱਧ ਲਾਭ ਕਮਾਉਣ ਦੇ ਉਦੇਸ਼ ਨਾਲ ਉਹ ਕਾਰੀਗਰਾਂ ਨੂੰ ਕੱਚਾ ਮਾਲ ਦੇ ਕੇ ਆਪਣੀ ਇੱਛਾ ਅਨੁਸਾਰ ਮਾਲ ਤਿਆਰ ਕਰਵਾਉਣ ਲੱਗੇ। ਕਾਰੀਗਰ ਆਪਣੇ ਘਰਾਂ 'ਚ ਆਪਣੇ ਹੀ ਔਜ਼ਾਰਾਂ ਨਾਲ ਕੰਮ ਕਰਦ ਸਨ ਪਰ ਹੁਣ ਪੂੰਜੀ ਉਨ੍ਹਾਂ ਦੀ ਨਹੀਂ ਹੁੰਦੀ ਸੀ ਤੇ ਉਹ ਮਾਲ ਵੀ ਪੂੰਜੀਪਤੀ ਦੀ ਇੱਛਾ ਅਨੁਸਾਰ ਬਣਾਉਂਦੇ ਸਨ। ਉਨ੍ਹਾਂ ਨੂੰ ਸਿਰਫ਼ ਮਜ਼ਦੂਰੀ ਮਿਲਦੀ ਸੀ। ਇਸ ਤਰ੍ਹਾਂ ਵਪਾਰ ਦਾ ਰੂਪ ਹੌਲੀ-ਹੌਲੀ ਬਦਲਣ ਲੱਗਿਆ ਸੀ। ਜਦੋਂ ਕਿ ਅਜੇ ਵੀ ਘਰੇਲੂ ਵਪਾਰ ਸੀ ਪਰ ਉਸ 'ਚ ਕਾਰਖ਼ਾਨਾ ਵਿਵਸਥਾ (Factory System) ਦੇ ਮੁੱਖ ਲੱਛਣ ਉਭਰਨ ਲੱਗੇ ਸਨ। ਪੂੰਜੀਪਤੀ ਵਿਆਪਕ ਪੱਧਰ 'ਤੇ ਆਪਣੀ ਇੱਛਾ ਅਨੁਸਾਰ ਚੀਜ਼ਾਂ ਬਣਵਾਉਂਦਾ ਸੀ, ਕਾਰੀਗਰ ਮਜ਼ਦੂਰੀ 'ਤੇ ਕੰਮ ਕਰਦਾ ਸੀ ਤੇ ਲਾਭ ਪੂੰਜੀਪਤੀ ਨੂੰ ਪ੍ਰਾਪਤ ਹੁੰਦਾ ਸੀ। ਇਸ ਤਰ੍ਹਾਂ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵਪਾਰਕ ਪੂੰਜੀਵਾਦ ਉਜਾਗਰ ਹੋਇਆ ਸੀ। ਸਮੁੰਦਰੋਂ ਪਾਰ ਦੇ ਦੇਸ਼ਾਂ ਦੇ ਵਪਾਰ ਤੋਂ ਯੂਰਪ 'ਚ ਵਧੇਰੇ ਪੈਸਾ ਇਕੱਠਾ ਹੋ ਗਿਆ ਸੀ। ਫਲੋਰੇਂਸ ਆਗਜਬੁਰਗ, ਐਨਮਬਰਮ ਤੇ ਲੰਡਨ ਇਸ ਦੇ ਕੇਂਦਰ ਸਨ।

ਟਾਸਕ ਬ੍ਰਿਟੇਨ ਦੇ ਮਾਰਕਸਵਾਦੀ ਅਰਥਸ਼ਾਸ਼ਤਰੀ ਮਾਰਿਸ ਡੌਬ ਨੇ ਕਿਹੜਾ ਗ੍ਰੰਥ ਪ੍ਰਕਾਸ਼ਿਤ ਕੀਤਾ ਸੀ ?

**ਉਦਯੋਗਿਕ ਪੂੰਜੀਵਾਦ :** ਮਸ਼ੀਨਾਂ ਦੀ ਵਰਤੋਂ ਨਾਲ ਕਾਰਖ਼ਾਨਿਆਂ ਦਾ ਯੁੱਗ ਸ਼ੁਰੂ ਹੋਇਆ। ਕਾਰਖਾਨਿਆਂ ਦੇ ਵਿਕਾਸ ਦੇ ਨਾਲ ਪੂੰਜੀਵਾਦ 'ਚ ਵੀ ਬਦਲਾਅ ਦਿਖਾਈ ਪਿਆ। ਨਵੀਆਂ ਉਦਯੋਗਿਕ ਮਸ਼ੀਨਾਂ ਬਹੁਤ ਮਹਿਗੀਆਂ ਸਨ, ਉਨ੍ਹਾਂ ਨੂੰ ਕੋਈ ਕਿਸਾਨ ਅਤੇ ਕਾਰੀਗਰ ਖ਼ਰੀਦਣ ਦੀ ਸਮਰੱਥਾ ਨਹੀਂ ਰੱਖਦਾ ਸੀ। ਇਨ੍ਹਾਂ ਮਸ਼ੀਨਾਂ ਨੂੰ ਧਨਾਢ ਹੀ ਖ਼ਰੀਦ ਕੇ ਖਾਸ ਤੌਰ 'ਤੇ ਬਣੇ ਹੋਏ ਮਕਾਨਾਂ (ਕਾਰਖਾਨਿਆਂ) 'ਚ ਹੀ ਲਗਾ ਸਕਦਾ ਸੀ। ਇਸ ਤਰ੍ਹਾਂ ਮਸ਼ੀਨਾਂ ਦੇ ਨਾਲ ਕਾਰਖਾਨਿਆਂ ਦਾ ਨਿਰਮਾਣ ਹੋਇਆ। 18ਵੀਂ ਸ਼ਤਾਬਦੀ ਦੇ ਅੰਤ ਤੱਕ ਕਾਰਖਾਨੇ ਉਦਯੋਗਿਕ ਉਤਪਾਦਨ ਦੇ ਕੇਂਦਰ ਬਣ ਚੁੱਕੇ ਸਨ।

**ਰਾਜਸੱਵ ਪੂੰਜੀਵਾਦ :** ਉਦਯੋਗਿਕ ਪੂੰਜੀਪਤੀਆਂ ਦਾ ਆਪਣੇ ਵਪਾਰ ਤੋਂ ਵੱਡਾ ਨੇੜਲਾ ਸੰਪਰਕ ਰਹਿੰਦਾ ਸੀ। ਪੂੰਜੀ ਲਗਾਉਣਾ ਕੱਚਾ ਮਾਲ ਖ਼ਰੀਦਣਾ, ਕਾਰਖਾਨੇ ਬਣਵਾਉਣਾ, ਮਜ਼ਦੂਰਾਂ ਦੇ ਕੰਮ ਨੂੰ ਦੇਖਣਾ, ਤਿਆਰ ਮਾਲ ਵੇਚਣ ਦਾ ਪ੍ਰਬੰਧ ਕਰਨਾ ਆਦਿ ਸਾਰੇ ਕੰਮ ਉਹ ਖੁਦ ਦੇਖਦੇ ਸਨ, ਪਰ ਜਦੋਂ ਕਾਰਖਾਨਾ ਵਿਵਸਥਾ ਹੌਲੀ-ਹੌਲੀ ਜਟਿਲ ਹੋਣ ਲੱਗੀ ਤੇ ਰੇਲਵੇ ਵਰਗੇ ਵੱਡੇ ਭਾਰੀ-ਭਾਰੀ ਉਦਯੋਗ ਸ਼ੁਰੂ ਹੋਣ ਲੱਗੇ ਤਾਂ ਪੂੰਜੀਪਤੀ ਦਾ ਵਿਅਕਤੀਗਤ ਦਾ ਕੰਮ ਘਟਣ ਲੱਗਿਆ। ਸਾਂਝੀ ਪੂੰਜੀ ਵਾਲੀਆਂ ਕੰਪਨੀਆਂ ਤੇ ਕਾਰਪੋਰੇਸਨਾਂ ਸਥਾਪਿਤ ਹੋਣ ਨਾਲ ਉਦਯੋਗਾਂ ਦੀ ਮੁਖ਼ਤਿਆਰੀ ਵਿਅਕਤੀਗਤ ਪੂੰਜੀਪਤੀਆਂ ਦੇ ਹੱਥਾਂ 'ਚੋਂ ਨਿਕਲ ਕੇ ਉਨ੍ਹਾਂ ਕੰਪਨੀਆਂ ਦੇ ਹੱਥਾਂ 'ਚ ਪੁੱਜਣ ਲੱਗੀ। ਇਸ ਨਾਲ ਹਰ ਤਰ੍ਹਾਂ ਦੇ ਕਾਮਿਆਂ ਲਈ ਤਨਖ਼ਾਹਭੋਗੀ ਕਰਮਚਾਰੀ ਰੱਖੇ ਜਾਣ ਲੱਗੇ ਤੇ ਪੂੰਜੀਪਤੀਆਂ ਦਾ ਵਪਾਰ ਨਾਲ ਸਿੱਧਾ ਸੰਪਰਕ ਟੁੱਟਣ ਲੱਗਿਆ। ਹੁਣ ਉਨ੍ਹਾਂ ਦਾ ਕੰਮ ਵਾਪਰ ਲਈ ਪੈਸਾ ਇਕੱਠਾ ਕਰਨ ਤੇ ਆਪਸ 'ਚ ਲਾਭ ਦੀ ਵੰਡ ਕਰਨਾ ਤੇ ਆਪਣੇ ਲਾਭ ਨੂੰ ਬੈਂਕਾਂ ਅਤੇ ਦਲਾਲਾਂ ਦੁਆਰਾ ਹੋਰ ਉਦਯੋਗਾਂ 'ਚ ਲਾ ਕੇ ਵਧੇਰੇ ਲਾਭ ਪ੍ਰਾਪਤ ਕਰਨਾ ਰਹਿ ਗਿਆ। ਇਸ ਤਰ੍ਹਾਂ ਹੌਲੀ-ਹੌਲੀ ਪੂੰਜੀਵਾਦ ਨੇ ਵਪਾਰਕ ਪੂੰਜੀਵਾਦ ਤੋਂ ਅੱਗੇ ਵਧ ਕੇ ਉਦਯੋਗਿਕ ਪੂੰਜੀਵਾਦ ਦਾ ਅਤੇ ਅੰਤ 'ਚ ਰਾਜਸੱਵ ਪੂੰਜੀਵਾਦ ਦਾ ਰੂਪ ਧਾਰਨ ਕੀਤਾ।

## 12.4 ਸਾਰਾਂਸ਼ (Summary)

ਮੱਧ ਕਾਲ ਦੇ ਉੱਤਰਾਰਧ 'ਚ ਧਰਮ ਯੁੱਧਾਂ ਦੇ ਕਾਰਨ ਤੇ ਦੂਰਬੀਨ ਦੀ ਖੋਜ ਦੇ ਸਿੱਟੇ ਵਜੋਂ ਸਮੁੰਦਰੀ ਯਾਤਰਾਵਾਂ ਸੁਖਾਲੀਆਂ ਹੋ ਗਈਆਂ ਤਾਂ ਵਪਾਰ ਵਧਣ ਲੱਗਿਆ। ਅਨੇਕਾਂ ਵਪਾਰੀ ਇਸ ਤੋਂ ਲਾਭ ਉਠਾਉਣ ਲੱਗੇ। ਵੱਧ ਲਾਭ ਲਈ ਵਧੇਰੇ ਪੂੰਜੀ ਦੀ ਲੋੜ ਹੋਣ ਕਾਰਨ ਕੁਝ ਵਪਾਰੀ ਇਕੱਠੇ ਹੋ ਕੇ ਕੰਪਨੀਆਂ ਬਣਾਉਣ ਲੱਗੇ। ਇੰਗਲਿਸ਼ ਈਸਟ ਇੰਡੀਆ ਕੰਪਨੀ ਇਸ ਤਰ੍ਹਾਂ ਸਥਾਪਿਤ ਹੋਈ। ਪਹਿਲਾਂ ਇਹ ਲੋਕ ਸਵਤੰਤਰ ਕਾਮਿਆਂ ਤੋਂ ਮਾਲ ਖ਼ਰੀਦਦੇ ਸਨ, ਹੌਲੀ-ਹੌਲੀ ਵਧੇਰੇ ਲਾਭ ਕਮਾਉਣ ਦੇ ਉਦੇਸ਼ ਨਾਂਲ ਉਹ ਕਾਰੀਗਰਾਂ ਨੂੰ ਕੱਚਾ ਮਾਲ ਦੇ ਕੇ ਆਪਣੀ ਇੱਛਾ ਅਨੁਸਾਰ ਮਾਲ ਤਿਆਰ ਕਰਵਾਉਣ ਲੱਗੇ। ਕਾਰੀਗਰ ਆਪਣੇ ਘਰਾਂ 'ਚ ਆਪਣੇ ਹੀ ਔਜ਼ਾਰਾਂ ਨਾਲ ਕੰਮ ਕਰਦੇ ਸਨ ਹੁਣ ਪੂੰਜੀ ਉਨ੍ਹਾਂ ਦੀ ਨਹੀਂ ਹੁੰਦੀ ਸੀ ਤੇ ਉਹ ਮਾਲ ਵੀ ਪੂੰਜੀਪਤੀ ਦੀ ਇੱਛਾ ਅਨੁਸਾਰ ਬਣਾਉਂਦੇ ਸਨ। ਉਨ੍ਹਾਂ ਨੂੰ ਸਿਰਫ਼ ਮਜ਼ਦੂਰੀ ਮਿਲਦੀ ਸੀ। ਇਸ ਤਰ੍ਹਾਂ ਵਪਾਰ ਦਾ ਰੂਪ ਹੌਲੀ-ਹੌਲੀ ਪਰਿਵਰਤਿਤ ਹੋਣ ਲੱਗਿਆ ਸੀ।

**ਨੋਟ**

## 12.5 ਸ਼ਬਦਕੋਸ਼ (Keywords)

1. **ਸ਼ਾਹੂਕਾਰ (Financiers)**– ਪੂੰਜੀ ਲਗਾਉਣ ਵਾਲਾ।
2. **ਵਣਜ (Commercial)**– ਵਪਾਰਕ।

## 12.6 ਅਭਿਆਸ ਪ੍ਰਸ਼ਨ (Review Questions)

1. ਵਪਾਰਕ-ਵਸਤੂਆਂ ਦੇ ਵਿਵਿਧੀਕਰਨ ਤੋਂ ਕੀ ਭਾਵ ਹੈ ? ਦੱਸੋ।
2. ਉੱਤਰ ਮੱਧ ਯੁੱਗ 'ਚ, 16ਵੀਂ ਸ਼ਤਾਬੀ ਦੇ ਸ਼ੁਰੂ 'ਚ ਉੱਚ ਸ਼੍ਰੇਣੀ ਦੀ ਦਸਤਕਾਰੀ ਦੇ ਮੁੱਖ ਕੇਂਦਰ ਕਿਹੜੇ ਸਨ ?
3. ਉਪਨਿਵੇਸ਼ਕ ਪੁਨਰ-ਨਿਰਯਾਤ ਵਪਾਰ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ।
4. 'ਪੂੰਜੀਵਾਦ ਦੇ ਵਿਕਾਸ ਦੀ ਲੜੀ' 'ਤੇ ਟਿੱਪਣੀ ਲਿਖੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. (ੳ) ਰਾਜਸੱਵ
2. (ਅ) ਉਦਯੋਗਿਕ ਕ੍ਰਾਂਤੀ
3. (ੲ) ਉਦਯੋਗਿਕ ਕ੍ਰਾਂਤੀ

## 12.7 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ – ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ – ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–13: ਸਮਾਜਵਾਦੀ ਉਦਯੋਗੀਕਰਨ (Socialist Industrialization)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
13.1 ਉਦਯੋਗਿਕ ਕ੍ਰਾਂਤੀ ਤੋਂ ਪਹਿਲੇ ਯੂਰਪ ਦੀ ਦਸ਼ਾ (State of Europe before Industrial Revolution)
13.2 ਉਦਯੋਗਿਕ ਕ੍ਰਾਂਤੀ ਦਾ ਅਰਥ (Meaning of Industrial Revolution)
13.3 ਉਦਯੋਗਿਕ ਕ੍ਰਾਂਤੀ ਦੇ ਕਾਰਨ (Causes of Industrial Revolution)
13.4 ਸਾਰਾਂਸ਼ (Summary)
13.5 ਸ਼ਬਦਕੋਸ਼ (Keywords)
13.6 ਅਭਿਆਸ ਪ੍ਰਸ਼ਨ (Review Questions)
13.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਯੂਰਪ ਦੀ ਦਸ਼ਾ ਜਾਣਨ 'ਚ।
- ਉਦਯੋਗਿਕ ਕ੍ਰਾਂਤੀ ਦਾ ਅਰਥ ਜਾਣਨ 'ਚ।
- ਉਦਯੋਗਿਕ ਕ੍ਰਾਂਤੀ ਦੇ ਕਾਰਨ ਜਾਣਨ 'ਚ।

## ਪ੍ਰਸਤਾਵਨਾ (Introduction)

ਮੱਧ ਯੁੱਗ 'ਚ ਯੂਰਪ ਦੇ ਦੇਸ਼ਾਂ 'ਚ ਮੁੱਖ ਉਦਯੋਗ ਖੇਤੀ ਸੀ। ਲੋਕ ਆਪਣੀ ਅਤੇ ਆਪਣੇ ਜਾਗੀਰਦਾਰ ਦੀ ਭੂਮੀ 'ਤੇ ਖੇਤੀ ਕਰਦੇ ਸਨ ਤੇ ਉਸ ਤੋਂ ਪੈਦਾ ਅਨਾਜ ਹੀ ਤੋਂ ਉਨ੍ਹਾਂ ਦਾ ਨਿਰਵਾਹ ਹੁੰਦਾ ਸੀ। ਘਰੇਲੂ ਜੀਵਨ 'ਚ ਕੰਮ ਆਉਣ ਵਾਲੀਆਂ ਹੋਰ ਵਸਤੂਆਂ ਵੀ ਕਾਰਪੇਂਟਰ, ਲੁਹਾਰ, ਘੁਮਿਆਰ, ਜੁਲਾਹੇ ਆਦਿ ਬਣਾਉਂਦੇ ਸਨ। ਇਹ ਕਾਰੀਗਰ ਆਪਣੇ ਘਰ 'ਤੇ ਹੀ ਕੰਮ ਕਰਦੇ ਸਨ। ਇਹ ਲੋਕ ਵੀ ਮੁੱਖ ਤੌਰ 'ਤੇ ਖੇਤੀ ਹੀ ਕਰਦੇ ਸਨ ਤੇ ਆਪਣੇ ਖਾਲੀ ਸਮੇਂ 'ਚ ਆਪਣੀ ਕਾਰੀਗਿਰੀ ਦੀਆਂ ਚੀਜ਼ਾਂ ਬਣਾਉਂਦੇ ਸਨ। ਪਰ ਕੁਝ ਲੋਕ ਸਿਰਫ਼ ਕਾਰੀਗਿਰੀ ਦੀਆਂ ਚੀਜ਼ਾਂ ਬਣਾਉਂਦੇ ਸਨ। ਉਸ ਸਮੇਂ ਕਰੰਸੀ ਦਾ ਵਿਕਾਸ ਨਹੀਂ ਹੋ ਸਕਿਆ ਸੀ, ਇਸ ਲਈ ਇੱਕ ਚੀਜ਼ ਦੇ ਕੇ ਦੂਜੀ ਚੀਜ਼ ਲੈ ਲਈ ਜਾਂਦੀ ਸੀ। ਖਰੀਦ–ਵਿਕਰੀ ਵਿਨਿਯਮ ਪ੍ਰਣਾਲੀ ਤੋਂ ਹੁੰਦਾ ਸੀ। ਜਗ੍ਹਾ–ਜਗ੍ਹਾ 'ਤੇ ਛੋਟੀਆਂ–ਛੋਟੀਆਂ ਮੰਡੀਆਂ ਲਗਦੀਆਂ ਸਨ, ਜਿਨ੍ਹਾਂ 'ਚ ਲੋਕ ਆਪਣੀਆਂ ਲੋੜ ਦੀਆਂ ਚੀਜ਼ਾਂ ਖਰੀਦਣ ਤੇ ਆਪਣੀਆਂ ਫਾਲਤੂ ਚੀਜ਼ਾਂ ਵੇਚਣ ਲਈ ਇੱਕਠੇ ਹੁੰਦੇ ਸਨ।

ਪਰ ਨਗਰਾਂ ਜਾਂ ਸ਼ਹਿਰਾਂ ਦੀ ਜ਼ਿੰਦਗੀ ਇਸ ਤੋਂ ਕੁਝ ਵੱਖ ਸੀ। ਸ਼ਹਿਰਾਂ 'ਚ ਕੁਝ ਧਨੀ ਲੋਕ ਵਪਾਰ–ਵਣਜ ਦੇ ਕੰਮ 'ਚ ਵੀ ਲੱਗੇ ਹੋਏ ਸਨ। ਉਹ ਕੱਚਾ ਮਾਲ ਮਜ਼ਦੂਰਾਂ ਨੂੰ ਦੇ ਦਿੰਦੇ ਸਨ ਤੇ ਉਨ੍ਹਾਂ ਤੋਂ ਚੀਜ਼ਾਂ ਤਿਆਰ ਕਰਵਾਉਂਦੇ ਸਨ ਤੇ ਉਨ੍ਹਾਂ ਨੂੰ ਕੁਝ ਮਜ਼ਦੂਰੀ ਦੇ ਦਿੰਦੇ ਸਨ। ਇਨ੍ਹਾਂ ਵਸਤੂਆਂ ਨੂੰ ਉਹ ਸ਼ਹਿਰਾਂ 'ਚ ਜਾਂ ਦੂਜੇ ਦੇਸ਼ਾਂ 'ਚ ਲੈ ਜਾ ਕੇ ਵੇਚਦੇ ਸਨ। ਇਹ ਵਪਾਰੀ ਮੁੜ ਵਿਦੇਸ਼ੀ ਵਪਾਰ 'ਚ ਕਾਫ਼ੀ ਰੁਚੀ ਰੱਖਦੇ ਸਨ ਤੇ ਉਸ ਤੋਂ ਕਾਫ਼ੀ ਲਾਭ ਵੀ ਕਮਾਉਂਦੇ ਸਨ। ਉਹ ਆਪਣਾ ਵਪਾਰ ਤੇ ਆਪਣਾ ਲਾਭ ਵਧਾਉਣ ਲਈ ਸਚੇਸ਼ਟ ਸਨ ਪਰ ਚੀਜ਼ਾਂ ਦੇ ਉਤਪਾਦਨ 'ਚ ਮਨੁੱਖ ਦੀਆਂ ਸਰੱਹਦਾਂ ਸਭ ਤੋਂ ਵੱਡਾ ਅੜਿੱਕਾ ਸਨ।

## 13.1 ਉਦਯੋਗਿਕ ਕ੍ਰਾਂਤੀ ਤੋਂ ਪਹਿਲੇ ਯੂਰਪ ਦੀ ਦਸ਼ਾ (State of Europe before Industrial Revolution)

ਉਦਯੋਗਿਕ ਕ੍ਰਾਂਤੀ ਕੋਈ ਰਾਜਨੀਤਿਕ ਕ੍ਰਾਂਤੀ ਨਹੀਂ ਸੀ। ਇਸ ਲਈ ਇਸ ਦਾ ਕੋਈ ਨਿਸ਼ਚਿਤ ਮਿਤੀ ਜਾਂ ਸਾਲ ਨਹੀਂ ਹੈ। ਇਹ ਵਿਕਾਸ ਦੀ ਇੱਕ ਪ੍ਰਕਿਰਿਆ ਸੀ। ਵੈਸੇ ਤਾਂ ਇਸ ਕ੍ਰਾਂਤੀ ਦੀ ਸ਼ੁਰੂਆਤ 18ਵੀਂ ਸ਼ਤਾਬਦੀ ਦੇ ਸ਼ੁਰੂ ਤੋਂ ਹੀ ਹੋ ਗਈ ਸੀ ਪਰ 18ਵੀਂ

**ਨੋਟ**

ਸ਼ਤਾਬਦੀ ਦੇ ਉੱਤਰਅਰਧ 'ਚ ਵਿਕਾਸ ਦੀ ਇਸ ਪ੍ਰਕਿਰਿਆ 'ਚ ਤੇਜ਼ੀ ਆਈ। ਲਗਭਗ ਇੱਕ ਸ਼ਤਾਬਦੀ ਤੱਕ ਇਹ ਵਿਕਾਸ-ਕ੍ਰਮ ਵੱਡੀ ਦੁਰਤ ਗਤੀ ਤੋਂ ਅੱਗੇ ਵਧੀ। ਇਸ ਇੱਕ ਸ਼ਤਾਬਦੀ ਅਰਥਾਤ ਲਗਭਗ 1770 ਈ. ਤੋਂ 1870 ਈ. ਤੱਕ ਦੇ ਕਾਲ ਨੂੰ ਉਦਯੋਗਿਕ ਕ੍ਰਾਂਤੀ ਦਾ ਕਾਲ ਮੰਨਿਆ ਜਾਂਦਾ ਹੈ।

ਨੋਟਸ ਮੱਧ ਯੁੱਧ 'ਚ ਯੂਰਪ ਦੇ ਦੇਸ਼ਾਂ 'ਚ ਮੁੱਖ ਉਦਯੋਗ ਖੇਤੀ ਸੀ।

ਹੁਣ ਅਸੀਂ 1770 ਈ. ਤੋਂ ਪਹਿਲਾਂ ਯੂਰਪ ਦੀ ਅਵਸਥਾ 'ਤੇ ਵਿਚਾਰ ਕਰਾਂਗੇ। ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਯੂਰਪ ਦੇ ਦੇਸ਼ਾਂ 'ਚ ਸਾਮੰਤ ਪ੍ਰਥਾ ਦਾ ਪ੍ਰਚਾਰ ਸੀ। ਸਾਮੰਤ ਵਿਲਾਸਤਾ ਦਾ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਕੋਲ ਪੈਸਾ ਵਾਧੂ ਸੀ। ਉਹ ਆਪਣੀ ਸਾਰੀ ਜ਼ਮੀਨ 'ਤੇ ਖੇਤੀ ਨਾ ਕਰਕੇ ਜਾਂ ਕਰਾ ਸਕਦੇ ਸਨ, ਇਸ ਲਈ ਉਹ ਆਪਣੀ ਜ਼ਮੀਨ ਅਨੇਕਾਂ ਕਿਸਾਨਾਂ ਨੂੰ ਦੇ ਦਿੰਦੇ ਸਨ। ਕਿਸਾਨ ਸਾਮੰਤਾਂ ਜਾਂ ਜਾਗੀਰਦਾਰਾਂ ਦੀ ਜ਼ਮੀਨ 'ਤੇ ਖੇਤੀ ਕਰਦੇ ਸਨ। ਖੇਤੀ ਉਸ ਸਮੇਂ ਮੁੱਖ ਵਪਾਰ ਸੀ। ਸਾਮੰਤ ਲੋਕ ਕਿਸਾਨਾਂ ਤੋਂ ਲਗਾਨ ਵਸੂਲਣ ਤੋਂ ਇਲਾਵਾ ਉਨ੍ਹਾਂ 'ਤੇ ਅੱਤਿਆਚਾਰ ਵੀ ਕਰਦੇ ਸਨ ਤੇ ਉਨ੍ਹਾਂ ਤੋਂ ਬੇਗਾਰ ਵੀ ਲੈਂਦੇ ਸਨ।

ਸਿੱਖਿਆ ਦਾ ਪ੍ਰਚਾਰ ਵਧ ਰਿਹਾ ਸੀ। ਸਿੱਖਿਆ ਦੇ ਪ੍ਰਸਾਰ ਨੇ ਲੋਕਾਂ ਦਾ ਦਿਮਾਗ ਵਿਕਸਿਤ ਕੀਤਾ ਤੇ ਪੁਰਾਣੇ ਅੰਧਵਿਸ਼ਵਾਸਾਂ ਦੀਆਂ ਜੜ੍ਹਾਂ ਉੱਖੜਨ ਲੱਗੀਆਂ। ਪੁਨਰਜਾਗਰਣ ਦੇ ਵਾਤਾਵਰਨ ਨੇ ਇੱਕ ਉਦਯੋਗਿਕ ਦ੍ਰਿਸ਼ਟੀਕੋਣ ਨੂੰ ਜਨਮ ਦਿੱਤਾ ਜਿਸ ਦੇ ਸਿੱਟੇ ਵਜੋਂ ਨਵੀਆਂ ਖੋਜਾਂ ਤੇ ਨਵੇਂ ਵਸੀਲਿਆਂ ਦੀ ਇੱਛਾ ਪੈਦਾ ਹੋਣ ਲੱਗੀ ਸੀ।

ਯੂਰਪ ਦੇ ਦੇਸ਼ਾਂ ਨੇ ਭੂਗੋਲਿਕ ਖੋਜਾਂ ਤੋਂ ਬਾਅਦ ਆਪਣੇ-ਆਪਣੇ ਉਪਨਿਵੇਸ਼ ਵਸਾ ਲਏ ਸਨ ਤੇ ਉਨ੍ਹਾਂ ਉਪਨਿਵੇਸ਼ਾਂ ਤੋਂ ਪੈਸਾ ਕਮਾ ਰਹੇ ਸਨ। ਉਪਨਿਵੇਸ਼ਾਂ ਦੇ ਵਪਾਰ 'ਤੇ ਉਨ੍ਹਾਂ ਦਾ ਲਗਭਗ ਪੂਰਾ ਅਧਿਕਾਰ ਸੀ। ਇਸ ਵਪਾਰ ਲਈ ਉਨ੍ਹਾਂ ਨੂੰ ਸਮਾਨ ਲਿਆਉਣ ਲਿਜਾਣ ਦੇ ਚੰਗੇ, ਜਲਦੀ ਪੁੱਜਣ ਵਾਲੇ ਤੇ ਵਧੇਰੇ ਸੁਰੱਖਿਅਤ ਸਾਧਨਾਂ ਦੀ ਲੋੜ ਮਹਿਸੂਸ ਹੋਣ ਲੱਗੀ ਸੀ। ਵਪਾਰ-ਵਣਜ ਦੀ ਤਰੱਕੀ ਦੇ ਨਾਲ ਯੂਰਪ ਦੇ ਦੇਸ਼ਾਂ ਦਾ ਮੱਧਮ ਵਰਗ ਅਧਿਕਾਰਕ ਖੁਸ਼ਹਾਲ ਹੋਣ ਲੱਗਿਆ ਸੀ। ਖੁਸ਼ਹਾਲ ਮੱਧਮ ਵਰਗ ਵਪਾਰ ਦੇ ਸਾਧਨਾਂ, ਉਤਪਦਾਨ ਦੇ ਸਾਧਨਾਂ ਅਤੇ ਤਿਆਰ ਮਾਲ ਦੀ ਕਿਸਮ ਸੁਧਾਰਨ ਦੇ ਪ੍ਰਤੀ ਦ੍ਰਿੜ ਤੇ ਯਤਨਸ਼ੀਲ ਹੋ ਗਿਆ ਸੀ ਕਿਉਂਕਿ ਇਸ ਨਾਲ ਉਸ ਨੂੰ ਵਧੇਰੇ ਲਾਭ ਹੋਣ ਦੀ ਆਸ ਸੀ।

ਆਵਾਗਮਨ ਤੇ ਸਮਾਨ ਢੋਣ ਲਈ ਉਸ ਸਮੇਂ ਗੱਡੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਨ੍ਹਾਂ ਗੱਡੀਆਂ 'ਚ ਪਸ਼ੂ ਜੋੜੇ ਜਾਂਦੇ ਸਨ। ਆਵਾਜਾਈ ਲਈ ਗੱਡੀਆਂ ਤੇ ਬੇੜੀਆਂ ਦੀ ਵਰਤੋਂ ਹੁੰਦੀ ਸੀ। ਕਿਤੇ-ਕਿਤੇ ਨਹਿਰਾਂ ਤੇ ਸੜਕਾਂ ਵੀ ਬਣ ਗਈਆਂ ਸਨ। ਇਸ ਲਈ ਅਸੀ ਕਲਪਨਾ ਕਰ ਸਕਦੇ ਹਾਂ ਕਿ ਉਸ ਸਮੇਂ ਇੱਕ ਅਜਿਹਾ ਵਾਤਾਵਰਨ ਪੈਦਾ ਹੋ ਰਿਗਆ ਸੀ ਜਿਸ 'ਚ ਮਨੁੱਖ ਆਪਣੀ ਸੱਭਿਅਤਾ ਨੂੰ ਅੱਗੇ ਲਿਜਾਣ ਅਤੇ ਉਸ ਨੂੰ ਵਿਕਸਿਤ ਕਰਨ ਲਈ ਯਤਨਸ਼ੀਲ ਸੀ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. ਉਦਯੋਗਿਕ ਕ੍ਰਾਂਤੀ.......... ਦੀ ਇੱਕ ਪ੍ਰਕਿਰਿਆ ਹੈ।
2. ਉਤਪਦਾਨ ਦੇ ਸਾਧਨਾਂ 'ਚ ਪਰਿਵਤਰਨ ਹੋ ਜਾਣਾ ਹੀ........... ਹੈ।
3. 18ਵੀਂ ਸ਼ਤਾਬੀ ਦੇ ਅੰਤ ਤੱਕ....... ਦੇ ਵਿਦੇਸ਼ੀ ਵਪਾਰ 'ਚ ਤਰੱਕੀ ਹੋ ਚੁੱਕੀ ਸੀ।

## 13.2 ਉਦਯੋਗਿਕ ਕ੍ਰਾਂਤੀ ਦਾ ਅਰਥ (Meaning of Industrial Revolution)

ਉਦਯੋਕਿ ਕ੍ਰਾਂਤੀ ਦਾ ਅਰਥ ਇਹ ਹੈ ਕਿ ਉਦਯੋਗਾਂ ਦੀ ਪ੍ਰਾਚੀਨ, ਪਰੰਪਰਾਗਤ ਤੇ ਧੀਮੀ ਗਤੀ ਨੂੰ ਛੱਡ ਕੇ ਨਵੇਂ, ਵਿਗਿਆਨਕ ਤੇ ਤੇਜ਼ੀ ਨਾਲ ਪੈਦਾ ਕਰਨ ਵਾਲੇ ਯੰਤਰਾਂ ਤੇ ਮਸ਼ੀਨਾਂ ਦੀ ਵਰਤੋਂ। ਇਹ ਕ੍ਰਾਂਤੀ ਉਸ ਮਹਾਨ ਪਰਿਵਰਤਨ ਦਾ ਯੋਤਕ ਹੈ, ਜੋ ਉਦਯੋਗਿਕ ਪ੍ਰਣਾਲੀ 'ਚ ਹੋਏ। ਘਰਾਂ 'ਚ ਅਤੇ ਘਰੇਲੂ ਉਦਯੋਗਾਂ 'ਚ ਹੱਥ ਨਾਲ ਬਣਨ ਵਾਲੀਆਂ ਵਸਤੂਆਂ ਇਸ ਪਰਿਵਰਤਨ ਦੇ ਕਾਰਨ ਵੱਡੇ-ਵੱਡੇ ਕਾਰਖਾਨਿਆਂ ਤੇ ਮਸ਼ੀਨਾਂ ਨਾਲ ਬਣਨ ਲੱਗੀਆਂ। ਇਸ ਕ੍ਰਾਂਤੀ ਨੇ ਅਜਿਹੇ ਯੰਤਰਾਂ, ਮਸ਼ੀਨਾਂ ਅਤੇ ਵਿਧੀਆਂ ਨੂੰ ਜਨਮ ਦਿੱਤਾ ਜਿਨ੍ਹਾਂ ਦੀ ਸਹਾਹਿਤਾ ਨਾਲ ਚੀਜ਼ਾਂ ਸਰਲਤਾ ਨਾਲ, ਥੋੜ੍ਹੇ ਵਿਅਕਤੀਆਂ ਦੀ ਸਹਾਇਤਾ ਨਾਲ ਆਸ ਨਾਲੋਂ ਚੰਗੀ ਤੇ ਵੱਡੇ ਪੈਮਾਨੇ 'ਤੇ ਬਣਨ ਲੱਗੀਆਂ। ਇਸ ਲਈ ਵਿਗਿਆਨਕ ਖੋਜਾਂ ਹੋਈਆਂ, ਨਵੇਂ ਯੰਤਰ ਬਣਾਏ ਗਏ ਤੇ ਉਤਪਾਦਨ ਅਤੇ ਕਾਰਜ ਦੀਆਂ ਨਵੀਆਂ ਵਿਧੀਆਂ ਨੂੰ ਅਪਣਾਇਆ ਗਿਆ। ਇਕ ਵਿਦਵਾਨ ਲੇਖਕ ਦਾ ਕਹਿਣਾ ਹੈ ਕਿ, "ਉਤਪਾਦਨ ਦੇ ਸਾਧਨਾਂ ਵਿੱਚ ਪਰਿਵਰਤਨ ਹੋ ਜਾਣਾ ਹੀ ਆਰਗੈਨਿਕ ਕ੍ਰਾਂਤੀ ਹੈ।" ਇੱਕ ਹੋਰ ਵਿਦਵਾਨ ਨੇ ਇਸ ਦੀ ਵਿਆਖਿਆ ਇਸ ਤਰ੍ਹਾਂ ਦੀ ਉਦਯੋਗਿਕ ਕ੍ਰਾਂਤੀ ਪਰਿਵਰਤਨ ਦੀ ਉਸ ਅਵਸਥਾ ਦੀ ਯੋਤਕ ਹੈ ਜਿਸ ਦੇ ਕਾਰਨ ਪ੍ਰਾਚੀਨ ਕਾਲ ਦੇ ਸੀਮਿਤ ਘਰੇਲੂ ਉਦਯੋਗਾਂ ਦੇ ਬਦਲੇ ਭਾਫ਼-ਸ਼ਕਤੀ ਦੀ ਸਹਾਇਤਾ ਨਾਲ ਵੱਡੇ-ਵੱਡੇ ਕਾਰਖਾਨਿਆਂ 'ਚ ਵੱਡੀ ਮਾਤਰਾ 'ਚ ਪੈਦਾਵਾਰ ਹੋਣ ਲੱਗੀ। ਸੰਖੇਪ 'ਚ ਅਸੀਂ ਇਹ ਕਹਿ ਸਕਦੇ ਹਾਂ ਕਿ ਉਤਪਾਦਨ, ਆਵਾਗਮਨ ਤੇ ਸੰਚਾਰ-ਪਰਿਵਹਨ ਦੇ ਨਵੀਨ ਯਾਂਤ੍ਰਿਕ ਸਾਧਨਾਂ ਦਾ ਸੁਮੇਲ ਹੀ ਉਦਯੋਗਿਕ ਕ੍ਰਾਂਤੀ ਹੈ।

ਨੋਟ

ਕੀ ਤੁਸੀ ਜਾਣਦੇ ਹੋ? ਉਦਯੋਗਿਕ ਕ੍ਰਾਂਤੀ ਕੋਈ ਰਾਜਨੀਤਿਕ ਕ੍ਰਾਂਤੀ ਨਹੀਂ ਸੀ।

**ਉਦਯੋਗਿਕ ਕ੍ਰਾਂਤੀ ਪਹਿਲਾਂ ਇੰਗਲੈਂਡ 'ਚ ਹੀ ਕਿਉਂ ਹੋਈ ?:** ਅਸੀਂ ਪੜ੍ਹ ਚੁੱਕੇ ਹਾਂ ਕਿ ਉਦਯੋਗਿਕ ਕ੍ਰਾਂਤੀ ਵਿਕਾਸ ਦੀ ਇੱਕ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਦਾ ਜਨਮ ਯੂਰਪ ਦੇ ਅਨੇਕਾਂ ਦੇਸ਼ਾ 'ਚ ਹੋਇਆ ਪਰ ਇੰਗਲੈਂਡ ਇਸ 'ਚ ਅਗਾਂਹਵਧੂ ਰਿਹਾ। ਇੰਗਲੈਂਡ ਦੋ ਪਹਿਲੂਆਂ ਤੋਂ ਅਗਾਂਹਵਧੂ ਰਿਹਾ। ਇੱਕ ਤਾਂ ਇੱਥੇ ਸਭ ਤੋਂ ਵੱਧ ਵਿਕਾਸ ਹੋਇਆ ਤੇ ਦੂਜੇ ਇੱਥੇ ਸਭ ਤੋਂ ਪਹਿਲਾਂ ਵਿਕਾਸ ਹੋਇਆ। ਯੂਰਪ ਦੇ ਅਨੇਕਾਂ ਦੇਸ਼ਾਂ ਜਿਵੇਂ ਬੈਲਜ਼ੀਅਮ, ਫਰਾਂਸ, ਜਰਮਨੀ ਤੇ ਰੂਸ 'ਚ ਵਿਕਾਸ ਦੇਰ ਨਾਲ ਸ਼ੁਰੂ ਹੋਇਆ ਤੇ ਵਿਕਾਸ ਦੀ ਗਤੀ ਵੀ ਬੜੀ ਧੀਮੀ ਰਹੀ। ਇੱਥੇ ਅਸੀਂ ਉਨ੍ਹਾਂ ਕਾਰਨਾਂ ਦਾ ਅਧਿਐਨ ਕਰਾਂਗੇ, ਜਿਨ੍ਹਾਂ ਦੇ ਜ਼ੋਰ 'ਤੇ ਉਦਯੋਗਿਕ ਕ੍ਰਾਂਤੀ 'ਚ ਇੰਗਲੈਂਡ ਅਗਾਂਹਵਧੂ ਰਿਹਾ।

1. 18ਵੀਂ ਸ਼ਤਾਬਦੀ ਦੇ ਅੰਤ ਤੱਕ ਇੰਗਲੈਂਡ ਦੇ ਵਿਦੇਸ਼ੀ ਵਪਾਰ 'ਚ ਤਰੱਕੀ ਹੋ ਚੁੱਕੀ ਸੀ। ਇਸ ਲਈ ਨਵੀਨ ਖੋਜਾਂ ਦੇ ਲਾਭ ਚੁੱਕਣ ਲਈ ਪੈਸਾ ਵਿੱਦਮਾਨ ਸੀ।
2. ਆਵਿਸ਼ਕਾਰਾਂ ਤੋਂ ਉਤਪਦਾਨ ਵਧਿਆ ਸੀ ਜਿਸ ਨੂੰ ਦੇਸ਼ 'ਚ ਅਤੇ ਵਿਦੇਸ਼ 'ਚ ਵੇਚਣ ਲਈ ਬ੍ਰਿਟਿਸ਼ ਸਾਮਰਾਜ 'ਚ ਵੱਡੇ-ਵੱਡੇ ਇਲਾਕੇ ਸਨ।
3. ਇੰਗਲੈਂਡ ਦੇ ਕੋਲ ਵਪਾਰੀ ਜਹਾਜ਼ੀ ਬੇੜੇ ਸਨ ਜਿਨ੍ਹਾਂ 'ਚ ਬਣੇ ਹੋਏ ਮਾਲ ਨੂੰ ਲਿਜਾਣ ਅਤੇ ਕੱਚਾ ਮਾਲ ਲਿਆਉਣ ਦੀਆਂ ਸਹੂਲਤਾਂ ਸਨ। ਇਸ ਤੋਂ ਇਲਾਵਾ ਇੰਗਲੈਂਡ 'ਚ ਕੁਸ਼ਲ ਮਲਾਹਾਂ ਤੇ ਚੰਗੀਆਂ ਬੰਦਰਗਾਹਾਂ ਦੀ ਕਮੀ ਨਹੀਂ ਸੀ।
4. ਇੰਗਲੈਂਡ ਦਾ ਵਪਾਰ ਵਧਣ ਤੇ ਉਪਨਿਵੇਸ਼ਾਂ ਦੀ ਸਥਾਪਨਾ ਨਾਲ ਇੰਗਲੈਂਡ ਦੇ ਵਪਾਰੀ ਵੱਧ-ਤੋਂ ਵੱਧ ਮਾਲ ਵੇਚ ਕੇ ਲਾਭ ਕਮਾਉਣ ਦੇ ਨਜ਼ਰੀਏ ਤੋਂ ਹੋਰ ਵੱਧ ਉਤਪਾਦਨ ਕਰਨ ਦੇ ਇੱਛੁਕ ਸਨ।ਉਤਪਦਾਨ ਕਾਰਜਾਂ 'ਚ ਲਗਾਉਣ ਲਈ ਉਨ੍ਹਾਂ ਕੋਲ ਵਾਧੂ ਪੈਸਾ ਵੀ ਸੀ ਜਿਸ ਨੂੰ ਇਸ ਕਾਰਜ 'ਚ ਲਾ ਕੇ ਹੋਰ ਵੱਧ ਲਾਭ ਕਮਾਇਆ ਜਾ ਸਕਦਾ ਸੀ।
5. ਵਪਾਰਕ ਕ੍ਰਾਂਤੀ ਤੋਂ ਪਹਿਲਾਂ ਖੇਤੀ 'ਚ ਵੀ ਅਜਿਹਾ ਫੇਰਬਦਲ ਹੋ ਗਿਆ ਸੀ ਜਿਸ ਨਾਲ ਸਸਤੇ ਮਜ਼ਦੂਰ ਮਿਲ ਰਹੇ ਸਨ।
6. ਇੰਗਲੈਂਡ 'ਚ ਲੋਹਾ ਤੇ ਕੋਇਲਾ ਨੇੜੇ-ਨੇੜੇ ਮਿਲਦੇ ਸਨ।ਮਸ਼ੀਨਾਂ ਨੂੰ ਬਣਾਉਣ ਲਈ ਹੋਰ ਕਾਰਖਾਨਿਆਂ ਨੂੰ ਚਲਾਉਣ ਲਈ ਇਹ ਦੋਵੇਂ ਜ਼ਰੂਰੀ ਵਸਤੂਆਂ ਉਪਲੱਬਧ ਸਨ।
7. ਭਾਰਤ ਤੇ ਹੋਰ ਪੂਰਬੀ ਦੇਸ਼ਾਂ ਤੋਂ ਜੋ ਸੁੰਦਰ ਕੱਪੜਾ ਆਦਿ ਇੰਗਲੈਂਡ 'ਚ ਪੁੱਜ ਰਿਹਾ ਸੀ, ਉਸ ਨੂੰ ਦੇਖ ਕੇ ਇੰਗਲੈਂਡ ਵਾਸੀਆਂ 'ਚ ਵੀ ਚੰਗੀ ਕਿਸਮ ਦੇ ਕੱਪੜੇ ਬਣਾਉਣ ਦੀ ਭਾਵਨਾ ਨੂੰ ਉਤਸ਼ਾਹ ਮਿਲ ਰਿਹਾ ਸੀ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ਉਦਯੋਗਿਕ ਕ੍ਰਾਂਤੀ ਦੌਰਾਨ ਇੰਗਲੈਂਡ 'ਚ...... ਦੀਆਂ ਖਾਣਾਂ ਮਿਲੀਆਂ ਸਨ।
   (ੳ) ਲੋਹੇ ਤੇ ਕੋਇਲੇ (ਅ) ਲੋਹੇ
   (ੲ) ਕੋਇਲੇ (ਸ) ਇਨ੍ਹਾਂ 'ਚੋਂ ਕੋਈ ਨਹੀਂ।
5. ਉਦਯੋਗਿਕ ਕ੍ਰਾਂਤੀ ਦਾ ਜਨਮ ਯੂਰਪ ਦੇ ਅਨੇਕ ਦੇਸ਼ਾਂ 'ਚ ਹੋਇਆ, ਪਰ.......... ਇਸ 'ਚ ਅਗਾਂਹਵਧੂ ਰਿਹਾ।
   (ੳ) ਫਰਾਂਸ (ਅ) ਸਪੇਨ
   (ੲ) ਇੰਗਲੈਂਡ (ਸ) ਹਾਲੈਂਡ
6. ਪੁਨਰ ਜਾਗਰਣ ਤੇ ਧਰਮ-ਸੁਧਾਰ ਅੰਦੋਲਨ ਤੋਂ ਬਾਅਦ ਯੂਰਪ 'ਚ ........ ਦਾ ਯੁੱਧ ਆਰੰਭ ਹੋ ਗਿਆ ਸੀ।
   (ੳ) ਬੌਧਿਕ ਵਿਕਾਸ (ਅ) ਉਦਯੋਗਿਕ ਵਿਕਾਸ
   (ੲ) ਧਾਰਮਿਕ ਵਿਕਾਸ (ਸ) ਇਨ੍ਹਾਂ 'ਚੋਂ ਕੋਈ ਨਹੀਂ।

## 13.3 ਉਦਯੋਗਿਕ ਕ੍ਰਾਂਤੀ ਦੇ ਕਾਰਨ (Causes of Industrial Revolution)

ਉਦਯੋਗਿਕ ਕ੍ਰਾਂਤੀ ਦੇ ਅਨੇਕਾਂ ਕਾਰਨ ਸਨ। ਕੁਝ ਮਹੱਤਵਪੂਰਨ ਕਾਰਨਾਂ ਦਾ ਵਰਣਨ ਹੇਠਾਂ ਕੀਤਾ ਜਾਂਦਾ ਹੈ :-

1. **ਉਪਨਿਵੇਸ਼ਾਂ ਦੀ ਸਥਾਪਨਾ :** ਭੂਗੋਲਿਕ ਖੋਜਾਂ ਨੇ ਯੂਰਪ ਦੇ ਦੇਸ਼ਾਂ ਨੂੰ ਆਪਣੇ ਉਪਨਿਵੇਸ਼ ਵਸਾਉਣ ਦੀ ਪ੍ਰੇਰਨਾ ਦਿੱਤੀ। ਇੰਗਲੈਂਡ, ਫਰਾਂਸ, ਸਪੇਨ ਤੇ ਹਾਲੈਂਡ ਨੇ ਸੰਸਾਰ ਦੇ ਕੋਨੇ-ਕੋਨੇ 'ਚ ਆਪਣੇ ਉਪਨਿਵੇਸ਼ ਸਥਾਪਿਤ ਕਰ ਲਏ ਸਨ। ਇਹ ਉਪਨਿਵੇਸ਼ ਉਪਰੋਕਤ ਦੇਸ਼ਾਂ ਤੋਂ ਬਹੁਤ ਦੂਰ ਤੇ ਪਰਸਪਰ ਵੀ ਕਾਫ਼ੀ ਦੂਰੀ 'ਤੇ ਸਥਿਤ ਸਨ। ਇਨ੍ਹਾਂ ਉਪਨਿਵੇਸ਼ਾਂ 'ਤੇ

**ਨੋਟ**

ਇਨ੍ਹਾ ਦੇਸ਼ਾਂ ਦਾ ਸ਼ਾਸਨ ਦ੍ਰਿੜਤਾ ਨਾਲ ਸਥਾਪਿਤ ਹੋਵੇ ਅਤੇ ਇਨ੍ਹਾਂ ਦਾ ਪੂਰਨ ਲਾਭ ਮਿਲੇ ਇਸ ਲਈ ਆਵਾਗਮਨ ਦੇ ਚੰਗੇ ਤੇ ਜਲਦੀ ਚੱਲਣ ਵਾਲੇ ਸਾਧਨਾਂ ਦੀ ਵੱਡੀ ਲੋੜ ਸੀ। ਇਸ ਲਈ ਜਿਹੜੇ ਦੇਸ਼ਾਂ ਦੇ ਉਪਨਿਵੇਸ਼ ਸਥਾਪਿਤ ਹੋ ਗਏ ਸਨ, ਉਹ ਆਵਾਜਾਈ ਦੇ ਚੰਗੇ ਸਾਧਨ ਲੱਭਣ ਲਈ ਯਤਨਸ਼ੀਲ ਸਨ।

2. **ਵਸਤੂਆਂ ਦੀ ਮੰਗ 'ਚ ਵਾਧਾ :** ਯੂਰਪ ਦੇ ਦੇਸ਼ਾਂ ਦਾ ਵਪਾਰ ਕਾਫ਼ੀ ਤੇਜ਼ੀ ਨਾਲ ਵਧ ਰਿਹਾ ਸੀ। ਉਹ ਯੂਰਪ ਤੇ ਪੂਰਬ ਦੇ ਦੇਸ਼ਾਂ ਦੇ ਨਾਲ ਖ਼ੂਬ ਵਪਾਰ ਕਰਦੇ ਤੇ ਲਾਭ ਕਮਾਉਂਦੇ ਸਨ। ਉਪਨਿਵੇਸ਼ਾਂ ਦੀ ਸਥਾਪਨਾ ਤੋਂ ਬਾਅਦ ਉਹ ਆਪਣਾ ਮਾਲ ਉਪਨਿਵੇਸ਼ਾਂ 'ਚ ਵੀ ਵੇਚਣ ਲੱਗੇ। ਇਸ ਤਰ੍ਹਾਂ ਉਨ੍ਹਾਂ ਦੇ ਮਾਲ ਦੀ ਮੰਗ ਬਰਾਬਰ ਵਧ ਰਹੀ ਸੀ। ਵਪਾਰੀ ਵੱਧ ਤੋਂ ਵੱਧ ਉਤਪਦਾਨ ਕਰਕੇ ਵੱਧ ਤੋਂ ਵੱਧ ਮਾਲ ਵੇਚਣਾ ਚਾਹੁੰਦੇ ਸਨ ਪਰ ਪੁਰਾਣੀ ਘਰੇਲੂ ਉਦਯੋਗ ਪ੍ਰਣਾਲੀ ਨਾਲ ਉਤਪਾਦਨ ਵੱਧ ਨਹੀਂ ਹੋ ਸਕਦਾ ਸੀ। ਵੱਡੇ ਪੈਮਾਨੇ 'ਤੇ ਉਤਪਦਾਨ ਲਈ ਵੱਡੇ-ਵੱਡੇ ਕਾਰਖਾਨਿਆਂ 'ਚ ਮਸ਼ੀਨਾਂ ਤੋਂ ਪੈਦਾਵਾਰ ਹੋਣਾ ਜ਼ਰੂਰੀ ਸੀ। ਇਸ ਲਈ ਕਾਰਖਾਨੇ ਖੋਲ੍ਹਣ ਤੇ ਕਾਰਖਾਨਿਆਂ ਲਈ ਮਸ਼ੀਨਾਂ ਦੀ ਖੋਜ ਦੀ ਵੱਡੀ ਲੋੜ ਸੀ।

3. **ਕੱਚੇ ਮਾਲ ਦੀ ਵਿਵਸਥਾ :** ਯੂਰਪ ਦੇ ਦੇਸ਼ਾਂ 'ਚ ਵੱਡੇ ਕਾਰਖਾਨਿਆਂ ਤੇ ਵੱਡੇ ਪੈਮਾਨੇ ਦੇ ਉਤਪਦਾਨ ਲਈ ਵਾਧੂ ਕੱਚਾ ਮਾਲ ਮਹੱਈਆ ਨਹੀਂ ਸੀ ਪਰ ਉਪਨਿਵੇਸ਼ (ਬਸਤੀਆਂ) ਵਸਣ ਤੋਂ ਬਾਅਦ ਇਨ੍ਹਾਂ ਦੇਸ਼ਾਂ ਨੂੰ ਆਪਣੇ ਉਪਨਿਵੇਸ਼ਾਂ ਤੋਂ ਵਾਧੂ ਮਾਤਰਾ 'ਚ ਕੱਚਾ ਮਾਲ ਮਿਲਣ ਲੱਗਿਆ। ਕੱਚੇ ਮਾਲ ਦੀ ਸਰਵੋਤਮ ਵਰਤੋਂ ਉਦੋਂ ਹੀ ਹੋ ਸਕਦੀ ਸੀ, ਜਦੋਂ ਉਸ ਤੋਂ ਵੱਡੇ ਪੈਮਾਨੇ 'ਤੇ ਵਸਤੂਆਂ ਬਣਾਈਆਂ ਜਾਣ, ਤੇ ਉਨ੍ਹਾਂ ਨੂੰ ਪੂਰੀ ਦੁਨੀਆ ਦੇ ਬਾਜ਼ਾਰ 'ਚ ਅਤੇ ਉਪਨਿਵੇਸ਼ਾਂ 'ਚ ਵੇਚਿਆ ਜਾਵੇ।

4. **ਸਸਤੇ ਮਜ਼ਦੂਰ :** ਯੂਰਪ ਦੇ ਅਨੇਕਾਂ ਦੇਸ਼ਾਂ 'ਚ ਵਿਸ਼ੇਸ਼ ਕਰਕੇ ਇੰਗਲੈਂਡ 'ਚ ਖੇਤੀ ਪ੍ਰਣਾਲੀ 'ਚ ਕਾਫ਼ੀ ਪਰਿਵਰਤਨ ਹੋ ਗਿਆ। ਇਸ ਪਰਿਵਰਤਨ ਦੇ ਸਿੱਟੇ ਵਜੋਂ ਖੇਤੀ ਦਾ ਕੰਮ ਸੁਧਰੇ ਢੰਗ ਤੇ ਛੋਟੀਆਂ-ਮੋਟੀਆਂ ਮਸੀਨਾਂ ਨਾਲ ਹੋਣ ਲੱਗਿਆ। ਖੇਤਾਂ ਦੀ ਚਕਬੰਦੀ, ਜਿਮੀਂਦਾਰਾਂ ਵੱਲੋਂ ਜ਼ਮੀਨ ਦੀ ਖ਼ਰੀਦ ਅਤੇ ਚਰਾਂਦਾਂ ਦੀ ਜ਼ਮੀਨ ਨੂੰ ਖੇਤੀ ਦੇ ਕੰਮ 'ਚ ਲੈਣ ਦੇ ਸਿੱਟੇ ਵਜੋਂ ਦੇਹਾਤ 'ਚ ਰਹਿਣ ਵਾਲੇ ਬਹੁਤ ਸਾਰੇ ਲੋਕ ਮਜ਼ਬੂਰ ਹੋ ਕੇ ਸ਼ਹਿਰਾਂ 'ਚ ਆ ਗਏ। ਇਨ੍ਹਾਂ ਲੋਕਾਂ ਨੂੰ ਕੋਈ ਨਾ ਕੋਈ ਰੁਜ਼ਗਾਰ ਚਾਹੀਦਾ ਸੀ ਤੇ ਉਹ ਥੋੜ੍ਹੀ ਮਜ਼ਦੂਰੀ 'ਤੇ ਵੀ ਕੰਮ ਕਰਨ ਨੂੰ ਤਿਆਰ ਸਨ। ਉਦਯੋਗਾਂ ਲਈ ਸੱਚੇ ਮਜ਼ਦੂਰ ਮੁਹੱਈਆ ਸਨ, ਇਸ ਲਈ ਉਦਯੋਗਕ ਧੰਦੇ ਤੇ ਕਾਰਖਾਨੇ ਸਥਾਪਿਤ ਕਰਨ ਦਾ ਉਤਸ਼ਾਹ ਮਿਲਿਆ।

5. **ਕੋਇਲਾ ਤੇ ਲੋਹੇ ਦੀ ਉਪਲੱਬਧੀ :** ਨਵੀਆਂ ਮਸ਼ੀਨਾਂ ਤੇ ਨਵੇਂ ਯੰਤਰਾਂ ਲਈ ਲੋਹੇ ਦੀ ਲੋੜ ਹੁੰਦੀ ਹੈ। ਕਾਰਾਖਨਿਆਂ ਦੀਆਂ ਮਸ਼ੀਨਾਂ ਨੂੰ ਚਲਾਉਣ ਲਈ ਸ਼ਕਤੀ ਦੀ ਲੋੜ ਹੁੰਦੀ ਹੈ। ਇਹ ਸ਼ਕਤੀ ਕੋਇਲੇ ਤੋਂ ਪ੍ਰਾਪਤ ਹੋ ਸਕਦੀ ਸੀ। ਇੰਗਲੈਂਡ 'ਚ ਲੋਹੇ ਅਤੇ ਕੋਇਲੇ ਦੀਆਂ ਖਾਨਾਂ ਮਿਲ ਗਈਆਂ। ਸੰਯੋਗ ਨਾਲ ਇਹ ਖਾਨਾਂ ਨੇੜੇ-ਨੇੜੇ ਸਨ। ਇਸ ਲਈ ਕਾਰਖਾਨੇ ਖੋਲ੍ਹਣ ਦੀ ਪ੍ਰੇਰਨਾ ਮਿਲੀ।

ਟਾਸਕ ਇੰਗਲੈਂਡ ਕਿਹੜੇ ਦੋ ਪਹਿਲੂਆਂ ਤੋਂ ਅਗਾਂਹਵਧੂ ਰਿਹਾ ?

6. **ਪੂੰਜੀ ਦੀ ਉਪਲੱਬਧੀ :** ਪਿਛਲੀਆਂ ਦੋ ਤਿੰਨ ਸ਼ਤਾਬਦੀਆਂ ਤੋਂ ਯੂਰਪ ਦੇ ਲੋਕਾਂ ਨੇ ਆਪਣਾ ਵਪਾਰ ਕਾਫ਼ੀ ਵਧਾ ਲਿਆ ਸੀ। ਪੂਰਵ ਦੇ ਦੇਸ਼ਾਂ ਨਾਲ ਵਪਾਰ ਕਰਕੇ ਉਨ੍ਹਾਂ ਨੇ ਕਾਫ਼ੀ ਪੈਸਾ ਕਮਾਇਆ ਸੀ। ਇਸ ਕਾਰਨ ਉਨ੍ਹਾਂ ਕੋਲ ਪੂੰਜੀ ਦੀ ਕਮੀ ਨਹੀਂ ਸੀ ਵਪਾਰ ਨੂੰ ਵਧਾਉਣ ਲਈ ਤਿਆਰ ਹੀ ਨਹੀਂ ਸਗੋਂ ਉਤਸੁਕ ਵੀ ਸਨ।

7. **ਵਿਗਿਆਨਕ ਤਰੱਕੀ :** ਪੁਨਰਜਾਗ੍ਰਿਤੀ ਤੇ ਧਰਮ ਸੁਧਾਰ ਅੰਦੋਲਨ ਤੋਂ ਬਾਅਦ ਯੂਰਪ 'ਚ ਬੌਧਿਕ ਵਿਕਾਸ ਦਾ ਯੁੱਗ ਸ਼ੁਰੂ ਹੋ ਗਿਆ ਸੀ। ਨਵੀਆਂ ਖੋਜਾਂ ਤੇ ਖੋਜ ਦੇ ਕਾਰਜ ਹੋਣ ਲੱਗੇ ਸਨ। ਕਈ ਤਰ੍ਹਾਂ ਦੇ ਯੰਤਰ ਬਣੇ। ਭਾਫ਼ ਦੀ ਸ਼ਕਤੀ ਦਾ ਪਤਾ ਲਗਾਇਆ ਗਿਆ, ਭੌਤਿਕ ਵਿਗਿਆਨ ਤੇ ਰਸਾਇਣ ਸ਼ਾਸ਼ਤਰ 'ਚ ਵੀ ਨਵੀਆਂ ਖੋਜਾਂ ਕੀਤੀਆਂ ਗਈਆਂ। ਇਨ੍ਹਾਂ ਸਾਰਿਆਂ ਨੇ ਮਨੁੱਖ ਨੂੰ ਮੌਕਾ ਦਿੱਤਾ ਕਿ ਉਹ ਇਨ੍ਹਾਂ ਦੀ ਵਰਤੋਂ ਕਰਕੇ ਆਪਣੀ ਸੱਭਿਅਤਾ ਨੂੰ ਅੱਗੇ ਵਧਾਉਣ। ਵਿਗਿਆਨਕ ਤਰੱਕੀ ਨੇ ਯੂਰਪ ਵਾਸੀਆਂ 'ਚ ਭੌਮਿਕ ਤਰੱਕੀ ਦੀ ਸ਼ੰਕਾ ਪੈਦਾ ਕਰ ਦਿੱਤੀ। ਇਸ ਲਈ ਵਿਗਿਆਨਕ ਖੋਜਾਂ ਦੀ ਵਰਤੋਂ ਉਦਯੋਗਾਂ ਲਈ ਕੀਤੀ ਜਾਣ ਦੀ ਸੰਭਾਵਨਾ ਦਾ ਪਤਾ ਲਗਾਇਆ ਗਿਆ।

8. **ਵਾਧੂ ਮੌਕੇ :** ਜਦੋਂ ਸਾਮਾਨ ਵੇਚਣ ਲਈ ਨਿਸ਼ਚਿਤ ਵੱਡੇ-ਵੱਡੇ ਬਾਜ਼ਾਰ ਹੋਣ, ਵਸਤੂਆਂ ਦੀ ਮੰਗ ਵਧ ਰਹੀ ਹੋਵੇ, ਸਸਤੇ ਮਜ਼ਦੂਰ ਮਿਲ ਸਕਦੇ ਹੋਣ, ਕਾਰਖਾਨਿਆਂ ਲਈ ਮਸ਼ੀਨਾਂ ਤੇ ਯੰਤਰ ਦੀ ਖੋਜ ਹੋ ਸਕਦੀ ਹੋਵ, ਚਾਲਕ ਸ਼ਕਤੀ ਦਾ ਗਿਆਨ ਹੋ ਚੁੱਕਾ ਹੋਵੇ, ਕੱਚਾ ਮਾਲ ਵਾਧੂ ਮਾਤਰਾ 'ਚ ਮਿਲ ਸਕਦਾ ਹੋਵ ਤੇ ਵਪਾਰ ਉਦਯੋਗ ਲਗਾਉਣ ਲਈ ਪੂੰਜੀਪਤੀਆਂ ਦੇ ਕੋਲ ਪੂੰਜੀ ਤੇ ਉਸ ਪੂੰਜੀ ਨੂੰ ਉਦਯੋਗਾਂ 'ਚ ਲਗਾਉਣ ਦੀ ਇੱਛਾ ਹੋਵੇ, ਤਾਂ ਫਿਰ ਨਵੇਂ-ਨਵੇਂ ਕਾਰਖਾਨਿਆਂ ਤੇ ਉਦਯੋਗਾਂ ਦਾ ਵਿਕਾਸ ਹੋਣਾ ਲਾਜ਼ਮੀ ਸੀ।

ਇਨ੍ਹਾਂ ਕਾਰਨਾਂ ਤੋਂ ਯੂਰਪ 'ਚ ਉਦਯੋਗਾਂ ਦੀ ਕ੍ਰਾਂਤੀ ਹੋਈ। ਇਸ ਕ੍ਰਾਂਤੀ 'ਚ ਇੰਗਲੈਂਡ ਨੇ ਹੋਰ ਦੇਸ਼ਾਂ ਨੂੰ ਪਛਾੜ ਦਿੱਤਾ।

## 13.4 ਸਾਰਾਂਸ਼ (Summary)

ਯੂਰਪ ਦੇ ਦੇਸ਼ਾ ਨੇ ਭੂਗੋਲਿਕ ਖੋਜਾਂ ਤੋਂ ਬਾਅਦ ਆਪਣੇ-ਆਪਣੇ ਉਪਨਿਵੇਸ ਵਸਾ ਲਏ ਸਨ ਤੇ ਉਨ੍ਹਾਂ ਉਪਨਿਵੇਸਾਂ ਤੋਂ ਪੈਸਾ ਕਮਾ ਰਹੇ ਸਨ। ਉਪਨਿਵੇਸ਼ਾਂ ਦੇ ਵਪਾਰ 'ਤੇ ਉਨ੍ਹਾਂ ਦਾ ਲਗਭਗ ਪੂਰਾ ਅਧਿਕਾਰ ਸੀ। ਇਸ ਵਪਾਰ ਲਈ ਉਨ੍ਹਾਂ ਨੂੰ ਸਮਾਨ ਢੋਹਣ ਦੇ ਚੰਗੇ,

**ਨੋਟ**

ਜਲਦੀ ਪੁੱਜਣ ਵਾਲੇ ਤੇ ਵਧੇਰੇ ਸੁਰੱਖਿਅਤ ਸਾਧਨਾਂ ਦੀ ਲੋੜ ਮਹਿਸੂਸ ਹੋਣ ਲੱਗੀ ਸੀ। ਵਪਾਰ ਦੀ ਤਰੱਕੀ ਦੇ ਨਾਲ ਯੂਰਪ ਦੇ ਦੇਸ਼ਾਂ ਦਾ ਮੱਧਮ ਵਰਗ ਅਧਿਕਾਰ ਖੁਸ਼ਹਾਲੀ ਹੁੰਦਾ ਜਾਂਦਾ ਸੀ। ਖੁਸ਼ਹਾਲ ਮੱਧ ਵਰਗ ਵਪਾਰ ਦੇ ਸਾਧਨਾਂ, ਉਤਪਦਾਨ ਦੇ ਸਾਧਨਾਂ ਤੇ ਤਿਆਰ ਮਾਲ ਦੀ ਕਿਸਮ ਸੁਧਾਰਨ ਦੇ ਪ੍ਰਤੀ ਦ੍ਰਿੜ ਅਤੇ ਯਤਨਸ਼ੀਲ ਹੋ ਗਿਆ ਸੀ ਕਿਉਂਕਿ ਇਸ ਨਾਲ ਉਸ ਨੂੰ ਵੱਧ ਲਾਭ ਮਿਲਣ ਦੀ ਆਸ ਸੀ।

## 13.5 ਸ਼ਬਦਕੋਸ਼ (Keywords)

1. **ਉਦਯੋਗਿਕ ਕ੍ਰਾਂਤੀ** (Industrial Revolution)– ਉਦਯੋਗ ਨਾਲ ਸਬੰਧਿਤ ਕ੍ਰਾਂਤੀ।
2. **ਉਤਰਾਧਿਕਾਰ** (Latter Part)– ਬਾਅਦ ਦਾ।

## 13.6 ਅਭਿਆਸ ਪ੍ਰਸ਼ਨ (Review Questions)

1. ਮੱਧ ਯੁੱਗ 'ਚ ਯੂਰਪ ਦੇ ਦੇਸ਼ਾਂ 'ਚ ਮੁੱਖ ਉਦਯੋਗ ਕੀ ਸੀ ?
2. ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਯੂਰਪ ਦੀ ਦਸ਼ਾ ਦਾ ਵਰਣਨ ਕਰੋ।
3. ਉਦਯੋਗਿਕ ਕ੍ਰਾਂਤੀ ਦਾ ਅਰਥ ਸਪੱਸ਼ਟ ਕਰੋ।
4. ਉਦਯੋਗਿਕ ਕ੍ਰਾਂਤੀ ਪਹਿਲਾਂ ਇੰਗਲੈਂਡ 'ਚ ਹੀ ਕਿਉਂ ਹੋਈ ? ਸਪੱਸ਼ਟ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. ਵਿਕਾਸ
2. ਉਦਯੋਗਿਕ ਕ੍ਰਾਂਤੀ
3. ਇੰਗਲੈਂਡ
4. (ੳ) ਲੋਹੇ ਤੇ ਕੋਇਲੇ
5. (ੲ) ਇੰਗਲੈਂਡ
6. (ੳ) ਬੌਧਿਕ ਵਿਕਾਸ

## 13.7 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ
3. ਆਧੁਨਿਕ ਵਿਸ਼ਵ ਦਾ ਇਤਿਹਾਸ – ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ – ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-14: ਅਲਪ-ਵਿਕਸਿਤ (Under-Developed)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

14.1 ਉਦਯੋਗਿਕ ਕ੍ਰਾਂਤੀ (Industrial Revolution)

14.2 ਯੂਰਪ ਦੇ ਹੋਰ ਦੇਸ਼ਾਂ 'ਚ ਉਦਯੋਗਿਕ ਕ੍ਰਾਂਤੀ (Industrial Revolution on other Countries of Europe)

14.3 ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ (Effects of Industrial Revolution)

14.4 ਸਾਰਾਂਸ਼ (Summary)

14.5 ਸ਼ਬਦਕੋਸ਼ (Keywords)

14.6 ਅਭਿਆਸ ਪ੍ਰਸ਼ਨ (Review Questions)

14.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

- ਉਦਯੋਗਿਕ ਕ੍ਰਾਂਤੀ ਜਾਣਨ 'ਚ।
- ਯੂਰਪ ਦੇ ਹੋਰ ਦੇਸ਼ਾਂ 'ਚ ਉਦਯੋਗਿਕ ਕ੍ਰਾਂਤੀ ਜਾਣਨ 'ਚ।
- ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ ਨੂੰ ਜਾਣਨ 'ਚ।

## ਪ੍ਰਸਤਾਵਨਾ (Introduction)

1709 ਈ. 'ਚ ਇਬ੍ਰਾਹਿਮ ਡਰਵੀ ਨਾਮੀ ਵਿਅਕਤੀ ਨੇ ਲੋਹੇ ਨੂੰ ਪਿਘਲਾਉਣ ਦੀ ਵਿਧੀ ਦੀ ਖੋਜ ਕੀਤੀ। ਇਸ ਵਿਧੀ 'ਚ ਉਹ ਸੜਕੇ ਹੋਏ ਕੋਕ ਦੀ ਵਰਤੋਂ ਕਰਦਾ ਸੀ। ਇਸ ਤੋਂ ਪਹਿਲਾਂ ਲੋਹੇ ਨੂੰ ਪਿਘਲਾਉਣ ਲਈ ਚਾਰਕੋਲ ਮਿਲਾਉਣਾ ਪੈਂਦਾ ਸੀ ਤੇ ਚਾਰਕੋਲ ਦੀ ਇੰਗਲੈਂਡ 'ਚ ਬਹੁਤ ਕਮੀ ਸੀ। ਇਸ ਤਰ੍ਹਾਂ ਕੋਕ ਦੀ ਮੱਦਦ ਨਾਲ ਲੋਹਾ ਪਿਘਲਾਉਣ ਦੀ ਵਿਧੀ ਨਾਲ ਲੋਹੇ ਨੂੰ ਪਿਘਲਾ ਕੇ ਉਸ ਤੋਂ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਬਣਾਈਆਂ ਜਾਣ ਲੱਗੀਆਂ। ਇੰਗਲੈਂਡ 'ਚ ਕੋਇਲੇ ਦੀ ਕਮੀ ਨਹੀਂ ਹੈ ਤੇ ਕੋਕ ਕੋਇਲੇ ਦਾ ਹੀ ਇੱਕ ਉਪ-ਉਤਪਾਦ (by-product) ਹੈ।

## 14.1 ਉਦਯੋਗਿਕ ਕ੍ਰਾਂਤੀ (Industrial Revolution)

ਉਦਯੋਗਿਕ ਕ੍ਰਾਂਤੀ ਦਾ ਪ੍ਰਭਾਵ ਸਭ ਤੋਂ ਪਹਿਲਾਂ ਕੱਪੜਾ ਉਦਯੋਗ 'ਤੇ ਪਿਆ। ਪਹਿਲਾਂ ਸੂਤ ਕੱਤਣ ਤੇ ਕੱਪੜਾ ਬੁਣਨ ਦਾ ਕੰਮ ਹੱਥਾਂ ਨਾਲ ਹੁੰਦਾ ਸੀ। ਲੋਕ ਇਹ ਕੰਮ ਆਪਣੇ ਘਰਾਂ 'ਚ ਕਰਦੇ ਸਨ ਤੇ ਘਰਾਂ 'ਚ ਹੀ ਉਨ੍ਹਾਂ ਦੀਆਂ ਦੁਕਾਨਾਂ ਤੇ ਕਾਰਖਾਨੇ ਸਨ। ਵਪਾਰੀ ਲੋਕ ਜੁਲਾਹਿਆਂ ਨੂੰ ਉੱਨ, ਰੂਈ ਜਾਂ ਰੇਸ਼ਮ ਤੋਲ ਕੇ ਦਿੰਦੇ ਸਨ ਤੇ ਮਜ਼ਦੂਰੀ ਦੇ ਕੇ ਤਿਆਰ ਕੱਪੜਾ ਲਿਜਾਂਦੇ ਸਨ। ਅਨੇਕਾਂ ਕਿਸਾਨ ਪਾਲ਼ੇ ਪਾਲ਼ੇ ਦੀ ਲੰਬੀ ਤੇ ਠੰਢੀ ਰੁੱਤ 'ਚ ਆਪਣੇ ਘਰਾਂ 'ਚ ਕੱਪੜੇ ਬੁਣਦੇ ਸਨ ਤੇ ਇਸ ਤਰ੍ਹਾਂ ਆਪਣਾ ਕੰਮ ਚਲਾਉਂਦੇ ਸਨ। ਇਹ ਲੋਕ ਕਈ ਛੋਟੇ ਮੋਟੇ ਯੰਤਰ ਜਿਵੇਂ ਚਰਖਾ, ਖੱਡੀ ਤੇ ਤੱਕਲੀ, ਚਾਕੂ ਆਦਿ ਕੰਮ 'ਚ ਲਿਆਉਂਦੇ ਸਨ। ਇਹ ਸਾਰੇ ਯੰਤਰ ਹੱਥਾਂ ਨਾਲ ਹੀ ਚਲਾਏ ਜਾਂਦੇ ਸਨ। ਇਨ੍ਹਾਂ 'ਚ ਭਾਫ਼ ਜਾਂ ਬਿਜਲੀ ਦੀ ਵਰਤੋਂ ਨਹੀਂ ਹੁੰਦੀ ਸੀ। ਇਸ ਲਈ ਉਤਪਦਾਨ ਇਨ੍ਹਾਂ ਤੋਂ ਹੌਲੀ-ਹੌਲੀ ਤੇ ਬਹੁਤ ਘੱਟ ਹੁੰਦਾ ਸੀ ਅਤੇ ਕੱਪੜਾ ਵੀ ਮੋਟਾ ਤੇ ਘਟੀਆ ਤਿਆਰ ਹੁੰਦਾ ਸੀ। ਘਰੇਲੂ ਉਦਯੋਗ ਪ੍ਰਨਾਲੀ ਦੀ ਇੱਕ ਤਰੁੱਟੀ ਇਹ ਵੀ ਸੀ ਕਿ ਇਸ 'ਚ ਬਣੀਆਂ ਵਸਤੂਆਂ ਇੱਕ ਵਧੀਆ ਭਾਵ ਇੱਕ ਸਟੈਂਡਰ ਦੀਆਂ ਨਹੀਂ ਹੁੰਦੀਆਂ ਸਨ। ਇਸ ਤੋਂ ਇਲਾਵਾ ਲੋੜ ਪੈਣ 'ਤੇ ਵੱਡੀ ਮਾਤਰਾ 'ਚ ਉਤਪਾਦਨ ਕਰ ਸਕਣਾ ਵੀ ਸੰਭਵ ਨਹੀਂ ਸੀ। ਉਤਪਾਦਨ ਦੀ ਇਸ ਪ੍ਰਨਾਲੀ 'ਚ ਉਤਪਾਦਨ ਲਾਗਤ ਵੀ ਵੱਧ ਆਉਂਦੀ ਸੀ, ਇਸ ਲਈ ਬਣਿਆ ਮਾਲ ਵੱਧ ਕੀਮਤ 'ਤੇ ਵਿਕਦਾ ਸੀ।

ਨੋਟ

**1. ਕੱਪੜਾ ਉਦਯੋਗ 'ਚ ਉਦਯੋਗਿਕ ਕ੍ਰਾਂਤੀ–** ਸਭ ਤੋਂ ਪਹਿਲਾਂ ਵਸਤਰ ਉਦਯੋਗ 'ਚ ਸੂਤ ਕੱਤਣ ਤੇ ਕੱਪੜਾ ਬੁਣਨ ਦੀਆਂ ਮਸ਼ੀਨਾਂ ਬਣਾਈਆਂ ਗਈਆਂ।

1. **ਜੋਂਨ ਕੇ (John Kay) ਦਾ ਫਲਾਇੰਗ ਸ਼ਟਲ (Flying Shuttle)**–ਇਸ ਸਬੰਧ 'ਚ ਸਭ ਤੋਂ ਪਹਿਲੀ ਖੋਜ ਜਾਨ ਦਾ ਫਲਾਇੰਗ ਸ਼ਟਲ ਸੀ। ਜਾਨ ਕੇ ਲੰਕਾਸ਼ਾਇਰ ਦਾ ਨਿਵਾਸੀ ਸੀ। ਉਸ ਨੇ 1773 ਈ. 'ਚ ਫਲਾਇੰਗ ਸ਼ਟਲ ਬਣਾਇਆ। ਇਹ ਮਸ਼ੀਨ ਅਜਿਹੀ ਸੀ ਜਿਸ 'ਤੇ ਵੱਧ ਲੰਬਾਈ ਤੇ ਚੌਥਾਈ ਦਾ ਕੱਪੜਾ ਬੁਣਿਆ ਜਾ ਸਕਦਾ ਸੀ।

2. **ਹਾਰਗ੍ਰੀਵ ਦੀ ਸਪਿਨਿੰਗ ਜੇਨੀ (Spinning Jenny of Hargreeves)** 1766 ਈ. 'ਚ ਹਾਰਗ੍ਰੀਵ ਨੇ ਸੂਤ ਕੱਤਣ ਵਾਲੀ ਇਕ ਮਸ਼ੀਨ ਬਣਾਈ ਜਿਸ ਦਾ ਨਾਂਅ ਸਪਿੰਨਿੰਗ ਜੈਨੀ ਸੀ। ਇਹ ਇਕ ਤਰ੍ਹਾਂ ਦਾ ਚਰਖਾ ਸੀ ਜਿਸ 'ਚ ਇਕੱਠੇ ਅੱਠ ਤੱਕਲੇ ਚਲਦੇ ਸਨ ਜਿਨ੍ਹਾਂ 'ਤੇ ਸੂਤ ਕੱਤਿਆ ਜਾਂਦਾ ਸੀ। ਇਸ ਮਸ਼ੀਨ ਦੀ ਸਹਾਇਤਾ ਨਾਲ ਕਾਫ਼ੀ ਤੇਜ਼ੀ ਨਾਲ ਵਾਧੂ ਮਾਤਾਰਾ 'ਚ ਸੂਤ ਕੱਤਿਆ ਜਾਣ ਲੱਗਿਆ। ਇਹ ਮਸ਼ੀਨ ਅਜਿਹੀ ਸੀ ਕਿ ਇਸ ਨੂੰ ਘਰੇ ਚਲਾਇਆ ਜਾ ਸਕਦਾ ਸੀ।



**ਚਿੱਤਰ 1:** ਸਪਿਨਿੰਗ ਜੇਨੀ

3. **ਆਰਕਰਾਈਟ ਦਾ ਵਾਟਰ ਫਰੇਮ (Arkwright's Water Frame)**–1769 ਈ. 'ਚ ਆਰਕਰਾਈਟ ਨੇ ਇਕ ਮਸ਼ੀਨ ਬਣਾਈ ਜਿਸ ਨੂੰ ਵਾਟਰ ਫਰੇਮ ਕਿਹਾ ਜਾਂਦਾ ਸੀ। ਇਹ ਮਸ਼ੀਨ ਸੂਤ ਕੱਤਣ ਦੀ ਸੀ। ਸਪਿੰਨਿੰਗ ਜੈਨੀ 'ਤੇ ਕੱਤਿਆ ਸੂਤ ਕੁਝ ਕਮਜ਼ੋਰ ਹੁੰਦਾ ਸੀ। ਪਰ ਵਾਟਰ 'ਤੇ ਮਜ਼ਬੂਤ ਸੂਤ ਕੱਤਿਆ ਜਾਣ ਲੱਗਿਆ। ਵਾਟਰ ਫਰੇਮ ਮਸੀਨ ਸਪਿੰਨਿੰਗ ਜੈਨੀ ਦੀ ਤੁਲਨਾ 'ਚ ਵੱਧ ਸੂਤ ਕੱਤ ਸਕਦੀ ਸੀ। ਇਸ ਮਸ਼ੀਨ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਸੀ ਕਿ ਇਹ ਜਲ ਸ਼ਕਤੀ ਨਾਲ ਚਲਦੀ ਸੀ। ਇਸ ਲਈ ਇਹ ਮਸ਼ੀਨ ਘਰ ਲਾਈ ਜਾ ਸਕਦੀ ਸੀ ਕਿਉਂਕਿ ਹਰ ਜਗ੍ਹਾ 'ਤੇ ਜਲ ਸ਼ਕਤੀ ਲਾ ਕੇ ਇਸ ਨੂੰ ਚਲਾਇਆ ਨਹੀਂ ਜਾ ਸਕਦਾ ਸੀ। ਇਸ ਲਈ ਇਸ ਨੂੰ ਕਾਰਖਾਨਿਆਂ 'ਚ ਹੀ ਚਲਾਇਆ ਜਾ ਸਕਦਾ ਸੀ। ਇਸ ਮਸ਼ੀਨ ਦੇ ਬਣਨ ਨਾਲ ਕਾਰਖਾਨਾ ਪ੍ਰਣਾਲੀ ਦਾ ਸ੍ਰੀਗਣੇਸ਼ ਹੋਇਆ।



**ਚਿੱਤਰ 2:** ਆਰਕਰਾਈਟ ਦਾ ਵਾਟਰ ਫਰੇਮ

4. **ਕ੍ਰੌਂਮਪਟਨ ਦਾ ਮਯੂਲ (Crompton's Mule)**– 1766 ਈ. 'ਚ ਕ੍ਰਾਪਟਨ ਨੇ ਇਕ ਨਵੀਂ ਮਸ਼ੀਨ ਬਣਾਈ। ਇਸ ਮਸ਼ੀਨ ਨੂੰ ਮਯੂਲ ਕਿਹਾ ਜਾਂਦਾ ਸੀ। ਇਸ ਮਸ਼ੀਨ ਨੂੰ ਬਣਾਉਣ 'ਚ ਕ੍ਰਾਮਪਟਨ ਨੇ ਸਪਿੰਨਿੰਗ ਜੈਨੀ ਤੇ ਵਾਟਰ ਫਰੇਮ ਦੋਵਾਂ ਮਸ਼ੀਨਾਂ ਦੀਆਂ ਵਿਸ਼ੇਸ਼ਤਾਵਾਂ ਦਾ ਲਾਭ ਲਿਆ ਗਿਆ ਤੇ ਉਨ੍ਹਾਂ ਦਾ ਮਿਲਿਆ ਜੁਲਿਆ ਪਰ ਸੁਧਰਿਆ ਰੂਪ ਹੀ ਉਸ ਦੀ ਮਿਊਲ ਮਸ਼ੀਨ ਸੀ। ਇਸ ਮਸੀਨ ਤੋਂ ਵਧੀਆ ਤੇ ਮਜ਼ਬੂਤ ਸੂਤ ਕੱਤਿਆ ਜਾ ਸਕਦਾ ਸੀ। ਇਸ 'ਚ ਕਈ ਤੱਕਲੇ ਹੁੰਦੇ ਸਨ, ਇਸ ਲਈ ਇਸ ਨਾਲ ਕਾਫ਼ੀ ਸੂਤ ਕੱਤਿਆ ਜਾ ਸਕਦਾ ਸੀ। ਇਸ ਮਸ਼ੀਨ ਨਾਲ ਕੱਤੇ ਹੋਏ ਬਾਰੀਕ ਤੇ ਮਜ਼ਬੂਤ ਸੂਤ ਨਾਲ ਹੁਣ ਇੰਗਲੈਂਡ 'ਚ ਮਲਮਲ ਵਰਗਾ ਬਾਰੀਕ ਕੱਪੜਾ ਬਣਨ ਲੱਗਿਆ।



**ਚਿੱਤਰ 3:** ਕ੍ਰੌਂਮਪਟਨ ਦਾ ਮਯੂਲ

ਨੋਟਸ 1766 ਈ. 'ਚ ਹਾਰਗ੍ਰੀਵਸ ਨੇ ਸੂਤ ਕੱਤਣ ਦੀ ਇਕ ਮਸ਼ੀਨ ਬਣਾਈ ਜਿਸ ਦਾ ਨਾਂਅ ਸਪਿੰਨਿੰਗ ਜੈਨੀ ਸੀ।

5. **ਕਾਰਟਰਾਈਟ ਦਾ ਪਾਰਵ ਲੂਮ (Cartwright's Power Loom)**–1785 ਈ. 'ਚ ਕਾਰਟਰਾਈਟ ਨੇ ਭਾਫ਼ ਨਾਲ ਚੱਲਣ ਵਾਲੀ ਇਕ ਮਸ਼ੀਨ ਬਣਾਈ ਜਿਸ ਨੂੰ ਪਾਵਰ ਲੂਮ ਕਿਹਾ ਜਾਂਦਾ ਸੀ। ਇਹ ਮਸ਼ੀਨ ਸੂਤ ਕੱਤਣ ਤੇ ਕੱਪੜਾ ਬੁਣਨ ਦੋਵਾਂ 'ਚ ਹੀ ਕੰਮ ਆਉਂਦੀ ਸੀ। ਇਸ 'ਚ ਸੂਤ ਜਲਦੀ, ਕਾਫ਼ੀ ਮਾਤਰਾ 'ਚ ਅਤੇ ਬਹੁਤ ਮਜ਼ਬੂਤ ਤਿਆਰ ਹੁੰਦਾ ਸੀ। ਇਹ ਮਸ਼ੀਨ ਬਹੁਤ ਜਲਦੀ ਹੀ ਪ੍ਰਸਿੱਧ ਹੋ ਗਈ ਅਤੇ ਲਗਭਗ 50 ਸਾਲਾਂ ਦੇ ਅੰਦਰ ਹੀ ਇੰਗਲੈਂਡ 'ਚ ਅਜਿਹੀਆਂ ਲੱਖਾਂ ਮਸ਼ੀਨਾਂ ਬਣਨ ਲੱਗ ਗਈਆਂ।

ਸੂਤ ਕੱਤਣ ਤੇ ਕੱਪੜਾ ਬੁਣਨ ਦੀਆਂ ਮਸ਼ੀਨਾਂ ਬਣ ਜਾਣ ਨਾਲ ਚੰਗਾ ਤੇ ਮਜ਼ਬੂਤ ਸੂਤ ਤਿਆਰ ਹੋਣ ਲੱਗਿਆ ਤੇ ਵਧੀਆ ਕੱਪੜਾ ਬੁਣਿਆ ਜਾਣ ਲੱਗਾ। ਪਰ ਅਜੇ ਇਸ ਉਦਯੋਗ ਦੇ ਸਾਹਮਣੇ ਇੱਕ ਦਿੱਕਤ ਸੀ। ਕਪਾਹ ਦੀ ਰੂੰ 'ਚੋਂ ਨਿਕਲਣ ਵਾਲੇ ਬੀਜ਼ ਕੱਢਣ ਦਾ ਕੰਮ ਬਹੁਤ ਦਿੱਕਤ ਦਾ ਕੰਮ ਸੀ ਤੇ ਬਹੁਤ ਹੌਲੀ-ਹੌਲੀ ਹੁੰਦਾ ਸੀ। 1792 ਈ. 'ਚ ਇੱਕ ਅਮਰੀਕੀ ਵਿਗਿਆਨੀ ਵਿਟਨ ਨੇ ਕਪਾਹ ਤੋਂ ਬੀਜ਼ (ਖਲ਼) ਵੱਖ ਕਰਨ ਵਾਲੀ ਇੱਕ ਮਸ਼ੀਨ ਤਿਆਰ ਕੀਤੀ। ਇਹ ਮਸ਼ੀਨ ਇੱਕ ਦਿਨ 'ਚ ਓਨੀ ਕਪਾਹ ਸਾਫ਼ ਕਰਦੀ ਸੀ, ਜਿੰਨੀ ਕਪਾਹ 50 ਆਦਮੀ ਹੱਥ ਨਾਲ ਸਾਫ਼ ਕਰ ਸਕਦੇ ਸਨ। ਬਾਅਦ 'ਚ ਇਸ ਮਸ਼ੀਨ ਨੂੰ ਸੁਧਾਰ ਕੇ ਅਜਿਹਾ ਬਣਾਇਆ ਗਿਆ ਕਿ ਇਹ 100 ਵਿਅਕਤੀਆਂ ਦੇ ਬਰਾਬਰ ਕੰਮ ਕਰਨ ਲੱਗੀ।

ਇਨ੍ਹਾਂ ਨਵੀਆਂ ਕਾਢਾਂ ਨੇ ਕੱਪੜਾ ਉਦਯੋਗ ਬਹੁਤ ਉੱਨਤ ਹੋ ਗਿਆ। ਇਸ 'ਚ ਮਿਹਨਤ ਘੱਟ ਲੱਗਣ ਲੱਗੀ ਤੇ ਨਾਲ ਹੀ ਘੱਟ ਮਜ਼ਦੂਰਾਂ ਦੀ ਲੋੜ ਪੈਣ ਲੱਗੀ। ਇਸ ਲਈ ਖ਼ਰਚ 'ਚ ਕਿਆਫ਼ਤ ਹੋਈ।

6. **ਕੋਲ਼ਾ ਤੇ ਲੋਹਾ ਉਦਯੋਗ 'ਚ ਉਦਯੋਗਿਕ ਕ੍ਰਾਂਤੀ :** ਉਦਯੋਗਿਕ ਕ੍ਰਾਂਤੀ ਲਈ ਕੋਲ਼ਾ ਤੇ ਲੋਹਾ ਦੋਵੇਂ ਹੀ ਲੋੜੀਂਦੀਆਂ ਵਸਤੂਆਂ ਹਨ। ਮਸ਼ੀਨਾਂ, ਜਹਾਜ਼, ਪੁਲ ਆਦਿ ਬਣਾਉਣ ਲਈ ਲੋਹੇ ਦੀ ਲੋੜ ਸੀ। ਇਨ੍ਹਾਂ ਕੰਮਾਂ 'ਚ ਸ਼ੁੱਧ ਕੀਤਾ ਹੋਇਆ ਲੋਹਾ ਲਾਇਆ ਜਾਂਦਾ ਸੀ। ਲੋਹੇ ਨੂੰ ਸ਼ੁੱਧ ਕਰਨ ਲਈ ਪਿਘਲਾਉਣ ਦੀ ਲੋੜ ਪੈਂਦੀ ਹੈ।

ਅਜੇ ਤੱਕ ਲੋਹੇ ਨੂੰ ਸ਼ੁੱਧ ਕਰਨ ਤੇ ਉਸ 'ਚ ਇਸਪਾਤ ਬਣਾਉਣ ਦੀ ਵਿਧੀ ਦੀ ਖੋਜ ਨਹੀਂ ਹੋਈ ਸੀ। ਪੀਟਰ ਓਨੀਅਨ ਅਤੇ ਹੈਨਰੀ ਕਾਰਟ ਨਾਮੀ ਵਿਅਕਤੀਆਂ ਨੇ ਲੋਹੇ ਨੂੰ ਗਲਾ ਕੇ ਉਸ ਨੂੰ ਸ਼ੁੱਧ ਕਰਨ ਦੀ ਵਿਧੀ ਕੱਢੀ। 1856-57 ਈ. 'ਚ ਹੈਨਰੀ ਬੇਸਮਰ ਨੇ ਅਜਿਹੀ ਇੱਕ ਭੱਠੀ ਬਣਾਈ ਜਿਸ 'ਚ ਗਲਾ ਕੇ ਲੋਹੇ ਦੀ ਸਾਰੀ ਗੰਦਗੀ (Impurity) ਦੂਰ ਕੀਤੀ ਜਾ ਸਕਦੀ ਸੀ। ਇਸ ਵਿਗਿਆਨੀਕ ਪ੍ਰਣਾਲੀ ਨੇ ਸ਼ੁੱਧ ਲੋਹੇ ਤੋਂ ਇਸਪਾਤ ਬਣਾਉਣ ਦੀ ਵਿਧੀ ਕੱਢੀ।

1769 ਈ. 'ਚ ਜੇਮਸਵਾਟ ਨੇ ਭਾਫ਼ ਨਾਲ ਚੱਲਣ ਵਾਲਾ ਇੰਜਣ ਬਣਾਇਆ। ਇਸ ਇੰਜਣ 'ਚ ਕੋਲ਼ਾ ਜਲਾ ਕੇ ਭਾਫ਼ ਤਿਆਰ ਕੀਤੀ ਜਾਂਦੀ ਸੀ। ਇਨ੍ਹਾਂ ਦੀ ਕਮੀ ਕਾਰਲ ਕੋਲ਼ੇ ਦੀ ਲੋੜ ਬਹੁਤ ਵਧ ਗਈ। ਇਸ ਲਈ ਕੋਲ਼ੇ ਦੀਆਂ ਖਾਨਾਂ 'ਚ ਕੋਲ਼ਾ ਕੱਢਣ ਦਾ ਕੰਮ ਵੀ ਵੱਡੇ ਪੈਮਾਨੇ 'ਤੇ ਸ਼ੁਰੂ ਹੋਗਿਆ।

ਖਾਨਾਂ ਦੀ ਖੁਦਾਈ ਦਾ ਕੰਮ ਤਾਂ ਪਹਿਲਾਂ ਤੋਂ ਹੀ ਹੁੰਦਾ ਸੀ ਪਰ ਇਹ ਕੰਮ ਬੜੀ ਮਿਹਨਤ ਦਾ ਅਤੇ ਬੜਾ ਖ਼ਤਰਨਾਕ ਵੀ ਸੀ ਅਤੇ ਉਨ੍ਹਾਂ 'ਚ ਘੁੱਪ ਹਨ੍ਹੇਰਾ ਰਹਿੰਦਾ ਸੀ। ਖਾਨਾਂ ਦੇ ਅੰਦਰ ਕਦੇ-ਕਦੇ ਕੁਝ ਗੈਸਾਂ ਨਿਕਲਦੀਆਂ ਸਨ ਤੇ ਮਿੱਟੀ ਦੇ ਤੇਲ ਦੇ ਲੈਂਪ ਤੇ ਮੋਮਬੱਤੀਆਂ ਨਾਲ ਕੋਲ਼ੇ ਦੀਅ ਖਾਨਾਂ 'ਚ ਅੱਗ ਲੱਗ ਜਾਂਦੀ ਸੀ। ਇਸ ਅੱਗ ਕਾਰਨ ਖਾਣ ਪੁੱਟਣ ਵਾਲੇ ਵੀ ਮਰ ਜਾਂਦੇ ਸਨ। ਇਸ ਸਬੰਧੀ ਵੀ ਸੁਧਾਰ ਕੀਤਾ ਗਿਆ। 1705 ਈ. 'ਚ ਟਾਮਸ ਲਿਊਕੋਮੇਨ ਨੇ ਇੱਕ ਇੰਜਣ ਤਿਆਰ ਕੀਤਾ। ਇਸ ਇੰਜਣ ਦੀ ਸਹਾਇਤਾ ਨਾਲ ਖਾਨਾਂ ਦਾ ਪਾਣੀ ਕੱਢਣਾ ਸਰਲ ਹੋ ਗਿਆ। ਇਸ ਤਰ੍ਹਾਂ 1816 ਈ. 'ਚ ਡੇਵੀ ਨਾਮੀ ਵਿਗਿਆਨੀ ਨੇ ਇੱਕ ਲੈਂਪ ਦੀ ਖੋਜ ਕੀਤੀ, ਜਿਸ ਨੂੰ ਡੇਵੀ ਦਾ ਸੇਫ਼ਟੀ ਲੈਂਮ ਕਿਹਾ ਜਾਂਦਾ ਹੈ। ਇਸ ਲੈਂਪ 'ਚੋਂ ਖਾਨਾਂ ਦੇ ਅੰਦਰ ਰੌਸ਼ਨੀ ਕੀਤੀ ਜਾ ਸਕਦੀ ਸੀ ਤਾਂ ਕਿ ਮਜ਼ਦੂਰ ਰੌਸ਼ਨੀ 'ਚ ਕੰਮ ਕਰ ਸਕਣ, ਪਰ ਇਸ ਲੈਂਪ ਨਾਲ ਖਾਨ 'ਚ ਅੱਗ ਲੱਗਣ ਦਾ ਡਰ ਨਹੀਂ ਸੀ।

ਕੀ ਤੁਸੀ ਜਾਣਦੇ ਹੋ? 1769 ਈ. 'ਚ ਜੇਮਸਵਾਟ ਨੇ ਭਾਫ਼ ਨਾਲ ਚੱਲਣ ਵਾਲਾ ਇੰਜਣ ਬਣਾਇਆ।

7. **ਆਵਾਜਾਈ ਦੇ ਸਾਧਨਾਂ 'ਚ ਉਦਯੋਗਿਕ ਕ੍ਰਾਂਤੀ :** ਜਦੋਂ ਪੈਦਾਵਾਰ ਦੇ ਸਾਧਨਾਂ 'ਚ ਸੁਧਾਰ ਹੋ ਗਿਆ ਅਤੇ ਵੱਡੇ ਪੱਧਰ 'ਤੇ ਕੱਪੜਾ ਤੇ ਮਸ਼ੀਨਾਂ ਦਾ ਨਿਰਮਾਣ ਹੋਣ ਲੱਗਿਆ ਤੇ ਖਾਨਾਂ ਦੀ ਖੁਦਾਈ ਦਾ ਕੰਮ ਵੀ ਸੌਖਾ ਹੋ ਗਿਆ, ਤਾਂ ਆਵਾਜਾਈ ਦੇ ਸਾਧਨਾਂ 'ਚ ਸੁਧਾਰ ਹੋਣਾ ਵੀ ਅਤਿਅੰਤ ਜ਼ਰੂਰੀ ਸੀ।

(i) **ਸੜਕਾਂ :** ਚੰਗੀਆਂ ਸੜਕਾਂ ਦੀ ਬਣਾਏ ਜਾਣ ਵੱਲ ਵੀ ਧਿਆਨ ਦਿੱਤਾ ਗਿਆ। ਚੰਗੀਆਂ ਸੜਕਾਂ ਦੇ ਬਣਾਉਣ ਸਬੰਧੀ ਟੈਲਫੋਰਡ ਤੇ ਮੈਕੇਡਮ ਵੱਧ ਪ੍ਰਸਿੱਧ ਹਨ। ਇਨ੍ਹਾਂ ਪੱਕੀਆਂ ਸੜਕਾਂ ਦੇ ਕਾਰਨ ਮੈਕੇਡਮ ਦਾ ਨਾਂਅ ਤਾਂ ਅਮਰ ਹੋ ਗਿਆ ਕਿਉਂਕਿ ਅਸੀਂ ਪੱਕੀਆਂ ਸੜਕਾਂ ਨੂੰ ਅੱਜ ਵੀ ਮੈਕੇਡਮਾਈਜਡ ਕਹਿੰਦੇ ਹਾਂ।

(ii) **ਨਹਿਰਾਂ-** ਬਹੁਤੇ ਉਦਯੋਗਿਕ ਅਤੇ ਵਪਾਰਕ ਕੇਂਦਰਾਂ ਨੂੰ ਇੱਕ-ਦੂਜੇ ਨਾਲ ਮਿਲਾਉਣ ਲਈ ਜਗ੍ਹਾ-ਜਗ੍ਹਾ 'ਤੇ ਨਹਿਰਾਂ ਬਣਾਈਆਂ ਜਾਣ ਲੱਗੀਆਂ। ਪਹਾੜੀ ਥਾਵਾਂ 'ਚ ਸੜਕਾਂ ਬਣਾਉਣ ਦਾ ਕੰਮ ਬਹੁਤ ਮੁਸ਼ਕਲ ਸੀ। ਪੱਕੀਆਂ ਸੜਕਾਂ ਬਣਾਉਣ ਅਤੇ ਉਨ੍ਹਾਂ ਦੀ ਮੁਰੰਮਤ 'ਚ ਪੈਸਾ ਵੀ ਬਹੁਤ ਵੱਧ ਲਗਦਾ ਸੀ ਇਸ ਲਈ ਨਹਿਰਾਂ ਅਤੇ ਨਦੀਆਂ ਤੋਂ ਆਵਾਜਾਈ ਦਾ ਕੰਮ ਵੱਧ ਮਾਤਰਾ 'ਚ ਲਿਆ ਜਾਣ ਲੱਗਿਆ। ਇੰਗਲੈਂਡ, ਫਰਾਂਸ, ਤੇ ਸੰਯੁਕਤ ਰਾਜਰ ਅਮਰੀਕਾ 'ਚ ਹਜ਼ਾਰਾਂ ਮੀਲ ਲੰਬੀਆਂ



**ਚਿਤਰ 4:** ਡੇਵੀ ਦਾ ਸੇਫਟੀ ਲੈਂਪ

**ਨੋਟ**

ਨਹਿਰਾਂ ਪੁੱਟੀਆਂ ਗਈਆਂ। ਸੰਨ 1761 ਈ. 'ਚ ਇੰਗਲੈਂਡ 'ਚ ਇੱਕ ਪ੍ਰਸਿੱਧ ਨਹਿਰ ਵੋਰਸ਼ਲੀ ਤੋਂ ਮੈਨਚੈਸਟਰ ਤੱਕ ਬਣਾਈ ਗਈ ਜਿਸ ਰਾਹੀਂ ਖਾਨਾਂ ਤੋਂ ਢੁਆਈ ਘਰਾਂ ਤੱਕ ਕੋਲ਼ਾ ਪਹੁੰਚਾਉਣ 'ਚ ਵੱਡੀ ਸਹੂਲਤ ਹੋ ਗਈ। ਇਹ ਨਹਿਰ 'ਡਿਊਕ ਆਫ਼ ਬ੍ਰਿਜ ਵਾਟਰ ਕੈਨਾਲ' (Eric canal) ਕਹਾਉਂਦੀ ਹੈ। ਇਸ ਦੀ ਸਫ਼ਲਤਾ ਨੂੰ ਦੇਖ ਕੇ ਹੋਰ ਵੀ ਬਹੁਤ ਸਾਰੀਆਂ ਨਹਿਰਾਂ ਬਣਾਈਆਂ ਗਈਆਂ ਅਤੇ 1830 ਈ. ਤੱਕ ਇੰਗਲੈਂਡ 'ਚ 4,000 ਮੀਲ ਲੰਬੀਆਂ ਨਦੀਆਂ ਤੇ ਨਹਿਰਾਂ ਦੇ ਜਲ ਮਾਰਗ ਤਿਆਰ ਹੋ ਗਏ ਸਨ। ਫਰਾਂਸ 'ਚ ਅਜਿਹੀਆਂ ਹੀ ਨਹਿਰਾਂ ਦੀ ਲੰਬਾਈ 7,1/2 ਹਜ਼ਾਰ ਮੀਲ ਤੱਕ ਪੁੱਜ ਗਈ। ਸੰਯੁਕਤ ਰਾਜ ਅਮਰੀਕਾ 'ਚ ਸਭ ਤੋਂ ਪ੍ਰਸਿੱਧ ਨਹਿਰ ਏਰਿਕ ਕੈਨਾਲ ਬਣੀ।



**ਚਿਤਰ 5:** ਨਿਊ ਕਾਮਨ ਦਾ ਇੰਜਣ

(iii) **ਭਾਫ਼ ਇੰਜਣ ਦੀ ਖੋਜ :** ਭਾਫ਼ 'ਚ ਜੋ ਸ਼ਕਤੀ ਹੁੰਦੀ ਹੈ, ਉਸ ਵੱਲ 18ਵੀਂ ਸ਼ਤਾਬਦੀ ਦੇ ਲੋਕਾਂ ਦਾ ਧਿਆਨ ਜਾਣ ਲੱਗਿਆ। ਕੋਲ਼ੇ ਨਾਲ ਭਾਫ਼ ਛੇਤੀ ਤੋਂ ਬਣਦੀ ਹੈ। ਇਸ ਤਰ੍ਹਾਂ ਸ਼ਕਤੀ ਦਾ ਇੱਕ ਨਵਾਂ ਸਾਧਨ ਮਿਲ ਗਿਆ। ਨਿਊਕਾਮਨ (New-comen) ਨਾਂਅ ਦੇ ਇੱਕ ਵਿਅਕਤੀ ਨੇ ਇੰਗਲੈਂਡ ਦੀ ਸਮੱਗਰੀ ਐੱਨ ਕੇ ਸ਼ਾਸ਼ਨ ਕਾਲ 'ਚ ਸਭ ਤੋਂ ਪਹਿਲਾਂ ਸਟੀਮ ਇੰਜਣ ਬਣਾਇਆ। ਪਰ ਇਹ ਇੰਜਣ ਵੱਧ ਉਪਯੋਗੀ ਨਹੀਂ ਸੀ। 1782 ਈ. 'ਚ ਜੇਮਸ ਵਾਟ (James watt)


**ਚਿਤਰ 6:** ਜੇਮਸ ਵਾਟ ਦਾ ਭਾਵ ਇੰਜਣ


**ਚਿਤਰ 7:** ਜਾਰਜ਼ ਸਟੀਫੈਨਸ਼ਨ


**ਚਿਤਰ 8:** ਜਾਰਜ਼ ਸਟੀਫੈਨਸ਼ਨ ਦਾ ਭਾਵ ਦਾ ਇੰਜਣ **'ਰਾਕੇਟ'**

ਨੇ ਇੱਕ ਭਾਫ਼ ਇੰਜਣ ਬਣਾਇਆ, ਜੋ ਵਾਧੂ ਉਪਯੋਗ ਸੀ। ਹੁਣ ਕਾਰਖਾਨਿਆਂ ਨੂੰ ਉਥੇ ਲਗਾਇਆ ਜਾ ਸਕਦਾ ਸੀ, ਜਿਥੇ ਕੋਲਾ ਅਸਾਨੀ ਨਾਲ ਲਿਆਇਆ ਜਾ ਸਕੇ। ਜੇਮਸ ਬਾਟ ਦਾ ਇੰਜਣ ਬਣ ਜਾਣ ਤੋਂ ਬਾਅਦ ਸੂਤੀ ਤੇ ਊਨੀ ਕੱਪੜਿਆਂ ਦੀਆਂ ਮਸ਼ੀਨਾਂ ਭਾਫ਼ ਦੀ ਸ਼ਕਤੀ ਨਾਲ ਚੱਲਣ ਲੱਗੀਆਂ।

(iv) **ਸਟੀਫੇਂਸ਼ਨ ਦਾ ਭਾਫ਼ ਇੰਜਣ ਤੇ ਰੇਲ–** ਜੇਮਸ ਵਾਟ ਨੇ ਜੋ ਇੰਜਣ ਬਣਾਇਆ ਸੀ, ਉਸ 'ਚ ਕੁਝ ਸੁਧਾਰ ਕਰਕੇ ਟ੍ਰੈਵਿਥਿਕ ਨਾਂਅ ਦੇ ਇੰਜੀਨੀਅਰ ਨੇ ਉਸ ਤੋਂ ਭਾਰ ਢੋਹਣ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ। ਸੰਨ 1813 ਈ. 'ਚ ਜਾਰਜ ਸਟੀਫੈਨਸ਼ਨ (George Stephenson) ਨੇ ਪਹਿਲਾ ਉਪਯੋਗੀ ਭਾਫ਼ ਇੰਜਣ ਬਣਾਇਆ ਜੋ ਖਾਨ ਨਾਲ ਕਾਰਖਾਨਿਆਂ ਤੱਕ ਕੋਲ਼ਾ ਢੋਹਣ 'ਚ ਕੰਮ 'ਚ ਲਿਆਂਦਾ ਗਿਆ। ਇਸ ਨਾਲ ਇੰਗਲੈਂਡ ਨੂੰ ਪਹਿਲੀ ਰੇਲਵੇ ਲਾਈਨ ਲੀਵਰ ਮੈਨਟ੍ਰੇਸਟਲ ਨੂੰ ਏਨਿਜਨ ਪ੍ਰਾਪਤ ਹੋਏ। ਸੰਨ 1825 ਈ. 'ਚ ਸਟਾਕਟਨ ਤੇ ਡਾਰਲਿਗਟਨ ਦਰਮਿਆਨ ਰੇਲਵੇ ਲਾਈਨ ਚਾਲੂ ਹੋਈ। ਸੰਨ 1830 ਈ. 'ਚ ਲੀਵਰਪੂਲ ਤੇ ਮੇਨਚੈਸਟਰ ਦਰਮਿਆਨ ਰੇਲਵੇ ਲਾਈਨ ਚਲਾਈ ਗਈ। 1836 ਈ. 'ਚ ਸਟੀਫੇਨਸ਼ਨ ਦਾ ਪ੍ਰਸਿੱਧ ਭਾਫ਼ ਇੰਜਣ 'ਰਾਕੇਟ' ਬਣਿਆ। ਇਹ ਇੰਜਣ 35 ਮੀਲ ਪ੍ਰਤੀ ਘੰਟੇ ਦੀ ਚਾਲ ਨਾਲ ਕੋਲੇ ਦੀ ਭਰੀ ਗੱਡੀ ਨੂੰ ਖਿੱਚਦਾ ਸੀ। 19ਵੀਂ ਸ਼ਤਾਬਦੀ ਦੇ ਆਖ਼ਰ ਤੱਕ ਨਾ ਸਿਰਫ਼ ਯੂਰਪ 'ਚ ਸਗੋਂ ਵਿਸ਼ਵ ਦੇ ਸਾਰੇ ਹਿੱਸਿਆਂ 'ਚ ਰੇਲਵੇ ਲਾਈਟਾਂ ਦਾ ਇੱਕ ਜਾਲ ਜਿਹਾ ਵਿਛ ਗਿਆ। ਜਿੱਥੇ ਪਹਿਲਾਂ ਖੱਚਰ, ਘੋੜੇ, ਘੋੜਾਗੱਡੀ ਕੰਮ 'ਚ ਲਿਆਂਦੇ ਜਾਂਦੇ ਸਨ ਉਥੇ ਹੁਣ ਯਾਤਰਾ ਤੇ ਮਾਲ ਢੋਹਣ ਦਾ ਸਾਧਨ ਬਹੁਤ ਸੁਗਮ, ਸਰਲ, ਸਸਤਾ, ਸੁਖਦਾਇਕ ਤੇ ਸੁਰੱਖਿਅਤ ਹੋ ਗਿਆ ਹੈ।

(v) **ਭਾਫ਼ ਦੇ ਸਮੁੰਦਰੀ ਜਹਾਜ਼–** ਭਾਫ਼ ਨਾਲ ਚੱਲਣ ਵਾਲੀਆਂ ਬੇੜੀਆਂ ਦਾ ਪ੍ਰਚਲਣ ਵੀ ਆਵਾਜਾਈ ਦੇ ਸਾਧਨਾ 'ਚ ਵਿਸ਼ੇਸ਼ ਮਹੱਤਵ ਦਾ ਹੈ। ਰਾਬਰਟ ਫੁਲਟਨ ਨਾਮੀ ਇੱਕ ਅਮਰੀਕਨ ਨੇ ਭਾਫ਼ ਨਾਲ ਚੱਲਣ ਵਾਲੀ ਕਿਸ਼ਤੀ ਬਣਾਉਣ 'ਚ ਚੰਗੀ ਸਫ਼ਲਤਾ ਪ੍ਰਾਪਤ ਕੀਤੀ। ਇੰਗਲੈਂਡ 'ਚ ਸਭ ਤੋਂ ਪਹਿਲਾਂ ਭਾਫ਼ ਇੰਜਣ ਨਾਲ ਚੱਲਣ ਵਾਲੀ ਕਿਸ਼ਤੀ ਦੀ ਵਰਤੋਂ ਫੋਰਥ-ਕਲਾਈਡ (Forth Clyde) ਨਹਿਰ 'ਚ ਸੰਨ 1802 ਈ. 'ਚ ਕੀਤੀ ਗਈ ਸੀ। ਰਾਬਰਟ ਫੁਲਟਨ ਨੇ ਆਪਣੀ ਪਹਿਲੀ ਕਿਸ਼ਤੀ ਤੋਂ ਏਲਬੇਨੀ ਤੋਂ ਨਿਊਯਾਰਕ ਤੱਕ ਯਾਤਰਾ ਕੀਤੀ ਸੀ। ਭਾਫ਼ ਇੰਜਣ ਨਾਲ ਚੱਲਣ ਵਾਲਾ ਪਹਿਲਾ ਸਮੁੰਦਰੀ ਜਹਾਜ਼ 'ਫੋਨਿਕ' ਨਾਂਅ ਦਾ ਸੀ, ਜਿਸ ਨੂੰ ਇੱਕ ਅਮਰੀਕਨ ਨੇ ਬਣਾਇਆ ਸੀ। ਇਹ ਨਿਊਯਾਰਕ ਤੋਂ ਫਿਲਾਡੈਲਫ਼ੀਆ ਤੱਕ ਯਾਤਰਾ ਦੇ ਕੰਮ 'ਚ ਲਿਆ ਗਿਆ। ਸੰਨ 1819 ਈ. 'ਚ ਸਰਵੈਨਾ ਨਾਮੀ ਜਹਾਜ਼ ਨੇ ਪਹਿਲੀ ਵਾਰ ਐਟਲਾਂਟਿਕ ਮਹਾਸਾਗਰ ਨੂੰ ਪਾਰ ਕਰ ਦਿੱਤਾ। ਭਾਫ਼ ਇੰਜਣ ਦੀ ਵਧੇਰੇ ਮੰਗ ਹੋਣ ਕਾਰਨ ਇਨ੍ਹਾਂ ਦਾ ਬਣਾਉਣਾ ਇੱਕ ਲਾਭਦਾਇਕ ਧੰਦਾ ਹੋ ਗਿਆ ਤੇ ਸਾਰੇ ਦੇਸ਼ਾਂ ਨੇ ਚੰਗੇ-ਚੰਗੇ ਅਤੇ ਵੱਡੇ-ਵੱਡੇ ਜਹਾਜ਼ ਬਣਾਉਣੇ ਸ਼ੁਰੂ ਕਰ ਦਿੱਤੇ।

(vi) **ਪੈਟਰੋਲ ਦੀ ਵਰਤੋਂ ਅਤੇ ਮੋਟਰ ਗੱਡੀਆਂ–** 19ਵੀਂ ਸ਼ਤਾਬਦੀ ਦੇ ਆਖ਼ਰ ਤੱਕ ਬਹੁਤ ਸਾਰੇ ਦੇਸ਼ਾਂ 'ਚ ਮੋਟਰਾਂ ਬਣਨ ਲੱਗੀਆਂ, ਜਿਨ੍ਹਾਂ ਦੀ ਖੋਜ ਕੈਰੇ ਨੇ ਕੀਤੀ ਸੀ। ਮੋਟਰ 'ਚ ਅਤਿਅੰਤ ਸ਼ੁੱਧ ਕੀਤਾ ਹੋਇਆ ਮਿੱਟੀ ਦਾ ਤੇਲ (Petrol) ਬਾਲਣ ਦੇ ਰੂਪ 'ਚ ਵਰਤਿਆ ਜਾਂਦਾ ਸੀ। ਪਰ ਇਸ ਦਾ ਇੰਜਣ ਬਣਾਉਣਾ ਇੱਕ ਹੀ ਦਿਮਾਗੀ ਕੰਮ ਸੀ। ਅੱਗੇ ਚੱਲ ਕੇ ਜਰਮਨੀ ਦੇ ਇੱਕ ਵਿਅਕਤੀ ਡੀਜ਼ਲ ਨੇ ਅਜਿਹੇ ਤੇਲ ਇੰਜਣ ਬਣਾਏ, ਜਿਨ੍ਹਾਂ 'ਚ ਘੱਟ ਸ਼ੁੱਧ ਕੀਤਾ ਹੋਇਆ ਮਿੱਟੀ ਦਾ ਤੇਲ ਕੰਮ 'ਚ ਲਿਆ ਜਾ ਸਕਦਾ ਸੀ ਤੇ ਤੇਲ ਦਾ ਖ਼ਰਚ ਵੀ ਘੱਟ ਹੁੰਦਾ ਸੀ।

8. **ਖ਼ਬਰਾਂ ਭੇਜਣ ਦੇ ਸਾਧਨ 'ਚ ਕ੍ਰਾਂਤੀ (ਸੰਦੇਸ਼ ਵਾਹਨ)– (i) ਤਾਰ–** ਵਪਾਰ ਤੇ ਉਦਯੋਗਾਂ ਦੀ ਸਫ਼ਲਤਾ ਵੱਡੀ ਸੀਮਾ ਤੱਕ ਖ਼ਬਰ ਭੇਜਣ ਦੇ ਸਾਧਨਾਂ 'ਤੇ ਨਿਰਭਰ ਹੈ। ਤਾਰ (Telegraph) ਦੀ ਕਾਢ ਤੋਂ ਪਹਿਲਾਂ ਖ਼ਬਰ ਭੇਜਣ ਦਾ ਕੰਮ ਕਬੂਤਰਾਂ ਤੇ ਖ਼ਬਰਵਾਹਕਾਂ ਜਾਂ ਵਿਸ਼ੇਸ਼ ਸੰਕੇਤਾਂ ਨਾਲ ਕੀਤਾ ਜਾਂਦਾ ਸੀ। ਤਾਰ ਪ੍ਰਣਾਲੀ ਦੀ ਕਾਢ ਜਰਮਨੀ, ਇੰਗਲੈਂਡ ਅਤੇ ਅਮਰੀਕਾ 'ਚ ਬਿਨਾਂ ਇੱਕ-ਦੂਜੇ ਦੀ ਸਹਾਇਤਾ ਦੇ ਹੋਈ ਸੀ। ਵਿਸ਼ੇਸ਼ ਤੌਰ 'ਤੇ ਇਸ ਕਾਢ ਦਾ ਸਿਹਰਾ ਮੋਰਸ (Morse) ਨਾਂਅ ਦੇ ਇੱਕ ਵਿਅਕਤੀ ਨੂੰ ਪ੍ਰਾਪਤ ਹੈ। ਸੰਨ 1854 ਈ. ਉਪਰੰਤ ਇਸ ਦੀ ਵਰਤੋਂ ਸਾਰੇ ਦੇਸ਼ਾਂ 'ਚ ਹੋਣ ਲੱਗੀ। ਸਭ ਤੋਂ ਪਹਿਲਾਂ ਇੰਗਲੈਂਡ 'ਚ ਸੰਨ 1835 ਈ. 'ਚ ਤਾਰ ਭੇਜਣ ਦੀ ਵਿਵਸਥਾ ਸ਼ੁਰੂ ਕੀਤੀ ਗਈ। ਸੰਨ 1857 ਈ. 'ਚ ਇੰਗਲੈਂਡ ਅਤੇ ਫਰਾਂਸ ਦਰਮਿਆਨ ਸਮੁੰਦਰ 'ਚ ਤਾਰ ਦੀਆਂ ਲਾਈਨਾਂ ਪਾਈਆਂ ਗਈਆਂ ਤੇ ਸੰਨ 1866 ਈ. 'ਚ ਯੂਰਪ ਤੋਂ ਅਮਰੀਕਾ ਤੱਕ ਖ਼ਬਰ ਭੇਜਣ ਲਈ ਐਟਲਾਂਟਿਕ ਮਹਾਸਾਗਰ 'ਚ ਤਾਰ ਵਿਛਾ ਦਿੱਤੇ ਗਏ। 19ਵੀਂ ਸ਼ਤਾਬਦੀ ਦੇ ਅੰਤ ਤੱਕ ਦੁਨੀਆ ਦੇ ਕਿਸੇ ਹਿੱਸੇ 'ਚ ਜਿਹਾ ਵੀ ਕੋਈ ਵੱਡਾ ਨਗਰ ਨਹੀਂ ਬਚਿਆ ਸੀ, ਜਿੱਥੇ ਤਾਰ ਘਰ ਨਾ ਹੋਵੇ।

(ii) **ਡਾਕ–** ਸੰਨ 1840 ਈ. 'ਚ ਸਭ ਤੋਂ ਪਹਿਲਾਂ (Postage) ਜਾਂ ਡਾਕ ਪ੍ਰਣਾਲੀ ਦਾ ਪ੍ਰਚਲਣ ਹੋਇਆ। ਸੰਨ 1875 ਈ. ਤੱਕ ਵਿਸ਼ਵ ਦੇ ਪੂਰੇ ਦੇਸ਼ਾਂ 'ਚ ਬਹੁਤ ਘੱਟ ਕੀਮਤ 'ਤੇ ਚਿੱਠੀਆਂ ਭੇਜੀਆਂ ਜਾਣ ਲੱਗੀਆਂ। ਥੋੜ੍ਹੇ ਦਿਨਾਂ ਪਿੱਛੋਂ ਅੰਤਰ ਰਾਸ਼ਟਰੀ ਡਾਕ ਸੰਘ ਬਣਾਇਆ ਗਿਆ। ਇਸ ਦਾ ਕੰਮ ਵਿਸ਼ਵ 'ਚ ਡਾਕ ਦੀ ਵਿਵਸਥਾ ਕਰਨਾ ਸੀ।

(iii) **ਟੈਲੀਫੋਨ ਤੇ ਵਾਇਰਲੈੱਸ (ਬੇਤਾਰ)–** 1876 ਈ. 'ਚ ਬੈੱਲ Bell ਨਾਮੀ ਵਿਅਕਤੀ ਨੇ (Telephone) ਟੈਲੀਫੋਨ ਯੰਤਰ ਦਾ ਨਿਰਮਾਣ ਕੀਤਾ। ਇਹ ਸਭ ਕਾਂਢਾਂ 19ਵੀਂ ਸ਼ਤਾਬਦੀ 'ਚ ਹਈਆਂ। ਵਾਇਰਲੈੱਸ ਅਤੇ ਰੇਡੀਓ ਦੀ ਕਾਢ ਵੀਹਵੀਂ ਸ਼ਤਾਬਦੀ 'ਚ ਹੋਈ।

9. **ਰੌਸ਼ਨੀ ਦੀ ਵਿਵਸਥਾ :** ਸੱਭਿਅਤਾ, ਸੰਸਕ੍ਰਿਤੀ ਤੇ ਉਦਯੋਗ ਦੀ ਸਫ਼ਲਤਾ ਜ਼ਿਆਦਾਤਰ ਮਨੁੱਖ ਦੇ ਬਣਾਏ ਹੋਏ ਰੌਸ਼ਨੀ 'ਤੇ ਨਿਰਭਰ ਹੈ। 18ਵੀਂ ਸ਼ਤਾਬਦੀ ਤੱਕ ਤੇਲ ਦੇ ਦੀਵਿਆਂ ਤੇ ਮਸ਼ਾਲਾਂ ਤੋਂ ਰੌਸ਼ਨੀ ਦਾ ਕੰਮ ਲਿਆ ਜਾਂਦਾ ਸੀ। ਸੰਨ 1784 ਈ. 'ਚ ਤੇਲ ਦੇ ਦੀਵਿਆਂ ਲਈ ਇੱਕ ਕੱਲੇ (Burener) ਬਰਨਰ ਦੀ ਕਾਢੀ ਕੱਢੀ ਗਏ। 19ਵੀਂ ਸ਼ਤਾਬਦੀ 'ਚ ਗੈਸ ਦੇ ਲੈਂਪਾਂ ਦਾ ਵੀ ਪ੍ਰਚਲਣ ਹੋ ਗਿਆ। ਸੰਨ 1821 ਈ. 'ਚ ਡੇਵੀ ਨਾਮਕ ਅੰਗਰੇਜ ਵਿਗਿਆਨੀ ਨੇ ਇੱਕ ਨਵਾ ਸੇਫ਼ਟੀ ਲੈਂਪ (Safety lamp) ਦੀ ਕਾਢ ਕੱਢੀ। ਸੰਨ 1879 ਈ. 'ਚ ਅਮਰੀਕਾ ਦੇ ਇੱਕ ਵਿਅਕਤੀ ਨੇ, ਜਿਸ ਦਾ ਨਾਂਅ ਐਡੀਸਨ ਸੀ, ਸਭ ਤੋਂ ਪਹਿਲਾਂ ਬਿਜਲੀ ਦੇ ਬਲਬਾਂ ਦੀ ਕਾਢ ਕੱਢੀ ਨਾਲ ਹੀ ਨਾਲ ਇੰਗਲੈਂਡ ਦੇ ਵਿਗਿਆਨੀ ਸਵਾਨ ਨੇ ਵੀ ਬਲਬਾਂ ਦੀ ਕਾਢ ਕੱਢ ਲਈ ਸੀ। ਦੋਵਾਂ ਦੇ ਸਿਹਰਾ ਬਰਾਬਰ ਸੀ ਇਸ ਲਈ ਬਲਬ ਦਾ ਨਾਂਅ ਐਡੀਸਵਾਨ Ediswan ਰੱਖ ਦਿੱਤਾ ਗਿਆ।



**ਚਿਤਰ 9:** ਐਡੀਸਨ

10. **ਖੇਤੀ ਕ੍ਰਾਂਤੀ :** 19ਵੀਂ ਸ਼ਤਾਬਦੀ 'ਚ ਖੇਤੀ ਦੇ ਖੇਤਰ 'ਚ ਬਹੁਤ ਕੁਝ ਤਰੱਕੀ ਹੋਈ ਜਿਸ ਦਾ ਕਾਰਨ ਅਸੀਂ ਕਿਸੇ ਹੱਦ ਤੱਕ ਉਦਯੋਗਿਕ ਕ੍ਰਾਂਤੀ ਨੂੰ ਮੰਨ ਸਕਦੇ ਹਾਂ। 17ਵੀਂ ਸ਼ਤਾਬਦੀ ਤੱਕ ਵਿਸ਼ਵ ਦੇ ਸਾਰੇ ਦੇਸਾਂ 'ਚ ਖੇਤੀ ਹੀ ਲੋਕਾਂ ਦੇ ਜੀਵਨ ਨਿਰਵਾਹ ਦਾ ਸਾਧਨ ਸੀ ਪਰ ਇਸ 'ਚ ਪ੍ਰਾਚੀਨ ਕਾਲ ਤੋਂ ਹੁਣ ਤੱਕ ਕੋਈ ਵਿਸ਼ੇਸ਼ ਤਰੱਕੀ ਨਹੀਂ ਹੋਈ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਮਨੁੱਖ ਖੁਦ ਆਪਣੀਆਂ ਲੋੜਾਂ ਦੇ ਅਨੁਸਾਰ ਹੋਰ ਪੈਦਾਵਾਰ ਕਰ ਲੈਂਦਾ ਸੀ ਇਸ ਤੋਂ ਵੱਧ ਦੀ ਲੋੜ ਦਾ ਅਨੁਭਵ ਕਦੇ ਕਰਦੇ ਹੀ ਨਹੀਂ ਸੀ। ਪਰ ਜਦੋਂ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਹੋਈ ਤੇ ਲੋਕ ਪਿੰਡਾਂ ਨੂੰ ਛੱਡ ਕੇ ਕਾਰਖਾਨਿਆਂ 'ਚ ਕੰਮ ਕਰਨ ਲੱਗੇ ਜਿੱਥੇ ਇਨ੍ਹਾਂ ਦਾ ਸਾਰਾ ਦਿਨ ਬਤੀਤ ਹੋ ਜਾਂਦਾ ਸੀ ਤਾਂ ਅੰਨ ਦੀ ਪੈਦਾਵਰ 'ਚ ਕਮੀ ਹੋਣ ਲੱਗੀ ਜਦੋਂ ਕਿ ਮੰਗ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਸੀ। ਇਨ੍ਹਾਂ ਕਾਰਨਾਂ ਨਾਲ ਖੇਤੀ ਦੇ ਖੇਤਰ 'ਚ ਕਈ ਮਹਾਨ ਪਰਿਵਰਤਨ ਹੋਏ ਜਿਵੇਂ ਯੰਤਰਾਂ ਦੀ ਵਰਤੋਂ, ਨਵੀਆਂ ਫ਼ਸਲਾਂ ਦਾ ਪ੍ਰਚਲਨ, ਉੱਤਮ ਪ੍ਰਕਾਰ ਦੀਆਂ ਰਸਾਇਣਕ ਖਾਦਾਂ ਦੀ ਵਰਤੋਂ ਅਤੇ ਪਸ਼ੂਆਂ ਦੀਆਂ ਨਸਲਾਂ ਦਾ ਸੁਧਾਰ। ਟੂੱਲ ਨਾਮੀ ਅੰਗਰੇਜ਼ ਨੇ ਇਹ ਦੱਸਿਆ ਕਿ ਬੀਜ ਨੂੰ ਛਾਂਟਣ ਤੇ ਫ਼ਲਲ ਪੈਦਾਵਾਰ ਕਰਨ 'ਚ ਸਾਵਧਾਨੀ ਨਾਲ ਧਿਆਨ ਦਿੱਤਾ ਜਾਵੇ ਤਾਂ ਪੈਦਾਵਾਰ ਵਧ ਸਕਦੀ ਹੈ। ਜਾਰਜ ਪਹਿਲੇ ਦੇ ਮੰਤਰੀ ਟਾਊਨਸੇਂਡ ਨੇ ਆਪਣੀ ਜ਼ਮੀਨ 'ਚ ਵਰਤੋਂ ਕਰਕੇ ਕਿਸਾਨਾਂ ਨੂੰ ਫਸਲ ਦੇ ਹੇਰ-ਫੇਰ (Rotation of crops) ਦਾ ਸਿਧਾਂਤ ਦੱਸਿਆ ਤੇ ਲੋਕਾਂ ਨੂੰ ਚੁਕੰਦਰ, ਕਣਕ, ਜੌਂ ਦੀ ਵਾਰੀ-ਵਾਰੀ ਨਾਲ ਫ਼ਸਲ ਬੀਜਣ ਦਾ ਰੱਸ ਦੱਸਿਆ। ਚੰਗੀ ਖਾਦ ਕੰਮ 'ਚ ਲਿਆਉਣ ਨਾਲ ਕਣਕ ਦੀ ਪੈਦਾਵਰ ਪ੍ਰਤੀ ਏਕੜ ਚੌਗੁਣੀ ਹੋ ਗਈ। ਬੇਕਵੇਲ (Bakewell) ਨੇ ਵਿਗਿਆਨਕ ਸਿਧਾਤਾਂ ਨਾਲ ਪਸ਼ੂਆਂ ਦੀ ਨਸਲ ਦਾ ਸੁਧਾਰ ਕਰਨ ਦਾ ਸਿਧਾਂਤ ਸਾਹਮਣੇ ਰੱਖਿਆ। ਉਸ ਦੇ ਸੁੰਦਰ ਤੇ ਸਿਹਤਮੰਦ ਪਸ਼ੂਆਂ ਨੂੰ ਦੇਖਣ ਲਈ ਲੋਕ ਦੂਰੋਂ-ਦੂਰੋਂ ਆਉਂਦੇ ਸਨ। ਇਸ ਸਬੰਧੀ ਇੱਕ ਅੰਗਰੇਜ਼ ਆਰਥਰ ਯੰਗ (1741-1820) ਦਾ ਨਾਂਅ ਵਿਸ਼ੇਸ ਤੌਰ 'ਤੇ ਜ਼ਿਕਰਯੋਗ ਹੈ ਇਸ ਸਮੇਂ ਜ਼ਮੀਨ ਵਹਾਉਣ ਤੇ ਬਿਜਾਈ ਦੀਅ ਮਸੀਨਾਂ ਦੀ ਵੀ ਕਾਢ ਕੱਢੀ ਗਈ। ਹੁਣ ਤੱਕ ਜ਼ਮੀਨ ਵਾਉਣ ਲਈ ਹਲ਼ ਵਰਤੋਂ 'ਚ ਲਿਆਂਦਾ ਜਾਂਦਾ ਸੀ। ਪੈਦਾਵਾਰ ਤੇ ਅਨਾਜ ਨਾਲ ਤੂੜੀ ਵੱਖ ਕਰਨ ਦੇ ਯੰਤਰਾਂ ਦੀ ਵੀ ਕਾਢ ਕੱਢੀ ਗਈ।

ਨੋਟ

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. ਜਾਨ ਨੇ 1733 ਈ. 'ਚ............... ਬਣਾਇਆ ਸੀ।
2. 1776 ਈ. 'ਚ......... ਮਿਊਲ ਨਾਮੀ ਇੱਕ ਮਸ਼ੀਨ ਬਣਾਈ।
3. ਉਦਯੋਗਿਕ ਕ੍ਰਾਂਤੀ ਦਾ ਪ੍ਰਭਾਵ ਸਭ ਤੋਂ ਪਹਿਲਾਂ....... 'ਤੇ ਪਿਆ।

## 14.2 ਯੂਰਪ ਦੇ ਹੋਰ ਦੇਸ਼ਾਂ 'ਚ ਉਦਯੋਗਿਕ ਕ੍ਰਾਂਤੀ (Industrial Revolution in other Countries of Europe)

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਉਦਯੋਗਿਕ ਕ੍ਰਾਂਤੀ 'ਚ ਇੰਗਲੈਂਡ ਅਗਾਂਹਵਧੂ ਰਿਹਾ। ਹੋਰ ਦੇਸ਼ਾਂ 'ਚ ਉਸੇ ਗਤੀ ਨਾਲ ਹੋਰ ਵਧੇਰੇ ਖੋਜਾਂ ਨਹੀਂ ਹੋਈਆਂ, ਜਿੰਨੀ ਗਤੀ ਨਾਲ ਅਤੇ ਜਿੰਨੀਆਂ ਵੱਧ ਖੋਜਾਂ ਇੰਗਲੈਂਡ 'ਚ ਹੋਇਆਂ। ਇਸ ਕਾਰਨ ਇੰਗਲੈਂਡ 'ਚ ਉਦਯੋਗਾਂ ਦਾ ਵਿਕਾਸ ਜਿੰਨੀ ਜਲਦੀ ਤੇ ਤੇਜ਼ੀ ਨਾਲ ਹੋਇਆ, ਓਨੀ ਜਲਦੀ ਤੇ ਓਨੀ ਜਲਦੀ ਨਾਲ ਯੂਰਪ ਦੇ ਹੋਰ ਦੇਸ਼ਾਂ 'ਚ ਨਹੀਂ ਹੋਇਆ। ਇੱਥੇ ਅਸੀਂ ਯੂਰਪ ਦੇ ਹੋਰ ਦੇਸ਼ਾਂ 'ਚ ਉਦਯੋਗਿਕ ਕ੍ਰਾਂਤੀ ਦੀ ਤਰੱਕੀ ਦਾ ਸੰਖੇਪ ਵਰਣਨ ਕਰਾਂਗੇ।

1. **ਫਰਾਂਸ :** ਉਦਯੋਗਿਕ ਕ੍ਰਾਂਤੀ ਦੀ ਦੌੜ 'ਚ ਫਰਾਂਸ ਪਿੱਛੇ ਰਿਹਾ। ਜਿਸ ਸਮੇਂ ਇੰਗਲੈਂਡ ਉਦਯੋਗਿਕ ਕ੍ਰਾਂਤੀ ਦੀਆਂ ਪੌੜੀਆ ਚੜ੍ਹਦਾ ਹੋਇਆ ਅੱਗੇ ਵਧ ਰਿਹਾ ਸੀ, ਉਸ ਸਮੇਂ ਫਰਾਂਸ ਰਾਜਨੀਤਿਕ ਕ੍ਰਾਂਤੀ ਤੇ ਯੁੱਧ ਦੀਆਂ ਮੁਸ਼ਕਲਾਂ ਤੋਂ ਗੁਜ਼ਰ ਰਿਹਾ ਸੀ। ਇੰਗਲੈਂਡ ਤੇ ਫਰਾਂਸ 'ਚ ਦੁਸ਼ਮਣੀ ਸੀ, ਇਸ ਲਈ ਉਦਯੋਗਿਕ ਤਰੱਕੀ ਦੇ ਮਾਮਲੇ 'ਚ ਫਰਾਂਸ ਨੂੰ ਇੰਗਲੈਂਡ ਤੋਂ ਸਹਾਇਤਾ ਵੀ ਨਹੀਂ ਮਿਲ ਸਕਦੀ ਸੀ। 1815 ਈ. ਤੋਂ ਬਾਅਦ ਫਰਾਂਸ 'ਚ ਸ਼ਾਂਤੀ ਸਥਾਪਿਤ ਹੋ ਸਕੀ। 1830 ਈ. ਤੋਂ ਬਾਅਦ ਲੂਈ ਫਿਲਿਪ ਦੇ ਸਾਸ਼ਨ ਕਾਲ 'ਚ ਫਰਾਂਸ 'ਚ ਮਸ਼ੀਨੀਕਰਨ ਦਾ ਯੁੱਗ ਸ਼ੁਰੂ ਹੋਇਆ। ਤਦ ਇੰਗਲੈਂਡ ਦੀ ਸਹਾਇਤਾ ਨਾਲ ਉਥੇ ਉਦਯੋਗਾਂ ਦੀ ਤਰੱਕੀ ਸ਼ੁਰੂ ਹੋਈ। ਫਰਾਂਸ 'ਚ ਕਾਫ਼ੀ ਖਣਿੱਜ ਪਦਾਰਥ ਮਿਲਦੇ ਹਨ। ਉਨ੍ਹਾਂ ਦਾ ਹੌਲੀ-ਹੌਲੀ ਵਰਤੋਂ ਹੋਣ ਲੱਗੀ। ਉਥੇ ਰੇਲਾਂ ਵੀ ਬਣਾਈਆਂ ਗਈਆਂ। ਨਹਿਰਾਂ ਦਾ ਨਿਰਮਾਣ ਹੋਇਆ ਵੱਡੇ-ਵੱਡੇ ਨਗਰਾਂ ਦੀ ਸਥਾਪਨਾ ਹੋਈ, ਪਰ ਫਰਾਂਸ 'ਚ ਉਦਯੋਗਿਕ ਤਰੱਕੀ ਬਹੁਤ ਹੌਲੀ-ਹੌਲੀ ਹੋਈ।
2. **ਬੈਲਜ਼ੀਅਮ**-ਬੈਲਜ਼ੀਅਮ ਯੂਰਪ ਦਾ ਪਹਿਲਾ ਦੇਸ਼ ਸੀ ਜਿਸ ਨੇ ਛੇਤੀ ਤੇ ਗਤੀ ਨਾਲ ਉਦਯੋਗਿਕ ਕ੍ਰਾਂਤੀ ਦਾ ਪਾਲਣ ਕੀਤਾ। ਫਰਾਂਸ ਦੀ ਰਾਜ ਕ੍ਰਾਂਤੀ ਅਤੇ ਨੈਪੋਲੀਅਨ ਦੇ ਯੁੱਧ ਦੇ ਸਮੇਂ ਤਾਂ ਸਾਰਾ ਯੂਰਪ ਅਸ਼ਾਂਤ ਸੀ ਪਰ ਉਸ ਤੋਂ ਬਾਅਦ ਬੈਲਜ਼ੀਅਮ ਨੇ ਤੁਰੰਤ ਇੰਗਲੈਂਡ ਦੀ ਸਹਾਇਤਾ ਲੈ ਕੇ ਉਦਯੋਗਿਕ ਕ੍ਰਾਂਤੀ ਦਾ ਲਾਭ ਉਠਾਉਣਾ ਸ਼ੁਰੂ ਕਰ ਦਿੱਤਾ। ਇਸ ਕੰਮ 'ਚ ਬੈਲਜ਼ੀਅਮ ਨੇ ਇੰਨੀ ਛੇਤੀ ਆਪਣੇ ਦੇਸ਼ ਦੇ ਉਦਯੋਗਾਂ ਦਾ ਮਸ਼ੀਨੀਕਰਨ ਕੀਤਾ ਕਿ 1870 ਈ. ਤੱਕ ਉਹ ਯੂਰਪ ਦਾ ਇੱਕ ਅਤੀ ਵਿਕਸਿਤ ਦੇਸ਼ ਬਣ ਗਿਆ।
3. **ਜਰਮਨੀ**- ਹਾਲਾਂਕਿ ਜਰਮਨੀ'ਚ ਕੋਲ਼ੇ ਤੇ ਲੋਹੇ ਦੋਵੇਂ ਕਾਫ਼ੀ ਮਾਤਰਾ 'ਚ ਉਪਲੱਬਧ ਸਨ, ਪਰ ਜਰਮਨੀ 'ਚ ਉਦਯੋਗੀਕਰਨ ਫਰਾਂਸ ਤੋਂ ਵੀ ਬਾਅਦ 'ਚ ਹੋਇਆ। ਨੈਪੀਅਲਨ ਦੇ ਯੁੱਧਾਂ ਦਾ ਜਰਮਨੀ 'ਤੇ ਬਹੁਤ ਬੁਰਾ ਪ੍ਰਭਾਵ ਪਿਆ ਕਿਉਂਕਿ ਜਰਮਨੀ ਯੁੱਧ-ਖੇਤਰ ਬਣਿਆ ਹੋਇਆ ਸੀ। ਇਸ ਤੋਂ ਇਲਾਵਾ ਜਰਮਨੀ ਦਾ ਰਾਜਨੀਤਿਕ ਜੀਵਨ ਅਵਿਵਸਥਿਤ ਸੀ। ਅਨੇਕਾਂ ਛੋਟੇ-ਛੋਟੇ ਰਾਜ ਸਨ। ਜਰਮਨੀ ਦੇ ਕੋਲ ਮਾਲ ਮੰਗਵਾਉਣ ਲਈ ਅਤੇ ਤਿਆਰ ਮਾਲ ਨੂੰ ਵੇਚਣ ਲਈ ਉਪਨਿਵੇਸ਼ ਵੀ ਨਹੀਂ ਸੀਉਂ ਪਰ ਬਾਅਦ 'ਚ ਬਿਸਮਾਰਕ ਦੀ ਪ੍ਰਤਿਭਾ ਨਾਲ ਜਦੋਂ ਜਰਮਨੀ ਦਾ ਏਕੀਕਰਨ ਹੋ ਗਿਆ ਤੇ ਇੱਕ ਸ਼ਕਤੀਸ਼ਾਲੀ ਤੇ ਦ੍ਰਿੜ ਸ਼ਾਸ਼ਨ ਸਥਾਪਿਤ ਹੋ ਗਿਆ ਤਾਂ ਉਦਯੋਗੀਕਰਨ ਵੱਲ ਧਿਆਨ ਦਿਤਾ ਗਿਆ। ਇਸ ਕਾਰਜ 'ਚ ਜਰਮਨੀ ਨੂੰ ਇੰਗਲੈਂਡ ਤੋਂ ਸਹਾਇਤਾ ਵੀ ਮਿਲੀ। 1839 ਈ. 'ਚ ਉਥੋਂ ਰੇਲਵੇ ਲਾਈਨ ਬਣ ਗਈ। ਸੂਤੀ ਊਨੀ ਤੇ ਰੇਸ਼ਮੀ ਕੱਪੜਿਆਂ ਦੇ ਬਹੁਤ ਸਾਰੇ ਕਾਰਖਾਨੇ ਖੁੱਲ੍ਹ ਗਏ। ਜਰਮਨੀ 'ਚ ਕਈ ਨਵੀਆਂ ਕਾਢਾਂ ਵੀ ਕੱਢੀਆਂ ਗਈਆਂ। ਧਾਤੂ ਦੇ ਨਿਰਮਾਣ 'ਚ ਉਹ ਇੰਗਲੈਂਡ ਦਾ ਮੁਕਾਬਲਾ ਕਰਨ ਲੱਗਿਆ। 20ਵੀਂ ਸ਼ਤਾਬਦੀ ਦੇ ਆਰੰਭ ਤੱਕ ਤਾਂ ਉਹ ਇੰਨਾ ਵਿਕਸਿਤ ਹੋ ਗਿਆ ਕਿ ਉਸ ਨੇ ਇੰਗਲੈਂਡ ਨਾਲ ਟੱਕਰ ਲੈ ਲਈ।
4. **ਰੂਸ**-17ਵੀਂ ਸ਼ਤਾਬਦੀ ਤੱਕ ਰੂਸ ਬਿਲਕੁਲ ਪੱਛੜਿਆ ਹੋਇਆ ਸੀ। ਖੇਤੀ ਹੀ ਮੁੱਖ ਉਦਯੋਗ ਸੀ। 18ਵੀਂ ਸ਼ਤਾਬਦੀ 'ਚ ਉਥੋਂ ਦੇ ਨਿਰੰਕੁਸ਼ ਸ਼ਾਸਕ ਪੀਟਰ ਮਹਾਨ ਤੇ ਕੈਥਰਾਈਨ ਦੇ ਸ਼ਾਸ਼ਨ ਕਾਲ 'ਚ ਰੂਸ ਯੂਰਪ ਦੇ ਵਿਕਸਿਤ ਦੇਸ਼ਾਂ ਦੇ ਪ੍ਰਭਾਵ 'ਚ ਆਇਆ। ਪਰ ਇਸ ਤੋਂਬਾਅਦ 19ਵੀਂ ਸ਼ਾਤਬਦੀ ਦੇ ਅੰਤ ਤੱਕ ਰੂਸ 'ਚ ਕਿਸੇ ਤਰ੍ਹਾਂ ਦੇ ਉਦਯੋਗਕ ਧੰਦੇ ਨਾਲ ਖੁੱਲ੍ਹੇ। 19ਵੀਂ ਸ਼ਤਾਬਦੀ ਦੇ ਅੰਤ ਦੇ ਵਰ੍ਹਿਆਂ 'ਚ ਰੂਸ 'ਚ ਪੂੰਜੀਪਤੀਆਂ ਦਾ ਧਿਆਨ ਉਦਯੋਗਾਂ ਵੱਲ ਗਿਆ ਪਰ ਤਰੱਕੀ ਇੰਨੀ ਮੱਠੀ ਸੀ ਕਿ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਤੱਕ ਕੋਈ ਸ਼ਲਾਘਾਯੋਗ ਉਦਯੋਗਿਕ ਤਰੱਕੀ ਨਹੀਂ ਹੋ ਸਕੀ ਸੀ। ਰੂਸ 'ਚ ਜਦੋਂ ਵੋਲਸ਼ੇਵਿਕ ਸਰਕਾਰ ਦੀ ਸਥਾਪਨਾ ਹੋਈ ਤਾਂ ਉਥੇ ਸੱਚੇ ਅਰਥਾਂ 'ਚ ਉਦਯੋਗਿਕ ਤਰੱਕੀ ਸ਼ੁਰੂ ਹੋਈ। ਇਸ ਉਪਰੰਤ ਉਥੇ ਕਾਰਖਾਨੇ ਖੁੱਲ੍ਹੇ। ਨਵੀਨ ਖੋਜਾਂ ਹੋਈਆਂ ਤੇ ਛੇਤੀ ਹੀ ਰੂਸ ਵਿਸ਼ਵ ਦਾ ਇੱਕ ਮਹਾਨ ਉਦਯੋਗਿਕ ਦੇਸ਼ ਬਣ ਗਿਆ।
5. **ਅਮਰੀਕਾ**- 18ਵੀਂ ਸ਼ਤਾਬਦੀ ਦੇ ਉੱਤਰ ਅਰਧ 'ਚ ਅਮਰੀਕਾ ਅਜ਼ਾਦ ਹੋਇਆ। ਤਦ ਤੋਂ ਅਮਰੀਕਾ 'ਚ ਖੇਤੀ ਤੇ ਉਦਯੋਗਾਂ ਦੀ ਤਰੱਕੀ ਵੱਲ ਧਿਆਨ ਦਿੱਤਾ ਜਾਣ ਲੱਗਿਆ। ਚੰਗੀ ਕਿਸਮਤ ਨਾਲ ਅਮਰੀਕਾ 'ਚ ਕੁਦਰਤੀ ਵਸੀਲੇ, ਪੂੰਜੀ , ਕਿਰਤ ਆਦਿ ਸਾਰੇ ਸਾਧਨ ਭਰਪੂਰ ਮਾਤਰਾ 'ਚ ਮੁਹੱਈਆ ਸਨ। 19ਵੀਂ ਸ਼ਤਾਬਦੀ 'ਚ ਉਥੇ ਉਦਯੋਗਾਂ ਦੀ ਵੱਡੀ

ਤਰੱਕੀ ਹੋਈ। ਵਪਾਰ 'ਚ ਅਮਰੀਕਾ ਕਦੇ ਪਿੱਛੇ ਨਹੀਂ ਰਿਹਾ। ਉਦਯੋਗਿਕ ਉਤਪਦਾਨ ਤੇ ਖੇਤੀ ਉਤਪਾਦਨ 'ਚ ਉਹ ਅੱਗੇ ਰਿਹਾ। ਛੇਤੀ ਹੀ ਅਮਰੀਕਾ ਵਿਸ਼ਵ ਦੀ ਇੱਕ ਮਹਾਨ ਸ਼ਕਤੀ ਬਣ ਗਿਆ।

**ਨੋਟ**

## 14.3 ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ (Effects of Industrial Revolution)

ਵੈਸੇ ਉਦਯੋਗਿਕ ਕ੍ਰਾਂਤੀ ਇੰਗਲੈਂਡ 'ਚ ਹੋਈ ਪਰ ਇਸ ਦੇ ਪ੍ਰਭਾਵ ਬੜੇ ਵਿਆਪਕ ਹੋਏ। ਇਸ ਕ੍ਰਾਂਤੀ ਨੇ ਵਿਸ਼ਵ ਦੀ ਸੱਭਿਅਤਾ ਦਾ ਕਾਇਆ-ਕਲਪ ਕਰ ਦਿੱਤਾ।

1. **ਉਦਯੋਗਾਂ ਤੇ ਵਪਾਰ 'ਚ ਇੰਗਲੈਂਡ ਵਿਸ਼ਵ ਦਾ ਆਗੂ –** ਸਭ ਤੋਂ ਪਹਿਲਾਂ ਇੰਗਲੈਂਡ ਹੀ 'ਚ ਉਦਯੋਗਿਕ ਕ੍ਰਾਂਤੀ ਹੋਈ ਸੀ। ਨਵੀਆਂ ਮਸ਼ੀਨਾਂ , ਲੋਹਾ, ਕੋਲ਼ਾ, ਭਾਂਤ-ਭਾਂਤ ਦੇ ਆਵਿਸ਼ਕਾਰ ਤੇ ਪੂੰਜੀ ਆਦਿ ਅਨੇਕਾਂ ਸਾਧਨ ਇੰਗਲੈਂਡ 'ਚ ਮੌਜੂਦ ਸਨ। ਇਸ ਲਈ ਇੰਗਲੈਂਡ ਛੇਤੀ ਹੀ ਤਰੱਕੀ ਕਰ ਗਿਆ। ਇੰਗਲੈਂਡ 'ਚ ਬਣੀਆਂ ਹੋਈਆਂ ਵਸਤੂਆਂ ਨੂੰ ਵੇਚਣ ਲਈ ਅਮਰੀਕਾ, ਬ੍ਰਿਟਿਸ਼ ਉਪਨਿਵੇਸ਼ਾਂ ਤੇ ਯੂਰਪ ਦੇ ਕਿੰਨ ਹੀ ਦੇਸ਼ ਸਨ। ਬ੍ਰਿਟੇਨ ਨੂੰ ਆਪਣੀਆਂ ਉਪਨਿਵੇਸ਼ਾਂ ਤੇ ਅਮਰੀਕਾ ਤੋਂ ਕੱਚਾ ਮਾਲ ਵੀ ਮਿਲ ਸਕਦਾ ਸੀ। ਇਸ ਤਰ੍ਹਾਂ ਵਪਾਰਕ ਕ੍ਰਾਂਤੀ ਦੇ ਸਿੱਟੇ ਵਜੋਂ ਇੰਗਲੈਂਡ ਯੂਰਪ ਤੇ ਵਿਸ਼ਵ ਦਾ ਆਗੂ ਬਣ ਗਿਆ।
2. **ਇੰਗਲੈਂਡ ਦੀ ਰਾਸ਼ਟਰੀ ਆਮਦਨ 'ਚ ਵਾਧਾ**–ਉਦਯੋਗਿਕ ਕ੍ਰਾਂਤੀ ਨਾਲ ਇੰਗਲੈਂਡ ਦਾ ਉਤਪਾਦਨ ਤੇ ਉਸ ਦੇ ਸਿੱਟੇ ਵਜੋਂ ਉਸ ਦਾ ਵਪਾਰਕ ਵਣਜ ਬਹੁਤ ਵਧ ਗਿਆ। ਸਾਰੇ ਸੰਸਾਰ 'ਚ ਉਸ ਦਾ ਮਾਲ ਵਿਕਣ ਲੱਗਿਆ। ਖੂਬ ਪੈਸੇ ਦੇ ਆਉਣ ਨਾਲ ਇੰਗਲੈਂਡ ਦੀ ਰਾਸ਼ਟਰੀ ਆਮਦਨ ਬਹੁਤ ਵਧ ਗਈ। ਇਸ ਵਪਾਰਕ ਆਮਦਨ ਤੇ ਉਸ ਤੋਂ ਪ੍ਰਾਪਤ ਅਟੁੱਟ ਪੈਸੇ ਦੇ ਜ਼ੋਰ 'ਤੇ ਇੰਗਲੈਂਡ ਨੇ ਨਪੋਲਿਅਨ ਤੋਂ ਲੜਨ ਦੇ ਲਈ ਯੂਰਪ ਦੇ ਦੇਸ਼ਾਂ ਨੂੰ ਚਾਰ ਵਾਰ ਸੰਦ ਬਣਾਏ ਅਤੇ ਸੰਦਾਂ ਦੀ ਲੜਾਈ ਦਾ ਖ਼ਰਚ ਖੁਦ ਕੀਤਾ। ਇੰਨਾ ਹੀ ਨਹੀਂ ਅਮਰੀਕਾ ਦੀ ਸਵਤੰਤਰਾ ਤੋਂ ਬਾਅਦ ਅਮਰੀਕਾ ਇੰਗਲੈਂਡ ਦੇ ਹੱਥੋਂ ਨਿਕਲ ਗਿਆ ਸੀ ਪਰ ਉਦਯੋਗਿਕ ਕ੍ਰਾਂਤੀ ਨੇ ਅਮਰੀਕਾ ਦੇ ਸਵਤੰਤਰ ਹੋਣ ਨਾਲ ਇੰਗਲੈਂਡ ਦੀ ਨੁਕਸਾਨ ਨੂੰ ਪੂਰਾ ਕਰ ਦਿੱਤਾ।
3. **ਇੰਗਲੈਂਡ ਦੀ ਜਨਤਾ ਦੇ ਰਹਿਣ- ਸਹਿਣ ਦਾ ਪੱਧਰ ਉੱਚਾ ਹੋ ਗਿਆ–** ਰਾਸ਼ਟਰੀ ਆਮਦਨ 'ਚ ਵਾਧਾ ਹੋਣ ਨਾਲ ਇੰਗਲੈਂਡ ਦੇ ਨਿਵਾਸੀਆਂ ਦੇ ਰਹਿਣ-ਸਹਿਣ ਦਾ ਪੱਧਰ ਉੱਚਾ ਹੋ ਗਿਆ। ਉਨ੍ਹਾਂ ਨੂੰ ਜੀਵਨ ਦੇ ਅਰਾਮ ਦੀਆਂ ਅਨੇਕਾਂ ਵਸਤੂਆਂ ਮਿਲਣ ਲੱਗੀਆਂ। ਸਾਧਾਰਨ ਜਨਤਾ ਦੇ ਕੋਲ ਵੀ ਆਸ ਨਾਲੋਂ ਵੱਧ ਸਹੂਲਤਾਂ ਪ੍ਰਾਪਤ ਕਰਨ ਦੇ ਸਾਧਨ ਮੁਹੱਈਆ ਹੋ ਗਏ।
4. **ਪੂੰਜੀਵਾਦ ਦਾ ਜਨਮ**–ਇੰਗਲੈਂਡ 'ਚ ਉਦਯੋਗਿਕ ਕ੍ਰਾਂਤੀ ਹੋਣ ਨਾਲ ਪਹਿਲਾਂ ਵੱਡੇ-ਵੱਡੇ ਭੂਮੀਪਤੀ ਹੀ ਖੁਸ਼ਹਾਲ ਤੇ ਧਨਵਾਨ ਸਨ। ਪਰ ਉਦਯੋਗਿਕ ਕ੍ਰਾਂਤੀ ਦੇ ਸਿੱਟੇ ਵਜੋਂ ਵਪਾਰੀ ਵਰਗ ਵੀ ਵੱਡਾ ਤੇ ਧਨੀ ਹੋ ਗਿਆ। ਇਸ ਤਰ੍ਹਾਂ ਇੰਗਲੈਂਡ 'ਚ ਪੂੰਜੀਵਾਦ ਦਾ ਉਦੈ ਹੋਇਆ। ਇੰਗਲੈਂਡ ਦੇ ਸਮਾਜਿਕ ਤੇ ਰਾਜਨੀਤਿਕ ਜੀਵਨ 'ਚ ਇਸ ਨਵੇਂ ਪੂੰਜੀਵਾਦ ਵਰਗ ਦਾ ਪ੍ਰਭਾਵ ਤੇ ਪ੍ਰਭੂਤਵ ਵਧਣ ਲੱਗਿਆ।
5. **ਜਨਸੰਖਿਆ 'ਚ ਵਾਧਾ –** ਦੇਸ਼ ਦੀ ਆਬਾਦੀ ਵਧ ਗਈ। 18ਵੀਂ ਸ਼ਤਾਬਦੀ ਦਰਮਿਆਨ ਇੰਗਲੈਂਡ ਦੀ ਜਨਸੰਖਿਆ 70 ਲੱਖ ਸੀ ਤੇ ਅਗਲੇ 60 ਸਾਲਾਂ 'ਚ 1 ਕਰੋੜ 80 ਲੱਖ ਹੋ ਗਈ। 19ਵੀਂ ਸ਼ਤਾਬਦੀ ਦਰਮਿਆਨ ਆਬਾਦੀ 2 ਕਰੋੜ ਤੋਂ ਵੀ ਉੱਪਰ ਹੋ ਗਈ। ਸਿਹਤ ਤੇ ਮੈਡੀਕਲ 'ਚ ਤਰੱਕੀ ਹੋ ਜਾਣ ਨਾਲ ਵੀ ਆਬਾਦੀ ਵਧੀ।
6. **ਆਵਾਜਾਈ ਦੇ ਸਾਧਨਾਂ 'ਚ ਵਿਕਾਸ–** ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਇੰਗਲੈਂਡ 'ਚ ਸੜਕਾਂ ਆਦਿ ਦੀ ਦਸ਼ਾ ਬਹੁਤ ਬੁਰੀ ਸੀ। ਥੋੜ੍ਹੀ ਦੂਰ ਯਾਤਰਾ 'ਚ ਵੀ ਕਈ ਦਿਨ ਲੱਗ ਜਾਦੇ ਸਨ। ਉਦਯੋਗਿਕ ਉੱਨਤੀ ਦੇ ਕਾਰਨ ਆਵਾਜਾਈ ਦੇ ਸਾਧਨਾਂ ਦਾ ਭਾਰੀ ਵਿਕਾਸ ਹੋਇਆ ਸੜਕਾਂ, ਨਹਿਰਾਂ, ਰੇਲਾਂ ਤੇ ਭਾਫ਼ ਦੇ ਜਹਾਜ਼ ਬਣੇ ਤੇ ਤਾਰ ਆਦਿ ਸੰਦੇਸ਼ ਵਾਹਨਾਂ ਦਾ ਵਿਕਾਸ ਹੋਇਆ। ਡਾਕ ਦੀ ਵਿਵਸਥਾ ਵੀ ਹੋ ਗਈ।
7. **ਖੇਤੀ 'ਤੇ ਪ੍ਰਭਾਵ –** ਖੋਜਾਂ ਦਾ ਪ੍ਰਭਾਵ ਖੇਤੀ 'ਤੇ ਵੀ ਪਿਆ। ਖੇਤੀ 'ਚ ਮਸ਼ੀਨਾਂ ਦੀ ਵਰਤੋਂ ਹੋਣ ਲੱਗੀ। ਕਿਸਾਨਾਂ ਨੂੰ ਹੁਣ ਕੱਪੜੇ ਸੁਣਨ ਦਾ ਕੰਮ ਨਹੀਂ ਮਿਲਦਾ ਸੀ। ਇਸ ਲਈ ਉਹ ਖੇਤੀ ਪੈਦਾਵਾਰ ਵਧਾਉਣ ਲਈ ਮਜਬੂਰ ਹੋ ਗਏ। ਖੇਤੀ-ਕ੍ਰਾਂਤੀ ਤੇ ਉਦਯੋਗਿਕ ਕ੍ਰਾਂਤੀ ਨੇ ਇੱਕ-ਦੂਜੇ ਨੂੰ ਉਤਸ਼ਾਹ ਦਿੱਤਾ। ਖੇਤੀ 'ਤੇ ਉਦਯੋਗਿਕ ਕ੍ਰਾਂਤੀ ਦੇ ਨਿਮਨ ਪ੍ਰਭਾਵ ਪਏ–
   - (i) **ਉਤਪਾਦਨ 'ਚ ਵਾਧਾ–** ਨਵੇਂ ਔਜ਼ਾਰਾਂ, ਨਵੀਂ ਤਕਨੀਕ ਤੇ ਚੰਗੇ ਬੀਜ਼ਾਂ ਤੇ ਖਾਦਾਂ ਦੀ ਸਹਾਇਤਾ ਨਾਲ ਖੇਤੀ ਦਾ ਉਤਪਦਾਨ ਬਹੁਤ ਵਧ ਗਿਆ। ਕਣਕ ਤੇ ਆਲੂ ਦੇ ਉਤਪਾਦਨ 'ਚ ਸਫ਼ਲਤਾ ਮਿਲੀ। ਇਸ ਲਈ ਅਮੀਰ-ਗਰੀਬ ਸਾਰਿਆਂ ਨੂੰ ਵਾਧੂ ਮਾਤਰਾ 'ਚ ਚੰਗਾ ਅਨਾਜ ਮਿਲਣ ਲੱਗਿਆ।
   - (ii) **ਪਸ਼ੂਆਂ ਦੀ ਚੰਗੀ ਦਸ਼ਾ–** ਖੇਤੀ ਦੀ ਦਸ਼ਾ ਸੁਧਰਨ ਨਾਲ ਪਸ਼ੂਆਂ ਦੀ ਸੰਖਿਆ ਵਧਣ ਲੱਗੀ ਤੇ ਉਨ੍ਹਾਂ ਨੂੰ ਚੰਗਾ ਚਾਰਾ ਮਿਲਣ ਲੱਗਿਆ। ਪਸ਼ੂ ਸਿਹਤਮੰਦ ਤੇ ਮੋਟੇ ਤਾਜ਼ੇ ਹੋ ਗਏ। ਦੇਸ਼ 'ਚ ਦੁੱਧ ਘਿਓ ਦੀ ਮਾਤਰਾ ਵਧ ਗਈ। ਭੋਜਨ ਲਈ ਤਾਜ਼ਾ ਮਾਸ ਮਿਲਣ ਲੱਗਿਆ।
   - (iii) **ਬੈਂਕਿੰਗ ਦਾ ਵਿਕਾਸ–** ਜ਼ਮੀਨ ਦੇ ਚਾਰੇ ਪਾਸੇ ਵਾੜਾਂ ਲਾਏ ਜਾਣ ਨਾਲ ਖੇਤੀ ਦੀ ਦਸ਼ਾ ਬਦਲੀ ਤੇ ਕਿਸਾਨਾਂ ਨੂੰ ਨਵੇਂ ਪ੍ਰਕਾਰ ਨਾਲ ਖੇਤੀ ਕਰਨ ਲਈ ਪੈਸੇ ਦੀ ਲੋੜ ਪਈ। ਉਨ੍ਹਾਂ ਨੇ ਬੈਂਕਾਂ ਤੋਂ ਰੁਪੱਈਆ ਉਧਾਰ ਲੈ ਕੇ ਆਪਣੀ ਖੇਤੀ ਨੂੰ ਚੰਗਾ ਬਣਾਇਆ। ਇਸ ਤਰ੍ਹਾਂ ਬੈਂਕਾਂ ਦਾ ਕੰਮ ਵਧਿਆ ਤੇ ਉਨ੍ਹਾਂ ਦੀ ਤਰਕੀ ਹੋਈ। ਵਪਾਰ ਤੇ ਵਪਾਰਕ ਕੰਮ 'ਚ ਸਾਂਝੀ ਪੂੰਜੀ ਵਾਲੀਆਂ ਕੰਪਨੀਆਂ (Joint Stock Companies) ਬਣਾਈਆਂ ਗਈਆਂ।

ਨੋਟ

ਇਨ੍ਹਾਂ ਕੰਪਨੀਆਂ ਤੋਂ ਵਪਾਰ ਬਹੁਤ ਉਤਸ਼ਾਹਿਤ ਹੋਇਆ। ਇਨ੍ਹਾਂ ਕੰਪਨੀਆਂ ਦੇ ਕਾਰਨ ਵੀ ਬੈਂਕ ਪ੍ਰਣਾਲੀ ਨੂੰ ਉਤਸ਼ਾਹ ਮਿਲਿਆ।

(iv) **ਸਮਾਜ 'ਚ ਪਰਿਵਰਤਨ :** ਜਿਵੇਂ-ਜਿਵੇਂ ਜ਼ਮੀਨ ਵਾੜਾਂ 'ਚ ਘਿਰਦੀ ਗਈ, ਤਿਉਂ-ਤਿਉਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਦਸ਼ਾ ਵਿਗੜਦੀ ਗਈ। ਜੋ ਕਿਸਾਨ ਬੇਕਾਰ ਹੋ ਗਏ, ਉਨ੍ਹਾਂ ਨੂੰ ਨਗਰਾਂ 'ਚ ਜਾ ਕੇ ਛੋਟੇ ਪੈਮਾਨੇ ਦੇ ਕਾਰਖਾਨੇ ਖੋਲ੍ਹ ਦਿੱਤੇ ਤੇ ਪੂੰਜੀਪਤੀ ਬਣ ਗਏ। ਕੁਝ ਗਰੀਬ ਕਿਸਾਨਾਂ ਨੂੰ ਖੇਤਾਂ 'ਤੇ ਮਜ਼ਦੂਰੀ ਕਰਨੀ ਪਈ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ......... ਦੇ ਉੱਤਰ ਅਰਧ 'ਚ ਅਮਰੀਕਾ ਸਵਤੰਤਰ ਹੋਇਆ।

(ੳ) 18ਵੀਂ ਸ਼ਤਾਬਦੀ (ਅ) 16ਵੀਂ ਸ਼ਤਾਬਦੀ

(ੲ) 17ਵੀਂ ਸ਼ਤਾਬਦੀ (ਸ) 19ਵੀਂ ਸ਼ਤਾਬਦੀ

5. 18ਵੀਂ ਸ਼ਤਾਬਦੀ ਦਰਮਿਆਨ ਇੰਗਲੈਂਡ ਦੀ ਜਨਸੰਖਿਆ.......ਸੀ।

(ੳ) 80 ਲੱਖ (ਅ) 70 ਲੱਖ

(ੲ) 90 ਲੱਖ (ਸ) 50 ਲੱਖ

6. ...... 'ਚ ਕਾਰਟਰਾਈਟ ਨੇ ਭਾਫ਼ ਦੀ ਸ਼ਕਤੀ ਨਾਲ ਚੱਲਣ ਵਾਲੀ ਇੱਕ ਮਸ਼ੀਨ ਬਣਾਈ ਜਿਸ ਨੂੰ ਪਾਵਰ ਲੂਮ ਕਿਹਾ ਜਾਂਦਾ ਸੀ।

(ੳ) 1585 ਈ (ਅ) 1685 ਈ.

(ੲ) 1785 ਈ. (ਸ) 1885 ਈ

8. **ਨਗਰਾਂ ਤੇ ਗੰਦੀਆਂ ਬਸਤੀਆਂ 'ਚ ਵਾਧਾ :** ਉਦਯੋਗਿਕ ਕ੍ਰਾਂਤੀ ਨਾਲ ਨਗਰਾਂ ਦੀ ਗਿਣਤੀ ਤੇ ਉਨ੍ਹਾਂ ਦੀ ਜਨਸੰਖਿਆ ਵਧੀ। ਬਹੁਤ ਸਾਰੇ ਨਵੇਂ ਤੇ ਵੱਡੇ ਨਗਰ ਵਸੇ ਤੇ ਬਹੁਤ ਸਾਰੇ ਪੁਰਾਣੇ ਨਗਰ ਤੇ ਪਿੰਡ ਲਗਭਗ ਉੱਜੜ ਗਏ। ਇਹ ਨਗਰ ਅਜਿਹੇ ਥਾਵਾਂ 'ਤੇ ਵਸੇ, ਜਿੱਥੇ ਕਾਰਖਾਨੇ ਖੋਲ੍ਹਣ ਦੀ ਸਹੂਲਤਾਂ ਸਨ। ਬਿਨਾਂ ਕਿਸੇ ਯੋਜਨਾ ਦੇ ਨਗਰ ਵਸਤੇ ਤੇ ਵਧਦੇ ਚਲੇ ਗਏ। ਕਾਰਖਾਨਿਆਂ ਦੇ ਆਸਪਾਸ ਗੰਦੀਆਂ ਬਸਤੀਆਂ (Slums) ਵਸਣ ਲੱਗੀਆਂ। ਇੰਗਲੈਂਡ ਦੀਆਂ ਲਗਭਗ 80 ਫੀਸਦੀ ਜਨਤਾ ਅਜਿਹੇ ਹੀ ਗੰਦੇ ਨਗਰਾਂ 'ਚ ਨਿਵਾਸ ਕਰਨ ਲੱਗੀਆਂ।

9. **ਕਾਰਖਾਨਿਆਂ ਤੇ ਉਨ੍ਹਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸਥਿਤੀ-** ਖਾਨਾਂ ਦੇ ਨੇੜੇ ਅਨੇਕਾਂ ਕਾਰਖਾਨੇ ਖੁੱਲ੍ਹ ਗਏ। ਬਹੁਤ ਸਾਰੇ ਕਿਸਾਨ ਆਪਣੀ ਖੇਤੀ ਛੱਡ ਕੇ ਕਾਰਖਾਨਿਆਂ 'ਚ ਕੰਮ ਕਰਨ ਲਈ ਨਗਰਾਂ 'ਚ ਆ ਗਏ। ਬਰਮਿੰਘਮ, ਮਾਨਚੇਸਟਰ ਤੇ ਸ਼ੈਫ਼ ਫੀਲਡ ਵਰਗੇ ਵੱਡੇ-ਵੱਡੇ ਉਦਯੋਗਿਕ ਨਗਰ ਵਸ ਗਏ। ਇਨ੍ਹਾਂ ਨਗਰਾਂ 'ਚ ਕਾਰਖਾਨਿਆਂ 'ਚ ਸਫ਼ਾਈ, ਰੌਸ਼ਨੀ, ਮਜ਼ਦੂਰਾਂ ਦੀ ਸੁਰੱਖਿਆ ਤੇ ਡਾਕਟਰੀ ਆਦਿ ਦੀ ਕੋਈ ਵਿਵਸਥਾ ਨਹੀਂ ਸੀ। ਮਜ਼ਦੂਰਾਂ ਨੂੰ ਦਿਨ 'ਚ 14 ਘੰਟੇ ਤੇ ਕਦੇ-ਕਦੇ ਰਾਤ ਦਿਨ ਵੀ ਕੰਮ ਕਰਨਾ ਪਿਆ ਸੀ। ਸਭ ਤੋਂ ਵੱਡੀ ਬੁਰਾਈ ਇਹ ਸੀ ਕਿ ਇਨ੍ਹਾਂ ਕਾਰਖਾਨਿਆਂ ਦੇ ਮਾਲਕ ਛੋਟੇ-ਛੋਟੇ ਬੱਚਿਆਂ ਤੇ ਇਸਤਰੀਆਂ ਨੂੰ ਵੀ ਕੰਮ 'ਤੇ ਲਾ ਲੈਂਦੇ ਸਨ।

ਨਵੇਂ ਉਦਯੋਗਿਕ ਨਗਰਾਂ ਦੇ ਕਾਰਖਾਨਿਆਂ 'ਚ ਕੰਮ ਕਰਨ ਵਾਲੇ ਮਜ਼ਦੂਰ ਆਪਣੇ ਕਾਰਖਾਨਿਆਂ ਦੇ ਆਸਪਾਸ ਗੰਦੇ, ਹਨ੍ਹੇਰੇ, ਤੇ ਗੰਦੇ ਮਕਾਨਾਂ 'ਚ ਰਹਿੰਦੇ ਸਨ।

10. **ਕਿਰਤ ਵੰਡ :** ਉਦਯੋਗਾਂ 'ਚ ਕਾਰਖਾਨਾ ਪ੍ਰਣਾਲੀ ਸ਼ੁਰੂ ਹੋਣ ਦੇ ਸਿੱਟੇ ਵਜੋਂ ਮਜ਼ਦੂਰਾਂ ਨੂੰ ਮਸ਼ੀਨਾਂ 'ਤੇ ਜਾਂ ਇੱਕ ਹੀ ਕੰਮ ਰੋਜ਼ਾਨਾ ਕਰਨਾ ਪੈਂਦਾ ਸੀ। ਇਸ ਤਰ੍ਹਾਂ ਉਹ ਆਪਣੇ ਕੰਮ 'ਚ ਵੱਧ ਮਾਹਰ ਹੋ ਗਏ। ਹਰ ਮਜ਼ਦੂਰ ਇੱਕ ਵਿਸ਼ੇਸ਼ ਤਰ੍ਹਾਂ ਦੇ ਕੰਮ 'ਚ ਮਾਹਿਰ ਹੋਣ ਲੱਗਿਆ ਤੇ ਉਸ ਤੋਂ ਉਹੀ ਕੰਮ ਲਿਆ ਜਾਣ ਲੱਗਿਆ। ਇਹੀ ਕੰਮ ਦੀ ਵੰਡ ਕਿਰਤ-ਵੰਡ ਕਹਾਉਂਦੀ ਹੈ। ਕਿਰਤ ਵੰਡ ਨਾਲ ਕੰਮ ਚੰਗਾ ਹੋਣ ਲੱਗਿਆ।

11. **ਨਵੇਂ ਸਮਰਾਜਵਾਦ ਦਾ ਉਦੈ :** ਯੂਰਪ ਦੇ ਉਦਯੋਗਿਕ ਦੇਸ਼ਾਂ ਨੇ ਆਪਣੇ ਦੇਸ਼ 'ਚ ਬਣੇ ਮਾਲ ਨੂੰ ਵੇਚਣ ਦੇ ਵਿਸ਼ਵ ਦੇ ਲਈ ਅਨੇਕ ਦੇਸ਼ਾਂ 'ਤੇ ਵਪਾਰ ਪ੍ਰਭੂਤਵ ਸਥਾਪਿਤ ਕਰਨ ਦਾ ਯਤਨ ਸ਼ੁਰੂ ਹੋ ਗਿਆ। ਇਸ ਵਪਾਰਕ ਮੁਕਾਬਲੇ ਦੇ ਕਾਰਨ ਇਨ੍ਹਾਂ ਦੇਸ਼ਾਂ ਨੇ ਆਪਣੀਆਂ ਵਪਾਰਕ ਕੰਪਨੀਆਂ ਖੋਲ੍ਹੀਆਂ ਤੇ ਇਨ੍ਹਾਂ ਕੰਪਨੀਆਂ ਦੇ ਉਦੇਸ਼ਾਂ ਦੇ ਕਾਰਨ ਅਨੇਕਾਂ ਸੰਘਰਸ਼ ਹੋਏ। ਵਪਾਰਕ ਕੰਪਨੀਆਂ ਵੱਲੋਂ ਆਪਣੇ ਪ੍ਰਭਾਵ ਖੇਤਰ ਨੂੰ ਵਧਾਉਣ ਦੇ ਯਤਨ ਨੂੰ ਵਪਾਰਕ ਸਾਮਰਾਜਵਾਦ ਕਿਹਾ ਜਾਂਦਾ ਹੈ। ਵਪਾਰਕ ਸਾਮਰਾਜਵਾਦ ਨੇ ਸੋਸ਼ਣ ਤੇ ਯੁੱਧਾਂ ਨੂੰ ਜਨਮ ਦਿੱਤਾ।

12. **ਖੁੱਲ੍ਹੀ ਪ੍ਰਤੀਯੋਗਤਾ ਦਾ ਸਿਧਾਂਤ (Laissez-faire) ਅਤੇ ਜਨਤਾ ਦੀ ਦੁਰਦਸ਼ਾ** -ਇਸ ਸਮੇਂ ਐਡਮ ਸਮਿੱਥ (Adam Smith) ਦੇ ਖੁੱਲ੍ਹੇ ਪ੍ਰਤੀਯੋਗਤਾ ਦੇ ਸਿਧਾਂਤ (Laissez faire) ਨੂੰ ਠੀਕ ਮੰਨਿਆ ਜਾਂਦਾ ਸੀ। ਇਸ ਸਿਧਾਂਤ ਦਾ ਅਰਥ ਇਹ ਸੀ ਕਿ ਕਾਰਖਾਨਿਆਂ ਦਾ ਮਾਲਕ ਜਾਂ ਪੂੰਜੀਪਤੀ ਮਜ਼ਦੂਰ ਉਸ ਤੋਂ ਉਸ ਦੀ ਮਜ਼ਦੂਰੀ ਖ਼ਰੀਦਦਾ ਹੈ ਤੇ ਦੋਵਾਂ ਦਰਮਿਆਨ 'ਚ ਜੋ ਭਾਵ ਤੈਅ ਹੋ ਜਾਣ ਉਹੀ ਠੀਕ ਹੈ। ਪੂੰਜੀਪਤੀ 'ਤੇ ਮਜ਼ਦੂਰ ਦੀ ਸਿਹਤ, ਰਹਿਣ-ਸਹਿਣ, ਸਿੱਖਿਆ,

**ਨੋਟ**

ਮਨੋਰੰਜਨ ਆਦਿ ਦਾ ਕੋਈ ਭਾਰ ਜਾਂ ਜਿੰਮੇਵਾਰੀ ਨਹੀਂ ਹੋਣੀ ਚਾਹੀਦੀ। ਕਾਰਖਾਨਿਆਂ 'ਚ ਮਸ਼ੀਨ ਨਾਲ ਕਿਸੇ ਮਜ਼ਦੂਰ ਦੇ ਜ਼ਖਮੀ ਹੋ ਜਾਣ ਦੀ ਦਸ਼ਾ 'ਚ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਮਿਲਦਾ ਸੀ ਤੇ ਨਾ ਉਨ੍ਹਾਂ ਨੂੰ ਮਜ਼ਦੂਰੀ ਸਮੇਤ ਕਦੇ ਕੋਈ ਛੁੱਟੀ ਜਾਂ ਬੁਢਾਪੇ 'ਚ ਪੈਨਸ਼ਨ ਆਦਿ ਦਿੱਤੀ ਜਾਂਦੀ ਸੀ। ਉਨ੍ਹਾਂ ਦੀ ਡਾਕਟਰੀ ਤੇ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਦਾ ਮਿੱਲ ਮਾਲਕਾਂ ਵੱਲੋਂ ਕੋਈ ਸਹੀ ਪ੍ਰਬੰਧ ਨਹੀਂ ਸੀ।

ਇਹ ਸਿਧਾਂਤ ਜਿੰਨਾ ਸਖ਼ਤ ਹੈ, ਓਨਾ ਹੀ ਸਖ਼ਤੀ ਨਾਲ ਲਾਗੂ ਕੀਤਾ ਗਿਆ। ਖੇਤੀ ਦੀ ਤਰੱਕੀ ਹੋ ਜਾਣ ਨਾਲ ਇੰਗਲੈਂਡ 'ਚ ਇਸ ਸਮੇਂ ਸਸਤੇ ਮਜ਼ਦੂਰ ਮਿਲਦੇ ਸਨ। ਬੇਰੁਜ਼ਗਾਰੀ ਦੀ ਸਮੱਸਿਆ ਵਧਦੀ ਜਾ ਰਹੀ ਸੀ ਤੇ ਪੇਂਡੂ ਉਦਯੋਗ ਨਸ਼ਟ ਹੋ ਰਹੇ ਸਨ। ਮਜ਼ਦੂਰ ਆਪਣੀ ਮਜ਼ਦੂਰੀ ਲਈ ਵੱਧ ਸਖ਼ਤੀ ਨਾਲ ਸੌਦਾ ਨਹੀਂ ਕਰ ਸਕਦਾ ਸੀ, ਕਿਉਂਕਿ ਉਸ ਨੂੰ ਬੇਰੁਜ਼ਗਾਰੀ ਤੇ ਭੁੱਖ ਘੇਰੀ ਰੱਖਦੀ ਸੀ। ਇਨ੍ਹਾਂ ਕਾਰਨਾਂ ਨਾਲ ਪੂੰਜੀਪਤੀਆਂ ਨੂੰ ਸਸਤੇ ਮਜ਼ਦੂਰ ਸਰਲਤਾ ਨਾਲ ਮਿਲਦੇ ਸਨ ਜਿਨ੍ਹਾਂ ਤੋਂ ਉਹ ਚਾਹੇ ਜਿੰਨੀ ਦੇਰ ਤੱਕ ਕੰਮ ਲੈਂਦੇ ਸਨ। ਬੱਚਿਆਂ ਤੋਂ 14 ਘੰਟੇ ਰੋਜ਼ਾਨਾ ਤੱਕ ਵੀ ਕੰਮ ਲਿਆ ਜਾਂਦਾ ਸੀ। ਉਨ੍ਹਾਂ ਨੂੰ ਬੜੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸੀ ਤੇ ਉਨ੍ਹਾਂ ਦੀ ਸਿੱਖਿਆ, ਮਨੋਰੰਜਨ ਤੇ ਸਿਹਤ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ ਸੀ। ਔਰਤਾਂ ਨੂੰ ਮਜ਼ਦੂਰੀ ਵੀ ਘੱਟ ਦਿੱਤੀ ਜਾਂਦੀ ਸੀ ਤੇ ਉਨ੍ਹਾਂ ਦੇ ਸਿਹਤ ਦਾ ਖ਼ਿਆਲ ਕੀਤੇ ਬਿਨਾਂ ਕੰਮ ਕਰਵਾਇਆ ਜਾਂਦਾ ਸੀ। ਕੋਲ਼ੇ ਦੀਆਂ ਖਾਨਾਂ 'ਚ ਤਾਂ ਮਜ਼ਦੂਰ ਦਿਨ-ਰਾਤ ਕੰਮ ਕਰਦੇ ਰਹਿੰਦੇ ਸਨ।

ਟਾਸਕ 1769 'ਚ ਆਰਕਰਾਈਟ ਨੇ ਇੱਕ ਮਸ਼ੀਨ ਬਣਾਈ ਸੀ, ਉਸ ਨੂੰ ਕੀ ਕਹਿੰਦੇ ਸਨ?

ਜ਼ਿਆਦਾਤਰ ਪਿੰਡਾਂ ਵਾਲੇ ਕਾਰਖਾਨਿਆਂ 'ਚ ਕੰਮ ਕਰਨ ਆਉਂਦੇ ਸਨ ਤੇ ਉਹ ਕਾਰਖਾਨਿਆਂ ਦੇ ਨੇੜੇ ਹੀ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਜ਼ਿੰਦਗੀ 'ਚ ਹੁਣ ਖੁੱਲ੍ਹੀ ਹਵਾ ਤੇ ਸਫ਼ਾਈ ਨਾ ਰਹੀ ਤੇ ਉਹ ਗੰਦੇ ਘਰਾਂ ਤੇ ਕਾਰਖਾਨਿਆਂ ਦੇ ਧੂੰਏ ਨਾਲ ਭਰੇ ਮੁਹੱਲਿਆਂ 'ਚ ਰਹਿੰਦੇ ਸਨ। ਇਸ ਕਾਰਨ ਮਜ਼ਦੂਰਾਂ ਦੀ ਸਿਹਤ ਖ਼ਰਾਬ ਹੋ ਗਈ।

13. **ਸਮਾਜ ਦੀ ਦੋ ਵਰਗਾਂ 'ਚ ਵੰਡ**–ਖੁੱਲ੍ਹੇ ਮੁਕਾਬਲੇ ਦਾ ਸਿਧਾਂਤ ਲਾਗੂ ਹੋਣ ਨਾਲ ਗਰੀਬ ਲੋਕ ਹੋਰ ਵੀ ਗਰੀਬ ਹੁੰਦੇ ਗਏ ਤੇ ਧਨੀ ਪੂੰਜੀਪਤੀ ਹੋਰ ਵੀ ਧਨਾਢ ਬਣਦੇ ਗਏ। ਸਮਾਜ ਦੋ ਵਰਗਾਂ 'ਚ ਵੰਡਦਾ ਗਿਆ ਤੇ ਦੋਵੇਂ ਵਰਗ ਇੱਕ-ਦੂਜੇ ਤੋਂ ਵੱਖ ਹੁੰਦੇ ਗਏ। ਵਪਾਰ ਤੇ ਉਦਯੋਗ ਦੇ ਖੇਤਰਾਂ 'ਚ ਜੋ ਨਵੇਂ ਧਨਾਢ ਬਣੇ, ਉਹ ਛੇਤੀ ਹੀ ਪੁਰਾਣੇ ਭੂਮੀਪਤੀਆਂ ਦੇ ਵਾਂਗ ਹੋ ਗਏ।

14. **ਨਵੇਂ ਸਿਧਾਂਤਾਂ ਦੀ ਉਤਪੱਤੀ**– ਇਸ ਤਰ੍ਹਾਂ ਦੋ ਵਰਗਾਂ ਪੂੰਜੀਪਤੀ ਵਰਗ ਤੇ ਮਜ਼ਦੂਰ ਵਰਗ 'ਚ ਸੰਘਰਸ਼ ਹੋਣ ਲੱਗਿਆ। ਸਰਕਾਰ ਖੁੱਲ੍ਹੇ ਮੁਕਾਬਲੇ ਦੇ ਸਿਧਾਂਤ ਨੂੰ ਮੰਨਦੀ ਸੀ। ਇਸ ਲਈ ਜਦੋਂ ਮਜ਼ਦੂਰਾਂ ਨੇ ਮਜ਼ਦੂਰ ਸੰਘ (Trade Unions) ਬਣਾ ਕੇ ਆਪਣੀ ਦਸ਼ਾ ਸੁਧਾਰਨ ਦਾ ਯਤਨ ਕੀਤਾ ਤਾਂ ਸਰਕਾਰ ਨੇ ਵੀ ਮਜ਼ਦੂਰਾਂ ਨੂੰ ਹੀ ਦਬਾਇਆ। ਪਰ ਅਨੇਕਾਂ ਵਿਦਵਾਨਾਂ ਨੇ ਐਡਮ ਸਮਿੱਥ ਦੇ ਇਸ ਸਿਧਾਂਤ ਦਾ ਵਿਰੋਧ ਕੀਤਾ ਤੇ ਇੱਕ ਨਵਾਂ ਸਿਧਾਂਤ ਬਣਿਆ ਜਿਸ ਨੂੰ ਸਮਾਜਵਾਦ (Socialism) ਕਹਿੰਦੇ ਹਨ।

ਸਮਾਜਵਾਦ ਦਾ ਕਿਰਿਆਤਮਕ ਰੂਪ ਰਾਬਰਟ ਓਵਨ (Robert owen) ਨਾਮੀ ਇੱਕ ਮਿੱਲ-ਮਾਲਕ ਨੇ ਇੰਗਲੈਂਡ 'ਚ ਪੇਸ਼ ਕੀਤਾ। ਉਸ ਨੇ ਮਜ਼ਦੂਰਾਂ ਦੇ ਹਿੱਤ ਨੂੰ ਧਿਆਨ 'ਚ ਰੱਖਦਿਆਂ ਆਪਣੀਆਂ ਮਿੱਲਾਂ ਨੂੰ ਚਲਾਇਆ ਤੇ ਉਸ ਦੇ ਇਸ ਪ੍ਰਯੋਗ ਨਾਲ ਇਹ ਪਤਾ ਲੱਗਿਆ ਕਿ ਉਸ ਦੇ ਕਾਰਖਾਨਿਆਂ 'ਚ ਹੋਰ ਕਾਰਖਾਨਿਆਂ ਨਾਲੋਂ ਉਤਪਾਦਨ ਵਧੇਰੇ ਹੁੰਦਾ ਸੀ।

15. **ਕਾਰਖਾਨਾ ਐਕਟ, ਮਜ਼ਦੂਰ ਯੂਨੀਅਨ ਤੇ ਸਮਾਜਵਾਦ ਦਾ ਪ੍ਰਭਾਵ**–ਮਜ਼ਦੂਰਾਂ ਦੀ ਤਨਖ਼ਾਹ, ਉਸ ਦੇ ਕੰਮ ਦੀ ਅਵਸਥਾ ਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਲਈ 19ਵੀਂ ਤੇ 20ਵੀਂ ਸ਼ਤਾਬਦੀ 'ਚ ਕਈ ਕਾਨੂੰਨ ਬਣੇ, ਮਜ਼ਦੂਰ ਸੰਘਾਂ ਦਾ ਸੰਗਠਨ ਕੀਤਾ ਗਿਆ ਤੇ ਸਮਾਜਵਾਦੀ ਵਿਚਾਰਧਾਰਾ ਨੂੰ ਸ਼ਕਤੀਸ਼ਾਲੀ ਬਣਾਇਆ ਗਿਆ। ਕਾਰਖਾਨਾ ਐਕਟ ਬਣਾ ਕੇ ਮਜ਼ਦੂਰਾਂ ਦੇ ਕੰਮ ਦੇ ਘੰਟੇ ਵੀ ਤੈਅ ਕਰ ਦਿੱਤੇ ਗਏ। ਮਜ਼ਦੂਰ ਯੂਨੀਅਨ ਅੰਦੋਲਨ ਸ਼ਕਤੀਸ਼ਾਲੀ ਬਣਿਆ ਤੇ ਮਜ਼ਦੂਰਾਂ ਦੇ ਹਿੱਤਾਂ ਲਈ ਇਸ ਨੂੰ ਮਾਲਕਾਂ ਤੋਂ ਸੌਦੇਬਾਜ਼ੀ ਕਰਨ ਦਾ ਹੱਕ ਦਿੱਤਾ ਗਿਆ। ਸਮਾਜਵਾਦ ਦੀ ਭਾਵਨਾ ਦੇ ਵਿਕਾਸ ਨਾਲ ਇੱਕ ਨਵੀਂ ਧਾਰਨਾ ਦਾ ਵਿਕਾਸ ਹੋਇਆ। ਸਮਾਜਵਾਦੀਆਂ ਦਾ ਕਹਿਣਾ ਸੀ ਕਿ ਉਤਪਦਾਨ ਦੇ ਸਾਰੇ ਸਾਧਨਾਂ ਅਰਥਾਤ ਕਾਰਖਾਨਿਆਂ, ਬੈਂਕਾਂ, ਵਪਾਰ ਤੇ ਜ਼ਮੀਨ ਆਦਿ 'ਤੇ ਸਮਾਜ ਦਾ ਕਬਜ਼ਾ ਹੋਵੇ, ਪੂੰਜੀਪਤੀਆਂ ਦਾ ਨਹੀਂ। ਇਨ੍ਹਾਂ ਤੋਂ ਹੋਣ ਵਾਲੀ ਆਮਦਨ ਪੂੰਜੀਪਤੀਆਂ ਦੀ ਜੇਬ੍ਹ 'ਚ ਨਾ ਜਾਵੇ ਸਗੋਂ ਸਾਰੇ ਸਮਾਜ ਦੇ ਕਲਿਆਣ ਲਈ ਖ਼ਰਚ ਹੋਵੇ। ਮਜ਼ਦੂਰਾਂ ਤੇ ਕਰਮਚਾਰੀਆਂ ਨੂੰ ਚੰਗੀ ਤਨਖ਼ਾਹ ਦਿੱਤੀ ਜਾਵੇ ਤੇ ਉਨ੍ਹਾਂ ਲਈ ਸਿੱਖਿਆ, ਮਕਾਨ, ਸਿਹਤਮੰਦ ਆਦਿ ਦੇ ਕਲਿਆਣਕਾਰੀ ਕੰਮ ਕੀਤੇ ਜਾਣ।

ਸਮਾਜਵਾਦੀ ਵਿਚਾਰਧਾਰਾ ਦੇ ਵਿਕਾਸ 'ਚ ਕਾਰਲ ਮਾਰਕਸ, ਏਂਜਿਲ ਤੇ ਲੇਨਿਨ ਦੇ ਨਾਂਅ ਬੜੇ ਮਸ਼ਹੂਰ ਹਨ।

16. **ਪਾਰਲੀਮੈਂਟ ਦੇ ਪ੍ਰਤੀਨਿਧਤਵ 'ਚ ਸੁਧਾਰ ਦੀ ਸ਼ੁਰੂਆਤ** : ਉਦਯੋਗਿਕ ਕ੍ਰਾਂਤੀ ਨਾਲ ਕਾਰਖਾਨਿਆਂ ਦੇ ਕੋਲ ਵੱਡੇ-ਵੱਡੇ ਨਗਰ ਖੜੇ ਹੋ ਗਏ ਤੇ ਜਨਸੰਖਿਆ ਦੀ ਅਦਲ-ਬਦਲ (Shift of population) ਹੋਈ। ਜਨਸੰਖਿਆ ਘਟ ਹੋ ਗਈ ਤੇ ਕਿਤੇ ਵਧ ਗਈ। ਇਨ੍ਹਾਂ ਪਰਿਵਰਤਨਾਂ ਦਾ ਸਿੱਟਾ ਇਹ ਹੋਇਆ ਕਿ ਅਨੇਕਾਂ ਅਜਿਹੇ ਛੋਟੇ ਨਗਰਾਂ ਤੇ ਪਿੰਡਾਂ ਦੇ ਮੈਂਬਰ ਪਾਰਲੀਮੈਂਟ 'ਚ ਬੈਠਦੇ ਰਹੇ ਜਿਨ੍ਹਾਂ ਦੀ ਜਨਸੰਖਿਆ ਬਹੁਤ ਘੱਟ ਹੋ ਗਈ ਸੀ ਜਾਂ ਬਿਲਕੁਲ ਨਿਰਜਨ ਹੋ ਗਏ ਸਨ

ਨੋਟ

ਤੇ ਕਾਰਖਾਨਿਆਂ ਦੇ ਆਸਪਾਸ ਵਸੇ ਤੇ ਨਵੇਂ ਉਦਯੋਗਿਕ ਨਗਰਾਂ 'ਚ ਬਲਕਿ ਬਹੁਤ ਕਾਫ਼ੀ ਜਨਸੰਖਿਆ ਸੀ ਪਰ ਪਾਰਲੀਮੈਂਟ 'ਚ ਉਨ੍ਹਾਂ ਦਾ ਕੋਈ ਪ੍ਰਤੀਨਿਧਤਵ ਨਹੀਂ ਸੀ।

ਪਾਰਲੀਮੈਂਟ ਭੂਮੀਪਤੀਆਂ ਤੇ ਕਿਸਾਨਾਂ ਦੇ ਪ੍ਰਤੀਨਿਧੀਆਂ ਦੀ ਸਭਾ ਸੀ। ਲਾਰਡਜ ਵੱਡੇ ਭੂਮੀਗਤ ਹੋਣ ਦੇ ਕਾਰਨ ਹੀ ਪਾਰਲੀਮੈਂਟ ਦੇ ਵੱਡੇ ਸਦਨ ਦੇ ਮੈਂਬਰ ਹੁੰਦੇ ਸਨ। ਉਦਯੋਗੀਕਰਨ ਨੇ ਦੋ ਨਵੇਂ ਵਰਗ ਪੈਦਾ ਕੀਤੇ ਪੂੰਜੀਪਤੀ ਤੇ ਮਜ਼ਦੂਰ। ਇਸ ਦੇ ਪ੍ਰਤੀਨਿਧਤੱਵ ਲਈ ਪਾਰਲੀਮੈਂਟ 'ਚ ਸੁਧਾਰ ਹੋਣੇ ਲਾਜ਼ਮੀ ਸਨ।

ਅਸਲ 'ਚ, ਇਸ ਕ੍ਰਾਂਤੀ ਨਾਲ ਜੀਵਨ ਦੇ ਹਰ ਇੱਕ ਖੇਤਰ 'ਚ ਵੱਡੀਆਂ-ਵੱਡੀਆਂ ਸਮੱਸਿਆਵਾਂ ਖੜੀਆਂ ਹੋ ਗਈਆਂ। ਇਸ ਤਰ੍ਹਾਂ ਜੋ ਸਮੱਸਿਆਵਾਂ ਪੈਦਾ ਹੋਈਆਂ ਉਨ੍ਹਾਂ ਨੂੰ ਅਗਲੀ ਸ਼ਤਾਬਦੀ 'ਚ ਹੱਲ ਕਰਨ ਦੇ ਭਾਰੀ ਯਤਨ ਕੀਤੇ ਗਏ।

## 14.4 ਸਾਰਾਂਸ਼ (Summary)

1769 ਈ. 'ਚ ਜੇਮਸਵਾਟ ਨੇ ਭਾਫ਼ ਨਾਲ ਚੱਲਣ ਵਾਲਾ ਇੰਜਣ ਬਣਾਇਆ। ਇਸ ਇੰਜਣ 'ਚ ਕੋਲ਼ਾ ਬਾਲ਼ ਕੇ ਭਾਫ਼ ਤਿਆਰ ਕੀਤੀ ਜਾਂਦੀ ਸੀ। ਇਨ੍ਹਾਂ ਸਾਰਿਆਂ ਕੰਮਾਂ ਦੇ ਕਾਰਨ ਕੋਲ਼ੇ ਦੀ ਲੋੜ ਬਹੁਤ ਵਧ ਗਈ। ਇਸ ਲਈ ਕੋਲ਼ੇ ਦੀਆਂ ਖਾਨਾਂ 'ਚ ਕੋਲ਼ਾ ਕੱਢਣ ਦਾ ਕੰਮ ਵੀ ਵੱਡੇ ਪੈਮਾਨੇ 'ਤੇ ਸ਼ੁਰੂ ਹੋ ਗਿਆ।

## 14.5 ਸ਼ਬਦਕੋਸ਼ (Keywords)

1. **ਸਵੈਚਲਿਤ (Automatic)**– ਆਪਣੇ ਆਪ ਚੱਲਣ ਵਾਲੀ।
2. **ਗੰਦਗੀ (Impurity)**– ਅਸ਼ੁੱਧੀ।

## 14.6 ਅਭਿਆਸ ਪ੍ਰਸ਼ਨ (Review Questions)

1. ਉਦਯੋਗਿਕ ਕ੍ਰਾਂਤੀ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ।
2. ਕੋਲ਼ਾ ਤੇ ਲੋਹਾ ਉਦਯੋਗ 'ਚ ਉਦਯੋਗਿਕ ਕ੍ਰਾਂਤੀ ਦਾ ਵਰਨਣ ਕਰੋ।
3. ਭਾਫ਼ ਦਾ ਇੰਜਣ ਕਿਸ ਨੇ ਤੇ ਕਦੋਂ ਬਣਾਇਆ ?
4. ਆਵਾਜਾਈ ਦੇ ਸਾਧਨਾਂ 'ਚ ਉਦਯੋਗਿਕ ਕ੍ਰਾਂਤੀ ਦਾ ਵਰਨਣ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. ਫਲਾਇੰਗ ਸ਼ਟਲ
2. ਕ੍ਰੌਂਮਪਟਨ
3. ਕੱਪੜਾ ਉਦਯੋਗ
4. (ੳ) 18ਵੀਂ ਸ਼ਤਾਬਦੀ
5. (ਅ) 70 ਲੱਖ
6. (ੲ) 1785 ਈ.

## 14.7 ਸੰਦਰਭ ਪੁਸਤਕਾਂ (Further Readings)

ਬੁਕਸ

1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ – ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-15: ਜਿੱਤ ਅਤੇ ਵਿਨਿਯੋਗ (Conquest and Appropriation)

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
15.1 ਪਹਿਲੇ ਵਿਸ਼ਵ ਯੁੱਧ ਦੇ ਮੁੱਖ ਕਾਰਨ (Prominent Causes First World War)
15.2 ਤੱਤਕਾਲੀਨ ਕਾਰਨ (Contemporary Causes)
15.3 ਪਹਿਲੇ ਵਿਸ਼ਵ ਯੁੱਧ (ਮਹਾਂਯੁੱਧ) ਦੇ ਪਰਿਨਾਮ (Effect of First World War)
15.4 ਸਾਰਾਂਸ਼ (Summary)
15.5 ਸ਼ਬਦਕੋਸ਼ (Keywords)
15.6 ਅਭਿਆਸ ਪ੍ਰਸ਼ਨ (Review Questions)
15.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਪਹਿਲੇ ਵਿਸ਼ਵ ਯੁੱਧ ਦੇ ਕਾਰਨ ਜਾਣਨ 'ਚ।
- ਰਾਜਨੀਤਿਵਾਨਾਂ ਦੀਆਂ ਨੀਤੀਆਂ ਸਮਝਣ 'ਚ।
- ਪਹਿਲੇ ਵਿਸ਼ਵਯੁੱਧ ਦੇ ਸਿੱਟੇ ਜਾਣਨ 'ਚ।

## ਪ੍ਰਸਤਾਵਨਾ (Introduction)

ਜ਼ਿਆਦਾਤ ਇਤਿਹਾਸਕਾਰ ਪਹਿਲੇ ਮਹਾਂਯੁੱਧ ਦੇ ਦੀਰਘਕਾਲਿਕ ਤੇ ਤੱਤਕਾਲੀਨ ਕਾਰਨਾਂ ਨੂੰ ਵੱਖਰਾ ਕਰਦੇ ਹਨ। ਅਜਿਹੇ ਅਨੇਕਾਂ ਦੀਰਘਕਾਲਿਕ ਕਾਰਨ ਸਨ ਜਿਨ੍ਹਾਂ ਦੇ ਸਿੱਟੇ ਵਜੋਂ ਯੂਰਪ 'ਚ ਤਣਾਅ ਦੀ ਸਥਿਤੀ ਪੈਦਾ ਹੋ ਗਈ ਸੀ, ਇਨ੍ਹਾਂ ਕਾਰਨਾਂ ਦੇ ਸਬੰਧ 'ਚ ਕਿਸੇ ਵੀ ਇੱਕ ਦੇਸ਼ ਅਤੇ ਵਰਗ ਨੂੰ ਅਰੋਪਿਤ ਨਹੀਂ ਕੀਤਾ ਜਾ ਸਕਦਾ ਸੀ। ਮੁੱਖ ਕਾਰਨ ਇਸ ਤਰ੍ਹਾਂ ਸਮਝੇ ਜਾ ਸਕਦੇ ਹਨ-

## 15.1 ਪਹਿਲੇ ਵਿਸ਼ਵ ਯੁੱਧ ਦੇ ਮੁੱਖ ਕਾਰਨ (Prominent Causes of First World War)

28 ਜੂਨ 1914 ਈ. ਨੂੰ ਪਿਸਤੌਲ ਤੋਂ ਛੁੱਟੀਆਂ ਦੋ ਗੋਲ਼ੀਆਂ ਨੇ ਕੁਝ ਹੀ ਹਫ਼ਤਿਆਂ 'ਚ ਪਹਿਲੇ ਵਿਸ਼ਵ ਯੁੱਧ ਦੀ ਗੱਡੀ ਨੂੰ ਧਧਕਾ ਦਿੱਤਾ। ਸਿੱਧੇ ਤੌਰ 'ਤੇ ਪਹਿਲੇ ਵਿਸ਼ਵਯੁੱਧ ਦਾ ਕਾਰਨ ਬੋਸਨੀਆ ਦੇ ਇੱਕ ਵਿਦਿਆਰਥੀ ਵੱਲੋਂ ਆਸਟਰੀਆ ਦੇ ਰਾਜਕੁਮਾਰ ਆਰਕਡਿਉਕ ਫਰਾਂਸਿਸ ਫਰਡੀਨੇਂਡ ਤੇ ਉਸ ਦੀ ਪਤਨੀ ਸੋਫ਼ੀਆ ਦਾ ਕਤਲ ਸੀ, ਪਰ ਉਹ ਕਤਲ ਉਸ ਮਾਚਿਸ ਦੀ ਤੀਲੀ ਦੇ ਬਰਾਬਰ ਸੀ ਜਿਸ ਨੇ ਅੱਗ ਭੜਕਾਉਣ ਦਾ ਤੱਤਕਾਲੀਨ ਕੰਮ ਕੀਤਾ ਜਦੋਂ ਕਿ ਧਮਾਕਾ ਸਮੱਗਰੀ ਦਾ ਉਹ ਢੇਰ ਜਿਸ 'ਚ ਅੱਗ ਲੱਗੀ, ਇੱਕ ਸ਼ਤਾਬਦੀ ਤੋਂ ਹੌਲੀ-ਹੌਲੀ ਇਕੱਠਾ ਹੋ ਰਿਹਾ ਸੀ। ਆਖ਼ਰ ਵਿਸ਼ਵ ਯੁੱਧ ਦੇ ਤੱਤਕਾਲੀਨ ਕਾਰਨ ਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਨੂੰ ਸਮਝਣ ਲਈ ਉਸ ਦੇ ਮੂਲ ਕਾਰਨਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੈ। ਇਨ੍ਹਾਂ ਮੂਲ ਕਾਰਨਾਂ 'ਚ ਮੁੱਖ ਸਨ- ਰਾਸ਼ਟਰੀਅਤਾ, ਆਰਥਿਕ ਸਮਰਾਜਵਾਦ ਤੇ ਗੁੱਟਬੰਦੀ। ਇਨ੍ਹਾਂ ਮੁੱਖ ਕਾਰਨਾਂ ਤੋਂ ਇਲਾਵਾ ਫੌਜਵਾਦ, ਜਰਮਨੀ ਦੇ ਸਮਰਾਟ ਕੈਸਰ ਵਿਲੀਅਮ ਦੂਜੇ ਦੇ ਚਰਿੱਤਰ, ਅਖ਼ਬਾਰ, ਗੁਪਤ ਰਾਜਨਯ ਤੇ ਅੰਤਰਰਾਸ਼ਟਰੀ ਕਾਨੂੰਨ ਨੂੰ ਲਾਗੂ ਕਰਨ ਵਾਲੇ ਸੰਗਠਨ ਦੀ ਕਮੀ ਆਦਿ ਨੂੰ ਵੀ ਪਹਿਲੇ ਵਿਸ਼ਵ ਯੁੱਧ ਦੇ ਮੂਲ ਕਾਰਨਾਂ 'ਚ ਮੰਨਿਆ ਜਾਂਦਾ ਹੈ।

ਨੋਟ

1. **ਰਾਸ਼ਟਰੀਅਤਾ**–1789 ਦੀ ਫਰਾਂਸੀਸੀ ਰਾਜ ਕ੍ਰਾਂਤੀ ਤੋਂ ਬਾਅਦ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਬੰਧਾਂ ਦਾ ਸਭ ਤੋਂ ਮਹੱਤਵਪੂਰਨ ਨਿਰਧਾਰਕ ਤੱਤ ਬਣ ਗਿਆ। ਇਸ ਤੱਕ ਨੇ ਇੱਕ ਮਹਾਨ ਏਕਤਾਕਾਰੀ ਸ਼ਕਤੀ ਦੇ ਰੂਪ 'ਚ ਕੰਮ ਕਰਕੇ ਮਹਾਨ ਰਾਸ਼ਟਰਾਂ ਦੀ ਸਥਾਪਨਾ 'ਚ ਯੋਗਦਾਨ ਦਿੱਤਾ ਪਰ ਨਾਲ ਹੀ ਇਹ ਸਾਮਰਾਜਾਂ ਦੇ ਖਿੰਡਣ, ਰਾਸ਼ਟਰੀ, ਮੁਕਤੀ ਯੁੱਧਾਂ ਤੇ ਪਹਿਲੇ ਵਿਸ਼ਵ ਯੁੱਧ ਦਾ ਮੁੱਖ ਕਾਰਨ ਵੀ ਸਿੱਧ ਹੋਇਆ। ਰਾਸ਼ਟਰੀਅਤ ਦੀ ਅੱਤ ਤੇ ਅਣਦੇਖੀ ਦੋਵੇਂ ਹੀ ਯੁੱਧ ਦੀ ਵਿਸਫੋਟਕ ਸਮੱਗਰੀ ਦੇ ਜਮ੍ਹਾ ਹੋਣ ਕਾਰਨ ਰਹੇ ਹਨ। ਰਾਸ਼ਟਰੀ ਭਾਵਨਾ ਦੀ ਉਗਰਤਾ ਦੇ ਕਾਰਨ ਵਿਸ਼ਵ ਦੀਆਂ ਵੱਖ–ਵੱਖ ਰਾਸ਼ਟਰੀਅਤਾਵਾਂ ਦੇ ਲੋਕਾਂ 'ਚ ਆਪਣੇ–ਆਪ ਨੂੰ ਵਿਸ਼ਵ ਦੀ ਸਰਵੋਤਮ ਜਾਤੀ ਮੰਨਣ ਦੀ ਪ੍ਰਵਿਰਤੀ ਪੈਦਾ ਹੋਈ। ਜਰਮਨ ਲੋਕਾਂ ਨੇ ਵਿਸ਼ੇਸ਼ ਤੌਰ 'ਤੇ ਆਰੀਅ ਜਾਤੀ ਦੀ ਸ੍ਰੇਸ਼ਠਤਾ ਦੇ ਸਿਧਾਂਤ ਦਾ ਪਾਲਣ ਕਰਕੇ ਆਪਣੇ ਆਪ ਨੂੰ ਵਿਸ਼ਵ ਦੀ ਸਰਵੋਤਮ ਜਾਤੀ ਤੇ ਹੋਰ ਜਾਤੀਆਂ ਦੇ ਸਾਸਕ ਹੋਣ ਦਾ ਅਧਿਕਾਰੀ ਕਹਿਣਾ ਸ਼ੁਰੂ ਕਰ ਦਿੱਤਾ। ਬ੍ਰਿਟੇਨ ਦਾ 'ਸ਼ਵੇਤ ਲੋਕਾਂ ਦੇ ਭਾਰ' ਦਾ ਸਿਧਾਂਤ, ਫਰਾਂਸੀਸੀ ਲੋਕਾਂ ਦਾ 'ਸੱਭਿਅਤਾ ਪ੍ਰਸਾਰ ਕਾਰਜ' ਦਾ ਸਿਧਾਂਤ ਵੀ ਜਰਮਨ ਉਗਰ ਰਾਸ਼ਟਰੀਅਤਾ ਦ੍ਰਿਸ਼ ਸਨ। ਇਸ ਤਰ੍ਹਾ ਦੀ ਉਗਰ ਰਾਸ਼ਟਰੀਅਤਾ ਦੀ ਭਾਵਨਾ ਦਾ ਪ੍ਰਦਰਸ਼ਨ ਹੋਰ ਰਾਸ਼ਟਰਾਂ ਨੇ ਵੀ ਕੀਤਾ। ਆਪਣੇ ਇਸ ਉਗਰਵਾਦੀ ਰੂਪ 'ਚ ਰਸ਼ਟਰੀਅਤਾ ਨੂੰ ਜਨਮ ਦਿੱਤਾ ਤੇ ਅੰਤਰ ਰਾਸ਼ਟਰੀ ਜਗਤ 'ਚ ਅਸ਼ਾਂਤੀ ਦਾ ਇੱਕ ਮੁੱਖ ਕਾਰਨ ਬਣ ਗਈ। ਰਾਸ਼ਟਰੀਅਤਾ ਦਾ ਅਰਥ ਸਿਰਫ ਆਪਣੇ ਦੇਸ਼ ਨਾਲ ਪ੍ਰੇਮ ਹੀ ਨਹੀਂ ਸਗੋਂ ਸਾਰੇ ਦੇਸ਼ਾਂ ਦੇ ਪ੍ਰਤੀ ਘਿਰਣਾ ਸਮਝਿਆ ਜਾਣ ਲੱਗਿਆ ਸੀ। ਰਾਸ਼ਟਰੀਅਤਾ ਦੇ ਸਿਧਾਂਤ ਨਾਲੋਂ ਪਹਿਲੇ ਵਿਸ਼ਵ ਯੁੱਧ ਦੇ ਮੂਲ ਕਾਰਣ ਦੇ ਰੂਪ 'ਚ ਉਸ ਦੀ ਅੱਤ ਤੋਂ ਵੀ ਵੱਧ ਮਹੱਤਵਪੂਰਨ ਹੈ। 1815 'ਚ ਵਿਆਨਾ ਸੰਮੇਲਨ ਦੀਆਂ ਵਿਵਸਥਾਵਾਂ 'ਚ ਪਹਿਲੇ ਵਿਸ਼ਵ ਯੁੱਧ ਦੇ ਬੀਜ ਸ਼ਾਮਲ ਸਨ। ਇਸ ਸੰਮੇਲਨ 'ਚ ਰਾਜਨੀਤੀਵਾਨਾਂ ਨੇ ਲੋਕਤੰਤਰ ਤੇ ਰਾਸ਼ਟਰੀਅਤਾ ਦੀ ਘੋਰ ਅਣਦੇਖੀ ਕੀਤੀ ਸੀ। ਰਾਸ਼ਟਰੀਅਤਾ ਦੇ ਸਿਧਾਂਤ ਦੀ ਅਣਦੇਖੀ ਕਰਦਿਆਂ ਬੈਲਜ਼ੀਅਮ ਨੂੰ ਹਾਲੈਂਡ ਦੇ ਨਾਲ ਮਿਲਾ ਦਿੱਤਾ, ਫਿਨਲੈਂਡ ਨੂੰ ਰੂਸ ਦੇ ਨਾਲ ਮਿਲਾ ਦਿੱਤਾ, ਸਵੀਡਨ ਤੇ ਨਾਰਵੇ ਨੂੰ ਮਿਲਾ ਦਿੱਤਾ, ਰੂਸ ਦੇ ਜਾਰ ਨੂੰ ਪੋਲੈਂਡ ਦਾ ਵੀ ਜਾਰ (ਸਮਰਾਟ) ਮੰਨ ਲਿਆ। ਆਸਟਰੀਆ–ਹੰਗਰੀ 'ਚ ਅਨੇਕਾਂ ਅਜਿਹੀਆਂ ਜਾਤੀਆਂ ਨੂੰ ਇਕੱਠੇ ਰਹਿਣ 'ਤੇ ਮਜ਼ਬੂਤ ਕੀਤਾ ਜੋ ਇੱਕ–ਦੂਜੇ ਨਾਲ ਨਫ਼ਰਤ ਕਰਦੀਆਂ ਸਨ। ਯੂਰਪ ਦੇ ਦੱਖਣ–ਪੱਛਮ 'ਚ ਸਥਿੱਤ ਬਾਲਕਨ ਪ੍ਰਦੇਸ਼ 'ਚ ਅਨੇਕਾਂ ਗੈਰ ਤੁਰਕੀ ਜਾਤੀਆਂ ਨੂੰ ਤੁਰਕ ਸਾਮਰਾਜ ਦੇ ਅਧੀਨ ਰਹਿਣ ਨੂੰ ਮਜ਼ਬੂਰ ਕੀਤਾ। ਉਨ੍ਹਾਂ ਨੇ ਜਰਮਨ ਤੇ ਇਟਾਲੀਅਨ ਰਾਸ਼ਟਰਵਾਦੀਆਂ ਦੀ ਕ੍ਰਮਵਾਰ ਸਾਰੇ ਜਰਮਨ ਪ੍ਰਦੇਸ਼ਾਂ ਤੇ ਸਾਰੇ ਇਟਾਲੀਅਨ ਪ੍ਰਦੇਸ਼ਾਂ ਨੂੰ ਇੱਕ–ਇੱਕ ਰਾਸ਼ਟਰੀ ਰਾਜ ਦੇ ਰੂਪ 'ਚ ਇਕੱਠਾ ਕਰਨ ਦੀ ਇੱਛਾ ਨੂੰ ਪੂਰਾ ਨਾ ਹੋਣ ਦਿੱਤਾ। ਰਾਸ਼ਟਰੀਅਤਾ ਦੇ ਸਿਧਾਂਤ ਦੀ ਅਣਦੇਖੀ ਕਰਨ ਵਾਲੀਆਂ ਇਨ੍ਹਾਂ ਸਾਰੀਆਂ ਵਿਵਸਥਾਵਾਂ ਦੇ ਵਿਰੁੱਧ ਰਾਸ਼ਟਰਵਾਦੀ ਅੰਦੋਲਨ ਚਲਦੇ ਰਹੇ। ਹੌਲੀ–ਹਲੀ ਇਨ੍ਹਾਂ 'ਚੋਂ ਅਨੇਕਾਂ ਵਿਵਸਥਾਵਾਂ ਖ਼ਤਮ ਹੋ ਗਈਆਂ ਪਰ ਰਾਸ਼ਟਰੀਅਤਾ ਦੀ ਸਮੱਸਿਆ ਨੇ ਸਭ ਤੋਂ ਵੱਧ ਤਣਾਵ ਤੇ ਅਸ਼ਾਂਤੀ ਪੂਰਬੀ ਯੂਰਪ ਦੇ ਬਾਲਕਨ ਪ੍ਰਦੇਸ਼ 'ਚ ਪੈਦਾ ਕੀਤੀ।

ਨੋਟਸ 1815 'ਚ ਵਿਆਨਾ ਸੰਮੇਲਨ ਦੀਆਂ ਵਿਵਸਥਾਵਾਂ 'ਚ ਪਹਿਲੇ ਵਿਸ਼ਵ ਯੁੱਧ ਦੇ ਬੀਜ਼ ਸ਼ਾਮਲ ਸਨ।

ਰੂਸ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਉਦੇਸ਼ ਨਾਲ ਬਾਲਕਨ ਪ੍ਰਦੇਸ਼ ਦੇ ਰਾਸ਼ਟਰਵਾਦੀਆਂ ਨੂੰ ਤੁਰਕੀ ਸ਼ਾਸ਼ਨ ਦੇ ਵਿਰੁੱਧ ਉਨ੍ਹਾਂ ਦੇ ਸੰਘਰਸ਼ 'ਚ ਵੱਧ ਸਹਿਯੋਗ ਕਰਦਾ ਰਹਿੰਦਾ ਸੀ। ਪਰ ਇੰਗਲੈਂਡ, ਫਰਾਂਸ ਤੇ ਆਸਟਰੀਆ ਰੂਸ ਦੀ ਸ਼ਕਤੀ ਵਧਣ ਨਹੀਂ ਦੇਣਾ ਚਾਹੁੰਦੇ ਸਨ। ਆਖ਼ਰ ਉਨ੍ਹਾਂ ਨੇ ਰੂਸ ਦੇ ਵਿਰੁੱਧ ਤੁਰਕੀ ਦੀ ਹਮਾਇਤ ਕਰਨ ਦੀ ਨੀਤੀ ਅਪਣਾਈ। ਇਸ ਨਾਲ ਬਾਲਕਨ ਪ੍ਰਦੇਸ਼ ਅੰਤਰ ਰਾਸ਼ਟਰੀ ਸਬੰਧਾਂ ਦਾ ਵਿਸਫੋਟਕ ਸਥਾਨ ਬਣ ਗਿਆ। 1912 'ਚ ਯੂਨਾਨ, ਸਰਬੀਆ, ਮੋਂਟੇਨੀਗਰੋ ਤੇ ਬਲਗਾਰੀਆ ਨੇ ਬਾਲਕਨ ਲੀਗ ਸਥਾਪਨਾ ਕਰਕੇ ਤੁਰਕੀ ਦੇ ਵਿਰੁੱਧ ਯੁੱਧ ਸ਼ੁਰੂ ਵੀ ਕੀਤਾ, ਜੋ ਬਾਲਕਨ ਦਾ ਪਹਿਲਾ ਬਾਲਕਨ ਯੁੱਧ ਕਹਾਉਂਦਾ ਹੈ, ਇਸ 'ਚ ਤੁਰਕੀ ਹਾਰਿਆ, ਮਈ 1913 'ਚ ਲੰਡਨ ਦੀ ਸੰਧੀ ਦੇ ਦੁਆਰਾ ਉਸ ਨੇ ਕਨਸਟੇਂਟਿਨੋਪਲ (ਕੁਸਤੁਨਤੂਨੀਆ) ਨੂੰ ਛੱਡਕੇ ਆਪਣੇ ਸਾਰੇ ਯੂਰਪੀ ਪ੍ਰਦੇਸ਼ ਬਾਲਕਨ ਲੀਗ ਨੂੰ ਦੇ ਦਿੱਤੇ। ਇਸ ਤੋਂ ਇਲਾਵਾ ਸਵਤੰਤਰ ਰਾਜ ਦੀ ਸਥਾਪਨਾ ਅਲਬਾਨੀਆ 'ਚ ਕੀਤੀ ਗਈ। ਪਰ ਬਾਲਕਨ ਲੀਗ ਦੇ ਮੈਂਬਰ ਤੁਰਕੀ ਤੋਂ ਪ੍ਰਾਪਤ ਪ੍ਰਦੇਸ਼ਾਂ ਦੀ ਵੰਡ ਦੇ ਵਿਸ਼ੇ 'ਚ ਫ਼ੈਸਲਾ ਨਾ ਕਰ ਸਕੇ। ਸਿੱਟੇ ਵਜੋਂ 1913 'ਚ ਦੂਜਾ ਬਾਲਕਨ ਯੁੱਧ ਹੋਇਆ ਜਿਸ 'ਚ ਇੱਕ ਪਾਸੇ ਬਲਗਾਰੀਆ ਤੇ ਦੂਜੇ ਪਾਸੇ ਰੂਮਾਨੀਆ, ਯੂਨਾਨ, ਸਰਵੀਆ ਤੇ ਮੋਂਟੇਨੀਗਰੋ ਸਨ। ਅਤੇ ਬਲਗਾਰੀਆ ਹਾਰਿਆ ਹੋਇਆ ਤੇ ਉਸ ਤੋਂ ਅਨੇਕਾਂ ਖੇਤਰ ਜੇਤੂਆਂ ਨੇ ਕਬਜ਼ਾ ਲਏ। ਇਨ੍ਹਾਂ ਯੁੱਧਾਂ 'ਚ ਜਿੱਤ ਤੋਂ ਉਤਸ਼ਾਹ ਹੋ ਕੇ ਸਰਬੀਆ ਨੇ ਬੋਸਨੀਆ ਨੂੰ ਆਸਟਰੀਆ ਤੋਂ ਵੱਖਰਾ ਕਰਾਉਣ ਦੇ ਯਤਨ ਹੋਰ ਤੇਜ਼ ਕਰ ਦਿੱਤੇ। ਰੂਸ ਨੇ ਮੁੜ ਬਾਲਕਨ ਰਾਜਾਂ ਦੇ 'ਸੁਰੱਖਿਅਕ' ਦੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ। ਹੁਣ ਇਹ 'ਸੁਰੱਖਿਆ' ਤੁਰਕੀ ਦੇ ਵਿਰੁੱਧ ਨਾ ਹੋ ਕੇ ਆਸਟਰੀਆ ਦੇ ਵਿਰੁੱਧ ਸੀ। ਆਸਟਰੀਆ ਵੀ ਸਰਬੀਆ ਦੀਆਂ ਸਾਜਿਸ਼ਾਂ ਤੋਂ ਦੁਖੀ ਹੋ ਕੇ ਉਸ ਨੂੰ ਯੁੱਧ 'ਚ ਨਸ਼ਟ ਕਰ ਦੇਣ ਲਈ ਕਾਹਲਾ ਪੈ ਰਿਹਾ ਸੀ। 28 ਜੂਨ 1914 ਨੂੰ ਬੋਸਨੀਆ ਦੇ ਸੇਰਾਜੇਵੋ ਨਗਰ 'ਚ ਇੱਕ ਸਰਬੀਅਨ ਅਰਾਜਕਤਾਵਾਦੀ ਵਿਦਿਆਰਥੀ ਨੇ ਆਸਟਰੀਆ ਦੇ ਰਾਜ ਕੁਮਾਰ ਫਰਾਂਸਿਸ ਫਰਡੀਨੇਂਡ ਦਾ ਕਤਲ ਕਰ ਦਿੱਤਾ। ਇਸ ਨਾਲ ਅਸਟਰੀਆ ਨੂੰ ਸਰਬੀਆ ਦੇ ਵਿਰੁੱਧ ਯੁੱਧ ਦਾ ਬਹਾਨਾ ਮਿਲ ਗਿਆ। ਫਰਾਂਸਿਸ ਫਰਡੀਨੇਂਡ ਦਾ ਕਤਲ ਕਰਨ ਵਾਲੀਆਂ ਗੋਲ਼ੀਆਂ ਪਹਿਲੇ ਯੁੱਧ ਦਾ ਐਲਾਨਨਾਮਾ ਬਣ ਗਈਆਂ।

2. **ਆਰਥਿਕ ਸਾਮਰਾਜਵਾਦ**–ਪਹਿਲੇ ਵਿਸ਼ਵਯੁੱਧ ਦੇ ਮੂਲ ਕਾਰਨਾਂ 'ਚ ਵੱਖ–ਵੱਖ ਮਹਾਂਸ਼ਕਤੀਟਾਂ ਦੀ ਸਾਮਰਾਜਵਾਦੀ ਇੱਛਾਵਾਂ ਦੇ ਸੰਘਰਸ਼ ਨੂੰ ਵੀ ਮੰਨਿਆ ਜਾਂਦਾ ਹੈ। 19ਵੀਂ ਤੇ 20ਵੀਂ ਸ਼ਤਾਬਦੀ ਦਾ ਸਾਮਰਾਜਵਾਦ ਉਦਯੋਗਿਕ ਕ੍ਰਾਂਤੀ ਦਾ ਬੱਚਾ ਸੀ। ਇਸ ਲਈ ਇਸ ਨੂੰ ਆਰਥਿਕ ਸਾਮਰਾਜਵਾਦ ਦਾ ਨਾਂਅ ਦਿੱਤਾ ਜਾਂਦਾ ਹੈ। ਐੱਸ.ਬੀ ਦੇ ਅਨੁਸਾਰ, "ਆਰਥਿਕ

ਸਾਮਰਾਜਵਾਦ ਦੇ ਅੰਤਰਗਤ ਅੰਤਰਸ਼ਟਰੀ ਮੁਕਾਬਲੇਬਾਜਾਂ ਦੀ ਲੜੀ ਆਉਂਦੀ ਹੈ ਜੋ ਇੱਕ ਵੱਡੀ ਹੱਦ ਤੱਕ ਇੰਗਲੈਂਡ 'ਚ ਉਦਯੋਗਿਕ ਕ੍ਰਾਂਤੀ ਅਤੇ ਬਾਅਦ 'ਚ ਵਿਸ਼ਵ ਦੇ ਮਹਾਨ ਦੇਸਾਂ 'ਚ ਉਸ ਦੇ ਸ਼ੁਰੂ ਹੋ ਜਾਣ ਤੋਂ ਪੈਦਾ ਹੋਈ ਸੀ।" ਇਸ ਦੇ ਸਿੱਟੇ ਵਜੋਂ ਇਨ੍ਹਾਂ ਦੇਸ਼ਾਂ 'ਚ ਵਸਤੂਆਂ ਦਾ ਉਤਪਾਦਨ ਬਹੁਤ ਵਧ ਗਿਆ, ਜਿਸ ਦੀ ਖ਼ਪਤ ਲਈ ਉਨ੍ਹਾਂ ਨੂੰ ਨਵੇਂ ਬਾਜ਼ਾਰਾਂ ਦੀ ਲੋੜ ਮਹਿਸੂਸ ਹੋਈ। ਉਨ੍ਹਾਂ ਦੀ ਜਨਸੰਖਿਆ 'ਚ ਤੇਜ਼ੀ ਨਾਲ ਵਾਧਾ ਹੋਇਆ ਜਿਸ ਨੂੰ ਵਸਾਉਣ ਲਈ ਉਹ ਉਪਨਿਵੇਸ਼ਾਂ ਦੀ ਸਥਾਪਨਾ ਕਰਨ ਲਈ ਪ੍ਰੇਰਿਤ ਹੋਏ। ਉਨ੍ਹਾਂ ਕੋਲ ਵਾਧੂ ਪੂੰਜੀ ਇਕੱਠੀ ਹੋ ਗਈ ਜਿਸ ਨੂੰ ਉਹ ਵਿਦੇਸ਼ਾਂ 'ਚ ਲਾਉਣ ਦੇ ਮੌਕੇ ਲੱਭਣ ਲੱਗੇ। ਉਨ੍ਹਾਂ ਨੂੰ ਕੱਚੇ ਮਾਲ ਦੀ ਲਗਾਤਾਰ ਪ੍ਰਾਪਤੀ ਲਈ ਕੱਚੇ ਮਾਲ ਦੇ ਉਤਪਾਦਕ ਪ੍ਰਦੇਸ਼ਾਂ 'ਤੇ ਕਬਜ਼ਾ ਕਰਨ ਦੀ ਲੋੜ ਮਹਿਸੂਸ ਹੋਈ। ਇਨ੍ਹਾਂ ਕਾਰਨਾਂ ਨਾਲ ਯੂਰਪੀ ਦੇਸ਼ਾਂ ਨੇ 19ਵੀਂ ਸ਼ਤਾਬਦੀ ਦੇ ਉੱਤਰ ਅਰਧ 'ਚ ਅਫ਼ਰੀਕਾ 'ਚ ਵੱਡੇ-ਵੱਡੇ ਸਾਮਰਾਜਾਂ ਦੀ ਸਥਾਪਨਾ ਕੀਤੀ। ਦੱਖਣ ਪੂਰਬੀ ਏਸ਼ੀਆ 'ਚ ਬ੍ਰਿਟੇਨ, ਫਰਾਂਸ ਤੇ ਹਾਲੈਂਡ ਦੇ ਵਿਸਥਾਰਪੂਰਵਕ ਸਾਮਰਾਜ ਸਥਾਪਿਤ ਹੋਏ। ਚੀਨ 'ਚ ਯੂਰਪੀ ਮਹਾਸ਼ਕਤੀਆਂ ਨੇ ਆਰਥਿਕ ਰਿਆਇਤਾਂ ਅਤੇ ਅਧਿਕਾਰ ਪ੍ਰਾਪਤ ਕਰ ਲਏ। 20ਵੀਂ ਸ਼ਤਾਬਦੀ ਦੇ ਦੂਜੇ ਦਹਾਕੇ ਦੇ ਸ਼ੁਰੂ ਤੱਕ ਪੂਰੇ ਵਿਸ਼ਵ 'ਚ ਯੂਰਪੀ ਸ਼ਕਤੀਆਂ ਦੇ ਸਾਮਰਾਜਾਂ ਦਾ ਜਾਲ ਫ਼ੈਲ ਗਿਆ। ਅਜਿਹੀ ਸਥਿਤੀ 'ਚ ਜਦੋਂ ਸਾਮਰਾਜਵਾਦੀ ਬਾਂਦਰ ਵੰਡ ਲਈ ਨਵੇਂ ਪ੍ਰਦੇਸ਼ਾਂ ਦੀ ਪ੍ਰਾਪਤੀ ਮੁਸ਼ਕਲ ਹੋ ਗਈ, ਤਾਂ ਸਾਮਰਾਜਵਾਦੀ ਇੱਛਾਵਾਂ ਦੇ ਵਾਤਾਵਰਨ 'ਚ ਯੁੱਧ ਜ਼ਰੂਰੀ ਪ੍ਰਤੀਤ ਹੋਣ ਲੱਗੇ। ਇਹ ਮੰਨਿਆ ਜਾਂਦਾ ਹੈ ਕਿ 1880 ਦੇ ਉਪਰਾਂਤ ਜਰਮਨੀ ਦੇ ਤੀਬਰ ਉਦਯੋਗਿਕ ਵਿਕਾਸ ਤੋਂ ਇੰਗਲੈਂਡ 'ਚ ਇਹ ਡਰ ਪੈਦਾ ਹੋਗਿਆ ਕਿ ਜਰਮਨੀ ਵਿਸ਼ਵ ਵਣਜ ਤੇ ਵਪਾਰ ਖੇਤਰ 'ਚ ਉਸ ਤੋਂ ਅੱਗੇ ਨਿਗਲ ਜਾਵੇਗਾ ਤੇ ਉਸ ਦੀ ਇਸ ਈਰਖ਼ਾ ਨੇ ਦੋਵਾਂ ਦੇਸਾਂ ਦਰਮਿਆਨ ਯੁੱਧ ਨੂੰ ਦੇਰ-ਸਵੇਰ ਜ਼ਰੂਰੀ ਬਣਾ ਦਿੱਤਾ।

3. **ਗੁਪਤ ਮੈਤ੍ਰੀਆਂ ਦੀ ਪ੍ਰਣਾਲੀ**-ਪ੍ਰੋਫੈਸਰ ਐੱਸ.ਬੀ.ਐੱਫ ਦੇ ਅਨੁਸਾਰ, "ਯੁੱਧ ਦਾ ਸਭ ਤੋਂ ਵੱਡਾ ਇਕੱਲਾ ਮੂਲ ਕਾਰਨ ਗੁਪਤ ਮੈਤ੍ਰੀਆਂ ਦੀ ਪ੍ਰਣਾਲੀ ਸੀ, ਜੋ ਫਰਾਂਸ ਤੇ ਪ੍ਰਸ਼ਾ ਦੇ ਯੁਧ ਦੇ ਉਪਰੰਤ ਵਿਕਸਿਤ ਹੋਈ।" ਇਸ ਪ੍ਰਣਾਲੀ ਦੇ ਕਾਰਨ ਯੂਰਪ ਦੋ ਹਥਿਆਰਬੰਦ ਗੁੱਟਾਂ 'ਚ ਵੰਡਿਆ ਗਿਆ। ਅਜਿਹੇ ਹਾਲਤਾਂ 'ਚ ਇਨ੍ਹਾਂ ਦੋ ਗੁੱਟਾਂ ਨਾਲ ਸਬੰਧਿਤ ਕਿੰਨਾ ਵੀ ਰਾਜਾਂ ਦੇ ਯੁੱਧ ਦਾ ਯੂਰਪ ਦੇ ਸਾਰੇ ਰਾਜਾਂ ਦੇ ਯੁੱਧ 'ਚ ਬਦਲ ਜਾਣਾ ਲਾਜ਼ਮੀ ਹੋ ਗਿਆ। ਪਹਿਲੇ ਵਿਸ਼ਵ ਯੁੱਧ ਜਿਸ ਵਿਵਾਦ ਤੋਂ ਸ਼ੁਰੂ ਹੋਇਆ ਉਹ ਮੂਲ ਤੌਰ 'ਤੇ ਆਸਟਰੀਆ ਤੇ ਸਰਬੀਆ ਦੇ ਮੱਧ ਸੀ, ਪਰ ਗੁਪਤ ਮੈਤ੍ਰਿਆਂ ਦੀ ਪ੍ਰਣਾਲੀ ਦੇ ਕਾਰਨ ਯੂਰਪ ਦੇ ਸਾਰੇ ਮੁੱਖ ਰਾਜ ਯੁੱਧ 'ਚ ਸ਼ਾਮਲ ਹੋ ਗਏ। 1907 ਤੱਕ ਯੂਰਪ ਦੇ ਦੋ ਵਿਰੋਧੀ ਗੁੱਟਾਂ 'ਚ ਵੰਡਿਆ ਜਾਣਾ-ਇੱਕ ਪਾਸੇ ਜਰਮਨੀ, ਆਸਟਰੀਆ, ਤੇ ਇਟਲੀ ਤ੍ਰੈਰਾਸ਼ਟਰੀ ਸੰਘ (ਟ੍ਰਿਪਲ ਏਲਇੰਸ) ਸੀ, ਦੂਜੇ ਪਾਸੇ ਫਰਾਂਸ, ਰੂਸ ਤੇ ਇੰਗਲੈਂਡ ਦੀ ਤ੍ਰੈਰਾਸ਼ਟਰੀ ਮੈਤ੍ਰੀ (ਟ੍ਰਿਪਲ ਇੰਟੈਂਟ) ਸੀ। ਇਨ੍ਹਾਂ ਗੁੱਟਬੰਦੀਆਂ ਦੇ ਕਾਰਨ ਬਾਲਕਨ ਪ੍ਰਦੇਸ਼ 'ਚ ਆਸਟਰੀਆ ਤੇ ਸਰਬੀਆ ਦਾ ਵਿਵਾਦ ਇੱਕ ਗੰਭੀਰ ਅੰਤਰ ਰਾਸ਼ਟਰੀ ਸਵਾਲ ਬਣ ਗਿਆ ਸੀ। ਇਨ੍ਹਾਂ ਸਾਰਿਆਂ ਨਾਲ 1914 ਤੱਕ ਅੰਤਰ ਰਾਸ਼ਟਰੀ ਵਾਤਾਵਰਨ ਇੰਨਾ ਤਣਾਅਪੂਰਨ ਹੋ ਗਿਆ ਕਿ ਲਾਰਡ ਆਕਸਫੋਰਡ ਦੇ ਸ਼ਬਦਾਂ 'ਚ , "ਅਸੀਂ ਇਹ ਅਨੁਭਵ ਕਰਦੇ ਸੀ ਕਿ ਅਸੀਂ ਬਹੁਤ ਪਤਲੀ ਬਰਫ਼ 'ਤੇ ਸਕੇਟਿੰਗ ਕਰ ਰਹੇ ਸਾਂ ਯੂਰਪ ਤੀ ਸ਼ਾਂਤੀ ਅਦ੍ਰਿਸ਼ ਘਟਨਾਵਾਂ ਦੇ ਇੱਕ ਅਧਿਆਇ ਦੀ ਦਇਆ 'ਤੇ ਨਿਰਭਰ ਕਰ ਰਹੀ ਸੀ।"

> ਕੀ ਤੁਸੀ ਜਾਣਦੇ ਹੋ? 1907 ਤੱਕ ਯੂਰਪ ਦੋ ਵਿਰੋਧੀ ਗੁੱਟਾਂ 'ਚ ਵੰਡਿਆ ਗਿਆ ਸੀ।

4. **ਸੈਨਿਕਵਾਦ**-ਸੈਨਿਕਵਾਦ ਪਹਿਲੇ ਵਿਸ਼ਵਯੁੱਧ ਦਾ ਇੱਕ ਹੋਰ ਮੁੱਖ ਕਾਰਨ ਸੀ। 19ਵੀਂ ਸ਼ਤਾਬਦੀ 'ਚ ਕਿਸੇ ਰਾਜ ਦਾ ਮਾਣ ਉਸ ਦੀ ਸੈਨਿਕ ਸ਼ਕਤੀ ਦੇ ਅਧਾਰ 'ਤੇ ਮਾਪਿਆ ਜਾਣ ਲੱਗਿਆ ਸੀ। ਰਾਜਾਂ ਦਰਮਿਆਨ ਸੈਨਾ ਦੇ ਅਸਲਖਾਨੇ ਨੂੰ ਵਧਾਉਣ ਦੀ ਹੋੜ ਲੱਗਣ ਲੱਗੀ। ਵੀਹਵੀਂ ਸ਼ਤਾਬਦੀ ਦੇ ਸ਼ੁਰੂ 'ਚ ਅਸਲੇਖਾਨੇ ਦੀ ਇਹ ਹੋੜ, ਵਿਸ਼ੇਸ਼ ਤੌਰ 'ਤੇ ਇੰਗਲੈਂਡ ਅਤੇ ਜਰਮਨੀ ਦੀ ਸੈਨਿਕ ਪ੍ਰਤੀਯੋਗਿਤਾ, ਅੰਤਰ ਰਾਸ਼ਟਰੀ ਸਬੰਧਾਂ ਨੂੰ ਜ਼ਹਿਰੀਲਾ ਕਰਨ ਵਾਲਾ ਇੱਕ ਮੁੱਖ ਤੱਤ ਬਣਗਈ। ਇਸ ਤੋਂ ਹਰੇਕ ਦੇਸ਼ 'ਚ ਸੈਨਿਕਾਂ ਤੇ ਅਧਿਕਾਰੀਆਂ ਦਾ ਇੱਕ ਅਜਿਹਾ ਵਰਗ ਪੈਦਾ ਹੋਗਿਆ ਜੋ ਅਤਿਅੰਤ ਪ੍ਰਭਾਵਸ਼ਾਲੀ ਸੀ ਤੇ ਯੁੱਧ ਦੀ ਲੋੜ 'ਚ ਭਰੋਸਾ ਰੱਖਦਾ ਸੀ। ਜਰਮਨੀ ਦੀ ਜਨਤਾ ਦਾ ਯੁੱਧ ਦੀ ਸ਼੍ਰੇਸ਼ਠਤਾ 'ਚ ਵਿਸ਼ਵਾਸ ਸੀ। ਮਿਰਾਬਿਊ ਦੇ ਸ਼ਬਦਾਂ 'ਚ," ਯੁੱਧ ਪ੍ਰਸ਼ਾ ਦਾ ਰਾਸ਼ਟਰੀ ਉਪਯੋਗ ਹੈ।" ਅਜਿਹੇ ਵਾਤਾਵਰਨ 'ਚ ਯੁੱਧ ਨੂੰ ਟਾਲਣਾ ਸੰਭਵ ਨਾ ਹੋ ਸਕਿਆ ਤੇ ਯੁੱਧ ਲਾਜ਼ਮੀ ਹੋ ਗਿਆ।

5. **ਰਾਜਨੀਤੀਵਾਨਾਂ ਦੀਆਂ ਨੀਤੀਆਂ**- ਪਹਿਲੇ ਵਿਸ਼ਵ ਯੁੱਧ ਲਈ ਰੂਸ, ਫਰਾਂਸ, ਸਰਬੀਆ, ਜਰਮਨੀ, ਆਸਟਰੀਆ ਤੇ ਇੰਗਲੈਂਡ ਦੇ ਰਜਨੀਤੀਵਾਨ ਵੀ ਉੱਤਰਦਾਈ ਸਨ। 20ਵੀਂ ਸ਼ਤਾਬਦੀ ਦੇ ਆਰੰਭ ਤੋਂ ਹੀ ਯੂਰਪ ਦੇ ਲਗਭਗ ਸਾਰੇ ਰਾਜਾਂ ਦੇ ਕਰਨਧਾਰ ਇਸ ਧਾਰਨਾ ਦੇ ਆਧਰ 'ਤੇ ਆਪਣੀਆ ਨੀਤੀਆਂ ਤੈਅ ਕਰ ਰਹ ਸਨ ਕਿ ਦੇਰ-ਸਵੇਰ ਯੁੱਧ ਜ਼ਰੂਰ ਹੋਵੇਗਾ। ਉਨ੍ਹਾਂ ਨੇ ਅਜਿਹੀ ਸਥਿਤੀ ਦਾ ਸਾਹਮਣਾ ਕਰਨ ਨੂੰ ਤਿਆਰ ਹੋਣ ਲਈ ਸੈਨਿਕਵਾਦੀ ਨੀਤੀ ਅਪਣਾਈ। ਸੈਨਿਕ ਲੋੜਾਂ ਦੇ ਕਾਰਨ ਹਰੇਕ ਦੇਸ਼ ਦੇ ਰਾਜਨੀਤਿਕ ਤੇ ਸੈਨਿਕ ਨੇਤਾਵਾਂ ਨੇ ਕੁਝ ਅਜਿਹੀਆਂ ਗੱਲਾਂ ਕੀਤੀਆਂ, ਧਮਕੀਆਂ ਤੇ ਚੇਤਾਵਨੀਆਂ ਦੀ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਜਿਨ੍ਹਾਂ ਦਾ ਸਿੱਟਾ ਲਾਮਬੰਦੀਆਂ ਤੇ ਯੁੱਧ ਦੇ ਐਲਾਨਾਂ ਵਜੋਂ ਸਾਹਮਣੇ ਆਇਆ।

6. **ਗੁਪਤ ਰਾਜਨਯ**- ਗੁਪਤ ਰਾਜਨਯ ਨੂੰ ਵੀ ਪਹਿਲੇ ਵਿਸ਼ਵ ਯੁੱਧ ਦੇ ਮੂਲ ਕਾਰਨਾਂ 'ਚ ਮੰਨਿਆ ਗਿਆ ਹੈ। ਵੱਖ-ਵੱਖ ਦੇਸ਼ਾਂ ਦੇ ਰਾਜਨੀਤੀਵਾਨਾਂ ਨੇ ਪਰਸਪਰ ਗੁਪਤ ਸਮਝੌਤੇ ਕਰਕੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਿਨ੍ਹਾਂ 'ਚੋਂ ਇੱਕ ਪਾਸੇ ਤਾਂ ਭਰਮ ਪੈਦਾ ਹੋ ਗਿਆ ਤੇ ਦੂਜੇ ਪਾਸ ਗੈਰ ਜ਼ਰੂਰੀ ਸ਼ੰਕਾਵਾਂ। ਇਨ੍ਹਾਂ ਸ਼ੰਕਾਵਾਂ ਨੇ ਯੁੱਧ ਲਈ ਅਤਿਅੰਤ ਉਪਜਾਊ ਪਿਛੋਕੜ ਤਿਆਰ ਕਰ ਦਿੱਤਾ।

ਨੋਟ

7. **ਪ੍ਰਭਾਵਸ਼ਾਲੀ ਅੰਤਰ ਰਾਸ਼ਟਰੀ ਸੰਸਥਾ ਦੀ ਕਮੀ**–ਨੈਪੋਲੀਅਨ ਬੋਨਾਪਾਰਟ ਦੀ ਹਾਰ ਤੋਂ ਬਾਅਦ ਯੂਰਪ ਦੇ ਰਾਜਨੀਤੀਵਾਨ ਇਸ ਗੱਲ ਨੂੰ ਗੰਭੀਰਤਾ ਨਾਲ ਮਹਿਸੂਸ ਕਰ ਰਹੇ ਸਨ ਕਿ ਭਵਿੱਖ 'ਚ ਵਿਆਪਕ ਯੁੱਧ ਨੂੰ ਰੋਕਣ ਲਈ ਕਿਸੇ ਪ੍ਰਭਾਵਸ਼ਾਲੀ ਅੰਤਰ ਰਾਸ਼ਟਰੀ ਸੰਸਥਾ ਦਾ ਹੋਣਾ ਲਾਜ਼ਮੀ ਹੈ। ਯੂਰਪੀ ਸਹਿਯੋਗ (ਕਨਸਰਟ ਆਫ਼ ਯੂਰਪ) ਨਾਮੀ ਸੰਸਥਾ ਇਸੇ ਦਾ ਸਿੱਟਾ ਸੀ। ਯੂਰਪੀ ਸਹਿਯੋਗ ਦਾ ਭਾਵ ਇਹ ਸੀ ਕਿ ਜਦੋਂ ਵੀ ਕੋਈ ਅਜਿਹਾ ਅੰਤਰਰਾਸ਼ਟਰੀ ਸੰਕਟ ਪੈਦਾ ਹੋਵੇ ਜੋ ਸ਼ਾਂਤੀ ਦੇ ਭੰਗ ਹੋਣ ਦੀ ਸ਼ੰਕਾ ਪੈਦਾ ਕਰ ਦੇਵੇ, ਉਦੋਂ ਯੂਰਪ ਦੀਆਂ ਮਹਾਂਸ਼ਕਤੀਆਂ ਇੱਕ ਸੰਮੇਲਨ 'ਚ ਇਕੱਠੀਆਂ ਹੋ ਕੇ ਉਸ ਦਾ ਹੱਲ ਕੱਢਣ। ਪ੍ਰੋਫੈਸਰ ਮੋਬਾਤ ਦੇ ਅਨੁਸਾਰ, ਇਹ ਸੰਸਥਾ 1871 ਤੇ 1914 ਦੇ ਮੱਧ ਮਹਾਨ ਯੂਰਪੀ ਯੁੱਧਾਂ ਨੂੰ ਬਚਾਉਣ 'ਚ ਸਫ਼ਲ ਹੋਈਆਂ ਪਰ ਇਹ ਸੰਸਥਾਵਾਂ ਕਿਸੇ ਸੰਵਿਧਾਨਕ ਆਧਾਰ 'ਤੇ ਸਥਾਪਿਤ ਨਹੀਂ ਕੀਤੀਆਂ ਗਈਆਂ ਸਨ ਤੇ ਉਸ ਦੀ ਸਫ਼ਲਤਾ ਮਹਾਂਸ਼ਕਤੀਆਂ ਦੇ ਸਵਾਰਥ 'ਤੇ ਅਧਾਰਿਤ ਸਨ। ਸਥਾਈ ਸ਼ਾਂਤੀ ਦੀ ਸਥਾਪਨਾ ਲਈ ਇਹ ਵਿਸਵਥਾ ਸੰਤੋਸ਼ਜਨਕ ਨਹੀਂ ਸੀ। ਇਸ ਲਈ ਅੰਤਰ ਰਾਸ਼ਟਰੀ ਵਿਧੀ ਤੇ ਨੈਤਿਕਤਾ ਦੀ ਇੱਕ ਮਾਨਤਾ ਪ੍ਰਾਪਤ ਕੋਡ ਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਲਈ ਇਕ ਪ੍ਰਭਾਵਸ਼ਾਲੀ ਯੰਤਰ ਦੀ ਜ਼ਰੂਰਤ ਸੀ। 1899 ਅਤੇ 1907 ਦੇ ਹੇਗ ਸੰਮੇਲਨਾਂ ਵਿੱਚ ਇਸ ਪ੍ਰਕਾਰ ਦੀ ਸਹਾਇਤਾ ਦੀ ਰਚਨਾ ਦੀ ਦਿਸ਼ਾ 'ਚ ਕਾਫ਼ੀ ਤਰੱਕੀ ਕੀਤੀ ਗਈ ਪਰ ਉਸ ਨੂੰ ਲਾਗੂ ਕਰਨ ਲਈ ਕਿਸੇ ਪ੍ਰਭਾਵਸ਼ਾਲੀ ਅੰਤਰਰਾਸ਼ਟਰੀ ਸੰਗਠਨ ਦੀ ਸਥਾਪਨਾ ਨਹੀਂ ਕੀਤੀ ਜਾ ਸਕੀ। ਪ੍ਰਭਾਵਸ਼ਾਲੀ ਅੰਤਰ ਰਾਸ਼ਟਰੀ ਸੰਗਠਨ ਦੀ ਇਹ ਕਮੀ ਪਹਿਲੇ ਵਿਸ਼ਵ ਯੁੱਧ ਦਾ ਇੱਕ ਮਹੱਤਵਪੂਰਨ ਕਾਰਨ ਸੀ।

8. **ਅਖ਼ਬਾਰਾਂ ਰਾਹੀਂ ਲੋਕਮਤ ਨੂੰ ਜ਼ਹਿਰੀਲਾ ਬਣਾਉਣਾ**–ਅਖ਼ਬਾਰਾਂ ਦੁਆਰਾ ਲਗਭਗ ਸਾਰੇ ਦੇਸਾਂ 'ਚ ਲੋਕਮਤ ਨੂੰ ਜ਼ਹਿਰੀਲਾ ਬਣਾ ਦੇਣਾ ਵੀ ਪਹਿਲੇ ਵਿਸ਼ਵ ਯੁੱਧ ਦਾ ਇੱਕ ਮੂਲ ਕਾਰਨ ਸੀ। ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਦੇ 40 ਵਰ੍ਹਿਆਂ ਦੇ ਕੂਟਨੀਤਿਕ ਪੱਤਰ–ਵਿਹਾਰ 'ਚ ਇਸ ਗੱਲ ਦੇ ਅਨੇਕਾਂ ਉਦਾਹਰਨ ਪ੍ਰਾਪਤ ਹੁੰਦੇ ਹਨ ਜਦੋਂ ਸਰਕਾਰਾਂ ਸੁਗਮ ਸਬੰਧਾਂ ਤੇ ਮਿੱਤਰਤਾਪੂਰਨ ਵਿਵਸਥਾਵਾਂ ਦੀ ਸਥਾਪਨਾ ਲਈ ਉਤਸੁਕ ਸਨ, ਪਰ ਆਪਣੇ–ਆਪਣੇ ਦੇਸ਼ ਦੇ ਅਖ਼ਬਾਰਾਂ ਦੇ ਉਗਰ ਰਾਸ਼ਟਰਵਾਦੀ ਪ੍ਰਚਾਰ ਦੇ ਕਾਰਨ ਅਜਿਹਾ ਕਰਨ 'ਚ ਸਫ਼ਲ ਨਾ ਹੋ ਸਕੀਆਂ। ਅਖ਼ਬਾਰਾਂ ਨੇ ਆਪਣੇ–ਆਪਣੇ ਦੇਸ਼ਾਂ 'ਚ ਦੂਜੇ ਦੇਸ਼ਾਂ ਦੇ ਵਿਰੁੱਧ ਦੁਸ਼ਮਣੀ ਭਰੇ ਲੋਕਮਤ ਦਾ ਨਿਰਮਾਣ ਕਰਕੇ ਯੁੱਧ ਨੂੰ ਦੇਰ–ਸਵੇਰੇ ਜ਼ਰੂਰੀ ਕਰ ਦਿੱਤਾ।

**ਸਵ–ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. ......ਦੀ ਫਰਾਂਸੀਸੀ ਰਾਜ ਕ੍ਰਾਂਤੀ ਤੋਂ ਬਾਅਦ ਰਾਸ਼ਟਰੀਅਤਾ ਅੰਤਰਰਾਸ਼ਟਰੀ ਸਬੰਧਾਂ ਦਾ ਸਭ ਤੋਂ ਮਹੱਤਵਪੂਰਨ ਨਿਰਧਾਰਕ ਤੱਤ ਬਣ ਗਿਆ।
2. ........ 'ਚ ਵਿਆਨਾ ਸੰਮੇਲਨ ਦੀਆਂ ਵਿਵਸਥਾਵਾਂ 'ਚ ਪਹਿਲੇ ਵਿਸ਼ਵ ਯੁੱਧ ਦੇ ਬੀਜ਼ ਸ਼ਾਮਲ ਸਨ।
3. ............ ਤੱਕ ਯੂਰਪ ਦੋ ਵਿਰੋਧੀ ਗੁੱਟਾਂ 'ਚ ਵੰਡਿਆ ਗਿਆ ਸੀ।

## 15.2 ਤੱਤਕਾਲੀਨ ਕਾਰਨ (Contemporary Causes)

ਪਹਿਲੇ ਵਿਸ਼ਵ ਯੁੱਧ ਦਾ ਤੱਤਕਾਲੀਨ ਕਾਰਨ ਆਸਟਰੀਆ ਤੇ ਸਰਬੀਆ ਦੀ ਵਚਨਬੱਧਤਾ ਸੀ। ਸਰਬੀਆ 'ਚ ਸਲਾਵ ਜਾਤੀ ਦੀ ਬਹੁਤਾਤ ਸੀ। ਆਸਟਰੀਆ ਦੇ ਕੁਝ ਹਿੱਸਿਆਂ 'ਚ, ਵਿਸ਼ੇਸ਼ ਤੌਰ 'ਤੇ ਬੋਸਨੀਆ ਤੇ ਹਰਜੋਗੋਵਿਨਾ 'ਚ ਵੀ ਜ਼ਿਆਦਾਤਰ ਜਨਤਾ ਸਲਾਵ ਜਾਤੀ ਦੀ ਸੀ। ਸਰਬੀਆ ਤੇ ਇਨ੍ਹਾਂ ਪ੍ਰਦੇਸ਼ਾਂ ਦੇ ਕੁਝ ਸਲਾਵ ਨੇਤਾ ਇਨ੍ਹਾਂ ਪ੍ਰਦੇਸ਼ਾਂ ਨੂੰ ਸਰਬੀਆ ਨਾਲ ਮਿਲਾਉਣਾ ਚਾਹੁੰਦੇ ਸਨ। ਪਰ ਆਸਟਰੀਆ ਇੱਕ ਬਹੁਜਾਤੀ ਰਾਜ ਸੀ ਤੇ ਉਸ ਦੇ ਕਾਰਨਧਾਰਾਂ ਨੂੰ ਇਸ ਤਰ੍ਹਾਂ ਦੇ ਵੱਖਵਾਦੀ ਅੰਦੋਲਨਾਂ 'ਚ ਉਸ ਦੇ ਪਤਨ ਦੀ ਸੱਭਿਅਤਾ ਪ੍ਰਤੀਤ ਹੁੰਦੀ ਸੀ। ਉਹ ਹਰੇਕ ਕੀਮਤ 'ਤੇ ਇਸ ਅੰਦੋਲਨ ਦਾ ਦਮਨ ਕਰਨ ਲਈ ਦ੍ਰਿੜ ਸੰਕਲਪ ਸਨ। ਸਲਾਵ ਆਂਤਕਵਾਦੀਆਂ ਨੇ ਆਸਟਰੀਆ ਨੂੰ ਡਰਾਉਣ ਲਈ " ਕਾਲਾ ਹੱਥ' (ਬਲੈਕ ਹੈਂਡ) ਦਾ ਸੰਗਠਨ ਕੀਤਾ ਸੀ। ਇਸ ਸੰਗਠਨ ਨੇ ਆਸਟਰੀਆ ਦੇ ਯੁਵਰਾਜ ਫਰਾਂਸਿਸ ਫਰਡੀਨੇਂਡ ਦੇ ਕਤਲ ਦੀ ਯੋਜਨਾ ਬਣਾਈ। 28, ਜੂਨ 1914 ਨੂੰ ਬੋਸਨੀਆ ਦੀ ਰਾਜਧਾਨੀ ਸੇਰਾਜੇਵੋ 'ਚ ਇੱਕ ਸਲਾਵ ਵਿਦਿਆਰਥੀ ਨੇ ਫਰਾਂਸਿਸ ਫਰਡੀਨੇਂਡ ਤੇ ਉਸ ਦੀ ਪਤਨੀ ਸੋਫ਼ੀਆ ਦਾ ਗੋਲ਼ੀ ਮਾਰ ਕੇ ਕਤਲ ਕਰ ਦਿੱਤਾ। ਇਸ ਕਤਲ ਕਾਂਡ ਨੇ ਆਸਟਰੀਆ ਨੂੰ ਝੰਜੋੜ ਕਰ ਰੱਖ ਦਿੱਤਾ। ਆਸਟਰੀਆ ਦੇ ਵਿਦੇਸ਼ ਮੰਤਰੀ ਬਰਖਟੋਲਡ ਤੇ ਮੁੱਖ ਸੈਨਾਪਤੀ ਕੋਨਟਰਾਡ ਸਰਬੀਆ 'ਤੇ ਹਮਲਾ ਕਰਨ ਲਈ ਤਿਆਰ ਹੋ ਗਏ। 6 ਜੁਲਾਈ, 1914 ਨੂੰ ਆਸਟਰੀਆ ਨੂੰ ਜਰਮਨੀ ਤੋਂ ਇੱਕ ਚਿੱਠੀ ਪ੍ਰਾਪਤ ਹੋਈ ਜਿਸ 'ਚ ਜਰਮਨੀ ਨੇ ਆਸਟਰੀਆ ਦੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ ਸੀ। ਇਸ ਹਾਲਾਤ 'ਚ 20 ਜੁਲਾਈ, 1914 ਨੂੰ ਆਸਟਰੀਆ ਨੇ ਸਰਬੀਆ ਨੂੰ 48 ਘੰਟਿਆਂ ਦੀ ਚੇਤਾਵਨੀ (ਅਲਟੀਮੇਟਮ) ਦਿੰਦੇ ਹੋਏ ਉਸ ਤੋਂ ਕੁਝ ਸ਼ਰਤਾਂ ਨੂੰ ਸਵੀਕਾਰ ਕਰਨ ਦਾ ਫੈਸਲਾ ਕੀਤਾ। ਇਹ ਪ੍ਰਮੁੱਖ ਸ਼ਰਤਾਂ ਸਨ–

1. ਆਸਟਰੀਆ ਵਿਰੋਧੀ ਸੰਪੂਰਨ ਪ੍ਰਚਾਰ ਸਬਰੀਆ ਤਤਕਾਲ ਬੰਦ ਕਰ ਦੇਣ।
2. "ਕਾਲਾ ਹੱਥ" ਸੰਗਠਨ ਖ਼ਤਮ ਕਰ ਦਿੱਤਾ ਜਾਵੇ।
3. ਕੁਝ ਇਸ ਤਰ੍ਹਾਂ ਦੇ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ 'ਤੇ ਮੁਕਦਮਾ ਚਲਾਇਆ ਜਾਵੇ ਜਿਹਨਾਂ ਉਤੇ ਹੱਤਿਆ ਵਿੱਚ ਸਹਿਯੋਗ ਦੇਣ ਦਾ ਸ਼ੱਕ ਹੈ।

**ਨੋਟ**

4. ਆਸਟਰੀਆ ਦੇ ਅਧਿਕਾਰੀਆਂ ਨੂੰ ਹੱਤਿਆ ਦੇ ਅਭੀਯੁਕਤਾਂ ਦੇ ਮੁਕੱਦਮੇ ਵਿੱਚ 'ਸਾਬਰੀਆ ਵਿੱਚ ਜਾ ਕੇ ਸਹਿਯੋਗ' ਕਰਨ ਦੀ ਆਗਿਆ ਦਿੱਤੀ ਜਾਵੇ।

**ਸਾਬਰੀਆ ਸੰਭਵਤ :** ਇਹਨਾਂ ਸ਼ਰਤਾਂ ਨੂੰ ਸਵੀਕਾਰ ਕਰ ਲੈਂਦਾ, ਪਰ ਉਸ ਸਮੇਂ ਉਸ ਨੂੰ ਰੂਸ ਦੇ ਦੁਆਰਾ ਇਕ ਖ਼ਤ ਵਿੱਚ ਇਹ ਦੱਸਿਆ ਗਿਆ ਕਿ, "ਰੂਸ ਕਿਸੇ ਵੀ ਹਾਲਤ 'ਚ ਸਰਬੀਆ ਦੇ ਵਿਰੁੱਧ ਆਸਟਰੀਆ ਦੇ ਹਮਲੇ ਨੂੰ ਸਵੀਕਾਰ ਨਹੀਂ ਕਰੇਗਾ।" ਇਸ ਤੋਂ ਉਤਸ਼ਾਹਿਤ ਹੋ ਕੇ ਸਰਬੀਆ ਨੇ ਆਸਟਰੀਆ ਦੀ ਅੰਤਿਮ ਸ਼ਰਤ ਨੂੰ, ਜੋ ਕਿਸੇ ਵੀ ਸਵਤੰਤਰ ਰਾਸ਼ਟਰ ਲਈ ਅਪਮਾਨਜਨਕ ਪ੍ਰਤੀਤ ਹੁੰਦੀ ਸੀ, ਨਾਮਨਜ਼ੂਰ ਕਰ ਦਿੱਤਾ। ਆਖ਼ਰ 28 ਜੁਲਾਈ, 1914 ਨੂੰ ਆਸਟਰੀਆ ਨੇ ਸਰਬੀਆ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

ਆਸਟਰੀਆ ਵੱਲੋਂ ਯੁੱਧ ਦੇ ਐਲਾਨ ਨੇ ਜਰਮਨੀ ਨੂੰ ਅਤਿਅੰਤ ਦੁਵਿਧਾਪੂਰਨ ਸਥਿਤੀ 'ਚ ਪਾ ਦਿੱਤਾ। ਉਹ ਯੁੱਧ ਨੂੰ ਸਥਾਨਕ ਬਣਾਉਣਾ ਚਾਹੁੰਦਾ ਸੀ, ਪਰ ਹੋਰ ਮਹਾਂਸ਼ਕਤੀਆਂ ਦੇ ਯੁੱਧ 'ਚ ਹਿੱਸਾ ਲੈਣ ਦੀ ਅਵਸਥਾ 'ਚ ਜਰਮਨੀ ਦੀ ਸਫ਼ਲਤਾ ਸ਼ਲੀਫੇਨ ਯੋਜਨਾ 'ਤੇ ਨਿਰਭਰ ਕਰਦੀ ਸੀ। ਫਰਾਂਸ ਤੇ ਰੂਸ ਦੋਵੇਂ ਸਰਬੀਆ ਦੇ ਮਿੱਤਰ ਸਨ। ਸ਼ਲੀਫੇਨ ਯੋਜਨਾ ਦੀ ਮੁੱਖ ਗੱਲ ਇਹ ਸੀ ਕਿ ਜਰਮਨੀ ਨੂੰ ਫਰਾਂਸ ਤੇ ਰੂਸ ਦੋਵੇਂ ਨਾਲ ਇਕੱਠਾ ਯੁੱਧ ਕਰਨਾ ਪੈਂਦਾ ਹੈ, ਤਾਂ ਉਹ ਜਨਸ਼ਕਤੀ ਦੇ ਨਜ਼ਰੀਏ ਤੋਂ ਦੁਰਬਲ ਹੋਵੇਗਾ। ਇਸੇ ਸਮੇਂ 30 ਜੁਲਾਈ 1914 ਨੂੰ ਰੂਸ ਨੇ ਆਮ ਲਾਮਬੰਦੀ ਦਾ ਆਦੇਸ਼ ਦੇ ਦਿੱਤਾ। ਇਸ 'ਤੇ ਜਰਮਨੀ ਨੇ ਯੁੱਧ ਦੀ ਧਮਕੀ ਦੇ ਨਾਲ ਰੂਸ ਨੂੰ 12 ਘੰਟਿਆਂ ਅੰਦਰ ਲਾਮਬੰਦੀ ਕਰਨ ਦੀ ਚੇਤਾਵਨੀ ਦਿੱਤੀ। ਰੂਸ ਨਿਰਧਾਰਤ ਸਮੇਂ ਦੇ ਅੰਦਰ ਕੋਈ ਉੱਤਰ ਨਾ ਦੇ ਸਕਿਆ। ਇਸ 'ਤੇ ਜਰਮਨੀ ਨੇ 1 ਅਗਸਤ 1914 ਨੂੰ ਸਰਬੀਆ ਤੇ ਰੂਸ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਰੂਸ ਵੱਲੋਂ ਜਲਦਬਾਜ਼ੀ 'ਚ ਕੀਤੀ ਗਈ ਲਾਮਬੰਦੀ ਨੇ ਆਖ਼ਰ ਯੂਰਪੀ ਯੁੱਧ ਨੂੰ ਲਾਜ਼ਮੀ ਬਣਾ ਦਿੱਤਾ। ਸ਼ਲੀਫੇਨ ਯੋਜਨਾ ਅਨੁਸਾਰ ਜਰਮਨੀ ਨੂੰ ਰੂਸ ਨਾਲ ਭਿੜਨ ਤੋਂ ਪਹਿਲਾਂ ਬੈਲਜ਼ੀਅਮ ਤੋਂ ਹੋ ਕੇ ਫਰਾਂਸ 'ਤੇ ਹਮਲਾ ਕਰਕੇ 6 ਹਫ਼ਤਿਆਂ ਦੇ ਅੰਦਰ ਪੈਰਿਸ 'ਤੇ ਅਧਿਕਾਰ ਕਰ ਲੈਣਾ ਸੀ ਤੇ ਉਸ ਤੋਂ ਬਾਅਦ ਰੂਸ ਦਾ ਮੁਕਾਬਲਾ ਕਰਨਾ ਸੀ। ਇਸ ਲਈ ਉਸ ਨੇ 3 ਅਗਸਤ 1914 ਨੂੰ ਫਰਾਂਸ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

ਇੰਗਲੈਂਡ ਫਰਾਂਸ ਦੀ ਸਹਾਇਤਾ ਕਰਨ ਲਈ ਗੁਪਤ ਰੂਪ ਨਾਲ ਵਚਨਬੱਧ ਸੀ ਪਰ ਬ੍ਰਿਟਿਸ਼ ਜਨਤਾ ਇੱਕ ਬਾਲਕਨ ਸਮੱਸਿਆ ਨੂੰ ਲੈ ਕੇ ਯੁੱਧ ਕਰਨ ਦੇ ਵਿਰੁੱਧ ਸੀ। ਪਰ ਆਪਣੀ ਸੈਨਿਕ ਲੋੜਾਂ ਦੇ ਕਾਰਨ ਜਰਮਨੀ ਨੇ ਬੈਲਜ਼ੀਅਮ ਦੀ ਸਰਹੱਦ ਦਾ ਉਲੰਘਣ ਕਰਦਿਆਂ ਉਸ 'ਤੇ ਹਮਲਾ ਕਰ ਦਿੱਤਾ। ਇੰਗਲੈਂਡ ਬੈਲਜ਼ੀਅਮ ਦੀ ਸਰਹੱਦ ਦੀ ਰਾਖੀ ਦਾ ਭਰੋਸਾ ਦੇ ਚੁੱਕਾ ਸੀ। ਆਖ਼ਰ ਬੈਲਜ਼ੀਅਮ 'ਤੇ ਜਰਮਨੀ ਦੇ ਹਮਲੇ ਨੇ ਬ੍ਰਿਟਿਸ਼ ਜਨਤਾ ਨੂੰ ਜਰਮਨੀ ਦੇ ਵਿਰੁੱਧ ਕਰ ਦਿੱਤਾ। ਬ੍ਰਿਟਿਸ਼ ਸਰਕਾਰ ਨੇ 4 ਅਗਸਤ, 1914 ਨੂੰ ਜਰਮਨੀ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਜਿਵੇਂ ਕਿ ਡੀ.ਐੱਮ. ਕੇਟਲਵੀ ਦਾ ਮਤ ਹੈ," ਆਖ਼ਰ ਯੂਰਪ ਯੁੱਧ ਦੀ ਅੱਗ 'ਚ ਘਿਰ ਗਿਆ।"

## ਯੁੱਧ ਤੇ ਉਸ ਦਾ ਪੜਾਅ ਤੇ ਯੁੱਧ ਦੀ ਸਮਾਪਤੀ :

4 ਅਗਸਤ, 1914 'ਚ ਸ਼ੁਰੂ ਹੋਇਆ ਇਹ ਯੁੱਧ 11 ਨਵੰਬਰ 1918 ਨੂੰ ਸਮਾਪਤ ਹੋਇਆ। ਆਪਣੀ ਵਿਸ਼ਾਲਤਾ, ਵਿਸਥਾਰ, ਪ੍ਰਕਿਰਤੀ, ਕਾਰਜ ਖੇਤਰ ਤੇ ਤਕਨੀਕ 'ਚ ਇਸ ਮਹਾਨ ਯੁੱਧ ਨੇ ਮਹਾਨ ਇਤਿਹਸ ਦੇ ਸਾਰੇ ਯਾਦ ਯੁੱਧਾਂ ਨੂੰ ਪਿੱਛੇ ਛੱਡ ਦਿੱਤਾ। ਇਸ ਯੁੱਧ 'ਚ ਛੇ ਯੂਰਪੀ ਦੇਸ਼ਾਂ (ਜਰਮਨੀ, ਅਸਟਰੀਆ ਇੱਕ ਪਾਸੇ ਤੇ ਸਰਬੀਆ, ਰੂਸ;, ਫਰਾਂਸ, ਇੰਗਲੈਂਡ ਦੂਜੇ ਪਾਸੇ) ਤੋਂ ਇਲਾਵਾ ਹੌਲੀ-ਹੌਲੀ ਵਿਸ਼ਵ ਦੇ ਜ਼ਿਆਦਾਰ ਦੇਸ਼ ਇਸ ਯੁੱਧ 'ਚ ਸ਼ਾਮਲ ਹੁੰਦੇ ਚਲੇ ਗਏ। ਇਸ ਨਾਲ ਇਹ ਯੁੱਧ ਇੱਕ ਯੂਰਪੀ ਯੁੱਧ ਨਾ ਰਹਿ ਕੇ ਵਿਸ਼ਵ ਦੇ ਇਤਿਹਾਸ ਦਾ ਪਹਿਲਾ ਵਿਸ਼ਵਯੁੱਧ ਬਣ ਗਿਆ। ਇਹ ਯੁੱਧ ਪੁਰਾਣੇ ਯੁੱਧਾਂ ਦੀ ਤਰ੍ਹਾਂ ਸਿਰਫ਼ ਸੈਨਿਕਾਂ ਦਾ ਯੁੱਧ ਨਹੀਂ ਸੀ, ਸਗੋਂ ਇੱਕ ਅਜਿਹਾ ਯੁੱਧ ਸੀ ਜਿਸ 'ਚ ਪ੍ਰਤੀਪੱਖਾਂ ਨੇ ਇੱਕ-ਦੂਜੇ ਦੇ ਸੈਨਿਕ ਬਲ ਨੂੰ ਹੀ ਨਹੀਂ ਸਗੋਂ ਅਰਥਵਿਵਸਥਾ ਨੂੰ ਵੀ ਹਾਨੀ ਪਹੁੰਚਾਉਣ ਦੀ ਪੂਰੀ ਹਿਮਾਕਤ ਕੀਤੀ ਸੀ। ਇਸ ਯੁੱਧ 'ਚ ਨਵੇਂ-ਨਵੇਂ ਸਾਧਨਾਂ, ਨਵੀਆਂ-ਨਵੀਆਂ ਤਕਨੀਕਾਂ ਤੇ ਨਵੇਂ-ਨਵੇਂ ਹਥਿਆਰਾਂ ਦੀ ਵਰਤੋਂ ਕੀਤੀ ਗਈ ਸੀ। ਇਸ ਯੁੱਧ 'ਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ। ਇਸ ਯੁੱਧ 'ਚ ਮ੍ਰਿਤਕ ਸੈਨਿਕਾਂ ਦੀ ਗਿਣਤੀ 100 ਲੱਖ, ਮ੍ਰਿਤਕ ਮੰਨ ਲਏ ਗਏ ਲਾਪਤਾ ਫੌਜੀਆਂ ਦੀ ਗਿਣਤੀ ਤੀਹ ਲੱਖ, ਮ੍ਰਿਤਕ ਨਾਗਰਿਕ 130 ਲੱਖ, ਜ਼ਖਮੀ 200 ਲੱਖ, ਬੰਦੀ 30 ਲੱਖ, ਯੁੱਧ ਅਨਾਥ 90 ਲੱਖ, ਜੰਗੀ ਵਿਧਵਾਵਾਂ 50 ਲੱਖ, ਸ਼ਰਨਾਰਥੀ 100 ਲੱਖ ਸਨ।

ਇਸ ਯੁੱਧ 'ਚ ਨਵੰਬਰ 1914 'ਚ ਤੁਰਕੀ ਅਤੇ ਅਕਤੂਬਰ 1915 'ਚ ਬਲਗਾਰੀਆ ਧੁਰੀ ਸ਼ਕਤੀਆਂ (ਜਰਮਨੀ, ਆਸਟਰੀਆ, ਹੰਗਰੀ) ਦੇ ਨਾਲ ਯੁੱਧ 'ਚ ਸ਼ਾਮਲ ਹੋ ਗਿਆ) ਇਟਲੀ ਮਿੱਤਰ ਰਾਸ਼ਟਰਾਂ (ਇੰਗਲੈਂਡ, ਫਰਾਂਸ, ਰੂਸ ਆਦਿ) ਦੇ ਪੱਖ'ਚ ਮਈ 1915 'ਚ ਯੁੱਧ 'ਚ ਸ਼ਾਮਲ ਹੋਇਆ। ਜਰਮਨੀ ਨੇ ਮਿੱਤਰ ਰਾਸ਼ਟਰਾਂ, ਵਿਸ਼ੇਸ਼ ਕਰਕੇ ਇੰਗਲੈਂਡ ਦੇ ਸਮੁੰਦਰੀ ਵਪਾਰ ਨੂੰ ਨਸ਼ਟ ਕਰਨ ਦਾ ਯਤਨ ਕੀਤਾ। 1917 ਦੇ ਸ਼ੁਰੂ 'ਚ ਦੋ ਅਤਿਅੰਤ ਮਹੱਤਵਪੂਰਨ ਘਟਨਾਵਾ ਹੋਈਆਂ ਜਿਨ੍ਹਾਂ ਦਾ ਪਹਿਲੇ ਵਿਸ਼ਵ ਯੁੱਧ ਦੇ ਪ੍ਰਗਤਿ ਤੇ ਅੰਤਰ ਰਾਸ਼ਟਰੀ ਸਬੰਧਾਂ 'ਤੇ ਡੂੰਘਾ ਅਸਰ ਪਿਆ। ਇਨ੍ਹਾਂ 'ਚੋਂ ਪਹਿਲੀ ਘਟਨਾ ਸੀ 15 ਮਾਰਚ 1917 ਨੂੰ ਰੂਸੀ ਕ੍ਰਾਂਤੀ ਦੇ ਕਾਰਨ ਰੂਸੀ ਫੌਜਾਂ ਯੁੱਧ 'ਚ ਕੋਈ ਪ੍ਰਭਾਵਸ਼ਾਲੀ ਹਿੱਸਾ ਲੈਣ 'ਚ ਅਸਮਰੱਥ ਹੋ ਗਈਆਂ। ਸਮਾਯਵਾਦੀ ਸਰਕਾਰ (ਰੂਸ) ਨੇ ਜਰਮਨੀ ਦੇ ਨਾਲ ਜੰਗ-ਬੰਦੀ ਕਰ ਲਈ। 14 ਮਾਰਚ ,1918 ਨੂੰ ਬ੍ਰੇਸਟ ਲਿਟੋਵਸਕ ਦੀ ਸੰਧੀ ਰਾਹੀਂ ਰੂਸ ਅੰਤਿਮ ਰੂਪ ਨਾਲ ਯੁੱਧ ਤੋਂ ਵੱਖਰਾ ਹੋ ਗਿਆ।

1917 ਦੀ ਦੂਜੀ ਅਤਿਅੰਤ ਮਹੱਤਵਪੂਰਨ ਘਟਨਾ- ਸੰਯੁਕਤ ਰਾਜ ਅਮਰੀਕਾ ਦਾ 6 ਅਪਰੈਲ 1917 ਨੂੰ ਮਿੱਤਰ ਰਾਸ਼ਟਰਾਂ ਵੱਲੋਂ ਯੁੱਧ 'ਚ ਸ਼ਾਮਲ ਹੋਣਾ। 1914 'ਚ ਯੁੱਧ ਛਿੜਨ ਤੋਂ ਬਾਅਦ ਅਮਰੀਕਾ ਨੇ ਪੂਰੀ ਤਟਸਥਤਾ ਦੀ ਨੀਤੀ ਅਪਣਾਈ ਸੀ। ਪਰ ਜਰਮਨੀ ਵੱਲੋਂ ਸ਼ੁਰੂ ਪਣਡੁੱਬੀ ਯੁੱਧ ਨੇ ਅਮਰੀਕਾ ਨੂੰ ਝੰਜੋੜ ਦਿੱਤਾ। ਜਰਮਨੀ ਨੇ ਚੇਤਾਵਨੀ ਦਿੱਤੀ ਸੀ ਕਿ ਇੰਗਲੈਂਡ ਦੇ ਕੋਲ ਦੇ ਸਮੁੰਦਰ ਤੱਟ 'ਚ

ਨੋਟ

ਉਹ ਸਰਹੱਦੀ ਰਾਸ਼ਟਰਾਂ ਦੇ ਜਹਾਜ਼ਾ ਨੂੰ ਡੁਬੋ ਦੇਵੇਗਾ, ਇਸ ਨਾਲ ਅਮਰੀਕਾ 'ਚ ਉਤੇਜਨਾ ਛਾ ਗਈ ਅਤੇ ਉਸ ਨੂੰ ਜਰਮਨੀ ਦੇ ਵਿਰੁੱਧ ਯੁੱਧ ਲਈ ਪ੍ਰੇਰਿਤ ਹੋਣਾ ਪਿਆ। ਇਸ ਤੋਂ ਇਲਾਵਾ ਅਮਰੀਕਨ ਕਰਜ਼ਾ ਜੋ ਮਿੱਤਰ ਰਾਸ਼ਟਰਾਂ ਨੂੰ ਦਿੱਤਾ ਗਿਆ ਸੀ, ਉਸ ਦੀ ਅਦਾਇਗੀ ਦੀ ਸਮੱਸਿਆ ਸੀ। ਜੇਕਰ ਮਿੱਤਰ ਰਾਸ਼ਟਰ ਹਾਰ ਜਾਂਦੇ ਤਾਂ ਅਮਰੀਕਨ ਕਰਜ਼ਾ ਡੁੱਬ ਜਾਂਦਾ ਇਸ ਲਈ ਅਮਰੀਕਾ ਨੇ ਮਿੱਤਰ ਰਾਸ਼ਟਰਾਂ ਦੇ ਪੱਖ 'ਚ ਯੁੱਧ 'ਚ ਸ਼ਾਮਲ ਹੋਣ ਦਾ ਯਤਨ ਕੀਤਾ। ਸ਼ਕਤੀ ਸੰਤੁਲਨ ਦਾ ਸਿਧਾਂਤ ਇੱਕ ਹੋਰ ਪਹਿਲੂ ਸੀ, ਅਮਰੀਕਾ ਦਾ ਮਿੱਤਰ ਰਾਸ਼ਟਰਾਂ ਦੇ ਪੱਖ 'ਚ ਯੁੱਧ 'ਚ ਸ਼ਾਮਲ ਹੋਣ ਦਾ। ਅਮਰੀਕਾ ਦਾ ਯੁੱਧ 'ਚ ਸ਼ਾਮਲ ਹੋਣਾ ਪਹਿਲੇ ਵਿਸ਼ਵ ਯੁੱਧ ਦੀ ਸਭ ਤੋਂ ਵੱਧ ਫ਼ੈਸਲਾਕੁੰਨ ਘਟਨਾ ਸੀ। ਇਸ ਨਾਲ ਮਿੱਤਰ ਰਾਸ਼ਟਰਾਂ ਦਾ ਪੱਖ ਧਨ, ਜਨ ਤੇ ਸੈਨਿਕ ਸ਼ਕਤੀ ਸਾਰੇ ਨਜ਼ਰੀਏ ਤੋਂ ਕੇਂਦਰੀ ਸ਼ਕਤੀਆਂ ਦੀ ਤੁਲਨਾ 'ਚ ਇੰਨਾ ਵੱਧ ਸ਼ਕਤੀਸ਼ਾਲੀ ਹੋ ਗਿਆ ਕਿ ਉਸ ਦੀ ਜਿੱਤ ਨਿਸ਼ਚਿਤ ਸੀ। ਸਤੰਬਰ 1918 'ਚ ਬਲਗਾਰੀਆ ਨੇ, ਅਕਤੂਬਰ 1918 'ਚ ਤੁਰਕੀ ਨੇ ਆਤਮਸਮਰਪਣ ਕਰ ਦਿੱਤਾ। 3 ਨਵੰਬਰ 1918 ਨੂੰ ਆਸਟਰੀਆ-ਹੰਗਰੀ ਵੀ ਯੁੱਧ ਤੋਂ ਵੱਖਰਾ ਹੋ ਗਿਆ, 4 ਨਵੰਬਰ 1919 ਨੂੰ ਜਰਮਨੀ ਦੀ ਨੌਸੈਨਿਾ ਨੇ ਵਿਦਰੋਹ ਕਰ ਦਿੱਤਾ। ਜਰਮਨੀ 'ਚ ਇੱਕ ਕ੍ਰਾਂਤੀ ਹੋਈ। ਕੈਂਸਰ ਵਿਲੀਅਮ ਦੂਜੇ ਨੇ ਰਾਜਸਿੰਘਾਸਨ ਤਿਆਗ ਦਿੱਤਾ। ਜਰਮਨ ਸਰਕਾਰ ਨੇ ਮਿੱਤਰ ਰਾਸ਼ਟਰਾਂ ਤੋਂ ਯੁੱਧ-ਵਿਰਾਮ ਦੀ ਪ੍ਰਾਰਥਨਾ ਕੀਤੀ ਤੇ ਫਿਰ 11 ਨਵੰਬਰ, 1918 ਨੂੰ ਠੀਕ 11 ਵਜੇ ਸਾਰੇ ਰਣਖੇਤਰਾਂ 'ਚ ਜੰਗ-ਬੰਦੀ ਦਾ ਐਲਾਨ ਕਰ ਦਿੱਤਾ ਗਿਆ। ਪਹਿਲਾ ਵਿਸ਼ਵ ਯੁੱਧ ਖ਼ਤਮ ਹੋ ਗਿਆ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4 ..... ਦੇ ਯੁੱਧ 'ਚ ਸ਼ਾਮਲ ਹੋਣ ਪਹਿਲੇ ਵਿਸ਼ਵਯੁੱਧ ਦੀ ਸਭ ਤੋਂ ਵੱਧ ਨਿਰਣਾਇਕ ਘਟਨਾ ਸੀ।

(ੳ) ਅਮਰੀਕਾ (ਅ) ਜਰਮਨੀ

(ੲ) ਆਸਟਰੀਆ (ਸ) ਰੂਸ

5 ........ ਨੂੰ ਠੀਕ 11 ਵਜੇ ਸਾਰੇ ਰਣਖੇਤਰਾਂ 'ਚ ਜੰਗ-ਬੰਦੀ ਦਾ ਐਲਾਨ ਕਰ ਦਿੱਤਾ ਗਿਆ।

(ੳ) 11 ਅਗਸਤ, 1918 (ਅ) 11 ਨਵੰਬਰ, 1918

(ੲ) 11 ਜਨਵਰੀ, 1918 (ਸ) 11 ਜੁਲਾਈ, 1918

6 ....... ਨੂੰ ਜਰਮਨੀ ਨੇ ਸਰਬੀਆ ਤੇ ਰੂਸ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ ਸੀ।

(ੳ) 1 ਅਗਸਤ, 1914 (ਅ) 1 ਜੁਲਾਈ, 1914

(ੲ) 1 ਅਕਤੂਬਰ, 1914 (ਸ) 1 ਦਸੰਬਰ, 1914

## 15.3 ਪਹਿਲੇ ਵਿਸ਼ਵ ਯੁੱਧ (ਮਹਾਂਯੁੱਧ) ਦੇ ਪਰਿਨਾਮ (Effect of First World War)

ਇਸ ਯੁੱਧ ਦਾ ਸਭ ਤੋਂ ਵੱਧ ਸਿੱਧਾ ਰਾਜਨੀਤਿਕ ਪ੍ਰਭਾਵ ਇਹ ਹੋਇਆ ਕਿ ਤਿੰਨ ਸਾਮਰਾਜ ਜਰਮਨੀ, ਆਸਟਰੀਆ-ਹੰਗਰੀ ਅਤੇ ਰੂਸ ਸਮਾਪਤ ਹੋ ਗਏ। ਪੂਰੇ ਵਿਸ਼ਵ 'ਚ ਰਾਜਤੰਤਰਾਂ ਦੇ ਵਿਰੁੱਧ ਜਨ ਮਾਨਸ ਅੰਦੋਲਨ ਹੋ ਗਿਆ। ਯੁੱਧ 'ਚ ਮਿੱਤਰ ਰਾਸ਼ਟਰ ਜੇਤੂ ਹੋਏ ਜਿਨ੍ਹਾਂ 'ਚ ਗਣਤੰਤਰਾਂ ਦੀ ਪ੍ਰਧਾਨਤਾ ਸੀ। ਯੁੱਧ 'ਚ ਪ੍ਰਜਾਤੰਤਰ ਦੀ ਰੱਖਿਆ ਦਾ ਨਾਅਰਾ ਦਿੱਤਾ ਗਿਆ ਸੀ ਹੁਣ ਉਸ ਨੂੰ ਨੈਤਿਕ ਬਲ ਪ੍ਰਾਪਤ ਹੋਇਆ। ਪਰ ਪੱਛਮੀ ਪ੍ਰਜਾਤੰਤਰ ਨੇ ਆਪਣੇ ਉਪਨਿਵੇਸ਼ ਸਵਤੰਤਰ ਨਹੀਂ ਕੀਤੇ, ਇਸ ਨਾਲ ਉਨ੍ਹਾਂ ਦਾ ਖੋਖਲਾਪਨ ਭਾਵ ਦੁਰੰਗੀ ਨੀਤੀ ਸਪੱਸ਼ਟ ਹੋਈ ਉਨ੍ਹਾਂ ਦਾ ਸੋਸ਼ਕ ਰੂਪ ਸਥਾਪਿਤ ਰਿਹਾ। ਪ੍ਰਜਾਤੰਤਰਾਂ ਦੀ ਅਰਾਜਕਤਾ ਨਾਲ ਹੀ ਯੁੱਧ ਤੋਂ ਬਾਅਦ ਦੇ ਦਿਨਾਂ 'ਚ ਇਟਲੀ 'ਚ ਫਾਸਿਜਮ ਤੇ ਜਰਮਨੀ 'ਚ ਨਾਜ਼ੀਵਾਦ ਦਾ ਉਦਭਵ ਤੇ ਵਿਕਾਸ ਹੋਇਆ। ਯੁੱਧ ਦੌਰਾਨ ਰਾਸ਼ਟਰਵਾਦਿਤਾ ਦੇ ਸਿਧਾਂਤ ਦਾ ਦੋਵਾਂ ਹੀ ਪੱਖਾਂ ਨੇ ਸਮਰਥਨ ਕਰਨ ਦਾ ਐਨਾਨ ਕੀਤਾ ਸੀ ਪਰ ਇਸ ਸਿਧਾਂਤ ਨੂੰ ਯੂਰਪ ਦੇ ਬਾਹਰ ਲਾਗੂ ਕਰਨ ਨਾਲ ਇਨ੍ਹ ਜੇਤੂਆਂ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਪੱਛਮੀ ਦੇਸ਼ਾਂ ਦਾ ਪ੍ਰਜਾਤੰਤਰਿਕ ਚਿਹਰਾ ਬੇਨਕਾਬ ਹ ਗਿਆ ਤੇ ਪੂਰੇ ਏਸ਼ੀਆ, ਅਫ਼ਰੀਕਾ ਤੇ ਲੈਟਿਨ ਅਮਰੀਕਾ 'ਚ ਰਾਸ਼ਟਰਵਾਦੀ ਪ੍ਰਵਿਰਤੀਆਂ ਦਾ ਅੰਦੋਲਨ ਪ੍ਰਸਫੁਟਿਤ ਹੋਣ ਲੱਗਿਆ। ਅੰਤਰਰਾਸ਼ਟਰੀ ਰਾਜਨੀਤੀ ਹੁਣ ਯੂਰਪ ਦੇ ਦੇਸ਼ਾਂ ਦੇ ਵੈਦੇਸ਼ਿਵ ਸਬੰਧਾਂ ਤੱਕ ਹੀ ਸੀਮਿਤ ਨਹੀਂ ਰਹਿ ਗਿਆ। ਹੁਣ ਵਿਸ਼ਵ ਦੇ ਉਨ੍ਹਾਂ ਦੇਸ਼ਾਂ ਨੂੰ ਵੀ ਵਿਸ਼ਵ ਰਾਜਨੀਤੀ 'ਚ ਮਹੱਤਵ ਪ੍ਰਾਪਤ ਹੋਣ ਲੱਗਿਆ ਜਿਨ੍ਹਾਂ ਨੂੰ ਕਮਜ਼ੋਰ ਸਮਝਿਆ ਜਾਂਦਾ ਸੀ।

ਸੰਯੁਕਤ ਰਾਜ ਅਮਰੀਕਾ ਦੀ ਅਸਲੀ ਸ਼ਕਤੀ ਦਾ ਉਦਘਾਟਨ ਹੋਇਆ ਤੇ ਹੁਣ ਉਸ ਨੂੰ ਵਿਸ਼ਵ ਦੇ ਪਹਿਲੇ ਦਰਜੇ ਦੀ ਸ਼ਕਤੀ ਸਵੀਕਾਰ ਕੀਤਾ ਜਾਣ ਲੱਗਿਆ। ਪਹਿਲੇ ਮਹਾਂਯੁੱਧ ਦੇ ਪਿੱਛੋਂ ਉਸ ਦੀ ਵਿਸ਼ਵਵਿਆਪੀ ਭੂਮਿਕਾ ਬਣੀ ਰਹੀ। ਹਾਰਡੀ ਦੇ ਅਨੁਸਾਰ, ਯੂਰਪੀ ਵਿਵਸਥਾ ਦੀ ਜਗ੍ਹਾ 'ਤੇ ਇੱਕ ਵਿਸ਼ਵਵਿਆਪੀ ਵਿਸਵਸਥਾ ਲਾਜ਼ਮੀ ਹੋ ਗਈ। ਸਭ ਤੋਂ ਵੱਧ ਮਹੱਤਵਪੂਰਨ ਪਰਿਵਰਤਨ ਸੀ ਯੁੱਧ ਦੇ ਦੌਰਾਨ ਰੂਸ 'ਚ ਹੋਈ ਕ੍ਰਾਂਤੀ ਤੋਂ ਇੱਕ ਨਵੀਂ ਆਰਥਿਕ ਰਾਜਨੀਤਿਕ, ਸਮਾਜਿਕ ਪ੍ਰਣਾਲੀ ਦੀ ਸਥਾਪਨਾ। ਰੂਸੀ ਸਮਾਜਵਾਦੀ ਵਿਵਸਥਾ ਨੇ ਪਹਿਲੀ ਵਾਰ ਸਮਾਜ 'ਚ ਅਮੂਲ ਪਰਿਵਰਤਨ ਨਾਲ ਸੋਸ਼ਣ 'ਤੇ ਅਧਾਰਿਤ ਸਮਾਜ ਨੂੰ ਖ਼ਤਮ ਕਰ ਦਿੱਤਾ। ਹੌਲੀ-ਹੌਲੀ ਵਿਸ਼ਵ 'ਚ ਸਮਾਜਵਾਦੀ ਅੰਦੋਲਨ ਵਿਕਸਿਤ ਹੋਣ ਲੱਗਿਆ। ਵਿਸ਼ਵ ਦੀ ਰਾਜਨੀਤੀ 'ਚ ਪੂੰਜੀਵਾਦੀ ਸਾਮਰਾਜਵਾਦੀ ਸ਼ਕਤੀਆਂ ਦਾ ਏਕਾਧਿਕਾਰ ਖ਼ਤਮ ਹੋ ਗਿਆ। ਵਿਸ਼ਵ ਦੇ ਸ਼ੋਸ਼ਿਤ, ਲਤਾੜੇ ਦੇਸਾਂ 'ਚ ਆਸ ਦੀ ਇੱਕ ਨਵੀਂ ਕਿਰਨ ਪੈਦਾ ਹੋ ਗਈ। ਪੂਰੇ ਵਿਸ਼ਵ 'ਚ ਜਨ ਅੰਦੋਲਨਾਂ ਦਾ ਵਿਸਥਾਰ ਹੋਇਆ।

**ਨੋਟ**

ਟਾਸਕ ਫਰਾਂਸੀਸੀ ਰਾਜ ਕ੍ਰਾਂਤੀ ਕਦੋਂ ਹੋਈ ਸੀ ?

ਯੁੱਧ ਕਾਲ 'ਚ ਅੰਤਰਾਸ਼ਟਰੀ ਸਹਿਯੋਗ ਦਾ ਮਹੱਤਵ ਸਪੱਸ਼ਟ ਹੋਇਆ। ਇਸ ਲਈ ਵਿਆਪਕ ਪੱਧਰ 'ਤੇ ਸਹਿਯੋਗ ਦਾ ਸੂਤਰਪਾਤ ਹੋਇਆ ਤੇ ਅਮਰੀਕਾ ਦੇ ਰਾਸ਼ਟਰਪਤੀ ਵਿਲਸਨ ਦੀ ਪ੍ਰੇਰਨਾ ਤੇ ਪਹਿਲਾਂ ਤੋਂ ਰਾਸ਼ਟਰਸੰਘ ਦੀ ਸਥਾਪਨਾ ਹੋਈ। ਛੋਟੇ ਪੱਧਰ 'ਤੇ ਆਪਸੀ ਸਹਿਯੋਗ ਦਾ ਮਹੱਤਵ ਦਿੱਤਾ ਜਾਣ ਲੱਗਿਆ ਤੇ ਗੁਪਤ ਸੰਧੀਆਂ ਦੀ ਨੀਤੀ ਦੇ ਘਾਤਕ ਨਤੀਜਿਆਂ ਦੇ ਕਾਰਨ 'ਖੁੱਲ੍ਹੀ ਕੂਟਨੀਤੀ' ਦੀ ਸ਼ੁਰੂਆਤ ਨਾ ਹੋਈ। ਯੁੱਧ ਕਾਲ 'ਚ ਵਧਦੇ ਉਦਯੋਗੀਕਰਨ ਨਾਲ ਅੰਤਰ ਰਾਸ਼ਟਰੀ ਵਪਾਰ 'ਚ ਵਾਧਾ ਹੋਇਆ ਸੀ। ਅੰਤਰਾਸ਼ਟਰੀ ਸਹਿਯੋਗ ਰਾਜਨੀਤੀ ਤੋਂ ਵੀ ਵੱਧ ਯਥਾਰਥਵਾਦੀ ਆਧਾਰ 'ਤੇ ਆਰਥਿਕ ਖੇਤਰ 'ਚ ਸ਼ੁਰੂ ਹੋਇਆ। ਵਪਾਰ ਹੁਣ ਲਾਜ਼ਮੀ ਅੰਤਰਰਾਸ਼ਟਰੀ ਹੋ ਗਿਆ। ਸਿੱਟੇ ਵਜੋਂ ਅੰਤਰ ਰਾਸ਼ਟਰੀ ਪੱਧਰ 'ਤੇ ਸਹਿਯੋਗ ਤੇ ਨੀਤੀ ਨਿਰਧਾਰਨ ਦੇ ਤੱਤ ਹਰੇਕ ਰਾਸ਼ਟਰ ਦੀ ਵਿਦੇਸ਼ ਨੀਤੀ ਦੇ ਮੁੱਢਲੇ ਸਿਧਾਂਤ ਬਣ ਗਏ।

ਮਜ਼ਦੂਰ ਵਰਗ ਦੀ ਸਥਿਤੀ 'ਤੇ ਵੀ ਪਹਿਲੇ ਵਿਸ਼ਵ ਯੁੱਧ ਦਾ ਕ੍ਰਾਂਤੀਕਾਰੀ ਪ੍ਰਭਾਵ ਪਿਆ। ਯੁੱਧ ਕਾਲ 'ਚ ਉਤਪਾਦਨ ਬਹੁਤ ਤੇਜ਼ੀ ਨਾਲ ਵਧ ਰਿਹ ਸੀ। ਇਸ ਲਈ ਮਜ਼ਦੂਰਾਂ ਦੀ ਗਿਣਤੀ ਦੇ ਨਾਂਲ ਉਨ੍ਹਾਂ ਦੀ ਸ਼ਕਤੀ ਵੀ ਵਧਣ ਲੱਗੀ। ਰੂਸ 'ਚ 'ਮਜ਼ਦੂਰਾਂ ਦਾ ਰਾਜ' ਸਥਾਪਿਤ ਹੋ ਜਾਣ ਤੋਂ ਬਾਅਦ ਹੁਣ ਹੋਰ ਦੇਸਾਂ ਦੇ ਮਜ਼ਦੂਰ ਸ਼ਾਂਤ ਨਹੀਂ ਰਹਿ ਸਕਦੇ ਸਨ। ਉਨ੍ਹਾਂ ਦਾ ਅੰਦੋਲਨ ਹਮਲਾਵਰੀ ਹੋਣ ਲੱਗਿਆ। ਅੰਤਰ ਰਾਸ਼ਟਰੀ ਕਿਰਤ ਸੰਗਠਨ ਦਾ ਮਹੱਤਵ ਵਧਣ ਲੱਗਿਆ। ਮਜ਼ਦੂਰੀ ਕਿਰਤ ਲਈ ਅਨੁਕੂਲ ਸਥਿਤੀਆਂ, ਬੀਮਾ, ਸੁਰੱਖਿਆ ਆਦਿ ਖੇਤਰਾਂ 'ਚ ਮਹੱਤਵਪੂਰਨ ਸੁਧਾਰ ਹੋਏ।

ਮਜ਼ਦੂਰਾਂ ਵਾਂਗ ਯੁਵਾ ਅੰਦੋਲਨਾਂ ਨੂੰ ਵੀ ਬਲ ਮਿਲਿਆ। ਸਾਰੇ ਵਿਸ਼ਵ 'ਚ ਯੁਵਾ ਤੇ ਵਿਦਿਆਰਥੀ ਹੁਣ ਸਮਾਜਿਕ ਤੇ ਰਾਜਨੀਤਿਕ ਖੇਤਰਾਂ 'ਚ ਕਿਰਿਆਸ਼ੀਲ ਹਿੱਸਾ ਲੈਣ ਲੱਗੇ। ਯੁੱਧ ਕਾਲ ਦੀਆਂ ਲੋੜਾਂ ਤੇ ਮਜ਼ਬੂਰੀਆਂ ਨੇ ਨਾਰੀ ਨੂੰ ਰਸੋਈ ਤੋਂ ਨਿਕਲ ਕੇ ਕਲ-ਕਾਰਖਾਨਿਆਂ ਤੇ ਦਫ਼ਤਰਾਂ 'ਚ ਕੰਮ ਕਰਨ ਲਈ ਪ੍ਰੇਰਿਤ ਕਰ ਦਿੱਤਾ। ਇਸ ਨਾਲ ਨਾਰੀ-ਸਵਤੰਤਰਤਾ ਅੰਦੋਲਨ ਨੂੰ ਬਲ ਮਿਲਿਆ। ਹੌਲੀ-ਹੌਲੀ ਨਾਰੀਆਂ ਨੂੰ ਰਾਜਨੀਤਿਕ ਅਧਿਕਾਰ ਮਿਲਣ ਲੱਗੇ ਤੇ ਉਸ ਨੂੰ ਪੁਰਸ਼ਾਂ ਦੇ ਬਰਾਬਰ ਜਗ੍ਹਾ ਮਿਲਣ ਲੱਗੀ।

ਸੱਭਿਆਚਾਰਕ ਜਗਤ 'ਚ ਵੀ ਮਹੱਤਵਪੂਰਨ ਪਰਿਵਰਤਨ ਨਸ਼ਰ ਹੋਏ। ਸਿੱਖਿਆ ਦਾ ਸਰੂਪ ਬਦਲਣ ਲੱਗਿਆ। ਸਾਹਿਤ 'ਚ ਨਵੀਨ ਧਾਰਾ ਵਹਿਣ ਲੱਗੀ। ਛੋਟੇ ਨਾਟਕਾਂ ਤੇ ਕਹਾਣੀਆਂ ਨੂੰ ਵੱਡੇ ਨਾਵਲਾਂ ਤੇ ਨਾਟਕਾਂ ਦੀ ਜਗ੍ਹਾ 'ਤੇ ਵੱਧ ਪੜ੍ਹਿਆ ਜਾਣ ਲੱਗਿਆ। ਚਿੰਤਨ ਦੀ ਮੂਲ ਧਾਰਾ ਯੁੱਧ ਤੇ ਹਿੰਸਾ ਦੇ ਵਿਰੋਧ 'ਚ ਸਮਾਜਵਾਦੀ ਤੇ ਮਾਨਵਤਾਵਾਦੀ ਹੋ ਗਈ। ਰਾਸ਼ਟਰਵਦੀ ਵਿਚਾਰ ਪਣਪਨ ਲੱਗੇ। ਇਸ ਤਰ੍ਹਾਂ ਪਹਿਲੇ ਵਿਸ਼ਵਯੁੱਧ ਦੇ ਬੜੇ ਹੀ ਮਹੱਤਵਪੂਰਨ ਸਿੱਟੇ ਸਾਰੇ ਖੇਤਰਾਂ 'ਚ ਨਜ਼ਰ ਆਏ।

## 15.4 ਸਾਰਾਂਸ਼ (Summary)

ਪਹਿਲੇ ਵਿਸ਼ਵ ਯੁੱਧ ਲਈ ਰੂਸ, ਫਰਾਂਸ, ਸਰਬੀਆ, ਜਰਮਨੀ, ਆਸਟਰੇਲੀਆ, ਤੇ ਇੰਗਲੈਂਡ ਦੇ ਰਾਜਨੀਤੀਵਾਨ ਵੀ ਉੱਤਰਦਾਈ ਸਨ। 20ਵੀਂ ਸ਼ਤਾਬਦੀ ਦੇ ਸ਼ੁਰੂ ਤੋਂ ਹੀ ਯੂਰਪ ਦੇ ਲਗਭਗ ਸਾਰੇ ਰਾਜਾਂ ਦੇ ਕਰਨਧਾਰ ਇਸ ਪੂਰਬ ਧਾਰਨਾ ਦੇ ਆਘਾਰ 'ਤੇ ਆਪਣੀਆਂ ਨੀਤੀਆਂ ਨਿਰਧਾਰਿਤ ਕਰ ਰਹੇ ਸਨ ਕਿ ਦੇਰ ਸਵੇਰੇ ਯੁੱਧ ਜ਼ਰੂਰ ਹੋਵੇਗਾ। ਉਨ੍ਹਾਂ ਨੇ ਅਜਿਹੀ ਸਥਿਤੀ ਦਾ ਸਾਹਮਣਾ ਕਰਨ ਨੂੰ ਤਿਆਰ ਹੋਣ ਲਈ ਸੈਨਿਕਵਾਦੀ ਨੀਤੀ ਅਪਣਾਈ। ਸੈਨਿਕ ਲੌਡਾ ਦੇ ਕਾਰਨ ਹਰੇਕ ਦੇਸ਼ ਦੇ ਰਾਜਨੀਤਿਕ ਤੇ ਸੈਨਿਕ ਨੇਤਾਵਾਂ ਨੇ ਕੁਝ ਅਜਿਹੀਆਂ ਗੱਲਾਂ ਕੀਤੀਆਂ, ਧਮਕੀਆਂ ਤੇ ਚੇਤਾਵਨੀਆਂ ਦੀ ਅਜਿਹੀ ਭਾਸ਼ਾ ਵਰਤੀ ਜਿਨ੍ਹਾਂ ਦਾ ਸਿੱਟਾ ਲਾਮਬੰਦੀਆਂ ਤੇ ਯੁੱਧ ਦੇ ਐਲਾਨਾਂ ਦੇ ਰੂਪ 'ਚ ਸਾਹਮਣੇ ਆਇਆ।

## 15.5 ਸ਼ਬਦਕੋਸ਼ (Keywords)

1. **ਤੱਤਕਾਲਿਕ (Contemporary)**– ਸਮਕਾਲੀਨ।
2. **ਲੋਕਤੰਤਰ (Democracy)**– ਜਨਤੰਤਰ।

## 15.6 ਅਭਿਆਸ ਪ੍ਰਸ਼ਨ (Review Questions)

1. ਪਹਿਲੇ ਵਿਸ਼ਵ ਯੁੱਧ ਦੇ ਮੁੱਖ ਕਾਰਨ ਦੱਸੋ।
2. ਆਰਥਿਕ ਸਾਮਰਾਜਵਾਦ ਤੋਂ ਤੁਸੀਂ ਕੀ ਸਮਝਦੇ ਹੋ ? ਸਪੱਸ਼ਟ ਕਰੋ।
3. ਪਹਿਲੇ ਵਿਸ਼ਵਯੁੱਧ ਦੇ ਤੱਤਕਾਲਿਕ ਕਾਰਨ ਦੱਸੋ।
4. ਪਹਿਲੇ ਵਿਸ਼ਵ ਯੁੱਧ ਦੇ ਪ੍ਰਭਾਵਾਂ ਦਾ ਜ਼ਿਕਰ ਕਰੋ।

ਨੋਟ

## ਉੱਤਰ : ਸਵ-ਮੁਲਾਂਕਣ (Answer: Self Assessment)

1. 1789
2. 1815
3. 1907
4. (ੳ) ਅਮਰੀਕਾ
5. (ਅ) 11 ਨਵੰਬਰ 1918
6. (ੳ) 1 ਅਗਸਤ 1914

## 15.7 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ – ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ – ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ – ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ – ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਓਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ – ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-16: ਮਾਈਗ੍ਰੇਸ਼ਨ ਤੇ ਸਮਝੌਤਾ (Migrations and Settlements)

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
16.1 ਸ਼ਾਂਤੀ-ਸਮਝੌਤਾ (Peace Settlement)
16.2 ਯੂਰਪੀ ਸਮਝੌਤਾ (The European Settlement)
16.3 ਨੇੜਲਾ-ਪੂਰਬ ਤੇ ਅਫ਼ਰੀਕਾ (The Near East and Africa)
16.4 ਅਮਰੀਕਾ ਤੇ ਦੂਰ ਦੁਰਾਡਾ ਪੂਰਬ (America and The Far East)
16.5 ਪੈਰਿਸ ਦਾ ਸ਼ਾਂਤੀ ਸੰਮੇਲਨ (Peace Settlement of Paris)
16.6 ਪੈਰਿਸ ਸ਼ਾਂਤੀ ਸੰਮੇਲਨ ਦੀ ਕਾਰਜ ਪ੍ਰਣਾਲੀ ਤੇ ਸੰਮੇਲਨ ਦੇ ਕਰਣਧਾਰਾਂ ਦੇ ਆਪਸੀ ਵਿਰੋਧੀ ਵਿਅਕਤੀਤਵ (Procedure of Paris-Peace Settlement and Opposing Personality between each other Steersman of Conference)
16.7 ਪੈਰਿਸ ਸੰਮਲਨ ਦੀਆਂ ਸੰਧੀਆਂ (ਸ਼ਾਂਤੀ ਸਮਝੌਤਾ) [Treaties of Paris Conference (Peace Settlement)]
16.8 ਵਰਸਾਏ ਦੀ ਸੰਧੀ (Treaty of Versai)
16.9 ਸੇਂਟ ਜਰਮਨ ਦੀ ਸੰਧੀ (Treaty of St. Germain)
16.10 ਨਿਊਲੀ ਦੀ ਸੰਧੀ (Treaty of Neuilly)
16.11 ਤ੍ਰਿਆਨੋ ਦੀ ਸੰਧੀ (Treaty of Trianon)
16.12 ਸੇਵ੍ਰ ਦੀ ਸੰਧੀ (Treaty of Sevres)
16.13 ਲੋਸਾਨੇ ਦੀ ਸੰਧੀ (Treaty of Lausanne)
16.14 ਅਲਪਸੰਖਿਅਕ ਸੰਧੀਆਂ (Treaties of Minorities)
16.15 ਵਿਲਸਨ ਦੇ ਚੌਦਾਂ ਸੂਤਰ (8 ਜਨਵਰੀ, 1918) [14 Formulae of Wilson, (8 January, 1918)]
16.16 ਚਾਰ ਸਿਧਾਂਤ (11 ਫਰਵਰੀ, 1918) [Four Principles, (11 February, 1918)]
16.17 ਵਰਸਾਇ ਸੰਧੀ ਦੀ ਸਮੀਖਿਆ (Review of Versai Treaty)
16.18 ਵਰਸਾਇ ਸੰਧੀ ਦਾ ਤੁਕ (Appropriateness of Versai Treaty)
16.19 ਵਰਸਾਇ ਦੀ ਸੰਧੀ ਦੀ ਅਸਫ਼ਲਤਾ ਅਤੇ ਦੂਜਾ ਵਿਸ਼ਵਯੁੱਧ (Defeat of Versai Treaty and IInd World War)
16.20 ਸਾਰਾਂਸ਼ (Summary)
16.21 ਸ਼ਬਦਕੋਸ਼ (Keywords)
16.22 ਅਭਿਆਸ ਪ੍ਰਸ਼ਨ (Review Questions)
16.23 ਸੰਦਰਭ ਪੁਸਤਕਾਂ (Further Readings)

ਨੋਟ

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਸ਼ਾਂਤੀ ਸਮਝੌਤੇ ਨੂੰ ਜਾਣਨ 'ਚ।
- ਯੂਰਪੀ ਸਮਝੌਤੇ ਨੂੰ ਜਾਣਨ 'ਚ।
- ਵਾਸ਼ਿੰਗਟਨ ਸਮਝੌਤੇ ਦੇ ਸਿੱਟੇ ਵਜੋਂ ਹੋਈਆਂ ਤਿੰਨ ਸੰਧੀਆਂ ਨੂੰ ਜਾਣਨ 'ਚ।

## ਪ੍ਰਸਤਾਵਨਾ (Introduction)

ਵਰਸਾਏ ਦੀ ਸੰਧੀ 'ਚ ਕੁਝ ਵਿਸ਼ੇਸ਼ਵਾਤਾਂ ਸੀ। ਜਿਨ੍ਹਾਂ ਨੂੰ ਇਸ ਸੰਧੀ ਦੇ ਪਰਵਰਤੀ ਇਤਿਹਾਸ ਨੂੰ ਬਹੁਤ ਪ੍ਰਭਾਵਿਤ ਕੀਤਾ। ਇੱਕ ਤਾਂ ਇਹ ਸੰਧੀ ਜਰਮਨ ਪ੍ਰਚਾਰਕਾਂ ਦੇ ਪ੍ਰਸਿੱਧ ਸ਼ਬਦਾਂ 'ਚ "ਆਦਿਸ਼ਟ ਸੰਧੀ" ਸੀ। ਉਹ ਜੇਤੂਆਂ ਵੱਲੋਂ ਹਾਰਿਆਂ 'ਤੇ ਲੰਗਦੀ ਗਈ ਤੇ ਅਦਾਨ-ਪ੍ਰਦਾਨ ਦੀ ਪ੍ਰਕਿਰਿਆ ਦੇ ਅਧਾਰ 'ਤੇ ਪਰਸਪਰ ਗੱਲਬਾਤ ਰਾਹੀਂ ਤੈਅ ਨਹੀਂ ਸੀ। ਵੈਸੇ ਤਾਂ ਯੁੱਧ ਖ਼ਤਮ ਕਰਨ ਵਾਲੀ ਲਗਭਗ ਹਰੇਕ ਸੰਧੀ ਹੀ, ਇੱਕ ਹੱਦ ਤੱਕ, ਸ਼ਾਂਤੀ ਸਥਾਪਿਤ ਕਰਨ ਵਾਲੀ ਸੰਧੀ ਹੁੰਦੀ ਹੈ ਕਿਉਂਕਿ ਇੱਕ ਹਾਰਿਆ ਰਾਜ ਆਪਣੀ ਹਾਰ ਨੂੰ ਕਾਫ਼ੀ ਸਵੈਇੱਛਾ ਨਾਲ ਮਨਜ਼ੂਰ ਨਹੀਂ ਕਰਦਾ। ਪਰ ਵਰਸਾਏ ਦੀ ਸੰਧੀ 'ਚ ਥੋਪਣ ਦੀ ਮਾਤਰਾ ਆਧੁਨਿਕ ਯੁੱਧ ਦੀ ਕਿਸੇ ਵੀ ਪਿਛਲੀ ਸ਼ਾਂਤੀ-ਸੰਧੀ ਨਾਲੋਂ ਵਧੇਰੇ ਝਲਕਦੀ ਸੀ।

## 16.1 ਸ਼ਾਂਤੀ ਸਮਝੌਤਾ (Peace Settlement)

ਪਹਿਲੇ ਵਿਸ਼ਵ ਯੁੱਧ ਦੀ ਮਿਆਦ ਚਾਰ ਵਰ੍ਹਿਆਂ ਤੱਕ ਤੇ ਤਿੰਨ ਮਹੀਨਿਆਂ ਤੋਂ ਕੁਝ ਵੱਧ ਹੀ ਸੀ- 28 ਜੁਲਾਈ, 1914 ਤੋਂ ਜਦੋਂ ਸਰਬੀਆ (Serbia) ਦੇ ਵਿਰੁੱਧ ਆਸਟਰੀਆ-ਹੰਗਾਰੀ ਨੇ ਯੁੱਧ ਦਾ ਐਲਾਨ ਕੀਤਾ, 11 ਨਵੰਬਰ 1918 ਤੱਕ ਜਦੋਂ ਮਿੱਤਰ ਰਾਸ਼ਟਰਾਂ ਨੇ ਜਰਮਨੀ ਨਾਲ ਜੰਗਬੰਦੀ ਕੀਤਾ। ਜੰਗਬੰਦੀ ਤੋਂ ਬਾਅਦ ਆਮ ਸ਼ਾਂਤੀ ਸਮਝੌਤਾ ਮੁਕੰਮਲ ਹੋਣ 'ਚ ਪੰਜ ਸਾਲ ਹੋਰ ਲੱਗ ਗਏ।

ਮਿੱਤਰ ਤੇ ਸਾਥੀ ਰਾਸ਼ਟਰਾਂ (Allied and Associated Powers) ਨੇ 1919 'ਚ ਜਰਮਨੀ ਤੋਂ ਵਰਸਾਏ ਦੀ ਸੰਧੀ (28 ਜੂਨ), ਆਸਟਰੀਆ ਤੋਂ ਸੇਂਟ ਜਰਮੇਨ (St. Germain ਦੀ ਸੰਧੀ (10 ਸਤੰਬਰ), ਬਲਗਾਰੀਅ ਤੋਂ ਨਿਊਇਲੀ (Neuilly) ਦੀ ਸੰਧੀ (27 ਨਵੰਬਰ) ਤੇ 1920 'ਚ ਹੰਗਰੀ ਤੋਂ ਤ੍ਰਿਆਨੋ (Trianon) ਦੀ ਸੰਧੀ (4 ਜੂਨ) ਦੀ, ਪਰ ਤੁਰਕੀ ਦੇ ਨਾਲ ਅੰਤਿਮ ਸ਼ਾਂਤੀ-ਸੰਧੀ 'ਤੇ 23 ਜੁਲਾਈ, 1923 ਨੂੰ ਜਾ ਕੇ ਕਿਤੇ ਲੌਸਾਂ (Lausanne) 'ਚ ਹਸਤਾਖ਼ਰ ਹੋ ਸਕੇ। ਇਹ ਸੰਧੀ 6 ਅਗਸਤ 1924 ਨੂੰ ਅਮਲ 'ਚ ਆਈ ਤੇ ਉਸ ਤੋਂ ਬਾਅਦ ਹੀ ਅੰਤ 'ਚ ਸਾਰੇ ਸੰਸਾਰ 'ਚ ਮੁੜ ਵਿਧੀਗਤ ਸ਼ਾਂਤੀ ਸਥਾਪਿਤ ਹੋ ਸਕੀ। ਇਸ ਦਰਮਿਆਨ ਪ੍ਰਸ਼ਾਂਤ ਮਹਾਸਾਗਰ 'ਚ ਹਿੱਤ ਰੱਖਣ ਵਾਲੇ ਰਾਸਟਰ 1921-22 ਦੇ ਸ਼ੀਤਕਾਲ 'ਚ ਵਾਸ਼ਿੰਗਟਨ 'ਚ ਇੱਕ ਸੰਮੇਲਨ ਕਰਕੇ ਨਵੀਆਂ ਸੰਧੀਆਂ ਕਰ ਚੁੱਕੇ ਸਨ ਜਿਨ੍ਹਾਂ ਦਾ ਉਦੇਸ਼ ਦੂਰ ਦੁਰਾਡੇ ਪੂਰਬ (Far East) 'ਚ ਯੁੱਧ ਤੋਂ ਪਹਿਲਾਂ ਦੀ ਸਥਿਤੀ ਨੂੰ ਦ੍ਰਿੜ ਆਧਾਰ 'ਤੇ ਸਥਾਪਿਤ ਕਰਨਾ ਸੀ। ਇਨ੍ਹਾਂ ਸਾਰੀਆਂ ਸੰਧੀਆਂ ਤੇ ਇਨ੍ਹਾਂ ਦੇ ਕਾਰਨ ਕੀਤੀ ਗਈਆਂ ਅਨੇਕਾਂ ਛੋਟੀਆਂ-ਮੋਟੀਆਂ ਸੰਧੀਆਂ ਤੇ ਇਕਰਾਰਨਾਮਿਆਂ ਨੂੰ ਸ਼ਾਂਤੀ ਸਮਝੌਤਾ ਕਿਹਾ ਜਾ ਸਕਦਾ ਹੈ। ਪਹਿਲੇ ਤੇ ਦੂਜੇ ਵਿਸ਼ਵਯੁੱਧ ਦਰਮਿਆਲ ਦੇ ਅੰਤਰਰਾਸ਼ਟਰੀ ਸਰੂਪ ਵਾਂਗ ਹਰੇਕ ਮਹੱਤਵਪੂਰਨ ਰਾਜਨੀਤਿਕ ਘਟਨਾ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਇਸ ਸਮਝੌਤੇ ਦਾ ਹੀ ਸਿੱਟਾ ਸੀ, ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣਾ ਅਧਿਐਨ ਉਨ੍ਹਾਂ ਪ੍ਰਮੁੱਖ ਵਿਸ਼ੇਸਤਾਵਾਂ 'ਤੇ ਇੱਕ ਸੰਖੇਪ ਨਜ਼ਰ ਮਾਰਦਿਆਂ ਕਰਦੇ ਹੋਏ ਸ਼ੁਰੂ ਕਰੀਏ।

ਨੋਟਸ ਰਾਸ਼ਟਰ ਸੰਘ ਦਾ ਮੁੱਖ ਉਦੇਸ਼ ਸ਼ਾਂਤੀ ਬਣਾਈ ਰੱਖਣਾ ਹੈ।

## 16.2 ਯੂਰਪੀ ਸਮਝੌਤਾ (The European Settlement)

ਵਰਸਾਏ 'ਚ ਜਰਮਨ ਪ੍ਰਤੀਨਿਧੀ ਮੰਡਲ ਨੂੰ ਸੰਧੀ ਦੇ ਰੂਪ 'ਤੇ ਲਿਖਤੀ ਆਲੋਚਨਾ ਕਰਨ ਦਾ ਸਿਰਫ਼ ਇੱਕ ਹੀ ਮੌਕਾ ਦਿੱਤਾ ਗਿਆ ਸੀ। ਉਸ ਦੀਆਂ ਕੁਝ ਆਲੋਚਨਾਵਾਂ 'ਤੇ ਧਿਆਨ ਦਿੱਤਾ ਗਿਆ, ਪਰ ਸੋਧੀ ਸੰਧੀ ਉਸ ਨੂੰ ਇਸ ਧਮਕੀ ਦੇ ਨਾਲ ਸੌਂਪੀ ਗਈ ਕਿ ਜੇਕਰ ਉਸ 'ਤੇ ਪੰਜ ਦਿਨਾਂ ਦੇ ਅੰਦਰ ਹਸਤਾਖ਼ਰ ਨਾ ਕੀਤੇ ਗਏ, ਤਾਂ ਯੁੱਧ ਮੁੜ ਸ਼ੁਰੂਕਰ ਦਿੱਤਾ ਜਾਵੇਗਾ। ਜਰਮਨ ਪ੍ਰਤੀਨਿਧੀ ਮੰਡਲ ਦਾ ਕੋਈ ਵੀ ਮੈਂਬਰ ਰੂਪਰੇਖਾ ਦਿੱਤੇ ਜਾਣ ਅਤੇ ਸੰਧੀ 'ਤੇ ਹਸਤਾਖ਼ਰ ਕੀਤੇ ਜਾਣ ਦੇ ਦੋ ਰਸਮੀ ਮੌਕਿਆਂ ਨੂੰ ਛੱਡ ਹੋਰ ਕਿਸੇ ਵੀ ਸਮੇਂ ਮਿੱਤਰ-ਰਾਸ਼ਟਰਾਂ ਦੇ ਪ੍ਰਤੀਨਿਧੀਆਂ ਨਾਲ ਆਹਮੋਂ-ਸਾਹਮਣੇ ਨਹੀਂ ਮਿਲਿਆ। ਇਨ੍ਹਾਂ ਮੌਕਿਆਂ 'ਤੇ ਵੀ ਸਾਧਾਰਨ ਸ਼ਿਸਟਾਚਾਰ ਦਾ ਪਾਲਣ ਨਹੀਂ ਕੀਤਾ ਗਿਆ। ਜਰਮਨੀ ਵੱਲੋਂ ਹਸਤਾਖ਼ਰ ਕਰਨ ਵਾਲੇ ਦੋਵਾਂ ਹੀ ਪ੍ਰਤੀਨਿਧੀਆਂ ਨੂੰ ਹਸਤਾਖ਼ਰ ਵਿਧੀ ਦੇ ਸਮੇਂ ਮਿੱਤਰ ਰਾਸ਼ਟਰਾਂ ਦੇ ਪ੍ਰਤੀਨਿਧੀਆਂ ਦੀ ਬਰਾਬਰੀ ਨਾਲ ਨਹੀਂ ਬਿਠਾਇਆ ਗਿਆ ਬਲਕਿ ਇਸ ਦੇ ਉਲਟ, ਉਨ੍ਹਾਂ ਨੇ ਪਹਰੇ 'ਚ ਅਪਰਾਧੀਆਂ ਵਾਂਗ ਹਾਲ ਦੇ ਅੰਦਰ ਤੇ ਬਾਹਰ

**ਨੋਟ**

ਲਿਆਂਦਾ ਗਿਆ। ਇਨ੍ਹਾਂ ਬੇਲੋੜੇ ਅਪਮਾਨਾਂ ਦੇ, ਜਿਨ੍ਹਾਂ ਦੇ ਕਾਰਨ ਸਿਰਫ ਯੁੱਧ ਕਾਲ ਦੀ ਵਿਸ਼ਿਸ਼ਟ ਤੀਬਰ ਕੱਟੜਤਾ ਹੀ ਹੋ ਸਕਦੀ ਸੀ, ਜਰਮਨੀ 'ਚ ਤੇ ਹੋਰ ਦੂਰਗਾਮੀ ਮਨੋਵਿਗਿਆਨਕ ਸਿੱਟੇ ਨਿਕਲੇ। ਉਨ੍ਹਾਂ ਦੇ ਕਾਰਨ 'ਆਦਿਸ਼ਟ ਸ਼ਾਂਤੀ' ਦੀ ਧਾਰਨਾ ਜਰਮਨੀ ਲੋਕਾਂ ਦੇ ਮਨ 'ਚ ਘਰ ਕਰ ਗਈ ਤੇ ਜਰਮਨਾਂ 'ਚ ਇਹ ਵਿਸ਼ਵਾਸ ਵਿਆਪਕ ਪੱਧਰ 'ਤੇ ਫ਼ੈਲ ਗਿਆ ਕਿ ਉਪਰੋਕਤ ਹਾਲਤਾਂ 'ਚ ਜਰਮਨੀ ਤੋਂ ਕਰਵਾਏ ਗਏ ਹਸਤਾਖਰ ਉਸ 'ਤੇ ਨੈਤਿਕ ਦ੍ਰਿਸ਼ਟੀ ਤੋਂ ਪਾਬੰਦੀਸ਼ੁਦਾ ਨਹੀਂ ਹਨ। ਹੋਰ ਦੇਸ਼ਾਂ 'ਚ ਵੀ ਜ਼ਿਆਦਾਤਰ ਲੋਕ ਅਜਿਹਾ ਹੀ ਮੰਨਦੇ ਸਨ।

ਦੂਜਾ, ਵਰਸਾਏ ਦੀ ਸੰਧੀ ਪਿਛਲੀ ਕਿਸੇ ਵੀ ਸ਼ਾਂਤੀ ਸੰਧੀ ਤੋਂ ਇਸ ਗੱਲ 'ਚ ਭਿੰਨ ਸੀ ਕਿ ਉਹ ਯੁੱਧ ਦੇ ਸਮੇਂ ਐਲਾਨੇ ਕੁਝ ਆਮ ਸਿਧਾਂਤਾਂ 'ਤੇ ਅਧਾਰਿਤ ਕੀਤੀ ਗਈ ਸੀ ਜਿਨ੍ਹਾਂ 'ਚ ਸਭ ਤੋਂ ਪ੍ਰਸਿੱਧ ਅਮਰੀਕੀ ਰਾਸ਼ਟਰਪਤੀ ਵਿਲਸਨ ਦੇ ਚੌਦਾਂ ਸੂਤਰ ਸਨ ਜਿਨ੍ਹਾਂ ਨੂੰ ਜਰਮਨੀ ਨੇ ਵਿਰਾਮ ਸੰਧੀ ਤੋਂ ਪਹਿਲਾਂ ਹੀ ਸਮਝੌਤੇ ਦੇ ਅਧਾਰ ਦੇ ਰੂਪ 'ਚ ਸਵੀਕਾਰ ਕਰ ਲਿਆ ਸੀ। ਮੁੱਖ ਤੌਰ 'ਤੇ ਵਿਲਾਸਨ ਦੇ ਇਨ੍ਹਾਂ ਸਿਧਾਂਤਾਂ 'ਤੇ ਦ੍ਰਿੜ ਅਪੀਲ ਦੇ ਕਾਰਨ ਹੀ ਇਸ ਸੰਧੀ ਦੀ ਨੀਂਹ ਸ਼ੁੱਧ ਆਦਰਸ਼ਵਾਦ 'ਤੇ ਰੱਖੀ ਗਈ ਸੀ। ਇਸ ਸੰਧੀ 'ਚ ਨਿਮਨਲਿਖਤ ਸੰਥਾਵਾਂ ਦੀ ਸਥਾਪਨਾ ਦੀ ਵਿਵਸਥਾ ਕੀਤੀ ਗਈ ਸੀ– ਰਾਸ਼ਟਰ ਸੰਘ (League of Nations) ਜਿਸ ਦਾ ਮੁੱਖ ਉਦੇਸ਼ ਸ਼ਾਂਤੀ ਬਣਾਈ ਰੱਖਣਾ ਸੀ; ਅੰਤਰ ਰਾਸ਼ਟਰੀ ਕਿਰਤ ਸੰਗਠਨ (International Labour Organisation) ਜਿਸ ਦਾ ਕਾਰਜ ਮਜ਼ਦੂਰਾਂ ਦੀ ਸਥਿਤੀ ਦਾ ਰੈਗੂਲੇਸ਼ਨ ਕਰਨਾ ਸੀ ਤੇ ਜਰਮਨੀ ਵੱਲੋਂ ਸਮਰਪਿਤ ਕੀਤੇ ਜਾਣ ਵਾਲੀਆਂ ਬਸਤੀਆਂ ਲਈ ਸ਼ਾਸਨ ਦੀ ਇੱਕ ਪ੍ਰਦੇਸ਼ਾਤਮਕ ਪ੍ਰਣਾਲੀ (Mandatory System of Government)। 1919 ਤੋਂ ਬਾਅਦ ਇਹ ਸੰਸਥਾਵਾਂ ਨਵੀਂ ਵਿਸ਼ਵ ਵਿਵਸਥਾ ਦੀ ਨਿਯਮਿਤ ਤੇ ਜ਼ਰੂਰੀ ਅੰਗ ਬਣ ਗਈ। ਪਰ ਸੰਧੀਕਰਤਾਵਾਂ ਵੱਲੋਂ ਜੇਤੂ ਰਾਸ਼ਟਰਾਂ ਦੀ ਤੱਤਕਾਲੀਨ ਲੋੜਾਂ ਦੇ ਨਾਲ ਆਦਰਸ਼ਵਾਦ ਦਾ ਮੇਲ ਬੈਠਾਉਣ ਦੇ ਯਤਨ ਦੇ ਹੋਰ ਪ੍ਰਭਾਵ ਇੰਨੇ ਸ਼ੁੱਭ ਨਹੀਂ ਰਹੇ। ਸੰਧੀ ਦੇ ਕੁਝ ਹਿੱਸਿਆਂ ਦੀ ਮੂਲ 14 ਸੂਤਰਾਂ ਦੇ ਨਾਲ ਤੁਲਨਾ ਕਰਕੇ ਉਨ੍ਹਾਂ ਨੂੰ ਬਦਨਾਮ ਕਰਨਾ ਆਲੋਚਕਾਂ ਲਈ ਮੁਸ਼ਕਲ ਨਹੀਂ ਸੀ। ਇਹ ਗੱਲ ਸ਼ਾਇਦ ਵਿਵਾਦਗ੍ਰਸਤ ਸੀ ਕਿ ਜੋ ਖੇਤਰ ਜਰਮਨੀ ਨੇ ਪੋਲੈਂਡ ਨੂੰ ਸੌਂਪੇ ਸਨ ਉਹ 'ਨਿਰਵਿਵਾਦ ਰੂਪ 'ਚ ਪੋਲ ਆਬਾਦੀ' ਦੇ ਸਨ। ਇਸ ਤਰ੍ਹਾਂ ਇਹ ਗੱਲ ਵੀ ਵਿਵਾਦਗ੍ਰਸਤ ਸੀ ਕਿ ਜਰਮਨੀ ਤੋਂ ਉਸ ਦੇ ਸਮੁੰਦਰ ਪਾਰ ਦੇ ਸਾਰੇ ਪ੍ਰਦੇਸ਼ਾਂ ਨੂੰ ਖੋਹ ਲੈਣਾ ' ਸਾਰੇ ਉਪਨਿਵੇਸ਼ਕਕ ਦਾਅਵਿਆਂ ਦਾ ਇਨਾ ਅੜਿਕਾ, ਉਦਾਰ, ਪੂਰੀ ਤਰ੍ਹਾਂ ਨਿਰਪੱਖ ਨਿਪਟਾਰਾ' ਕਰਨਾਂ ਸੀ ਤੇ ਜਦੋਂ ਮਿੱਤਰ ਰਾਸ਼ਟਰ ਪ੍ਰਦੇਸ਼ਿਕ ਸਮਝੌਤਿਆਂ ਲਈ ਇੱਕ ਰਾਹ ਦਿਸੇਰਾ ਸਿਧਾਂਤ ਦੇ ਰੂਪ 'ਚ ਜਨਤਾ ਵੱਲੋਂ ਆਤਮਸਮਰਪਣ ਦਾ ਐਲਾਨ ਕਰ ਚੁੱਕੇ ਸਨ ਤਾਂ ਅਜਿਹੀ ਸਥਿਤੀ 'ਚ ਜਰਮਨੀ ਤੇ ਆਸਟਰੀਆ ਦੇ ਸੰਯੋਗ 'ਤੇ ਪਾਬੰਦੀ ਲਾਉਣਾ ਮੁਆਫ਼ੀਯੋਗ ਨਹੀਂ ਸੀ। ਸਿਧਾਂਤ ਤੇ ਵਿਵਹਾਰ 'ਚ ਇਨ੍ਹਾਂ 'ਚ ਹੋਰ ਇਸੇ ਤਰ੍ਹਾਂ ਦੀਆਂ ਹੋਰ ਅਸੰਗਤੀਆਂ ਨਾਲ ਉਨ੍ਹਾਂ ਲੋਕਾਂ ਨੂੰ ਬੜੀ ਸਹੂਲਤ ਹੋ ਗਈ ਜਿਸ ਦਾ ਇਹ ਮਤ ਸੀ ਕਿ ਵਰਸਾਇ ਦੀ ਸੰਧੀ ਇੱਕ ਗੰਦਾ ਦਸਤਾਵੇਜ਼ ਸੀ ਤੇ ਮਿੱਤਰ-ਰਾਸ਼ਟਰਾਂ ਨੇ ਉਨ੍ਹਾਂ ਸ਼ਰਤਾਂ ਦੀ ਹੀ ਉਲੰਘਣ ਕੀਤੀ ਸੀ ਜਿਹੜੀਆਂ 'ਤੇ ਵਿਰਾਮ ਸੰਧੀ ਅਧਾਰਿਤ ਸੀ।




ਵਰਸਾਇ ਦੀ ਸੰਧੀ ਦੇ ਅਨੁਸਾਰ ਜਰਮਨੀ 'ਤੇ ਲਾਈਆਂ ਗਈਆਂ ਪਾਬੰਦੀਆਂ, ਕੁਝ ਹੀ ਅਪਵਾਦਾਂ ਨੂੰ ਛੱਡ ਕੇ, ਜਾਂ ਤਾਂ ਅਪਸੀ

ਨੋਟ

ਸਮਝੌਤਿਆਂ ਦੁਆਰਾ ਜਾਂ ਸਮੇਂ ਦੀ ਗਤੀ ਦੇ ਨਾਲ-ਨਾਲ ਜਾਂ ਜਰਮਨੀ ਦੁਆਰਾ ਨਾਮਨਜ਼ੂਰ ਕਰ ਦਿੱਤੇ ਜਾਣ ਕਾਰਨ, ਇਸ ਲਈ ਰੱਦ ਹੋ ਗਈਆਂ। ਉਨ੍ਹਾਂ 'ਚ ਸਭ ਤੋਂ ਵੱਧ ਮਹੱਤਵਪੂਰਨ ਬੰਧਨਾਂ (ਸਜ਼ਾ, (Penalties) ਨੁਕਸਾਨਪੂਰਤੀ, (Reparations) ਅਸੈਨਿਕ ਖੇਤਰ (Demilitarised zone), ਨਿਸ਼ਸਤਰੀਕਰਨ (Disarmament) ਦੀ ਵਿਆਖਿਆ ਅਗਲੇ ਅਧਿਆਇ 'ਚ ਕੀਤੀ ਜਾਵੇਗੀ। ਇੱਥੇ ਸਿਰਫ਼ ਯੂਰਪੀ ਪ੍ਰਦੇਸ਼ਾਂ ਸਬੰਧੀ ਵਿਵਸਥਾ ਦਾ ਸਾਰ ਦੇ ਦੇਣਾ ਹੀ ਲਾਜ਼ਮੀ ਹੈ। ਪੱਛਮ 'ਚ, ਜਰਮਨੀ ਨੇ ਫਰਾਂਸ ਨੂੰ ਆਲਸੇਸ (Alsace) ਤੇ ਲਾਰੇਨ (Lorraine) ਵਾਪਸ ਕਰ ਦਿੱਤੇ, ਯੂਪੇਨ (Eupen) ਅਤੇ ਮਾਲਮੇਡਲ (Malmedy) 'ਚ ਦੋ ਛੋਟੇ-ਛੋਟੇ ਪ੍ਰਦੇਸ਼ ਖੰਡ ਬੈਲਜ਼ੀਅਮ ਨੂੰ ਸੌਂਪ ਦਿੱਤੇ ਅਤੇ ਲਕਜਮਬਰਗ ਦੇ ਨਾਲ ਪੁਰਾਣੇ ਸਰਹੱਦੀ ਟੈਕਸ (Customs Union) ਸਮਝੌਤੇ ਨੂੰ ਖ਼ਤਮ ਕਰ ਦਿੱਤਾ। ਸਾਰ (Saar) ਦੀਆਂ ਕੋਲਾ ਖਾਨਾਂ ਖੇਤਰ ਦਾ ਪ੍ਰਸਾਸਨ ਪੰਦਰਾਂ ਵਰ੍ਹਿਆਂ ਲਈ ਰਾਸ਼ਟਰ ਸੰਘ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ ਤੇ ਇਹ ਵਿਵਸਥਾ ਕੀਤੀ ਗਈ ਕਿ ਇਸ ਮਿਆਦ ਤੋਂ ਬਾਅਦ ਉਸ ਦੀ ਕਿਸਮਤ ਦਾ ਨਿਪਟਾਰਾ ਜਨਮਤ ਰਾਹੀਂ ਕੀਤਾ ਜਾਵੇਗਾ।

ਪੂਰਬ 'ਚ ਜਰਮਨੀ ਨੇ ਮੇਮਲ (Memel) ਬੰਦਰਗਾਹ ਤੇ ਉਸ ਦੇ ਸਮੁੰਦਰੀ ਤੱਟ ਪਾਰਸ਼ਵ ਜ਼ਮੀਨ ਮੁੱਖ ਮਿੱਤਰ ਤੇ ਸਾਥੀ ਰਾਸ਼ਟਰਾਂ (Principal Allied and Associated powers) ਨੂੰ ਅੰਤ 'ਚ ਉਨ੍ਹਾਂ ਨੂੰ ਲਿਥੁਆਨੀਆ ਨੂੰ ਬਦਲ ਦੇਣ ਲਈ ਸੌਂਪ ਦਿੱਤੇ। ਪੋਲੈਂਡ ਨੂੰ ਉਸ ਨੇ ਪੋਜੇਨ (Posen) ਦਾ ਪ੍ਰਾਂਤ ਤੇ ਲਗਭਗ ਚਾਲੀ ਮੀਲ ਸਮੁੰਦਰੀ ਕਿਨਾਰੇ ਦੇ ਪ੍ਰਦੇਸ਼ ਸਮੇਤ ਪੱਛਮੀ ਪ੍ਰਸ਼ਾ ਦੇ ਪ੍ਰਾਂਤ ਦਾ ਵਧੇਰੇ ਕਥਿਤ ਗਲਿਆਰਾ (corridor) ਜੋ ਪੂਰਬੀ ਪ੍ਰਸ਼ਾ ਨੂੰ ਬਾਕੀ ਜਰਮਨੀ ਤੋਂ ਵੱਖ ਕਰਦਾ ਹੈ-ਸੌਂਪ ਦਿੱਤਾ। ਡਾਨਜ਼ਿਗ (Danzig) ਨਾਮੀ ਇੱਕ ਜਰਮਨ ਨਗਰ ਜੋ ਅਸਲ 'ਚ ਪੋਲੈਂਡ ਦਾ ਹੀ (ਜਿਸ ਨੂੰ ਚੌਦਾਂ ਸੂਤਰਾਂ 'ਚ "ਸਮੁੰਦਰ ਤੱਕ ਪਾਬੰਦ ਤੇ ਸੁਰੱਖਿਅਤ ਮਾਰਗ ਦੀ ਸਹੂਲਤ" ਦੇਣ ਦਾ ਵਚਨ ਦਿੱਤਾ ਗਿਆ ਸੀ) ਇੱਕ ਕੁਦਰਤੀ ਬੰਦਰਗਾਹ ਸੀ, ਇੱਕ ਸਵਤੰਤਰ ਨਗਰ (Free-city) ਬਣ ਗਿਆ ਜਿਸ ਨੇ ਪੋਲੈਂਡ ਦੇ ਨਾਲ ਸੰਧੀ-ਸਬੰਧ ਸਥਾਪਿਤ ਕਰਕੇ ਉਸ ਦੇ ਸਰਹੱਦੀ ਖੇਤਰ (customs area) 'ਚ ਸ਼ਾਮਲ ਹੋ ਕੇ ਆਪਣੇ ਵਿਦੇਸ਼ੀ ਸਬੰਧ ਪੋਲੈਂਡ ਦੇ ਹੱਥਾਂ 'ਚ ਸੌਂਪ ਦਿੱਤੇ। ਇਸ ਤੋਂ ਇਲਾਵਾ, ਪੱਛਮੀ ਪ੍ਰਸ਼ਾ ਦੇ ਮੇਰੀਨਵਰਡਰ (Marienwerder) ਤੇ ਪੂਰਬੀ ਪ੍ਰਸ਼ਾ ਦੇ ਏਲੇਨਸਟੀਨ (Allenstein) ਜ਼ਿਲ੍ਹਿਆਂ ਤੇ ਸਾਰੇ ਉਪਰੀ ਸਿਲੇਸ਼ੀਆ (Upper Silesia) 'ਚ ਜਨਮਤ ਲੈਣ ਦੀ ਵਿਵਸਥਾ ਵੀ ਕੀਤੀ ਗਈ। ਜੁਲਾਈ 1920 'ਚ ਮੇਰੀਨਵਰਡਰ ਤੇ ਏਲੇਨਸਟੀਨ 'ਚ ਜਨਮਤ ਲਿਆ ਗਿਆ ਜਿਸ ਦਾ ਸਿੱਟਾ ਬਹੁਤ ਜ਼ਿਆਦਾ ਜਰਮਨ ਬਹੁਮਤ ਰਿਹਾ, ਸਿਰਫ਼ ਥੋੜ੍ਹੇ ਜਿਹੇ ਪਿੰਡਾਂ 'ਚ ਪੋਲੈਂਡ ਦੇ ਪੱਖ 'ਚ ਬਹੁਮਤ ਰਿਹਾ ਤੇ ਉਨ੍ਹਾਂ ਨੂੰ ਪੋਲੈਂਡ ਨੂੰ ਹਸਤਾਂਤਰਿਤ ਕਰ ਦਿੱਤਾ ਗਿਆ। ਉਪਰੀ ਸਿਲੇਸ਼ੀਆ 'ਚ ਜਨਮਤ ਅਗਲੇ ਵਰ੍ਹੇ ਤੱਕ ਲਈ ਮੁਲਤਵੀ ਕਰ ਦਿੱਤਾ ਗਿਆ ਜਿਸ ਨਾਲ ਦੋਵਾਂ ਪੱਖਾਂ 'ਚ ਤੀਬਰ ਦੁਰਭਾਵਨਾ ਫ਼ੈਲੀ ਅਤੇ ਗੰਭੀਰ ਹਿੰਸਾਤਮਕ ਉਪਦ੍ਰਵ ਵੀ ਹੋਏ। ਹੋਰ ਜਨਮਤ ਜ਼ਿਲ੍ਹਿਆਂ (plebiscite districts) ਤੋਂ ਉਪਰੀ ਸਿਲੇਸ਼ੀਆ ਇਸ ਗੱਲ 'ਚ ਭਿੰਨਤਾ ਸੀ ਕਿ ਉਸ 'ਚ ਕੋਲ਼ੇ ਅਤੇ ਲੋਹੇ ਦੀ ਬਹੁਤਾਤ ਸੀ ਅਤੇ ਸੰਘਣੀ ਆਬਾਦੀ ਵਾਲੀ ਉਦਯੋਗਿਕ ਖੇਤਰ ਵੀ ਉਸ 'ਚ ਸ਼ਾਮਲ ਸੀ। ਮਤਦਾਨ 'ਚ ਕੁਝ ਨਿਰਮਾਣ ਨਹੀਂ ਹੋ ਸਕਿਆ। ਲਗਭਗ 60 ਫੀਸਦੀ ਮਤ ਜਰਮਨੀ ਦੇ ਪਖ 'ਚ ਪਏ ਤਾਂ ਲਗਭਗ 40 ਫੀਸਦੀ ਪੋਲੈਂਡ ਦੇ ਪੱਖ 'ਚ। ਪਰ ਕੁਝ ਸਪੱਸ਼ਟ ਪੇਂਡੂ ਖੇਤਰਾਂ ਨੂੰ ਛੱਡ ਕੇ ਬਾਕੀ ਖੇਤਰਾਂ 'ਚ ਜਨਮਤ ਇੰਨਾ ਅਸਪੱਸ਼ਟ ਤੇ ਮਿਸ਼ਰਿਤ ਸੀ ਕਿ ਕਿਸੇ ਫ਼ੈਸਲੇ 'ਤੇ ਪੁੱਜ ਸਕਣਾ ਅਤਿਅੰਤ ਮੁਸ਼ਕਲ ਹੋ ਗਿਆ। ਇੱਕ ਪਾਸੇ ਤਾਂ ਬ੍ਰਿਟਿਸ਼ ਇਟੇਲੀਅਨ ਕਮਿਸ਼ਨਰਾਂ (Commissioners) ਨੇ ਅਤੇ ਦੂਜੇ ਪਾਸੇ ਫਰਾਂਸੀਸੀ ਕਮਿਸ਼ਨਰ ਨੇ ਆਪਸੀ ਵਿਰੋਧੀ ਸਿਫਾਰਸ਼ਾਂ ਪੇਸ਼ ਕੀਤੀਆਂ। ਮਿੱਤਰ ਰਾਸ਼ਟਰਾਂ ਦੀ ਸਰਵਉੱਚ ਪਰਿਸ਼ਦ (Supreme Council) ਇਨ੍ਹਾਂ ਸਿਫਾਰਸ਼ਾਂ ਦੇ ਸੰਬਧ 'ਚ ਇਕਮਤ ਨਹੀਂ ਹੋ ਸਕੀ ਤੇ ਉਸ ਨੇ ਪਤਾ ਨਹੀਂ ਕਿਹੜੀ ਮਦਭਾਵਨਾ ਨਾਲ ਇਹ ਮਾਮਲਾ ਰਾਸ਼ਟਰ ਸੰਘ 'ਚ ਭੇਜ ਦਿੱਤਾ। ਦੂਜੀ ਵਾਰ ਵੀ ਅੜਿੱਕੇ ਦੀ ਸ਼ੰਕਾ ਨਾਲ ਪਰਿਸ਼ਦ ਨੇ ਫਰਾਂਸੀਸੀ ਕਮਿਸ਼ਨ ਅਤੇ ਬ੍ਰਿਟਿਸ਼ ਤੇ ਇਟੇਲੀਅਨ ਕਮਿਸ਼ਨਰਾਂ ਦੁਆਰਾ ਤਜਵੀਜ਼ਸ਼ੁਦਾ ਨੀਤੀ ਦੇ ਮੱਧ ਦਾ ਮਾਰਗ ਅਪਣਾਇਆ। ਕਿਉਂਕਿ ਬ੍ਰਿਟਿਸ਼-ਇਟੇਲੀਅਨ ਨੀਤੀ ਵੋਟਾਂ ਦੇ ਨਤੀਜਿਆਂ ਨੂੰ ਜਿੱਥੋਂ ਤੱਕ ਸੰਭਵ ਹੋਵੇ ਅਮਲੀ ਰੂਪ ਦਿਵਾਉਣ ਦਾ ਇੱਕ ਚੌਕਸੀ ਭਰਿਆ ਯਤਨ ਸੀ ਤੇ ਫਰਾਂਸੀਸੀ ਨੀਤੀ ਸਪੱਸ਼ਟ ਤੌਰ 'ਤੇ ਪੋਲੈਂਡ ਦੇ ਦਾਅਵਿਆਂ ਦੀ ਪੱਖਪਾਤੀ ਸੀ, ਇਸ ਲਈ ਪਰਸ਼ਿਦ ਦੇ ਫ਼ੈਸਲੇ ਦਾ ਵੀ ਉਸ ਨੂੰ ਪੂਰੀ ਤਰ੍ਹਾਂ ਨਿਆਂਪੂਰਨ ਕਹਿ ਕੇ ਸਮਰੱਥਨ ਨਹੀਂ ਕੀਤਾ ਜਾ ਸਕਦਾ ਸੀ। ਇਸ ਫ਼ੈਸਲੇ ਨਾਲ ਜਰਮਨੀ 'ਚ ਰੋਸ ਫ਼ੈਸਲ ਗਿਆ ਤੇ ਰਾਸ਼ਟਰ ਸੰਘ ਦੇ ਸ਼ੁਰੂਆਤੀ ਕਾਲ 'ਚ ਜਰਮਨ ਲੋਕਮਤ ਨੂੰ ਰਾਸ਼ਟਰ ਸੰਘ ਵਿਰੋਧੀ ਬਣਾਉਣ 'ਚ ਉਸ ਨੇ ਕਾਫ਼ੀ ਸਹਾਇਤਾ ਕੀਤੀ। ਵਰਸਾਈਂ ਦੀ ਸੰਧੀ ਦੇ ਪ੍ਰਾਦੇਸ਼ਿਕ ਉਪਬੰਧਾਂ ਦੇ ਸਿੱਟੇ ਵਜੋਂ ਜਰਮਨੀ ਨੂੰ ਯੂਰਪ 'ਚ 25,000 ਵਰਗ ਮੀਲ ਤੋਂ ਵੀ ਵੱਧ ਜ਼ਮੀਨ ਤੇ ਲਗਭਗ 70 ਲੱਖ ਪਾਬੰਦੀਆਂ ਤੋਂ ਹੱਥ ਧੋਣਾ ਪਿਆ।

> ਕੀ ਤੁਸੀ ਜਾਣਦੇ ਹੋ? ਤੁਰਕੀ ਦੇ ਨਾਲ ਅੰਤਿਮ ਸ਼ਾਂਤੀ ਸੰਧੀ 23 ਜੁਲਾਈ 1923 'ਚ ਹੋਈ ਸੀ।

ਹੋਰ ਯੂਰਪੀ ਸ਼ਾਂਤੀ ਸੰਧੀਆਂ 'ਤੇ ਹੋਰ ਵੀ ਸੰਖੇਪ ਵਿਚਾਰ ਕੀਤਾ ਜਾ ਸਕਦਾ ਹੈ।

ਨਵੰਬਰ 1918 'ਚ ਆਸਟ੍ਰੋ-ਹੰਗੇਰੀਅਨ ਰਾਜਤੰਤਰ ਦੇ ਪਤਨ ਦੇ ਕਾਰਨ ਜਰਮਨ ਆਸਟਰੀਆ ਇੱਕ ਵੱਖਰਾ, ਬੇਤੁਕੇ ਅਨੁਪਾਤ ਵਾਲਾ ਟੁਕੜਾ ਰਹਿ ਗਿਆ ਸੀ, ਉਸ ਦੇ 70,00,000 ਨਿਵਾਸੀਆਂ 'ਚੋਂ 20,00,000 ਤੋਂ ਵੀ ਵੱਧ ਵਿਏਨਾ 'ਚ ਵੀ ਵਸੇ ਹੋਏ ਸਨ। ਬੋਹੇਮੀਆ, ਮੋਰੇਵੀਆ ਤੇ ਆਸਟਰੀਅਨ ਸਿਲੇਸ਼ੀਆ ਉਸ ਤੋਂ ਵੱਖ ਹੋ ਕੇ ਚੈਕੋਸਲੋਵਾਕਿਆ ਦਾ ਕੇਂਦਰੀ ਭਾਗ ਬਣ ਚੁੱਕੇ ਸਨ। ਸਰਬੀਆ (Serbia) ਅਤੇ ਕ੍ਰੋਏਸ਼ੀਆ ਨਾਲ ਸਲੋਵੇਨੀਆ ਮਿਲ ਗਿਆ ਸੀ ਜਿਸ ਨਾਲ ਯੁਗੋਸਲਾਵ ਰਾਜ ਦਾ ਨਿਰਮਾਣ ਕੀਤਾ ਗਿਆ ਸੀ। ਇਟਲੀ ਨੇ ਟ੍ਰੀਸਟ (Trieste) ਤੇ ਉਸ ਨਾਲ ਲੱਗੀ ਹੋਈ ਜ਼ਮੀਨ 'ਤੇ ਅਧਿਕਾਰ ਕਰ ਲਿਆ। ਸੇਂਟ ਜਰਮਨ ਦੀ ਸੰਧੀ ਨੇ ਇੰਨ੍ਹਾਂ ਸੰਪਨ ਤੱਥਾਂ (accomplished facts) ਨੂੰ ਮਨਜ਼ੂਰ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਕੀਤਾ। ਆਤਮ ਫ਼ੈਸਲੇ ਦੇ ਸਿਧਾਂਤ ਦਾ ਸਪੱਸ਼ਟ ਰੂਪ ਨਾਲ ਉਲੰਘਣਾ ਕਰਨ ਵਾਲੀਆਂ ਦੋ ਤਜਵੀਜ਼ਾਂ ਇਸ ਸੰਧੀ 'ਚ ਵੀ ਸਨ। ਉਨ੍ਹਾਂ 'ਚੋਂ ਇੱਕ ਸੀ ਆਸਟਰੀਆ ਤੇ ਜਰਮਨ ਦੇ ਸੰਯੋਗ ਦੀ ਪਾਬੰਦੀ ਜੋ ਵਰਸਾਏ ਦੀ ਸੰਧੀ 'ਚ ਕੀਤੀ ਗਈ ਵਿਵਸਥਾ ਦੀ ਦੁਹਰਾਅ ਸੀ। ਦੂਜੀ ਤਜਵੀਜ਼ ਸੀ ਵਿਸ਼ੁੱਧ ਜਰਮਨ-ਭਾਸ਼ੀ ਦੱਖਣੀ ਟਾਇਰੋਲ (Tyrol) ਦਾ ਇਟਲੀ ਨੂੰ ਸੌਂਪਿਆ ਜਾਣਾ ਤਾਂਕਿ ਉਸ ਨੂੰ ਬ੍ਰੇਨਰ ਦਾ ਸਾਮਰਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੱਦ ਮਿਲ ਜਾਵੇ। ਪਰ

ਨੋਟ

ਆਸਟਰੀਆ ਦੀ ਆਰਥਿਕ ਸਥਿਤੀ ਇੰਨੀ ਖ਼ਰਾਬ ਸੀ (ਕੁਝ ਮਹੀਨਿਆਂ ਤੱਕ ਵਿਏਨਾ ਦੇ ਲੋਕ ਅਸਲ 'ਚ ਭੁੱਖੇ ਮਰਦੇ ਰਹੇ) ਕਿ ਸ਼ਾਂਤੀ ਨਾਲ ਸਬੰਧਿਤ ਰਾਜਨੀਤਿਕ ਅਪਮਾਨਾਂ ਦਾ ਉਸ ਨੂੰ ਸ਼ਾਇਦ ਹੀ ਅਨੁਭਵ ਹੋਇਆ ਹੋਵੇ। ਮਿੱਤਰ ਰਾਸ਼ਟਰਾਂ ਨੇ ਇਸ ਡਰੋਂ ਕਿ ਜਰਮਨੀ ਦੇ ਨਾਲ ਰਿਸ਼ਤਾ ਬਣਾਉਣ ਦਾ ਅੰਦੋਲਨ ਉਗਰ ਰੂਪ ਧਾਰਨ ਨ ਕਰ ਲਵੇ, ਸੰਧੀ ਦੇ ਖੇਤਰ (non-territorial) ਉਪਬੰਧਾਂ ਨੂੰ ਲਾਗੂ ਕਰਨ ਦਾ ਕੋਈ ਗੰਭੀਰ ਯਤਨ ਹੀ ਨਹੀਂ ਕੀਤਾ; ਤੇ ਆਸਟਰੀਆ ਨੁਕਸਾਨ ਪੂਰਤੀ ਕਮਿਸ਼ਨ (Austrian Reparation Commission) ਵੀ ਇੱਕ ਸਹਾਇਤਾ-ਸੰਗਠਨ (relief organisation) ਬਣ ਗਿਆ।

ਬਲਗਾਰੀਆ ਨੂੰ ਵੀ ਹੰਗਰੀ ਵਾਂਗ ਵੱਧ ਹਾਨੀ ਉਠਾਉਣੀ ਪਈ, ਪਰ ਉਸ ਦੀ ਜਿਆਦਾਤਰ ਹਾਨੀ 1919 ਦੇ ਸਮਝੌਤੇ ਤੋਂ ਨਹੀਂ ਸਗੋਂ 1913 ਦੇ ਸ਼ਾਂਤੀ ਸਮਝੌਤੇ ਦੇ ਸਮੇਂ ਹੋਈ ਸੀ ਜਿਸ ਦੁਆਰਾ ਦੂਜੇ ਬਾਲਕਨ ਯੁੱਧ ਸਮਾਪਤੋ ਇਆ ਸੀ। 1912 ਦੇ ਪਹਿਲੇ ਬਾਲਕਨ ਯੁੱਧ ਦੇ ਸਮੇਂ ਤੁਰਕੀ ਨੂੰ ਬਾਲਕਨ ਦੀਪਾਂ ਤੋਂ ਨਿਕਲ ਕੇ ਬਾਹਰ ਕਰਨ ਤੇ ਉਸ ਨੂੰ ਕੰਸਟੇਂਟਿਨੋਪਲ (Constantinople) ਤੋਂ ਲਗਭਗ 50 ਮੀਲ ਦੀ ਦੂਰੀ ਤੱਕ ਖਦੇੜ ਦੇਣ ਦੇ ਉਦੇਸ਼ ਨਾਲ ਬਲਗਾਰੀਆ ਨੇ ਸਰਬੀਆ, ਯੂਨਾਨ ਤੇ ਰੂਮਾਨੀਆ ਨਾਲ ਸਹਿਯੋਗ ਕੀਤਾ ਸੀ। ਪਰ ਲੁੱਟ ਦੇ ਵੰਡ ਦੇ ਸਵਾਲ 'ਤੇ ਜੇਤੂਆਂ 'ਚ ਫੁੱਟ ਪੈ ਗਈ। ਦੂਜੇ ਬਾਲਕਨ ਯੁੱਧ 'ਚ ਬਲਗਾਰੀਆ ਦੇ ਤਿੰਨਾਂ ਹੀ ਪੁਰਾਣੇ ਸਾਥੀਆਂ ਤੇ ਤੁਰਕੀ ਨੇ ਇਕੱਠੇ ਬਲਗਾਰੀਆ 'ਤੇ ਹਮਲਾ ਕੀਤਾ। ਇਸ ਯੁੱਧ ਦੇ ਸਿੱਟੇ ਵਜੋਂ ਜੋ ਸੰਧੀ ਹੋਈ ਉਸ ਦੇ ਅਨੁਸਾਰ ਬਲਗਾਰੀਆ ਨੂੰ ਮਜ਼ਬੂਰ ਹੋ ਕੇ ਇਨ੍ਹਾਂ ਚਾਰਾਂ ਰਾਸ਼ਟਰਾਂ ਨੂੰ ਜ਼ਮੀਨ ਦੇਣੀ ਪਈ। 1919 ਦੀ ਨਿਊਲੀ ਦੀ ਸੰਧੀ ਨੇ ਬਲਗਾਰੀਆ ਦੀ ਹਾਨੀ 'ਤੇ ਆਪਣੀ ਮੋਹਰ ਲਾ ਦਿੱਤੀ ਤੇ ਬਲਗਾਰੀਆ ਨੂੰ ਵੀ ਵੱਧ ਹਾਨੀ 'ਚ ਪਾਉਂਦਿਆਂ ਸਰਬੀਆ ਤੇ ਯੂਨਾਨ ਨਾਲ ਲਗਦੀ ਹੋਈ ਉਸ ਹੱਦ 'ਚ ਬਦਲਾਅ ਕਰ ਦਿੱਤਾ ਅਤੇ ਰੂਮਾਨੀਆ ਨਾਲ ਲਗਦੇ ਹੋਏ ਉਸ ਦੇ 1913 'ਚ ਤੈਅ ਸਪੱਸ਼ਟਤਾ ਅਨਿਆਂ ਭਰੇ ਸਰਹੱਦ ਨੂੰ ਵੈਸੇ ਹੀ ਅਛੂਤਾ ਛੱਡ ਦਿੱਤਾ। ਬਲਗਾਰੀਆ ਦੀ ਸਭ ਤੋਂ ਵੱਡੇ ਤੇ ਮਰਮਾਨਤਕ ਸ਼ਿਕਾਇਤ ਉਸ ਨੂੰ ਮੈਸੇਡੋਨੀਆ ਦੇ ਨਾ ਮਿਲਣ 'ਚ ਸੀ ਜਿਸ ਨੂੰ ਪਹਿਲੇ ਬਾਲਕਨ ਯੁੱਧ 'ਚ ਹਿਸਾ ਲੈਣ ਬਦਲੇ 'ਚ ਉਸ ਨੂੰ ਦਿੱਤੇ ਜਾਣ ਦਾ ਵਚਨ ਦਿੱਤਾ ਗਿਆ ਸੀ, ਤੇ ਉਥੇ ਸਾਡੇ ਸਾਹਮਣੇ ਇੱਕ ਖੇਤਰੀ ਸਮੱਸਿਆ ਆਉਂਦੀ ਹੈ ਜੋ ਅਜੇ ਤੱਕ ਆਲੋਚਕ ਸਮੱਸਿਆਵਾਂ ਤੋਂ ਵੱਖਰੀ ਹੈ। ਜਰਮਨੀ ਤੇ ਪੋਲੈਂਡ ਜਾਂ ਹੰਗਰੀ ਤੇ ਰੂਮਾਨੀਆ ਦਰਮਿਆਨ ਨਿਆਂਪੂਰਨ ਸੀਮਾਂਤ ਨਿਸ਼ਚਿਤ ਕਰਨਾ ਮੁਸ਼ਕਲ ਹੋ ਸਕਦਾ ਸੀ; ਪਰ ਸਬੰਧਿਤ ਆਬਦੀਆਂ ਕਿਸ ਮੂਲ ਜਾਤੀ (race) ਦੀਆਂ ਸਨ, ਉਸ ਬਾਰੇ ਤਾਂ ਘੱਟ ਤੋਂ ਘੱਟ ਕੋਈ ਸ਼ੱਕ ਸੀ ਹੀ ਨਹੀਂ। ਮੈਸੇਡੋਨੀਆ 'ਚ ਇਹ ਸ਼ੁਰੂਆਤੀ ਮੁੱਦਾ ਹੀ ਕੱਟੜ ਵਿਵਾਦ ਦਾ ਵਿਸ਼ਾ ਸੀ। ਮੈਸੇਡੋਨੀਆ ਦੇ ਲੋਕ ਸਲਾਵ ਪ੍ਰਜਾਤੀ ਦੇ ਸਨ ਪਰ ਉਨ੍ਹਾਂ 'ਚ ਰਾਸ਼ਟਰੀ ਚੇਤਨਾ ਜਾਂ ਤਾਂ ਕਮਜੋਰ ਸੀ ਜਾਂ ਉਸ ਦੀ ਕਮੀ ਸੀ; ਉਨ੍ਹਾਂ ਦੀ ਬੋਲੀ ਇੱਕ ਪਾਸੇ ਸਰਬੀਅਨ 'ਚ ਮਿਲ ਗਈ ਸੀ ਤਾਂ ਦੂਜੇ ਪਾਸੇ ਬਲਗਾਰੀਆ 'ਚ। ਸਮਾਂ ਆਉਣ 'ਤੇ ਉਹ ਵੱਡੀ ਸਰਲਤਾ ਨਾਲ ਪੂਰੇ ਬਲਗਾਰੀਅਨ ਜਾਂ ਪੂਰੇ ਸਰਬੀਅਨ, ਕੁਝ ਵੀ ਬਣ ਸਕਦੇ ਸਨ। 1913 ਦੇ ਸਮਝੌਤੇ ਦੇ ਅਨੁਸਾਰ ਜਿਸ ਦੀ ਪੁਸ਼ਟੀ 1919 'ਚ ਹੋਈ, ਮੈਸੇਡੋਨੀਆ ਦਾ ਜ਼ਿਆਦਾਤਰ ਹਿੱਸਾ ਸਰਬੀਆ ਨੂੰ ਮਿਲਿਆ ਤੇ ਬਾਕੀ ਭਾਗ ਦਾ ਵੀ ਜ਼ਿਆਦਾ ਹਿੱਸਾ ਯੂਨਾਨ ਦੇ ਹੱਥ ਆਇਆ। ਪਰ ਮੈਸੇਡੋਨੀਆ ਦੇ ਲੋਕ ਅੱਸਭਿਆ ਸਨ ਜਿਨ੍ਹਾਂ 'ਚ ਲੁੱਟ-ਖਸੁੱਟ ਨੂੰ ਸਨਮਾਨ ਦੀ ਗੱਲ ਮੰਨਿਆ ਜਾਂਦਾ ਸੀ। ਉਨ੍ਹਾਂ 'ਚੋਂ ਕੁਝ ਬਹਾਦੁਰ ਲੋਕ ਬਲਗਾਰੀਆ ਚੱਲੇ ਗਏ ਤੇ ਉਥੋਂ ਉਨ੍ਹਾਂ ਨੇ ਮੈਸੇਡੋਨੀਆ ਕ੍ਰਾਂਤੀਕਾਰੀ ਸੰਗਠਨ (Mecedonian Revolutionary Organisation) ਦੀ ਸਥਾਪਨਾ ਕੀਤੀ ਜੋ ਯੁਗੋਸਲਾਵ ਜਾਂ ਯੂਨਾਨ-ਖੇਤਰ 'ਚ ਸਮੇਂ ਸਮੇਂ 'ਤੇ ਧਾਵੇ ਬੋਲਦਾ ਰਹਿੰਦਾ ਸੀ, ਸਰਹੱਦ ਦੇ ਦੋਵਾਂ ਪਾਸਿਆਂ ਦੀ ਜਨਤਾ 'ਚ ਖ਼ੌਫ ਫ਼ੈਲਾਉਂਦਾ ਸੀ ਤੇ ਜਿਸ ਨੇ ਯੁੱਧ ਤੋਂ ਬਾਅਦ ਦੇ ਦਸ ਵਰ੍ਹਿਆਂ 'ਚ ਵੀ ਵੱਘ ਸਮੇਂ ਤੱਕ ਬਲਗਾਰੀਆ ਤੇ ਉਸ ਦੇ ਗੁਆਂਢੀ ਦੇਸ਼ਾਂ ਦੇ ਸਬੰਧਾਂ ਨੂੰ ਕੱਟੜ ਬਣਾਈ ਰੱਖਿਆ। ਇਸ ਮਿਆਦ 'ਚ ਯੂਰਪ ਦੇ ਹੋਰ ਕਿਸੇ ਵੀ ਹਿੱਸੇ ਨਾਲੋਂ ਮੈਸੇਡੋਨੀਆ 'ਚ ਜ਼ਿੰਦਗੀ ਅਤੇ ਜਾਇਦਾਦ ਘੱਟ ਸੁੱਰਖਿਅਤ ਸਨ।

ਆਖ਼ਰ 'ਚ, ਇਸ ਗੱਲ ਦਾ ਜ਼ਿਕਰ ਕਰ ਦੇਣਾ ਵੀ ਜ਼ਰੂਰੀ ਹੈ ਕਿ ਨਵ ਨਿਰਮਿਤ ਰਾਜਾਂ ਨੂੰ –ਪੋਲੈਂਡ ਤੇ ਚੈਕੋਸਲੋਵਾਕਿਆ– ਅਤੇ ਜਿਹੜੇ ਰਾਜਾਂ ਦੇ ਖਤਰਾਂ 'ਚ ਕਾਫ਼ੀ ਵਾਧਾ ਹੋਇਆ ਸੀ ਉਨ੍ਹਾਂ ਨੂੰ ਯੁਗੋਸਲਾਵੀਆ, ਰੂਮਾਨੀਆ ਤੇ ਯੂਨਾਨ-ਮੁੱਖ ਮਿੱਤਰ ਤੇ ਸਾਥੀ ਰਾਸ਼ਟਰਾਂ ਨਾਲ ਸੰਧੀਆਂ ਕਰਨੀਆਂ ਪਈਆਂ ਜਿਨ੍ਹਾਂ ਦੇ ਅਨੁਸਾਰ ਇਨ੍ਹਾਂ ਰਾਜਾਂ ਨੇ ਆਪਣੇ ਖੇਤਰ 'ਚ ਰਹਿਣ ਵਾਲੇ "ਪ੍ਰਜਾਤੀ (racial) ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ" ਨੂੰ ਇਹ ਗਾਰੰਟੀ ਦਿੱਤੀ ਕਿ ਉਨ੍ਹਾਂ ਨੂੰ ਰਾਜਨੀਤਿਕ ਅਧਿਕਾਰ ਤੇ ਧਾਰਮਿਕ ਸਵਤੰਤਰਾ ਪ੍ਰਾਪਤ ਰਹਿਣਗੇ, ਉਨ੍ਹਾਂ ਲਈ ਸਕੂਲ ਖੋਲ੍ਹੇ ਜਾਣਏ ਤੇ ਉਹ ਅਦਾਲਤਾਂ 'ਚ ਅਤੇ ਸ਼ਾਸ਼ਨ ਦੇ ਨਾਲ ਕੰਮ-ਕਾਜ਼ 'ਚ ਆਪਣੀ ਭਾਸ਼ਾ ਦੀ ਵਰਤੋਂ ਕਰ ਸਕਣਗੇ। ਆਸਟਰੀਆ, ਹੰਗਰੀ, ਬਲਗਾਰੀਆ ਤੇ ਤੁਰਕੀ ਦੇ ਨਾਲ ਹੋਈਆਂ ਸ਼ਾਂਤੀ ਸੰਧੀਆਂ 'ਚ ਵੀ ਇਸ ਤਰ੍ਹਾਂ ਦੀ ਵਿਵਸਥਾ ਕੀਤੀ ਗਈ ਸੀ। ਪਰ ਜਰਮਨੀ ਨੂੰ ਘੱਟ ਗਿਣਤੀਆਂ ਦੇ ਸੰਬਧ 'ਚ ਕੋਈ ਕਰਤੱਵ ਸਵੀਕਾਰ ਕਰਨ ਲਈ ਨਹੀਂ ਕਹਿ ਗਿਆ। ਬੜੀ ਅਜ਼ੀਬ ਗੱਲ ਹੈ ਕਿ ਵਰਸਾਏ ਦੇ ਸ਼ਾਂਤੀ ਸੰਸਥਾਪਕਾਂ ਨੇ ਸਿਰਫ਼ ਇਸ ਮਾਮਲੇ 'ਚ ਜਰਮਨੀ ਨੂੰ ਹੋਰ ਵੱਡੇ ਰਾਸ਼ਟਰਾਂ ਦੇ ਨਾਲ ਬਰਾਬਰੀ ਦਾ ਪੱਧਰ ਦਿੱਤਾ ਸੀ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks) :

1 ...... ਦੇ ਅਨੁਸਾਰ ਜਰਮਨੀ 'ਤੇ ਲਾਈਆਂ ਗਈਆਂ ਪਾਬੰਦੀਆਂ ਆਖ਼ਰ ਰੱਦ ਹੋ ਗਈਆਂ।

2. ....... ਦੇ ਕੋਲ੍ਹਾ ਖਾਨਾਂ ਖੇਤਰ ਦਾ ਪ੍ਰਸ਼ਾਸਨ 15 ਸਾਲਾਂ ਲਈ ਰਾਸ਼ਟਰ ਸੰਘ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ।

3. ..... 'ਚ ਆਸਟ੍ਰੋ-ਹੰਗੇਰੀਅਨ ਰਾਜਤੰਤਰ ਦੇ ਪਤਨ ਦੇ ਕਾਰਨ ਜਰਮਨ ਆਸਟਰੀਆ ਇੱਕ ਬੇਤੁਕੇ ਅਨੁਪਾਤ ਵਾਲਾ ਅਵਸ਼ੇਸ਼ ਬਾਕੀ ਰਹਿ ਗਿਆ।

ਨੋਟ

## 16.3 ਨੇੜਲਾ-ਪੂਰਬ ਤੇ ਅਫ਼ਰੀਕਾ (The Near East and Africa)

ਜੁਲਾਈ 1923 'ਚ ਤੁਰਕੀ ਦੇ ਨਾਲ ਕੀਤੀ ਗਈ ਲੋਸਾੱ ਦੀ ਸੰਧੀ (Treaty of Lausanne) ਹੀ ਸਿਰਫ਼ ਇੱਕ ਅਜਿਹੀ ਸ਼ਾਂਤੀ ਸੰਧੀ ਹੈ ਜਿਸ ਨੂੰ ਉਸ ਦੇ ਸਾਰੇ ਹਸਤਾਖ਼ਰਕਰਤਾ ਤੇਰ੍ਹਾਂ ਸਾਲਾਂ ਤੱਕ ਕਾਨੂੰਨਨ ਤੇ ਸਹਾਇਕ (Valid and applicable) ਮੰਨਦੇ ਰਹੇ ਤੇ ਜਿਸ ਨੂੰ 1936 'ਚ ਵੀ ਸਵੈਇੱਛਾਪੂਰਨ ਸਮਝੌਤੇ ਰਾਹੀਂ ਤੇ ਸਿਰਫ਼ ਇੱਕ ਹੀ ਗੱਲ ਲਈ ਸੋਧਿਆ ਗਿਆ ਸੀ। ਇਤਿਹਾਸਕ ਨਜ਼ਰੀਏ ਤੋਂ, ਉਸ ਨੂੰ ਇਹ ਲਾਭ ਕਈ ਗੱਲਾਂ ਲਈ ਕਾਰਨ ਸੀ ਜਿਸ ਦੀ ਵਜ੍ਹਾ ਨਾਲ ਉਹ ਹੋਰ ਸ਼ਾਂਤੀ ਸੰਧੀਆਂ ਨਾਲ ਵਿਸ਼ਿਸ਼ਟ ਹੋ ਸਕੀ। ਇਹ ਸੰਧੀ ਉਸ ਸਮੇਂ ਕੀਤੀ ਗਈ ਜਦੋਂ ਕਿ ਯੁੱਧ ਖ਼ਤਮ ਹੋਏ ਲਗਭਗ ਪੰਜ ਸਾਲ ਬੀਤ ਚੁੱਕ ਸਨ ਤੇ ਯੁੱਧ ਦੀ ਕੁੜੱਤਣ ਨੂੰ ਘੱਟ ਹੋਣ ਲਈ ਮੌਕਾ ਮਿਲ ਚੁੱਕਾ ਸੀ; ਉਹ ਮੜ੍ਹੀ ਨਹੀਂ ਗਈ ਸੀ ਸਗੋਂ ਦੋਵਾਂ ਦੇ ਹੀ ਪੱਖ ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਉਸ 'ਤੇ ਸਹਿਮਤ ਹੋ ਗਏ ਸਨ ਤੇ ਉਸ 'ਤੇ ਹਸਤਾਖ਼ਰ ਵੀ ਕਿਸੇ ਮਿੱਤਰ ਰਾਸ਼ਟਰ ਦੀ ਰਾਜਧਾਨੀ 'ਚ ਨਹੀਂ; ਬਲਕਿ ਤਟਸਥ ਦੇਸ਼ ਦੀ ਭੂਮੀ 'ਤੇ ਕੀਤੇ ਗਏ ਸਨ। ਜਿਨ੍ਹਾਂ ਲੰਬੀਆਂ ਤੇ ਜਟਿਲ ਘਟਨਾਵਾਂ ਦੇ ਕਾਰਨ ਇਹ ਸੰਤੋਸ਼ਜਨਕ ਸੰਧੀ ਹੋ ਸਕੀ, ਉਨ੍ਹਾਂ 'ਤੇ ਇੱਥੋਂ ਇੱਕ ਸਰਸਰੀ ਨਿਗ੍ਹਾ ਮਾਰਨਾ ਸਹੀ ਰਹੇਗਾ।

ਮਈ 1919 'ਚ ਜਦੋਂ ਕਿ ਸ਼ਾਂਤੀ ਸੰਮੇਲਨ (Peace Conference) ਜਰਮਨੀ ਦੀ ਵੱਧ ਮਹੱਤਵਪੂਰਨ ਸਮਸਿਆ 'ਚ ਉਲਝੇ ਹੋਏ ਵੀ ਵਿੱਚੋਂ-ਵਿੱਚੋਂ ਤੁਰਕੀ ਦੇ ਭਵਿੱਖ 'ਤੇ ਵਿਚਾਰ ਕਰ ਰਿਹਾ ਸੀ, ਯੂਨਾਨੀ ਪ੍ਰਧਾਨ ਮੰਤਰੀ ਵੇਨਿੰਜੇਲਾਸ (Venizelos) ਨੇ ਯੂਨਾਨੀ ਸੈਨਿਕਾਂ ਦੁਆਰਾ ਏਸ਼ੀਆ ਮਾਈਨਰ 'ਚ ਸਥਿਤ ਸਮਰਨਾ 'ਤੇ ਅਧਿਕਾਰ ਕਰ ਲੈਣ ਲਈ ਮਿੱਤਰ ਰਾਸ਼ਟਰਾਂ ਨੂੰ ਰਾਜ਼ੀ ਕਰ ਲਿਆ। ਤੁਰਕੀ ਨੇ ਆਪਣੇ ਕੱਟੜ ਤੇ ਅਤਿਅੰਤ ਘ੍ਰਿਣਾ ਯੋਗ ਦੁਸ਼ਮਣ ਦੁਆਰਾ, ਵਿਰਾਮ ਸੰਧੀ ਦੇ ਕਾਫ਼ੀ ਸਮੇਂ ਬਾਅਦ, ਆਪਣੀ ਜ਼ਮੀਨ ਦਾ ਇਸ ਤਰ੍ਹਾਂ ਹਮਲਾ ਕੀਤੇ ਜਾਣ 'ਤੇ ਬਹੁਤ ਰੋਸ ਪ੍ਰਗਟ ਕੀਤਾ। ਇਸ ਰੋਸ ਦੇ ਸਿੱਟ ਵਜੋਂ ਰਾਸ਼ਟਰੀ ਵਿਦਰੋਹ ਦਾ ਇੱਕ ਵਿਆਪਕ ਅੰਦੋਲਨ ਖੜਾ ਹੋਇਆ ਜਿਸ ਦੀ ਅਗਵਾਈ ਮੁਸਤਫ਼ਾ ਕਮਾਲ ਦੇ ਸਮਰੱਥ ਤੇ ਸ਼ਕਤੀਸਾਲੀ ਹੱਥਾਂ 'ਚ ਆਈ। ਲਗਭਗ ਇੱਕ ਵਰ੍ਹੇ 'ਚ ਹੀ ਕਮਾਲ ਦੀ ਪਾਰਟੀ ਦੇ ਲੋਕ ਸਾਰੇ ਦੇਸ਼ 'ਚ ਛਾ ਗਏ ਤੇ ਮਿੱਤਰ ਰਾਸ਼ਟਰਾਂ ਦੀ ਇੱਕ ਨਗਰ ਰੱਖਿਅਕ ਫੌਜ ਦੇ ਦਮ 'ਤੇ ਹੀ ਕੰਸਟੇਂਟਿਨੋਪਲ 'ਚ ਇੱਕ ਕਠਪੁਤਲੀ ਸਰਕਾਰ ਕਾਇਮ ਰਹਿ ਸਕੀ। ਖ਼ਤਰੇ ਦੀ ਇਸ ਸੂਚਨਾ ਦੇ ਬਾਵਜੂਦ ਵੀ, ਮਿੱਤਰ ਰਾਸ਼ਟਰਾਂ ਨੇ ਅਗਸਤ 1920 'ਚ, ਸੇਵ੍ਰੇ (Services) 'ਚ ਕੰਸਟੇਂਟਿਨੋਪਲ ਸਰਕਾਰ ਨਾਲ ਇੱਕ ਸ਼ਾਂਤੀ ਸੰਧੀ ਕਰ ਲਈ। ਇਹ ਸੰਧੀ ਦੇ ਢੰਗ ਦੀ ਹੀ ਸੀ ਤੇ ਉਸ 'ਚ ਹੋਰ ਗੱਲਾਂ ਦੇ ਨਾਲ ਹੀ ਨਾਲ ਵਿਵਸਥਾ ਕੀਤੀ ਗਈ ਕਿ ਸਮਰਨਾ ਪੰਜ ਸਾਲਾਂ ਤੱਕ ਯੂਨਾਨ ਦੇ ਕਬਜ਼ੇ 'ਚ ਰਹੇ ਤੇ ਉਸ ਤੋਂ ਬਾਅਦ ਜਨਮਤ ਦੁਆਰਾ ਉਸ ਦੀ ਕਿਸਮਤ ਦਾ ਨਿਪਟਾਰਾ ਕੀਤਾ ਜਾਵੇ।

1918 ਦੀ ਵਿਰਾਮ ਸੰਧੀ ਦੇ ਨਾਲ ਆਸਟ੍ਰੋ-ਹੰਗੇਰੀਅਨ ਰਾਜਤੰਤਰ ਵਾਂਗ ਓਟੋਮਨ (Ottoman) ਸਮਰਾਜ ਵੀ ਪਤਨ ਦੇ ਰਾਹ ਪੈ ਚੁੱਕਾ ਸੀ; ਉਸ ਦੇ ਅਧੀਨ ਵਿਸ਼ਾਲ ਅਰਬ ਪ੍ਰਦੇਸ਼ ਬ੍ਰਿਟਿਸ਼ ਤੇ ਫਰਾਂਸੀਸੀ ਫੌਜਾਂ ਦੇ ਕਬਜ਼ੇ 'ਚ ਸਨ। ਕਿਸਮਤ ਨਾਲ, ਕਮਾਲੀ ਅੰਦੋਲਨ ਨੇ ਸ਼ੁਰੂ ਤੋਂ ਹੀ ਓਟੋਮਨ ਸਾਮਰਾਜ ਦੇ ਪ੍ਰਾਚੀਨ ਇਸਲਾਮੀ ਆਧਾਰ ਨੂੰ ਨਾਮਜਨਜ਼ੂਰ ਕਰਕੇ, ਰਾਸ਼ਟਰੀ ਆਤਮ ਫ਼ੈਸਲੇ ਦੇ ਆਧੁਨਿਕ ਧਰਮਨਿਰਪੱਖ (Secular) ਸਿਧਾਂਤ ਦਾ ਐਲਾਨ ਕਰ ਦਿੱਤੀ ਸੀ। ਤੁਰਕੀ ਦੀ ਨਵੀਂ ਸਰਕਾਰ ਨੇ ਅਰਬ-ਬਹੁਮੱਤ ਵਾਲੇ ਖੇਤਰਾਂ ਸਬੰਧੀ ਆਪਣੇ ਸਾਰੇ ਦਾਅਵਿਆਂ ਨੂੰ ਖੁੱਲੇਆਮ ਤਿਆਗ ਦਿੱਤਾ। ਇਸ ਕਾਰਨ ਸ਼ਾਂਤੀ ਸਥਾਪਤ ਕਰਨ ਵਿੱਚ ਕੋਈ ਬਹੁਤ ਵੱਡੀ ਕਠਿਨਾਈ ਨਹੀਂ ਆਈ। ਯੂਰਪ ਵਿੱਚ ਯੂਨਾਨ ਨੂੰ ਸ਼ਤੀ ਪਹੁੰਚਾਉਂਦੇ ਹੋਏ ਤੁਰਕੀ ਦੀ ਸੀਮਾ ਐਡਰੀਨੋਪਾਲ (Adrianople) ਨਾਲ ਵੀ ਅੱਗੇ ਵਧਾ ਦਿੱਤੀ ਗਈ ਅਤੇ ਸਮਨਰਾ ਵਿੱਚ ਜਨਮਤ-ਸਬੰਧੀ ਕੋਈ ਵੀ ਚਰਚਾ ਅੱਗੇ ਨਹੀਂ ਸੁਣਾਈ ਦਿੱਤੀ। ਸੇਬਰੇ ਦੀ ਸਨਿੰਦ ਦੀ ਦੰਡ, ਸ਼ਤੀਪੂਰਤਾ ਅਤੇ ਨਿ: ਸ਼ਸ਼ਤਰੀਕਰਨ-ਸਬੰਧੰ ਧਾਰਾਵਾਂ ਵੀ ਲੁਤਪ ਹੋ ਗਈਆਂ ਹਨ। ਪਰ ਅਨੌਖੀ ਗੱਲ ਇਹ ਹੈ ਕਿ ਤੁਰਕੀ ਸਰਕਾਰ ਨੇ ਦੋ ਅਸੈਨੀਕ੍ਰਿਤ ਖੇਤਰ-ਥ੍ਰੇਸ (Thrace) ਵਿੱਚ ਅਤੇ ਜਲਡਮਰੂਮੱਧ (Straits) ਦੇ ਆਂਚਲ ਵਿੱਚ ਆਪਣੀ ਹੀ ਧਰਤੀ 'ਤੇ ਸਥਾਪਿਤ ਕਰਨਾ ਸਵੀਕਾਰ ਕਰ ਲਿਆ। ਅੰਗੋਰਾ ਵਿੱਚ, ਰਾਸ਼ਟਰੀ ਸਭਾ (National Assembly) ਨੇ ਜੋ ਕੁਝ ਪ੍ਰਾਪਤ ਹੋ ਸਕਿਆ ਸੀ ਉਸ ਤੋਂ ਸਤੁੰਸਟ ਹੋ, ਟਰਕੀ ਨੂੰ ਗਣਤੰਤਰ (Republic) ਘੋਸ਼ਿਤ ਕਰ ਦਿੱਤਾ ਤੇ ਮੁਸਤਫ਼ਾ ਕਮਾਲ ਨੂੰ ਉਸ ਦਾ ਰਾਸ਼ਟਰਪਤੀ ਬਣਾਇਆ। ਇਸ ਤੋਂ ਬਾਅਦ ਉਸ ਨੇ ਧਰਮ ਨਿਰਪੱਖਤਾ ਦੇ ਆਪਣੇ ਪ੍ਰੋਗਰਾਮ ਨੂੰ ਜੋਰਾਂ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਅਤੇ 1924 ਦੇ ਬਸੰਤ 'ਚ, ਇਸਲਾਮ ਧਰਮ ਦੇ ਮੁੱਖ ਖਲੀਫ਼ਾ ਦਾ ਅਹੁਦਾ ਵੀ ਖ਼ਤਮ ਕਰ ਦਿੱਤਾ ਜੋ ਸਾਢੇ ਚਾਰ ਸੌ ਸਾਲਾਂ ਤੋਂ ਕਸਤਨਤੁਨੀਆ 'ਚ ਚੱਲ ਰਿਹਾ ਸੀ।

ਪ੍ਰਾਚੀਨ ਓਟੋਮਨ ਸਾਮਰਾਜ ਦੇ ਅਰਬ ਪ੍ਰਾਂਤਾਂ ਦੀ ਜੋ ਸਥਿਤੀ ਹੋਈ ਉਸ 'ਤੇ ਵਿਚਾਰ ਕਰਨ ਦੇ ਨਾਲ ਅਸੀਂ ਰਾਸ਼ਟਰ ਸੰਘ ਦੁਆਰਾ ਪ੍ਰਚੱਲਿਤ ਪ੍ਰਾਦੇਸ਼ ਪ੍ਰਣਾਲੀ (Mandatory System) ਦਾ ਅਧਿਐਨ ਸ਼ੁਰੂ ਕਰਦੇ ਹਨ। ਰਾਸ਼ਟਰ ਸੰਘ ਦਾ ਬੌਂਡ (Covenant) 'ਚ ਇਹ ਵਿਵਸਥਾ ਕੀਤੀ ਗਈ ਸੀ ਕਿ ਹਾਰੇ ਰਾਸ਼ਟਰਾਂ ਦੁਆਰਾ ਸਮਰਪਿਤ ਉਨ੍ਹਾਂ ਖੇਤਰਾਂ ਨੂੰ, " ਜਿਨ੍ਹਾਂ ਦੇ ਨਿਵਾਸੀ ਆਧੁਨਿਕ ਸੰਸਾਰ ਦੀਆਂ ਮੁਸ਼ਕਲ ਹਾਲਾਤਾਂ 'ਚ ਆਪਣੇ ਪੈਰਾਂ 'ਤੇ ਖੜੇ ਹੋਣ 'ਚ ਅਸਰਮੱਥ ਹੋਣ," " ਸਮੁੰਨਤ ਰਾਸ਼ਟਰਾਂ' ਦੀ ਸੁਰੱਖਿਆ" 'ਚ ਰੱਖਿਆ ਜਾਵੇ ਅਤੇ ਸਮੁੰਨਤ ਰਾਸ਼ਟਰ 'ਇਹ ਸੁਰੱਖਿਆ ਰਾਸ਼ਟਰ-ਸੰਘ ਵੱਲੋਂ ਨਿਯੁਕਤ ਪ੍ਰਾਦੇਸ਼-ਪਾਲਕ (Mandatories) ਦੇ ਰੂਪ 'ਚ ਹੀ ਕਰਾਂਗੇ।" ਇਹ ਪ੍ਰਾਦੇਸ਼ਪਾਲਕ ਰਾਸਟਰ ਕਿਸ ਹੱਦ ਤੱਕ ਰਾਸ਼ਟਰ-ਸੰਘ ਵੱਲੋਂ ਕੰਮ ਕਰਨ ਵਾਲੇ ਕਹੇ ਜਾ ਸਕਦੇ ਸਨ ਇਹ ਗੱਲ ਸ਼ੰਕਾਵਾਦੀ ਹੀ ਸੀ। ਜਿਹੜੇ ਪ੍ਰਾਦੇਸ਼ਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਉਨ੍ਹਾਂ ਨੇ ਜਰਮਨੀ ਤੇ ਤੁਰਕੀ ਨੇ ਮੁੱਖ ਮਿੱਤਰ ਤੇ ਸਾਥੀ ਰਾਸ਼ਟਰਾਂ ਨੂੰ ਸਮਰਪਿਤ ਕੀਤਾ ਸੀ ਤੇ ਪ੍ਰਦੇਸ਼ ਪਾਲਕ ਰਾਸ਼ਟਰਾਂ ਦੀ ਚੋਣ ਵੀ ਮਿੱਤਰ ਤੇ ਸਾਥੀ ਰਾਸ਼ਟਰਾਂ ਦੁਆਰਾ ਹੁੰਦਾ ਸੀ। ਰਾਸ਼ਟਰ-ਸੰਘ ਨੇ ਪ੍ਰਾਦੇਸ਼ ਦੀਆਂ ਸ਼ਰਤਾਂ 'ਤੇ ਆਪਣੀ ਮਨਜ਼ੂਰੀ ਦਿੱਤੀ ਸੀ। ਪ੍ਰਦੇਸ਼ਪਾਲਕ ਰਾਸ਼ਟਰ ਆਪਣੇ ਪ੍ਰਦੇਸ਼ ਸਬੰਧੀ ਪ੍ਰਤੀਵੇਦਨ (report) ਪ੍ਰਤੀ ਵਰ੍ਹੇ ਰਾਸ਼ਟਰ ਸੰਘ ਨੂੰ ਭੇਜਦੇ ਵੀ ਸਨ ਪਰ ਰਾਸ਼ਟਰ-ਸੰਘ ਉਨ੍ਹਾਂ ਦੀ ਸਿਰਫ਼ ਮਿੱਤਰਤਾਪੂਰਨ ਆਲੋਚਨਾ ਹੀ ਕਰ ਸਕਦਾ ਸੀ ਕਿਉਂਕਿ ਪ੍ਰਦੇਸ਼ ਉਸਨੇ ਨਹੀਂ ਦਿੱਤੇ ਸਨ, ਇਸ ਲਈ ਉਨ੍ਹਾਂ ਨੂੰ ਵਾਪਸ ਵੀ ਨਹੀਂ ਲੈ ਸਕਦਾ ਸੀ। ਇਸ ਦੇ ਨਾਲ ਹੀ ਇਹ ਸਵਾਲ ਵੀ ਕਿ ਪ੍ਰਦੇਸ਼ ਅਧੀਨ ਪ੍ਰਦੇਸ਼ਾਂ ਦੀ ਪ੍ਰਭੂਸੱਤਾ (Sovereignty) ਕਿਸ 'ਚ ਸ਼ਾਮਲ ਹੈ, ਇੱਕ ਅਜਿਹੀ ਕਾਨੂੰਨੀ ਪਹੇਲੀ ਸੀ ਜਿਸ ਦਾ ਕੋਈ ਹੱਲ ਨਹੀਂ ਸੀ।

ਦਸਤਾਵੇਜ਼ 'ਚ ਤਿੰਨ ਤਰ੍ਹਾਂ ਦੇ ਪ੍ਰਦੇਸ਼ ਅਧੀਨ ਪ੍ਰਦੇਸ਼ਾਂ (ਜਿਨ੍ਹਾਂ ਨੇ ਸਾਧਾਰਨ 'A' 'B' ਅਤੇ 'C' ਪ੍ਰਦੇਸ਼ ਅਧੀਨ ਪ੍ਰਦੇਸ਼ ਕਿਹਾ ਜਾਂਦਾ ਸੀ) ਦੀ ਵਿਵਸਥਾ ਕੀਤੀ ਗਈ। ਉਹ ਵਰਗੀਕਰਨ ਸਬੰਧਿਤ ਨਿਵਾਸੀਆਂ ਦੇ ਵਿਕਾਸ ਦੀ ਅਵਸਥਾ ਦੇ ਅਧਾਰ 'ਤੇ ਕੀਤਾ ਗਿਆ ਸੀ।

**ਨੋਟ**

ਪ੍ਰਦੇਸ਼ ਅਧੀਨ ਪ੍ਰਦੇਸ਼ਾਂ, ਜਿਨ੍ਹਾਂ 'ਚ ਤੁਰਕੀ ਦੇ ਪੁਰਾਣੇ ਪ੍ਰਾਂਤ ਸਨ, ਪ੍ਰਦੇਸ਼ ਪਾਲਕ ਰਾਸ਼ਟਰ ਦਾ ਕਰਤੱਵ " ਜਦੋਂ ਤੱਕਿ ਕਿ ਉਹ ਆਪਣੇ ਪੈਰਾਂ 'ਤੇ ਖੜੇ ਨਾ ਹੋ ਜਾਣ... ਉਦੋਂ ਤੱਕ ਉਨ੍ਹਾਂ ਨੂੰ ਪ੍ਰਸ਼ਾਸਕੀ ਸਲਾਹ ਤੇ ਸਹਾਇਤਾ ਦੇਣਾ" ਨਿਸ਼ਚਿਤ ਕੀਤਾ ਗਿਆ ਸੀ.... ਇਸ ਦੇ ਨਾਲ ਸਪੱਸ਼ਟ ਕਰ ਦਿੱਤਾ ਗਿਆ ਕਿ ਪ੍ਰਦੇਸ਼ਪਾਲਕ ਦੀ ਚੋਣ ਕਰਦੇ ਸਮੇਂ ਇਨ੍ਹਾਂ ਦੇ ਲੋਕਾਂ ਦੀਆਂ ਇੱਛਾਵਾਂ ਦਾ ਮੁੱਖ ਤੌਰ 'ਤੇ ਧਿਆਨ ਰੱਖਿਆ ਜਾਵੇ। ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਆਖ਼ਰੀ ਸ਼ਰਤ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਗਿਆ ਸੀ। ਇੰਗਲੈਂਡ ਤੇ ਫਰਾਂਸ ਦਰਮਿਆਨ ਯੁੱਧ ਦੇ ਸਮੇਂ ਹੀ ਇੱਕ ਗੁਪਤ ਸਮਝੌਤਾ ਹੋ ਜਾਣ ਦੇ ਕਾਰਨ, ਅਰਬ ਖੇਤਰਾਂ ਦੀ ਕਿਸਮਤ ਦਾ ਫ਼ੈਸਲਾ ਪਹਿਲਾਂ ਹੀ ਹੋ ਚੁੱਕਾ ਸੀ। ਯੁੱਧ ਤੋਂ ਬਾਅਦ ਦੇ ਸਮੇਂ ਹੀ ਇੱਕ ਗੁਪਤ ਸਮਝੌਤੇ ਨੂੰ ਲਾਗੂ ਕਰਨ ਲਈ ਕਾਫ਼ੀ ਖਿੱਚੋਤਾਣ ਹੋਈ ਪਰ ਜਨਤਾ ਦੀਆਂ ਭਾਵਨਾਵਾਂ ਦਾ ਸਨਮਾਨ ਕਰਨ ਦਾ ਕਿਸੇ ਦੇ ਨਾਂਵ ਤੱਕ ਵੀ ਨਹੀਂ ਲਿਆ। ਸੀਰੀਆ ਦਾ ਪ੍ਰਦੇਸ਼ ਫਰਾਂਸ ਦੇ ਜ਼ਿੰਮੇ ਕੀਤਾ ਗਿਆ, ਤੇ ਇਰਾਕ, ਫਿਲਸਤੀਨ ਤੇ ਟਰਾਂਸਜੋਰਡਨ ਦਾ ਬ੍ਰਿਟੇਨ ਦੇ। ਫਿਲੀਸਤੀਨ ਦਾ ਪ੍ਰਦੇਸ਼ ਅੰਗਰੇਜ਼ ਸਰਕਾਰ ਵੱਲੋਂ 1917 'ਚ ਦਿੱਤੇ ਗਏ ਇਸ ਵਚਨ 'ਤੇ ਅਧਾਰਿਤ ਸੀ ਕਿ ਇਹ ਫਿਲਸਤੀਨ ਨੂੰ 'ਯਹੂਦੀ ਲੋਕਾਂ ਦਾ ਰਾਸ਼ਟਰੀ ਸਵਦੇਸ਼' ਬਣਾ ਦੇਵੇਗੀ। ਓਟੋਮਨ ਸਮਾਰਾਜ ਦੇ ਬਾਕੀ ਅਰਬ ਪ੍ਰਾਂਤਾਂ ਨੂੰ ਸਵਤੰਤਰਤਾ ਮਿਲ ਗਈ। ਲਾਲ ਸਾਗਰ ਦੇ ਕਿਨਾਰੇ ਦੇ ਅਰਬ ਪ੍ਰਦੇਸ਼ ਦਾ ਸਮੁੰਦਰੀ ਤੱਟ ਭਾਗ ਜਿਸ ਨੂੰ ਸਾਰੇ ਮੁਸਲਮਾਨ ਮਹੱਤਵਪੂਰਨ ਖੇਤਰ ਮੰਨਦੇ ਹਨ ਕਿਉਂਕਿ ਉਸ 'ਚ ਮੱਕਾ ਤੇ ਮਦੀਨ ਨਾਮਕ ਧਾਰਮਿਕ ਸਥਾਨ ਹੈ-ਹਜਾਜ (Hedjaz) ਨਾਮਕ ਸਵਤੰਤਰ ਰਾਜਤੰਤਰ ਦੇ ਰੂਪ 'ਚ ਬਣਿਆ ਹੋ ਗਿਆ। ਬਾਕੀ ਅਰਬ ਪ੍ਰਦੇਸ਼ਾਂ 'ਚ ਤੁਰਕੀ ਦੀ ਪ੍ਰਭੂਸੱਤਾ ਹਮੇਸ਼ਾ ਹੀ ਨਾਮਾਤਰ ਦੀ ਰਹੀ ਸੀ, ਤੇ ਜਿੱਥੇ-ਜਿੱਥੇ ਇਨ੍ਹਾਂ ਪ੍ਰਦੇਸ਼ਾਂ ਦੀ ਜਨਤਾ ਸਥਿਰ ਰੂਪ ਨਾਲ ਨਿਵਾਸ ਕਰਦੀ ਸੀ ਉਥੇ ਕਈ ਸੁਲਤਾਨ, ਸ਼ੇਖ ਤੇ ਇਮਾਮ ਉਨ੍ਹਾਂ 'ਤੇ ਖੁਦ ਰਾਜ ਕਰਦੇ ਸਨ।

'B' ਪ੍ਰਦੇਸ਼ ਅਧੀਨ ਪ੍ਰਦੇਸ਼ਾਂ ਦੀ ਜਿਨ੍ਹਾਂ 'ਚ ਅਫ਼ਰੀਕਾ 'ਚ ਸਥਿੱਤ ਜਰਮਨੀ ਦੀਆਂ ਵਧੇਰੇ ਬਸਤੀਆਂ ਸਨ, ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰਸ਼ਾਸਨਿਕ ਸਵੈਸੱਤਾ (autonomy) ਦੇ ਅਯੋਗ ਮੰਨਿਆ ਗਿਆ। ਪਰ ਪ੍ਰਦੇਸ਼ਪਾਲਕ ਰਾਜ ਦਾ ਸਿਰਫ਼ ਇਹੀ ਕਰਤੱਵ ਨਹੀਂ ਸੀ ਕਿ ਉਹ ਦਾਸਾਂ ਤੇ ਹਥਿਅਰਾਂ ਦੇ ਵਪਾਰ ਨੂੰ ਰੋਕੇ, ਤੇ " ਪੁਲਿਸ ਦੇ ਪ੍ਰਯੋਜਨਾਂ ਜਾਂ ਆਪਣੇ ਖੇਤਰ ਦੀ ਰੱਖਿਆ ਤੋਂ ਇਲਾਵਾ ਹੋਰ ਕਿਸੇ ਵੀ ਉਦੇਸ਼ ਲਈ" (ਇਹ ਦੋਹਰੇ ਤੇ ਸ਼ੱਕੀ ਅਰਥਵਾਲੀ ਭਾਸ਼ਾ ਹੀ ਹੈ।) ਦੇਸੀ ਲੋਕਾਂ ਦੀ ਭਰਤੀ ਨਾ ਕਰੇ ਬਲਕਿ ਰਾਸ਼ਟ+ਸੰਘ ਦੇ ਹੋਰ ਮੈਂਬਰਾਂ ਨੂੰ ਵਪਾਰ ਤੇ ਵਣਜ ਦੇ ਸਮਾਨ ਅਧਿਕਾਰ ਦੇਣਾ ਵੀ ਉਸ ਲਈ ਜ਼ਰੂਰੀ ਸੀ। ਪੂਰਬੀ ਅਫ਼ਰੀਕਾ 'ਚ, ਪੁਰਾਣੇ ਜਰਮਨ ਉਪਨਿਵੇਸ਼ ਟੇਂਗਾਨਿਕਾ (Tanganyika) ਨੂੰ ਪੂਰੇ ਇੰਗਲੈਂਡ ਨੂੰ ਪ੍ਰਾਦਿਸ਼ਟ ਕਰ ਦਿੱਤਾ ਗਿਆ, ਸਿਰਫ਼ ਇਸ ਉਪਨਿਵੇਸ਼ ਦੇ ਬੈਲਜ਼ੀਅਮ ਕਾਂਗੋ (Congo) ਨਾਲ ਲੱਗੇ ਹੋਏ ਦੋ ਪੱਛਮੀ ਪ੍ਰਾਂਤਾਂ ਦਾ ਪ੍ਰਦੇਸ਼ ਬੈਲਜ਼ੀਅਮ ਨੂੰ ਮਿਲਿਆ ਤੇ ਦੱਖਣ 'ਚ ਕਿਯੋਂਗਾ ਨਾਮੀ ਬੰਦਰਗਾਹ ਪੁਰਤਗਾਲ ਨੂੰ ਬਿਲਕੁਲ ਹੀ ਦੇ ਦਿੱਤੀ ਗਈ। ਪੱਛਮੀ ਅਫ਼ਰੀਕਾ 'ਚ ਕੇਮੇਰੂਨਸ (Cameroons) ਅਤੇ ਟੋਗੋਲੈਂਡ (Togoland) ਦੋਵੇਂ ਹੀ ਇੰਗਲੈਂਡ ਤੇ ਫਰਾਂਸ ਦੇ ਪ੍ਰਦੇਸ਼ਾਂ 'ਚ ਮਿਲਾ ਦਿੱਤੇ ਗਏ।

'C' ਵਰਗ ਦੇ ਪ੍ਰਦੇਸ਼ ਅਧੀਨ ਪ੍ਰਦੇਸ਼ਾ 'ਚ ਜਰਮਨ ਦੱਖਣ-ਪੱਛਮੀ ਅਫ਼ਰੀਕਾ ਤੇ ਜਰਮਨ ਪ੍ਰਸ਼ਾਂਤ ਦੀਪ ਸਨ ਤੇ ਇਨ੍ਹਾਂ ਨੂੰ ਕ੍ਰਮਵਾਰ ਯੂਨੀਅਨ ਆਫ਼ ਸਾਊਥ ਅਫ਼ਰੀਕਾ ਤੇ ਅਸਟਰੇਲੀਆ, ਨਿਊਜ਼ੀਲੈਂਡ ਤੇ ਜਪਾਨ ਨੂੰ ਪ੍ਰਾਦਿਸ਼ਟ ਕੀਤਾ ਗਿਆ। '3' ਵਰਗ ਦੇ ਪ੍ਰਦੇਸ਼ ਅਧੀਨ ਪ੍ਰਦੇਸ਼ਾਂ ਦਾ ਪ੍ਰਸ਼ਾਸਨ ਪ੍ਰਦੇਸ਼ਪਾਲਕ ਰਾਜਾਂ ਦੇ ਕਾਨੂੰਨਾਂ ਦੇ ਅਨੁਸਾਰ ਚਲਦਾ ਸੀ ਤੇ 'B' ਅਤੇ 'C' ਵਰਗ ਦੇ ਪ੍ਰਦੇਸ਼ ਅਧੀਨ ਪ੍ਰਦੇਸ਼ਾਂ 'ਚ ਮੁੱਖ ਵਿਹਾਰਕ ਅੰਤਰ ਇਹ ਸੀ ਕਿ 'C' ਪ੍ਰਦੇਸ਼ਾਂ ਨੂੰ ਆਪਣੇ-ਆਪਣੇ ਪ੍ਰਦੇਸ਼ਾਂ 'ਚ ਹੋਰ ਰਾਜਾਂ ਨੂੰ ਵਪਾਰ ਤੇ ਵਣਜ ਦੇ ਸਮਾਨ ਅਧਿਕਾਰ ਦੇਣ ਦਾ ਕੋਈ ਬੰਧਨ ਨਹੀਂ ਸੀ।

## 16.4 ਅਮਰੀਕਾ ਤੇ ਦੂਰ ਦੁਰਾਡਾ ਪੂਰਬ (America and The Far East)

ਯੁੱਧ ਤੋਂ ਬਾਅਦ ਕੀਤੇ ਗਏ ਸਮਝੌਤੇ ਦੇ ਪ੍ਰਤੀ ਯੂਨਾਈਟਿਡ ਸਟੇਟਸ ਦੀ ਜਨਤਾ ਦਾ ਰੁਖ ਕਦੇ ਉਗਰ ਆਦਰਸ਼ਵਾਦ ਵੱਲ ਰਿਹਾ ਤਾਂ ਕਦੇ ਅਤਿਅੰਤ ਚੌਕਸੀ ਵਰਤਣ ਵੱਲ। ਉਨ੍ਹੀਂ ਦਿਨੀਂ ਵਿਦੇਸ਼ੀ ਮਾਮਲਿਆਂ ਦੇ ਪ੍ਰਤੀ ਉਸਦਾ ਰੁਖ ਇਸੇ ਤਰ੍ਹਾਂ ਬਦਲਦਾ ਰਹਿੰਦਾ ਸੀ। ਪਹਿਲਾਂ ਤਾਂ ਆਪਣੇ ਰਾਸ਼ਟਰਪਤੀ ਦੇ ਰਾਹੀਂ ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਰਾਸ਼ਟਰ ਸੰਘ ਦਾ ਦਸਤਾਵੇਜ਼ (Covenant of the League) ਨੂੰ ਵੀ ਵਰਸਾਏ ਦੀ ਸੰਧੀ 'ਚ ਸ਼ਾਮਲ ਕੀਤਾ ਜਾਵੇ, ਪਰ ਬਾਅਦ 'ਚ ਆਪਣੀ ਹੀ ਮਹਾਂਸਭਾ (Congress) ਦੇ ਰਾਹੀਂ ਉਸ ਨੇ ਇਸ ਸੰਧੀ ਨੂੰ ਇਸ ਦਸਤਾਵੇਜ਼ ਤੋਂ ਪੈਦਾ ਕਰਤੱਵਾਂ ਦੇ ਕਾਰਨ ਨਾਮਨਜ਼ੂਰ ਕਰ ਦਿੱਤਾ। ਯੂਨਾਈਟਿਡ ਸਟੇਟਸ ਦੇ ਇਸ ਅਸਹਿਯੋਗ ਦੇ ਨਤੀਜੇ ਅੰਤਤੋਗਤਵਾ ਅਚਿੰਤਤ ਤੇ ਦੂਰਗਾਮੀ ਹੋਏ। ਪਰ ਯੂਰਪੀ ਸਮਝੌਤੇ 'ਤੇ ਉਸ ਦਾ ਤੁਰੰਤ ਕੋਈ ਪ੍ਰਭਾਵ ਨਹੀਂ ਪਿਆ। ਯੂਨਾਈਟਿਡ ਸਟੇਟ ਨੇ ਜਰਮਨੀ, ਆਸਟਰੀਆ ਤੇ ਹੰਗਰੀ (ਬਲਗਾਰੀਆ ਜਾਂ ਤੁਰਕੀ ਤੋਂ ਯੂਨਾਈਟਿਡ ਸਟੇਟ ਦਾ ਯੁੱਧ ਨਹੀਂ ਹੋਇਆ ਸੀ) ਤੋਂ ਵੱਖਰੇ ਪਰ ਮੁੱਖ ਤੌਰ 'ਤੇ ਰਸਮੀ ਸੰਧੀਆਂ ਕੀਤੀਆਂ ਤੇ ਇਸ ਤਰ੍ਹਾਂ ਅਮਰੀਕਾ 'ਤੇ ਯੂਰਪ ਸੰਬੰਧੀ ਮਾੜੇ ਫਰਜ਼ਾਂ ਦਾ ਭਾਰ ਪਾਏ ਬਿਨਾ ਹੀ ਸ਼ਾਂਤੀ ਮੁੜ ਸਥਾਪਿਤ ਹੋ ਗਈ।

ਪਰ ਦੂਰ ਦੁਰਾਡੇ ਪੂਰਬ 'ਚ ਅਮਰੀਕਾ ਸ਼ਾਂਤ ਵਿਰੋਧ ਦਾ ਰੁਖ ਨਹੀਂ ਬਣਾ ਸਕਦਾ ਸੀ। ਜਿਸ ਜਪਾਨ ਨੇ ਯੁੱਧ 'ਚ ਨਾਮਾਤਰ ਤੋਂ ਕੁਝ ਹੀ ਵੱਧ ਹਿੱਸਾ ਲਿਆ ਸੀ, ਉਹ ਜਾਪਾਨ ਯੁੱਧ ਖ਼ਤਮ ਹੋਣ ਤੋਂ ਬਾਅਦ ਪ੍ਰਸ਼ਾਂਤ ਮਹਾਸਾਗਰ ਖੇਤਰ 'ਚ ਇੱਕ ਸ਼ਕਤੀਸ਼ਾਲੀ ਰਾਸ਼ਟਰ ਵਜੋਂ ਸਾਹਮਣੇ ਆਇਆ। ਵਰਸਾਏ ਦੀ ਸੰਧੀਅਨੁਸਾਰ ਜਰਮਨੀ ਤੋਂ ਉਸ ਨੂੰ ਚੀਨ ਦੇ ਸ਼ਾਂਤੁੰਗ ਪ੍ਰਾਂਤ 'ਚ ਸਥਿੱਤ ਕਿਓਚਾਓ (Kiaochow) ਨਾਮੀ ਖੇਤਰ ਜੋ ਉਸ ਦੇ ਕੋਲ ਪਟੇ 'ਤੇ ਸੀ, ਮਿਲਿਆ। ਇਹ ਅਜਿਹਾ ਫ਼ੈਸਲਾ ਸੀ ਜਿਸ ਦ ਕਾਰਨ ਹੀ ਚੀਨ ਨੇ ਸੰਧੀ 'ਤੇ ਹਸਤਾਖ਼ਰ ਕਰਨ ਤੋਂ ਨਾਹ ਕਰ ਦਿੱਤੀ। ਇਸ ਦੇ ਨਾਲ ਹੀ ਨਾਲ ਜਾਪਾਨ ਨੂੰ ਉੱਤਰੀ ਪ੍ਰਸ਼ਾਂਤ ਮਹਾਸਾਗਰ 'ਚ ਸਥਿੱਤ ਜਰਮਨੀ ਦੇ ਪੁਰਾਣੇ ਦੀਪਾਂ ਦਾ ਪ੍ਰਦੇਸ਼ ਵੀ ਦਿੱਤਾ ਗਿਆ ਸੀ। ਕ੍ਰਾਂਤੀ 'ਚ ਗ੍ਰਸਤ ਹੋਣ ਕਾਰਨ ਰੂਸ ਇਨ੍ਹੀਂ ਦਿਨਾਂ ਅਸਤ-ਵਿਅਸਤ ਤੇ ਪ੍ਰਭਾਵਹੀਣ ਸੀ ਤੇ ਹੁਣ ਚੀਨ ਦੀ ਹੱਦ 'ਤੇ ਸਿਰਫ਼ ਜਾਪਾਨ ਹੀ ਇੱਕੋ ਇੱਕ ਵੱਡਾ ਰਾਸ਼ਟਰ (Great power) ਬਣ ਗਿਆ ਸੀ ਤੇ ਰੂਸੀ ਤੇ ਜਰਮਨ ਬੇੜਿਆਂ ਦੇ ਇਕੱਠੇ ਹੀ ਨਸ਼ਟ ਹੋ ਜਾਣ ਦੇ ਕਾਰਨ, ਜਾਪਾਨ ਨਾ ਸਿਰਫ਼ ਦੂਰ ਦੁਰਾਡੇ ਪੂਰਬ 'ਚ ਹੀ ਸਭ ਤੋਂ ਵੱਧ ਸ਼ਕਤੀਸ਼ਾਲੀ ਸਮੁੰਦਰੀ ਬੇੜੇ ਵਾਲਾ ਰਾਸ਼ਟਰ ਰਹਿ ਗਿਆ ਸੀ ਸਗੋਂ ਸੰਸਾਰ 'ਚ ਵੀ ਉਹ ਤੀਜੇ ਨੰਬਰ ਦੀ ਸਮੁੰਦਰੀ ਸ਼ਕਤੀ ਹੋ ਗਿਆ ਸੀ। ਜਾਪਾਨ ਨੇ ਚੀਨ ਨੂੰ ਖ਼ਤਰੇ ਦੀ ਸ਼ੰਕਾ ਤੇ ਪ੍ਰਸ਼ਾਂਤ ਮਹਾਸਾਗਰ 'ਚ

**ਨੋਟ**

ਆਪਣਾ ਸਮੁੰਦਰੀ ਪ੍ਰਭੂਤਵ ਸਥਾਪਿਤ ਕਰਨ ਦੇ ਜਪਾਨ ਦੇ ਯਨਤਾਂ ਤੋਂ ਅਮਰੀਕੀ ਨਿਗਰਾਨਾਂ ਨੂੰ ਬਹੁਤ ਚਿੰਤਾ ਹੋਈ। ਆਖ਼ਰ 1921 ਦੇ ਆਖ਼ਰ 'ਚ, ਯੂਨਾਈਟਿਡ ਸਟੇਟਸ ਸਰਕਾਰ ਨੇ ਹੋਰ ਵੱਡੇ ਰਾਸ਼ਟਰਾਂ (ਬ੍ਰਿਟਿਸ਼ ਸਾਮਰਾਜ, ਜਪਾਨ, ਫਰਾਂਸ ਤੇ ਇਟਲੀ) ਅਤੇ ਪ੍ਰਸ਼ਾਂਤ 'ਚ ਪ੍ਰਦੇਸ਼ਿਕ ਹਿੱਤ ਰੱਖਣ ਵਾਲੇ ਹੋਰ ਤਿੰਨ ਰਾਸ਼ਟਰਾਂ (ਚੀਨ, ਨੀਦਰਲੈਂਡ ਤੇ ਪੁਰਤਗਾਲ) ਤੇ ਬੈਲਜ਼ੀਅਮ (ਜਿਸ ਦਾ ਸੰਮੇਲਨ 'ਚ ਬੁਲਾਏ ਜਾਣ ਦਾ ਦਾਅਵਾ ਸਿਰਫ਼ ਭਾਵੁਕਤਾਪੂਰਨ ਸੀ) ਨੂੰ ' ਅਸਲੇਖਾਨੇ' ਨੂੰ ਸੀਮਿਤ ਕਰਨ ਦੇ ਸਵਾਲ 'ਤੇ ਵਿਚਾਰ ਕਰਨ ਲਈ ਹੋਣ ਵਾਲੇ ਇੱਕ ਸੰਮੇਲਨ 'ਚ ਹਿੱਸਾ ਲੈਣ ਲਈ, ਜਿਸ ਦੇ ਸੰਬਧ 'ਚ ਪ੍ਰਸ਼ਾਂਤ ਮਹਾਸਾਗਰ ਤੇ ਦੂਰ ਦੁਰਾਡੇ ਪੂਰਬ ਦੇ ਸਵਾਲਾਂ 'ਤੇ ਵੀ ਵਿਚਾਰ ਕੀਤਾ ਜਾਵੇਗਾ," ਸੱਦਾ ਦਿੱਤਾ। ਇਹ ਸੰਮੇਲਨ ਨਵੰਬਰ 1912 'ਚ ਵਾਸ਼ਿੰਗਟਨ 'ਚ ਹੋਇਆ।

> ਟਾਸਕ ਜੁਲਾਈ 1923 'ਚ ਤੁਰਕੀ ਦੇ ਨਾਲ ਕਿਹੜੇ ਸ਼ਾਂਤੀ ਸੰਧੀ ਕੀਤੀ ਗਈ ਸੀ ?

ਵਾਸ਼ਿੰਗਟਨ-ਸੰਮੇਲਨ ਦੇ ਸਿੱਟੇ ਵਜੋਂ ਤਿੰਨ ਸਧੀਆਂ ਹੋਈਆਂ। ਉਨ੍ਹਾਂ 'ਚ ਪਹਿਲੇ ਚਾਰ ਰਾਸ਼ਟਰਾਂ ਦੀ ਸੰਧੀ (Four Power Treaty) ਕਹਾਉਂਦੀ ਹੈ ਜੋ ਯੂਨਾਈਟਿਡ ਸਟੇਟਸ, ਬ੍ਰਿਟਿਸ਼ ਸਾਮਰਾਜ, ਫਰਾਂਸ ਤੇ ਜਪਾਨ ਦਰਮਿਆਨ ਕੀਤੀ ਗਈ ਸੀ। ਉਸ ਦੇ ਅਨੁਸਾਰ ਇਨ੍ਹਾਂ ਰਾਸ਼ਟਰਾਂ ਨੇ ਇਹ ਸਮਝੌਤਾ ਕੀਤਾ ਸੀ ਕਿ ਉਹ ਪ੍ਰਸ਼ਾਂਤ ਮਹਾਸਾਗਰ 'ਚ ਸਥਿੱਤ ਪ੍ਰਦੇਸਾਂ ਸੰਬੰਧੀ ਇੱਕ ਦੂਜੇ ਦੇ ਅਧਿਕਾਰਾਂ ਦਾ ਸਨਮਾਨ ਕਰਨਗੇ ਤੇ ਜੇਕਰ ਇਨ੍ਹਾਂ ਅਧਿਕਾਰਾਂ ਦੇ ਸੰਬੰਧੀ ਉਨ੍ਹਾਂ 'ਚ ਕੋਈ ਵਿਵਾਦ ਉੱਠਿਆ ਜਾਂ ਹੋਰ ਕਿਸੇ ਰਾਸ਼ਟਰ ਦੀ ਹਮਲਾਵਾਰ ਕਰਵਾਈ ਦੇ ਕਾਰਨ ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਹੋਇਆ ਤਾਂ ਉਹ ਆਪਸ 'ਚ ਸਲਾਹ ਕਰਨਗੇ।

ਇਸ ਸਾਧਾਰਨ ਜਿਹੇ ਦਸਤਾਵੇਜ਼ ਦਾ ਮਹੱਤਵ ਦੋ ਗੱਲਾਂ 'ਚ ਸੀ। ਉਸ ਦੇ ਸਿੱਟੇ ਵਜੋਂ ਯੂਨਾਈਟਿਡ ਸਟੇਟਸ ਪਹਿਲ ਵਾਰ (ਰਾਸ਼ਟਰ ਸੰਘ ਦੇ ਦਸਤਾਵੇਜ਼ ਨੂੰ ਨਾਮਨਜ਼ੂਰ ਕਰ ਦੇਣ ਤੋਂ ਬਾਅਦ) ਆਮ ਹਿਤ ਦੇ ਮਾਮਲਿਆਂ 'ਤੇ ਹੋਰ ਵੱਡੇ ਰਾਸਟਰਾਂ ਨਾਲ ਵਿਚਾਰ-ਵਟਾਂਦਰਾ ਕਰਨ ਦੀ ਇੱਕ ਸੀਮਿਤ ਵਿਵਸਥਾ 'ਚ ਸ਼ਾਮਲ ਹੋ ਗਿਆ। ਇਸ ਦੇ ਨਾਲ ਹੀ ਇਸ ਸੰਧੀ ਨਾਲ ਉਸ ਐਂਗਲੋ ਜਾਪਾਨੀ ਗੁੱਟਬੰਦੀ ਨੂੰ ਵੀ ਜੋ ਇਸ ਸਮੇਂ ਨਿਰਅਰਥ ਹੋ ਗਈ ਸੀ ਤੇ ਯੂਨਾਈਟਿਡ ਸਟੇਟਸ ਅਧਿਰਾਜਾਂ (Dominions) ਅਤੇ ਗ੍ਰੇਟ ਬਿਟ੍ਰੇਨ ਦੇ ਜ਼ਿਆਦਾਤਰ ਲੋਕਾਂ 'ਚ ਬਹੁਤ ਬਦਨਾਮ ਹੋ ਚੁੱਕੀ ਸੀ , ਖ਼ਤਮ ਕਰਨ ਦਾ ਚੰਗਾ ਬਹਾਨਾ ਮਿਲ ਗਿਆ। ਦੂਜੇ ਜਾਂ ਪੰਜ ਰਾਸ਼ਟਰਾਂ ਦੀ ਸੰਧੀ (Five Power Treaty) 'ਚ ਵਿਸਥਾਰ ਨੌਸੈਨਿਕ ਨਿਸ਼ਸ਼ਤਰੀਕਰਨ (Naval disarmament) ਦੀ ਵਿਵਸਥਾ ਕੀਤੀ ਗਈ ਸੀ। ਉਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ। ਬ੍ਰਿਟਿਸ਼ ਸਾਮਰਾਜ ਤੇ ਯੂਨਾਈਟਿਡ ਸਟੇਟਸ ਦਰਮਿਆਨ ਨੌਸੈਨਿਕ ਸਮਾਨਤਾ ਸਥਾਪਿਤ ਕਰਨਾ ਤੇ ਜਾਪਾਨ ਦੇ ਵੱਡੇ ਜਹਾਜ਼ਾਂ ਦੀ ਗਿਣਤੀ ਬ੍ਰਿਟੇਨ ਤੇ ਅਮਰੀਕਾ ਦੀ ਗਿਣਤੀ ਦੇ 60 ਫੀਸਦੀ ਦੇ ਬਰਾਬਰ ਨਿਸ਼ਚਿਤ ਕਰਨਾ। ਫਰਾਂਸ ਤੇ ਅਮਰੀਕਾ, ਇਟਲੀ ਲਈ ਇਹ ਗਿਣਤੀ 35 ਫੀਸਦੀ ਸੀ। ਹਲਕੇ ਗਸ਼ਤੀ ਜਹਾਜ਼ਾਂ (cruisers), ਵਿਸਫੋਟਕਾਂ (destroyers), ਪਣਡੁੱਬੀਆਂ (submarines) ਜਾਂ ਹੋਰ ਸਹਾਇਕ ਗੱਡੀਆਂ (auxiliary craft) ਦੀ ਗਿਣਤੀ 'ਤੇ ਕੋਈ ਬੰਧਨ ਨਹੀਂ ਲਾਇਆ ਗਿਆ। ਸੰਧੀ 'ਤੇ ਹਸਤਾਖ਼ਰ ਰਾਸਟਰ ਇਸ ਗੱਲ 'ਤੇ ਵੀ ਸਹਿਮਤ ਹੋ ਗਏ ਕਿ ਪ੍ਰਸ਼ਾਂਤ ਮਹਾਸਾਗਰ ਦੇ ਇੱਕ ਤੈਅ ਖੇਤਰ 'ਚੋਂ ਉਹ ਕਿਲੇਬੰਦੀਆਂ ਤੇ ਸਮੁੰਦਰੀ ਅੱਡਿਆਂ ਸੰਬੰਧੀ ਜਿਉਂ ਦੇ ਤਿਉਂ (status quo) ਬਣਾਈ ਰੱਖਣਗੇ। ਤੀਜੇ ਜਾਂ ਨੌਂ ਰਾਸ਼ਟਰਾਂ ਦੀ ਸੰਧੀ (Third, or Nine Power Treaty) ਦੇ ਅਨੁਸਾਰ ਸੰਮੇਲਨ 'ਚ ਸਾਮਲ ਹੋਏ ਸਾਰੇ ਰਾਸ਼ਟਰਾਂ ਨੇ ਇਹ ਬਚਨ ਦਿੱਤਾ ਕਿ ਉਹ ਚੀਨ ਦੀ ਸਵਤੰਤਰਤਾ ਤੇ ਅਖੰਡਤਾ ਦਾ ਸਨਮਾਨ ਕਰਨਗੇ ਤੇ " ਚੀਨ ਦੀ ਸਥਿਤੀ ਤੋਂ ਲਾਭ ਉਠਾ ਕੇ ਉਸ ਤੋਂ ਅਜਿਹੇ ਕੋਈ ਵੀ ਵਿਸ਼ੇਸ਼ ਅਧਿਕਾਰ ਜਾਂ ਸਹੂਲਤਾਂ ਪ੍ਰਾਪਤ ਨਹੀਂ ਕਰਨਗੇ ਜਿਨ੍ਹਾਂ ਨਾਲ ਹੋਰ ਮਿੱਤਰ ਰਾਜਾਂ ਦੀ ਪ੍ਰਜਾ ਤੇ ਨਾਗਰਿਕਾਂ (Subject and citizens) ਦੇ ਅਧਿਕਾਰਾਂ 'ਚ ਕਿਸੇ ਤਰ੍ਹਾਂ ਦੀ ਕਮੀ ਹੋਵੇ।"

ਵਾਸ਼ਿੰਗਟਨ- ਸੰਮੇਲਨ ਦਾ ਇਕ ਮਹੱਤਵਪੂਰਨ ਸਫ਼ਲਤਾ ਦੇ ਰੂਪ 'ਚ ਸਵਾਗਤ ਹੋਇਆ ਤੇ ਇਹ ਅਕਾਰਨ ਨਹੀਂ ਸੀ। ਇਸ ਦੇ ਸਿੱਟੇ ਵਜੋਂ ਪ੍ਰਤੱਖ ਤੌਰ ਤੇ ਪ੍ਰਸ਼ਾਂਤ ਮਹਾਸਾਗਰ 'ਚ ਯੁੱਧ ਤੋਂ ਪਹਿਲਾਂ ਦੀ ਸ਼ਕਤੀ-ਸੰਤੁਲਨ ਮੁੜ ਸਥਾਪਿਤ ਹੋ ਗਿਆ। ਦ੍ਰਿੜ ਐਂਗਲੋ-ਅਮਰੀਕੀ ਮੋਰਚੇ ਤੋਂ ਡਰ ਕੇ ਅਤੇ ਵਿਸ਼ਵ-ਲੋਕਮਤ ਦੇ ਨੈਤਿਕ ਦਬਾਅ ਦੇ ਕਾਰਨ ਜਾਪਾਨ ਨੇ ਕਦੇ ਵੀ ਪ੍ਰਗਟ ਰੂਪ ਨਾਲ ਆਪਣੀ ਹਾਰ ਨਹੀਂ ਮੰਨੀ ਸੀ, ਅਤੇ ਜਦੋਂ ਕਿ ਉਸ ਨੇ ਉਦੇਸ਼ਾਂ 'ਤੇ ਕਾਫ਼ੀ ਸਖ਼ਤ ਰੋਕ ਮੰਨ ਲਈ ਸੀ। ਚੀਨ ਦੀ ਮੁੱਖ ਜ਼ਮੀਨ 'ਤੇ ਯੁੱਧ ਨਾਲ ਉਸ ਨੂੰ ਜੋ ਇੱਕੋ ਇੱਕ ਪ੍ਰਾਪਤੀ ਹੋਈ ਸੀ, ਉਸ ਦਾ ਤਿਆਗ ਕਰ ਦੇਣ ਲਈ ਉਸ ਨੂੰ ਰਾਜੀ ਕਰ ਲਿਆ ਗਿਆ ਸੀ। ਉਸ ਨੇ ਬ੍ਰਿਟਿਸ਼ ਸਾਮਰਾਜ ਤੇ ਯੂਨਾਈਟਿਡ ਸਟੇਟ ਦੇ ਨਾਲ ਫੌਜੀ ਸਮਾਨਤਾ ਦਾ ਦਾਅਵਾ ਕਰਨ ਦੀ ਜ਼ੁਅੱਰਤ ਨਹੀਂ ਕੀਤੀ ਸੀ ਤੇ ਉਸ ਦੇ ਆਪਣੇ ਬੇੜੇ ਦੇ ਟਨਭਾਰ (Tonnose) ਲਈ ਬ੍ਰਿਟਿਸ਼ ਤੇ ਅਮਰੀਕੀਨ ਟਨਭਾਰ ਦੇ 70 ਫੀਸਦੀ ਦੀ ਉਸ ਦੀ ਮੰਗ ਘੱਟ ਕਰਕੇ 60 ਫੀਸਦੀ ਕਰ ਦਿੱਤੀ ਗਈ ਸੀ। ਇਸ ਤਰ੍ਹਾਂ ਚੀਨ ਦੀ ਅਖੰਡਤਾ ਤੇ ਪ੍ਰਸ਼ਾਂਤ ਮਹਾਸਾਗਰ 'ਚ ਐਂਗਲੋ-ਅਮਰੀਕੀ ਸਮੁੰਦਰੀ ਪ੍ਰਭੂਤਵ ਲਈ ਜਾਪਾਨੀ ਖ਼ਤਰਾ ਦੂਰ ਕੀਤਾ ਜਾ ਚੁੱਕਾ ਸੀ। ਪਰ ਫਿਰ ਵੀ ਵਾਸ਼ਿੰਗਟਨ-ਸੰਧੀਆਂ ਤੋਂ ਪੈਦਾ ਇਹ ਸਥਿਤੀ ਖ਼ਤਰੇ ਤੋਂ ਖਾਲੀ ਨਹੀਂ ਸੀ ਕਿਉਂਕਿ ਉਸ ਦਾ ਆਧਾਰ ਏਸ਼ੀਆ ਦੀ ਮੁੱਖ ਜ਼ਮੀਨ 'ਤੇ ਅੱਗੇ ਵਧਣ ਦੀ ਆਪਣੀ ਨੀਤੀ ਦਾ ਜਾਪਾਨ ਦੁਆਰਾ ਗੈਰਇੱਛਾਪੂਰਨ ਤਿਆਗ ਸੀ। ਇਹ ਨਿਸ਼ਚਿਤ ਸੀ ਕਿ ਕਦੇ ਨਾ ਕਦੇ, ਆਪਦੀ ਸ਼ਕਤੀ ਤੋਂ ਜਾਣੂੰ ਹੁੰਦੇ ਹੀ, ਜਾਪਾਨ ਵਾਸ਼ਿੰਗਟਨ-ਸਮਝੌਤੇ ਨਾਲ ਹੋਈ ਆਪਣੀ ਮਾਣਹਾਨੀ ਦਾ ਵਿਰੋਧ ਜ਼ਰੂਰ ਕਰੇਗਾ। ਇਹ ਮੂਲ ਪ੍ਰਸ਼ਨ ਕਿ ਦੂਰ ਦੁਰਾਡੇ ਪੂਰਬ 'ਚ ਐਂਗਲੋ- ਸੈਕਸਨ ਪ੍ਰਭੂਤਵ ਰਹੇਗਾ ਜਾਂ ਜਾਪਾਨ ਦੀ ਹੀ ਤੂਤੀ ਵੱਜੇਗੀ, ਅਜੇ ਵੀ ਵਿਚਾਰ ਅਧੀਨ ਸੀ। ਪਰ ਇਹ ਵਾਸ਼ਿੰਗਟਨ ਸੰਮੇਲਨ ਦਾ ਹੀ ਸਿੱਟਾ ਸੀ ਕਿ ਇਹ ਪ੍ਰਸ਼ਨ ਠੀਕ ਦਸ ਵਰ੍ਹਿਆਂ ਤੱਕ ਸਥਗਿਤ ਹੀ ਪਿਆ ਰਿਹਾ।

## 16.5 ਪੈਰਿਸ ਦਾ ਸ਼ਾਂਤੀ ਸੰਮੇਲਨ (Peace Settlement of Paris)

ਲਗਭਗ ਚਾਰ ਸਾਲ ਤਿੰਨ ਮਹੀਨੇ (28 ਜੁਲਾਈ 1914 ਤੋਂ 11 ਨਵੰਬਰ 1918) ਦੇ ਤੁਮੂਲ ਸੰਘਰਸ਼ ਤੋਂ ਬਾਅਦ ਅਰਥਾਤ ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਪਿੱਛੋਂ 18 ਜਨਵਰੀ 1919 ਨੂੰ ਮਿੱਤਰ ਰਾਸ਼ਟਰਾਂ ਦੇ ਪ੍ਰਤੀਨਿਧੀ ਯੂਰਪ ਤੇ ਵਿਸ਼ਵ ਦੇ ਭਾਵੀ

ਨੋਟ

ਮਾਨਚਿੱਤਰ ਦੀ ਰਚਨਾ ਦੇ ਉਦੇਸ਼ ਨਾਲ ਪੈਰਿਸ 'ਚ ਇਕੱਠੇ ਹੋਏ। ਪੈਰਿਸ ਦਾ ਇੱਕ ਸ਼ਾਂਤੀ ਸੰਮੇਲਨ ਵਿਆਨਾ ਸੰਮੇਲਨ (ਸਤੰਬਰ 1814 ਤੋਂ ਜੁਲਾਈ, 1815) ਤੋਂ ਬਾਅਦ ਵਿਸ਼ਵ ਦੇ ਇਤਿਹਾਸ ਦਾ ਸਭ ਤੋਂ ਮਹੱਤਵਪੂਰਨ ਸੰਮੇਲਨ ਸੀ। ਇਹ ਇਤਿਹਾਸ ਦਾ ਪਹਿਲੇ ਵਿਸ਼ਵ ਸੰਮੇਲਨ ਸੀ ਤੇ ਇਸ ਦੇ ਫ਼ੈਸਲਿਆਂ ਨੇ ਨੇ ਸਿਰਫ਼ ਯੂਰਪ ਨੂੰ ਹੀ ਨਹੀਂ ਸਗੋਂ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ। ਪੈਰਿਸ ਸੰਮੇਲਨ ਨੂੰ ਆਪਣੇ ਕੰਮ ਨੂੰ ਪ੍ਰਤੀਕੂਲ ਵਾਤਾਵਰਨ ਤੇ ਹਾਲਤਾਂ 'ਚ ਪੂਰਾ ਕਰਨਾ ਪਿਆ ਸੀ।

## 16.6 ਪੈਰਿਸ ਸ਼ਾਂਤੀ ਸੰਮੇਲਨ ਦੀ ਕਾਰਜ ਪ੍ਰਣਾਲੀ ਤੇ ਸੰਮੇਲਨ ਦੇ ਕਰਨਧਾਰਾਂ ਦੇ ਆਪਸੀ ਵਿਰੋਧੀ ਵਿਅਕਤੀਤਵ (Procedure of Paris-Peace Settlement and Opposing Personality between each other Steersman of Conference)

ਪੈਰਿਸ ਸੰਮੇਲਨ ਦਾ ਸੰਗਠਨ ਅਤਿਅੰਤ ਜਟਿਲ ਸੀ। ਕਾਰਜ ਪ੍ਰਣਾਲੀ ਦੋਸ਼ਪੂਰਨ ਸੀ। 18 ਜਨਵਰੀ 1919 ਨੂੰ ਸੰਮੇਲਨ ਦਾ ਪਹਿਲਾ ਪੂਰਾ ਅਧਿਵੇਸ਼ਨ ਹੋਇਆ, ਜਿਸ 'ਚ ਸਾਰੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਪਰ ਉਸ ਤੋਂ ਬਾਅਦ ਸੰਮੇਲਨ ਦੇ ਸਿਰਫ਼ 5 ਅਤੇ ਪੂਰੇ ਅਧਿਵੇਸ਼ਨ ਹੋਏ। ਸੰਮੇਲਨ ਦੇ ਸ਼ੁਰੂ 'ਚ ਹੀ ਇਹ ਸਪੱਸ਼ਟ ਹੋ ਗਿਆ ਕਿ ਪੂਰੇ ਅਧਿਵੇਸ਼ਨ ਕੂਟਨੀਤਿਕ ਕਾਰਜ ਲਈ ਇੱਕ ਸਹੀ ਸੰਸਥਾ ਨਹੀਂ ਸੀ। ਸੰਮੇਲਨ ਦੇ ਕਾਰਜ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਇੱਕ 'ਦਸ ਮੈਂਬਰਾਂ ਦੀ ਪਰਿਸ਼ਦ' ਦੀ ਸਥਾਪਨਾ ਕੀਤੀ ਗਈ। ਜਿਸ 'ਚ ਸੰਯੁਕਤ ਰਾਜ ਅਮਰੀਕਾ, ਬ੍ਰਿਟੇਨ, ਫਰਾਂਸ, ਇਟਲੀ ਤੇ ਜਪਾਨ ਦੇ ਦੋ-ਦੋ ਪ੍ਰਤੀਨਿਧੀ ਸਨ। ਪਰ ਇਹ ਦਸ ਮੈਂਬਰਾਂ ਦੀ ਪਰਿਸ਼ਦ ਵੀ ਕੂਟਨੀਤਿਕ ਕਾਰਜ ਦੇ ਕੁਸ਼ਲ ਸੰਪਦਾਨ ਲਈ ਸਹੀ ਪ੍ਰਤੀਤ ਨਹੀਂ ਹੋਈ। ਆਖ਼ਰ ਮਾਰਚ, 1919 'ਚ ਚਾਰ ਮੈਂਬਰਾਂ ਦੀ ਪਰਿਸ਼ਦ ਦੀ ਨਿਯੁਕਤੀ ਕੀਤੀ ਗਈ। ਇਸ ਦੇ ਮੈਂਬਰ ਸਨ-ਅਮਰੀਕਾ ਦੇ ਰਾਸ਼ਟਰਪਤੀ ਵਿਲਸਨ, ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਇਡ ਜਾਰਜ, ਫ੍ਰੈਂਚ ਪ੍ਰਧਾਨਮੰਤਰੀ ਕਲੇਮੇਨਸੋ ਤੇ ਇਟਾਲੀਆਂ ਪ੍ਰਧਾਨ ਮੰਤਰੀ ਓਰਲੈਂਡੋ। ਛੇਤੀ ਹੀ ਫਿਊਮ ਦੇ ਸਵਾਲ 'ਤੇ ਵਿਲਸਨ ਤੇ ਓਰਲੈਂਡੋ ਦਰਮਿਆਨ ਤਿੱਖੇ ਮਤਭੇਦ ਹੋ ਗਏ, ਆਖ਼ਰ ਵਿਲਸਨ ਕੈਲੇਮੇਨਸੋ ਤੇ ਲਾਇਡ ਜਾਰਜ ਦੀ ਤ੍ਰੈਮੈਂਬਰੀ ਪਰਿਸ਼ਦ ਨੇ ਸੰਮੇਲਨ ਦੇ ਸਾਰੇ ਮਹੱਤਵਪੂਰਨ ਫ਼ੈਸਲੇ ਕੀਤੇ। ਪੂਰੇ ਸੰਮੇਲਨ ਦਾ ਕਾਰਜ ਇਨ੍ਹਾਂ ਫੈਸੇਲਿਆਂ 'ਤੇ ਆਪਣੀ ਮਨਜ਼ੂਰੀ ਦੀ ਮੋਹਰ ਲਾਉਣ ਤੱਕ ਸੀਮਿਤ ਰਹਿ ਗਿਆ। ਇਸ ਤਰ੍ਹਾਂ ਛੋਟੇ ਰਾਸ਼ਟਰਾਂ ਨੂੰ ਸੰਮੇਲਨ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਨਹੀਂ ਮਿਲਿਆ। ਇਸ ਤਰ੍ਹਾਂ ਸੰਮੇਲਨ ਦਾ ਸੰਗਠਨ ਦੋਸ਼ਪੂਰਨ ਸੀ। ਉਸ ਦੀ ਕਾਰਜਪ੍ਰਣਾਲੀ ਵੀ ਸੰਤੋਸ਼ਜਨਕ ਨਹੀਂ ਸੀ। ਸੰਮੇਲਨ ਦਾ ਪ੍ਰਧਾਨ ਕਲੇਮੇਨਸੋ ਗੈਰ-ਵਾਜਿਬ ਸਿੱਧ ਹੋਇਆ। ਕਲੇਮੇਨਸੋ ਸੰਮਲਨ ਦੇ ਕਾਰਜ ਦੇ ਪ੍ਰਤੀ ਉਦਾਸੀਨ ਸੀ।

ਪੈਰਿਸ ਸੰਮੇਲਨ ਦੇ ਕਰਨਧਾਰਾਂ 'ਚ ਰਾਜਨੀਤਿਕ ਦੂਰਦਰਸ਼ਤਾ ਤੇ ਕੂਟਨੀਤਿਕ ਯੋਗਤਾ ਦੇ ਗੁਣ ਵਾਧੂ ਮਾਤਰਾ 'ਚ ਨਹੀਂ ਸੀ। ਵਿਲਸਨ ਤੇ ਲਾਇਡ ਜਾਰਜ 'ਚ ਰਾਜਨੀਤਿਕ ਦੂਰਦਰਸ਼ਤਾ ਤਾਂ ਉੱਚ ਕੋਟੀ ਦੀ ਸੀ, ਪਰ ਇੰਨੀ ਕੂਟਨੀਤਿਕ ਯੋਗਤਾ ਨਹੀਂ ਸੀ ਕਿ ਉਹ ਹੋਰ ਪ੍ਰਤੀਨਿਧੀਆਂ ਨੂੰ ਹਾਰੇ ਰਾਸ਼ਟਰਾਂ ਦੇ ਨਾਲ ਵਿਹਾਰ ਕਰਨ ਲਈ ਤਿਆਰ ਕਰ ਸਕਦੇ। ਇਸ ਦੇ ਉਲਟ ਕਲੇਮੇਨਸੋ ਤੇ ਓਰਲੈਂਡੋ 'ਚ ਉੱਚ ਕੋਟੀ ਦੀ ਕੂਟਨੀਤਿਕ ਯੋਗਤਾ ਸੀ ਪਰ ਰਾਜਨੀਤਿਕ ਦੂਰ-ਦਰਸ਼ਿਤਾ ਨਹੀਂ ਸੀ। ਉਹ ਇਹ ਨਹੀਂ ਸਮਝ ਸਕੇ ਕਿ ਹਾਰੇ ਰਾਸ਼ਟਰਾਂ ਦੇ ਨਾਲ ਸਖ਼ਤ ਵਿਵਹਾਰ ਕਰਨ ਨਾਲ ਸਥਾਈ ਸ਼ਾਂਤੀ ਸਥਾਪਿਤ ਨਹੀਂ ਕੀਤੀ ਜਾ ਸਕਦੀ। ਪੈਰਿਸ ਸੰਮੇਲਨ ਦੇ ਆਗੂਆਂ ਦੇ ਵਿਅਕਤੀਤਵ ਆਪਸ ਵਿਰੋਧੀ ਸਨ। ਵਿਲਸਨ ਇੱਕ ਪ੍ਰਤਿਭਾਸ਼ਾਲੀ ਬੁਲਾਰਾ ਸੀ ਐਤ ਆਦਰਸ਼ਵਾਦੀ ਵਿਚਾਰਕ ਸੀ। ਉਹ ਹਜਰਤ ਮੂਸਾ ਤੇ ਈਸਾ ਵਾਂਗ ਇੱਕ ਨਵੇਂ ਵਿਵਸਥਾ ਦਾ ਪੈਗੰਬਰ ਬਣਨਾ ਚਾਹੁੰਦਾ ਸੀ। ਪਰ ਨਾ ਬਦਲਣ ਵਾਲੇ ਵਿਸ਼ਵਾਸਾਂ ਦਾ ਇਹ ਰਾਜਨੀਤੀਵਾਨ ਰਾਜਨਤਿਕ ਸੌਦੇਬਾਜ਼ੀ ਦੀਆਂ ਬਾਰੀਕੀਆਂ ਤੋਂ ਜਾਣੂੰ ਨਹੀਂ ਸੀ। ਉਹ ਕੂਟਨੀਤੀ ਦੇ ਖੇਤਰ 'ਚ ਇੱਕ ਵਿਦਿਆਰਥੀ ਹੀ ਸਿੱਧ ਹੋਇਆ। ਉਹ ਨਾ ਸਿਰਫ਼ ਸ਼ਾਂਤੀ ਸਮਝੌਤੇ ਨੂੰ ਆਪਣੇ ਆਦਰਸ਼ਾਂ ਦੇ ਅਨੁਸਾਰ ਬਣਾਉਣ 'ਚ ਸਫ਼ਲ ਨਹੀਂ ਹੋ ਸਕਿਆ, ਸਗੋਂ ਖੁਦ ਉਸ ਦੇ ਦੇਸ਼ ਵਾਸੀਆਂ ਨੇ ਵੀ ਉਸ ਦੇ ਆਦਰਸ਼ਾਂ ਨੂੰ ਠੁਕਰਾ ਦਿੱਤਾ।

ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਇਡ ਜਾਰਜ ਇੱਕ ਯਥਾਰਥਵਾਦੀ, ਕੁਸ਼ਾਗ੍ਰ ਬੁੱਧੀ, ਅਥੱਕ ਕਾਰਜ ਸ਼ਕਤੀ ਤੇ ਹਾਸਪ੍ਰਿਯ ਪ੍ਰਸਿੱਧ ਰਾਜਨੀਤੀਵਾਨ ਸੀ। ਇਸ ਉਦਾਰ ਪਾਰਟੀ ਨੇਤਾ 'ਚ ਜਲਦੀ ਫ਼ੈਸਲਾ ਕਰਨ ਤੇ ਆਪਣੇ ਸਹਾਇਕਾਂ ਦੀ ਠੀਕ-ਠਾਕ ਵਰਤੋਂ ਕਰਨ ਦੀ ਅਦਭੁਤ ਸਮਰੱਥਾ ਸੀ। ਜਦੋਂ ਕਿ ਲਾਇਡ ਜਾਰਜ ਤੇ ਉਸ ਦੀ ਰਾਸ਼ਟਰੀ ਸਰਕਾਰ ਨੇ 1918 ਦੀ ਚੋਣ 'ਜਰਮਨੀ ਤੋਂ ਪੂਰਾ ਹਰਜ਼ਾਨਾ ਲਓ', 'ਸ਼ਿਲਿੰਗ ਦੇ ਬਦਲੇ ਸ਼ਿਲਿੰਗ', " ਕੈਸਰ ਨੂੰ ਫਾਂਸੀ 'ਤੇ ਲਟਕਾਓ" ਵਰਗੇ ਨਾਅਰਿਆਂ ਦੇ ਅਧਾਰ 'ਤੇ ਜਿੱਤਿਆ ਸੀ, ਪਰ ਉਸ ਨੇ ਪੈਰਿਸ ਸੰਮੇਲਨ 'ਚ ਜਰਮਨੀ ਦੇ ਨਾਲ ਉਦਾਰ ਵਿਵਹਾਰ 'ਤੇ ਜ਼ੋਰ ਦਿੱਤਾ ਕਿਉਂਕਿ ਉਹ ਜਾਣਦਾ ਸੀ ਕਿ ਬ੍ਰਿਟਿਸ਼ ਵਪਾਰ ਦੇ ਮੁੜ ਉਥਾਨ ਤੇ ਸੋਵੀਅਤ ਸਮਾਯਵਾਦ ਦੇ ਪ੍ਰਸਾਰ ਦੀ ਰੋਕ ਲਈ ਇੱਕ ਮਜ਼ਬੂਤ ਆਰਥਿਕ ਵਿਵਸਥਾ ਵਾਲਾ ਜਰਮਨੀ ਦੀ ਲੋੜ ਸੀ। ਪਰ ਛੇਤੀ ਸ਼ਾਂਤੀ ਸਥਾਪਨਾ ਵੀ ਬ੍ਰਿਟਿਸ਼ ਵਪਾਰ ਦੀ ਤਰੱਕੀ ਲਈ ਜ਼ਰੂਰੀ ਸੀ। ਆਪਣੀ ਜਲਦੀ ਸ਼ਾਂਤੀ ਸਥਾਪਨਾ ਦੀ ਤੀਬਰ ਅਭਿਲਾਸ਼ਾ ਦੇ ਕਾਰਨ ਉਹ ਕਲੇਮੇਨਸੋ ਦੇ ਜਰਮਨੀ ਦੇ ਨਾਲ ਸਖ਼ਤ ਵਿਵਹਾਰ ਦੇ ਮਤਿਆਂ ਦਾ ਤੀਰਬ ਵਿਰੋਧ ਨਹੀਂ ਕਰ ਸਕਿਆ।

ਹਾਰੇ ਰਾਸ਼ਟਰਾਂ ਦੇ ਨਾਲ ਸਖ਼ਤ ਵਿਵਹਾਰ ਲਈ ਸਭ ਤੋਂ ਵੱਧ ਉਤਰਦਾਈ ਵਿਅਕਤੀ ਸੀ- ਪੈਰਿਸ ਸੰਮੇਲਨ ਦਾ ਚੇਅਰਮੈਨ ਫ੍ਰੈਂਚ ਪ੍ਰਧਾਨ ਮੰਤਰੀ ਕਲੇਮੇਨਸੋ। ਫ਼ਰਾਂਸ ਦੇ ਇਸ 77 ਸਾਲਾ ਚੀਤੇ ਨੇ 1871 'ਚ ਜਰਮਨ ਪ੍ਰਸ਼ਾ ਦੁਆਰਾ ਫਰਾਂਸ ਦੇ ਹਾਰ ਤੇ ਅਪਮਾਨ ਨੂੰ ਆਪਣੀਆਂ ਅੱਖਾਂ ਨਾਲ ਦੇਖਿਆਂ ਸੀ ਤੇ ਉਹ ਉਸ ਦਾ ਬਦਲਾ ਲੈਣ ਲਈ ਦ੍ਰਿੜ ਸੰਕਲਪ ਸੀ। ਉਹ ਇੱਕ ਦਇਅਹੀਣ, ਤਜ਼ਰਬੇਕਾਰ ਤੇ ਕਰਕਸ਼ ਵਿਅਕਤੀ ਸੀ। ਉਸ ਨੂੰ ਮਾਨਵ ਪ੍ਰਕਿਰਤੀ ਦਾ ਡੂੰਘਾ ਗਿਆਨ ਸੀ। ਉਹ ਸੰਮੇਨਲ ਦਾ ਸਭ ਤੋਂ ਵੱਧ ਕੁਸ਼ਲ ਕੂਟਨੀਤੀਵਾਨ ਸੀ। ਉਹ ਵਿਲਸਨ ਦੇ ਆਦਰਸ਼ਵਾਦ ਤੇ ਲਾਇਡ ਜਾਰਜ ਦੇ ਉਦਾਰਵਾਦ ਦੋਵਾਂ ਨੂੰ ਫਿਜ਼ੂਲ ਦੀ ਚੀਜ਼ ਸਮਝਦਾ ਸੀ। ਵਿਲਸਨ ਦਾ ਮਜ਼ਾਕ ਉਡਾਉਂਦੇ ਹੋਏ ਉਹ ਕਹਿੰਦਾ ਸੀ ਕਿ " ਲਾਇਡ ਜਾਰਜ ਆਪਣੇ ਨੂੰ ਨੈਪੋਲੀਅਨ ਸਮਝਤਾ ਹੈ, ਪਰੰਤੂ ਵਿਲਸਨ ਆਪਣੇ ਨੂੰ ਈਸਾ ਮਾਨਤਾ ਹੈ।" ਲਾਇਡ ਜਾਰਜ ਦੇ ਉਦਾਰਵਾਦ ਨੂੰ ਉਹ " ਸੌ-ਸੌ ਚੂਹੇ ਖਾਕੇ ਬਿੱਲੀ ਹੱਜ ਨੂੰ ਚੱਲੀ' ਦਾ ਉਦਾਹਰਨ ਸਮਝਦਾ ਸੀ। ਕਲੇਮੇਨਸੋ ਨੂੰ ਇਸ ਗੱਲ ਦਾ ਦ੍ਰਿੜ ਵਿਸ਼ਵਾਸ ਸੀ ਕਿ ਜਰਮਨੀ ਸ਼ਕਤੀ ਦੇ ਇਲਾਵਾ ਹੋਰ ਕੁਝ ਨਹੀਂ ਸਮਝਦਾ, ਉਸ ਦਾ ਇੱਕੋ ਇੱਕ ਉਦੇਸ ਜਰਮਨੀ ਦਾ ਇਨਾ ਦਮਨ ਕਰਨਾ ਸੀ ਕਿ ਉਹ ਫਿਰ ਕਦੇ ਫਰਾਂਸ ਲਈ ਸੰਕਟ ਨਾ ਬਣ ਸਕੇ।

ਨੋਟ

## 16.7 ਪੈਰਿਸ ਸੰਮੇਲਨ ਦੀਆਂ ਸੰਧੀਆਂ (ਸ਼ਾਂਤੀ ਸਮਝੌਤਾ) Treaties of Paris Conference (Peace Settlement)

ਪੈਰਿਸ ਸੰਮੇਲਨ 'ਚ ਮਿੱਤਰ ਰਾਸ਼ਟਰਾਂ ਤੇ ਹਾਰੇ ਰਾਸ਼ਟਰਾਂ ਦੇ ਮੱਧ 5 ਸ਼ਾਂਤੀ ਸੰਧੀਆਂ ਸੰਪਨ ਹੋਈਆਂ :

1. 28 ਜੂਨ, 1919 ਨੂੰ ਜਰਨਮੀ ਦੇ ਨਾਲ ਵਰਸਾਇ ਦੀ ਸੰਧੀ।
2. 10 ਸਤੰਬਰ, 1919 ਨੂੰ ਅਸਟਰੀਆ ਦੇ ਨਾਲ ਸੇਂਟ ਜਰਮਨ ਦੀ ਸੰਧੀ।
3. 27 ਨਵੰਬਰ, 1919 ਨੂੰ ਬਲਗਾਰੀਆ ਦੇ ਨਾਲ ਨਿਊਲੀ ਦੀ ਸੰਧੀ।
4. 4 ਜੂਨ, 1920 ਨੂੰ ਹੰਗਰੀ ਦੇ ਨਾਲ ਤ੍ਰਿਆਨੋ ਦੀ ਸੰਧੀ।
5. 10 ਅਗਸਤ, 1920 ਨੂੰ ਤੁਰਕੀ ਦੇ ਨਾਲ ਸੇਵਰ ਦੀ ਸੰਧੀ।

ਇਨ੍ਹਾਂ ਸੰਧੀਆਂ 'ਚੋਂ ਸੇਵਰ ਦੀ ਸੰਧੀ ਦਾ ਤੁਰਕੀ ਨੇ ਅਨੁਸਮਰਥਨ ਨਹੀਂ ਕੀਤਾ ਤੇ ਮਿੱਤਰ ਰਾਸ਼ਟਰਾਂ ਨੂੰ 23 ਜੁਲਾਈ, 1923 ਨੂੰ ਤੁਰਕੀ ਦੇ ਨਾਲ ਇੱਕ ਨਵੀਨ ਤੇ ਉਦਾਰ ਸੰਧੀ 'ਲੋਸਾਨੇ' ਦੀ ਸੰਧੀ 'ਤੇ ਹਸਤਾਖ਼ਰ ਕਰਨੇ ਪਏ। ਇਨ੍ਹਾਂ ਦੇ ਇਲਾਵਾ ਅਨੇਕ ਅਲਪਸੰਖਿਅਕ ਸੰਧੀਆਂ ਵੀ ਮੁਕੰਮਲ ਹੋਈਆਂ। ਇਹ ਸਾਰੀਆਂ ਸੰਧੀਆਂ ਸਮੂਹਿਕ ਤੌਰ'ਤੇ 'ਸ਼ਾਂਤੀ ਸਮਝੌਤਾ' ਕਹਾਉਂਦੀਆਂ ਹਨ।

## 16.8 ਵਰਸਾਏ ਦੀ ਸੰਧੀ (Treaty of Versai)

ਪੈਰਿਸ ਸੰਮੇਲਨ ਦੀ ਸਭ ਤੋਂ ਵੱਧ ਮਹੱਤਵਪੂਰਨ, ਵਿਵਾਦਗ੍ਰਸਤ ਸੰਧੀ ਵਰਸਾਇ ਦੀ ਸੰਧੀ ਸੀ।200 ਸਫ਼ਿਆਂ ਤੇ 80 ਹਜ਼ਾਰ ਸ਼ਬਦਾਂ ਤੇ 439 ਧਾਰਾਵਾਂ 'ਚ ਵੰਡਿਆ ਇਹ ਸੰਧੀ 15 ਅਧਿਆਇ 'ਚ ਲਿਖੀ ਸੀ। ਸੰਧੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਸਨ :–

1. **ਪ੍ਰਦੇਸ਼ਿਕ ਵਿਵਥਾਵਾਂ :** ਵਰਸਾਇ ਸੰਧੀ ਦੀ ਪ੍ਰਾਦੇਸ਼ਿਕ ਵਿਵਸਥਾਵਾਂ ਨਿਮਨਲਿਖਤ ਸਨ :–
   - (i) ਜਰਮਨੀ ਨੇ ਅਲਸਾਸ–ਲਾਰੇਨ ਦਾ ਪ੍ਰਦੇਸ਼ ਫਰਾਂਸ ਵਾਪਸ ਕਰ ਦਿੱਤਾ।
   - (ii) ਉੱਤਰੀ ਜਰਮਨੀ ਦਾ ਸ਼ਲੇਸਵਿੰਗ ਨਾਮੀ ਪ੍ਰਦੇਸ਼ ਇੱਕ ਜਨਮਤ ਸੰਗ੍ਰਹਿ ਦੇ ਪਿੱਛੋਂ ਡੈਨਮਾਰਕ ਨੂੰ ਦੇ ਦਿੱਤਾ ਗਿਆ।
   - (iii) ਜਰਮਨੀ ਦੇ ਮਾਰਸਨੇਟ, ਯੂਪੇਨ ਤੇ ਮਾਲਮੇਡੀ ਦੇ ਪ੍ਰਦੇਸ਼ ਬੈਲਜ਼ੀਅਮ ਨੂੰ ਦਿੱਤੇ।
   - (iv) ਜਰਮਨੀ ਨੇ ਪੱਛਮੀ ਪ੍ਰਸ਼ਾ, ਪੋਸੇਨ ਤੇ ਸਾਈਲੀਸ਼ੀਆ ਦੇ ਕੁਝ ਹਿੱਸਿਆਂ ਪੋਲੈਂਡ ਨੂੰ ਦਿੱਤੇ। ਇਸ ਨਾਲ ਪੋਲੈਂਡ ਨੂੰ ਬਾਲਟਿਕ ਸਮੁੰਦਰ ਤੱਕ ਇੱਕ ਗਲਿਆਰਾ (ਕਾਰੀਡੋਰ) ਮਿਲ ਗਿਆ ਜਿਸ ਨਾਲ ਪੂਰਬੀ ਪ੍ਰਸ਼ਾ ਬਾਕੀ ਜਰਮਨੀ ਤੋਂ ਵੱਖਰਾ ਹੋ ਗਿਆ। ਡੈਂਜ਼ਿੰਗ ਦਾ ਜਰਮਨ ਨਗਰ ਜਰਮਨੀ ਤੋਂ ਖੁਹ ਕੇ ਰਾਸ਼ਟਰ ਸੰਘ 'ਚ ਇੱਕ ਸਵਤੰਤਰ ਨਗਰ ਬਣਾ ਦਿੱਤਾ ਗਿਆ। ਇੱਕ ਸੰਧੀ ਦੁਆਰਾ ਉਸ ਨੂੰ ਪੋਲੈਂਡ ਦੇ ਨਾਲ ਇੱਕ ਕਸਟਮ ਯੂਨੀਅਨ 'ਚ ਮਿਲਾ ਦਿੱਤਾ ਗਿਆ ਤੇ ਪੋਲੈਂਡ ਨੂੰ ਉਸ ਵਿਦੇਸ਼ੀ ਸਬੰਧਾਂ ਦਾ ਸੰਚਾਲਨ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ।
   - (v) ਜਰਮਨੀ ਦੀ ਮੇਮਲ ਬੰਦਰਗਾਹ ਮਿੱਤਰ ਰਾਸ਼ਟਰਾਂ ਨੂੰ ਦੇ ਦਿੱਤਾ ਗਿਆ, ਜਿਸ ਨੂੰ ਮਿੱਤਰ ਰਾਸ਼ਟਰਾਂ ਨੇ ਲਿਥੁਆਨੀਆ ਨੂੰ ਦੇ ਦਿੱਤਾ।
   - (vi) ਸਾਰ ਦੇ ਉਦਯੋਗਿਕ ਪ੍ਰਦੇਸ਼ 'ਤੇ ਜਰਮਨੀ ਦੀ ਪ੍ਰਭੁਸੱਤਾ ਨੂੰ ਸਵੀਕਾਰ ਕੀਤਾ ਗਿਆ, ਪਰ 15 ਸਾਲਾਂ ਲਈ ਉਸ ਦਾ ਸ਼ਾਸਨ ਪ੍ਰਬੰਧ ਰਾਸ਼ਟਰ ਸੰਘ ਦੁਆਰਾ ਨਿਯੁਕਤ ਇੱਕ ਕਮਿਸ਼ਨ ਦੁਆਰਾ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। 15 ਸਾਲਾਂ ਤੋਂ ਬਾਅਦ ਇੱਕ ਜਨਮਤ ਸੰਗ੍ਰਹਿ ਦਾ ਵਿਧਾਨ ਕੀਤਾ ਗਿਆ। ਜਨਵਰੀ, 1935 'ਚ 9% ਸਾਰਵਾਸੀਆਂ ਨੇ ਜਰਮਨੀ ਦੇ ਪੱਖ 'ਚ ਆਪਣ ਮਤ ਦਿੱਤਾ ਤੇ ਇਹ ਖੇਤਰ ਜਰਮਨੀ ਨੂੰ ਮੁੜ ਪ੍ਰਾਪਤ ਹੋ ਗਿਆ।
   - (vii) ਰਾਇਨ ਨਦੀ ਦੇ ਖੱਬੇ ਤਟ ਨੂੰ ਸਥਾਈ ਤੌਰ 'ਤੇ ਫ੍ਰੀ ਕਰ ਗਿਆ।
   - (viii) ਜਰਮਨੀ ਤੇ ਆਸਟਰੀਆ ਦੇ ਸੰਘੀਕਰਨ 'ਤੇ ਪਾਬੰਦੀ ਲਾ ਦਿੱਤੀ ਗਈ।
   - (ix) ਜਰਮਨੀ ਦੇ ਸਾਰੇ ਉਪਨਿਵੇਸ਼ ਤੇ ਚੀਨ, ਮਿਸਰ, ਤੇ ਮੋਰਾਕੋ 'ਚ ਜਰਮਨ ਵਿਸ਼ੇਸ਼ ਅਧਿਕਾਰ ਖੋਹ ਲਏ ਗਏ। ਜਰਮਨੀ ਦੇ ਉਪਨਿਵੇਸ਼ਕਾਂ ਨੂੰ ਮਿੱਤਰ ਰਾਸ਼ਟਰਾਂ ਨੇ ਆਪਸੀ ਮੈਨਡੇਟਾਂ ਦੇ ਰੂਪ 'ਚ ਵੰਡ ਲਿਆ।
2. **ਆਰਥਿਕ ਵਿਵਸਥਾਵਾਂ :** ਵਰਸਾਏ ਸੰਧੀ ਦੀਆਂ ਆਰਥਿਕ ਵਿਵਥਾਵਾਂ ਸਨ–
   - (i) ਜਰਮਨੀ ਨੇ ਮੰਨਿਆ ਕਿ "ਜਰਮਨੀ ਤੇ ਉਸ ਦੇ ਮਿੱਤਰਾਂ ਦੁਆਰਾ ਥੋਪੇ ਗਏ ਯੁੱਧ ਦੇ ਸਿੱਟੇ ਵਜੋਂ ਮਿੱਤਰ ਰਾਸ਼ਟਰਾਂ ਦੀਆਂ ਸਰਕਾਰਾਂ ਤੇ ਨਾਗਰਿਕਾਂ ਨੂੰ ਹੋਣ ਵਾਲੀ ਹਾਨੀ ਦੀ ਜਿੰਮੇਵਾਰੀ ਨੂੰ ਜਰਮਨੀ ਮਨਜ਼ੂਰ ਕਰਦਾ ਹੈ।"
   - (ii) ਜਰਮਨੀ ਮਿੱਤਰ ਰਾਸ਼ਟਰਾਂ ਦੇ ਨਾਗਰਿਕਾਂ ਨੂੰ ਹੋਈ ਪੂਰੀ ਹਾਨੀ ਦੀ ਨੁਕਸਾਨਪੂਰਤੀ ਕਰੇਗਾ।
   - (iii) ਨੁਕਸਾਨਪੂਰਤੀ ਦੀ ਰਾਸ਼ੀ ਦਾ ਨਿਰਧਾਰਨ ਮਿੱਤਰ ਰਾਸ਼ਟਰਾਂ ਵੱਲੋਂ ਨਿਯੁਕਤ ਇੱਕ ਨੁਕਸਾਨਪੂਰਤੀ ਕਮਿਸ਼ਨ ਕਰੇਗਾ।

(iv) ਜਦੋਂ ਤੱਕ ਨੁਕਸਾਨਪੂਰਤੀ ਕਮਿਸ਼ਨ ਆਪਣਾ ਦਸਤਾਵੇਜ਼ ਦੇਵੇ, ਜਰਮਨੀ 1919 ਤੋਂ 1921 ਦੇ ਮੱਧ ਇੱਕ ਅਰਬ ਪੌਂਡ ਅਦਾ ਕਰੇਗਾ।

(v) ਜਰਮਨੀ ਆਪਦੀ ਪਣਡੁੱਬੀ ਬੇਤਾਰ ਤੇ ਤਾਰ ਮਿੱਤਰ ਰਾਸ਼ਟਰਾਂ ਨੂੰ ਸੌਂਪ ਦੇਵੇਗਾ। ਜਰਮਨੀ 1600 ਟਨ ਤੋਂ ਵੱਧ ਦੇ ਆਪਣੇ ਸਭ ਵਪਾਰਕ ਜਹਾਜ਼ ਮਿੱਤਰ ਰਾਸ਼ਟਰਾਂ ਨੂੰ ਸੌਂਪ ਦੇਵੇਗਾ।

(vi) ਜਰਮਨੀ, ਫਰਾਂਸ ਤੇ ਬੈਲਜ਼ੀਅਮ ਨੂੰ ਵੱਡੀ ਗਿਣਤੀ 'ਚ ਘੋੜੇ ਤੇ ਹੋਰ ਪਸ਼ੂ ਦੇਵੇਗਾ। ਉਹ ਦਸ ਵਰ੍ਹਿਆਂ ਤੱਕ ਫਰਾਂਸ ਨੂੰ 70 ਲੱਖ ਟਨ ਕੋਲ਼ਾ ਹਰ ਸਾਲ, ਬੈਲਜ਼ੀਅਮ ਨੂੰ 80 ਲੱਖ ਟਨ ਕੋਇਲਾ ਹਰ ਸਾਲ, ਇਟਲੀ ਨੂੰ 60 ਲੱਖ ਟਨ ਕੋਲ਼ਾ ਪ੍ਰਤੀ ਸਾਲ ਦੇਵੇਗਾ।

3. **ਨਿਸ਼ਸ਼ਤਰੀਕਰਨ ਸਬੰਧੀ ਵਿਵਸਥਾਵਾਂ :–** ਵਰਸਾਇ ਦੀ ਸੰਧੀ 'ਚ ਜਰਮਨੀ ਨੂੰ ਮੁਕਤ ਕਰਨ ਤੇ ਸੈਨਿਕ ਨਜ਼ਰੀਏ ਤੋਂ ਪੰਗੂ ਬਣਾਉਣ ਲਈ ਨਿਮਨ ਵਿਵਸਥਾਵਾਂ ਕੀਤੀਆਂ ਗਈਆਂ ਸਨ :

(i) ਜਰਮਨੀ ਜ਼ਰੂਰੀ ਭਰਤੀ ਨੂੰ ਖ਼ਤਮ ਕਰ ਦੇਵੇਗਾ ਤੇ ਉਸ ਦੀ ਜਗ੍ਹਾ ਫੌਜ ਇੱਕ ਲੱਖ ਤੋਂ ਵੱਧ ਨਹੀਂ ਹੋਵੇਗੀ।

(ii) ਜਰਮਨੀ ਕੋਈ ਹਵਾਈ ਫੌਜ ਨਹੀਂ ਰੱਖੇਗਾ।

(iii) ਜਰਮਨੀ ਦੀ ਜਲ ਸੈਨਾ 'ਚ 10 ਹਜ਼ਾਰ ਟਨ ਦੇ 6 ਜੰਗੀ ਬੇੜਿਆਂ, 5 ਕਰੂਜ਼ਰਾਂ, 12 ਡਸਟ੍ਰਾਇਰ ਜਹਾਜ਼ਾਂ ਤੇ 12 ਟਾਰਪੀਡੋ ਬੇੜੀਆਂ ਤੋਂ ਵੱਧ ਨਹੀਂ ਹੋਵੇਗੀ। ਉਸ 'ਚ ਕੋਈ ਪਣਡੁੱਬੀ ਨਹੀਂ ਰਹੇਗੀ।

(iv) ਜਰਮਨੀ ਰਾਈਨ ਨਦੀ ਦੇ ਖੱਬੇ ਤੱਟ 'ਤੇ ਜਰਮਨ ਖੇਤਰ 'ਚ ਅਤੇ ਸੱਜੇ ਤੱਟ 'ਤੇ 50 ਕਿ.ਮੀ. ਦੇ ਅੰਦਰ ਕਿਸੇ ਤਰ੍ਹਾਂ ਦੀ ਕਿਲੇਬੰਦੀ ਨਹੀਂ ਕਰੇਗਾ।

4. **ਯੁੱਧ ਅਪਰਾਧ ਤੇ ਸਜ਼ਾ ਸਬੰਧੀ ਵਿਵਸਥਾਵਾਂ :** ਜਰਮਨ ਸਮਾਰਟ ਵਿਲੀਅਮ ਦੂਜੇ ਨੂੰ ਅੰਤਰ ਰਾਸ਼ਟਰੀ ਨੈਤਿਕਤਾ ਤੇ ਸੰਧੀਆਂ ਦੀ ਪਵਿੱਤਰਤਾ ਦੇ ਵਿਰੁੱਧ ਸਭ ਤੋਂ ਗੰਭੀਰ ਅਪਰਾਧ ਦਾ ਦੋਸ਼ੀ ਠਹਿਰਾਇਆ ਗਿਆ। ਪਰ ਵਿਲੀਅਮ ਦੂਜੇ ਨੇ ਨੀਦਰਲੈਂਡ ਦੀ ਸਰਕਾਰ ਤੋਂ ਸ਼ਰਨ ਮੰਗੀ ਤੇ ਨੀਦਰਲੈਂਡ ਦੀ ਸਰਕਾਰ ਨੇ ਮਿੱਤਰ ਰਸ਼ਟਰਾਂ ਦੀ ਉਸ ਦੀ ਸਪੁਰਦਗੀ ਦੀ ਮੰਗ ਨੂੰ ਠੁਕਰਾ ਦਿੱਤਾ। ਮਿੱਤਰ ਰਾਸ਼ਟਰਾਂ ਨੇ ਲਗਭਗ 100 ਹੋਰ ਜਰਮਨ ਅਹੁਦੇਦਾਰਾਂ ਨੂੰ ਯੁੱਧ ਅਪਰਾਧੀ ਐਲਾਂਲ ਕਰ ਦਿੱਤਾ ਪਰ ਵਰਸਾਏ ਸੰਧੀ ਦੇ ਯੁੱਧ ਅਪਰਾਧ ਸਬੰਧੀ ਅਨੁਛੇਦਾਂ ਦਾ ਜਰਮਨ ਜਨਤਾ ਨੇ ਘੋਰ ਵਿਰੋਧ ਕੀਤਾ ਤੇ ਆਖ਼ਰ ਸਿਰਫ਼ 12 ਵਿਅਕਤੀਆਂ ਨੂੰ ਸਾਧਾਰਨ ਸਜ਼ਾ ਦਿੱਤੀ ਜਾ ਸਕੀ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. …… ਨੂੰ ਆਸਟਰੀਆ-ਹੰਗਰੀ ਨੇ ਸਰਬੀਆ ਦੇ ਵਿਰੁੱਧ ਯੁੱਧ ਦਾ ਐਲਾਨ ਕੀਤਾ ਸੀ।

(ੳ) 28 ਜੁਲਾਈ, 1914 (ਅ) 28 ਅਗਸਤ, 1914

(ੲ) 28 ਸਤੰਬਰ, 1914 (ਸ) 28 ਅਕਤੂਬਰ, 1914

5. …… 1918 ਨੂੰ ਮਿੱਤਰ ਰਾਸ਼ਟਰਾਂ ਨੇ ਜਰਮਨੀ ਤੋਂ ਜੰਗ-ਬੰਦੀ ਕਰ ਦਿੱਤੀ।

(ੳ) 11 ਜਨਵਰੀ (ਅ) 11 ਫਰਵਰੀ

(ੲ) 11 ਮਾਰਚ (ਸ) 11 ਨਵੰਬਰ

6. ਮਿੱਤਰ ਰਾਸ਼ਟਰਾਂ ….. 'ਚ ਜਰਮਨੀ ਨਾਲ ਵਰਸਾਇ ਦੀ ਸੰਧੀ ਕੀਤੀ।

(ੳ) 28 ਜੂਨ, 1919 (ਅ) 28 ਜੁਲਾਈ, 1919

(ੲ) 28 ਅਗਸਤ, 1919 (ਸ) 28 ਦਸੰਬਰ, 1919

## 16.9 ਸੇਂਟ ਜਰਮਨ ਦੀ ਸੰਧੀ (Treaty of St. Germain)

381 ਧਾਰਵਾਂ ਵਾਲੀ ਇਹ ਸੰਧੀ ਵਰਸਾਇ ਦੀ ਸੰਧੀ ਦੇ ਸਦ੍ਰਿਸ਼ ਸੀ। ਸੰਧੀ ਦੀ ਪ੍ਰਸਤਾਵਾਂਨਾ 'ਚ ਕਿਹਾ ਗਿਆ ਸੀ ਕਿ ਪੂਰਬਵਰਤੀ ਆਸਟਰੋ-ਹੰਗੇਰੀਅਨ ਰਾਜਤੰਤਰ ਖ਼ਤਮ ਹੋ ਗਿਆ ਹੈ। ਉਸ ਦੀ ਜਗ੍ਹਾ 'ਤੇ ਆਸਟਰੀਆ 'ਚ ਇੱਕ ਗਣਤੰਤਰਿਕ ਸਰਕਾਰ ਦੀ ਸਥਾਪਨਾ ਕਰ ਦਿੱਤੀ ਗਈ ਹੈ। ਇਸ ਸੰਧੀ ਦੇ ਸਿੱਟੇ ਵਜੋਂ ਆਸਟਰੀਆ ਦਾ ਖੇਤਰਫਲ ਤੇ ਜਨਸੰਖਿਆ ਕ੍ਰਮਵਾਰ 1,84,000 ਵਰਗ ਕਿ.ਮੀ. ਤੋਂ ਘਟ ਕੇ 51,200 ਕਿ.ਮੀ. ਤੇ ਤਿੰਨ ਕਰੋੜ ਦੀ ਜਗ੍ਹਾ 'ਤੇ ਸਿਰਫ਼ 65 ਲੱਖ ਰਹਿ ਗਿਈ। ਆਸਟਰੀਆ ਦੇ ਵਿਸ਼ਾਲ ਸਾਮਰਾਜ ਦਾ ਵਧੇਰੇ ਹਿੱਸਾ ਉਸ ਤੋਂ ਖੋਹ ਕੇ ਚਾਰ ਨਵੇਂ ਰਾਜ ਬਣਾ ਦਿੱਤੇ ਗਏ। ਇਹ ਰਾਜ ਸਨ -ਪੋਲੈਂਡ, ਚੇਕੋਸਲੋਵਾਕਿਆ, ਹੰਗਰੀ ਤੇ ਯੂਗੋਸਲਾਵੀਆ। ਆਸਟ੍ਰੀਅਨ ਗੈਲਸ਼ੀਆ ਪੋਲੈਂਡ ਨੂੰ; ਬੋਹੇਮੀਆ, ਮੇਰਾਬੀਆ, ਆਸਟਰੀਅਨ ਸਾਈਲੀਸ਼ੀਆ ਚੈਕੋਸਲੋਵਾਕਿਆ ਨੂੰ; ਬੋਸਨੀਆ, ਹਰਜੇਗੋਵਿਨਾ, ਡਾਲਮੇਸ਼ੀਆ ਤੱਟ ਦਾ ਹਿੱਸਾ ਯੂਗੋਸਲਾਵੀਆ ਨੂੰ; ਬੁਕੋਬਿਨਾ ਰੁਮਾਨੀਆ ਨੂੰ; ਦੱਖਣੀ ਟਿਰੋਲ

ਨੋਟ

ਇਟਲੀ ਨੂੰ ਦਿੱਤੇ ਗਏ। ਟੇਸ਼ੇਨ ਦਾ ਉਦਯੋਗ ਪ੍ਰਧਾਨ ਪ੍ਰਦੇਸ਼ ਪੋਲੈਂਡ ਤੇ ਚੈਕੋਸਲੋਵਾਕਿਆ 'ਚ ਵੰਡ ਦਿੱਤਾ ਗਿਆ। ਜਦੋਂ ਕਿ ਬਾਕੀ ਆਸਟਰੀਆ ਦੀ ਵਧੇਰੇ ਜਨਸੰਖਿਆ ਜਰਮਨ ਸੀ ਪਰ ਆਸਟਰੀਆ ਤੇ ਜਰਮਨੀ ਦੇ ਇੱਕ ਸੰਘ ਦੇ ਨਿਰਮਾਣ 'ਤੇ ਪਾਬੰਧੀ ਕਰ ਦਿੱਤਾ ਗਿਆ।

ਆਸਟਰੀਆ ਦੀ ਫੌਜ ਘਟਾ ਕੇ 30 ਹਜ਼ਾਰ ਕਰ ਦਿੱਤੀ ਗਈ। ਉਸ ਦੀ ਜਲ ਸੈਨਾ ਨੂੰ ਡੇਨਯੂਬ ਨਦੀ 'ਤੇ 3 ਪੁਲਿਸ ਬੇੜੀਅ ਤੱਕ ਸੀਮਿਤ ਕਰ ਦਿੱਤਾ ਗਿਆ। ਉਸ ਨੂੰ ਨੁਕਸਾਨਪੂਰਤੀ ਕਮਿਸ਼ਨ ਵੱਲੋਂ ਤੈਅ ਨੁਕਸਾਨਪੂਰਤੀ ਦਾ ਦੇਣਦਾਰ ਠਹਿਰਾਇਆ ਗਿਆ। ਪਰ ਮਿੱਤਰ ਰਾਸ਼ਟਰਾਂ ਨੇ ਇਸ ਸ਼ੰਕਾ ਨਾਲ ਕਿ ਕਿਤੇ ਆਸਟਰੀਆ ਨੂੰ ਜਰਮਨੀ ਨਾਲ ਜੋੜਨ ਦਾ ਅੰਦੋਲਨ ਉਗਰ ਰੂਪ ਧਾਰਨ ਨਾ ਕਰ ਲਵੇ, ਸੇਂਟ ਜਰਮਨ ਦੀ ਸੰਧੀ ਦੇ ਨਾਨ ਟੇਰੀਟੋਰੀਅਲ ਉਪਬੰਧਾਂ ਨੂੰ ਲਾਗੂ ਕਰਨ ਦਾ ਵਿਸ਼ੇਸ਼ ਯਤਨ ਨਹੀਂ ਕੀਤਾ।

## 16.10 ਨਿਊਲੀ ਦੀ ਸੰਧੀ (Treaty of Neuilly)

ਇਸ ਸੰਧੀ ਦੇ ਅਨੁਸਾਰ ਬਲਗਾਰੀਆ ਨੂੰ ਪੱਛਮੀ ਬਲਗਾਰੀਆ ਦਾ ਕੁਝ ਭਾਗ ਯੂਗੋਸਲਾਵੀਆ ਨੂੰ, ਪੱਛਮੀ ਥ੍ਰੇਸ ਯੂਨਾਨ ਨੂੰ ਅਤੇ ਦੋਬ੍ਰਜ ਦਾ ਪ੍ਰਦੇਸ਼ ਰੁਮਾਨੀਆ ਨੂੰ ਦੇਣਾ ਪਿਆ। ਉਸ ਦੀ ਫੋਰ ਘਟਾ ਕੇ 33,000 ਕਰ ਦਿੱਤੀ ਗਈ ਤੇ ਉਸਦੀ ਨੁਕਸਾਨਪੂਰਤੀ ਸਬੰਧੀ ਦੇਣਦਾਰੀ 45 ਕਰੋੜ ਡਾਲਰ ਤੈਅ ਹੋਈ।

## 16.11 ਤ੍ਰਿਆਨੋ ਦੀ ਸੰਧੀ (Treaty of Trianon)

ਇਸ ਸੰਧੀ ਦੇ ਸਿੱਟੇ ਵਜੋਂ ਹੰਗਰੀ ਨੂੰ ਸਲੋਵਾਕਿਆ ਦਾ ਖੇਤਰ ਚੈਕੋਸਲੋਵਾਕਿਆ ਨੂੰ; ਕ੍ਰੋਸ਼ੀਆ ਦਾ ਖੇਤਰ ਯੂਗੋਸਲਾਵੀਆ ਨੂੰ; ਟ੍ਰਾਂਸਿਲਵਾਨੀਆ ਦਾ ਖੇਤਰ ਰੁਮਾਨੀਆ ਨੂੰ ਦੇਣਾ ਪਿਆ। ਹੰਗਰੀ ਦੀ ਫੋਰਸ ਨੂੰ ਘਟਾ ਕੇ 35,00 ਕਰ ਦਿੱਤਾ ਗਿਆ।

## 16.12 ਸੇਵ੍ਰ ਦੀ ਸੰਧੀ (Treaty of Sevres)

ਇਸ ਸੰਧੀ ਰਾਹੀਂ ਮਿਸਰ, ਸੁਡਾਨ, ਸਾਈਪ੍ਰਸ, ਟ੍ਰਿਪੋਲੀ, ਮੋਰੱਕੋ, ਟਿਊਨਿਸ, ਅਰਬ ਫਿਲੀਸਤੀਨ, ਮੈਸੋਪੋਟਾਮੀਆ, ਸੀਰੀਆ, ਪੂਰਬੀ ਥ੍ਰੇਸ, ਇਡੀਅਨ ਸਾਗਰ ਦੇ ਦੀਪ, ਸਮਰਨਾ, ਦੱਖਣੀ ਪੂਰਬੀ ਲਘੂ ਏਸ਼ੀਆ, ਅਰਮਾਨੀਆ, ਕੁਰਦਿਸਤਾਨ ਆਦਿ ਦੇ ਪ੍ਰਦੇਸ਼ ਤੁਰਕੀ ਤੋਂ ਖੋਹ ਲਏ ਗਏ। ਇਸ ਦੇ ਸਿੱਟੇ ਵਜੋਂ ਖਲੀਫ਼ਾ ਦੇ ਵਿਸ਼ਾਲ ਸਾਮਰਾਜ ਦਾ ਅੰਤ ਹੋ ਗਿਆ। ਤੁਰਕੀ ਸਿਰਫ਼ ਅਨਾਤੋਲੀਆ ਦੇ ਪਹਾੜੀ ਪ੍ਰਦੇਸ਼ ਤੇ ਕੁਸਤੁਨਤੁਨੀਆ ਦੇ ਨੇੜਲੇ ਖੇਤਰ ਤੱਕ ਹੀ ਸੀਮਿਤ ਰੱਖਿਆ ਗਿਆ।

## 16.13 ਲੋਸਾਨੇ ਦੀ ਸੰਧੀ (Treaty of Lausanne)

ਸੇਵਰ ਦੀ ਸੰਧੀ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ। ਸੰਧੀ ਨਾਲ ਅਤੇ ਸ਼ਾਂਤੀ ਸੰਮੇਲਨ ਦੀਆਂ ਕਾਰਵਾਈਆਂ ਨਾਲ ਤੁਰਕੀ ਦੀ ਜਨਤਾ 'ਚ ਰੋਸ ਤੇ ਗੁੱਸਾ ਫ਼ੈਲਿਆ ਹੋਇਆ ਸੀ। ਤੁਰਕੀ ਜਨਤਾ ਮੁਸਤਫ਼ਾ ਕਮਾਲ ਦੇ ਸਮਰਥਨ ਤੇ ਸ਼ਕਤੀਸ਼ਾਲੀ ਅਗਵਾਈ 'ਚ ਖਲੀਫ਼ਾ ਦੇ ਵਿਰੁੱਧ ਵਿਦਰੋਹ ਕਰ ਉੱਠੀਆਂ। ਇੱਕ ਹੀ ਸਾਲ ਅੰਦਰ ਇੱਕ ਮਿੱਤਰ ਰਾਸ਼ਟਰ ਫੋਰਸ ਦੁਆਰਾ ਰਾਖਵੇਂ ਕੁਸਤੁਨਤੁਨੀਆ ਨਗਰ ਨੂੰ ਛੱਡ ਕੇ ਬਾਕੀ ਤੁਰਕੀ ਦਾ ਕਮਾਲ ਦੀ ਰਾਸ਼ਟਰੀ ਸਰਕਾਰ ਦਾ ਸ਼ਾਸ਼ਨ ਸਮਾਪਤ ਹੋ ਗਿਆ। ਕਮਾਲ ਨੇ ਸੇਵਰ ਦੀ ਸੰਧੀ ਨੂੰ ਮੰਨਣ ਤੋਂ ਨਾਂਹ ਕਰ ਦਿੱਤ। ਆਖ਼ਰ ਬੇਵੱਸ ਹੋ ਕੇ ਮਿੱਤਰ ਰਾਸ਼ਟਰਾਂ ਨੇ ਮੁਸਤਫ਼ਾ ਕਮਾਲ ਦੀ ਰਾਸ਼ਟਰਵਾਦੀ ਸਰਕਾਰ ਨੂੰ ਤੁਰਕੀ ਦੀ ਸਰਕਾਰ ਦੇ ਰੂਪ 'ਚ ਮਾਨਤਾ ਦੇ ਦਿੱਤੀ ਤੇ 9 ਨਵੰਬਰ ਨੂੰ ਤੁਰਕੀ 'ਚ ਸੁਲਤਾਨ ਦਾ ਅਹੁਦਾ ਖ਼ਤਮ ਕਰ ਦਿੱਤਾ। ਅੰਤਤੋਗਤਵਾ ਮਿੱਤਰ ਰਾਸ਼ਟਰਾਂ ਤੇ ਰਾਸ਼ਟਰਵਾਦੀ ਤੁਰਕੀ ਦਰਮਿਆਨ ਲੋਸਾਨੇ ਨਾਮੀ ਸਥਾਨ 'ਚ 23 ਜੁਲਾਈ, 1923 ਨੂੰ ਸੰਧੀ ਮੁਕੰਮਲ ਹੋਈ।

ਲੋਸਾਨੇ ਦੀ ਸੰਧੀ ਰਾਹੀਂ ਤੁਰਕੀ ਨੇ ਮੈਸੋਪੋਟਾਮੀਆ, ਅਰਬ, ਸੀਰੀਆ, ਮਿਸਰ, ਫਿਲਸਤੀਨ, ਸੁਡਾਨ, ਟਰਾਂਸਜੋਰਡਨ, ਹੇਜਾਜ ਆਦਿ ਪ੍ਰਦੇਸ਼ਾਂ 'ਤੇ ਆਪਣੇ ਅਧਿਕਾਰ ਤਿਆਰ ਦਿੱਤੇ। ਪਰ ਉਸ ਨਾਲ ਤੁਰਕੀ ਨੂੰ ਵਿਸ਼ੇਸ਼ ਹਾਨੀ ਨਹੀਂ ਹੋਈ ਕਿਉਂਕਿ ਤੁਰਕੀ ਦੀ ਨਵੀਂ ਰਾਸ਼ਟਰਵਦੀ ਸਰਕਾਰ ਨੇ ਓਟੋਮਨ ਸਮਰਾਜ ਦੇ ਪ੍ਰਾਚੀਨ ਇਸਲਾਮੀ ਆਧਾਰ ਤਿਆਗ ਕੇ ਆਤਮ ਨਿਰਭਰ ਤੇ ਧਰਮਨਿਰਪੱਖ ਰਾਜ ਦੇ ਸਿਧਾਂਤਾਂ ਨੂੰ ਅਪਣਾ ਲਿਆ ਸੀ। ਇਨ੍ਹਾਂ ਸਿਧਾਂਤਾਂ ਦੀ ਮਨਜ਼ੂਰੀ ਦੇ ਕਾਰਨ ਤੁਰਕੀ ਉਪਰੋਕਤ ਗੈਰ-ਤੁਰਕੀ ਪ੍ਰਦੇਸ਼ਾਂ ਨੂੰ ਆਪਣੇ ਅਧੀਨ ਰੱਖਣ ਨੂੰ ਉਤਸੁਕ ਨਹੀਂ ਸੀ। ਸੇਵਰ ਦੀ ਸੰਧੀ ਰਾਹੀਂ ਖੋਹੇ ਗਏ ਪ੍ਰਦੇਸ਼ਾਂ 'ਚੋਂ ਪੂਰਬੀ ਥ੍ਰੇਸ, ਇਜੀਅਨ ਸਾਗਰ ਦੇ ਦੀਪ, ਸਮਰਨਾ ਆਦਿ ਪ੍ਰਦੇਸ਼ ਤੁਰਕੀ ਨੂੰ ਵਾਪਸ ਕਰ ਦਿੱਤੇ ਗਏ। ਸੇਵਰ ਦੀ ਸੰਧੀ ਰਾਹੀਂ ਤੁਰਕੀ ਦੀ ਥਲ ਸੈਨਾ ਤੇ ਜਲ ਸੈਨਾ 'ਤੇ ਲਾਈਆਂ ਗਈਆਂ ਹੱਦਾਂ ਤੇ ਉਸ ਦੀ ਵਿੱਤ ਵਿਵਸਥਾ 'ਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਲਈਆਂ ਗਈਆਂ। ਉਸ ਤੋਂ ਨੁਕਸਾਨਪੂਰਤੀ ਦੀ ਰਕਮ ਨਹੀਂ ਮੰਗੀ ਗਈ ਪਰ ਦਰ੍ਹੇ ਦਾਨਿਆਲ ਤੇ ਬਾਸ-ਫੋਰਸ ਦੇ ਜਲਡਮਰੂ ਮੱਧ ਦੇ ਖੇਤਰਾਂ ਨੂੰ ਅੰਤਰ ਰਾਸ਼ਟਰੀ ਤੇ ਸੈਨਿਕਹੀਣ ਰਹਿਣ ਦਿੱਤਾ ਗਿਆ।

## 16.14 ਅਲਪਸੰਖਿਅਕ ਸੰਧੀਆਂ (Treaties of Minorities)

ਪੈਰਿਸ ਸੰਮੇਲਨ 'ਚ ਰਾਸ਼ਟਰੀ ਆਤਮ-ਫ਼ੈਸਲੇ ਦੇ ਸਿਧਾਂਤ ਨੂੰ ਲਾਗੂ ਕਰਨ ਤੇ ਰਾਸ਼ਟਰੀ ਅਲਪਸੰਖਿਅਕਾਂ ਦੀ ਗਿਣਤੀ ਨੂੰ ਘੱਟ ਕਰਨ ਦਾ ਯਤਨ ਕੀਤਾ ਗਿਆ ਸੀ। ਸੱਤ ਨਵੇਂ ਰਾਸ਼ਟਰਾਂ ਦੀ ਰਚਨਾਂ ਕੀਤੀ ਗਈ ਸੀ (ਇਸਟੋਨੀਆ, ਲੈਟਵੀਆ, ਲਿਥੁਆਨੀਆ

ਫਿਨਲੈਂਡ, ਪੋਲੈਂਡ, ਚੈਕੋਸਲੋਵਾਕਿਆ ਤੇ ਯੂਗੋਸਲਾਵੀਆ) ਪਰ ਫਿਰ ਵੀ ਵੱਖ-ਵੱਖ ਰਾਸ਼ਟਰਾਂ 'ਚ ਇੱਕ ਕਰੋੜ ਸੱਤ ਲੱਖ ਦੇ ਲਗਭਗ ਘੱਟ ਗਿਣਤੀ ਰਹਿ ਗਏ ਸਨ। ਇਨ੍ਹਾਂ ਅਲਪ ਸੰਖਿਅਕਾਂ ਨੂੰ ਬਹੁਮਤ ਜਾਤੀ ਦੇ ਅੱਤਿਆਚਾਰ ਤੋਂ ਬਚਣ ਲਈ ਅਸਟਰੀਆ, ਹੰਗਰੀ, ਬਲਗਾਰੀਆ ਤੇ ਤੁਰਕੀ ਆਦਿ ਹਾਰੇ ਰਾਸ਼ਟਰਾਂ ਪੋਲੈਂਡ, ਚੈਕੋਸਲੋਵਾਕਿਆ ਆਦਿ ਨਵੇਂ ਬਣੇ ਰਾਸ਼ਟਰਾਂ ਤੇ ਯੂਗੋਸਲਾਵੀਆ, ਰੁਮਾਨੀਆ, ਯੂਨਾਨ ਆਦਿ ਉਨ੍ਹਾਂ ਰਾਸ਼ਟਰਾਂ ਜਿਨ੍ਹਾਂ ਦੇ ਖੇਤਰ 'ਚ ਵਾਧੂ ਵਾਧਾ ਹੋਇਅ ਸੀ, ਨੂੰ ਮਿੱਤਰ ਰਾਸ਼ਟਰਾਂ ਨਾਲ ਘੱਟ ਗਿਣਤੀ ਸੰਧੀਆਂ ਕਰਨੀਆਂ ਪਈਆਂ। ਲਿਥੁਆਨੀਆ, ਲੈਟਵੀਆ, ਇਸਟੋਨੀਆ, ਫਿਨਲੈਂਡ, ਅਲਬਾਨੀਆ ਨੂੰ ਵੀ ਰਾਸ਼ਟਰ ਸੰਘ ਨਾਲ ਇਸ ਤਰ੍ਹਾਂ ਦੀਆਂ ਸੰਧੀਆਂ ਕਰਨੀਆਂ ਪਈਆਂ ਸਨ। ਇਨ੍ਹਾਂ ਸੰਧੀਆਂ ਰਾਹੀਂ 'ਜਾਤੀ, ਧਾਰਮਿਕ ਤੇ ਭਾਸ਼ਾਈ ਅਲਪਸੰਖਿਅਕਾਂ ਨੂੰ ਇਸ ਗੱਲ ਦਾ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਨੂੰ ਧਾਰਮਿਕ ਤੇ ਸੰਸਕ੍ਰਿਤਕ ਸਵਤੰਤਰਾ ਤੇ ਰਾਜਨੀਤਿਕ ਅਧਿਕਾਰ ਪ੍ਰਾਪਤ ਰਹਿਣਗੇ। ਇਸ ਪ੍ਰਸੰਗ 'ਚ ਇਹ ਤੱਥ ਜ਼ਿਕਰਯੋਗ ਹ ਕਿ ਜਰਮਨੀ ਨੂੰ ਇਸ ਤਰ੍ਹਾਂ ਦੀ ਕੋਈ ਸੰਧੀ ਕਰਨ ਨੂੰ ਮਜ਼ਬੂਰ ਨਹੀਂ ਕੀਤਾ ਗਿਆ।"

### ਪੈਰਿਸ ਸ਼ਾਂਤੀ ਸੰਮੇਲਨ ਦੇ ਸਮਝੌਤਿਆਂ ਦੀ ਸਮੀਖਿਆ

ਸਟੀਫਨ ਕਿੰਗਹਾਲ ਦੇ ਅਨੁਸਾਰ, "ਸ਼ਾਂਤੀ ਵਾਰਤਾ ਦੀਆਂ ਘਟਨਾਵਾਂ ਨੂੰ ਸੰਖੇਪ 'ਚ ਇੱਕ ਕੂਟਨੀਤਿਕ ਢਰਕੀ (ਸ਼ਟਲ) ਦੇ ਚਿਤਰ ਦੀ ਕਲਪਨਾ ਕਰਕੇ ਜਾਦਿਆ ਜਾ ਸਕਦਾ ਹੈ, ਜੋ ਇੱਕ ਅਜਿਹਾ ਜਾਲ (ਵੈੱਬ) ਬੁਣਦੇ ਹੋਏ ਅੱਗੇ ਪਿੱਛੇ ਜਾਂਦੀਆਂ ਹਨ ਜਿਸ 'ਚ ਵਿਲਸਨ ਦੇ 14 ਸੂਤਰਾਂ ਦੇ ਨਾਤੇ (ਵੂਫ਼) 'ਚ ਬਾਹਰ-ਅੰਦਰ ਪਿਰੋਈ ਹੋਈ ਯੂਰਪੀਅਨ ਸ਼ਕਤੀਆਂ ਦੀ ਪਰਸਪਰ ਵਿਰੋਧੀ ਉਦੇਸ਼ਾਂ ਬਾਣੇ (ਵੇਫਟ) ਦੇ ਬਰਾਬਰ ਸਨ।"

ਪਹਿਲੇ ਵਿਸ਼ਵ ਯੁੱਧ 'ਚ ਮਿੱਤਰ ਰਾਸਟਰਾਂ ਦੀ ਜਿੱਤ ਦਾ ਇੱਕ ਪ੍ਰਧਾਨ ਕਾਰਨ ਸੰਯੁਕਤ ਰਾਜ ਅਮਰੀਕਾ ਦੀ ਸਮਯੋਚਿਤ ਸਹਾਇਤਾ ਸੀ। 1917 ਦੀ ਸੋਵੀਅਤ ਕ੍ਰਾਂਤੀ ਉਪਰੰਤ ਰੂਸ ਹੌਲੀ-ਹੌਲੀ ਯੁੱਧ ਤੋਂ ਵੱਖਰਾ ਹੋ ਗਿਆ ਸੀ ਤੇ ਅਜਿਹਾ ਲੱਗਣ ਲੱਗਿਆ ਕਿ ਮਿੱਤਰ ਰਾਸ਼ਟਰ ਛੇਤੀ ਹੀ ਹਾਰ ਜਾਣਗੇ। ਪਰ ਅਮਰੀਕੀਨ ਸਹਾਇਤਾ ਨੇ ਉਨ੍ਹਾਂ ਦੀ ਸੰਭਾਵਿਤ ਹਾਰ ਨੂੰ ਜਿੱਤ 'ਚ ਬਦਲ ਦਿੱਤਾ। ਆਖ਼ਰ ਇਹ ਸੁਭਾਵਿਕ ਸੀ ਕਿ ਜੰਗ ਦੇ ਬਾਅਦ ਸ਼ਾਂਤੀ ਸਮਝੌਤੇ 'ਚ ਮੁੱਖ ਭੂਮਿਕਾ ਅਮਰੀਕੀ ਰਾਸ਼ਟਰਪਤੀ ਵਿਲਸਨ ਦੀ ਹੋਵੇ।

ਰਾਸ਼ਟਰਪਤੀ ਵਿਲਸਨ ਇੱਕ ਆਦਰਸ਼ਵਾਦੀ ਵਿਚਾਰਕ ਸੀ। ਉਹ ਆਪਣੇ ਨੂੰ ਸ਼ਾਂਤੀ ਤੇ ਸਵਤੰਤਰਾ ਦਾ ਇੱਕ ਨਵਾਂ ਪੈਗੰਬਰ ਸਮਝਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਯੁੱਧ ਕੁਝ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਲਈ ਹੀ ਲੜਿਆ ਜਾਣਾ ਚਾਹੀਦਾ ਤੇ ਯੁੱਧ ਤੋਂ ਬਾਅਦ ਸ਼ਾਂਤੀ ਵਿਵਸਥਾ ਕੁਝ ਨਿਸ਼ਚਿਤ ਸਿਧਾਂਤਾਂ 'ਤੇ ਅਧਾਰਿਤ ਹੋਣੀ ਚਾਹੀਦੀ ਹੈ। 6 ਅਪਰੈਲ 1917 ਨੂੰ ਅਮਰੀਕਾ ਨੇ ਜਰਮਨੀ ਦੇ ਵਿਰੁੱਧ ਯੁੱਧ ਦਾ ਐਲਾਨ ਕੀਤਾ ਸੀ। ਉਸ ਤੋਂ ਚਾਰ ਦਿਨ ਪਹਿਲਾਂ 2 ਅਪਰੈਲ 1917 ਨੂੰ ਵਿਲਸਨ ਨੇ ਕਾਂਗਰਸ ਦੇ ਸਾਹਮਣੇ ਐਲਾਨ ਕੀਤਾ ਕਿ "ਵਿਸ਼ਵ ਨੂੰ ਜਰੂਰੀ ਹੀ ਜਨਤੰਤਰ ਲਈ ਸੁਰੱਖਿਅਤ ਹੋਣਾ ਚਾਹੀਦਾ ਹੈ। ਇਸ ਦੀ ਸ਼ਾਂਤੀ ਦਾ ਨਿਰਮਾਣ ਰਾਜਨੀਤਿਕ ਸਵਤੰਤਰਤਾ ਦੇ ਅਧਾਰ 'ਤੇ ਹੋਣਾ ਚਾਹੀਦਾ ਹੈ। ਅਸੀਂ ਆਪਣੀ ਕੋਈ ਸਵਾਰਥਪੂਰਤੀ ਨਹੀਂ ਕਰਨੀ ਹੈ। ਅਸੀਂ ਕਿਸੇ ਜਿੱਤ ਦੇ ਦੁਆਰਾ ਪ੍ਰਦੇਸ਼ਾਂ ਦੀਆਂ ਤਮੰਨਾ ਨਹੀਂ ਹਨ। ਅਸੀਂ ਤਾਂ ਸਿਰਫ਼ ਮਨੁੱਖ ਜਾਤੀ ਦੇ ਅਧਿਕਾਰਾਂ ਦੇ ਰੱਖਿਅਕ ਹਾਂ।"

## 16.15 ਵਿਲਸਨ ਦੇ 14 ਸੂਤਰ (8 ਜਨਵਰੀ 1918)
## [14 Formulae of Wilson (8 January, 1918)]

(i) ਸ਼ਾਂਤੀ ਦੇ ਅਨੁਬੰਧ ਪ੍ਰਗਟ ਰੂਪ ਨਾਲ ਕੀਤੇ ਜਾਣਗੇ; ਕਿਸੇ ਵੀ ਤਰ੍ਹਾਂ ਦੇ ਗੁਪਤ ਅੰਤਰ ਰਾਸ਼ਟਰੀ ਸਮਝੌਤੇ ਨਹੀਂ ਕੀਤੇ ਜਾਣਗੇ।

(ii) ਸ਼ਾਂਤੀ ਤੇ ਯੁੱਧ ਕਾਲ ਦੋਵਾਂ 'ਚ ਹੀ ਸਮਾਨ ਰੂਪ ਨਾਲ ਪ੍ਰਦੇਸ਼ਿਕ ਸਮੁੰਦਰ ਤੋਂ ਬਾਹਰ ਬੇੜੀਆਂ ਚਲਾਉਣ ਦੀ ਪੂਰੀ ਆਜ਼ਾਦੀ।

(iii) ਸਾਰੇ ਰਾਸ਼ਟਰਾਂ ਲਈ ਆਰਥਿਕ ਪਾਬੰਦੀਆਂ ਦਾ ਨਿਰਾਕਰਨ; ਵਪਾਰਕ ਹਾਲਾਤਾਂ ਦੀ ਸਮਾਨਤਾ ਦੀ ਸਥਾਪਨਾ।

(iv) ਰਾਸ਼ਟਰਾਂ ਦੇ ਅਸਲੇਖਾਨੇ ਘਰੇਲੂ ਸੁਰੱਖਿਆ ਨਾਲ ਸੰਗਤੀ ਰੱਖਦੇ ਹੋਏ ਘੱਟ ਕਰ ਦਿੱਤੇ ਜਾਣ।

(v) ਸਾਰੇ ਪ੍ਰਵਾਸੀ ਦਾਅਵਿਆਂ ਦਾ ਉਦਾਰ ਤੇ ਨਿਰਪੱਖ ਸਮਾਯੋਜਨ; ਜਿਸ ਦਾ ਆਧਾਰ ਇਸ ਸਿਧਾਂਤ ਦਾ ਸਖ਼ਤ ਪਾਲਣ ਹੋਵੇ ਕਿ ਪ੍ਰਭੂਸੱਤਾ ਦੇ ਅਜਿਹੇ ਸਾਰੇ ਪ੍ਰਸ਼ਨਾਂ ਦਾ ਫ਼ੈਸਲਾ ਕਰਦਿਆਂ ਸਮਾਂ ਸਬੰਧਿਤ ਜਨਤਾ ਦੇ ਹਿੱਤਾਂ ਦਾ ਪੂਰਨ ਧਿਆਨ ਰੱਖਿਆ ਜਾਵੇ।

(vi) ਸਾਰੇ ਰੂਸੀ ਖੇਤਰ ਤੋਂ ਵਿਦੇਸ਼ੀ ਫੌਜਾਂ ਦਾ ਹਟਾਉਣਾ ਤੇ ਰੂਸ ਨਾਲ ਸਬੰਧਿਤ ਸਾਰੇ ਪ੍ਰਸ਼ਨਾਂ ਦਾ ਇਸ ਤਰ੍ਹਾਂ ਹੱਲ ਹੋਵੇ ਕਿ ਰੂਸ ਨੂੰ ਆਪਣੇ ਰਾਜਨੀਤਿਕ ਵਿਕਾਸ ਤੇ ਆਪਣੀ ਰਾਸ਼ਟਰੀ ਨੀਤੀ ਦੇ ਨਿਰਧਾਰਨ ਲਈ ਮੌਕਾ ਪ੍ਰਾਪਤ ਹੋ ਸਕੇ।

(vii) ਬੈਲਜ਼ੀਅਮ ਤੋਂ ਵਿਦੇਸ਼ੀ ਸੈਨਾਵਾਂ ਹਟਾ ਲਈਆਂ ਜਾਣ ਤੇ ਉਸ ਨੂੰ ਮੁੜ ਸੰਪ੍ਰਭੂ ਰਾਸ਼ਟਰ ਬਣਾ ਦਿੱਤਾ ਜਾਵੇ।

(viii) ਆਲੱਸਾਸ ਲਾਰੇਨ ਦਾ ਪ੍ਰਦੇਸ਼ ਫਰਾਂਸ ਨੂੰ ਵਾਪਸ ਕੀਤਾ ਜਾਵੇ।

(ix) ਇਟਲੀ ਦੀਆਂ ਸਰਹੱਦਾਂ ਦੀ ਮੁੜਵਿਵਸਥਾ ਰਾਸ਼ਟਰੀਅਤਾ ਦੇ ਆਧਾਰ 'ਤੇ ਕੀਤੀ ਜਾਵੇ।

(x) ਆਸਟਰੀਆ-ਹੰਗਰੀ ਦੀ ਜਨਤਾ ਨੂੰ ਸ੍ਵੈਸ਼ਾਸਿਕ ਵਿਕਾਸ ਦਾ ਮੌਕਾ ਜਾਵੇ।

ਨੋਟ

(xi) ਰੂਮਾਨੀਆ, ਸਰਬੀਆ ਅਤੇ ਮਾਂਟੇਨੀਗ੍ਰੋ ਤੋਂ ਵਿਦੇਸ਼ੀ ਫੌਜਾਂ ਹਟਾ ਲਈਆਂ ਜਾਣ। ਅਧਿਕਾਰ ਵਾਲੇ ਖੇਤਰ ਵਾਪਸ ਕੀਤੇ ਜਾਣ। ਸਰਬੀਆ ਨੂੰ ਨਿਰਬਾਧ ਅਤੇ ਸੁਰੱਖਿਅਤ ਮਾਰਗ ਦਿੱਤੇ ਜਾਣ।

(xii) ਵਰਤਮਾਨ ਆਟੋਮਨ ਸਾਮਰਾਜ ਨੂੰ ਸੁਰੱਖਿਅਤ ਆਜਾਦੀ ਦਾ ਭਰੋਸਾ ਦਿੱਤਾ ਜਾਵੇ, ਪਰੰਤੂ ਇਸ ਸਮੇਂ ਜੋ ਹੋਰ ਰਾਸ਼ਟਰ ਜਾਤੀਆਂ ਤੁਰਕੀ ਸ਼ਾਨ 'ਚ ਰਹਿ ਰਹੀਆਂ ਹਨ, ਉਨ੍ਹਾ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਜੀਵਨ ਅਤੇ ਆਜਾਦ ਵਿਕਾਸ ਦੇ ਨਿਰਬਾਧ ਮੌਕੇ ਦਾ ਭਰੋਸਾ ਦਿੱਤਾ ਜਾਵੇ ਅਤੇ ਦਰੇ ਦਾਨੀਆਲ ਦੇ ਜਲਡਮਰੂ ਮੱਧ ਨੂੰ ਅੰਤਰਰਾਸ਼ਟਰੀ ਸੁਰੱਖਿਆ ਦੇ ਅੰਤਰਗਤ ਸਾਰੇ ਰਾਸ਼ਟਰਾਂ ਦੇ ਵਪਾਰ ਅਤੇ ਜਹਾਜਾਂ ਲਈ ਨਿਰਬਾਧ ਮਾਰਗ ਦੇ ਰੂਪ 'ਚ ਸਥਾਈ ਤੌਰ 'ਤੇ ਖੋਲ ਦਿੱਤਾ ਜਾਵੇ।

(xiii) ਇੱਕ ਆਜ਼ਾਦ ਪੋਲਿਸ਼ ਰਾਜ ਦੀ ਸਥਾਪਨਾ ਕੀਤੀ ਜਾਵੇ, ਜਿਸ ਵਿੱਚ ਉਹ ਖੇਤਰ ਸ਼ਾਮਲ ਕੀਤੇ ਜਾਣ ਜਿਨ੍ਹਾਂ ਵਿੱਚ ਨਿਰਵਿਵਾਦ ਤੌਰ 'ਤੇ ਪੋਲ ਆਬਾਦੀ ਹੋਵੇ। ਇਸ ਰਾਜ ਨੂੰ ਨਿਰਬਾਧ ਸਮੁੰਦਰੀ ਮਾਰਗ ਦਿੱਤਾ ਜਾਵੇ ਅਤੇ ਅੰਤਰਰਾਸ਼ਟਰੀ ਸਮਝੌਤੇ ਦੁਆਰਾ ਉਸ ਦੀ ਰਾਜਨੀਤਿਕ ਅਤੇ ਆਰਥਿਕ ਆਜ਼ਾਦੀ ਅਤੇ ਪ੍ਰਦੇਸ਼ਿਕ ਅਖੰਡਤਾ ਦੀ ਸੁਰੱਖਿਆ ਕੀਤੀ ਜਾਵੇ।

(xiv) ਛੋਟੇ ਅਤੇ ਵੱਡੇ ਦੋਵੇਂ ਹੀ ਤਰ੍ਹਾਂ ਦੇ ਰਾਜਾਂ ਨੂੰ ਰਾਜਨੀਤਿਕ ਆਜ਼ਾਦੀ ਅਤੇ ਪ੍ਰਦੇਸ਼ਿਕ ਅਖੰਡਤਾ ਦੀ ਆਪਸੀ ਸੁਰੱਖਿਆ ਬਰਾਬਰ ਰੂਪ 'ਚ ਪ੍ਰਾਪਤ ਹੋ ਸਕੇ, ਇਸ ਪ੍ਰਯੋਜਨ ਦੀ ਪ੍ਰਾਪਤੀ ਲਈ ਕੁਝ ਵਿਸ਼ੇਸ਼ ਸਮਝੌਤਿਆਂ ਦੇ ਅੰਤਰਗਤ ਰਾਸ਼ਟਰਾਂ ਦੇ ਇੱਕ ਜੇਨਰਲ ਸੰਗਠਨ (ਰਾਸ਼ਟਰ ਸੰਘ) ਦਾ ਨਿਰਮਾਣ ਕੀਤਾ ਜਾਵੇ।

## 16.16 ਚਾਰ ਸਿਧਾਂਤ (11 ਫਰਵਰੀ, 1918), [Four Principles, (11 February 1918)]

(i) ਅੰਤਿਮ ਸਮਝੌਤੇ ਦੀ ਅਜਿਹੀ ਵਿਵਸਥਾ ਹੋਣਾ ਚਾਹੀਦੀ ਹੈ ਜੋ ਅਜਿਹੀ ਸ਼ਾਂਤੀ ਦੀ ਸਥਾਪਨਾ ਕਰ ਸਕੇ ਜੋ ਸਥਾਈ ਹੋਵੇ।

(ii) ਵੱਖ-ਵੱਖ ਜਨ ਸਮੂਹਾਂ ਅਤੇ ਸੂਬਿਆਂ ਨੂੰ ਇੱਕ ਪ੍ਰਭੂਸੱਤਾ ਤੋਂ ਦੂਜੀ ਪ੍ਰਭੂਸੱਤਾ ਨੂੰ ਇਸ ਤਰ੍ਹਾਂ ਨਾ ਦਿੱਤਾ ਜਾਵੇ ਮੰਨੋ ਉਹ ਸ਼ਕਤੀ ਸੰਤੁਲਨ ਦੇ ਖੇਡ ਦੇ ਸਿਰਫ਼ ਮੋਹਰੇ ਹੋਣ।

(iii) ਇਸ ਯੁੱਧ ਨਾਲ ਸਬੰਧਿਤ ਹਰੇਕ ਪ੍ਰਦੇਸ਼ਿਕ ਵਿਵਸਥਾ ਉਸ ਪ੍ਰਦੇਸ਼ ਦੀ ਜਨਤਾ ਦੇ ਹਿੱਤ ਦੀ ਦ੍ਰਿਸ਼ਟੀ 'ਚ ਹੋਣੀ ਚਾਹੀਦੀ ਹੈ।

(iv) ਰਾਸ਼ਟਰੀ ਇੱਛਾਵਾਂ ਦੀ ਜ਼ਿਆਦਾਤਰ ਪੂਰਤੀ ਅਤੇ ਸੰਪੁਸ਼ਟੀ ਹੋਣੀ ਚਾਹੀਦੀ ਹੈ।

ਵਿਲਸਨ ਦੇ ਚੌਦਹਾਂ ਸੂਤਰਾਂ ਦੀ ਵਿਆਖਿਆ ਕਰਦੇ ਹੋਏ ਕਈ ਰਾਜਨੀਤਿਕਾਂ ਨੇ ਇਹ ਕਿਹਾ ਸੀ ਕਿ ਉਹ ਜ਼ਿਆਦਾਤਰ ਅਵਿਵਹਾਰਕ ਸਨ। ਵਿਲਸਨ ਦੇ ਚੌਦਹਾਂ ਸੂਤਰਾਂ ਨੂੰ ਸ਼ਾਂਤੀ ਸਮਝੌਤੇ ਦਾ ਆਧਾਰ ਸਵੀਕਾਰ ਕੀਤਾ ਗਿਆ ਸੀ। ਰਾਸ਼ਟਰਪਤੀ ਵਿਲਸਨ ਦਾ ਯੂਰਪ 'ਚ ਕਾਫ਼ੀ ਸਵਾਗਤ ਹੋਇਆ ਸੀ। ਰੋਮ, ਲੰਦਨ, ਪੈਰਿਸ ਆਦਿ 'ਚ ਉਸ ਦਾ ਸ਼ਾਂਤੀ ਦੂਤ ਦੇ ਰੂਪ 'ਚ ਸਵਾਗਤ ਕੀਤਾ ਗਿਆ। ਵਿਲਸਨ ਨੇ ਸਮਝਿਆ ਕਿ ਪੈਰਿਸ ਸੰਮੇਲਨ 'ਚ ਉਹੀ ਮਹੱਤਵਪੂਰਨ ਸਵਾਲਾਂ ਦਾ ਸਹੀ ਨਿਰਣਾਇਕ ਹੋਵੇਗਾ ਪਰੰਤੂ ਸਥਿਤੀ ਦੂਸਰੀ ਹੀ ਸੀ। ਪੈਰਿਸ ਸੰਮੇਲਨ ਦੇ ਹੋਰ ਕਰਣਾਧਾਰ ਇੱਕ ਆਦਰਸ਼ ਵਿਸ਼ਵ ਦੀ ਸਥਾਪਨਾ ਦਾ ਸੁਪਨਾ ਨਹੀਂ ਦੇਖ ਰਹੇ ਸਨ। ਆਪਣੇ-ਆਪਣੇ ਰਾਸ਼ਟਰਾਂ ਦੀਆਂ ਇੱਛਾਵਾਂ ਅਤੇ ਸਵਾਰਥਾਂ ਦੀ ਪੂਰਤੀ ਲਈ ਦ੍ਰਿੜ ਸਨ। ਸੰਮੇਲਨ ਦਾ ਪ੍ਰਧਾਨ ਕਲੇਮੇਂਸੋ ਵਿਲਸਨ ਦੇ ਆਦਰਸ਼ਵਾਦ ਅਤੇ ਚੌਦਹਾਂ ਸੂਤਰਾਂ ਨੂੰ ਮਜਾਕ ਸਮਝਦਾ ਸੀ। ਕਲੇਮੇਂਸੋ ਕਿਹਾ ਕਰਦਾ ਸੀ-" ਭਗਵਾਨ ਤੱਕ ਦਸ ਆਦੇਸ਼ਾਂ ਨਾਲ ਸੰਤੁਸ਼ਟ ਹੋ ਗਏ ਸਨ ਪਰੰਤੂ ਵਿਲਸਨ ਚੌਦਹਾਂ ਦੀ ਜਿਦ ਕਰਦਾ ਹੈ।" ਇਸੇ ਤਰ੍ਹਾਂ ਹੋਰ ਰਾਜਨੀਤਿਕ ਵੀ ਵਿਲਸਨ ਦਾ ਮਜਾਕ ਉਡਾਉਂਦੇ ਰਹਿੰਦੇ ਸਨ। ਨਤੀਜੇ ਵਜੋਂ ਪੈਰਿਸ ਸੰਮੇਲਨ ਸ਼ਾਂਤੀ ਅਤੇ ਸਹਿਯੋਗ ਦੇ ਨਵਯੁਗ ਦਾ ਪ੍ਰਣੇਤਾ ਨਾ ਰਹਿ ਕੇ ਅੰਤਰਰਾਸ਼ਟਰੀ ਆਦਰਸ਼ਾਂ ਅਤੇ ਰਾਸ਼ਟਰੀ ਸਵਾਰਥਾਂ ਦਾ ਸੰਘਰਸ਼-ਸਥਲ ਬਣ ਗਿਆ। ਲੇਂਗਸਨ ਦੇ ਸ਼ਬਦਾਂ 'ਚ-" ਸੰਮੇਲਨ 'ਚ ਵਿਲਸਨ ਦੇ ਆਦਰਸ਼ਵਾਦ ਅਤੇ ਯੂਰਪੀਅਨ ਭੌਤਿਕਵਾਦ 'ਚ ਤੇਜ਼ ਸੰਘਰਸ਼ ਹੋਇਆ ਅਤੇ ਜ਼ਿਆਦਾਤਰ ਭੌਤਿਕਵਾਦ ਦੀ ਜਿੱਤ ਹੋਈ।"

ਯੁੱਧ ਕਾਲ 'ਚ ਮਿੱਤਰ ਰਾਸ਼ਟਰਾਂ ਨੇ ਆਪਸ 'ਚ ਕਈ ਗੁਪਤ ਸੰਧੀਆਂ ਕਰਕੇ ਆਪਣੇ-ਆਪਣੇ ਸਵਾਰਥ ਅਨੁਸਾਰ ਵਿਵਸਥਾਵਾਂ ਕਰ ਲਈਆਂ ਸਨ। 26 ਅਪਰੈਲ, 1915 ਦਾ ਲੰਦਨ ਦਾ ਸਮਝੌਤਾ, ਅਗਸਤ 1916 ਦੀ ਰੂਮਾਨੀਆ ਦੇ ਨਾਲ ਸੰਧੀ, ਫਰਵਰੀ 1917 ਦੀ ਬ੍ਰਿਟਿਸ਼-ਜਾਪਾਨੀ ਸੰਧੀ, ਮਾਰਚ 1917 ਦਾ ਫਰਾਂਸ-ਰੂਸ ਸਮਝੌਤਾ ਆਦਿ ਇਸੇ ਤਰ੍ਹਾਂ ਦੀਆਂ ਸੰਧੀਆਂ ਸਨ। ਸੰਮੇਲਨ 'ਚ ਇਨ੍ਹਾਂ ਸੰਧੀਆਂ ਨੂੰ ਵਿਲਸਨ ਦੇ ਸਿਧਾਂਤਾਂ ਦੇ ਮੁਕਾਬਲੇ ਜ਼ਿਆਦਾ ਮਹੱਤਵ ਦਿੱਤਾ ਗਿਆ।

ਵਿਲਸਨ ਨੇ ਇਸ ਗੱਲ ਦੀ ਅਪੀਲ ਕੀਤੀ ਕਿ ਸੰਮੇਲਨ ਸਭ ਤੋਂ ਪਹਿਲਾਂ ਰਾਸ਼ਟਰ-ਸੰਘ ਦੀ ਸਥਾਪਨਾ ਕਰੇ ਪਰੰਤੂ ਹੋਰ ਪ੍ਰਤੀਨਿਧੀਮੰਡਲ ਰਾਸ਼ਟਰ-ਸੰਘ ਪ੍ਰਤੀ ਉਤਸ਼ਾਹਪੂਰਨ ਨਹੀਂ ਸਨ। ਸੰਮੇਲਨ ਦੇ ਇੱਕ ਪੂਰਨ ਅਧਿਵੇਸ਼ਨ 'ਚ ਰਾਸ਼ਟਰ-ਸੰਘ ਸਬੰਧੀ ਧਾਰਾਵਾਂ ਬਿਨਾ ਕਿਸੇ ਵਿਰੋਧ ਦੇ ਪ੍ਰਸੰਸਾ ਦੇ ਰਾਹੀਂ ਸਵੀਕਾਰ ਕਰ ਲਈ ਗਈ। ਪਰੰਤੂ ਜਿਨਾਂ ਸਰਲਤਾ ਨਾਲ ਉਸ ਨੂੰ ਸਵੀਕਾਰ ਕੀਤਾ ਗਿਆ ਸੀ ਉਸ ਤੋਂ ਅਜਿਹਾ ਪ੍ਰਤੀਤ ਹੁੰਦਾ ਸੀ ਕਿ ਸ਼ਾਮਲ ਰਾਜਨੀਤਿਕਾਂ ਨੇ ਰਾਸ਼ਟਰ-ਸੰਘ ਦੇ ਸਬੰਧੀ ਜ਼ਿਆਦਾ ਵਿਚਾਰ ਨਹੀਂ ਕੀਤਾ ਸੀ, ਸਗੋਂ ਰਾਸ਼ਟਰ-ਸੰਘ ਨੂੰ ਇੱਕ ਪਵਿੱਤਰ ਇੱਛਾ ਮੰਨ ਕੇ ਸਵੀਕਾਰ ਕਰ ਲਿਆ ਸੀ।

ਹਥਿਆਰਬੰਦੀ ਦੇ ਸਵਾਲ 'ਤੇ ਵਿਲਸਨ ਪੂਰੀ ਤਰ੍ਹਾਂ ਅਸਫਲ ਰਹੇ। ਕਲੇਮੇਂਸੋ ਨੇ ਜਰਮਨੀ ਅਤੇ ਹੋਰ ਹਾਰੇ ਰਾਸ਼ਟਰਾਂ ਦੇ ਹਥਿਆਰਬੰਦੀ ਦਾ ਸਵਾਗਤ ਕੀਤਾ, ਪਰੰਤੂ ਫਰੇਂਚ ਨਿਰਸ਼ਾਸਤਰੀਕਰਨ ਦਾ ਡਟ ਕੇ ਵਿਰੋਧ ਕੀਤਾ। ਹਥਿਆਰਬੰਦੀ ਦੀ ਦਿਸ਼ਾ 'ਚ ਪੈਰਿਸ 'ਚ ਪੈਰਿਸ ਸੰਮੇਲਨ ਕੋਈ ਬੁਨਿਆਦੀ ਤਰੱਕੀ ਨਹੀਂ ਕਰ ਸਕਿਆ।

ਪੈਰਿਸ ਸੰਮੇਲਨ 'ਚ ਜਰਮਨ ਨੂੰ ਸਦਾ ਲਈ ਇੰਨਾ ਕਮਜ਼ੋਰ ਬਣਾ ਦੇਣ ਲਈ ਕਿ ਉਹ ਮੁੜ ਫਰਾਂਸ ਲਈ ਸੰਕਟ ਦਾ ਕਾਰਨ ਨਾ ਬਣ ਸਕੇ, ਕਲੇਮੇਂਸੋ ਨੇ ਇਹ ਮੰਗ ਕੀਤੀ-

(i) ਸਾਰ ਦਾ ਜਰਨਮ ਪ੍ਰਦੇਸ਼ ਫਰਾਂਸ ਨੂੰ ਦੇ ਦਿੱਤਾ ਜਾਵੇ।

(ii) ਰਾਈਨ ਨਦੀ ਦੇ ਖੱਬੇ ਤਟ 'ਤੇ ਸਥਿਤ ਪ੍ਰਦੇਸ਼ ਨੂੰ ਜਰਮਨੀ ਤੋਂ ਖੋਹ ਲਿਆ ਜਾਵੇ।

ਰਾਸ਼ਟਰਪਤੀ ਵਿਲਸਨ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਇਡ ਜਾਰਜ ਦੋਵਾਂ ਨੇ ਇਨ੍ਹਾਂ ਮੰਗਾਂ ਦਾ ਜ਼ੋਰਦਾਰ ਵਿਰੋਧ ਕੀਤਾ। ਆਖ਼ਰ ਇੱਕ ਸਮਝੌਤੇ ਰਾਹੀਂ ਇਹ ਵਿਵਸਥਾ ਕੀਤੀ ਗਈ ਕਿ –

(i) ਰਾਈਨ ਨਦੀ ਦੇ ਪ੍ਰਦੇਸ਼ ਦਾ ਨਾਗਰਿਕੀਕਰਨ ਕਰ ਦਿੱਤਾ ਜਾਵੇ।

(ii) ਰਾਈਨ ਨਦੀ ਦਾ ਖੱਬਾ ਤਟ 25 ਸਾਲ ਤੱਕ ਮਿੱਤਰ ਰਾਸ਼ਟਰੀ ਫੌਜਾਂ ਦੇ ਅਧਿਕਾਰ 'ਚ ਰਹੇ।

(iii) ਸਾਰ ਦਾ ਪ੍ਰਦੇਸ਼ 15 ਸਾਲ ਤੱਕ ਰਾਸ਼ਟਰ–ਸੰਘ ਦੇ ਅਧੀਨ ਰਹੇ ਅਤੇ ਇਸ ਪ੍ਰਦੇਸ਼ ਦੀਆਂ ਕੋਇਲੇ ਦੀਆਂ ਖਾਨਾਂ ਫਰਾਂਸ ਨੂੰ ਦੇ ਦਿੱਤੀਆਂ ਜਾਣ।

ਪੂਰਬੀ ਯੂਰਪ ਨਾਲ ਸਬੰਧਿਤ ਸਵਾਲਾਂ ਦਾ ਨਿਪਟਾਰਾ ਕਰਦੇ ਸਮੇਂ ਪੋਲੈਂਡ, ਚੈਕੋਸਲੋਵਾਕੀਆ, ਯੂਗੋਸਲਾਵੀਆ ਆਦਿ ਨਵੇਂ ਬਣੇ ਸੂਬਿਆਂ ਦੇ ਹਿੱਤਾਂ ਦੇ ਪੋਸ਼ਣ ਲਈ ਆਤਮਨਿਰਣੈ ਦੇ ਸਿਧਾਂਤ ਨੂੰ ਲਗਭਗ ਤਿਲਾਂਜਲੀ ਹੀ ਦੇ ਦਿੱਤੀ ਗਈ। ਲਾਇਡ ਜਾਰਜ ਦੇ ਵਿਰੋਧ ਦੇ ਬਾਵਜੂਦ ਪੋਲਿਸ ਗਲਿਆਰੇ ਦਾ ਨਿਰਮਾਣ ਕੀਤਾ ਗਿਆ ਅਤੇ ਅਪਰ ਸਾਈਲੀਸ਼ੀਆ ਪੋਲੈਂਡ ਨੂੰ ਦੇ ਦਿੱਤਾ ਗਿਆ। ਆਸਟਰੀਆ ਅਤੇ ਜਰਮਨੀ ਦੇ ਸੰਘ ਦਾ ਬਾਈਕਾਟ ਕਰ ਦਿੱਤਾ ਗਿਆ।

ਇਸ ਤਰ੍ਹਾਂ ਪੈਰਿਸ ਸੰਮੇਲਨ ਅੰਤਰਰਾਸ਼ਟਰੀ ਰਾਜਨੀਤੀ ਦੇ ਖੇਤਰ 'ਚ ਵਿਲਸਨ ਦੇ ਸਿਧਾਂਤ 'ਤੇ ਆਧਾਰਿਤ ਸ਼ਾਂਤੀ ਅਤੇ ਸਹਿਯੋਗ ਦੇ ਸੁਨਹਿਰੀ ਯੁਗ ਦੀ ਸ਼ੁਰੂਆਤ ਕਰਨ 'ਚ ਅਸਫ਼ਲ ਰਿਹਾ ਪਰੰਤੂ ਇਹ ਕਹਿਣਾ ਗਲਤ ਹੋਵੇਗਾ ਕਿ ਸ਼ਾਂਤੀ ਸਮਝੌਤੇ 'ਤੇ ਵਿਲਸਨ ਦੇ ਆਦਰਸ਼ਵਾਦ ਦਾ ਕੋਈ ਵੀ ਪ੍ਰਭਾਵ ਨਹੀਂ ਪਿਆ। ਅੰਤਰਰਾਸ਼ਟਰੀ ਵਿਵਾਦਾਂ ਦੇ ਸ਼ਾਂਤੀਪੂਰਨ ਅਤੇ ਨਿਆਂ ਯੁਕਤ ਹੱਲ ਲਈ ਰਾਸ਼ਟਰਸੰਘ ਦਾ ਨਿਰਮਾਣ ਹੋਇਆ। ਰਾਸ਼ਟਰੀਅਤਾ ਦੇ ਆਧਾਰ 'ਤੇ ਸੱਤ ਨਵੇਂ ਰਾਸ਼ਟਰਾਂ–ਪੋਲੈਂਡ, ਚੈਕੋਸਲੋਵਾਕੀਆ, ਯੂਗੋਸਲਾਵੀਆ, ਫਿਨਲੈਂਡ, ਐਸਟੋਨੀਆ, ਲੈਟਵੀਆ, ਲਿਥੂਆਨੀਆ ਦਾ ਨਿਰਮਾਣ ਹੋਇਆ। ਵਿਲਸਨ ਨੇ ਰਾਸ਼ਟਰੀਅਤਾ ਦਾ ਉਲੰਘਣ ਕਰਨ ਵਾਲੇ ਕਈ ਪ੍ਰਸਤਾਵਾਂ ਦਾ ਵਿਰੋਧ ਕੀਤਾ ਸੀ। ਉਸ ਨੇ ਫਰਾਂਸ ਦੇ ਰਾਈਨ ਪ੍ਰਦੇਸ਼ 'ਚ ਵੱਖਰੇ ਰਾਜ ਦੀ ਸਥਾਪਨਾ ਦੇ ਪ੍ਰਸਤਾਵ ਨੂੰ ਮਨਜ਼ੂਰ ਨਹੀਂ ਹੋਣ ਦਿੱਤਾ ਸੀ। ਯੂਰਪ 'ਚ ਰਾਸ਼ਟਰੀ ਘੱਟ ਗਿਣਤੀਆਂ ਦੀ ਸੰਖਿਆ 540 ਲੱਖ ਤੋਂ ਘਟ ਕੇ 170 ਲੱਖ ਰਹਿ ਗਈ ਸੀ, ਇਸ ਦਾ ਸਿਹਰਾ ਵਿਲਸਨ ਨੂੰ ਹੈ। ਆਤਮ ਨਿਰਣੈ ਦੇ ਸਿਧਾਂਤ ਦਾ ਕਈ ਸਵਾਲਾਂ ਦੇ ਹੱਲ 'ਚ ਪਾਲਨ ਕੀਤਾ ਗਿਆ। ਯੂਪੇਨ, ਮਾਲਮੇਡੀ,ਸਾਈਲੀਸ਼ੀਆ, ਸ਼ਲੇਸਵਿੰਗ ਦੇ ਭਵਿੱਖ ਦਾ ਫੈਸਲਾ ਜਨਮਤ ਸੰਗ੍ਰਹਿ ਦੇ ਦੁਆਰਾ ਕੀਤਾ ਗਿਆ। ਸਾਰ ਪ੍ਰਦੇਸ਼ 'ਚ ਵੀ ਜਨਮਤ ਸੰਗ੍ਰਹਿ ਦੀ ਵਿਵਸਥਾ ਕੀਤੀ ਗਈ।

ਚੌਦਹਾ ਸੂਤਰਾਂ ਦੇ ਆਧਾਰ 'ਤੇ ਸ਼ਾਂਤੀ ਸੰਧੀਆਂ ਦੀ ਸਮੀਖਿਆ ਕਰਨ 'ਤੇ ਪ੍ਰਗਟ ਹੁੰਦਾ ਹੈ ਕਿ 14 ਸੂਤਰਾਂ 'ਚੋਂ ਸਿਰਫ਼ 4 ਸੂਤਰਾਂ ਦੀ ਪੂਰੀ ਅਤੇ 2 ਸੂਤਰਾਂ ਦੀ ਥੋੜ੍ਹੀ ਸ਼ੁਰੂਆਤ ਕੀਤੀ ਗਈ। ਸੂਤਰ ਨੰ. 7 ਅਨੁਸਾਰ, ਬੈਲਜੀਅਮ ਨੂੰ ਮੁੜ ਅਜਾਦ ਕਰ ਦਿੱਤਾ ਗਿਆ, ਸੂਤਰ ਨੰ. 8 ਅਨੁਸਾਰ ਆਲਸਾਸ ਲਾਰੇਨ ਫਰਾਂਸ ਨੂੰ ਵਾਪਸ ਦਿੱਤਾ ਗਿਆ। ਸੂਤਰ ਨੰ. 10 ਅਨੁਸਾਰ ਆਸਟਰੀਆ–ਹੰਗਰੀ ਦੇ ਸਾਮਰਾਜ 'ਚ ਨਿਵਾਸ ਕਰਨ ਵਾਲੇ ਘੱਟ ਗਿਣਤੀ ਰਾਸ਼ਟਰਾਂ ਦੇ ਆਜ਼ਾਦ ਰਾਜ ਬਣਾ ਦਿੱਤੇ ਗਏ। ਸੂਤਰ ਨੰ. 11 ਅਨੁਸਾਰ ਰੂਮਾਨੀਆ, ਸਰਬੀਆ ਅਤੇ ਮੋਂਟੇਨੀਗ੍ਰੋ ਨੂੰ ਮੁੜ ਆਜ਼ਾਦੀ ਪ੍ਰਦਾਨ ਕੀਤੀ ਗਈ। ਸੂਤਰ ਨੰ. 13 ਅਤੇ 14 ਦਾ ਅੰਸ਼ਿਕ ਪਾਲਣ ਹੋਇਆ। ਸੂਤਰ ਨੰ. 13 ਅਨੁਸਾਰ ਇੱਕ ਅਜ਼ਾਦ ਪੋਲਿਸ਼ ਰਾਜ ਦੀ ਸਥਾਪਨਾ ਕਰ ਦਿੱਤੀ ਗਈ, ਪਰੰਤੂ ਉਸ ਨੂੰ ਜੋ ਪ੍ਰਦੇਸ਼ ਦਿੱਤੇ ਗਏ ਸਨ ਉਹ ਸਭ ਨਿਰਵਿਵਾਦ ਤੌਰ 'ਤੇ ਪੋਲ ਆਬਾਦੀ ਵਾਲੇ ਹੀ ਸਨ। ਸੂਤਰ ਨੰ. 14 ਅਨੁਸਾਰ ਰਾਸ਼ਟਰ–ਸੰਘ ਦਾ ਨਿਰਮਾਣ ਕੀਤਾ ਗਿਆ, ਪਰੰਤੂ ਰਾਸ਼ਟਰ ਸੰਘ ਛੋਟੇ ਅਤੇ ਵੱਡੇ ਰਾਸ਼ਟਰਾਂ ਦੇ ਨਾਲ ਬਰਾਬਰ ਵਿਵਹਾਰ ਕਰਨ 'ਚ ਅਸਮਰੱਥ ਰਿਹਾ। ਹੋਰ ਸੂਤਰਾਂ ਨੂੰ ਸ਼ੁਰੂ ਨਹੀਂ ਕੀਤਾ ਗਿਆ। ਸ਼ਾਂਤੀ–ਪ੍ਰੀਸ਼ਦ ਦੀ ਪੂਰੀ ਕਾਰਵਾਈ ਬਹੁਤ ਗੁਪਤ ਤੌਰ 'ਤੇ ਹੋਈ, ਜਿਸ ਨੂੰ ਪਹਿਲੇ ਸੂਤਰ ਦਾ ਉਲੰਘਣ ਕਿਹਾ ਜਾ ਸਕਦਾ ਹੈ। ਸਮੁੰਦਰਾਂ ਦੀ ਅਜ਼ਾਦੀ ਸਬੰਧੀ ਦੂਜੇ ਸੂਤਰ ਦਾ ਪਾਲਣ ਨਹੀਂ ਹੋਇਆ। ਅਜ਼ਾਦ ਵਪਾਰ ਸਬੰਧੀ ਤੀਜੇ ਸੂਤਰ ਦੀ ਸ਼ੁਰੂਆਤ ਹੀ ਨਹੀਂ ਹੋਈ ਸਗੋਂ ਯੁੱਧ ਦੇ ਪਿੱਛੋਂ ਵੱਖ–ਵੱਖ ਰਾਸ਼ਟਰਾਂ ਦੇ ਸਰਹੱਦੀ ਟੈਕਸ ਅਤੇ ਹੋਰ ਆਰਥਿਕ ਪਾਬੰਦੀਆਂ ਹੋਰ ਵੀ ਵਧਾ ਦਿੱਤੀਆਂ। ਹਥਿਆਰਬੰਦੀ ਸਬੰਧੀ ਚੌਥਾ ਸੂਤਰ ਸਿਰਫ਼ ਹਾਰੇ ਰਾਸ਼ਟਰਾਂ 'ਤੇ ਲਾਗੂ ਕੀਤਾ ਗਿਆ, ਜੇਤੂ ਰਾਸ਼ਟਰਾਂ 'ਤੇ ਨਹੀਂ। ਪੰਜਵੇਂ ਸੂਤਰ ਅਰਥਾਤ ਨਵੀਂ ਬਸਤੀ ਦੀ ਵਿਵਸਥਾ ਨੂੰ ਵਿਲਸਨ ਦੀ ਇੱਛਾ ਅਨੁਸਾਰ ਸ਼ੁਰੂ ਨਹੀਂ ਕੀਤਾ ਗਿਆ ਅਰਥਾਤ ਨਵੀਂਆਂ ਬਸਤੀਆਂ ਦੀ ਵਿਵਸਥਾ ਜਨਤਾ ਦੇ ਹਿੱਤ 'ਚ ਨਹੀਂ ਸਥਾਪਿਤ ਹੋਈ। ਰੂਸ ਨੂੰ ਅਜ਼ਾਦ ਰਾਸ਼ਟਰਾਂ ਦੇ ਸਮਾਜ 'ਚ ਸਨਮਾਨਿਤ ਸਥਾਨ ਦੇਣ ਨਾਲ ਸਬੰਧਿਤ ਛੇਵੇਂ ਸੂਤਰ ਦਾ ਵੀ ਪਾਲਣ ਨਹੀਂ ਕੀਤਾ ਗਿਆ। ਨਵੇਂ ਸੂਤਰ ਦਾ ਉਲੰਘਣ ਕਰਦੇ ਹੋਏ ਇਟਲੀ ਨੂੰ ਟਿਰੋਲ ਦਾ ਜਰਮਨ ਬਹੁਲ ਪ੍ਰਦੇਸ਼ ਦੇ ਦਿੱਤਾ ਗਿਆ।

ਇਸ ਤਰ੍ਹਾਂ ਦੇ 14 ਸੂਤਰਾਂ ਦਾ ਪੂਰੀ ਤਰ੍ਹਾਂ ਪਾਲਣ ਨਹੀਂ ਕੀਤਾ ਗਿਆ। ਇਹ ਕਹਿਣਾ ਤਰਕਸੰਗਤ ਨਹੀਂ ਹੈ ਜਿਵੇਂ ਕਿ ਹਾਰਡੀ ਨੇ ਲਿਖਿਆ–"ਵਰਸਾਇ ਦੀ ਸੰਧੀ 'ਚ 14 ਸੂਤਰਾਂ ਦਾ ਜ਼ਿਆਦਾਤਰ ਪਾਲਣ ਕੀਤਾ ਗਿਆ।" ਹੈਰਲਡ ਨਿਕੋਲਸਨ ਦਾ ਇਹ ਮਤ ਵੀ ਕੋਰਾ ਕਿਆਸ ਹੀ ਹੈ ਕਿ, "ਵਿਲਸਨ ਦੇ ਕਿਸੇ ਸੂਤਰ ਦਾ ਪਾਲਣ ਨਹੀਂ ਹੋਇਆ।"

ਵਿਲਸਨ ਨਾ ਸਿਰਫ਼ ਪੈਰਿਸ ਸੰਮੇਲਨ 'ਚ ਹੀ ਹਾਰਿਆ ਸਗੋਂ ਖੁਦ ਉਸ ਦੇ ਦੇਸ਼ ਵਾਸੀਆਂ ਨੇ ਵੀ ਉਸ ਦੇ ਸਿਧਾਤਾਂ ਅਤੇ ਆਦਰਸ਼ਾਂ ਨੂੰ ਅਸਵੀਕਾਰ ਕਰ ਦਿੱਤਾ। ਅਮਰੀਕਨ ਸਿਨੇਟ ਨੇ ਵਰਸਾਇ ਦੀ ਸੰਧੀ ਅਤੇ ਰਾਸ਼ਟਰਸੰਘ ਨੂੰ ਨਾਮਨਜ਼ੂਰ ਕਰ ਦਿੱਤਾ। ਅੰਤਰਰਾਸ਼ਟਰੀ ਸਹਿਯੋਗ ਦਾ ਪੈਗੰਬਰ ਵਿਲਸਨ ਮਿੱਤਰ ਰਾਸ਼ਟਰਾਂ ਦੁਆਰਾ ਪਰਾਜਿਤ ਅਤੇ ਆਪਣੇ ਦੇਸ਼ ਵਾਸੀਆਂ ਦੁਆਰਾ ਨਜ਼ਰਅੰਦਾਜ਼ ਹੋ ਗਿਆ।

ਨੋਟ

## 16.17 ਵਰਸਾਇ ਸੰਧੀ ਦੀ ਸਮੀਖਿਆ (Review of Versai Treaty)

**ਵਰਸਾਇ ਦੀ ਸੰਧੀ (ਇੱਕ ਅਸ਼ੁੱਧ ਦਸਤਾਵੇਜ਼)**–ਪੈਰਿਸ ਦੇ ਸ਼ਾਂਤੀ ਸਮਝੌਤੇ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਅੰਗ ਵਰਸਾਇ ਦੀ ਸੰਧੀ ਸੀ। ਇਸ ਦੇ ਅਲੋਚਕਾਂ ਨੇ ਇਸ ਨੂੰ ਇੱਕ ਅਨਿਆਂਪੂਰਨ ਅਤੇ ਅਸ਼ੁੱਧ ਦਸਤਾਵੇਜ਼ ਕਿਹਾ ਹੈ। ਸੰਧੀ ਮਿੱਤਰ–ਰਾਸ਼ਟਰਾਂ ਦੇ ਅਸਲੀ ਉਦੇਸ਼ਾਂ ਦਾ ਪਰਦਾਫਾਸ਼ ਕਰਦੀ ਹੈ।

ਜਵਾਹਰਲਾਲ ਨਹਿਰੂ ਦਾ ਮਤ ਸੀ, "ਮਿੱਤਰ –ਰਾਸ਼ਟਰ ਘ੍ਰਿਣਾ ਅਤੇ ਗੁੱਸੇ ਦੀ ਭਾਵਨਾ ਨਾਲ ਭਰੇ ਹੋਏ ਸਨ ਅਤੇ ਉਹ ਮਾਸ ਅਤੇ ਪੌਂਡ ਹੀ ਨਹੀਂ ਚਾਹੁੰਦੇ ਸਨ ਸਗੋਂ ਜਰਮਨੀ ਦੇ ਅੱਧੇ ਮਰੇ ਹੋਏ ਸਰੀਰ 'ਚੋਂ ਖੂਨ ਦੀ ਆਖ਼ਰੀ ਬੂੰਦ ਤੱਕ ਲੈ ਲੈਣਾ ਚਾਹੁੰਦੇ ਸਨ।" ਇਸ ਤਰ੍ਹਾਂ ਜਰਮਨ ਹੀ ਨਹੀਂ, ਹੋਰ ਦੇਸ਼ਾਂ ਦੇ ਵਿਚਾਰਕਾਂ ਨੇ ਵੀ ਵਰਸਾਇ ਦੀ ਸੰਧੀ ਨੂੰ ਅਨਿਆਂਪੂਰਨ ਮੰਨਿਆ ਹੈ। ਫਿਰ ਵੀ ਕਈ ਰਾਜਨੀਤਿਕਾਂ ਨੇ ਇਸ ਸੰਧੀ ਦੀ ਸ਼ਲਾਘਾ ਕੀਤੀ ਸੀ। ਗੇਥੋਰਨ ਹਾਰਡੀ ਦਾ ਮਤ ਸੀ ਕਿ "ਅਜਿਹੇ ਆਦਰਸ਼ ਸਰੂਪ ਦੀ ਸ਼ਾਂਤੀ–ਸੰਧੀ ਅੱਜ ਤੱਕ ਕਦੇ ਨਹੀਂ ਕੀਤੀ ਗਈ।"

**ਵਰਸਾਇ ਦੀ ਸੰਧੀ ਦੇ ਦੋਸ਼:**

(i) **ਇੱਕ ਵਿਸ਼ਵਾਸਘਾਤੀ ਸੰਧੀ–** ਵਰਸਾਇ ਦੀ ਸੰਧੀ ਨੂੰ ਜਰਮਨ ਜਾਤੀ ਨੇ ਇੱਕ ਬਹੁਤ ਹੀ ਅਨਿਆਂਪੂਰਨ ਸੰਧੀ ਮੰਨਿਆ ਹੈ। ਉਨ੍ਹਾਂ ਦੇ ਇਸ ਦੇ ਵਿਰੁੱਧ ਸਭ ਤੋਂ ਜ਼ਿਆਦਾ ਜ਼ੋਰਦਾਰ ਤਰਕ ਇਹ ਸੀ ਕਿ ਉਨ੍ਹਾਂ ਨੇ ਵਿਲਸਨ ਦੇ 14 ਸੂਤਰਾਂ ਦੇ ਆਧਾਰ 'ਤੇ ਆਤਮਸਮਰਪਣ ਕੀਤਾ ਸੀ। ਪਰੰਤੂ ਵਰਸਾਇ ਦੀ ਸੰਧੀ 'ਚ ਮਿੱਤਰ –ਰਾਸ਼ਟਰਾਂ ਨੇ ਉਨ੍ਹਾਂ ਸਿਧਾਤਾਂ ਦੀ ਪੂਰੀ ਤਰ੍ਹਾਂ ਪਰਵਾਹ ਨਾ ਕਰਦਿਆਂ ਹਾਰੇ ਰਾਸ਼ਟਰਾਂ ਦੇ ਨਾਲ ਵਿਸ਼ਵਾਸਘਾਤ ਕੀਤਾ ਹੈ। ਸੰਧੀ 'ਤੇ ਦਸਤਖ਼ਤ ਕਰਦੇ ਸਮੇਂ ਜਰਮਨ ਪ੍ਰਤੀਨਿਧੀਮੰਡਲ ਦੇ ਨੇਤਾ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ,' 'ਸਾਡੇ ਪ੍ਰਤੀ ਫੈਲਾਈ ਗਈ ਘ੍ਰਿਣਾ ਤੋਂ ਅਸੀਂ ਅੱਜ ਜਾਣੂ ਹਾਂ। ਮੇਰਾ ਦੇਸ਼ ਦਬਾਅ ਦੇ ਕਾਰਨ ਆਤਮਸਮਰਪਣ ਕਰ ਰਿਹਾ ਹੈ, ਪਰੰਤੂ ਜਰਮਨੀ ਕਦੇ ਨਹੀਂ ਭੁੱਲੇਗਾ ਕਿ ਇਹ ਅਨਿਆਂਪੂਰਨ ਸੰਧੀ ਹੈ।"

(ii) **ਇੱਕ ਅਰੋਪਿਤ ਸੰਧੀ–** ਵਰਸਾਇ ਦੀ ਸੰਧੀ ਇੱਕ ਆਰੋਪਿਤ ਸੰਧੀ ਸੀ ਕਿਉਂਕਿ ਜਰਮਨੀ ਨੂੰ ਉਸ ਨਾਲ ਸਬੰਧਿਤ ਗੱਲਬਾਤ 'ਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਨਹੀਂ ਕੀਤਾ ਗਿਆ ਅਤੇ ਉਸ ਨੂੰ ਜਰਮਨੀ ਨਾਲ ਤਲਵਾਰ ਦੀ ਨੋਕ 'ਤੇ ਸਵੀਕਾਰ ਕਰਵਾਇਆ ਗਿਆ। ਸੰਧੀ ਦਾ ਖਰੜਾ ਇਸ ਧਮਕੀ ਦੇ ਨਾਲ ਜਰਮਨ ਪ੍ਰਤੀਨਿਧੀਆਂ ਨੂੰ ਦਿੱਤਾ ਗਿਆ ਕਿ ਜੇਕਰ ਉਨ੍ਹਾਂ ਨੇ ਉਸ ਨੂੰ 5 ਦਿਨ ਦੇ ਅੰਦਰ ਸਵੀਕਾਰ ਨਹੀਂ ਕੀਤਾ ਤਾਂ ਯੁੱਧ ਮੁੜ ਸ਼ੁਰੂ ਕਰ ਦਿੱਤਾ ਜਾਵੇਗਾ। ਸਪੱਸ਼ਟ ਹੈ ਕਿ ਮਿੱਤਰ–ਰਾਸ਼ਟਰ ਜਰਮਨੀ 'ਤੇ ਇੱਕ ਕਠੋਰ ਸੰਧੀ ਲੱਦਣ ਲਈ ਦ੍ਰਿੜ ਸਨ, ਇੱਥੋਂ ਤੱਕ ਕਿ ਜਰਮਨੀ ਦੇ ਨਾਲ ਉਦਾਰ ਵਿਵਹਾਰ ਦੇ ਜ਼ੋਰਦਾਰ ਸਮਰਥਕ ਲਾਇਡ ਜਾਰਜ ਤੱਕ ਦਾ ਕਥਨ ਸੀ, "ਇਹ ਸ਼ਰਤਾਂ ਯੁੱਧ 'ਚ ਵੀਰਗਤੀ ਪਾਉਣ ਵਾਲੇ ਸੈਨਿਕਾਂ ਦੇ ਖੂਨ ਨਾਲ ਲਿਖੀਆਂ ਗਈਆਂ ਹਨ। ਸਾਨੂੰ ਭਗਵਾਨ ਦੇ ਆਦੇਸ਼ ਨੂੰ ਲਾਗੂ ਕਰਨਾ ਚਾਹੀਦਾ ਹੈ। ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਇਸ ਯੁੱਧ ਨੂੰ ਸ਼ੁਰੂ ਕੀਤਾ ਉਹ ਫਿਰ ਕਦੇ ਅਜਿਹਾ ਕਰਨ ਦੀ ਸਥਿਤੀ 'ਚ ਨਾ ਹੋ ਸਕਣ। ਜਰਨਮ ਕਹਿੰਦੇ ਹਨ ਕਿ ਉਹ ਇਨ੍ਹਾਂ 'ਤੇ ਦਸਤਖ਼ਤ ਨਹੀਂ ਕਰਨਗੇ, ਉਨ੍ਹਾਂ ਦੇ ਅਖਬਾਰ ਅਤੇ ਰਾਜਨੀਤਿਕ ਵੀ ਇਹੀ ਕਹਿੰਦੇ ਹਨ, ਪਰੰਤੂ ਅਸੀਂ ਕਹਿੰਦੇ ਹਾਂ–ਸੱਜਣੋਂ! ਤੁਹਾਨੂੰ ਦਸਤਖ਼ਤ ਕਰਨਗੇ ਹੋਣਗੇ। ਜੇਕਰ ਤੁਸੀਂ ਵਰਸਾਇ 'ਚ ਅਜਿਹਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਬਰਲਿਨ 'ਚ ਅਜਿਹਾ ਕਰਨਾ ਹੋਵੇਗਾ।"

(iii) **ਇੱਕ ਕਠੋਰ ਅਤੇ ਅਪਮਾਨਜਨਕ ਸੰਧੀ:** ਲੇਨਸਿੰਗ ਨੇ ਵਰਸਾਇ ਦੀ ਸੰਧੀ ਦੀਆਂ ਸ਼ਰਤਾਂ ਨੂੰ ਬਹੁਤ ਜ਼ਿਆਦਾ ਕਠੋਰ ਅਤੇ ਅਪਮਾਨਜਨਕ ਕਿਹਾ ਹੈ। ਲੈਂਗਸਮ ਅਨੁਸਾਰ, "ਇਸ ਨੇ ਜਰਮਨੀ ਦੇ ਯੂਰਪੀ ਪ੍ਰਦੇਸ਼ ਦੇ ਅੱਠਵੇਂ ਹਿੱਸੇ ਅਤੇ 65 ਲੱਖ ਜਨਸੰਖਿਆ ਨੂੰ ਘੱਟ ਕਰ ਦਿੱਤਾ। ਇਸ ਨੇ ਉਸ ਨੂੰ ਉਸ ਦੇ ਸਾਰੇ ਉਪਨਿਵੇਸ਼ਾਂ ਅਤੇ ਵਿਦੇਸ਼ੀ ਰਲੇਵੇਂ ਤੋਂ ਵਾਂਝਾ ਕਰ ਦਿੱਤਾ। ਉਸ ਦੀ 15 ਫੀਸਦੀ ਖੇਤੀ ਯੋਗ ਭੂਮੀ, 12 ਫੀਸਦੀ ਪਸ਼ੂ ਅਤੇ ਲਗਭਗ 10 ਫੀਸਦੀ ਕਾਰਖਾਨੇ ਖੋਹੇ ਗਏ। ਉਸ ਦੇ ਵਪਾਰੀ ਜਹਾਜ 57 ਲੱਖ ਟਨ ਤੋਂ ਘਟ ਕੇ 5 ਲੱਖ ਟਨ ਰਹਿ ਗਏ। ਉਸ ਦੀ ਜਲ ਸੈਨਾ ਜੋ ਪਹਿਲਾਂ ਸਿਰਫ਼ ਬ੍ਰਿਟੇਨ ਤੋਂ ਹੀ ਘੱਟ ਸੀ, ਬਿਲਕੁਲ ਤਬਾਹ ਕਰ ਦਿੱਤੀ ਗਈ ਅਤੇ ਉਸ ਦੀ ਥਲ ਸੈਨਾ ਘਟਾ ਕੇ ਫਰਾਂਸ ਦੀ ਸੈਨਾ ਦਾ 1/7 ਕਰ ਦਿੱਤੀ ਗਈ। ਉਸ ਨੂੰ ਆਪਣੇ ਕੋਇਲੇ ਦੇ 2/5 ਹਿੱਸੇ ਤੋਂ, ਲੋਹੇ ਦੇ 2/3 ਹਿੱਸੇ ਤੋਂ, ਜਸਤੇ ਦੇ 7/10 ਹਿੱਸੇ ਤੋਂ ਅਤੇ ਅੱਧੇ ਤੋਂ ਜ਼ਿਆਦਾ ਸੀਸੇ ਤੋਂ ਹੱਥ ਧੋਣਾ ਪਿਆ। ਉਪਨਿਵੇਸ਼ਾਂ ਦੇ ਖੋਹੇ ਜਾਣ ਨਾਲ ਉਸ ਨੂੰ ਵੱਡੀ ਮਾਤਰਾ 'ਚ ਰਬੜ ਅਤੇ ਰੇਸ਼ੇਦਾਰ ਪਦਾਰਥਾਂ ਦੀ ਹਾਨੀ ਹੋਈ। ਨੁਕਸਾਨ ਪੂਰਤੀ ਲਈ ਉਸ ਨੇ ਕੋਰੇ ਚੈਕ 'ਤੇ ਦਸਤਖ਼ਤ ਕਰ ਦਿੱਤੇ।"

(iv) **ਵਿਅਕਤੀਗਤ ਜਰਮਨ ਜਾਇਦਾਦ ਐਕਵਾਇਰ:** ਵਿਅਕਤੀਗਤ ਜਰਨਮ ਜਾਇਦਾਦ ਐਕਵਾਇਰ ਵਰਸਾਇ ਦੀ ਸੰਧੀ ਦੀ ਇੱਕ ਅਵਿਵੇਕਪੂਰਨ ਮੌਲਿਕਤਾ ਸੀ। 1919 ਤੱਕ ਇਹ ਅੰਤਰਰਾਸ਼ਟਰੀ ਵਿਧੀ ਦਾ ਇੱਕ ਸਰਵਮਾਨੇ ਨਿਯਮ ਸੀ ਕਿ ਦੁਸ਼ਮਣ ਰਾਸ਼ਟਰਾਂ ਦੀ ਸਰਕਾਰੀ ਜਾਇਦਾਦ ਜਬਤ ਕਰ ਲਈ ਜਾਂਦੀ ਸੀ। ਪਰੰਤੂ ਉਨ੍ਹਾਂ ਦੇ ਨਾਗਰਿਕਾਂ ਦੀ ਵਿਅਕਤੀਗਤ ਜਾਇਦਾਦ ਦੇ ਵਿਰੁੱਧ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਸੀ। ਪਰੰਤੂ ਵਰਸਾਇ ਦੀ ਸੰਧੀ ਦੇ ਦੁਆਰਾ ਮਿੱਤਰ ਰਾਸ਼ਟਰਾਂ ਨੇ ਆਪਣੇ ਖੇਤਰ 'ਚ ਸਥਿਤ ਜਰਮਨ ਵਿਅਕਤੀਗਤ ਜਾਇਦਾਦ ਨੂੰ ਜ਼ਬਤ ਕਰ ਲਿਆ ਅਤੇ ਜਰਨਮ ਸਰਕਾਰ ਨੂੰ ਆਪਣੇ ਨਾਗਰਿਕਾਂ ਨੂੰ ਉਸ ਦਾ ਮੁਆਵਜ਼ਾ ਦੇਣ ਲਈ ਜਵਾਬਦੇਹ ਬਣਾ ਦਿੱਤਾ।

(v) **ਪਰਸਪਰ ਵਿਵਹਾਰ ਦੀ ਘਾਟ:** ਵਰਸਾਇ ਦੀ ਸੰਧੀ ਪਰਸਪਰ ਵਿਵਹਾਰ ਅਤੇ ਸਮਾਨਤਾ 'ਤੇ ਆਧਾਰਿਤ ਨਹੀਂ ਸੀ। ਇਹ ਇੱਕ ਅਜਿਹੀ ਸੰਧੀ ਸੀ ਜਿਸ ਦੇ ਦੁਆਰਾ ਹਾਰੇ ਹੋਏ ਰਾਸ਼ਟਰਾਂ 'ਤੇ ਹਥਿਆਰਬੰਦੀ, ਉਪਨਿਵੇਸ਼ਾਂ ਦਾ ਤਿਆਗ, ਮਿਊਜ਼ੀਅਮਾਂ ਦੀ ਲੁੱਟ ਦੀ ਵਾਪਸੀ ਆਦਿ ਕਈ ਅਜਿਹੀਆਂ ਵਿਵਸਥਾਵਾਂ ਲੱਦ ਦਿੱਤੀਆਂ ਗਈਆਂ ਜੋ ਜੇਤੂ ਰਾਸ਼ਟਰ 'ਤੇ ਲਾਗੂ ਨਹੀਂ ਕੀਤੀਆਂ ਗਈਆਂ। ਜਰਮਨੀ ਆਗੂਆਂ 'ਤੇ ਯੁੱਧ ਅਪਰਾਧ ਦੇ ਮੁਕੱਦਮੇ ਚਲਾਏ ਗਏ ਪਰੰਤੂ ਯੁੱਧ ਦੇ ਨਿਯਮਾਂ ਦਾ ਉਲੰਘਣ ਕਰਨ ਵਾਲੇ ਮਿੱਤਰ–ਰਾਸ਼ਟਰੀ ਆਗੂਆਂ 'ਤੇ ਨਹੀਂ। ਜਰਮਨੀ ਨੂੰ ਰਾਸ਼ਟਰ–ਸੰਘ ਦੀ ਮੈਂਬਰਸ਼ਿਪ ਤੋਂ

**ਨੋਟ**

ਵੀ ਵਾਂਝਾ ਕਰ ਦਿੱਤਾ ਗਿਆ। ਵਿਲਸਨ ਦੇ 14 ਸੂਤਰ ਜਿੱਥੇ ਉਨ੍ਹਾਂ ਦੇ ਵਿਰੁੱਧ ਸਨ ਉੱਥੇ ਤਾਂ ਲਾਗੂ ਕਰ ਦਿੱਤੇ ਗਏ ਪਰੰਤੂ ਜਿੱਥੇ ਪੱਖ 'ਚ ਸਨ ਉੱਥੇ ਉਨ੍ਹਾਂ ਦੀ ਉਲੰਘਣਾ ਕਰ ਦਿੱਤੀ ਗਈ। ਜਨਰਲ ਸਮਟਸ ਅਨੁਸਾਰ ਵਰਸਾਇ ਦੀ ਸੰਧੀ ਰਾਜਨੀਤਿਕਾਂ ਦੀ ਸ਼ਾਂਤੀ ਸੀ, ਜਨਤਾ ਦੀ ਨਹੀਂ।

(vi) **ਬਦਲੇ ਦੇ ਪ੍ਰਾਚੀਨ ਸਿਧਾਂਤ 'ਤੇ ਆਧਾਰਿਤ:** ਵਰਸਾਇ ਦੀ ਸੰਧੀ ਅੰਤਰਰਾਸ਼ਟਰੀ ਸ਼ਾਂਤੀ ਦੇ ਨਵੀਨ ਸਿਧਾਂਤ 'ਤੇ ਆਧਾਰਿਤ ਨਾ ਹੋ ਕੇ ਬਦਲੇ ਦੇ ਪ੍ਰਾਚੀਨ ਸਿਧਾਂਤ 'ਤੇ ਆਧਾਰਿਤ ਸੀ।

ਇਸ ਤਰ੍ਹਾਂ ਵਰਸਾਇ ਦੀ ਸੰਧੀ 'ਚ ਕਈ ਦੋਸ਼ ਸਨ। ਇਹ ਨਾ ਸਿਰਫ਼ ਅਨਿਆਂਪੂਰਨ ਅਤੇ ਅਮਨੁੱਖੀ ਕਹੀ ਜਾਂਦੀ ਹੈ, ਸਗੋਂ ਵਿਸ਼ਵਾਸਘਾਤੀ, ਆਦਰਸ਼ਹੀਣ ਅਤੇ ਸਵਾਰਥਪੂਰਨ ਵੀ ਕਹੀ ਜਾਂਦੀ ਹੈ। ਇਸ ਦੀ ਕਠੋਰਤਾ ਨੇ ਨਾ ਸਿਰਫ਼ ਜਰਮਨੀ ਦੇ ਵਾਈਮਾਰ ਗਣਤੰਤਰ ਦੇ ਭਵਿੱਖ ਨੂੰ ਸ਼ੁਰੂ ਤੋਂ ਹੀ ਅੰਧਕਾਰਮਈ ਕਰ ਦਿੱਤਾ ਸਗੋਂ ਕਈ ਛੋਟੇ ਰਾਸ਼ਟਰਾਂ ਦੀ ਰਚਨਾ ਕਰਕੇ ਯੂਰਪ ਦੀ ਸ਼ਾਂਤੀ ਦੀ ਹੋਂਦ ਦੀ ਸੰਭਾਵਨਾ ਨੂੰ ਵੀ ਨਸ਼ਟ ਕਰ ਦਿੱਤਾ।

## 16.18 ਵਰਸਾਇ ਸੰਧੀ ਦਾ ਤਰਕ (Appropriateness of Versai Treaty)

ਜਿੱਥੇ ਕਈ ਵਿਦਵਾਨਾਂ ਨੇ ਵਰਸਾਇ ਦੀ ਸੰਧੀ ਦੀ ਕਾਫ਼ੀ ਅਲੋਚਨਾ ਕੀਤੀ ਹੈ ਮਿੱਤਰ-ਰਾਸ਼ਟਰੀ ਆਗੂਆਂ ਅਤੇ ਗੇਯੋਰਨ ਹਾਰਡੀ, ਲਿਪਸਨ, ਜੇਸਪ ਆਦਿ ਕਈ ਵਿਦਵਾਨਾਂ ਨੇ ਇਸ ਮਤ ਦਾ ਖੰਡਨ ਕੀਤਾ ਹੈ ਕਿ ਵਰਸਾਇ ਦੀ ਸੰਧੀ ਅਨਿਆਂਪੂਰਨ ਸੀ। ਇਨ੍ਹਾਂ ਵਿਦਵਾਨਾਂ ਦਾ ਪਹਿਲਾ ਤਰਕ ਇਹ ਹੈ ਕਿ ਵਰਸਾਇ ਦੀ ਸੰਧੀ 'ਚ 14 ਸੂਤਰਾਂ ਦਾ ਉਲੰਘਣ ਨਹੀਂ ਕੀਤਾ ਗਿਆ। ਗੇਯੋਰਨ ਹਾਰਡੀ ਦਾ ਮਤ ਹੈ ਕਿ ਵਿਲਸਨ ਦੇ 14 ਸੂਤਰਾਂ 'ਚ ਸਿਰਫ਼ ਚਾਰ (5ਵਾਂ, 7ਵਾਂ, 8ਵਾਂ, 13ਵਾਂ) ਹੀ ਜਰਮਨੀ ਨਾਲ ਸਬੰਧਿਤ ਸੀ ਅਤੇ ਇਨ੍ਹਾਂ ਚਾਰਾਂ ਦਾ ਪਾਲਣ ਕੀਤਾ। ਦੂਜਾ ਤਰਕ ਇਹ ਹੈ ਕਿ ਵਿਲਸਨ ਦੇ ਸਿਧਾਂਤ ਸ਼ਾਂਤੀ ਸਮਝੌਤੇ ਦੇ ਆਧਾਰ ਨਹੀਂ ਸਨ। ਮਿੱਤਰ-ਰਾਸ਼ਟਰਾਂ ਨੇ ਆਪਣੇ 5 ਨਵੰਬਰ, 1918 ਦੇ ਪੱਤਰ 'ਚ ਇਹ ਸਪੱਸ਼ਟ ਕਰ ਦਿੱਤਾ ਸੀ ਕਿ "ਸਮੁੰਦਰਾਂ ਦੀ ਅਜ਼ਾਦੀ" ਦੇ ਸਿਧਾਂਤ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ ਅਤੇ ਜਰਮਨੀ ਮਿੱਤਰ ਰਾਸ਼ਟਰਾਂ ਨੂੰ ਹੋਏ ਨੁਕਸਾਨ ਦੀ ਪੂਰਤੀ ਕਰੇਗਾ। ਤੀਜਾ ਤਰਕ ਇਹ ਸੀ ਕਿ ਵਿਲਸਨ ਦੇ ਸਿਧਾਂਤ ਪਰਸਪਰ ਵਿਰੋਧੀ ਸਨ, ਇਸ ਲਈ ਉਨ੍ਹਾਂ ਦਾ ਪੂਰਨ ਰੂਪ ਨਾਲ ਪਾਲਣ ਅਸੰਭਵ ਸੀ। ਚੌਥਾ ਤਰਕ ਇਹ ਸੀ ਕਿ ਜਰਮਨੀ ਨੇ ਖ਼ੁਦ ਰੂਸ ਦੇ ਨਾਲ 3 ਮਾਰਚ, 1918 ਨੂੰ ਕੀਤੀ ਗਈ ਵੇਸਟ ਲਿਟੋਵਸਕ ਦੀ ਸੰਧੀ ਦੇ ਦੁਆਰਾ ਬਹੁਤ ਜ਼ਿਆਦਾ ਕਠੋਰ ਅਤੇ ਅਨਿਆਂਪੂਰਨ ਵਿਵਹਾਰ ਕੀਤਾ ਸੀ, ਇਸ ਲਈ ਉਹ ਉਦਾਰ ਵਿਵਹਾਰ ਦਾ ਅਧਿਕਾਰੀ ਨਹੀਂ ਸੀ। ਪੰਜਵਾਂ ਤਰਕ ਇਹ ਸੀ ਕਿ ਜਰਮਨ ਅਧਿਨਾਇਕ ਹਿਟਲਰ ਨੇ ਨਾ ਸਿਰਫ਼ ਵਰਸਾਇ ਦੀ 'ਆਰੋਪਿਤ' ਸੰਧੀ ਦਾ ਉਲੰਘਣ ਕੀਤਾ, ਸਗੋਂ ਉਨ੍ਹਾਂ ਸੰਧੀਆਂ ਦਾ ਵੀ ਉਲੰਘਣ ਕੀਤਾ ਜੋ ਜਰਮਨੀ ਨੇ ਬਾਅਦ 'ਚ ਸਵੈ ਇੱਛਾ ਨਾਲ ਸਵੀਕਾਰ ਕੀਤੀਆਂ ਸਨ। ਉਸ ਨੂੰ ਵਿਸ਼ਵਾਸਘਾਤ ਦੀ ਦੁਹਾਈ ਦੇਣ ਦਾ ਕੋਈ ਅਧਿਕਾਰ ਨਹੀਂ ਸੀ।

ਪਰੰਤੂ ਜਿੱਥੇ ਵਰਸਾਇ ਦੀ ਸੰਧੀ ਦੇ ਪੱਖ 'ਚ ਬਹੁਤ ਕੁਝ ਕਿਹਾ ਜਾ ਸਕਦਾ ਹੈ, ਉੱਥੇ ਇਹ ਦੁਖਦ ਤੱਥ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਜਰਮਨ ਪ੍ਰਤੀਨਿਧੀਆਂ ਦੇ ਨਾਲ ਬਹੁਤ ਜ਼ਿਆਦਾ ਅਪਮਾਨਜਨਕ ਅਤੇ ਅਨਿਆਂਪੂਰਨ ਵਿਵਹਾਰ ਕੀਤਾ ਗਿਆ ਸੀ। ਜਰਮਨ ਪ੍ਰਤੀਨਿਧੀ ਮੰਡਲ ਦੇ ਆਗੂਆਂ ਵਿਦੇਸ਼ ਮੰਤਰੀ ਹਰਮਾਨ ਮੁਈਲਰ ਅਤੇ ਉਪਨਿਵੇਸ਼ ਮੰਤਰੀ ਜੋਹਾਨੇਸ ਬੇਲ ਦੇ ਨਾਂਲ ਬੰਦੀਆਂ ਵਰਗਾ ਵਿਵਹਾਰ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਪੈਰਿਸ ਦੇ ਨੇੜੇ ਵਰਸਾਇ ਦੇ ਰਾਜ-ਪ੍ਰਸਾਦ ਦੇ ਉਸੇ ਸ਼ੀਸ਼ ਮਹਿਲ 'ਚ ਸੰਧੀ 'ਤੇ ਦਸਤਖ਼ਤ ਕਰਨ ਲਈ ਮਜ਼ਬੂਰ ਕੀਤਾ ਗਿਆ, ਜਿੱਥੇ ਇਸ ਤੋਂ 50 ਸਾਲ ਪਹਿਲਾਂ ਪ੍ਰਸ਼ਾ ਦੇ ਰਾਜਾ ਨੂੰ ਜਰਮਨ ਸਮਰਾਟ ਐਲਾਨਿਆ ਸੀ। ਈ.ਐਚ. ਕਾਰ ਦੇ ਸ਼ਬਦਾਂ 'ਚ, "ਇਨ੍ਹਾਂ ਬੇਲੋੜੇ ਅਪਮਾਨਾਂ ਨਾਲ ਜਰਮਨੀ 'ਚ ਬਹੁਤ ਜ਼ਿਆਦਾ ਦੂਰਗਾਮੀ ਮਨੋਵਿਗਿਆਨਕ ਨਤੀਜੇ ਹੋਏ। ਉਨ੍ਹਾਂ ਕਾਰਨ ਆਰੋਪਿਤ ਸ਼ਾਂਤੀ ਦੀ ਧਾਰਨਾ ਨੇ ਲੋਕਾਂ ਦੇ ਮਨ 'ਚ ਘਰ ਕਰ ਲਿਆ ਅਤੇ ਜਰਮਨਾਂ 'ਚ ਇਹ ਵਿਸ਼ਵਾਸ ਆਮ ਤੌਰ 'ਤੇ ਫੈਲ ਗਿਆ ਕਿ ਉਪਰੋਕਤ ਹਾਲਾਤਾਂ 'ਚ ਜਰਮਨੀ ਤੋਂ ਕਰਵਾਏ ਗਏ ਦਸਤਖ਼ਤ ਉਸ 'ਤੇ ਨੈਤਿਕ ਤੌਰ 'ਤੇ ਬੰਧਨਕਾਰੀ ਨਹੀਂ ਹਨ।"

## 16.19 ਵਰਸਾਇ ਦੀ ਸੰਧੀ ਦੀ ਅਸਫ਼ਲਤਾ ਅਤੇ ਦੂਜਾ ਵਿਸ਼ਵਯੁੱਧ (Defeat of Versai Treaty and IInd World War)

ਵਰਸਾਇ ਦੀ ਸੰਧੀ ਦੀ ਗਣਨਾ ਵਿਸ਼ਵ ਦੀਆਂ ਸਭ ਤੋਂ ਜ਼ਿਆਦਾ ਘੱਟ ਸਫ਼ਲ ਸੰਧੀਆਂ 'ਚ ਕੀਤੀ ਜਾਂਦੀ ਹੈ। ਸਥਾਈ ਸ਼ਾਂਤੀ ਦੀ ਸਥਾਪਨਾ ਦੇ ਉਦੇਸ਼ ਨਾਲ ਕੀਤੀ ਗਈ ਇਸ ਸੰਧੀ ਦੇ ਠੀਕ 20 ਸਾਲ 2 ਮਹੀਨੇ 4 ਦਿਨ ਬਾਅਦ ਦੂਜਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਇਹ 20 ਸਾਲ ਦਾ ਸਮਾਂ ਵੀ ਯੂਰਪੀ ਇਤਿਹਾਸ ਦਾ ਇੱਕ ਬਹੁਤ ਜ਼ਿਆਦਾ ਅਸ਼ਾਂਤ ਯੁਗ ਸੀ। ਇਹ ਕਿਹਾ ਗਿਆ ਹੈ ਕਿ 1919 ਤੋਂ 1939 ਤੱਕ ਦਾ ਯੂਰਪੀ ਇਤਿਹਾਸ ਵਰਸਾਇ ਦੀ ਪ੍ਰਧਾਨ ਭੁੱਲ ਨੂੰ ਸੁਧਾਰਨ ਦੇ ਯਤਨਾਂ ਦਾ ਇਤਿਹਾਸ ਹੈ। ਅਸਲ 'ਚ ਇਸ ਸਮੇਂ 'ਚ ਵਰਸਾਇ ਦੀ ਸੰਧੀ ਦਾ ਲਗਭਗ ਪੂਰੀ ਤਰ੍ਹਾਂ ਖੰਡਨ ਹੋ ਗਿਆ, ਇਸ ਦੀਆਂ ਭੁੱਲਾਂ ਦਾ ਵੀ, ਇਸ ਦੀਆਂ ਸਫ਼ਲਤਾਵਾਂ ਦਾ ਵੀ। ਇਸ ਦੀ ਸਭ ਤੋਂ ਜ਼ਿਆਦਾ ਮਹੱਤਵਪੂਰਨ ਉਪਲਬੱਧੀ ਰਾਸ਼ਟਰ-ਸੰਘ ਦੀ ਸਥਾਪਨਾ ਸੀ। 1939 ਤੱਕ ਰਾਸ਼ਟਰ-ਸੰਘ ਇੱਕ ਪ੍ਰਭਾਵਹੀਣ ਸੰਸਥਾ ਰਹਿ ਗਿਆ। ਨੁਕਸਾਨਪੂਰਤੀ ਨਾਲ ਸਬੰਧਿਤ ਅਧਿਆਏ ਹੌਲੀ-ਹੌਲੀ ਅਸਫ਼ਲ ਹੋ ਗਿਆ। ਹਥਿਆਰਬੰਦੀ ਸਬੰਧੀ ਅਧਿਆਏ ਨੂੰ ਹਿਟਲਰ ਨੇ ਭੰਗ ਕਰ ਦਿੱਤਾ। ਮਾਰਚ, 1938 'ਚ ਆਸਟਰੀਆ ਦਾ ਜਰਮਨੀ ਦੇ ਨਾਲ ਏਕੀਕਰਨ ਕਰ ਦਿੱਤਾ। ਸਤੰਬਰ, 1938 'ਚ ਚੈਕੋਸਲੋਵਾਕੀਆ ਦਾ ਅੰਗ-ਭੰਗ ਕਰ ਦਿੱਤਾ ਅਤੇ ਮਾਰਚ 1939 'ਚ ਹਿਟਲਰ ਨੇ ਬੋਹੇਮੀਆ ਅਤੇ ਮੋਰਾਵੀਆ 'ਤੇ ਅਧਿਕਾਰ ਕਰ ਲਿਆ। ਅੰਤ 'ਚ ਜਦੋਂ ਉਸ ਨੇ ਵਰਸਾਇ ਦੀ ਸੰਧੀ ਦੀ ਪੋਲਿਸ਼ ਗਲਿਆਏ ਸੰਬੰਧੀ ਵਿਵਸਥਾਵਾਂ ਨੂੰ ਭੰਗ ਕਰਨ ਦੇ ਉਦੇਸ਼ ਨਾਲ ਪੋਲੈਂਡ 'ਤੇ ਹਮਲਾ ਕੀਤਾ ਤਾਂ ਦੂਜਾ ਵਿਸ਼ਵ ਯੁੱਧ ਛਿੜ ਗਿਆ। ਮਾਰਸ਼ਲ ਫੌਚ ਦਾ ਇਹ ਕਥਨ ਸੱਚ ਸਿੱਧ ਹੋਇਆ ਕਿ "ਇਹ (ਵਰਸਾਇ ਦੀ ਸੰਧੀ) ਸ਼ਾਂਤੀ ਨਹੀਂ ਸਗੋਂ ਵੀਹ ਸਾਲ ਦੇ ਲਈ ਯੁੱਧ-ਵਿਰਾਮ ਹੈ।"

ਨੋਟ

ਇਸ ਤਰ੍ਹਾਂ ਵਰਸਾਇ ਦੀ ਸੰਧੀ ਦੇ ਖਾਤਮੇ ਦੀ ਪ੍ਰਕਿਰਿਆ ਦਾ ਅੰਤ ਦੂਜੇ ਵਿਸ਼ਵਯੁੱਧ 'ਚ ਹੋਇਆ। ਵਰਸਾਇ ਦੀ ਸੰਧੀ ਨੂੰ ਦੂਜੇ ਵਿਸ਼ਵਯੁੱਧ ਲਈ ਜਵਾਬਦੇਹ ਮੰਨਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਸੰਧੀ ਇੰਨੀ ਅਪਮਾਨਜਨਕ ਸੀ ਕਿ ਇਸ ਨਾਲ ਜਰਨਮ ਜਨਤਾ ਦੇ ਦਿਲਾਂ 'ਚ ਬਦਲੇ ਦੀ ਜਵਾਲਾ ਭੜਕ ਪਈ। ਇਸ ਸੰਧੀ ਨਾਲ ਸਬੰਧਿਤ ਹੋਣ ਕਾਰਨ ਜਰਮਨ 'ਚ ਵਾਈਮਾਰ ਗਣਤੰਤਰ ਦਾ ਚਿਰਸਥਾਈ ਹੋਣਾ ਅਸੰਭਵ ਹੋ ਗਿਆ। ਨੁਕਸਾਨ ਪੂਰਤੀ ਦੀ ਰਕਮ ਦੀ ਬਹੁਤਾਤ ਨੇ ਜਰਮਨੀ ਅਤੇ ਯੂਰਪ ਦੀ ਅਰਥਵਿਵਸਥਾ ਨੂੰ ਤਬਾਹ ਕਰ ਦਿੱਤਾ ਅਤੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਿਸ ਨਾਲ ਹਿਟਲਰ ਦੇ ਉਦੈ ਦਾ ਰਸਤਾ ਸਾਫ਼ ਹੋ ਗਿਆ। ਇਸ ਸੰਧੀ ਨੇ ਹਥਿਆਰਬੰਦੀ ਨੂੰ ਇੱਕ ਪੱਖੀ ਬਣਾ ਕੇ ਉਸ ਦੀਆਂ ਸਫ਼ਲਤਾਵਾਂ ਦੀਆਂ ਉਮੀਦਾਂ ਨੂੰ ਖ਼ਤਮ ਕਰ ਦਿੱਤਾ। ਇਸ ਸੰਧੀ ਦੀ ਰਚਨਾ ਦੇ ਰੂਪ 'ਚ ਰਾਸ਼ਟਰ-ਸੰਘ ਸ਼ੁਰੂ ਤੋਂ ਹੀ ਇੱਕ ਕਲੰਕਿਤ ਸੰਸਥਾ ਹੋ ਗਈ ਅਤੇ ਅੰਤਰਰਾਸ਼ਟਰੀ ਸ਼ਾਂਤੀ ਨੂੰ ਚਿਰਸਥਾਈ ਬਣਾਉਣ ਦਾ ਇਹ ਯੰਤਰ ਆਪਣੀ ਉਪਯੋਗਿਤਾ ਗੁਆ ਬੈਠਾ। ਇਸ ਸੰਧੀ ਨੇ ਜਰਮਨੀ ਦੇ ਨਾਲ ਕਠੋਰ ਵਿਵਹਾਰ ਕਰਕੇ ਅਤੇ ਇਟਲੀ ਅਤੇ ਜਪਾਨ ਦੀਆਂ ਇੱਛਾਵਾਂ ਦੀ ਪੂਰਤੀ ਨਾ ਕਰਕੇ ਰੋਮ-ਬਰਲਿਨ-ਟੋਕੀਓ ਧੁਰੀ ਦੇ ਬੀਜ ਬੋ ਦਿੱਤੇ। ਇਸ ਨੇ ਯੂਰਪ 'ਚ ਆਸਟਰੀਆ, ਚੈਕੋਸਲੋਵਾਕੀਆ, ਲੈਟਵੀਆ, ਇਸਟੋਨੀਆ, ਲਿਥੂਆਨੀਆ, ਹੰਗਰੀ ਆਦਿ ਕਈ ਅਜਿਹੇ ਛੋਟੇ ਰਾਸ਼ਟਰਾਂ ਦੀ ਸ੍ਰਿਸ਼ਟੀ ਕਰ ਦਿੱਤੀ ਜੋ ਜਰਮਨ ਅਤੇ ਰੂਸ ਦੇ ਵਿਰੁੱਧ ਆਪਣੀ ਰੱਖਿਆ ਕਰਨ 'ਚ ਅਸਮਰੱਥ ਸਨ। ਇਹੀ ਅੰਤਰਰਾਸ਼ਟਰੀ ਅਸ਼ਾਂਤੀ ਦਾ ਕਾਰਨ ਬਣ ਗਏ।

ਆਪਣੇ ਕਈ ਦੋਸ਼ਾਂ ਦੇ ਬਾਵਜੂਦ ਵਰਸਾਇ ਦੀ ਸੰਧੀ ਵਿਸਵ ਦੇ ਇਤਿਹਾਸ 'ਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ। ਆਤਮਨਿਰਣੈ ਦੇ ਸਿਧਾਂਤ ਦੀ ਸਵੀਕ੍ਰਿਤੀ, ਹਥਿਆਰਬੰਦੀ ਦੀ ਲੋੜ ਦੀ ਅਨੁਭੂਤੀ ਅਤੇ ਰਾਸ਼ਟਰਸੰਘ ਦੀ ਸਥਾਪਨਾ ਇਸ ਸੰਧੀ ਦੀਆਂ ਮਹੱਤਵਪੂਰਨ ਸਫ਼ਲਤਾਵਾਂ ਸਨ। ਇਹ ਸੰਧੀ ਬਹੁਤ ਕਠੋਰ ਅਤੇ ਬਹੁਤ ਅੰਸ਼ਾਂ 'ਚ ਅਨਿਆਂਪੂਰਨ ਸੀ ਪਰੰਤੂ ਵਰਸਾਇ ਦੀ ਸੰਧੀ ਦੇ ਨਿਰਮਾਤਾਵਾਂ ਨੇ ਨਾ ਸਿਰਫ਼ ਜਰਮਨੀ ਦਾ ਖਾਤਮਾ ਕੀਤਾ ਸਗੋਂ ਆਪਣੀਆਂ ਸ਼ਰਤਾਂ ਦੀ ਕਠੋਰਤਾ ਨੂੰ ਘੱਟ ਕਰਨ ਲਈ ਦੋ ਉਪਾਵਾਂ ਦੀ ਵਿਵਸਥਾ ਵੀ ਕੀਤੀ। ਪਹਿਲਾਂ ਤਾਂ ਨੁਕਸਾਨਪੂਰਤੀ ਕਮਿਸ਼ਨ ਦੀ ਨਿਯੁਕਤੀ ਸੀ ਜੋ ਉਸ ਦੀ ਹਰਜਾਨੇ ਦੀ ਰਾਸ਼ੀ ਨੂੰ ਘੱਟ ਕਰ ਸਕਦਾ ਸੀ ਅਤੇ ਦੂਜਾ ਰਾਸ਼ਟਰ-ਸੰਘ ਸੀ ਜੋ ਉਸ ਦੇ ਅਨਿਆਂ ਨੂੰ ਹਟਾ ਸਕਦਾ ਸੀ। ਪਰੰਤੂ ਇੰਨਾ ਹੁੰਦੇ ਹੋਏ ਵੀ ਵਰਸਾਇ ਸੰਧੀ ਦੀ ਗਣਨਾ ਬੁੱਧੀਮਤਾ ਪੂਰਨ ਸ਼ਾਂਤੀ ਸੰਧੀਆਂ 'ਚ ਨਹੀਂ ਕੀਤੀ ਜਾ ਸਕਦੀ। ਇਸ ਵਿੱਚ ਕਈ ਗੰਭੀਰ ਦੋਸ਼ ਸਨ। ਉਹ ਅੰਤਰਰਾਸ਼ਟਰੀ ਸ਼ਾਂਤੀ ਅਤੇ ਸਹਿਯੋਗ ਦੇ ਆਧੁਨਿਕ ਸਿਧਾਤਾਂ ਦੇ ਅਨੁਕੂਲ ਨਹੀਂ ਸੀ। ਇਹ ਠੀਕ ਹੀ ਕਿਹਾ ਗਿਆ ਹੈ ਕਿ ਇਸ ਸੰਧੀ ਦੇ ਦੁਆਰਾ ਚਿਰਸਥਾਈ ਸ਼ਾਂਤੀ ਦੀ ਸਥਾਪਨਾ ਦਾ ਇੱਕ ਸੁਨਿਹਰੀ ਮੌਕਾ ਗੁਆ ਦਿੱਤਾ ਗਿਆ।

## 16.20 ਸਾਰਾਂਸ਼ (Summary)

ਵਾਸ਼ਿੰਗਟਨ-ਸੰਮੇਲਨ ਦਾ ਇੱਕ ਮਹੱਤਵਪੂਰਨ ਸਫ਼ਲਤਾ ਦੇ ਰੂਪ 'ਚ ਸਵਾਗਤ ਹੋਇਆ ਅਤੇ ਇਹ ਅਕਾਰਨ ਨਹੀਂ ਸੀ। ਉਸ ਦੇ ਫਲਸਰੂਪ ਪ੍ਰਸ਼ਾਂਤ ਮਹਾਂਸਾਗਰ ਦੇ ਯੁੱਧ ਤੋਂ ਪਹਿਲਾਂ ਦਾ ਸ਼ਕਤੀ ਸੰਤੁਲਨ ਮੁੜ ਸਥਾਪਿਤ ਹੋ ਗਿਆ। ਦ੍ਰਿੜ ਐਂਗਲੋ-ਅਮਰੀਕੀ ਮੋਰਚੇ ਤੋਂ ਡਰ ਕੇ ਅਤੇ ਵਿਸ਼ਵ-ਲੋਕਮਤ ਦੇ ਨੈਤਿਕ ਦਬਾਅ ਦੇ ਕਾਰਨ ਜਾਪਾਨ ਨੇ ਹਲਾਂਕਿ ਪ੍ਰਗਟ ਰੂਪ ਨਾਲ ਆਪਣੀ ਹਾਰ ਸਵੀਕਾਰ ਨਹੀਂ ਕੀਤੀ ਸੀ ਪਰ ਉਸ ਨੇ ਇੱਛਾਵਾਂ 'ਤੇ ਕਾਫ਼ੀ ਸਖ਼ਤ ਰੋਕ ਸਵੀਕਾਰ ਕਰ ਲਈ ਸੀ। ਚੀਨ ਦੀ ਮੁੱਖ ਜ਼ਮੀਨ 'ਤੇ ਯੁੱਧ ਨਾਲ ਉਸ ਨੂੰ ਜੋ ਇੱਕੋ-ਇੱਕ ਪ੍ਰਾਪਤੀ ਹੋਈ ਸੀ, ਉਸ ਦਾ ਵੀ ਤਿਆਗ ਕਰ ਦੇਣ ਲਈ ਉਸ ਨੂੰ ਰਾਜੀ ਕਰ ਲਿਆ ਗਿਆ ਸੀ। ਉਸ ਨੇ ਬ੍ਰਿਟਿਸ਼ ਸਮਾਰਾਜ ਅਤੇ ਯੂਨਾਈਟਿਡ ਸਟੇਟਸ ਦੇ ਨਾਲ ਜਲ ਸੈਨਿਕ ਸਮਾਨਤਾ ਦਾ ਦਾਅਵਾ ਕਰਨ ਦੀ ਹਿੰਮਤ ਨਹੀਂ ਕੀਤੀ ਸੀ ਅਤੇ ਉਸ ਦੇ ਆਪਣੇ ਬੇੜੇ ਦੇ ਟਨਭਾਰ (Tonnage) ਦੇ ਲਈ ਬ੍ਰਿਟਿਸ਼ ਅਤੇ ਅਮਰੀਕਨ ਟਨਭਾਰ ਦੇ 70 ਫੀਸਦੀ ਦੀ ਉਸ ਦੀ ਮੰਗ ਘੱਟ ਕਰਕੇ 60 ਫੀਸਦੀ ਕਰ ਦਿੱਤੀ ਗਈ ਸੀ। ਇਸ ਤਰ੍ਹਾਂ ਚੀਨ ਦੀ ਅਖੰਡਤਾ ਅਤੇ ਪ੍ਰਸ਼ਾਂਤ ਮਹਾਂਸਾਗਰ 'ਚ ਐਂਗਲੋ-ਅਮਰੀਕੀ ਸਮੁੰਦਰਕ ਸੱਤਾ ਲਈ ਜਾਪਾਨੀ ਖ਼ਤਰਾ ਦੂਰ ਕੀਤਾ ਜਾ ਚੁੱਕਾ ਸੀ। ਪਰ ਫਿਰ ਵੀ ਵਾਸ਼ਿੰਗਟਨ-ਸੰਧੀਆਂ ਤੋਂ ਪੈਦਾ ਇਹ ਹਾਲਾਤ ਖ਼ਤਰੇ ਤੋਂ ਖਾਲੀ ਨਹੀਂ ਸਨ ਕਿਉਂਕਿ ਉਸ ਦਾ ਆਧਾਰ ਏਸ਼ੀਆ ਦੀ ਮੁੱਖ ਜ਼ਮੀਨ 'ਤੇ ਅੱਗੇ ਵਧਣ ਦੀ ਆਪਣੀ ਨੀਤੀ ਦਾ ਜਾਪਾਨ ਵੱਲੋਂ ਅਣਇੱਛਾਪੂਰਵਕ ਤਿਆਗ ਸੀ। ਇਹ ਨਿਸ਼ਚਿਤ ਸੀ ਕਿ ਕਦੇ ਨਾ ਕਦੇ ਆਪਣੀ ਸ਼ਕਤੀ ਤੋਂ ਜਾਣੂੰ ਹੁੰਦੇ ਹੀ, ਜਾਪਾਨ ਵਾਸ਼ਿੰਗਟਨ- ਸਮਝੌਤੇ ਤੋਂ ਹੋਈ ਆਪਣੀ ਮਰਿਆਦਾ-ਹਾਨੀ ਦਾ ਵਿਰੋਧ ਜਰੂਰ ਕਰੇਗਾ। ਇਹ ਮੂਲ ਸਵਾਲ ਕਿ ਸੁਦੂਰ-ਪੂਰਵ 'ਚ ਐਂਗਲੋ-ਸੈਕਸਨ ਸੱਤਾ ਰਹੇਗੀ ਜਾਂ ਜਾਪਾਨ ਦੀ ਹੀ ਤੂਤੀ ਬੋਲੇਗੀ, ਅਜੇ ਵੀ ਅਨਿਰਣੀਤ ਸੀ। ਪਰੰਤੂ ਇਹ ਵਾਸ਼ਿੰਗਟਨ-ਸੰਮੇਲਨ ਦਾ ਹੀ ਨਤੀਜਾ ਸੀ ਕਿ ਇਹ ਸਵਾਲ ਠੀਕ ਦਸ ਸਾਲ ਤੱਕ ਮੁਲਤਵੀ ਹੀ ਰਿਹਾ।

## 16.21 ਸ਼ਬਦਕੋਸ਼ (Keywords)

1. **ਸੰਧੀ (Treaty)**– ਸਮਝੌਤਾ।
2. **ਯਥਾਸਥਿਤੀ (Status quo)**– ਸਥਿਤੀ ਜਿਵੇਂ ਹੁਣ ਹੈ।

## 16.22 ਅਭਿਆਸ ਪ੍ਰਸ਼ਨ (Review Questions)

1. ਯੂਰਪੀ ਸਮਝੌਤੇ ਦਾ ਸੰਖੇਪ 'ਚ ਵਰਣਨ ਕਰੋ।
2. 'ਵਰਸਾਇ ਸੰਧੀ' ਤੋਂ ਕੀ ਮਤਲਬ ਹੈ ? ਸਪੱਸ਼ਟ ਕਰੋ।
3. ਸੰਨ 1913 ਦਾ ਸਮਝੌਤਾ ਕੀ ਸੀ ? ਜ਼ਿਕਰ ਕਰੋ।

**ਨੋਟ**

4. ਲੋਸਾਂ ਦੀ ਸੰਧੀ ਕਿਸ ਦੇ ਨਾਲ ਹੋਈ ਸੀ ? ਇਸ ਦਾ ਸੰਖੇਪ 'ਚ ਵਰਣਨ ਕਰੋ।
5. ਪੈਰਿਸ ਦੇ ਸ਼ਾਂਤੀ-ਸੰਮੇਲਨ ਤੋਂ ਤੁਸੀਂ ਕੀ ਸਮਝਦੇ ਹੋ ? ਵਰਣਨ ਕਰੋ।
6. ਵਰਸਾਇ ਦੀ ਸੰਣੀ ਦੀ ਅਸਫ਼ਲਤਾ ਦਾ ਵਰਣਨ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. ਵਰਸਾਇ ਦੀ ਸੰਧੀ
2. ਸਾਰ (Saar)
3. ਨਵੰਬਰ, 1918 'ਚ
4. (ੳ) 28 ਜੁਲਾਈ, 1914
5. (ਅ) 11 ਨਵੰਬਰ
6. (ੳ) 28 ਜੂਨ, 1919

## 16.23 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–17: ਸਾਮਰਾਜਵਾਦ (Imperialism)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

17.1 ਸਾਮਰਾਜਵਾਦ ਦਾ ਪ੍ਰਸਾਰ (Spread of Imperialism)

17.2 ਵਿਚਾਰਾਂ ਦੇ ਖੇਤਰ 'ਚ ਕ੍ਰਾਂਤੀ (Revolution in the Field of Thoughts)

17.3 ਉਨੀਵੀਂ ਅਤੇ ਵੀਹਵੀਂ ਸ਼ਤਾਬਦੀਆਂ 'ਚ ਉਪਨਿਵੇਸ਼ਵਾਦ ਅਤੇ ਸਾਮਰਾਜਵਾਦ (Colonialism and Imperialism in 19th and 20th Centuries)

17.4 ਸਾਮਰਾਜਵਾਦ ਦੇ ਉਥਾਨ ਅਤੇ ਵਿਕਾਸ ਦੇ ਕਾਰਨ (Causes of Rising up of Imperialism and Development)

17.5 ਅਫ਼ਰੀਕਾ 'ਚ ਸਮਾਰਾਜਵਾਦ : ਅਫ਼ਰੀਕਾ ਦੀ ਵੰਡ (Imperialism in Africa : Partition of Africa)

17.6 ਲਿਓਪੋਲਡ ਦੂਜੇ ਦੁਆਰਾ ਅਫ਼ਰੀਕਾ–ਵੰਡ ਦਾ ਸੂਤਰਪਾਤ (Beginning of Africa-Partition by Leopold II)

17.7 ਸਾਰਾਂਸ਼ (Summary)

17.8 ਸ਼ਬਦਕੋਸ਼ (Keywords)

17.9 ਅਭਿਆਸ ਪ੍ਰਸ਼ਨ (Review Questions)

17.10 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਸਮਾਰਾਜਵਾਦ ਦਾ ਪ੍ਰਸਾਰ ਜਾਣਨ 'ਚ।
- ਵਿਚਾਰਾਂ ਦੇ ਖੇਤਰ' ਚ ਕ੍ਰਾਂਤੀ ਨੂੰ ਜਾਣਨ 'ਚ।
- ਅਫ਼ਰੀਕਾ 'ਚ ਸਾਮਰਾਜਵਾਦ ਨੂੰ ਜਾਣਨ 'ਚ।

## ਪ੍ਰਸਤਾਵਨਾ (Introduction)

ਇੰਗਲੈਂਡ 'ਚ ਉਦਾਰਵਾਦ ਦੇ ਅੰਤਰਗਤ ਆਰਥਿਕ ਖੇਤਰ 'ਚ ਰਾਜ ਦੇ ਦਖ਼ਲ ਦੀ ਅਦਖਲੀ ਨੀਤੀ (Laissez faire) ਦਾ ਸਿਧਾਂਤ ਵੀ ਸਵੀਕਾਰ ਕੀਤਾ ਗਿਆ ਸੀ। ਉਨੀਵੀਂ ਸ਼ਤਾਬਦੀ 'ਚ ਇਸ ਸਿਧਾਂਤ ਦਾ ਵਿਕਾਸ ਕਰਦੇ ਹੋਏ ਜਰਮਨ ਵਿਚਾਰਕ ਫਰਡੀਨੇਂਡ ਲਾਸਾਲ ਨੇ 'ਮਜ਼ਦੂਰੀ ਦੇ ਲੌਹ ਨਿਯਮ' (Iron-Law of Wages) ਦਾ ਐਲਾਨ ਕੀਤਾ ਸੀ। ਡੇਵਿਡ ਰਿਕਾਰਡੋ ਦਾ ਵੀ ਮਤ ਸੀ ਕਿ ਹਰੇਕ ਰਾਸ਼ਟਰੀ ਆਰਥਿਕ ਵਿਵਸਥਾ ਕੁਝ ਅਟਲ ਨਿਯਮਾਂ 'ਤੇ ਆਧਾਰਿਤ ਹੈ ਜਿਨ੍ਹਾਂ 'ਚੋਂ ਇੱਕ 'ਮਜ਼ਦੂਰੀ ਦਾ ਲੌਹ–ਨਿਯਮ' ਹੈ। ਇਸ ਨਿਯਮ ਦੇ ਅਨੁਸਾਰ ਮਜ਼ਦੂਰ ਲਈ ਸਿਰਫ਼ ਜੀਵਿਕਾ ਤੋਂ ਜ਼ਿਆਦਾ ਕਮਾ ਸਕਣਾ ਅਸੰਭਵ ਹੈ।

## 17.1 ਸਾਮਰਾਜਵਾਦ ਦਾ ਪ੍ਰਸਾਰ (Spread of Imperialism)

ਪੂੰਜੀਵਾਦ ਨੇ ਸਾਮਰਾਜਵਾਦ ਦੇ ਪ੍ਰਸਾਰ 'ਚ ਯੋਗਦਾਨ ਕੀਤਾ, ਪਿੱਛੜੇ ਦੇਸ਼ਾਂ ਦੀ ਆਜ਼ਾਦੀ ਨੂੰ ਨਸ਼ਟ ਕੀਤਾ। ਕਾਰਖਾਨਿਆਂ ਦੀ ਤਰੱਕੀ ਦੇ ਨਾਲ ਉਤਪਾਦਨ 'ਚ ਵਾਧਾ ਹੋਇਆ। ਛੇਤੀ ਹੀ ਉਤਪਾਦਨ ਇਨਾ ਵਧ ਗਿਆ ਕਿ ਦੇਸ਼ 'ਚ ਉਸ ਦੀ ਖ਼ਪਤ ਨਹੀਂ ਰਹੀ ਅਤੇ ਬਚੇ ਹੋਏ ਮਾਲ ਨੂੰ ਵੇਚਣ ਲਈ ਬਾਹਰ ਬਾਜ਼ਾਰ ਦੀ ਤਲਾਸ਼ ਕਰਨੀ ਪਈ। ਅੰਤਤੋਗਤਵਾ ਉਦਯੋਗਿਕ ਕ੍ਰਾਂਤੀ ਦੇ ਫ਼ਲਸਰੂਪ ਇੰਗਲੈਂਡ ਅਤੇ ਕਾਲਾਂਤਰ 'ਚ ਯੂਰਪ ਦਾ ਮਾਲ ਅਮਰੀਕਾ, ਅਫ਼ਰੀਕਾ ਅਤੇ ਏਸ਼ੀਆ ਦੇ ਬਾਜ਼ਾਰਾਂ 'ਚ ਵਿਕਣ ਲੱਗਿਆ। ਹੌਲੀ–ਹੌਲੀ ਇਨ੍ਹਾਂ ਖੇਤਰਾਂ 'ਚ ਯੂਰਪੀਅਨਾਂ ਦੇ ਉਪਨਿਵੇਸ਼ ਵਸਣ ਲੱਗੇ ਪਰੰਤੂ ਜਦੋਂ ਵੱਖ–ਵੱਖ ਯੂਰਪੀ ਦੇਸ਼ਾਂ 'ਚ ਵਿਰੋਧਤਾ ਵਧੀ ਤਾਂ ਉਪਨਿਵੇਸ਼ਾਂ

**ਨੋਟ**

’ਤੇ ਏਕਾ ਅਧਿਕਾਰ ਕਰਨ ਅਤੇ ਹੋਰ ਪ੍ਰਦੇਸ਼ਾਂ ’ਤੇ ਆਪਣਾ ਅਧਿਕਾਰ ਜਮਾਉਣ ਦਾ ਯਤਨ ਹੋਣ ਲੱਗਿਆ। ਉਨੀਵੀਂ ਸ਼ਤਾਬਦੀ ਦੇ ਉਤਰਾਰਧ ’ਚ ਯੂਰਪੀ ਰਾਜਾਂ ’ਚ ਬਹੁਤ ਭਿਆਨਕ ਔਪਨਿਵੇਸ਼ਕ ਮੁਕਾਬਲਾ ਹੋਇਆ। ਇਸ ਮੁਕਾਬਲੇ ਦੇ ਫਲਸਰੂਪ ਇੰਗਲੈਂਡ, ਫਰਾਂਸ, ਬੈਲਜੀਅਮ, ਹਾਲੈਂਡ ਆਦਿ ਨੇ ਵੱਡੇ-ਵੱਡੇ ਸਾਮਰਾਜ ਸਥਾਪਿਤ ਕਰ ਲਏ। ਇਸ ਮੁਕਾਬਲੇ ਨਾਲ ਅੰਤਰਰਾਸ਼ਟਰੀ ਮਨੋਮਾਲੀਨਿਆ ਵਧਿਆ ਅਤੇ ਯੂਰਪ ਦਾ ਅੰਤਰਰਾਸ਼ਟਰੀ ਵਾਤਾਵਰਨ ਬਹੁਤ ਜ਼ਿਆਦਾ ਅਸ਼ਾਂਤ ਹੋ ਗਿਆ।

ਨੋਟਸ ਪੂੰਜੀਵਾਦ ਨੇ ਸਾਮਰਾਜਵਾਦ ਦੇ ਪ੍ਰਸਾਰ ’ਚ ਯੋਗਦਾਨ ਕੀਤਾ ਅਤੇ ਪਿਛੜੇ ਦੇਸ਼ਾਂ ਦੀ ਅਜ਼ਾਦੀ ਨੂੰ ਨਸ਼ਟ ਕੀਤਾ।

## 17.2 ਵਿਚਾਰਾਂ ਦੇ ਖੇਤਰ ’ਚ ਕ੍ਰਾਂਤੀ (Revolution in the Field of Thoughts)

ਉਦਯੋਗਿਕ ਕ੍ਰਾਂਤੀ, ਪੂੰਜੀਵਾਦ ਦੇ ਪ੍ਰਸਾਰ ਅਤੇ ਸਾਮਰਾਜਵਾਦ ਤੋਂ ਪੈਦਾ ਨਵੀਨ ਹਾਲਾਤਾਂ ਕਾਰਨ ਵਿਚਾਰਾਂ ਦੇ ਖੇਤਰ ’ਚ ਕ੍ਰਾਂਤੀ ਆ ਗਈ। ਅਠਾਰਵੀਂ ਸ਼ਤਾਬਦੀ ’ਚ ਯੂਰਪ ’ਚ ਉਦਾਰਵਾਦ (Liberalism) ਦਾ ਪ੍ਰਚਾਰ ਸੀ, ਜਿਸ ਦਾ ਆਧਾਰ ਵਿਅਕਤਿਕ ਅਜ਼ਾਦੀ ਦਾ ਸਿਧਾਂਤ ਸੀ। ਅਠਾਰਵੀਂ ਸ਼ਤਾਬਦੀ ਦੇ ਦਾਰਸ਼ਨਿਕਾਂ ਅਤੇ ਵਿਚਾਰਕਾਂ ਨੇ ਇਸ ਨੂੰ ਜਨਮ ਦਿੱਤਾ ਸੀ ਅਤੇ 1789 ਦੀ ਫਰਾਂਸ ਦੀ ਕ੍ਰਾਂਤੀ ਨੇ ਇਸ ਦੀ ਪੁਸ਼ਟੀ ਕੀਤੀ ਸੀ। ਉਦਾਰਵਾਦ ਦਾ ਸਿਧਾਂਤ ਪ੍ਰਧਾਨਤਃ ਰਾਜਨੀਤਿਕ ਸੀ ਅਤੇ ਉਸ ਤੋਂ ਸਾਧਾਰਨ ਤੌਰ ’ਤੇ ਪੰਜ ਗੱਲਾਂ ਦਾ ਗਿਆਨ ਹੁੰਦਾ ਸੀ–

(i) ਸੰਵਿਧਾਨਿਕ ਇੱਕ ਤੰਤਰ ਅਥਵਾ ਸੰਵਿਧਾਨਵਾਦ

(ii) ਜਨਤਾ ਦਾ ਰਾਜ

(iii) ਕਾਨੂੰਨ ਦੇ ਸਾਹਮਣੇ ਸਾਰੇ ਬਰਾਬਰ

(iv) ਧਾਰਮਿਕ ਸਹਿਸ਼ਣੁਤਾ

(v) ਰਾਸ਼ਟਰੀਅਤਾ

ਅਜ਼ਾਦ ਪ੍ਰਤੀਯੋਗਤਾ ਪੂੰਜੀਵਾਦੀ ਵਿਵਸਥਾ ਦਾ ਆਧਾਰ ਸਤੰਭ ਹੈ, ਇਹ ਸਪੱਸ਼ਟ ਹੈ ਕਿ ਇਨ੍ਹਾਂ ਅਰਥਸ਼ਾਸਤਰੀਆਂ ਦੇ ਸਿਧਾਤਾਂ ਤੋਂ ਉਸ ਵਿਵਸਥਾ ਨੂੰ ਪੂਰਨ ਸਿਧਾਂਤਕ ਹਮਾਇਤ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਵੱਖ-ਵੱਖ ਤਰ੍ਹਾਂ ਦੀਆਂ ਅਜ਼ਾਦੀਆਂ ਦਾ ਉਹ ਪ੍ਰਤੀਪਾਦਨ ਕਰਦੇ ਸਨ, ਉਹ ਸਭ ਪੂੰਜੀਵਾਦ ਦੇ ਹਿੱਤ ’ਚ ਸਨ, ਜਿਸ ਨੂੰ ਅਜ਼ਾਦ ਵਪਾਰ, ਅਜ਼ਾਦ ਇਕਰਾਰ (ਜਿਸ ਦੇ ਅਨੁਸਾਰ ਪੂੰਜੀਪਤੀ ਆਪਣੀ ਇੱਛਾ ਅਨੁਸਾਰ ਮਜ਼ਦੂਰਾਂ ਨੂੰ ਨਿਯੁਕਤ ਕਰ ਸਕਦਾ ਸੀ ਅਤੇ ਕੱਢ ਸਕਦਾ ਸੀ), ਅਜ਼ਾਦ ਪ੍ਰਤੀਯੋਗਤਾ, ਸਰਕਾਰੀ ਦਖ਼ਲ ਤੋਂ ਅਜ਼ਾਦੀ (ਕਿਉਂਕਿ ਸਰਕਾਰ ਮਜ਼ਦੂਰਾਂ ਦੇ ਹਿੱਤ ’ਚ ਇਸ ਭਰਮਪੂਰਨ ਸਿਧਾਂਤ ਦੇ ਆਧਾਰ ’ਤੇ ਦਖ਼ਲ ਕਰਦੀ ਸੀ ਕਿ ਉਨ੍ਹਾਂ ਦੀ ਦੁਰਦਸ਼ਾ ਪੂੰਜੀਪਤੀਆਂ ਦੇ ਕਰੂਰ ਸਵਾਰਥ ਕਾਰਨ ਸੀ) ਆਦਿ। ਉਨੀਵੀਂ ਸ਼ਤਾਬਦੀ ਦੇ ਅੱਧ ਤੋਂ ਪਹਿਲਾਂ ਉਦਯੋਗਿਕ ਕ੍ਰਾਂਤੀ ਦੇ ਵਿਆਪਕ ਹੋ ਜਾਣ ਤੋਂ ਬਾਅਦ ਪੂੰਜੀਪਤੀਆਂ ਅਤੇ ਮੱਧਵਰਗ ਦਾ ਸਮਾਜ ’ਚ ਰੁਤਬਾ ਵਧਦਾ ਗਿਆ, ਇਸ ਦਾ ਪ੍ਰਭਾਵ ਰਾਜਨੀਤਿਕ ਖੇਤਰ ’ਚ ਦ੍ਰਿਸ਼ਟੀਗਤ ਹੋਇਆ। ਉਨ੍ਹਾਂ ਨੇ ਸਾਮੰਤਾਂ ਦੇ ਮਹੱਤਵ ਦਾ ਵਿਰੋਧ ਕੀਤਾ ਅਤੇ ਵਿਅਕਤਿਕ ਅਜ਼ਾਦੀ ਦੇ ਆਧਾਰ ’ਤੇ, ਜਿਸ ਨਾਲ ਅਸਲੀਅਤ ’ਚ ਉਨ੍ਹਾਂ ਦੀ ਅਜ਼ਾਦੀ ਦਾ ਉਦੇਸ਼ ਸੀ, ਰਾਜਨੀਤਿਕ ਸ਼ਕਤੀ ਆਪਣੇ ਹੱਥ ’ਚ ਲੈ ਲਈ ਪਰੰਤੂ ਮੱਧ ਵਰਗ ਦੇ ਇਸ ਰੁਤਬੇ ਦਾ ਵਿਰੋਧ ਤੈਅ ਸੀ। ਦਲਿਤ ਮਜ਼ਦੂਰ ਵਰਗ ਉਨ੍ਹਾਂ ਦੇ ਅੱਤਿਆਚਾਰ ਨੂੰ ਜ਼ਿਆਦਾ ਦਿਨਾਂ ਤੱਕ ਸਹਿਣ ਨਹੀਂ ਕਰ ਸਕਦਾ ਸੀ। ਹੌਲੀ-ਹੌਲੀ ਮਜ਼ਦੂਰ ਵਰਗ ਵੀ ਸੰਗਠਿਤ ਹੋਣ ਲੱਗਿਆ। ਮਜ਼ਦੂਰਾਂ ਦੀ ਦੁਰਦਸ਼ਾ ਵੱਲ ਕੁਝ ਵਿਚਾਰਕਾਂ ਨੇ ਧਿਆਨ ਕੇਂਦਰਿਤ ਕੀਤਾ ਫਲਸਰੂਪ ਮਨੁੱਖੀ ਅਜ਼ਾਦੀ ਦੇ ਮੁਕਾਬਲੇ ਸਮਾਜਵਾਦ ਦਾ ਪ੍ਰਚਾਰ ਸ਼ੁਰੂ ਹੋਇਆ।

ਕੀ ਤੁਸੀ ਜਾਣਦੇ ਹੋ? ਜਰਨਮ ਵਿਚਾਰਕ ਫਰਡੀਨੇਂਡ ਲਾਸਾਲ ਨੇ ‘ਮਜ਼ਦੂਰੀ ਦੇ ਲੌਹ ਨਿਯਮ’ ਦਾ ਐਲਾਨ ਕੀਤਾ ਸੀ।

## 17.3 ਉਨੀਵੀਂ ਅਤੇ ਵੀਹਵੀਂ ਸ਼ਤਾਬਦੀਆਂ ’ਚ ਉਪਨਿਵੇਸ਼ਵਾਦ ਅਤੇ ਸਾਮਰਾਜਵਾਦ (Colonialism and Imperialism in 19th and 20th Centuries)

ਔਪਨਿਵੇਸ਼ਿਕ ਇਤਿਹਾਸ ’ਚ 1815 ਤੋਂ ਬਾਅਦ ਔਪਨਿਵੇਸ਼ਿਕ ਉਦਾਸੀਨਤਾ ਦਾ ਅੰਤ ਹੋ ਗਿਆ। ਉਪਨਿਵੇਸ਼ਾਂ ਦੇ ਪ੍ਰਤੀ ਯੂਰਪੀ ਸ਼ਕਤੀਆਂ ਦੇ ਦ੍ਰਿਸ਼ਟੀਕੋਣ ’ਚ ਬਦਲਾਅ ਵੀ ਦ੍ਰਿਸ਼ਟੀਗਤ ਹੋਇਆ ਅਤੇ ਸਾਮਰਾਜਵਾਦ ਨੇ ਨਵਾਂ ਰੂਪ ਧਾਰਨ ਕਰ ਲਿਆ। 1880 ਤੋਂ ਅਗਲੇ 25 ਸਾਲਾਂ ’ਚ ਨਵੇਂ ਸਾਮਰਾਜਵਾਦ ਨੇ ਵਿਸ਼ੇਸ਼ ਆਕਾਰ ਗ੍ਰਹਿਣ ਕੀਤਾ ਅਤੇ ਸੰਸਾਰ ਦੇ ਅਣ ਅਧਿਕਾਰਤ ਅਤੇ ਪਿੱਛੜੇ ਹੋਏ ਪ੍ਰਦੇਸ਼ਾਂ ’ਤੇ ਅਧਿਕਾਰ ਕਰਨ ਲਈ ਯੂਰਪ ਦੀ ਮਹਾਨ ਸੱਤਾ ’ਚ ਭਿਆਨਕ ਮੁਕਾਬਲਾ ਰਿਹਾ ਜਿਸ ਦੇ ਫ਼ਲਸਰੂਪ ਉਨ੍ਹਾਂ ਨੇ ਸਮੂਹ ਅਫ਼ਰੀਕਾ ਨੂੰ ਪਰਸਪਰ ਵੰਡ ਲਿਆ ਅਤੇ ਏਸ਼ੀਆ ਦੇ ਕਈ ਪ੍ਰਦੇਸ਼ਾਂ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ਕਈ ਦੀਪਾਂ ’ਤੇ ਅਧਿਕਾਰ ਕਰ

ਨੋਟ

ਲਿਆ। ਵਿਆਪਕ ਅਰਥਾਂ 'ਚ ਸਾਮਰਾਜਵਾਦ ਤੋਂ ਮਤਲਬ ਉਸ ਪ੍ਰਕਿਰਿਆ ਤੋਂ ਹੈ ਜਦੋਂ ਇੱਕ ਦੇਸ਼ ਦੂਜੇ ਦੀਆਂ ਹੱਦਾਂ 'ਤੇ ਕਬਜਾ ਕਰਕੇ ਆਪਣੀਆਂ ਹੱਦਾਂ ਦਾ ਵਿਸਥਾਰ ਕਰਦਾ ਹੈ। ਪ੍ਰੋ. ਸ਼ੂਮੇਨ ਨੇ ਲਿਖਿਆ ਹੈ– 'ਅਧੀਨ ਦੇਸ਼ਾਂ 'ਤੇ ਸ਼ਕਤੀ ਅਤੇ ਹਿੰਸਾ ਦੇ ਦੁਆਰਾ ਵਿਦੇਸ਼ੀ ਰਾਜ ਬਣਾਏ ਰੱਖਣ ਨੂੰ ਸਾਮਰਾਜਵਾਦ ਕਹਿੰਦੇ ਹਨ।' ਪ੍ਰੋ. ਲੇਂਗਰ ਨੇ ਸਾਮਰਾਜਵਾਦ ਨੂੰ ਜ਼ਿਆਦਾ ਸਪੱਸ਼ਟ ਕਰਦੇ ਹੋਏ ਲਿਖਿਆ–"ਸਾਮਰਾਜਵਾਦ ਤੋਂ ਮਤਲਬ ਉਸ ਤੇਜ਼ ਇੱਛਾ ਤੋਂ ਹੈ ਜਿਸ ਦੇ ਕਾਰਨ ਇੱਕ ਰਾਜ ਦੇ ਲੋਕ ਰਾਜਨੀਤਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ, ਪ੍ਰਤੱਖ ਅਤੇ ਅਪ੍ਰਤੱਖ ਤੌਰ 'ਤੇ, ਕਿਸੇ ਦੂਜੇ ਸਮੂਹ ਜਾਂ ਭੂ-ਖੇਤਰ 'ਤੇ ਅਧਿਕਾਰ ਜਮਾਉਣ ਦਾ ਯਤਨ ਕਰਦੇ ਹਨ।"

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. ਔਪਨਿਵੇਸ਼ਿਕ ਇਤਿਹਾਸ 'ਚ........ ਤੋਂ ਬਾਅਦ ਔਪਨਿਵੇਸ਼ਿਕ ਉਦਾਸੀਨਤਾ ਦਾ ਅੰਤ ਹੋ ਗਿਆ।
2. ਅਜ਼ਾਦ ਪ੍ਰਤੀਯੋਗਤਾ........ ਦਾ ਆਧਾਰ ਸਤੰਭ ਹੈ।
3. ਉਦਾਰਵਾਦ ਦਾ ਸਿਧਾਂਤ ਪ੍ਰਧਾਨਤ:........ਸੀ।

## 17.4 ਸਾਮਰਾਜਵਾਦ ਦੇ ਉਥਾਨ ਅਤੇ ਵਿਕਾਸ ਦੇ ਕਾਰਨ (Causes of Rising up of Imperialism and Development)

1. **ਆਰਥਿਕ ਕਾਰਨ –** ਉਦਯੋਗਿਕ ਕ੍ਰਾਂਤੀ ਦੇ ਨਤੀਜੇ ਵਜੋਂ ਜਿਵੇਂ-ਜਿਵੇਂ ਉਦਯੋਗਾਂ ਅਤੇ ਵਪਾਰ ਦਾ ਵਿਕਾਸ ਹੋਇਆ, ਉਸੇ ਅਨੁਸਾਰ ਕੱਚੇ ਮਾਲ ਦੀ ਪ੍ਰਾਪਤੀ ਅਤੇ ਉਤਪਾਦਨ ਦੀ ਖ਼ਪਤ ਲਈ ਯੂਰਪੀ ਦੇਸ਼ਾਂ 'ਚ ਮੁਕਾਬਲੇਬਾਜੀ ਸ਼ੁਰੂ ਹੋ ਗਈ। ਇਸੇ ਮੁਕਾਬਲੇਬਾਜ਼ੀ ਦਾ ਸ਼ਿਕਾਰ ਅਫ਼ਰੀਕਾ ਮਹਾਂਦੀਪ ਅਤੇ ਏਸ਼ਿਆਈ ਖੇਤਰ ਬਣੇ। ਆਰਥਿਕ ਖੇਤਰ 'ਚ ਸਾਮਰਾਜਵਾਦੀ ਦੇਸ਼ਾਂ ਲਈ ਅਧੀਨ ਦੇਸ਼ ਜਾਂ ਉਪਨਿਵੇਸ਼ 'ਵਾਧੂ ਧਨ ਦੇ ਨਿਵੇਸ਼' ਦਾ ਕੰਮ ਵੀ ਕਰਦੇ ਸਨ। ਵਾਧੂ ਪੂੰਜੀ ਨੂੰ ਜ਼ਿਆਦਾ ਗੁਣਕਾਂ 'ਚ ਵਧਾਉਣ ਲਈ ਉਪਨਿਵੇਸ਼ ਸਹੀ ਸਾਧਨ ਸੀ। ਉਨੀਵੀਂ ਸ਼ਤਾਬਦੀ ਦਾ ਅੰਤਿਮ ਗੇੜ ਜਿਸ ਵਿੱਚ ਯੂਰਪ 'ਚ ਹਰ ਥਾਂ ਸੁਰੱਖਿਆ ਦੀ ਨੀਤੀ ਜਾਰੀ ਸੀ, ਔਪਨਿਵੇਸ਼ਿਕ ਵਿਸਥਾਰ ਦਾ ਕਾਲ ਸੀ।
2. **ਜਨਸੰਖਿਆ ਵਾਧੇ ਲਈ ਰਿਹਾਇਸ਼ ਵਪਾਰ ਦੀ ਸਹੂਲਤ –** ਯੂਰਪ ਦੇ ਦੇਸ਼ਾਂ 'ਚ ਜਨ ਸੰਖਿਆ 'ਚ ਲਾਗਾਤਾਰ ਵਾਧਾ ਹੋ ਰਿਹਾ ਸੀ। ਉਦਯੋਗੀਕਰਨ ਦੇ ਨਤੀਜੇ ਵਜੋਂ ਪਿੰਡ ਦੇ ਲੋਕ ਰੁਜ਼ਗਾਰ ਦੀ ਭਾਲ 'ਚ ਨਗਰਾਂ 'ਚ ਵਸਣ ਲੱਗੇ ਸਨ ਪਰੰਤੂ ਯੂਰਪ ਦੇ ਦੇਸ਼ ਵਧਦੀ ਹੋਈ ਆਬਾਦੀ ਲਈ ਲੋੜੀਂਦੇ ਨਹੀਂ ਸਨ ਇਸ ਲਈ ਯੂਰੋਪੀਅਨਾਂ ਨੇ ਔਪਨਿਵੇਸ਼ਿਕ, ਸਾਮਰਾਜਵਾਦ ਦਾ ਮਾਰਗ ਅਪਣਾਇਆ ਜਿੱਥੇ ਵਧੀ ਹੋਈ ਜਨਸੰਖਿਆ ਨੂੰ ਵਪਾਰ ਅਤੇ ਰਿਹਾਇਸ਼ ਪ੍ਰਾਪਤ ਹੋ ਸਕੇ।
3. **ਆਵਜਾਈ ਦੇ ਸਾਧਨਾਂ 'ਚ ਸੁਧਾਰ**–ਆਵਾਜਾਈ ਦੇ ਸਾਧਨ ਯੂਰਪੀ ਦੇਸ਼ਾਂ ਦੀ ਸਾਮਰਾਜਵਾਦੀ ਇੱਛਾਵਾਂ ਨੂੰ ਉਜਾਗਰ ਕਰਨ 'ਚ ਯਕੀਨੀ ਤੌਰ 'ਤੇ ਸਹਾਇਕ ਸਿੱਧ ਹੋਏ। ਅਫਰੀਕਾ ਅਤੇ ਏਸ਼ੀਆ 'ਚ ਯੂਰਪੀ ਉਦਯੋਗਾਂ ਦਾ ਮਾਲ ਆਵਾਜਾਈ ਦੇ ਸਾਧਨਾਂ ਦੇ ਕਾਰਨ ਪ੍ਰਚੂਰ ਮਾਤਰਾ 'ਚ ਮੁਹੱਈਆ ਹੋਣ ਲੱਗਿਆ। ਰੇਲਾਂ ਦੀ ਖੋਜ, ਮੇਕਐਡਮ ਤਰ੍ਹਾਂ ਦੀਆਂ ਸੜਕਾਂ ਅਤੇ ਭਾਫ਼ ਨਾਲ ਚੱਲਣ ਵਾਲੇ ਜਹਾਜ਼ ਆਦਿ ਉਤਪਾਦਿਤ ਮਾਲ ਦਾ ਮੰਗ ਵਾਲੇ ਸਥਾਨ ਲਈ ਮੰਗ ਦੇ ਸਮੇਂ 'ਤੇ ਨਿਰਯਾਤ ਕਰ ਸਕਦੇ ਸਨ। ਨਤੀਜੇ ਵਜੋਂ ਦੂਰ-ਦੂਰ ਦੇ ਪ੍ਰਦੇਸ਼ਾਂ 'ਤੇ ਅਧਿਕਾਰ ਕਰਨਾ ਅਤੇ ਉਨ੍ਹਾਂ 'ਤੇ ਸ਼ਾਸਨ ਕਰਨਾ ਸੌਖਾ ਹੋ ਗਿਆ ਸੀ।
4. **ਜਿੱਤ ਦੀ ਇੱਛਾ: ਉਗਰ ਰਾਸ਼ਟਰਵਾਦ**–ਰਾਸ਼ਟਰਵਾਦ ਉਨੀਵੀਂ ਸਦੀ ਦੇ ਅੰਤ 'ਚ ਉਗਰਤਾ 'ਚ ਬਦਲਣ ਲੱਗਿਆ, ਕਈ ਰਾਸ਼ਟਰ ਸਿਰਫ਼ ਆਪਣੇ-ਆਪਣੇ ਦੇਸ਼ ਦੇ ਸਵਾਰਥਾਂ ਨੂੰ ਮਹੱਤਵ ਦੇਣ ਲੱਗੇ। ਹਰੇਕ ਰਾਸ਼ਟਰ ਆਪਣੇ ਨੂੰ ਮਹਾਨ ਅਤੇ ਦੂਜੇ ਨੂੰ ਹੀਨ ਸਮਝਣ ਲੱਗਿਆ। ਕਈ ਰਾਸ਼ਟਰ ਸ਼ਕਤੀ ਦਾ ਆਧਾਰ ਸਾਮਰਾਜ ਵਿਸਥਾਰ ਨੂੰ ਸਮਝਣ ਲੱਗੇ। ਇਸ ਤਰ੍ਹਾਂ ਸ਼ਕਤੀ-ਪ੍ਰਾਪਤੀ ਅਤੇ ਜਿੱਤ ਪ੍ਰਾਪਤੀ ਦੀ ਲਾਲਸਾ ਕਾਰਨ ਹੀ ਆਧੁਨਿਕ ਸਾਮਰਾਜਵਾਦ ਦਾ ਜਨਮ ਹੋਇਆ। ਇੰਗਲੈਂਡ, ਫਰਾਂਸ ਅਤੇ ਜਰਮਨੀ ਨੇ ਸਾਮਰਿਕ ਮਹੱਤਵ ਦੇ ਕਈ ਪ੍ਰਦੇਸ਼ਾਂ 'ਤੇ ਅਧਿਕਾਰ ਸਥਾਪਿਤ ਕਰ ਲਿਆ। ਪਹਿਲੇ ਵਿਸ਼ਵਯੁੱਧ ਤੋਂ ਬਾਅਦ ਫਾਸਿਸਟਵਾਦੀਆਂ ਅਨੁਸਾਰ ਸਾਮਰਾਜਵਾਦ ਦਾ ਅਰਥ ਦੇਸ਼ ਦਾ ਵਿਸਥਾਰ ਅਤੇ ਰਾਸ਼ਟਰੀ ਓਜ ਦਾ ਪ੍ਰਗਟਾਵਾ ਬਣ ਗਿਆ। ਕਈ ਰਾਜਨੀਤਿਕਾਂ 'ਚ ਜਿਵੇਂ ਇੰਗਲੈਂਡ ਦੇ ਚੈਂਬਰਲੇਨ, ਰੋਜਬਰੀ,ਕਿਚਨਰ ਫਰਾਂਸ ਦੇ ਫੇਰੀ ਅਤੇ ਜਰਮਨ ਸਮਰਾਟ ਕੈਸਰ ਵਿਲੀਅਮ ਦੂਜੇ ਨੇ ਸਾਮਰਾਜਵਾਦ ਨੂੰ ਆਪਣੀ ਕੂਟਨੀਤੀ ਅਤੇ ਲੇਖਨ ਦੁਆਰਾ ਉਤਸ਼ਾਹਿਤ ਕੀਤਾ ਸੀ।
5. **ਸਾਮਰਾਜਵਾਦੀ ਦੇਸ਼ਾਂ ਦਾ ਪ੍ਰਚਾਰ ਤੰਤਰ–** ਯੂਰਪੀ ਦੇਸ਼ਾਂ ਦਾ ਇੱਕ ਵਰਗ ਸਾਮਰਾਜਵਾਦ ਨੂੰ ਸ਼ੋਸਣ ਨਹੀਂ ਮੰਨਦਾ ਸੀ। ਉਨ੍ਹਾਂ ਦੇ ਵਿਚਾਰ ਅਨੁਸਾਰ ਪਿੱਛੜੇ ਹੋਏ ਦੇਸ਼ਾਂ ਨੂੰ ਸੱਭਿਆ ਬਣਾਉਣ ਲਈ ਹੀ ਇਸ ਵਿਵਸਥਾ ਦਾ ਜਨਮ ਹੋਇਆ ਸੀ ਪਰੰਤੂ ਇਹ ਵਿਚਾਰ ਸਿਰਫ਼ ਢੋਂਗ ਸਨ। ਸਾਮਰਾਜਵਾਦੀ ਰਾਸ਼ਟਰਾਂ ਨੇ ਆਪਣੇ ਸਾਮਰਾਜਵਾਦੀ ਯਤਨ ਨੂੰ ਸਹੀ ਸਿੱਧ ਕਰਨ ਲਈ ਇਹ ਪ੍ਰਚਾਰ ਕਰ ਰੱਖਿਆ ਸੀ ਕਿ ਉਨ੍ਹਾਂ ਦਾ ਟੀਚਾ ਪਿੱਛੜਿਆਂ ਨੂੰ ਸੱਭਿਆ ਬਣਾਉਣਾ ਹੈ। ਸਾਮਰਾਜਵਾਦ ਦੀ ਹਮਾਇਤ 'ਚ ਪੇਸ਼ ਕੀਤੇ ਗਏ ' ਗੋਰੇ ਲੋਕਾਂ ਦੇ ਬੋਝ' (The White Men's Burden) ਦੇ ਵਿਸ਼ੇ 'ਚ ਇਹ ਕਿਹਾ ਗਿਆ ਕਿ ਸੱਭਿਆ ਅਤੇ ਵਿਕਸਿਤ ਅੰਗਰੇਜਾਂ ਨੂੰ ਪਿੱਛੜੇ ਹੋਏ ਦੇਸ਼ਾਂ ਦੇ ਲੋਕਾਂ ਨੂੰ ਪ੍ਰਗਤੀਸ਼ੀਲ, ਸੱਭਿਆ ਅਤੇ ਗਿਆਨਵਾਨ ਬਣਾਉਣਾ ਚਾਹੀਦਾ ਹੈ। ਜੂਲਸ ਫੇਰੀ ਨੇ ਕਿਹਾ ਸੀ ਕਿ ਸੱਭਿਆ ਜਾਤੀਆਂ ਦਾ ਪਰਮ ਕਰਤੱਵ ਹੈ ਕਿ ਉਹ ਪਿੱਛੜੇ ਲੋਕਾਂ ਨੂੰ ਸੱਭਿਆ ਬਣਾਉਣ। ਈਸਾਈ ਪਾਦਰੀਆਂ ਦੇ ਪੱਖ 'ਚ ਵੀ ਇਹ ਤਰਕ ਸ਼ਾਮਲ ਕੀਤਾ ਗਿਆ ਕਿ ਉਹ ਲੋਕ ਸੇਵਾ ਤੋਂ

**ਨੋਟ**

ਪ੍ਰੇਰਿਤ ਹੋ ਕੇ ਵਿਸ਼ਵ ਦੇ ਪਿੱਛੜੇ ਹੋਏ ਪ੍ਰਦੇਸ਼ਾਂ 'ਚ ਜਾਣ ਪਰੰਤੂ ਇਹ ਸਭ ਦਿਖਾਵਾ ਸੀ। ਧਰਮ-ਪ੍ਰਚਾਰਕਾਂ ਨੇ ਸ਼ਾਸਕਾਂ ਦਾ ਸਾਥ ਸਾਮਰਾਜ ਵਿਸਥਾਰ 'ਚ ਦਿੱਤਾ ਸੀ। ਲੰਦਨ ਦੀ ਧਰਮ ਪ੍ਰਚਾਰ ਕਮੇਟੀ (Missionary Society) ਨੇ ਅਫਰੀਕਾ 'ਚ ਬ੍ਰਿਟਿਸ਼ ਸਮਾਰਾਜ ਦੇ ਵਿਸਥਾਰ ਲਈ ਲਗਾਤਾਰ ਯਤਨ ਕੀਤੇ ਸਨ।

## 17.5 ਅਫਰੀਕਾ 'ਚ ਸਾਮਰਾਜਵਾਦ : ਅਫਰੀਕਾ ਦੀ ਵੰਡ (Imperialism in Africa : Partition of Africa)

ਉਨੀਵੀਂ ਸ਼ਤਾਬਦੀ ਦੇ ਯੂਰਪੀ ਸਾਮਰਾਜਵਾਦੀ ਇਤਿਹਾਸ ਦੀ ਇੱਕ ਮੁੱਖ ਵਿਸ਼ੇਸ਼ਤਾ 'ਅਫ਼ਰੀਕਾ ਦੀ ਵੰਡ' (The Partition of Africa) ਹੈ। ਉਨੀਵੀਂ ਸ਼ਤਾਬਦੀ ਦੇ ਮੱਧ ਤੱਕ ਅਫ਼ਰੀਕਾ ਮਹਾਂਦੀਪ ਦੇ ਸਬੰਧ 'ਚ ਜਾਣਕਾਰੀ ਬਹੁਤ ਘੱਟ ਸੀ ਇਸ ਲਈ ਇਸ ਨੂੰ 'ਅੰਧ ਮਹਾਂਦੀਪ' (Dark Continent) ਦੇ ਨਾਂਅ ਨਾਲ ਪੁਕਾਰਿਆ ਜਾਂਦਾ ਸੀ। ਖੋਜਕਰਤਾਵਾਂ ਨੇ, ਧਰਮ ਪ੍ਰਚਾਰਕਾਂ ਨੇ, ਰਾਸ਼ਟਰ ਦੀਆਂ ਆਰਥਿਕ ਸਾਮਰਾਜਵਾਦੀ ਇੱਛਾਵਾਂ ਨੇ (ਯੂਰਪੀਅਨ ਰਾਸ਼ਟਰਾਂ) ਅਤੇ ਦਾਸ ਵਪਾਰ ਨੇ ਅਫ਼ਰੀਕਾ ਦੇ ਵਿਸਤ੍ਰਿਤ ਭੂ-ਭਾਗ ਦੀ ਜਾਣਕਾਰੀ ਦੀਆਂ ਪਰਤਾਂ ਖੋਲੀਆਂ ਅਤੇ ਫਿਰ ਬਹੁਤ ਜ਼ਿਆਦਾ ਪੱਛੜਿਆ ਹੋਇਆ ਮਹਾਂਦੀਪ ਯੂਰਪੀ ਦੇਸ਼ਾਂ ਦੀਆਂ ਇੱਛਾਵਾਂ ਦਾ ਸ਼ਿਕਾਰ ਬਣ ਗਿਆ। ਸਵੇਜ ਨਹਿਰ ਦੇ ਨਿਰਮਾਣ ਨਾਲ ਇਹ ਖੇਤਰ ਬਹੁਤ ਜ਼ਿਆਦਾ ਮਹੱਤਵਪੂਰਨ ਹੋ ਗਿਆ।

ਅਫ਼ਰੀਕੀ ਖੋਜਕਰਤਾਵਾਂ 'ਚ ਅੰਗਰੇਜ਼, ਫਰੇਂਚ, ਪੁਰਤਗਾਲੀ, ਡਚ, ਜਰਮਨ ਅਤੇ ਬੈਲਜੀਅਮ ਦੇ ਕਈ ਖੋਜਕਰਮੀ ਸ਼ਾਮਲ ਸਨ। ਇੰਗਲੈਂਡ ਦੇ ਡੇਵਿਡ ਲਿਵਿੰਗਸਟੋਨ (David Livingstone) ਅਤੇ ਹੇਨਰੀ ਸਟੇਨਲੀ (Henry Stanley) ਦਾ ਇਨ੍ਹਾਂ ਖੋਜ ਕਰਮੀਆਂ 'ਚ ਮੋਹਰੀ ਸਥਾਨ ਹੈ। ਲਿਵਿੰਗਸਟੋਨ ਅਫ਼ਰੀਕੀ ਖੋਜ ਦੇ ਕੰਮ 'ਚ 1840 ਤੋਂ ਆਪਣੀ ਮੌਤ ਤੱਕ (1873) ਤੱਕ ਸ਼ਾਮਲ ਰਿਹਾ ਸੀ। 33 ਸਾਲਾਂ ਦੇ ਆਪਣੇ ਯਤਨਾਂ ਨਾਲ ਉਸ ਨੇ ਵਿਸ਼ਵ ਨੂੰ, ਇੱਕ ਤਰ੍ਹਾਂ ਨਾਲ ਨਵਾਂ ਮਹਾਂਦੀਪ ਜਾਣੂੰ ਕਰਵਾਇਆ। ਲਿਵਿੰਗਸਟੋਨ ਨੇ ਉਪਰੀ ਕਾਂਗਾਂ ਦੀ ਜੰਬੇਸੀ ਨਦੀ ਦੇ ਮਾਰਗ ਦਾ ਪਤਾ ਲਾਇਆ, ਟੰਗਾਨਿਕਾ ਅਤੇ ਨਿਆਸਾ ਝੀਲਾਂ ਦਾ ਨੇੜਲਾ ਖੇਤਰ ਪਤਾ ਕੀਤਾ। ਉਸ ਨੇ ਉਸ ਡੂੰਘੇ ਅਤੇ ਵਿਸਤ੍ਰਿਤ ਸਮੁੰਦਰ ਨੂੰ, ਜਿੱਥੇ ਉਸ ਸਮੇਂ ਤੱਕ ਕੋਈ ਨਹੀਂ ਜਾ ਸਕਿਆ ਸੀ, ਅਫ਼ਰੀਕਾ ਦੇ ਇੱਕ ਕਿਨਾਰੇ ਤੋਂ ਦੂਜੇ ਕਿਨਾਰੇ ਤੱਕ ਯਾਤਰਾ ਕੀਤੀ। ਬਿਨਾ ਸ਼ੱਕ ਇਹ ਭੌਗੋਲਿਕ ਖੋਜਕਰਤਾਵਾਂ 'ਚ ਸਭ ਤੋਂ ਮਹਾਨ ਸੀ। ਲਿਵਿੰਗਸਟੋਨ ਅਫ਼ਰੀਕਾ ਮਹਾਂਦੀਪ ਦੇ ਥਲਾਂ ਦੀ ਖੋਜ 'ਚ ਗੁਆਚ ਗਿਆ ਤਾਂ ਉਸ ਦਾ ਪਤਾ ਲਾਉਣ ਲਈ ਹੇਨਰੀ ਸਟੇਨਲੀ ਨੂੰ ਤਾਇਨਾਤ ਕੀਤਾ ਗਿਆ। ਸਟੇਨਲੀ ਦੀ 1874 ਤੋਂ 1878 ਤੱਕ ਦੀ ਅਫ਼ਰੀਕਾ ਦੀ ਯਾਤਰਾ ਦਾ ਵਰਣਨ ਯੂਰਪਵਾਸੀਆਂ ਦੇ ਆਕਰਸ਼ਣ ਦਾ ਵਿਸ਼ਾ ਬਣ ਗਿਆ। ਉਸਦੀਆਂ ਪੁਸਤਕਾਂ 'ਥਰੂ ਦਿ ਡਾਰਕ ਕਾਂਟੀਨੇਂਟ' (Through the Dark Continent) ਅਤੇ 'ਹਊ ਆਈ ਫਾਓਂਡ ਲਿਵਿੰਗਸਟੋਨ' (How I Found Livingstone) ਤੋਂ ਯੂਰਪੀ ਲੋਕਾਂ ਨੂੰ ਅਫ਼ਰੀਕਾ ਮਹਾਂਦੀਪ ਦੀ ਵਿਸ਼ੇਸ਼ ਜਾਣਕਾਰੀ ਪ੍ਰਾਪਤ ਹੋਈ।

ਇਸੇ ਤਰ੍ਹਾਂ ਉਦਯੋਗਿਕ ਕ੍ਰਾਂਤੀ ਦੇ ਕਾਰਨ ਜਿੱਥੇ ਕਲ-ਕਾਰਖਾਨਿਆਂ ਦਾ ਵਿਸਥਾਰ ਹੋਇਆ ਸੀ ਉੱਥੇ ਵਪਾਰ 'ਚ ਵਾਧੇ ਲਈ ਨਵੀਨ ਖੇਤਰਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਇਸ ਦੇ ਲਈ ਅਫ਼ਰੀਕਾ ਦੇ ਖੇਤਰ ਜਿੱਥੇ ਅਜੇ ਤੱਕ ਕਿਸੇ ਰਾਸ਼ਟਰ ਦੀ ਪਹੁੰਚ ਨਹੀਂ ਹੋਈ ਸੀ, ਮਹੱਤਵਪੂਰਨ ਸਮਝੇ ਜਾ ਰਹੇ ਸਨ। ਅਫ਼ਰੀਕਾ ਪ੍ਰਦੇਸ਼ਾਂ ਦੇ ਪਿੱਛੜੇਪਣ ਦੇ ਕਾਰਨ ਹੀ ਯੂਰਪ ਦੇ ਸਾਮਰਾਜਵਾਦੀ ਦੇਸ਼ ਉੱਥੇ ਆਪਣੇ-ਆਪਣੇ ਉਪਨਿਵੇਸ਼ਾਂ ਦੀ ਸਥਾਪਨਾ ਕਰਨ ਲੱਗੇ। ਇਸ ਸੰਦਰਭ 'ਚ ਡੇਰੀ ਅਤੇ ਜਾਰਮੇਨ ਦਾ ਕਥਨ ਤਰਕਸੰਗਤ ਹੈ-" ਅਫ਼ਰੀਕਾ ਦੀ ਖੋਜ ਨੂੰ ਆਧੁਨਿਕ ਸਾਮਰਾਜਵਾਦ ਦੀ ਮਹਾਨ ਉਪਲਬੱਧੀ ਕਿਹਾ ਜਾ ਸਕਦਾ ਹੈ। ਇਸ ਕੰਮ 'ਚ ਖੋਜਕਰਤਾਵਾਂ, ਵਪਾਰੀਆਂ, ਧਰਮ-ਪ੍ਰਚਾਰਕਾਂ ਅਤੇ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਹਿੱਸਾ ਲਿਆ ਸੀ।" ਹੌਲੀ-ਹੌਲੀ ਯੂਰਪੀ ਦੇਸ਼ਾਂ 'ਚ ਅਫ਼ਰੀਕੀ ਮਹਾਂਦੀਪ ਨੂੰ ਆਪਣੇ-ਆਪਣੇ ਸੁਵਿਧਾ ਖੇਤਰਾਂ 'ਚ ਵੰਡ ਲਿਆ।

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ........ਦੇ ਸ਼ਾਸਕ ਲਿਓਪੋਲਡ ਦੂਜੇ ਨੇ ਅਫ਼ਰੀਕਾ-ਵੰਡ 'ਚ ਵਿਸ਼ੇਸ਼ ਰੁਚੀ ਪ੍ਰਦਰਸ਼ਿਤ ਕੀਤੀ ਸੀ।

   (ੳ) ਬੈਲਜੀਅਮ (ਅ) ਫਰਾਂਸ

   (ੲ) ਰੂਸ (ਸ) ਅਮਰੀਕਾ

5. .......... ਦੀ ਵੰਡ 'ਚ ਇੰਗਲੈਂਡ ਨੂੰ ਸਭ ਤੋਂ ਜ਼ਿਆਦਾ ਖੇਤਰ ਪ੍ਰਾਪਤ ਹੋਏ ਸਨ।

   (ੳ) ਅਲਜੀਰੀਆ (ਅ) ਅਫ਼ਰੀਕਾ

   (ੲ) ਬੈਲਜੀਅਮ (ਸ) ਫਰਾਂਸ

6. ......... 'ਚ ਸਵੇਜ ਨਹਿਰ ਦੇ ਨਿਰਮਾਣ ਨਾਲ ਮਿਸਰ ਦਾ ਮਹੱਤਵ ਵਧ ਗਿਆ ਸੀ।

   (ੳ) 1569 (ਅ) 1669

   (ੲ) 1769 (ਸ) 1869

ਨੋਟ

## 17.6 ਲਿਓਪੋਲਡ ਦੂਜੇ ਦੁਆਰਾ ਅਫ਼ਰੀਕਾ-ਵੰਡ ਦਾ ਸੂਤਰਪਾਤ (Beginning of Africa-Partition by Leopold II)

ਬੈਲਜੀਅਮ ਦੇ ਸ਼ਾਸਕ ਲਿਓਪੋਲਡ ਦੂਜੇ ਨੇ ਅਫ਼ਰੀਕਾ-ਵੰਡ 'ਚ ਵਿਸ਼ੇਸ਼ ਰੁਚੀ-ਪ੍ਰਦਰਸ਼ਿਤ ਕੀਤੀ ਸੀ। ਉਸ ਨੇ ਅਫ਼ਰੀਕਾ ਦੇ ਵਿਸ਼ੇ 'ਚ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ 1876 'ਚ ਬਰੂਸੇਲਸ 'ਚ ਇੱਕ ਸੰਮੇਲਨ ਕਰਵਾਇਆ, ਜਿਸ ਵਿੱਚ "ਅੰਤਰਰਾਸ਼ਟਰੀ ਅਫ਼ਰੀਕੀ ਸੰਘ" ਦੀ ਸਥਾਪਨਾ ਕੀਤੀ ਗਈ ਸੀ। ਇਸ ਸੰਘ ਦਾ ਪ੍ਰਧਾਨ ਖੁਦ ਲਿਓਪੋਲਡ ਦੂਜਾ ਬਣਿਆ ਸੀ। ਉਸ ਨੇ ਸਟੇਨਲੀ ਦੀ ਸਹਾਇਤਾ ਨਾਲ 1878 'ਚ 'ਅੰਤਰਰਾਸ਼ਟਰੀ ਕਾਂਗੋਸੰਘ' ਦੀ ਸਥਾਪਨਾ ਕੀਤੀ ਸੀ। ਇਸ ਸੰਘ ਨੇ ਅਫ਼ਰੀਕਾ ਦੇ ਸਰਦਾਰਾਂ ਨਾਲ ਲਗਭਗ 400 ਸੰਧੀਆਂ ਕਰਕੇ ਘੱਟ ਕੀਮਤ 'ਤੇ ਵਿਸ਼ੇਸ਼ ਭੂ-ਭਾਗ ਪ੍ਰਾਪਤ ਕਰ ਲਏ। ਲਿਓਪੋਲਡ ਦੂਜਾ 1885 'ਚ 'ਕਾਂਗੋ ਆਜ਼ਾਦ ਰਾਜ' (Congo Free State) ਦਾ, ਜਿਸ ਵਿੱਚ ਲਗਭਗ 14 ਲੱਖ ਵਰਗ ਕਿ.ਮੀ. ਭੂ-ਖੇਤਰ ਅਤੇ ਰਬੜ ਅਤੇ ਹਾਥੀ ਦੰਤ ਵਰਗੀਆਂ ਬਹੁ ਕੀਮਤੀ ਜਾਇਦਾਦ ਵਾਲੇ ਖੇਤਰ ਸਨ, ਖੁਦ ਰਾਜਾ ਬਣ ਗਿਆ। ਲਿਓਪੋਲਡ ਦੂਜੇ ਨੂੰ ਇਸ ਤੋਂ 2 ਕਰੋੜ ਡਾਲਰ ਦਾ ਲਾਭ ਹੋਇਆ। ਜੇਕਰ 1884-85 ਦੀ ਬਰਲਿਨ ਸਭਾ 'ਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਕਾਂਗੋ ਰਾਜ 'ਚ ਸਾਰੇ ਰਾਸ਼ਟਰ ਬਰਾਬਰ ਅਧਿਕਾਰ ਦੇ ਨਾਲ ਵਪਾਰ ਕਰ ਸਕਣਗੇ, ਪਰੰਤੂ ਇਸ ਦੇ ਪੂਰੇ ਅਧਿਕਾਰ ਲਿਓਪੋਲਡ ਦੂਜੇ ਨੂੰ ਹੀ ਪ੍ਰਾਪਤ ਰਹੇ। 1885 ਤੋਂ 1908 ਤੱਕ ਬੈਲਜੀਅਮ ਅਤੇ ਕਾਂਗੋ ਦੋਵੇਂ ਰਾਜਾਂ ਦਾ ਉਹੀ ਸ਼ਾਸਕ ਸੀ। ਇੱਕ ਤਰ੍ਹਾਂ ਨਾਲ ਕਾਂਗੋ ਰਾਜ ਕੋਈ ਅਜ਼ਾਦ ਰਾਜ ਨਹੀਂ ਸੀ ਸਗੋਂ ਲਿਓਪੋਲਡ ਦੂਜੇ ਦੀ ਵਿਅਕਤੀਗਤ ਜਾਇਦਾਦ ਦੇ ਬਰਾਬਰ ਸੀ। 1908 'ਚ ਜਨਤਾ ਦੀ ਆਵਾਜ਼ 'ਤੇ ਕਾਂਗੋ ਰਾਜ ਬੈਲਜੀਅਮ ਦਾ ਉਪਨਿਵੇਸ਼ ਐਲਾਨ ਕੀਤਾ ਗਿਆ ਸੀ।

**ਪੁਰਤਗਾਲ ਦੇ ਉਪਨਿਵੇਸ਼**- 'ਕਾਂਗੋ ਅਜ਼ਾਦ ਰਾਜ' ਦੀ ਨਕਲ 'ਤੇ ਯੂਰਪ ਦੇ ਰਾਸ਼ਟਰਾਂ 'ਚ ਅਫ਼ਰੀਕਾ ਦੇ ਭੂ-ਭਾਗ ਪ੍ਰਾਪਤ ਕਰਨ ਲਈ ਤੇਜ਼ ਮੁਕਾਬਲਾ ਸ਼ੁਰੂ ਹੋਇਆ। ਪੁਰਤਗਾਲ ਨੇ ਅੰਗੋਲਾ ਦਾ ਖੇਤਰ ਜੋ ਕਾਂਗੋ ਦੇ ਨੇੜੇ ਸੀ, ਅਧਿਕਾਰ ਹੇਠ ਕਰ ਲਿਆ। ਉਸ ਨੇ ਅਫ਼ਰੀਕਾ 'ਚ ਦੱਖਣੀ-ਪੂਰਬ ਦੇ ਖੇਤਰ ਮੋਜ਼ਮਬੀਕ ਅਤੇ ਉਸ ਦੇ ਨੇੜਲੇ ਪ੍ਰਦੇਸ਼ ਨੂੰ ਅਧਿਕਾਰ ਹੇਠ ਕਰਕੇ 'ਪੁਰਤਗਾਲੀ ਪੂਰਬੀ ਅਫ਼ਰੀਕਾ' ਦਾ ਨਾਮ ਦਿੱਤਾ।

**ਫਰਾਂਸ ਦੇ ਉਪਨਿਵੇਸ਼**- ਅਫ਼ਰੀਕਾ ਵੰਡ 'ਚ ਫਰਾਂਸ ਦੀ ਹਿੱਸੇਦਾਰੀ ਵੀ ਬਹੁਤ ਜ਼ਿਆਦਾ ਸੀ। 1882 'ਚ ਫਰਾਂਸ ਨੇ ਪੂਰੇ ਅਲਜੀਰੀਆ 'ਤੇ ਅਧਿਕਾਰ ਕਰ ਲਿਆ, ਇਸ ਉਪਨਿਵੇਸ਼ ਨਾਲ ਫਰਾਂਸ ਨੂੰ ਬਹੁਤ ਜ਼ਿਆਦਾ ਵਪਾਰਕ ਲਾਭ ਹੋਇਆ ਸੀ। ਇਸ ਉਪਨਿਵੇਸ਼ (ਅਲਜੀਰੀਆ) ਤੋਂ ਪਹਿਲੇ ਟਿਊਨਿਸ 'ਤੇ ਫਰਾਂਸ ਨੇ 12 ਮਈ, 1881 ਦੀ ਬੋਰਡੋ ਸੰਧੀ ਦੁਆਰਾ ਅਧਿਕਾਰ ਸਥਾਪਤ ਕਰ ਲਿਆ ਸੀ। ਫਰਾਂਸ ਦੇ ਖੋਜਕਰਤਾ ਬ੍ਰਾਜਾ ਨੇ ਕਾਂਗੋ ਨਦੀ ਦੇ ਉਤਰ 'ਚ ਫਰਾਂਸ ਲਈ ਉਪਨਿਵੇਸ਼ ਪ੍ਰਾਪਤ ਕਰਨ 'ਚ ਸਹਿਯੋਗ ਕੀਤਾ ਜਿਸ ਨੂੰ 'ਫਰਾਂਸੀਸੀ ਕਾਂਗੋ' ਕਿਹਾ ਗਿਆ ਸੀ। ਫਰਾਂਸ ਨੇ ਪੱਛਮੀ ਅਫਰੀਕਾ 'ਚ ਵੀ ਆਪਣੇ ਸਾਮਰਾਜ ਦਾ ਵਿਸਥਾਰ ਕੀਤਾ। 1900 ਦੇ ਲਗਭਗ ਪੱਛਮੀ ਅਫ਼ਰੀਕਾ ਦੇ ਕਈ ਪ੍ਰਦੇਸ਼ (ਸੇਨੇਗਲ, ਗਿਨੀ, ਆਇਵਰੀ ਕੋਸਟ, ਦਾਹੋਮੋ, ਮੋਰਤਾਨੀਆ, ਫਰੈਂਚ ਸੂਡਾਨ, ਵੋਲਟਾ, ਨਾਈਜਰ ਖੇਤਰ) ਫਰਾਂਸੀਸੀ ਪ੍ਰਭਾਵ 'ਚ ਆ ਗਏ। ਫਰਾਂਸੀਸੀਆਂ ਨੇ ਇਨ੍ਹਾਂ ਸਾਰੇ ਔਪਨਿਵੇਸ਼ਿਕ ਖੇਤਰਾਂ ਦਾ ਡਟ ਕੇ ਸ਼ੋਸ਼ਣ ਕੀਤਾ। 1912 'ਚ ਅਫ਼ਰੀਕਾ ਦੇ ਉੱਤਰੀ ਤਟ 'ਤੇ ਸਥਿਤ ਮੋਰੱਕੋ ਵੀ ਫਰਾਂਸ ਦਾ ਸੁਰੱਖਿਅਤ ਰਾਜ ਬਣ ਗਿਆ। ਇੰਗਲੈਂਡ, ਫਰਾਂਸ, ਇਟਲੀ, ਜਰਮਨ ਆਦਿ ਦੇ ਮੱਧ ਅਫ਼ਰੀਕਾ ਦੇ ਪ੍ਰਦੇਸ਼ਾਂ ਦੇ ਵੰਡ ਕਰਕੇ ਆਪਸੀ ਸਮਝੌਤੇ ਵੀ ਪੂਰੇ ਹੋਏ, ਇਨ੍ਹਾਂ ਸਮਝੌਤਿਆਂ ਦੇ ਨਤੀਜੇ ਵਜੋਂ ਫਰੈਂਚ ਕਾਂਗੋ ਦਾ ਇੱਕ ਲੱਖ ਵਰਗ ਕਿ.ਮੀ. ਦੇ ਲਗਭਗ ਦਾ ਪ੍ਰਦੇਸ਼ ਜਰਮਨੀ ਨੂੰ ਪ੍ਰਾਪਤ ਹੋਇਆ। 1899 ਦੇ ਸਮਝੌਤੇ ਦੇ ਅਨੁਸਾਰ ਸੂਡਾਨ ਦਾ ਜੋ ਹਿੱਸਾ ਮਿਸਰ ਦਾ ਸੀ, ਬ੍ਰਿਟੇਨ ਨੂੰ ਪ੍ਰਾਪਤ ਹੋਇਆ ਸੀ। ਮੱਧ ਅਤੇ ਪੱਛਮੀ ਸੂਡਾਨ ਫਰਾਂਸ ਨੂੰ ਮਿਲਿਆ ਸੀ।

**ਇੰਗਲੈਂਡ ਦੇ ਉਪਨਿਵੇਸ਼**-ਅਫ਼ਰੀਕਾ ਦੀ ਵੰਡ 'ਚ ਇੰਗਲੈਂਡ ਨੂੰ ਸਭ ਤੋਂ ਜ਼ਿਆਦਾ ਖੇਤਰ ਪ੍ਰਾਪਤ ਹੋਏ ਸਨ। ਉਸ ਦੇ ਕੋਲ ਪੂਰੇ ਮਹਾਂਦੀਪ ਦਾ ਲਗਭਗ ਇੱਕ ਤਿਹਾਈ ਖੇਤਰ ਆ ਗਿਆ ਸੀ। 1869 'ਚ ਸਵੇਜ ਨਹਿਰ ਦੇ ਨਿਰਮਾਣ ਨਾਲ ਮ੍ਰਿਸ ਦਾ ਮਹੱਤਵ ਵੱਧ ਗਿਆ ਸੀ, ਸਵੇਜ ਨਹਿਰ ਦੇ ਨਿਰਮਾਣ ਦਾ ਅਧਿਕਾਰ ਫਰਾਂਸ ਦੀ ਕੰਪਨੀ ਨੂੰ ਪ੍ਰਾਪਤ ਸੀ। ਅਤੇ ਫਰਾਂਸ ਦੀ ਦ੍ਰਿਸ਼ਟੀ ਮਿਸ੍ਰ ਉੱਤੇ ਸੀ, ਪ੍ਰੰਤੂ ਇੰਗਲੈਂਡ ਦੀ ਮਹੱਤਤਾ ਮਿਸ੍ਰ ਵਿੱਚ ਅਗਰਸਾਰਿਤ ਸੀ ਅਤੇ 1869 ਵਿੱਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਡਿਜਰਾਇਲੀ ਨੇ ਮਿਸਰ ਦੇ ਪਾਸ਼ਾ ਤੋਂ ਸਵੇਜ ਨਹਿਰ ਦੇ ਸ਼ੇਅਰ ਖਰੀਦ ਲਏ। ਇੱਥੋਂ ਦਾ ਪਾਸ਼ਾ ਖਦੀਵ ਇਸਮਾਈਲ ਦਾ ਪ੍ਰਸ਼ਾਸਨ ਖਰਚੀਲਾ, ਭ੍ਰਿਸ਼ਟ ਅਤੇ ਅੱਤਿਆਚਾਰੀ ਸੀ। ਕਮਜ਼ੋਰ ਅਰਥਵਿਵਸਥਾ ਦੇ ਕਾਰਨ ਮਿਸਰ 'ਚ ਵਿਦੇਸ਼ੀ ਪ੍ਰਭਾਵ ਵਧ ਰਿਹਾ ਸੀ, ਅਜਿਹੀ ਸਥਿਤੀ 'ਚ ਇੰਗਲੈਂਡ ਨੇ ਸੈਨਿਕ ਦਖ਼ਲ ਦੁਆਰਾ 13 ਸਤੰਬਰ, 1882 ਨੂੰ ਤੇਲ-ਅਲ-ਕਬੀਰ ਦੀ ਲੜਾਈ 'ਚ ਅਰਬੀ ਪਾਸ਼ਾ ਨੂੰ ਹਰਾ ਕੇ ਮਿਸਰ 'ਤੇ ਅਧਿਕਾਰ ਕਰ ਲਿਆ। ਫਰਾਂਸ ਨੇ 1904 ਦੇ ਇੱਕ ਸਮਝੌਤੇ ਦੇ ਦੁਆਰਾ ਇੰਗਲੈਂਡ ਦੇ ਪ੍ਰਭਾਵ ਨੂੰ ਮਾਨਤਾ ਦੇ ਦਿੱਤੀ। ਇਸ ਤਰ੍ਹਾਂ ਪਹਿਲੇ ਮਹਾਂਯੁੱਧ ਤੱਕ (1914) ਮਿਸਰ ਨੂੰ ਅਜਾਦੀ ਦੇ ਦਿੱਤੀ ਪਰੰਤੂ ਸਵੇਜ 'ਤੇ ਉਸ ਦੇ ਅਧਿਕਾਰ ਬਣੇ ਰਹੇ। ਸੂਡਾਨ 'ਤੇ 1899 ਦੇ ਸਮਝੌਤੇ ਦੇ ਅਨੁਸਾਰ ਫਰਾਂਸ, ਇੰਗਲੈਂਡ ਦੋਵਾਂ ਦਾ ਅਧਿਕਾਰ ਸਵੀਕਾਰ ਕਰ ਲਿਆ ਗਿਆ ਸੀ। ਪੂਰਬੀ ਅਫਰੀਕਾ 'ਚ ਇੰਗਲੈਂਡ ਨੂੰ ਯੁਗਾਂਡਾ ਅਤੇ ਸੋਮਾਲੀਲੈਂਡ ਦੇ ਕੁਝ ਖੇਤਰ ਅਤੇ 1890 'ਚ ਜੰਜੀਬਾਰ ਦੇ ਉਪਨਿਵੇਸ਼ ਮਿਲ ਗਏ ਸਨ। ਪੱਛਮੀ ਅਫ਼ਰੀਕਾ 'ਚ ਉਸ ਨੂੰ ਨਾਈਜੀਰੀਆ, ਗੋਲਡ-ਕੋਸਟ, ਸਾਇਰਾਲਿਓਨ ਅਤੇ ਗੈਂਬੀਆ ਆਦਿ 'ਤੇ ਅਧਿਕਾਰ ਪ੍ਰਾਪਤ ਹੋ ਗਿਆ ਸੀ। ਦੱਖਣੀ ਅਫਰੀਕਾ 'ਚ ਬ੍ਰਿਟੇਨ ਨੇ 1814 'ਚ ਕੇਪਕਾਲੋਨੀ ਹਾਲੈਂਡ ਤੋਂ ਖਰੀਦ ਲਿਆ ਸੀ। 1824-1843 ਦੇ ਯਤਨਾਂ 'ਚ ਇੰਗਲੈਂਡ ਨੂੰ ਨੇਟਾਲ 'ਤੇ ਅਧਿਕਾਰ ਪ੍ਰਾਪਤ ਹੋ ਗਿਆ ਸੀ। ਦੱਖਣੀ ਅਫ਼ਰੀਕਾ 'ਚ ਟਰਾਂਸਵਾਲ 'ਤੇ ਅਧਿਕਾਰ ਪ੍ਰਾਪਤ ਕਰਨ ਲਈ ਇੰਗਲੈਂਡ ਨੂੰ ਭਿਆਨਕ ਸੰਘਰਸ਼ 'ਚੋਂ ਲੰਘਣਾ ਪਿਆ ਸੀ। 1902 ਦੀ ਨੇਰੀਨਾਇੰਗ ਦੀ ਸੰਧੀ ਦੇ ਦੁਆਰਾ ਬੋਅਰ ਯੁੱਧ ਤੋਂ ਬਾਅਦ ਟਰਾਂਸਵਾਲ 'ਤੇ ਇੰਗਲੈਂਡ ਦਾ ਅਧਿਕਾਰ ਸਥਾਪਿਤ ਹੋ ਗਿਆ ਸੀ। ਅੰਗਰੇਜ਼ ਸੇਸਿਲ ਰੋਡਜ਼ ਨੇ ਅਫਰੀਕਾ 'ਚ ਬ੍ਰਿਟਿਸ਼ ਸਾਮਰਾਜ ਦੇ ਵਿਸਥਾਰ 'ਚ ਬਹੁਤ ਜ਼ਿਆਦਾ ਯੋਗਦਾਨ ਦਿੱਤਾ ਸੀ। ਉਸ ਦੇ ਨਾਮ 'ਤੇ ਇੱਕ ਅਫਰੀਕੀ ਉਪਨਿਵੇਸ਼ ਦਾ ਨਾਮ ਰੋਡੇਸ਼ੀਆ ਰੱਖਿਆ ਗਿਆ ਜਿਸ ਨੂੰ ਜ਼ਿੰਬਾਬਵੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਬੇਚੂਆਨਾ ਲੈਂਡ, ਰੋਡੇਸ਼ੀਆ, ਸਵਾਜੀਲੈਂਡ, ਬਸੂਟੋਲੈਂਡ 'ਤੇ ਬ੍ਰਿਟਿਸ਼ ਰਾਜ ਸਥਾਪਿਤ ਹੋ ਗਿਆ ਸੀ।

**ਨੋਟ**

**ਜਰਮਨੀ ਦੇ ਉਪਨਿਵੇਸ਼**–1880 ਤੋਂ ਬਾਅਦ ਆਪਣੇ ਉਦਯੋਗਿਕ ਅਤੇ ਆਰਥਿਕ ਵਿਕਾਸ ਦੇ ਕਾਰਨ ਜਰਮਨੀ ਵੀ ਉਪਨਿਵੇਸ਼ ਪ੍ਰਾਪਤ ਕਰਨ ਲਈ ਪ੍ਰਤਿਦੁਅੰਦੀ ਬਣਿਆ। ਸਭ ਤੋਂ ਪਹਿਲਾਂ ਜਰਮਨੀ ਨੇ ਟੋਗੋਲੈਂਡ ਨਾਂਅ ਦੇ ਪ੍ਰਦੇਸ਼ ਸੁਰੱਖਿਆ ’ਚ ਲੈ ਕੇ ਉਪਨਿਵੇਸ਼ ਪ੍ਰਾਪਤੀ ਦਾ ਖਾਤਾ ਖੋਲਿਆ। ਇਸ ਤੋਂ ਬਾਅਦ ਕੇਮਰੂਨ, 1884 ’ਚ ਜੰਜੀਬਾਰ ਅਤੇ ਉਸ ਦੇ ਨੇੜਲੇ ਖੇਤਰ ’ਤੇ ਅਧਿਕਾਰ ਕਰ ਲਿਆ। ਇਹ ‘ਜਰਮਨ ਪੂਰਬੀ ਅਫ਼ਰੀਕਾ’ ਦੇ ਨਾਮ ਨਾਲ ਪ੍ਰਸਿੱਧ ਰਿਹਾ। 1890 ’ਚ ਜਰਮਨੀ ਨੇ ਇਹ ਪ੍ਰਦੇਸ਼ ਇੰਗਲੈਂਡ ਨੂੰ ਦੇ ਕੇ ਹੈਲੀਗੋਲੈਂਡ ਦਾ ਦੀਪ ਪ੍ਰਾਪਤ ਕੀਤਾ ਸੀ।

**ਇਟਲੀ ਦੇ ਉਪਨਿਵੇਸ਼**–1870 ਤੋਂ ਬਾਅਦ ਇਟਲੀ ਦੀ ਇੱਛਾ ਸਾਮਰਾਜ ਵਿਸਥਾਰ ਦੇ ਖੇਤਰ ’ਚ ਨਿਰਦੇਸ਼ਿਤ ਹੋਈ ਸੀ। 1882 ’ਚ ਇਟਲੀ ਨੇ ਐਰੀਟੀਰੀਆ ਅਤੇ ਕੁਝ ਸਮੇਂ ਤੋਂ ਬਾਅਦ ਸੋਮਾਲੀਲੈਂਡ ਦਾ ਖੇਤਰ ਅਧਿਕਾਰ ਹੇਠ ਕਰ ਲਿਆ ਸੀ। 1912 ’ਚ ਇਟਲੀ ਨੇ ਟ੍ਰਿਪੋਲੀ ਅਤੇ ਸਿਰੇਨਿਕਾ ਦੇ ਉਪਨਿਵੇਸ਼ ਪ੍ਰਾਪਤ ਕਰ ਲਏ ਸਨ।

ਅਫ਼ਰੀਕਾ ਦੀ ਵੰਡ ਦੀ ਮੁੱਖ ਵਿਸ਼ੇਸ਼ਤਾ ਇਸ ਤੱਥ ’ਚ ਹੈ ਕਿ ਵੰਡ ਨੂੰ ਲੈ ਕੇ ਰਾਸ਼ਟਰਾਂ ’ਚ ਆਪਸੀ ਤਣਾਅ ਤਾਂ ਦਿਖਾਈ ਪਿਆ ਅਤੇ ਸਥਾਨਕ ਸੰਘਰਸ਼ ਹੋਏ ਪਰੰਤੂ ਕੋਈ ਵੱਡੇ ਯੁੱਧ ਨਹੀਂ ਹੋਇਆ। ਬੇਸ਼ੱਕ, ਉਨੀਵੀਂ ਸ਼ਤਾਬਦੀ ਦੇ ਅੰਤ ਅਤੇ ਵੀਹਵੀਂ ਸ਼ਤਾਬਦੀ ਦੇ ਸ਼ੁਰੂ ਦੀ ਇਹ ਘਟਨਾ ‘ਅਫ਼ਰੀਕਾ ਦਾ ਬਟਵਾਰਾ’ ਯੁਗ ਦੀ ਇੱਕ ਬਹੁਤ ਹੀ ਅਸਾਧਾਰਨ ਘਟਨਾ ਮੰਨੀ ਜਾਂਦੀ ਹੈ। ਇਸ ਦੀ ਅਸਾਧਾਰਨਤਾ ਦੋ ਗੱਲਾਂ ’ਚ ਨਜ਼ਰ ਆਉਂਦੀ ਹੈ। ਪਹਿਲਾ ਇੰਨਾ ਵੱਡਾ ਕੰਮ ਬਿਨਾਂ ਯੁੱਧ ਦੇ ਹੀ ਹੋ ਗਿਆ ਸੀ। ਸਮੇਂ–ਸਮੇਂ ’ਤੇ ਵੱਖ–ਵੱਖ ਰਾਸ਼ਟਰਾਂ ਦਰਮਿਆਨ ਤਨਾਤਨੀ ਹੋਈ, ਨਫਰਤ ਵੀ ਪੈਦਾ ਹੋਈ, ਸੰਘਰਸ਼ ਦੀਆਂ ਸੰਭਾਵਨਾਵਾਂ ਵੀ ਦਿਖਾਈ ਦਿੱਤੀਆਂ, ਪਰੰਤੂ ਸਾਰੇ ਸੰਕਟਾਂ ਦਾ ਕੂਟਨੀਤੀ ਦੁਆਰਾ ਹੱਲ ਹੋ ਗਿਆ ਅਤੇ ਕੋਈ ਵੱਡਾ ਯੁੱਧ ਨਹੀਂ ਹੋਇਆ। ਦੂਜਾ, ਇਹ ਬਟਵਾਰਾ ਹੌਲੀ–ਹੌਲੀ ਲੜੀਵਾਰ ਰੂਪ ਨਾਲ ਨਹੀਂ ਸਗੋਂ ਬਹੁਤ ਤੇਜ਼ੀ ਨਾਲ ਹੋਇਆ ਅਤੇ ਪੱਚੀ–ਤੀਹ ਸਾਲ ’ਚ ਸਮਾਪਤ ਹੋ ਗਿਆ। ਇਸ ਦਾ ਕਾਰਨ ਇਹ ਸੀ ਕਿ ਇਸ ਸਮੇਂ ਜਰਮਨੀ ਅਤੇ ਇਟਲੀ ਦੇ ਨਵੇਂ ਸਾਮਰਾਜਹੀਣ ਪਰੰਤੂ ਉਗਰ ਰਾਸ਼ਟਰੀ ਭਾਵਨਾ ਨਾਲ ਭਰੇ ਰਾਜ ਮੈਦਾਨ ’ਚ ਆ ਗਏ ਸਨ ਜੋ ਬਹੁਤ ਛੇਤੀ ਆਪਣੇ ਲਈ ਸਾਮਰਾਜ ਦੀ ਸਥਾਪਨਾ ਲਈ ਕਾਹਲੇ ਸਨ। ਇਲ ਨਵਾਗੰਤੁਕਾਂ ਨੂੰ ਟੀਚਾ ਮਿਥ ਇੰਗਲੈਂਡ ਅਤੇ ਫਰਾਂਸ ਨੇ ਅੰਤਰਰਾਸ਼ਟਰੀ ਮੁਕਾਬਲੇ ਨੂੰ ਤੇਜ਼ ਕਰ ਦਿੱਤਾ। ਹਰੇਕ ਰਾਸ਼ਟਰ ਛੇਤੀ ਤੋਂ ਛੇਤੀ ਹੋਰ ਬਹੁਤ ਜ਼ਿਆਦਾ ਪ੍ਰਦੇਸ਼ ਹਾਸਲ ਕਰਨ ਲਈ ਯਤਨਸ਼ੀਲ ਹੋ ਗਿਆ। ਇਸ ਤਰ੍ਹਾਂ ਅਫ਼ਰੀਕਾ ਦੀ ਵੰਡ ਬਹੁਤ ਤੇਜ਼ੀ ਨਾਲ ਸਮਾਪਤ ਹੋ ਗਈ।

### ਏਸ਼ੀਆ ’ਚ ਸਾਮਰਾਜਵਾਦ :

ਅਫ਼ਰੀਕਾ ਦੇ ਨਾਲ–ਨਾਲ ਯੂਰਪੀ ਦੇਸ਼ਾਂ ਨੇ ਏਸ਼ੀਆ ’ਚ ਵੀ ਉਪਨਿਵੇਸ਼ ਸਥਾਪਿਤ ਕੀਤੇ। ਇਸ ਦਾ ਮੂਲ ਕਾਰਨ ਸੀ ਏਸ਼ੀਆ ’ਚ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਦੀ ਕਮਜ਼ੋਰ ਸਥਿਤੀ। ਆਰਥਿਕ ਦ੍ਰਿਸ਼ਟੀ ਤੋਂ ਏਸ਼ੀਆ ਦੇ ਦੇਸ਼ ਯੂਰਪ ਦੇ ਮੁਕਾਬਲੇ ਪਿਛੜੇ ਹੋਏ ਸਨ ਪਰੰਤੂ ਏਸ਼ੀਆ ਦੀ ਜਨਤਾ ’ਤੇ ਪ੍ਰਾਚੀਨ ਸੱਭਿਅਤਾ ਦਾ ਅਸਰ ਸੀ। ਏਸ਼ੀਆ ਦੇ ਦੇਸ਼ਾਂ ਨੇ ਯੂਰਪੀ ਸਾਮਰਾਜਵਾਦ ਨੂੰ ਈਸ਼ਵਰ ਦਾ ਵਰਦਾਨ ਸਮਝ ਕੇ ਸਵੀਕਾਰ ਨਹੀਂ ਕੀਤਾ। ਏਸ਼ੀਆ ’ਚ ਜਪਾਨ ਇੱਕ ਅਜਿਹੀ ਸ਼ਕਤੀ ਦੇ ਰੂਪ ’ਚ ਉਭਰਿਆ ਜਿਸ ਨੇ ਯੂਰਪੀ ਸਾਮਰਾਜਵਾਦ ਦੀਆਂ ਜੜ੍ਹਾਂ ਨੂੰ ਹਿਲਾ ਦਿੱਤਾ ਅਤੇ ਖੁਦ ਸਾਮਰਾਜਵਾਦੀ ਸ਼ਕਤੀ ਦੇ ਰੂਪ ’ਚ ਮੌਜੂਦ ਹੋਣਾ ਸ਼ੁਰੂ ਕਰ ਦਿੱਤਾ।

### ਚੀਨ ’ਚ ਯੂਰਪੀ ਸਾਮਰਾਜਵਾਦ :

ਚੀਨ ਯੂਰਪੀ ਸਾਮਰਾਜਵਾਦ ਦਾ ਸ਼ਿਕਾਰ ਰਿਹਾ। ਚੀਨ ’ਚ ਮੰਚੂ ਵੰਸ਼ ਦਾ ਸ਼ਾਸਨਕਾਲ ਨਿਰਬਲਤਾ ਦਾ ਪ੍ਰਤੀਕ ਸੀ। ਚੀਨ ਦੀ ਇਸ ਕਮਜ਼ੋਰ ਸਥਿਤੀ ਦਾ ਯੂਰਪੀਅਨ ਸਾਮਰਾਜਵਾਦੀ ਨੇ ਲਾਭ ਉਠਾਇਆ। ਉਹ ਚੀਨ ’ਚ ਜ਼ਿਆਦਾ ਸਹੂਲਤਾਂ ਪ੍ਰਾਪਤ ਕਰਨ ਲੱਗੇ। ਚੀਨੀ ਪ੍ਰਸ਼ਾਸਨ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਪ੍ਰਭਾਵ ਨੂੰ ਰੋਕਣ ਦੇ ਯਤਨ ਕੀਤੇ। ਨਤੀਜੇ ਵਜੋਂ 1839 ’ਚ ਪਹਿਲਾ ਅਫ਼ੀਮ ਯੁੱਧ (Opium War) ਹੋਇਆ। ਯੁੱਧ ’ਚ ਇੰਗਲੈਂਡ ਨੇ ਚੀਨ ਨੂੰ ਹਰਾ ਦਿੱਤਾ ਅਤੇ 1842 ਦੀ ਨਾਨਕਿੰਗ ਦੀ ਸੰਧੀ ਦੁਆਰਾ ਚੀਨ ਨੂੰ ਕਈ ਰਿਆਇਤਾਂ ਇੰਗਲੈਂਡ ਨੂੰ ਦੇਣਾ ਸਵੀਕਾਰ ਕਰਨੀਆਂ ਪਈਆਂ ਸਨ। ਇਸ ਤੋਂ ਪਿੱਛੋਂ ਫਰਾਂਸ, ਸਪੇਨ, ਬੈਲਜੀਅਮ ਅਤੇ ਅਮਰੀਕਾ ਦੀਆਂ ਸਰਕਾਰਾਂ ਨੇ ਵੀ ਛੇਤੀ ਹੀ ਚੀਨ ’ਚ ਕਈ ਸਹੂਲਤਾਂ ਪ੍ਰਾਪਤ ਕਰ ਲਈਆਂ। ਇਸ ਤਰ੍ਹਾਂ ਨਾਨਕਿੰਗ ਸੰਧੀ ਨਾਲ ਵਿਦੇਸ਼ੀਆਂ ਨੇ ਚੀਨ ’ਚ ਸਹੂਲਤਾਂ ਪ੍ਰਾਪਤ ਕਰਨ ਦੀ ਲੜੀ ਸ਼ੁਰੂ ਕਰ ਦਿੱਤੀ ਸੀ। ਇਸ ਵਧਦੇ ਸਾਮਰਾਜਵਾਦੀ ਦਖ਼ਲ ਕਾਰਨ 1857 ’ਚ ਚੀਨ ’ਚ ਦੂਜਾ ਅਫ਼ੀਮ ਯੁੱਧ ਹੋ ਗਿਆ। 1858 ਦੀ ਤਿਨਤਸਿਨ ਸੰਧੀ ਰਾਹੀਂ ਕਈ ਅਧਿਕਾਰ ਅੰਗਰੇਜ਼ਾਂ ਨੂੰ ਪ੍ਰਾਪਤ ਹੋ ਗਏ। ਇੰਗਲੈਂਡ ਨੂੰ ਅਫ਼ੀਮ ਦੇ ਵਪਾਰ ਦਾ ਅਧਿਕਾਰ ਮਿਲ ਗਿਆ। ਚੀਨ ਦੇ ਲਗਭਗ ਸਾਰੇ ਬੰਦਰਗਾਹ ਇੰਗਲੈਂਡ ਦੇ ਵਪਾਰ ਲਈ ਖੁੱਲ੍ਹ ਗਏ। ਚੀਨ ’ਚ ਯੂਰਪੀ ਸਾਮਰਾਜਵਾਦ ਦੇ ਚਰਮ ਦਾ ਪ੍ਰਤੀਕ 1894–95 ਦਾ ਚੀਨ–ਜਾਪਾਨ ਯੁੱਧ ਸੀ। ਇਸ ਯੁੱਧ ’ਚ ਚੀਨ–ਜਾਪਾਨ ਤੋਂ ਹਾਰ ਗਿਆ। ਚੀਨ ਨੂੰ ਕਈ ਸਹੂਲਤਾਂ ਜੇਤੂ (ਜਾਪਾਨ) ਨੂੰ ਦੇਣੀਆਂ ਪਈਆਂ ਅਤੇ ਨੁਕਸਾਨ ਪੂਰਤੀ ਵਜੋਂ 15 ਕਰੋੜ ਡਾਲਰ ਦੀ ਰਾਸ਼ੀ ਦੇਣ ਦਾ ਵਚਨ ਵੀ ਦੇਣਾ ਪਿਆ। ਚੀਨ ਦੀ ਆਰਥਿਕ ਸਥਿਤੀ ਇਸ ਨੁਕਸਾਨ ਪੂਰਤੀ ਦੀ ਅਦਾਇਗੀ ਦਾ ਭਾਰ ਸਹਿਣ ਕਰਨ ’ਚ ਅਸਮਰੱਥ ਹੋ ਗਈ। ਆਖ਼ਰ ਫਰਾਂਸ, ਬ੍ਰਿਟੇਨ, ਜਰਮਨੀ ਅਤੇ ਰੂਸ ਨੇ ਚੀਨ ਦੀ ਸਹਾਇਤਾ ਕੀਤੀ ਪਰੰਤੂ ਇਹ ਸਹਾਇਤਾ ਚੀਨ ਨੂੰ ਬਹੁਤ ਜ਼ਿਆਦਾ ਮਹਿੰਗੀ ਪਈ। ਯੂਰਪੀ ਰਾਸ਼ਟਰ ਚੀਨ ’ਚ ਲਗਾਤਾਰ ਦਖ਼ਲ ਕਰਕੇ ਆਪਣੇ ਪ੍ਰਭਾਵ ਖੇਤਰ ਦਾ ਵਿਸਥਾਰ ਕਰਨ ਲੱਗੇ। ਆਖ਼ਰ ਚੀਨ ਨੂੰ ਦਬਣਾ ਪਿਆ ਅਤੇ ਉਹ ਉਨ੍ਹਾਂ ਸਾਰਿਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਗਿਆ।

ਇਸੇ ਤਰ੍ਹਾਂ ਇਨ੍ਹਾਂ ਸਾਮਰਾਜਵਾਦੀ ਸ਼ਕਤੀਆਂ ਨੇ ਪ੍ਰਸ਼ਾਂਤ ਮਹਾਂਸਾਗਰ ਦੇ ਦੀਪਾਂ ਅਤੇ ਦੱਖਣੀ–ਪੂਰਬ ਏਸ਼ੀਆ ਦੇ ਖੇਤਰਾਂ ’ਤੇ ਵੀ ਆਪਣੀ ਪਕੜ ਸਥਾਪਿਤ ਕਰਕੇ ਸ਼ੋਸ਼ਣ ਦੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ। 1900 ਸ਼ਤੀ ਤੱਕ ਸਾਰੇ ਦੀਪ ਕਿਸੇ ਨਾ ਕਿਸੇ ਦੇ ਕੋਲ ਪਹੁੰਚ ਗਏ ਸਨ। ਇੰਗਲੈਂਡ ਅਤੇ ਫਰਾਂਸ ਉੱਥੇ ਪਹਿਲਾਂ ਪਹੁੰਚੇ ਸਨ, ਇਸ ਲਈ ਜ਼ਿਆਦਾਤਰ ਦੀਪ ਉਨ੍ਹਾਂ ਦੇ ਹੱਥ ਲੱਗੇ। ਹਾਲੈਂਡ ਨੂੰ ਵੀ ਏਸ਼ੀਆ ਦੇ ਦੱਖਣ–ਪੱਛਮ ’ਚ ਪੂਰਬੀ ਇੰਡੀਜ਼ ਦੇ ਦੀਪ–ਸਮੂਹ ’ਚ ਵਿਸ਼ੇਸ਼ ਸਾਮਰਾਜ ਬਣਿਆ ਰਿਹਾ। ਜਰਮਨੀ ਨੇ ਨਿਊਗਿਨੀ ਦੇ

ਨੋਟ

ਵਿਸ਼ਾਲ ਦੀਪ ਦੇ ਇੱਕ ਹਿੱਸੇ ਅਤੇ ਉਸ ਦੇ ਉੱਤਰ ਵੱਲ ਦੇ ਕਈ ਦੀਪ ਅਤੇ ਸੇਮੋਆ ਦੀਪ ਸਮੂਹ ਦੇ ਦੋ ਸਭ ਤੋਂ ਵੱਡੇ ਦੀਪਾਂ 'ਤੇ ਅਧਿਕਾਰ ਕਰ ਲਿਆ। ਸੰਯੁਕਤ ਰਾਜ ਅਮਰੀਕਾ ਨੇ ਗਵਾਮ ਅਤੇ ਫਿਲੀਪਾਇਨ ਦੀਪ ਅਧਿਕਾਰ ਹੇਠ ਕਰ ਲਏ। 1898 'ਚ ਸੰਯੁਕਤ ਰਾਜ ਅਮਰੀਕਾ ਨੇ ਹਵਾਈ ਦੀਪ 'ਤੇ ਅਧਿਕਾਰ ਕਰ ਲਿਆ ਸੀ। 1899–1900 'ਚ ਇੰਗਲੈਂਡ ਅਤੇ ਜਰਮਨੀ ਨੇ ਮਿਲ ਕੇ ਸੇਮੋਆ ਦੀਪ ਸਮੂਹ ਤੋਂ ਕਈ ਦੀਪਾਂ ਨੂੰ ਵੀ ਆਪਣੇ ਸਾਮਰਾਜ 'ਚ ਸ਼ਾਮਲ ਕਰ ਲਿਆ ਸੀ। 1900 ਦੇ ਇੱਕ ਸਮਝੌਤੇ ਦੁਆਰਾ ਇਨ੍ਹਾਂ ਸਾਮਰਾਜਵਾਦੀ ਸ਼ਕਤੀਆਂ ਨੇ ਆਪਣੇ-ਆਪਣੇ ਪ੍ਰਭਾਵ ਖੇਤਰਾਂ ਦਾ ਨਿਰਧਾਰਨ ਵੀ ਕਰ ਲਿਆ ਸੀ।

ਟਾਸਕ   ਉਨੀਂਵੀਂ ਸਦੀ ਦੇ ਯੂਰਪੀ ਸਾਮਰਾਜਵਾਦੀ ਇਤਿਹਾਸ ਦੀ ਮੁੱਖ ਵਿਸ਼ੇਸ਼ਤਾ ਕੀ ਸੀ ?

**ਸਾਮਰਾਜਵਾਦ ਦੇ ਨਤੀਜੇ : ਮੁਲਾਂਕਣ**

ਅਫ਼ਰੀਕਾ ਅਤੇ ਏਸ਼ੀਆ 'ਚ ਯੂਰਪ ਸਾਮਰਾਜਵਾਦ ਦੇ ਕਈ ਨਤੀਜੇ ਸਾਹਮਣੇ ਆਏ-

(i) ਸਾਮਰਾਜਵਾਦੀ ਸ਼ਕਤੀਆਂ ਦੇ ਸ਼ੋਸ਼ਣ ਦੇ ਨਤੀਜੇ ਵਜੋਂ ਇਨ੍ਹਾਂ ਅਫ਼ਰੀਕੀ-ਏਸ਼ਿਆਈ ਖੇਤਰਾਂ ਦੀ ਅਰਥਵਿਵਸਥਾ ਨਸ਼ਟ ਹੋ ਗਈ। ਸਾਮਰਾਜਵਾਦੀ ਦੇਸ਼ ਇਨ੍ਹਾਂ ਉਪਨਿਵੇਸ਼ਾਂ ਤੋਂ ਕੱਚਾ ਮਾਲ ਲੈ ਜਾਂਦੇ ਸਨ ਅਤੇ ਉਤਪਾਦਿਤ ਮਾਲ ਉੱਥੇ ਭੇਜਦੇ ਸਨ, ਜਿਸ ਦੇ ਨਤੀਜੇ ਵਜੋਂ ਸਥਾਨਕ ਉਦਯੋਗ ਨਸ਼ਟ ਹੋਣ ਲੱਗੇ। ਇਨ੍ਹਾਂ ਯੂਰਪੀ ਸਾਮਰਾਜਵਾਦੀਆਂ ਨੇ ਵਿਦੇਸ਼ੀ ਜਮੀਂਦਾਰਾਂ ਅਤੇ ਵਪਾਰੀਆਂ ਨੂੰ ਕਈ ਸਹੂਲਤਾਂ ਪ੍ਰਦਾਨ ਕਰ ਰੱਖੀਆਂ ਸਨ। ਵਿਦੇਸ਼ੀ ਜਮੀਂਦਾਰਾਂ ਨੂੰ ਬਹੁਤ ਘੱਟ ਲਗਾਨ 'ਤੇ ਭੂਮੀ ਮਿਲ ਜਾਂਦੀ ਸੀ। ਇਹ ਤਰ੍ਹਾਂ-ਤਰ੍ਹਾਂ ਨਾਲ ਉਪਨਿਵੇਸ਼ਾਂ ਦੀ ਜਨਤਾ ਦਾ ਸ਼ੋਸ਼ਣ ਕਰਦੇ ਸਨ। ਉਨ੍ਹਾਂ ਨੂੰ ਘੱਟ ਮਜ਼ਦੂਰੀ ਦਿੰਦੇ ਸਨ। ਆਪਣੀਆਂ ਉਤਪਾਦਿਤ ਵਸਤੂਆਂ ਉਚੀਆਂ ਕੀਮਤਾਂ 'ਤੇ ਵੇਚਦੇ ਸਨ। ਇਸ ਤਰ੍ਹਾਂ ਉਪਨਿਵੇਸ਼ ਆਰਥਿਕ ਨਜ਼ਰੀਏ ਤੋਂ ਪਿੱਛੜ ਗਏ।

(ii) ਸਾਮਰਾਜਵਾਦੀ ਦੇਸ਼ਾਂ ਦੇ ਪ੍ਰਭਾਵ ਨੇ ਸਮਾਜ 'ਚ ਦੋ ਵਰਗਾਂ ਨੂੰ ਜਨਮ ਦਿੱਤਾ- ਸ਼ੋਸ਼ਕ ਅਤੇ ਸ਼ੋਸ਼ਿਤ। ਯੂਰਪੀ ਆਪਣੇ ਆਪ ਨੂੰ ਹਰ ਨਜ਼ਰੀਏ ਵਧੀਆ ਸਮਝਦੇ ਸਨ। ਸਥਾਨਕ ਜਨਤਾ ਨੂੰ ਹੀਣ ਸਮਝਦੇ ਸਨ। ਉਨ੍ਹਾਂ ਨਾਲ ਘ੍ਰਿਣਾ ਕਰਦੇ ਸਨ। ਸਾਰੇ ਉੱਚ ਪ੍ਰਸ਼ਾਸਨਿਕ ਅਹੁਦਿਆਂ 'ਤੇ ਯੂਰਪੀਅਨਾਂ ਦਾ ਅਧਿਕਾਰ ਸੀ। ਇਨ੍ਹਾਂ ਉਪਨਿਵੇਸ਼ਾਂ ਦੀ ਜਨਤਾ ਹਰ ਤਰ੍ਹਾਂ ਦੇ ਸਮਾਜਿਕ ਭੇਦਭਾਵ ਦਾ ਸ਼ਿਕਾਰ ਰਹੀ ਸੀ।

(iii) ਸਾਮਰਾਜਵਾਦੀ ਦੇਸ਼ਾਂ ਦੇ ਪ੍ਰਭਾਵ ਨਾਲ ਇਨ੍ਹਾਂ ਉਪਨਿਵੇਸ਼ਾਂ ਦੀ ਜਨਤਾ 'ਚ ਅੰਤਤੋਗਤਵਾ ਮਜ਼ਬੂਤ ਜਨ-ਜਾਗਰਨ ਸਾਹਮਣੇ ਆਇਆ। ਯੂਰਪੀ ਸ਼ੋਸ਼ਣ-ਲੁੱਟਖੋਹ ਅਤੇ ਅਮਨੁੱਖੀ ਕੰਮਾਂ ਤੋਂ ਪੈਦਾ ਅਕੁਲਾਹਟ ਨੇ ਉਨ੍ਹਾਂ ਨੂੰ ਆਪਣੀਆਂ ਕਮਜ਼ੋਰੀਆਂ ਨੂੰ ਪਹਿਚਾਣਨ ਦੀ ਸਮਰੱਥਾ ਪ੍ਰਦਾਨ ਕੀਤੀ। ਆਪਣੀ ਪ੍ਰਾਚੀਨ ਸੰਸਕ੍ਰਿਤੀ ਤੋਂ ਪ੍ਰੇਰਨਾ ਲੈਣ ਦੀ ਸ਼ਕਤੀ ਪ੍ਰਦਾਨ ਕੀਤੀ ਅਤੇ ਉਨ੍ਹਾਂ ਵਿੱਚ ਦੇਸ਼ ਪ੍ਰੇਮ ਪੈਦਾ ਹੋ ਕੇ ਦੇਸ਼ ਭਗਤੀ ਦੀ ਭਾਵਨਾ ਦਾ ਸੰਚਾਰ ਹੋਇਆ ਜਿਸ ਨਤੀਜੇ ਵਜੋਂ ਰਾਸ਼ਟਰੀ ਅੰਦੋਲਨ ਦਾ ਸੂਤਰਪਾਤ ਹੋਇਆ ਅਤੇ ਉਹ ਸਾਰੇ ਆਪਣੀ ਅਜ਼ਾਦ ਰਾਸ਼ਟਰੀ ਛਵੀ ਪ੍ਰਾਪਤ ਕਰਨ ਲਈ ਸਾਮਰਾਜਵਾਦੀਆਂ ਦੇ ਵਿਰੁੱਧ ਸੰਘਰਸ਼ਸ਼ੀਲ ਹੋ ਗਏ।

## 17.7 ਸਾਰਾਂਸ਼ (Summary)

ਅਫ਼ਰੀਕਾ ਦੀ ਵੰਡ ਦੀ ਮੁੱਖ ਵਿਸ਼ੇਸ਼ਤਾ ਇਸ ਤੱਥ 'ਚ ਹੈ ਕਿ ਵੰਡ ਨੂੰ ਲੈ ਕੇ ਰਾਸ਼ਟਰਾਂ 'ਚ ਆਪਸੀ ਤਣਾਅ ਤਾਂ ਦਿਖਾਈ ਦਿੱਤਾ ਅਤੇ ਸਥਾਨਕ ਸੰਘਰਸ਼ ਹੋਏ ਪਰੰਤੂ ਕੋਈ ਵੱਡਾ ਯੁੱਧ ਨਹੀਂ ਹੋਇਆ। ਬੇਸ਼ੱਕ, ਉਨੀਂਵੀਂ ਸ਼ਤਾਬਦੀ ਦੇ ਅੰਤ ਅਤੇ ਵੀਹਵੀਂ ਸ਼ਤਾਬਦੀ ਦੇ ਸ਼ੁਰੂ ਦੀ ਇਹ ਘਟਨਾ 'ਅਫ਼ਰੀਕਾ ਦਾ ਬਟਵਾਰਾ' ਯੁਗ ਦੀ ਇੱਕ ਬਹੁਤ ਅਸਾਧਾਰਨ ਘਟਨਾ ਮੰਨੀ ਜਾਂਦੀ ਹੈ। ਇਸ ਦੀ ਅਸਾਧਾਰਨਤਾ ਦੋ ਗੱਲਾਂ 'ਚ ਨਜ਼ਰ ਆਉਂਦੀ ਹੈ। ਪਹਿਲੀ, ਇੰਨਾ ਵੱਡਾ ਕੰਮ ਬਿਨਾ ਯੁੱਧ ਦੇ ਹੀ ਹੋ ਗਿਆ ਸੀ। ਸਮੇਂ-ਸਮੇਂ 'ਤੇ ਵੱਖ-ਵੱਖ ਰਾਸ਼ਟਰਾਂ ਦਰਮਿਆਨ ਤਨਾਤਨੀ ਹੋਈ, ਈਰਖਾ ਵੀ ਪੈਦਾ ਹੋਈ, ਸੰਘਰਸ਼ ਦੀਆਂ ਸੰਭਾਵਨਾਵਾਂ ਵੀ ਦਿਖਾਈ ਦਿੱਤੀਆਂ, ਪਰੰਤੂ ਸਾਰੇ ਸੰਕਟਾਂ ਦਾ ਕੂਟਨੀਤੀ ਦੁਆਰਾ ਹੱਲ ਹੋ ਗਿਆ ਅਤੇ ਕੋਈ ਵੱਡਾ ਯੁੱਧ ਨਹੀਂ ਹੋਇਆ। ਦੂਜਾ, ਇਹ ਬਟਵਾਰਾ ਹੌਲੀ-ਹੌਲੀ ਲੜੀਵਾਰ ਰੂਪ ਨਾਲ ਨਹੀਂ ਸਗੋਂ ਬਹੁਤ ਤੇਜ਼ੀ ਨਾਲ ਹੋਇਆ ਅਤੇ ਪੱਚੀ-ਤੀਹ ਸਾਲ 'ਚ ਸਮਾਪਤ ਹੋ ਗਿਆ। ਇਸ ਦਾ ਕਾਰਨ ਇਹ ਸੀ ਕਿ ਇਸ ਸਮੇਂ ਜਰਮਨੀ ਅਤੇ ਇਟਲੀ ਦੇ ਨਵੇਂ ਸਾਮਰਾਜਹੀਣ ਪਰੰਤੂ ਉਗਰ ਰਾਸ਼ਟਰੀ ਭਾਵਨਾ ਨਾਲ ਭਰੇ ਰਾਜ ਮੈਦਾਨ 'ਚ ਆ ਗਏ ਸਨ ਜੋ ਬਹੁਤ ਛੇਤੀ ਆਪਣੇ ਲਈ ਸਾਮਰਾਜ ਦੀ ਸਥਾਪਨਾ ਲਈ ਕਾਹਲੇ ਸਨ। ਇਲ ਨਵਾਗੰਤੁਕਾਂ ਨੂੰ ਟੀਚਾ ਮਿਥ ਇੰਗਲੈਂਡ ਅਤੇ ਫਰਾਂਸ ਨੇ ਅੰਤਰਰਾਸ਼ਟਰੀ ਮੁਕਾਬਲੇ ਨੂੰ ਤੇਜ਼ ਕਰ ਦਿੱਤਾ। ਹਰੇਕ ਰਾਸ਼ਟਰ ਛੇਤੀ ਤੋਂ ਛੇਤੀ ਹੋਰ ਬਹੁਤ ਜ਼ਿਆਦਾ ਪ੍ਰਦੇਸ਼ ਹਾਸਲ ਕਰਨ ਲਈ ਯਤਨਸ਼ੀਲ ਹੋ ਗਿਆ। ਇਸ ਤਰ੍ਹਾਂ ਅਫ਼ਰੀਕਾ ਦੀ ਵੰਡ ਬਹੁਤ ਤੇਜ਼ੀ ਨਾਲ ਸਮਾਪਤ ਹੋ ਗਈ।

## 17.8 ਸ਼ਬਦਕੋਸ਼ (Keywords)

1. **ਵੰਡ (Partition)**– ਬਟਵਾਰਾ।

2. **ਪੂੰਜੀਪਤੀ (Capitalist)**– ਅਮੀਰ ਵਿਅਕਤੀ। **ਨੋਟ**

## 17.9 ਅਭਿਆਸ ਪ੍ਰਸ਼ਨ (Review Questions)

1. ਸਾਮਰਾਜਵਾਦ ਦੇ ਪ੍ਰਸਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ।
2. ਸਾਮਰਾਜਵਾਦ ਦੇ ਉਥਾਨ ਅਤੇ ਵਿਕਾਸ ਦੇ ਕਾਰਨਾਂ ਦਾ ਵਰਣਨ ਕਰੋ।
3. 'ਅਫ਼ਰੀਕਾ ਦੀ ਵੰਡ' 'ਤੇ ਟਿੱਪਣੀ ਲਿਖੋ।
4. ਅਫ਼ਰੀਕਾ ਅਤੇ ਏਸ਼ੀਆ 'ਚ ਯੂਰਪੀ ਸਾਮਰਾਜਵਾਦ ਦੇ ਨਤੀਜਿਆਂ ਦਾ ਜ਼ਿਕਰ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

| | |
|---|---|
| 1. 1815 | 2. ਪੂੰਜੀਵਾਦੀ ਵਿਵਸਥਾ |
| 3. ਰਾਜਨੀਤਿਕ | 4. (ੳ) ਬੈਲਜੀਅਮ |
| 5. (ਅ) ਅਫ਼ਰੀਕਾ | 6. (ੲ) 1869 |

## 17.10 ਸੰਦਰਭ ਪੁਸਤਕਾਂ (Further Readings)

ਬੁਕਸ

1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ – ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–18: ਉਪਨਿਵੇਸ਼ਵਾਦ (Colonialism)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

18.1 ਉਪਨਿਵੇਸ਼ੀ ਸਾਮਰਾਜ ਦੇ ਕਾਰਨ (Causes of Colonial Empire)

18.2 ਅਫ਼ਰੀਕਾ 'ਚ ਉਪਨਿਵੇਸ਼ੀ ਸਾਮਰਾਜ (Colonial Empire in Africa)

18.3 ਏਸ਼ੀਆ 'ਚ ਉਪਨਿਵੇਸ਼ੀ ਸਾਮਰਾਜ (Colonial Empire in Asia)

18.4 ਉਪਨਿਵੇਸ਼ੀ ਸਾਮਰਾਜਵਾਦ ਦੇ ਪ੍ਰਭਾਵ (Effects of Colonial Imperialism)

18.5 ਸਾਰਾਂਸ਼ (Summary)

18.6 ਸ਼ਬਦਕੋਸ਼ (Keywords)

18.7 ਅਭਿਆਸ ਪ੍ਰਸ਼ਨ (Review Questions)

18.8 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਉਪਨਿਵੇਸ਼ੀ ਸਾਮਰਾਜ ਦੇ ਕਾਰਨ ਜਾਣਨ 'ਚ।
- ਅਫ਼ਰੀਕਾ 'ਚ ਉਪਨਿਵੇਸ਼ੀ ਸਾਮਰਾਜ ਨੂੰ ਜਾਣਨ 'ਚ।
- ਉਪਨਿਵੇਸ਼ੀ ਸਾਮਰਾਜਵਾਦ ਦੇ ਪ੍ਰਭਾਵ ਨੂੰ ਜਾਣਨ 'ਚ।

## ਪ੍ਰਸਤਾਵਨਾ (Introduction)

ਆਧੁਨਿਕ ਯੁਗ ਦਾ ਇਤਿਹਾਸ ਅਤੇ ਵਿਸ਼ੇਸ਼ ਤੌਰ 'ਤੇ ਮੁੜ ਜਾਗਰਨ ਅਤੇ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਦਾ ਇਤਿਹਾਸ ਉਪਨਿਵੇਸ਼ੀ ਸਾਮਰਾਜ ਦਾ ਇਤਿਹਾਸ ਕਿਹਾ ਜਾਂਦਾ ਹੈ। ਪ੍ਰਾਚੀਨ ਕਾਲ 'ਚ ਉਪਨਿਵੇਸ਼ ਵਸਾਉਣ ਅਤੇ ਨਵੇਂ ਰਾਜਾਂ ਨੂੰ ਜਿੱਤਕੇ ਸਾਮਰਾਜ ਵਧਾਉਣ ਦੇ ਪਿੱਛੇ ਇੱਕ ਵੱਖਰੀ ਭਾਵਨਾ ਸੀ, ਪਰੰਤੂ ਆਧੁਨਿਕ ਯੁਗ 'ਚ ਇੱਕ ਨਵੇਂ ਟੀਚੇ ਲਈ ਉਪਨਿਵੇਸ਼ੀ ਸਾਮਰਾਜਾਂ ਦੀ ਸਥਾਪਨਾ ਹੋਈ। ਉਪਨਿਵੇਸ਼ੀ ਸਾਮਰਾਜਾਂ ਦੀ ਸਥਾਪਨਾ ਇਤਿਹਾਸ ਦੀ ਲੋੜ ਸੀ ਪਰ ਇਹ ਮਨੁੱਖੀ ਇਤਿਹਾਸ ਦਾ ਇੱਕ ਕਲੰਕਿਤ ਪੰਨਾ ਹੈ। ਕਲੰਕਿਤ ਇਸ ਲਈ ਹੈ ਕਿ ਇਸ ਦੇ ਕਾਰਨ ਕਈ ਯੁੱਧ ਅਤੇ ਸੰਘਰਸ਼ ਹੋਏ, ਕਈ ਦੇਸ਼ਾਂ ਨੂੰ ਗੁਲਾਮ ਬਣਾਇਆ ਗਿਆ, ਉਨ੍ਹਾਂ ਦੀ ਅਜ਼ਾਦੀ ਅਤੇ ਵਿਕਾਸ ਦੀਆਂ ਇੱਛਾਵਾਂ ਦੀ ਹੱਤਿਆ ਕੀਤੀ ਗਈ ਅਤੇ ਕਈ ਜਾਤੀਆਂ 'ਤੇ ਬੇਰਹਿਮ ਅੱਤਿਆਚਾਰ ਕਰਕੇ ਉਨ੍ਹਾਂ ਦੀ ਸੁੱਖ-ਸ਼ਾਂਤੀ ਨਸ਼ਟ ਕੀਤੀ ਗਈ ਅਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਗਿਆ।

ਸਵਾਲ ਇਹ ਹੈ ਕਿ ਉਪਨਿਵੇਸ਼ੀ ਸਾਮਰਾਜ ਦੀ ਲੋੜ ਕੀ ਸੀ ? ਇਸ ਦਾ ਸ਼ੁਰੂਆਤ ਕਿਵੇਂ ਅਤੇ ਕਿੰਨਾਂ ਕਾਰਨਾਂ ਤੋਂ ਹੋਈ।

## 18.1 ਉਪਨਿਵੇਸ਼ੀ ਸਾਮਰਾਜ ਦੇ ਕਾਰਨ (Causes of Colonial Empire)

ਆਧੁਨਿਕ ਯੁਗ 'ਚ ਉਪਨਿਵੇਸ਼ੀ ਸਾਮਰਾਜ ਦੀ ਸਥਾਪਨਾ ਅਤੇ ਉਸ ਦੇ ਵਿਸਥਾਰ ਦੇ ਕਈ ਕਾਰਨ ਸਨ, ਜਿਨ੍ਹਾਂ ਵਿੱਚ ਮਹੱਤਵਪੂਰਨ ਇਹ ਸਨ –

1. **ਭੌਗੋਲਿਕ ਖੋਜਾਂ–** ਮੁੜ ਜਾਗਰਨ ਅਤੇ ਭੌਗੋਲਿਕ ਖੋਜਾਂ ਦੇ ਨਤੀਜੇ ਵਜੋਂ ਸੰਸਾਰ ਦੇ ਅਜਿਹੇ ਕਈ ਹਿੱਸਿਆਂ ਦਾ ਪਤਾ ਲੱਗ ਗਿਆ, ਜਿੱਥੇ ਆਪਣਾ ਰਾਜ ਕਾਇਮ ਕਰਕੇ ਯੂਰਪ ਦੇ ਲੋਕ ਆਪਣਾ ਸਵਾਰਥ ਸਾਧ ਸਕਦੇ ਸਨ। ਇਸ ਕੰਮ 'ਚ ਸਪੇਨ,

**ਨੋਟ**

ਪੁਰਤਗਾਲ, ਹਾਲੈਂਡ, ਫਰਾਂਸ ਅਤੇ ਇੰਗਲੈਂਡ ਨੇ ਮੁੱਖ ਤੌਰ 'ਤੇ ਹਿੱਸਾ ਲਿਆ। ਉਨ੍ਹਾਂ ਵਿੱਚ ਆਪਸੀ ਵਿਰੋਧਤਾ ਵੀ ਪੈਦਾ ਹੋ ਗਈ ਅਤੇ ਉਨ੍ਹਾਂ 'ਚ ਕਈ ਤਬਾਹਕਾਰੀ ਯੁੱਧ ਵੀ ਹੋਏ। ਇਨ੍ਹਾਂ ਦੇਸ਼ਾਂ ਨੇ ਸੰਸਾਰ ਦੇ ਹਰ ਹਿੱਸੇ 'ਚ ਨਵੀਨ ਉਪਨਿਵੇਸ਼ ਸਥਾਪਿਤ ਕੀਤੇ ਅਤੇ ਉੱਥੋਂ ਦੀ ਖੁਸ਼ਹਾਲੀ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ।

2. **ਨਵੀਆਂ ਖੋਜਾਂ ਅਤੇ ਹਥਿਆਰਾਂ ਦਾ ਜਨਮ–** ਆਵਾਜਾਈ ਦੇ ਸਾਧਨਾਂ 'ਚ ਸੁਧਾਰ, ਨਵੀਆਂ ਖੋਜਾਂ ਅਤੇ ਨਵੇਂ ਹਥਿਆਰਾਂ ਦੇ ਜਨਮ ਨੇ ਯੂਰਪ ਦੀਆਂ ਇਨ੍ਹਾਂ ਸ਼ਕਤੀਆਂ ਨੂੰ ਇੰਨਾ ਸ਼ਕਤੀਸ਼ਾਲੀ ਬਣਾ ਦਿੱਤਾ ਕਿ ਇਹ ਕਿਤੇ ਵੀ ਜਾਕੇ ਸ਼ਕਤੀ ਦੇ ਦਮ 'ਤੇ ਆਪਣਾ ਰਾਜ ਸਥਾਪਿਤ ਕਰ ਸਕਣ ਅਤੇ ਉੱਥੋਂ ਦੇ ਲੋਕਾਂ ਨੂੰ ਆਪਣੀ ਅਧੀਨਤਾ ਸਵੀਕਾਰ ਕਰਵਾਉਣ ਲਈ ਮਜ਼ਬੂਰ ਕਰ ਸਕਣ।

3. **ਉਦਯੋਗਿਕ ਸਾਮਾਨ ਵੇਚਣ ਲਈ ਬਾਜ਼ਾਰਾਂ ਦੀ ਲੋੜ–** ਯੂਰਪ 'ਚ ਹੋਈ ਉਦਯੋਗਿਕ ਕ੍ਰਾਂਤੀ ਨੇ ਯੂਰਪ ਦੇ ਦੇਸ਼ਾਂ ਅਤੇ ਖਾਸ ਕਰਕੇ ਇੰਗਲੈਂਡ ਨੂੰ ਮਜ਼ਬੂਰ ਕੀਤਾ ਕਿ ਉਹ ਆਪਣਾ ਉਦਯੋਗਿਕ ਸਾਮਾਨ ਵੇਚਣ ਲਈ ਵਿਦੇਸ਼ਾਂ 'ਚ ਆਪਣੇ ਬਾਜ਼ਾਰ ਸਥਾਪਿਤ ਕਰਨ। ਵਿਦੇਸ਼ੀ ਬਜ਼ਾਰਾਂ ਦੀ ਸਥਾਪਨਾ ਲਈ ਯੂਰਪ ਦੇ ਕਈ ਦੇਸ਼ ਯਤਨਸ਼ੀਲ ਸਨ, ਉਨ੍ਹਾਂ ਵਿੱਚ ਜ਼ੋਰਦਾਰ ਹੋੜ ਸੀ ਅਤੇ ਉਹ ਆਪਣੇ ਉਪਨਿਵੇਸ਼ 'ਚ ਕਿਸੇ ਦੂਜੇ ਦੇਸ਼ ਨੂੰ ਵਪਾਰ ਕਰਨ ਜਾਂ ਵਸਤੂਆਂ ਵੇਚਣ ਦੀ ਸਹੂਲਤ ਦੇਣ ਨੂੰ ਤਿਆਰ ਨਹੀਂ ਸਨ। ਆਖ਼ਰ ਉਪਨਿਵੇਸ਼ਾਂ 'ਤੇ ਪੂਰਨ ਕੰਟਰੋਲ ਅਤੇ ਰਾਜ ਸਥਾਪਿਤ ਕਰਨਾ ਜਰੂਰੀ ਸੀ।

4. **ਕੱਚੇ ਮਾਲ ਦੀ ਲੋੜ–** ਉਦਯੋਗਿਕ ਕ੍ਰਾਂਤੀ ਨੇ ਯੂਰਪ ਦੇ ਦੇਸ਼ਾਂ ਨੂੰ ਕੱਚੇ ਮਾਲ ਦੀ ਲੋੜ ਬਹੁਤ ਵਧਾ ਦਿੱਤੀ। ਉਦਯੋਗਿਕ ਕੱਚਾ ਮਾਲ ਉਨਾਂ ਨੂੰ ਯੂਰਪ ਦੇ ਬਾਹਰੋਂ ਹੀ ਮਿਲ ਸਕਦਾ ਸੀ। ਇਸ ਮਾਮਲੇ 'ਚ ਵੀ ਯੂਰਪ ਦੇ ਦੇਸ਼ਾਂ 'ਚ ਵਿਰੋਧਤਾ ਸੀ। ਯੂਰਪ ਦਾ ਹਰ ਦੇਸ਼ ਜ਼ਿਆਦਾ ਉਪਨਿਵੇਸ਼ ਸਥਾਪਿਤ ਕਰਕੇ ਉੱਥੋਂ ਕੱਚਾ ਮਾਲ ਸਸਤੀ ਕੀਮਤ 'ਤੇ ਪ੍ਰਾਪਤ ਕਰਨ ਦੀ ਕੋਸ਼ਿਸ਼ 'ਚ ਸੀ। ਕੋਈ ਦੇਸ਼ ਇਸ ਗੱਲ ਲਈ ਤਿਆਰ ਨਹੀਂ ਸੀ ਕਿ ਕੋਈ ਹੋਰ ਦੇਸ਼ ਉਸ ਦੇ ਉਪਨਿਵੇਸ਼ ਤੋਂ ਕੱਚਾ ਮਾਲ ਸਸਤੀ ਕੀਮਤ 'ਤੇ ਲੈ ਜਾਵੇ। ਇਸ ਦਾ ਕਾਰਨ ਇਹ ਸੀ ਕਿ ਦੇਸ਼ ਸਸਤੀ ਕੀਮਤ 'ਤੇ ਕੱਚਾ ਮਾਲ ਪਾਵੇਗਾ, ਉਹ ਤਿਆਰ ਮਾਲ ਸਸਤੀ ਕੀਮਤ 'ਤੇ ਵੇਚ ਸਕੇਗਾ ਅਤੇ ਉਸ ਸਸਤੇ ਮਾਲ ਨੂੰ ਦੁਨੀਆਂ ਦਾ ਹਰੇਕ ਦੇਸ਼ ਆਸਾਨੀ ਨਾਲ ਖਰੀਦਣ ਨੂੰ ਤਿਆਰ ਹੋਵੇਗਾ। ਇਸ ਤਰ੍ਹਾਂ ਉਹ ਦੇਸ਼ ਬਹੁਤ ਜ਼ਿਆਦਾ ਲਾਭ ਕਮਾ ਸਕੇਗਾ। ਆਖ਼ਰ ਯੂਰਪ ਦੇ ਦੇਸ਼ ਆਪਣੇ ਉਪਨਿਵੇਸ਼ਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਰੱਖਣਾ ਚਾਹੁੰਦੇ ਸਨ ਅਤੇ ਉਨ੍ਹਾਂ ਦਾ ਪੂਰਾ ਲਾਭ ਖੁਦ ਉਠਾਉਣਾ ਚਾਹੁੰਦੇ ਸਨ।

5. **ਜਨਸੰਖਿਆ 'ਚ ਵਾਧਾ–** ਇਸ ਕਾਲ 'ਚ ਯੂਰਪ ਦੀ ਜਨ ਸੰਖਿਆ ਤੇਜ਼ੀ ਨਾਲ ਵਧ ਗਈ ਸੀ ਅਤੇ ਅੱਗੇ ਵੀ ਵਧ ਰਹੀ ਸੀ। ਇਨ੍ਹਾਂ ਲੋਕਾਂ ਦੇ ਨਿਵਾਸ ਦੀ ਸਮੱਸਿਆ ਵਧ ਰਹੀ ਸੀ ਆਖ਼ਰ ਵਧਦੀ ਹੋਈ ਜਨਸੰਖਿਆ ਨੂੰ ਹੋਰ ਕਿਤੇ ਵਸਾਉਣ ਲਈ ਵੀ ਨਵੇਂ ਉਪਨਿਵੇਸ਼ ਲੱਭਣੇ ਅਤੇ ਵਸਾਉਣੇ ਜ਼ਰੂਰੀ ਸਨ।

6. **ਏਸ਼ੀਆ ਅਤੇ ਅਫਰੀਕਾ ਦੇ ਦੇਸ਼ਾਂ ਦੀ ਕਮਜ਼ੋਰੀ ਅਤੇ ਸਮਾਰਿਧੀ–** ਮੁੜ ਜਾਗਰਨ, ਉਦਯੋਗਿਕ ਕ੍ਰਾਂਤੀ ਅਤੇ ਨਵੀਨ ਸਿੱਖਿਆ ਦੇ ਦਮ 'ਤੇ ਯੂਰਪ ਦੇ ਦੇਸ਼ ਜ਼ਿਆਦਾ ਤਰੱਕੀ, ਸ਼ਕਤੀਸ਼ਾਲੀ ਅਤੇ ਜਾਗਰਿਤ ਸਨ। ਇਨ੍ਹਾਂ ਦੇ ਮੁਕਾਬਲੇ ਪੂਰਬ ਦੇ ਦੇਸ਼ ਅਤੇ ਅਫ਼ਰੀਕਾ ਦੇ ਦੇਸ਼ ਪਿੱਛੜੇ ਹੋਏ, ਕਮਜ਼ੋਰ ਅਤੇ ਅਗਿਆਨੀ ਸਨ। ਪਰ ਏਸ਼ੀਆ ਅਤੇ ਅਫ਼ਰੀਕਾ ਦੇ ਦੇਸ਼ ਪਿੱਛੜੇ ਹੋਏ ਸਨ, ਉੱਥੇ ਉਨ੍ਹਾਂ ਵਿੱਚ ਬਹੁਤ ਕੱਚਾ ਮਾਲ ਅਤੇ ਹੋਰ ਤਰ੍ਹਾਂ ਦੀ ਸਮਾਰਿਧੀ ਸੀ। ਕੱਚੇ ਮਾਲ ਦੇ ਲਾਲਚ ਅਤੇ ਇਨ੍ਹਾਂ ਦੇਸ਼ਾਂ ਦੀ ਸਮਾਰਿਧੀ ਨੂੰ ਲੁੱਟਣ ਦੀ ਇੱਛਾ ਨਾਲ ਵੀ ਯੂਰਪ ਦੇ ਦੇਸ਼ਾਂ ਨੇ ਇਨ੍ਹਾਂ ਦੇਸ਼ਾਂ 'ਤੇ ਰਾਜ ਜਮਾਉਣ ਦੀ ਕੋਸ਼ਿਸ਼ ਕੀਤੀ। ਏਸ਼ੀਆ ਅਤੇ ਅਫ਼ਰੀਕਾ ਦੇ ਦੇਸ਼ਾਂ ਦੀ ਕਮਜ਼ੋਰੀ ਅਤੇ ਉਨ੍ਹਾਂ ਦੀ ਖੁਸ਼ਹਾਲੀ ਨੇ ਵੀ ਯੂਰਪੀ ਦੇਸ਼ਾਂ ਉਪਨਿਵੇਸ਼ੀ ਸਾਮਰਾਜ ਵਧਾਉਣ ਦੀ ਪ੍ਰੇਰਨਾ ਦਿੱਤੀ।

7. **ਫਾਲਤੂ ਪੂੰਜੀ ਦੀ ਸਹੀ ਵਰਤੋਂ–** ਉਦਯੋਗਿਕ ਕ੍ਰਾਂਤੀ ਤੋਂ ਬਾਅਦ ਇੰਗਲੈਂਡ ਨੇ ਆਪਣੇ ਵਪਾਰ ਦੇ ਦਮ 'ਤੇ ਬਹੁਤ ਪੈਸਾ ਕਮਾਇਆ। ਯੂਰਪ ਦੇ ਹੋਰ ਦੇਸ਼ ਵੀ ਆਪਣੇ ਵਪਾਰ ਤੋਂ ਕਾਫ਼ੀ ਪੈਸਾ ਕਮਾ ਰਹੇ ਸਨ। ਇਸ ਪੈਸੇ ਨੂੰ ਉਨ੍ਹਾਂ ਨੇ ਆਪਣੇ ਦੇਸ਼ ਦੇ ਉਦਯੋਗੀ ਧੰਦਿਆਂ 'ਚ ਲਾਇਆ ਪਰੰਤੂ ਉਸ ਤੋਂ ਬਾਅਦ ਵੀ ਇਸ ਸਮੇਂ ਯੂਰਪ ਦੇ ਦੇਸ਼ਾਂ ਕੋਲ ਕਾਫ਼ੀ ਪੂੰਜੀ ਇਕੱਠੀ ਹੋ ਗਈ ਸੀ। ਇਹ ਪੂੰਜੀ ਵਿਅਰਥ ਪਈ ਰਹਿੰਦੀ ਤਾ ਕੋਈ ਲਾਭ ਨਹੀਂ ਸੀ। ਆਖ਼ਰ ਯੂਰਪ ਦੇ ਦੇਸ਼ ਆਪਣੀ ਫਾਲਤੂ ਪੂੰਜੀ ਲਾਭਦਾਇਕ ਕੰਮ ਧੰਦੇ 'ਚ ਲਾਉਣਾ ਚਾਹੁੰਦੇ ਸਨ। ਇਸ ਪੂੰਜੀ ਨੂੰ ਉਹ ਸੁਰੱਖਿਅਤ ਸਥਾਨ 'ਤੇ ਹੀ ਲਾਉਣ ਦੇ ਇੱਛੁਕ ਸਨ ਅਤੇ ਉਪਨਿਵੇਸ਼ ਹੀ ਇਸ ਦੇ ਸੁਰੱਖਿਅਤ ਸਥਾਨ ਹੋ ਸਕਦੇ ਸਨ ਕਿਉਂਕਿ ਉਥੇ ਪੂੰਜੀ ਲਈ ਕੋਈ ਖ਼ਤਰਾ ਨਹੀਂ ਹੋ ਸਕਦਾ ਸੀ ਅਤੇ ਉਸ ਦਾ ਪੂਰਾ ਲਾਭ ਵੀ ਮਿਲ ਸਕਦਾ ਸੀ।

ਨੋਟਸ ਉਪਨਿਵੇਸ਼ੀ ਸਾਮਰਾਜਾਂ ਦੀ ਸਥਾਪਨਾ ਇਤਿਹਾਸ ਦੀ ਲੋੜ ਸੀ।

8. **ਸਾਗਰ ਅਤੇ ਯੁੱਧ-ਮਹੱਤਵ ਦੇ ਸਥਾਨਾਂ 'ਤੇ ਕਬਜ਼ਾ ਕਰਨ ਦੀ ਲੋੜ–** ਵਪਾਰ ਦੀ ਸਹੂਲਤ ਅਤੇ ਉਪਨਿਵੇਸ਼ਾਂ ਅਤੇ ਉਨ੍ਹਾਂ ਵਿੱਚ ਲੱਗੀ ਪੂੰਜੀ ਦੀ ਰੱਖਿਆ ਲਈ ਸਾਗਰ ਅਤੇ ਯੁੱਧ-ਮਹੱਤਵ ਦੇ ਸਥਾਨਾਂ 'ਤੇ ਕਬਜ਼ਾ ਅਤੇ ਕੰਟਰੋਲ ਰੱਖਣਾ ਵੀ ਜ਼ਰੂਰੀ ਸੀ। ਇਨ੍ਹਾਂ ਸਥਾਨਾਂ 'ਤੇ ਆਪਣਾ ਕੰਟਰੋਲ ਰੱਖਣ ਲਈ ਇਨ੍ਹਾਂ ਦੇ ਆਸ-ਪਾਸ ਦੀ ਜ਼ਮੀਨ 'ਤੇ ਵੀ ਕਬਜ਼ਾ ਰੱਖਣਾ ਜ਼ਰੂਰੀ ਸੀ। ਇਸ ਲੋੜ ਨੇ ਵੀ ਉਪਨਿਵੇਸ਼ੀ ਸਾਮਰਾਜ ਦੇ ਵਿਕਾਸ 'ਚ ਯੋਗਦਾਨ ਦਿੱਤਾ।

ਨੋਟ

9. **ਸਮੁੰਦਰੀ ਬੇੜੇ–** ਸਮੁੰਦਰੀ ਬੇੜੇ ਦੀ ਸ਼ਕਤੀ ਨੇ ਵੀ ਉਪਨਿਵੇਸ਼ੀ ਸਾਮਰਾਜ ਦੀ ਸਥਾਪਨਾ 'ਚ ਮਹੱਤਵਪੂਰਨ ਯੋਗਦਾਨ ਦਿੱਤਾ। ਜਿਨ੍ਹਾਂ ਦੇਸ਼ਾਂ ਦੇ ਕੋਲ ਸ਼ਕਤੀਸ਼ਾਲੀ ਸਮੁੰਦਰੀ ਬੇੜੇ ਸਨ, ਉਨ੍ਹਾਂ ਨੇ ਦੂਜੇ ਦੇਸ਼ਾਂ ਦੇ ਉਪਨਿਵੇਸ਼ੀ ਪ੍ਰਸਾਰ ਨੂੰ ਰੋਕਿਆ ਅਤੇ

> ਕੀ ਤੁਸੀ ਜਾਣਦੇ ਹੋ? ਉਦਯੋਗਿਕ ਕ੍ਰਾਂਤੀ ਤੋਂ ਬਾਅਦ ਇੰਗਲੈਂਡ ਨੇ ਆਪਣੇ ਵਪਾਰ ਦੇ ਦਮ 'ਤੇ ਬਹੁਤ ਪੈਸਾ ਕਮਾਇਆ।

## 18.2 ਅਫ਼ਰੀਕਾ 'ਚ ਉਪਨਿਵੇਸ਼ੀ ਸਾਮਰਾਜ (Colonial Empire in Africa)

ਉਨੀਵੀਂ ਸ਼ਤਾਬਦੀ ਦੇ ਅੱਧ ਤੋਂ ਪਹਿਲਾਂ ਤੱਕ ਯੂਰਪ ਵਾਸੀਆਂ ਨੂੰ ਅਫ਼ਰੀਕਾ ਮਹਾਂਦੀਪ ਦੇ ਅੰਦਰੂਨੀ ਹਿੱਸੇ ਦੇ ਬਾਰੇ 'ਚ ਕੁਝ ਵੀ ਪਤਾ ਨਹੀਂ ਸੀ। ਇਸ ਦੇ ਕਈ ਕਾਰਨ ਸਨ। ਇੱਕ ਕਾਰਨ ਇਹ ਸੀ ਕਿ ਇੱਥੋਂ ਦੀ ਜਲਵਾਯੂ ਬਹੁਤ ਗਰਮ ਸੀ। ਇਸ ਤੋਂ ਬਿਨਾਂ ਅਫ਼ਰੀਕਾ ਸੰਘਣੇ ਜੰਗਲਾਂ ਅਤੇ ਵਿਸ਼ਾਲ ਰੇਗਿਸਤਾਨ ਦਾ ਦੇਸ਼ ਹੈ। ਅਫ਼ਰੀਕਾ ਦੇ ਮੂਲ ਨਿਵਾਸੀਆਂ ਨੂੰ ਦਾਸ ਬਣਾ ਕੇ ਅਮਰੀਕਾ ਲਿਜਾਇਆ ਜਾਂਦਾ ਸੀ, ਜਿੱਥੇ ਉਨ੍ਹਾਂ ਤੋਂ ਖੇਤੀ ਕਰਵਾਈ ਜਾਂਦੀ ਸੀ। ਪਰੰਤੂ 1850 ਈ. ਤੋਂ ਬਾਅਦ ਯੂਰਪ ਦੇ ਲੋਕਾਂ ਨੇ ਅਫ਼ਰੀਕਾ ਮਹਾਂਦੀਪ ਦੇ ਅੰਦਰੂਨੀ ਹਿੱਸਿਆਂ 'ਚ ਜਾ ਕੇ ਪਤਾ ਲਾਉਣ ਦਾ ਕੰਮ ਸ਼ੁਰੂ ਕੀਤਾ। ਅਫ਼ਰੀਕਾ ਦੇ ਅੰਦਰੂਨੀ ਹਿੱਸਿਆਂ ਦੀ ਖੋਜ ਕਰਨ ਵਾਲਿਆਂ 'ਚ ਡੇਵਿਡ ਲਿਵਿੰਗਸਟੋਨ, ਸਟੇਨਲੀ, ਸਪਰੀਕ ਅਤੇ ਬੇਕਰ ਦਾ ਨਾਮ ਪ੍ਰਸਿੱਧ ਹੈ। ਇਨ੍ਹਾਂ ਲੋਕਾਂ ਤੋਂ ਇਲਾਵਾ ਈਸਾਈ ਮਿਸ਼ਨਰੀਆਂ ਨੇ ਵੀ ਅਫ਼ਰੀਕਾ ਦੇ ਅੰਦਰੂਨੀ ਹਿੱਸਿਆਂ 'ਚ ਜਾ ਕੇ ਉੱਥੋਂ ਦੇ ਲੋਕਾਂ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੇ ਆਪਣੇ ਕੰਮ 'ਚ ਕਾਫ਼ੀ ਮੁਸ਼ਕਿਲਾਂ ਝੱਲੀਆਂ। ਉਨ੍ਹਾਂ ਦੇ ਰਾਹੀਂ ਵੀ ਅਫ਼ਰੀਕਾ ਦੇ ਅੰਦਰੂਨੀ ਹਿੱਸਿਆਂ ਬਾਰੇ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ।



**ਚਿਤਰ 1:** ਡੇਵਿਡ ਲਿਵਿੰਗਸਟੋਨ

ਇਨ੍ਹਾਂ ਹਿੰਮਤੀ ਖੋਜਕਰਤਾਵਾਂ ਅਤੇ ਈਸਾਈ ਮਿਸ਼ਨਰੀਆਂ ਦੁਆਰਾ ਜਦੋਂ ਯੂਰਪ ਵਾਸੀਆਂ ਨੂੰ ਪਤਾ ਲੱਗਿਆ ਕਿ ਅਫ਼ਰੀਕਾ 'ਚ ਬਹੁ ਕੀਮਤੀ ਖਣਿਜ, ਰਬੜ, ਸੋਨਾ, ਹੀਰੇ-ਮੋਤੀ ਅਤੇ ਹੋਰ ਕੀਮਤੀ ਚੀਜਾਂ ਹਨ, ਤਾਂ ਯੂਰਪ ਵਾਸੀਆਂ ਦੇ ਮੂੰਹ 'ਚੋਂ ਲਾਰ ਟਪਕਣ ਲੱਗੀ।

ਅਫਰੀਕਾ 'ਚ ਸਭ ਤੋਂ ਪਹਿਲਾਂ ਬੈਲਜੀਅਮ ਨੇ ਪ੍ਰਵੇਸ਼ ਕੀਤਾ। ਉਸ ਨੇ ਕਾਂਗੋ 'ਤੇ ਕਬਜ਼ਾ ਕੀਤਾ ਅਤੇ ਉੱਥੋਂ ਦੇ ਰਬੜ ਦਾ ਲਾਭ ਉਠਾਉਣ ਲੱਗਿਆ। ਬੈਲਜੀਅਮ ਦੀ ਦੇਖਾ ਦੇਖੀ ਸਪੇਨ, ਪੁਰਤਗਾਲ, ਇੰਗਲੈਂਡ, ਫਰਾਂਸ ਅਤੇ ਇਟਲੀ ਨੇ ਵੀ ਅਫ਼ਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਸਪੇਨ ਨੇ ਅਫ਼ਰੀਕਾ ਦੇ ਉੱਤਰੀ ਤਟ ਦੇ ਕੁਝ ਹਿੱਸੇ 'ਤੇ ਕਬਜ਼ਾ ਕਰ ਲਿਆ। ਪੁਰਤਗਾਲ ਨੇ ਪੂਰਬੀ ਤਟ ਦਾ ਕੁਝ ਹਿੱਸਾ ਖੋਹ ਲਿਆ। ਅਲਜੀਰੀਆ ਅਤੇ ਟਿਊਨੀਸ਼ੀਆ 'ਤੇ ਫਰਾਂਸ ਨੇ ਰਾਜ ਸਥਾਪਿਤ ਕੀਤਾ। ਫਰਾਂਸ ਨੇ ਕਾਂਗੋ 'ਚ ਵੀ ਆਪਣਾ ਪੈਰ ਵਧਾਉਣਾ ਸ਼ੁਰੂ ਕੀਤਾ। ਪਰ ਉੱਥੇ ਬੈਲਜੀਅਮ ਜੰਮਿਆ ਹੋਇਆ ਸੀ। ਫਰਾਂਸ ਅਤੇ ਬੈਲਜੀਅਮ 'ਚ ਝਗੜਾ ਹੋ ਗਿਆ ਆਖ਼ਰ ਦੋਵਾਂ ਨੇ ਕਾਂਗੋ ਨੂੰ ਵੰਡ ਲਿਆ।

**ਪੂਰਬੀ ਅਫ਼ਰੀਕਾ ਦਾ ਬਟਵਾਰਾ–** ਪੂਰਬੀ ਅਫਰੀਕਾ 'ਚ ਪਹਿਲਾਂ ਇੱਕ ਜਰਮਨ ਖੋਜਕਰਤਾ ਕਾਰਲ ਪੀਟਰਸ (Karl Peters) ਨੇ ਦਾਖਲ ਹੋ ਕੇ ਉੱਥੋਂ ਦੇ ਮੂਲ ਨਿਵਾਸੀਆਂ ਨੂੰ ਆਪਣੇ ਵੱਲ ਮਿਲਾ ਕੇ ਉਨ੍ਹਾਂ ਦੇ ਪ੍ਰਦੇਸ਼ 'ਤੇ ਅਧਿਕਾਰ ਕਰ ਲਿਆ। ਜਰਮਨੀ ਦੀ ਇਸ ਘੁਸਪੈਠ ਨਾਲ ਅੰਗਰੇਜ਼ ਅਤੇ ਫਰਾਂਸੀਸੀ ਚੌਂਕ ਗਏ। ਉਨ੍ਹਾਂ ਨੇ ਛੇਤੀ ਹੀ ਪੂਰਬੀ ਅਫ਼ਰੀਕਾ 'ਤੇ ਅਧਿਕਾਰ ਪ੍ਰਾਪਤ ਕਰਨ ਲਈ ਸੈਨਿਕ-ਤਿਆਰੀਆਂ ਸ਼ੁਰੂ ਕਰ ਦਿੱਤੀਆਂ, ਪਰੰਤੂ ਯੁੱਧ ਦੀ ਭਿਆਨਕਤਾ ਤੋਂ ਡਰ ਕੇ ਇਸ ਹਿੱਸੇ ਦਾ ਬਟਵਾਰਾ ਕਰਨ ਦਾ ਫੈਸਲਾ ਕੀਤਾ ਗਿਆ। ਜਰਮਨ ਅਤੇ ਅੰਗਰੇਜਾਂ ਨੇ ਪੂਰਬੀ ਹਿੱਸੇ ਦਾ ਬਟਵਾਰਾ ਕਰਨ ਦਾ ਫੈਸਲਾ ਕੀਤਾ। ਫਰਾਂਸ ਨੇ ਮੇਡਾਗਾਸਕਰ (Medagascar) ਦੀਪ 'ਤੇ ਅਧਿਕਾਰ ਕਰ ਲਿਆ। ਪੁਰਤਗਾਲ ਦਾ ਵੀ ਪੂਰਬੀ ਅਫ਼ਰੀਕਾ ਦੇ ਕੁਝ ਹਿੱਸੇ 'ਤੇ ਪਹਿਲਾਂ ਤੋਂ ਹੀ ਅਧਿਕਾਰ ਸੀ। ਇਟਲੀ ਨੇ ਵੀ ਇਸ ਲੁੱਟ 'ਚ ਹਿੱਸਾ




**ਚਿਤਰ 2:** ਅਫਰੀਕਾ ਵਿਚ ਯੂਰਪੀਏ ਉਪਨਿਵੇਸ਼

ਨੋਟ

ਲਿਆ। ਉਸ ਨੇ ਇਰੀਟਰੀਆ (Eritrea) ਅਤੇ ਸੁਮਾਲੀਲੈਂਡ (Somaliland) 'ਤੇ ਅਧਿਕਾਰ ਕਰ ਲਿਆ। ਇਟਲੀ ਨੇ ਸੀਰੀਆ, ਲੀਬੀਆ ਤੋਂ ਲੈ ਕੇ ਇਥੋਪੀਆ (Ethiopia) 'ਤੇ ਵੀ ਅਧਿਕਾਰ ਕਰਨ ਲਈ ਹਮਲਾ ਕੀਤਾ, ਪਰੰਤੂ ਉਸ ਸਮੇਂ ਉਨ੍ਹਾਂ ਦੀ ਉਹ ਜਿੱਤ ਸਥਾਈ ਨਹੀਂ ਰਹੀ। ਉਸ ਨੂੰ ਉੱਥੋਂ ਕੁਝ ਸਮੇਂ ਬਾਅਦ ਹਟਣਾ ਪਿਆ।

**ਪੱਛਮੀ ਅਫ਼ਰੀਕਾ ਦਾ ਬਟਵਾਰਾ–** ਪੱਛਮੀ ਅਫ਼ਰੀਕਾ ਲਈ ਵੀ ਬਹੁਤ ਸੰਘਰਸ਼ ਹੋਇਆ। ਅੰਤ 'ਚ 1884-85 ਈ. 'ਚ ਬਰਲਿਨ ਸੰਮੇਲਨ (Berlin Conference) 'ਚ ਇਸ ਦੇ ਬਟਵਾਰੇ ਲਈ ਫੈਸਲਾ ਕੀਤਾ ਗਿਆ। ਇੰਗਲੈਂਡ, ਜਰਮਨੀ ਅਤੇ ਫਰਾਂਸ ਨੇ ਆਪਸ 'ਚ ਸਮਝੌਤਾ ਕੀਤਾ। ਜਰਮਨੀ ਨੇ ਦੱਖਣੀ-ਪੱਛਮੀ ਅਫ਼ਰੀਕਾ, ਆਰੈਂਜ ਨਦੀ ਦੇ ਉੱਤਰ ਵੱਲ ਕੇਮੇਰੂਂਜ ਆਪਣੇ ਅਧਿਕਾਰ ਹੇਠ ਕੀਤੇ। ਕਾਂਗੋ ਨਦੀ ਦੇ ਮੁਹਾਨੇ ਦੇ ਹਿੱਸੇ ਦਾ ਵੀ ਬਟਵਾਰਾ ਕੀਤਾ ਗਿਆ। ਫਰਾਂਸ ਅਤੇ ਅੰਗਰੇਜ਼ਾਂ ਨੇ ਆਪਣੇ ਅਧਿਕਾਰ ਖੇਤਰਾਂ ਨੂੰ ਸੰਗਠਿਤ ਕਰਨ ਦਾ ਕੰਮ ਸ਼ੁਰੂ ਕੀਤਾ।

**ਉੱਤਰੀ ਅਫ਼ਰੀਕਾ ਦਾ ਬਟਵਾਰਾ–** ਉੱਤਰੀ ਅਫ਼ਰੀਕਾ 'ਚ ਫਰਾਂਸ, ਅੰਗਰੇਜ਼, ਜਰਮਨੀ ਅਤੇ ਇਟਲੀ ਸਾਰੇ ਆਪਣਾ-ਆਪਣਾ ਉਪਨਿਵੇਸ਼ ਸਥਾਪਿਤ ਕਰਨਾ ਚਾਹੁੰਦੇ ਸਨ। ਫਰਾਂਸ ਨੇ ਸਭ ਤੋਂ ਪਹਿਲਾਂ ਸੰਨ 1830 ਈ. 'ਚ ਅਲਜੀਰੀਆ (Algeria) 'ਤੇ ਕਬਜ਼ਾ ਕੀਤਾ। ਫਿਰ ਉਸ ਨੇ ਹੌਲੀ-ਹੌਲੀ ਟਿਊਨੀਸ਼ੀਆ (Tunisia), ਸੈਨੀਗਲ, ਮੋਰੱਕੋ ਅਤੇ ਸੁਮਾਲੀਲੈਂਡ 'ਤੇ ਆਪਣਾ ਅਧਿਕਾਰ-ਖੇਤਰ ਵਧਾ ਲਿਆ। ਗ੍ਰੇਟ ਬ੍ਰਿਟੇਨ ਨੇ ਵੀ ਮਿਸਰ (Egypt) ਅਤੇ ਸੂਡਾਨ (Sudan) ਆਪਣੇ ਅਧਿਕਾਰ 'ਚ ਕੀਤੇ। ਲੀਬੀਆ (Libya) ਇਟਲੀ ਦਾ ਅਧਿਕਾਰ ਖੇਤਰ ਹੋਇਆ।

**ਦੱਖਣੀ ਅਫ਼ਰੀਕਾ 'ਤੇ ਅਧਿਕਾਰ–**ਉੱਤਰ 'ਚ ਜਿਸ ਪ੍ਰਕਾਰ ਫਰਾਂਸ ਦੀ ਸ਼ਕਤੀ ਅਤੇ ਅਧਿਕਾਰ ਸੀ, ਦੱਖਣੀ ਅਫ਼ਰੀਕਾ 'ਚ ਉਸੇ ਤਰ੍ਹਾਂ ਅੰਗਰੇਜਾਂ ਦਾ ਅਧਿਕਾਰ ਬਹੁਤ ਹੋ ਗਿਆ। ਕੇਪ ਕਾਲੋਨੀ (Cape Colony) ਨੈਟਾਲ, ਟਰਾਂਸਵਾਲ, ਆਰੈਂਜ-ਫਰੀ-ਸਟੇਟ (Orange-Free-State), ਬਿਚੂਆਨਾਲੈਂਡ (Bechuanaland), ਰੋਡੇਸ਼ੀਆ (Rhodesia) ਅਤੇ ਨਿਆਸਾਲੈਂਡ (Nyasaland) ਸਾਰੇ ਅੰਗਰੇਜ਼ਾਂ ਦੇ ਅਧਿਕਾਰ 'ਚ ਆ ਗਏ।

**ਰੋਡੇਸ਼ੀਆ–** ਦੱਖਣੀ ਅਫ਼ਰੀਕਾ 'ਚ ਅੰਗਰੇਜਾਂ ਦਾ ਉਪਨਿਵੇਸ਼ ਵਸਾਉਦ 'ਚ ਸਿਸਿਲ ਰੋਡਜ਼ ਨਾਮ ਦੇ ਵਿਅਕਤੀ ਨੇ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਦੱਖਣੀ ਅਫ਼ਰੀਕਾ 'ਚ ਉਸ ਨੂੰ ਬ੍ਰਿਟਿਸ਼ ਉਪਨਿਵੇਸ਼ ਦਾ ਨਿਰਮਾਤਾ ਕਿਹਾ ਜਾਂਦਾ ਹੈ। ਉਹ ਆਪਣੀ ਨੌਜਵਾਨ ਅਵਸਥਾ 'ਚ ਅਫ਼ਰੀਕਾ 'ਚ ਜਾ ਕੇ ਵਸ ਗਿਆ।

ਹੌਲੀ-ਹੌਲੀ ਉਹ ਬਹੁਤ ਅਮੀਰ ਹੋ ਗਿਆ। ਹੌਲੀ-ਹੌਲੀ ਉਸ ਦਾ ਪ੍ਰਭਾਵ ਵਧਦਾ ਰਿਹਾ ਅਤੇ ਉਹ ਕੇਪ ਕਾਲੋਨੀ ਦਾ ਪ੍ਰਧਾਨਮੰਤਰੀ ਬਣ ਗਿਆ। ਸਿਸਿਲ ਰੋਡਜ਼ ਨੇ ਬੇਚੂਆਨਾਲੈਂਡ 'ਤੇ ਕਬਜ਼ਾ ਕਰ ਲਿਆ। ਉਸ ਨੇ ਉਤਮਾਸ਼ਾ ਅੰਤਰੀਪ ਤੋਂ ਕਾਹਿਰਾ ਤੱਕ ਰੇਲ ਲਾਈਨ ਬਣਾਉਣ ਦੀ ਯੋਜਨਾ ਤਿਆਰ ਕੀਤੀ। ਇਸ ਤੋਂ ਬਾਅਦ ਉਸ ਨੇ ਕੇਪ ਕਾਲੋਨੀ ਦੇ ਉੱਤਰ 'ਚ ਇੱਕ ਕਾਫ਼ੀ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ। ਇਸ ਹਿੱਸੇ ਨੂੰ ਉਸ ਨੇ ਬ੍ਰਿਟਿਸ਼ ਉਪਨਿਵੇਸ਼ ਬਣਾ ਦਿੱਤਾ। ਉਸੇ ਦੇ ਨਾਮ 'ਤੇ ਇਸ ਉਪਨਿਵੇਸ਼ ਦਾ ਨਾਮ ਰੋਡੇਸ਼ੀਆ ਰੱਖ ਦਿੱਤਾ ਗਿਆ।

**ਮਿਸਰ 'ਚ ਉਪਨਿਵੇਸ਼ਵਾਦ–**19ਵੀਂ ਸ਼ਤਾਬਦੀ 'ਚ ਮਿਸਰ ਇੱਕ ਸ਼ਕਤੀਸ਼ਾਲੀ ਰਾਜ ਸੀ। ਉੱਥੋਂ ਦਾ ਸ਼ਾਸਕ ਮੁਹੰਮਦ ਅਲੀ ਸੀ। ਉਸ ਦੇ ਸਮੇਂ 'ਚ ਮਿਸਰ ਦੀ ਸਥਿਤੀ ਬਹੁਤ ਮਜ਼ਬੂਤ ਸੀ। ਪਰੰਤੂ 1848 'ਚ ਮੁਹੰਮਦ ਅਲੀ ਦੀ ਮੌਤ ਤੋਂ ਬਾਅਦ ਮਿਸਰ ਦੇ ਸ਼ਾਸਕ ਅਯੋਗ ਨਿੱਕਲੇ। ਇਸਮਾਈਲ ਨਾਂਅ ਦੇ ਸ਼ਾਸਕ ਦੇ ਸਮੇਂ 'ਚ ਮਿਸਰ ਨੇ ਫਰਾਂਸ ਅਤੇ ਇੰਗਲੈਂਡ ਦੀ ਸਹਾਇਤਾ ਨਾਲ ਸਵੇਜ ਨਹਿਰ ਦਾ ਨਿਰਮਾਣ ਕਰਵਾਇਆ। ਮੁਹੰਮਦ ਅਲੀ ਦੀ ਮੌਤ ਤੋਂ ਬਾਅਦ ਤੋਂ ਹੀ ਮਿਸਰ ਦੇ ਸ਼ਾਸਕ ਇੰਗਲੈਂਡ ਅਤੇ ਫਰਾਂਸ ਦੇ ਚੁੰਗਲ 'ਚ ਫਸਣ ਲੱਗੇ। ਸਵੇਜ ਨਹਿਰ ਬਣਨ ਤੋਂ ਬਾਅਦ ਤਾਂ ਮਿਸਰ ਦੇ ਸ਼ਾਸਕ ਉਨ੍ਹਾਂ ਦੇ ਹੱਥਾਂ 'ਚ ਕਠਪੁਤਲੀ ਬਣ ਗਏ।

ਇਸਮਾਈਲ ਦੇ ਬਾਅਦ ਤਿਪਲਿਕ ਸ਼ਾਸਕ ਬਣਿਆ। ਉਸ ਦੇ ਸ਼ਾਸਨ ਕਾਲ 'ਚ ਸ਼ਾਸਨ ਦੇ ਕਈ ਮਾਮਲਿਆਂ 'ਚ ਫਰਾਂਸੀਸੀਆਂ ਅਤੇ ਅੰਗਰੇਜਾਂ ਦਾ ਰਾਜ ਸਥਾਪਿਤ ਹੋ ਗਿਆ। ਇਸੇ ਦਰਮਿਆਨ ਇੰਗਲੈਂਡ ਦੀ ਸਰਕਾਰ ਨੇ ਸਵੇਜ ਨਹਿਰ 'ਤੋਂ ਮਿਸਰ ਦੇ ਰਾਜ ਨੂੰ ਪੈਸੇ ਦੇ ਕੇ ਖਰੀਦ ਲਿਆ। ਮਿਸਰ ਦੀ ਸਰਕਾਰ ਬ੍ਰਿਟਿਸ਼ ਤੋਂ ਕਰਜਾ ਲੈਂਦੀ ਰਹੀ ਸੀ। ਆਖ਼ਰ ਕਰਜਦਾਰ ਹੋਣ ਦੀ ਹੈਸੀਅਤ ਨਾਲ ਬ੍ਰਿਟੇਨ ਉਸ 'ਤੇ ਹੌਲੀ-ਹੌਲੀ ਆਪਣਾ ਰਾਜ ਜਮਾਉਂਦਾ ਗਿਆ।

ਹੌਲੀ-ਹੌਲੀ ਸਥਿਤੀ ਇਹ ਬਣ ਗਈ ਕਿ ਮਿਸਰ ' ਤੇ ਬ੍ਰਿਟਿਸ਼ ਸਰਕਾਰ ਦਾ ਪ੍ਰਤੀਨਿਧ ਸ਼ਾਸਨ ਕਰਨ ਲੱਗਿਆ। ਇਹ ਉਨੀਵੀਂ ਸ਼ਤਾਬਦੀ ਦੇ ਅੰਤ ਦੇ ਲਗਭਗ ਦੀ ਗੱਲ ਹੈ। ਅੰਗਰੇਜਾਂ ਨੇ ਮਿਸਰ ਦਾ ਖੂਬ ਸ਼ੋਸ਼ਣ ਕੀਤਾ ਅਤੇ ਉਥੋਂ ਦੀਆਂ ਰਾਸ਼ਟਰੀ ਭਾਵਨਾਵਾਂ ਨੂੰ ਖੂਬ ਬੇਰਹਿਮੀ ਨਾਲ ਕੁਚਲਿਆ।

ਇਸ ਤਰ੍ਹਾਂ ਉਨੀਵੀਂ ਸ਼ਤਾਬਦੀ ਦੇ ਅੰਤ ਤੱਕ ਲਗਭਗ ਸਾਰੇ ਅਫ਼ਰੀਕਾ ਨੂੰ ਯੂਰਪ ਦੇ ਦੇਸ਼ਾਂ ਨੇ ਹੜੱਪ ਲਿਆ। ਅਫ਼ਰੀਕਾ 'ਚ ਯੂਰਪਵਾਸੀਆਂ ਦੇ ਉਪਨਿਵੇਸ਼ ਬਣਨ ਦੀ ਕਹਾਣੀ ਬਹੁਤ ਦਰਦਨਾਕ ਹੈ।

### ਸਵ-ਮੁਲਾਂਕਣ (Self Assessment)

ਖਾਲੀ ਥਾਵਾਂ ਭਰੋ (Fill in the blanks) :

1. ਪੁਰਤਗਾਲੀਆਂ ਦੀ ਸ਼ਕਤੀ........ਦੇ ਅੰਤ ਤੱਕ ਸਮਾਪਤ ਹੋ ਗਈ।
2. ............ ਦੇ ਅੰਤ 'ਚ ਪੁਰਤਗਾਲ ਦੇ ਨਾਵਿਕ ਵਾਸਕੋ-ਡੀ-ਗਾਮਾ ਨੇ ਭਾਰਤ ਦੀ ਖੋਜ ਕਰ ਲਈ ਸੀ।
3. ............ ਦੇ ਮੱਧ ਤੱਕ ਫਰਾਂਸੀਸੀ ਸ਼ਕਤੀ ਦਾ ਵੀ ਪਤਨ ਹੋ ਗਿਆ ਸੀ।

ਨੋਟ

## 18.3 ਏਸ਼ੀਆ 'ਚ ਉਪਨਿਵੇਸ਼ੀ ਸਾਮਰਾਜ (Colonial Empire in Asia)

ਯੂਰਪ ਦੇ ਦੇਸ਼ਾਂ ਨੂੰ ਉਪਨਿਵੇਸ਼ੀ ਸਾਮਰਾਜ ਦੇ ਵਿਸਥਾਰ ਲਈ ਏਸ਼ੀਆ 'ਚ ਵੀ ਵੱਡੀ ਗੁੰਜਾਇਸ਼ ਸੀ। ਏਸ਼ੀਆ 'ਚ ਉਸ ਸਮੇਂ ਕੋਈ ਵੀ ਜ਼ਿਆਦਾ ਸ਼ਕਤੀਸ਼ਾਲੀ ਦੇਸ਼ ਨਹੀਂ ਸੀ। ਵਪਾਰ ਦੀ ਦ੍ਰਿਸ਼ਟੀ ਤੋਂ ਵੀ ਏਸ਼ੀਆ ਅੱਗੇ ਨਹੀਂ ਸੀ। ਉਦਯੋਗਿਕੀਕਰਨ ਦੇ ਖੇਤਰ 'ਚ ਏਸ਼ੀਆ ਯੂਰਪ ਤੋਂ ਬਹੁਤ ਪਿੱਛੇ ਸੀ। ਏਸ਼ੀਆ ਦੇ ਦੇਸ਼ਾਂ 'ਚ ਖੇਤੀ ਹੀ ਮੁੱਖ ਰੋਜਗਾਰ ਸੀ ਅਤੇ ਇਨ੍ਹਾਂ ਦੇਸ਼ਾਂ ਦੀ ਆਰਥਿਕ ਸਥਿਤੀ ਮਜ਼ਬੂਤ ਨਹੀਂ ਸੀ। ਇਹ ਹਾਲਤ ਉਪਨਿਵੇਸ਼ੀ ਸਾਮਰਾਜਵਾਦ ਦੇ ਵਿਕਾਸ ਦੇ ਲਈ ਅਨੁਕੂਲ ਹੀ ਕਹੀ ਜਾ ਸਕਦੀ ਹੈ। ਯੂਰਪ ਦੇ ਵਿਕਾਸਸ਼ੀਲ ਦੇਸ਼ਾਂ ਨੇ ਏਸ਼ੀਆ 'ਚ ਆਪਣੇ ਉਪਨਿਵੇਸ਼ ਸਥਾਪਿਤ ਕਰਨ ਲਈ ਬਹੁਤ ਜ਼ੋਰ-ਸ਼ੋਰ ਨਾਲ ਯਤਨ ਸ਼ੁਰੂ ਕੀਤੇ।

**ਭਾਰਤ-**15ਵੀਂ ਸ਼ਤਾਬਦੀ ਦੇ ਅੰਤ 'ਚ ਪੁਰਤਗਾਲ ਦੇ ਨਾਵਿਕ ਵਾਸਕੋ-ਡੀ-ਗਾਮਾ ਨੇ ਭਾਰਤ ਦੀ ਖੋਜ ਕਰ ਲਈ ਸੀ। ਪੁਰਤਗਾਲੀਆਂ ਨੇ ਭਾਰਤ ਦੇ ਨਾਲ ਆਪਣੇ ਵਪਾਰ ਨੂੰ ਵਧਾਇਆ ਅਤੇ ਭਾਰਤ 'ਚ ਕੁਝ ਉਪਨਿਵੇਸ਼ ਵੀ ਸਥਾਪਿਤ ਕਰ ਲਏ। ਗੋਆ ਉਨ੍ਹਾਂ ਦੀ ਰਾਜਧਾਨੀ ਸੀ। 17ਵੀਂ ਸ਼ਤਾਬਦੀ 'ਚ ਬ੍ਰਿਟੇਨ, ਹਾਲੈਂਡ ਅਤੇ ਫਰਾਂਸ ਦੀਆਂ ਵਾਪਰਿਕ ਕੰਪਨੀਆਂ ਨੇ ਵੀ ਭਾਰਤ ਦੇ ਨਾਲ ਵਪਾਰ ਕਰਨਾ ਸ਼ੁਰੂ ਕਰ ਦਿੱਤਾ। ਭਾਰਤ 'ਚ ਇਨ੍ਹਾਂ ਚਾਰੇ ਯੂਰਪੀ ਦੇਸ਼ਾਂ ਦਰਮਿਆਨ ਸੱਤਾ ਜਮਾਉਣ ਲਈ ਸੰਘਰਸ਼ ਹੋਣ ਲੱਗਿਆ। ਪੁਰਤਗਾਲੀਆਂ ਦੀ ਸ਼ਕਤੀ ਤਾਂ 17ਵੀਂ ਸ਼ਤਾਬਦੀ ਦੇ ਅੰਤ ਤੱਕ ਸਮਾਪਤ ਹੋ ਗਈ। ਗੋਆ, ਦਮਨ ਅਤੇ ਡਿਊ ਹੀ ਉਨ੍ਹਾਂ ਦੇ ਕਬਜ਼ੇ 'ਚ ਰਹਿ ਗਿਆ। ਹਾਲੈਂਡ ਵਾਲੇ ਵੀ ਇਸ ਸੰਘਰਸ਼ 'ਚ ਜ਼ਿਆਦਾ ਸਮੇਂ ਤੱਕ ਨਹੀਂ ਟਿਕ ਸਕੇ। ਬਾਅਦ ਵਿੱਚ ਅੰਗਰੇਜ਼ ਅਤੇ ਫਰਾਂਸੀਸੀ ਕੰਪਨੀਆਂ ਦਰਮਿਆਨ ਝਗੜੇ ਚਲਦੇ ਰਹੇ। 18ਵੀਂ ਸ਼ਤਾਬਦੀ ਦੇ ਮੱਧ ਤੱਕ ਫਰਾਂਸੀਸੀ ਸ਼ਕਤੀ ਦਾ ਵੀ ਪਤਨ ਹੋ ਗਿਆ।

1757 ਈ. 'ਚ ਅੰਗਰੇਜ਼ਾਂ ਨੇ ਬੰਗਾਲ ਦੇ ਨਵਾਬ ਨੂੰ ਪਲਾਸੀ ਦੇ ਯੁੱਧ 'ਚ ਹਰਾਇਆ ਅਤੇ 1764 ਈ. 'ਚ ਬਕਸਰ ਦੇ ਯੁੱਧ 'ਚ ਅੰਗਰੇਜਾਂ ਨੇ ਅਵਧ ਦੇ ਨਵਾਬ, ਮੁਗਲ ਸਮਰਾਟ ਅਤੇ ਬੰਗਾਲ ਦੇ ਨਵਾਬ ਤਿੰਨਾਂ ਦੀ ਸਾਂਝੀ ਫੌਜ ਨੂੰ ਹਰਾ ਦਿੱਤਾ। ਇਨ੍ਹਾਂ ਜਿੱਤਾਂ ਦੇ ਫਲਸਰੂਪ ਬੰਗਾਲ ਅਤੇ ਬਿਹਾਰ 'ਤੇ ਅੰਗਰੇਜਾਂ ਦਾ ਰਾਜ ਸਥਾਪਿਤ ਹੋ ਗਿਆ। ਇਸ ਸਮੇਂ ਭਾਰਤ 'ਚ ਮੁਗਲ ਸਾਮਰਾਜ ਲਗਭਗ ਬਿਲਕੁਲ ਨਸ਼ਟ ਹੋ ਗਿਆ ਸੀ। ਮਰਾਠਿਆਂ ਦੀ ਸ਼ਕਤੀ ਕਾਫ਼ੀ ਵਧੀ ਹੋਈ ਸੀ। ਹੈਦਰਾਬਾਦ 'ਚ ਉੱਥੋਂ ਦਾ ਨਿਜਾਮ ਸ਼ਕਤੀਸ਼ਾਲੀ ਸੀ ਅਤੇ ਮੈਸੂਰ ਦਾ ਰਾਜ ਵੀ ਅੰਗਰੇਜਾਂ ਦਾ ਕੱਟੜ ਦੁਸ਼ਮਣ ਸੀ।

ਭਾਰਤ 'ਚ ਬ੍ਰਿਟਿਸ਼ ਕੰਪਨੀ ਦੇ ਕਾਰਨਾਮਿਆਂ ਨਾਲ ਭਾਰਤ ਦੀ ਜਨਤਾ ਬਹੁਤ ਜ਼ਿਆਦਾ ਅਸੰਤੁਸ਼ਟ ਸੀ। ਇਹ ਅਸੰਤੋਸ਼ ਹੌਲੀ-ਹੌਲੀ ਵਧਦਾ ਰਿਹਾ ਅਤੇ 1857 'ਚ ਭਾਰਤ ਦੀ ਜਨਤਾ ਨੇ ਕੰਪਨੀ ਦੇ ਸ਼ਾਸਨ ਤੋਂ ਮੁਕਤ ਹੋਣ ਅਤੇ ਭਾਰਤ ਤੋਂ ਕੰਪਨੀ ਨੂੰ ਉਖਾੜ ਸੁੱਟਣ ਲਈ ਵਿਦਰੋਹ ਕਰ ਦਿੱਤਾ। ਪਰੰਤੂ ਬ੍ਰਿਟਿਸ਼ ਕੰਪਨੀ ਦੇ ਪਿੱਛੇ ਬ੍ਰਿਟੇਨ ਦੇ ਸਾਮਰਾਜ ਦੀ ਫੌਜ ਅਤੇ ਸ਼ਕਤੀ ਸੀ। ਭਾਰਤ ਦੇ ਅਜ਼ਾਦੀ ਅੰਦੋਲਨ ਨੂੰ ਅੰਗਰੇਜਾਂ ਨੇ ਕੁਚਲ ਦਿੱਤਾ। ਇਸੇ ਸਾਲ ਤੋਂ ਭਾਰਤ 'ਚ ਬ੍ਰਿਟਿਸ਼ ਕੰਪਨੀ ਦੇ ਕੋਲ ਜੋ ਰਾਜ ਸੀ, ਉਸ ਨੂੰ ਬ੍ਰਿਟਿਸ਼ ਸਾਮਰਾਜ ਨੇ ਆਪਣੇ ਹੱਥ 'ਚ ਲੈ ਲਿਆ। ਉਂਜ ਤਾਂ 1857 ਤੱਕ ਲਗਭਗ ਸਾਰੇ ਭਾਰਤ 'ਤੇ ਬ੍ਰਿਟਿਸ਼ ਕੰਪਨੀ ਦਾ ਰਾਜ ਸਥਾਪਿਤ ਹੋ ਗਿਆ ਸੀ ਪਰੰਤੂ ਜੋ ਕਸਰ ਬਚੀ ਸੀ, ਉਸ ਨੂੰ ਬ੍ਰਿਟਿਸ਼ ਸਰਕਾਰ ਨੇ ਪੂਰੀ ਕਰ ਦਿੱਤਾ। ਹੁਣ ਸਾਰਾ ਭਾਰਤ ਅੰਗਰੇਜਾਂ ਦੇ ਅਧੀਨ ਹੋ ਗਿਆ ਅਤੇ ਅੰਗਰੇਜਾਂ ਨੇ ਜੀ ਭਰਕੇ ਭਾਰਤ ਦਾ ਸ਼ੋਸ਼ਣ ਕੀਤਾ। ਭਾਰਤ ਦਾ ਕੱਚਾ ਮਾਲ ਇੰਗਲੈਂਡ ਜਾਣ ਲੱਗਾ। ਇੰਗਲੈਂਡ ਦਾ ਬਣਿਆ ਮਾਲ ਭਾਰਤ 'ਚ ਵਿਕਣ ਲੱਗਾ। ਭਾਰਤ 'ਚ ਉਦਯੋਗਾਂ ਦੀ ਸਥਾਪਨਾ ਨੂੰ ਨਿਰਉਤਸਾਹਿਤ ਕੀਤਾ ਗਿਆ।

**ਲੰਕਾ-** ਲੰਕਾ 'ਚ ਵੀ ਸਭ ਤੋਂ ਪਹਿਲਾਂ ਪੁਰਤਗਾਲ ਵਾਲਿਆਂ ਨੇ ਅਧਿਕਾਰ ਜਮਾਇਆ। ਸਤਾਰਵੀਂ ਸ਼ਤਾਬਦੀ 'ਚ ਹਾਲੈਂਡ ਵਾਲਿਆਂ ਨੇ ਪੁਰਤਗਾਲ ਵਾਲਿਆਂ ਤੋਂ ਲੰਕਾ ਖੋਹ ਲਿਆ ਅਤੇ ਅਗਲੀ ਸ਼ਤਾਬਦੀ 'ਚ ਲੰਕਾ ਬ੍ਰਿਟੇਨ ਵਾਸੀਆਂ ਦੇ ਹੱਥ 'ਚ ਆ ਗਿਆ। ਅੰਗਰੇਜਾਂ ਨੇ ਇਸ 'ਤੇ ਪੂਰੀ ਤਰ੍ਹਾਂ ਨਾਲ ਕਬਜ਼ਾ ਰੱਖਿਆ ਕਿਉਂਕਿ ਲੰਕਾ ਵਪਾਰ ਦੀ ਦ੍ਰਿਸ਼ੀ ਤੋਂ ਅਤੇ ਸਾਮਰਿਕ ਦ੍ਰਿਸ਼ਟੀ ਤੋਂ ਵੀ ਬਹੁਤ ਮਹੱਤਵਪੂਰਨ ਸੀ।

**ਚੀਨ-**ਚੀਨ 'ਚ ਸਭ ਤੋਂ ਪਹਿਲਾਂ ਯੂਰਪਵਾਸੀ ਮਾਰਕੋ ਪਲੋ ਥਲ ਮਾਰਗ ਰਾਹੀਂ ਪਹੁੰਚਿਆ ਸੀ। ਉਸ ਤੋਂ ਬਾਅਦ ਯੂਰਪ ਦੇ ਸਭ ਤੋਂ ਵੱਡੇ-ਵੱਡੇ ਰਾਜ ਚੀਨ 'ਚ ਆਪਣੀ ਸੱਤਾ ਜਮਾਉਣ ਦੀ ਗੱਲ ਸੋਚਣ ਲੱਗੇ। ਸਤਾਰਵੀਂ ਸ਼ਤਾਬਦੀ 'ਚ ਚੀਨ ਦੇ ਸਮੁੰਦਰੀ ਤਟ 'ਤੇ ਅੰਗਰੇਜ, ਪੁਤਰਗਾਲ ਅਤੇ ਡਚ ਵਪਾਰੀ ਆਉਣ ਜਾਣ ਲੱਗੇ। ਹੌਲੀ-ਹੌਲੀ ਸਮੁੰਦਰੀ ਤਟ ਦੇ ਹਿੱਸਿਆਂ 'ਤੇ ਇਸ ਦਾ ਪ੍ਰਭਾਵ ਵਧਦਾ ਗਿਆ। 18ਵੀਂ ਸ਼ਤਾਬਦੀ 'ਚ ਚੀਨ ਦੇ ਰਾਜ ਦੀ ਕੇਂਦਰੀ ਸੱਤਾ ਕਮਜ਼ੋਰ ਹੋ ਗਈ। ਇਸ ਦਾ ਲਾਭ ਉਠਾ ਕੇ ਯੂਰਪ ਵਾਲਿਆਂ ਨੇ ਚੀਨ ਦੇ ਅੰਦਰੂਨੀ ਹਿੱਸਿਆਂ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਚੀਨ ਦੇ ਲੋਕ ਅਫ਼ੀਮ ਦਾ ਸੇਵਨ ਬਹੁਤ ਕਰਦੇ ਸਨ। ਇਸ ਲਈ ਚੀਨ 'ਚ ਅਫ਼ੀਮ ਦਾ ਖੂਬ ਵਪਾਰ ਹੁੰਦਾ ਸੀ। ਚੀਨ ਦੀ ਸਰਕਾਰ ਦੁਆਰਾ ਚੀਨ 'ਚ ਅਫ਼ੀਮ ਦਾ ਆਯਾਤ ਬੰਦ ਕਰਨ ਦੇ ਸਵਾਲ ਨੂੰ ਲੈ ਕੇ ਉਨੀਵੀਂ ਦੇ ਸ਼ਤਾਬਦੀ ਦੇ ਮੱਧ 'ਚ ਚੀਨ 'ਚ ਦੋ ਯੁੱਧ ਹੋਏ ਜਿਨ੍ਹਾਂ ਵਿੱਚ ਚੀਨ ਦੀ ਹਾਰ ਹੋਈ ਅਤੇ ਉਸ ਨੂੰ ਬਹੁਤ ਅਪਮਾਨਜਨਕ ਸ਼ਰਤਾਂ ਮੰਨਣੀਆਂ ਪਈਆਂ। ਇਨ੍ਹਾਂ ਸ਼ਰਤਾਂ ਦੇ ਅਨੁਸਾਰ ਚੀਨ ਦੇ ਸਮੁੰਦਰਤਟ ਦੇ ਕਈ ਬੰਦਰਗਾਹਾਂ 'ਤੇ ਅੰਗਰੇਜਾਂ ਦਾ ਰਾਜ ਹੋ ਗਿਆ ਅਤੇ ਚੀਨ ਦੇ ਕਈ ਨਗਰਾਂ 'ਚ ਵਪਾਰ ਦਾ ਅਧਿਕਾਰ ਮਿਲ ਗਿਆ।

**ਦੱਖਣੀ-ਪੂਰਬੀ ਏਸ਼ੀਆ-** ਪੂਰਬੀ ਦੀਪ ਸਮੂਹ ਦੇ ਮਸਾਲੇ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਦੇਸ਼ਾਂ ਤੋਂ ਮਸਾਲੇ ਲਿਜਾ ਕੇ ਯੂਰਪ ਦੇ ਦੇਸ਼ 'ਚ ਉਨ੍ਹਾਂ ਨੂੰ ਵੇਚਣ ਦਾ ਕਾਰੋਬਾਰ ਬਹੁਤ ਲਾਭਦਾਇਕ ਸੀ। ਇਸ ਖੇਤਰ 'ਚ ਪਹਿਲਾਂ ਪੁਰਤਗਾਲ ਵਾਲੇ ਆਏ। ਪਰੰਤੂ ਕੁਝ ਸਮੇਂ ਬਾਅਦ ਫਿਲੀਪਾਇਨ ਦੀਪ 'ਤੇ ਸਪੇਨ ਦਾ ਅਧਿਕਾਰ ਹੋ ਗਿਆ। ਅੱਗੇ ਚੱਲ ਕੇ ਸਪੇਨ ਅਤੇ ਪੁਰਤਗਾਲ ਕਮਜ਼ੋਰ ਹੋ ਗਏ ਅਤੇ ਇਹ ਦੀਪ ਹਾਲੈਂਡ ਵਾਲਿਆਂ ਦੇ ਰਾਜ 'ਚ ਆ ਗਏ।

ਸਿੰਗਾਪੁਰ 'ਤੇ ਅੰਗਰੇਜਾਂ ਨੇ 1840 ਈ. 'ਚ ਅਤੇ ਮਲਾਇਆ ਪ੍ਰਾਏਦੀਪ 'ਤੇ 1865 ਈ. 'ਚ ਕਬਜ਼ਾ ਕਰ ਲਿਆ। ਹਿੰਦ-ਚੀਨ 'ਤੇ ਫਰਾਂਸੀਸੀਆਂ ਦਾ ਰਾਜ ਸਥਾਪਿਤ ਹੋਇਆ। ਜਾਵਾ, ਸੁਮਾਤਰਾ ਅਤੇ ਬੋਰਨਿਓ ਆਦਿ 'ਤੇ ਹਾਲੈਂਡ ਦਾ ਰਾਜ ਸਥਾਪਿਤ ਹੋ ਗਿਆ। ਇਨ੍ਹਾਂ ਦੇਸ਼ਾਂ 'ਚ ਰਬੜ, ਨਾਰੀਅਲ, ਮਸਾਲਿਆਂ ਦਾ ਉਤਪਾਦਨ ਬਹੁਤ ਜ਼ਿਆਦਾ ਹੁੰਦਾ ਹੈ। ਮਲਾਇਆ 'ਚ ਟਿਨ ਖੂਬ ਮਿਲਦਾ ਹੈ।

ਆਖ਼ਰ ਸਾਮਰਾਜਵਾਦੀ ਸ਼ਕਤੀਆਂ ਨੇ ਇਨ੍ਹਾਂ ਦਾ ਜੀ ਭਰ ਕੇ ਲਾਭ ਉਠਾਇਆ। ਪ੍ਰਸ਼ਾਂਤ ਮਹਾਂਸਾਗਰ 'ਚ ਅਮਰੀਕਾ ਦੇ ਕੋਲ ਹਵਾਈ, ਕਿਊਬਾ ਅਤੇ ਸਮਾਓ ਦੀਪ ਅਤੇ ਬ੍ਰਿਟੇਨ ਦੇ ਕੋਲ ਨਿਊਗਿਨੀ ਸਨ। ਬਾਅਦ ਵਿੱਚ ਅਮਰੀਕਾ ਨੇ ਫਿਲੀਪਾਈਨ 'ਤੇ ਵੀ ਕਬਜ਼ਾ ਕਰ ਲਿਆ।

**ਇਰਾਨ ਅਤੇ ਅਫ਼ਗਾਨਿਸਤਾਨ–** ਇਰਾਨ ਦੀ ਸਰਕਾਰ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਰੂਸ ਅਤੇ ਬ੍ਰਿਟੇਨ ਦੋਵਾਂ ਨੇ ਇਰਾਨ 'ਚ ਆਪਣਾ ਰਾਜ ਜਮਾਉਣ ਦੀ ਕੋਸ਼ਿਸ਼ ਕੀਤੀ। ਕਾਫ਼ੀ ਸਮੇਂ ਤੱਕ ਦੋਵੇਂ ਹੀ ਆਪਣੀ ਸ਼ਕਤੀ ਦ੍ਰਿੜ ਕਰਦੇ ਰਹੇ। ਪਰੰਤੂ ਅੰਤ 'ਚ ਉਨ੍ਹਾਂ ਨੇ ਇਰਾਨ 'ਚ ਆਪਣੇ ਪ੍ਰਭਾਵ-ਸ਼ਕਤੀ ਵੰਡ ਲਏ। ਉੱਤਰੀ ਇਰਾਨ ਰੂਸ ਦੇ ਪ੍ਰਭਾਵ ਖੇਤਰ 'ਚ ਅਤੇ ਦੱਖਣੀ ਇਰਾਨ ਬ੍ਰਿਟੇਨ ਦੇ ਪ੍ਰਭਾਵ ਖੇਤਰ 'ਚ ਆ ਗਿਆ। ਇਰਾਨ ਦਾ ਮਹੱਤਵ ਉੱਥੋਂ ਦੀ ਮਿੱਟੀ ਦੇ ਤੇਲ ਦੀਆਂ ਖਾਨਾਂ ਦੇ ਕਾਰਨ ਬਹੁਤ ਹੈ। ਸਾਮਰਾਜਵਾਦੀ ਸ਼ਕਤੀਆਂ ਨੇ ਇਰਾਨ ਦੇ ਤੇਲ ਤੋਂ ਲਾਭ ਉਠਾਉਣ ਲਈ ਇਰਾਨ 'ਚ ਰੇਲਾਂ ਬਣਵਾਈਆਂ, ਖਾਨਾਂ ਖੁਦਵਾਈਆਂ ਅਤੇ ਹੌਲੀ-ਹੌਲੀ ਕਈ ਤੇਲ ਕੰਪਨੀਆਂ ਬਣ ਗਈਆਂ।

ਅਫ਼ਗਾਨਿਸਤਾਨ 'ਤੇ ਵੀ ਰੂਸ ਅਤੇ ਬ੍ਰਿਟੇਨ ਦੋਵਾਂ ਨੇ ਦੰਦ ਲਾ ਰੱਖਿਆ ਸੀ। ਉਨੀਂਵੀਂ ਸ਼ਤਾਬਦੀ 'ਚ ਅਫ਼ਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ 'ਚ ਵਿਦੇਸ਼ੀਆਂ ਨੇ ਦਖ਼ਲ ਦੇਣਾ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਰੂਸ ਉੱਥੋਂ ਹਟ ਗਿਆ ਅਤੇ ਬ੍ਰਿਟੇਨ ਨੇ ਆਪਣੀ ਫੌਜ ਦੇ ਦਮ 'ਤੇ ਅਫ਼ਗਾਨਿਸਤਾਨ 'ਤੇ ਆਪਣਾ ਰਾਜ ਜਮਾ ਲਿਆ।

**ਅਮਰੀਕਾ ਦੀ ਸਾਮਰਾਜਵਾਦੀ ਨੀਤੀ–** ਪਹਿਲਾਂ ਤਾਂ ਅਮਰੀਕਾ ਖੁਦ ਯੂਰਪ ਦੇ ਦੇਸ਼ਾਂ ਦਾ ਉਪਨਿਵੇਸ਼ ਸੀ ਪਰੰਤੂ ਅਜ਼ਾਦ ਹੋਣ ਤੋਂ ਬਾਅਦ ਅਮਰੀਕਾ ਨੇ ਵੀ ਆਪਣਾ ਉਦਯੋਗਿਕ ਵਿਕਾਸ ਕੀਤਾ। ਯੂਰਪ ਦੇ ਦੇਸ਼ਾਂ ਦੀ ਸਾਮਰਾਜਵਾਦੀ ਨੀਤੀ ਨੂੰ ਦੇਖ ਕੇ ਅਮਰੀਕਾ ਨੇ 'ਅਮਰੀਕਾ ਅਮਰੀਕਾਵਾਸੀਆਂ ਲਈ' ਨਾਅਰਾ ਲਾਇਆ। ਇਸ ਤਰ੍ਹਾਂ ਯੂਰਪ ਵਾਲਿਆਂ ਨੂੰ ਅਮਰੀਕਾ 'ਚ ਦਾਖ਼ਲ ਹੋਣ ਦਾ ਮਾਰਗ ਬੰਦ ਹੋ ਗਿਆ।

ਜਦੋਂ ਅਮਰੀਕਾ ਦਾ ਉਦਯੋਗਿਕੀਕਰਨ ਹੋਇਆ, ਤਾਂ ਉਸ ਨੂੰ ਵੀ ਆਪਣਾ ਮਾਲ ਵੇਚਣ ਲਈ ਉਪਨਿਵੇਸ਼ ਬਣਾਉਣ ਦੀ ਜ਼ਰੂਰਤ ਮਹਿਸੂਸ ਹੋਈ। ਏਸ਼ੀਆ 'ਚ ਉਨ੍ਹਾਂ ਦਿਨਾਂ 'ਚ ਯੂਰਪ ਦੇ ਦੇਸ਼ ਆਪਣੇ ਉਪਨਿਵੇਸ਼ਾਂ ਦਾ ਲਾਭ ਉਠਾ ਰਹੇ ਸਨ। ਅਮਰੀਕਾ ਨੇ ਵੀ ਵਹਿੰਦੀ ਗੰਗਾ 'ਚ ਹੱਥ ਧੋਤੇ। 1867 ਈ. 'ਚ ਉਸ ਨੇ ਰੂਸ ਤੋਂ ਅਲਾਸਕਾ ਲੈ ਲਿਆ। 20ਵੀਂ ਸ਼ਤਾਬਦੀ ਦੇ ਸ਼ੁਰੂ 'ਚ ਉਸ ਨੇ ਪ੍ਰਸ਼ਾਂਤ ਮਹਾਂਸਾਗਰ ਦੇ ਕਈ ਦੀਪਾਂ ਜਿਵੇਂ ਫਿਲੀਪਾਈਨ, ਕਿਊਬਾ, ਪਾਰਟੋਰਿਕੋ ਆਦਿ 'ਤੇ ਕਬਜ਼ਾ ਕਰ ਲਿਆ। ਚੀਨ ਦੀ ਲੁੱਟ 'ਚ ਅਮਰੀਕਾ ਵੀ ਕੁਝ ਹੱਦ ਤੱਕ ਸ਼ਾਮਲ ਹੋਇਆ। 1903 ਈ. 'ਚ ਅਮਰੀਕਾ ਨੇ ਪਨਾਮਾ ਜਲਡਮਰੂ ਮੱਧ 'ਤੇ ਅਧਿਕਾਰ ਕਰਕੇ ਲੇਟਿਨ ਅਮਰੀਕਾ ਦੇ ਦੇਸ਼ਾਂ 'ਚ ਦਖਲ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਅਮਰੀਕਾ ਦਾ ਪ੍ਰਭਾਵ-ਖੇਤਰ ਉਸ ਦੇ ਵਪਾਰਕ ਹਿੱਤਾਂ ਲਈ ਬਹੁਤ ਲਾਭਕਾਰੀ ਹੋਇਆ। ਉੱਪਰ ਅਸੀਂ ਏਸ਼ੀਆ 'ਚ ਉਪਨਿਵੇਸ਼ੀ ਸਾਮਰਾਜਵਾਦ ਦੇ ਵਿਸਥਾਰ ਦਾ ਵਰਣਨ ਪੜ੍ਹ ਚੁੱਕੇ ਹਾਂ। ਆਸਟਰੇਲੀਆ ਅਤੇ ਨਿਊਜ਼ੀਲੈਂਡ ਦਾ ਸੰਖੇਪ ਵਰਣਨ ਕਰ ਦੇਣਾ ਵੀ ਅਪੇਕਸ਼ਿਤ ਹੈ।

**ਆਸਟਰੇਲੀਆ ਅਤੇ ਨਿਊਜ਼ੀਲੈਂਡ–** ਆਸਟਰੇਲੀਆ ਦੀ ਖੋਜ 1770 ਈ. 'ਚ ਕੈਪਟਨ ਕੁਕ ਨੇ ਕੀਤੀ ਸੀ। ਕੈਪਟਨ ਕੁਕ ਬ੍ਰਿਟੇਨ ਨਿਵਾਸੀ ਸੀ। ਆਖ਼ਰ ਆਸਟਰੇਲੀਆ 'ਤੇ ਬ੍ਰਿਟੇਨ ਦਾ ਅਧਿਕਾਰ ਹੋ ਗਿਆ। ਪਹਿਲਾਂ ਤਾਂ ਆਸਟਰੇਲੀਆ ਦਾ ਕੋਈ ਉਪਯੋਗ ਨਹੀਂ ਹੋ ਸਕਿਆ। ਕੁਝ ਸਮੇਂ ਬਾਅਦ ਬ੍ਰਿਟੇਨ ਨੇ ਉੱਥੇ ਉਪਨਿਵੇਸ਼ ਵਸਾਇਆ। ਆਇਰਲੈਂਡ ਅਤੇ ਸਕਾਟਲੈਂਡ ਦੇ ਬਹੁਤ ਸਾਰੇ ਲੋਕ ਆਸਟਰੇਲੀਆ ਜਾ ਕੇ ਵਸ ਗਏ। ਆਸਟਰੇਲੀਆ ਮਹਾਂਦੀਪ 'ਚ ਭੇਡ ਪਾਲਣ ਦਾ ਅਤੇ ਡੇਅਰੀ ਅਤੇ ਉਨ ਦਾ ਕੰਮ ਬਹੁਤ ਵਿਕਸਿਤ ਹੋ ਗਿਆ। ਉਨੀਵੀਂ ਸ਼ਤਾਬਦੀ ਦੇ ਮੱਧ-ਭਾਗ 'ਚ ਆਸਟਰੇਲੀਆ ਦੇ ਨਿਊਸਾਥਵੇਲਸ ਅਤੇ ਵਿਕਟੋਰੀਆ ਹਿੱਸੇ 'ਚ ਸੋਨੇ ਦੀਆਂ ਖਾਨਾਂ ਦਾ ਪਤਾ ਲੱਗਿਆ। ਇਸ ਤੋਂ ਬਾਅਦ ਉੱਥੇ ਹੋਰ ਵੀ ਉਪਨਿਵੇਸ਼ ਵਸੇ। 1860 ਈ. ਤੱਕ ਉੱਥੇ ਸੱਤ ਉਪਨਿਵੇਸ਼ ਵਸ ਗਏ ਸਨ। ਨਿਊਜ਼ੀਲੈਂਡ ਵੀ ਬ੍ਰਿਟੇਨ ਦੇ ਹੀ ਅਧਿਕਾਰ 'ਚ ਸੀ।

ਉਪਨਿਵੇਸ਼ੀ ਸਾਮਰਾਜਵਾਦੀ ਦੇਸ਼ਾਂ ਨੇ ਆਪਣੇ ਉਪਨਿਵੇਸ਼ਾਂ 'ਚ ਉੱਥੋਂ ਦੇ ਪ੍ਰਾਚੀਨ ਉਦਯੋਗਾਂ ਨੂੰ ਨਸ਼ਟ ਕੀਤਾ, ਉੱਥੋਂ ਦੇ ਲੋਕਾਂ 'ਚ ਫੁੱਟ ਪਾਈ ਅਤੇ ਉਨ੍ਹਾਂ ਨੂੰ ਲੜਾਇਆ, ਉੱਥੋਂ ਦੇ ਲੋਕਾਂ ਦੀਆਂ ਰਾਸ਼ਟਰੀ ਭਾਵਨਾਵਾਂ ਦੇ ਵਿਕਾਸ ਨੂੰ ਬਲਪੂਰਵਕ ਦਬਾਉਣ ਦੀ ਕੋਸ਼ਿਸ਼ ਕੀਤੀ।

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ

4. ………ਬ੍ਰਿਟੇਨਵਾਸੀ ਸੀ ਜਿਸ ਨੇ ਆਸਟਰੇਲੀਆ ਦੀ ਖੋਜ ਕੀਤੀ ਸੀ।
   - (ੳ) ਕੈਪਟਨ ਕੁਕ — (ਅ) ਕੈਪਟਨ ਹਾਬਸ
   - (ੲ) ਕੈਪਟਨ ਹਾਕ — (ਸ) ਕੈਪਟਨ ਜਿਮ
5. ……..'ਚ ਅੰਗਰੇਜਾਂ ਨੇ ਬੰਗਾਲ ਦੇ ਨਵਾਬ ਨੂੰ ਪਲਾਸੀ ਦੇ ਯੁੱਧ 'ਚ ਹਰਾਇਆ।
   - (ੳ) 1857 ਈ. — (ਅ) 1757 ਈ.
   - (ੲ) 1957 ਈ. — (ਸ) 1557 ਈ.
6. …….ਤੱਕ ਲਗਭਗ ਸਾਰੇ ਭਾਰਤ 'ਤੇ ਬ੍ਰਿਟਿਸ਼ ਕੰਪਨੀ ਦਾ ਰਾਜ ਸਥਾਪਿਤ ਹੋ ਗਿਆ ਸੀ।
   - (ੳ) 1857 — (ਅ) 1757
   - (ੲ) 1957 — (ਸ) ਇਨ੍ਹਾਂ 'ਚੋਂ ਕੋਈ ਨਹੀਂ।

ਨੋਟ

ਟਾਸਕ ਆਸਟਰੇਲੀਆ ਦੀ ਖੋਜ 1770 ਈ. 'ਚ ਕਿਸ ਨੇ ਕੀਤੀ ਸੀ ?

## 18.4 ਉਪਨਿਵੇਸ਼ੀ ਸਾਮਰਾਜਵਾਦ ਦੇ ਪ੍ਰਭਾਵ (Effects of Colonial Imperialism)

ਉਪਨਿਵੇਸ਼ੀ ਸਾਮਰਾਜਵਾਦ ਯੂਰਪ ਦੇ ਦੇਸ਼ਾਂ ਲਈ ਇੱਕ ਅਜਿਹਾ ਸਾਧਨ ਸੀ, ਜਿਸ ਦੀ ਸਹਾਇਤਾ ਨਾਲ ਉਹ ਆਪਣਾ ਰਾਜ ਖੇਤਰ ਵਧਾ ਕੇ ਬਹੁਤ ਜ਼ਿਆਦਾ ਲਾਭ ਕਮਾ ਸਕਦੇ ਸਨ ਅਤੇ ਵਿਸ਼ਵ ਦੇ ਇੱਕ ਵਿਸ਼ੇਸ਼ ਹਿੱਸੇ 'ਤੇ ਅਪਾਣਾ ਆਰਥਿਕ, ਰਾਜਨੀਤਿਕ ਅਤੇ ਸਾਮਰਾਜੀ ਸੱਤਾ ਕਾਇਮ ਰੱਖ ਸਕਦੇ ਸਨ। ਇੱਥੇ ਅਸੀਂ ਉਪਨਿਵੇਸ਼ੀ ਸਾਮਰਾਜਵਾਦ ਦੇ ਮੁੱਖ ਪ੍ਰਭਾਵਾਂ ਦਾ ਅਧਿਐਨ ਕਰਾਂਗੇ।

1. **ਸਾਮਰਾਜਵਾਦੀ ਦੇਸ਼ਾਂ ਦੇ ਰਾਜ ਅਤੇ ਸ਼ਕਤੀ 'ਚ ਵਾਧਾ:** ਯੂਰਪ ਦੇ ਜਿੰਨ੍ਹਾਂ ਦੇਸ਼ਾਂ ਨੇ ਉਪਨਿਵੇਸ਼ੀ ਸਾਮਰਾਜ ਬਣਾਏ, ਉਨ੍ਹਾਂ ਦਾ ਰਾਜ ਅਤੇ ਉਨ੍ਹਾਂ ਦੀ ਸ਼ਕਤੀ ਵਧ ਗਈ। ਆਪਣੀ ਸ਼ਕਤੀ ਦੇ ਦਮ 'ਤੇ ਉਨ੍ਹਾਂ ਨੇ ਕਈ ਯੁੱਧ ਲੜੇ ਅਤੇ ਆਪਣੇ ਉਪਨਿਵੇਸ਼ੀ ਸਾਮਰਾਜ ਦਾ ਵਾਧਾ ਕੀਤਾ। ਉਨ੍ਹਾਂ ਦਿਨਾਂ 'ਚ ਉਪਨਿਵੇਸ਼ੀ ਸਾਮਰਾਜ ਗੌਰਵ ਅਤੇ ਸੱਤਾ ਨੂੰ ਵਧਾਉਣ ਦਾ ਇੱਕ ਮੁੱਖ ਸਾਧਨ ਸੀ। ਉਪਨਿਵੇਸ਼ਾਂ ਦੀ ਜਾਇਦਾਦ ਨੂੰ ਲੁੱਟ ਕੇ ਸਾਮਰਾਜਵਾਦੀ ਦੇਸ਼ਾਂ ਨੇ ਯੂਰਪ ਨੂੰ ਮਾਲਾਮਾਲ ਕਰ ਦਿੱਤਾ।
2. **ਯੁੱਧਾਂ ਦੀ ਭਰਮਾਰ:** ਉਪਨਿਵੇਸ਼ੀ ਸਾਮਰਾਜ ਵਧਾਉਣ ਦੀ ਦੌੜ 'ਚ ਯੂਰਪ ਦੇ ਦੇਸ਼ ਆਪਸ 'ਚ ਵਿਰੋਧਤਾ ਕਰ ਰਹੇ ਸਨ। ਇਸ ਵਿਰੋਧਤਾ ਦੇ ਕਾਰਨ ਉਨ੍ਹਾਂ ਦੇ ਹਿੱਤਾਂ 'ਚ ਸੰਘਰਸ਼ ਹੁੰਦੇ ਹੀ ਉਨ੍ਹਾਂ ਦਾ ਯੁੱਧ ਸ਼ੁਰੂ ਹੋ ਜਾਂਦਾ ਸੀ। ਜਦੋਂ ਯੂਰਪ ਦੇ ਕਿਸੇ ਦੋ ਜਾਂ ਦੋ ਤੋਂ ਜ਼ਿਆਦਾ ਸਾਮਰਾਜਵਾਦੀ ਦੇਸ਼ਾਂ ਦਰਮਿਆਨ ਯੁੱਧ ਸ਼ੁਰੂ ਹੁੰਦਾ ਸੀ, ਤਾਂ ਜਿੱਥੇ-ਜਿੱਥੇ ਇਨ੍ਹਾਂ ਦੇਸ਼ਾਂ ਦੇ ਆਪਸੀ ਹਿੱਤਾਂ 'ਚ ਟੱਕਰ ਹੰਦੀ ਸੀ, ਉਨ੍ਹਾਂ ਸਾਰੇ ਸਥਾਨਾਂ 'ਤੇ ਇਨ੍ਹਾਂ ਦੇ ਆਪਸੀ ਯੁੱਧ ਸ਼ੁਰੂ ਹੋ ਜਾਂਦੇ ਸਨ। ਇਸ ਤਰ੍ਹਾਂ ਇਨ੍ਹਾਂ ਯੁੱਧਾਂ ਕਾਰਨ ਪੂਰੇ ਵਿਸ਼ਵ ਦੀ ਸ਼ਾਂਤੀ ਹਮੇਸ਼ਾ ਖਤਰੇ 'ਚ ਪਈ ਰਹਿੰਦੀ ਸੀ।
3. **ਅਫ਼ਰੀਕਾ ਅਤੇ ਏਸ਼ੀਆ ਦੇ ਦੇਸ਼ਾਂ ਦਾ ਸ਼ੋਸ਼ਣ:** ਸਾਮਰਾਜਵਾਦ ਸ਼ੋਸ਼ਣ ਅਤੇ ਖ਼ੂਨ-ਖਰਾਬੇ ਦੇ ਦਮ 'ਤੇ ਹੀ ਪੈਦਾ ਹੋਇਆ। ਸਾਮਰਾਜਵਾਦੀ ਸ਼ਕਤੀਆਂ ਨੇ ਕਰੂਰਤਾ, ਅਨਿਆਂ ਅਤੇ ਸਵਾਰਥ ਦੇ ਅਧਿਕਾਰ 'ਤੇ ਉਪਨਿਵੇਸ਼ਾਂ ਦਾ ਖ਼ੂਨ ਚੂਸਿਆ। ਅਫ਼ਰੀਕਾ ਅਤੇ ਏਸ਼ੀਆ ਦੇ ਦੇਸ਼ ਪਿੱਛੜੇ ਹੋਏ ਅਤੇ ਕਮਜ਼ੋਰ ਜ਼ਰੂਰ ਸਨ ਪਰੰਤੂ ਸ਼ਕਤੀਪੂਰਵਕ ਰਹਿ ਰਹੇ ਸਨ। ਉਪਨਿਵੇਸ਼ੀ ਸ਼ਕਤੀਆਂ ਨੇ ਸ਼ਕਤੀ ਦੇ ਦਮ 'ਤੇ ਉਨ੍ਹਾਂ ਦੀ ਅਜ਼ਾਦੀ ਨੂੰ ਨਸ਼ਟ ਕਰਕੇ ਉਨ੍ਹਾਂ 'ਤੇ ਕਬਜ਼ਾ ਕਰ ਲਿਆ, ਉਨ੍ਹਾਂ ਦੇ ਉਦਯੋਗ-ਧੰਦੇ ਨਸ਼ਟ ਕਰ ਦਿੱਤੇ ਉਨ੍ਹਾਂ ਦੀ ਜਾਇਦਾਦ ਲੁੱਟੀ ਅਤੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ। ਸਾਮਰਾਜਵਾਦੀ ਸ਼ਕਤੀਆਂ ਦੇ ਸਾਹਮਣੇ ਸਿਰਫ਼ ਇੱਕ ਹੀ ਉਦੇਸ਼ ਸੀ ਅਰਥਾਤ ਆਪਣੇ ਦੇਸ਼ ਦਾ ਹਿੱਤ। ਆਪਣੇ ਹਿੱਤ ਲਈ ਉਨ੍ਹਾਂ ਨੇ ਕਰੂਰਤਾ, ਨੀਚਤਾ, ਹਿੰਸਾ, ਅਨਿਆਂ ਅਤੇ ਅਨੈਤਿਕ ਉਪਾਅ ਦਾ ਸਹਾਰਾ ਲਿਆ। ਉਪਨਿਵੇਸ਼ਾਂ ਦੇ ਸ਼ੋਸ਼ਣ ਦੀ ਕਹਾਣੀ ਸਾਮਰਾਜਵਾਦੀ ਨਿਰਲੱਜਤਾ ਦੀ ਨਿੰਦਣਯੋਗ ਅਤੇ ਗੰਦੀ ਕਹਾਣੀ ਹੈ।
4. **ਕਮਜ਼ੋਰ ਦੇਸ਼ਾਂ 'ਤੇ ਅੱਤਿਆਚਾਰ:** ਉਪਨਿਵੇਸ਼ਵਾਦੀਆਂ ਨੇ ਅਫ਼ਰੀਕਾ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਨੂੰ ਵੇਚਣ ਦਾ ਨਿੰਦਣਯੋਗ ਕੰਮ ਕੀਤਾ। ਉਨ੍ਹਾਂ ਨੇ ਪੁਰਾਣੀਆਂ ਆਦਿਮ ਜਾਤੀਆਂ ਅਤੇ ਉਨ੍ਹਾਂ ਦੀ ਸੱਭਿਅਤਾ ਤੇ ਸੰਸਕ੍ਰਿਤੀ ਨੂੰ ਸਮੂਲ ਨਸ਼ਟ ਕਰ ਦਿੱਤਾ। ਉਪਨਿਵੇਸ਼ ਦੀ ਸੰਸਕ੍ਰਿਤੀ ਅਤੇ ਸੱਭਿਅਤਾ ਦੇ ਵਿਕਾਸ ਦੇ ਮਾਰਗ 'ਚ ਰੋੜੇ ਅਟਕਾਏ ਅਤੇ ਉਨ੍ਹਾਂ ਦਾ ਧਰਮ ਤਬਦੀਲ ਕੀਤਾ। ਕਮਜ਼ੋਰ ਉਪਨਿਵੇਸ਼ਾਂ ਨੂੰ ਹਰ ਤਰ੍ਹਾਂ ਦੇ ਅਨਿਆਂ ਅਤੇ ਅੱਤਿਆਚਾਰ ਸਹਿਣਾ ਪਿਆ।
5. **ਨੈਤਿਕਤਾ ਦਾ ਪਤਨ:** ਅਨੈਤਿਕਤਾ ਉਪਨਿਵੇਸ਼ੀ ਸਾਮਰਾਜਵਾਦ ਦਾ ਮੂਲ ਮੰਤਰ ਸੀ। ਉਪਨਿਵੇਸ਼ੀ ਸਾਮਰਾਜਵਾਦ ਦਾ ਮੁੱਖ ਟੀਚਾ ਆਪਣੇ ਸਵਾਰਥ ਨੂੰ ਪੂਰਾ ਕਰਨਾ ਸੀ ਅਤੇ ਇਸ ਨੂੰ ਪੂਰਾ ਕਰਨ ਲਈ ਉਹ ਸਭ ਕੁਝ ਕਰਦੇ ਸਨ, ਚਾਹੇ ਉਨ੍ਹਾਂ ਦੇ ਕੰਮ ਨੈਤਿਕਤਾ ਦੇ ਪੱਧਰ ਤੋਂ ਕਿੰਨੇ ਵੀ ਡਿੱਗੇ ਹੋਏ ਕਿਉਂ ਨਾ ਹੋਣ। ਅਨੈਤਿਕਤਾ ਦੇ ਦੋ ਪੱਖ ਹਨ, ਇੱਕ ਸਾਮਰਾਜਵਾਦੀ ਦੇਸ਼ਾਂ ਦੇ ਆਪਣੇ ਅਨੈਤਿਕ ਕੰਮ ਅਤੇ ਦੂਜਾ, ਉਪਨਿਵੇਸ਼ਾਂ ਦੇ ਅਨੈਤਿਕਤਾ ਦੀ ਵਿਰਤੀ ਨੂੰ ਉਤਸ਼ਾਹਿਤ ਕਰਨਾ। ਸਾਮਰਾਜਵਾਦੀ ਦੇਸ਼ਾਂ ਨੇ ਝੂਠ, ਧੋਖਾ, ਸਾਜਿਸ਼, ਵਿਸ਼ਵਾਸਘਾਤ ਅਤੇ ਬੇਈਮਾਨੀ ਦਾ ਖੁੱਲ੍ਹ ਕੇ ਪ੍ਰਯੋਗ ਕੀਤਾ। ਲੋਕਾਂ ਨੂੰ ਗੁਲਾਮ ਬਣਾਉਣ ਅਤੇ ਉਨ੍ਹਾਂ ਦਾ ਧਰਮ ਬਦਲਣ ਵਰਗੇ ਕਈ ਅਨੈਤਿਕ ਕੰਮ ਉਨ੍ਹਾਂ ਨੇ ਬਿਨਾ ਕਿਸੇ ਸੰਕੋਚ ਤੋਂ ਕੀਤੇ। ਦੂਜੇ ਹੋਰ ਉਪਨਿਵੇਸ਼ਾਂ ਦੀ ਜਨਤਾ 'ਚ ਫੁੱਟ ਪਾਉਣਾ, ਧਰਮ ਦੇ ਨਾਂਅ 'ਤੇ ਉਨ੍ਹਾਂ ਨੂੰ ਲੜਾਉਣਾ, ਉਨ੍ਹਾਂ 'ਚ ਰਾਸ਼ਟਰੀ ਭਾਵਨਾ ਪੈਦਾ ਨਾ ਹੋਣ ਦੇਣਾ, ਉਨ੍ਹਾਂ ਦੇ ਉਦਯੋਗਾਂ ਨੂੰ ਨਸ਼ਟ ਕਰਕੇ, ਉਨ੍ਹਾਂ ਨੂੰ ਗਰੀਬ ਬਣਾਉਣਾ ਅਤੇ ਉਨ੍ਹਾਂ ਵਿੱਚ ਚਰਿੱਤਰਿਕ ਅਨੈਤਿਕਤਾ ਪੈਦਾ ਕਰਨਾ ਸਾਮਰਾਜਵਾਦੀਆਂ ਦਾ ਆਮ ਧਰਮ ਬਣ ਗਿਆ ਸੀ।
6. **ਮਨੁੱਖੀ ਸਿਧਾਂਤਾਂ ਦੀ ਹੱਤਿਆ:** ਆਪਣੇ ਨੂੰ ਸੱਭਿਆ, ਸੰਸਕ੍ਰਿਤ ਅਤੇ ਉੱਚ ਆਦਰਸ਼ਾਂ ਦਾ ਅਨੁਯਾਈ ਕਹਾਉਣ ਵਾਲੇ ਯੂਰਪੀ ਸਾਮਰਾਜਵਾਦੀਆਂ ਨੇ ਉਪਨਿਵੇਸ਼ਾਂ 'ਚ ਮਾਨਵਤਾ ਵਿਰੋਧੀ ਕੰਮ ਕੀਤੇ। ਮਨੁੱਖ ਨੂੰ ਗੁਲਾਮ ਬਣਾਉਣਾ ਮਾਨਵਤਾ ਦੀ ਸਭ ਤੋਂ ਵੱਡੀ ਹੱਤਿਆ ਹੈ ਪਰੰਤੂ ਉਨ੍ਹਾਂ ਨੇ ਇਸ ਨੂੰ ਪੈਸਾ ਕਮਾਉਣ ਦਾ ਸਾਧਨ ਬਣਾਇਆ। ਜਬਰਨ ਧਰਮ ਬਦਲਣਾ ਮਨੁੱਖੀ ਸਿਧਾਂਤਾਂ ਦਾ ਘਾਣ ਹੈ ਪਰੰਤੂ ਸਾਮਰਾਜਵਾਦੀਆਂ ਨੂੰ ਇਸ ਕੰਮ 'ਚ ਵੀ ਸੰਕੋਚ ਨਹੀਂ ਸੀ। ਇਸੇ ਕਾਰਨ ਇੱਕ ਵਿਦਵਾਨ ਦਾ ਕਹਿਣਾ ਹੈ ਕਿ ਸਾਮਰਾਜਵਾਦੀਆਂ ਨੇ ਸੰਸਾਰ ਦੇ ਹਿੱਤ ਲਈ ਚਾਹੇ ਜੋ ਕੁਝ ਵੀ ਕੀਤਾ ਹੋਵੇ ਪਰੰਤੂ ਮਾਨਵਤਾ ਦੀ ਉਨ੍ਹਾਂ ਬੇਰਹਿਮੀ ਨਾਲ ਹੱਤਿਆ ਕੀਤੀ।
7. **ਸਾਮਰਾਜਵਾਦੀਆਂ ਦੀ ਸੱਭਿਅਤਾ ਦਾ ਵਿਸਥਾਰ:** ਯੂਰਪ ਦੇ ਸਾਮਰਾਜਵਾਦੀਆਂ ਨੇ ਜਿੰਨ੍ਹਾਂ-ਜਿੰਨ੍ਹਾਂ ਦੇਸ਼ਾਂ 'ਚ ਆਪਣੇ ਉਪਨਿਵੇਸ਼ ਵਸਾਏ, ਉੱਥੇ ਉਨ੍ਹਾਂ ਨੇ ਆਪਣੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਵਿਸਥਾਰ ਕੀਤਾ।

8. **ਉਪਨਿਵੇਸ਼ਾਂ ਦਾ ਭੌਤਿਕ ਵਿਕਾਸ:** ਸਾਮਰਾਜਵਾਦੀਆਂ ਨੇ ਆਪਣੇ ਉਪਨਿਵੇਸ਼ਾਂ 'ਚ ਆਪਣੇ ਸਵਾਰਥ ਲਈ ਕਈ ਅਜਿਹੇ ਕੰਮ ਕੀਤੇ ਜਿਨਾਂ ਤੋਂ ਉਪਨਿਵੇਸ਼ਾਂ ਦਾ ਭੌਤਿਕ ਵਿਕਾਸ ਹੋਇਆ। ਉਨ੍ਹਾਂ ਨੇ ਸੜਕਾਂ ਬਣਵਾਈਆਂ, ਕਾਰਖਾਨੇ ਖੋਲ੍ਹੇ, ਰੇਲਾਂ ਚਲਾਈਆਂ ਅਤੇ ਆਵਾਜਾਈ ਦੇ ਸਾਧਨਾਂ ਨੂੰ ਸੁਧਾਰਿਆ, ਭਾਵੇਂ ਇਹ ਸਭ ਕੰਮ ਸਾਮਰਾਜਵਾਦੀਆਂ ਦੇ ਵਪਾਰਕ ਲਾਭ ਨੂੰ ਵਧਾਉਣ ਲਈ ਕੀਤੇ ਗਏ ਸਨ ਪਰੰਤੂ ਇਨ੍ਹਾਂ ਨਾਲ ਉਪਨਿਵੇਸ਼ਾਂ 'ਚ ਭੌਤਿਕ ਵਿਕਾਸ ਹੋਇਆ। ਸਾਮਰਾਜਵਾਦੀਆਂ ਨੇ ਖਾਨਾਂ ਖੁਦਵਾਈਆਂ ਅਤੇ ਜੰਗਲਾਂ ਨੂੰ ਸਾਫ਼ ਕਰਕੇ ਕੰਮ ਦੇ ਲਈ ਜ਼ਮੀਨ ਮੁਹੱਈਆ ਕਰਵਾਈ। ਆਪਣੀਆਂ ਲੋੜਾਂ ਦੇ ਲਈ ਉਨ੍ਹਾਂ ਨੇ ਕਾਰਖਾਨੇ ਖੋਲ੍ਹੇ, ਲੋਕਾਂ ਨੂੰ ਸਿੱਖਿਅਤ ਬਣਾਇਆ, ਪਰੰਤੂ ਇਨ੍ਹਾਂ ਗੱਲਾਂ ਦਾ ਅਪ੍ਰੱਤਖ ਪ੍ਰਭਾਵ ਉਪਨਿਵੇਸ਼ਾਂ ਦੇ ਭੌਤਿਕ ਵਿਕਾਸ 'ਤੇ ਪਿਆ।
9. **ਰਾਸ਼ਟਰੀ ਭਾਵਨਾਵਾਂ ਦਾ ਜਨਮ ਅਤੇ ਵਿਕਾਸ:** ਉਪਨਿਵੇਸ਼ੀ ਸਾਮਰਾਜ ਦੀਆਂ ਸਵਾਰਥਪੂਰਨ ਨੀਤੀਆਂ, ਉਸ ਦੇ ਅੱਤਿਆਚਾਰ ਅਤੇ ਉਸ ਦੀ ਅਨੈਤਿਕਤਾ ਨੂੰ ਸਹਿੰਦੇ-ਸਹਿੰਦੇ ਉਪਨਿਵੇਸ਼ਵਾਸੀਆਂ ਦਾ ਮਨ ਭਰ ਗਿਆ। ਇਨ੍ਹਾਂ ਗੱਲਾਂ ਨਾਲ ਉਪਨਿਵੇਸ਼ਵਾਸੀਆਂ ਦੇ ਮਨ 'ਚ ਪ੍ਰਬਲ ਰਾਸ਼ਟਰੀ ਵਿਚਾਰਾਂ ਦਾ ਜਨਮ ਹੋਇਆ। ਆਪਣੇ ਦੇਸ਼ ਦਾ ਸ਼ੋਸ਼ਣ, ਆਪਣੇ ਦੇਸ਼ ਦੀ ਜਾਇਦਾਦ ਵਿਦੇਸ਼ਾਂ 'ਚ ਜਾਣਾ, ਆਪਣੇ ਰਾਸ਼ਟਰੀ ਅਪਮਾਨ ਅਤੇ ਆਪਣੀ ਪਤਿਤ ਅਵਸਥਾ ਨੂੰ ਆਖ਼ਰ ਉਹ ਕਦੋਂ ਤੱਕ ਸਹਿਣ ਕਰਦੇ। ਉਨ੍ਹਾਂ ਦੇ ਮਨ ਵਿਦਰੋਹ ਨਾਲ ਭਰ ਗਏ। ਉਨ੍ਹਾਂ ਨੇ ਆਪਣੇ ਆਪ ਨੂੰ ਅਜ਼ਾਦ ਕਰਵਾਉਣ ਦਾ ਸੰਕਲਪ ਲਿਆ ਅਤੇ ਸਾਮਰਾਜਵਾਦੀ ਸ਼ਕਤੀਆਂ ਦੇ ਵਿਰੁੱਧ ਵਿਦਰੋਹ ਕਰਨ ਲਈ ਕਮਰ ਕਸ ਲਈ। ਇਸ ਸੰਘਰਸ਼ 'ਚ ਉਨ੍ਹਾਂ ਨੂੰ ਮਹਾਨ ਸੰਕਟ ਦਾ ਸਾਹਮਣਾ ਕਰਨਾ ਪਿਆ, ਲੰਮੇ ਸਮੇਂ ਤੱਕ ਅਕਥਨੀ ਕਸ਼ਟ ਝੱਲਣੇ ਪਏ, ਯਾਤਨਾਵਾਂ ਸਹਿਣੀਆਂ ਪਈਆਂ। ਇਨ੍ਹਾਂ ਦੇ ਬਾਵਜੂਦ ਉਹ ਵਿਚਲਿਤ ਨਹੀਂ ਹੋਏ। ਉਨ੍ਹਾਂ ਦੇ ਦ੍ਰਿੜ ਸੰਕਲਪ ਅਤੇ ਦੇਸ਼-ਭਗਤੀ ਨੇ ਸਾਮਰਾਜਵਾਦੀ ਸ਼ਕਤੀਆਂ ਦੀ ਨੀਂਹ ਹਿਲਾ ਦਿੱਤੀ। ਹੌਲੀ-ਹੌਲੀ ਸਾਮਰਾਜਵਾਦੀ ਇਹ ਸਮਝਣ ਲੱਗੇ ਕਿ ਹੁਣ ਉਪਨਿਵੇਸਾਂ ਨੂੰ ਜ਼ਿਆਦਾ ਸਮੇਂ ਤੱਕ ਗੁਲਾਮੀ ਜਾਂ ਅਧੀਨਤਾ 'ਚ ਨਹੀਂ ਰੱਖਿਆ ਜਾ ਸਕਦਾ। ਕੁਝ ਉਪਨਿਵੇਸ਼ਾਂ ਨੂੰ ਉਨ੍ਹਾਂ ਨੇ ਸਵੈ ਇੱਛਾ ਨਾਲ ਅਜ਼ਾਦ ਕਰ ਦਿੱਤਾ ਅਤੇ ਕੁਝ 'ਚ ਕਾਫ਼ੀ ਮਾਰ ਖਾਣ ਤੋਂ ਬਾਅਦ ਉਹ ਉੱਥੋਂ ਭੱਜ ਗਏ।

ਇਨ੍ਹਾਂ ਸਾਮਰਾਜਵਾਦੀ ਪ੍ਰਵਿਰਤੀਆਂ ਕਾਰਨ ਹੀ ਅੱਗੇ ਚੱਲ ਕੇ ਦੋ ਵਿਸ਼ਵ ਯੁੱਧ ਹੋਏ ਜਿਨ੍ਹਾਂ ਨੇ ਵਿਸ਼ਵ ਦੀ ਸ਼ਾਂਤੀ ਨਸ਼ਟ ਕਰ ਦਿੱਤੀ ਕਹਿਣ ਸੁਣਨ ਤੋਂ ਪਰੇ ਦਾ ਵਿਨਾਸ਼ ਕੀਤਾ।

## 18.5 ਸਾਰਾਂਸ਼ (Summary)

ਭਾਰਤ 'ਚ ਬ੍ਰਿਟਿਸ਼ ਕੰਪਨੀ ਦੇ ਕਾਰਨਾਮਿਆਂ ਨਾਲ ਭਾਰਤ ਦੀ ਜਨਤਾ ਬਹੁਤ ਜ਼ਿਆਦਾ ਅਸੰਤੁਸ਼ਟ ਸੀ। ਇਹ ਅਸੰਤੋਸ਼ ਹੌਲੀ-ਹੌਲੀ ਵਧਦਾ ਰਿਹਾ ਅਤੇ 1857 'ਚ ਭਾਰਤ ਦੀ ਜਨਤਾ ਨੇ ਕੰਪਨੀ ਦੇ ਸ਼ਾਸਨ ਤੋਂ ਮੁਕਤ ਹੋਣ ਅਤੇ ਭਾਰਤ ਨਾਲ ਕੰਪਨੀ ਨੂੰ ਉਖਾੜ ਸੁੱਟਣ ਲਈ ਵਿਦਰੋਹ ਕਰ ਦਿੱਤਾ। ਪਰੰਤੂ ਬ੍ਰਿਟਿਸ਼ ਕੰਪਨੀ ਦੇ ਪਿੱਛੇ ਬ੍ਰਿਟੇਨ ਦੇ ਸਾਮਰਾਜ ਦੀ ਫੌਜ ਅਤੇ ਸ਼ਕਤੀ ਸੀ। ਭਾਰਤ ਦੇ ਅਜ਼ਾਦੀ ਅੰਦੋਲਨ ਨੂੰ ਅੰਗਰੇਜਾਂ ਨੇ ਕੁਚਲ ਦਿੱਤਾ। ਇਸੇ ਸਾਲ ਤੋਂ ਭਾਰਤ 'ਚ ਬ੍ਰਿਟਿਸ਼ ਕੰਪਨੀ ਦੇ ਕੋਲ ਜੋ ਰਾਜ ਸੀ, ਉਸ ਨੂੰ ਬ੍ਰਿਟਿਸ਼ ਸਾਮਰਾਜ ਨੇ ਆਪਣੇ ਹੱਥ 'ਚ ਲੈ ਲਿਆ। ਉਂਜ ਤਾਂ 1857 ਤੱਕ ਲਗਭਗ ਸਾਰੇ ਭਾਰਤ 'ਤੇ ਬ੍ਰਿਟਿਸ਼ ਕੰਪਨੀ ਦਾ ਰਾਜ ਸਥਾਪਿਤ ਹੋ ਗਿਆ ਸੀ ਪਰੰਤੂ ਜੋ ਕਸਰ ਬਚੀ ਸੀ, ਉਸ ਨੂੰ ਬ੍ਰਿਟਿਸ਼ ਸਰਕਾਰ ਨੇ ਪੂਰੀ ਕਰ ਦਿੱਤਾ। ਹੁਣ ਸਾਰਾ ਭਾਰਤ ਅੰਗਰੇਜਾਂ ਦੇ ਅਧੀਨ ਹੋ ਗਿਆ ਅਤੇ ਅੰਗਰੇਜਾਂ ਨੇ ਜੀ ਭਰਕੇ ਭਾਰਤ ਦਾ ਸ਼ੋਸ਼ਣ ਕੀਤਾ। ਭਾਰਤ ਦਾ ਕੱਚਾ ਮਾਲ ਇੰਗਲੈਂਡ ਜਾਣ ਲੱਗਾ। ਇੰਗਲੈਂਡ ਦਾ ਬਣਿਆ ਮਾਲ ਭਾਰਤ 'ਚ ਵਿਕਣ ਲੱਗਾ। ਭਾਰਤ 'ਚ ਉਦਯੋਗਾਂ ਦੀ ਸਥਾਪਨਾ ਨੂੰ ਨਿਰਉਤਸਾਹਿਤ ਕੀਤਾ ਗਿਆ।

## 18.6 ਸ਼ਬਦਕੋਸ਼ (Keywords)

1. **ਉਪਨਿਵੇਸ਼ੀ (Colonial)** – ਉਪਨਿਵੇਸ਼ ਨਾਲ ਸਬੰਧਿਤ।
2. **ਉਦਯੋਗਿਕ (Industrial)**– ਉਦਯੋਗ ਨਾਲ ਸਬੰਧਿਤ।

## 18.7 ਅਭਿਆਸ ਪ੍ਰਸ਼ਨ (Review Questions)

1. ਉਪਨਿਵੇਸ਼ੀ ਸਾਮਰਾਜ ਦੇ ਵਿਸਥਾਰ ਦੇ ਕਾਰਨ ਦੱਸੋ।
2. ਪੂਰਬੀ ਅਫ਼ਰੀਕਾ ਦੇ ਬਟਵਾਰੇ 'ਤੇ ਆਪਣੇ ਵਿਚਾਰ ਪ੍ਰਗਟ ਕਰੋ।
3. 'ਮਿਸਰ 'ਚ ਉਪਨਿਵੇਸ਼ਵਾਦ' 'ਤੇ ਟਿੱਪਣੀ ਕਰੋ।
4. ਉਪਨਿਵੇਸ਼ੀ ਸਾਮਰਾਜਵਾਦ ਦੇ ਪ੍ਰਭਾਵ ਦੇ ਕਾਰਨ ਦੱਸੋ।

ਨੋਟ

**ਉੱਤਰ : ਸਵ-ਮੁਲਾਂਕਣ (Answer: Self Assessment)**

| | |
|---|---|
| 1. ਸਤਾਰਵੀਂ ਸ਼ਤਾਬਦੀ | 2. ਪੰਦਰਵੀਂ ਸ਼ਤਾਬਦੀ |
| 3. ਅਠਾਰਵੀਂ ਸ਼ਤਾਬਦੀ | 4. (ੳ) ਕੈਪਟਨ ਕੁਕ |
| 5. (ਅ) 1757 ਈ. | 6. (ੳ) 1857 ਈ. |

## 18.8 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸਕ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਓਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ – ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

# ਇਕਾਈ-19 : ਗੈਰ- ਉਪਨਿਵੇਸ਼ੀਕਰਣ (Decolonization)

ਨੋਟ

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
19.1 ਮੱਧ-ਪੂਰਬ (The Middle East)
19.2 ਸੁਦੂਰ-ਪੂਰਬ (The Far East)
19.3 ਸਾਰਾਂਸ਼ (Summary)
19.4 ਸ਼ਬਦਕੋਸ਼ (Keywords)
19.5 ਅਭਿਆਸ ਪ੍ਰਸ਼ਨ (Review Questions)
19.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਮੱਧ-ਪੂਰਬ ਦੇ ਬਾਰੇ 'ਚ ਜਾਣਨ 'ਚ।
- ਬ੍ਰਿਟੇਨ ਦੇ ਬਾਰੇ 'ਚ ਜਾਣਨ 'ਚ।
- ਸੁਦੂਰ-ਪੂਰਬ ਦੇ ਬਾਰੇ 'ਚ ਜਾਣਨ 'ਚ।

## ਪ੍ਰਸਤਾਵਨਾ (Introduction)

1936 ਦੇ ਅੰਤ ਤੱਕ ਇਹ ਸਪੱਸ਼ਟ ਹੋ ਚੁੱਕਿਆ ਸੀ ਕਿ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਜੋ ਵਿਆਪਕ ਵਿਵਸਥਾ ਲੱਦੀ ਗਈ ਸੀ, ਉਸ ਦਾ ਹੁਣ ਕੋਈ ਸਵੀਕ੍ਰਿਤ ਆਧਾਰ ਨਹੀਂ ਰਹਿ ਗਿਆ ਸੀ। ਹੁਣ ਸਾਨੂੰ ਇਹ ਵਿਚਾਰ ਕਰਨਾ ਹੈ ਕਿ ਕਿਸ ਤਰ੍ਹਾਂ ਸੰਧੀਆਂ ਦਾ ਤਿਆਗ ਕੀਤੇ ਜਾਣ ਤੋਂ ਬਾਅਦ ਹੈਰਾਨੀਜਨਕ ਕਾਰਵਾਈ ਦੁਆਰਾ ਉਸ ਵਿਵਸਥਾ ਨੂੰ, ਜਿਸ ਦੀ ਸਥਾਪਨਾ ਕਰਨਾ ਸੰਧੀਆਂ ਦਾ ਟੀਚਾ ਸੀ, ਉਲਟ ਦੇਣ ਦੇ ਯਤਨ ਕੀਤੇ ਗਏ। ਪਰੰਤੂ, ਭਾਵੇਂ ਆਪਣੇ ਵਿਸ਼ੇ ਦੀ ਲਗਭਗ ਹਰ ਹੋਰ ਪੁਸਤਕ ਵਾਂਗ ਇਹ ਪੁਸਤਕ ਵੀ ਅਬਰਾਬਰ ਅਨੁਪਾਤ 'ਚ ਯੂਰਪੀ ਮਾਮਲਿਆਂ ਦਾ ਹੀ ਵਰਨਨ ਕਰਦੀ ਪ੍ਰਤੀਤ ਹੁੰਦੀ ਹੈ, ਇਸ ਲਈ ਸੰਭਵ ਹੈ ਕਿ ਇਸ ਅਧਿਆਏ ਤੋਂ ਇਸ ਕਮੀ ਦੀ ਪੂਰਤੀ ਹੋਣ 'ਚ ਸਹਾਇਤਾ ਮਿਲੇ। ਇਸ ਅਧਿਆਏ ਤੋਂ ਬਾਅਦ ਅਸੀਂ ਆਪਣੇ ਮੁੱਖ ਵਿਸ਼ੇ 'ਤੇ ਮੁੜ ਵਿਚਾਰ ਕਰਾਂਗੇ ਕਿਉਂਕਿ ਹੋਰ ਕਿਸੇ ਵੀ ਗੱਲ ਦੇ ਬਦਲੇ ਅੰਤਰਰਾਸ਼ਟਰੀ ਰਾਜਨੀਤੀ 'ਚ ਅਗਵਾਈ ਭਲੇ ਜਾਂ ਬੁਰੇ ਲਈ ਯੂਰਪ ਦੇ ਹੱਥਾਂ 'ਚ ਹੀ ਰਹੀ ਹੈ। ਇੱਥੇ ਜਿਨ੍ਹਾਂ ਦੇਸ਼ਾਂ ਦੇ ਵਿਸ਼ੇ 'ਚ ਵਿਚਾਰ ਕੀਤਾ ਜਾਵੇਗਾ ਉਨ੍ਹਾਂ 'ਚੋਂ ਕੁਝ ਦਾ ਇਨ੍ਹਾਂ ਪੰਨਿਆਂ 'ਚ ਅਜੇ ਤੱਕ ਜ਼ਿਕਰ ਮਾਤਰ ਹੀ ਕੀਤਾ ਗਿਆ ਹੈ। ਹੋਰ ਦੇਸ਼ਾਂ ਦਾ ਵਿਸ਼ਥਾਰ ਨਾਲ ਵਰਣਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੇ ਸਬੰਧ 'ਚ ਸਿਰਫ਼ ਇੰਨਾ ਕਹਿਣਾ ਹੀ ਜ਼ਰੂਰੀ ਹੋਵੇਗਾ ਕਿ ਉਨ੍ਹਾਂ ਦੀ ਕਹਾਣੀ ਨੂੰ ਵੀ ਸਮੇਂ ਦਾ ਹਾਣੀ (up-to-date) ਬਣਾ ਲਿਆ ਜਾਵੇ।

## 19.1 ਮੱਧ-ਪੂਰਬ (The Middle East)

ਪੂਰਬੀ ਭੂਮੱਧ ਸਾਗਰ ਤੋਂ ਲੈ ਕੇ ਭਾਰਤ ਦੇ ਉੱਤਰ-ਪੱਛਮੀ ਸੀਮਾਂਤ ਤੱਕ ਫੈਲੇ ਹੋਏ ਜਿੰਨੇ ਦੇਸ਼ ਹਨ ਅਤੇ ਜਿਨ੍ਹਾਂ ਨੂੰ ਸਹੂਲਤਾਂ ਦੀ ਦ੍ਰਿਸ਼ਟੀ ਤੋਂ "ਮੱਧ-ਪੂਰਬ" ਕਿਹਾ ਜਾਂਦਾ ਹੈ, ਉਨ੍ਹਾਂ ਵਿੱਚ 1919 ਤੋਂ ਬਾਅਦ ਲਗਾਤਾਰ ਉਥਲ-ਪੁਥਲ ਹੁੰਦੀ ਰਹੀ ਅਤੇ ਕੁਝ ਮਹੱਤਵਪੂਰਨ ਬਦਲਾਅ ਵੀ ਹੋਏ। ਇਨ੍ਹਾਂ ਦੇਸ਼ਾਂ 'ਚੋਂ ਤੁਰਕੀ ਨੇ ਜਾਣਬੁੱਝ ਕੇ ਇਸਲਾਮ ਧਰਮ ਅਤੇ ਉਸ ਦੀ ਪਰੰਪਰਾ ਦਾ ਤਿਆਗ ਕਰ ਦਿੱਤਾ ਅਤੇ ਮੁਸਲਿਮ ਜਗਤ ਤੋਂ ਆਪਣਾ ਸਬੰਧ ਤੋੜ ਕੇ ਮੱਧ-ਪੂਰਬੀ ਅਤੇ ਏਸ਼ੀਆਈ ਰਾਸ਼ਟਰ ਹੋਣ ਦੇ ਬਦਲੇ ਆਪਣੇ ਨਿਕਟ-ਪੂਰਬੀ ਅਤੇ ਯੂਰਪੀ ਰਾਸ਼ਟਰ ਹੋਣ ਦੀ ਆਪਣੀ ਇੱਛਾ ਪੂਰੀ ਕਰ ਲਈ। ਇਰਾਨ ਜਿਸ ਦੇ ਕੋਲ ਪੂਰਬੀ ਗੋਲਾ ਅਰਧ 'ਚ ਸਭ ਤੋਂ ਜ਼ਿਆਦਾ ਸਮੁੰਦਰ ਤੇਲ ਦੇ ਭੰਡਾਰ ਹਨ, ਆਪਣੇ ਪ੍ਰਭਾਵਸ਼ਾਲੀ ਸ਼ਾਹ ਰਿਜਾ ਖਾਂ ਦੇ, ਜਿਸ ਨੇ 1925 'ਚ ਤਖ਼ਤ 'ਤੇ ਜਬਰਦਸਤੀ ਅਧਿਕਾਰ ਕਰ ਲਿਆ ਸੀ, ਸ਼ਾਸਨ 'ਚ ਵਿਕਾਸਸ਼ੀਲ ਹੋ ਰਿਹਾ ਸੀ। ਕੁਦਰਤੀ ਜਾਇਦਾਦ ਤੋਂ ਸਿਫ਼ਰ ਅਤੇ ਸੋਵੀਅਤ ਮੱਧ-ਏਸ਼ੀਆ ਅਤੇ ਬ੍ਰਿਟਿਸ਼ ਭਾਰਤ

ਦਰਮਿਆਨ ਸਥਿਤ ਅਫ਼ਗਾਨਿਸਤਾਨ ਕੁਝ ਸ਼ੱਕੀ ਅਜਾਦੀ ਦਾ ਉਪਭੋਗ ਕਰਦਾ ਚੱਲਿਆ ਆ ਰਿਹਾ ਸੀ, ਪਰੰਤੂ 1934 'ਚ ਉਸ ਨੂੰ ਰਾਸ਼ਟਰ-ਸੰਘ 'ਚ ਦਾਖ਼ਲਾ ਮਿਲ ਜਾਣ ਨਾਲ ਉਸ ਦੀ ਅਜ਼ਾਦੀ ਕਿਸੇ ਤਰ੍ਹਾਂ ਮਜਬੂਤ ਹੋ ਗਈ ਸੀ।




**ਚਿਤਰ 1:** ਮੱਧ-ਪੂਰਬ

ਮੱਧ-ਪੂਰਬ ਦੇ ਹੋਰ ਦੇਸ਼ ਤੁਰਕੀ ਸਾਮਰਾਜ ਦੇ ਉਹ ਪੁਰਾਣੇ ਅਰਬ ਪ੍ਰਾਂਤ ਸਨ ਜਿਨ੍ਹਾਂ ਦੀ ਕਿਸਮਤ ਦਾ ਵੇਰਵਾ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਸਾਰੇ ਦੇਸ਼ਾਂ 'ਚ ਅਰਬ ਰਾਸ਼ਟਰਵਾਦ (nationalism) ਹੀ ਦੋਵਾਂ ਵਿਸ਼ਵਯੁੱਧਾਂ ਦਰਮਿਆਨ ਦੇ ਸਾਲਾਂ ਦੀ ਮੁੱਖ ਸਮੱਸਿਆ ਸੀ। ਮੁੱਖ ਅਰਬ ਖੇਤਰਾਂ ਦਾ ਬ੍ਰਿਟਿਸ਼ ਅਤੇ ਫਰਾਂਸੀਸੀ ਪ੍ਰਾਦੇਸ਼ਿਤ ਰਾਜਾਂ 'ਚ ਵੰਡ ਹੋ ਜਾਣ ਨਾਲ ਅਰਬ ਆਗੂਆਂ ਨੂੰ ਬਹੁਤ ਜ਼ਿਆਦਾ ਨਿਰਾਸ਼ਾ ਹੋਈ ਜੋ ਇੱਕ ਸੰਯੁਕਤ ਅਰਬ ਰਾਜ ਸਥਾਪਿਤ ਕਰਨ ਦਾ ਸੁਪਨਾ ਦੇਖ ਰਹੇ ਸਨ। ਇਸ ਨਿਰਾਸ਼ਾ ਨੂੰ ਘੱਟ ਕਰਨ ਲਈ ਬ੍ਰਿਟਿਸ਼ ਸਰਕਾਰ ਨੇ ਕੁਝ ਯਤਨ ਕੀਤੇ। ਹਜਾਜ (Hadjaz) ਦੇ ਬਾਦਸ਼ਾਹ ਹੁਸੈਨ ਦਾ ਇੱਕ ਲੜਕਾ ਇਰਾਕ ਦਾ ਬਾਦਸ਼ਾਹ ਬਣ ਗਿਆ ਅਤੇ ਦੂਜਾ ਟ੍ਰਾਂਸਜੋਰਡਾਨੀਆ (Transjordania) ਦਾ ਅਮੀਰ (Emir)। ਪਰੰਤੂ ਅਰਬ ਲੋਕਾਂ ਦੇ ਵੱਖ-ਵੱਖ ਤਬਕਿਆਂ 'ਚ ਪਰੰਪਰਾ ਅਤੇ ਵਿਕਾਸ ਦਾ ਬਹੁਤ ਵੱਡਾ ਫ਼ਰਕ ਹੋਣ ਨਾਲ ਸਮੱਸਿਆ ਹੋ ਗਈ ਸੀ। ਉਨ੍ਹਾਂ ਵਿੱਚ ਸੱਭਿਆ ਸ਼ਹਿਰਵਾਸੀਆਂ ਤੋਂ ਲੈ ਕੇ ਆਦਿਮਜਾਤੀ ਖਾਨਾਬਾਦੋਸ਼ (primitive nomads) ਤੱਕ ਹਰ ਤਰ੍ਹਾਂ ਦੇ ਲੋਕ ਸਨ। ਅਰਬ ਰਾਜਨੀਤਿਕ ਏਕਤਾ ਇਸ ਸਮੇਂ ਵੀ ਇੱਕ ਸੁਪਨਾ ਹੀ ਸੀ। ਪਰੰਤੂ ਅਰਬ ਰਾਸ਼ਟਰਵਾਦ ਦੇ ਕਾਰਨ, ਜਿਸ ਨੂੰ ਯੁੱਧ-ਕਾਲ 'ਚ ਮਿੱਤਰ-ਰਾਸ਼ਟਰਾਂ ਨੇ ਤੁਰਕੀ ਨੂੰ ਹਰਾਉਣ ਦੇ ਨਜ਼ਰੀਏ ਨਾਲ ਜਾਣਬੁੱਝ ਕੇ ਉਤਸ਼ਾਹਿਤ ਕੀਤਾ ਸੀ, ਯੁੱਧ ਤੋਂ ਬਾਅਦ ਕਈ ਮੌਕਿਆਂ 'ਤੇ ਅਰਬ ਲੋਕਾਂ ਦਾ ਪ੍ਰਦੇਸ਼ ਪ੍ਰਾਪਤ ਰਾਸ਼ਟਰਾਂ ਅਤੇ ਅਰਬ ਜਨਤਾ ਦਰਮਿਆਨ ਰਹਿਣ ਵਾਲੇ ਗੈਰ-ਅਰਬ ਘੱਟ ਗਿਣਤੀ (non-Arab minorities) ਨਾਲ ਸੰਘਰਸ਼ ਹੋ ਜਾਇਆ ਕਰਦਾ ਸੀ।

ਨੋਟਸ

ਹਜਾਜ ਦੇ ਬਾਦਸ਼ਾਹ ਹੁਸੈਨ ਦਾ ਇੱਕ ਲੜਕਾ ਇਰਾਕ ਦਾ ਬਾਦਸ਼ਾਹ ਬਣ ਗਿਆ ਅਤੇ ਦੂਜਾ ਟ੍ਰਾਂਸਜੋਰਡਾਨੀਆ ਦਾ ਅਮੀਰ।

**ਨੋਟ**

ਬ੍ਰਿਟੇਨ ਦੇ ਪਹਿਲੇ ਪ੍ਰਾਦੇਸ਼ਿਤ ਪ੍ਰਦੇਸ਼ (mandated territory) ਇਰਾਕ ਦੀ ਸਥਿਤੀ ਸ਼ੁਰੂ ਤੋਂਹੀ ਅਨਿਯਮਿਤ (anomalous) ਸੀ। ਉਸ 'ਤੇ ਪ੍ਰਦੇਸ਼-ਅਧਿਕਾਰ ਵਿਧੀ ਪੂਰਵਕ ਕਦੇ ਵੀ ਪ੍ਰਦਾਨ ਨਹੀਂ ਕੀਤਾ ਗਿਆ,ਪਰੰਤੂ ਉਸ ਦੇ ਸਥਾਨ 'ਚ ਗ੍ਰੇਟ ਬ੍ਰਿਟੇਨ ਅਤੇ ਇਰਾਕ 'ਚ ਇੱਕ ਸੰਧੀ ਹੋਈ ਸੀ- ਜਿਸ ਦਾ ਰਾਸ਼ਟਰ-ਸੰਘ ਨੇ ਅਨੁਮੋਦਨ ਕੀਤਾ ਸੀ ਅਤੇ ਜਿਸ ਦੇ ਅਨੁਸਾਰ ਗ੍ਰੇਟ ਬ੍ਰਿਟੇਨ ਨੇ ਇਰਾਕ ਨੂੰ ਉਸ ਦੇ (ਇਰਾਕ ਦੇ) ਰਾਸ਼ਟਰੀ ਰਾਜ 'ਤੇ ਉਲਟ ਪ੍ਰਭਾਵ ਪਾਏ ਬਿਨਾਂ " ਜ਼ਰੂਰੀ ਸਲਾਹ ਅਤੇ ਸਹਾਇਤਾ ਦੇਣ" ਦਾ ਵਚਨ ਦਿੱਤਾ ਸੀ। ਗ੍ਰੇਟ ਬ੍ਰਿਟੇਨ ਦੇ ਲਈ ਇਰਾਕ ਦਾ ਮਹੱਤਵ ਕੁਝ ਅੰਸ਼ਾਂ 'ਚ ਉਸਦੇ ਸਮੁੰਦਰ ਤੇਲ-ਖੂਹਾਂ ਅਤੇ ਕੁਝ ਅੰਸ਼ਾਂ 'ਚ ਯੂਰਪ ਅਤੇ ਭਾਰਤ ਦਰਮਿਆਨ ਸਿੱਧੇ ਹਵਾਈ-ਮਾਰਗ 'ਤੇ ਉਸ ਦੀ ਅਨੁਕੂਲ ਸਥਿਤੀ ਦੇ ਕਾਰਨ ਸੀ। ਪਰੰਤੂ ਬਹੁਤ ਸਾਰੇ ਬ੍ਰਿਟਿਸ਼ ਲੋਕ ਇਸ ਗੱਲ ਦੇ ਵਿਰੁੱਧ ਸਨ ਕਿ ਏਸ਼ੀਆ ਦੇ ਲਗਭਗ ਥਲ ਸੀਮਾ (land-locked) ਖੇਤਰ 'ਤੇ ਲੰਮੇ ਸਮੇਂ ਤੱਕ ਬ੍ਰਿਟੇਨ ਦਾ ਸ਼ਾਸਨ ਜਾਰੀ ਰਹੇ ਅਤੇ ਇਰਾਕ ਨੂੰ ਉਸ ਸਮੇਂ ਦੀ ਉਡੀਕ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਰਿਹਾ, ਜਦੋਂ ਕਿ ਉਹ ਪ੍ਰਸੰਵਿਦਾ (Convenant) ਦੇ ਸ਼ਬਦਾਂ 'ਚ, "ਆਪਦੇ ਪੈਰਾਂ 'ਤੇ ਖੁਦ ਖੜ੍ਹਾ ਹੋ ਸਕੇਗਾ।" ਇਹ ਘੜੀ 1932 'ਚ ਆਈ। ਉਸ ਸਮੇਂ ਪ੍ਰਦੇਸ਼ਾਤਮਿਕ ਸ਼ਾਸਨ ਸਮਾਪਤ ਕਰ ਦਿੱਤਾ ਗਿਆ ਅਤੇ ਇਰਾਕ ਗ੍ਰੇਟ ਬ੍ਰਿਟੇਨ ਤੋਂ ਪੱਚੀ ਸਾਲਾਂ ਲਈ ਮੈਤਰੀ-ਸੰਧੀ ਕਰਕੇ ਰਾਸ਼ਟਰ-ਸੰਘ ਦਾ ਮੈਂਬਰ ਬਣ ਗਿਆ। ਉਸ ਦੀ ਅਜ਼ਾਦੀ ਨਾਲ ਜੋ ਸਮੱਸਿਆਵਾਂ ਪੈਦਾ ਹੋਈਆਂ, ਉਨ੍ਹਾਂ ਵਿੱਚ ਸਭ ਤੋਂ ਮੁਸ਼ਕਿਲ ਸਮੱਸਿਆ ਉਸ ਦੇ ਗੈਰ-ਅਰਬ ਅਲਪ ਸੰਖਿਅਕਾਂ ਦੀ ਸੀ ਜਿਨ੍ਹਾਂ ਵਿੱਚ ਕੁਰਦ ਅਤੇ ਅਸੀਰੀਅਨ (Kurds and Assyrians) ਸਭ ਤੋਂ ਜ਼ਿਆਦਾ ਮਹੱਤਵਪੂਰਨ ਸਨ। ਮਾੜੀ ਕਿਸਮਤ ਨਾਲ ਇਰਾਕ ਦੇ ਰਾਸ਼ਟਰ-ਸੰਘ 'ਚ ਪ੍ਰਵਿਸ਼ਵ ਹੋਣ ਦੇ ਇੱਕ ਸਾਲ ਦੇ ਅੰਦਰ ਹੀ ਅਸੀਰੀਅਨਾਂ 'ਚ ਹਿੰਸਾ ਹੋਈ ਜਿਨ੍ਹਾਂ ਦੇ ਨਤੀਜੇ ਵਜੋਂ ਇਰਾਕੀ ਸੈਨਿਕ ਟੁਕੜੀਆਂ ਨੇ ਪੰਜ ਸੌ ਅਸੀਰੀਅਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅਜ਼ਾਦ ਰਾਸ਼ਟਰਾਂ ਦੇ ਪਰਿਵਾਰ 'ਚ ਸ਼ਾਮਲ ਹੋਏ ਇਸ ਨਵੇਂ ਮੈਂਬਰ-ਰਾਸ਼ਟਰ ਸੰਘ ਦੇ ਪਹਿਲੇ ਅਰਬ ਮੈਂਬਰ-ਰਾਜ ਦੀ ਲਗਾਤਾਰ ਸਥਿਰਤਾ ਕਾਫ਼ੀ ਹੱਦ ਤੱਕ ਇਸ ਗੱਲ 'ਤੇ ਨਿਰਭਰ ਪ੍ਰਤੀਤ ਹੁੰਦੀ ਸੀ ਕਿ ਵੁਹ ਅਨੁਭਵੀ ਬ੍ਰਿਟਿਸ਼ ਸਲਾਹਕਾਰ, ਜੋ ਪ੍ਰਸ਼ਾਸਨ ਦੇ ਕਈ ਵਿਭਾਗਾਂ 'ਚ ਸਰਕਾਰ ਦੀ ਸਹਾਇਤਾ ਕਰ ਰਹੇ ਸਨ, ਇਰਾਕੀ ਸਰਕਾਰ ਦੀ ਸੇਵਾ 'ਚ ਬਣੇ ਰਹਿਣ।

ਪੇਲੇਸਟਾਈਨ 'ਚ ਪ੍ਰਾਦੇਸ਼ਿਤ ਰਾਜ ਸਥਾਪਿਤ ਕਰਨ ਦੀਆਂ ਸ਼ਰਤਾਂ ਅਨੁਸਾਰ (ਜੋ ਬ੍ਰਿਟਿਸ਼ ਸਰਕਾਰ ਦੁਆਰਾ 1917 'ਚ ਯਹੂਦੀਆਂ ਨੂੰ ਦਿੱਤੇ ਗਏ ਵਚਨ ਦੀ ਪੂਰਤੀ ਸੀ) ਪ੍ਰਾਦੇਸ਼-ਪ੍ਰਾਪਤ ਰਾਸ਼ਟਰ ਦਾ ਇਹ ਕਰੱਤਵ ਨਿਰਧਾਰਿਤ ਕੀਤਾ ਗਿਆ ਸੀ ਕਿ ,"ਉਹ ਉਸ ਦੇਸ਼ ਦੀ ਅਜਿਹੀ ਰਾਜਨੀਤਿਕ, ਪ੍ਰਸ਼ਾਸਨਿਕ ਅਤੇ ਆਰਥਿਕ ਵਿਵਸਥਾ ਕਰਨ ਕਿ ਯਹੂਦੀਆਂ ਲਈ ਇੱਕ ਰਾਸ਼ਟਰੀ ਮਾਤ ਭੂਮੀ (national home) ਸਥਾਪਿਤ ਕਰਨਾ ਸੰਭਵ ਹੋ ਸਕੇ ਅਤੇ ਇਸ ਦੇ ਨਾਲ ਹੀ ਪੇਲੇਸਟਾਈਨ ਦੇ ਸਾਰੇ ਨਿਵਾਸੀਆਂ ਦੇ ਨਾਗਰਿਕ ਅਤੇ ਧਾਰਮਿਕ ਅਧਿਕਾਰ ਸੁਰੱਖਿਅਤ ਰਹਿ ਸਕਨ।" ਜੇਕਰ ਯੁੱਧ-ਕਾਲ 'ਚ ਮਿੱਤਰ-ਰਾਸ਼ਟਰ ਸਰਕਾਰਾਂ ਨੇ ਰਾਸ਼ਟਰੀ ਆਜ਼ਾਦੀ ਲਈ ਅਰਬਾਂ ਦੀਆਂ ਇੱਛਾਵਾਂ ਨੂੰ ਉਤਸ਼ਾਹਿਤ ਨਹੀਂ ਕੀਤਾ ਹੁੰਦਾ ਤਾਂ ਵੀ ਇਸ ਕਰੱਤਵ ਨੂੰ ਪੂਰਾ ਕਰਨਾ ਮੁਸ਼ਕਿਲ ਹੋ ਸਕਦਾ ਸੀ। ਪਰੰਤੂ ਯਹੂਦੀਆਂ ਨਾਲ ਕੀਤਾ ਹੋਇਆ ਵਾਅਦਾ ਅਤੇ ਅਰਬਾਂ ਨੂੰ ਦਿੱਤੇ ਗਏ ਅਸਪੱਸ਼ਟ ਵਚਨ 'ਚ (ਜਿਨਾਂ ਵਿੱਚ ਗਲਤੀ ਨਾਲ ਜਾਂ ਠੀਕ ਹੀ, ਪੇਲੇਸਟਾਈਨ ਨੂੰ ਵੀ ਸ਼ਾਮਲ ਮੰਨ ਲਿਆ ਗਿਆ ਸੀ) ਆਪਸੀ-ਵਿਰੋਧ ਨੇ ਭਵਿੱਖ ਲਈ ਗੰਭੀਰ ਅਪੱਤੀ ਖੜੀ ਕਰ ਦਿੱਤੀ। 1919 'ਚ ਪੇਲੇਸਟਾਈਨ ਦੀ ਆਬਾਦੀ ਲਗਭਗ ਬਿਲਕੁਲ ਅਰਬ ਸੀ ਅਤੇ ਉਸ ਦੀ ਜਨਸੰਖਿਆ 7,00,000 ਤੋਂ ਕੁਝ ਹੀ ਘੱਟ ਅਨੁਮਾਨਿਤ ਕੀਤੀ ਗਈ ਸੀ। ਪ੍ਰਾਦੇਸ਼-ਸ਼ਾਸਨ ਦੀ ਸਥਾਪਨਾ ਤੋਂ ਪੇਲੇਸਟਾਈਨ ਵਿਸ਼ਵ ਦੇ ਯਹੂਦੀਆਂ ਦਾ ਅਧਿਕਾਰਿਤ ਕੇਂਦਰ ਬਣ ਗਿਆ ਅਤੇ ਯਹੂਦੀ-ਇਮੀਗ੍ਰੇਸ਼ਨ (Jews-immigration) ਲਈ ਉਸ ਦੇ ਦੁਆਰ ਖੁੱਲ ਗਏ। ਯਹੂਦੀਆਂ ਦਾ ਆਉਣਾ, ਜੋ ਪਹਿਲੇ ਸਾਲ 'ਚ ਤੁਲਨਾਤਮਕ ਨਜ਼ਰੀਏ ਤੋਂ ਘੱਟ ਸੀ, ਯੂਰਪ 'ਚ ਆਰਥਿਕ ਸੰਕਟ ਦੇ ਸ਼ੁਰੂ 'ਤੇ ਤੇਜ਼ੀ ਨਾਲ ਵਧ ਗਿਆ ਅਤੇ ਨਾਤਸੀ ਕ੍ਰਾਂਤੀ ਤੋਂ ਬਾਅਦ ਜਦੋਂ ਜਰਮਨੀ ਤੋਂ ਯਹੂਦੀਆਂ ਦਾ ਪਲਾਇਨ (exodus) ਸ਼ੁਰੂ ਹੋਇਆ ਤਾਂ ਉਸ ਵਿੱਚ ਹੋਰ ਵੀ ਵਾਧਾ ਹੋ ਗਿਆ। 1934 ਦੇ ਅੰਤ ਤੱਕ ਪੇਲੇਸਟਾਈਨ 'ਚ ਯਹੂਦੀਆਂ ਦੀ ਸੰਖਿਆ 3,00,000 ਤੱਕ ਪਹੁੰਚ ਗਈ ਸੀ ਅਤੇ ਜੇਕਰ ਪ੍ਰਾਧੀਕਾਰੀਗਣ ਇਮੀਗ੍ਰੇਸ਼ਨ ਨੂੰ ਸ਼ਖ਼ਤੀ ਨਾਲ ਸੀਮਤ ਨਾ ਕਰਦੇ ਤਾਂ ਇਹ ਸੰਖਿਆ ਹੋਰ ਵੀ ਜ਼ਿਆਦਾ ਵਧ ਜਾਂਦੀ। ਯਹੂਦੀ-ਇਮੀਗ੍ਰੇਸ਼ਨ ਇੱਕ ਪਿਛੜੇ ਹੋਏ ਪੂਰਬੀ ਦੇਸ਼ 'ਚ ਆਪਣੇ ਨਾਲ ਪੱਛਮੀ ਸੱਭਿਅਤਾ ਲਿਆਏ। ਨਿੰਬੂ-ਜਾਤੀ ਫਲਾਂ ਦੀ ਖੇਤੀ ਆਧੁਨਿਕ ਰੀਤੀ ਨਾਲ ਸੰਗਠਿਤ ਇੱਕ ਉੱਨਤੀ ਸ਼ੀਲ ਵੱਡਾ ਉਦਯੋਗ ਬਣ ਗਈ ਅਤੇ ਅਜਿਹਾ ਪ੍ਰਤੀਤ ਹੋਣ ਲੱਗਿਆ ਕਿ ਪੇਲੇਸਟਾਈਨ ਮੱਧ-ਪੂਰਵ ਦਾ ਵਪਾਰ-ਕੇਂਦਰ ਬਣ ਜਾਵੇਗਾ। ਯਹੂਦੀ ਨਗਰ ਤੇਲ-ਅਵੀਵ (Tel-Aviv) ਦਾ ਨਿਰਮਾਣ ਅਤੇ ਹੈਫਾ (Haifa) ਬੰਦਰਗਾਹ ਦਾ ਵਿਕਾਸ ਆਧੁਨਿਕ ਸੰਸਾਰ ਲਈ ਹੈਰਾਨੀ ਬਣ ਗਏ। ਆਰਥਿਕ ਸੰਕਟ ਦੀ ਮਿਆਦ 'ਚ ਪੇਲੇਸਟਾਈਨ ਹੀ ਸਿਰਫ਼ ਇੱਕ ਅਜਿਹਾ ਦੇਸ਼ ਸੀ ਜਿਸ ਦਾ ਘਰੇਲੂ ਅਤੇ ਵਿਦੇਸ਼ੀ ਵਪਾਰ ਦਿਨ ਦੁੱਗਣਾ ਰਾਤ ਚੌਗੁਣਾ ਵਧਿਆ ਸੀ।

ਕੀ ਤੁਸੀ ਜਾਣਦੇ ਹੋ? 1934 ਦੇ ਅੰਤ 'ਚ ਪੇਲੇਸਟਾਈਨ 'ਚ ਯਹੂਦੀਆਂ ਦੀ ਗਿਣਤੀ 3,00,000 ਤੱਕ ਪਹੁੰਚ ਗਈ ਸੀ।

ਸਮਰਿਧੀ ਦੀ ਇਸ ਲਹਿਰ 'ਚ ਗੈਰ-ਯਹੂਦੀ ਜਨਤਾ ਨੇ ਵੀ ਉਠਾਇਆ। 1919 ਅਤੇ 1934 ਦਰਮਿਆਨ ਉਸ ਦੀ ਗਿਣਤੀ ਵਧ ਕੇ 9,00,000 ਹੋ ਗਈ। ਇਸ ਤਰ੍ਹਾਂ ਯਹੂਦੀਆਂ ਅਤੇ ਗੈਰ-ਯਹੂਦੀਆਂ ਦਾ ਅਨੁਪਾਤ ਇਸ ਸਮੇਂ ਵੀ 1:3 ਦਾ ਸੀ। ਪਰੰਤੂ ਅਰਬ ਕਿਸਾਨ ਜੋ ਅਨਪੜ੍ਹ, ਜ਼ਿਆਦਾ ਖਰੀਚੀਲੇ ਅਤੇ ਪੂੰਜੀਹੀਣ ਸੀ, ਯਹੂਦੀ ਦੀ ਬਰਾਬਰੀ ਨਹੀਂ ਕਰ ਸਕਦਾ ਸੀ ਅਤੇ ਆਪਣੇ ਹੀ ਦੇਸ਼ 'ਚ ਅਪਮਾਨਜਨਕ ਹੀਣਤਾ ਦੀ ਸਥਿਤੀ 'ਚ ਪਹੁੰਚ ਗਿਆ। 1921, 1929 ਅਤੇ 1936 'ਚ ਛੋਟੀਆਂ-ਛੋਟੀਆਂ ਘਟਨਾਵਾਂ ਤੋਂ ਇਲਾਵਾ ਗੰਭੀਰ ਹਿੰਸਾ ਵੀ ਹੋਈ ਜਿਸ ਵਿੱਚ ਸੈਂਕੜੇ ਵਿਅਕਤੀਆਂ ਦੀ ਜਾਨ ਗਈ। ਇਨ੍ਹਾਂ ਘਟਨਾਵਾਂ ਦੇ ਸਮੇਂ ਹਰ ਵਾਰ ਅਰਬ ਲੋਕ ਪਹਿਲਾਂ ਯਹੂਦੀਆਂ 'ਤੇ ਹਮਲਾ ਕਰਦੇ ਸਨ ਅਤੇ ਉਸ ਤੋਂ ਬਾਅਦ ਵਿਵਸਥਾ ਬਣਾਈ ਰੱਖਣ ਵਾਲੇ ਬ੍ਰਿਟਿਸ਼ ਪੁਲਿਸ ਅਤੇ ਫੌਜ 'ਤੇ। ਇਨ੍ਹਾਂ ਹਿੰਸਕ ਘਟਨਾਵਾਂ ਦੇ ਬਾਰੇ 'ਚ ਸਭ ਤੋਂ ਜ਼ਿਆਦਾ ਗੰਭੀਰ ਤੱਥ ਇਹ ਸੀ ਕਿ ਇਹ ਯਹੂਦੀ-ਇਮੀਗ੍ਰੇਸ਼ਨ ਦੇ ਕਾਰਨ ਅਰਬ ਹਿੱਤਾਂ 'ਤੇ ਆਈਆਂ ਪ੍ਰਾਸੰਗਿਕ ਮੁਸ਼ਕਲਾਂ ਦੇ ਵਿਰੋਧ 'ਚ ਨਹੀਂ ਸਗੋਂ ਪੇਲੇਸਟਾਈਨ ਨੂੰ ਯਹੂਦੀਆਂ ਦੀ ਮਾਤ ਭੂਮੀ ਬਣਾਉਣ ਦੇ ਸਮੁੱਚੇ ਸਿਧਾਂਤ ਦੇ ਹੀ ਵਿਰੋਧ 'ਚ ਹੋਇਆ ਕਰਦੇ ਸਨ।

**ਨੋਟ**

1936 ਦੇ ਅੰਤ 'ਚ ਹਿੰਸਾ ਦੇ ਕਾਰਨਾਂ ਦਾ ਪਤਾ ਲਾਉਣ ਅਤੇ ਸਿਫਾਰਸ਼ਾਂ ਕਰਨ ਲਈ ਇੱਕ ਸ਼ਾਹੀ ਕਮਿਸ਼ਨ (Royal Commission) ਦੀ ਨਿਯੁਕਤੀ ਕੀਤੀ ਗਈ। ਜੁਲਾਈ 1937 'ਚ ਇਸ ਕਮਿਸ਼ਨ ਦਾ ਪ੍ਰਤੀਵੇਦਨ ਪ੍ਰਕਾਸ਼ਿਤ ਹੋਇਆ ਜਿਸ ਵਿੱਚ ਪੇਲੇਸਟਾਈਨ ਦੀ ਤਿੰਨ ਪੱਖੀ ਵੰਡ ਕਰਨ ਦਾ ਮਤਾ ਰੱਖਿਆ ਗਿਆ ਸੀ। ਮਤੇ ਅਨੁਸਾਰ ਧਾਰਮਿਕ ਸਥਾਨ (Holy Places) ਸਥਾਈ ਰੂਸ ਤੋਂ ਬ੍ਰਿਟੇਨ ਦੇ ਅਧਿਕਾਰ 'ਚ ਰਹਿਣੇ ਸਨ, ਗੇਲਿਲੀ (Galilee) ਅਤੇ ਸਮੁੰਦਰ-ਤਟੀ ਮੈਦਾਨਾਂ ਨੂੰ ਮਿਲਾ ਕੇ ਯਹੂਦੀ ਸੱਤਾ ਸੰਪੰਨ ਰਾਜ (sovereign state) ਦਾ ਨਿਰਮਾਣ ਕੀਤਾ ਜਾਣਾ ਸੀ ਅਤੇ ਬਾਕੀ ਹਿੱਸੇ ਨੂੰ ਟ੍ਰਾਂਸਜੋਰਡਾਨੀਆ 'ਚ ਮਿਲਾ ਕੇ ਇੱਕ ਅਰਬ ਰਾਜ ਦਾ ਨਿਰਮਾਣ ਕੀਤਾ ਜਾਣਾ ਸੀ। ਇਸ ਯੋਜਨਾ ਦੀ ਸਾਰਿਆਂ ਨੇ ਆਲੋਚਨਾ ਕੀਤੀ ਅਤੇ ਰਾਸ਼ਟਰ-ਸੰਘ ਦੇ ਪ੍ਰਾਦੇਸ਼-ਕਮਿਸ਼ਨ (Mandates Commission) ਨੇ ਵੀ ਜਿਸ ਦੇ ਸਾਹਮਦੇ ਇਹ ਪ੍ਰਤੀਵੇਦਨ ਪੇਸ਼ ਕੀਤਾ ਗਿਆ ਸੀ, ਇਸ ਨੂੰ ਨਾਪਸੰਦ ਕੀਤਾ। ਇਸ ਦਰਮਿਆਨ ਹਿੰਸਾ ਹੁੰਦੀ ਰਹੀ। ਨਾ ਸਿਰਫ਼ ਯਹੂਦੀਆਂ ਅਤੇ ਬ੍ਰਿਟਿਸ਼ ਲੋਕਾਂ ਦੀ ਹੀ ਸਗੋਂ ਉਨ੍ਹਾਂ ਅਰਬਾਂ ਦੀ ਵੀ, ਜੋ ਸਮਝੌਤੇ ਦੇ ਪੱਖ 'ਚ ਸਮਝੇ ਜਾਂਦੇ ਸਨ,ਹੱਤਿਆਵਾਂ ਕੀਤੀਆਂ ਗਈਆਂ। ਇਸ ਯੋਜਨਾ ਦੀ ਵਿਵਹਾਰਤਾ 'ਤੇ ਵਿਚਾਰ ਕਰਨ ਲਈ ਇੱਕ ਹੋਰ ਕਮਿਸ਼ਨ ਦੀ ਨਿਯੁਕਤੀ ਕੀਤੀ ਗਈ। ਪਰੰਤੂ 1938 ਦੌਰਾਨ ਇਸ ਕਮਿਸ਼ਨ ਦੀ ਵੰਡ ਦੇ ਵਿਰੋਧ 'ਚ ਇੰਨੀ ਫੈਸਲਾਕੁੰਨ ਰਿਪੋਰਟ ਦਿੱਤੀ ਗਈ ਇਸ ਯੋਜਨਾ ਨੂੰ ਹੀ ਤਿਆਗ ਦੇਣਾ ਪਿਆ ਅਤੇ ਲੰਦਨ 'ਚ ਇੱਕ ਸੰਮੇਲਨ ਬੁਲਾਇਆ ਗਿਆ। ਪ੍ਰਤੀਨਿਧੀ-ਯਹੂਦੀਆਂ ਅਤੇ ਅਰਬਾਂ ਨੂੰ ਬ੍ਰਿਟਿਸ਼ ਸਰਕਾਰ ਦੇ ਸਾਹਮਣੇ ਆਪਣਾ ਮਾਮਲਾ ਵੱਖਰੇ ਤੌਰ 'ਤੇ ਰੱਖਣ ਲਈ ਸੱਦਾ ਦਿੱਤਾ ਗਿਆ। ਬਾਅਦ ਵਿੱਚ ਜੇਕਰ ਸੰਭਵ ਦਿਖਾਈ ਦਿੱਤਾ ਤਾਂ ਇੱਕ ਸਾਂਝੀ ਸਭਾ 'ਚ ਹੱਲ ਕੱਢਣ ਦਾ ਯਤਨ ਕੀਤਾ ਜਾਣਾ ਸੀ। ਪਰੰਤੂ ਕੋਈ ਸਮਝੌਤਾ ਨਹੀਂ ਹੋ ਸਕਿਆ ਅਤੇ ਬ੍ਰਿਟਿਸ਼ ਸਰਕਾਰ ਨੇ ਆਪਣਾ ਹੀ ਹਲ ਲੱਦਣ ਦਾ ਨਿਸ਼ਚਾ ਕੀਤਾ ਜਿਸ ਵਿੱਚ ਪੰਜ ਸਾਲ ਤੱਕ ਯਹੂਦੀ-ਆਪ੍ਰਵਾਸੀਆਂ ਦੀ ਗਿਣਤੀ ਹਰ ਸਾਲ 10,000 ਤੱਕ ਸੀਮਤ ਕਰਨ ਦੀ ਵਿਵਸਥਾ ਕਰਕੇ ਸਮਝੌਤੇ ਦੀ ਨੀਂਹ ਰੱਖੀ ਗਈ। ਇਸ ਦਰਮਿਆਨ ਹੋਰ ਵੀ ਜ਼ਿਆਦਾ ਕਠੋਰ ਅਤੇ ਸੈਨਿਕ ਕੰਟਰੋਲ ਦੇ ਕਾਰਨ ਮੁੜ ਵਿਵਸਥਾ ਕਰਨ 'ਚ ਸਫਲਤਾ ਮਿਲ ਚੁੱਕੀ ਸੀ ਅਤੇ ਕੁਝ ਹੱਦ ਤੱਕ ਮੋਟੇ ਤੌਰ 'ਤੇ ਮੁਸਲਿਮ ਜਗਤ ਸੰਤੁਸ਼ਟ ਹੋ ਚੁੱਕਿਆ ਸੀ। ਉਸ ਦੇ ਲਈ ਪੇਲੇਸਟਾਈਨ ਦਾ ਪ੍ਰਦੇਸ਼ ਅਰਬ ਦੇਸ਼ ਦਾ ਇੱਕ ਜਰੂਰੀ ਹਿੱਸਾ ਸੀ। ਪਰੰਤੂ ਫਿਰ ਵੀ ਪੱਛਮੀ ਜਗਤ ਦੇ ਅਤੇ ਖਾਸਕਰਕੇ ਪ੍ਰੋਟੇਸਟੇਂਟ ਧਰਮ ਨੂੰ ਮੰਨਣ ਵਾਲੇ ਅੰਗਰੇਜੀ ਰਾਸ਼ਟਰਾਂ ਦੇ ਕਈ ਲੋਕਾਂ ਦਾ, ਜੋ ਪ੍ਰਾਚੀਨ ਅਤੇ ਆਧੁਨਿਕ ਟੇਸਟਾਮੇਂਟ ਦੇ ਇਤਿਹਾਸ ਤੋਂ ਵੀ ਜਾਣੂ ਸੀ, ਪਰੰਤੂ ਪਾਂਟਿਯਸ ਪਾਈਲੇਟ (Pontius Pilate)ਤੋਂ ਬਾਅਦ ਦੇ ਏਸ਼ੀਆ ਮਾਈਨਰ ਦੇ ਘਟਨਾ ਚੱਕਰ ਦੇ ਬਾਰੇ 'ਚ ਬਹੁਤ ਘੱਟ ਜਾਣਕਾਰੀ ਰੱਖਦੇ ਸਨ, ਇਹ ਵਿਸ਼ਵਾਸ ਇੰਨਾ ਹੀ ਦ੍ਰਿੜ ਸੀ ਕਿ ਪੇਲੇਸਟਾਈਨ ਸੁਭਾਵਿਕ ਤੌਰ 'ਤੇ ਯਹੂਦੀਆਂ ਦਾ ਹੀ ਹੈ। ਇਸ ਤੋਂ ਬਿਨਾ ਯਹੂਦੀ ਜਾਤੀ ਨੂੰ ਜਿਸ ਭਿਆਨਕਤਾ ਨਾਲ ਅਤੇ ਬਹੁਤ ਜ਼ਿਆਦਾ ਸਤਾਇਆ ਜਾ ਰਿਹਾ ਸੀ, ਉਸ ਨੂੰ ਦੇਖਦੇ ਹੋਏ ਉਸ ਦੇ ਲਈ ਕੋਈ ਆਸਰਾ-ਸਥਾਨ ਹੋਣਾ ਇੱਕ ਅੰਤਰਰਾਸ਼ਟਰੀ ਲੋੜ ਸੀ।

ਇਸ ਦੇ ਉਲਟ ਸੀਰੀਆ 'ਚ ਅਰਬ ਰਾਸ਼ਟਰੀਅਤਾਵਾਦ ਉਨਾ ਹੀ ਤੇਜ਼ ਸੀ ਜਿੰਨਾ ਇਰਾਕ ਅਤੇ ਪੇਲੇਸਟਾਈਨ 'ਚ। ਇਰਾਕ 'ਚ ਗ੍ਰੇਟ ਬ੍ਰਿਟੇਨ ਨੇ ਘੱਟ ਗਿਣਤੀਆਂ ਦੀ ਬਲੀ ਚੜਾਉਂਦੇ ਹੋਏ ਇੱਕ ਏਕੀਕ੍ਰਿਤ ਰਾਜ ਦੀ ਸਥਾਪਨਾ ਕੀਤੀ ਸੀ। ਸੀਰੀਆ 'ਚ ਫਰਾਂਸ ਨੇ ਇਸ ਤੋਂ ਉਲਟੀ ਨੀਤੀ ਅਪਨਾਈ ਅਤੇ ਮੁੱਖ ਸੀਰੀਆ ਤੋਂ ਇਨ੍ਹਾਂ ਤਿੰਨ ਖੇਤਰਾਂ ਨੂੰ ਵੱਖਰਾ ਕਰ ਦਿੱਤਾ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਗੈਰ-ਅਰਬ ਵਸਦੇ ਸਨ। ਉਨ੍ਹਾਂ ਵਿੱਚ ਦੋ ਖੇਤਰਾਂ-ਸਮੁੰਦਰ-ਤਟੀ ਲੇਟੇਕੀਆ (Latakia) ਅਤੇ ਦੱਖਣ 'ਚ ਸਥਿਤ ਡਰੂਜ ਖੇਤਰ (Jebel Druse territory)- ਨੂੰ ਫਰਾਂਸੀਸੀਆਂ ਦੇ ਸਿੱਧੇ ਹੀ ਪ੍ਰਸ਼ਾਸਨ 'ਚ ਰੱਖਿਆ ਗਿਆ ਸੀ। ਤੀਜਾ ਖੇਤਰ-ਉੱਤਰ 'ਚ ਅਲੈਕਜਾਂਡ੍ਰੀਟਾ (Alexandretta) ਦਾ ਤੁਰਕੀ ਜ਼ਿਲ੍ਹਾ-ਸੀਰੀਅਨ ਸਰਕਾਰ ਦੇ ਨਾਮਾਤਰ ਦੀ ਸੱਤਾ (suzerainty) ਦੇ ਅਧੀਨ ਇੱਕ ਖੁਦਮੁਖਤਿਆਰ ਸੂਬਾ ਬਣ ਗਿਆ। ਆਪਣੀ ਆਮ ਭੂਮੱਧ ਸਾਗਰੀ ਨੀਤੀ ਦੇ ਅੰਗ ਦੇ ਰੂਪ 'ਚ ਜੂਨ 1939 'ਚ ਫਰਾਂਸ ਨੇ ਇੱਕ ਸਮਝੌਤਾ ਕੀਤਾ ਜਿਸ ਦੇ ਅਨੁਸਾਰ ਇਸ ਜ਼ਿਲ੍ਹੇ ਦਾ ਜ਼ਿਆਦਾਤਰ ਭਾਗ-ਅਲੈਕਜਾਂਡਰੀਟਾ ਦਾ ਸੰਜਕ (Sandjak)- ਤੁਰਕੀ ਨੂੰ ਇਸ ਸ਼ਰਤ 'ਤੇ ਸੌਂਪ ਦਿੱਤਾ ਗਿਆ ਕਿ ਤੁਰਕੀ ਲੋਕ ਸੀਰੀਆ 'ਤੇ ਆਪਣੇ ਹੋਰ ਦਾਅਵਿਆਂ ਦਾ ਤਿਆਗ ਕਰ ਦੇਣਗੇ ਅਤੇ ਉਸ ਦੇਸ਼ 'ਚ ਪ੍ਰਚਾਰ ਨਹੀਂ ਕਰਨਗੇ। ਵੰਡ (dismemberment) ਦੀ ਇਸ ਨੀਤੀ ਦੇ ਪ੍ਰਤੀ ਸੀਰੀਅਨ ਅਰਬਾਂ ਨੇ ਗੰਭੀਰ ਰੋਸ਼ ਪ੍ਰਗਟ ਕੀਤਾ। ਸਮੇਂ-ਸਮੇਂ 'ਤੇ ਗੰਭੀਰ ਵਿਦਰੋਹ ਹੁੰਦੇ ਰਹੇ ਜਿਨ੍ਹਾਂ ਵਿੱਚ ਮੁੱਖ 1925 ਦਾ ਵਿਦਰੋਹ ਸੀ, ਜਦੋਂ ਕਿ ਫਰਾਂਸੀਸੀ ਸੈਨਿਕ ਟੁਕੜੀਆਂ ਨੇ ਦਮਸਕਸ (Damascus) 'ਤੇ ਬੰਮਬਾਰੀ ਕੀਤੀ ਸੀ। 1933 ਤੋਂ ਬਾਅਦ ਤਾਂ ਸੀਰੀਅਨ ਸੰਵਿਧਾਨ ਨੂੰ ਬਿਲਕੁਲ ਹੀ ਖ਼ਤਮ (Suspended) ਕਰ ਦਿੱਤਾ ਗਿਆ ਸੀ। 1936 ਵਿੱਚ ਸੀਰੀਅਨ ਨੇਤਾਵਾਂ ਅਤੇ ਫਰਾਂਸੀਸੀ ਸਰਕਾਰ ਨੇ ਨਵੇਂ ਸਿਰੇ ਤੋਂ ਗੱਲਬਾਤ ਚਲਾਈ ਜਿਨ੍ਹਾਂ ਦੇ ਨਤੀਜੇ ਵਜੋਂ ਨਵੰਬਰ 'ਚ ਆਂਗਲ-ਇਰਾਕੀ ਸੰਧੀ (Anglo-Iraqi Treaty) ਦੇ ਢੰਗ ਦੀ ਇੱਕ ਸੰਧੀ ਹੋਈ। ਇਸ ਸੰਧੀ ਦੇ ਅਨੁਸਮਰੱਥਨ ਤੋਂ ਬਾਅਦ ਫਰਾਂਸ ਦੇ ਸਮਰਥਨ ਪੂਰਵਕ ਸੀਰੀਆ ਦੁਆਰਾ ਰਾਸ਼ਟਰ-ਸੰਘ ਦੀ ਮੈਂਬਰਸ਼ਿਪ ਲਈ ਆਵੇਦਨ ਕੀਤਾ ਜਾਣਾ ਸੀ। ਪਰੰਤੂ ਅਨੁਸਮਰੱਥਨ 'ਚ ਇੰਨੀ ਦੇਰੀ ਹੋ ਗਈ ਕਿ 1939 ਦੇ ਸ਼ੁਰੂ 'ਚ ਦਮਸਕਸ 'ਚ ਰਾਸ਼ਟਰੀਅਤਾਵਾਦੀ ਉਤਪਾਤਹੋਏ ਅਤੇ ਉਚਾਯੁਕਤ (High Commissioner) ਨੇ ਸੀਰੀਅਨ ਸੰਸਦ ਨੂੰ ਤੋੜ ਦਿੱਤਾ ਅਤੇ ਕਾਰਜਪਾਲਿਕਾ ਸ਼ਕਤੀ ਪੰਜ ਸੰਚਾਲਕਾਂ ਦੀ ਇੱਕ ਪ੍ਰੀਸ਼ਦ (Council of Directors) ਦੇ ਹੱਥਾਂ 'ਚ ਸੌਂਪ ਦਿੱਤੀ; ਸੈਨਿਕ ਪ੍ਰਤੀਰੱਖਿਆ (military defence) ਦਾ ਕੰਟਰੋਲ ਫਰਾਂਸ ਦੇ ਕੋਲ ਰਿਹਾ।

ਅਰੇਬੀਆ 'ਚ ਇਸ ਸਮੇਂ ਦੀ ਸਭ ਤੋਂ ਜ਼ਿਆਦਾ ਮਹੱਤਵਪੂਰਨ ਘਟਨਾ ਇਬਨ ਸਊਦ (Ibn Saud) ਦਾ ਜਨਮ ਸੀ ਜੋ ਪਹਿਲਾਂ ਨਜਦ ਦਾ ਸੁਲਤਾਨ (Sultan of Nejd) ਸੀ। ਪਹਿਲੇ ਵਿਸ਼ਵ ਯੁੱਧ ਦੇ ਸਮੇਂ ਇਬਨ ਸਊਦ ਨੇ ਤੁਰਕੀ ਦੇ ਵਿਰੁੱਧ ਮਿੱਤਰ-ਰਾਸ਼ਟਰਾਂ ਦੀ ਸਹਾਇਤਾ ਕੀਤੀ ਸੀ ਅਤੇ ਮਿੱਤਰ-ਰਾਸ਼ਟਰ ਉਸ ਨੂੰ ਆਰਥਿਕ ਸਹਾਇਤਾ ਦਿੰਦੇ ਸਨ। ਸ਼ਾਂਤੀ-ਸਮਝੌਤੇ 'ਚ ਉਸ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ। ਪਰੰਤੂ ਖਾਨਾਬਦੋਸ਼ ਆਬਾਦੀ ਅਤੇ ਅਸਪੱਸ਼ਟ ਸੀਮਾਂਤਾਂ ਦੇ ਇਸ ਪ੍ਰਦੇਸ਼ 'ਚ ਉਸ ਨੇ ਹੌਲੀ-ਹੌਲੀ ਹਮਲਾ ਕਰਕੇ ਅਤੇ ਸਖ਼ਤ ਸ਼ਾਸਨ ਦੁਆਰਾ ਆਪਣੇ ਰਾਜ ਦਾ ਵਿਸਥਾਰ ਕਰ ਲਿਆ। 1926 'ਚ ਹੈਜਾਜ (Hedjaz) ਦੇ ਸ਼ਾਹ ਹੁਸੈਨ ਨੂੰ ਹਰਾ ਕੇ ਅਤੇ ਉਸ ਨੂੰ ਅਹੁਦੇ ਤੋਂ ਹਟਾ ਕੇ, ਉਸ ਨੇ ਉਸ ਦੇ ਖੇਤਰ ਨੂੰ ਵੀ ਆਪਦੇ ਰਾਜ 'ਚ ਮਿਲਾ ਲਿਆ ਅਤੇ ਆਪਣੇ ਆਪ ਨੂੰ ਹਜਾਜ ਅਤੇ ਨਜਦ ਦਾ ਸ਼ਾਹ ਐਲਾਨ ਕਰ ਦਿੱਤਾ। ਅੱਗੇ ਚੱਲ ਕੇ ਇਸ ਨੇ ਸਾਰੇ ਦੇਸ਼ ਦਾ ਨਾਮ ਬਦਲ ਕੇ ਸਾਊਦੀ ਅਰਬ (Saudi Arabia) ਰੱਖ ਦਿੱਤਾ। ਇਬਨ ਸਊਦ ਨੇ ਸਪੱਸ਼ਟ ਤੌਰੋ 'ਤੇ ਆਪਣੇ ਆਪ ਨੂੰ ਇੱਕ ਸ਼ਕਤੀਸ਼ਾਲੀ ਅਜ਼ਾਦ ਅਰਬ ਸ਼ਾਸਕ ਮੰਨੇ ਜਾਣ ਦਾ ਅਧਿਕਾਰ ਸਿੱਧ ਕਰ ਲਿਆ ਸੀ। ਸਾਊਦੀ ਅਰਬ ਨੇ ਰਾਸ਼ਟਰ-ਸੰਘ ਦੀ ਮੈਂਬਰਸ਼ਿਪ ਲਈ ਆਵੇਦਨ ਨਹੀਂ ਕੀਤਾ ਪਰੰਤੂ 1936 'ਚ ਈਰਾਕ, ਟ੍ਰਾਂਸਜੋਰਡਾਨੀਆ

**ਨੋਟ**

ਅਤੇ ਮਿਸਰ ਨਾਲ ਸੰਧੀਆਂ ਕਰਕੇ ਆਪਣੀ ਅੰਤਰਰਾਸ਼ਟਰੀ ਸਥਿਤੀ ਮਜ਼ਬੂਤ ਬਣਾ ਲਈ। ਅਰਬ ਏਕਤਾ ਦੇ ਇਨ੍ਹਾਂ ਪ੍ਰਦਰਸ਼ਨਾਂ ਦੀ ਪ੍ਰੇਰਨਾ ਕੁਝ ਅੰਸ਼ ਤੱਕ ਅਬੀਸੀਨੀਆ 'ਚ ਇਟਲੀ ਦੀ ਸਫ਼ਲਤਾ ਤੋਂ ਬਾਅਦ ਇਟਲੀ ਦੀਆਂ ਇੱਛਾਵਾਂ ਦੇ ਡਰ ਤੋਂ ਮਿਲੀ ਸੀ ਅਤੇ ਇਸੇ ਸਥਿਤੀ ਕਾਰਨ ਗ੍ਰੇਟ ਬ੍ਰਿਟੇਨ ਅਤੇ ਅਰਬ ਰਾਜਾਂ ਨਾਲ ਸਬੰਧ ਹੋਰ ਮਿੱਤਰਤਾਪੂਰਨ ਹੋ ਗਏ।

ਅਗਸਤ 1936 'ਚ ਦਸਤਖ਼ਤ ਸੰਧੀ ਦੇ ਅਧੀਨ ਗ੍ਰੇਟ ਬ੍ਰਿਟੇਨ ਨੇ ਕੁਝ ਸ਼ਰਤਾਂ 'ਤੇ ਮਿਸਰ ਦੇ ਅੰਤਰਪ੍ਰਦੇਸ਼ ਤੋਂ ਆਪਣੀਆਂ ਸੈਨਿਕ ਟੁਕੜੀਆਂ ਹਟਾ ਕੇ ਉਨ੍ਹਾਂ ਨੂੰ ਸਿਰਫ਼ ਨਹਿਰ-ਖੇਤਰ (Canal Zone) 'ਚ ਹੀ ਸੀਮਤ ਰੱਖਣ, ਮੁੱਖ ਵਿਦੇਸ਼ੀ ਰਾਸ਼ਟਰਾਂ ਦੇ ਨਿਵਾਸੀਆਂ ਦੁਆਰਾ ਮਿਸਰ 'ਚ ਉਪਭੋਗ ਕੀਤੇ ਜਾਣ ਵਾਲੇ ਰਾਜ ਖੇਤਰੀ ਅਧਿਕਾਰਾਂ (Capitulations) ਦਾ ਅੰਤ ਕਰਨ 'ਚ ਮਿਸਰ ਦੀ ਸਹਾਇਤਾ ਕਰਨ; ਰਾਸ਼ਟਰ-ਸੰਘ ਦੀ ਮੈਂਬਰਸ਼ਿਪ ਲਈ ਮਿਸਰ ਦੇ ਦਾਅਵੇ ਦਾ ਸਮਰਥਨ ਕਰਨ; ਅਤੇ ਸੂਡਾਨ ਦੇ ਪ੍ਰਸ਼ਾਸਨ 'ਚ ਮਿਸਰੀ (Egyptian) ਅਧਿਕਾਰੀਆਂ ਨੂੰ ਵੀ ਸ਼ਾਮਲ ਕਰਨ ਦਾ ਵਚਨ ਦਿੱਤਾ।

ਇਹ ਵਚਨ ਉਸ ਸਮੇਂ ਪੂਰੇ ਹੋ ਗਏ, ਜਦੋਂ 8 ਮਈ, 1937 ਨੂੰ ਮਾਂਟ੍ਰੋ (Montreux) 'ਚ ਹੋਏ ਇੱਕ ਸੰਮੇਲਨ 'ਚ ਮਿਸਰ 'ਚ ਹਿਤ ਰੱਖਣ ਵਾਲੇ ਰਾਸ਼ਟਰਾਂ ਨੇ ਰਾਜ ਦੇ ਖੇਤਰੀ ਅਧਿਕਾਰ-ਸਮਝੌਤੇ ਦੇ ਦੁਆਰਾ ਪ੍ਰਾਪਤ ਆਪਣੇ ਅਧਿਕਾਰ ਤਿਆਗ ਦਿੱਤੇ ਅਤੇ 26 ਮਈ ਨੂੰ ਇੱਕ ਖ਼ੁਦਮੁਖਤਿਆਰ ਰਾਜ ਦੀ ਹੈਸੀਅਤ ਨਾਲ ਮਿਸਰ ਨੂੰ ਰਾਸ਼ਟਰ-ਸੰਘ ਦਾ ਮੈਂਬਰ ਬਣਾ ਲਿਆ ਗਿਆ। 1938 'ਚ ਗ੍ਰੇਟ ਬ੍ਰਿਟੇਨ ਨਾਲ ਉਨ੍ਹਾਂ ਬ੍ਰਿਟਿਸ਼ ਸੈਨਿਕ ਟੁਕੜੀਆਂ ਦੀ ਸਥਿਤੀ ਦੇ ਬਾਰੇ 'ਚ, ਜੋ ਪਿਛਲੇ ਸਮਝੌਤੇ ਦੇ ਅਧੀਨ ਸਵੇਜ ਨਹਿਰ ਦੀ ਰੱਖਿਆ ਲਈ ਰੱਖੀ ਗਈ ਸੀ, ਇੱਕ ਸਮਝੌਤਾ ਕੀਤਾ ਗਿਆ। ਮਿਸਰ ਆਪਣੀ ਅਜ਼ਾਦ ਸਥਿਤੀ ਦੀ ਰੱਖਿਆ ਕਰਦੇ ਹੋਏ ਵੀ ਗ੍ਰੇਟ ਬ੍ਰਿਟੇਨ ਦੇ ਪ੍ਰਤੀ ਆਪਣੇ ਕਰੱਤਵਾਂ ਪ੍ਰਤੀ ਪੂਰੀ ਤਰ੍ਹਾਂ ਇਮਾਨਦਾਰ ਰਿਹਾ।

**ਸਵ-ਮੁਲਾਂਕਣ (Self Assessment)**

**ਖਾਲੀ ਸਥਾਨ ਭਰੋ (Fill in the blanks) :**

1. ..........'ਚ ਗ੍ਰੇਟ ਬ੍ਰਿਟੇਨ ਨੇ ਮਿਸਰ ਦੀ ਸੁਤੰਤਰਤਾ ਸਵੀਕਾਰ ਕਰ ਲਈ ਸੀ।
2. ..........'ਚ ਤੁਰਕੀ ਖੁਦਮੁਖਤਿਆਰੀ ਖ਼ਤਮ ਕਰ ਦਿੱਤੀ ਗਈ।
3. ਪਹਿਲੇ ਵਿਸ਼ਵ ਯੁੱਧ ਦੇ ਸਮੇਂ.......ਨੇ ਤੁਰਕੀ ਦੇ ਵਿਰੁੱਧ ਮਿੱਤਰ-ਰਾਸ਼ਟਰਾਂ ਦੀ ਸਹਾਇਤਾ ਕੀਤੀ ਸੀ।

## 19.2 ਸੁਦੂਰ-ਪੂਰਬ (The Far East)

ਮਾਰਚ 1933 'ਚ ਜਾਪਾਨ ਦੇ ਰਾਸ਼ਟਰ-ਸੰਘ ਤੋਂ ਹਟ ਜਾਣ ਦੇ ਕਾਰਨ ਸੁਦੂਰ-ਪੂਰਬ 'ਚ ਲਗਾਤਾਰ ਵਧਦੀ ਹੋਈ ਤਣਾਅ ਦੀ ਸਥਿਤੀ ਪੈਦਾ ਹੋ ਗਈ। ਜਪਾਨ ਆਪਣੀ ਮੰਚੂਰੀਆ-ਜਿੱਤ ਨੂੰ ਛੇਤੀ ਹੀ ਮਜਬੂਤ ਬਣਾ ਕੇ ਪੂਰਬੀ ਏਸ਼ੀਆ 'ਚ ਮੁੱਖ ਰਾਸ਼ਟਰ (dominant power) ਦੇ ਰੂਪ 'ਚ ਸਾਹਮਣੇ ਆ ਗਿਆ। ਜਾਪਾਨ ਦੇ ਵਿਦੇਸ਼ ਵਿਭਾਗ ਨੇ ਅਪਰੈਲ 1934 'ਚ ਅਖ਼ਬਾਰਾਂ ਨੂੰ ਜੋ ਸਟੇਟਮੈਂਟ ਪ੍ਰਕਾਸ਼ਿਤ ਕਰਨ ਨੂੰ ਦਿੱਤਾ, ਉਸ ਵਿੱਚ ਜਾਪਾਨ ਦੀ ਨੀਤੀ ਦੀ ਪਹਿਲੀ ਮਹੱਤਵਪੂਰਨ ਘੋਸ਼ਣਾ ਹੋਈ। ਇਸ ਸਟੇਟਮੈਂਟ 'ਚ "ਪੂਰਬੀ ਏਸ਼ੀਆ 'ਚ (ਜਾਪਾਨ ਦੀ) ਵਿਸ਼ੇਸ਼ ਜ਼ਿੰਮੇਵਾਰੀਆਂ" ਦਾ ਜ਼ਿਕਰ ਕਰਨ ਤੋਂ ਬਾਅਦ ਇਹ ਸਪੱਸ਼ਟ ਤੌਰ 'ਤੇ ਐਲਾਨ ਕੀਤਾ ਗਿਆ ਸੀ ਕਿ ," ਚੀਨ ਦੇ ਇਲਾਵਾ ਅਜਿਹਾ ਕੋਈ ਵੀ ਦੇਸ਼ ਨਹੀਂ ਹੈ ਜੋ ਪੂਰਬੀ ਏਸ਼ੀਆ 'ਚ ਸ਼ਾਂਤੀ ਬਣਾਈ ਰੱਖਣ ਦੀਆਂ ਜ਼ਿੰਮੇਵਾਰੀਆਂ ਦਾ ਜਾਪਾਨ ਨਾਲ ਦਾਅਵਾ ਕਰ ਸਕੇ।" ਇਸ ਦੇ ਨਾਲ ਹੀ ਐਲਾਨ ਕੀਤਾ ਗਿਆ ਕਿ ਵਿਦੇਸ਼ੀ ਰਾਸ਼ਟਰਾਂ ਦੁਆਰਾ ਚੀਨ ਦੀ ਸਹਾਇਤਾ ਪਹੁੰਚਾਉਣ ਲਈ ਵੱਖਰੇ ਅਤੇ ਸਾਂਝੇ ਤੌਰ 'ਤੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ 'ਤੇ ਜਾਪਾਨ ਨੂੰ 'ਇਤਰਾਜ' ਹੈ। ਇਨ੍ਹਾਂ ਇਤਰਾਜਾਂ 'ਚ "ਤਕਨੀਕੀ ਅਤੇ ਆਰਥਿਕ (technical or financial) ਸਹਾਇਤਾ (ਵਰਗੀਆਂ ਰਾਸ਼ਟਰ-ਸੰਘ ਨੇ ਚੀਨ ਨੂੰ ਹਾਲ ਹੀ ਵਿੱਚ ਦੇਣਾ ਸਵੀਕਾਰ ਕੀਤਾ ਸੀ) ਦੇ ਨਾਮ 'ਤੇ" ਕੀਤੀ ਜਾਣ ਵਾਲੀ ਕਾਰਵਾਈ ਅਤੇ ਯੁੱਧ-ਸਮੱਗਰੀ ਭੇਜਣ ਜਾਂ ਟਰੇਨਰਾਂ ਜਾਂ ਸਲਾਹਕਾਰਾਂ (instructors or advisers) ਦੀਆਂ ਸੇਵਾਵਾਂ ਉਧਾਰ ਦੇਣ ਦੇ ਰੂਪ 'ਚ ਦਿੱਤੀ ਜਾਣ ਵਾਲੀ ਸੈਨਿਕ ਸਹਾਇਤਾ ਵੀ ਸ਼ਾਮਲ ਸੀ। ਇਹ ਐਲਾਨ, ਜੋ "ਜਾਪਾਨ ਦੇ ਮੁਨਰੋ-ਸਿਧਾਂਤ" (Monroe Doctrine) ਦੇ ਨਾਮ ਤੋਂ ਪ੍ਰਸਿੱਧ ਹੋਈ, ਬਾਅਦ 'ਚ ਕਈ ਮੌਕਿਆਂ 'ਤੇ ਦੁਹਰਾਈ ਗਈ। 1935 ਦੀ ਗਰਮ ਰੁੱਤ 'ਚ ਬਾਕੀ ਚੀਨ ਤੋਂ ਉਸ ਦੇ ਕਈ ਉੱਤਰੀ ਸੂਬਿਆਂ ਨੂੰ ਵੱਖਰਾ ਕਰਨ ਦਾ ਯਤਨ ਚੀਨੀਆਂ ਦੇ ਸੱਤਿਆਗ੍ਰਹਿ ਦੇ ਸਾਹਮਣੇ ਅਸਫ਼ਲ ਹੋ ਗਿਆ, ਪਰੰਤੂ ਮੰਚੂਰੀਆ ਦੇ ਨੇੜੇ ਦੇ ਚੀਨੀ ਖੇਤਰ 'ਚ ਜਾਪਾਨੀ ਸੈਨਿਕ ਅਧਿਕਾਰੀਆਂ ਨੂੰ 'ਪੂਰਬੀ ਹੋਪੀ ਖੁਦਮੁਖਤਿਆਰ ਸਰਕਾਰ' (East Hopei Autonomous Government) ਨਾਮੀ ਇੱਕ ਕਠਪੁਤਲੀ ਸਰਕਾਰ ਦੀ ਸਥਾਪਨਾ 'ਚ ਸਫਲਤਾ ਮਿਲ ਗਈ। ਇਸ ਤੋਂ ਬਿਨਾ ਅੱਗੇ ਚੱਲ ਕੇ ਉਨਾਂ ਨੇ ਚੀਨੀ ਸਰਹੱਦੀ ਟੈਕਸ ਅਧਿਕਾਰੀਆਂ ਦੇ ਕੰਮ 'ਚ ਜਾਣਬੁੱਝ ਕੇ ਦਖ਼ਲ ਦੇ ਕੇ ਇਸ ਮਹੱਤਵਪੂਰਨ ਖੇਤਰ 'ਚੋਂ ਚੋਰੀ ਨਾਲ ਮਾਲ ਲਿਆਉਣ-ਲਿਜਾਣ ਵਾਲਿਆਂ ਨੂੰ ਕਾਫ਼ੀ ਉਤਸ਼ਾਹਿਤ ਕੀਤਾ। ਗੈਰ ਕਾਨੂੰਨੀ ਲਾਭ ਨੂੰ ਜਾਪਾਨੀ ਵਪਾਰੀਆਂ ਦੀਆਂ ਜੇਬਾਂ 'ਚ ਪਹੁੰਚਾਉਣ ਅਤੇ ਚੀਨੀ ਸਰਕਾਰ ਦੇ ਮਾਲੀ ਸਾਧਨਾਂ ਨੂੰ ਖ਼ਤਮ ਕਰਨ ਅਤੇ ਉਸ ਦੀ ਸਨਮਾਨ ਨੂੰ ਧੱਕਾ ਪਹੁੰਚਾਉਣ ਲਈ ਇੱਕ ਵੱਡੀ ਚਤੁਰਾਈ ਪੂਰਨ ਚਾਲ ਸੀ। 1936 'ਚ ਚੀਨ ਦੇ ਕਈ ਹਿੱਸਿਆਂ 'ਚ ਕੀਤੀਆਂ ਗਈਆਂ ਜਾਪਾਨੀਆਂ ਦੀਆਂ ਹੱਤਿਆਵਾਂ (sporadic murders) ਇਸ ਗੱਲ ਦਾ ਸਬੂਤ ਸਨ ਕਿ ਜਾਪਾਨੀਆਂ ਦੇ ਪ੍ਰਤੀ ਕਿੰਨੀਆਂ ਗਲਤ ਭਾਵਨਾਵਾਂ ਪੈਦਾ ਹੋ ਚੁੱਕੀਆਂ ਸਨ।

ਖੁਦ ਚੀਨ 'ਚ ਜਾਪਾਨ ਦੇ ਡਰ ਨੇ ਚੀਨੀਆਂ ਨੂੰ ਏਕਤਾ ਦੇ ਸੂਤਰ 'ਚ ਬੰਨ੍ਹਣ ਦਾ ਕੰਮ ਕੀਤਾ, ਸਗੋਂ ਉਸ ਦੇ ਨਤੀਜੇ ਉਮੀਦ ਦੇ ਉਲਟ ਬਹੁਤ ਹੌਲੀ ਅਤੇ ਆਂਸ਼ਿਕ (partial) ਸਨ। ਮੱਧ-ਚੀਨ 'ਚ ਬੋਰੋਡਿਨ ਦੇ ਚਲੇ ਜਾਣ ਦੇ ਕਾਫ਼ੀ ਸਮੇਂ ਬਾਅਦ ਵੀ ਕਈ ਸਥਾਨਕ ਸੋਵੀਅਤਾਂ ਨਾਨਕਿੰਗ ਸਰਕਾਰ ਦਾ ਸਿਰਦਰਦ ਬਣੀਆਂ ਰਹੀਆਂ ਅਤੇ ਵਿਸ਼ੇਸ਼ ਖੇਤਰ ਕਥਿਤ ਤੌਰ 'ਤੇ ਚੀਨੀ ਸੋਵੀਅਤ ਸਰਕਾਰ ਦੇ

ਨੋਟ

ਕੰਟਰੋਲ 'ਚ ਬਣੇ ਰਹੇ। 1933 ਤੋਂ ਬਾਅਦ ਇਸ ਵਿੱਚੋਂ ਕਈ ਖੇਤਰਾਂ ਨੂੰ ਨਾਨਕਿੰਗ ਸਰਕਾਰ ਨੇ ਮੁੜ ਆਪਣੇ ਖੇਤਰ 'ਚ ਸ਼ਾਮਲ ਕਰ ਲਿਆ। ਉੱਤਰ-ਪੱਛਮੀ ਚੀਨ 'ਚ ਸੰਗਠਿਤ ਚੀਨੀ ਕਮਿਊਨਿਸਟ ਫੌਜਾਂ ਹੁਣ ਵੀ ਮੌਜੂਦ ਸਨ, ਪਰੰਤੂ ਕਮਿਊਨਿਸਟ ਇੰਟਰਨੈਸ਼ਨਲ (Communist International) ਦੀ ਕਾਂਗਰਸ ਦੇ 1935 ਦੇ ਅਧਿਵੇਸ਼ਨ 'ਚ ਨਿਰਧਾਰਿਤ ਕੀਤੀ ਗਈ ਨੀਤੀ ਦੇ ਅਨੁਸਾਰ ਇਨ੍ਹਾਂ ਫੌਜਾਂ ਦਾ ਟੀਚਾ ਹੁਣ ਨਾਨਕਿੰਗ ਸਰਕਾਰ ਨੂੰ ਉਲਟਨਾ ਨਹੀਂ ਸੀ, ਸਗੋਂ ਉੱਤਰੀ ਚੀਨ 'ਚ ਜਾਪਾਨੀਆਂ ਦੇ ਵਿਰੁੱਧ ਉਸ ਦੇ ਵਿਰੋਧ ਤੋਂ ਮਜ਼ਬੂਤ ਬਣਾਉਣਾ ਅਤੇ ਉਸਦਾ ਮੁਕਾਬਲਾ ਕਰਨ 'ਚ ਉਸ ਦੀ ਸਹਾਇਤਾ ਕਰਨਾ ਸੀ। ਦੱਖਣੀ ਚੀਨ 'ਚ 1936 ਦੇ ਗਰਮ ਰੁੱਤ 'ਚ ਨਾਨਕਿੰਗ ਸਰਕਾਰ ਦੇ ਵਿਰੁੱਧ ਇੱਕ ਸੈਨਿਕ ਵਿਦਰੋਹ ਹੋਇਆ ਪਰੰਤੂ ਉਸ ਨੂੰ ਕੋਈ ਸਹਾਇਤਾ ਨਾ ਮਿਲੀ ਅਤੇ ਨਤੀਜੇ ਵਜੋਂ ਕੇਂਟਨ ਦੀ ਅਰਧ-ਸੁਤੰਤਰ ਸਰਕਾਰ ਕੁਚਲ ਦਿੱਤਾ ਗਿਆ। ਇਨ੍ਹਾਂ ਸਾਲਾਂ 'ਚ ਨਾਨਕਿੰਗ ਅਤੇ ਕੇਂਟਨ ਦਰਮਿਅਨ ਸਹਿਯੋਗ ਅਤੇ ਕਿਸੇ ਵੀ ਸਮੇਂ ਦੇ ਮੁਕਾਬਲੇ ਜ਼ਿਆਦਾ ਦਿਖਾਈ ਦਿੰਦਾ ਸੀ। ਇਸ ਤਰ੍ਹਾਂ 1936 ਦੇ ਅੰਤ 'ਚ ਨਾਨਕਿੰਗ ਸਥਿਤ ਚੀਨੀ ਸਰਕਾਰ ਦਾ, ਜਿਸ ਨੂੰ ਸੈਨਾਪਤੀ ਚਿਆਂਗ ਕਾਈ-ਸ਼ੇਕ ਦੀ ਯੋਗ ਅਗਵਾਈ ਪ੍ਰਾਪਤ ਸੀ, ਮੱਧ ਅਤੇ ਦੱਖਣੀ ਚੀਨ 'ਚ ਹੌਲੀ-ਹੌਲੀ ਅਧਿਕਾਰ ਮਜ਼ਬੂਤ ਹੁੰਦਾ ਗਿਆ ਅਤੇ ਉੱਤਰੀ ਚੀਨ 'ਚ ਜਾਪਾਨ ਦੇ ਵਿਰੁੱਧ ਉਹ ਆਪਣੇ ਪ੍ਰਭਾਵ ਨੂੰ ਮਜ਼ਬੂਤੀ ਨਾਲ ਬਣਾਈ ਰਹੀ। ਦਸੰਬਰ 'ਚ ਉੱਤਰ-ਪੱਛਮੀ ਸੀਮਾਂਤ 'ਤੇ ਇੱਕ ਥੋੜ੍ਹਾ ਸਮੇਂ ਦਾ ਵਿਦਰੋਹ ਹੋਇਆ ਅਤੇ ਵਿਦਰੋਹੀ ਫੌਜ ਨੇ ਖੁਦ ਚਿਆਂਗ ਕਾਈ-ਸ਼ੇਕ ਨੂੰ ਹੀ ਕਈ ਦਿਨਾ ਤੱਕ ਬੰਦੀ ਬਣਾਈ ਰੱਖਿਆ। ਪਰੰਤੂ ਆਪਣੇ ਬੰਦੀ ਬਣਾਉਣ ਵਾਲਿਆਂ ਦੇ ਆਤਮਸਮਰਪਣ ਨਾਲ ਚਿਆਂਗ ਦੀ ਸਥਿਤੀ ਮਜ਼ਬੂਤ ਹੋ ਗਈ ਅਤੇ ਚੀਨ ਏਕਤਾ ਦੇ ਰਸਤੇ ਵੱਲ ਵਧਦਾ ਅਤੇ ਜਾਪਾਨ ਦੇ ਹਮਲਿਆਂ ਵਿਰੁੱਧ ਇਕਜੁਟ ਹੁੰਦਾ ਦਿਖਾਈ ਦਿੱਤਾ।

ਪਰੰਤੂ ਜੁਲਾਈ, 1937 'ਚ ਪੇਕਿੰਗ ਦੇ ਨੇੜੇ ਚੀਨੀ ਅਤੇ ਜਾਪਾਨੀ ਸੈਨਿਕ ਟੁਕੜੀਆਂ ਦਰਮਿਆਨ ਹੋਣ ਵਾਲੇ ਇੱਕ ਮੁਕਾਬਲੇ ਦੇ ਨਤੀਜੇ ਵਜੋਂ ਹੋਰ ਵੀ ਮੁਕਾਬਲੇ ਹੋਏ ਅਤੇ ਯੁੱਧ ਦਾ ਐਲਾਨ ਕੀਤੇ ਬਿਨਾਂ ਹੀ ਯੁੱਧ ਸ਼ੁਰੂ ਹੋ ਗਿਆ। ਪੇਕਿੰਗ ਖਾਲੀ ਕਰ ਦਿੱਤਾ ਗਿਆ ਅਤੇ ਚੀਨੀ, ਜੋ ਹੁਣ ਵੀ ਮੁਕਾਬਲਾ ਕਰ ਰਹੇ ਸਨ, ਹੌਲੀ-ਹੌਲੀ ਯੇਲੋ ਨਦੀ (Yellow River) ਤੱਕ ਖਦੇੜ ਦਿੱਤੇ ਗਏ। ਉੱਧਰ ਜਲ-ਸੈਨਾ ਅਤੇ ਹਵਾਈ ਫੌਜ ਨੇ ਸ਼ੰਘਾਈ 'ਤੇ ਹਮਲਾ ਕੀਤਾ। ਇਸ ਸਾਲ ਦੇ ਅੰਤ ਤੱਕ ਜਾਪਾਨੀਆਂ ਨੇ ਨਾ ਸਿਰਫ਼ ਇਸ ਨਗਰ 'ਤੇ ਸਗੋਂ ਰਾਜਧਾਨੀ ਨਾਨਕਿੰਗ 'ਤੇ ਵੀ ਅਧਿਕਾਰ ਕਰ ਲਿਆ ਸੀ। ਹਵਾਈ ਬੰਮਬਾਰੀ ਨੇ ਬਚਾਅ ਦੇ ਸਾਧਨਾਂ ਤੋਂ ਹੀਨ ਜਨ-ਸਮੁਦਾਏ ਦਾ ਬਹੁਤ ਨਾਸ਼ ਕੀਤਾ ਅਤੇ ਚਾਹੇ ਸੰਯੋਗ ਨਾਲ ਹੋਵੇ ਜਾਂ ਗਲਤ ਉਤਸ਼ਾਹ ਦੇ ਕਾਰਨ ਹੋਵੇ, ਚੀਨ 'ਚ ਸਥਿਤ ਬ੍ਰਿਟਿਸ਼ ਰਾਜਦੂਤ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਉੱਪਰੀ ਯਾਂਗਟਸੀ (Yangtse) 'ਚ ਇੱਕ ਅਮਰੀਕੀ ਅਤੇ ਇੱਕ ਬ੍ਰਿਟਿਸ਼ ਜਹਾਜ਼ ਨੂੰ ਵੀ ਨੁਕਸਾਨ ਪਹੁੰਚਾਇਆ। ਪਰੰਤੂ ਯੂਰਪ 'ਚ ਕੁਝ ਅਜਿਹਾ ਘਟਨਾਚੱਕਰ ਚੱਲ ਰਿਹਾ ਸੀ ਕਿ ਗ੍ਰੇਟ ਬ੍ਰਿਟੇਨ ਨੂੰ ਰਾਜਨੀਤਿਕ ਵਿਰੋਧ ਤੱਕ ਹੀ ਆਪਣਾ ਰੋਸ਼ ਸੀਮਤ ਰੱਖਣਾ ਪਿਆ ਅਤੇ ਇਸੇ ਤਰ੍ਹਾਂ ਯੂਨਾਈਟਿਡ ਸਟੇਟਸ ਨੇ ਵੀ ਜਾਪਾਨ ਤੋਂ ਮੁਆਫ਼ੀ ਪ੍ਰਾਪਤ ਕਰਕੇ ਸੰਤੋਸ਼ ਮੰਨ ਲਿਆ। ਇਸੇ ਦਰਮਿਆਨ ਰਾਸ਼ਟਰ-ਸੰਘ ਨੇ, ਜਿਸ ਦੇ ਸਾਹਮਣੇ ਚੀਨੀ ਪ੍ਰਤੀਨਿਧੀਆਂ ਨੇ ਤੱਥ ਪੇਸ਼ ਕੀਤੇ ਸਨ, ਜਾਪਾਨ ਦੀ ਕਾਰਵਾਈ ਤੋਂ ਸੰਧੀ ਦੇ ਕਰਤਵਾਂ ਦਾ ਅਨਿਆਂਪੂਰਨ ਭੰਗ ਦੱਸ ਕੇ ਉਸ ਦੀ ਵਿਧੀਵਤ ਨਿੰਦਾ ਕੀਤੀ ਅਤੇ ਆਪਣੇ ਮੈਂਬਰਾਂ ਨੂੰ ਇਸ ਗੱਲ 'ਤੇ ਵਿਚਾਰ ਕਰਨ ਲਈ ਅਪੀਲ ਕੀਤੀ ਕਿ ਉਹ ਵਿਅਕਤੀਗਤ ਤੌਰ 'ਤੇ ਹਮਲੇ ਦੇ ਸ਼ਿਕਾਰ ਰਾਸ਼ਟਰ ਦੀ ਕਿਸ ਸੀਮਾ ਤੱਕ ਸਹਾਇਤਾ ਕਰ ਸਕਦੇ ਹਨ। ਜੇਕਰ ਸਮੱਗਰੀ ਅਤੇ ਅਨੁਸ਼ਾਸਨ 'ਚ ਸ੍ਰੇਸ਼ਠ ਹੋਣ ਕਾਰਨ ਜਾਪਾਨੀ ਫੌਜਾਂ ਹਰ ਸਥਾਨ 'ਤੇ ਅੱਗੇ ਵਧਣ 'ਚ ਸਫ਼ਲ ਹੋ ਸਕੀਆਂ, ਤਾਂ ਵੀ ਚੀਨੀ ਬਰਾਬਰ ਉਨ੍ਹਾਂ ਦਾ ਮੁਕਾਬਲਾ ਕਰਦੇ ਰਹੇ। ਸਭ ਤੋਂ ਪਹਿਲਾਂ ਹੰਕਾਊ, ਜੋ ਅਸਥਾਈ ਰਾਜਧਾਨੀ ਬਣ ਚੁੱਕਿਆ ਸੀ ਅਤੇ ਉਸ ਦੇ ਉਪ-ਨਗਰਾਂ ਦਾ ਜੁਲਾਈ 1938 'ਚ ਪਤਨ ਹੋਇਆ ਅਤੇ ਅਕਤੂਬਰ 'ਚ ਕੇਂਟਨ 'ਤੇ ਵੀ ਅਚਾਨਕ ਸਫ਼ਲਤਾਪੂਰਵਕ ਦੁਸ਼ਮਣ ਦਾ ਅਧਿਕਾਰ ਹੋ ਗਿਆ। ਹੌਲੀ-ਹੌਲੀ ਜਪਾਨ ਨੇ ਸਾਰੀਆਂ ਬੰਦਰਗਾਹਾਂ 'ਤੇ ਅਧਿਕਾਰ ਕਰ ਲਿਆ ਅਤੇ ਚੀਨੀ ਫੌਜਾਂ ਉਸ ਰਸਦ 'ਤੇ ਨਿਰਭਰ ਰਹਿ ਗਈਆਂ, ਜੋ ਉਨ੍ਹਾਂ ਨੂੰ ਜ਼ਮੀਨ ਦੇ ਰਸਤੇ ਸੋਵੀਅਤ ਸੰਘ ਨਾਲ ਰੇਲਮਾਰਗ ਦੁਆਰਾ ਫਰਾਂਸੀਸੀ ਹਿੰਦ-ਚੀਨ (Indo-China) ਤੋਂ ਜਾਂ ਨਵੇਂ ਬਣੇ ਮੋਟਰ-ਮਾਰਗ ਦੁਆਰਾ ਬਰਮਾ 'ਚ ਸਥਿਤ ਬ੍ਰਿਟਿਸ਼ ਸਾਧਨਾਂ ਤੋਂ ਪ੍ਰਾਪਤ ਹੋ ਸਕਦੀ ਸੀ। 1939 ਦੇ ਅੰਤ ਤੱਕ ਜਾਪਾਨੀ ਨੇ ਹਿੰਦ-ਚੀਨ ਰੇਲਮਾਰਗ ਕੱਟ ਦਿੱਤਾ ਅਤੇ ਮੋਟਰ-ਮਾਰਗ 'ਤੇ ਬਹੁਤ ਜ਼ਿਆਦਾ ਭਾਰ ਪੈਣ ਲੱਗਿਆ। ਸੋਵੀਅਤ ਸਹਾਇਤਾ 'ਤੇ ਵੀ ਹੋਰ ਜ਼ਿਆਦਾ ਨਿਰਭਰ ਨਹੀਂ ਰਿਹਾ ਜਾ ਸਕਦਾ ਸੀ, ਪਰੰਤੂ ਚੀਨ ਮੁਕਾਬਲਾ ਕਰਦਾ ਹੀ ਰਿਹਾ।

ਜਾਪਾਨ ਦੁਆਰਾ ਮੰਚੂਕੁਆਂ (Manchukuo) ਦੀ ਜਿੱਤ ਕਾਰਨ ਸੋਵੀਅਤ ਰੂਸ 'ਚ ਗੰਭੀਰ ਆਸ਼ੰਕਾ ਫੈਲ ਗਈ ਸੀ ਅਤੇ ਬਦਲੇ ਦੇ ਰੂਪ 'ਚ ਕਈ ਤਰ੍ਹਾਂ ਦੇ ਕਦਮ ਚੁੱਕੇ ਗਏ ਸਨ। ਸਭ ਤੋਂ ਪਹਿਲਾਂ ਤਾਂ ਸੋਵੀਅਤ ਸਰਕਾਰ ਨੇ ਯੂਨਾਈਟਿਡ ਸਟੇਟਸ ਸਰਕਾਰ ਦੁਆਰਾ ਰਾਜਨਯਿਕ ਮਾਨਤਾ ਪ੍ਰਾਪਤ ਕਰਨ ਦੀ ਚੇਸ਼ਟਾ ਕੀਤੀ ਅਤੇ ਉਸ ਵਿੱਚ ਉਸ ਨੂੰ ਸਫ਼ਲਤਾ ਵੀ ਮਿਲ ਗਈ। ਦੂਜਾ, ਉਸ ਨੇ ਜਾਪਾਨ ਨੂੰ (ਜਾਂ ਨਾਮ ਲਈ ਮੰਚੁਕੁਆਂ ਨੂੰ) ਮੰਚੂਰੀਆ 'ਚੋਂ ਹੋਕੇ ਜਾਣ ਵਾਲੀ ਚੀਨੀ ਪੂਰਬੀ ਰੇਲਵੇ 'ਚ ਰੂਸੀ ਹਿੱਤ ਵੇਚ ਕੇ ਸੰਘਰਸ਼ ਦੇ ਮੌਕਿਆਂ ਦੀ ਕਮੀ ਕਰਨ ਦਾ ਯਤਨ ਕੀਤਾ। ਤੀਜਾ, ਮੱਧ ਏਸ਼ੀਆ 'ਚ ਉਸ ਨੇ ਸੋਵੀਅਤ ਪ੍ਰਭਾਵ ਵਧਾਇਆ। ਚੀਨ ਦੇ ਬਿਲਕੁਲ ਪੱਛਮ 'ਚ ਸਥਿਤ ਸਿੰਕਿਯਾਂਗ (Sinkiang) ਸੂਬੇ ਜਾਂ ਚੀਨੀ ਤੁਰਕੀਸਤਾਨ (Chinese Turkistan), ਜਿਸ ਵਿੱਚ ਕਈ ਮੂਲ ਜਾਤੀਆਂ ਦੀ ਮਿਲੀ ਜੁਲੀ ਆਬਾਦੀ ਵਸਦੀ ਹੈ, ਬਹੁਤ ਸਮੇਂ ਤੋਂ ਨਾਨਕਿੰਗ ਸਰਕਾਰ ਤੋਂ ਲਗਭਗ ਅਜ਼ਾਦ ਚੱਲਿਆ ਆ ਰਿਹਾ ਸੀ ਅਤੇ ਉੱਥੇ ਵਿਰੋਧੀ ਅਧਿਕਾਰੀਆਂ 'ਚ ਸਮੇਂ-ਸਮੇਂ 'ਤੇ ਗ੍ਰਹਿ-ਯੁੱਧ ਹੁੰਦੇ ਰਹਿੰਦੇ ਸਨ। 1933 'ਚ ਸੋਵੀਅਤ ਫੌਜ ਅਤੇ ਹਵਾਈ ਜਹਾਜ਼ਾਂ ਨੇ ਅਜਿਹੇ ਹੀ ਇੱਕ ਸਥਾਨਕ ਸੰਘਰਸ਼ 'ਚ ਦਖ਼ਲ ਦਿੱਤਾ ਅਤੇ ਨਾਨਕਿੰਗ ਸਰਕਾਰ ਦੁਆਰਾ ਮਾਨਿਅ ਸਥਾਨਕ ਚੀਨੀ ਰਾਜਪਾਲ (Governor) ਨੂੰ ਮੁੜ ਵਿਵਸਥਾ ਅਤੇ ਆਪਣਾ ਸ਼ਾਸਨ ਸਥਾਪਤ ਕਰਨ 'ਚ ਸਹਾਇਤਾ ਕੀਤੀ। ਕੁਝ ਸਮੇਂ ਲਈ ਸਿੰਕਿਯਾਂਗ 'ਚ ਰੂਸ ਦਾ ਰਾਜਨੀਤਿਕ ਅਤੇ ਆਰਥਿਕ ਪ੍ਰਭਾਵ ਸਭ ਤੋਂ ਅੱਗੇ ਹੋ ਗਿਆ। ਮਾਰਚ 1936 'ਚ ਬਾਹਰੀ ਮੰਗੋਲੀਆ (Outer Mongolia) ਨੇ, ਜੋ ਨਾਂਮਾਤਰ ਦੇ ਲਈ ਚੀਨ ਦੇ ਸੱਤਾ 'ਚ ਹੁੰਦੇ ਹੋਏ ਵੀ ਅਸਲ 'ਚ 1921 ਤੋਂ ਇੱਕ ਸੋਵੀਅਤ ਗਣਤੰਤਰ (Soviet Republic) ਬਣਿਆ ਹੋਇਆ ਸੀ, ਸੋਵੀਅਤ ਸੰਘ ਨਾਲ ਇੱਕ ਯੂਨੀਅਨ-ਸੰਧੀ ਕੀਤੀ, ਜਿਸ ਦੇ ਅਨੁਸਾਰ ਹਰ ਪੱਖ ਨੇ ਵਿਦੇਸ਼ੀ ਹਮਲੇ ਸਮੇਂ ਇੱਕ-ਦੂਜੇ ਦੀ ਸਹਾਇਤਾ ਕਰਨ ਦਾ ਵਚਨ ਦਿੱਤਾ। ਲਗਭਗ ਇਸੇ ਸਮੇਂ ਸਟਾਲਿਨ ਨੇ ਇੱਕ ਅਮਰੀਕੀ ਪੱਤਰਕਾਰ ਨੂੰ ਸਪੱਸ਼ਟ ਰੂਪ 'ਚ ਕਿਹਾ ਕਿ ਜੇਕਰ ਬਾਹਰੀ ਮੰਗੋਲੀਆ 'ਚ ਜਾਪਾਨ ਨੇ ਕਿਸੇ ਤਰ੍ਹਾਂ ਦਾ ਦਖਲ ਕੀਤਾ ਤਾਂ ਉਸ ਦਾ ਅਰਥ ਸੋਵੀਅਤ ਸੰਘ ਨਾਲ ਯੁੱਧ ਮੁੱਲ ਲੈਣਾ ਹੋਵੇਗਾ। ਇਸ ਤਰ੍ਹਾਂ ਜਾਪਾਨ ਦੁਆਰਾ ਮੰਚੂਕੁਆਂ 'ਚ ਕਾਇਮ ਕੀਤੀਆਂ ਗਈਆਂ ਬਾਹਰੀ ਚੌਕੀਆਂ (outposts) ਵਾਂਗ ਸੋਵੀਅਤ ਸੰਘ ਨੇ ਵੀ ਸਿੰਕਿਯਾਂਗ ਅਤੇ ਬਾਹਰੀ

ਮੰਗੋਲੀਆ 'ਚ ਚੌਕੀਆਂ ਕਾਇਮ ਕਰ ਰੱਖੀਆਂ ਸਨ, ਪਰੰਤੂ ਉਨ੍ਹਾਂ ਦੇ ਸਥਾਨਕ ਪ੍ਰਸ਼ਾਸਨਾਂ 'ਚ ਸੋਵੀਅਤ ਕੰਟਰੋਲ ਉਨਾ ਪ੍ਰਤੱਖ ਨਹੀਂ ਸੀ, ਜਿੰਨਾ ਮੰਚੂਕੂਆਂ 'ਚ ਜਾਪਾਨ ਦਾ ਸੀ।

**ਨੋਟ**

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ..........'ਚ ਅਫ਼ਗਾਨਿਸਤਾਨ ਨੂੰ ਰਾਸ਼ਟਰ ਸੰਘ 'ਚ ਪ੍ਰਵੇਸ਼ ਮਿਲ ਗਿਆ ਸੀ।

(ੳ) 1934 (ਅ) 1944

(ੲ) 1954 (ਸ) 1914

5. 1919 'ਚ ਪੇਲੇਸਟਾਈਨ ਦੀ ਜਨਸੰਖਿਆ...........ਤੋਂ ਕੁਝ ਘੱਟ ਅਨੁਮਾਨਿਤ ਕੀਤੀ ਗਈ ਸੀ।

(ੳ) 8,00,000 (ਅ) 7,00,000

(ੲ) 9,00,000 (ਸ) 3,00,000

6. 1934 ਦੇ ਅੰਤ ਤੱਕ ਪੇਲੇਸਟਾਈਨ 'ਚ ਯਹੂਦੀਆਂ ਦੀ ਗਿਣਤੀ.....ਤੱਕ ਪਹੁੰਚ ਗਈ ਸੀ।

(ੳ) 5,00,000 (ਅ) 4,00,000

(ੲ) 3,00,000 (ਸ) 6,00,000

**ਅਮਰੀਕਾ ਅਤੇ ਵਿਸ਼ਵ-ਰਾਜਨੀਤੀ (America and World Politics)**

1930-33 ਦੇ ਆਰਥਿਕ ਸੰਕਟ ਦੇ ਜਿੰਨੇ ਤਬਾਹਕਾਰੀ ਨਤੀਜੇ ਹੋਰ ਦੇਸ਼ਾਂ 'ਚ ਹੋਏ ਸਨ ਉਨੇ ਯੂਨਾਈਟਿਡ ਸਟੇਟਸ 'ਚ ਨਹੀਂ ਹੋਏ ਸਨ। ਪਰੰਤੂ ਰਾਜ ਦੀ ਕਰਤੱਵ ਸੰਬੰਧੀ ਵਰਤਮਾਨ ਧਾਰਨਾ 'ਚ ਹੋਰ ਕਿਤੇ ਵੀ ਇੰਨਾ ਪ੍ਰਤੱਖ ਅਤੇ ਮੌਲਿਕ ਬਦਲਾਅ ਨਹੀਂ ਹੋਇਆ ਜਿੰਨਾਂ ਯੂਨਾਈਟਿਡ ਸਟੇਟਸ 'ਚ ਹੋਇਆ। ਸੰਕਟ ਤੋਂ ਪਹਿਲਾਂ ਯੂਨਾਈਟਿਡ ਸਟੇਟਸ 'ਚ ਲਾਸਾ ਫੇਅਰ (laissez faire) ਅਰਥਾਤ ਨਿਰਬਾਧ ਨਿੱਜੀ ਉੱਧਮ ਦੇ ਸਿਧਾਂਤਾਂ ਦਾ ਲਗਭਗ ਪੂਰੀ ਤਰ੍ਹਾਂ ਪਾਲਣ ਹੁੰਦਾ ਰਿਹਾ ਸੀ; ਸੀਮਾ ਕਰ-ਸੁਰੱਖਿਆ (tariff protection) ਹੀ ਸਿਰਫ਼ ਇੱਕ ਅਪਵਾਦ ਸੀ। ਉਦਯੋਗ ਅਤੇ ਵਪਾਰ 'ਚ ਰਾਜ ਦੇ ਦਖ਼ਲ ਨੂੰ ਹੁਣ ਵੀ ਜ਼ਿਆਦਾ: ਬੇਲੋੜਾ, ਅਮਰੀਕੀ ਪਰੰਪਰਾ ਦੇ ਵਿਰੁੱਧ, ਇੱਥੋਂ ਤੱਕ ਕਿ ਅਨੈਤਿਕ ਵੀ ਮੰਨਿਆ ਜਾਂਦਾ ਸੀ। ਸੰਕਟ ਨੇ ਇਸ ਦ੍ਰਿਸ਼ਟੀਕੋਣ ਦੇ ਵਹਿਮ ਨੂੰ ਉਸ ਦੇ ਸੱਚੇ ਰੂਪ 'ਚ ਪ੍ਰਗਟ ਕਰ ਦਿੱਤਾ। ਜਦੋਂ ਉਦਯੋਗ ਅਤੇ ਵਿੱਤੀ ਵਿਵਸਥਾ ਦਾ ਸਾਰਾ ਢਾਂਚਾ ਹਿੱਲਣ ਲੱਗਿਆ ਅਤੇ ਅਮਰੀਕੀ ਜਨਸੰਖਿਆ ਦਾ ਦਸਵਾਂ ਹਿੱਸਾ ਬੇਕਾਰ ਹੋ ਗਿਆ, ਉਦੋਂ ਪੂੰਜੀ ਅਤੇ ਮਜ਼ਦੂਰ (capital and labour) ਦੋਵੇਂ ਹੀ ਸੁਰੱਖਿਆ ਲਈ ਰਾਜ ਦਾ ਮੂੰਹ ਵੇਖਣ ਲੱਗੇ। ਰਾਸ਼ਟਰਪਤੀ ਰੂਜਵੇਲਟ ਦਾ ਪ੍ਰਸ਼ਾਸਨ-ਕਾਲ ਨਵੇਂ ਆਧਾਰ 'ਤੇ ਅਮਰੀਕੀ ਆਰਥਿਕ ਜੀਵਨ ਦੇ ਮੁੜ ਨਿਰਮਾਣ ਲਈ ਕੀਤੇ ਗਏ ਯਤਨਾਂ ਦੀ ਇੱਕ ਲੰਬੀ ਕਹਾਣੀ ਹੈ। ਸਥਿਤੀ 'ਚ ਜਦੋਂ ਮੁੜ ਸੁਧਾਰ ਹੋਣ ਲੱਗਾ, ਉਦੋਂ ਪ੍ਰਤੀਕਿਰਿਆਵਾਦੀ ਸ਼ਕਤੀਆਂ ਨੇ ਅਮਰੀਕੀ ਮੁੜਵਿਵਸਥਾ ਦੇ ਵਿਰੁੱਧ, ਜੋ 'ਨਵੀਂ ਨੀਤੀ' (New Deal) ਦੇ ਨਾਮ ਨਾਲ ਪ੍ਰਸਿੱਧ ਹੋ ਗਈ ਸੀ, ਸਿਰ ਚੁੱਕਣ ਦਾ ਯਤਨ ਕੀਤਾ। ਅਮਰੀਕੀ ਸੰਵਿਧਾਨ ਦੁਆਰਾ ਅਮਰੀਕੀ ਕਾਂਗਰਸ ਨੂੰ "ਵਿਦੇਸ਼ਾਂ ਤੋਂ ਅਤੇ ਵੱਖ-ਵੱਖ ਰਾਜਾਂ ਦਰਮਿਆਨ ਵਪਾਰ ਰੈਗੂਲੇਸ਼ਨ ਕਰਨ" ਦੀ ਸ਼ਕਤੀ ਦਿੱਤੀ ਗਈ ਹੈ। ਵਿਆਖਿਆ 'ਚ ਕੁਝ ਖਿੱਚੋਤਾਣ ਕਰਕੇ ਹੀ ਮੁੱਲ-ਕੰਟਰੋਲ ਅਤੇ ਮਜ਼ਦੂਰੀ ਦੇ ਹਾਲਾਤਾਂ ਦਾ ਨਿਰਧਾਰਨ (fixing of labour conditions) ਵਰਗੇ ਵਿਸ਼ੇ ਇਸ ਵਿਵਸਥਾ ਦੇ ਅੰਤਰਗਤ ਲਿਆਂਦੇ ਗਏ ਸਨ। ਉਦਯੋਗ ਅਤੇ ਖੇਤੀਬਾੜੀ ਨੂੰ ਕੰਟਰੋਲ ਕਰਨ ਅਤੇ ਮਜ਼ਦੂਰਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਸਬੰਧੀ ਸਰਕਾਰ ਦੇ ਹੋਰ ਜ਼ਿਆਦਾ ਕ੍ਰਾਂਤੀਕਾਰੀ ਕਦਮਾਂ ਨੂੰ ਸੁਪਰੀਮ ਕੋਰਟ (Supreme Court) ਨੇ ਅਸੰਵਿਧਾਨਿਕ ਐਲਾਨ ਦਿੱਤਾ ਸੀ ਅਤੇ ਇਸ ਕਾਰਨ ਉਨ੍ਹਾਂ ਨੂੰ ਵਾਪਸ ਲੈਣਾ ਪਿਆ ਸੀ। ਪਰੰਤੂ ਨਵੰਬਰ 1936 'ਚ ਜਿਸ ਬਹੁਤ ਜ਼ਿਆਦਾ ਬਹੁਮਤ ਨਾਲ ਰਾਸ਼ਟਰਪਤੀ ਰੂਜਵੇਲਟ ਦੀ ਚੋਣ ਹੋਈ, ਉਸ ਤੋਂ ਸਪੱਸ਼ਟ ਸੀ ਕਿ ਰਾਜ ਦੁਆਰਾ ਰੈਗੂਲੇਸ਼ਨ (state regulation) ਦੇ ਨਵੇਂ ਸਿਧਾਂਤ ਨੂੰ ਅਮਰੀਕੀ ਜਨਤਾ ਨੇ ਕਿਸ ਤਰ੍ਹਾਂ ਖ਼ੁਸ਼ੀ ਨਾਲ ਸਵੀਕਾਰ ਕਰ ਲਿਆ ਹੈ।

1933 ਤੋਂ ਬਾਅਦ ਸਾਲਾਂ 'ਚ ਇਸ ਸ਼ਾਂਤੀਪੂਰਨ ਗ੍ਰਹਿ ਕ੍ਰਾਂਤੀ (peaceful domestic revolution) 'ਚ ਹੀ ਅਮਰੀਕੀ ਸਰਕਾਰ ਦੀ ਸ਼ਕਤੀ ਲੱਗੀ ਰਹੀ ਅਤੇ ਵਿਦੇਸ਼ੀ ਮਾਮਲਿਆਂ ਦਾ ਸਥਾਨ ਘੱਟ ਹੋ ਗਿਆ। ਜਾਪਾਨ ਦੀ ਮੰਚੂਰੀਆ-ਸਬੰਧੀ ਕਾਰਵਾਈ ਦਾ ਪਹਿਲਾ ਪ੍ਰਭਾਵ ਅਮਰੀਕਾ ਦੇ ਰਾਸ਼ਟਰ-ਸੰਘ ਦੇ ਨਾਂਲ ਸਹਿਯੋਗ ਕਰਨ ਲਈ ਪ੍ਰੇਰਿਤ ਕਰਨਾ ਹੋਇਆ ਸੀ। 1932 ਦੇ ਗਰਮ ਰੁੱਤ ਕਾਲ 'ਚ ਰਿਪਬਲਿਕਨ (Republican) ਅਤੇ ਡੈਮੋਕ੍ਰੇਟਿਕ (Democratic) ਦੋਵਾਂ ਹੀ ਪਾਰਟੀਆਂ ਨੇ ਪੈਰਿਸ-ਸਮਝੌਤੇ (Pact ofParis) ਦੇ ਭੰਗ ਹੋਣ ਦੀ ਸਥਿਤੀ 'ਚ ਅਤੇ ਉਸ ਦੇ ਭੰਗ ਕੀਤੇ ਜਾਣ ਦੀ ਸੰਭਾਵਨਾ ਹੋਣ 'ਤੇ ਅਮਰੀਕੀ ਸਰਕਾਰ ਅਤੇ ਹੋਰ ਸਰਕਾਰਾਂ ਦੇ ਆਪਸੀ ਵਿਚਾਰਾਂ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਮਈ 1933 'ਚ ਹਥਿਆਰਬੰਦੀ-ਸੰਮੇਲਨ 'ਚ ਅਮਰੀਕੀ ਪ੍ਰਤੀਨਿਧੀ ਨੇ ਇਹ ਐਲਾਨ ਕੀਤਾ ਕਿ ਜੇਕਰ ਕੋਈ ਹਥਿਆਰਬੰਦੀ-ਸਮਝੌਤਾ ਕੀਤਾ ਗਿਆ ਤਾਂ ਅਮਰੀਕੀ ਸਰਕਾਰ ਭਵਿੱਖ 'ਚ ਸੰਕਟ ਦੇ ਸਮੇਂ ਹੋਰ ਸਰਕਾਰਾਂ ਨਾਲ ਵਿਚਾਰ ਕਰਨ ਲਈ ਸਹਿਮਤ ਹੋਵੇਗੀ ਅਤੇ ਉਹ ਜੋ ਕਾਰਵਾਈ ਕਰਨਾ ਚਾਹੁੰਣਗੀਆਂ, ਉਸ ਵਿੱਚ ਅਮਰੀਕੀ ਸਰਕਾਰ ਰੁਕਾਵਟ ਨਹੀਂ ਪਾਵੇਗੀ। ਪਰੰਤੂ ਜਦੋਂ ਸੰਮੇਲਨ ਅਸਫ਼ਲ ਹੋ ਗਿਆ ਅਤੇ ਯੂਰਪ ਅਤੇ ਪ੍ਰਸ਼ਾਂਤ ਸਾਗਰ 'ਚ ਸਥਿਤੀ ਜ਼ਿਆਦਾ ਭਿਆਨਕ ਹੋ ਗਈ ਤਾਂ ਅਮਰੀਕੀ ਲੋਕਮਤ ਤੇਜ਼ੀ ਨਾਲ ਵੱਖਰਾਕਰਨ (isolation) ਦੀ ਨੀਤੀ ਵੱਲ ਆ ਗਿਆ। ਦਸੰਬਰ, 1935 'ਚ ਲੰਦਨ 'ਚ ਇੱਕ ਜਲ ਸੈਨਿਕ

ਨੋਟ

ਸੰਮੇਲਨ ਇਹ ਵਿਚਾਰ ਕਰਨ ਲਈ ਹੋਇਆ ਕਿ ਸਾਲ ਦੇ ਅੰਤ 'ਚ ਲੰਦਨ ਜਲ ਸੈਨਿਕ ਸੰਧੀ ਸਮਾਪਤ ਹੋ ਜਾਣ 'ਤੇ ਕੀ ਸਥਿਤੀ ਹੋਵੇਗੀ। 1934 ਦੇ ਅੰਤ 'ਚ ਜਾਪਾਨ ਨੇ 1921 'ਚ ਕੀਤ ਗਈ ਵਾਸ਼ਿੰਗਟਨ ਪੰਚ-ਰਾਸ਼ਟਰ-ਸੰਧੀ ਨੂੰ ਸਮਾਪਤ ਕਰਨ ਲਈ ਵਿਹਿਤ ਦੋ ਸਾਲ ਦੀ ਸੂਚਨਾ ਦੇ ਦਿੱਤੀ ਸੀ। ਜਾਪਾਨ ਨੂੰ ਹਮੇਸ਼ਾ ਲਈ ਵਾਸ਼ਿੰਗਟਨ-ਅਨੁਪਾਤ ਜਾਂ ਅਜਿਹਾ ਹੋਰ ਕੋਈ ਅਨੁਪਾਤ ਸਵੀਕਾਰ ਕਰ ਲੈਣ ਲਈ ਰਾਜੀ ਕਰ ਲੈਣਾ ਅਸੰਭਵ ਪ੍ਰਤੀਤ ਹੋਇਆ ਸੀ ਜੋ ਉਸ ਦੇ ਸਮੁੰਦਰੀ ਬੇੜੇ ਦਾ ਅੜਿੱਕਾ ਬ੍ਰਿਟਿਸ਼ ਅਤੇ ਅਮਰੀਕੀ ਬੇੜੇ ਤੋਂ ਹੇਠਲੇ ਪੱਧਰ 'ਤੇ ਨਿਸ਼ਚਿਤ ਕਰਦਾ ਹੋਵੇ। ਲੰਦਨ-ਸੰਮੇਲਨ ਦਾ ਇੱਕੋ-ਇੱਕ ਨਤੀਜਾ ਗ੍ਰੇਟ ਬ੍ਰਿਟੇਨ, ਅਮਰੀਕਾ ਅਤੇ ਫਰਾਂਸ ਦਾ ਇਹ ਸਮਝੌਤਾ ਸੀ, ਜਿਸ ਦੇ ਅਨੁਸਾਰ ਇਨ੍ਹਾਂ ਦੇਸ਼ਾਂ ਨੇ, ਜੋ ਜਹਾਜ਼ ਬਣਾਏ ਗਏ ਹੋਣ ਜਾਂ ਪ੍ਰਾਪਤ ਕੀਤੇ ਹੋਣ, ਉਨ੍ਹਾਂ ਦੇ ਬਾਰੇ 'ਚ ਅਗਾਊ ਸੂਚਨਾ ਦੇਣ ਅਤੇ ਵੱਖ-ਵੱਖ ਤਰ੍ਹਾਂ ਦੇ ਜੰਗੀ ਬੇੜਿਆਂ ਦਾ ਜ਼ਿਆਦਾਤਰ ਟਨ-ਭਾਰ (maximum tonnage) ਲਿਮਟਿਡ ਕਰਨ ਦਾ ਵਚਨ ਦਿੱਤਾ; ਹੋਰ ਸਾਰੀਆਂ ਗੱਲਾਂ 'ਚ 1936 ਦੇ ਅੰਤ 'ਚ ਸਾਰੇ ਪੱਖਾਂ ਨੂੰ ਮੁੜ ਅਜ਼ਾਦੀ ਮਿਲ ਗਈ।

ਅੰਤਰਰਾਸ਼ਟਰੀ ਮਾਮਲਿਆਂ 'ਚ 1935 ਦੇ ਸ਼ੁਰੂ ਤੋਂ ਹੀ ਅਮਰੀਕੀ ਸਰਕਾਰ ਦਾ ਮੁੱਖ ਉਦੇਸ਼ ਯੁੱਧ 'ਚ ਘਸੀਟੇ ਜਾਣ ਨੂੰ ਕਿਸੇ ਵੀ ਸੰਭਾਵਨਾ ਤੋਂ ਬਚਦੇ ਰਹਿਣਾ ਸੀ। ਦਸ ਸਾਲ, ਆਪਣੇ ਫਰਜਾਂ ਨੂੰ ਘੱਟ ਕਰਨ ਦੀ ਨੀਤੀ ਦਾ ਅਨੁਸਰਨ ਕਰਦੇ ਹੋਏ, ਉਸ ਨੇ ਫਿਲੀਪਾਇਨਸ (Philppines) ਤੋਂ, ਜੋ ਪੱਛਮੀ ਪ੍ਰਸ਼ਾਂਤ ਸਾਗਰ 'ਚ ਇੱਕੋ ਇੱਕ ਅਮਰੀਕੀ ਅੱਡਾ ਸੀ, ਹਟ ਜਾਣ ਅਤੇ ਇਨ੍ਹਾਂ ਦੀਪਾਂ ਨੂੰ ਦਸ ਸਾਲ ਦੀ ਅਜਮਾਇਸ ਦੇ ਸਮੇਂ ਤੋਂ ਬਾਅਦ ਪੂਰਨ ਸੁਤੰਤਰਤਾ ਦੇਣ ਦਾ ਨਿਸ਼ਚਾ ਕੀਤਾ। 1935 ਦੇ ਗਰਮ ਰੁੱਤ ਕਾਲ 'ਚ ਨਿਰਪੱਖਤਾ ਐਕਟ (Neutrality Act) ਦਾ ਪਾਸ ਹੋਣਾ ਵੀ ਇਸ ਨਿਸ਼ਚੇ ਦੇ ਬਰਾਬਰ ਹੀ ਮਹੱਤਵਪੂਰਨ ਸੀ। ਇਯ ਐਕਟ ਦੇ ਅਨੁਸਾਰ ਯੁੱਧ ਭੜਕ ਉੱਠਨ ਦੀ ਸਥਿਤੀ 'ਚ ਅਮਰੀਕੀ ਰਾਸ਼ਟਰਪਤੀ ਨੂੰ ਦੋਵੇਂ ਹੀ ਲੜਾਕੂ ਪੱਖਾਂ ਦੀ ਯੁੱਧ-ਸਮੱਗਰੀ ਅਤੇ ਮੂਲ ਉਤਪਾਦਨ (key products) ਦੇ ਨਿਰਯਾਤ 'ਤੇ ਰੋਕ ਲਾਉਣ ਦਾ ਅਧਿਕਾਰ ਮਿਲ ਗਿਆ ਸੀ। ਅਮਰੀਕੀ ਰਾਸ਼ਟਰਪਤੀ ਨੇ ਇਸ ਅਧਿਕਾਰ ਦਾ ਉਪਯੋਗ ਇਟਲੀ-ਅਬੀਸੀਨੀਆ ਯੁੱਧ 'ਚ ਕੀਤਾ ਵੀ ਸੀ। ਫਰਵਰੀ 1936 'ਚ ਇਸ ਐਕਟ 'ਚ ਕੀਤੀ ਗਈ ਇੱਕ ਸੋਧ ਅਨੁਸਾਰ ਇਹ ਰੋਕ ਭਾਵੀ ਯੁੱਧ 'ਚ ਨਾ ਸਿਰਫ਼ ਇਛੁੱਕ ਪਰ ਜ਼ਰੂਰੀ ਹੋ ਗਈ। ਸੋਧ 'ਚ ਲੜਾਕੂ ਪੱਖਾਂ ਨੂੰ ਕਰਜਾ ਦਿੱਤੇ ਜਾਣ 'ਤੇ ਵੀ ਰੋਕ ਲਾ ਦਿੱਤੀ ਗਈ, ਪਰੰਤੂ ਮਹੱਤਵ ਦੀ ਗੱਲ ਇਹ ਸੀ ਕਿ ਇਸ ਐਕਟ ਨਾਲ ਅਮਰੀਕੀ ਗਣਤੰਤਰਾਂ (republics) ਨੂੰ ਮੁਕਤ ਰੱਖਿਆ ਗਿਆ ਸੀ।

ਯੂਨਾਈਟਿਡ ਸਟੇਟਸ ਦੀ ਯੂਰਪ ਅਤੇ ਸੁਦੂਰ-ਪੂਰਬ ਦੇ ਬਖੇੜਿਆਂ ਤੋਂ ਆਪਣੇ ਆਪ ਨੂੰ ਵੱਖਰਾ ਕਰਨ ਦੀ ਇਸ ਕੋਸ਼ਿਸ਼ ਦੇ ਨਾਲ ਹੀ ਹੋਰ ਅਮਰੀਕੀ ਦੇਸ਼ਾਂ ਦੇ ਜ਼ਿਆਦਾ ਨੇੜੇ ਆਉਣ ਦੀ ਇੱਛਾ ਵੀ ਉਨੀ ਹੀ ਜ਼ਿਆਦਾ ਸੀ। ਮੱਧ ਅਤੇ ਦੱਖਣੀ ਅਮਰੀਕਾ ਦੇ ਦੇਸ਼ਾਂ 'ਚ ਯੂਨਾਈਟਿਡ ਸਟੇਟਸ ਦੇ ਪ੍ਰਤੀ ਪਰੰਪਰਾਗਤ ਅਵਿਸ਼ਵਾਸ ਕਈ ਸਾਲਾਂ ਤੋਂ ਚੱਲਿਆ ਆ ਰਿਹਾ ਸੀ। ਮੁਨਰੋ-ਸਿਧਾਂਤ ਦਾ ਇਹ ਵਿਆਪਕ ਅਰਥ ਲਾਇਆ ਗਿਆ ਸੀ ਕਿ ਵਿਵਸਥਾ ਬਣਾਈ ਰੱਖਣ ਅਤੇ ਵਿਦੇਸ਼ੀ ਜਾਨ-ਮਾਲ ਦੀ ਰੱਖਿਆ ਕਰਨ ਲਈ ਲੋੜ ਪੈਣ 'ਤੇ ਮੱਧ ਅਤੇ ਦੱਖਣੀ ਅਮਰੀਕੀ ਮਾਮਲਿਆਂ 'ਚ ਦਖ਼ਲ ਦੇਣਾ ਯੂਨਾਈਟਿਡ ਸਟੇਟਸ ਦਾ ਅਧਿਕਾਰ ਅਤੇ ਕਰਤਵ ਹੈ। ਇਸ ਤਰ੍ਹਾਂ 1903 'ਚ ਕਿਊਬਾ (Cuba) ਅਤੇ ਯੂਨਾਈਟਿਡ ਸਟੇਟਸ ਦਰਮਿਆਨ ਕੀਤੀ ਗਈ ਸੰਧੀ ਦੁਆਰਾ ਯੂਨਾਈਟਿਡ ਸਟੇਟਸ ਨੂੰ ਇਨ੍ਹਾਂ ਪ੍ਰਾਯੋਜਨਾਂ ਲਈ ਦਖ਼ਲ ਦੇਣ ਦਾ ਸਪੱਸ਼ਟ ਅਧਿਕਾਰ ਦਿੱਤਾ ਅਿਗਾ ਸੀ। ਯੂਨਾਈਟਿਡ ਸਟੇਟਸ ਦੇ ਜਲਸੈਨਿਕ ਨਿਕਾਰਾਗੁਆ (Nicaragua) 'ਚ ਕੁਝ ਥੋੜ੍ਹੇ ਸਮੇਂ ਨੂੰ ਛੱਡ ਕੇ 1912 ਤੋਂ ਹੀ ਅਤੇ ਹੈਟੀ (Haiti) 'ਚ 1915 ਤੋਂ ਹੀ ਰਹੇ ਸਨ, ਅਤੇ ਹੋਰ ਦੇਸ਼ਾਂ 'ਚ ਵੀ ਕੁਝ ਘੱਟ ਸਥਾਈ ਦਖ਼ਲ ਦਿੱਤਾ ਗਿਆ ਸੀ। ਸਮੇਂ-ਸਮੇਂ 'ਤੇ ਹੋਣ ਵਾਲੀਆਂ ਅਖਿਲ ਅਮਰੀਕੀ ਮਹਾਂਸਭਾਵਾਂ (Pan-American Congresses) ਤੋਂ, ਜਿਨ੍ਹਾਂ ਚੋਂ ਪਹਿਲੀ 1889 'ਚ ਹੋਈ ਸੀ, ਉਹ ਮਾੜੀ ਭਾਵਨਾ ਦੂਰ ਨਹੀਂ ਹੋ ਸਕੀ ਸੀ ਜੋ ਉਸ ਨੀਤੀ ਦੇ ਨਤੀਜੇ ਵਜੋਂ ਹੋਈ ਸੀ ਜਿਸ ਦਾ ਸ਼ਕਤੀ-ਪ੍ਰਦਰਸ਼ਨ (Big Stick) ਅਤੇ 'ਡਾਲਰ ਸਾਮਰਾਜਵਾਦ' (DollarImperialism) ਦੇ ਨਾਮ ਨਾਲ ਆਮ ਵਰਣਨ ਕੀਤਾ ਜਾਂਦਾ ਸੀ।

1930 ਦੇ ਲਗਭਗ ਕਿਸੇ ਸੀਮਾ ਤੱਕ ਆਰਥਿਕ ਸੰਕਟ ਦੇ ਕਾਰਨ, ਅਮਰੀਕੀ ਲੋਕਮਤ ਮੱਧ ਅਤੇ ਦੱਖਣੀ ਅਮਰੀਕਾ 'ਚ ਦਖ਼ਲ ਦੇਣ ਦੀ ਨੀਤੀ ਤੋਂ ਹਟਣ ਲੱਗਿਆ। 1933 ਦੇ ਸ਼ੁਰੂ 'ਚ ਨਿਕਾਰਾਗੁਆ ਤੋਂ ਯੂਨਾਈਟਿਡ ਸਟੇਟਸ ਦੇ ਜਲ ਸੈਨਿਕ ਹਟਾ ਲਏ ਗਏ ਅਤੇ ਇਸੇ ਸਾਲ ਦੇ ਮਾਰਚ 'ਚ ਜਦੋਂ ਰਾਸ਼ਟਰਪਤੀ ਰੂਜਵੇਲਟ ਨੇ ਆਪਣੇ ਉਦਘਾਟਨ ਭਾਸ਼ਣ 'ਚ ਕਿਹਾ ਕਿ, "ਇਹ ਰਾਸ਼ਟਰ ਚੰਗੇ ਗੁਆਂਢੀ (Good Neighbour) ਦੀ ਨੀਤੀ 'ਤੇ ਚੱਲੇਗਾ", ਉਦੋਂ ਇਨ੍ਹਾਂ ਸ਼ਬਦਾਂ ਦਾ ਇਹ ਅਰਥ ਲਾਇਆ ਗਿਆ ਕਿ ਯੂਨਾਈਟਿਡ ਸਟੇਟਸ ਦਾ ਪਰੰਪਰਾਗਤ ਰੁਖ ਨਿਸ਼ਚਿਤ ਤੌਰ 'ਤੇ ਬਦਲ ਚੁੱਕਿਆ ਹੈ। ਇਸੇ ਸਾਲ 'ਚ ਅਰਜੇਨਟਾਈਨਾ ਗਣਤੰਤਰ ਨੇ ਇੱਕ ਨਵੇਂ ਸਮਝੌਤੇ ਦੀ ਚਰਚਾ ਚਲਾਈ ਜਿਸ ਦੇ ਅਨੁਸਾਰ ਹਮਲਾਵਰ ਯੁੱਧ ਦਾ ਤਿਆਗ ਅਤੇ ਸ਼ਕਤੀ ਦੇ ਪ੍ਰਯੋਗ ਤੋਂ ਪੈਦਾ ਹਾਲਾਤਾਂ ਨੂੰ ਅਸਵੀਕਾਰ ਕਰਨ ਦੀ ਵਿਵਸਥਾ ਕੀਤੀ ਜਾਣੀ ਸੀ। ਯੂਨਾਈਟਿਡ ਸਟੇਟਸ ਨੇ ਇਸ ਦਾ ਸਵਾਗਤ ਕੀਤਾ ਅਤੇ ਕਈ ਅਮਰੀਕੀ ਅਤੇ ਕੁਝ ਯੂਰਪੀ ਰਾਜਾਂ ਨੇ ਉਸ 'ਤੇ ਦਸਤਖ਼ਤ ਕੀਤੇ। 1933 ਦੇ ਅੰਤ 'ਚ ਮੋਂਟੀਵੀਡੀਓ (Montevideo) 'ਚ ਹੋਈ ਸੱਤਵੀਂ ਅਖਿਲ-ਅਮਰੀਕੀ ਮਹਾਂਸਭਾ (The Seventh Pan-American Congress) 'ਚ ਯੂਨਾਈਟਿਡ ਸਟੇਟਸ ਦੇ ਸੈਕਰੇਟਰੀ ਆਵ ਸਟੇਟ ਨੇ ਇੱਕ ਹਮਦਰਦੀ ਭਰਿਆ ਐਲਾਨ ਕੀਤਾ। ਅਗਲੇ ਸਾਲ ਯੂਨਾਈਟਿਡ ਸਟੇਟਸ ਦੇ ਜਹਾਜ਼ ਹੇਟੀ ਤੋਂ ਅੰਤਿਮ ਤੌਰ 'ਤੇ ਹਟ ਗਏ ਅਤੇ 1903 'ਚ ਕਿਊਬਾ ਨਾਲ ਕੀਤੀ ਗਈ ਸੰਧੀ ਵੀ ਰੱਦ ਕਰ ਦਿੱਤੀ ਗਈ। ਦਸੰਬਰ 1936 'ਚ, ਆਪਣੀ ਦੁਬਾਰਾ ਚੋਣ ਤੋਂ ਤੁਰੰਤ ਬਾਅਦ ਹੀ ਰਾਸ਼ਟਰਪਤੀ ਰੂਜਵੇਲਟ ਨੇ ਬਿਊਨੋਸ ਏਯਰਸ (Buenos Aires) 'ਚ ਹੋਈ ਅੱਠਵੀਂ ਅਖਿਲ-ਅਮਰੀਕੀ ਮਹਾਂਸਭਾ 'ਚ ਖੁਦ ਮੌਜੂਦ ਹੋ ਕੇ ਲੇਟਿਨ ਅਮਰੀਕਾ ਨੂੰ ਸਨਮਾਨਿਤ ਕੀਤਾ। ਇਸ ਮਹਾਂਸਭਾ 'ਚ ਇੱਕ ਸੰਧੀ ਸਵੀਕਾਰ ਕੀਤੀ ਗਈ ਜਿਸ ਦੇ ਅਨੁਸਾਰ ਇਹ ਵਿਵਸਥਾ ਕੀਤੀ ਗਈ ਕਿ ਜੇਕਰ ਕਿਸੇ ਵੀ ਅਮਰੀਕੀ ਗਣਤੰਤਰ ਦੀ ਸ਼ਾਂਤੀ ਨੂੰ ਕੋਈ ਖ਼ਤਰਾ ਪੈਦਾ ਹੋਇਆ ਤਾਂ ਦਸਤਖਤਕਰਤਾ "ਸ਼ਾਂਤੀਪੂਰਨ ਸਹਿਯੋਗ ਨਾਲ ਕਦਮ ਚੁੱਕਣ 'ਤੇ ਆਪਸੀ ਵਿਟਾਂਦਰਾ ਕਰਨਗੇ।" 1930 ਤੋਂ ਬਾਅਦ ਦਹਾਕੇ 'ਚ ਹੋਏ ਉਨ੍ਹਾਂ ਦੋ ਯੁੱਧਾਂ ਦੇ ਬਾਵਜੂਦ ਜਿਨ੍ਹਾਂ ਨੇ ਦੱਖਣ ਅਮਰੀਕਾ ਨੂੰ ਖ਼ਤਮ ਕਰ ਦਿੱਤਾ, ਅਮਰੀਕੀ ਮਹਾਂਦੀਪਾਂ 'ਚ ਅੰਤਰਰਾਸ਼ਟਰੀ ਸਬੰਧ ਇੰਨੇ ਸੱਚੇ ਰੂਪ 'ਚ ਮਿੱਤਰਤਾਪੂਰਨ ਕਦੇ ਨਹੀਂ ਰਹੇ ਸਨ, ਜਿੰਨੇ ਉਹ ਇਸ ਸਮੇਂ ਹੋ ਗਏ ਸਨ।

ਇਸੇ ਦਰਮਿਆਨ ਅਮਰੀਕੀ ਗਣਤੰਤਰਾਂ 'ਚ ਜ਼ਿਆਦਾ ਮੇਲ ਕਰਵਾਉਣ ਅਤੇ ਉਨ੍ਹਾਂ ਨੂੰ ਹੋਰ ਰਾਸ਼ਟਰਾਂ ਦੇ ਯੁੱਧ 'ਚ ਫਸਣ ਤੋਂ ਬਚਾਉਣ ਦੀ ਦੋਹਰੀ ਪ੍ਰਵਿਰਤੀ ਯੂਨਾਈਟਿਡ ਸਟੇਟਸ ਦੀ ਅਗਵਾਈ 'ਚ ਜਾਰੀ ਰਹੀ, ਜਿੱਥੇ ਨਿਰਪੱਖਤਾ (neutrality) ਬਣਾਈ ਰੱਖਦ ਦੇ

ਉਦੇਸ਼ ਦੀ ਪੂਰਤੀ ਲਈ ਹੋਰ ਵੀ ਕਾਨੂੰਨ ਬਣ ਚੁੱਕੇ ਸਨ। 1935 ਦੇ ਐਕਟ ਦੀ ਸ਼ਰਤ (provisions) ਅਤੇ ਉਨ੍ਹਾਂ ਤੋਂ ਬਾਅਦ ਦੀ ਸੋਧ ਸਿਰਫ਼ ਦੋ ਸਾਲਾਂ ਲਈ ਹੀ ਸਵੀਕਾਰ ਕੀਤੀ ਗਈ ਸੀ। 1937 'ਚ ਇੱਕ ਨਵਾਂ ਨਿਰਪੱਖਤਾ ਨਿਯਮ ਮਨਜ਼ੂਰ ਹੋਇਆ। ਉਸ ਨੇ ਹਥਿਆਰਾਂ ਦੇ ਨਿਰਯਾਤ ਅਤੇ ਕਰਜਿਆਂ 'ਤੇ ਮੁੜ ਰੋਕ ਲਾ ਦਿੱਤੀ। ਰਾਸ਼ਟਰਪਤੀ ਨੂੰ "ਯੂਨਾਈਟਿਡ ਸਟੇਟਸ ਦੀ ਸੀਮਾ 'ਤੇ ਸਥਿਤ ਦੇਸ਼ਾਂ" ਅਰਥਾਤ ਕੈਨੇਡਾ ਨੂੰ ਮਾਲ ਦੀ ਢੁਆਈ ਕਰਨ ਦੀ ਮਨਜ਼ੂਰੀ ਦੇਣ ਦਾ ਅਧਿਕਾਰ ਦੇ ਦਿੱਤਾ ਗਿਆ ਕਿਉਂਕਿ ਮਾਰਗ 'ਚ ਕਿਸੇ ਰੁਕਾਵਟ ਤੋਂ ਸੰਘਰਸ਼ ਦਾ ਕੋਈ ਕਾਰਨ ਮੌਜੂਦ ਨਹੀਂ ਹੋ ਸਕਦਾ ਸੀ।

ਜੋ ਵੀ ਹੋਵੇ, ਯੂਰਪ 'ਚ ਰਾਜਨੀਤਿਕ ਫਰਜਾਂ ਤੋਂ ਬਚਣ ਦੇ ਸੰਕਲਪ ਦਾ ਪੂਰਾ ਵਖਰੇਵਾਂ (complete isolation) ਨਹੀਂ ਸੀ। ਹੋਰ ਮਹਾਂਦੀਪਾਂ ਦੇ ਬਰਾਬਰ ਯੂਰਪ ਤੋਂ ਆਰਥਿਕ ਸਹਿਯੋਗ ਦੀ ਨੀਤੀ 'ਤੇ ਚੱਲਣ ਲਈ ਅਮਰੀਕੀ ਲੋਕਮਤ ਲਗਭਗ ਨਿਰਵਿਰੋਧ ਤੌਰ 'ਤੇ ਪੱਖ 'ਚ ਸੀ। 1934 'ਚ ਪਹਿਲੀ ਵਾਰ ਸਵੀਕ੍ਰਿਤ ਅਤੇ 1937 'ਚ ਤਿੰਨ ਹੋਰ ਸਾਲ ਦੇ ਦੁਹਰਾਏ ਹੋਏ (renewed) ਆਪਸੀ ਵਪਾਰ ਸਮਝੌਤਾ ਐਕਟ (Reciprocal Trade Agreement Act) ਦਾ ਪੂਰਾ-ਪੂਰਾ ਲਾਭ ਮੰਤਰੀ ਕਾਰਡੇਲ ਹਲ (Secretary Cordell Hull) ਨੇ ਸਭ ਤੋਂ ਜ਼ਿਆਦਾ ਪਸੰਦੀਦਾ ਦੇਸ਼ (most favoured nation) ਦੇ ਆਧਾਰ 'ਤੇ ਬਾਈਸ ਰਾਸ਼ਟਰਾਂ ਨਾਲ, ਜਿਨ੍ਹਾਂ ਤੋਂ ਅਮਰੀਕਾ ਦਾ ਜ਼ਿਆਦਾ ਵਿਦੇਸ਼-ਵਪਾਰ ਹੁੰਦਾ ਸੀ, ਵਪਾਰਿਕ ਸਮਝੌਤੇ ਕਰਨ 'ਚ ਉਠਾਇਆ ਜਿਸ ਵਿੱਚ ਆਪਸੀ ਆਧਾਰ 'ਤੇ ਸਰਹੱਦੀ ਟੈਕਸ 'ਚ ਕਮੀ ਅਤੇ ਵਪਾਰ 'ਤੇ ਲਗਾਏ ਗਏ ਹੋਰ ਬੰਧਨਾਂ ਨੂੰ ਸੀਮਤ ਕਰਨਾ ਸ਼ਾਮਲ ਸੀ। ਉਸ ਦਾ ਇਹ ਵਿਸ਼ਵਾਸ ਸੀ ਕਿ ਰਾਜਨੀਤਿਕ ਸੰਕਟ ਪੈਦਾ ਕਰਨ 'ਚ, ਜਿਸ ਦੇ ਅੰਤ ਯੁੱਧ ਦੀ ਨੌਬਤ ਆਈ, ਆਰਥਿਕ ਰਾਸ਼ਟਰੀਅਤਾ (economic nationalism) ਇੱਕ ਵੱਡਾ ਕਾਰਨ ਸੀ ਅਤੇ ਜੇਕਰ ਨਿਆਂਥੇ ਸਰਹੱਦੀ ਟੈਕਸ ਸੁਰੱਖਿਆ (tariff protection) ਦੇ ਨਾਲ ਸਪੱਸ਼ਟ ਜਿੱਥੋਂ ਤੱਕ ਸੰਭਵ ਹੋ ਸਕੇ ਮੁਕਤ (freest possible) ਆਧਾਰ 'ਤੇ ਬਹੁਪੱਖੀ ਵਪਾਰ (multilateral trade) ਦੁਬਾਰਾ ਸ਼ੁਰੂ ਕੀਤਾ ਜਾਵੇ ਤਾਂ ਉਹ ਸਿਰਫ਼ ਰਾਜਨੀਤਿਕ ਅਦੇ ਪ੍ਰਾਦੇਸ਼ਿਕ ਪੁਨਰਵਿਨਿਆਸ (rearrangements) ਦੇ ਬਦਲੇ ਤਾਨਾਸ਼ਾਹੀ, ਹਮਲਾ ਅਤੇ ਯੁੱਧਾਂ ਦੀ ਪੁਨਰਾਵ੍ਰਿਤੀ (recurrence) ਰੋਕਣ 'ਚ ਜ਼ਿਆਦਾ ਸਮਰੱਥ ਹੋ ਸਕੇਗਾ।

ਪਰੰਤੂ ਸੁਦੂਰ-ਪੂਰਬ 'ਚ ਯੂਨਾਈਟਿਡ ਸਟੇਟਸ ਨੇ 1934-37 ਦੀ ਘੱਟ ਵਚਨਬੱਧਤਾ (reduced commitment) ਸਬੰਧੀ ਨੀਤੀ ਦੇ ਵਿਰੁੱਧ ਪ੍ਰਤੀਕਿਰਿਆ ਦੇ ਆਸਾਰ ਪ੍ਰਗਟ ਕੀਤੇ। ਅਮਰੀਕੀ ਰਾਸ਼ਟਰਪਤੀ ਨੇ ਜਾਣਬੁੱਝ ਕੇ ਇਹ ਸਵੀਕਾਰ ਕਰਨ ਤੋਂ ਬਚਨ ਦਾ ਯਤਨ ਕੀਤਾ ਕਿ ਚੀਨ 'ਚ ਜਾਪਾਨ ਦੀ ਕਾਰਵਾਈ "ਯੁੱਧ ਦੀ ਸਥਿਤੀ" (state of war) ਹੈ, ਕਿਉਂਕਿ ਅਜਿਹੀ ਮਨਜ਼ੂਰੀ ਤੋਂ ਨਿਰਪੱਖਤਾ ਐਕਟ (Neutrality Act) ਦੀ ਸ਼ਰਤ ਲਾਗੂ ਹੋ ਜਾਂਦੀ ਅਤੇ ਚੀਨ ਨੂੰ ਅਮਰੀਕੀ ਸਹਾਇਤਾ ਬੰਦ ਕਰ ਦੇਣੀ ਪੈਂਦੀ। ਸੰਘਰਸ਼ਸ਼ੀਲ ਚੀਨੀਆਂ ਪ੍ਰਤੀ ਸਪੱਸ਼ਟ ਤੌਰ 'ਤੇ ਪਸੰਦ (preference) ਦਰਸਾਇਆ ਗਿਆ ਅਤੇ ਆਯਾਤ-ਨਿਰਯਾਤ ਬੈਂਕ (Import-Export Bank) ਦੇ ਜਰੀਏ ਉਨ੍ਹਾਂ ਨੂੰ ਕਰਜੇ ਦਿੱਤੇ ਗਏ। ਯੂਨਾਈਟਿਡ ਸਟੇਟਸ ਦੀ ਸਰਕਾਰ ਨੇ ਚੀਨ 'ਚ ਆਪਣੇ ਕਿਸੇ ਵੀ ਪਰੰਪਰਾਗਤ ਅਧਿਕਾਰਾਂ ਨੂੰ ਛੱਡਣ ਤੋਂ ਦ੍ਰਿੜਤਾਪੂਰਵਕ ਇਨਕਾਰ ਕਰ ਦਿੱਤਾ ਅਤੇ ਚੀਨੀ ਸੰਧੀ-ਬੰਦਰਗਾਹਾਂ ਅਤੇ ਸਮੁੰਦਰ (treaty Ports and waters) 'ਚ ਆਪਣੀ ਜਲ ਸੈਨਾ ਅਤੇ ਥਲ ਸੈਨਾ ਦੀ ਪੂਰੀ ਸ਼ਕਤੀ ਕਾਇਮ ਰੱਖੀ। ਜੁਲਾਈ 1939 'ਚ ਉਸ ਨੇ ਜਾਪਾਨ-ਅਮਰੀਕਾ ਵਪਾਰ ਸੰਧੀ ਨੂੰ ਰੱਦ ਕਰਨ ਦੀ ਸੂਚਨਾ ਪ੍ਰਕਾਸ਼ਿਤ ਕੀਤੀ। ਇਹ ਸੰਧੀ ਅੰਤ 'ਚ ਜਨਵਰੀ 1940 'ਚ ਸਮਾਪਤ ਕਰ ਦਿੱਤੀ ਗਈ। ਅਮਰੀਕੀ ਅਤੇ ਜਾਪਾਨ ਦਰਮਿਆਨ ਵਪਾਰਕ ਸਬੰਧ ਦਿਨ-ਬ-ਦਿਨ (day-to-day) ਆਧਾਰ 'ਤੇ ਚਲਦੇ ਰਹੇ ਅਤੇ ਕਾਂਗਰਸ ਅਤੇ ਦੇਸ਼ ਦੇ ਪ੍ਰਭਾਵਸ਼ਾਲੀ ਦਲਾਂ ਦੁਆਰਾ ਆਪਣੀਆਂ ਆਯਾਤਾਂ 'ਤੇ ਰੋਕ ਜਾਂ ਭੇਦਭਾਵ ਪੂਰਨ ਚੁੰਗੀ (discriminatory duties) ਲਾਉਣ ਦੀ ਜ਼ੋਰਦਾਰ ਮੰਗ ਦੀ ਮਨਜ਼ੂਰੀ ਦੇ ਡਰੋਂ ਜਾਪਾਨ ਨੇ ਅਮਰੀਕੀ ਅਧਿਕਾਰਾਂ ਦੀ ਹੋਰ ਜ਼ਿਆਦਾ ਉਲੰਘਣਾ (encroachment) ਨਹੀਂ ਕੀਤੀ। 1946 'ਚ ਫਿਲੀਪਾਇਨ ਨੂੰ ਕਾਨੂੰਨੀ ਤੌਰ 'ਤੇ (legally) ਪੂਰੀ ਸੁਤੰਤਰਤਾ ਦਿੱਤੀ ਜਾਣ ਵਾਲੀ ਸੀ; ਉਸ ਦੇ ਵਿਰੁੱਧ ਵੀ ਫਿਲੀਪਾਇਨ ਦੀਪਾਂ ਅਤੇ ਯੂਨਾਈਟਿਡ ਸਟੇਟਸ 'ਚ ਅੰਦੋਲਨ ਜੋਰ ਫੜ ਰਿਹਾ ਸੀ। ਜਿਸ ਸਮੇਂ ਅਤੇ ਫਿਲੀਪਾਇਨ-ਵਪਾਰ (Philippine trade) ਨੂੰ ਤਰਜੀਹੀ ਸਹੂਲਤਾਂ (preferential advantages) ਦਿੱਤੀਆਂ ਜਾਣੀਆਂ ਸਨ, ਉਸ ਵਿੱਚ ਵਾਧਾ ਕਰ ਦਿੱਤਾ ਗਿਆ ਅਤੇ ਰਾਜਨੀਤਿਕ ਅਤੇ ਸੈਨਿਕ ਸ਼ਾਸਨ ਦੀ ਸਮਾਪਤੀ ਦੀ ਵਿਵਸਥਾ ਕਰਨ ਲਈ ਬਣਾਏ ਗਏ ਐਕਟ (Act) 'ਚ ਸੋਧ ਕਰਨ ਦਾ ਪ੍ਰਸ਼ਨ ਵੀ ਉਠਿਆ ਕਰਦਾ ਸੀ।

ਟਾਸਕ ਈਰਾਨ ਕੋਲ ਪੂਰਬੀ ਗੋਲਾਅਰਥ 'ਚ ਸਭ ਤੋਂ ਜ਼ਿਆਦਾ ਕਿਸਦੇ ਭੰਡਾਰ ਹਨ ?

### ਬ੍ਰਿਟਿਸ਼ ਰਾਸ਼ਟਰਮੰਡਲ (The British Commonwealth of Nations)

ਗ੍ਰੇਟ ਬ੍ਰਿਟੇਨ ਅਤੇ ਸਵੈਸ਼ਾਸੀ ਉਪਨਿਵੇਸ਼ਾਂ (self-governing dominions) ਦੇ ਆਪਸੀ ਸਬੰਧ ਸਹੀ ਅਰਥ 'ਚ ਅੰਤਰਰਾਸ਼ਟਰੀ ਸਬੰਧ ਨਹੀਂ ਕਹੇ ਜਾ ਸਕਦੇ ਅਤੇ ਉਹ ਇਸ ਪੁਸਤਕ ਦੇ ਵਿਸ਼ੇ ਦੇ ਬਾਹਰ ਹਨ। ਪਰੰਤੂ ਉਂਜ ਉਪਨਿਵੇਸ਼ ਰਾਸ਼ਟਰ-ਸੰਘ ਦੇ ਮੈਂਬਰ ਹੈ (ਜਿਵੇਂ ਭਾਰਤ ਵੀ ਹੈ) ਅਤੇ ਉਨ੍ਹਾਂ ਦੀ ਆਪਣੀ ਸੁਤੰਤਰ ਵਿਦੇਸ਼ ਨੀਤੀ ਹੈ, ਇਸ ਲਈ ਉਨ੍ਹਾਂ ਦੀ ਸਥਿਤੀ ਦਾ ਇੱਥੇ ਕੁਝ ਜ਼ਿਕਰ ਕੀਤਾ ਜਾ ਸਕਦਾ ਹੈ।

1919 'ਚ ਵਰਸਾਈ ਦੀ ਸੰਧੀ 'ਤੇ ਜਦੋਂ ਕੈਨੇਡਾ, ਆਸਟਰੇਲੀਆ-ਨਿਊਜ਼ੀਲੈਂਡ, ਦੱਖਣ ਅਫ਼ਰੀਕਾ ਅਤੇ ਭਾਰਤ ਨੇ ਖੁਦ ਆਪਣੀ ਵੱਖਰੀ ਹੈਸੀਅਤ ਨਾਲ ਦਸਤਖ਼ਤ ਕੀਤੇ, ਉਦੋਂ ਉਹ ਪਹਿਲੀ ਵਾਰ ਅੰਤਰਰਾਸ਼ਟਰੀ ਸਮਾਜ ਦੇ ਮੈਂਬਰਾਂ ਦੇ ਰੂਪ 'ਚ ਸਾਹਮਣੇ ਆਏ। ਸੰਧੀ 'ਤੇ ਦਸਤਖ਼ਤ ਕਰਤਾਵਾਂ ਦੀ ਵਰਣਨਮਾਲਾ (alphabetical) ਸੂਚੀ 'ਚ ਉਨ੍ਹਾਂ ਦਾ ਨਾਮ ਨਹੀਂ ਸੀ ਸਗੋਂ ਉਨ੍ਹਾਂ ਨੂੰ "ਬ੍ਰਿਟਿਸ਼ ਸਾਮਰਾਜ" ਸਿਰਲੇਖ ਦੇ ਅੰਤਰਗਤ ਹੀ ਰੱਖਿਆ ਗਿਆ ਸੀ। ਇਹ ਤੱਥ ਇਸ ਗੱਲ ਨੂੰ ਸਪੱਸ਼ਟ ਕਰਦਾ ਸੀ ਕਿ ਉਨਾਂ ਨੂੰ ਸੁਤੰਤਰ ਖੁਦਮੁਖਤਿਆਰ

ਨੋਟ

(sovereign) ਰਾਜ ਨਹੀਂ ਮੰਨਿਆ ਗਿਆ ਸੀ। ਪ੍ਰਸੰਵਿਦਾ ਦਾ ਅਨੁਛੇਦ 1, ਜਿਸ ਦੇ ਅਨੁਸਾਰ "ਕੋਈ ਪੂਰਨ ਖੁਦਮੁਖਤਿਆਰ ਰਾਜ, ਅਧਿਰਾਜ ਦਾ ਉਪਨਿਵੇਸ਼" ਰਾਸ਼ਟਰ-ਸੰਘ ਦਾ ਮੈਂਬਰ ਹੋ ਸਕਦਾ ਸੀ, ਸਪੱਸ਼ਟ ਹੀ ਉਨ੍ਹਾਂ ਦੀ ਵਿਸ਼ੇਸ਼ ਸਥਿਤੀ ਨੂੰ ਧਿਆਨ 'ਚ ਰੱਖਦੇ ਹੋਏ ਰੱਖਿਆ ਗਿਆ ਸੀ। 1923 'ਚ ਜਦੋਂ ਆਇਰਿਸ ਸੁਤੰਤਰ ਰਾਜ (Irish Free State) ਨੇ ਰਾਸ਼ਟਰ-ਸੰਘ ਦੀ ਮੈਂਬਰਸ਼ਿਪ ਲਈ ਆਵੇਦਨ ਕੀਤਾ, ਉਦੋਂ ਉਸ ਦੇ ਆਵੇਦਨ-ਪੱਤਰ ਨੂੰ ਰਾਸ਼ਟਰ-ਸੰਘ ਨੇ ਇਸ ਆਧਾਰ 'ਤੇ ਸਵੀਕਾਰ ਕੀਤਾ ਸੀ ਕਿ "ਜੋ ਅਧਿਰਾਜ ਪਹਿਲਾਂ ਤੋਂ ਹੀ ਰਾਸ਼ਟਰ-ਸੰਘ ਦੇ ਮੈਂਬਰ ਹਨ, ਉਨਾਂ ਵਾਂਗ ਹੀ ਆਇਰਿਸ਼ ਰਾਜ ਵੀ ਉਨ੍ਹਾਂ ਸ਼ਰਤਾਂ 'ਤੇ ਬ੍ਰਿਟਿਸ਼ ਸਾਮਰਾਜ ਦਾਹੀ ਇੱਕ ਅਧਿਰਾਜ ਹੈ।" ਅਧਿਰਾਜਾਂ ਦੀ ਸਥਿਤੀ ਸਪੱਸ਼ਟ ਕਰਨ ਲਈ 1926 ਤੋਂ ਪਹਿਲਾਂ ਹੋਰ ਕੋਈ ਯਤਨ ਨਹੀਂ ਕੀਤਾ ਗਿਆ। ਇਸ ਸਾਲ ਸ਼ਾਹੀ ਸੰਮੇਲਨ (Imperial Conference) ਨੇ ਗ੍ਰੇਟ ਬ੍ਰਿਟੇਨ ਅਤੇ ਸਵੈਸ਼ਾਸੀ ਅਧਿਰਾਜਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਕਿ ਉਹ "ਬ੍ਰਿਟਿਸ਼ ਸਾਮਰਾਜ ਦੇ ਅੰਤਰਗਤ ਸਵਾਇਤਸ਼ਾਸੀ ਭਾਈਚਾਰਾ (autonomous communities) ਹੈ, ਜਿਨ੍ਹਾਂ ਦੀ ਸਥਿਤੀ ਬਰਾਬਰੀ ਦੀ ਹੈ, ਜੇਕਰ ਜੋ ਸਮਰਾਟ (Crown) ਦੇ ਪ੍ਰਤੀ ਆਮ ਨਿਸ਼ਠਾ ਦੁਆਰਾ ਸੰਯੁਕਤ ਹੈ ਅਤੇ ਸਵੈਇੱਛਾ ਨਾਲ ਬ੍ਰਿਟਿਸ਼ ਰਾਸ਼ਟਰ-ਮੰਡਲ ਦੇ ਮੈਂਬਰ ਹਨ। ਸਟੇਚਿਊਟ ਆਵ ਵੇਸਟਮਿਨਸਟਰ (Statute of Westminster), ਜਿਨ੍ਹਾਂ ਵਿੱਚ ਇਸ ਸਥਿਤੀ ਨੂੰ ਕਾਨੂੰਨੀ ਅਤੇ ਸੰਵਿਧਾਨਿਕ ਆਧਾਰ ਦਿੱਤਾ ਗਿਆ ਸੀ, ਬ੍ਰਿਟਿਸ਼ ਸੰਸਦ (Parliament) ਦੁਆਰਾ ਪਾਸ ਕੀਤਾ ਗਿਆ ਸੀ ਅਤੇ ਅਧਿਰਾਜਾਂ ਨੇ ਵੀ ਉਸ ਨੂੰ ਸਵੀਕਾਰ ਕੀਤਾ ਸੀ।"

ਇਸ ਸਿਧਾਂਤਿਕ ਮੁਸ਼ਕਲਾਂ ਦੇ ਨਾਲ ਹੀ ਬੁਨਿਆਦੀ ਪ੍ਰਸ਼ਨਾਂ 'ਤੇ ਵੀ ਕੁਝ ਮਹੱਤਵਪੂਰਨ ਮਤਭੇਦ ਸਨ। ਅਸਲ 'ਚ ਉਨ੍ਹਾਂ ਵਿਦੇਸ਼ੀਆਂ ਦੇ ਡਰ ਸਹੀ ਨਹੀਂ ਸਨ ਜੋ ਇਹ ਸੋਚਦੇ ਸਨ ਕਿ ਰਾਸ਼ਟਰ-ਸੰਘ ਦੇ ਸੰਵਿਧਾਨ ਦੇ ਕਾਰਨ ਬ੍ਰਿਟਿਸ਼ ਸਰਕਾਰ ਨੂੰ ਛੇ ਮਤ ਪ੍ਰਾਪਤ ਹੋ ਗਏ ਹਨ, ਕਿਉਂਕਿ ਵਿਸਥਾਰ ਦੀਆਂ ਗੱਲਾਂ 'ਤੇ ਸਿਰਫ਼ ਇੰਨੀ 'ਤੇ ਜੇਨੇਵਾ 'ਚ ਬਹੁਮਤ ਨਾਲ ਫੈਸਲਾ ਕੀਤਾ ਜਾਂਦਾ ਸੀ-ਬ੍ਰਿਟਿਸ਼ ਰਾਸ਼ਟਰ-ਮੰਡਲ ਦੇ ਸਾਰੇ ਮੈਂਬਰ ਕਦੇ ਕਦੇ ਹੀ ਇੱਕ ਪੱਖ 'ਚ ਪਾਏ ਜਾਂਦੇ ਸਨ। ਵਿੱਤੀ ਅਤੇ ਆਰਥਿਕ ਮਾਮਲਿਆਂ 'ਚ ਅਧਿਰਾਜ ਅਤੇ ਭਾਰਤ ਗ੍ਰੇਟ ਬ੍ਰਿਟੇਨ ਦੇ ਵਿਰੁੱਧ ਵੀ ਆਪਣੇ ਰਾਸ਼ਟਰੀ ਹਿੱਤਾਂ ਦਾ ਪੱਖ ਲੈਂਦੇ ਸਨ। ਰਾਜਨੀਤਿਕ ਖੇਤਰ 'ਚ ਭਾਰਤ ਸੁਤੰਤਰ ਕਾਰਵਾਈ ਨਹੀਂ ਕਰ ਸਕਦਾ ਸੀ ਅਤੇ ਬ੍ਰਿਟਿਸ਼ ਰਾਸ਼ਟਰ-ਮੰਡਲ ਦੇ ਹੋਰ ਮੈਂਬਰਾਂ ਦਰਮਿਆਨ ਮਤਭੇਦ ਸੰਤੋਸ਼ਜਨਕ ਨਾ ਹੋ ਕੇ ਸਿਰਫ਼ ਬਲ (emphasis) ਸਬੰਧੀ ਸਿੱਧ ਹੁੰਦੇ ਸਨ। ਕੈਨੇਡਾ ਜੋ ਖੁਦ ਸੁਰੱਖਿਅਤ ਅਤੇ ਯੂਨਾਈਟਿਡ ਸਟੇਟਸ ਦੀ ਨੇੜਤਾ ਤੋਂ ਪ੍ਰਭਾਵਿਤ ਸੀ, ਰਾਸ਼ਟਰ-ਸੰਘ ਦੇ ਹੋਰ ਮੈਂਬਰਾਂ ਦੀ ਸੁਰੱਖਿਆ ਦੀ ਰੱਖਿਆ ਨਾਲ ਸਬੰਧਿਤ ਆਪਣੇ ਕਰਤਵਾਂ ਨੂੰ ਘੱਟ ਤੋਂ ਘੱਟ ਰੱਖਣ ਦੀ ਦ੍ਰਿੜ ਇੱਛਾ ਪ੍ਰਗਟ ਕਰਦਾ ਸੀ। ਆਸਟਰੇਲੀਆ ਅਤੇ ਨਿਊਜ਼ੀਲੈਂਡ ਇੰਨੇ ਦੂਰ ਪ੍ਰਤੀਤ ਹੁੰਦੇ ਸਨ ਕਿ ਅੰਤਰਰਾਸ਼ਟਰੀ ਮਾਮਲਿਆਂ 'ਚ ਉਨ੍ਹਾਂ ਦਾ ਲਗਾਤਾਰ ਰੁਚੀ ਦਿਖਾਉਣਾ ਮੁਸ਼ਕਿਲ ਸੀ। ਪਰ ਸਮੇਂ-ਸਮੇਂ ' ਤੇ ਉਨ੍ਹਾਂ ਨੂੰ ਜਾਪਾਨ ਦਾ ਡਰ ਲੱਗਿਆ ਰਹਿੰਦਾ ਸੀ ਅਤੇ ਜਦੋਂ ਕਦੇ ਵੀ ਕਾਲੇ ਅਪ੍ਰਵਾਸੀਆਂ (coloured immigrants) ਨੂੰ ਆਪਣੇ ਦੇਸ਼ 'ਚ ਨਾ ਆਉਣ ਦੇਣ ਸਬੰਧੀ ਉਨ੍ਹਾਂ ਦੀ ਨੀਤੀ ਦੀ ਆਲੋਚਨਾ ਕੀਤੀ ਜਾਂਦੀ ਸੀ, ਤਾਂ ਉਹ ਹਮੇਸ਼ਾ ਹੀ ਉਸ ਨੂੰ ਨਾਪਸੰਦ ਕਰਦੇ ਸਨ। ਦੱਖਣ ਅਫ਼ਰੀਕਾ ਜ਼ਿਆਦਾਤਰ ਸੁਰੱਖਿਆ ਸਮੱਸਿਆਵਾਂ 'ਚ ਜ਼ਿਆਦਾ ਰੁਚੀ ਦਿਖਾਉਂਦਾ ਸੀ। ਉਹ ਉਨਾਂ ਗਿਣੇ-ਚੁਣੇ ਦੇਸ਼ਾਂ 'ਚੋਂ ਸੀ, ਜਿਸ ਨੇ ਜੁਲਾਈ 1936 'ਚ ਇਟਲੀ ਦੇ ਵਿਰੁੱਧ ਲੱਗੀਆਂ ਹੋਈਆਂ ਅਨੁਸ਼ਾਸਤੀਆਂ ਨੂੰ ਵਾਪਸ ਲੈਣ ਦਾ ਵਿਰੋਧ ਕੀਤਾ ਸੀ। ਆਇਰਿਸ਼ (Irish) ਲੋਕ ਆਪਣੀ ਕਿਸੇ ਅੰਤਰਰਾਸ਼ਟਰੀ ਨੀਤੀ 'ਤੇ ਚੱਲਣ ਦੇ ਬਦਲੇ ਆਪਣੀ ਸੁਤੰਤਰਤਾ ਦਾ ਸਿਧਾਂਤ ਸਥਾਪਿਤ ਕਰਨ 'ਚ ਹੀ ਜ਼ਿਆਦਾ ਰੁੱਝੇ ਪ੍ਰਤੀਤ ਹੁੰਦੇ ਸਨ। ਤਿੰਨ ਅਧਿਰਾਜ-ਆਸਟਰੇਲੀਆ, ਨਿਊਜ਼ੀਲੈਂਡ ਅਤੇ ਦੱਖਣੀ ਅਫ਼ਰੀਕਾ-ਕੁਝ ਪ੍ਰਾਦੇਸ਼ ਅਧੀਨ ਖੇਤਰਾਂ 'ਤੇ ਰਾਜ ਕਰਦੇ ਸਨ, ਜਿਨ੍ਹਾਂ ਦੇ ਵਿਸ਼ੇ 'ਚ ਉਹ ਰਾਸ਼ਟਰ-ਸੰਘ ਨੂੰ ਹਰ ਸਾਲ ਰਿਪੋਰਟ ਦਿੰਦੇ ਸਨ। 1927 ਤੋਂ ਬਾਅਦ ਤੋਂ ਪ੍ਰੀਸ਼ਦ (Council) 'ਚ ਇੱਕ ਅਸਥਾਈ ਸਥਾਨ ਹਮੇਸ਼ਾ ਹੀ ਕਿਸੇ ਨਾ ਕਿਸੇ ਅਧਿਰਾਜ ਨੂੰ ਪ੍ਰਾਪਤ ਰਿਹਾ।

1939 'ਚ ਯੁੱਧ ਸ਼ੁਰੂ ਹੋਣ 'ਤੇ ਇਹ ਗੱਲ ਅੰਤਿਮ ਤੌਰ 'ਤੇ ਸਪੱਸ਼ਟ ਹੋ ਗਈ ਕਿ ਅਧਿਰਾਜ ਗ੍ਰੇਟ ਬ੍ਰਿਟੇਨ ਦੀ ਨਕਲ ਕਰਨ ਲਈ ਆਪਣੇ ਆਪ ਨੂੰ ਮਜ਼ਦੂਰ ਨਹੀਂ ਮੰਨਦੇ ਸਨ ਅਤੇ ਉਨ੍ਹਾਂ ਚੋਂ ਹਰੇਕ ਆਪਣੇ ਹੀ ਅਧਿਕਾਰ ਨਾਲ ਅਤੇ ਆਪਣੇ ਸਨਮਾਨ ਅਤੇ ਆਪਣੇ ਹਿੱਤ ਦਾ ਵਿਚਾਰ ਕਰਦੇ ਹੋਏ ਕੰਮ ਕਰਦਾ ਸੀ।

## 19.3 ਸਾਰਾਂਸ਼ (Summary)

ਮਾਰਚ 1933 'ਚ ਜਾਪਾਨ ਦੇ ਰਾਸ਼ਟਰ-ਸੰਘ ਤੋਂ ਹਟ ਜਾਣ ਕਾਰਨ ਸੁਦੂਰ-ਪੂਰਬ 'ਚ ਲਗਾਤਾਰ ਵਧਦੀ ਹੋਈ ਤਣਾਅ ਦੀ ਸਥਿਤੀ ਪੈਦਾ ਹੋ ਗਈ। ਜਾਪਾਨ ਆਪਣੀ ਮੰਚੂਰੀਆ-ਜਿੱਤ ਨੂੰ ਛੇਤੀ ਹੀ ਮਜ਼ਬੂਤ ਬਣਾ ਕੇ ਪੂਰਬੀ ਏਸ਼ੀਆ 'ਚ ਮੁੱਖ ਰਾਸ਼ਟਰ (dominant power) ਦੇ ਰੂਪ 'ਚ ਸਾਹਮਣੇ ਆ ਗਿਆ। ਜਾਪਾਨ ਦੇ ਵਿਦੇਸ਼ ਵਿਭਾਗ ਨੇ ਅਪਰੈਲ 1934 'ਚ ਅਖ਼ਬਾਰਾਂ ਨੂੰ ਜੋ ਸਟੇਟਮੈਂਟ ਪ੍ਰਕਾਸ਼ਿਤ ਕਰਨ ਨੂੰ ਦਿੱਤਾ, ਉਸ ਵਿੱਚ ਜਾਪਾਨ ਦੀ ਨੀਤੀ ਦੀ ਪਹਿਲੀ ਮਹੱਤਵਪੂਰਨ ਘੋਸ਼ਣਾ ਹੋਈ। ਇਸ ਸਟੇਟਮੈਂਟ 'ਚ "ਪੂਰਬੀ ਏਸ਼ੀਆ 'ਚ (ਜਾਪਾਨ ਦੀ) ਵਿਸ਼ੇਸ਼ ਜਿੰਮੇਵਾਰੀਆਂ" ਦਾ ਜ਼ਿਕਰ ਕਰਨ ਤੋਂ ਬਾਅਦ ਇਹ ਸਪੱਸ਼ਟ ਤੌਰ 'ਤੇ ਐਲਾਨ ਕੀਤਾ ਗਿਆ ਸੀ ਕਿ ," ਚੀਨ ਦੇ ਬਿਨਾਂ ਅਜਿਹਾ ਕੋਈ ਵੀ ਦੇਸ਼ ਨਹੀਂ ਹੈ ਜੋ ਪੂਰਬੀ ਏਸ਼ੀਆ 'ਚ ਸ਼ਾਂਤੀ ਬਣਾਈ ਰੱਖਣ ਦੀਆਂ ਜਿੰਮੇਵਾਰੀਆਂ ਦਾ ਜਾਪਾਨ ਨਾਲ ਦਾਅਵਾ ਕਰ ਸਕੇ।"

## 19.4 ਸ਼ਬਦਕੋਸ਼ (Keywords)

1. **ਖਾਨਾਬਦੋਸ਼ (Nomads)–** ਭਰਮਣਸ਼ੀਲ, ਯਾਯਾਵਰ।
2. **ਸਵਾਇਤਸ਼ਾਸੀ (Autonomous)–** ਸੁਤੰਤਰ।

## 19.5 ਅਭਿਆਸ ਪ੍ਰਸ਼ਨ (Review Questions)

ਨੋਟ

1. ਮੱਧ-ਪੂਰਬ ਕਿਸ ਨੂੰ ਕਿਹਾ ਜਾਂਦਾ ਹੈ ? ਸਪੱਸ਼ਟ ਕਰੋ।
2. ਗ੍ਰੇਟ ਬ੍ਰਿਟੇਨ ਲਈ ਇਰਾਕ ਦਾ ਕੀ ਮਹੱਤਵ ਸੀ ?
3. ਸੀਰੀਆ 'ਚ ਫਰਾਂਸ ਨੇ ਕਿਹੜੀ ਨੀਤੀ ਅਪਣਾਈ ?
4. ਪਹਿਲੇ ਵਿਸ਼ਵਯੁੱਧ ਦੇ ਸਮੇਂ ਕਿਸ ਨੇ ਤੁਰਕੀ ਦੇ ਵਿਰੁੱਧ ਮਿੱਤਰ-ਰਾਸ਼ਟਰਾਂ ਦੀ ਸਹਾਇਤਾ ਕੀਤੀ ਸੀ ?

### ਉੱਤਰ : ਸਵ-ਮੁਲਾਂਕਣ (Answer: Self Assessment)

1. 1922
2. ਦਸੰਬਰ, 1914
3. ਇਬਨ ਸਊਦ
4. (ੳ) 1934
5. (ਅ) 7,00,000
6. (ੲ) 3,00,000

## 19.6 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ- ਐਮ.ਐਸ.ਤਿਆਗੀ, ਰਜਨੀ ਤਿਆਗੀ- ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਰਾਜੇਸ਼ ਕੁਮਾਰ- ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਧਨਪਤੀ ਪਾਂਡੇ- ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਦੀਨਾਨਾਥ ਵਰਮਾ- ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ - ਡਾ. ਵਿਪਿਨ ਬਿਹਾਰੀ ਸਿਨਹਾ - ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ - ਓਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ- ਮਾਨਿਕ ਲਾਲ ਗੁਪਤ - ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-20: ਰਾਸ਼ਟਰ-ਰਾਜ ਵਿਵਸਥਾ (Nation-State System)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

20.1 ਇਟਲੀ ਦਾ ਏਕੀਕਰਨ (The Unification of Italy)

20.2 ਜਰਮਨੀ ਦਾ ਏਕੀਕਰਨ (The Unification of Germany)

20.3 ਜਰਮਨ ਏਕੀਕਰਨ 'ਚ ਬਿਸਮਾਰਕ ਦੀ ਭੂਮਿਕਾ (Role of Bismark in the Unification of German)

20.4 ਸਾਰਾਂਸ਼ (Summary)

20.5 ਸ਼ਬਦਕੋਸ਼ (Keywords)

20.6 ਅਭਿਆਸ ਪ੍ਰਸ਼ਨ (Review Questions)

20.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਇਟਲੀ ਦਾ ਏਕੀਕਰਨ ਜਾਣਨ 'ਚ।
- ਜਰਮਨੀ ਦਾ ਏਕੀਕਰਨ ਜਾਣਨ 'ਚ।
- ਜਰਮਨੀ ਏਕੀਕਰਨ 'ਚ ਬਿਸਮਾਰਕ ਦੀ ਭੂਮਿਕਾ ਜਾਣਨ 'ਚ।

## ਪ੍ਰਸਤਾਵਨਾ (Introduction)

1848 ਈ. ਦੀ ਕ੍ਰਾਂਤੀ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਆਸਟਰੀਆ 'ਚ ਵੀ ਵਿਦਰੋਹ ਹੋ ਗਿਆ ਅਤੇ ਉੱਥੋਂ ਦੇ ਪ੍ਰਧਾਨ ਮੰਤਰੀ ਮੇਟਰਨਿਖ ਨੂੰ, ਜੋ ਪ੍ਰਤੀਕਿਰਿਆਵਾਦ ਦਾ ਮੁੱਖ ਸੰਚਾਲਕ ਸੀ ਆਸਟਰੀਆ ਛੱਡ ਕੇ ਭੱਜ ਜਾਣਾ ਪਿਆ। ਇਸ ਨਾਲ ਇਟਲੀ ਦੇ ਲੋਕਾਂ 'ਚ ਨਵਾਂ ਜੋਸ਼ ਆ ਗਿਆ ਅਤੇ ਸਾਰੇ ਰਾਜਾਂ 'ਚ ਲੋਕਾਂ ਨੇ ਨਿਰੰਕੁਸ਼ ਰਾਜਤੰਤਰ ਅਤੇ ਆਸਟਰੀਆ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਖੁਸ਼ੀ ਮਨਾਉਣ ਲਈ ਵਿਦਰੋਹ ਕਰ ਦਿੱਤਾ। ਲੋਂਮਬਾਰਡੀ ਅਤੇ ਵੇਨੇਸ਼ੀਆ ਦੇ ਲੋਕਾਂ ਨੇ ਆਸਟਰੀਆ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਪੀਡਮਾਂਟ ਦੇ ਸ਼ਾਸਕ ਚਾਰਲਸ ਐਲਬਰਟ ਨੇ ਵੀ ਆਸਟਰੀਆ ਦੇ ਵਿਰੁੱਧ ਯੁੱਧ ਐਲਾਨ ਦਿੱਤਾ। ਹੁਣ ਇਟਲੀ ਦੇ ਸਾਰੇ ਲੋਕ ਆਸਟਰੀਆ ਦੇ ਨਾਲ ਅੰਤਿਮ ਫੈਸਲਾ ਕਰਨ ਲਈ ਉਤਾਵਲੇ ਹੋ ਰਹੇ ਸਨ। ਆਸਟਰੀਆ ਦੀ ਫੌਜ ਹਰ ਥਾਂ ਹਾਰਨ ਲੱਗੀ।

## 20.1 ਇਟਲੀ ਦਾ ਏਕੀਕਰਨ (The Unification of Italy)

ਯੂਰਪ 'ਚ ਫਰਾਂਸ ਦੀ ਰਾਜ ਕ੍ਰਾਂਤੀ ਅਤੇ ਨੈਪੋਲੀਅਨ ਦੇ ਕੰਮਾਂ ਅਤੇ ਹੋਰ ਦੇਸ਼ਾਂ 'ਚ ਉਸ ਦੀਆਂ ਗਤੀਵਿਧੀਆਂ ਦੇ ਕਾਰਨ ਪੁਰਾਤਨ ਯੂਰਪ ਦੇ ਸਮਾਜ ਅਤੇ ਰਾਜਾਂ 'ਤੇ ਜੋ ਡੂੰਘਾ ਅਤੇ ਦੂਰਗਾਮੀ ਪ੍ਰਭਾਵ ਪਿਆ ਉਸ ਦੇ ਕਾਰਨ ਦੋ ਵਿਸ਼ਾਲ ਰਾਸ਼ਟਰੀ ਰਾਜਾਂ ਦਾ ਮਜ਼ਬੂਤੀਕਰਨ ਅਤੇ ਏਕੀਕਰਨ ਸੰਭਵ ਹੋਇਆ ਹੈ। ਇਹ ਦੋ ਸ਼ਕਤੀਸ਼ਾਲੀ ਰਾਜ ਸਨ-ਇਟਲੀ ਅਤੇ ਜਰਮਨੀ। ਫਰਾਂਸੀਸੀ ਰਾਜਕ੍ਰਾਂਤੀ ਨੇ ਰਾਜਨੀਤੀ ਨੂੰ ਰਾਜ-ਦਰਬਾਰਾਂ ਅਤੇ ਨਿੱਜੀ-ਜਮਾਤਾਂ 'ਚੋਂ ਬਾਹਰ ਕਰਕੇ ਉਸ ਨੂੰ ਅਖ਼ਬਾਰਾਂ, ਸੜਕਾਂ ਅਤੇ ਸਰਵਸਧਾਰਨ ਦੀ ਵਸਤੂ ਬਣਾ ਦਿੱਤਾ ਸੀ। ਇਸੇ ਤਰ੍ਹਾਂ ਨੈਪੋਲੀਅਨ ਨੇ ਆਪਣੀ ਉੱਚ ਇੱਛਾ ਕਾਰਨ ਇਟਲੀ ਦੇ ਭੌਗੋਲਿਕ ਖੇਤਰ ਅਤੇ ਜਰਮਨ ਰਾਜਾਂ 'ਚ ਜੋ ਦਖ਼ਲ ਦਿੱਤਾ ਸੀ, ਉਸ ਦਾ ਪ੍ਰਭਾਵ ਇਹ ਪਿਆ ਕਿ ਇਨ੍ਹਾਂ ਦੋਵਾਂ ਖੇਤਰਾਂ ਦੇ ਸਾਮੰਤਵਾਦੀ ਅਤੇ ਪੁਰਾਤਨ ਰਾਜਾਂ ਦੀ ਜਨਤਾ 'ਚ ਰਾਸ਼ਟਰੀਅਤਾ ਦੀ ਉਤਕਟ ਭਾਵਨਾ ਪੈਦਾ ਹੋਈ। ਨੈਪੋਲੀਅਨ ਉਹ ਪਹਿਲਾ ਵਿਅਕਤੀ ਸੀ, ਜਿਸ ਨੇ ਇਟਲੀ ਅਤੇ

**ਨੋਟ**

ਜਰਮਨੀ ਦੇ ਰਾਜਾਂ ਨੂੰ ਸਿਰਫ਼ ਇੱਕ ਭੌਗੋਲਿਕ ਨਾਮ ਦੇ ਸਥਾਨ 'ਤੇ ਉਨ੍ਹਾਂ ਨੂੰ ਅਸਲ ਰੂਪਰੇਖਾ ਪ੍ਰਦਾਨ ਕੀਤੀ। ਇਸ ਨਾਲ ਇਟਲੀ ਅਤੇ ਜਰਮਨੀ ਦੇ ਵੱਖ-ਵੱਖ ਰਾਜਾਂ ਦੇ ਏਕੀਕਰਨ ਦਾ ਮਾਰਗ ਸਾਫ਼ ਹੋ ਗਿਆ।

**ਏਕੀਕਰਨ ਤੋਂ ਪੂਰਬ ਇਟਲੀ ਦੀ ਸਥਿਤੀ:** ਯੂਰਪ ਦੇ ਪ੍ਰਾਚੀਨ ਇਤਿਹਾਸ 'ਚ ਇਟਲੀ ਦਾ ਗੌਰਵਪੂਰਨ ਸੰਸਕ੍ਰਿਤਿਕ ਮਹੱਤਵ ਸੀ। ਈਸਾ ਪੂਰਵ ਤੀਸਰੀ ਸਦੀ 'ਚ ਇਟਲੀ ਦੇ ਰੋਮਨ ਰਾਜ ਦੀ ਸਥਾਪਨਾ ਤੋਂ ਬਾਅਦ ਲਗਭਗ ਅੱਧੇ ਯੂਰਪ 'ਚ ਇਟਲੀ ਦੀ ਸੱਤਾ ਸਥਾਪਿਤ ਹੋ ਗਈ ਸੀ। ਮੱਧਕਾਲ 'ਚ ਰੋਮਨ ਸਾਮਰਾਜ ਦੇ ਪਤਨ ਤੋਂ ਪਿੱਛੋਂ ਇਟਲੀ ਦੀ ਸ਼ਕਤੀ ਬਿਖਰ ਗਈ ਅਤੇ ਉੱਥੇ ਕਈ ਛੋਟੇ-ਵੱਡੇ ਰਾਜਾਂ ਦਾ ਜਨਮ ਹੋਇਆ। ਅਠਾਰਵੀਂ ਸ਼ਤਾਬਦੀ 'ਚ ਇਟਲੀ ਦਾ ਭੌਗੋਲਿਕ ਖੇਤਰ ਕਈ ਰਾਜਾਂ ਦਾ ਸਮੂਹ ਸੀ। ਇਨ੍ਹਾਂ ਰਾਹਾਂ 'ਚ ਟਸਕਨੀ, ਪਾਰਮਾ, ਮੋਡੇਨਾ, ਨੀਸ, ਸੇਵਾਏ, ਸਾਰਡੀਨੀਆ, ਪੀਡਮਾਂਟ, ਵੇਨਿਸ, ਜਿਨੇਵਾ, ਮੱਧ ਇਟਲੀ 'ਚ ਪੋਪ ਦਾ ਰਾਜ ਅਤੇ ਸੁਦੂਰ ਦੱਖਣ 'ਚ ਨੇਪਲਸ ਅਤੇ ਸਿਸਲੀ ਦੇ ਰਾਜ ਸਨ। ਅਸਲ 'ਚ ਫਰਾਂਸ ਦੀ ਰਾਜਕ੍ਰਾਂਤੀ ਦੇ ਸਮੇਂ ਇਟਲੀ ਨਾਮ ਦਾ ਕੋਈ ਦੇਸ਼ ਨਹੀਂ ਸੀ ਪਰੰਤੂ ਇਟਲੀ ਭੌਗੋਲਿਕ ਅਤੇ ਸੰਸਕ੍ਰਿਤਿਕ ਨਜ਼ਰੀਏ ਤੋਂ ਇੱਕ ਪੂਰਨ ਇਕਾਈ ਜ਼ਰੂਰ ਸੀ।

ਭੌਗੋਲਿਕ ਨਜ਼ਰੀਏ ਤੋਂ ਇਟਲੀ ਯੂਰਪ ਦੇ ਦੱਖਣ ਦਾ ਇੱਕ ਪ੍ਰਾਏਦੀਪ ਸੀ ਜੋ ਉੱਤਰ 'ਚ ਆਲਪਸ ਪਰਬਤ ਅਤੇ ਤਿੰਨ ਹੋਰ ਸਾਗਰਾਂ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਸੀ। ਇਹ ਯੂਰਪੀ ਮਹਾਂਦੀਪ 'ਚ ਦੱਖਣੀ ਵੱਲ ਭੂਮੱਧ ਸਾਗਰ 'ਚ ਦਾਖ਼ਲ ਹੋਏ ਜੁੱਤੇ ਦੇ ਆਕਾਰ ਦਾ ਦੇਸ਼ ਹੈ। ਇਸ ਦੇ ਰਾਜਨੀਤਿਕ ਏਕੀਕਰਨ ਦਾ ਸਭ ਤੋਂ ਪਹਿਲਾਂ ਕੰਮ ਨੈਪੋਲੀਅਨ ਨੇ ਪੂਰਾ ਕੀਤਾ। ਆਪਣੇ ਸਿਖਰ ਕਾਲ 'ਚ ਹੀ ਨੈਪੋਲੀਅਨ ਨੇ ਇਟਲੀ ਪ੍ਰਾਏਦੀਪ ਦੇ ਉਨ੍ਹਾਂ ਰਾਜਾਂ 'ਤੇ ਜਿੱਤ ਪ੍ਰਾਪਤ ਕੀਤੀ ਜੋ ਆਸਟਰੀਆ ਦੇ ਅਧੀਨ ਸਨ। ਕਾਲੰਤਰ 'ਚ ਉਸ ਨੇ ਪੂਰੇ ਇਟਲੀ 'ਤੇ ਜਿੱਤ ਪ੍ਰਾਪਤ ਕਰਕੇ ਉੱਥੋਂ ਦੇ ਕਈ ਛੋਟੇ-ਵੱਡੇ ਰਾਜਾਂ ਨੂੰ ਸਮਾਪਤ ਕਰਕੇ ਉਨ੍ਹਾਂ ਨੂੰ ਸਿਰਫ਼ ਤਿੰਨ ਪ੍ਰਸ਼ਾਸਕੀ ਰਾਜਾਂ 'ਚ ਸਮੂਹਿਤ ਕਰ ਦਿੱਤਾ ਸੀ।

ਇਟਲੀ ਵਾਸੀਆਂ ਨੂੰ ਫਰਾਂਸ ਦੀ ਕ੍ਰਾਂਤੀ ਦੀ ਸਭ ਤੋਂ ਵੱਡੀ ਦੇਣ ਸੀ-ਸਾਮੰਤਵਾਦੀ ਵਿਵਸਥਾ ਦੀ ਸਮਾਪਤੀ ਅਤੇ ਅੰਦਰੂਨੀ ਵਪਾਰ 'ਤੇ ਪਾਬੰਦੀਆਂ ਦਾ ਅੰਤ। ਨੈਪੋਲੀਅਨ ਨੇ ਇੱਥੇ ਕਈ ਪ੍ਰਸ਼ਾਸਕੀ ਸੁਧਾਰ ਕੀਤੇ। ਉਸ ਨੇ ਇਟਲੀ 'ਚ ਕੋਡ ਨੈਪੋਲੀਅਨ, ਇਕੋ ਜਿਹੀ ਮੁਦਰਾ-ਪ੍ਰਣਾਲੀ, ਬਰਾਬਰ ਕਾਨੂੰਨ ਆਦਿ ਲਾਗੂ ਕਰਕੇ ਇਟਲੀ ਵਾਸੀਆਂ 'ਚ ਪਹਿਲੀ ਵਾਰ ਏਕੀਕਰਨ ਦੀ ਚੇਤਨਾ ਪੈਦਾ ਕੀਤੀ। ਆਰਥਿਕ, ਰਾਜਨੀਤਿਕ ਅਤੇ ਪ੍ਰਸ਼ਾਸਕੀ ਏਕਤਾ ਨੇ ਇਟਲੀ ਦੇ ਵੱਖ-ਵੱਖ ਰਾਜਾਂ ਦੇ ਨਿਵਾਸੀਆਂ ਨੂੰ ਇੱਕ-ਦੂਜੇ ਦੇ ਨੇੜੇ ਆਉਣ ਦਾ ਮੌਕਾ ਪ੍ਰਦਾਨ ਕੀਤਾ। ਇਸ ਤਰ੍ਹਾਂ ਏਕੀਕਰਨ ਲਈ ਭਾਵਨਾਤਮਕ ਪੁਸ਼ਠਭੂਮੀ ਤਿਆਰ ਕਰਨ ਦਾ ਸਿਹਰਾ ਨੈਪੋਲੀਅਨ ਨੂੰ ਹੈ।

**ਇਟਲੀ ਦੇ ਏਕੀਕਰਨ ਦੇ ਲੜੀਵਾਰ ਕਦਮ:** ਇਟਲੀ ਦੇ ਏਕੀਕਰਨ ਦੀ ਦਿਸ਼ਾ 'ਚ ਜੋ ਯਤਨ 1815 ਈ. 'ਚ ਨੈਪੋਲੀਅਨ ਦੇ ਪਤਨ ਤੋਂ ਪਿੱਛੋਂ ਸ਼ੁਰੂ ਹੋਏ ਸਨ ਉਹ 1870-71 ਤੱਕ ਚਲਦੇ ਰਹੇ। ਇਸ ਲੰਮੇ ਸਮੇਂ 'ਚ ਕਈ ਉਤਾਰ-ਚੜ੍ਹਾਅ ਆਏ ਅਤੇ ਅਜਿਹਾ ਪ੍ਰਤੀਤ ਹੋਣ ਲੱਗਿਆ ਕਿ ਏਕੀਕਰਨ ਦੇ ਰਸਤੇ 'ਚ ਰੁਕਾਵਟਾਂ ਬਹੁਤ ਭਿਆਨਕ ਹਨ ਅਤੇ ਏਕੀਕਰਨ ਦਾ ਉਦੇਸ਼ ਪੂਰਾ ਨਹੀਂ ਹੋ ਸਕੇਗਾ। ਆਖ਼ਰ **ਮੇਜਿਨੀ, ਕਾਵੂਰ** ਅਤੇ **ਗੇਰੀਬਾਲਡੀ** ਵਰਗੇ ਦੇਸ਼ ਭਗਤਾਂ ਦੇ ਯੋਗਦਾਨ ਦੇ ਕਾਰਨ ਸਾਰੀਆਂ ਰੁਕਾਵਟਾਂ ਸਮਾਪਤ ਹੋਈਆਂ ਅਤੇ ਏਕੀਕਰਨ ਦਾ ਕੰਮ ਪੂਰਾ ਹੋ ਸਕਿਆ। 1871 ਈ. 'ਚ ਇਟਲੀ ਦੇ ਏਕੀਕ੍ਰਿਤ ਸ਼ਕਤੀਸ਼ਾਲੀ ਰਾਜ ਦਾ ਯੂਰਪ 'ਚ ਜਨਮ ਹੋਇਆ। ਲੰਮੇ ਸਮੇਂ ਤੱਕ ਚੱਲਣ ਵਾਲੇ ਏਕੀਕਰਨ ਦੇ ਯਤਨਾਂ ਦੇ ਕਦਮਾਂ (Stages) ਦੀ ਭੂਮਿਕਾ ਅਧੋਲਿਖਿਤ ਹੈ-

**1. ਏਕੀਕਰਨ ਦੇ ਰਸਤੇ 'ਚ ਰੁਕਾਵਟਾਂ**

(i) ਨੈਪੋਲੀਅਨ ਦੇ ਪਤਨ ਤੋਂ ਬਾਅਦ ਵੀਆਨਾ ਸੰਮੇਲਨ ਦੇ ਫੈਸਲਿਆਂ ਦੇ ਨਤੀਜੇ ਵਜੋਂ ਇਟਲੀ ਵੀ ਪ੍ਰਤੀਕਿਰਿਆਵਾਦੀ ਸ਼ਾਸਨ ਪ੍ਰਣਾਲੀ ਦਾ ਸ਼ਿਕਾਰ ਬਣਿਆ। ਇਟਲੀ ਦੇ ਵੱਖ-ਵੱਖ ਰਾਜਾਂ ਚ ਮੁੜ ਨਿਰੰਕੁਸ਼ ਸਾਮੰਤੀ ਰਾਜਤੰਤਰਾਂ ਦੀ ਸਥਾਪਨਾ ਹੋਈ। ਉੱਤਰੀ ਇਟਲੀ ਦੇ ਰਾਜ **ਲੋਂਬਾਰਡੀ** ਅਤੇ **ਵੇਨੇਸ਼ੀਆ** ਆਸਟਰੀਆ ਦੇ ਸਿੱਧੇ ਕੰਟਰੋਲ 'ਚ ਸਨ ਅਤੇ **ਮੋਡੇਨਾ** ਅਤੇ **ਟਸਕਨੀ** ਆਸਟਰੀਆ ਨਾਲ ਸਬੰਧਿਤ ਰਾਜਕੁਮਾਰਾਂ ਦੇ ਰਾਜ 'ਚ ਸਨ। ਪਰਮਾ ਦੀ **ਰਾਣੀ ਲੁਈਸਾ** ਆਸਟਰੀਆ ਦੀ ਰਾਜਕੁਮਾਰੀ ਸੀ। ਅਤਏਵ ਪ੍ਰਤੀਕਿਰਿਆਵਾਦੀ (ਸੁਤੰਤਰਤਾ ਅਤੇ ਕ੍ਰਾਂਤੀ ਦਾ ਵਿਰੋਧੀ) ਆਸਟਰੀਆ, ਇਟਲੀ ਦੇ ਏਕੀਕਰਨ ਦੇ ਰਸਤੇ 'ਚ ਸਭ ਤੋਂ ਵੱਡੀ ਰੁਕਾਵਟ ਸੀ ਜਿਸ ਨੂੰ ਹਰਾਏ ਬਿਨਾ ਏਕੀਕਰਨ ਦਾ ਕੰਮ ਸੰਭਵ ਨਹੀਂ ਸੀ।

(ii) ਇਟਲੀ ਰਾਜਨੀਤਿਕ ਅਤੇ ਪ੍ਰਸ਼ਾਸਕੀ ਨਜ਼ਰੀਏ ਤੋਂ ਮੋਟੇ ਤੌਰ 'ਤੇ ਤਿੰਨ ਵੱਖ-ਵੱਖ ਇਕਾਈਆਂ 'ਚ ਵੰਡਿਆ ਸੀ-ਉੱਤਰੀ, ਮੱਧ ਅਤੇ ਦੱਖਣੀ ਇਟਲੀ। ਦੂਜੇ, ਪੋਪ ਜੋ ਕੈਥੋਲਿਕ ਈਸਾਈਆਂ ਦਾ ਸਭ ਤੋਂ ਉੱਚਾ ਅਧਿਕਾਰੀ ਸੀ, ਆਪਣੇ ਰਾਜ ਰੋਮ 'ਤੇ ਆਪਣਾ ਅਧਿਕਾਰ ਬਣਾਈ ਰੱਖਣਾ ਚਾਹੁੰਦਾ ਸੀ। ਪੂਰੇ ਯੂਰਪ ਦੇ ਕੈਥੋਲਿਕਾਂ ਦਾ ਸਹਿਯੋਗ ਵੀ ਪੋਪ ਨੂੰ ਪ੍ਰਾਪਤ ਸੀ।

(iii) ਸੰਯੁਕਤ ਇਟਲੀ ਦੇ ਸਵਰੂਪ ਦੇ ਵਿਸ਼ੇ 'ਚ ਸੁਤੰਤਰਤਾਵਾਦੀ ਰਾਜਨੀਤਿਕਾਂ 'ਚ ਕੋਈ ਇੱਕ ਨਿਸ਼ਚਿਤ ਮਤ ਨਹੀਂ ਸੀ। ਮੇਜਿਨੀ ਇਟਲੀ ਦਾ ਗਣਤੰਤਰੀ ਸਵਰੂਪ ਚਾਹੁੰਦਾ ਸੀ ਗੈਰੀਬਾਲਡੀ ਵੀ ਗਣਤੰਤਰ ਦੇ ਪੱਖ 'ਚ ਸੀ ਜਦੋਂ ਕਿ ਜਿਓਬਰਟੀ ਵਰਗੇ ਕੁਝ ਹੋਰ ਰਾਜਨੀਤਿਕ ਸੰਘੀ ਵਿਧਾਨਿਕ ਰਾਜਤੰਤਰ ਦੇ ਸਮਰਥਕ ਸਨ।

(iv) ਫਰਾਂਸੀਸੀ ਕ੍ਰਾਂਤੀ ਅਤੇ ਨੈਪੋਲੀਅਨ ਦੇ ਕਾਰਨ ਇਟਲੀ ਦੇ ਸੁਚੇਤ ਨਾਗਰਿਕਾਂ 'ਚ ਰਾਸ਼ਟਰਵਾਦੀ ਅਤੇ ਸੁਤੰਤਰਤਾ ਦੀ ਭਾਵਨਾ ਦਾ ਸੰਚਾਰ ਜ਼ਰੂਰ ਹੋਇਆ ਸੀ, ਪਰੰਤੂ ਇਟਲੀ ਦੇ ਵੱਖ-ਵੱਖ ਰਾਜ ਦੂਜੇ ਰਾਜ ਦੇ ਵਿਰੁੱਧ, ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਦੇ ਵਿਰੁੱਧ, ਇੱਕ ਪਰਿਵਾਰ ਦੂਜੇ ਪਰਿਵਾਰ ਦੇ ਵਿਰੁੱਧ ਅਤੇ ਆਦਮੀ, ਆਦਮੀ ਦੇ ਵਿਰੁੱਧ ਸੀ।

(v) ਵੀਆਨਾ ਕਾਂਗਰਸ ਦੇ ਫੈਸਲਿਆਂ ਅਨੁਸਾਰ ਪੂਰੇ ਯੂਰਪ ਦੇ ਨਾਲ ਇਟਲੀ 'ਚ ਵੀ ਸਾਮੰਤਵਾਦੀ ਅਤੇ ਜਾਗੀਰਦਾਰੀ ਪ੍ਰਥਾ ਨੂੰ ਰਾਜਿਆਂ ਨੇ ਆਸਰਾ ਪ੍ਰਦਾਨ ਕੀਤਾ। ਇਹ ਸਾਮੰਤ, ਜਾਗੀਰਦਾਰ ਅਤੇ ਰਾਜਾ ਏਕੀਕਰਨ ਅਤੇ ਸੁਤੰਤਰਤਾ ਦੇ ਵਿਰੋਧੀ ਸਨ।

ਨੋਟ

(vi) ਆਰਥਿਕ ਨਜ਼ਰੀਏ ਤੋਂ ਇਟਲੀ ਦੇ ਰਾਜਿਆਂ 'ਚ ਇਕਰੂਪਤਾ ਅਤੇ ਤਾਲਮੇਲ ਨਹੀਂ ਸੀ ਉੱਤਰੀ ਇਟਲੀ ਦਾ ਖੇਤਰ ਕੁਝ ਉਦਯੋਗਾਂ ਦੇ ਕਾਰਨ ਵਿਕਸਿਤ ਸੀ ਜਦੋਂ ਕਿ ਦੱਖਣੀ ਇਟਲੀ ਅਵਿਕਸਿਤ ਅਤੇ ਪੇਂਡੂ ਸੀ।

ਕਈ ਰੁਕਾਵਟਾਂ ਹੁੰਦੇ ਹੋਏ ਵੀ ਇਟਲੀ ਦੇ ਏਕੀਕਰਨ ਦੀ ਦਿਸ਼ਾ 'ਚ ਯਤਨ ਚਲਦੇ ਰਹੇ ਕਿਉਂਕਿ ਫਰਾਂਸੀਸੀ ਕ੍ਰਾਂਤੀ ਦੇ ਪ੍ਰਭਾਵ ਨਾਲ ਇਟਲੀ 'ਚ ਸੁਤੰਤਰਤਾ ਅਤੇ ਰਾਸ਼ਟਰਵਾਦ ਦੀ ਜਿਸ ਭਾਵਨਾ ਦਾ ਧਮਾਕਾ ਹੋਇਆ ਸੀ, ਉਹ ਹੁਣ ਜਨ-ਜਨ ਤੱਕ ਪਹੁੰਚ ਚੁੱਕਿਆ ਸੀ ਅਤੇ ਉਸ ਨੂੰ ਦਬਾਉਣਾ ਬਹੁਤ ਮੁਸ਼ਕਿਲ ਸੀ। ਜਨਤਾ ਸੁਤੰਤਰਤਾ ਅਤੇ ਰਾਸ਼ਟਰ ਪ੍ਰੇਮ ਅਤੇ ਏਕਤਾ ਦਾ ਸਨਮਾਨ ਕਰਦੀ ਸੀ। ਚੰਗੀ ਕਿਸਮਤ ਨਾਲ ਲੋਕਾਂ ਦੀ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਸਹੀ ਦਿਸ਼ਾ ਦੇਣ ਵਾਲੇ ਆਗੂਆਂ ਦਾ ਜਨਮ ਇਸ ਸਮੇਂ ਹੁੰਦਾ ਰਿਹਾ ਜਿਸ ਦੇ ਨਤੀਜੇ ਵਜੋਂ ਆਖ਼ਰ ਏਕੀਕਰਨ ਦਾ ਟੀਚਾ ਪ੍ਰਾਪਤ ਕਰਨ 'ਚ ਸਫ਼ਲਤਾ ਮਿਲੀ।

2. **ਸੰਯੁਕਤ ਇਟਲੀ ਦੇ ਤਿੰਨ ਮਹਾਨ ਰਚਨਾਕਾਰ-ਮੇਜਿਨੀ, ਕਾਵੂਰ ਅਤੇ ਗੈਰੀਬਾਲਡੀ :** ਇਟਲੀ ਦੇ ਏਕੀਕਰਨ 'ਚ ਜਿਨਾ ਤਿੰਨ ਮਹਾਨ ਆਗੂਆਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਦਿੱਤਾ ਉਹ ਸਨ-ਮੇਜਿਨੀ, ਕਾਵੂਰ ਅਤੇ ਗੈਰੀਬਾਲਡੀ। ਮੇਜਿਨੀ ਇਟਲੀ ਦੇ ਰਾਸ਼ਟਰੀ ਅੰਦੋਲਨ ਦਾ ਪੈਗੰਬਰ ਸੀ ਜਿਸ ਨੇ ਸੰਯੁਕਤ ਇਟਲੀ ਦੇ ਭਾਵੀ ਸਵਰੂਪ ਨੂੰ ਆਤਮਾ ਪ੍ਰਦਾਨ ਕੀਤੀ, ਕਾਵੂਰ ਇੱਕ ਕੁਸ਼ਲ ਰਾਜਨੀਤਿਕ ਅਤੇ ਪ੍ਰਸ਼ਾਸਕ ਸੀ ਜਿਸ ਨੇ ਕੂਟਨੀਤੀਪੂਰਵਕ ਇਟਲੀ ਦੇ ਏਕੀਕਰਨ ਨੂੰ ਇੱਕ ਅੰਤਰਰਾਸ਼ਟਰੀ ਸਵਾਲ ਬਣਾ ਕੇ ਵਿਦੇਸ਼ੀ ਸਹਾਇਤਾ ਪ੍ਰਾਪਤ ਕਰਕੇ ਏਕੀਕਰਨ ਦੇ ਕੰਮ ਨੂੰ ਗਤੀਸ਼ੀਲਤਾ ਪ੍ਰਦਾਨ ਕੀਤੀ ਅਤੇ ਗੈਰੀਬਾਲਡੀ ਰਾਸ਼ਟਰ ਗੌਰਵ ਅਤੇ ਸੁਤੰਤਰਤਾ ਵੀ ਭਾਵਨਾ ਨਾਲ ਲਬਰੇਜ਼ ਇੱਕ ਨਿਸਵਾਰਥ ਸੈਨਾਨਾਇਕ ਸੀ, ਜਿਸ ਨੇ ਦੇਸ਼ ਲਈ ਆਪਣਾ ਬਲੀਦਾਨ ਕਰਨ ਵਾਲੇ ਸੈਨਿਕਾਂ ਨੂੰ ਕੁਸ਼ਲ ਅਗਵਾਈ ਪ੍ਰਦਾਨ ਕਰਕੇ ਏਕੀਕਰਨ ਦੇ ਕੰਮ ਨੂੰ ਪੂਰਨਤਾ ਪ੍ਰਦਾਨ ਕੀਤੀ। ਇਟਲੀ ਦੇ ਏਕੀਕਰਨ ਦੇ ਵੱਖ-ਵੱਖ ਕਦਮਾਂ 'ਚ ਇਨ੍ਹਾਂ ਆਗੂਆਂ ਦੇ ਕੰਮਾਂ ਦਾ ਵਰਣਨ ਕੀਤਾ ਜਾਵੇਗਾ। ਜੇਕਰ ਭਾਰਤ ਦੇ ਸੁਤੰਤਰਤਾ ਅੰਦੋਲਨ ਦੇ ਮਹਾਨ ਆਗੂਆਂ ਨਾਲ ਇਟਲੀ ਦੇ ਆਗੂਆਂ ਦੀ ਤੁਲਨਾ ਕਰਨੀ ਹੋਵੇ ਤਾਂ ਮੇਜਿਨੀ ਦਾ ਯੋਗਦਾਨ ਮਹਾਤਮਾ ਗਾਂਧੀ ਦੇ ਬਰਾਬਰ, ਕਾਵੂਰ ਦੇ ਕੰਮ ਜਵਾਹਰਲਾਲ ਨਹਿਰੂ ਦੇ ਬਰਾਬਰ ਅਤੇ ਗੈਰੀਬਾਲਡੀ ਦੇ ਕੰਮ ਸੁਭਾਸ਼ਚੰਦਰ ਬੋਸ ਦੇ ਬਰਾਬਰ ਰੱਖੇ ਜਾ ਸਕਦੇ ਹਨ।

3. **ਏਕੀਕਰਨ ਦਾ ਪਹਿਲਾ ਗੇੜ-ਕਾਰਬੋਨਰੀ ਅਤੇ ਯੰਗ ਇਟਲੀ :** ਇਟਲੀ ਦੇ ਦੇਸ਼ਭਗਤਾਂ ਅਤੇ ਰਾਸ਼ਟਰਵਾਦੀ ਲੋਕਾਂ ਦੀ ਸੁਤੰਤਰਤਾ ਦੀ ਭਾਵਨਾ ਨੂੰ ਕੁਚਲਣ ਲਈ ਆਸਟਰੀਆ ਦਾ ਪ੍ਰਧਾਨ ਮੰਤਰੀ ਮੇਟਰਨਿਖ ਹਮੇਸ਼ਾ ਯਤਨਸ਼ੀਲ ਰਹਿੰਦਾ ਸੀ। ਇਸ ਲਈ 1848 ਈ. 'ਚ ਮੇਟਰਨਿਖ ਦੇ ਪਤਨ ਤੱਕ ਇਟਲੀ ਦੇ ਰਾਸ਼ਟਰਵਾਦੀ ਲੋਕਾਂ ਨੇ ਕਈ ਗੁਪਤ ਸੰਸਥਾਵਾਂ ਦਾ ਗਠਨ ਕੀਤਾ ਜਿਸ ਦੇ ਮੰਤਰ 'ਤੇ ਇਕੱਲੇ ਹੋ ਕੇ ਇਟਲੀ ਵਾਸੀਆਂ ਨੇ ਆਪਣੇ ਸੁਤੰਤਰਤਾ ਅੰਦੋਲਨ ਨੂੰ ਅੱਗੇ ਵਧਾਇਆ। ਇਟਲੀ 'ਚ ਥਾਂ-ਥਾਂ 'ਤੇ ਜੋ ਗੁਪਤ ਕਮੇਟੀਆਂ ਗਠਿਤ ਹੋਈਆਂ, ਉਨ੍ਹਾਂ ਵਿੱਚ ਸਭ ਤੋਂ ਮੁੱਖ ਸੀ ਕਾਰਬੋਨਰੀ (Carbonary) ਕਮੇਟੀ। ਇਟਲੀ ਦੀਆਂ ਕੋਇਲਾ ਖਾਨਾਂ ਨਾਲ ਸਬੰਧਿਤ ਲੋਕਾਂ ਦੇ ਨਾਮ ਨਾਲ ਇਸ ਗੁਪਤ ਸੰਸਥਾ ਦੀ ਸਥਾਪਨਾ 1810 ਈ. 'ਚ ਨੇਪਲਸ 'ਚ ਸਭ ਤੋਂ ਪਹਿਲਾਂ ਹੋਈ ਸੀ। ਕਾਰਬੋਨਰੀ 'ਚ ਸਾਰੇ ਵਰਗਾਂ ਦੇ ਲੋਕ ਸ਼ਾਮਲ ਸਨ। ਇਸ ਵਿੱਚ ਕੁਲੀਨ ਵਰਗ, ਸੈਨਿਕ, ਅਫ਼ਸਰ, ਕਿਸਾਨ, ਧਰਮਗੁਰੂ ਅਤੇ ਇੱਥੋਂ ਤੱਕ ਕਿ ਬੁਰਜੂਆ ਸਾਮੰਤ ਵਰਗ ਦੇ ਲੋਕਾਂ ਨੇ ਵੀ ਇਸ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ। ਇਸ ਸੰਸਥਾ ਦੇ ਕੋਈ ਨਿਸ਼ਚਿਤ ਪ੍ਰੋਗਰਾਮ ਨਹੀਂ ਸਨ ਫਿਰ ਵੀ ਇਸ ਦੇ ਦੋ ਮੁੱਖ ਉਦੇਸ਼ ਸਨ-ਵਿਦੇਸ਼ੀਆਂ ਨੂੰ ਇਟਲੀ ਤੋਂ ਬਾਹਰ ਕੱਢਣਾ ਅਤੇ ਸੰਵਿਧਾਨਿਕ ਸੁਤੰਤਰਤਾ ਦੀ ਸਥਾਪਨਾ ਕਰਨਾ। ਇਸ ਸੰਸਥਾ ਦੇ ਤਿਰੰਗੇ, ਕਾਲਾ, ਲਾਲ ਅਤੇ ਨੀਰੇ ਰੰਗ ਵਾਲੇ ਝੰਡੇ ਨੇ ਛੇਤੀ ਹੀ ਹਰਮਨਪਿਆਰਤਾ ਪ੍ਰਾਪਤ ਕਰ ਲਈ ਅਤੇ ਲੋਕ ਉਸ ਦੀ ਪੂਜਾ ਕਰਨ ਲੱਗੇ। ਕਾਰਬੋਨਰੀ ਦੀਆਂ ਸਾਖਾਵਾਂ ਲਗਭਗ ਪੂਰੇ ਇਟਲੀ 'ਚ ਫੈਲ ਗਈਆਂ। ਇਸ ਦੇ ਪ੍ਰਭਾਵ ਅਤੇ ਪ੍ਰੇਰਨਾ ਨਾਲ ਸੰਨ 1821 'ਚ ਨੇਪਲਸ ਅਤੇ ਪੀਡਮਾਂਟ ਦੇ ਰਾਸ਼ਟਰਵਾਦੀਆਂ ਨੇ ਵਿਦਰੋਹ ਕੀਤੇ, ਪਰੰਤੂ ਮੇਟਰਨਿਖ ਨੇ ਆਸਟਰੀਆ ਤੋਂ ਫੌਜ ਭੇਜ ਕੇ ਇਨ੍ਹਾਂ ਵਿਦਰੋਹੀਆਂ ਨੂੰ ਕੁਚਲ ਦਿੱਤਾ। ਇਨ੍ਹਾਂ ਰਾਜਾਂ 'ਚ ਨਿਰੰਕੁਸ਼ ਰਾਜਾ ਮੁੜ ਗੱਦੀ 'ਤੇ ਬਿਠਾ ਦਿੱਤਾ ਗਿਆ ਅਤੇ ਅੰਦੋਲਨਕਾਰੀਆਂ 'ਤੇ ਭਿਆਨਕ ਅੱਤਿਆਚਾਰ ਕੀਤੇ ਗਏ। ਉਦੇਸ਼ਾਂ 'ਚ ਇਕਰੂਪਤਾ ਤਾਲਮੇਲ ਅਤੇ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਅਗਵਾਈ ਦੀ ਘਾਟ 'ਚ ਕਾਰਬੋਨਰੀ ਅਸਫ਼ਲ ਸਿੱਧ ਹੋਈ। ਇੰਨਾ ਜ਼ਰੂਰ ਹੈ ਕਿ ਕਾਰਬੋਨਰੀ ਨੇ ਇਟਲੀ ਵਾਸੀਆਂ ਦੀ ਸੁਤੰਤਰਤਾ ਅਤੇ ਰਾਸ਼ਟਰਵਾਦ ਦੀਆਂ ਭਾਵਨਾਵਾਂ ਨੂੰ ਕੁਝ ਸਮੇਂ ਤੱਕ ਤੇਜ਼ੀ ਪ੍ਰਦਾਨ ਕੀਤੀ।

4. **ਯੰਗ ਇਟਲੀ (Young Italy)- ਮੇਜਿਨੀ ਦੇ ਕੰਮ-:** ਸੰਨ 1830 'ਚ ਯੂਰਪ ਦੇ ਕਈ ਦੇਸ਼ਾਂ 'ਚ ਪ੍ਰਤੀਕਿਰਿਆਵਾਦ ਦੇ ਵਿਰੁੱਧ ਕ੍ਰਾਂਤੀ ਹੋਈ। ਇਸ ਕ੍ਰਾਂਤੀ ਦਾ ਪ੍ਰਭਾਵ ਇਟਲੀ 'ਤੇ ਵੀ ਪਿਆ। ਇਟਲੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਨਿਰੰਕੁਸ਼ਤਾ ਦੇ ਵਿਰੁੱਧ ਵਿਦਰੋਹ ਦੀ ਅੱਗ ਭੜਕ ਉੱਠੀ। ਇੱਥੋਂ ਦੇ ਸ਼ਾਸਕਾਂ ਨੂੰ ਜਾਨ ਬਚਾ ਕੇ ਭੱਜਣਾ ਪਿਆ। ਇਨ੍ਹਾਂ ਸ਼ਾਸਕਾਂ ਨੇ ਜਦੋਂ ਮੇਟਰਨਿਖ ਤੋਂ ਸਹਾਇਤਾ ਦੀ ਮੰਗ ਕੀਤੀ ਤਾਂ ਉਸ ਨੇ ਆਸਟਰੀਆ ਦੀ ਫੌਜ ਦੇ ਦਮ 'ਤੇ ਇਨ੍ਹਾਂ ਵਿਦਰੋਹੀਆਂ ਨੂੰ ਕੁਚਲ ਦਿੱਤਾ। ਇਸ ਤਰ੍ਹਾਂ ਇੱਕ ਵਾਰ ਦੁਬਾਰਾ ਇਟਲੀ 'ਚ ਉਦਾਰਵਾਦ ਦੀ ਹਾਰ ਹੋਈ, ਪਰੰਤੂ ਲਗਭਗ ਇਸੇ ਸਮੇਂ ਇਟਲੀ 'ਚ ਇੱਕ ਮਹਾਨ ਸ਼ਕਤੀ ਦਾ ਐਲਾਨ ਹੋਇਆ ਜਿਸ ਨੇ ਇਟਲੀ ਦੇ ਰਾਸ਼ਟਰੀ ਜੀਵਨ 'ਚ ਨਵੀਂ ਜਾਨ ਪਾ ਦਿੱਤੀ। ਇਸ ਵਿਅਕਤੀ ਦਾ ਨਾਮ ਸੀ **ਜੋਸੇਫ ਮੇਜਿਨੀ** (Joseph Maggini)। ਉਸ ਦੇ ਦਿਲ 'ਚ ਇਹ ਪ੍ਰੇਰਨਾ ਪੈਦਾ ਹੋਈ ਕਿ ਇਟਲੀ ਦਾ ਉਦਾਰ ਕਰਨ ਦਾ ਕੰਮ ਈਸ਼ਵਰ ਨੇ ਉਸ ਨੂੰ ਸੌਂਪਿਆ ਹੈ।

1830 ਈ. ਦੀ ਕ੍ਰਾਂਤੀ ਤੋਂ ਪਹਿਲਾਂ ਮੇਜਿਨੀ ਕਾਰਬੋਨਰੀ ਕਮੇਟੀ ਦਾ ਮੈਂਬਰ ਸੀ। ਇਸ ਸਾਲ ਦੀ ਕ੍ਰਾਂਤੀ 'ਚ ਉਸ ਨੇ ਵੀ ਹਿੱਸਾ ਲਿਆ ਸੀ ਅਤੇ ਜਦੋਂ ਕ੍ਰਾਂਤੀ ਦਾ ਦਮਨ ਕਰ ਦਿੱਤਾ ਗਿਆ ਤਾਂ ਉਸ ਨੂੰ ਬੰਦੀ ਬਣਾ ਕੇ ਜੇਲ੍ਹ 'ਚ ਪਾ ਦਿੱਤਾ ਗਿਆ। ਜੇਲ੍ਹ 'ਚ ਹੀ ਉਸ ਦੇ ਦਿਲ 'ਚ ਇਟਲੀ ਨੂੰ ਵਿਦੇਸ਼ੀ ਅਧਿਕਾਰ ਤੋਂ ਮੁਕਤ ਕਰਵਾਉਣ ਦੀ ਪ੍ਰੇਰਨਾ ਪੈਦਾ ਹੋਈ। ਕੁਝ ਦਿਨਾਂ ਦੀ ਜੇਲ੍ਹ ਤੋਂ ਬਾਅਦ ਮੇਜਿਨੀ ਨੂੰ ਦੇਸ਼ 'ਚੋਂ ਕੱਢ ਦਿੱਤਾ ਗਿਆ। ਕਈ ਦੇਸ਼ਾਂ ਦੀ ਯਾਤਰਾ ਤੋਂ ਬਾਅਦ ਉਹ 1831 'ਚ ਫਰਾਂਸ ਪਹੁੰਚਿਆ ਅਤੇ ਉੱਥੇ ਉਸ ਨੇ ਯੰਗ ਇਟਲੀ (Young Italy) ਨਾਮ ਦੀ ਇੱਕ ਸੰਸਥਾ ਦੀ ਸਥਾਪਨਾ ਕੀਤੀ ਜਿਸ ਨੇ

**ਨੋਟ**

ਇਟਲੀ ਦੇ ਰਾਸ਼ਟਰੀ ਅੰਦੋਲਨ 'ਚ ਕਾਰਬੋਨਰੀ ਦਾ ਸਥਾਨ ਲੈ ਲਿਆ। ਯੰਗ ਇਟਲੀ ਦੇ ਸੰਦਰਭ 'ਚ ਮੇਜਿਨੀ ਨੇ ਕਿਹਾ ਸੀ-"ਜੇਕਰ ਸਮਾਜ 'ਚ ਕ੍ਰਾਂਤੀ ਲਿਆਉਣੀ ਹੈ ਤਾਂ ਅਗਵਾਈ ਨੌਜਵਾਨਾਂ ਦੇ ਹੱਥ 'ਚ ਸੌਂਪ ਦਿਓ, ਨੌਜਵਾਨ ਸਮਾਜ ਦੇ ਦਿਲਾਂ 'ਚ ਅਸੀਮ ਸ਼ਕਤੀ ਛੁਪੀ ਹੁੰਦੀ ਹੈ।" ਅਸਲ 'ਚ ਮੇਜਿਨੀ ਦੇ ਦਿਮਾਗ 'ਚ ਸੰਯੁਕਤ ਇਟਲੀ ਦਾ ਜਿੰਨਾ ਸਪੱਸ਼ਟ ਸਵਰੂਪ ਨਿਸ਼ਚਿਤ ਸੀ, ਉਨਾਂ ਹੋਰ ਕਿਸੇ ਦੇ ਦਿਮਾਗ 'ਚ ਨਹੀਂ ਸੀ। ਉਸ ਦਾ ਉਦੇਸ਼ ਸੀ, ਇਟਲੀ ਦੇ ਲੋਕਾਂ ਨੂੰ ਸਿੱਖਿਅਤ ਕਰਕੇ ਇਹ ਚੇਤਨਾ ਪੈਦਾ ਕਰਨਾ ਕਿ ਇਟਲੀ ਇੱਕ ਰਾਸ਼ਟਰ ਹੈ। 1835 ਈ. 'ਚ ਮੇਜਿਨੀ ਨੇ ਲਿਖਿਆ ਸੀ-" ਸਾਡੀ ਆਬਾਦੀ ਲਗਭਗ 12 ਕਰੋੜ ਹੈ ਅਤੇ ਪ੍ਰਾਚੀਨ ਕਾਲ ਤੋਂ ਲੋਕ ਸਾਨੂੰ ਇਟਲੀ ਦੀ ਜਨਤਾ ਪੁਕਾਰਦੇ ਰਹੇ ਹਨ। ਸਾਡੇ ਦੇਸ਼ ਦੀਆਂ ਹੱਦਾਂ ਕੁਦਰਤੀ ਹਨ ਅਤੇ ਬਿਲਕੁਲ ਸਪੱਸ਼ਟ ਹੈ- ਅਸੀਂ ਇੱਕ ਹੀ ਭਾਸ਼ਾ ਬੋਲਦੇ ਹਾਂ। ਸਾਡਾ ਧਰਮ ਇੱਕ ਹੈ, ਸ਼ਿਸਟਾਚਾਰ ਇੱਕ ਹੈ, ਆਦਤਾਂ ਇੱਕ ਹਨ। ਸਾਨੂੰ ਆਪਣੀ ਇੱਕ ਰਾਜਨੀਤਿਕ, ਵਿਗਿਆਨਕ ਅਤੇ ਕਲਾ ਪਰੰਪਰਾਵਾਂ 'ਤੇ ਮਾਣ ਹੈ, ਜੋ ਯੂਰਪ ਦੇ ਇਤਿਹਾਸ ਨੂੰ ਅਲੰਕ੍ਰਿਤ ਕਰਦੀ ਹੈ.....ਪਰੰਤੂ ਨਾ ਸਾਡੇ ਕੋਲ ਰਾਸ਼ਟਰੀ ਝੰਡਾ ਹੈ ਅਤੇ ਨਾ ਹੀ ਕੋਈ ਰਾਜਨੀਤਿਕ ਨਾਮ ਹੈ....ਅਤੇ ਅਸੀਂ ਅੱਠ ਰਾਜਾਂ 'ਚ ਤਿੱਤਰ-ਬਿੱਤਰ ਹੋ ਰਹੇ ਹਾਂ....ਸਾਨੂੰ ਕਿਸੇ ਤਰ੍ਹਾਂ ਦੀ ਕੋਈ ਅਜਾਦੀ ਨਹੀਂ, ਜੋ ਭਾਵਨਾਵਾਂ ਸਾਡੇ ਦਿਲ 'ਚ ਉਬਲ ਰਹੀਆਂ ਹਨ, ਉਨ੍ਹਾਂ ਨੂੰ ਪ੍ਰਗਟ ਕਰਨ ਦਾ ਕੋਈ ਸਾਧਨ ਸਾਡੇ ਕੋਲ ਨਹੀਂ ਹੈ। ਇਨ੍ਹਾਂ ਸਾਰਿਆਂ ਦਾ ਕਾਰਨ ਹੈ ਕਿ ਵਿਦੇਸ਼ੀ ਲੋਕਾਂ ਨੇ ਸਾਨੂੰ ਗੁਲਾਮ ਬਣਾ ਲਿਆ ਹੈ।"

ਮੇਜਿਨੀ ਨੇ ਇਟਲੀ ਦੇ ਨੌਜਵਾਨਾਂ ਨੂੰ ਤਿੰਨ ਨਾਅਰੇ ਦਿੱਤੇ- **'ਪਰਮਾਤਮਾ 'ਚ ਵਿਸ਼ਵਾਸ ਰੱਖੋ', 'ਸਾਰੇ ਇਟਲੀਵਾਸੀਆਂ ਨੂੰ ਮਿਲਾਓ' ਅਤੇ 'ਇਟਲੀ ਨੂੰ ਮੁਕਤ ਕਰੋ।'** ਉਸ ਦੇ ਉਦੇਸ਼ ਸਪੱਸ਼ਟ ਸਨ-ਇਟਲੀ ਦੀ ਏਕਤਾ ਅਤੇ ਸੁਤੰਤਰਤਾ ਦੀ ਪ੍ਰਾਪਤੀ, ਸਮਾਨਤਾ ਅਤੇ ਲੋਕ ਕਲਿਆਣ 'ਤੇ ਆਧਾਰਿਤ ਸਮਾਜ ਦੀ ਸਥਾਪਨਾ। ਮੇਜਿਨੀ ਦੇ ਕੰਮਾਂ ਅਤੇ ਉਦਬੋਧਨਾਂ ਦਾ ਇਟਲੀ ਦੇ ਨੌਜਵਾਨਾਂ 'ਤੇ ਚਮਤਕਾਰੀ ਪ੍ਰਭਾਵ ਪਿਆ। ਉਸ ਦੇ ਯਤਨਾਂ ਨਾਲ ਛੇਤੀ ਹੀ ਯੰਗ ਇਟਲੀ ਦੇ ਝੰਡੇ ਹੇਠ ਸੱਠ ਹਜ਼ਾਰ ਅਜਿਹੇ ਨੌਜਵਾਨ ਇਕੱਠੇ ਹੋ ਗਏ ਜੋ ਇਟਲੀ ਦੀ ਸੁਤੰਤਰਤਾ ਅਤੇ ਏਕਤਾ ਲਈ ਕੁਝ ਵੀ ਕਰਨ ਨੂੰ ਤਿਆਰ ਸਨ। ਉਸ ਨੇ ਇਨ੍ਹਾਂ ਨੌਜਵਾਨਾਂ ਨੂੰ ਸੈਨਿਕ ਸਿਖਲਾਈ ਦਿੱਤੀ ਅਤੇ ਥਾਂ-ਥਾਂ 'ਤੇ ਇਸ ਦੀਆਂ ਸ਼ਾਖਾਵਾਂ ਖੋਲ੍ਹੀਆਂ। ਇਨ੍ਹਾਂ ਨੌਜਵਾਨਾਂ ਨੇ ਇੱਕ ਅਜਿਹਾ ਵਾਤਾਵਰਨ ਪੈਦਾ ਕੀਤਾ ਕਿ ਪੂਰੇ ਇਟਲੀ 'ਚ ਰਾਸ਼ਟਰੀ ਸਵਾਧੀਨਤਾ ਲਈ ਇੱਕ ਜਬਰਦਸ਼ਤ ਜਨਮਤ ਤਿਆਰ ਹੋ ਗਿਆ। ਬੇਸ਼ੱਕ ਮੇਜਿਨੀ ਦੇ ਕੰਮਾਂ ਨਾਲ ਇਟਲੀ 'ਚ ਸੁਤੰਤਰਤਾ-ਸੰਗ੍ਰਾਮ ਇੱਕ ਨਵਾਂ ਯੁਗ ਸ਼ੁਰੂ ਹੋਇਆ ਸੀ। ਉਸ ਦੇ ਯਤਨਾਂ ਨਾਲ 1849 ਈ. 'ਚ ਰੋਮ 'ਚ ਇੱਕ ਗਣਤੰਤਰ ਦੀ ਸਥਾਪਨਾ ਹੋਈ। ਉਂਜ ਰੋਮ 'ਚ ਪੋਪ ਦਾ ਰਾਜ ਸੀ ਇਸ ਲਈ ਫਰਾਂਸ ਦੀਆਂ ਫੌਜਾਂ ਨੇ ਪੋਪ ਨੂੰ ਦੁਬਾਰਾ ਸੱਤਾਧਾਰੀ ਕਰ ਦਿੱਤਾ। ਇਸ ਨਾਲ ਮੇਜਿਨੀ ਨੂੰ ਕੋਈ ਨਿਰਾਸ਼ਾ ਨਹੀਂ ਹੋਈ।

ਨੋਟਸ 1830 ਈ. ਦੀ ਕ੍ਰਾਂਤੀ ਤੋਂ ਪਹਿਲਾਂ ਮੇਜਿਨੀ ਕਾਰਬੋਨਰੀ ਕਮੇਟੀ ਦਾ ਮੈਂਬਰ ਸੀ।

ਮੇਜਿਨੀ ਨੇ ਹੋਰ ਦੇਸ਼ਾਂ 'ਚ ਯਾਤਰਾ ਕਰਦੇ ਹੋਏ ਵੀ ਆਪਣੇ ਕਈ ਲੇਖਾਂ ਦੁਆਰਾ ਲੋਕਾਂ ਦੇ ਦਿਮਾਗ 'ਚ ਇਸ ਗੱਲ ਨੂੰ ਮਜ਼ਬੂਤ ਕਰ ਦਿੱਤਾ ਕਿ ਇਟਲੀ ਵਿਵਹਾਰਿਕ ਨਜ਼ਰੀਏ ਤੋਂ ਇੱਕ ਹੋ ਸਕਦਾ ਹੈ। ਯੰਗ ਇਟਲੀ ਜੇਕਰ ਇੱਕ ਤਰ੍ਹਾਂ ਦੀ ਗੁਪਤ ਸੰਸਥਾ ਸੀ ਅਤੇ ਉਸ ਨੂੰ ਸਰਕਾਰੀ ਮਨਜ਼ੂਰੀ ਪ੍ਰਦਾਨ ਨਹੀਂ ਸੀ। ਪਰੰਤੂ ਕਾਰਬੋਨਰੀ ਤੋਂ ਇਸ ਗੱਲ 'ਚ ਭਿੰਨ ਸੀ ਕਿ ਇਸ ਦੇ ਉਦੇਸ਼ ਅਤੇ ਪ੍ਰੋਗਰਾਮ ਬਿਲਕੁਲ ਸਪੱਸ਼ਟ ਸਨ।

ਅਸਲ 'ਚ ਇਹ ਮੇਜਿਨੀ ਹੀ ਸੀ ਜਿਸ ਨੇ ਇਟਲੀ ਦੇ ਏਕੀਕਰਨ ਦੀ ਆਧਾਰਸ਼ਿਲਾ ਰੱਖੀ ਅਤੇ ਲੋਕਾਂ 'ਚ ਬਲੀਦਾਨ ਦੇ ਵਿਚਾਰ ਪੈਦਾ ਕੀਤੇ। ਮੇਜਿਨੀ ਦਾ ਮੁਲਾਂਕਣ ਕਰਦੇ ਹੋਏ ਸਾਊਥਗੇਟ ਨੇ ਲਿਖਿਆ ਹੈ ਕਿ-"ਇਹ ਮੇਜਿਨੀ ਹੀ ਸੀ, ਜਿਸ ਨੇ ਆਪਣੇ ਦੇਸ਼ਵਾਸੀਆ 'ਚ ਸੁਤੰਤਰਤਾ ਦੀ ਭਾਵਨਾ ਪੈਦਾ ਕੀਤੀ। ਭਾਵੇਂ ਇਹ ਕਾਵੂਰ ਵਾਂਗ ਸੈਨਾਨਾਇਕ ਅਤੇ ਰਾਜਨੀਤਿਕ ਨਹੀਂ ਪਰੰਤੂ ਉਹ ਇੱਕ ਕਵੀ, ਆਦਰਸ਼ਵਾਦੀ ਵਿਚਾਰਕ ਅਤੇ ਕ੍ਰਾਂਤੀ ਦਾ ਦੂਤ ਸੀ।"

5. **ਏਕੀਕਰਨ ਦੀ ਦਿਸ਼ਾ 'ਚ ਕੀਤੇ ਗਏ ਹੋਰ ਯਤਨ:** ਮੇਜਿਨੀ ਅਤੇ ਯੰਗ ਇਟਲੀ ਦੁਆਰਾ ਰਾਸ਼ਟਰੀ ਏਕਤਾ ਅਤੇ ਸੁਤੰਤਰਤਾ ਦੇ ਕਮਾਂ ਤੋਂ ਬਿਨਾਂ ਇਸ ਦਿਸ਼ਾ 'ਚ ਕੁਝ ਹੋਰ ਯਤਨ ਵੀ ਇਟਲੀ ਦੇ ਵੱਖ-ਵੱਖ ਖੇਤਰਾਂ 'ਚ ਚਲਦੇ ਰਹੇ। ਕੁਝ ਨਰਮਪੰਥੀ ਲੋਕ ਸਿਰਫ਼ ਆਰਥਿਕ ਤਰੱਕੀ ਅਤੇ ਸਿੱਖਿਆ ਦੇ ਪ੍ਰਸਾਰ ਦੁਆਰਾ ਇਟਲੀ ਦੇ ਏਕੀਕਰਨ ਦੇ ਟੀਚੇ ਤੱਕ ਪਹੁੰਚਣਾ ਚਾਹੁੰਦੇ ਸਨ। ਉਦਾਰ ਰਾਜਤੰਤਰਵਾਦੀ ਦੇਸ਼ ਭਗਤ, ਪੀਡਮਾਂਟ ਦੇ ਰਾਜਘਰਾਣੇ, ਸੇਵੋਏ (Savoy) ਰਾਜਵੰਸ਼ ਦੇ ਅਧੀਨ ਸੰਵਿਧਾਨਿਕ ਰਾਜਤੰਤਰ ਦੀ ਸਥਾਪਨਾ ਪੂਰੇ ਇਟਲੀ 'ਚ ਕਰਨਾ ਚਾਹੁੰਦੇ ਸਨ। ਇਸ ਸਮੇਂ **ਚਾਰਲਸ ਐਲਬਰਟ ਪੀਡਮਾਂਟ** ਦਾ ਸ਼ਾਸਨ ਸੀ, ਜੋ ਪਹਿਲਾਂ ਪ੍ਰਤਕਿਰਿਆਵਾਦੀ ਸੀ, ਪਰੰਤੂ ਨਵੇਂ ਯੁਗ ਦੀ ਅਵਾਜ਼ ਪਹਿਚਾਣ ਕੇ ਉਹ ਉਦਾਰਵਾਦੀ ਰਾਜਤੰਤਰ ਦਾ ਸਮਰਥਕ ਬਣ ਚੁੱਕਿਆ ਸੀ। ਉਸ ਨੇ ਆਪਣੇ ਰਾਜ 'ਚ ਕਈ ਆਰਥਿਕ ਅਤੇ ਸੈਨਿਕ ਸੁਧਾਰ ਵੀ ਲਾਗੂ ਕੀਤੇ ਸਨ। ਚਾਰਲਸ ਐਲਬਰਟ ਖੁਦ ਇਟਾਲੀਅਨ ਏਕਤਾ ਦਾ ਇੱਕ ਵੱਡਾ ਸਮਰਥਕ ਸੀ ਅਤੇ ਹੁਣ ਰਾਸ਼ਟਰੀ ਸੰਗ੍ਰਾਮ ਦਾ ਵੱਡਾ ਨੇਤਾ ਬਣਨਾ ਚਾਹੁੰਦਾ ਸੀ। ਉਸ ਨੇ ਇਹ ਐਲਾਨ ਕੀਤਾ-"ਜਦੋਂ ਸਮਾਂ ਆਵੇਗਾ ਉਦੋਂ ਮੇਰਾ ਜੀਵਨ, ਪੈਸਾ, ਮੇਰਾ ਸਭ ਕੁਝ ਇਟਲੀ ਦੀ ਵੇਦੀ 'ਤੇ ਬਲੀਦਾਨ ਕੀਤਾ ਜਾਵੇਗਾ।" ਚਾਰਲਸ ਐਲਬਰਟ ਨੇ ਪੀਡਮਾਂਡ ਰਾਜ 'ਚ ਕਈ ਸੁਧਾਰਾਂ ਦੁਆਰਾ ਇਸ ਗੱਲ ਦਾ ਸਬੂਤ ਦਿੱਤਾ ਕਿ ਉਹ ਸੱਚਾ ਰਾਸ਼ਟਰਵਾਦੀ ਅਤੇ ਉਦਾਰ ਸੰਵਿਧਾਨਿਕ ਸ਼ਾਸਕ ਹੈ।

**ਪੋਪ ਦੀ ਉਦਾਰਵਾਦੀ ਨੀਤੀ:** ਕੈਥੋਲਿਕਾਂ ਦੇ ਸਰਵਉੱਚ ਧਰਮ ਅਧਿਕਾਰੀ ਪੋਪ ਗ੍ਰੇਗਰੀ ਦਾ ਦੇਹਾਂਤ 1846 ਈ. 'ਚ ਹੋ ਗਿਆ। ਨਵਾਂ **ਪੋਪ ਪਾਇਸ ਨਵਮ** ਦਿਆਲੂ ਅਤੇ ਉਦਾਰ ਪ੍ਰਵਿਰਤੀ ਦਾ ਸੀ। ਉਹ ਆਸਟਰੀਆ ਵਿਰੋਧੀ ਅਤੇ

ਨੋਟ

ਸੁਤੰਤਰਤਾ ਦਾ ਸਮਰਥਕ ਸੀ। ਪੋਪ ਬਣਦੇ ਹੀ ਉਸ ਨੇ ਸਾਰੇ ਰਾਜਨੀਤਿਕ ਬੰਦੀਆਂ ਨੂੰ ਮੁਕਤ ਕਰ ਦਿੱਤਾ ਅਤੇ ਉਦਾਰਵਾਦੀ ਨੀਤੀ ਦੇ ਅੰਤਰਗਤ ਆਪਣੀ ਰਿਆਸਤ 'ਚ ਕਈ ਸੁਧਾਰ ਲਾਗੂ ਕੀਤੇ। ਪੋਪ ਦੇ ਇਨ੍ਹਾਂ ਸੁਧਾਰਾਂ ਅਤੇ ਕੰਮਾਂ ਤੋਂ ਦੇਸ਼ਭਗਤ ਸੁਤੰਤਰਤਾ ਸੈਨਿਕਾਂ ਦੇ ਮਨੋਬਲ 'ਚ ਵਾਧਾ ਹੋਇਆ। ਇਸ ਸਮੇਂ ਤੱਕ ਮੇਟਰਨਿਖ ਹੀ ਆਸਟਰੀਆ ਦੀ ਚਾਂਸਲਰ (ਪ੍ਰਧਾਨਮੰਤਰੀ) ਸੀ। ਉਸ ਨੇ ਪੋਪ ਦੇ ਇਨ੍ਹਾਂ ਕੰਮਾਂ ਨੂੰ ਪਸੰਦ ਨਹੀਂ ਕੀਤਾ ਅਤੇ ਆਸਟਰੀਆ ਦੀ ਫੌਜ ਨੂੰ ਪੋਪ ਦੇ ਨਗਰ ਫੇਰਾਰਾ 'ਚ ਦਾਖ਼ਲ ਕਰਵਾ ਦਿੱਤਾ। ਮੇਟਰਨਿਖ ਦੇ ਇਸ ਕੰਮ ਨਾਲ ਯੂਰਪ ਭਰ ਦੇ ਕੈਥੋਲਿਕ ਨਾਖੁਸ਼ ਹੋ ਗਏ। ਇਸ ਲਈ ਮੇਟਰਨਿਖ ਨੂੰ ਆਪਣੀ ਫੌਜ ਵਾਪਸ ਬੁਲਾਉਣੀ ਪਈ। ਆਪਣੇ ਪਤਨ ਦੀ ਦਿਸ਼ਾ 'ਚ ਮੇਟਰਨਿਖ ਦੀ ਇਹ ਪਹਿਲੀ ਹਾਰ ਸੀ।

6. **1848 ਈ. ਦੀ ਕ੍ਰਾਂਤੀ ਦਾ ਪ੍ਰਭਾਵ:** ਪ੍ਰਤੀਕਿਰਿਆਵਾਦ ਦੇ ਵਿਰੁੱਧ ਯੂਰਪ 'ਚ ਪਹਿਲੀ ਕ੍ਰਾਂਤੀ 1830 ਈ. 'ਚ ਹੋਈ ਸੀ, ਦੂਜੀ ਕ੍ਰਾਂਤੀ 1848 ਈ. 'ਚ ਫਰਾਂਸ ਤੋਂ ਸ਼ੁਰੂ ਹੋ ਕੇ ਯੂਰਪ ਦੇ ਕਈ ਦੇਸ਼ਾਂ 'ਚ ਹੋਈ। ਇਸ ਦਾ ਪ੍ਰਭਾਵ ਇਟਲੀ 'ਤੇ ਵੀ ਪੈਣਾ ਸੁਭਾਵਿਕ ਹੀ ਸੀ। ਇਸ ਸਾਲ ਸਭ ਤੋਂ ਪਹਿਲਾਂ ਸਿਸਲੀ ਦੇ ਲੋਕਾਂ ਨੇ ਵਿਦਰੋਹ ਕੀਤਾ। ਵਿਦਰੋਹੀ ਲੋਕ ਚਾਹੁੰਦੇ ਸਨ ਕਿ ਸਿਸਲੀ ਦੀ ਸ਼ਾਸਨ-ਪ੍ਰਣਾਲੀ 'ਚ ਸੁਧਾਰ ਕੀਤੇ ਜਾਵੇ ਅਤੇ ਲੋਕਾਂ ਨੂੰ ਰਾਜਨੀਤਿਕ ਅਧਿਕਾਰ ਪ੍ਰਾਪਤ ਹੋ ਸਕਣ। ਇੱਥੋਂ ਦੇ ਰਾਜਾ ਨੇ ਸ਼ੁਰੂ 'ਚ ਵਿਦਰੋਹ ਦਾ ਖਾਤਮਾ ਕਰਨ ਦਾ ਯਤਨ ਕੀਤਾ, ਪਰੰਤੂ ਅੰਤ 'ਚ ਉਸ ਨੂੰ ਹਾਰ ਸਵੀਕਾਰ ਕਰਨੀ ਪਈ ਅਤੇ ਸਿਸਲੀ 'ਚ ਵਿਧਾਨਿਕ ਰਾਜਤੰਤਰ ਦੀ ਸਥਾਪਨਾ ਹੋ ਗਈ। ਨੇਪਲਸ 'ਚ ਵੀ ਜਨਕ੍ਰਾਂਤੀ ਹੋ ਗਈ। ਇੱਥੋਂ ਦੇ ਸ਼ਾਸਕ ਫਰਡੀਨੇਂਡ ਦੂਜੇ ਨੂੰ ਉਦਾਰਵਾਦੀ ਸੰਵਿਧਾਨ ਸਵੀਕਾਰ ਕਰਨਾ ਪਿਆ। ਇਸ ਤੋਂ ਪਿੱਛੋਂ ਪੀਡਮਾਂਟ, ਟਸਕਨੀ ਅਤੇ ਪੋਪ ਦੇ ਰਾਜਿਆਂ 'ਚ ਵੀ ਸੰਵਿਧਾਨਿਕ ਸ਼ਾਸਨ ਦੀ ਮੰਗ ਵਧੀ ਅਤੇ ਮਾਰਚ 1848 ਈ. ਤੱਕ ਤਿੰਨੇ ਰਾਜਾਂ 'ਚ ਵੀ ਸੰਵਿਧਾਨਿਕ ਸ਼ਾਸਨ ਦੀ ਸਥਾਪਨਾ ਹੋ ਗਈ।

1848 ਈ. ਦੀ ਕ੍ਰਾਂਤੀ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਆਸਟਰੀਆ 'ਚ ਵੀ ਵਿਦਰੋਹ ਹੋ ਗਿਆ ਅਤੇ ਉੱਥੋਂ ਦੇ ਪ੍ਰਧਾਨ ਮੰਤਰੀ ਮੇਟਰਨਿਖ ਨੂੰ, ਜੋ ਪ੍ਰਤੀਕਿਰਿਆਵਾਦ ਦਾ ਮੁੱਖ ਸੰਚਾਲਕ ਸੀ, ਆਸਟਰੀਆ ਛੱਡ ਕੇ ਭੱਜ ਜਾਣਾ ਪਿਆ। ਇਸ ਨਾਲ ਇਟਲੀ ਦੇ ਲੋਕਾਂ 'ਚ ਨਵਾਂ ਜੋਸ਼ ਆ ਗਿਆ ਅਤੇ ਸਾਰੇ ਰਾਜਾਂ 'ਚ ਲੋਕਾਂ ਨੇ ਨਿਰੰਕੁਸ਼ ਰਾਜਤੰਤਰ ਅਤੇ ਆਸਟਰੀਆ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਖੁਸ਼ੀ ਮਨਾਉਣ ਲਈ ਵਿਦਰੋਹ ਕਰ ਦਿੱਤਾ। ਲੋਂਬਾਰਡੀ ਅਤੇ ਵੇਨੇਸ਼ੀਆ ਦੇ ਲੋਕਾਂ ਨੇ ਆਸਟਰੀਆ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਪੀਡਮਾਂਟ ਦੇ ਸ਼ਾਸਕ ਚਾਰਲਸ ਐਲਬਰਟ ਨੇ ਵੀ ਆਸਟਰੀਆ ਦੇ ਵਿਰੁੱਧ ਜੰਗ ਐਲਾਨ ਕਰ ਦਿੱਤੀ। ਹੁਣ ਇਟਲੀ ਦੇ ਸਾਰੇ ਲੋਕ ਆਸਟਰੀਆ ਦੇ ਨਾਲ ਅੰਤਿਮ ਫੈਸਲਾ ਕਰਨ ਲਈ ਉਤਾਵਲੇ ਹੋ ਰਹੇ ਸਨ। ਆਸਟਰੀਆ ਦੀ ਫੌਜ ਹਰ ਥਾਂ ਹਾਰਨ ਲੱਗੀ। ਅਜਿਹਾ ਪ੍ਰਤੀਤ ਹੋਣ ਲੱਗਿਆ ਕਿ ਆਸਟਰੀਆ ਦਾ ਪ੍ਰਭਾਵ ਇਟਲੀ ਤੋਂ ਮਿਟ ਜਾਵੇਗਾ। ਪਰੰਤੂ ਅੰਦੋਲਨਕਾਰੀਆਂ ਦੇ ਸਾਹਮਣੇ ਮੁੱਖ ਪ੍ਰਸ਼ਨ ਇਹ ਸੀ ਕਿ ਪੂਰੇ ਇਟਲੀ ਵੱਲੋਂ ਆਸਟਰੀਆ ਦੇ ਵਿਰੁੱਧ ਵਿਦਰੋਹ ਅਤੇ ਯੁੱਧ ਦੀ ਅਗਵਾਈ ਕੌਣ ਕਰੇ? ਪੀਡਮਾਂਟ ਦਾ ਸ਼ਾਸਕ ਚਾਰਲਸ ਐਲਬਰਟ ਖੁਦ ਅਗਵਾਈ ਕਰਨ ਲਈ ਉਤਸੁਕ ਸੀ। ਇੱਕ ਅਪੀਲ ਕੱਢੀ ਗਈ ਜਿਸ ਵਿੱਚ ਕਿਹਾ ਗਿਆ ਕਿ-" ਸਾਰਡੀਨੀਆ-ਪੀਡਮਾਂਟ ਦੇ ਰਾਜਵੰਸ਼ ਲਈ ਕਿਸਮਤ ਬਣਾਉਣ ਦਾ ਸਮਾਂ ਆ ਗਿਆ ਹੈ। ਸਾਰਿਆਂ ਦਾ ਸਿਰਫ਼ ਇੱਕ ਹੀ ਕਰਤਵ ਹੈ ਕਿ ਆਸਟਰੀਆ ਦੇ ਵਿਰੁੱਧ ਯੁੱਧ ਛੇੜ ਦਿਓ।" ਐਲਬਰਟ ਨੂੰ ਇਟਲੀ ਰਾਸ਼ਟਰ ਦਾ ਆਗੂ ਮੰਨ ਲਿਆ ਗਿਆ ਅਤੇ ਸਾਰੇ ਰਾਜਿਆਂ ਨੂੰ ਆਸਟਰੀਆ ਦੇ ਵਿਰੁੱਧ ਯੁੱਧ ਕਰਨ ਲਈ ਆਪਣਾ ਸੈਨਿਕ ਸਹਿਯੋਗ ਦੇਣਾ ਪਿਆ। ਸਾਰਾ ਇਟਲੀ ਪੀਡਮਾਂਟ ਦੀ ਅਗਵਾਈ 'ਚ ਇੱਕ ਝੰਡੇ ਦੇ ਹੇਠਾਂ ਸੰਘਰਸ਼ ਲਈ ਤਿਆਰ ਹੋ ਗਿਆ। ਲੋਕਾਂ 'ਚ ਇੰਨਾ ਜੋਸ਼ ਪੈਦਾ ਹੋਇਆ ਅਤੇ ਅਜਿਹਾ ਪ੍ਰਤੀਤ ਹੋਣ ਲੱਗਿਆ ਕਿ ਇਟਲੀ ਅਜ਼ਾਦ ਹੋ ਜਾਵੇਗਾ ਅਤੇ ਲੋਕਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ। ਇਟਲੀ ਦਾ ਇੱਕ ਰਾਸ਼ਟਰੀ ਸੰਗ੍ਰਾਮ ਇਸ ਸਮੇਂ ਆਪਣੇ ਉੱਚ ਬਿੰਦੂ 'ਤੇ ਪਹੁੰਚ ਗਿਆ ਸੀ। ਆਸਟਰੀਆ ਦੀ ਫੌਜ ਕਈ ਥਾਂ ਹਾਰਨ ਲੱਗੀ। ਇਟਲੀ ਦੇ ਇਤਿਹਾਸ 'ਚ ਰਾਸ਼ਟਰੀ ਪੱਧਰ ਦਾ ਇਹ ਪਹਿਲਾ ਯੁੱਧ ਸੀ ਜਿਸ ਵਿੱਚ ਇਟਲੀ ਦੇ ਹਰ ਹਿੱਸੇ ਦੇ ਸੈਨਿਕ ਹਿੱਸਾ ਲੈ ਰਹੇ ਸਨ। ਇਹ ਯੁੱਧ ਆਸਟਰੀਆ ਲਈ ਇੱਕ ਮੁਸ਼ਕਿਲ ਸੰਕਟ ਸੀ।

**ਅਸਫਲਤਾ:** ਪਰੰਤੂ ਇਟਲੀਵਾਸੀਆਂ ਦੀ ਕਿਸਮਤ 'ਚ ਅਜੇ ਅੱਗੇ ਹੋਰ ਸੰਘਰਸ਼ ਕਰਨਾ ਬਾਕੀ ਸੀ। ਇਟਲੀ ਦੇ ਰਾਜਿਆਂ 'ਚ ਆਪਣੇ ਭਵਿੱਖ ਦੇ ਪ੍ਰਤੀ ਚਿੰਤਾ ਪੈਦਾ ਹੋਈ। ਉਹ ਆਪਣੇ ਅਧਿਕਾਰਾਂ ਨੂੰ ਇੰਨੀ ਛੇਤੀ ਨਾਲ, ਲੋਕਾਂ ਦੇ ਵਿਦਰੋਹਾਂ ਦੇ ਦਬਾਅ ਨਾਲ ਛੱਡਣ ਲਈ ਦਿਲੋਂ ਤਿਆਰ ਨਹੀਂ ਸਨ। ਇਸ ਦੇ ਨਤੀਜੇ ਵਜੋਂ ਇਟਲੀ 'ਚ ਏਕਤਾ ਦੀ ਲਹਿਰ ਛੇਤੀ ਸਮਾਪਤ ਹੋ ਗਈ। ਪੋਪ ਸਭ ਤੋਂ ਪਹਿਲਾਂ ਪਿੱਛੇ ਹਟ ਗਿਆ। ਨੇਪਲਸ ਦੇ ਰਾਜਾ ਨੇ ਵੀ ਆਪਣੀਆਂ ਫੌਜਾਂ ਨੂੰ ਵਾਪਸ ਬੁਲਾ ਲਿਆ। ਟਸਕਨੀ ਨੇ ਵੀ ਸਹਾਇਤਾ ਦੇਣ ਤੋਂ ਨਾਂਹ ਕਰ ਦਿੱਤੀ। ਇਨ੍ਹਾਂ ਰਾਜਿਆਂ ਦੀ ਗੱਦਾਰੀ ਕਾਰਨ ਚਾਰਲਸ ਐਲਬਰਟ ਇਕੱਲਾ ਰਹਿ ਗਿਆ। ਉਸ ਨੂੰ ਆਸਟਰੀਆ ਤੋਂ ਹਾਰ ਕੇ ਆਤਮਸਮਰਪਣ ਕਰਨਾ ਪਿਆ। ਲੋਂਬਾਰਡੀ ਅਤੇ ਵੇਨੇਸ਼ੀਆ 'ਤੇ ਆਸਟਰੀਆ ਦਾ ਰਾਜ ਫਿਰ ਤੋਂ ਸਥਾਪਿਤ ਹੋ ਗਿਆ।

**ਰੋਮ 'ਚ ਕ੍ਰਾਂਤੀ ਅਤੇ ਰੋਮਨ ਗਣਰਾਜ-ਅਸਥਾਈ ਸਫ਼ਲਤਾ (1849 ਈ.):** 1848 ਈ. ਦੇ ਇਟਾਲੀਅਨ ਰਾਸ਼ਟਰੀ ਸੰਗ੍ਰਾਮ ਦੇ ਕਾਰਨ ਮੇਜਿਨੀ, ਜਿਸ ਨੂੰ ਕੈਦੀ ਵਾਲਾ ਜੀਵਨ ਬਤੀਤ ਕਰਨਾ ਪੈ ਰਿਹਾ ਸੀ, ਦੁਬਾਰਾ ਇਟਲੀ ਆ ਗਿਆ। ਉਸ ਨੇ ਦੇਖਿਆ ਕਿ ਚਾਰਲਸ ਐਲਬਰਟ ਦੀ ਅਗਵਾਈ 'ਚ ਇਟਲੀ 'ਚ ਸੰਵਿਧਾਨਿਕ ਰਾਜਤੰਤਰ ਦੀ ਯੋਜਨਾ ਅਸਫ਼ਲ ਹੋ ਗਈ ਹੈ। ਇਸ ਲਈ ਉਸ ਨੇ ਇਟਲੀ 'ਚ ਗਣਤੰਤਰੀ ਸ਼ਾਸਨ ਦੀ ਸਥਾਪਨਾ ਲਈ ਇਟਲੀ ਦੇ ਰਾਸ਼ਟਰੀ ਸੰਗ੍ਰਾਮ ਦੀ ਅਗਵਾਈ ਕੀਤੀ। ਉਸ ਨੇ ਕਿਹਾ-" ਚਾਰਲਸ ਐਲਬਰਟ ਕਮਜ਼ੋਰ ਨਿੱਕਲਿਆ ਅਤੇ ਪੋਪ ਪਾਇਸ ਅਸਥਿਰ ਸਿੱਧ ਹੋਇਆ। ਰਾਜਿਆਂ ਦੁਆਰਾ ਸੁਤੰਤਰਤਾ ਯੁੱਧ ਖ਼ਤਮ ਕੀਤਾ ਜਾ ਚੁੱਕਿਆ ਹੈ। ਹੁਣ ਸਰਵਸਾਧਾਰਨ ਦੁਆਰਾ ਸੁਤੰਤਰਤਾ ਯੁੱਧ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ।" ਫਰਵਰੀ, 1849 ਈ. 'ਚ ਮੇਜਿਨੀ ਦੀ ਅਗਵਾਈ 'ਚ ਪੋਪ ਦੀ ਰਾਜਧਾਨੀ ਰੋਮ 'ਚ ਵਿਦਰੋਹ ਹੋ ਗਿਆ ਅਤੇ ਪੋਪ ਰੋਮ ਛੱਡ ਕੇ ਭੱਜ ਗਿਆ। ਰੋਮ 'ਚ ਗਣਤੰਤਰ ਦੀ ਸਥਾਪਨਾ ਹੋ ਗਈ। ਫਲੋਰੇਂਸ ਅਤੇ ਟਸਕਨੀ 'ਚ ਵੀ ਇਸ ਤਰ੍ਹਾਂ

**ਨੋਟ**

ਦੇ ਗਣਤੰਤਰ ਸਥਾਪਿਤ ਹੋਏ। ਇਨ੍ਹਾਂ ਗਣਰਾਜਾਂ ਨੇ ਹੁਣ ਪੂਰੇ ਇਟਲੀ ਲਈ ਇੱਕ ਗਣਤੰਤਰੀ ਸੰਵਿਧਾਨ ਤਿਆਰ ਕਰਕੇ ਇਟਾਲੀਅਨ ਗਣਤੰਤਰ ਦੀ ਸਥਾਪਨਾ ਦੀ ਯੋਜਨਾ ਬਣਾਈ, ਪਰੰਤੂ ਗਣਤੰਤਰੀ ਪ੍ਰਵਿਰਤੀ ਦੇ ਜ਼ੋਰ ਫੜਨ ਕਾਰਨ ਚਾਰਲਸ ਐਲਬਰਟ ਡਰ ਗਿਆ। ਉਹ ਚਾਹੁੰਦਾ ਸੀ ਕਿ ਇੱਕ ਸੰਵਿਧਾਨਿਕ ਰਾਜਤੰਤਰ ਇਟਲੀ 'ਚ ਸਥਾਪਿਤ ਹੋਵੇ ਜਿਸ ਦੀ ਅਗਵਾਈ ਪੀਡਮਾਂਟ ਕਰੇ। ਉਸ ਨੇ ਆਸਟਰੀਆ ਦੇ ਨਾਲ ਹੋਈ ਸੰਧੀ ਨੂੰ ਭੰਗ ਕਰਕੇ ਦੁਬਾਰਾ ਯੁੱਧ ਕਰਨ ਦੀ ਯੋਜਨਾ ਬਣਾਈ। ਅਸਲ 'ਚ ਐਲਬਰਟ 'ਤੇ ਰਾਜਤੰਤਰਵਾਦੀਆਂ ਦਾ ਡੂੰਘਾ ਪ੍ਰਭਾਵ ਸੀ। ਉਸ ਨੇ ਦੁਬਾਰਾ ਆਸਟਰੀਆ ਵਿਰੁੱਧ ਯੁੱਧ ਛੇੜ ਦਿੱਤਾ। ਪਰੰਤੂ 23 ਮਾਰਚ, 1849 ਨੂੰ ਆਸਟਰੀਆ ਦੀ ਫੌਜ ਨੇ ਪੀਡਮਾਂਟ ਦੀ ਫੌਜ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਇਸ ਹਾਰ ਤੋਂ ਬਾਅਦ ਐਲਬਰਟ ਨੇ ਆਪਣੇ ਪੁੱਤਰ ਵਿਕਟਰ ਈਮਨਿਊਅਲ ਦੇ ਪੱਖ 'ਚ ਸਿੰਘਾਸਨ ਤਿਆਗ ਦਿੱਤਾ। ਹੁਣ ਇਟਲੀ ਦੇ ਸੁਤੰਤਰਤਾ ਸੰਗ੍ਰਾਮ ਨੇ ਇੱਕ ਨਵੇਂ ਯੁੱਗ 'ਚ ਪ੍ਰਵੇਸ਼ ਕੀਤਾ।

ਪਰੰਤੂ ਨਿਰਾਸ਼ਾ ਦੇ ਇਸ ਬੱਦਲ 'ਚ ਵੀ ਆਸਾ ਦੀ ਕਿਰਨ ਮੌਜੂਦ ਸੀ। ਚਾਰਲਸ ਐਲਬਰਟ ਦਾ ਉੱਤਰਾ ਅਧਿਕਾਰੀ ਅਤੇ ਪੁੱਤਰ ਵਿਕਟਰ ਈਮੇਨਿਊਅਲ (Victor Emmanuel) ਇੱਕ ਇਮਾਨਦਾਰ ਰਾਜਾ, ਦੂਰਦਰਸ਼ੀ ਰਾਜਨੀਤਿਕ ਅਤੇ ਸੱਚਾ ਦੇਸ਼ਭਗਤ ਸੀ। ਉਹ ਇਟਲੀ ਦੇ ਉਧਾਰ ਲਈ ਸੰਕਲਪਬੱਧ ਸੀ ਅਤੇ ਪੂਰੀ ਨਿਸ਼ਠਾ ਨਾਲ ਇਸ ਦਿਸ਼ਾ 'ਚ ਕਾਰਜ ਕਰਨ ਨੂੰ ਕਾਹਲਾ ਸੀ। ਇਟਲੀ ਦੀ ਜਨਤਾ ਨੇ ਵੀ ਸਮਝ ਲਿਆ ਸੀ ਕਿ ਇਟਲੀ ਦੇ ਏਕੀਕਰਨ ਅਤੇ ਆਸਟਰੀਆ ਤੋਂ ਉਸ ਦੀ ਸੁਤੰਤਰਤਾ ਦਾ ਸੰਘਰਸ਼ਪੂਰਨ ਕੰਮ ਪੀਡਮਾਂਟ-ਸਾਰਡੀਨੀਆ ਦੇ ਰਾਜਾ ਦੀ ਅਗਵਾਈ 'ਚ ਹੀ ਸੰਭਵ ਹੈ। ਪੀਡਮਾਂਟ-ਸਾਰਡੀਨੀਆ ਦੇ ਰਾਜਾ ਦੇ ਪ੍ਰਤੀ ਲੋਕਾਂ ਨੂੰ ਪੂਰਨ ਵਿਸ਼ਵਾਸ ਵੀ ਸੀ ਕਿਉਂਕਿ ਵਿਕਟਰ ਈਮੇਨਿਊਅਲ ਆਪਣੇ ਵਿਸ਼ੇਸ਼ ਗੁਣਾਂ ਦੇ ਕਾਰਨ ਆਮ ਜਨਤਾ 'ਚ ਹਰਮਨਪਿਆਰਾ ਸੀ। ਚੰਗੀ ਕਿਸਮਤ ਨਾਲ ਕੁਝ ਸਮੇਂ ਬਾਅਦ 1852ਈ. 'ਚ ਸਾਰਡੀਨੀਆ ਨੂੰ ਕਾਵੂਰ ਵਰਗਾ ਯੋਗ ਪ੍ਰਧਾਨ ਮੰਤਰੀ ਮਿਲ ਗਿਆ। ਯੋਗ ਰਾਜਾ ਅਤੇ ਚਲਾਕ ਪ੍ਰਧਾਨ ਮੰਤਰੀ (ਕਾਵੂਰ) ਦੀ ਅਗਵਾਈ 'ਚ ਇਟਲੀ ਦੇ ਏਕੀਕਰਨ ਦੇ ਸੰਘਰਸ਼ ਨੇ ਇੱਕ ਨਵੇਂ ਯੁਗ 'ਚ ਪ੍ਰਵੇਸ਼ ਕੀਤਾ।

7. **ਏਕੀਕਰਨ ਦਾ ਦੂਜਾ ਗੇੜ- ਕਾਵੂਰ (Camillo de cavour) ਦੇ ਕੰਮ:** ਕਾਊਂਟ ਕੇਮਿਲੋ-ਡੀ-ਕਾਵੂਰ ਨੇ ਇੱਕ ਕੁਲੀਨ ਪਰਿਵਾਰ 'ਚ ਜਨਮ ਲੈ ਕੇ ਉੱਚ ਸੈਨਿਕ ਸਿੱਖਿਆ ਪ੍ਰਾਪਤ ਕੀਤੀ ਸੀ। ਉਹ ਉਦਾਰ ਵਿਚਾਰਾਂ ਦਾ ਵਿਅਕਤੀ ਸੀ। ਉਸ ਨੇ ਕਈ ਵਾਰ ਫਰਾਂਸ ਅਤੇ ਇੰਗਲੈਂਡ ਦੀ ਯਾਤਰਾ ਕੀਤੀ ਸੀ ਅਤੇ ਇਸ ਕਾਰਨ ਉਹ ਉੱਥੋਂ ਦੀ ਸੰਵਿਧਾਨਿਕ ਸ਼ਾਸਨ -ਵਿਵਸਥਾ ਅਤੇ ਲੋਕਤੰਤਰੀ ਵਿਚਾਰ ਧਾਰਾ ਤੋਂ ਬਹੁਤ ਪ੍ਰਭਾਵਿਤ ਸੀ। ਉਹ ਇਟਲੀ ਦੇ ਏਕੀਕਰਨ ਦਾ ਸਮਰਥਕ ਸੀ। 1848 ਈ. 'ਚ ਉਸ ਨੇ ਆਪਣਾ ਰਾਜਨੀਤਿਕ ਜੀਵਨ ਸ਼ੁਰੂ ਕੀਤਾ। ਸਾਰਡੀਨੀਆ-ਪੀਡਮਾਂਟ ਦੀ ਸੰਯੁਕਤ ਸੰਸਦ ਦਾ ਮੈਂਬਰ ਚੁਣੇ ਜਾਣ ਤੋਂ ਬਾਅਦ ਆਪਣੇ ਗੁਣਾਂ ਦੇ ਕਾਰਨ ਉਹ 1852 ਈ. 'ਚ ਸਾਰਡੀਨੀਆ ਦਾ ਪ੍ਰਧਾਨ ਮੰਤਰੀ ਨਿਯੁਕਤ ਹੋਇਆ।

ਇਟਲੀ ਦੇ ਏਕੀਕਰਨ ਦਾ ਟੀਚਾ ਪ੍ਰਾਪਤ ਕਰਨ ਬਾਰੇ ਕਾਵੂਰ ਦੇ ਸਪੱਸ਼ਟ ਵਿਚਾਰ ਸਨ। ਉਸ ਦਾ ਮਤ ਸੀ ਕਿ ਸਿਰਫ਼ ਪੀਡਮਾਂਟ-ਸਾਰਡੀਨੀਆ ਦੀ ਅਗਵਾਈ 'ਚ ਹੀ ਏਕੀਕਰਨ ਕੀਤਾ ਜਾਣਾ ਸੰਭਵ ਹੈ ਅਤੇ ਇਸ ਦੇ ਲਈ ਇਟਲੀ ਦੀ ਆਰਥਿਕ ਅਤੇ ਸੈਨਿਕ ਤਰੱਕੀ ਜ਼ਰੂਰੀ ਹੈ। ਉਸ ਦਾ ਇਹ ਵੀ ਸਪੱਸ਼ਟ ਮਤ ਸੀ ਕਿ ਏਕੀਕਰਨ ਦੇ ਰਸਤੇ 'ਚ ਸਭ ਤੋਂ ਵੱਡੀ ਰੁਕਾਵਟ ਆਸਟਰੀਆ ਹੈ ਅਤੇ ਕਿਸੇ ਵਿਦੇਸ਼ੀ ਸਹਾਇਤਾ ਤੋਂ ਬਿਨਾ ਆਸਟਰੀਆ ਨੂੰ ਹਰਾਉਣਾ ਸੰਭਵ ਨਹੀਂ ਹੈ। ਇਸ ਤਰ੍ਹਾਂ ਆਪਣੇ ਸਪੱਸ਼ਟ ਅਤੇ ਸੁਲਝੇ ਹੋਏ ਵਿਚਾਰਾਂ ਅਤੇ ਰਾਜਾ ਵਿਕਟਰ ਈਮੇਨਿਊਅਲ ਦੇ ਸਰਗਰਮ ਸਹਿਯੋਗ ਦੇ ਆਧਾਰ 'ਤੇ ਕਾਵੂਰ ਨੇ ਇਟਲੀ ਦੇ ਏਕੀਕਰਨ ਲਈ ਆਪਣਾ ਰਸਤਾ ਨਿਸ਼ਚਿਤ ਕਰ ਲਿਆ।

**ਕਾਵੂਰ ਦੇ ਆਰਥਿਕ ਅਤੇ ਸੈਨਿਕ ਸੁਧਾਰ:** ਕਾਵੂਰ ਸਾਰਡੀਨੀਆ ਦੇ ਵਿੱਤ ਅਤੇ ਉਦਯੋਗ ਮੰਤਰੀ ਦੇ ਰੂਪ 'ਚ ਕੰਮ ਕਰ ਚੁੱਕਾ ਸੀ ਇਸ ਲਈ ਉਹ ਇਸ ਤੱਥ ਤੋਂ ਜਾਣੂੰ ਸੀ ਕਿ ਇਟਲੀ ਆਰਥਿਕ ਅਤੇ ਉਦਯੋਗਿਕ ਨਜ਼ਰੀਏ ਤੋਂ ਬਹੁਤ ਪਿੱਛੜਿਆ ਹੋਇਆ ਦੇਸ਼ ਹੈ। ਆਪਣੀ ਫਰਾਂਸ ਅਤੇ ਬ੍ਰਿਟੇਨ ਦੀ ਯਾਤਰਾ ਦੌਰਾਨ ਉਹ ਇਸ ਗੱਲ ਨੂੰ ਸਮਝ ਚੁੱਕਾ ਸੀ ਕਿ ਰੇਲ ਮਾਰਗਾਂ, ਸੜਕਾਂ, ਕਲ-ਕਾਰਖਾਨਿਆਂ ਅਤੇ ਉੱਨਤ ਵਪਾਰ ਤੋਂ ਬਿਨਾਂ ਇਟਲੀ ਦੀ ਆਰਥਿਕ ਉੱਨਤੀ ਸੰਭਵ ਨਹੀਂ ਹੈ। ਆਖ਼ਰ ਸਭ ਤੋਂ ਪਹਿਲਾਂ ਕਾਵੂਰ ਨੇ ਮੁਕਤ ਵਪਾਰ ਦੀ ਨੀਤੀ ਨੂੰ ਅਪਣਾ ਕੇ ਵਿਦੇਸ਼-ਵਪਾਰ ਨੂੰ ਉਤਸ਼ਾਹਿਤ ਕੀਤਾ। ਉਸ ਨੇ ਆਵਾਜਾਈ ਦੇ ਸਾਧਨਾਂ 'ਚ ਸੁਧਾਰ, ਬੈਂਕਾਂ ਦੀ ਸਥਾਪਨਾ, ਸਹਿਕਾਰੀ ਕਮੇਟੀਆਂ ਦੀ ਸਥਾਪਨਾ ਅਤੇ ਖੇਤੀਬਾੜੀ ਦੀ ਉੱਨਤੀ ਦੀ ਦਿਸ਼ਾ 'ਚ ਕਈ ਸੁਧਾਰ ਕੀਤੇ। ਉਸ ਨੇ ਚਰਚਾਂ ਦੀ ਜਾਇਦਾਦ 'ਚ ਦਖਲ ਦੇਕੇ ਚਰਚ ਦੀ ਜ਼ਮੀਨ 'ਤੇ ਟੈਕਸ ਲਾ ਦਿੱਤਾ। ਉਸ ਦਾ ਮਤ ਸੀ ਕਿ ਕੈਥੋਲਿਕ ਈਸਾਈ ਧਰਮ ਸ਼ਰਧਾਲੂ ਇਟਲੀ ਦੇ ਏਕੀਕਰਨ ਦੇ ਵਿਰੋਧੀ ਹਨ, ਇਸ ਲਈ ਚਰਚ ਦੇ ਵਿਸ਼ੇਸ਼ ਅਧਿਕਾਰ ਸਮਾਪਤ ਕਰਨਾ ਜ਼ਰੂਰੀ ਹੈ। ਆਰਥਿਕ ਸੁਧਾਰਾਂ ਤੋਂ ਅਲਾਵੇ ਕਾਵੂਰ ਨੇ ਪੀਡਮਾਂਟ-ਸਾਰਡੀਨੀਆ ਦੀ ਫੌਜ 'ਚ ਵੀ ਮਹੱਤਵਪੂਰਨ ਸੁਧਾਰ ਕੀਤੇ। ਜਰਨਲ ਲਾਮਾਰਮੋਰਾ ਨੂੰ ਉਸ ਨੇ ਫੌਜ ਦਾ ਪ੍ਰਧਾਨ ਨਿਯੁਕਤ ਕੀਤਾ ਅਤੇ ਉਸ ਦੇ ਕੰਟਰੋਲ 'ਚ 90 ਹਜ਼ਾਰ ਸੈਨਿਕਾਂ ਦੀ ਇੱਕ ਟਰੇਂਡ ਫੌਜ ਤਿਆਰ ਕੀਤੀ। ਇਸ ਤਰ੍ਹਾਂ ਕਾਵੂਰ ਨੇ ਪੀਡਮਾਂਟ ਵਰਗੇ ਛੋਟੇ ਅਤੇ ਗਰੀਬ ਰਾਜ ਨੂੰ ਆਪਣੇ ਕੰਮਾਂ 'ਚ ਮਜ਼ਬੂਤ, ਖੁਸ਼ਹਾਲ ਅਤੇ ਇੱਕ ਆਦਰਸ਼ ਰਾਜ 'ਚ ਬਦਲ ਦਿੱਤਾ। ਸੰਖੇਪ 'ਚ, ਕਾਵੂਰ ਦੀ ਗ੍ਰਹਿਨੀਤੀ ਬਹੁਤ ਸਫ਼ਲ ਰਹੀ। ਇਸ ਯੋਗਤਾ ਦੇ ਆਧਾਰ 'ਤੇ ਉਸ ਨੇ ਆਪਣੀ ਵਿਦੇਸ਼ੀ ਨੀਤੀ ਦਾ ਨਿਰਧਾਰਨ ਕੀਤਾ।

ਕੀ ਤੁਸੀ ਜਾਣਦੇ ਹੋ? ਸੰਨ 1830 'ਚ ਯੂਰਪ ਦੇ ਕਈ ਦੇਸ਼ਾਂ 'ਚ ਪ੍ਰਤੀਕਿਰਿਆਵਾਦ ਦੇ ਵਿਰੁੱਧ ਕ੍ਰਾਂਤੀ ਹੋਈ।

ਨੋਟ

**ਕਾਵੂਰ ਦੀ ਵਿਦੇਸ਼ ਨੀਤੀ ਦੇ ਉਦੇਸ਼:** ਇਟਲੀ ਦੇ ਏਕੀਕਰਨ ਲਈ ਆਸਟਰੀਆ ਦੇ ਰਾਜ ਤੋਂ ਮੁਕਤ ਹੋਣਾ ਅਤੇ ਪੀਡਮਾਂਟ ਦੇ ਸ਼ਾਸਕ ਦੀ ਪ੍ਰਧਾਨਗੀ 'ਚ ਉਸ ਨੂੰ ਸੰਗਠਿਤ ਕਰਨਾ, ਕਾਵੂਰ ਦੀ ਵਿਦੇਸ਼ ਨੀਤੀ ਦਾ ਮੁੱਖ ਉਦੇਸ਼ ਸੀ। ਉਹ ਮੇਜਿਨੀ ਨਾਲ ਇਸ ਗੱਲ 'ਚ ਅਸਹਿਮਤ ਸੀ ਕਿ ਇਕੱਲਾ ਇਟਲੀ ਆਪਣੇ ਦਮ 'ਤੇ ਏਕੀਕਰਨ ਦੇ ਉਦੇਸ਼ 'ਚ ਸਫ਼ਲ ਹੋ ਸਕਦਾ ਹੈ। ਉਸ ਦਾ ਮਤ ਸੀ ਕਿ ਆਸਟਰੀਆ ਦੇ ਰਾਜ ਤੋਂ ਮੁਕਤੀ ਦਾ ਮਾਰਗ ਉਸ ਨਾਲ ਯੁੱਧ ਕਰਨਾ ਹੈ ਪਰ ਕਿਸੇ ਬਾਹਰੀ ਦੇਸ਼ ਦੀ ਸਹਾਇਤਾ ਤੋਂ ਬਿਨਾਂ ਆਸਟਰੀਆ ਨੂੰ ਹਰਾਇਆ ਨਹੀਂ ਜਾ ਸਕਦਾ। ਅਜਿਹਾ ਦੇਸ਼ ਉਸ ਦੀ ਨਜ਼ਰ 'ਚ ਫਰਾਂਸ ਹੀ ਸੀ। ਇੰਗਲੈਂਡ ਦੀ ਹਮਦਰਦੀ ਵੀ ਇਟਲੀ ਵਾਸੀਆਂ ਪ੍ਰਤੀ ਸੀ, ਪਰੰਤੂ ਇੰਗਲੈਂਡ ਤੋਂ ਸਰਗਰਮ ਸੈਨਿਕ ਸਹਾਇਤਾ ਪ੍ਰਾਪਤ ਹੋਣ ਦੀ ਉਮੀਦ ਨਹੀਂ ਸੀ। ਆਖ਼ਰ ਕਾਵੂਰ ਨੇ ਵਿਸ਼ੁੱਧ ਯਥਾਰਥਵਾਦੀ ਨੀਤੀ ਦੀ ਨਕਲ ਕਰਦੇ ਹੋਏ ਫਰਾਂਸ ਦੀ ਸੈਨਿਕ ਸਹਾਇਤਾ ਨਾਲ ਆਸਟਰੀਆ ਨੂੰ ਹਰਾਉਣ ਦਾ ਨਿਸ਼ਚਾ ਕੀਤਾ। ਇੱਕ ਮੌਕੇ 'ਤੇ ਉਸ ਨੇ ਕਿਹਾ ਸੀ–**"ਸਾਡੀ ਕਿਸਮਤ ਫਰਾਂਸ 'ਤੇ ਨਿਰਭਰ ਹੈ।"**

1815 ਈ. 'ਚ ਇਟਲੀ ਦੀ ਸਮੱਸਿਆ ਨੂੰ ਯੂਰਪ ਦੇ ਰਾਜਨੀਤਿਵਾਨ ਆਸਟਰੀਆ ਦੀ ਇੱਕ ਘਰੇਲੂ ਸਮੱਸਿਆ ਸਮਝਦੇ ਸਨ। ਕਾਵੂਰ ਨੇ ਉਸ ਨੂੰ ਇੱਕ ਅੰਤਰਰਾਸ਼ਟਰੀ ਪ੍ਰਸ਼ਨ ਬਣਾ ਦਿੱਤਾ। ਉਸ ਨੇ ਇਟਲੀ ਦੇ ਏਕੀਕਰਨ ਦੇ ਪੱਖ 'ਚ ਯੂਰਪੀ ਦੇਸ਼ਾਂ ਦੀ ਹਮਦਰਦੀ ਪ੍ਰਾਪਤ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ। ਇਹ ਕੰਮ ਉਸ ਨੇ ਕ੍ਰੀਮੀਆ ਯੁੱਧ ਦੇ ਦੁਆਰਾ ਕੀਤਾ।

**ਕ੍ਰੀਮੀਆ ਯੁੱਧ–ਕਾਵੂਰ ਦੁਆਰਾ ਫਰਾਂਸ ਅਤੇ ਇੰਗਲੈਂਡ ਦੀ ਸਹਾਇਤਾ:** ਯਥਾਰਥਵਾਦੀ ਰਾਜਨੀਤਿਕ ਕਾਵੂਰ ਅਜਿਹੇ ਮੌਕੇ ਦੀ ਭਾਲ 'ਚ ਸੀ, ਜਦੋਂ ਉਸ ਨੂੰ ਫਰਾਂਯ ਦੀ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੋ ਸਕੇ। ਕ੍ਰੀਮੀਆ ਦੇ ਯੁੱਧ ਨੇ ਕਾਵੂਰ ਨੂੰ ਅਜਿਹਾ ਮੌਕਾ ਦੇ ਦਿੱਤਾ। ਪੂਰਬੀ ਸਮੱਸਿਆ ਦੇ ਉਲਝ ਜਾਣ ਕਾਰਨ ਇੰਗਲੈਂਡ ਅਤੇ ਫਰਾਂਸ ਨੂੰ ਮਿਲ ਕੇ ਕ੍ਰੀਮੀਆ ਨਾਮ ਦੇ ਸਥਾਨ 'ਤੇ ਰੂਸ ਦੇ ਵਿਰੁੱਧ ਯੁੱਧ ਕਰਨਾ ਪਿਆ। ਕ੍ਰੀਮੀਆ ਯੁੱਧ ਕਾਲਾ-ਸਾਗਰ ਦੇ ਤਟ 'ਤੇ 1854 ਈ. 'ਚ ਸ਼ੁਰੂ ਹੋਇਆ ਸੀ। ਜਨਵਰੀ, 1854 'ਚ ਕਾਵੂਰ ਨੇ ਪੀਡਮਾਂਟ ਦੇ ਚੁਣੇ ਗਏ 18,000 ਸੈਨਿਕਾਂ ਦੀ ਫੌਜ ਕ੍ਰੀਮੀਆ ਪਹੁੰਚਾ ਦਿੱਤੀ। ਇਟਲੀ ਦੇ ਕੁਝ ਉਦਾਰਵਾਦੀਆਂ ਨੇ ਕਾਵੂਰ ਦੀ ਇਸ ਨੀਤੀ ਦਾ ਵਿਰੋਧ ਵੀ ਕੀਤਾ ਸੀ, ਪਰ ਵਿਕਟਰ ਈਮੇਨਿਊਅਲ ਨੇ ਕਾਵੂਰ ਦੀ ਇਸ ਨੀਤੀ ਦਾ ਸਮਰਥਨ ਕੀਤਾ। ਕਾਵੂਰ ਦੀ ਇਸ ਸਹਾਇਤਾ ਨਾਲ ਫਰਾਂਸ ਅਤੇ ਇੰਗਲੈਂਡ ਖੁਸ਼ ਹੋਏ। ਇਸ ਸਹਾਇਤਾ ਲਈ ਕਾਵੂਰ ਨੇ ਕਿਸੇ ਤਰ੍ਹਾਂ ਦੀ ਕੋਈ ਪਹਿਲਾਂ ਸ਼ਰਤ ਨਹੀਂ ਰੱਖੀ ਸੀ।

ਪੂਰਬੀ ਸਮੱਸਿਆ 'ਚ ਇਟਲੀ ਦਾ ਕੋਈ ਹਿਤ ਜਾਂ ਇਰਾਦਾ ਨਾ ਹੁੰਦੇ ਹੋਏ ਵੀ ਕਾਵੂਰ ਕ੍ਰੀਮੀਆ ਦੇ ਯੁੱਧ 'ਚ ਕਿਉਂ ਸ਼ਾਮਲ ਹੋਇਆ ? ਇਸ ਪ੍ਰਸ਼ਨ ਦਾ ਉੱਤਰ ਕਾਵੂਰ ਦੀ ਦੂਰਦਰਸ਼ੀ ਨੀਤੀ 'ਚ ਸ਼ਾਮਲ ਹੈ। ਕਾਵੂਰ ਇੰਗਲੈਂਡ ਅਤੇ ਫਰਾਂਸ ਵਰਗੇ ਵੱਡੇ ਦੇਸ਼ਾਂ ਨੂੰ ਸਹਿਯੋਗ ਦੇ ਕੇ ਇਟਲੀ ਦੇ ਏਕੀਕਰਨ 'ਚ ਉਨ੍ਹਾਂ ਦਾ ਸਮਰਥਨ ਅਤੇ ਸਹਿਯੋਗ ਚਾਹੁੰਦਾ ਸੀ। ਉਸ ਨੂੰ ਪੱਕਾ ਵਿਸ਼ਵਾਸ ਸੀ ਕਿ ਕ੍ਰੀਮੀਆ ਯੁੱਧ 'ਚ ਇਟਾਲੀਅਨ ਸੈਨਿਕਾਂ ਦੇ ਬਲੀਦਾਨ ਦਾ ਲਾਭ ਉਸ ਨੂੰ ਅੱਗੇ ਚੱਲ ਕੇ ਮਿਲੇਗਾ। ਉਸ ਦਾ ਅਨੁਮਾਨ ਸਹੀ ਸੀ। ਕ੍ਰੀਮੀਆ ਯੁੱਧ ਦੀ ਸਮਾਪਤੀ ਤੋਂ ਬਾਅਦ ਪੂਰਬੀ ਸਮੱਸਿਆ ਦੇ ਸਵਾਲ 'ਤੇ ਜਦੋਂ ਪੈਰਿਸ 'ਚ ਸੰਮੇਲਨ ਹੋਇਆ (ਮਾਰਚ, 1856 'ਚ) ਤਾਂ ਫਰਾਂਸ ਅਤੇ ਇੰਗਲੈਂਡ ਦੇ ਕਾਰਨ ਹੀ ਕਾਵੂਰ ਨੂੰ ਸੰਮੇਲਨ 'ਚ ਹਿੱਸਾ ਲੈਣ ਦਾ ਮੌਕੇ ਪ੍ਰਾਪਤ ਹੋਇਟਾ। ਕਾਵੂਰ ਨੇ ਇਸ ਮੌਕੇ ਦਾ ਪੂਰਾ ਲਾਭ ਉਠਾਇਆ। ਉਸ ਨੇ ਪੈਰਿਸ ਸੰਮੇਲਨ ਦੇ ਸਾਹਮਣੇ ਇਟਲੀ ਦੀ ਮਾੜੀ ਕਿਸਮਤ ਵਾਲੀ ਸਥਿਤੀ ਦਾ ਚਿੱਤਰ ਪੇਸ਼ ਕੀਤਾ ਅਤੇ ਇਟਲੀ ਦੀ ਦੁਰਦਸ਼ਾ ਲਈ ਆਸਟਰੀਆ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਤਰ੍ਹਾਂ ਕਾਵੂਰ ਨੇ ਇਟਲੀ ਦੀ ਸਮੱਸਿਆ ਨੂੰ ਇੱਕ ਯੂਰਪੀਆ ਪ੍ਰਸ਼ਨ ਬਣਾ ਕੇ ਸਫ਼ਲ ਕੂਟਨੀਤੀ ਦਾ ਸਬੂਤ ਦਿੱਤਾ। ਇਸ ਨਾਲ ਪੂਰਾ ਇਟਲੀ 'ਚ ਕਾਵੂਰ ਸਨਮਾਨ ਦਾ ਪਾਤਰ ਬਣ ਗਿਆ। ਅਸਲ 'ਚ ਕ੍ਰੀਮੀਆ ਯੁੱਧ ਇਟਲੀ ਲਈ ਇੱਕ ਵਰਦਾਨ ਸਿੱਧ ਹੋਇਆ। ਇਸ ਲਈ ਕਿਹਾ ਜਾਂਦਾ ਹੈ ਕਿ "ਕ੍ਰੀਮੀਆ ਦੇ ਚਿੱਕੜ 'ਚ ਇਟਲੀ ਦਾ ਜਨਮ ਹੋਇਆ।" ਕ੍ਰੀਮੀਆ ਯੁੱਧ ਦਾ ਮੁੱਖ ਲਾਭ ਇਟਲੀ ਨੂੰ ਇਹ ਹੋਇਆ ਕਿ ਫਰਾਂਸ ਦੇ ਸ਼ਾਸਕ ਨੈਪੋਲੀਅਨ ਤੀਜੇ ਨੂੰ ਕ੍ਰੀਮੀਆ ਯੁੱਧ ਦੇ ਪਹਿਲਾਂ ਵੀ ਇਟਲੀ ਦੇ ਪ੍ਰਤੀ ਹਮਦਰਦੀ ਸੀ। ਉਹ ਹੁਣ ਇਟਲੀ ਵਰਗੇ ਦਲਿਤ ਰਾਸ਼ਟਰ ਦਾ ਰੱਖਿਅਕ ਬਣ ਕੇ ਆਪਣਾ ਅਤੇ ਫਰਾਂਸ ਦਾ ਮਾਣ ਵਧਾਉਣ ਦਾ ਇੱਛੁਕ ਸੀ।

**ਪਲੋਮਬੀਅਰਸ ਦਾ ਸਮਝੌਤਾ– ਫਰਾਂਸ ਦਾ ਸਹਿਯੋਗ ਅਤੇ ਲੋਂਬਾਰਡੀ ਦੀ ਪ੍ਰਾਪਤੀ:** ਪੈਰਿਸ ਸੰਮੇਲਨ ਤੋਂ ਬਾਅਦ ਕਾਵੂਰ ਫਰਾਂਸ ਤੋਂ ਸਹਾਇਤਾ ਪ੍ਰਾਪਤ ਕਰਨ ਅਤੇ ਆਸਟਰੀਆ ਨਾਲ ਯੁੱਧ ਕਰਨ ਦੇ ਮੌਕੇ ਦੀ ਉਡੀਕ 'ਚ ਸੀ। ਇਸੇ ਦਰਮਿਆਨ ਇਟਲੀ ਦਾ ਇੱਕ ਨਾਗਰਿਕ ਆਰਸਿਨੀ, ਨੈਪੋਲੀਅਨ ਤੀਜੇ ਦੀ ਹੱਤਿਆ ਕਰਨ ਦੇ ਯਤਨ 'ਚ ਬੰਦੀ ਬਣਾਇਆ ਗਿਆ। ਇਸ ਨਾਲ ਕਾਵੂਰ ਨੂੰ ਨਿਰਾਸ਼ਾ ਹੋਈ, ਪਰੰਤੂ ਛੇਤੀ ਹੀ ਨੈਪੋਲੀਅਨ ਨਾਲ ਪਲੋਮਬੀਅਰਸ ਦਾ ਸਮਝੌਤਾ ਕਰਨ 'ਚ ਉਹ ਸਫ਼ਲ ਹੋ ਗਿਆ। ਨੈਪੋਲੀਅਨ ਛੁੱਟੀਆਂ ਬਿਤਾਉਣ ਦੇ ਉਦੇਸ਼ ਨਾਲ ਸਾਰਡੀਨੀਆ ਦੀ ਸਰਹੱਦ ਦੇ ਨੇੜੇ ਪਲੋਮਬੀਅਰਸ ਨਾਂਅ ਦੇ ਸਥਾਨ 'ਤੇ ਠਹਿਰਿਆ ਹੋਇਆ ਸੀ। ਕਾਵੂਰ ਬਿਨਾਂ ਕਿਸੇ ਸੱਦੇ ਦੇ ਗੈਰ ਰਸਮੀ ਤੌਰ 'ਤੇ ਨੈਪੋਲੀਅਨ ਨਾਲ ਭੇਂਟ ਕਰਨ ਪਹੁੰਚ ਗਿਆ। ਇੱਥੇ ਇਨ੍ਹਾਂ ਦੋਵਾਂ ਰਾਜ ਨੇਤਾਵਾਂ ਦਰਮਿਆਨ 1858 'ਚ ਇੱਕ ਸਮਝੌਤਾ ਹੋਇਆ। ਇਸ ਦੇ ਦੁਆਰਾ ਮੁੱਖ ਤੌਰ 'ਤੇ ਇਹ ਸ਼ਰਤ ਨਿਸ਼ਚਿਤ ਕੀਤੀ ਗਈ:

(i) ਆਸਟਰੀਆ ਤੋਂ ਇਟਲੀ ਨੂੰ ਮੁਕਤ ਕਰਨ ਲਈ ਫਰਾਂਸ ਦੋ ਲੱਖ ਸੈਨਿਕਾਂ ਦੀ ਸਹਾਇਤਾ ਦੇਵੇਗਾ।

(ii) ਆਸਟਰੀਆ ਨੂੰ ਬਾਹਰ ਕੱਢਣ ਤੋਂ ਬਾਅਦ ਲੋਮਬਾਰਡੀ ਅਤੇ ਵੇਨੇਸ਼ੀਆ ਦੇ ਰਾਜਿਆਂ ਨੂੰ ਸਾਰਡੀਨੀਆ (ਪੀਡਮਾਂਟ) 'ਚ ਸ਼ਾਮਲ ਕੀਤਾ ਜਾਵੇਗਾ।

(iii) ਸਹਾਇਤਾ ਦੇ ਬਦਲੇ ਫਰਾਂਸ ਨੂੰ ਸੇਵਾਵਾਂ ਅਤੇ ਨੀਸ ਦੇ ਪ੍ਰਦੇਸ਼ ਪ੍ਰਾਪਤ ਹੋਣਗੇ।

**ਆਸਟਰੀਆ ਨਾਲ ਯੁੱਧ:** ਪਲੋਮਬੀਅਰਸ ਸਮਝੌਤਾ ਹੋਣ ਜਾਣ ਤੋਂ ਬਾਅਦ ਕਾਵੂਰ ਅਜਿਹੇ ਮੌਕੇ ਦੀ ਭਾਲ 'ਚ ਸੀ। ਜਿਸ ਵਿੱਚ ਆਸਟਰੀਆ ਦੇ ਵਿਰੁੱਧ ਯੁੱਧ ਦੀ ਸਥਿਤੀ ਪੈਦਾ ਹੋ ਸਕੇ। ਕਾਵੂਰ ਆਪਣੇ ਕੰਮਾਂ ਨਾਲ ਆਸਟਰੀਆ ਨੂੰ

**ਨੋਟ**

ਇਟਲੀ 'ਤੇ ਹਮਲਾ ਕਰਨ ਲਈ ਉਕਸਾਉਣਾ ਚਾਹੁੰਦਾ ਸੀ ਤਾਂ ਕਿ ਹੋਰ ਦੇਸ਼ਾਂ ਦੀ ਨਜ਼ਰ 'ਚ ਆਸਟਰੀਆ ਨੂੰ ਹਮਲਾਵਰ ਦੇਸ਼ ਠਹਿਰਾਇਆ ਜਾ ਸਕੇ। ਸਾਰਡੀਨੀਆ ਦੇ ਅਖ਼ਬਾਰਾਂ 'ਚ ਆਸਟਰੀਆ ਦੇ ਵਿਰੁੱਧ ਭੜਕਾਉਣ ਵਾਲੀ ਸਮੱਗਰੀ ਛਪਣ ਲੱਗੀ। ਕਾਵੂਰ ਨੇ ਇਟਾਲੀਅਨ ਜ਼ਮੀਨ ਦੀਆਂ ਦੋ ਥਾਵਾਂ-ਮਸਸ ਅਤੇ ਫਰਾਰਾ 'ਚ ਵਿਦਰੋਹ ਕਰਵਾ ਦਿੱਤੇ। ਇਹ ਦੋਵੇਂ ਸਥਾਨ ਆਸਟਰੀਆ ਦੇ ਅਧੀਨ ਸਨ। ਇਸ ਤਰ੍ਹਾਂ ਕਾਵੂਰ ਦੀ ਯੋਜਨਾ ਅਨੁਸਾਰ ਯੁੱਧ ਦੇ ਕਾਰਨ ਸਰਲਤਾ ਨਾਲ ਪੈਦਾ ਹੋ ਗਏ।

29 ਅਪਰੈਲ, 1859 ਨੂੰ ਆਸਟਰੀਆ ਨੇ ਆਪਣੀਆਂ ਫੌਜਾਂ ਨੂੰ ਸਾਰਡੀਨੀਆ ਦੀ ਸੀਮਾ 'ਤੇ ਦਾਖ਼ਲ ਕਰਵਾ ਦਿੱਤਾ ਅਤੇ ਯੁੱਧ ਸ਼ੁਰੂ ਹੋ ਗਿਆ। ਵਿਕਟਰ ਈਮੈਨਿਊਅਲ ਨੇ ਖੁਦ ਮੋਰਚਾ ਸੰਭਾਲਿਆ ਅਤੇ ਫਰਾਂਸ ਨੇ ਆਪਦੇ ਵਚਨ ਅਨੁਸਾਰ ਦੋ ਲੱਖ ਸੈਨਿਕ ਭੇਜ ਦਿੱਤੇ। ਆਸਟਰੀਆ ਦੇ ਹਮਲਾਵਰ ਹੋਣ ਨਾਲ ਨੈਪੋਲੀਅਨ ਦਾ ਸੰਕੋਚ ਵੀ ਖ਼ਤਮ ਹੋ ਗਿਆ। 3 ਮਈ, 1859 ਨੂੰ ਫਰਾਂਸ ਆਸਟਰੀਆ ਦੇ ਵਿਰੁੱਧ ਯੁੱਧ 'ਚ ਸ਼ਾਮਲ ਹੋ ਗਿਆ। ਪੀਡਮਾਂਟ ਅਤੇ ਫਰਾਂਸ ਦੀਆਂ ਸਾਂਝੀਆਂ ਫੌਜਾਂ ਨੇ ਆਸਟਰੀਆ ਦੀ ਫੌਜ ਨੂੰ 20 ਮਈ, 30 ਮਈ ਅਤੇ 4 ਜੂਨ ਨੂੰ ਲੜੀਵਾਰ: ਮਾਂਟੇਬੇਲੋ, ਪੇਲੇਸਟ੍ਰੋ ਅਤੇ ਮੇਗੇਂਟਾਂ 'ਚ ਹਰਾ ਦਿੱਤਾ। ਕੁਝ ਹੀ ਦਿਨਾਂ ਬਾਅਦ ਮਿਲਾਨਾ 'ਤੇ ਵੀ ਉਸ ਦਾ ਅਧਿਕਾਰ ਹੋ ਗਿਆ। 24 ਜੂਨ ਨੂੰ ਸਾਲਫਰੀਨੋ 'ਚ ਪੀਡਮਾਂਟ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸ ਹਾਰ ਤੋਂ ਬਾਅਦ ਅਜਿਹਾ ਪ੍ਰਤੀਤ ਹੋਣ ਲੱਗਿਆ ਕਿ ਲੋਮਬਾਰਡੀ ਅਤੇ ਵੇਨੇਸ਼ੀਆ 'ਤੇ ਵੀ ਪੀਡਮਾਂਟ ਦਾ ਅਧਿਕਾਰ ਹੋ ਜਾਵੇਗਾ, ਪਰੰਤੂ ਲੋਮਬਾਰਡੀ 'ਤੇ ਜਿੱਤ ਪ੍ਰਾਪਤ ਹੋਣ ਤੋਂ ਬਾਅਦ ਅਚਾਨਕ ਹੀ ਨੈਪੋਲੀਅਨ ਨੇ ਯੁੱਧ ਬੰਦ ਕਰਨ ਦੀ ਘੋਸ਼ਣਾ ਕਰ ਦਿੱਤੀ ਅਤੇ ਇਸਦੀ ਸੂਚਨਾ ਪੀਡਮਾਂਟ ਨੂੰ ਨਹੀਂ ਦਿੱਤੀ। ਇਕ ਪ੍ਰਕਾਰ ਨਾਲ ਫਰਾਂਸ ਦੁਆਰਾ ਇਹ ਪੀਡਮਾਂਟ ਨੂੰ ਮਝਧਾਰ 'ਚ ਛੱਡਣ ਦੇ ਬਰਾਬਰ ਸੀ। ਯੁੱਧ ਬੰਦ ਕਰਨ ਅਤੇ ਫਰਾਂਸੀਸੀ ਫੌਜ ਨੂੰ ਵਾਪਸ ਬੁਲਾ ਲੈਣ ਤੋਂ ਬਾਅਦ ਨੈਪੋਲੀਅਨ ਨੇ ਆਸਟਰੀਆ ਨਾਲ ਬਿਲਾਫ੍ਰੇਂਕਾ ਦੀ ਸੰਧੀ ਕਰ ਲਈ।

**ਨੈਪੋਲੀਅਨ ਦੁਆਰਾ ਅਚਾਨਕ ਯੁੱਧ ਬੰਦ ਕਰਨ ਦੇ ਕਾਰਨ:** ਨੈਪੋਲੀਅਨ ਤੀਜੇ ਨੇ ਅਚਾਨਕ ਅਤੇ ਪੀਡਮਾਂਟ ਨੂੰ ਸੂਚਿਤ ਕੀਤੇ ਬਿਨਾਂ ਹੀ ਯੁੱਧ ਬੰਦ ਕਰ ਦਿੱਤਾ ਸੀ। ਇਸ ਦੇ ਮੁੱਖ ਕਾਰਨ ਸਨ-

(i) ਫਰਾਂਸ ਨੂੰ ਇਸ ਯੁੱਧ 'ਚ ਕਾਫ਼ੀ ਹਾਨੀ ਉਠਾਉਣੀ ਪਈ ਸੀ ਅਤੇ ਜੇਕਰ ਯੁੱਧ ਜ਼ਿਆਦਾ ਸਮੇਂ ਤੱਕ ਚਲਦਾ ਤਾਂ ਹੋਰ ਜ਼ਿਆਦਾ ਹਾਨੀ ਦੀ ਸੰਭਾਵਨਾ ਸੀ।

(ii) ਆਸਟਰੀਆ ਨਾਲ ਯੁੱਧ ਕਰਨ ਕਾਰਨ ਫਰਾਂਸ ਦੇ ਕੈਥੋਲਿਕਾਂ ਨੇ ਆਪਦੀ ਨਰਾਜਗੀ ਪ੍ਰਗਟ ਕੀਤੀ ਸੀ।

(iii) ਆਸਟਰੀਆ ਨੂੰ ਇਟਲੀ 'ਚੋਂ ਕੱਢਣ ਤੋਂ ਬਾਅਦ ਸੰਯੁਕਤ ਇਟਲੀ ਇੱਕ ਸ਼ਕਤੀਸ਼ਾਲੀ ਰਾਸ਼ਟਰ ਦੇ ਰੂਪ 'ਚ ਭਵਿੱਖ 'ਚ ਫਰਾਂਸ ਲਈ ਖ਼ਤਰਾ ਬਣ ਸਕਦਾ ਸੀ।

(iv) ਨੈਪੋਲੀਅਨ ਨੂੰ ਇਸ ਯੁੱਧ 'ਚ ਇਹ ਮਹਿਸੂਸ ਹੋ ਚੁੱਕਿਆ ਸੀ ਕਿ ਹਾਰ ਤੋਂ ਬਾਅਦ ਵੀ ਆਸਟਰੀਆ ਦੀ ਸੈਨਿਕ ਸ਼ਕਤੀ ਕਮਜ਼ੋਰ ਨਹੀਂ ਹੋਈ ਸੀ। ਨਾਲ ਹੀ ਪ੍ਰਸ਼ੀਆ ਵੀ ਆਸਟਰੀਆ ਦੀ ਸਹਾਇਤਾ ਕਰਨ ਦਾ ਵਿਚਾਰ ਕਰਨ ਲੱਗਾ ਸੀ। ਨੈਪੋਲੀਅਨ ਪ੍ਰਸ਼ੀਆ ਅਤੇ ਆਸਟਰੀਆ ਦੀ ਸਾਂਝੀ ਫੌਜ ਦਾ ਸਾਹਮਣਾ ਕਰਨ ਦੀ ਸਥਿਤੀ 'ਚ ਨਹੀਂ ਸੀ।

**ਫਰਾਂਸ ਅਤੇ ਆਸਟਰੀਆ 'ਚ ਬਿਲਾਫ੍ਰੇਂਕਾ ਦੀ ਸੰਧੀ (11 ਜੁਲਾਈ, 1859):** ਨੈਪੋਲੀਅਨ ਤੀਜੇ ਨੇ ਬਿਲਾਫ੍ਰੇਂਕਾ ਨਾਂਅ ਦੇ ਸਥਾਨ 'ਤੇ ਆਸਟਰੀਆ ਦੇ ਸਮਰਾਟ ਜੋਸੇਫ ਨਾਲ ਭੇਂਟ ਕਰਕੇ ਯੁੱਧ ਰੋਕਣ ਦੀਆਂ ਸ਼ਰਤਾਂ ਤੈਅ ਕਰ ਲਈਆਂ। ਇਹ ਸ਼ਰਤਾਂ ਨਿਮਨਲਿਖਤ ਸਨ:-

(i) ਲੋਮਬਾਰਡੀ ਸਾਰਡੀਨੀਆ ਨੂੰ ਦੇ ਦਿੱਤਾ ਜਾਵੇ, ਵੇਨੇਸ਼ੀਆ ਆਸਟਰੀਆ ਕੋਲ ਹੀ ਬਣਿਆ ਰਹੇਗਾ।

(ii) ਮੱਧ ਇਟਲੀ ਦੇ ਰਾਜ ਪਰਮਾ, ਮੋਡੇਨਾ ਅਤੇ ਟਸਕਨੀ ਦੇ ਰਾਜ ਉੱਥੋਂ ਦੇ ਸ਼ਾਸਕਾਂ ਨੂੰ ਦੁਬਾਰਾ ਵਾਪਸ ਕਰ ਦਿੱਤੇ ਗਏ।

(iii) ਪੋਪ ਦੇ ਅਧਿਕਾਰ 'ਚ ਇੱਕ ਸੰਘ ਰਾਜ ਬਣਾ ਕੇ ਵੇਨੇਸ਼ੀਆ ਨੂੰ ਇਸ ਸੰਘ 'ਚ ਸ਼ਾਮਲ ਕਰਨ ਦਾ ਐਲਾਨ ਕੀਤਾ ਗਿਆ।

ਨੈਪੋਲੀਅਨ ਤੀਜੇ ਦੇ ਵਿਸ਼ਵਾਸਘਾਤ ਅਤੇ ਬਿਲਾਫ੍ਰੇਂਕਾ ਦੀ ਸੰਧੀ ਨਾਲ ਕਾਵੂਰ ਬਹੁਤ ਦੁਖੀ ਹੋ ਗਿਆ ਅਤੇ ਏਕੀਕਰਨ ਦੀਆਂ ਉਮੀਦਾਂ 'ਤੇ ਤੁਸ਼ਾਰਾਪਾਤ ਹੋ ਗਿਆ। ਇਸ ਸਥਿਤੀ ਦੇ ਬਾਰੇ 'ਚ ਇਤਿਹਾਸਕਾਰ ਲਿਪਸਨ ਨੇ ਠੀਕ ਹੀ ਲਿਖਿਆ ਹੈ-" ਇਸ ਦੇਸ਼ ਨੇ ਜਿੱਤ ਦੀ ਖੁਸ਼ੀ ਦਾ ਪਿਆਲਾ ਬੁੱਲ੍ਹਾਂ ਨਾਲ ਲਾਇਆ ਹੀ ਸੀ ਕਿ ਉਹ ਡਿੱਗ ਕੇ ਚਕਨਾਚੂਰ ਹੋ ਗਿਆ।" ਹੁਣ ਕਾਵੂਰ ਇਕੱਲਾ ਹੀ ਵੇਨੇਸ਼ੀਆ ਨੂੰ ਪ੍ਰਾਪਤ ਕਰਨ ਦੇ ਉਦੇਸ਼ ਨਾਲ ਯੁੱਧ ਜਾਰੀ ਰੱਖਣ ਦੇ ਪੱਖ 'ਚ ਸੀ। ਪਰੰਤੂ ਵਿਕਟਰ ਈਮੈਨਿਊਅਲ ਜ਼ਿਆਦਾ ਵਿਵਹਾਰਿਕ ਅਤੇ ਵਿਵੇਕਸ਼ੀਲ ਸੀ। ਉਹ ਜਾਣਦਾ ਸੀ ਕਿ ਇਕੱਲੇ ਪੀਡਮਾਂਟ ਸਾਰਡੀਨੀਆ ਦੁਆਰਾ ਆਸਟਰੀਆ ਨੂੰ ਹਰਾਇਆ ਨਹੀਂ ਜਾ ਸਕਦਾ। ਉਸ ਨੇ ਯੁੱਧ ਜਾਰੀ ਰੱਖਣ ਦੀ ਮਨਜ਼ੂਰੀ ਨਹੀਂ ਦਿੱਤੀ ਅਤੇ ਆਸਟਰੀਆ ਨਾਲ ਜਿਊਰਿਖ ਦੀ ਸੰਧੀ ਕਰ ਲਈ। ਦੁਖੀ ਅਤੇ ਗੁੱਸੇ ਨਾਲ ਭਰੇ ਕਾਵੂਰ ਨੇ ਆਪਣੇ ਅਹੁਦੇ ਤੋਂ ਤਿਆਗਪੱਤਰ ਦੇ ਦਿੱਤਾ। 10 ਨਵੰਬਰ, 1859 ਈ. ਨੂੰ ਜਿਊਰਿਖ ਦੀ ਸੰਧੀ 'ਚ ਬਿਲਾਫ੍ਰੇਂਕਾ ਦੀ ਸੰਧੀ ਦੀ ਪੁਸ਼ਟੀ ਕਰ ਦਿੱਤੀ ਗਈ। ਆਸਟਰੀਆ ਨੇ ਲੋਮਬਾਰਡੀ 'ਤੇ ਪੀਡਮਾਂਟ ਦਾ ਅਧਿਕਾਰ ਸਵੀਕਾਰ ਕਰ ਲਿਆ। ਬਾਅਦ ਵਿੱਚ ਕਾਵੂਰ ਨੇ ਵਿਕਟਰ ਈਮੈਨਿਊਅਲ ਦੇ ਇਸ ਕੰਮ ਨੂੰ ਸਵੀਕਾਰ ਕਰ ਲਿਆ ਅਤੇ ਉਸ ਨੂੰ ਉਸ ਦੇ ਅਹੁਦੇ 'ਤੇ ਦੁਬਾਰਾ ਨਿਯੁਕਤ ਕਰ ਦਿੱਤਾ ਗਿਆ।

ਕਾਵੂਰ ਅਤੇ ਵਿਕਟਰ ਈਮੈਨਿਊਅਲ ਦੇ ਹਿੰਮਤ ਭਰੇ ਕੰਮਾਂ ਨੇ ਇਟਲੀ ਦੇ ਏਕੀਕਰਨ ਦੀ ਦਿਸ਼ਾ 'ਚ 1859 ਈ. ਤੱਕ ਇੱਕ ਮਹੱਤਵਪੂਰਨ ਗੇੜ ਪੂਰਾ ਕਰ ਲਿਆ ਸੀ। ਪੀਡਮਾਂਟ ਦੀਆਂ ਉਮੀਦਾਂ ਪੂਰੀਆਂ ਨਾ ਹੋ ਸਕੀਆਂ ਪਰ ਉਸ ਨੂੰ ਲਾਭ

**ਨੋਟ**

ਜ਼ਰੂਰ ਮਿਲਿਆ ਸੀ। ਇਹ ਸਪੱਸ਼ਟ ਹੋ ਗਿਆ ਕਿ ਜਦੋਂ ਯੂਰਪ ਨੇ ਲੋਮਬਾਰਡੀ 'ਤੇ ਇਟਲੀ ਦਾ ਅਧਿਕਾਰ ਮੰਨ ਲਿਆ ਹੈ ਤਾਂ ਅਸਿੱਧੇ ਤੌਰ 'ਤੇ ਵੇਨੇਸ਼ੀਆ 'ਤੇ ਵੀ ਇਟਲੀ ਦਾ ਨੈਤਿਕ ਅਧਿਕਾਰ ਸਵੀਕ੍ਰਿਤ ਹੋ ਚੁੱਕਾ ਹੈ।

8. **ਏਕੀਕਰਨ ਦਾ ਤੀਜਾ ਗੇੜ-ਮੱਧ ਇਟਲੀ ਦਾ ਰਲੇਵਾਂ :** ਮੱਧ ਇਟਲੀ 'ਚ ਪਰਮਾ, ਮੋਡੇਨਾ ਅਤੇ ਟਸਕਨੀ ਦੇ ਰਾਜ ਸਨ ਜਿਨ੍ਹਾਂ 'ਤੇ ਵਿਦੇਸ਼ੀ ਆਸਟ੍ਰੀਅਨ ਰਾਜਵੰਸ਼ ਨਾਲ ਸਬੰਧਿਤ ਨਿਰੰਕੁਸ਼ ਸ਼ਾਸਕ ਸ਼ਾਸਨ ਕਰ ਰਹੇ ਸਨ। ਇੱਥੋਂ ਦੀ ਇਟਾਲੀਅਨ ਪ੍ਰਜਾ ਨੇ ਕਈ ਵਾਰ ਇਨ੍ਹਾਂ ਨਿਰੰਕੁਸ਼ ਰਾਜਿਆਂ ਦੇ ਵਿਰੁੱਧ ਵਿਦਰੋਹ ਕੀਤੇ ਅਤੇ ਇੱਕ ਤੋਂ ਜ਼ਿਆਦਾ ਵਾਰ ਇਨ੍ਹਾਂ ਰਾਜਿਆਂ ਨੂੰ ਆਪਣਾ ਰਾਜ ਛੱਡ ਕੇ ਭੱਜਣ ਲਈ ਮਜ਼ਬੂਰ ਕੀਤਾ ਸੀ। ਆਖ਼ਰੀ ਵਾਰ ਉਹ ਬਿਲਾਫ੍ਰੇਂਕਾ ਸੰਧੀ ਦੁਆਰਾ ਆਪਣੇ ਰਾਜਿਆਂ 'ਚ ਦੁਬਾਰਾ ਆਸੀਨ ਕੀਤੇ ਗਏ ਸਨ।

ਆਸਟਰੀਆ-ਸਾਰਡੀਨੀਆ ਦੇ ਯੁੱਧ ਦੇ ਨਤੀਜੇ ਵਜੋਂ ਇਨ੍ਹਾਂ ਰਾਜਿਆਂ ਦੀ ਜਨਤਾ 'ਚ ਸੁਤੰਤਰਤਾ ਦੀ ਭਾਵਨਾ ਪੈਦਾ ਹੋ ਚੁੱਕੀ ਸੀ ਅਤੇ ਉਸ ਨੇ ਨਿਰੰਕੁਸ਼ ਰਾਜਿਆਂ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਇਨ੍ਹਾਂ ਵਿਦਰੋਹਾਂ ਦੀ ਪ੍ਰੇਰਨਾ ਅਤੇ ਮਾਰਗਦਰਸ਼ਨ 'ਨੈਸ਼ਨਲ ਸੋਸਾਇਟੀ' ਤੋਂ ਪ੍ਰਾਪਤ ਹੋ ਰਿਹਾ ਸੀ, ਜਿਸ ਦਾ ਉਦੇਸ਼ ਸੀ-ਇਟਲੀ ਦਾ ਏਕੀਕਰਨ ਅਤੇ ਨਾਅਰਾ ਸੀ-"ਏਕਤਾ, ਸੁਤੰਤਰਤਾ ਅਤੇ ਵਿਕਟਰ ਈਮੈਨਿਊਅਲ" ਵਿਦਰੋਹੀਆਂ ਨੇ ਪੋਪ ਦੇ ਰਾਜ ਦੇ ਉੱਤਰੀ ਭਾਗ ਰੋਮੇਨਾ ਤੋਂ ਪੋਪ ਦੇ ਪ੍ਰਤੀਨਿਧੀਆਂ ਨੂੰ ਭਜਾ ਦਿੱਤਾ ਅਤੇ ਹੋਰ ਰਾਜਾਂ ਨੂੰ ਖਦੇੜ ਕੇ ਉੱਥੇ ਅਸਥਾਈ ਸਰਕਾਰਾਂ ਦਾ ਨਿਰਮਾਣ ਕਰ ਲਿਆ ਜਨਤਾ ਨੇ ਪੀਡਮਾਂਟ ਰਾਜ ਦੇ ਨਾਲ ਮਿਲ ਜਾਣ ਦੀ ਇੱਛਾ ਪ੍ਰਗਟ ਕੀਤੀ। ਇਨ੍ਹਾਂ ਰਾਜਿਆਂ ਦੀ ਜਨਤਾ **ਨੂੰ ਇੰਗਲੈਂਡ** ਦੇ ਪ੍ਰਧਾਨ ਮੰਤਰੀ **ਪਾਮਸਰਟਨ** ਦਾ ਵੀ ਸਮਰਥਨ ਪ੍ਰਾਪਤ ਹੋ ਗਿਆ। ਇਸ ਨੇ ਕਿਹਾ ਸੀ ਕਿ, "ਇਟਲੀ ਵਾਸੀਆਂ ਨੂੰ ਆਪਣੇ ਮਾਮਲੇ ਖੁਦ ਤੈਅ ਕਰਨ ਦਾ ਅਧਿਕਾਰ ਹੈ।" ਇਸ ਅੰਤਰਰਾਸ਼ਟਰੀ ਸਮਰਥਨ ਦੇ ਕਾਰਨ ਵਿਕਟਰ ਈਮੈਨਿਊਅਲ ਅਤੇ ਕਾਵੂਰ ਨੇ ਫਰਾਂਸ ਦੇ ਸ਼ਾਸਕ ਨੈਪੋਲੀਅਨ ਤੀਜੇ ਨਾਲ ਦੁਬਾਰਾ ਚਰਚਾ ਸ਼ੁਰੂ ਕੀਤੀ। ਨੈਪੋਲੀਅਨ ਨੇ ਮੱਧ ਇਟਲੀ ਦੇ ਉਨ੍ਹਾਂ ਰਾਜਿਆਂ-ਪਰਮਾ, ਮੋਡੇਨਾ ਅਤੇ ਟਸਕਨੀ ਨੂੰ ਪੀਡਮਾਂਟ 'ਚ ਰਲੇਵੇਂ ਦੀ ਮਨਜ਼ੂਰੀ ਦੇ ਦਿੱਤੀ ਅਤੇ ਇਸ ਦੇ ਬਦਲੇ ਨੀਸ ਅਤੇ ਸੇਵਾਏ ਦੇ ਰਾਜ ਫਰਾਂਸ ਨੂੰ ਦਿੱਤੇ ਜਾਣ ਦਾ ਪ੍ਰਸਤਾਵ ਸਵੀਕਾਰ ਕਰ ਲਿਆ। ਇਸ ਲਾਭ ਨੂੰ ਪ੍ਰਾਪਤ ਕਰਕੇ ਨੈਪੋਲੀਅਨ ਫਰਾਂਸ ਦੀ ਜਨਤਾ ਦੇ ਅਸੰਤੋਸ਼ ਨੂੰ ਵੀ ਦੂਰ ਕਰਨ ਦਾ ਇੱਛੁਕ ਸੀ।

ਮਾਰਚ, 1860 ਈ. 'ਚ ਮੱਧ ਇਟਲੀ ਦੇ ਰਾਜਿਆਂ 'ਚ ਜਨਮਤ ਸੰਗ੍ਰਹਿ ਕਰਵਾਇਆ ਗਿਆ ਜੋ ਇੱਕ ਨਵਾਂ ਪ੍ਰਯੋਗ ਸੀ। ਪਰਮਾ, ਮੋਡੇਨਾ, ਟਸਕਨੀ, ਬੋਲੋਨਾ ਅਤੇ ਪਿਓਕੇਂਜਾ ਰਾਜਿਆਂ ਨੇ ਭਾਰੀ ਬਹੁਮਤ ਨਾਲ ਪੀਡਮਾਂਟ-ਸਾਰਡੀਨੀਆ 'ਚ ਆਪਣਾ ਰਲੇਵਾਂ ਸਵੀਕਾਰ ਕਰ ਲਿਆ। ਨੀਸ ਅਤੇ ਸੇਵਾਏ ਦੇ ਨਾਗਰਿਕਾਂ ਨੇ ਫਰਾਂਸ ਦੇ ਨਾਲ ਮਿਲਣਾ ਸਵੀਕਾਰ ਕੀਤਾ ਅਤੇ ਇਨ੍ਹਾਂ ਰਾਜਾਂ 'ਤੇ ਫਰਾਂਸ ਦਾ ਰਾਜ ਸਥਾਪਿਤ ਹੋ ਗਿਆ, ਪਰੰਤੂ ਨੀਸ ਅਤੇ ਸੇਵਾਏ 'ਤੇ ਫਰਾਂਸ ਦੇ ਅਧਿਕਾਰ ਦੀ ਕਾਫ਼ੀ ਆਲੋਚਨਾ ਵੀ ਹੋਈ, ਕਿਉਂਕਿ ਨੀਸ ਇਟਲੀ ਦੇ ਮਹਾਨ ਨੇਤਾ ਗੈਰੀਬਾਲਡੀ ਦੀ ਜਨਮ ਭੂਮੀ ਸੀ। ਗੈਰੀਬਾਲਡੀ ਨੇ ਕਾਵੂਰ ਦੀ ਆਲੋਚਨਾ ਕਰਦੇ ਹੋਏ ਕਿਹਾ-"ਤੂੰ ਮੈਨੂੰ ਆਪਣੀ ਮਾਤ ਭੂਮੀ 'ਚ ਹੀ ਵਿਦੇਸ਼ੀ ਬਣਾ ਦਿੱਤਾ ਹੈ।"

ਮੱਧ ਇਟਲੀ ਦੇ ਰਾਜਾਂ ਦੇ ਏਕੀਕਰਨ ਦੇ ਨਤੀਜੇ ਵਜੋਂ ਪੀਡਮਾਂਟ ਸਾਰਡੀਨੀਆ ਰਾਜ ਦੀ ਸ਼ਕਤੀ ਵਧ ਗਈ। ਬੇਸ਼ੱਕ ਇਹ ਕਾਵੂਰ ਦੀ ਮਹਾਨ ਉਪਲਬੱਧੀ ਸੀ।

**ਏਕੀਕਰਨ ਦਾ ਚੌਥਾ ਗੇੜਾ-ਨੇਪਿਲਸ ਅਤੇ ਸਿਸਲੀ ਦਾ ਰਲੇਵਾ :** ਨੇਪਿਲਸ ਅਤੇ ਸਿਸਲੀ, ਦੱਖਣੀ ਇਟਲੀ ਦੇ ਦੋ ਵੱਡੇ ਰਾਜ ਸਨ। ਵੀਆਨਾ ਸੰਧੀ ਅਨੁਸਾਰ ਇੱਥੇ ਬੋਰਬੋ ਰਾਜਵੰਸ਼ ਦੇ ਸ਼ਾਸਕ ਬੈਠੇ ਸਨ। ਇਨ੍ਹਾਂ ਦੋਵਾਂ ਰਾਜਾਂ ਲਈ ਸੰਘਰਸ਼ ਕਰਨ ਦਾ ਸਿਹਰਾ ਗੈਰੀਬਾਲਡੀ ਦੀ ਹਿੰਮਤ ਅਤੇ ਦੇਸ਼ ਭਗਤੀ ਦੀ ਭਾਵਨਾ ਹੈ। ਦੋਵਾਂ ਰਾਜਾਂ ਦੇ ਨਿਵਾਸੀਆਂ ਦੁਆਰਾ ਗੈਰੀਬਾਲਡੀ ਨੂੰ ਨਿਵੇਦਨ ਤੋਂ ਬਾਅਦ ਉਸ ਦੇ ਇੱਕ ਹਜ਼ਾਰ ਲਾਲ ਕੁਰਤੀ ਵਾਲੇ ਸਵੈ ਸੇਵਕਾਂ ਨੇ ਜੂਨ, 1860 'ਚ ਸਿਸਲੀ ਪਹੁੰਚ ਕੇ ਇਸ ਰਾਜ 'ਤੇ ਆਪਣਾ ਅਧਿਕਾਰ ਕਰ ਲਿਆ। ਇਸ ਤੋਂ ਬਾਅਦ 19 ਅਗਸਤ, 1860 ਈ. ਨੂੰ ਗੈਰੀਬਾਲਡੀ ਨੇ ਨੇਪਿਲਸ 'ਤੇ ਹਮਲਾ ਕਰਕੇ ਉਸ 'ਤੇ ਵੀ ਆਪਣਾ ਅਧਿਕਾਰ ਕਰ ਲਿਆ। ਇੱਥੇ ਲੋਕਾਂ ਨੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ। ਗੈਰੀਬਾਲਡੀ 'ਚ ਅਨੋਖੀ ਫੌਜੀ ਪ੍ਰਤਿਭਾ ਸੀ। ਉਸ ਦੇ ਸੈਨਿਕਾਂ ਨੇ ਹੁਣ ਵੇਨਿਸ਼ ਅਤੇ ਰੋਮ 'ਤੇ ਹਮਲਾ ਕਰਨ ਦਾ ਉਤਸ਼ਾਹ ਪੈਦਾ ਹੋ ਚੁੱਕਾ ਸੀ ਅਤੇ ਇਸ ਲਈ ਗੈਰੀਬਾਲਡੀ ਨੇ ਐਲਾਨ ਕਰ ਦਿੱਤਾ ਕਿ ਵੁਹ ਹੁਣ ਵੇਨਿਸ ਅਤੇ ਉਸ ਤੋਂ ਬਾਅਦ ਰੋਮ 'ਤੇ ਹਮਲਾ ਕਰੇਗਾ। ਇਸ ਨਾਲ ਕਾਵੂਰ ਅਤੇ ਵਿਕਟਰ ਈਮੈਨਿਊਅਲ ਦੇ ਸਾਹਮਣੇ ਮੁਸ਼ਕਿਲ ਸਮੱਸਿਆ ਪੈਦਾ ਹੋ ਗਈ। ਗੈਰੀਬਾਲਡੀ ਦੁਆਰਾ ਕੀਤੇ ਗਏ ਹਮਲੇ ਨਾਲ ਆਸਟਰੀਆ ਅਤੇ ਫਰਾਂਸ ਦੇ ਨਾਲ ਯੁੱਧ ਛਿੜ ਜਾਣ ਦੀ ਪੂਰੀ ਸੰਭਾਵਨਾ ਸੀ। ਪਰੰਤੂ ਗੈਰੀਬਾਲਡੀ ਹੁਣ ਪਿੱਛੇ ਹਟਣ ਨੂੰ ਤਿਆਰ ਨਹੀਂ ਸੀ। ਉਸ ਨੂੰ ਕਾਵੂਰ ਦੀ ਦੁਰੰਗੀ ਚਾਲ ਪਸੰਦ ਨਹੀਂ ਸੀ। ਗੈਰੀਬਾਲਡੀ ਦੇ ਦ੍ਰਿੜ ਨਿਸ਼ਚੈ ਨੂੰ ਦੇਖਦੇ ਹੋਏ ਕਾਵੂਰ ਨੇ ਪੀਡਮਾਂਟ ਦੀ ਫੌਜ ਨੂੰ ਗੈਰੀਬਾਲਡੀ ਤੋਂ ਰੋਮ ਦੀ ਰੱਖਿਆ ਕਰਨ ਲਈ ਰਵਾਨਾ ਕਰ ਦਿੱਤਾ, (11 ਸਤੰਬਰ, 1860 ਈ.)। ਇਸ ਨਾਲ ਗੈਰੀਬਾਲਡੀ ਦਾ ਰੋਮ ਵੱਲ ਵਧਣਾ ਰੁਕ ਗਿਆ। ਕਾਵੂਰ ਇੱਕ ਕੂਟਨੀਤਿਕ ਸੀ ਅਤੇ ਗੈਰੀਬਾਲਡੀ ਇੱਕ ਖੁੱਲ੍ਹੇ ਦਿਲ ਦਾ ਸੰਵੇਦਨਸ਼ੀਲ ਦੇਸ਼ ਭਗਤ। ਕਾਵੂਰ ਪੋਪ ਦੀਆਂ ਰਿਆਸਤਾਂ ਨੂੰ ਜਿੱਤਣ ਦਾ ਸਿਹਰਾ ਪੀਡਮਾਂਟ ਨੂੰ ਦਿਵਾਉਣਾ ਚਾਹੁੰਦਾ ਸੀ। ਇਸ ਸਥਿਤੀ 'ਚ ਕਾਵੂਰ ਨੇ ਫਰਾਂਸ ਦੇ ਸ਼ਾਸਕ ਨੈਪੋਲੀਅਨ ਤੀਜੇ ਦਾ ਸਮਰਥਨ ਪ੍ਰਾਪਤ ਕਰਕੇ ਪੋਪ ਦੀਆਂ ਰਿਆਸਤਾਂ 'ਤੇ ਹਮਲਾ ਕਰ ਦਿੱਤਾ ਅਤੇ ਆਮਬ੍ਰੀਆ ਅਤੇ ਮਾਰਚੇਸ 'ਤੇ ਅਧਿਕਾਰ ਕਰ ਲਿਆ। ਇਸ ਤੋਂ ਬਾਅਦ ਵਿਕਟਰ ਈਮੈਨਿਊਅਲ ਨੇ ਜਦੋਂ ਨੇਪਿਲਸ 'ਚ ਪ੍ਰਵੇਸ਼ ਕੀਤਾ ਤਾਂ ਗੈਰੀਬਾਲਡੀ ਨੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ। 7 ਨਵੰਬਰ, 1760 ਨੂੰ ਉਸ ਨੇ ਸਿਸਲੀ ਅਤੇ ਨੇਪਿਲਸ ਦੇ ਰਾਜ ਰਾਜਾ ਵਿਕਟਰ ਈਮੈਨਿਊਅਲ ਨੂੰ ਸੌਂਪ ਦਿੱਤੇ। ਉਸ ਨੇ ਆਪਣੇ ਮਹਾਨ ਕੰਮਾਂ ਦਾ ਕੋਈ ਪੁਰਸਕਾਰ ਨਹੀਂ ਲਿਆ। ਨੇਪਿਲਸ, ਸਿਸਲੀ ਅਤੇ ਪੋਪ ਦੇ ਜਿੱਤੇ ਹੋਏ ਹਿੱਸੇ 'ਚ ਜਨਮਤ ਸੰਗ੍ਰਹਿ ਕਰਵਾਇਆ ਗਿਆ। ਸਾਰੇ ਖੇਤਰਾਂ ਦੀ ਜਨਤਾ ਨੇ ਉੱਤਰੀ ਇਟਲੀ ਦੇ ਰਾਜ 'ਚ ਸ਼ਾਮਲ ਹੋਣ ਦਾ ਫੈਸਲਾ ਲਿਆ। ਇਸ ਨਾਲ ਕਾਵੂਰ ਦੀ ਸਥਿਤੀ ਮਜ਼ਬੂਤ ਹੋ ਗਈ। ਇਸ ਤਰ੍ਹਾਂ ਵੇਨੇਸ਼ੀਆ ਅਤੇ

ਰੋਮ ਨੂੰ ਛੱਡ ਕੇ ਬਾਕੀ ਇਟਲੀ ਪੀਡਮਾਂਟ 'ਚ ਸ਼ਾਮਲ ਹੋ ਗਿਆ। 18 ਫਰਵਰੀ, 1861 ਨੂੰ ਵਿਕਟਰ ਈਮੈਨਿਊਅਲ ਸੰਯੁਕਤ ਇਟਲੀ ਦਾ ਸਮਰਾਟ ਐਲਾਨ ਦਿੱਤਾ ਗਿਆ।

**ਨੋਟ**

**ਕਾਵੂਰ ਦੀ ਮੌਤ:** ਇਟਲੀ ਦੇ ਏਕੀਕਰਨ ਦੇ ਆਖ਼ਰੀ ਗੇੜ ਰੋਮ ਅਤੇ ਵੇਨੇਸ਼ੀਆ ਦੀ ਪ੍ਰਾਪਤੀ ਤੋਂ ਪਹਿਲਾਂ ਹੀ 6 ਜੂਨ, 1861 ਈ. ਨੂੰ ਕਾਵੂਰ ਦਾ ਦੇਹਾਂਤ ਹੋ ਗਿਆ। ਇਟਲੀ ਦੇ ਏਕੀਕਰਨ ਦੇ ਉਦੇਸ਼ ਨੂੰ ਪੂਰਾ ਕਰਨ 'ਚ ਕਾਵੂਰ ਦਾ ਮਹਾਨ ਯੋਗਦਾਨ ਮੰਨਿਆ ਜਾਂਦਾ ਹੈ। ਏਲੀਸਨ ਫਿਲੀਪਸ ਨੇ ਕਾਵੂਰ ਦੇ ਵਿਸ਼ੇ 'ਚ ਲਿਖਿਆ ਹੈ ਕਿ-"ਇੱਕ ਰਾਸ਼ਟਰ ਦੇ ਰੂਪ 'ਚ ਇਟਲੀ ਕਾਵੂਰ ਦੀ ਦੇਣ ਹੈ।" ਕਾਵੂਰ ਦੇ ਰਾਜਨੀਤਿਕ ਰੰਗਮੰਚ 'ਤੇ ਆਉਣ ਤੋਂ ਪਹਿਲਾਂ ਏਕੀਕਰਨ ਦੇ ਸਾਰੇ ਕੰਮ ਅਸਫ਼ਲ ਸਿੱਧ ਹੋਏ ਸਨ। ਅਸਲ 'ਚ ਕਾਵੂਰ ਦੇ ਬਿਨਾਂ ਮੇਜਿਨੀ ਦਾ ਆਦਰਸ਼ਵਾਦ ਅਤੇ ਗੈਰੀਬਾਲਡੀ ਦੀ ਵੀਰਤਾ, ਬੇਨਤੀਜਾ ਲੜਾਈ ਅਤੇ ਨਿਰਾਸ਼ਾ ਦੇ ਇਤਿਹਾਸ ਦਾ ਇੱਕ ਅਧਿਆਏ ਹੋਰ ਜੋੜ ਦਿੰਦੇ। ਕਾਵੂਰ ਨੇ ਇਟਲੀ ਦੇ ਏਕੀਕਰਨ ਦੀ ਦਿਸ਼ਾ 'ਚ ਵਿਵਹਾਰਿਕ ਅਤੇ ਯਥਾਰਥਵਾਦੀ ਨੀਤੀ ਦੀ ਨਕਲ ਕੀਤੀ। ਉਸ ਨੇ ਇੱਕ ਕੁਸ਼ਲ ਰਾਜਨੇਤਾ ਵਾਂਗ ਇਹ ਜਾਣ ਲਿਆ ਕਿ ਇਟਲੀ ਦੀਆਂ ਸਮੱਸਿਆਵਾਂ ਦਾ ਹੱਲ ਅੰਤਰਰਾਸ਼ਟਰੀ ਸਹਿਯੋਗ, ਯੂਰਪੀ ਕੂਟਨੀਤੀ ਅਤੇ ਯੁੱਧ ਦੁਆਰਾ ਹੀ ਹੋ ਸਕੇਗਾ। ਉਸ ਦੀ ਮੌਤ ਤੱਕ ਏਕੀਕਰਨ ਦਾ ਕੰਮ ਪੂਰਾ ਨਹੀਂ ਹੋਇਆ ਸੀ ਜਦਕਿ ਉਸ ਦੀ ਸੂਝਬੂਝ ਅਤੇ ਕੂਟਨੀਤੀ ਦੀ ਘਾਟ 'ਚ ਏਕੀਕਰਨ ਦਾ ਰਸਤਾ ਨਿਸ਼ਚਿਤ ਹੋਣਾ ਬਹੁਤ ਮੁਸ਼ਕਿਲ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਾਵੂਰ ਆਧੁਨਿਕ ਇਟਲੀ ਦਾ ਸੁਪਨਾ ਦੇਖਣ ਵਾਲਾ ਹੀ ਨਹੀਂ, ਜਨਮਦਾਤਾ ਵੀ ਸੀ।

9. **ਏਕੀਕਰਨ ਦਾ ਪੰਜਵਾਂ ਗੇੜ-ਵੇਨੇਸ਼ੀਆ ਦਾ ਰਲੇਵਾਂ :** ਆਸਟਰੀਆ ਦੇ ਅਧੀਨ ਵੇਨੇਸ਼ੀਆ ਦੇ ਇਟਲੀ 'ਚ ਏਕੀਕਰਨ ਦਾ ਮੌਕਾ ਸੰਨ 1866 ਈ. 'ਚ ਆਇਆ। ਇਨ੍ਹਾਂ ਦਿਨਾਂ 'ਚ ਪ੍ਰਸ਼ੀਆ ਦਾ ਚਾਂਸਲਰ ਬਿਸਮਾਰਕ ਵੀ ਜਰਮਨਾਂ ਦੇ ਏਕੀਕਰਨ ਲਈ ਸੰਘਰਸ਼ਸ਼ੀਲ ਸੀ। ਉਸ ਦੇ ਇਸ ਉਦੇਸ਼ 'ਚ ਆਸਟਰੀਆ ਅੜਿੱਕਾ ਸੀ। ਇਸ ਲਈ ਬਿਸਮਾਰਕ ਆਸਟਰੀਆ ਦੇ ਵਿਰੁੱਧ ਇਟਲੀ ਦੀ ਸਹਾਇਤਾ ਪ੍ਰਾਪਤ ਕਰਨਾ ਚਾਹੁੰਦਾ ਸੀ। ਅਪਰੈਲ 1866 'ਚ ਬਿਸਮਾਰਕ ਨੇ ਇਟਲੀ ਦੇ ਸਮਰਾਟ ਵਿਕਟਰ ਈਮੈਨਿਊਅਲ ਨਾਲ ਇੱਕ ਸੰਧੀ ਕੀਤੀ ਜਿਸ ਦੇ ਅਨੁਸਾਰ ਇਟਲੀ, ਆਸਟਰੀਆ ਦੇ ਵਿਰੁੱਧ ਪ੍ਰਸ਼ੀਆ ਦੀ ਸਹਾਇਤਾ ਕਰੇਗਾ ਅਤੇ ਆਸਟਰੀਆ ਦੀ ਫੌਜ ਨੂੰ ਯੁੱਧ 'ਚ ਵੇਨੇਸ਼ੀਆ 'ਚ ਉਲਝਾਈ ਰੱਖੇਗਾ। ਪ੍ਰਸ਼ੀਆ ਨੇ ਇਟਲੀ ਦੀ ਸੈਨਿਕ ਸਹਾਇਤਾ ਦੇ ਬਦਲੇ ਇਟਲੀ ਨੂੰ ਵੇਨੇਸ਼ੀਆ ਦਿਵਾਉਣ ਦਾ ਵਚਨ ਦਿੱਤਾ। 20 ਜੂਨ, 1868 ਨੂੰ ਪ੍ਰਸ਼ੀਆ ਅਤੇ ਆਸਟਰੀਆ 'ਚ ਯੁੱਧ ਸ਼ੁਰੂ ਹੋ ਗਿਆ। ਉਸੇ ਦਿਨ ਵਿਕਟਰ ਈਮੈਨਿਊਅਲ ਨੇ ਆਸਟਰੀਆ ਦੇ ਦੱਖਣ ਤੋਂ ਵੇਨੇਸ਼ੀਆ 'ਤੇ ਹਮਲਾ ਕਰ ਦਿੱਤਾ। ਇਸ ਨਾਲ ਆਸਟਰੀਆ ਦੀ ਫੌਜ ਦੋ ਖੇਤਰਾਂ 'ਚ ਵੰਡੀ ਗਈ ਅਤੇ ਪ੍ਰਸ਼ੀਆ ਨੇ ਸੇਡੋਵਾ ਦੇ ਯੁੱਧ 'ਚ ਆਸਟਰੀਆ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਇਸ ਫੈਸਲਾਕੁੰਨ ਯੁੱਧ ਤੋਂ ਬਾਅਦ ਪ੍ਰਾਗ ਦੀ ਜੋ ਸੰਧੀ ਹੋਈ, ਉਸ ਵਿੱਚ ਵੇਨੇਸ਼ੀਆ ਪੀਡਮਾਂਟ ਨੂੰ ਦੇ ਦਿੱਤਾ ਗਿਆ। ਜਨਮਤ ਸੰਗ੍ਰਹਿ ਦੇ ਦੁਆਰਾ ਵੇਨੇਸ਼ੀਆ ਦਾ ਇਟਲੀ 'ਚ ਰਲੇਵਾਂ ਪੂਰਾ ਹੋਇਆ।

10. **ਏਕੀਕਰਨ ਦਾ ਆਖ਼ਰੀ ਗੇੜ-ਰੋਮ ਦੀ ਪ੍ਰਾਪਤੀ (1870 ਈ.):** 1866 ਈ. ਤੱਕ ਸਿਰਫ਼ ਰੋਮ ਨੂੰ ਛੱਡ ਕੇ ਪੂਰੇ ਇਟਲੀ ਦਾ ਏਕੀਕਰਨ ਪੂਰਾ ਹੋ ਚੁੱਕਾ ਸੀ। ਰੋਮ ਦੇ ਬਿਨਾਂ ਇਟਲੀ ਦੀ ਸਥਿਤੀ ਉਸੇ ਤਰ੍ਹਾਂ ਸੀ ਜਿਵੇਂ - "ਦਿਲ ਦੇ ਬਿਨਾਂ ਸਰੀਰ।" ਪਿਛਲੇ 1200 ਸਾਲਾਂ ਤੋਂ ਰੋਮ 'ਤੇ ਪੋਪ ਦਾ ਅਧਿਕਾਰ ਚੱਲਿਆ ਆ ਰਿਹਾ ਸੀ ਅਤੇ ਯੂਰਪ ਦੇ ਸਾਰੇ ਕੈਥੋਲਿਕ ਧਰਮ ਸ਼ਰਧਾਲੂ ਪੋਪ ਦੇ ਭਗਤ ਸਨ। ਰੋਮ ਦੀ ਰੱਖਿਆ ਲਈ ਫਰਾਂਸ ਦੀਆਂ ਫੌਜਾਂ ਉੱਥੇ ਮੌਜੂਦ ਸਨ। ਗੈਰੀਬਾਲਡੀ ਨੇ 1867 ਈ. 'ਚ ਰੋਮ 'ਤੇ ਅਧਿਕਾਰ ਕਰਨ ਦਾ ਅਸਫ਼ਲ ਯਤਨ ਕੀਤਾ ਸੀ।

    ਰੋਮ ਦੀ ਪ੍ਰਾਪਤੀ ਦਾ ਕੰਮ ਉਸ ਸਮੇਂ ਪੂਰਾ ਹੋਇਆ ਜਦੋਂ ਜਰਮਨੀ ਦੇ ਏਕੀਕਰਨ ਲਈ 1870 ਈ. 'ਚ ਫਰਾਂਸ ਅਤੇ ਪ੍ਰਸ਼ੀਆ 'ਚ ਯੁੱਧ ਹੋਇਆ। ਨੇਪੋਲੀਅਨ ਤੀਜੇ ਨੂੰ ਮਜ਼ਬੂਰ ਹੋ ਕੇ ਰੋਮ ਤੋਂ ਫਰਾਂਸੀਸੀ ਫੌਜ ਨੂੰ ਪ੍ਰਸ਼ੀਆ ਨਾਲ ਲੜਨ ਲਈ ਬੁਲਾਉਣਾ ਪਿਆ। ਫਰਾਂਸ ਨੂੰ ਪ੍ਰਸ਼ੀਆ 'ਚ ਉਲਝਿਆ ਹੋਇਆ ਦੇਖ ਕੇ ਵਿਕਟਰ ਈਮੈਨਿਊਅਲ ਨੇ ਰੋਮ 'ਤੇ ਹਮਲਾ ਕਰ ਦਿੱਤਾ। 20 ਸਤੰਬਰ, 1870 ਈ. ਨੂੰ ਰੋਮ 'ਤੇ ਇਟਲੀ ਦਾ ਅਧਿਕਾਰ ਹੋ ਗਿਆ। ਰੋਮ 'ਚ ਜਨਮਤ ਸੰਗ੍ਰਹਿ ਕਰਵਾਇਆ ਗਿਆ ਜਿਸ ਵਿੱਚ 40 ਹਜ਼ਾਰ ਤੋਂ ਜ਼ਿਆਦਾ ਮਤ ਏਕੀਕਰਨ ਲਈ ਵਿਕਟਰ ਈਮੈਨਿਊਅਲ ਦੇ ਪੱਖ 'ਚ ਪਏ ਅਤੇ ਪੋਪ ਨੂੰ ਸਿਰਫ਼ 46 ਮਤ ਪ੍ਰਾਪਤ ਹੋਏ। ਇਸਦੇ ਆਧਾਰ 'ਤੇ ਰੋਮ ਇਟਲੀ 'ਚ ਸ਼ਾਮਲ ਕਰ ਲਿਆ ਗਿਆ ਅਤੇ ਉਸ ਨੂੰ ਸੰਯੁਕਤ ਇਟਲੀ ਦੀ ਰਾਜਧਾਨੀ ਬਣਾਇਆ ਗਿਆ। 2 ਜੂਨ, 1871ਈ. ਨੂੰ ਵਿਕਟਰ ਈਮੈਨਿਊਅਲ ਨੇ ਏਕੀਕ੍ਰਿਤ ਇਟਲੀ ਦੇ ਸਮਰਾਟ ਦੇ ਰੂਪ 'ਚ ਰੋਮ 'ਚ ਪ੍ਰਵੇਸ਼ ਕੀਤਾ। ਰੋਮ ਦੀ ਪ੍ਰਾਪਤੀ ਦੇ ਨਾਲ ਹੀ ਇਟਲੀ ਦੇ ਏਕੀਕਰਨ ਦਾ ਮੇਜਿਨੀ ਦਾ ਸੁਪਨਾ ਪੂਰਾ ਹੋਇਆ। ਹੁਣ ਇਟਲੀ ਸਿਰਫ਼ ਇੱਕ ਭੌਗੋਲਿਕ ਪ੍ਰਗਟਾਵਾ ਮਾਤਰ ਨਹੀਂ ਰਿਹਾ ਸਗੋਂ ਇੱਕ ਸੁਤੰਤਰ ਅਤੇ ਸੱਤਾ ਸੰਪੰਨ ਰਾਜ ਬਣ ਗਿਆ।

**ਸਮੀਖਿਆ:** ਇਟਲੀ ਦਾ ਏਕੀਕਰਨ ਯੂਰਪੀ ਇਤਿਹਾਸ 'ਚ ਰਾਸ਼ਟਰਵਾਦ ਦੀ ਜਿੱਤ ਦੀ ਇੱਕ ਮਹੱਤਵਪੂਰਨ ਘਟਨਾ ਹੈ। ਇਹ ਇੱਕ ਮੁਸ਼ਕਿਲ ਕੰਮ ਸੀ ਜਿਸ ਨੂੰ ਮੇਜਿਨੀ ਗੈਰੀਬਾਲਡੀ, ਕਾਵੂਰ ਅਤੇ ਵਿਕਟਰ ਈਮੈਨਿਊਅਲ ਨੇ ਆਪਣੀ-ਆਪਣੀ ਯੋਗਤਾ ਅਤੇ ਸੂਝ-ਬੂਝ ਨਾਲ ਪੂਰਾ ਕੀਤਾ। ਇਸ ਏਕੀਕਰਨ ਦੀ ਆਤਮਾ ਮੇਜਿਨੀ, ਦਿਮਾਗ ਕਾਵੂਰ ਅਤੇ ਸਰੀਰ ਦਾ ਮੁੱਖ ਹਿੱਸਾ ਗੈਰੀਬਾਲਡੀ ਦੀ ਤਲਵਾਰ ਸੀ। ਦੂਜੇ ਸ਼ਬਦਾਂ 'ਚ, ਮੇਜਿਨੀ ਨੇ ਨੈਤਿਕ ਬਲ, ਗੈਰੀਬਾਲਡੀ ਦੀ ਤਲਵਾਰ, ਕਾਵੂਰ ਦੀ ਕੂਟਨੀਤੀ ਅਤੇ ਵਿਕਟਰ ਈਮੈਨਿਊਅਲ ਦੀ ਵਿਵਹਾਰਿਕ ਕੁਸ਼ਲਤਾ ਅਤੇ ਬੁੱਧੀ ਅਤੇ ਅਣਗਿਣਤ ਇਟਲੀਵਾਸੀਆਂ ਦੇ ਸਮਰਪਣ, ਤਿਆਗ ਅਤੇ ਬਲੀਦਾਨ ਨਾਲ ਇਟਲੀ ਵਿਦੇਸ਼ੀ ਰਾਜਸੱਤਾ ਤੋਂ ਮੁਕਤ ਹੋਇਆ ਅਤੇ ਯੂਰਪ ਦਾ ਇੱਕ ਸੰਗਠਿਤ ਅਤੇ ਸ਼ਕਤੀਸ਼ਾਲੀ ਰਾਸ਼ਟਰ ਬਣ ਗਿਆ। ਕੇਟਲਬੀ ਦੇ ਸ਼ਬਦਾਂ 'ਚ-"ਰੋਮ ਦੀ ਪ੍ਰਾਪਤੀ ਦੇ ਨਾਲ ਹੀ ਹੁਣ ਇਟਲੀ ਦਾ ਭੌਗੋਲਿਕ ਪ੍ਰਗਟਾਵਾ ਮਾਤਰ ਨਹੀਂ ਰਿਹਾ ਸਗੋਂ ਇੱਕ ਸੁਤੰਤਰ ਅਤੇ ਸੱਤਾ ਸੰਪੰਨ ਰਾਸ਼ਟਰ ਬਣ ਗਿਆ।"

ਨੋਟ

**ਸਵੈ-ਮੁਲਾਂਕਣ (Self Assessment)**

**ਖਾਲੀ ਥਾਵਾਂ ਨੂੰ ਭਰੋ (Fill in the blanks):**

1. ਇਟਲੀਵਾਸੀਆਂ ਨੂੰ ਫਰਾਂਸ ਦੀ ਕ੍ਰਾਂਤੀ ਦੀ ਸਭ ਤੋਂ ਵੱਡੀ ਦੇਣ ਸੀ..... ਦੀ ਸਮਾਪਤੀ।
2. ......... 'ਚ ਇਟਲੀ ਦੇ ਏਕੀਕ੍ਰਿਤ ਸ਼ਕਤੀਸ਼ਾਲੀ ਰਾਜ ਦਾ ਯੂਰਪ 'ਚ ਜਨਮ ਹੋਇਆ।
3. ਪ੍ਰਤੀਕਿਰਿਆਵਾਦ ਦੇ ਵਿਰੁੱਧ ਯੂਰਪ 'ਚ ਪਹਿਲੀ ਕ੍ਰਾਂਤੀ.......'ਚ ਹੋਈ ਸੀ।

## 20.2 ਜਰਮਨੀ ਦਾ ਏਕੀਕਰਨ (The Unification of Germany)

ਆਧੁਨਿਕ ਜਰਮਨੀ ਯੂਰਪ ਅਤੇ ਵਿਸ਼ਵ ਦਾ ਇੱਕ ਉੱਨਤ ਅਤੇ ਵਿਕਸਿਤ ਰਾਸ਼ਟਰ ਹੈ। ਮੱਧ ਯੂਰਪ 'ਚ ਸਥਿਤ ਜਰਮਨੀ ਇੱਕ ਅਜਿਹਾ ਰਾਸ਼ਟਰ ਹੈ ਜਿਸ ਨੇ ਦੋਵਾਂ ਵਿਸ਼ਵ ਯੁੱਧਾਂ ਦੀ ਘਾਤਕ ਪੁਸ਼ਠਭੂਮੀ ਤਿਆਰ ਕਰਨ 'ਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ। ਜਰਮਨੀ ਅਜਿਹਾ ਰਾਸ਼ਟਰ ਹੈ, ਜਿਸ ਨੇ ਪਹਿਲੇ ਵਿਸ਼ਵ ਯੁੱਧ 'ਚ ਆਪਣੀ ਪੂਰੀ ਤਰ੍ਹਾਂ ਹਾਰ ਤੋਂ ਬਾਅਦ ਵਰਸਾਇ ਦੀ ਅਪਮਾਨਜਨਕ ਸੰਧੀ 'ਤੇ ਮਜ਼ਬੂਰ ਹੋ ਕੇ ਦਸਤਖ਼ਤ ਕੀਤੇ, ਪਰੰਤੂ ਅਗਲੇ 20 ਸਾਲਾਂ 'ਚ ਉਸ ਨੇ ਆਪਣੇ ਅਪਮਾਨ ਦਾ ਬਦਲਾ ਲੈਣ ਲਈ ਦੂਜਾ ਮਹਾਂਯੁੱਧ ਸ਼ੁਰੂ ਕਰ ਦਿੱਤਾ। ਜਰਮਨੀ ਉਹ ਰਾਸ਼ਟਰ ਹੈ ਜਿੱਥੇ ਬਿਸਮਾਰਕ ਵਰਗੇ ਮਹਾਨ ਕੂਟਨੀਤਿਕ ਅਤੇ ਹਿਟਲਰ ਵਰਗੇ ਤਾਨਾਸ਼ਾਹ ਨੇ ਜਨਮ ਲਿਆ। ਜਰਮਨੀ ਦੀਆਂ ਸਾਰੀਆਂ ਉਪਲਬੱਧੀਆਂ ਦੀ ਪੁਸ਼ਠਭੂਮੀ ਇਸ ਰਾਸ਼ਟਰ ਦੇ ਏਕੀਕਰਨ ਤੋਂ ਪਿੱਛੋਂ ਹੀ ਤਿਆਰ ਹੋ ਸਕੀ ਸੀ। ਜਰਮਨੀ ਦੇ ਏਕੀਕਰਨ-ਅਰਥਾਤ ਕਈ ਜਰਮਨ ਰਾਜਾਂ ਨੂੰ ਸਾਂਝਾ ਕਰਨ ਦਾ ਕੰਮ-ਪ੍ਰਸ਼ਾ ਦੇ ਚਾਂਸਲਰ (ਪ੍ਰਧਾਨਮੰਤਰੀ) ਬਿਸਮਾਰਕ ਦੀ ਅਗਵਾਈ 'ਚ 1871 'ਚ ਪੂਰਾ ਹੋਇਆ ਸੀ।

### ਏਕੀਕਰਨ ਤੋਂ ਪਹਿਲਾਂ ਜਰਮਨ ਰਾਜਾਂ ਦੀ ਸਥਿਤੀ

(i) ਫਰਾਂਸੀਸੀ ਰਾਜ ਕ੍ਰਾਂਤੀ (1789ਈ.) ਤੋਂ ਪਹਿਲਾਂ ਜਰਮਨੀ ਰਾਜਨੀਤਿਕ ਨਜ਼ਰੀਏ ਤੋਂ ਯੂਰਪ ਦੀ ਸਭ ਤੋਂ ਜ਼ਿਆਦਾ ਵੰਡਿਆ ਅਤੇ ਬੇਤਰਤੀਬਾ ਦੇਸ਼ ਸੀ ਜਿਸ ਵਿੱਚ 300 ਤੋਂ ਵੀ ਜ਼ਿਆਦਾ ਅਬਰਾਬਰ ਰਾਜਾਂ ਦੀ ਹੋਂਦ ਸੀ। ਇਹ ਰਾਜ ਰਾਜਨੀਤਿਕ, ਧਾਰਮਿਕ ਅਤੇ ਹੋਰ ਆਧਾਰਾਂ 'ਤੇ ਵੰਡੇ ਹੋਏ ਸਨ। ਵਿਵਹਾਰਿਕ ਅਤੇ ਭੌਗੋਲਿਕ ਨਜ਼ਰੀਏ ਤੋਂ ਇਹ ਰਾਜ ਤਿੰਨ ਸਮੂਹਾਂ 'ਚ ਮੰਨੇ ਜਾ ਸਕਦੇ ਹਨ-ਉੱਤਰੀ, ਮੱਧ ਅਤੇ ਦੱਖਣ 'ਚ ਜਰਮਨ ਰਾਜ। ਉੱਤਰੀ ਰਾਜ 'ਚ ਪ੍ਰਸ਼ਾ, ਸੈਕਸਨੀ, ਹੈਨੋਵਰ ਅਤੇ ਫ੍ਰੇਂਕਫਰਟ ਮੁੱਖ ਸਨ। ਇਨ੍ਹਾਂ 'ਚੋਂ ਕੁਝ ਰਾਜ ਪਵਿੱਤਰ ਰੋਮਨ ਸਾਮਰਾਜ ਅਰਥਾਤ ਆਸਟਰੀਆ ਦੇ ਸਾਮਰਾਜ ਦੇ ਅਧੀਨ ਸਨ।

(ii) ਵੱਖ-ਵੱਖ ਰਾਜਾਂ 'ਚ ਕਿਸੇ ਵੀ ਤਰ੍ਹਾਂ ਦੀ ਸਮਾਨਤਾ ਦੀ ਕਾਫ਼ੀ ਘਾਟ ਸੀ। ਇਨ੍ਹਾਂ 'ਚੋਂ ਕੁਝ ਵੱਡੇ ਅਤੇ ਸਾਮਰਿਕ ਅਤੇ ਸੈਨਿਕ ਨਜ਼ਰੀਏ ਤੋਂ ਸ਼ਕਤੀਸਾਲੀ ਅਤੇ ਕੁਝ ਬਿਲਕੁਲ ਕਮਜ਼ੋਰ ਸਨ। ਇਨ੍ਹਾਂ ਰਾਜਾਂ 'ਚ ਜਾਇਦਾਦ ਅਤੇ ਆਰਥਿਕ ਦ੍ਰਿਸ਼ਟੀ ਤੋਂ ਵੀ ਅਸਮਾਨਤਾ ਸੀ। ਇਨ੍ਹਾਂ ਵਿੱਚ ਧਾਰਮਿਕ ਅਸਮਾਨਤਾ ਵੀ ਸੀ। ਕੁਝ ਪ੍ਰੋਟੈਸਟੈਂਟ ਸਨ ਤਾਂ ਹੋਰ ਕੈਥੋਲਿਕ ਧਰਮ ਨੂੰ ਮੰਨਦੇ ਸਨ। ਇਨ੍ਹਾਂ ਰਾਜਾਂ 'ਚ ਗ੍ਰਾਮੀਣ ਅਤੇ ਸ਼ਹਿਰੀ ਦੋਵਾਂ ਤਰ੍ਹਾਂ ਦੀਆਂ ਜੀਵਨ ਪ੍ਰਣਾਲੀਆਂ ਮੌਜੂਦ ਸਨ। ਖੇਤੀਬਾੜੀ ਦਾਸਾਂ ਦੀ ਸਥਿਤੀ ਸਾਰੇ ਰਾਜਾਂ 'ਚ ਬਹੁਤ ਮਾੜੀ ਸੀ। ਏਕੀਕਰਨ ਤੋਂ ਪਹਿਲਾਂ ਅਤੇ ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਪ੍ਰਸ਼ਾ ਨੂੰ ਛੱਡ ਕੇ ਸਾਰੇ ਜਰਨਮ ਰਾਜ ਉਦਯੋਗ ਅਤੇ ਵਪਾਰ ਦੇ ਨਜ਼ਰੀਏ ਤੋਂ ਪਿੱਛੜੇ ਹੋਏ ਸਨ। ਜਰਮਨ-ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਵਪਾਰਕ ਅਤੇ ਉਦਯੋਗਿਕ ਮੁਕਾਬਲੇ 'ਚ ਯੂਰਪ ਦੇ ਹੋਰ ਦੇਸ਼ਾਂ ਦਾ ਸਾਹਮਣਾ ਕਰਨਾ ਪਿਆ ਸੀ। ਹੋਰ ਯੂਰਪੀ ਦੇਸ਼ਾਂ ਦੇ ਵਾਂਗ ਜਰਮਨ ਉਦਯੋਗ ਅਤੇ ਵਪਾਰ ਨੂੰ ਰਾਜਾਂ ਵੱਲੋਂ ਉਤਸ਼ਾਹ ਅਤੇ ਸਹਿਯੋਗ ਵੀ ਪ੍ਰਾਪਤ ਨਹੀਂ ਸੀ। ਇਸ ਸਥਿਤੀ ਦਾ ਮੁੱਖ ਕਾਰਨ ਇਹ ਸੀ ਕਿ ਜਰਮਨੀ 'ਚ ਕੋਈ ਸ਼ਕਤੀਸ਼ਾਲੀ ਅਤੇ ਮਜ਼ਬੂਤ ਕੇਂਦਰੀ ਸੱਤਾ ਨਹੀਂ ਸੀ। ਅੰਤ: ਅਠਾਰਵੀਂ ਸਦੀ ਦੇ ਅੱਧ 'ਚ ਹੋਈ ਯੂਰਪੀ ਉਦਯੋਗਿਕ ਕ੍ਰਾਂਤੀ ਨੇ ਜਰਮਨ ਲੋਕਾਂ ਨੂੰ ਇਹ ਸੋਚਣ 'ਤੇ ਮਜ਼ਬੂਰ ਕੀਤਾ ਕਿ ਜਰਮਨ ਰਾਜਾਂ ਦਾ ਰਾਜਨੀਕਿਤ ਏਕੀਕਰਨ ਜ਼ਰੂਰੀ ਹੈ। ਸਾਰੇ ਜਰਮਨ ਰਾਜਾਂ 'ਚ ਪ੍ਰਸ਼ਾ ਹੀ ਇੱਕ ਅਜਿਹਾ ਰਾਜ ਸੀ ਜੋ ਹੋਰ ਜਰਮਨ ਭਾਸ਼ੀ ਰਾਜਾਂ ਦੇ ਮੁਕਾਬਲੇ ਰਾਜਨੀਤਿਕ ਅਤੇ ਆਰਥਿਕ ਨਜ਼ਰੀਏ ਤੋਂ ਸ਼ਕਤੀਸ਼ਾਲੀ ਅਤੇ ਉੱਨਤ ਸੀ। ਆਖ਼ਰ ਜਰਮਨ ਰਾਜਾਂ ਦੇ ਸੰਯੁਕਤੀਕਰਨ ਦਾ ਕੰਮ ਪ੍ਰਸ਼ਾ ਦੀ ਅਗਵਾਈ 'ਚ ਹੋਣਾ ਸੁਭਾਵਿਕ ਸੀ।

### ਬਿਸਮਾਰਕ ਦੇ ਆਗਮਨ ਤੋਂ ਪਹਿਲਾਂ ਜਰਮਨ ਏਕੀਕਰਨ ਦਾ ਯਤਨ

(1) **ਫਰਾਂਸੀਸੀ ਕ੍ਰਾਂਤੀ, ਨੈਪੋਲੀਅਨ ਅਤੇ ਜਰਮਨੀ:** ਫਰਾਂਸ ਦੀ 1789 ਈ. ਰਾਜ ਕ੍ਰਾਂਤੀ ਦਾ ਪ੍ਰਭਾਵ ਨੇੜਲੇ ਜਰਮਨ ਰਾਜਾਂ 'ਤੇ ਪੈਣਾ ਸੁਭਾਵਿਕ ਸੀ। ਫਰਾਂਸ ਦੀ ਕ੍ਰਾਂਤੀ ਦੇ ਨਤੀਜੇ ਵਜੋਂ ਜਦੋਂ ਨੈਪੋਲੀਅਨ ਦਾ ਜਨਮ ਹੋਇਆ ਤਾਂ ਉਸ ਨੇ ਆਪਣੀ ਇੱਛਾ ਦਾ ਸ਼ਿਕਾਰ ਜਰਮਨ ਰਾਜਾਂ ਨੂੰ ਵੀ ਬਣਾਇਆ। ਯੂਰਪ ਦੇ ਇਤਿਹਾਸ ਦੀ ਇਹ ਇੱਕ ਵਿਡੰਬਨਾ ਹੈ ਕਿ ਆਧੁਨਿਕ ਏਕੀਕ੍ਰਿਤ ਜਰਮਨੀ ਦੀ ਨੀਂਹ ਰੱਖਣ ਵਾਲਾ ਫਰਾਂਸ ਦਾ ਨੈਪੋਲੀਅਨ ਸੀ ਜਿਸ ਨੇ ਜਰਮਨ ਖੇਤਰਾਂ 'ਤੇ ਹਮਲਾ ਕਰਕੇ ਉਸ ਨੂੰ ਲੁੱਟਿਆ ਸੀ। ਜਰਮਨੀ 'ਚ ਜੇਕਰ ਨੈਪੋਲੀਅਨ ਦੇ ਵਿਰੁੱਧ ਦੁਸ਼ਮਣੀ ਅਤੇ ਗੁੱਸੇ ਦੀ ਭਾਵਨਾ ਸੀ ਤਦ ਹੀ 1805 ਈ. 'ਚ ਆਸਟਰੀਆ ਨੂੰ ਹਰਾਉਣ ਤੋਂ ਬਾਅਦ ਨੈਪੋਲੀਅਨ ਨੇ ਜਰਮਨ ਭਾਸ਼ੀ ਛੋਟੇ-ਛੋਟੇ ਰਾਜਾਂ ਨੂੰ ਮਿਲਾ ਕੇ ਢਿੱਲਾ ਸੰਘ ਰਾਜ ਬਣਾਇਆ ਜਿਸ ਨੂੰ **"ਰਾਈਨ ਦਾ ਸੰਘ"** (Confederation of Rhine) ਨਾਮ ਦਿੱਤਾ ਗਿਆ। ਇਸ ਵਿੱਚ ਆਸਟਰੀਆ

ਅਤੇ ਪ੍ਰਸ਼ੀਆ ਨੂੰ ਛੱਡ ਕੇ 16 ਜਰਮਨ ਰਾਜ ਸ਼ਾਮਲ ਸਨ। ਇਸ ਸੰਘ ਨੂੰ 38 ਖੰਡਾਂ 'ਚ ਵੰਡਿਆ ਗਿਆ। ਇਹ ਜਰਮਨੀ ਦੇ ਏਕੀਕਰਨ ਦਾ ਪਹਿਲਾ ਗੇੜ ਸੀ। ਇਸ ਲਈ ਨੈਪੋਲੀਅਨ ਨੂੰ ਜਰਮਨੀ ਦੇ ਏਕੀਕਰਨ ਦਾ ਸੂਤਰਧਾਰ ਕਿਹਾ ਜਾਂਦਾ ਹੈ। ਆਪਣੇ ਘੱਟ ਸ਼ਾਸਨਕਾਲ 'ਚ ਨੈਪੋਲੀਅਨ ਨੇ ਪ੍ਰਸ਼ਾ 'ਚ ਬਹੁਤ ਅੱਤਿਆਚਾਰ ਕੀਤੇ ਸਨ। ਇਸ ਲਈ ਪ੍ਰਸ਼ਾ ਦੇ ਲੋਕ ਨੈਪੋਲੀਅਨ ਦੇ ਦੁਸ਼ਮਣ ਬਣ ਗਏ ਅਤੇ 1813 ਈ.'ਚ ਜਦੋਂ ਨੈਪੋਲੀਅਨ ਜਰਮਨੀ ਵੱਲ ਵਧਿਆ ਤਾਂ ਪ੍ਰਸ਼ਾ ਸਮੇਤ ਮਿੱਤਰ ਰਾਜਾਂ ਨੇ ਉਸ ਨੂੰ ਲਿਪਜਿੰਗ ਦੇ ਯੁੱਧ 'ਚ ਹਰਾ ਕੇ ਰਾਈਨ ਨਦੀ ਦੇ ਪਿੱਛੇ ਤੱਕ ਧੱਕ ਦਿੱਤਾ ਸੀ। ਨੈਪੋਲੀਅਨ ਵੱਲੋਂ ਰਾਈਨ-ਸੰਘ ਦੇ ਨਿਰਮਾਣ ਅਤੇ ਜਰਮਨ ਰਾਜਾਂ 'ਤੇ ਉਸ ਦੇ ਹਮਲਿਆਂ ਨਾਲ ਜਰਮਨ ਭਾਸ਼ੀ ਰਾਜਾਂ 'ਚ ਏਕਤਾ ਅਤੇ ਰਾਸ਼ਟਰਵਾਦ ਦੀ ਭਾਵਨਾਂ ਦਾ ਪਹਿਲੀ ਵਾਰ ਜਨਮ ਹੋਇਆ। ਜਰਮਨ ਲੋਕ ਰਾਈਨ ਨਦੀ ਨੂੰ ਹਮੇਸ਼ਾ ਆਪਣੀ ਮਾਤ ਭੂਮੀ ਦੀ ਕੁਦਰਤੀ ਸੀਮਾ ਸਮਝਦੇ ਸਨ, ਇਸ ਲਈ ਰਾਈਨ-ਭੂਮੀ 'ਤੇ ਫਰਾਂਸੀਸੀ ਅਧਿਕਾਰ ਤੋਂ ਉਹ ਬਹੁਤ ਗੁੱਸੇ 'ਚ ਸਨ। ਇਹੀ ਗੁੱਸਾ ਅੱਗੇ ਚੱਲ ਕੇ ਰਾਸ਼ਟਰੀ ਭਾਵਨਾ ਦੀ ਜਾਗ੍ਰਤੀ ਦਾ ਇੱਕ ਕਾਰਨ ਬਣਿਆ। ਦੂਜੇ ਪਾਸੇ, ਫਰਾਂਸ ਦੀ ਕ੍ਰਾਂਤੀ ਦੇ ਵਿਚਾਰਾਂ-ਸੁਤੰਤਰਤਾ, ਸਮਾਨਤਾ, ਭਾਈਚਾਰੇ ਨੇ ਜਰਮਨੀ 'ਚ ਵਿਆਪਤ, ਸਾਮੰਤਵਾਦ ਦੇ ਵਿਰੁੱਧ ਲੋਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਦੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਸੰਖੇਪ 'ਚ, ਫਰਾਂਸੀਸੀ ਕ੍ਰਾਂਤੀ ਅਤੇ ਨੈਪੋਲੀਅਨ ਦੇ ਕੰਮਾਂ ਨਾਲ ਜਰਮਨੀ 'ਚ ਪ੍ਰਗਤੀਸ਼ੀਲ ਵਿਚਾਰਾਂ ਦੀ ਲਹਿਰ ਪੈਦਾ ਹੋਈ। ਇਸ ਨਾਲ ਏਕੀਕਰਨ ਲਈ ਵਾਤਾਵਰਨ ਤਿਆਰ ਹੋਇਆ।

2. **ਵੀਆਨਾ ਸਮਝੌਤਾ, ਮੇਟਰਨਿਖ ਅਤੇ ਜਰਮਨੀ ਦਾ ਸੰਘ:** ਨੈਪੋਲੀਅਨ ਦੇ ਪਤਨ ਤੋਂ ਬਾਅਦ ਵੀਆਨਾ ਸੰਮੇਲਨ (1815ਈ.) 'ਚ ਜਰਮਨੀ 'ਚ 38 ਰਾਜਾਂ ਦਾ ਇੱਕ ਸ਼ਿਥਿਲ ਸੰਘ ਬਣਾਇਆ ਗਿਆ ਜਿਸ ਨੂੰ ਜਰਮਨ ਕੰਨਫੈਡਰੇਸ਼ਨ (Germen confederation) ਕਿਹਾ ਗਿਆ। ਆਸਟਰੀਆ ਨੂੰ ਇਸ ਸੰਘ ਦਾ ਪ੍ਰਧਾਨ ਬਣਾ ਦਿੱਤਾ ਗਿਆ। ਇਨ੍ਹਾਂ 38 ਰਾਜਾਂ 'ਚ ਨਿਰੰਕੁਸ਼ ਅਤੇ ਸਵੈ ਇੱਛਾ ਚਾਰੀ ਸ਼ਾਸਕਾਂ ਨੂੰ ਦੁਬਾਰਾ ਅਹੁਦੇ 'ਤੇ ਬਿਠਾ ਦਿੱਤਾ ਗਿਆ ਅਤੇ ਉੱਚ ਵਰਗ ਦੇ ਸਾਮੰਤਾਂ ਨੂੰ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰ ਦੇ ਦਿੱਤੇ ਗਏ। ਇਸ ਸੰਘ ਦੀ ਇਕ ਸੰਘੀ ਸੰਸਦ (Federal Diet) ਫ੍ਰੇਂਕਫਰਟ 'ਚ ਸਥਾਪਿਤ ਕੀਤੀ ਗਈ। ਇਸ ਸੰਘੀ ਸੰਸਦ 'ਚ ਜਨਤਾ ਦੀ ਅਗਵਾਈ ਨਹੀਂ ਸੀ ਸਗੋਂ ਵੱਖ-ਵੱਖ ਰਾਜਾਂ ਦੇ ਸ਼ਾਸਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਇਸ ਦੇ ਮੈਂਬਰ ਸਨ। ਇਹ ਤੱਥ ਪ੍ਰਸਿੱਧ ਹੈ ਕਿ ਆਸਟਰੀਆ ਦਾ ਚਾਂਸਲਰ ਮੇਟਰਨਿਖ ਕ੍ਰਾਂਤੀਕਾਰੀ ਵਿਚਾਰਾਂ ਅਤੇ ਪ੍ਰਗਤੀਸ਼ੀਲਤਾ ਦਾ ਕੱਟੜ ਦੁਸ਼ਮਣ ਸੀ ਇਸ ਲਈ ਜਰਮਨੀ 'ਚ ਵੀ ਪਰੰਪਰਾਗਤ ਢੰਗ ਦਾ ਨਿਰੰਕੁਸ਼ ਸ਼ਾਸਨ ਦੁਬਾਰਾ ਸਥਾਪਿਤ ਹੋ ਗਿਆ। ਭਾਵੇਂ ਮੇਟਰਨਿਖ ਨੇ ਜਰਮਨੀ ਰਾਜਾਂ 'ਚ ਪੈਦਾ ਸੁਤੰਤਰਤਾ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਨਾਸ਼ ਕਰਨ 'ਚ ਆਪਣੀ ਪੂਰੀ ਸ਼ਕਤੀ ਲਾ ਦਿੱਤੀ, ਪਰੰਤੂ ਜਰਮਨੀ ਦੇ ਵਿਦਵਾਨਾਂ, ਦਾਰਸ਼ਨਿਕਾਂ, ਵਿਚਾਰਕਾਂ ਅਤੇ ਸਿੱਖਿਅਕਾਂ ਨੇ ਕਈ ਗੁਪਤ ਕਮੇਟੀਆਂ ਦਾ ਗਠਨ ਕੀਤਾ ਅਤੇ ਲੋਕਾਂ ਨੂੰ ਅੰਦੋਲਨਾਂ ਲਈ ਤਿਆਰ ਕੀਤਾ। ਇਨ੍ਹਾਂ ਕਮੇਟੀਆਂ ਦੇ ਸਿਧਾਂਤ ਸਨ- "ਸਨਮਾਨ, ਸੁਤੰਤਰਤਾ ਅਤੇ ਮਾਤ ਭੂਮੀ"। ਇਨ੍ਹਾਂ ਸੰਸਥਾਵਾਂ ਨੇ ਦੇਸ਼ਭਗਤੀ, ਰਾਸ਼ਟਰੀਅਤਾ, ਏਕੀਕਰਨ, ਨੈਤਿਕਤਾ ਅਤੇ ਉਦਾਰਵਾਦ ਦਾ ਖੂਬ ਪ੍ਰਚਾਰ ਕੀਤਾ। ਆਸਟਰੀਆ ਮੇਟਰਨਿਖ ਨੇ ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਦੇ ਪ੍ਰਚਾਰ-ਅੰਦੋਲਨ ਦੀ ਦਮਨ ਲਈ ਕਾਰਲਸਵਾਦ 'ਚ ਜਰਮਨ ਸੰਘ ਦੀ ਇੱਕ ਗੁਪਤ ਬੈਠਕ 'ਚ 1819 ਈ. 'ਚ ਕੁਝ ਦਮਨਕਾਰੀ ਕਾਨੂੰਨ ਪਾਸ ਕਰਵਾ ਦਿੱਤੇ। ਇਨ੍ਹਾਂ ਕਾਨੂੰਨਾਂ ਨੂੰ ਕਾਰਲਸਵਾਦ ਦੇ ਆਦੇਸ਼ (Decrees) ਕਿਹਾ ਜਾਂਦਾ ਹੈ ਇਨ੍ਹਾਂ ਆਦੇਸ਼ਾਂ ਅਨੁਸਾਰ-

   (i) ਪ੍ਰੈਸ 'ਤੇ ਪਾਬੰਦੀ ਲਗਾ ਦਿੱਤੀ ਗਈ ਅਤੇ ਉਦਾਰਵਾਦੀ ਸਾਹਿਤ ਦਾ ਪ੍ਰਕਾਸ਼ਨ ਖ਼ਤਮ ਕਰ ਦਿੱਤਾ ਗਿਆ।

   (ii) ਯੂਨੀਵਰਸਿਟੀਆਂ 'ਚ ਨਿਗਰਾਨ ਨਿਯੁਕਤ ਕੀਤੇ ਗਏ ਜੋ ਸਿੱਖਿਆ, ਸਿਲੇਬਸ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੁਤੰਤਰ ਅਤੇ ਉਦਾਰਵਾਦੀ ਵਿਚਾਰਾਂ ਤੋਂ ਦੂਰ ਰੱਖਦੇ ਸਨ।

   (iii) ਧਾਰਮਿਕ ਸੰਸਥਾਵਾਂ ਅਤੇ ਚਰਚਾਂ ਨੂੰ ਵੀ ਉਦਾਰਵਾਦੀ ਵਿਚਾਰਾਂ ਤੋਂ ਦੂਰ ਕੀਤਾ ਗਿਆ ਅਤੇ ਕੱਟੜਪੰਥੀ ਪਾਦਰੀਆਂ ਦੀ ਨਿਯੁਕਤੀ ਕੀਤੀ ਗਈ।

   (iv) ਗੁਪਤ ਕਮੇਟੀਆਂ ਨੂੰ ਗੈਰ ਕਾਨੂੰਨੀ ਐਲਾਨ ਦਿੱਤਾ ਗਿਆ।

   (v) ਸਾਰੇ ਰਾਜਾਂ ਦੇ ਸ਼ਾਸਕਾਂ ਨੂੰ ਉਦਾਰਵਾਦ ਦਾ ਦਮਨ ਕਰਨ ਦਾ ਆਦੇਸ਼ ਦਿੱਤਾ ਗਿਆ।

   ਮੇਟਰਨਿਖ ਦੀ ਜਰਮਨੀ 'ਚ ਦਮਨਕਾਰੀ ਨੀਤੀ ਦੇ ਨਤੀਜੇ ਵਜੋਂ ਅਗਲੇ ਦਸ ਸਾਲਾਂ ਤੱਕ ਰਾਸ਼ਟਰੀ ਏਕਤਾ ਦੀਆਂ ਗਤੀਵਿਧੀਆਂ ਅੜਿੱਕਾ ਬਣ ਗਈਆਂ।

3. **1830 ਦੀ ਫਰਾਂਸੀਸੀ ਕ੍ਰਾਂਤੀ ਦਾ ਪ੍ਰਭਾਵ:** 1830 'ਚ ਫਰਾਂਸ 'ਚ ਮੁੜ ਕ੍ਰਾਂਤੀ ਹੋਈ ਅਤੇ ਉੱਥੇ ਉਦਾਰਵਾਦ ਦੀ ਜਿੱਤ ਹੋਈ ਪਰੰਤੂ ਜਰਮਨੀ 'ਤੇ ਇਸ ਦਾ ਬਹੁਤ ਘੱਟ ਪ੍ਰਭਾਵ ਪਿਆ। ਇਸ ਦੇ ਦੋ ਮੁੱਖ ਕਾਰਨ ਸਨ-ਪਹਿਲਾ ਇਹ ਕਿ ਜਰਮਨੀ 'ਚ ਅਜੇ ਤੱਕ ਫਰਾਂਸ ਦੀ ਤਰ੍ਹਾਂ ਇੱਕ ਸਪੱਸ਼ਟ ਵਿਚਾਰਧਾਰਾ ਵਾਲੀ ਸੰਗਠਿਤ ਮੱਧਮ ਵਰਗ ਦਾ ਜਨਮ ਨਹੀਂ ਹੋਇਆ ਸੀ। ਦੂਜਾ ਕਾਰਨ ਇਹ ਸੀ ਕਿ 1834 ਈ. 'ਚ ਮੇਟਰਨਿਖ ਨੇ ਵੀਆਨਾ 'ਚ ਇੱਕ ਸਭਾ ਸੱਦੀ ਗਈ ਜਿਸ ਵਿੱਚ ਕ੍ਰਾਂਤੀਕਾਰੀ ਅੰਦੋਲਨ ਦੇ ਨਾਸ਼ ਲਈ ਕੁਝ ਨਿਯਮ ਬਣਾਏ ਗਏ। ਯੂਨੀਵਰਸਿਟੀਆਂ 'ਤੇ ਸਖ਼ਤ ਪਾਬੰਦੀਆਂ ਲਾਈਆਂ ਗਈਆਂ। ਵਿਦਿਆਰਥੀਆਂ ਦੇ ਸੰਘ ਬਣਾਉਣ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਕਈ ਦੇਸ਼ ਭਗਤਾਂ ਅਤੇ ਰਾਸ਼ਟਰਵਾਦੀਟਾਂ ਨੂੰ ਸਖ਼ਤ ਸਜ਼ਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਦੇਸ਼ 'ਚੋਂ ਕੱਢ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ 1830 ਦੀ ਫਰਾਂਸੀਸੀ ਕ੍ਰਾਂਤੀ ਪ੍ਰਭਾਵ ਨਾਲ ਕੁਝ ਜਰਮਨ ਰਾਜਾਂ 'ਚ ਜੋ ਹਲਚਲ ਹੋਈ ਸੀ ਉਹ ਛੇਤੀ ਹੀ ਸਮਾਪਤ ਹੋ ਗਈ।

4. **1848 ਈ. ਦੀ ਕ੍ਰਾਂਤੀ ਦਾ ਪ੍ਰਭਾਵ:** 1848 ਈ. ਦੀ ਯੂਰਪੀ ਕ੍ਰਾਂਤੀ ਦੇ ਨਤੀਜੇ ਵਜੋਂ ਆਸਟਰੀਆ 'ਚ ਵੀ ਅੰਦੋਲਨ ਹੋਏ ਅਤੇ ਮੇਟਰਨਿਖ ਦਾ ਪਤਨ ਹੋ ਗਿਆ। ਜਰਮਨ ਰਾਜਾਂ ਨੂੰ ਵੀ ਮੇਟਰਨਿਖ ਦੇ ਪਤਨ ਤੋਂ ਉਤਸ਼ਾਹ ਮਿਲਿਆ। ਵੱਖ-ਵੱਖ ਜਰਮਨ ਰਾਜਾਂ 'ਚ ਉਦਾਰਵਾਦੀ ਅਤੇ ਰਾਸ਼ਟਰਵਾਦੀ ਸਰਗਰਮ ਹੋ ਗਏ। ਅਸਲ 'ਚ 1848 ਈ. 'ਚ ਕ੍ਰਾਂਤੀ ਦੇ ਸਮੇਂ ਜਰਮਨ

ਨੋਟ

ਉਦਾਰਵਾਦੀ ਇੱਕ ਪਾਸੇ ਜਿੱਥੇ ਸੰਵਿਧਾਨਿਕ ਸੁਧਾਰ ਅਤੇ ਜਨ ਪ੍ਰਤੀਨਿਧਤਵ ਚਾਹੁੰਦੇ ਸਨ, ਉੱਥੇ ਦੂਜੇ ਪਾਸੇ ਉਨ੍ਹਾਂ ਦਾ ਟੀਚਾ ਜਰਮਨੀ ਦਾ ਏਕੀਕਰਨ ਵੀ ਸੀ। ਦੱਖਣੀ ਜਰਮਨੀ ਦੇ ਉਦਾਰਵਾਦੀ, ਮਤ ਅਧਿਕਾਰ ਦੇ ਵਿਸਥਾਰ ਦੀ ਮੰਗ ਕਰ ਰਹੇ ਸਨ। ਕਈ ਜਰਮਨ ਰਾਜਾਂ 'ਚ ਸੰਵਿਧਾਨਿਕ ਰਾਜਤੰਤਰੀ ਸਰਕਾਰਾਂ ਸਥਾਪਿਤ ਹੋ ਗਈਆਂ। ਕਈ ਰਾਜਾਂ 'ਚ ਲੇਖਨ, ਭਾਸ਼ਣ ਅਤੇ ਪ੍ਰੈੱਸ ਦੀ ਸੁਤੰਤਰਤਾ ਪ੍ਰਾਪਤ ਹੋ ਗਈ। ਪ੍ਰਸ਼ਾ 'ਚ ਵੀ ਅੰਦੋਲਨ ਹੋਇਆ ਅਤੇ ਉੱਥੋਂ ਦੇ ਉਸ ਸਮੇਂ ਦੇ ਰਾਜਾ ਫ੍ਰੇਡਰਿਕ ਵਿਲੀਅਮ ਚੌਥੇ ਨੇ ਲੋਕਤੰਤਰੀ ਸੰਵਿਧਾਨ ਲਾਗੂ ਕਰਨ ਦਾ ਵਚਨ ਦਿੱਤਾ ਪਰੰਤੂ ਜਦੋਂ ਕ੍ਰਾਂਤੀ ਦਾ ਉਤਸ਼ਾਹ ਠੰਢਾ ਪੈ ਗਿਆ ਤਾਂ ਉਸ ਨੇ ਆਪਣੇ ਵਚਨ ਨੂੰ ਪੂਰਾ ਨਹੀਂ ਕੀਤਾ। ਇਸ ਤਰ੍ਹਾਂ ਸੰਖੇਪ 'ਚ 1848 ਈ. ਦੀ ਕ੍ਰਾਂਤੀ ਨੇ ਜਰਮਨ ਰਾਜਾਂ ਨੂੰ ਆਸਟਰੀਆ ਦੇ ਮੇਟਰਨਿਖ ਦੀ ਨਿਰੰਕੁਸ਼ਤਾ ਤੋਂ ਮੁਕਤ ਕਰਕੇ ਏਕੀਕਰਨ ਦੀ ਦਿਸ਼ਾ 'ਚ ਇੱਕ ਕਦਮ ਹੋਰ ਅੱਗੇ ਵਧਾਇਆ।

5. **ਜੋਲਵੇਰਿਨ ਦੀ ਭੂਮਿਕਾ:** ਜੋਲਵੇਰਿਨ ਦਾ ਅਰਥ ਹੈ ਜਰਮਨੀ ਦਾ ਆਰਥਿਕ ਏਕੀਕਰਨ। ਰਾਜਨੀਤਿਕ ਏਕੀਕਰਨ ਤੋਂ ਪਹਿਲਾਂ ਪ੍ਰਸ਼ਾ ਅਤੇ ਕੁਝ ਹੋਰ ਰਾਜਾਂ ਦੇ ਵਪਾਰੀਆਂ ਅਤੇ ਉਦਯੋਗਪਤੀਆਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਜਰਮਨ ਰਾਜਾਂ ਦਾ ਉਦਯੋਗਿਕ ਅਤੇ ਵਪਾਰਕ ਵਿਕਾਸ 'ਚ ਸੈਂਕੜੇ ਸਥਾਨਾਂ 'ਤੇ ਚੁੰਗੀ ਕਾਰਨ ਅੜਿੱਕਾ ਬਣਿਆ ਹੋਇਆ ਹੈ। ਇਕੱਲੇ ਪ੍ਰਸ਼ਾ ਦੇ ਵੱਖ-ਵੱਖ ਉਪਮੰਡਲਾਂ 'ਚ 67 ਚੁੰਗੀ ਨਾਕੇ ਹਨ। ਦੂਜੇ ਰਾਜਾਂ 'ਚ ਵੀ ਇਹੀ ਸਥਿਤੀ ਸੀ। ਚੁੰਗੀ ਦੇ ਇਸ ਅੜਿੱਕੇ ਨੂੰ ਦੂਰ ਕਰਨ ਦਾ ਵਿਚਾਰ ਸਭ ਤੋਂ ਪਹਿਲਾਂ ਜਰਮਨੀ ਦੇ ਇੱਕ ਅਰਥਸ਼ਾਸਤਰੀ ਫ੍ਰੇਡਰਿਕ ਲਿਸਟ ਦੇ ਦਿਮਾਗ 'ਚ ਪੈਦਾ ਹੋਇਆ। ਉਸ ਦਾ ਤਰਕ ਸੀ ਕਿ ਕਈ ਸਥਾਨਾਂ 'ਤੇ ਵਪਾਰਕ ਮਾਲ ਦੀ ਚੁੰਗੀ ਚੁਕਾਉਣ ਕਾਰਨ ਵਸਤੂਆਂ ਮਹਿੰਗੀਆਂ ਹੋ ਜਾਂਦੀਆਂ ਹਨ ਅਤੇ ਵਪਾਰ 'ਚ ਦੇਰੀ ਹੁੰਦੀ ਹੈ। ਲਿਸਟ ਆਰਥਿਕ ਰਾਸ਼ਟਰਵਾਦੀ ਵਿਚਾਰਾਂ ਦਾ ਵਿਅਕਤੀ ਸੀ। ਉਸ ਦਾ ਮਤ ਸੀ ਕਿ ਜਰਮਨੀ ਦੀ ਹੱਦ ਅੰਦਰ ਮੁਫ਼ਤ ਵਪਾਰ ਨੀਤੀ ਪ੍ਰਚਲਿਤ ਹੋਣੀ ਚਾਹੀਦੀ ਹੈ ਜਿਸ ਨਾਲ ਜਰਮਨੀ 'ਚ ਆਰਥਿਕ ਏਕਤਾ ਸਥਾਪਿਤ ਹੋ ਸਕੇ। ਜਰਮਨੀ ਦੇ ਰੇਲਮਾਰਗਾਂ ਦੇ ਨਿਰਮਾਣ 'ਚ ਵੀ ਫ੍ਰੇਡਰਿਕ ਲਿਸਟ ਦਾ ਮਹੱਤਵਪੂਰਨ ਯੋਗਦਾਨ ਸੀ।

ਵਪਾਰਕ ਚੁੰਗੀ ਦੇ ਅੜਿੱਕੇ ਨੂੰ ਦੂਰ ਕਰਨ ਦੀ ਦ੍ਰਿਸ਼ਟੀ ਤੋਂ ਸੰਨ 1818 ਈ. 'ਚ ਜਰਮਨੀ ਦੇ 12 ਰਾਜਾਂ 'ਚ ਬਿਨਾ ਚੁੰਗੀ ਕਰਾਂ ਦੀ ਆਵਾਜਾਈ ਦੀ ਦ੍ਰਿਸ਼ਟੀ ਤੋਂ ਜੋਲਵੇਰਿਨ ਨਾਂਅ ਦੇ ਸ਼ੁਲਕ ਸੰਘ (Customs Union) ਦੀ ਸਥਾਪਨਾ ਕੀਤੀ ਗਈ। ਇਸ ਦੇ ਨਾਲ ਹੀ ਸਮੁੱਚੇ ਪ੍ਰਸ਼ਾ 'ਚ ਸੁਤੰਤਰਤਾ ਅਤੇ ਚੁੰਗੀ ਮੁਕਤ ਵਪਾਰ ਸ਼ੁਰੂ ਹੋ ਗਿਆ। ਪ੍ਰਸ਼ਾ ਇੱਕ ਵਿਕਸਿਤ ਅਤੇ ਸ਼ਕਤੀਸ਼ਾਲੀ ਰਾਜ ਸੀ। ਵਪਾਰ ਦੀ ਉੱਨਤੀ ਨੂੰ ਦੇਖ ਕੇ ਉਸ ਨੇ ਹੋਰ ਰਾਜਾਂ ਨੂੰ ਵੀ ਜੋਲਵੇਰੀਨ 'ਚ ਸ਼ਾਮਲ ਹੋਣ ਦੀ ਪ੍ਰੇਰਨਾ ਦਿੱਤੀ। ਸੰਨ 1834 ਈ. ਤੱਕ ਜਰਮਨੀ ਦੇ ਸਾਰੇ ਮੁੱਖ ਰਾਜ ਆਪਣੀਆਂ ਆਰਥਿਕ ਸਹੂਲਤਾਂ ਨੂੰ ਧਿਆਨ 'ਚ ਰੱਖ ਕੇ ਜੋਲਵੇਰੀਨ ਦੇ ਮੈਂਬਰ ਬਣ ਗਏ। ਇਸ ਚੁੰਗੀ ਸੰਘ 'ਚ ਇਹ ਨਿਸ਼ਚਿਤ ਕੀਤਾ ਗਿਆ ਕਿ ਇਸ ਸੰਘ ਦੇ ਮੈਂਬਰ ਜ਼ਿਆਦਾਤਰ ਵਸਤੂਆਂ ਦਾ ਸੁਤੰਤਰ ਵਪਾਰ ਕਰਨਗੇ ਅਤੇ ਇੱਕ-ਦੂਜੇ ਦੇ ਸਾਮਾਨ 'ਤੇ ਚੁੰਗੀ ਨਹੀਂ ਲੈਣਗੇ। ਆਸਟਰੀਆ ਨੇ ਭਾਵੇਂ ਇਸ ਆਰਥਿਕ ਸੰਘ ਨੂੰ ਸਵੀਕਾਰ ਨਹੀਂ ਕੀਤਾ ਪਰੰਤੂ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜੋਲਵੇਰਿਨ ਦੇ ਆਰਥਿਕ ਸੰਘ ਨੇ ਜਰਮਨੀ ਦੇ ਰਾਜਨੀਤਿਕ ਏਕੀਕਰਨ ਲਈ ਮਹੱਤਵਪੂਰਨ ਯੋਗਦਾਨ ਦਿੱਤਾ। ਆਰਥਿਕ ਖੇਤਰ 'ਚ ਏਕਤਾ ਦੀ ਇਸ ਉਪਲੱਬਧੀ ਨਾਲ ਵੱਖ-ਵੱਖ ਰਾਜ ਇੱਕ-ਦੂਜੇ ਦੇ ਨੇੜੇ ਆਏ ਅਤੇ ਜਰਮਨੀ ਦੇ ਰਾਜਨੀਤਿਕ ਏਕੀਕਰਨ ਦੀ ਲੋੜ ਨੂੰ ਮਹਿਸੂਸ ਕਰਨ ਲੱਗੇ। ਆਰਥਿਕ ਏਕੀਕਰਨ ਦਾ ਇਹ ਕੰਮ ਉਂਜ ਪ੍ਰਸ਼ਾ ਦੀ ਅਗਵਾਈ 'ਚ ਹੀ ਸੰਪੰਨ ਹੋਇਆ ਸੀ ਇਸ ਲਈ ਰਾਸ਼ਟਰੀ ਅਤੇ ਰਾਜਨੀਤਿਕ ਏਕੀਕਰਨ ਲਈ ਵੀ ਸਾਰੇ ਰਾਜਾਂ ਨੇ ਪ੍ਰਸ਼ਾ ਦੀ ਅਗਵਾਈ ਨੂੰ ਸਵੀਕਾਰ ਕਰ ਲਿਆ।

6. **ਉਦਯੋਗਿਕ ਵਿਕਾਸ ਅਤੇ ਮੱਧਮ ਅਤੇ ਪੂੰਜੀਪਤੀ ਵਰਗ ਦਾ ਜਨਮ:** 1830 ਈ. ਤੋਂ 1860 ਈ. ਦੇ ਮੱਧ 'ਚ ਸਾਰੇ ਜਰਮਨ ਰਾਜਾਂ ਅਤੇ ਖਾਸ ਕਰਕੇ ਪ੍ਰਸ਼ਾ 'ਚ ਉਦਯੋਗਿਕ ਵਿਕਾਸ ਤੇਜ਼ ਗਤੀ ਨਾਲ ਹੋਇਆ। ਵਪਾਰ 'ਚ ਵੀ ਵਾਧਾ ਹੋਇਆ। ਪ੍ਰਸ਼ਾ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੋ ਗਈ। ਇਸ ਵਿੱਚ ਮੱਧਮ ਅਤੇ ਪੂੰਜੀਪਤੀ ਵਰਗ ਦਾ ਜਨਮ ਹੋਇਆ। ਇਹ ਵਰਗ ਜਰਮਨੀ ਦੇ ਰਾਜਨੀਤਿਕ ਏਕੀਕਰਨ ਦਾ ਇੱਛੁਕ ਸੀ ਕਿਉਂਕਿ ਜਰਮਨੀ 'ਚ ਇੱਕ ਸ਼ਕਤੀਸ਼ਾਲੀ ਰਾਜ ਦੀ ਸਥਾਪਨਾ ਨਾਲ ਦੇਸ਼ ਅਤੇ ਅੰਤਰਰਾਸ਼ਟਰੀ ਵਪਾਰ 'ਚ ਵਾਧਾ ਹੋਣ ਦੀ ਕਾਫ਼ੀ ਸੰਭਾਵਨਾ ਸੀ। ਥਾਮਸਨ ਡੇਵਿਡ ਦਾ ਮਤ ਹੈ ਕਿ, "ਪੂੰਜੀਪਤੀ ਵਰਗ ਦਾ ਸਹਿਯੋਗ ਮਿਲ ਜਾਣ ਨਾਲ ਏਕੀਕਰਨ ਦੇ ਅੰਦੋਲਨ ਨੂੰ ਅਜਿਹਾ ਬਲ ਮਿਲਿਆ ਜੋ ਇਸ ਤੋਂ ਪਹਿਲਾਂ ਕਿਸੇ ਅੰਦੋਲਨ ਨੂੰ ਨਹੀਂ ਮਿਲ ਸਕਿਆ।"

### ਸਵ-ਮੁਲਾਂਕਣ (Self Assessment)

ਬਹੁ-ਵਿਕਲਪੀ ਪ੍ਰਸ਼ਨ (Multiple Choice Questions ) :

4. ਫਰਾਂਸ ਦੀ ਰਾਜਕ੍ਰਾਂਤੀ ਦੇ ਸਮੇਂ.......ਨਾਮ ਦਾ ਕੋਈ ਦੇਸ਼ ਨਹੀਂ ਸੀ।

   (ੳ) ਇਟਲੀ (ਅ) ਜਿਨੇਵਾ

   (ੲ) ਵੇਨਿਸ (ਸ) ਟਸਕਨੀ

5. ਕੈਥੋਲਿਕਾਂ ਦੇ ਸਰਵ ਉੱਚ ਧਰਮ ਅਧਿਕਾਰੀ ਪੋਪ ਗ੍ਰੇਗਰੀ ਦਾ ਦੇਹਾਂਤ .....'ਚ ਹੋ ਗਿਆ।

   (ੳ) 1746 ਈ. (ਅ) 1546 ਈ.

   (ੲ) 1846 ਈ. (ਸ) 1946 ਈ.

ਨੋਟ

6. ........ਨੂੰ ਆਸਟਰੀਆ ਦੀ ਫੌਜ ਨੇ ਪੀਡਮਾਂਟ ਦੀ ਫੌਜ ਨੂੰ ਬੁਰੀ ਤਰ੍ਹਾਂ ਹਰਾਇਆ।
   (ੳ) 23 ਜਨਵਰੀ 1849   (ਅ) 23 ਫਰਵਰੀ, 1849
   (ੲ) 23 ਦਸੰਬਰ 1849   (ਸ) 23 ਮਾਰਚ, 1849

## 20.3 ਜਰਮਨ ਏਕੀਕਰਨ 'ਚ ਬਿਸਮਾਰਕ ਦੀ ਭੂਮਿਕਾ (Role of Bismark in the Unification of German)

1850 ਈ. ਤੱਕ ਇਹ ਗੱਲ ਸਪੱਸ਼ਟ ਹੋ ਚੁੱਕੀ ਸੀ ਕਿ ਜਰਮਨ ਭਾਸ਼ੀ ਰਾਜਾਂ ਨੂੰ ਮਿਲਾ ਕੇ ਇੱਕ ਮਜ਼ਬੂਤ ਜਰਮਨ ਦੇ ਏਕੀਕਰਨ ਦਾ ਕੰਮ ਪ੍ਰਸ਼ਾ ਦੀ ਅਗਵਾਈ 'ਚ ਹੀ ਹੋ ਸਕਦਾ ਹੈ। 1848ਈ. 'ਚ ਫ੍ਰੇਂਕਫਰਟ 'ਚ ਇੱਕ ਸੰਸਦ ਦੀ ਬੈਠਕ ਕੀਤੀ ਗਈ। ਇਸ ਸੰਸਦ 'ਚ ਸਾਰੇ ਜਰਮਨ ਰਾਜਾਂ ਦੇ ਪ੍ਰਤੀਨਿਧੀ ਇਕੱਠੇ ਹੋਏ। ਪ੍ਰਸ਼ਾ ਦਾ ਪ੍ਰਤੀਨਿਧੀ ਬਿਸਮਾਰਕ ਸੀ। ਆਟੋਵਨ ਬਿਸਮਾਰਕ ਸ਼ੁਰੂ 'ਚ ਹੀ ਪ੍ਰਸ਼ਾ ਦੀ ਅਗਵਾਈ 'ਚ ਜਰਮਨ ਰਾਜਾਂ ਦੇ ਏਕੀਕਰਨ ਦਾ ਇਛੁੱਕ ਸੀ। ਉਹ ਉਦਾਰਵਾਦੀ ਵਿਚਾਰਾਂ ਦਾ ਕੱਟੜ ਵਿਰੋਧੀ ਸੀ ਅਤੇ ਸਾਰੇ ਜਰਮਨ ਰਾਜਾਂ ਨੂੰ ਸੰਗਠਿਤ ਕਰਕੇ ਪ੍ਰਸ਼ਾ ਦੀ ਅਗਵਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਦਾ ਇਛੁੱਕ ਸੀ। ਫ੍ਰੇਂਕਫਰਟ ਦੀ ਸੰਸਦ 'ਚ ਉਸ ਨੇ ਆਸਟਰੀਆ ਦੇ ਤਰਕਾਂ 'ਤੇ ਘੋਰ ਵਿਰੋਧ ਕਰਕੇ ਸਾਰੇ ਜਰਮਨ ਰਾਜਾਂ ਦੇ ਏਕੀਕਰਨ ਦੇ ਪੱਖ 'ਚ ਆਪਣੇ ਠੋਸ ਤਰਕ ਪੇਸ਼ ਕੀਤੇ। ਇਸ ਤਰ੍ਹਾਂ ਜਰਮਨੀ ਦੀ ਰਾਜਨੀਤੀ 'ਚ ਬਿਸਮਾਰਕ ਦੇ ਇੱਕ ਐਲਾਨ ਤੋਂ ਬਾਅਦ ਏਕੀਕਰਨ ਦੀ ਅਸਲ ਅਤੇ ਵਿਵਹਾਰਿਕ ਪ੍ਰਕਿਰਿਆ ਸ਼ੁਰੂ ਹੋ ਗਈ। ਜਰਮਨੀ ਦੇ ਏਕੀਕਰਨ ਦਾ ਸੂਤਰਧਾਰ ਬਿਸਮਾਰਕ ਹੀ ਸੀ। ਬਿਸਮਾਰਕ ਦੀ ਅਗਵਾਈ 'ਚ ਜਰਮਨੀ ਦੇ ਏਕੀਕਰਨ ਦੇ ਵੱਖ–ਵੱਖ ਕਦਮਾਂ ਦੀ ਲੜੀ ਇਸ ਤਰ੍ਹਾਂ ਹੈ–

1. **ਜਰਮਨੀ ਏਕੀਕਰਨ ਪ੍ਰਸ਼ਾ ਦੀ ਅਗਵਾਈ 'ਚ:** ਪ੍ਰਸ਼ਾ ਅਤੇ ਜਰਮਨ ਭਾਸ਼ੀ ਰਾਜਾਂ 'ਚ ਸਭ ਤੋਂ ਜ਼ਿਆਦਾ ਪ੍ਰਗਤੀਸ਼ੀਲ ਅਤੇ ਸ਼ਕਤੀਸ਼ਾਲੀ ਰਾਜ ਸਨ। ਸੰਨ 1861 ਤੱਕ ਪ੍ਰਸ਼ਾ ਦਾ ਸ਼ਾਸਕ ਫ੍ਰੇਡਰਿਕ ਵਿਲੀਅਮ ਚੌਥਾ ਸੀ। ਉਸ ਦੇ ਦੇਹਾਂਤ ਤੋਂ ਬਾਅਦ ਉਸ ਦਾ ਭਰਾ ਵਿਲੀਅਮ ਪਹਿਲੇ ਦੇ ਨਾਮ ਨਾਲ ਪ੍ਰਸ਼ਾ ਦਾ ਸ਼ਾਸਕ ਬਣਿਆ। ਉਸ ਦੇ ਦਿਲ'ਚ ਪ੍ਰਸ਼ਾ ਦੀ ਅਗਵਾਈ 'ਚ ਜਰਮਨੀ ਦਾ ਏਕੀਕਰਨ ਕਰਨ ਦੀ ਲਾਲਸਾ ਸੀ। ਉਸ ਦੀ ਇਹ ਇੱਛਾ ਸੀ ਕਿ ਉਹ ਸਾਰੇ ਜਰਮਨੀ 'ਤੇ ਆਪਣਾ ਸ਼ਾਸਨ ਅਤੇ ਰਾਜ ਸਥਾਪਿਤ ਕਰੇ। ਉਸ ਦਾ ਕਥਨ ਸੀ–" ਜੋ ਵੀ ਜਰਮਨੀ 'ਤੇ ਸ਼ਾਸਨ ਕਰਨ ਦੀ ਇੱਛਾ ਰੱਖਦਾ ਹੈ ਉਸ ਨੂੰ ਅਜਿਹਾ ਸ਼ਾਸਨ ਖੁਦ ਖੋਹਣਾ ਹੋਵੇਗਾ।" ਵਿਲੀਅਮ ਪਹਿਲਾ ਪ੍ਰਸ਼ਾ ਦੀ ਸੈਨਿਕ ਸ਼ਕਤੀ ਨੂੰ ਵਧਾ ਕੇ ਏਕੀਕਰਨ ਦੇ ਪੱਖ 'ਚ ਸੀ। ਉਸ ਦਾ ਮਤ ਸੀ ਕਿ, "ਪ੍ਰਸ਼ਾ ਦੀ ਕਿਸਮਤ ਉਸ ਦੀ ਫੌਜ 'ਤੇ ਨਿਰਭਰ ਹੈ।" ਇਸ ਕੰਮ ਲਈ ਉਸ ਨੇ ਕਈ ਉਪਾਅ ਕੀਤੇ। ਵਾਨ ਰੂਨ (Voon Roon) ਅਤੇ ਵਾਨ ਮੋਲਟਕੇ (Von Moltke) ਵਰਗੇ ਫੌਜੀ ਮਾਹਿਰਾਂ ਨੂੰ ਉਸ ਨੇ ਲੜੀਵਾਰ ਯੁੱਧਮੰਤਰੀ ਅਤੇ ਆਰਮੀ ਸਟਾਫ਼ ਦੇ ਮੁੱਖ ਅਹੁਦਿਆਂ 'ਤੇ ਨਿਯੁਕਤ ਕੀਤਾ। ਇਸੇ ਸਮੇਂ ਚੰਗੀ ਕਿਸਮਤ ਨਾਲ ਉਸ ਨੂੰ ਬਿਸਮਾਰਕ ਦੀਆਂ ਸੇਵਾਵਾਂ ਪ੍ਰਾਪਤ ਹੋ ਗਈਆਂ। ਸਤੰਬਰ, 1862 ਈ. 'ਚ ਵਿਲੀਅਮ ਪਹਿਲੇ ਨੇ ਬਿਸਮਾਰਕ ਨੂੰ ਪ੍ਰਸ਼ਾ ਦੇ ਚਾਂਸਲਰ (ਪ੍ਰਧਾਨਮੰਤਰੀ) ਦੇ ਅਹੁਦੇ 'ਤੇ ਨਿਯੁਕਤ ਕਰ ਦਿੱਤਾ।

2. **ਆਟੋਵਾਨ ਬਿਸਮਾਰਕ: ਜਰਮਨੀ ਲਈ ਯੋਗ ਅਗਾਈ:** ਜਰਮਨੀ ਦੇ ਪ੍ਰਸ਼ਾ ਰਾਜ ਦਾ ਚਾਂਸਲਰ ਬਿਸਮਾਰਕ ਇਕ ਪ੍ਰਸਿੱਧ ਸਾਮੰਤ ਪਰਿਵਾਰ 'ਚ ਜਨਮਿਆ ਸੀ। ਉਸ ਦੀ ਪ੍ਰਜਾਤੰਤਰ 'ਚ ਬਿਲਕੁਲ ਆਸਥਾ ਨਹੀਂ ਸੀ। ਉਸ ਦਾ ਉਦੇਸ਼ ਯੂਰਪ 'ਚ ਜਨਮੀ ਉਦਾਰਵਾਦੀ ਭਾਵਨਾ ਦਾ ਵਿਰੋਧ ਕਰਕੇ ਪ੍ਰਸ਼ਾ ਦੇ ਰਾਜਤੰਤਰ ਦੀ ਮਜ਼ਬੂਤ ਅਗਵਾਈ 'ਚ ਜਰਮਨ ਰਾਜਾਂ ਦਾ ਏਕੀਕਰਨ ਕਰਨਾ ਸੀ। ਉਸ ਨੇ ਇੱਕ ਮੌਕੇ 'ਤੇ ਕਿਹਾ ਵੀ ਸੀ– "ਮੈਂ ਇਸ ਯੁਗ ਦੀ ਭਾਵੁਕਤਾ ਤੋਂ ਡਰਦਾ ਹਾਂ, ਜਿਸ ਵਿੱਚ ਹਰ ਇਕ ਦੀਵਾਨੇ ਵਿਦਰੋਹੀ ਨੂੰ ਸੱਚਾ ਦੇਸ਼ ਭਗਤ ਸਮਝਿਆ ਜਾਂਦਾ ਹੈ।" ਉਸ ਦੀ ਸੰਵਿਧਾਨਿਕ ਰਾਜਤੰਤਰ 'ਚ ਵੀ ਕੋਈ ਆਸਥਾ ਨਹੀਂ ਸੀ। ਉਹ ਪ੍ਰਸ਼ਾ ਰਾਜ ਦੇ ਸੁਤੰਤਰ ਸਵਰੂਪ ਨੂੰ ਬਣਾਈ ਰੱਖਦੇ ਹੋਏ ਵੀ ਪ੍ਰਸ਼ਾ ਦੀ ਅਗਵਾਈ 'ਚ ਏਕੀਕਰਨ ਦਾ ਇਛੁੱਕ ਸੀ। ਉਸਦਾ ਰਾਜਨੀਤਿਕ ਪਿਛੋਕੜ ਵੀ ਬਹੁਤ ਸ੍ਰੇਸ਼ਠ ਸੀ। 1851 ਈ. ਤੱਕ ਬਿਸਮਾਰਕ ਰਾਜਤੰਤਰ ਦੇ ਕੱਟੜ ਸਮਰਥਕ ਦੇ ਰੂਪ 'ਚ ਪਹਿਚਾਣਿਆ ਜਾਣ ਲੱਗਾ ਸੀ। ਉਸ ਨੇ ਵੱਖ–ਵੱਖ ਅਹੁਦਿਆਂ 'ਤੇ ਕੰਮ ਕਰਕੇ ਇੱਕ ਕੁਸ਼ਲ ਕੂਟਨੀਤਿਕ ਦੇ ਰੂਪ 'ਚ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਆਪਣੇ ਕਾਰਜਕਾਲ ਦੇ ਸ਼ੁਰੂਆਤੀ ਸਾਲਾਂ 'ਚ ਉਹ ਆਸਟਰੀਆ ਦਾ ਸਮਰਥਕ ਸੀ, ਪਰੰਤੂ ਜਦੋਂ ਉਸ ਨੇ ਇਹ ਮਹਿਸੂਸ ਕੀਤਾ ਕਿ ਆਸਟਰੀਆ, ਪ੍ਰਸ਼ਾ ਨੂੰ ਬਰਾਬਰ ਮਹੱਤਵ ਦੇਣਾ ਨਹੀਂ ਚਾਹੁੰਦਾ ਤਾਂ ਉਹ ਆਸਟਰੀਆ ਦਾ ਵਿਰੋਧੀ ਹੋ ਗਿਆ। ਉਹ ਛੇਤੀ ਹੀ ਇਸ ਸਿੱਟੇ 'ਤੇ ਪਹੁੰਚ ਗਿਆ ਕਿ ਆਸਟਰੀਆ ਨੂੰ ਹਰਾਏ ਬਿਨਾ, ਪ੍ਰਸ਼ਾ ਦੀ ਅਗਵਾਈ 'ਚ ਜਰਮਨ ਰਾਜਾਂ ਦਾ ਏਕੀਕਰਨ ਸੰਭਵ ਨਹੀਂ ਹੈ।

**ਬਿਸਮਾਰਕ ਦੇ ਉਦੇਸ਼ :**

(i) ਬਿਸਮਾਰਕ ਪ੍ਰਸ਼ਾ ਦੀ ਅਗਵਾਈ 'ਚ ਜਰਮਨੀ ਦਾ ਏਕੀਕਰਨ ਕਰਕੇ ਉਸ ਨੂੰ ਇੱਕ ਰਾਸ਼ਟਰ ਦੇ ਰੂਪ 'ਚ ਸੰਗਠਿਤ ਕਰਨਾ ਚਾਹੁੰਦਾ ਸੀ।

(ii) ਪ੍ਰਸ਼ਾ ਦੁਆਰਾ ਜਰਮਨੀ ਰਾਜਾਂ 'ਤੇ ਜਿੱਤ ਪ੍ਰਾਪਤ ਕਰਕੇ ਏਕੀਕਰਨ ਦੇ ਕੰਮ ਨੂੰ ਪੂਰਾ ਕਰਦੇ ਹੋਏ ਉਹ ਪ੍ਰਸ਼ਾ ਦੀ ਸੱਭਿਅਤਾ, ਪਰੰਪਰਾਵਾਂ ਅਤੇ ਸ਼ਾਸਨ–ਪ੍ਰਣਾਲੀ ਦਾ ਵਿਸਥਾਰ ਕਰਨਾ ਚਾਹੁੰਦਾ ਸੀ।

(iii) ਇੱਕ ਕੁਸ਼ਲ ਅਤੇ ਦੂਰਦਰਸ਼ੀ ਕੂਟਨੀਤਿਕ ਦੇ ਰੂਪ 'ਚ ਉਸ ਨੇ ਇਹ ਭਲੀਭਾਂਤੀ ਸਮਝ ਲਿਆ ਸੀ ਕਿ ਜਰਮਨੀ ਭਾਸ਼ੀ ਰਾਜਾਂ ਦੇ ਏਕੀਕਰਨ 'ਚ ਆਸਟਰੀਆ ਅਤੇ ਫਰਾਂਸ ਮੁੱਖ ਰੁਕਾਵਟਾਂ ਹਨ। ਇਸ ਲਈ ਪ੍ਰਸ਼ਾ ਦੀ ਸੈਨਿਕ ਸ਼ਕਤੀ ਨੂੰ ਮਜ਼ਬੂਤ

**ਨੋਟ**

ਬਣਾ ਕੇ ਇਨ੍ਹਾਂ ਦੋਵਾਂ ਵੱਡੇ ਸ਼ਕਤੀਸ਼ਾਲੀ ਦੇਸ਼ਾਂ ਨੂੰ ਹਰਾ ਕੇ ਹੀ ਏਕੀਕਰਨ ਦੇ ਕੰਮ ਨੂੰ ਪੂਰਾ ਕੀਤਾ ਜਾ ਸਕਦਾ ਹੈ। ਇਸ ਦਿਸ਼ਾ 'ਚ ਬਿਸਮਾਰਕ 'ਲੌਹ ਅਤੇ ਖ਼ੂਨ ਦੀ ਨੀਤੀ' (Policy of Blood and Iron) ਦਾ ਸਮਰਥਕ ਸੀ। ਇਸ ਨੀਤੀ ਤੋਂ ਉਸ ਦਾ ਮਤਲਬ ਇਹ ਸੀ ਕਿ ਜਰਮਨੀ ਦਾ ਏਕੀਕਰਨ ਜਨ-ਅੰਦੋਲਨ ਅਤੇ ਸੰਵਿਧਾਨਿਕ ਉਪਾਵਾਂ ਦੁਆਰਾ ਸੰਭਵ ਨਹਹੀਂ ਹੈ। ਇਨ੍ਹਾਂ ਤਰੀਕਿਆਂ ਦੀ ਬਦਲੇ ਉਸ ਦਾ ਵਿਸ਼ਵਾਸ ਕੂਟਨੀਤੀ, ਫ਼ੌਜੀ ਬਲ ਅਤੇ ਯੁੱਧ 'ਚ ਸੀ। ਦੂਜੇ ਸ਼ਬਦਾਂ 'ਚ, ਬਿਸਮਾਰਕ ਸਫ਼ਲ ਅਤੇ ਗੌਰਵਸ਼ਾਲੀ ਵਿਦੇਸ਼ ਨੀਤੀ, ਯੁੱਧ ਅਤੇ ਨਿਰੰਕੁਸ਼ ਅੰਦਰੂਨੀ ਨੀਤੀ ਦੁਅਰਾ ਏਕੀਕਰਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ।

ਇਸ ਸਮੇਂ ਯੂਰਪ ਦੀ ਅੰਤਰਰਾਸ਼ਟਰੀ ਰਾਜਨੀਤੀ ਵੀ ਬਿਸਮਾਰਕ ਲਈ ਅਨੁਕੂਲ ਸੀ। ਰੂਸੀ ਸਾਮਰਾਜ ਦੇ ਅਧੀਨ ਪੋਲੈਂਡ ਦੇ ਲੋਕਾਂ ਨੇ ਜਦੋਂ ਰੂਸੀ ਸ਼ਾਸਨ ਦੇ ਵਿਰੁੱਧ 1862 ਈ. 'ਚ ਵਿਦਰੋਹ ਕੀਤਾ ਤਾਂ ਬਿਸਮਾਰਕ ਨੇ ਵਿਦਰੋਹ ਦੇ ਖਾਤਮੇ 'ਚ ਰੂਸੀ ਸਮਰਾਟ ਦੀ ਸਹਾਇਤਾ ਕੀਤੀ ਅਤੇ ਰੂਸ ਦੇ ਸਮਰਾਟ ਦੀ ਹਮਦਰਦੀ ਪ੍ਰਸ਼ਾ ਲਈ ਪ੍ਰਾਪਤ ਕਰ ਲਈ। ਆਸਟਰੀਆ ਦੇ ਰੁਖ ਪੋਲ ਵਿਦਰੋਹੀਆਂ ਦੇ ਪੱਖ 'ਚ ਹੋਣ ਕਾਰਨ ਰੂਸ ਆਸਟਰੀਆ ਤੋਂ ਨਾਖੁਸ਼ ਹੋ ਗਿਆ। ਇਸ ਤਰ੍ਹਾਂ ਉਸ ਨੇ ਫਰਾਂਸ ਨਾਲ ਵਪਾਰਕ ਸੰਧੀ ਕਰਕੇ ਉਸ ਨਾਲ ਨੇੜਤਾ ਸਥਾਪਿਤ ਕਰ ਲਈ। ਸੰਖੇਪ 'ਚ , ਬਿਸਮਾਰਕ ਨੇ ਅਜਿਹੀ ਵਿਵਸਥਾ ਸਥਾਪਿਤ ਕਰ ਲਈ ਕਿ ਜੇਕਰ ਏਕੀਕਰਨ ਲਈ ਪ੍ਰਸ਼ਾ ਨੂੰ ਆਸਟਰੀਆ ਨਾਲ ਯੁੱਧ ਕਰਨਾ ਪਵੇ ਤਾਂ ਉਸ ਨੂੰ ਰੂਸ ਅਤੇ ਫਰਾਂਸ ਤੋਂ ਕਿਸੇ ਤਰ੍ਹਾਂ ਦੀ ਸਹਾਇਤਾ ਪ੍ਰਾਪਤ ਨਾ ਹੋਵੇ।

3. **ਜਰਮਨੀ ਦੇ ਏਕੀਕਰਨ ਲਈ ਬਿਸਮਾਰਕ ਦੀ ਵੱਖ-ਵੱਖ ਯੁੱਧਾਂ 'ਚ ਜਿੱਤ:** ਬਿਸਮਾਰਕ ਨੇ ਜਰਮਨੀ ਦੇ ਏਕੀਕਰਨ ਲਈ ਤਿੰਨ ਯੁੱਧਾਂ 'ਚ ਸਫ਼ਲਤਾ ਪ੍ਰਾਪਤ ਕੀਤੀ। ਪਹਿਲਾ ਡੈਨਮਾਰਕ 'ਚ ਯੁੱਧ (1864ਈ.), ਦੂਜਾ ਪ੍ਰਸ਼ਾ-ਆਸਟਰੀਆ ਯੁੱਧ (1866ਈ.) ਅਤੇ ਤੀਜਾ ਪ੍ਰਸ਼ਾ-ਫਰਾਂਸ ਯੁੱਧ (1870-71ਈ.)। ਉਪਯੁਕਤ ਤਿੰਨੇ ਯੁੱਧਾਂ ਤੋਂ ਪਹਿਲਾਂ ਉਸ ਨੇ ਪ੍ਰਸ਼ਾ ਨੂੰ ਸੈਨਿਕ ਨਜ਼ਰੀਏ ਤੋਂ ਮਜ਼ਬੂਤ ਬਣਾਇਆ। ਆਸਟਰੀਆ ਅਤੇ ਫਰਾਂਸ ਦੇ ਮੁਕਾਬਲੇ 'ਚ ਪ੍ਰਸ਼ਾ ਇੱਕ ਛੋਟੇ ਅਤੇ ਘੱਟ ਸੈਨਿਕ ਸ਼ਕਤੀਵਾਲਾ ਰਾਸ਼ਟਰ ਸੀ। ਅੰਤ: ਬਿਸਮਾਰਕ ਨੇ ਕੂਟਨੀਤੀ 'ਚ ਸਫ਼ਲਤਾ ਪ੍ਰਾਪਤ ਕਰਨ ਦੇ ਨਾਲ ਹੀ ਪ੍ਰਸ਼ਾ ਨੂੰ ਸੈਨਿਕ ਨਜ਼ਰੀਏ ਤੋਂ ਸ਼ਕਤਸ਼ਾਲੀ ਬਣਾਉਣ ਲਈ ਕਈ ਉਪਾਅ ਕੀਤੇ। ਪ੍ਰਸ਼ਾ ਦਾ ਸ਼ਾਸਕ ਵਿਲੀਅਮ ਪਹਿਲਾਂ ਵੀ ਸੈਨਿਕ ਮਜ਼ਬੂਤੀ ਦਾ ਕੱਟੜ ਸਮਰਥਕ ਸੀ। ਜਰਮਨ ਰਾਜਾਂ ਦੀ ਫ੍ਰੈਂਕਫਰਟ ਦੀ ਸੰਸਦ ਨਾਲ ਸੰਘਰਸ਼ ਕਰਦੇ ਹੋਏ ਉਸ ਨੇ ਪੈਸਾ ਇਕੱਠਾ ਕਰਨ ਦੀ ਲੋੜੀਂਦੀ ਵਿਵਸਥਾ ਕੀਤੀ। ਇਸ ਤਰ੍ਹਾਂ ਪੈਸਾ ਪ੍ਰਾਪਤ ਕਰਕੇ ਬਿਸਮਾਰਕ ਨੇ ਪ੍ਰਸ਼ਾ ਦੀ ਫੌਜ ਨੂੰ ਸੰਗਠਿਤ ਅਤੇ ਟ੍ਰੇਂਡ ਕਰੇ ਉਸ ਨੂੰ ਯੂਰਪ 'ਚ ਸਰਵਸ੍ਰੇਸ਼ਠ ਬਣਾ ਦਿੱਤਾ। ਹੁਣ ਉਹ ਉਨ੍ਹਾਂ ਯੂਰਪੀ ਰਾਜਾਂ ਨਾਲ ਯੁੱਧ ਸ਼ੁਰੂ ਕਰ ਸਕਦਾ ਸੀ ਜੋ ਜਰਮਨ ਰਾਜਾਂ ਦੇ ਏਕੀਕਰਨ ਦੇ ਵਿਰੋਧੀ ਸਨ। ਡੇਨਮਾਰਕ, ਆਸਟਰੀਆ ਅਤੇ ਫਰਾਂਸ ਨਾਲ ਪ੍ਰਸ਼ਾ ਦੇ ਯੁੱਧਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ-

(i) **ਡੈਨਮਾਰਕ ਨਾਲ ਯੁੱਧ ਅਤੇ ਗੇਸਟਾਈਨ ਸਮਝੌਤਾ:** ਪ੍ਰਸ਼ੀਆ ਦੇ ਉੱਤਰ 'ਚ ਅਤੇ ਡੈਨਮਾਰਕ ਰਾਜ ਦੇ ਦੱਖਣ 'ਚ ਸਥਿਤ ਦੋ ਰਿਆਸਤਾਂ (ਡਚੀ, ਅਰਥਾਤ ਛੋਟੇ ਰਾਜ)-ਸ਼ਲੇਸਵਿਗ (Schleswig) ਅਤੇ ਹਾਲਸਟਾਈਨ (Holestine) ਸਥਿਤ ਸਨ। ਇਨ੍ਹਾਂ ਦੋਵਾਂ ਰਾਜਾਂ ਦਾ ਰਾਜਨੀਤਿਕ ਪਿਛੋਕੜ ਲੰਮੇ ਸਮੇਂ ਤੋਂ ਵਿਵਾਦਗ੍ਰਸਤ ਸੀ। ਹਾਲਸਟਾਈਨ ਜਰਮਨ ਸੰਘ ਦਾ ਮੈਂਬਰ ਸੀ ਅਤੇ ਇੱਥੋਂ ਦੀ ਜਨਤਾ ਵੀ ਜਰਮਨਭਾਸ਼ੀ ਸੀ ਜਦੋਂ ਕਿ ਸ਼ਲੇਸਵਿਗ 'ਚ ਬਹੁਮਤ ਜਰਮਨਾਂ ਦਾ ਸੀ ਅਤੇ ਕੁਝ ਡੇਨਿਸ਼ ਲੋਕ ਵੀ ਰਹਿੰਦੇ ਸਨ। ਜੇਕਰ ਇਹ ਦੋਵੇਂ ਡੇਨਮਾਰਕ ਰਾਜ ਦੇ ਅਧੀਨ ਸਨ ਫਿਰ ਵੀ ਇੱਥੋਂ ਦੀਆਂ ਸੰਸਥਾਵਾਂ ਅਤੇ ਸੰਵਿਧਾਨ ਵੱਖ-ਵੱਖ ਸਨ। ਇਹ ਦੋਵੇਂ ਡੈਨਮਾਰਕ ਦਾ ਹਿੱਸਾ ਨਹੀਂ ਸਨ। ਡੈਨਮਾਰਕ ਦਾ ਸ਼ਾਸਕ ਇਨ੍ਹਾਂ ਦੋਵਾਂ ਰਾਜਾਂ ਦਾ ਰਲੇਵਾਂ ਡੈਨਮਾਰਕ 'ਚ ਕਰਨ ਲਈ ਯਤਨਸ਼ੀਲ ਸੀ। ਜਰਮਨ ਲੋਕ ਇਸ ਦੇ ਵਿਰੋਧੀ ਸਨ। 1852 ਈ. ਦੇ ਲੰਦਨ 'ਚ ਹੋਏ ਸਮਝੌਤੇ ਦੇ ਦੁਆਰਾ ਡੈਨਮਾਰਕ ਨੇ ਇਸ ਸ਼ਰਤ ਨੂੰ ਸਵੀਕਾਰ ਕੀਤਾ ਕਿ ਡੈਨਮਾਰਕ ਇਨ੍ਹਾਂ ਰਾਜਾਂ ਦਾ ਰਲੇਵਾਂ ਆਪਣੇ ਰਾਜ 'ਚ ਕਦੇ ਨਹੀਂ ਕਰੇਗਾ। ਪਰੰਤੂ 1863 ਈ. 'ਚ ਇੱਕ ਨਵਾਂ ਸੰਵਿਧਾਨ ਬਣਾ ਕੇ ਹਾਲਸਟਾਈਨ ਨੂੰ ਪੂਰੀ ਤਰ੍ਹਾਂ ਡੈਨਮਾਰਕ 'ਚ ਮਿਲਾ ਲਿਆ ਗਿਆ ਅਤੇ ਸ਼ਲੇਸਵਿਗ ਨੂੰ ਸੁਤੰਤਰਤਾ ਦੇ ਦਿੱਤੀ। ਬਿਸਮਾਰਕ ਲਈ ਇਹ ਇੱਕ ਚੰਗਾ ਮੌਕਾ ਸੀ। ਉਸ ਨੇ ਇਨ੍ਹਾਂ ਦੋਵਾਂ ਰਾਜਾਂ ਦੇ ਪ੍ਰਸ਼ਨ ਨੂੰ ਇੱਕ ਯੂਰਪੀ ਪ੍ਰਸ਼ਨ ਬਣਾ ਕੇ ਡੈਨਮਾਰਕ ਨਾਲ ਯੁੱਧ ਕਰਨ ਦੀ ਯੋਜਨਾ ਬਣਾਈ। ਸਭ ਤੋਂ ਪਹਿਲਾਂ ਉਸ ਨੇ ਆਸਟਰੀਆ ਦੇ ਨਾਲ ਚੰਗੇ ਸਬੰਧ ਸਥਾਪਿਤ ਕਰਕੇ ਸ਼ਲੇਸਵਿਗ ਅਤੇ ਹਾਲਸਟਾਈਨ ਬਾਰੇ ਇੱਕ ਮਿਲੀਜੁਲੀ ਯੋਜਨਾ ਬਣਾਈ। ਉਸ ਨੂੰ ਵਿਸ਼ਵਾਸ ਸੀ ਕਿ ਅੱਗੇ ਚੱਲ ਕੇ ਇਨ੍ਹਾਂ ਦੇ ਬਟਵਾਰੇ ਨੂੰ ਲੈ ਕੇ ਆਸਟਰੀਆ ਨਾਲ ਯੁੱਧ ਦਾ ਬਹਾਨਾ ਜਰੂਰ ਮਿਲ ਜਾਵੇਗਾ। ਉਸ ਨੇ ਆਸਟਰੀਆ ਦੇ ਸਾਹਮਣੇ ਲੰਦਨ ਦੀ ਸੰਧੀ ਦੀ ਰੱਖਿਆ ਕਰਨ ਦਾ ਪ੍ਰਸਤਾਵ ਰੱਖਿਆ। ਆਸਟਰੀਆ ਦਾ ਸਮਰਾਟ ਇਸ ਸਮੇਂ ਜਰਮਨ-ਸੰਘ ਦਾ ਪ੍ਰਧਾਨ ਸੀ। ਆਸਟਰੀਆ ਬਹੁਤ ਮੁਸ਼ਕਿਲ 'ਚ ਪੈ ਗਿਆ ਕਿਉਂਕਿ ਬਿਸਮਾਰਕ ਦੇ ਪ੍ਰਸਤਾਵ ਨੂੰ ਅਸਵੀਕਾਰ ਕਰਨ ਦਾ ਅਰਥ ਸੀ ਕਿ ਸਾਰਾ ਸਿਹਰਾ ਪ੍ਰਸ਼ਾ ਨੂੰ ਮਿਲ ਜਾਂਦਾ ਅਤੇ ਸਵੀਕਰ ਕਰਨ ਦੇ ਕਾਰਨ ਇਹ ਦੋਵੇਂ ਰਾਜ ਪ੍ਰਸ਼ਾ 'ਚ ਮਿਲ ਸਕਦੇ ਸਨ। ਆਖ਼ਰ ਪ੍ਰਸ਼ਾ ਅਤੇ ਆਸਟਰੀਆ ਦੋਵਾਂ ਨੇ ਮਿਲ ਕੇ ਡੈਨਮਾਰਕ ਨੂੰ ਇਹ ਚਿਤਾਵਨੀ ਦਿੱਤੀ ਕਿ ਉਹ 48 ਘੰਟਿਆਂ 'ਚ ਨਵੀਨ ਸੰਵਿਧਾਨ ਸਮਾਪਤ ਕਰ ਦੇਣ। ਉਹ ਅਜਿਹਾ ਨਹੀਂ ਕਰ ਸਕਿਆ ਕਿਉਂਕਿ ਇਸ ਸਮੇਂ ਡੈਨਮਾਰਕ ਦੀ ਸੰਸਦ ਦਾ ਅਧਿਵੇਸ਼ਨ ਨਹੀਂ ਹੋ ਰਿਹਾ ਸੀ ਅਤੇ ਸੰਵਿਧਾਨ ਰੱਦ ਕਰਨ ਦਾ ਅਧਿਕਾਰ ਸਿਰਫ਼ ਸੰਸਦ ਨੂੰ ਹੀ ਸੀ। ਇਸ ਦੇ ਨਤੀਜੇ ਵਜੋਂ ਪ੍ਰਸ਼ਾ ਅਤੇ ਆਸਟਰੀਆ ਦੀ ਸੰਯੁਕਤ ਫੌਜ ਨੇ ਹਮਲਾ ਕਰਕੇ ਡੈਨਮਾਰਕ ਨੂੰ ਸਰਲਤਾ ਨਾਲ ਹਰਾ ਦਿੱਤਾ। ਬਿਸਮਾਰਕ ਦੀ ਇਹ ਮਹੱਤਵਪੂਰਨ ਕੂਟਨੀਤਿਕ ਸਫ਼ਲਤਾ ਸੀ। ਇਸ ਨਾਲ ਜਿੱਥੇ ਇੱਕ ਪਾਸੇ ਜਰਮਨਟ ਜਾਤੀ ਦੇ ਲੋਕ ਪ੍ਰਸ਼ਾ ਤੋਂ ਖੁਸ਼ ਹੋਏ, ਉੱਥੇ ਦੂਜੇ ਪਾਸੇ ਦੋਵਾਂ ਰਾਜਾਂ ਦੇ ਬਟਵਾਰੇ ਦੇ ਸਵਾਲ ਨੂੰ ਲੈ ਕੇ ਆਸਟਰੀਆ ਨਾਲ ਯੁੱਧ ਕਰਨ ਦਾ ਬਹਾਨਾ ਮਿਲ ਸਕਦਾ ਸੀ।

**ਨੋਟ**

**ਵੀਆਨਾ ਦੀ ਸੰਧੀ ਅਤੇ ਡਚੀਆਂ ਦੀ ਦਖਲਅੰਦਾਜ਼ੀ (27 ਅਕਤੂਬਰ, 1864 ਈ.) :** ਹਾਰੇ ਹੋਏ ਡੈਨਮਾਰਕ ਨੂੰ ਪ੍ਰਸ਼ਾ ਅਤੇ ਆਸਟਰੀਆ ਦੋਵਾਂ ਨਾਲ ਸਾਂਝੀ ਸੰਧੀ ਕਰਨੀ ਪਈ ਜਿਸ ਦੇ ਅਨੁਸਾਰ ਸ਼ਲੇਸਵਿਗ, ਹਾਲਸਟਾਈਨ ਅਤੇ ਲਾਵੇਨਬੁਰਗ ਦੀਆਂ ਡਚੀਆਂ ਨੂੰ ਦੋਵਾਂ ਜੇਤੂ ਦੇਸ਼ਾਂ ਦੇ ਸਾਂਝੇ ਕਬਜ਼ੇ 'ਚ ਸੌਂਪ ਦਿੱਤਾ ਗਿਆ। ਡੈਨਮਾਰਕ ਇਸ ਗੱਲ 'ਤੇ ਸਹਿਮਤ ਹੋ ਗਿਆ ਕਿ ਆਸਟਰੀਆ ਅਤੇ ਪ੍ਰਸ਼ਾ ਇਨ੍ਹਾਂ ਡਚਆਂ ਦਾ ਜੋ ਵੀ ਪ੍ਰਬੰਧ ਕਰਨਗੇ, ਉਹ ਉਸ ਨੂੰ ਸਵੀਕਾਰ ਹੋਵੇਗਾ। ਸੰਯੁਕਤ ਅਧਿਕਾਰ ਦਾ ਅਰਥ ਸਪੱਸ਼ਟ ਸੀ ਅਰਥਾਤ ਕਿਸੇ ਵੀ ਸਮੇਂ ਪ੍ਰਸ਼ਾ ਇਨ੍ਹਾਂ ਦੋਵਾਂ ਡਚੀਆਂ ਨੂੰ ਆਪਣੇ ਹੀ ਅਧਿਕਾਰ 'ਚ ਲਿਆਉਣ ਦਾ ਯਤਨ ਕਰੇਗਾ ਤਾਂ ਇਸ ਨਾਲ ਤਣਾਅ ਪੈਦਾ ਹੋਵੇਗਾ ਅਤੇ ਆਸਟਰੀਆ ਅਤੇ ਪ੍ਰਸ਼ਾ ਦੇ ਵਿਚਕਾਰ ਯੁੱਧ ਜ਼ਰੂਰੀ ਹੋ ਜਾਵੇਗਾ। ਅਸਲ 'ਚ ਬਿਸਮਾਰਕ ਇਸ ਤੱਥ ਤੋਂ ਭਲੀ ਭਾਂਤੀ ਜਾਣੂ ਸੀ ਕਿ ਜਰਮਨ ਏਕੀਕਰਨ ਦਾ ਰਸਤੇ 'ਚ ਆਸਟਰੀਆ ਅੜਿੱਕਾ ਬਣੇਗਾ ਅਤੇ ਨੇੜਲੇ ਭਵਿੱਖ 'ਚ ਹੀ ਉਸ ਨਾਲ ਯੁੱਧ ਜ਼ਰੂਰ ਹੋਵੇਗਾ। ਉਸ ਦੇ ਮਤ 'ਚ ਸ਼ਲੇਸਵਿਗ ਅਤੇ ਹਾਲਸਟਾਈਨ ਦੇ ਕਬਜ਼ੇ ਨੂੰ ਲੈ ਕੇ ਹੀ ਯੁੱਧ ਦੇ ਹਾਲਾਤ ਅਸਾਨੀ ਨਾਲ ਬਣ ਸਕਦੇ ਹਨ।

**ਗੇਸਟਾਈਨ ਦਾ ਸਮਝੌਤਾ (14 ਅਗਸਤ, 1865 ਈ.):** ਸ਼ਲੇਸਵਿਗ ਅਤੇ ਹਾਲਸਟਾਈਨ 'ਤੇ ਕਬਜ਼ੇ ਤੋਂ ਬਾਅਦ ਪ੍ਰਸ਼ਾ ਅਤੇ ਆਸਟਰੀਆ 'ਚ ਛੇਤੀ ਹੀ ਵਿਵਾਦ ਪੈਦਾ ਹੋ ਗਿਆ। ਕਾਫ਼ੀ ਤਰਕ-ਵਿਤਰਕ ਅਤੇ ਲੰਬੀ ਚਰਚਾ ਤੋਂ ਬਾਅਦ ਗੇਸਟਾਈਨ ਨਾਂਅ ਦੇ ਸਥਾਨ 'ਤੇ ਦੋਵਾਂ ਦੇਸ਼ਾਂ ਨੇ ਇੱਕ ਸਮਝੌਤੇ 'ਤੇ ਦਸਤਖ਼ਤ ਕੀਤੇ ਜਿਸ ਦੇ ਅਨੁਸਾਰ ਆਸਟਰੀਆ ਨੂੰ ਹਾਲਸਟਾਈਨ ਅਤੇ ਪ੍ਰਸ਼ਾ ਨੂੰ ਸ਼ਲੇਸਵਿਗ ਦਾ ਕਬਜ਼ਾ ਪ੍ਰਾਪਤ ਹੋਇਆ। ਲਾਵੇਨਬੁਰਗ ਨਾਂਅ ਦੇ ਡਚੀ ਨੂੰ ਪ੍ਰਸ਼ੀਆ ਨੇ ਆਸਟਰੀਆ ਤੋਂ ਕੀਮਤ ਦੇ ਕੇ ਖਰੀਦ ਲਿਆ। ਸ਼ਲੇਸਵਿਗ ਅਤੇ ਲਾਵੇਨਬੁਰਗ 'ਤੇ ਪ੍ਰਸ਼ਾ ਦਾ ਅਧਿਕਾਰ ਹੋ ਜਾਣ ਤੋਂ ਪ੍ਰਸ਼ਾ ਨੂੰ ਕੀਲ (™✧✚✧) ਦੀ ਬੰਦਰਗਾਹ ਵੀ ਪ੍ਰਾਪਤ ਹੋ ਗਈ। ਇਸ ਨਾਲ ਪ੍ਰਸ਼ਾ ਦੀ ਸੀਮਾ ਅਤੇ ਸੈਨਿਕ ਸ਼ਕਤੀ 'ਚ ਵਾਧਾ ਹੋ ਗਿਆ।

(ii) **ਬਿਸਮਾਰਕ ਦੇ ਕੂਟਨੀਤਿਕ ਦਾਅ:** ਡੈਨਮਾਰਕ ਨਾਲ ਯੁੱਧ ਅਤੇ ਗੇਸਟਾਈਨ ਸਮਝੌਤੇ ਦੇ ਸਬੰਧ 'ਚ ਇਤਿਹਾਸਕਾਰ ਕੇਟਲਬੀ ਦਾ ਕਥਨ ਹੈ ਕਿ- "ਇਹ ਬਿਸਮਾਰਕ ਦੀ ਇੱਕ ਮਹਾਨ ਕੂਟਨੀਤਿਕ ਜਿੱਤ ਸੀ। ਦੋਵਾਂ ਡਚੀਆਂ 'ਤੇ ਆਸਟਰੀਆ ਅਤੇ ਪ੍ਰਸ਼ਾ ਦਾ ਸੰਯੁਕਤ ਅਧਿਕਾਰ ਸਥਾਪਿਤ ਰਿਹਾ ਪਰ ਅਸਲ ਲਾਭ ਪ੍ਰਸ਼ਾ ਨੂੰ ਹੀ ਹੋਇਆ। ਹਾਲਸਟਾਈਨ ਆਸਟਰੀਆ ਤੋਂ ਬਹੁਤ ਦੂਰ ਪੈਂਦਾ ਸੀ ਅਤੇ ਇਹ ਸੰਭਵ ਨਹੀਂ ਸੀ ਕਿ ਆਸਟਰੀਆ ਜ਼ਿਆਦਾ ਦਿਲਾਂ ਤੱਕ ਇਸ ' ਤੇ ਆਪਣਾ ਰਾਜ ਕਾਇਮ ਰੱਖ ਸਕੇ। ਸ਼ਲੇਸਵਿਗ 'ਤੇ ਤਾਂ ਪ੍ਰਸ਼ਾ ਦਾ ਪੂਰਾ ਅਧਿਕਾਰ ਸੀ ਹੀ, ਹਾਲਸਟਾਈਨ 'ਚ ਵੀ ਉਸ ਨੂੰ ਕਈ ਲਾਭਕਾਰੀ ਅਧਿਕਾਰ ਪ੍ਰਾਪਤ ਹੋਏ।"

ਗੇਸਟਾਈਨ ਸਮਝੌਤਾ ਆਸਟਰੀਆ ਅਤੇ ਪ੍ਰਸ਼ਾ ਦੇ ਮੱਧ ਵਿਵਾਦ ਦਾ ਇੱਕ ਕਾਰਨ ਬਣੇ, ਇਹ ਬਿਸਮਾਰਕ ਦੀ ਕੂਟਨੀਤਿਕ ਚਾਲ ਸੀ। ਆਪਣੇ ਇਸ ਉਦੇਸ਼ 'ਚ ਉਹ ਪੂਰੀ ਤਰ੍ਹਾਂ ਸਫ਼ਲ ਸਿੱਧ ਹੋਇਆ, ਪਰੰਤੂ ਆਸਟਰੀਆ ਨਾਲ ਯੁੱਧ ਸ਼ੁਰੂ ਕਰਨ ਤੋਂ ਪਹਿਲਾਂ ਉਹ ਆਪਣੀ ਕੂਟਨੀਤਿਕ ਤਿਆਰੀ ਕਰ ਲੈਣਾ ਚਾਹੁੰਦਾ ਸੀ। ਅਸਲ 'ਚ ਬਿਸਮਾਰਕ ਨੇ ਜਾਣਬੁੱਝ ਕੇ ਹਾਲਸਟਾਈਨ ਦੀ ਡਚੀ ਆਸਟਰੀਆ ਨੂੰ ਦਿੱਤੀ ਸੀ। ਇਹ ਖੇਤਰ ਚਾਰੇ ਪਾਸਿਆਂ ਤੋਂ ਪ੍ਰਸ਼ਾ ਦੇ ਰਾਜ ਨਾਲ ਘਿਰਿਆ ਹੋਇਆ ਸੀ ਅਤੇ ਉੱਥੇ ਪਹੁੰਚਣ ਦਾ ਰਸਤਾ ਵੀ ਪ੍ਰਸ਼ਾ ਦੇ ਖੇਤਰ 'ਚੋਂ ਲੰਘਦਾ ਸੀ। ਇਸ ਤੋਂ ਇਲਾਵਾ ਹਾਲਸਟਾਈਨ ਦੇ ਜ਼ਿਆਦਾਤਰ ਨਿਵਾਸੀ ਜਰਮਨੀ ਭਾਸ਼ੀ ਲੋਕ ਸਨ ਜੋ ਪ੍ਰਸ਼ਾ ਦਾ ਸਮਰਥਨ ਕਰਨ ਲਈ ਤਿਆਰ ਹੋ ਸਕਦੇ ਸਨ। ਨਾਲ ਹੀ ਹਾਲਸਟਾਈਨ ਪ੍ਰਸ਼ਾ ਦੇ ਆਰਥਿਕ ਸੰਘ 'ਚ ਵੀ ਸ਼ਾਮਲ ਹੋ ਗਿਆ। ਇਸ ਕਾਰਨ ਬਿਸਮਾਰਕ ਹੁਣ ਸਰਲਤਾ ਨਾਲ ਉੱਥੋਂ ਦੇ ਲੋਕਾਂ ਨੂੰ ਆਸਟਰੀਆ ਦੇ ਵਿਰੁੱਧ ਭੜਕਾ ਸਕਦਾ ਸੀ। ਸੰਖੇਪ 'ਚ ਬਿਸਮਾਰਕ ਦੀ ਕੂਟਨੀਤੀ ਨੇ ਅਜਿਹੀ ਸਥਿਤੀ ਬਣਾ ਦਿੱਤੀ ਸੀ ਕਿ ਆਸਟਰੀਆ ਨਾਲ ਸੰਘਰਸ਼ ਦੇ ਕਾਰਨ ਆਸਾਨੀ ਨਾਲ ਪੈਦਾ ਹੋ ਸਕਦੇ ਸਨ। ਹੁਣ ਉਸ ਨੂੰ ਪ੍ਰਸ਼ਾ ਦੇ ਰਾਜਾ ਅਤੇ ਮੰਤਰੀ ਮੰਡਲ ਨੂੰ ਹੀ ਆਸਟਰੀਆ ਨਾਲ ਸੰਘਰਸ਼ ਲਈ ਤਿਆਰ ਕਰਨਾ ਸੀ ਜੋ ਇਸ ਸਮੇਂ ਆਸਟਰੀਆ ਨਾਲ ਯੁੱਧ ਕਰਨ ਦੇ ਪੱਖ 'ਚ ਨਹੀਂ ਸੀ।

(iii) **ਆਸਟਰੀਆ ਅਤੇ ਪ੍ਰਸ਼ਾ ਦਾ ਯੁੱਧ (1866 ਈ.)– ਦੂਜਾ ਗੇੜ:** ਬਿਸਮਾਰਕ ਅਸਲ 'ਚ ਆਸਟਰੀਆ ਨਾਲ ਯੁੱਧ ਛੇੜਣ ਦੀ ਜਲਦਬਾਜ਼ੀ 'ਚ ਨਹੀਂ ਸੀ। ਯੁੱਧ ਕਰਨ ਤੋਂ ਪਹਿਲਾਂ ਉਹ ਕੂਟਨੀਤਿਕ ਤਿਆਰੀ ਕਰ ਲੈਣਾ ਚਾਹੁੰਦਾ ਸੀ। ਉਸ ਦੀ ਯੋਜਨਾ ਇਹ ਸੀ ਕਿ ਯੁੱਧ ਦੇ ਸਮੇਂ ਆਸਟਰੀਆ ਬਿਲਕੁਲ ਇਕੱਲਾ ਰਹਿ ਜਾਵੇ ਅਤੇ ਹੋਰ ਯੂਰਪੀ ਦੇਸ਼ ਉਸ ਦੀ ਸਹਾਇਤਾ ਨਾ ਕਰਨ। ਇਸ ਉਦੇਸ਼ ਦੀ ਪ੍ਰਾਪਤ ਲਈ ਬਿਸਮਾਰਕ ਨੇ ਰੂਸ ਦੇ ਜਾਰ ਨਾਲ ਇਸ ਗੱਲ ਦਾ ਵਚਨ ਲਿਆ ਕਿ ਉਹ ਪ੍ਰਸ਼ਾ-ਆਸਟਰੀਆ ਦੇ ਯੁੱਧ 'ਚ ਤਟੱਸਥ ਰਹੇਗਾ। ਇਹ ਜ਼ਿਕਰਯੋਗ ਹੈ ਕਿ ਜਾਰ ਦੇ ਵਿਰੁੱਧ ਪੋਲੈਂਡ 'ਚ ਵਿਦਰੋਹ ਦੇ ਸਮੇਂ ਬਿਸਮਾਰਕ ਨੇ ਜਾਰ ਦਾ ਸਮਰਥਨ ਕਰਕੇ ਉਸ ਨੂੰ ਖੁਸ਼ ਕਰ ਲਿਆ ਸੀ। ਹੁਣ ਬਿਸਮਾਰਕ ਨੇ ਫਰਾਂਸ ਦੇ ਸਮਰਾਟ ਨੈਪੋਲੀਅਨ ਤੀਜੇ ਨਾਲ ਸੰਨ 1865 'ਚ ਭੇਂਟ ਕਰਕੇ ਉਸ ਨੂੰ ਬੈਲਜੀਅਮ ਦੇ ਕੁਝ ਹਿੱਸਾ ਦੇਣ ਦਾ ਲਾਲਚ ਦੇ ਕੇ ਉਸ ਨਾਲ ਆਸਟਰੀਆ-ਪ੍ਰਸ਼ਾ ਦੇ ਯੁੱਧ 'ਚ ਤਟੱਸਥ ਰਹਿਣ ਦਾ ਵਚਨ ਲੈ ਲਿਆ ਸੀ। ਅੰਦਰੂਨੀ ਤੌਰ 'ਤੇ ਨੈਪੋਲੀਅਨ ਵੀ ਚਾਹੁੰਦਾ ਸੀ ਕਿ ਆਸਟਰੀਆ ਅਤੇ ਪ੍ਰਸ਼ਾ ਯੁੱਧ ਕਰਕੇ ਆਪਣੀ-ਆਪਣੀ ਸ਼ਕਤੀ ਦਾ ਪਤਨ ਕਰ ਲੈਣ ਜਿਸ ਨਾਲ ਕਿ ਉਹ ਆਪਣਾ ਰਾਜ ਰਾਈਨ ਨਦੀ ਦੇ ਖੇਤਰ ਤੱਕ ਵਧਾ ਲੈਣ। ਹੁਣ ਬਿਸਮਾਰਕ ਨੇ ਇਟਲੀ ਦਾ ਸਹਿਯੋਗ ਪ੍ਰਾਪਤ ਕਰਨ ਦੇ ਉਦੇਸ਼ ਨਾਲ, ਨੈਪੋਲੀਅਨ ਦੀ ਸਹਾਇਤਾ ਨਾਲ ਇਟਲੀ ਨਾਲ ਅਪਰੈਲ 1866 ਈ. 'ਚ ਸੰਧੀ ਕੀਤੀ। ਇਸ ਦੇ ਅਨੁਸਾਰ ਪ੍ਰਸ਼ੀਆ-ਆਸਟਰੀਆ ਯੁੱਧ 'ਚ ਇਟਲੀ ਨੇ ਸਹਾਇਤਾ ਦਾ ਵਚਨ ਦਿੱਤਾ। ਇੱਥੇ ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਟਲੀ ਦੇ ਏਕੀਕਰਨ ਦੇ ਰਸਤੇ 'ਚ ਵੀ ਆਸਟਰੀਆ ਹੀ ਮੁੱਖ ਅੜਿੱਕਾ ਸੀ। ਇਸ ਸਹਿਯੋਗ ਲਈ ਇਟਲੀ ਨੂੰ ਵੇਨੇਸ਼ੀਆ 'ਤੇ ਅਧਿਕਾਰ ਕਰਨ ਦਾ ਬਿਸਮਾਰਕ ਨੇ ਵਚਨ ਦਿੱਤਾ। ਇਸ ਤਰ੍ਹਾਂ ਬਿਸਮਾਰਕ ਨੇ ਆਸਟਰੀਆ ਦੇ ਵਿਰੁੱਧ ਪੂਰੀ ਤਰ੍ਹਾਂ ਰਾਜਨੀਤਿਕ ਅਤੇ ਸੈਨਿਕ

ਨੋਟ

ਤਿਆਰੀ ਅਤੇ ਨਾਕੇਬੰਦੀ ਕਰ ਲਈ। ਇਟਲੀ ਨਾਲ ਸੰਧੀ 'ਚ ਇਹ ਵੀ ਯਕੀਨੀ ਕੀਤਾ ਗਿਆ ਕਿ ਪ੍ਰਸ਼ਾ ਦਾ ਆਸਟਰੀਆ ਨਾਲ ਯੁੱਧ ਹੋਣ 'ਤੇ ਇਟਲੀ ਵੇਨਿਸ਼ਆ 'ਤੇ ਹਮਲਾ ਕਰ ਦੇਵੇਗਾ ਅਤੇ ਪ੍ਰਸ਼ੀਆ ਆਸਟਰੀਆ ਨਾਲ ਉਸ ਸਮੇਂ ਤੱਕ ਸੰਧੀ ਨਹੀਂ ਕਰੇਗਾ ਜਦੋਂ ਤੱਕ ਆਸਟਰੀਆ, ਵੇਨੀਸ਼ੀਆ ਤਿਆਗਣ ਦੀ ਗੱਲ ਮੰਨ ਨਾ ਲੈਣ।

**ਯੁੱਧ ਦੀ ਤਿਆਰੀ:** ਯੂਰਪ ਦੇ ਮੁੱਖ ਰਾਜਾਂ ਦੀ ਹਮਾਇਤ ਪ੍ਰਾਪਤ ਕਰਕੇ ਅਤੇ ਆਪਣੀ ਕੂਟਨੀਤਿਕ ਸਥਿਤੀ ਨੂੰ ਮਜ਼ਬੂਤ ਕਰਲ ਤੋਂ ਬਾਅਦ ਹੁਣ ਬਿਸਮਾਰਕ ਨੂੰ ਸਿਰਫ਼ ਆਪਣੇ ਸਮਰਾਟ ਵਿਲੀਅਮ ਪਹਿਲੇ ਨੂੰ ਆਸਟਰੀਆ ਦੇ ਵਿਰੁੱਧ ਯੁੱਧ ਲਈ ਤਿਆਰ ਕਰਨਾ ਸੀ। ਸਮਰਾਟ ਇਸ ਤਰ੍ਹਾਂ ਦੇ ਯੁੱਧ ਦੇ ਵਿਰੁੱਧ ਸੀ, ਪਰੰਤੂ ਬਿਸਮਾਰਕ ਨੇ ਉਸ ਨੂੰ ਯੁੱਧ ਲਈ ਰਾਜੀ ਕਰ ਲਿਆ। ਹੁਣ ਉਹ ਯੁੱਧ ਛੇੜਨ ਦੇ ਮੌਕੇ ਦੀ ਉਡੀਕ 'ਚ ਸੀ। ਬਿਸਮਾਰਕ ਨੇ ਆਸਟਰੀਆ 'ਤੇ ਦੋਸ਼ ਲਾਇਆ ਕਿ ਉਸ ਨੇ ਸ਼ਲੇਸਵਿਗ ਅਤੇ ਹਾਲਸਟਾਈਨ ਦੇ ਪ੍ਰਸ਼ਨ ਨੂੰ ਫ੍ਰੇਂਕਫਰਟ ਦੀ ਸੰਸਦ 'ਚ ਪੇਸ਼ ਕਰਕੇ ਗੇਸਟਾਈਨ ਦੇ ਸਮਝੌਤੇ ਦਾ ਉਲੰਘਣ ਕੀਤਾ ਹੈ। ਉੱਧਰ ਹਾਲਸਟਾਈਨ 'ਚ ਵੀ ਆਸਟਰੀਆ ਦੇ ਵਿਰੁੱਧ ਲੋਕਾਂ 'ਚ ਅਸੰਤੋਸ਼ ਸੀ। 1866 ਈ. ਦੇ ਸ਼ੁਰੂ 'ਚ ਵੀਆਨਾ ਦੀ ਸਰਕਾਰ ਦੇ ਵਿਰੁੱਧ ਬਿਸਮਾਰਕ ਨੇ ਇੱਕ ਦੋਸ਼ ਪੱਤਰ ਭੇਜਿਆ ਅਤੇ ਹਮਲੇ ਲਈ ਆਪਣੀ ਸੈਨਿਕ ਤਿਆਰੀ ਪੂਰੀ ਕਰ ਲਈ।

**ਯੁੱਧ ਅਤੇ ਪ੍ਰਾਗ ਦੀ ਸੰਧੀ:** ਬਿਸਮਾਰਕ ਨੇ 14 ਜੂਨ, 1866 ਈ ਨੂੰ ਆਸਟਰੀਆ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ ਅਤੇ ਹਾਲਸਟਾਈਨ 'ਤੇ ਅਧਿਕਾਰ ਕਰਨ ਲਈ ਆਪਣੇ ਸੈਨਿਕ ਭੇਜ ਦਿੱਤੇ। ਤਿੰਨ ਦਿਨਾਂ ਦੇ ਯੁੱਧ 'ਚ ਹੀ ਪ੍ਰਸ਼ਾ ਦੀਆਂ ਫੌਜਾਂ ਨੇ ਹਨੋਵਰ, ਡ੍ਰੇਸਡਨ, ਕੇਸੇਲ ਅਤੇ ਸੈਕਸਨੀ 'ਤੇ ਆਪਣਾ ਅਧਿਕਾਰ ਕਰਨ 'ਚ ਸਫ਼ਲਤਾ ਪ੍ਰਾਪਤ ਕਰ ਲਈ। 3 ਜੁਲਾਈ, 1866 ਈ. ਨੂੰ ਪ੍ਰਸ਼ਾ ਅਤੇ ਆਸਟਰੀਆ ਦੀਆਂ ਫੌਜਾਂ 'ਚ ਸੇਡੋਵਾ ਦੇ ਮੈਦਾਨ 'ਚ ਫੈਸਲਾਕੁੰਨ ਯੁੱਧ ਹੋਇਆ ਜਿਸ ਵਿੱਚ ਆਸਟਰੀਆ ਬੁਰੀ ਤਰ੍ਹਾਂ ਹਾਰ ਗਿਆ। ਇਸ ਯੁੱਧ 'ਚ ਕਿਸੇ ਵੀ ਯੂਰਪੀ ਦੇਸ਼ ਨੇ ਆਸਟਰੀਆ ਦਾ ਸਾਥ ਨਹੀਂ ਦਿੱਤਾ। ਉੱਧਰ ਪੀਡਮਾਂਟ (ਇਟਲੀ) ਦੀਆਂ ਫੌਜਾਂ ਨੇ ਵੇਨੇਸ਼ੀਆ 'ਤੇ ਹਮਲਾ ਕਰ ਦਿੱਤਾ। ਇਸ ਨਾਲ ਆਸਟਰੀਆ ਦੀ ਫੌਜ ਨੂੰ ਦੋ ਵੱਖ-ਵੱਖ ਮੋਰਚਿਆਂ 'ਤੇ ਉਲਝਿਆ ਰਹਿਣਾ ਪਿਆ। ਸੱਤ ਹਫ਼ਤੇ 'ਚ ਇਹ ਯੁੱਧ ਖ਼ਤਮ ਹੋ ਗਿਆ ਇਸ ਲਈ ਇਤਿਹਾਸ 'ਚ ਇਹ ਸੱਤ ਹਫ਼ਤਿਆਂ ਦੇ ਯੁੱਧ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਇੱਕ ਬਹੁਤ ਫੈਸਲਾਕੁੰਨ ਯੁੱਧ ਸੀ ਅਤੇ ਇਸ ਦੇ ਨਤੀਜੇ ਸਭ ਤੋਂ ਜ਼ਿਆਦਾ ਚਮਤਕਾਰੀ ਸਨ।

**ਬਿਸਮਾਰਕ ਦੀ ਕੂਟਨੀਤਿਕ ਦੂਰਦਰਸ਼ਤਾ:** ਸੇਡੋਵਾ 'ਚ ਆਸਟਰੀਆ ਦੀ ਪੂਰਨ ਹਾਰ ਤੋਂ ਬਾਅਦ ਜਦੋਂ ਪ੍ਰਸ਼ਾ ਦੀਆਂ ਫੌਜਾਂ ਆਸਟਰੀਆ ਦੀ ਰਾਜਧਾਨੀ ਵੀਆਨਾ ਵੱਲ ਵਧਣ ਲੱਗੀਆਂ ਤਾਂ ਬਿਸਮਾਰਕ ਨੇ ਅਚਾਨਕ ਯੁੱਧ ਬੰਦ ਕਰ ਦਿੱਤਾ। ਇਹ ਬਿਸਮਾਰਕ ਦੀ ਕੂਟਨੀਤਿਕ ਦੂਰਦਰਸ਼ਿਤਾ ਸੀ ਕਿਉਂਕਿ ਉਸ ਦਾ ਉਦੇਸ਼ ਸਿਰਫ਼ ਆਸਟਰੀਆ ਤੋਂ ਜਰਮਨ ਰਾਜਾਂ ਨੂੰ ਖੋਹਣਾ ਸੀ। ਆਸਟਰੀਆ ਨੂੰ ਅਪਮਾਨਿਤ ਕਰਕੇ ਯੂਰਪੀ ਰਾਜਾਂ ਦੀ ਸਦਭਾਵਨਾ ਉਹ ਖੋਹਣਾ ਨਹੀਂ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਜੇਕਰ ਵੀਆਨਾ ਦਾ ਹਮਲਾ ਕਰ ਦਿੱਤਾ ਤਾਂ ਸੰਭਵ ਹੈ ਯੂਰਪ ਦੇ ਹੋਰ ਦੇਸ਼ ਆਸਟਰੀਆ ਦੀ ਸਹਾਇਤਾ ਲਈ ਦਖ਼ਲ ਦੇਣਗੇ। ਆਪਣੀ ਭਾਵੀ ਯੋਜਨਾ (ਅਰਥਾਤ ਫਰਾਂਸ ਦੇ ਵਿਰੁੱਧ ਸੰਘਰਸ਼) 'ਚ ਵੀ ਉਹ ਆਸਟਰੀਆ ਦੇ ਪ੍ਰਤੀ ਉਦਾਰ ਵਿਵਹਾਰ ਕਰਕੇ, ਉਸ ਦੀ ਦੋਸਤੀ ਪ੍ਰਾਪਤ ਕਰਨਾ ਜ਼ਰੂਰੀ ਸਮਝਦਾ ਸੀ, ਜਿਸ ਨਾਲ ਕਿ ਉਹ ਆਪਣੀ ਹਾਰ ਦੀ ਘ੍ਰਿਣਾ ਨੂੰ ਭੁਲਾ ਕੇ ਪ੍ਰਸ਼ਾ ਦਾ ਦੋਸਤ ਬਣ ਸਕੇ। ਇਸ ਤਰ੍ਹਾਂ ਬਿਸਮਾਰਕ ਨੇ ਸੇਡੋਵਾ 'ਚ ਆਸਟਰੀਆ ਦੀ ਹਾਰ ਤੋਂ ਬਾਅਦ ਉਸ ਨਾਲ ਉਦਾਰ ਵਿਵਹਾਰ ਕਰਨ ਦੀ ਦੂਰਦਰਸ਼ਿਤਾ ਦਾ ਸਬੂਤ ਦਿੱਤਾ।

**ਪ੍ਰਾਗ ਦੀ ਸੰਧੀ (23 ਅਗਸਤ, 1866 ਈ.):** ਯੁੱਧ ਤੋਂ ਬਾਅਦ ਪ੍ਰਸ਼ਾ ਅਤੇ ਆਸਟਰੀਆ 'ਚ ਪ੍ਰਾਗ ਦੀ ਸੰਧੀ ਹੋਈ। ਇਸ ਦੀਆਂ ਧਾਰਾਵਾਂ ਇਸ ਤਰ੍ਹਾਂ ਸਨ:-

(i) ਸ਼ਲੇਸਵਿਗ ਅਤੇ ਹਾਲਸਟਾਈਨ 'ਤੇ ਪ੍ਰਸ਼ਾ ਦਾ ਅਧਿਕਾਰ ਹੋ ਗਿਆ।

(ii) ਵੇਨੇਸ਼ੀਆ ਪ੍ਰਦੇਸ਼ ਸੰਯੁਕਤ ਇਟਲੀ ਨੂੰ ਪ੍ਰਾਪਤ ਹੋ ਗਿਆ।

(iii) ਵੀਆਨਾ ਸੰਧੀ (1864 ਈ.) ਦੁਆਰਾ ਬਣਿਆ ਜਰਮਨੀ ਸੰਘ ਸਮਾਪਤ ਕਰ ਦਿੱਤਾ ਗਿਆ। ਇਸ ਦੀ ਥਾਂ 'ਤੇ ਮੇਨ ਨਦੀ ਦੇ ਉੱਤਰ ਦੇ ਸਾਰੇ ਰਾਜ ਪ੍ਰਸ਼ਾ ਦੀ ਅਗਵਾਈ 'ਚ ਏਕੀਕ੍ਰਿਤ ਕੀਤੇ ਗਏ ਅਤੇ ਉਹਨਾਂ ਦਾ ਇੱਕ ਸੰਘ ਬਣਾਇਆ ਗਿਆ ਜਿਸ ਨੂੰ ਉੱਤਰੀ ਜਰਮਨੀ ਸੰਘ (North German Confederation) ਕਿਹਾ ਗਿਆ। ਪ੍ਰਸ਼ੀਆ ਇਸ ਸੰਘ ਦਾ ਪ੍ਰਧਾਨ ਬਣਿਆ ਅਤੇ ਆਸਟਰੀਆ ਨੂੰ ਇਸ ਤੋਂ ਬਾਹਰ ਰੱਖਿਆ ਗਿਆ।

(iv) ਦੱਖਣ ਦੇ ਜਰਮਨ ਰਾਜ ਨੂੰ ਆਪਣਾ ਸੁਤੰਤਰ ਸੰਘ ਬਣਾਉਣ ਦੀ ਛੂਟ ਦਿੱਤੀ ਗਈ।

**ਪ੍ਰਸ਼ਾ ਦੇ ਰਾਜ ਦਾ ਵਿਸਥਾਰ- ਬਿਸਮਾਰਕ ਯੂਰਪ ਦਾ ਸਭ ਤੋਂ ਸਫ਼ਲ ਕੂਟਨੀਤਿਕ:** ਆਸਟਰੀਆ-ਪ੍ਰਸ਼ਾ ਦੇ ਨਤੀਜੇ ਦਾ ਮਹੱਤਵ ਮੁੱਖ ਤੌਰ 'ਤੇ ਇਸ ਗੱਲ 'ਚ ਹੈ ਕਿ ਪ੍ਰਸ਼ਾ, ਜੋ ਪਹਿਲਾਂ ਮੱਧ ਯੂਰਪ ਦਾ ਇੱਕ ਛੋਟਾ ਜਿਹਾ ਮਹੱਤਵਹੀਣ ਰਾਜ ਸੀ, ਹੁਣ ਇੱਕ ਵੱਡੇ ਸੰਘ-ਰਾਜ ਦੇ ਰੂਪ 'ਚ ਉੱਤਰੀ ਜਰਮਨੀ ਸੰਘ ਬਣ ਕੇ ਹੋਂਦ 'ਚ ਆਇਆ। ਹੁਣ ਪ੍ਰਸ਼ਾ ਦਾ ਸਮਰਾਟ ਇਸ ਨਵੀਨ ਸੰਘ ਦਾ ਪ੍ਰਧਾਨ ਬਣ ਗਿਆ। ਇਸ ਜਰਮਨ ਸੰਘ 'ਚ 22 ਰਾਜ ਸ਼ਾਮਲ ਸਨ ਜਿਸ ਦਾ ਸਰੂਪ ਅਤੇ ਸੰਵਿਧਾਨ ਸੰਘੀ (Federal) ਸਰੂਪ ਦਾ ਸੀ। ਇਨ੍ਹਾਂ ਰਾਜਾਂ ਦੇ ਸੰਘ ਦੀ ਦੋ ਸਦਨੀ ਵਿਵਸਥਾ ਸੀ। ਇਸ ਜਰਮਨ ਸੰਘ ਦੇ ਪ੍ਰਧਾਨ ਦੇ ਰੂਪ 'ਚ ਪ੍ਰਸ਼ਾ ਦੇ ਸਮਰਾਟ ਨੂੰ ਵਿਦੇਸ਼ ਨੀਤੀ, ਯੁੱਧ ਅਤੇ ਸੰਧੀ ਸਮਝੌਤੇ ਕਰਨ ਦਾ ਅਧਿਕਾਰ ਸੀ। ਬਿਸਮਾਰਕ ਇਸ ਸੰਘ ਦਾ ਚਾਂਸਲਰ (ਪ੍ਰਧਾਨਮੰਤਰੀ) ਨਿਯੁਕਤ ਹੋਇਆ। ਉਹ ਇਸ ਅਹੁਦੇ ਨੂੰ 1890 ਈ. ਤੱਕ ਸੁਸ਼ੋਭਿਤ ਕਰਦਾ ਰਿਹਾ। ਇਸ ਤਰ੍ਹਾਂ ਪੂਰਾ ਉੱਤਰੀ ਜਰਮਨੀ 'ਚ ਪ੍ਰਸ਼ਾ ਦਾ ਵਿਸਥਾਰ ਅਤੇ ਰਾਜ ਸਥਾਪਿਤ ਹੋ ਗਿਆ। ਇਸ ਮਹੱਤਵਪੂਰਨ ਕੰਮ ਕਾਰਨ ਬਿਸਮਾਰਕ ਦੀ ਗਣਨਾ ਪ੍ਰਸਿੱਧ ਸਫ਼ਲ ਕੂਟਨੀਤਿਕ ਅਤੇ ਯੂਰਪ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ 'ਚ ਹੋਣ ਲੱਗੀ। ਜਰਮਨੀ ਦੇ ਏਕੀਕਰਨ ਦੇ ਇਸ ਦੂਜੇ ਗੇੜ 'ਚ ਬਿਸਮਾਰਕ ਦੇ ਉਦੇਸ਼ ਦੇ ਲਗਭਗ ਤਿੰਨ ਚੌਥਾਈ ਉਦੇਸ਼ ਦੀ ਪੂਰਤੀ ਹੋ ਚੁੱਕੀ ਸੀ। ਹੁਣ ਦੱਖਣੀ ਜਰਮਨੀ ਦੇ ਕੁਝ ਰਾਜਾਂ ਨੂੰ ਜਰਮਨ ਸਾਮਰਾਜ 'ਚ ਸ਼ਾਮਲ ਕਰਨ ਦਾ ਕੰਮ ਬਾਕੀ ਸੀ ਜਿਸ ਦੇ ਲਈ ਪ੍ਰਸ਼ਾ ਅਤੇ ਫਰਾਂਸ ਦੇ ਵਿਚਕਾਰ ਯੁੱਧ ਹੋਣਾ ਜਰੂਰੀ ਸੀ ਕਿਉਂਕਿ ਇਨ੍ਹਾਂ ਰਜਾਂ 'ਤੇ ਫਰਾਂਸ ਦਾ ਰਾਜ ਸਥਾਪਿਤ ਸੀ। ਕੁਝ ਅਜਿਹੇ ਵੀ ਛੋਟੇ ਰਾਜ ਸਨ ਜਿਨ੍ਹਾਂ

**ਨੋਟ**

'ਤੇ ਫਰਾਂਸ ਆਪਣਾ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਫਰਾਂਸ ਨਾਲ ਯੁੱਧ ਕਰਨਾ ਜਰਮਨੀ ਦੇ ਏਕੀਕਰਨ ਦੀ ਇੱਕ ਜ਼ਰੂਰਤ ਸੀ, ਪਰੰਤੂ ਫਰਾਂਸ ਵਰਗੇ ਸ਼ਕਤੀਸ਼ਾਲੀ ਦੇਸ਼ ਨਾਲ ਯੁੱਧ ਕਰਨ ਤੋਂ ਪਹਿਲਾਂ ਉਸ ਨੂੰ ਇਕੱਲਾ (ਮਿੱਤਰ ਹੀਣ) ਕਰਨਾ ਜ਼ਰੂਰੀ ਸੀ।

**ਪ੍ਰਸ਼ਾ-ਫਰਾਂਸ ਯੁੱਧ ਦੇ ਕਾਰਨ ਅਤੇ ਘਟਨਾਵਾਂ:** ਈਰਖਾ ਅਤੇ ਮਨਮਟਾਵ ਦੇ ਵਾਤਾਵਰਨ 'ਚ ਯੁੱਧ ਦੇ ਕਾਰਨ ਆਸਾਨੀ ਨਾਲ ਪੈਦਾ ਹੁੰਦੇ ਹਨ। ਬਿਸਮਾਰਕ ਵਰਗੇ ਕੁਸ਼ਲ ਕੂਟਨੀਤਿਕ ਲਈ ਤਾਂ ਯੁੱਧ ਦੇ ਕਾਰਨ ਪੈਦਾ ਕਰਨਾ ਹੋਰ ਵੀ ਜ਼ਿਆਦਾ ਸੌਖਾ ਸੀ। ਇਨ੍ਹਾਂ ਕਾਰਨ ਦਾ ਸੰਖੇਪ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ-

(i) **ਆਸਟ੍ਰੋ-ਪ੍ਰਸ਼ੀਅਨ ਯੁੱਧ ਤੋਂ ਬਾਅਦ ਨੈਪੋਲੀਅਨ ਦੀ ਚਿੰਤਾ:** ਪ੍ਰਸ਼ਾ ਦੁਆਰਾ ਆਸਟਰੀਆ ਦੀ ਸੇਡੋਵਾ 'ਚ ਹਾਰ ਫਰਾਂਸ ਲਈ ਇੱਕ ਅਚਾਨਕ ਵਾਪਰੀ ਘਟਨਾ ਸੀ। ਫਰਾਂਸ ਦੀ ਸੀਮਾ 'ਤੇ ਸਥਿਤ ਪ੍ਰਸ਼ਾ ਦੇ ਸ਼ਕਤੀਸ਼ਾਲੀ ਹੋਣ ਨਾਲ ਫਰਾਂਸ ਦਾ ਸਮਰਾਟ ਨੈਪੋਲੀਅਨ ਬਹੁਤ ਚਿੰਤਿਤ ਸੀ। ਫਰਾਂਸ 'ਚ ਇਹ ਕਿਹਾ ਜਾਣ ਲੱਗਾ ਕਿ ਸੇਡੋਵਾ 'ਚ ਅਸਲ 'ਚ ਆਸਟਰੀਆ ਦੀ ਨਹੀਂ, ਫਰਾਂਸ ਦੀ ਹਾਰ ਹੋਈ ਹੈ। ਫਰਾਂਸ ਦੇ ਇੱਕ ਸਮਕਾਲੀਨ ਰਾਜਨੀਤਿਕ ਦੀਅਰਜ਼ ਨੇ ਇਸ ਸਬੰਧ 'ਚ ਕਿਹਾ ਸੀ -"ਸੇਡੋਵਾ 'ਚ ਜੋ ਕੁਝ ਹੋਇਆ ਹੈ, ਉਹ ਫਰਾਂਸ ਲਈ ਬਹੁਤ ਹੀ ਚਿੰਤਾਜਨਕ ਹੈ। ਪਿਛਲੀਆਂ ਚਾਰ ਸ਼ਤਾਬਦੀਆਂ 'ਚ ਫਰਾਂਸ ਲਈ ਇੰਨੀ ਘੋਰ ਆਫ਼ਤ ਦੀ ਕੋਈ ਘਟਨਾ ਨਹੀਂ ਹੋਈ ਸੀ।" ਫਰਾਂਸ ਦੇ ਸਮਰਾਟ ਨੇ ਇਸ ਘਟਨਾ ਨੂੰ ਆਪਣੀ ਕੂਟਨੀਤਿਕ ਹਾਰ ਦੇ ਰੂਪ 'ਚ ਮਹਿਸੂਸ ਕੀਤਾ। ਦੂਜੇ ਪਾਸੇ 1864 ਈ. ਤੋਂ ਬਾਅਦ ਨੈਪੋਲੀਅਨ ਦੀ ਵਿਦੇਸ਼ ਨੀਤੀ ਅਤੇ ਗ੍ਰਹਿ ਨੀਤੀ ਵੀ ਅਸਫ਼ਲ ਸਮਝੀ ਜਾ ਰਹੀ ਸੀ। ਮੈਕਸਿਕੋ 'ਚ ਗਣਤੰਤਰ ਰਾਜ ਨੂੰ ਸਮਾਪਤ ਕਰਕੇ ਉੱਥੇ ਫਰਾਂਸੀਸੀ ਰਾਜ ਸਥਾਪਿਤ ਕਰਨ ਦੀ ਉਸ ਦੀ ਮੁਹਿੰਮ ਅਸਫ਼ਲ ਹੋ ਚੁੱਕੀ ਸੀ। 1866 ਈ. ਤੱਕ ਆਪਣੀ ਅਸਫ਼ਲ ਗ੍ਰਹਿਨੀਤੀ ਕਾਰਨ ਵੀ ਨੈਪੋਲੀਅਨ ਫਰਾਂਸ 'ਚ ਅਲੋਕਪ੍ਰਿਯ ਹੋ ਰਿਹਾ ਸੀ। ਅਜਿਹੀ ਬਦਨਾਮੀ ਕਾਰਨ ਨੈਪੋਲੀਅਨ ਹੁਣ ਪ੍ਰਸ਼ਾ ਨਾਲ ਯੁੱਧ ਕਰਕੇ ਫਰਾਂਸੀਸੀ ਜਨਤਾ 'ਚ ਆਪਣਾ ਗੁਆਚਿਆ ਸਨਮਾਨ ਦੁਬਾਰਾ ਪ੍ਰਾਪਤ ਕਰਨਾ ਚਾਹੁੰਦਾ ਸੀ।

(ii) **ਜਰਮਨੀ ਦੇ ਦਖਣੀ ਰਾਜਾਂ ਨੂੰ ਫਰਾਂਸ ਦੇ ਵਿਰੁੱਧ ਭੜਕਾਉਣ 'ਚ ਵਿਸਮਾਰਕ ਦੀ ਸਫ਼ਲ ਕੂਟਨੀਤੀ :** ਸੰਨ 1866 ਈ: ਵਿਚ ਆਸਟਰੋ -ਪ੍ਰਸ਼ਿਅਨ ਯੁੱਧ 'ਚ ਨਪੋਲੀਅਨ ਤ੍ਰਤੀਅ ਤਟਸਥ ਰਿਹਾ ਸੀ। ਉਸ ਨੇ ਆਪਣੀ ਇਕ ਤਟਸਥਾ ਦੇ ਪੁਰਸਕਾਰ ਰੂਪ ਵਿਸਮਾਰਕ ਤੋਂ ਦਖਣੀ ਜਰਮਨੀ 'ਚ ਸਥਿਤ ਮੇਜ, ਬੇਬਰਿਆ, ਪੇਲਟੀਨੇਟ ਤੇ ਲਕਸ਼ਮਬਰਗ ਦੇ ਦੇਸ਼ਾਂ ਦੀ ਮੰਗ ਕੀਤੀ। ਵਿਸਮਾਰਕ ਨੇ ਨਪੋਲੀਅਨ ਦੀ ਮੰਗਾਂ ਨੂੰ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਕਰਵਾ ਦਿੱਤਾ। ਇਸ ਤੋਂ ਦਖਣ ਜਰਮਨ ਰਾਜ ਨਪੋਲੀਅਨ ਤ੍ਰਤੀਅ ਤੋਂ ਕੁਪਿਤ ਹੋ ਗਏ ਅਤੇ ਉਹ ਆਪਣੇ ਸੰਰਸ਼ਨ ਦੇ ਲਈ ਵਿਸਮਾਰਕ ਵੱਲ ਝੁਕੇ।

(iii) **ਸਪੇਨ ਰਾਜ ਦੇ ਉੱਤਰ ਅਧਿਕਾਰ ਦੀ ਸਮੱਸਿਆ- ਯੁੱਧ ਦਾ ਉਸ ਸਮੇਂ ਦਾ ਕਾਰਨ:** ਸਪੇਨ ਫਰਾਂਸ ਦੇ ਪੱਛਮ 'ਚ ਨੇੜਲਾ ਗੁਆਂਢੀ ਦੇਸ਼ ਹੈ। ਸੰਨ 1868 ਈ. 'ਚ ਸਪੇਨ ਦੀ ਜਨਤਾ ਨੇ ਵਿਦਰੋਹ ਕਰਕੇ ਉੱਥੋਂ ਦੀ ਸਵੈ ਇੱਛਾ ਚਾਰੀ ਸਾਮਰਾਜਗੀ ਈਸਬੇਲਾ ਨੂੰ ਪਦਚੁਤ ਕਰ ਦਿੱਤਾ। ਸਪੇਨ ਦੀ ਗੱਦੀ 'ਤੇ ਉੱਤਰਾ ਅਧਿਕਾਰ ਨੂੰ ਲੈ ਕੇ ਫਰਾਂਸ ਅਤੇ ਪ੍ਰਸ਼ਾ 'ਚ ਜੋ ਡੂੰਘੇ ਮਤਭੇਦ ਪੈਦਾ ਹੋਏ, ਉਨ੍ਹਾਂ ਕਾਰਨ ਪ੍ਰਸ਼ਾ ਅਤੇ ਫਰਾਂਯ 'ਚ 1870 ਈ. 'ਚ ਯੁੱਧ ਸ਼ੁਰੂ ਹੋਇਆ। ਪ੍ਰਸ਼ਾ ਦਾ ਸਮਰਾਟ ਵਿਲੀਅਮ ਪਹਿਲਾ ਅਤੇ ਬਿਸਮਾਰਕ ਸਪੇਨ ਦੇ ਸਿੰਘਾਸਨ' ਤੇ **ਹੋਹੇਂਜੇਲਰਨ ਰਾਜਵੰਸ਼** ਦੇ ਸ਼ਾਸਕ, ਵਿਲੀਅਮ ਪਹਿਲੇ ਦੇ ਸਬੰਧੀ, ਲਿਓਪਾਲਡ ਨੂੰ ਗੱਦੀ ਬਿਠਾਉਣ ਚਾਹੁੰਦਾ ਸੀ। ਫਰਾਂਸ ਸਮਰਾਟ ਨੈਪੋਲੀਅਨ ਨੇ ਇਸ ਦਾ ਸਖ਼ਤੀ ਨਾਲ ਵਿਰੋਧ ਕੀਤਾ ਕਿਉਂਕਿ ਲਿਓਪਾਲਡ ਦੇ ਸ਼ਾਸਕ ਬਣ ਜਾਣ ਨਾਲ ਫਰਾਂਸ ਚਾਰੇ ਪਾਸਿਆਂ ਤੋਂ ਦੁਸ਼ਮਣਾਂ ਦੇ ਘੇਰੇ 'ਚ ਫਸ ਜਾਂਦਾ। ਨੈਪੋਲੀਅਨ ਨੂੰ ਡਰਾ ਸੀ ਕਿ ਪ੍ਰਸ਼ਾ ਦੀ ਸਪੇਨ ਸਬੰਧੀ ਯੋਜਨਾ ਸਫ਼ਲ ਹੋ ਜਾਣ 'ਤੇ ਪ੍ਰਸ਼ਾ ਦਾ ਰਾਜ ਵਧੇਗਾ ਅਤੇ ਉਹ ਯੂਰਪ ਦੀ ਸਭ ਤੋਂ ਵੱਡੀ ਸ਼ਕਤੀ ਬਣ ਜਾਵੇਗਾ। ਫਰਾਂਸ ਦੀ ਤਿੱਖੀ ਪ੍ਰਤੀਕਿਰਿਆ ਅਤੇ ਨੈਪੋਲੀਅਨ ਤੀਜੇ ਦੇ ਘੋਰ ਵਿਰੋਧ ਨਾਲ ਪ੍ਰਸ਼ੀਆ ਦਾ ਸ਼ਾਸਕ ਵੀ ਦਬ ਗਿਆ ਅਤੇ ਲਿਓਪਾਲਡ ਨੇ ਵੀ ਆਪਣਾ ਨਾਮ ਵਾਪਸ ਲੈ ਲਿਆ।

ਨੈਪੋਲੀਅਨ ਇੰਨੇ ਨਾਲ ਹੀ ਸੰਤੁਸ਼ਟ ਨਹੀਂ ਹੋਇਆ। ਉਹ ਪ੍ਰਸ਼ਾ ਦੇ ਸਮਰਾਟ ਤੋਂ ਲਿਖਤੀ ਭਰੋਸਾ ਲੈਣਾ ਚਾਹੁੰਦਾ ਸੀ ਕਿ ਹੋਹੇਨਜੋਲਰਨ ਰਾਜਵੰਸ਼ ਦੇ ਕਿਸੇ ਵੀ ਵਿਅਕਤੀ ਨੂੰ ਸਪੇਨ ਦੇ ਸਿੰਘਾਸਨ 'ਤੇ ਨਹੀਂ ਬਿਠਾਇਆ ਜਾਵੇਗਾ। ਇਸ ਨੂੰ ਪ੍ਰਾਪਤ ਕਰਨ ਲਈ ਉਸ ਨੇ ਬਰਲਿਨ ਸਥਿਤ ਫਰਾਂਸੀਸੀ ਰਾਜਦੂਤ **ਬੈਨਡੇਡੀ** ਨੂੰ ਆਦੇਸ਼ ਦਿੱਤਾ ਕਿ ਉਹ ਪ੍ਰਸ਼ਾ ਦੇ ਰਾਜਾ ਤੋਂ ਇਸ ਗੱਲ ਦੀ ਮੰਗ ਕਰੇ ਕਿ ਉਹ ਭਵਿੱਖ 'ਚ ਕਦੇ ਲਿਓਪਾਲਡ ਜਾਂ ਹੋਹੇਨਜੋਲਰਨ ਵੰਸ਼ ਦੇ ਕਿਸੇ ਵਿਅਕਤੀ ਨੂੰ ਸਪੇਨ ਦੇ ਉੱਤਰਾ ਅਧਿਕਾਰ ਲਈ ਉਮੀਦਵਾਰ ਬਣਨ ਦੀ ਮਨਜ਼ੂਰੀ ਨਹੀਂ ਦੇਵੇਗਾ। ਪ੍ਰਸ਼ਾ ਦੇ ਸਮਰਾਟ ਤੋਂ ਫਰਾਂਸੀਸੀ ਰਾਜਦੂਤ ਨੇ ਉਸ ਸਮੇਂ ਭੇਂਟ ਕੀਤੀ ਜਦੋਂ ਵਿਲੀਅਮ ਪਹਿਲਾ ਅਰਾਮ ਲਈ ਏਮਸ ਨਾਂਅ ਦੇ ਸਥਾਨ 'ਤੇ ਠਹਿਰਿਆ ਹੋਇਆ ਸੀ। ਫਰਾਂਸ ਦੇ ਰਾਜਦੂਤ ਨਾਲ ਸ਼ਾਂਤੀਪੂਰਨ ਚਰਚਾ ਤੋਂ ਬਾਅਦ ਵਿਲੀਅਮ ਪਹਿਲੇ ਨੇ ਇਸ ਗੱਲ ਦਾ ਭਰੋਸਾ ਦੇ ਦਿੱਤਾ ਕਿ ਲਿਓਪਾਲਡ ਕਦੇ ਵੀ ਸਪੇਨ ਦੇ ਸਿੰਘਾਸਨ 'ਤੇ ਨਹੀਂ ਬੈਠੇਗਾ।

**ਯੁੱਧ ਦੀਆਂ ਘਟਨਾਵਾਂ:** ਫ੍ਰੇਂਕੋ-ਪ੍ਰਸ਼ਾ ਯੁੱਧ (1870 ਈ.) 'ਚ ਫਰਾਂਸ ਦੇ ਸਮਰਾਟ ਨੈਪੋਲੀਅਨ ਤੀਜੇ ਨੂੰ ਇਸ ਗੱਲ ਤੋਂ ਘੋਰ ਨਿਰਾਸ਼ਾ ਹੋਈ ਕਿ ਯੂਰਪ ਦੇ ਕਿਸੇ ਵੀ ਦੇਸ਼ ਨੇ ਫਰਾਂਸ ਨੂੰ ਸਹਿਯੋਗ ਜਾਂ ਸਮਰਥਨ ਨਹੀਂ ਦਿੱਤਾ। ਬਿਸਮਾਰਕ ਨੇ ਫਰਾਂਸ ਨੂੰ ਮਿੱਤਰਹੀਣ ਕਰਨ 'ਚ ਆਪਣੀ ਕੂਟਨੀਤਿਕ ਸਫਲਤਾ ਯੁੱਧ ਤੋਂ ਪਹਿਲਾਂ ਹੀ ਪ੍ਰਾਪਤ ਕਰ ਲਈ ਸੀ। ਨੈਪੋਲੀਅਨ ਨੇ ਪ੍ਰਸ਼ਾ ਦੀ ਦ੍ਰਿੜ ਅਤੇ ਅਨੁਸ਼ਾਸਨਬੱਧ ਸ਼ਕਤੀਸ਼ਾਲੀ ਫੌਜ ਦਾ ਨਾ ਤਾਂ ਕੋਈ ਸਹੀ ਮੁਲਾਂਕਣ ਕੀਤਾ ਸੀ ਅਤੇ ਨਾ ਹੀ ਯੁੱਧ ਦੀ ਕੋਈ ਵਿਸ਼ੇਸ਼ ਤਿਆਰੀ ਕੀਤੀ ਸੀ। ਇਸ ਦੇ ਫਲਸਰੂਪ ਇੱਕ ਸਤੰਬਰ, 1870 ਸੇਡਾਨ ਦੇ ਮੈਦਾਨ 'ਚ ਪ੍ਰਸ਼ਾ ਦੇ ਦੁਆਰਾ ਫਰਾਂਸ ਅੰਤਿਮ ਰੂਪ 'ਚ ਹਰਾ ਦਿੱਤਾ ਗਿਆ। ਸਮਰਾਟ ਨੈਪੋਲੀਅਨ ਨੂੰ ਆਪਣੇ 83,000 ਸੈਨਿਕਾਂ ਸਮੇਤ ਪ੍ਰਸ਼ਾ ਦੇ ਸਾਹਮਣੇ ਆਤਮਸਮਰਪਨ ਕਰਨਾ ਪਿਆ। ਉਹ ਕੈਦ ਕਰ ਲਿਆ ਗਿਆ।

(iv) **ਫਰਾਂਸ 'ਚ ਗਣਤੰਤਰ ਅਤੇ ਜਰਮਨ ਸਾਮਰਾਜ ਦੀ ਸਥਾਪਨਾ:** ਨੈਪੋਲੀਅਨ ਦੁਆਰਾ ਆਤਮਸਮਰਪਣ ਕਰਨ ਦੇ ਨਾਲ ਹੀ ਪੈਰਿਸ ਅਤੇ ਫਰਾਂਸ ਦੇ ਹੋਰ ਸਥਾਨਾਂ 'ਚ ਕ੍ਰਾਂਤੀ ਹੋ ਗਈ। ਹਾਰ ਦੀ ਸੂਚਨਾ ਪ੍ਰਾਪਤ ਹੋਣ 'ਤੇ 4 ਸਤੰਬਰ, 1870

**ਨੋਟ**

ਨੂੰ ਫਰਾਂਸ 'ਚ ਤੀਜੇ ਗਣਤੰਤਰ ਦੀ ਸਥਾਪਨਾ ਹੋਣ ਦਾ ਐਲਾਨ ਕਰ ਦਿੱਤਾ ਗਿਆ। ਪਰੰਤੂ ਫਰਾਂਸ ਦੀ ਨਵੀਂ ਗਣਤੰਤਰ ਸਰਕਾਰ ਨੇ ਪ੍ਰਸ਼ਾ ਨਾਲ ਯੁੱਧ ਜਾਰੀ ਰੱਖਣ ਦਾ ਫੈਸਲਾ ਕੀਤਾ। ਪ੍ਰਸ਼ਾ ਦੀ ਸ਼ਕਤਸ਼ਾਲੀ ਫੌਜ ਨੇ ਫਰਾਂਸ ਦੇ ਅੰਦਰੂਨੀ ਹਿੱਸਿਆਂ ਤੱਕ ਪਹੁੰਚ ਕੇ ਕਈ ਦੁਰਗਾਂ 'ਤੇ ਅਧਿਕਾਰ ਕਰ ਲਿਆ। ਪ੍ਰਸ਼ਾ ਦੁਆਰਾ ਕੀਤੀ ਗਈ ਘੇਰਾਬੰਦੀ ਏਨੀ ਕਠੋਰ ਸਿੱਧ ਹੋਈ ਕਿ ਅੰਤ ਫਰਾਂਸ ਦੀ ਗਣਤੰਤਰ ਸਰਕਾਰ ਨੇ 28 ਜਨਵਰੀ, 1871 ਨੂੰ ਪੈਰਿਸ ਵਿਚ ਆਤਮਸਮਰਪਣ ਕਰ ਦਿੱਤਾ।

> ਟਾਸਕ ਫਰਾਂਸੀਸੀ ਰਾਜ ਕ੍ਰਾਂਤੀ ਕਦੋਂ ਹੋਈ ਸੀ ?

**ਵਰਸਾਏ ਦੇ ਰਾਜਮਹਲ 'ਚ ਜਰਮਨ ਸਾਮਰਾਜ ਦਾ ਐਲਾਨ :** ਬਿਸਮਾਰਕ ਦਾ ਇਰਾਦਾ ਫਰਾਂਸ 'ਤੇ ਜਿੱਤ ਪ੍ਰਾਪਤ ਕਰਨ ਦੇ ਨਾਲ ਹੀ ਫਰਾਂਸ ਨੂੰ ਨੀਚਾ ਦਿਖਾਉਣਾ ਅਤੇ ਪ੍ਰਸ਼ਾ ਨੂੰ ਯੂਰਪ 'ਚ ਸ਼ਕਤੀਸ਼ਾਲੀ ਸਿੱਧ ਕਰਨ ਦਾ ਵੀ ਸੀ। ਇਸ ਉਦੇਸ਼ ਨਾਲ ਉਸ ਨੇ 18 ਜਨਵਰੀ, 1871 ਨੂੰ ਪੈਰਿਸ ਦੇ ਨੇੜੇ ਵਰਸਾਏ ਦੇ ਪ੍ਰਸਿੱਧ ਸ਼ੀਸ਼ ਸਭਾਗ੍ਰਹਿ (Hall of Mirrors) 'ਚ ਇੱਕ ਸ਼ਾਨਦਾਰ ਸੰਮੇਲਨ ਕੀਤਾ, ਜਿਸ ਵਿੱਚ ਸਾਰੇ ਜਰਮਨ ਰਾਜਾਂ ਦੇ ਸ਼ਾਸਕ ਅਤੇ ਰਾਜ ਅਧਿਕਾਰੀ ਖੂਬ ਸ਼ਾਨ ਨਾਲ ਹਾਜ਼ਰ ਹੋਏ। ਇਸੇ ਸੰਮੇਲਨ 'ਚ ਬਿਸਮਾਰਕ ਨੇ ਜਰਮਨ ਸਾਮਰਾਜ ਦੇ ਸਥਾਪਿਤ ਹੋਣ ਦਾ ਐਲਾਨ ਕੀਤਾ ਅਤੇ ਪ੍ਰਸ਼ੀਆ ਦੇ ਸਮਰਾਟ ਵਿਲੀਅਮ ਪਹਿਲੇ ਨੂੰ ਪਹਿਲਾ ਜਰਮਨ ਸਮਰਾਟ ਐਲਾਨ ਕੀਤਾ ਗਿਆ। ਜਰਮਨ–ਏਕੀਕਰਨ ਦੇ ਲੰਮੇ ਨਾਟਕ ਦਾ ਇਹ ਅੰਤਿਮ ਦ੍ਰਿਸ਼ ਸੀ।

**ਫ੍ਰੇਂਕਫਰਟ ਦੀ ਸੰਧੀ:** 26 ਫਰਵਰੀ, 1871 ਦੇ ਯੁੱਧ ਵਿਰਾਮ ਦੀ ਸ਼ਾਂਤੀ ਸੰਧੀ ਦੇ ਆਧਾਰ 'ਤੇ ਫਰਾਂਸ ਅਤੇ ਪ੍ਰਸ਼ਾ ਨੇ 10 ਮਈ, 1871 ਨੂੰ ਫ੍ਰੇਂਕਫਰਟ ਦੀ ਸੰਧੀ 'ਤੇ ਦਸਤਖ਼ਤ ਕੀਤੇ। ਇਸ ਦੀਆਂ ਮੁੱਖ ਧਰਾਵਾਂ ਹੇਠ ਲਿਖੇ ਅਨੁਸਾਰ ਸਨ–

(i) ਬੇਲਫਰਟ ਨੂੰ ਛੱਡ ਕੇ ਅਲਸਾਸ ਅਤੇ ਲਾਰੇਨ ਦੇ ਪ੍ਰਦੇਸ਼ ਫਰਾਂਸ ਨੇ ਜਰਮਨੀ ਨੂੰ ਦੇ ਦਿੱਤੇ। ਮੇਟਸ ਅਤੇ ਸਟੇਸਵਰਗ ਦੇ ਦੁਰਗ ਵੀ ਪ੍ਰਸ਼ਾ ਨੂੰ ਪ੍ਰਾਪਤ ਹੋਏ।

(ii) ਫਰਾਂਸ ਵੀਹ ਕਰੋੜ ਪੌਂਡ (5 ਖਰਬ ਫ੍ਰੇਂਕ) ਨੁਕਸਾਨ ਪੂਰਤੀ ਦੇ ਰੂਪ 'ਚ ਜਰਮਨੀ ਨੂੰ ਦੇਵੇਗਾ।

(iii) ਨੁਕਸਾਨ ਪੂਰਤੀ ਹੋਣ ਤੱਕ ਜਰਮਨ ਫੌਜ ਫਰਾਂਸ 'ਚ, ਫਰਾਂਸ ਦੇ ਖਰਚ 'ਤੇ ਬਣੀ ਰਹੇਗੀ।

ਫ੍ਰੇਂਕੋ–ਪ੍ਰਸ਼ਾ ਯੁੱਧ ਤੋਂ ਬਾਅਦ ਦੱਖਣੀ ਜਰਮਨੀ ਦੇ ਬਾਕੀ ਚਾਰੇ ਰਾਜ–ਬੇਵੇਰੀਆ, ਬੁਟਮਬਰਗ, ਬੇਡਨ ਅਤੇ ਹੇਸਸ ਵੀ ਜਰਮਨ ਰਾਜ 'ਚ ਸ਼ਾਮਲ ਕਰ ਲਏ ਗਏ। ਇਸ ਤਰ੍ਹਾਂ ਜਰਮਨੀ ਦੇ ਰਾਸ਼ਟਰੀ ਏਕੀਕਰਨ ਦਾ ਕੰਮ ਪੂਰਾ ਹੋਇਆ।

**ਜਰਮਨ–ਏਕੀਕਰਨ 'ਚ ਬਿਸਮਾਰਕ ਦੀ ਭੂਮਿਕਾ ਦਾ ਮਹੱਤਵ ਨਵੇਂ ਯੁਗ ਦਾ ਸੂਤਰਪਾਤ:** ਬਿਸਮਾਰਕ, ਜੋ ਪ੍ਰਸ਼ਾ ਰਾਜ ਦਾ ਚਾਂਸਲਰ ਸੀ, ਨੇ ਜਰਮਨ ਰਾਜਾਂ ਦੇ ਰਾਸ਼ਟਰੀ ਏਕੀਕਰਨ 'ਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਉਹ ਆਪਣੇ ਯੁਗ ਦਾ ਇੱਕ ਅਨੋਖਾ ਕੂਟਨੀਤਿਕ ਅਤੇ ਅਨੋਖੀ ਸੂਝਬੂਝ ਦਾ ਰਾਜਨੀਤਿਕ ਸੀ। ਉਸ ਨੇ ਆਪਣੇ ਕੂਟਨੀਤੀ ਨਾਲ ਪ੍ਰਸ਼ਾ ਦੇ ਇੱਕ ਛੋਟੇ ਜਿਹੇ ਰਾਜ ਨੂੰ ਪੂਰੇ ਜਰਮਨੀ ਦਾ ਸਵਾਮੀ ਬਣਾ ਦਿੱਤਾ। ਉਹ ਏਕੀਕ੍ਰਿਤ ਜਰਮਨ ਸਾਮਰਜ ਦਾ ਪ੍ਰਣੇਤਾ ਸੀ। ਜਰਮਨ ਏਕੀਕਰਨ ਦੇ ਮਾਰਗ 'ਚ ਯੂਰਪ ਦੇ ਦੋ ਸ਼ਕਤੀਸ਼ਾਲੀ ਰਾਜ, ਆਸਟਰੀਆ ਅਤੇ ਫਰਾਂਸ, ਅੜਿੱਕਾ ਸਨ। ਉਸ ਨੇ ਇਨ੍ਹਾਂ ਦੋਵਾਂ ਰਾਜਾਂ ਨੂੰ ਆਪਣੀ ਕੂਟਨੀਤਿਕ ਕੁਸ਼ਲਤਾ ਨਾਲ ਇਕੱਲਾ ਕਰ ਦਿੱਤਾ ਅਤੇ ਇੱਤ ਤੋਂ ਬਾਅਦ ਦੂਜੇ ਨੂੰ ਯੁੱਧਾਂ 'ਚ ਹਰਾ ਦਿੱਤਾ। ਏਕੀਕਰਨ ਦੇ ਉਦੇਸ਼ ਦੀ ਪ੍ਰਾਪਤੀ ਲਈ ਉਸ ਦਾ ਵਿਸ਼ਵਾਸ ਸ਼ਾਂਤੀ–ਸਮਝੌਤੇ ਜਾਂ ਸੰਧੀਆਂ 'ਚ ਨਹੀਂ ਸੀ। ਉਹ ਆਪਣੀ ਖੂਨ ਅਤੇ ਲੋਹ ਦੀ ਨੀਤੀ (The Policy of Blood and Iron) 'ਚ ਵਿਸ਼ਵਾਸ ਕਰਦਾ ਸੀ। ਇਸੇ ਨੀਤੀ ਦੇ ਅਨੁਰੂਪ ਬਿਸਮਾਰਕ ਨੇ ਪ੍ਰਸ਼ਾ ਦੀ ਫੌਜ ਦਾ ਮਜ਼ਬੂਤੀਕਰਨ ਕੀਤਾ ਅਤੇ ਆਸਟਰੀਆ ਅਤੇ ਫਰਾਂਸ ਨੂੰ ਲੜੀਵਾਰ ਸੇਡੋਵਾ ਅਤੇ ਸੇਡਾਨ 'ਚ ਹਰਾ ਕੇ ਜਰਮਨ ਏਕੀਕਰਨ ਦੇ ਆਪਣੇ ਉਦੇਸ਼ ਨੂੰ ਪੂਰਾ ਕੀਤਾ। ਉਸ ਨੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਕਿ ਜਰਮਨੀ ਦੇ ਏਕੀਕਰਨ ਦੌਰਾਨ ਕਿਤੇ ਪ੍ਰਸ਼ਾ ਦੀ ਹੋਂਦ ਜਰਮਨ ਰਾਸ਼ਟਰ 'ਚ ਵਿਲੀਨ ਨਾ ਹੋ ਜਾਵੇ। ਉਸ ਨੇ ਪ੍ਰਸ਼ਾ ਦੇ ਰਾਜਾ ਵਿਲੀਅਮ ਪਹਿਲੇ ਨੂੰ ਹੀ ਪਹਿਲੇ ਜਰਮਨ ਸਮਰਾਟ ਦੇ ਰੂਪ 'ਚ ਮਾਨਤਾ ਦਿਵਾਈ ਅਤੇ ਖੁਦ ਜਰਮਨ ਸਾਮਰਾਜ ਦਾ ਚਾਂਸਲਰ ਬਣਿਆ। ਬਿਸਮਾਰਕ ਦੇ ਜਰਮਨ ਏਕੀਕਰਨ ਦੇ ਕੰਮ ਨੇ ਅਪ੍ਰਤੱਖ ਤੌਰ 'ਤੇ ਇਟਲੀ ਦੇ ਏਕੀਕਰਨ ਦੇ ਕੰਮ ਨੂੰ ਵੀ ਪੂਰਾ ਕਰ ਦਿੱਤਾ। 1870 ਈ. 'ਚ ਜਦੋਂ ਫਰਾਂਸ–ਪ੍ਰਸ਼ਾ ਯੁੱਧ ਹੋਇਆ ਤਾਂ ਨੈਪੋਲੀਅਨ ਨੂੰ ਰੋਮ 'ਤੋਂ ਆਪਣੀ ਫੌਜ ਹਟਾਉਣੀ ਪਈ। ਇਸ ਦਾ ਲਾਭ ਉਠਾ ਕੇ ਪੀਡਮਾਂਟ–ਸਾਰਡੀਨੀਆ ਦੇ ਸ਼ਾਸਕ ਵਿਕਟਰ ਈਮੈਨਿਊਅਲ ਨੇ ਰੋਮ 'ਤੇ ਆਪਣਾ ਅਧਿਕਾਰ ਪ੍ਰਾਪਤ ਕਰ ਲਿਆ।

## 20.4 ਸਾਰਾਂਸ਼ (Summary)

ਬੇਸ਼ੱਕ ਬਿਸਮਾਰਕ ਆਪਣੇ ਸਮੇਂ ਦਾ ਬਹੁਤ ਕੁਸ਼ਲ ਰਾਜਨੀਤਿਕ ਅਤੇ ਮਹਾਨ ਕੂਟਨੀਤਿਕ ਸੀ। ਯੂਰਪ ਦੇ ਆਪਣੇ ਸਮਕਾਲੀਨ ਰਾਜਨੀਤਿਕਾਂ 'ਚ ਉਹ ਸਭ ਤੋਂ ਸ੍ਰੇਸ਼ਠ ਸੀ। ਉਸ ਦਾ ਕੰਮ ਇਟਲੀ ਦੇ ਕਾਵੂਰ ਤੋਂ ਜ਼ਿਆਦਾ ਔਖਾ ਸੀ, ਕਿਉਂਕਿ ਕਾਵੂਰ ਨੂੰ ਇਟਲੀ ਦੀ ਜਨਤਾ ਦਾ ਸਮਰਥਨ ਪ੍ਰਾਪਤ ਸੀ ਉਨਾ ਬਿਸਮਾਰਕ ਨੂੰ ਜਰਮਨ ਜਨਤਾ ਦਾ ਨਹੀਂ ਸੀ। ਪ੍ਰਸ਼ਾ ਵਰਗੇ ਇੱਕ ਘੱਟ ਸ਼ਕਤਸ਼ਾਲੀ ਰਾਜ ਦੁਆਰਾ ਡੈਨਮਾਰਕ, ਆਸਟਰੀਆ ਅਤੇ ਫਰਾਂਸ ਵਰਗੇ ਮਹਾਂਰਥੀਆਂ ਦੀ ਹਾਰ ਇੱਕ ਹੈਰਾਨੀਜਨਕ ਤੱਥ ਹੈ।

ਬਿਸਮਾਰਕ ਦੁਆਰਾ ਫਰਾਂਸ ਦੀ ਹਾਰ ਅਤੇ ਇਸ ਤੋਂ ਪਿੱਛੋਂ ਫ੍ਰੇਂਕਫਰਟ ਦੀ ਸੰਧੀ ਦੇ ਨਤੀਜੇ ਦੂਰਗਾਮੀ ਸਿੱਧ ਹੋਏ। ਫਰਾਂਸ ਬੁਰੀ ਤਰ੍ਹਾਂ ਅਪਮਾਨਿਤ ਅਤੇ ਆਹਤ ਹੋਇਆ ਸੀ। ਅਲਸਾਸ ਅਤੇ ਲਾਰੇਨ ਦੇ ਪ੍ਰਦੇਸ਼ਾਂ 'ਤੇ ਪ੍ਰਸ਼ੀਅਨ ਅਧਿਕਾਰ ਫਰਾਂਸ ਦਾ ਘੋਰ ਅਪਮਾਨ ਸੀ

**ਨੋਟ**

ਜਿਸ ਨੂੰ ਉਹ ਕਦੇ ਭੁੱਲ ਨਹੀਂ ਸਕਿਆ। ਫਰਾਂਸ ਅਤੇ ਜਰਮਨੀ ਦੀ ਇਹੀ ਦੁਸ਼ਮਣੀ ਆਖ਼ਰ ਪਹਿਲੇ ਵਿਸ਼ਵ ਯੁੱਧ ਦੇ ਕਾਰਨ ਬਣੀ। ਬਿਸਮਾਰਕ ਦੇ ਜਰਮਨ ਏਕੀਕਰਨ ਦੇ ਘਟਨਾਕ੍ਰਮ 'ਚ ਹੀ ਫਰਾਂਸ 'ਚ ਰਾਜਤੰਤਰ ਦੇ ਸਥਾਨ 'ਤੇ ਗਣਤੰਤਰ ਦੀ ਸਥਾਪਨਾ ਹੋਈ ਸੀ। **ਹੇਜਨ** ਦੇ ਅਨੁਸਾਰ, "1871 ਈ. ਤੋਂ ਪਿੱਛੋਂ, ਫ੍ਰੈਂਕਫਰਟ ਦੀ ਸੰਧੀ ਯੂਰਪ ਦਾ ਰਿਸਣ ਵਾਲ ਫੋੜਾ ਬਣ ਗਿਆ।" ਯੂਰਪੀ ਦੇਸ਼ ਆਪਣੀ ਬਣਾਈ ਹੋਈ ਵਿਵਸਥਾ ਨੂੰ ਭਗਨ ਹੁੰਦੇ ਦੇਖਦੇ ਰਹੇ, ਪਰੰਤੂ ਕੋਈ ਬਿਸਮਾਰਕ ਨੂੰ ਰੋਕ ਨਾ ਸਕਿਆ। ਬਿਸਮਾਰਕ ਨੇ ਯੂਰਪ ਦੇ ਯੁਗ ਨੂੰ ਪਲਟ ਦਿੱਤਾ। "ਦਾਰਸ਼ਨਿਕਾਂ ਅਤੇ ਵਿਗਿਆਨਕਾਂ ਦਾ ਜਰਮਨੀ ਤਾਂ ਪਿੱਛੇ ਰਹਿ ਗਿਆ ਪਰ ਖੂਨ ਅਤੇ ਲੋਹ ਦੀ ਨੀਤੀ ਦੀ ਨਕਲ ਕਰਦੇ ਹੋਏ ਸ਼ਕਤੀਸ਼ਾਲੀ ਫੌਜਾਂ ਵਾਲਾ ਜਰਮਨੀ ਯੂਰਪ ਦੇ ਮਹਾਂਦੀਪ 'ਤੇ ਹਾਵੀ ਹੋਣ ਲੱਗਾ।"

## 20.5 ਸ਼ਬਦਕੋਸ਼ (Keywords)

1. **ਸੰਘ (Confederation)**– ਮਹਾਸੰਗਠਨ।
2. **ਸਭਾਗ੍ਰਹਿ (Hall)**– ਹਾਲ।

## 20.6 ਅਭਿਆਸ ਪ੍ਰਸ਼ਨ (Review Questions)

1. ਇਟਲੀ ਦੇ ਏਕੀਕਰਨ ਤੋਂ ਕੀ ਮਤਲਬ ਹੈ ? ਸਪੱਸ਼ਟ ਕਰੋ।
2. ਇਟਲੀ ਦੇ ਏਕੀਕਰਨ ਦੇ ਰਸਤੇ 'ਚ ਆਏ ਅੜਿੱਕੇ ਦਾ ਵਰਣਨ ਕਰੋ।
3. ਕਾਵੂਰ ਦੇ ਆਰਥਿਕ ਅਤੇ ਸੈਨਿਕ ਸੁਧਾਰਾਂ ਦਾ ਵਰਣਨ ਕਰੋ।
4. 'ਜਰਮਨੀ ਦਾ ਏਕੀਕਰਨ' 'ਤੇ ਟਿੱਪਣੀ ਲਿਖੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. ਸਾਮੰਤਵਾਦੀ ਵਿਵਸਥਾ
2. 1871 ਈ.
3. 1830 ਈ.
4. (ੳ) ਇਟਲੀ
5. (ਅ) 1846 ਈ.
6. (ੲ) 23 ਮਾਰਚ, 1849

## 20.7 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਓਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–21: ਵੀਹਵੀਂ ਸ਼ਤਾਬਦੀ ਦੇ ਕੌਮਾਂਤਰੀ ਪ੍ਰਤੀਦਵੰਧ
# (International Rivalries of Twentieth Century)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

21.1 ਫਰਾਂਸ ਅਤੇ ਉਸ ਦੇ ਸਾਥੀ (France and Her Allies)

21.2 ਹਾਰਿਆ ਜਰਮਨੀ (Germany in Defeat)

21.3 ਸਾਰਾਂਸ਼ (Summary)

21.4 ਸ਼ਬਦਕੋਸ਼ (Keywords)

21.5 ਅਭਿਆਸ ਪ੍ਰਸ਼ਨ (Review Questions)

21.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਯੂਰਪੀ ਘਟਨਾਚੱਕਰ ਨੂੰ ਜਾਣਨ 'ਚ।
- ਗਾਰੰਟੀ ਵਿਵਸਥਾ ਨੂੰ ਜਾਣਨ 'ਚ।
- ਜਰਮਨੀ ਦੀ ਹਾਰ ਨੂੰ ਜਾਣਨ 'ਚ।

## ਪ੍ਰਸਤਾਵਨਾ (Introduction)

ਰਾਸ਼ਟਰ–ਸੰਘ ਜਿਸ ਸਮੇਂ ਅਸਲ 'ਚ ਹੋਂਦ 'ਚ ਆਇਆ, ਉਸ ਸਮੇਂ ਫਰਾਂਸੀਸੀਆਂ ਦਾ ਪ੍ਰਸੰਵਿਦਾ ਦੀ ਪ੍ਰਭਾਵਕਾਰਿਤਾ ਦੇ ਸਬੰਧ 'ਚ ਸੰਸ਼ਯ ਵਧ ਗਿਆ ਸੀ। ਦਸੰਬਰ 1920 'ਚ, ਜੇਨੇਵਾ 'ਚ ਜਦੋਂ ਰਾਸ਼ਟਰ–ਸੰਘ ਸਭਾ (Assembly) ਦੀ ਪਹਿਲੀ ਬੈਠਕ ਹੋਈ, ਉਦੋਂ ਅਨੁਛੇਦ 10 ਅਤੇ 16 ਦੀ ਹੀ ਸਭ ਤੋਂ ਪਹਿਲਾਂ ਅਲੋਚਨਾ ਹੋਈ। ਕੈਨੇਡਾ ਅਨੁਛੇਦ 10 ਨੂੰ ਬਿਲਕੁਲ ਹੀ ਕੱਢਵਾ ਦੇਣਾ ਚਾਹੁੰਦਾ ਸੀ। ਇਸੇ ਤਰ੍ਹਾਂ ਸਕੇਂਡੀਨੇਵੀਆ ਦੇ ਪ੍ਰਤੀਨਿਧੀਮੰਡਲ ਦੀ ਇਹ ਇੱਛਾ ਸੀ ਕਿ ਅਨੁਛੇਦ 16 ਦੇ ਅਧੀਨ ਆਰਥਿਕ ਅਨੁਸ਼ਾਸਤੀਆਂ ਦੇ ਆਪਣੇ ਆਪ ਹੀ ਲਾਗੂ ਹੋਣ ਦੇ ਸਬੰਧ 'ਚ ਕੁਝ ਅਪਵਾਦ ਵੀ ਰੱਖੇ ਜਾਣ। ਇਨ੍ਹਾਂ ਦੋਵਾਂ ਹੀ ਪ੍ਰਸਤਾਵਾਂ ਦੇ ਕਾਰਨ ਲੰਬਾ ਵਿਚਾਰ–ਵਟਾਂਦਰਾ ਹੋਇਆ।

## 21.1 ਫਰਾਂਸ ਅਤੇ ਉਸ ਦੇ ਸਾਥੀ (France and Her Allies)

1919 ਤੋਂ ਬਾਅਦ ਦੇ ਸਾਲਾਂ 'ਚ ਯੂਰਪੀ ਘਟਨਾ ਚੱਕਰ ਦਾ ਸਭ ਤੋਂ ਮਹੱਤਵਪੂਰਨ ਅਤੇ ਸਥਾਈ ਤੱਥ ਫਰਾਂਸ ਦੁਆਰਾ ਸੁਰੱਖਿਆ ਦੀ ਮੰਗ ਸੀ। ਸਤਾਰਵੀਂ ਅਤੇ ਅਠਾਰਵੀਂ ਸ਼ਤਾਬਦੀ 'ਚ ਫਰਾਂਸ ਠੀਕ ਹੀ ਆਪਣੇ ਆਪ ਨੂੰ ਯੂਰਪ ਦੀ ਸਭ ਤੋਂ ਸ਼ਕਤੀਸ਼ਾਲੀ ਸੈਨਿਕ ਸ਼ਕਤੀ ਮੰਨਦਾ ਰਿਹਾ; ਇਹ ਪਰੰਪਰਾ ਨੈਪੋਲੀਅਨ–ਯੁੱਧਾਂ ਤੋਂ ਬਾਅਦ ਤੱਕ ਚਲਦੀ ਆਈ ਸੀ ਜਦੋਂ ਕਿ ਯੂਰਪ ਦੇ ਹੋਰ ਰਾਜ ਆਪਸ 'ਚ ਗਠਜੋੜ ਕਰਕੇ ਹੀ ਉਸ ਨੂੰ ਹਰਾ ਸਕੇ। 1870 'ਚ, ਫਰਾਂਸ ਅਤੇ ਪ੍ਰਸ਼ਾ (Prussia) ਦੇ ਵਿਚਕਾਰ ਯੁੱਧ ਨੇ ਉਸ ਦੀ ਸ਼ਕਤੀ ਦਾ ਭਰਮ ਦੂਰ ਕਰ ਦਿੱਤਾ। ਉਸ ਸਮੇਂ ਮੱਧ–ਯੂਰਪ 'ਚ ਇੱਕ ਅਜਿਹੇ ਨਵੇਂ ਰਾਜ ਦਾ ਜਨਮ ਹੋ ਚੁੱਕਾ ਸੀ ਜਿਸ ਦੇ ਲੋਕਾਂ 'ਚ ਰਾਸ਼ਟਰੀ ਭਾਵਨਾ ਫਰਾਂਸੀਸੀਆਂ ਦੇ ਵਾਂਗ ਹੀ ਦ੍ਰਿੜ ਅਤੇ ਏਕਿਊਪੂਰਨ ਸੀ ਅਤੇ ਜਿਸ ਦੇ ਕੁਦਰਤੀ ਵਸੀਲੇ ਫਰਾਂਸ ਦੇ ਵਸੀਲਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਸਨ। ਆਪਣੀ ਖਣਿਜ ਜਾਇਦਾਦ ਦੇ ਕਾਰਨ ਜਰਮਨੀ ਨੂੰ ਉਦਯੋਗਿਕ ਵਿਕਾਸ ਦਾ ਮੌਕਾ ਤਾਂ ਮਿਲਿਆ ਹੀ, ਪਰੰਤੂ ਉਸ ਦੇ ਨਾਲ ਹੀ ਨਾਲ ਉਸ ਵਿੱਚ ਯੁੱਧ ਸਮੱਗਰੀ ਦੇ ਉਤਪਾਦਨ ਦੀ ਉਹ ਸਮਰੱਥਾ ਵੀ ਆ ਗਈ ਜਿਸ ਦੀ ਸਮਤਾ ਕਰਨ ਦੀ ਫਰਾਂਸ ਉਮੀਦ ਵੀ ਨਹੀਂ ਕਰ ਸਕਦਾ ਸੀ। ਫਰਾਂਸ ਦੀ ਜਨਸੰਖਿਆ ਲਗਭਗ ਚਾਰ ਕਰੋੜ ਤੋਂ ਵੀ ਘੱਟ 'ਤੇ ਸਥਿਰ ਹੋ ਗਈ ਸੀ। ਜਰਮਨੀ ਦੀ ਆਬਾਦੀ ਹਰ ਦਹਾਕੇ 'ਚ 50 ਲੱਖ ਦੇ ਹਿਸਾਬ ਨਾਲ ਵਧ ਰਹੀ ਸੀ ਅਤੇ 1905 ਤੱਕ ਉਹ 6 ਕਰੋੜ ਤੋਂ ਵੀ ਜ਼ਿਆਦਾ ਹੋ ਚੁੱਕੀ ਸੀ। ਇਸ ਤੋਂ ਇਲਾਵਾ ਜਰਮਨ

**ਨੋਟ**

ਲੋਕਾਂ 'ਚ ਫੌਜੀ ਸੰਗਠਨ ਦੀ ਅਨੋਖੀ ਸਮਰੱਥਾ ਵੀ ਸੀ। ਫਰਾਂਸ ਦੇ ਮੁਕਾਬਲੇ ਜਰਮਨੀ ਦਾ ਫੌਜ ਸੰਗਠਨ ਨਾ ਸਿਰਫ਼ ਜ਼ਿਆਦਾ ਵਧੀਆ ਸੀ, ਉਸ ਦੇ ਸੈਨਿਕ ਵੀ ਸ੍ਰੇਸ਼ਠ ਸਨ ਅਤੇ ਉਸ ਦਾ ਸੰਚਾਲਨ ਵੀ ਜ਼ਿਆਦਾ ਚੰਗੇ ਢੰਗ ਨਾਲ ਹੁੰਦਾ ਸੀ। 1914 'ਚ ਜੇਕਰ ਬ੍ਰਿਟੇਨ ਤੁਰੰਤ ਹੀ ਦਖ਼ਲ ਨਾ ਦਿੰਦਾ ਤਾਂ ਫਰਾਂਸ 6 ਹਫਤਿਆਂ 'ਚ ਹੀ ਮੁੜ ਹਾਰ ਜਾਂਦਾ ਅਤੇ ਫਰਾਂਸੀਸੀ ਇਸ ਗੱਲ ਨੂੰ ਭਲੀ ਭਾਂਤੀ ਜਾਣਦੇ ਵੀ ਸਨ। ਭਾਵੇਂ ਇਹ ਦਖਲ ਨਾ ਮਾਤਰ ਦਾ ਹੀ ਸੀ। 1918 ਦੀ ਜਿੱਤ ਦੀ ਖ਼ੁਸ਼ੀ ਥੋੜ੍ਹੇ ਸਮੇਂ ਵਾਲੀ ਹੀ ਸਿੱਧ ਹੋਈ; ਜਿੱਤ ਦੀ ਖੁਸ਼ੀ ਦੇ ਨਾਲ ਨਾਲ ਗੰਭੀਰ ਚਿੰਤਾ ਵੀ ਛੇਤੀ ਹੀ ਸਾਹਮਣੇ ਆਉਣ ਲੱਗੀ।

ਇਸ ਸਵਾਲ 'ਤੇ ਫਰਾਂਸ ਦਾ ਪਹਿਲਾ ਉੱਤਰ ਸਪੱਸ਼ਟ ਅਤੇ ਆਗ੍ਰਹਪੂਰਨ ਸੀ। ਉਸ ਦੀ ਇਹ ਮੰਗ ਸੀ ਕਿ ਉਸ ਨੂੰ "ਭੌਗੋਲਿਕ ਗਾਰੰਟੀ" ਦਿੱਤੀ ਜਾਵੇ ਅਰਥਾਤ ਰਾਈਨ ਨਦੀ ਅਤੇ ਉਸ ਦੇ ਪੁਲ, ਜਿਨ੍ਹਾਂ ਨੂੰ ਪੂਰਬ ਵੱਲੋਂ ਫਰਾਂਸ 'ਤੇ ਹਮਲਾ ਕਰਨ ਲਈ ਹਮਲੇ ਲਈ ਪਾਰ ਕਰਨਾ ਜ਼ਰੂਰੀ ਸੀ, ਸਥਾਈ ਤੌਰ 'ਤੇ ਉਸ ਦੇ ਅਧਿਕਾਰ 'ਚ ਰਹੇ। ਫਰਵਰੀ 1919 'ਚ ਹੋਏ ਸ਼ਾਂਤੀ ਸੰਮੇਲਨ 'ਚ ਫਰਾਂਸ ਦੁਆਰਾ ਪੇਸ਼ ਇੱਕ ਮੈਮੋਰੰਡਮ (memorandum) 'ਚ ਕਿਹਾ ਗਿਆ ਸੀ, "ਖ਼ਤਰੇ ਦਾ ਸਰੋਤ ਹੈ, ਰਾਈਨ ਦੇ ਖੱਬੇ ਕਿਨਾਰੇ ਅਤੇ ਉਸ ਦੇ ਪੁਲਾਂ 'ਤੇ ਜਰਮਨੀ ਦਾ ਅਧਿਕਾਰ...ਪੱਛਮੀ ਅਤੇ ਸਮੁੰਦਰ-ਪਾਰ ਦੇ ਪ੍ਰਜਾਤੰਤਰਾਂ ਦੀ ਆਪਦੀ ਸੁਰੱਖਿਆ ਲਈ ਵਰਤਮਾਨ ਹਾਲਾਤਾਂ 'ਚ ਇਹ ਬਹੁਤ ਜ਼ਰੂਰੀ ਹੈ ਕਿ ਉਹ ਖੁਦ ਰਾਈਨ ਨਦੀ ਦੇ ਪੁਲਾਂ ਦੀ ਰੱਖਿਆ ਕਰੇ।" ਪਰੰਤੂ ਫਰਾਂਸ ਨੂੰ ਬਿਲਕੁਲ ਨਿਰਾਸ਼ ਹੋਣਾ ਪਿਆ। ਮਿੱਤਰ-ਰਾਸ਼ਟਰਾਂ ਨੇ ਫਰਾਂਸ ਨੂੰ ਰਾਈਨ ਸੀਮਾਂਤ ਦੀ ਸੁਰੱਖਿਆ ਦੇਣਾ ਇਸ ਅਧਾਰ 'ਤੇ ਅਸਵੀਕਾਰ ਕਰ ਦਿੱਤਾ ਕਿ ਇਸ ਤਰ੍ਹਾਂ ਦੀ ਵਿਵਸਥਾ ਕਰਨ ਨਾਲ ਰਾਈਨ ਦੇ ਸੱਜੇ ਕਿਨਾਰੇ 'ਤੇ ਰਹਿਣ ਵਾਲੇ 50 ਲੱਖ ਤੋਂ ਜ਼ਿਆਦਾ ਜਰਮਨ ਨਿਵਾਸੀਆਂ ਨੂੰ ਜਰਮਨੀ ਤੋਂ ਵੱਖਰਾ ਕਰਨਾ ਪੈਂਦਾ। ਕਾਫ਼ੀ ਸਿਰ ਪਟਕ ਲੈਣ ਤੋਂ ਬਾਅਦ ਫਰਾਂਸ ਨੂੰ ਆਪਣੀ ਮੰਗ ਛੱਡ ਦੇਣੀ ਪਈ ਅਤੇ ਉਸ ਦੀ ਇਸ ਮੰਗ ਦੇ ਬਦਲੇ 'ਚ-

1. ਵਰਸਾਈ ਦੀ ਸੰਘੀ 'ਚ ਇਸ ਉਮੀਦ ਦੀਆਂ ਧਾਰਾਵਾਂ ਜੋੜੀਆਂ ਗਈਆਂ ਕਿ ਰਾਈਨ ਦਾ ਖੱਬਾ ਕਿਨਾਰਾ ਪੰਦਰਾਂ ਸਾਲਾਂ ਤੱਕ ਮਿੱਤਰ-ਰਾਸ਼ਟਰਾਂ ਦੀ ਫੌਜ ਦੇ ਅਧਿਕਾਰ 'ਚ ਰਹੇਗਾ ਅਤੇ ਉਸ ਦਾ ਸਥਾਈ ਤੌਰ 'ਤੇ ਨਾਗਰਿਕੀਕਰਨ (demilitarisation )ਕਰ ਦਿੱਤਾ ਜਾਵੇਗਾ (ਅਰਥਾਤ ਰਾਈਨ ਦੇ ਪੱਛਮ 'ਚ ਕਿਲੇ ਬਣਾਉਣਾ ਜਾਂ ਫੌਜ ਰੱਖਣਾ ਨਿਸ਼ਿਧ ਕਰ ਦਿੱਤਾ ਗਿਆ); ਅਤੇ

2. ਵਰਸਾਈ ਦੀ ਸੰਧੀ ਦੇ ਨਾਲ ਹੀ ਨਾਲ ਬ੍ਰਿਟਿਸ਼ ਸਾਮਰਾਜ ਅਤੇ ਯੂਨਾਈਟਿਡ ਸਟੇਟਸ ਨੇ ਫਰਾਂਸ ਨਾਲ ਸੰਧੀਆਂ ਕੀਤੀਆਂ ਜਿਨ੍ਹਾਂ ਦੇ ਅਨੁਸਾਰ ਫਰਾਂਸ ਨੂੰ ਇਹ ਵਚਨ ਦਿਤਾ ਗਿਆ ਕਿ, "ਜੇਕਰ ਜਰਮਨੀ ਨੇ ਬਿਨਾ ਗੱਲੋਂ ਹੀ ਫਰਾਂਸ 'ਤੇ ਹਮਲਾ ਕਰਨ ਸਬੰਧੀ ਕੋਈ ਗਤੀਵਿਧੀ ਕੀਤੀ" ਤਾਂ ਉਹ ਤੁਰੰਤ ਹੀ ਫਰਾਂਸ ਦੀ ਸਹਾਇਤਾ ਕਰਨਗੇ।

ਇਸ ਤਰ੍ਹਾਂ," ਭੌਗੋਲਿਕ ਗਾਰੰਟੀ" ਦੀ ਉਮੀਦ ਛੱਡਣ ਲਈ ਮਜ਼ਬੂਰ ਕਰ ਦਿੱਤੇ ਜਾਣ ਤੋਂ ਬਾਅਦ ਫਰਾਂਸ ਅਗਲੇ ਚਾਰ ਸਾਲ 'ਚ ਜਰਮਨੀ ਦੇ ਮੁਕਾਬਲੇ 'ਚ ਆਪਣੀ ਕੁਦਰਤੀ ਹੀਨਤਾ ਦਾ ਨਿਵਾਰਨ ਕਰਨ ਵਾਲੀ ਵਿਵਸਥਾ ਕਰਨ ਅਤੇ ਜਰਮਨ ਬਦਲੇ ਦੇ ਡਰ ਨੂੰ ਦੂਰ ਕਰਨ ਦੀ ਉਧੇੜ ਬੁਣ 'ਚ ਹੀ ਲੱਗਿਆ ਰਿਹਾ। ਉਸ ਨੇ ਦੋ ਵੱਖਰੇ ਪਰੰਤੂ ਸਾਮਾਨੰਤਰ ਮਾਰਗ ਅਪਣਾਏ: ਉਨ੍ਹਾਂ 'ਚੋਂ ਇੱਕ ਸੀ ਸੰਧੀਆਂ ਦੁਆਰਾ ਗਾਰੰਟੀ ਪ੍ਰਾਪਤ ਕਰਨਾ ਅਤੇ ਦੂਜਾ ਯੂਨੀਅਨ (alliances) ਦਾ ਸੀ।

ਨੋਟਸ 1905 'ਚ ਜਰਮਨੀ ਦੀ ਆਬਾਦੀ 6 ਕਰੋੜ ਤੋਂ ਜ਼ਿਆਦਾ ਹੋ ਗਈ ਸੀ।

### ਗਾਰੰਟੀ-ਵਿਵਸਥਾ (The System of Guarantees)

1920 ਦੇ ਸ਼ੁਰੂ 'ਚ ਲਗਭਗ ਜਦੋਂ ਇਹ ਗੱਲ ਸਪੱਸ਼ਟ ਹੋ ਗਈ ਕਿ ਬਿਨਾ ਗੱਲ ਹਮਲੇ ਦੇ ਵਿਰੁੱਧ ਗ੍ਰੇਟ ਬ੍ਰਿਟੇਨ ਅਤੇ ਅਮਰੀਕਾ ਨੇ ਫਰਾਂਸ ਨੂੰ ਜੋ ਗਾਰੰਟੀ ਦਿੱਤੀ ਹੈ ਉਹ ਕਦੇ ਵੀ ਪੂਰੀ ਨਹੀਂ ਕੀਤੀ ਜਾਵੇਗੀ, ਉਦੋਂ ਰਾਸ਼ਟਰ-ਸੰਘ ਦੀ ਪ੍ਰਸੰਵਿਦਾ 'ਚ ਨਿਹਿਤ ਸੁਰੱਖਿਆ ਦੇ ਬਿਨਾਂ ਹੋਰ ਕਿਸੇ ਵੀ ਤਰ੍ਹਾਂ ਦੀ ਸੰਧੀਜਨਿਤ ਸੁਰੱਖਿਆ ਫਰਾਂਸ ਨੂੰ ਜਰਮਨੀ ਦੇ ਵਿਰੁੱਧ ਪ੍ਰਾਪਤ ਨਹੀਂ ਸੀ। ਫਰਾਂਸ ਨੇ ਸ਼ੁਰੂ ਤੋਂ ਹੀ ਇਹ ਵਿਸ਼ਵਾਸ ਕਰ ਲਿਆ ਸੀ ਇਹ ਸੁਰੱਖਿਆ ਬੇਲੋੜੀ ਹੈ। ਇਹ ਤਾਂ ਸੱਚ ਸੀ ਕਿ ਪ੍ਰਸੰਵਿਦਾ ਦੇ ਦਸਵੇਂ ਅਨੁਛੇਦ ਦੇ ਅਨੁਸਾਰ ਰਾਸ਼ਟਰ-ਸੰਘ ਦੇ ਮੈਂਬਰ ਇਸ ਗੱਲ ਲਈ ਵਚਨਬੱਧ ਸਨ ਕਿ ਉਹ "ਰਾਸ਼ਟਰ-ਸੰਘ ਦੇ ਸਾਰੇ ਮੈਂਬਰ-ਰਾਸ਼ਟਰਾਂ ਦੀ ਵਰਤਮਾਨ ਰਾਜਨੀਤਿਕ ਅਤੇ ਪ੍ਰਾਦੇਸ਼ਿਕ ਅਖੰਡਤਾ (territorial integrity) ਨੂੰ ਮੰਨਣਗੇ ਅਤੇ ਉਸ ਦੀ ਬਾਹਰੀ ਹਮਲੇ ਤੋਂ ਰੱਖਿਆ ਕਰਨਗੇ।" ਨਾਲ ਹੀ ਅਨੁਛੇਦ 16 ਅਤੇ 17 'ਚ ਇਹ ਵਿਵਸਥਾ ਵੀ ਕੀਤੀ ਗਈ ਸੀ ਕਿ ਆਪਣੇ ਕਰਤਵਾਂ ਦੀ ਅਣਦੇਖੀ ਕਰਦੇ ਹੋਏ ਜੇਕਰ ਕੋਈ ਰਾਜ ਯੁੱਧ ਦਾ ਸਹਾਰਾ ਲਵੇਗਾ ਤਾਂ ਉਸ ਦੇ ਵਿਰੁੱਧ ਅਨੁਸ਼ਾਸਿਤ (sanctions) ਜਾਂ ਸਜਾ (penalties) ਦੀ ਕਾਰਵਾਈ ਕੀਤੀ ਜਾਵੇਗੀ। ਪਰੰਤੂ ਦਸਵੇਂ ਅਨੁਛੇਦ ਨੂੰ ਬ੍ਰਿਟੇਨ ਨੇ (ਜਿਸ ਦਾ ਸਭ ਤੋਂ ਜ਼ਿਆਦਾ ਮਹੱਤਵ ਸੀ) ਅਣਇੱਛਾਪੂਰਵਕ ਹੀ ਸਵੀਕਾਰ ਕੀਤਾ ਸੀ; ਅਤੇ ਫਰਾਂਸ ਦੇ ਇੱਕ ਅੰਤਰਰਾਸ਼ਟਰੀ ਫੌਜ ਸੰਗਠਿਨ ਕਰਨ ਦੇ, ਪ੍ਰਸਤਾਵ ਨੂੰ ਜਿਸ ਦੇ ਦੁਆਰਾ ਅਨੁਸ਼ਾਸ਼ਤੀ ਨੂੰ ਪ੍ਰਭਾਵਕਾਰੀ ਬਣਾਇਆ ਜਾ ਸਕਦਾ ਸੀ, ਗ੍ਰੇਟ ਬ੍ਰਿਟੇਨ ਅਤੇ ਯੂਨਾਈਟਿਡ ਸਟੇਟਸ ਨੇ ਸਖ਼ਤ ਵਿਰੋਧ ਕਰਕੇ ਅਸਵੀਕ੍ਰਿਤ ਕਰ ਦਿੱਤਾ ਸੀ। ਅਨੁਛੇਦ 16 ਅਨੁਸਾਰ ਹਮਲਾਵਰ ਨਾਲ ਆਪਣੇ ਵਿੱਤੀ ਅਤੇ ਆਰਥਿਕ ਸਬੰਧ ਵਿਛੇਦ ਕਰ ਲੈਂਦਾ ਰਾਸ਼ਟਰ-ਸੰਘ ਦੇ ਮੈਂਬਰਾਂ ਦਾ ਕਰਤਵ ਸੀ।

ਅਗਲੇ ਸਾਲ (1921 'ਚ) ਰਾਸ਼ਟਰ-ਸੰਘ ਨੇ ਇੱਕ ਪ੍ਰਸਤਾਵ ਸਵੀਕਾਰ ਕੀਤਾ ਜਿਸ ਵਿੱਚ ਹੋਰ ਗੱਲਾਂ ਦੇ ਨਾਲ ਇਹ ਵਿਵਸਥਾ ਕੀਤੀ ਗਈ ਕਿ ਲੋੜ ਪੈਣ 'ਤੇ ਪ੍ਰੀਸ਼ਦ "ਇਹ ਸਿਫਾਰਿਸ਼ ਕਰੇਗੀ ਕਿ ਅਨੁਛੇਦ 16 ਦੇ ਅਧੀਨ ਆਰਥਿਕ ਅਨੁਸ਼ਾਸਤੀਆਂ ਕਿਸ ਤਾਰੀਖ ਤੋਂ ਲਾਗੂ ਕੀਤੀਆਂ ਜਾਣ।" ਇਸ ਪ੍ਰਸਤਾਵ ਦਾ ਨਤੀਜਾ ਇਹ ਹੋਇਆ ਕਿ ਪ੍ਰੀਸ਼ਦ ਨੂੰ ਆਰਥਿਕ ਅਨੁਸ਼ਾਸਤੀਆਂ 'ਤੇ ਅਮਲ ਮੁਲਤਵੀ

ਨੋਟ

ਕਰਨ, ਅਤੇ ਉਸ 'ਚ ਬਦਲਾਅ ਕਰਨ ਦੀ ਸੁਤੰਤਰਤਾ ਮਿਲ ਗਈ। 1923 'ਚ ਇਸ ਉਦੇਸ਼ ਦਾ ਇੱਕ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਕਿ ਅਨੁਛੇਦ 10 ਦੇ ਅਧੀਨ ਕਰਤਵਾਂ ਦਾ ਪਾਲਣ ਕਰਵਾਉਣ ਲਈ ਕਿਹੜਾ ਕਦਮ ਚੁੱਕਾ ਜਰੂਰੀ ਹੈ, ਇਸ ਗੱਲ ਦਾ ਨਿਸ਼ਚਾ "ਹਰ ਮੈਂਬਰ (ਰਾਸ਼ਟਰ) ਦੇ ਸੰਵਿਧਾਨਿਕ ਅਧਿਕਾਰੀਆਂ (constitutional authorities) ਦੁਆਰਾ ਹੀ ਕੀਤਾ ਜਾਣਾ ਚਾਹੀਦਾ ਹੈ।" ਇਸ ਪ੍ਰਸਤਾਵ ਦੇ ਅਨੁਸਾਰ ਸੈਨਿਕ ਸਹਾਇਤਾ-ਸਬੰਧੀ ਸਾਰੇ ਮਾਮਲਿਆਂ ਦਾ ਨਿਪਟਾਰਾ ਸਬੰਧਿਤ ਸਰਕਾਰਾਂ ਦੇ ਵਿਵੇਕ (discretion) ਦੇ ਅਨੁਸਾਰ ਹੀ ਹੁੰਦਾ, ਪਰੰਤੂ ਇੱਕ ਛੋਟੇ ਜਿਹੇ ਰਾਜ ਦੇ ਉਲਟ ਮਤ (adverse vote) ਦੇ ਕਾਰਨ ਇਹ ਪ੍ਰਸਤਾਵ ਸਵੀਕ੍ਰਿਤ ਨਹੀਂ ਹੋ ਸਕਿਆ। ਜੇਕਰ ਅਨੁਛੇਦ 10 ਅਤੇ 16 'ਚ ਕੋਈ ਰਸਮੀ ਸੋਧ ਨਹੀਂ ਹੋਈ ਫਿਰ ਵੀ ਇਨ੍ਹਾਂ ਚਰਚਾਵਾਂ ਤੋਂ ਇਹ ਸਪੱਸ਼ਟ ਹੋ ਚੁੱਕਾ ਸੀ ਕਿ ਸੰਕਟਕਾਲ 'ਚ ਇਨ੍ਹਾਂ ਅਨੁਛੇਦਾਂ ਦਾ ਅਸਲ ਬਦਲਾਅ ਪ੍ਰਸੰਵਿਦਾ ਦੀ ਅਸਲ ਮੰਸ਼ਾ ਦੇ ਕਾਫ਼ੀ ਪਿੱਛੇ ਹੀ ਰਹੇਗਾ। ਸਪੱਸ਼ਟਤਾ ਰਾਸ਼ਟਰ-ਸੰਘ (ਜੇਨੇਵਾ) ਦੀ ਸਾਰੇ ਕਾਰਜਪ੍ਰਣਾਲੀ ਤੁਰੰਤ ਉਹ ਸੈਨਿਕ ਕਾਰਵਾਈ ਵੀ ਸੰਭਵ ਨਹੀਂ ਕਰ ਸਕੇਗੀ ਜਿਸ ਦੇ ਦੁਆਰਾ ਹੀ ਫਰਾਂਸ ਦੇ ਪ੍ਰਤੀ ਹਮਲੇ ਤੋਂ ਰੱਖਿਆ ਕੀਤੀ ਜਾ ਸਕਦੀ ਸੀ।

ਅਜਿਹੀ ਸਥਿਤੀ 'ਚ, ਜੇਕਰ ਫਰਾਂਸ ਗ੍ਰੇਟ ਬ੍ਰਿਟੇਨ ਨੂੰ ਇਹ ਅਪੀਲ ਕਰਦਾ ਰਿਹਾ ਕਿ ਉਹ ਜਰਮਨ ਹਮਲੇ ਤੋਂ ਉਸ ਦੀ ਰੱਖਿਆ ਲਈ ਵਾਧੂ ਗਾਰੰਟੀ ਦੇਵੇ ਤਾਂ ਇਸ ਤੋਂ ਹੈਰਾਨੀ ਦੀ ਕੋਈ ਗੱਲ ਨਹੀਂ ਸੀ। ਪਰੰਤੂ ਇਨ੍ਹਾਂ ਯਤਨਾਂ ਦੇ ਨਤੀਜੇ ਵਿਰੋਧਾਭਾਸੀ ਹੋਏ। ਜਨਵਰੀ 1922 'ਚ, ਬ੍ਰਿਟਿਸ਼ ਸਰਕਾਰ ਨੇ ਬਹੁਤ ਹਿੰਮਤ ਕੀਤੀ ਅਤੇ 1919 ਦੀ ਨਿਸ਼ਫਲ ਸੰਧੀ ਦੀਆਂ ਸ਼ਰਤਾਂ ਦੇ ਹੀ ਲਗਭਗ ਬਰਾਬਰ ਸ਼ਰਤਾਂ 'ਤੇ ਫਰਾਂਸ ਨੂੰ ਗਾਰੰਟੀ ਦੇਣ ਲਈ ਉਹ ਤਿਆਰ ਹੋ ਗਈ। ਪਰੰਤੂ ਉਸ ਸਮੇਂ ਫਰਾਂਸੀਸੀ ਪ੍ਰਧਾਨਮੰਤਰੀ ਪੁੰਕਾਰੇ (Poincare) ਜਿੱਦੀ ਅਤੇ ਅਦੂਰਦਰਸ਼ੀ ਸੀ। ਉਹ 'ਸਭ ਕੁਝ ਜਾਂ ਕੁਝ ਨਹੀਂ' ਦੀ ਨੀਤੀ 'ਚ ਵਿਸ਼ਵਾਸ ਰੱਖਦਾ ਸੀ। ਉਸ ਨੇ ਇਹ ਮੰਗ ਰੱਖੀ ਕਿ ਇਸ ਗਾਰੰਟੀ ਦੇ ਨਾਲ ਹੀ ਨਾਲ ਇੱਕ ਸੈਨਿਕ ਸਮਝੌਤਾ ਵੀ ਕੀਤਾ ਜਾਵੇ ਜਿਸ ਵਿੱਚ ਇਹ ਗੱਲ ਸਪੱਸ਼ਟ ਕਰ ਦਿੱਤੀ ਜਾਵੇ ਕਿ ਬ੍ਰਿਟਿਸ਼ ਫੌਜ ਕਿਸ ਤਰ੍ਹਾਂ ਦੀ ਸਹਾਇਤਾ ਦੇਵੇਗੀ ਅਤੇ ਇਸ ਦੇ ਨਾਲ ਹੀ ਐਲਾਨ ਕੀਤਾ ਕਿ ਇਸ ਤਰ੍ਹਾਂ ਦੇ ਸਮਝੌਤੇ ਦੇ ਬਿਨਾਂ ਸਿਰਫ਼ ਗਾਰੰਟੀ ਸੰਧੀ ਫਰਾਂਸ ਲਈ ਵਿਅਰਥ ਹੋਵੇਗੀ। ਬ੍ਰਿਟਿਸ਼ ਸਰਕਾਰ ਇਸ ਸੀਮਾ ਤੱਕ ਵਚਨਬੱਧ ਹੋਣ ਦੇ ਲਈ ਤਿਆਰ ਨਹੀਂ ਸੀ।

ਕੀ ਤੁਸੀ ਜਾਣਦੇ ਹੋ? ਜੁਲਾਈ, 1920 'ਚ ਸੋਵੀਅਤ ਫੌਜ ਵਾਰਸਾ ਵੱਲ ਵਧ ਰਹੀ ਸੀ।

**ਯੂਨੀਅਨ-ਵਿਵਸਥਾ (The System of Alliances)**




ਪੁੰਕਾਰੇ ਦੇ ਇਸ ਮਨਮਾਨੀਪੂਰਨ ਰੁਖ ਦਾ ਕਾਰਨ ਕੁਝ ਅੰਸ਼ਾਂ 'ਚ ਇਹ ਵੀ ਸੀ ਕਿ ਫਰਾਂਸ ਦੀ ਸੁਰੱਖਿਆ-ਨਿਰਮਾਣ ਦੇ ਆਪਣੇ ਦੂਜੇ ਯਤਨ-ਯੂਨੀਅਨਾਂ ਦਾ ਨਿਰਮਾਣ ਕਰਨ 'ਚ ਇਸੇ ਦਰਮਿਆਨ ਸਫਲਤਾ ਮਿਲ ਚੁੱਕੀ ਸੀ। ਹਮਲੇ ਤੋਂ ਸੁਰੱਖਿਆ ਦੀਆਂ ਕੋਰੀਆਂ ਗਾਰੰਟੀਆਂ 'ਤੇ ਭਰੋਸਾ ਕਰਨ ਦੀ ਥਾਂ ਸੈਨਿਕ ਯੂਨੀਅਨਾਂ ਦੀ ਨੀਤੀ ਅਪਣਾਉਣਾ ਫਰਾਂਸੀਸੀ ਪ੍ਰਕਿਰਤੀ ਅਤੇ ਪਰੰਪਰਾ ਦੇ ਜ਼ਿਆਦਾ ਅਨੁਕੂਲ ਸੀ। ਇਸੇ ਨੀਤੀ ਕਾਰਨ ਅਠਾਰਵੀਂ ਸ਼ਤਾਬਦੀ 'ਚ ਫਰਾਂਸ ਦੀ ਧਾਕ ਸਾਰੇ ਯੂਰਪ 'ਚ ਜਮ ਗਈ ਸੀ ਜਦੋਂ ਕਿ ਉਸ ਨੇ ਆਸਟਰੀਆ ਦੇ ਛੋਟੇ-ਛੋਟੇ ਗੁਆਂਢੀਆਂ ਨਾਲ ਗੁਟਬੰਦੀ ਕਰਕੇ ਉਸ ਨੂੰ ਚਾਰੇ ਪਾਸਿਓਂ ਘੇਰ ਲਿਆ ਸੀ। ਇਸ ਸਮੇਂ ਵੀ ਉਹ ਇਸੇ

**ਨੋਟ**

ਨੀਤੀ ਦੀ ਨਕਲ ਕਰਕੇ ਜਰਮਨੀ ਨੂੰ ਘੇਰ ਲੈਣਾ ਚਾਹੁੰਦਾ ਸੀ। ਪੱਛਮ 'ਚ,ਬੈਲਜੀਅਮ ਦੇ ਨਾਲ ਸਤੰਬਰ 1920 'ਚ ਸੈਨਿਕ ਯੂਨੀਅਨ-ਵਿਵਸਥਾ ਕਰ ਲੈਣ ਨਾਲ ਉਸ ਦੀ ਸਥਿਤੀ ਸੁਰੱਖਿਅਤ ਹੋ ਚੁੱਕੀ ਸੀ। ਹੋਰ ਦਿਸ਼ਾਵਾਂ 'ਚ ਉਸ ਨੂੰ ਇਹ ਕੰਮ ਨਵੇਂ ਸਿਰੇ ਤੋਂ ਕਰਨਾ ਸੀ।ਰੂਸ ਹੁਣ ਇੱਕ ਸੈਨਿਕ ਰਾਸ਼ਟਰ ਨਹੀਂ ਰਹਿ ਗਿਆ ਸੀ। ਪਰੰਤੂ ਉਸ ਦੇ ਸਥਾਨ 'ਚ ਜਰਮਨੀ ਦੇ ਪੂਰਬੀ ਸੀਮਾਂਤ 'ਤੇ ਪੋਲੈਂਡ ਦੇ ਨਵੇਂ ਗਣਤੰਤਰ ਦਾ ਜਨਮ ਹੋ ਚੁੱਕਾ ਸੀ। ਦੱਖਣ 'ਚ, ਮਿੱਤਰ-ਰਾਸ਼ਟਰਾਂ ਦੀ ਜਿੱਤ ਦੇ ਨਤੀਜੇ ਵਜੋਂ ਤਿੰਨ ਨਵੇਂ ਜਾਂ ਪਰਿਵਰਧਿਤ ਰਾਜ-ਚੈਕੋਸਲੋਵਾਕੀਆ, ਯੂਗੋਸਲਾਵੀਆ ਅਤੇ ਰੁਮਾਨੀਆ ਹੋਂਦ 'ਚ ਆ ਚੁੱਕੇ ਸਨ ਜੋ ਫਰਾਂਸ ਦੇ ਸੁਭਾਵਿਕ ਮਿੱਤਰ ਅਤੇ ਆਸ਼ਰਿਤ ਸਨ। ਇਨ੍ਹਾਂ ਨੂੰ ਲੈ ਕੇ ਯੁੱਧ ਦੇ ਬਾਅਦ ਦੇ ਤਿੰਨ ਸਾਲਾਂ 'ਚ ਫਰਾਂਸ ਨੇ ਇੱਕ ਪ੍ਰਭਾਵਸ਼ੀਲ ਅਤੇ ਸੰਗਠਿਤ ਯੂਨੀਅਨ-ਵਿਵਸਥਾ ਕੀਤੀ।

### ਪੋਲੈਂਡ

ਯੁੱਧ-ਸਮਾਪਤੀ ਤੋਂ ਬਾਅਦ ਗਠਿਤ ਪੋਲਿਸ਼ ਗਣਤੰਤਰ ਕੋਈ ਨਵਾਂ ਰਾਜ ਨਹੀਂ ਸੀ, ਇੱਕ ਪ੍ਰਾਚੀਨ ਰਾਜ ਦੁਬਾਰਾ ਹੋਂਦ 'ਚ ਆ ਗਿਆ ਸੀ। ਦਸਵੀਂ ਸ਼ਤਾਬਦੀ ਤੋਂ ਲੈ ਕੇ ਅਠਾਰਵੀਂ ਸ਼ਤਾਬਦੀ ਤੱਕ ਪੋਲੈਂਡ ਇੱਕ ਵਿਸ਼ਾਲ ਅਤੇ ਸ਼ਕਤੀਸ਼ਾਲੀ ਰਾਜਤੰਤਰ ਸੀ। ਅਠਾਰਵੀਂ ਸ਼ਤਾਬਦੀ ਦੇ ਅੱਧ 'ਚ ਉਸ ਨੂੰ ਰੂਸ, ਪ੍ਰਸ਼ਾ ਅਤੇ ਆਸਟਰੀਆ ਦੀ ਸਾਂਝੀ ਦੁਸ਼ਮਣੀ ਦਾ ਸਾਹਮਣਾ ਕਰਨਾ ਪਿਆ; ਅਤੇ ਤਿੰਨ ਵੰਡਾਂ ਤੋਂ ਬਾਅਦ, ਜਿਨ੍ਹਾਂ ਵਿੱਚ ਉਸ ਦੇ ਖੇਤਰ ਦਾ ਜ਼ਿਆਦਾਤਰ ਹਿੱਸਾ ਉਸ ਦੇ ਹੱਥ 'ਚੋਂ ਨਿੱਕਲ ਗਿਆ, 1971 'ਚ ਉਸ ਦੀ ਸੁਤੰਤਰਤਾ ਵੀ ਜਾਂਦੀ ਰਹੀ। 1918 'ਚ ਰੂਸੀ, ਜਰਮਨ ਅਤੇ ਆਸਟਰੀਆ ਸਾਮਰਾਜਾਂ ਦਾ ਇਕੱਠੇ ਹੀ ਹਰਾਸ ਹੋ ਜਾਣਾ ਪੋਲੈਂਡ ਲਈ ਚੰਗੀ ਕਿਸਮਤ ਦੀ ਅਜਿਹੀ ਘੜੀ ਸੀ, ਜਿਸ ਨੇ ਉਸ ਦਾ ਮੁੜ ਉਥਾਨ ਯਕੀਨੀ ਬਣਾ ਦਿੱਤਾ। ਪਰੰਤੂ ਸ਼ੁਰੂ ਦੇ ਕੁਝ ਸਾਲ ਉਸ ਦੇ ਲਈ ਬਹੁਤ ਮੁਸ਼ਕਿਲਾਂ ਦੇ ਰਹੇ। ਰੂਸੀ, ਜਰਮਨ ਅਤੇ ਆਸਟਰੀਅਨ ਪੋਲ (Pole) ਲੋਕ ਜਿਨ੍ਹਾਂ ਨੂੰ ਸੰਯੁਕਤ ਕਰਕੇ ਹੁਣ ਇੱਕ ਰਾਜ ਦਾ ਨਿਰਮਾਣ ਕੀਤਾ ਗਿਆ ਸੀ, ਸਵਾ ਸੌ ਸਾਲਾਂ ਤੱਕ ਵੱਖ-ਵੱਖ ਕਾਨੂੰਨਾਂ ਅਤੇ ਵੱਖ-ਵੱਖ ਪ੍ਰਸ਼ਾਸਨਾਂ ਦੇ ਅਧੀਨ ਰਹਿ ਚੁੱਕੇ ਸਨ, ਉਨ੍ਹਾਂ ਨੇ ਵੱਖ-ਵੱਖ ਫੌਜਾਂ 'ਚ ਕੰਮ ਕੀਤਾ ਸੀ ਅਤੇ ਇੱਕ ਦੂਜੇ ਦੇ ਵਿਰੋਧੀ ਪੱਖ ਵੱਲੋਂ ਯੁੱਧ ਲੜੇ ਸਨ; ਅਤੇ ਉਨ੍ਹਾਂ ਦੀਆਂ ਵੱਖ-ਵੱਖ ਪਰੰਪਰਾਵਾਂ ਅਤੇ ਵੱਖ-ਵੱਖ ਆਸਥਾ ਬਣ ਚੁੱਕੀ ਸੀ। ਦ੍ਰਿਸ਼ਟੀਕੋਣ ਦੀਆਂ ਇਨ੍ਹਾਂ ਵਿਭਿੰਨਤਾਵਾਂ ਨੂੰ ਮਿਟਾਉਣ ਲਈ ਦੇਸ਼ ਪ੍ਰੇਮ ਦੀ ਤੰਗ ਭਾਵਨਾ ਨਾਲ ਹੀ ਕੰਮ ਨਹੀਂ ਚੱਲ ਸਕਦਾ ਸੀ।

ਦੱਖਣ-ਪੱਛਮ 'ਚ ਆਸਟਰੀਅਨ ਸਿਲੇਸ਼ੀਆ (Silesia) ਦਾ ਛੋਟਾ ਜਿਹਾ ਜ਼ਿਲ੍ਹਾ, ਜੋ ਇੱਕ ਮਹੱਤਵਪੂਰਨ ਕੋਇਲਾ-ਖਾਨ ਖੇਤਰ ਸੀ ਅਤੇ ਜਿਸ ਵਿੱਚ ਚੈੱਕ (Czech) ਅਤੇ ਪੋਲਿਸ਼ (Polish) ਮਿਸ਼ਰਿਤ ਆਬਾਦੀ ਸੀ, ਪੋਲੈਂਡ ਅਤੇ ਨਵੇਂ ਬਣੇ ਚੈਕੋਸਲੋਵਾਕੀਆ ਰਾਜ ਦਰਮਿਆਨ ਝਗੜੇ ਦੀ ਜੜ ਬਣ ਗਿਆ। 1919 ਦੇ ਸ਼ੁਰੂ 'ਚ ਹੀ ਚੇਕ ਅਤੇ ਪੋਲਿਸ਼ ਫੌਜਾਂ 'ਚ ਇਸ ਵਿਵਾਦਪੂਰਨ ਖੇਤਰ ਲਈ ਮੁਕਾਬਲਾ ਹੋ ਗਿਆ ਅਤੇ ਬ੍ਰਿਟਿਸ਼ ਅਤੇ ਫਰਾਂਸੀਸੀ ਅਧਿਕਾਰੀਆਂ ਦੀ ਵਿਚੋਲਗੀ ਕਾਰਨ ਹੀ ਘਮਾਸਾਨ ਯੁੱਧ ਟਲ ਸਕਿਆ। ਅੰਤ 'ਚ, ਇਹ ਨਿਸ਼ਚਾ ਕੀਤਾ ਗਿਆ ਕਿ ਇਸ ਵਿਵਾਦ ਦਾ ਨਿਪਟਾਰਾ ਜਨਮਤ ਦੁਆਰਾ ਕੀਤਾ ਜਾਵੇ। ਪਰੰਤੂ ਮਤਦਾਨ ਦਾ ਸਮਾਂ ਨੇੜੇ ਆਉਂਦੇ ਆਉਂਦੇ ਇੰਨੀ ਉਤੇਜਨਾ ਫੈਲ ਗਈ ਕਿ ਇਸ ਯੋਜਨਾ ਨੂੰ ਵੀ ਤਿਆਗ ਦੇਣਾ ਪਿਆ। ਅੰਤ 'ਚ ਫਰਾਂਸ ਦੁਆਰਾ ਬਹੁਤ ਜ਼ਿਆਦਾ ਦਬਾਅ ਪਾਏ ਜਾਣ 'ਤੇ, ਦੋਵਾਂ ਪੱਖਾਂ ਨੇ ਸਮਝੌਤਾ ਕਰ ਲਿਆ। ਇਸ ਸਮਝੌਤੇ ਅਨੁਸਾਰ ਚੈਕੋਸਲੋਵਾਕੀਆ ਨੂੰ ਕੋਇਲੇ ਦੀਆਂ ਖਾਨਾਂ ਮਿਲੀਆਂ ਅਤੇ ਪੋਲੈਂਡ ਨੂੰ ਟੇਸ਼ੇਨ (Teschen) ਨਾਂਅ ਦਾ ਮੁੱਖ ਨਗਰ। (ਪੋਲੈਂਡ ਨੂੰ ਇਸ ਸ਼ਹਿਰ ਦਾ ਰੇਲਵੇ ਸਟੇਸ਼ਨ ਨਹੀਂ ਮਿਲਿਆ; ਉਹ ਚੈਕੋਸਲੋਵਾਕੀਆ ਦੇ ਅਧਿਕਾਰ 'ਚ ਹੀ ਰਿਹਾ।) ਇਹ ਇੱਕ ਸਮਝੌਤਾ ਸੀ ਜਿਸ ਦਾ ਮੁੱਲ ਸਮਝੌਤੇ ਦੇ ਬਿਨਾ ਹੋਰ ਕੁਝ ਵੀ ਨਹੀਂ ਸੀ, ਇਸ ਲਈ ਦੋਵੇਂ ਹੀ ਪੱਖ ਮੰਨਦੇ ਰਹੇ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਹਾਨੀ ਉਠਾਉਣੀ ਪਈ ਹੈ।

ਆਸਟਰੀਅਨ ਪੋਲੈਂਡ 'ਚ ਇੱਕ ਦੂਜੀ ਹੀ ਸਮੱਸਿਆ ਉੱਠ ਖੜੀ ਹੋਈ। ਉਸ ਨੂੰ ਪੂਰਬੀ ਅਤੇ ਪੱਛਮੀ ਗੇਲੇਸ਼ੀਆ (Galicia) ਨਾਂਅ ਦੇ ਦੋ ਸੂਬਿਆਂ 'ਚ ਵੰਡਿਆ ਗਿਆ ਸੀ। ਉਨ੍ਹਾਂ ਵਿੱਚ ਪੱਛਮੀ ਗੇਲੇਸ਼ੀਆ 'ਚ ਵਿਸ਼ੁੱਧ ਪੋਲਿਸ ਆਬਾਦੀ ਸੀ। ਪੂਰਬੀ ਗੇਲੇਸ਼ੀਆ 'ਚ ਜਮੀਂਦਾਰ ਅਤੇ ਜ਼ਿਆਦਾ ਬੁੱਧਵਾਦੀ (ਯਹੂਦੀਆਂ ਨੂੰ ਛੱਡ ਕੇ ਜਿਨ੍ਹਾਂ ਦੀ ਗਿਣਤੀ ਇੱਥੇ ਵਿਸ਼ੇਸ਼ ਤੌਰ 'ਤੇ ਜ਼ਿਆਦਾ ਸੀ) ਪੋਲ ਸਨ, ਪਰੰਤੂ ਉੱਥੋਂ ਦਾ ਕਿਸਾਨ-ਵਰਗ ਦੱਖਣ-ਪੱਛਮ 'ਚ ਰਹਿਣ ਵਾਲੇ ਉਨ੍ਹਾਂ ਲੋਕਾਂ ਦਾ ਸਜਾਤੀ ਸੀ ਜੋ ਲਿਟਿਲ-ਰਸ਼ੀਅਨ (Little-Russians), ਯੂਕ੍ਰੇਨੀਅਨ (Ukranians) ਜਾਂ ਰੂਥੇਨੀਜ (Ruthenes) ਆਦਿ ਕਹੇ ਜਾਂਦੇ ਹਨ। ਇਹ ਸੰਭਵ ਹੈ ਕਿ ਪੂਰਬੀ ਗੇਲੇਸ਼ੀਆ ਦਾ ਭੂਮੀਹੀਣ ਰੂਥੇਨੀ ਕਿਸਾਨ ਪੋਲਿਸ਼ ਜਮੀਂਦਾਰ ਨੂੰ ਪੋਲ ਹੋਣ ਦੀ ਥਾਂ ਜਮੀਂਦਾਰ ਹੋਣ ਦੇ ਕਾਰਨ ਹੀ ਜ਼ਿਆਦਾ ਘ੍ਰਿਣਾ ਕਰਦਾ ਹੋਵੇ। ਪਰੰਤੂ ਇਸ 'ਚ ਸ਼ੱਕ ਨਹੀਂ ਕਿ ਘ੍ਰਿਣਾ ਬਹੁਤ ਤੇਜ਼ ਸੀ। 1919 ਦੇ ਸ਼ੁਰੂਆਤੀ ਮਹੀਨਿਆਂ'ਚ ਪੂਰਬੀ ਗੇਲੇਸ਼ੀਆ 'ਚ ਸੱਤਾਧਾਰੀ ਪੋਲ ਘੱਟ ਗਿਣਤੀਆਂ ਅਤੇ ਸ਼ਾਸਿਤ ਬਹੁ ਗਿਣਤੀਆਂ 'ਚ ਇੱਕ ਦੁਰਦਮ ਗ੍ਰਹਿਯੁੱਧ ਛਿੜ ਗਿਆ। ਛੇਤੀ ਹੀ ਜ਼ਿਆਦਾ ਪੋਲਿਸ਼ ਫੌਜ ਬੁਲਾਈ ਗਈ ਅਤੇ ਰੂਥੇਨੀਆ ਦਾ ਇਹ ਸੰਘਰਸ਼ ਜਿਸ ਨੂੰ ਪੋਲੈਂਡ ਦੀ ਅੱਤਿਆਚਾਰ ਪੂਰਣ ਨੀਤੀ ਦੇ ਵਿਰੁੱਧ ਪੈਰਿਸ 'ਚ ਇਕੱਠੇ ਮਿੱਤਰ-ਰਾਸ਼ਟਰਾਂ ਦੇ ਮਾਮੂਲੀ ਵਿਰੋਧ ਦੇ ਬਿਨਾਂ ਹੋਰ ਕਿਸੇ ਦਾ ਵੀ ਪ੍ਰਭਾਵਪੂਰਨ ਸਮਰਥਨ ਪ੍ਰਾਪਤ ਨਹੀਂ ਸੀ, ਮਈ 'ਚ ਸਮਾਪਤ ਹੋ ਗਿਆ। ਇਨ੍ਹਾਂ ਘਟਨਾਵਾਂ ਦੇ ਆਧਾਰ 'ਤੇ ਮਿੱਤਰ-ਰਾਸ਼ਟਰਾਂ ਨੇ ਹੋਰ ਕੁਝ ਨਾ ਕਰ ਸਕਣ 'ਤੇ ਪੋਲੈਂਡ ਦੇ ਸਾਹਮਣੇ ਉਸ ਦੇ ਪੱਖ 'ਚ ਪੂਰਬੀ ਗੇਲੇਸ਼ੀਆ 'ਤੇ ਪੱਚੀ ਸਾਲ ਤੱਕ ਦੇ ਪ੍ਰਦੇਸ਼ (Mandate) ਦਾ ਪ੍ਰਸਤਾਵ ਰੱਖਿਆ ਅਤੇ ਉਸ ਤੋਂ ਬਾਅਦ ਉਸ ਦੀ ਕਿਸਮਤ ਦਾ ਨਿਪਟਾਰਾ ਰਾਸ਼ਟਰ-ਸੰਘ ਦੁਆਰਾ ਕੀਤਾ ਜਾਵੇ। ਪੋਲੈਂਡ ਨੇ ਇਹ ਪ੍ਰਸਤਾਵ ਅਸਵੀਕਾਰ ਕਰ ਦਿੱਤਾ ਅਤੇ ਪੂਰਬੀ ਗੇਲੇਸ਼ੀਆ 'ਤੇ ਆਪਣਾ ਅਧਿਕਾਰ ਬਣਾਈ ਰੱਖਿਆ। ਆਖ਼ਰ 1923 'ਚ ਮਿੱਤਰ-ਰਾਸ਼ਟਰਾਂ ਨੇ ਪੂਰਬੀ ਗੇਲੇਸ਼ੀਆ 'ਤੇ ਪੋਲੈਂਡ ਦੀ ਖੁਦਮੁਖਤਿਆਰੀ, ਇਸ ਵਚਨ (ਜੋ ਕਦੇ ਪੂਰਾ ਨਹੀਂ ਕੀਤਾ ਗਿਆ) ਦੇ ਬਦਲੇ ਕਿ ਪੂਰਬੀ ਗੇਲੇਸ਼ੀਆ 'ਚ ਸਵਾਇਤ ਸ਼ਾਸਨ (autonomous-regime) ਸਥਾਪਿਤ ਕੀਤਾ ਜਾਵੇਗਾ, ਵਿਧੀਵਤ ਸਵੀਕਾਰ ਕਰ ਲਈ।

ਪੋਲੈਂਡ ਦੇ ਪੂਰਬੀ ਸੀਮਾਂਤ 'ਤੇ ਇਹੀ ਸਮੱਸਿਆ ਹੋਰ ਵੀ ਵੱਡੇ ਪੈਮਾਨੇ 'ਤੇ ਸਾਹਮਣੇ ਆਈ। ਆਪਣੀ ਮਹਾਨਤਾ ਦੇ ਦਿਨਾਂ 'ਚ ਪੋਲ ਰਾਜਤੰਤਰ ਸਿਰਫ਼ ਪੋਲਿਸ਼ ਆਬਾਦੀ ਵਾਲੇ ਖੇਤਰਾਂ ਤੱਕ ਹੀ ਸੀਮਤ ਨਹੀਂ ਸੀ ਸਗੋਂ ਉਹ ਪੂਰੇ ਲਿਥੁਆਨੀਆ, ਸ਼ਵੇਤ ਰੂਸ (White Russia) ਦੇ ਜ਼ਿਆਦਾਤਰ ਭਾਗ ਅਤੇ ਕਾਲਾ ਸਾਗਰ (Black Sea) ਤੱਕ ਪੂਰੇ ਯੂਕ੍ਰੇਨ 'ਚ ਫੈਲਿਆ ਹੋਇਆ ਸੀ। ਇਨ੍ਹਾਂ ਖੇਤਰਾਂ ਦੀ

ਨੋਟ

ਜ਼ਿਆਦਾਤਰ ਭੂਮੀ ਪੋਲਿਸ਼ ਜਮੀਂਦਾਰਾਂ ਦੇ ਅਧਿਕਾਰ 'ਚ ਸੀ। ਉਹ ਅਵਸਥਾ 1917 ਦੀ ਰੂਸੀ ਕ੍ਰਾਂਤੀ ਦੇ ਸਮੇਂ ਤੱਕ ਚੱਲਦੀ ਰਹੀ। ਕ੍ਰਾਂਤੀ ਤੋਂ ਬਾਅਦ ਇਨ੍ਹਾਂ ਜਮੀਂਦਾਰਾਂ ਨੇ ਪੋਲੈਂਡ 'ਚ ਸ਼ਰਨ ਲਈ। ਅੰਤ ਉਹ ਸੁਭਾਵਿਕ ਹੀ ਸੀ ਕਿ ਇਨ੍ਹਾਂ ਜਮੀਂਦਾਰਾਂ ਨੇ ਪੋਲੈਂਡ ਦੀ ਸਰਕਾਰ 'ਤੇ ਇਸ ਗੱਲ ਲਈ ਬਹੁਤ ਜ਼ਿਆਦਾ ਦਬਾਅ ਪਾਇਆ ਕਿ ਉਨ੍ਹਾਂ ਦੀ ਜ਼ਮੀਨ ਮੁੜ ਜਿੱਤ ਕੇ ਮੁੜ ਉਨ੍ਹਾਂ ਦੇ ਅਧਿਕਾਰ 'ਚ ਦਿੱਤੀ ਜਾਵੇ। ਕੁਝ ਉਤਸ਼ਾਹੀ ਦੇਸ਼ ਭਗਤ ਤਾਂ ਬਾਲਟਿਕ ਤੋਂ ਕਾਲਾ ਸਾਗਰ ਤੱਕ ਮੁੜ ਪੋਲਿਸ਼ ਸਾਮਰਾਜ ਸਥਾਪਿਤ ਕਰਨ ਦੇ ਸੁਪਨੇ ਵੀ ਦੇਖਣ ਲੱਗੇ। ਪੈਰਿਸ 'ਚ ਇਕੱਠੇ ਮਿੱਤਰ ਰਾਸ਼ਟਰਾਂ ਦਾ ਇਸ ਉਦੇਸ਼ ਦਾ ਇੱਕ ਪ੍ਰਸਤਾਵ ਕਿ ਪੋਲੈਂਡ ਦਾ ਪੂਰਬੀ ਸੀਮਾਂਤ ਇਸ ਤਰ੍ਹਾਂ ਨਿਸ਼ਚਿਤ ਕੀਤਾ ਜਾਵੇ ਕਿ ਉਸ ਵਿੱਚ ਸਿਰਫ਼ ਉਹ ਹੀ ਖੇਤਰ ਆਉਣ ਜਿਨ੍ਹਾਂ ਵਿੱਚ ਪੋਲ ਜਨਤਾ ਬਹੁ ਗਿਣਤੀ ਹੋਵੇ, ਘੋਰ ਅਪਮਾਨ ਸਮਝਿਆ ਗਿਆ। ਅਜਿਹੀ ਮਨੋਦਸ਼ਾ 'ਚ, ਪੋਲਿਸ਼ ਰਾਜ ਦਾ ਪ੍ਰਧਾਨ ਅਤੇ ਸਰਵ ਉੱਚ ਸੈਨਾਪਤੀ ਪਿਲਸੁਦਸਕੀ (Pilsudski) 1920 ਦੇ ਬਸੰਤ 'ਚ ਯੂਕ੍ਰੇਨ-ਜਿੱਤ ਲਈ ਨਿੱਕਲ ਪਿਆ। ਗ੍ਰਹਿ ਯੁੱਧ ਦੇ ਕਾਰਨ ਅਵਿਵਸਥਿਤ ਸੋਵੀਅਤ ਫੌਜ ਉਸ ਦਾ ਚੰਗੀ ਤਰ੍ਹਾਂ ਸਾਹਮਣਾ ਨਾ ਕਰ ਸਕੀ, ਅਤੇ ਪੋਲ ਫੌਜ ਤੇਜ਼ੀ ਨਾਲ ਕੀਵ (Kiev) ਤੱਕ ਪਹੁੰਚ ਗਈ। ਪਰੰਤੂ ਜੂਨ 'ਚ ਸੋਵੀਅਤ ਫੌਜ ਨੇ ਵੱਡੇ ਪੱਧਰ 'ਤੇ ਜਵਾਬੀ ਹਮਲਾ (counter-offensive) ਕੀਤਾ ਜਿਸ ਦੇ ਨਤੀਜੇ ਵਜੋਂ ਨਾ ਸਿਰਫ਼ ਪੋਲ ਫੌਜ ਤਿੱਤਰ-ਬਿੱਤਰ ਕਰਕੇ ਯੂਕ੍ਰੇਨ ਦੇ ਬਾਹਰ ਖਦੇੜ ਦਿੱਤੀ ਗਈ, ਸਗੋਂ ਸੋਵੀਅਤ ਫੌਜ ਵਾਰਸਾ (Warsaw) ਤੋਂ ਕੁਝ ਮੀਲ ਦੀ ਦੂਰੀ ਤੱਕ ਆ ਪਹੁੰਚੀ। ਇੱਥੇ ਯੁੱਧ ਨੇ ਇੱਕ ਵਾਰ ਫਿਰ ਪਲਟਾ ਖਾਦਾ। ਪੋਲਿਸ਼ ਹਮਲਾਵਰਾਂ ਵਾਂਗ ਸੋਵੀਅਤ ਹਮਲਾਵਰ ਵੀ ਢਿੱਲੇ ਪੈ ਗਏ। ਪੋਲੈਂਡ ਦੀ ਫੌਜ ਇੱਕ ਵਾਰ ਫਿਰ ਅੱਗੇ ਵਧੀ, ਪਰੰਤੂ ਇਸ ਵਾਰ ਉਹ ਯੂਕ੍ਰੇਨ ਨੂੰ ਛੱਡ, ਪੂਰਬ ਵੱਲ ਸ਼ਵੇਤ ਰੂਸ (White Russia) 'ਚ ਦਾਖ਼ਲ ਹੋ ਗਈ। ਅੰਤ 'ਚ, ਜਦੋਂ ਵਿਰਾਮ-ਸੰਧੀ ਹੋਈ, ਉਦੋਂ ਜੋ ਸੀਮਾ-ਰੇਖਾ ਨਿਸ਼ਚਿਤ ਕੀਤੀ ਗਈ, ਉਹ ਮਿੱਤਰ-ਰਾਸ਼ਟਰਾਂ ਦੁਆਰਾ ਪ੍ਰਸਤਾਵਿਤ ਕਥਿਤ "ਕਰਜਨ-ਰੇਖਾ" (Curzon line) ਦੇ ਪੂਰਬ 'ਚ ਲਗਭਗ 150 ਮੀਲ ਦੀ ਦੂਰੀ 'ਤੇ ਸੀ। ਪਰੰਤੂ ਸੋਵੀਅਤ ਸਰਕਾਰ ਇਸ ਸਮੇਂ ਉਦਾਰਤਾਪੂਰਵਕ ਜ਼ਮੀਨ ਦੇਣ ਲਈ ਤਿਆਰ ਸੀ ਕਿਉਂਕਿ ਉਸ ਨੂੰ ਸ਼ਾਂਤੀ ਦੀ ਲੋੜ ਸੀ। 1921 'ਚ ਹੋਈ ਰਿਗਾ ਦੀ ਸੰਧੀ (Treaty of Riga) ਨੇ ਉਕਤ ਵਿਰਾਮ ਸੰਧੀ ਰੇਖਾ ਦੀ ਪੁਸ਼ਟੀ ਕਰਕੇ ਉਸ ਨੂੰ ਪੋਲੈਂਡ ਅਤੇ ਸੋਵੀਅਤ ਰੂਸ ਦਰਮਿਆਨ ਸਥਾਈ ਸੀਮਾਂਤ ਦੇ ਰੂਪ 'ਚ ਨਿਸ਼ਚਿਤ ਕਰ ਦਿੱਤਾ। ਪੋਲੈਂਡ ਨੇ ਯੂਕ੍ਰੇਨ 'ਤੇ ਆਪਣੇ ਦਾਅਵੇ ਦਾ ਤਿਆਗ ਕਰ ਦਿੱਤਾ ਅਤੇ ਉਸ ਦੇ ਬਦਲੇ 'ਚ ਉਸ ਨੂੰ ਸ਼ਵੇਤ ਰੂਸ ਦਾ ਥੋੜ੍ਹੀ ਕੁਝ ਆਬਾਦੀ ਵਾਲਾ ਪਰੰਤੂ ਵਿਸਤ੍ਰਿਤ ਭੂ-ਭਾਗ ਮਿਲਿਆ।

ਇਸ ਤੋਂ ਬਾਅਦ ਲਿਥੂਆਨੀਆ (Lithuania) ਦੀ ਵਾਰੀ ਆਈ। ਉੱਥੇ ਝਗੜੇ ਦੀ ਮੁੱਖ ਜੜ੍ਹ ਵਿਲਨਾ (Vilna) ਨਗਰ ਅਤੇ ਜ਼ਿਲ੍ਹਾ ਸਨ। ਮੱਧ ਯੁਗ 'ਚ ਵਿਲਨਾ ਲਿਥੂਆਨੀਆ ਸਾਮਰਾਜ (ਜੋ ਸੋਲਵੀਂ ਸ਼ਤਾਬਦੀ 'ਚ ਇੱਕ ਸ਼ਾਹੀ ਵਿਆਹ ਦੇ ਕਾਰਨ ਪੋਲੈਂਡ 'ਚ ਮਿਲ ਚੁੱਕਾ ਸੀ।) ਦੀ ਰਾਜਧਾਨੀ ਰਹਿ ਚੁੱਕਾ ਸੀ। ਜਦੋਂ 1918 'ਚ ਲਿਥੂਆਨੀਆ ਦੇ ਸੁਤੰਤਰ ਰਾਜ ਦੀ ਮੁੜ ਸਥਾਪਨਾ ਕੀਤੀ ਗਈ, ਉਦੋਂ ਉਸ ਨੇ ਵਿਲਨਾ ਨੂੰ ਤੁਰੰਤ ਆਪਣੀ ਰਾਜਧਾਨੀ ਐਲਾਨ ਦਿੱਤਾ। ਮਾੜੀ ਕਿਸਮਤ ਨਾਲ ਵਿਲਨਾ ਦੇ ਲੋਕਾਂ 'ਚ ਪੋਲੈਂਡ 'ਚ ਹੀ ਬਣੇ ਰਹਿਣ ਲਈ ਵੀ ਉਨੀ ਹੀ ਜ਼ਿਆਦਾ ਭਾਵੁਕਤਾਪੂਰਨ ਆਸਕਤੀ ਸੀ। ਉੱਥੇ ਇੱਕ ਪ੍ਰਸਿੱਧ ਪੋਲਿਸ਼ ਯੂਨੀਵਰਸਿਟੀ ਸੀ ਅਤੇ ਪੋਲੈਂਡ ਦੇ ਗਿਆਨ-ਵਿਗਿਆਨ ਦਾ ਉਹ ਇੱਕ ਪ੍ਰਾਚੀਨ ਕੇਂਦਰੀ ਵੀ ਸੀ। ਨਰਵੰਸ਼-ਸ਼ਾਸਤਰ ਦੀ ਦ੍ਰਿਸ਼ਟੀ ਤੋਂ, ਨਾ ਤਾਂ ਲਿਥੂਆਨੀਆ ਅਤੇ ਨਾ ਪੋਲੈਂਡ ਦਾ ਹੀ ਉਸ 'ਤੇ ਦਾਅਵਾ ਮਜ਼ਬੂਤ ਸੀ। ਇਸ ਨਗਰ ਦੀ ਆਬਾਦੀ ਯਹੂਦੀ (ਯਹੂਦੀਆਂ ਦਾ ਉੱਥੇ ਪੂਰਨ ਬਹੁਮਤ ਸੀ), ਪੋਲਿਸ਼ ਅਤੇ ਸ਼ਵੇਤ ਰੂਸੀ ਸੀ, ਅਤੇ ਉਸ ਦੇ ਆਸਪਾਸ ਦੇ ਖੇਤਰ 'ਚ ਸ਼ਵੇਤ ਰੂਸੀ ਅਤੇ ਲਿਥੂਆਨੀ ਸਨ।

### ਲਘੂ ਸਮਹਿਤਸੰਘ (The Little Entente)

ਲਘੂ ਸਮਹਿਤ ਸੰਘ ਉਨ੍ਹਾਂ ਤਿੰਨ ਰਾਜਾਂ ਦੀ ਯੂਨੀਅਨ ਦਾ ਗੈਰ ਸਰਕਾਰੀ ਨਾਮ ਸੀ ਜਿਨ੍ਹਾਂ ਨੂੰ ਆਸਟ੍ਰੋ-ਹੰਗੇਰੀਅਨ ਰਾਜਤੰਤਰ ਦੇ ਖੰਡਿਤ ਹੋ ਜਾਣ ਤੋਂ ਸਭਤੋਂ ਜ਼ਿਆਦਾ ਲਾਭ ਪਹੁੰਚਿਆ ਸੀ। ਇਹ ਰਾਜ ਚੈਕੋਸਲੋਵਾਕੀਆ, ਰੂਮਾਨੀਆ ਅਤੇ ਯੂਗੋਸਲਾਵੀਆ ਸਨ।

ਚੈਕੋਸਲੋਵਾਕੀਆ ਦਾ, ਜਿਵੇਂ ਉਸ ਦੇ ਨਾਮ ਤੋਂ ਹੀ ਸਪੱਸ਼ਟ ਹੈ (ਹਾਲ ਹੀ ਵਿੱਚ ਨਾਮਕਰਨ ਕੀਤਾ ਗਿਆ), ਨਿਰਮਾਣ ਦੋ ਗੁਆਂਢੀ ਪ੍ਰਦੇਸ਼ਾਂ ਦੀ ਜਨਤਾ ਨੂੰ ਸਾਂਝਾ ਕਰ ਦਿੱਤਾ ਗਿਆ ਸੀ। ਚੇਕ ਅਤੇ ਸਲੋਵਾਕ ਇੱਕ ਹੀ ਸਲਾਵ (Slav) ਵੰਸ਼ ਦੀਆਂ ਦੋ ਸ਼ਾਖਾਵਾਂ ਹਨ ਜੋ ਇੱਕ ਹੀ ਭਾਸ਼ਾ ਦੀ ਆਪਸੀ ਅਤਿ ਨੇੜਲੀਆਂ ਬੋਲੀਆਂ ਬੋਲਦੀਆਂ ਹਨ, ਪਰੰਤੂ ਇਨ੍ਹਾਂ ਦੋਵਾਂ ਲੋਕਾਂ ਦਾ ਇਤਿਹਾਸ ਇੱਕ-ਦੂਜੇ ਤੋਂ ਬਿਲਕੁਲ ਭਿੰਨ ਹੈ। ਚੇਕ ਲੋਕ ਜਿਨ੍ਹਾਂ ਦੀ ਮੱਧਯੁਗ 'ਚ ਬੋਹੇਮੀਆ ਦੇ ਇੱਕ ਸੁਤੰਤਰ ਰਾਜਤੰਤਰ 'ਚ ਕੇਂਦਰੀ ਸਥਿਤੀ ਸੀ, 1620 ਤੋਂ ਬਾਅਦ ਤੋਂ ਆਸਟਰੀਅਨ ਸਾਮਰਾਜ ਦੇ ਜਰਮਨ ਪ੍ਰਭਾਵ 'ਚ ਆ ਗਏ ਸਨ। ਪ੍ਰਾਚੀਨ ਚੇਕ ਅਭਿਜਾਤਵਰਗ ਪੂਰੀ ਤਰ੍ਹਾਂ ਜਰਮਨ ਹੋ ਚੁੱਕਾ ਸੀ, ਜਦੋਂ ਕਿ ਆਧੁਨਿਕ ਚੇਕ ਜਨਤਾ ਘੱਟ ਖਰਚੀਲੀ, ਮਿਹਨਤੀ, ਸਿੱਖਿਅਤ ਮੱਧਵਰਗੀ ਅਤੇ ਮਿਹਨਤੀਵਰਗ ਦੀ ਹੈ। ਇਸ ਦੇ ਉਲਟ ਸਲੋਵਾਕੀਆ 1918 ਤੋਂ ਇੱਕ ਹਜ਼ਾਰ ਸਾਲ ਪਹਿਲਾਂ ਤੋਂ ਹੀ ਹੰਗਰੀ ਇੱਕ ਹਿੱਸਾ ਰਹਿ ਚੁੱਕਾ ਸੀ। ਸਲੋਵਾਕ ਲੋਕ ਅਨਪੜ੍ਹ ਕਿਸਾਨ ਵਰਗ ਦੇ ਸਨ ਅਤੇ ਉਨ੍ਹਾਂ ਦੀ (ਸਲੋਵਾਕ) ਸੰਸਕ੍ਰਿਤੀ ਦੇ ਪ੍ਰਤੀਨਿਧੀ ਵਿਦੇਸ਼ਾਂ 'ਚ, ਮੁੱਖ ਤੌਰ 'ਤੇ ਅਮਰੀਕਾ 'ਚ ਰਹਿਣ ਵਾਲੇ ਮੁੱਠੀ ਭਰ ਬੁੱਧੀਜੀਵੀ ਲੋਕ ਸਨ। ਇਨ੍ਹਾਂ ਹਾਲਾਤਾਂ 'ਚ, ਨਵੇਂ ਚੇਕੋਸਲੋਵਾਕ ਰਾਜ ਲਈ, ਆਪਣੇ ਸੈਨਿਕ ਅਧਿਕਾਰੀ ਪ੍ਰਸ਼ਾਸਨਿਕ ਕਰਮਚਾਰੀ (civil servants) ਅਤੇ ਅਧਿਆਪਕ, ਮੁੱਖ ਤੌਰ 'ਤੇ ਚੇਕ ਲੋਕਾਂ ਚੋਂ ਹੀ ਲੈਣਾ ਜਰੂਰੀ ਹੋ ਗਿਆ। ਪਰੰਤੂ ਸਲੋਵਾਕ ਖੇਤਰਾਂ 'ਚ ਇਸ ਅਸਮਾਨਤਾ ਦਾ ਵਿਰੋਧ ਹੋਇਆ; ਅਤੇ ਸਲੋਵਾਕ ਜਨਤਾ ਦਾ ਸਭ ਤੋਂ ਜ਼ਿਆਦਾ ਪ੍ਰਤੀਨਿਧਤਵ ਕਰਨ ਵਾਲੀ ਸਲੋਵਾਕ ਪਾਰਟੀ ਸਲੋਵਾਕੀਆ 'ਚ "ਰਾਸ਼ਟਰੀ ਸਵਾਇਤ ਸ਼ਾਸਨ" (national autonomy) ਦੀ ਸਥਾਪਨਾ ਦੀ ਲਗਾਤਾਰ ਅਪੀਲ ਕਰਦੀ ਰਹੀ।

ਚੇਕੋਸਲੋਵਾਕੀਆ ਦੀ ਜ਼ਿਆਦਾ ਜ਼ਮੀਨ 'ਤੇ ਖੇਤੀ ਹੁੰਦੀ ਸੀ। ਨਵੇਂ ਰਾਜ ਨੇ ਵਿਸਤ੍ਰਿਤ ਭੂਮੀ-ਸੁਧਾਰ ਕਰਕੇ ਆਪਣੀ ਸਥਿਤੀ ਮਜ਼ਬੂਤ ਬਣਾ ਲਈ; ਵੱਡੇ-ਵੱਡੇ ਜਮੀਂਦਾਰਾਂ ਤੋਂ, ਜੋ ਮੁੱਖ ਤੌਰ 'ਤੇ ਜਰਮਨ ਜਾਂ ਹੰਗੇਰੀਅਨ ਸਨ, ਜ਼ਮੀਨ ਖੋਹ ਕੇ ਛੋਟੇ-ਛੋਟੇ ਕਿਸਾਨਾਂ ਅਤੇ ਖੇਤਿਹਾਰਾਂ 'ਚ, ਜੋ ਚੇਕ ਜਾਂ ਸਲੋਵਾਕ ਸਨ, ਵੰਡ ਦਿੱਤੀ ਗਈ। ਪਰੰਤੂ ਚੇਕੋਸਲੋਵਾਕੀਆ ਇੱਕ ਬਹੁਤ ਵਿਕਸਿਤ

**ਨੋਟ**

ਉਦਯੋਗ ਪ੍ਰਧਾਨ ਰਾਜ ਵੀ ਸੀ ਅਤੇ ਉੱਥੇ ਯੁੱਧ-ਸਮੱਗਰੀ ਪ੍ਰਚੁਰ ਮਾਤਰਾ 'ਚ ਤਿਆਰ ਹੁੰਦੀ ਸੀ। ਉਸ ਤੋਂ ਪਹਿਲਾਂ ਆਸਟਰੀਅਨ ਸੂਬਿਆਂ 'ਚ ਯੁੱਧ ਤੋਂ ਪਹਿਲਾਂ ਦੇ ਆਸਟਰੀਅਨ ਸਾਮਰਾਜ ਦੇ ਕੋਇਲੇ ਅਤੇ ਲੋਹੇ ਅਤੇ ਵੱਡੇ-ਵੱਡੇ ਉਦਯੋਗਾਂ ਦਾ ਲਗਭਗ 80 ਫੀਸਦੀ ਉਤਪਾਦਨ ਹੁੰਦਾ ਸੀ। ਪਰੰਤੂ ਜਿੱਥੇ ਇੰਨੇ ਲਾਭ ਸਨ ਉੱਥੇ ਉਨ੍ਹਾਂ ਦੇ ਮੁਕਾਬਲੇ 'ਚ ਕੁਝ ਅੜਚਨਾਂ ਵੀ ਸਨ। ਉਸ ਦੀ ਭੋਗੋਲਿਕ ਸਥਿਤੀ ਕਮਜ਼ੋਰ ਸੀ ਅਤੇ ਜਨਸੰਖਿਆ ਮਿਸ਼ਰਿਤ ਸੀ। ਉਸਦੀ ਇੱਕ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਦੀ ਆਬਾਦੀ 'ਚ ਚੇਕ ਲੋਕਾਂ ਦੀ, ਜੋ ਸ਼ਾਸਕਵਰਗ ਦੇ ਸਨ, ਸੰਖਿਆ 65 ਲੱਖ ਸੀ ਅਤੇ ਸਲੋਵਾਕੀਅਨ ਲੋਕਾਂ ਦੀ ਸੰਖਿਆ ਇਨ੍ਹਾਂ ਤੋਂ 20 ਲੱਖ ਜ਼ਿਆਦਾ ਸੀ। ਬਾਕੀ ਆਬਾਦੀ ਬੋਹੇਮੀਆ ਦੇ ਕਿਨਾਰੇ ਰਹਿਣ ਵਾਲੇ ਸੰਗਠਿਤ ਅਤੇ ਮਿਹਨਤੀ ਜਰਮਨ ਘੱਟ ਗਿਣਤੀਆਂ ਦੀ, ਜਿਨ੍ਹਾਂ ਦੀ ਗਿਣਤੀ 30 ਲੱਖ ਸੀ, ਅਤੇ ਹੰਗੇਰੀਅਨ, ਰੁਥੇਨੀ ਅਤੇ ਪੋਲਿਸ਼ ਘੱਟ ਗਿਣਤੀਆਂ ਦੀ ਸੀ। ਸੰਕਟ-ਕਾਲ ਦੇ ਸਮੇਂ ਸਲੋਵਾਕ ਲੋਕ ਸਾਥ ਦੇਣਗੇ ਜਾਂ ਨਹੀਂ, ਇਹ ਸ਼ੰਕਾ ਸੀ ਅਤੇ ਜੇਕਰ ਚੈਕੋਸਲੋਵਾਕੀਆ ਕਿਸੇ ਯੁੱਧ 'ਚ ਫਸਿਆ ਤਾਂ ਅਜਿਹੇ ਸਮੇਂ 'ਚ ਸਾਰੇ ਘੱਟ ਗਿਣਤੀ ਵਰਗ ਵਿਰੋਧੀ ਹੋ ਸਕਦੇ ਸਨ। ਇਸ ਤੋਂ ਬਿਨਾਂ ਚੈਕੋਸਲੋਵਾਕੀਆ ਦੀ ਰਾਜਧਾਨੀ ਪ੍ਰਾਗ (Prague) ਸੀਮਾਂਤ ਖੇਤਰ ਦੇ ਇੰਨੇ ਨੇੜੇ ਵਸਿਆ ਹੋਇਆ ਸੀ ਕਿ ਜਰਮਨਾਂ ਨਾਲ ਯੁੱਧ ਲੱਗ ਜਾਣ 'ਤੇ ਜਰਮਨ ਸੈਨਿਕ ਉਸ 'ਤੇ ਕੁਝ ਹੀ ਦਿਨਾਂ 'ਚ ਜਾਂ ਸ਼ਾਇਦ ਕੁਝ ਹੀ ਘੰਟਿਆਂ 'ਚ ਅਧਿਕਾਰ ਕਰ ਸਕਦੇ ਸਨ। ਇਸੇ ਤਰ੍ਹਾਂ ਜੇਕਰ ਹੰਗਰੀ ਹਮਲਾ ਕਰਦਾ ਤਾਂ ਸਲੋਵਾਕੀਆ ਦੇ ਲੰਮੇ ਅਤੇ ਸੰਕਰੇ ਭੂ-ਭਾਗ ਦੀ ਰੱਖਿਆ ਕਰਨਾ ਮੁਸ਼ਕਿਲ ਹੋ ਜਾਂਦਾ।

ਰੂਮਾਨੀਆ ਯੁੱਧ-ਕਾਲ 'ਚ ਆਪਣੇ ਤਜ਼ਰਬਿਆਂ ਦੇ ਮੁਕਾਬਲੇ ਸ਼ਾਂਤੀ-ਸਮਝੌਤੇ ਤੋਂ ਜ਼ਿਆਦਾ ਖੁਸ਼ ਸੀ। ਯੁੱਧ-ਕਾਲ 'ਚ, ਉਸ ਨੇ ਦੋ ਵਾਰ ਪੱਖ ਬਦਲੇ ਸਨ, ਫਿਰ ਵੀ ਯੁੱਧ ਸਮਾਪਤ ਹੋਣ 'ਤੇ ਉਸ ਨੂੰ ਹੰਗਰੀ ਤੋਂ ਟ੍ਰਾਂਸਿਲਵਾਨੀਆ (Transylvania) ਦਾ ਜ਼ਿਆਦਾ ਅਤੇ ਸੋਵੀਅਮ ਸਰਕਾਰ ਦੇ ਵਿਰੋਧ ਦੇ ਬਾਵਜੂਦ ਰੂਸ ਤੋਂ ਬੇਸਾਰੇਬੀਆ (Bessarabia) ਮਿਲਿਆ ਜਿਸ ਨਾਲ ਉਸ ਦੀ ਜ਼ਮੀਨ ਦੁੱਗਣੀ ਹੋ ਗਈ ਅਤੇ ਉਸ ਦੀ ਜਨਸੰਖਿਆ ਵੀ 70 ਲੱਖ ਤੋਂ 170 ਲੱਖ ਹੋ ਗਈ। ਚੈਕੋਂ ਸਲੋਵਾਕੀਆ ਵਾਂਗ ਰੂਮਾਨੀਆ ਨੇ ਵੀ ਵਿਸਤ੍ਰਿਤ ਭੂਮੀ ਸੁਧਾਰ ਕੀਤੇ ਅਤੇ ਛੋਟੇ-ਛੋਟੇ ਕਿਸਾਨਾਂ 'ਚ ਭੂਮੀ ਦੀ ਦੁਬਾਰਾ ਵੰਡ ਕੀਤੀ। ਉਸ ਦੇ ਘੱਟ ਗਿਣਤੀ ਵਰਗ- ਹੰਗੇਰੀਅਨ, ਰੂਸੀ ਅਤੇ ਯਹੂਦੀ- ਇੰਨੇ ਮਹੱਤਵਪੂਰਨ ਨਹੀਂ ਸਨ ਕਿ ਉਨ੍ਹਾਂ ਤੋਂ ਉਸ ਦੀ ਰਾਸ਼ਟਰੀ ਸੁਰੱਖਿਆ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਪੈਦਾ ਹੁੰਦਾ। ਪਰੰਤੂ ਰੂਮਾਨੀਆ ਦਾ ਸ਼ਾਸਨ ਭ੍ਰਿਸ਼ਟਾਚਾਰ ਲਈ ਬਦਨਾਮ ਸੀ। ਰੂਮਾਨੀਆ ਫੌਜ ਦੀ ਸਮਰੱਥਾ ਵੀ, ਬਾਲਕਨ ਫੌਜਾਂ ਦੇ ਮਾਨਦੰਡ ਤੋਂ ਦੇਖਦੇ ਹੋਏ, ਉੱਚੀ ਨਹੀਂ ਸੀ। ਸੋਵੀਅਤ ਯੂਨੀਅਨ ਤੋਂ ਬਾਅਦ ਯੂਰਪ 'ਚ ਸਭ ਤੋਂ ਜ਼ਿਆਦਾ ਤੇਲ ਰੂਮਾਨੀਆ 'ਚ ਹੀ ਪੈਦਾ ਹੁੰਦਾ ਸੀ ਕਣਕ ਅਤੇ ਤੇਲ ਅਤੇ ਦੀ ਉਸ ਦੀ ਜਾਇਦਾਦ ਦੇ ਮੁੱਖ ਸਾਧਨ ਸਨ।

ਘਰੇਲੂ ਮਾਮਲਿਆਂ 'ਚ ਯੂਗੋਸਲਾਵੀਆ ਨੂੰ ਵੀ ਚੈਕੋਸਲੋਵਾਕੀਆ ਵਰਗੀ ਹੀ ਸੱਮਿਸਿਆ ਦਾ ਸਾਹਮਣਾ ਕਰਨਾ ਪਿਆ। ਇਹ ਸੱਮਿਸਿਆ ਗੋਤਰ ਅਤੇ ਇੱਕ ਹੀ ਕੁਲ ਨਾਲ ਸਬੰਧਿਤ ਵੱਖ-ਵੱਖ ਜਾਤੀਆਂ 'ਚ ਇਕਰੂਪਤਾ ਲਿਆਉਣ ਦੀ ਸੀ। ਯੂਗੋਸਲਾਵ ਰਾਜ ਦੀ ਜਨਸੰਖਿਆ 'ਚ ਸ਼ਾਮਲ ਤਿੰਨ ਤਰ੍ਹਾਂ ਦੇ ਲੋਕਾਂ 'ਚੋਂ, ਸਰਬ ਲੋਕ (Serb), 1867 'ਚ ਤੁਰਕੀ ਨਗਰ-ਰੱਖਿਅਕ ਫੌਜਾਂ ਦੇ ਅੰਤਿਮ ਰੂਪ ਤੋਂ ਹਟਾ ਲਏ ਜਾਣ ਤੋਂ ਬਾਅਦ ਤੋਂ ਸੁਤੰਤਰਤਾ ਦਾ ਉਪਭੋਗ ਕਰਦੇ ਆ ਰਹੇ ਸਨ। 1918 ਤੱਕ ਕ੍ਰੋਟ ਲੋਕ (Croats) ਹੰਗਰੀ ਦੇ ਅਤੇ ਸਲੋਵੇਨ ਲੋਕ (Slovenes) ਆਸਟਰੀਆ ਦੇ ਅਧੀਨ ਰਹੇ ਸਨ। ਸਰਬ ਲੋਕ, ਜੋ ਸ਼ੁਰੂ ਤੋਂ ਹੀ ਯੂਗੋਸਲਾਵੀਅਨ ਸੰਘ ਰਾਜ ਦੇ ਸਭ ਤੋਂ ਮੁੱਖ ਅੰਗ ਸਨ, ਚੰਗੇ ਯੋਧੇ ਸਨ ਅਤੇ ਉਨ੍ਹਾਂ ਵਿੱਚ ਸੰਗਠਿਤ ਹੋ ਸਕਣ ਦੀ ਪ੍ਰਵਿਰਤੀ ਸੀ, ਪਰੰਤੂ ਰਾਜਨੀਤਿਕ ਅਤੇ ਸੰਸਕ੍ਰਿਤਿਕ ਦ੍ਰਿਸ਼ਟੀ ਤੋਂ ਉਹ ਕ੍ਰੋਟ ਅਤੇ ਸਲੋਵੇਨ ਲੋਕਾਂ ਦੇ ਮੁਕਾਬਲੇ 'ਚ ਹੇਠਾਂ ਸਨ ਅਤੇ ਉਹ ਦੋਵੇਂ ਉਨ੍ਹਾਂ ਨੂੰ ਅੱਧੇ ਜੰਗਲੀ ਮੰਨਦੇ ਸਨ। ਇਨ੍ਹਾਂ ਤਿੰਨਾਂ ਲੋਕਾਂ ਦਾ ਸੰਘਰਸ਼ ਨਵੇਂ ਰਾਜ ਦੀ ਤਰੱਕੀ 'ਚ ਵੱਡਾ ਅੜਿੱਕਾ ਬਣ ਗਿਆ। ਕੁਝ ਤਾਂ ਇਸ ਕਾਰਨ ਅਤੇ ਕੁਝ ਖੁਦ ਸਰਬ ਲੋਕਾਂ ਦੀ ਰਾਜਨੀਤਿਕ ਅਪਰੀਪੱਕਤਾ ਦੇ ਕਾਰਨ ਦੇਸ਼ 'ਚ ਕਿਸੇ ਵੀ ਤਰ੍ਹਾਂ ਸੰਸਦੀ ਸ਼ਾਸਨ-ਵਿਵਸਥਾ (Parliamentary system) ਚੱਲ ਸਕਣਾ ਮੁਸ਼ਕਲ ਹੋ ਗਿਆ। ਕ੍ਰੋਟ ਨੇਤਾ ਸਵਾਇਤ-ਸ਼ਾਸਨ (autonomy) ਦੀ ਮੰਗ ਕਰਦੇ ਹੀ ਰਹੇ।

ਬਾਹਰੀ ਤੌਰ 'ਤੇ ਯੂਗੋਸਲਾਵੀਆ ਛੋਟੇ ਸਮਹਿਤ ਸੰਘ ਦਾ ਇੱਕ ਅਜਿਹਾ ਮੈਂਬਰ ਸੀ ਜਿਸ ਦੇ ਹਿੱਤ ਸਭ ਤੋਂ ਜ਼ਿਆਦਾ ਵਿਵਧਤਾਪੂਰਨ ਅਤੇ ਵਿਸਤ੍ਰਿਤ ਸਨ। ਚੈਕੋਸਲੋਵਾਕੀਆ ਮੁੱਖ ਤੌਰ 'ਤੇ ਮੱਧ-ਯੂਰਪ ਦਾ ਦੇਸ਼ ਸੀ ਪਰ ਰੂਮਾਨੀਆ ਬਾਲਕਨ ਦੇਸ਼ਾਂ 'ਚੋਂ ਸੀ, ਪਰੰਤੂ ਯੂਗੋਸਲਾਵੀਆ ਦੋਵਾਂ 'ਚ ਹੀ ਸਮਾਨ ਰੂਪ 'ਚ ਸ਼ਾਮਲ ਸਨ। ਉੱਤਰ 'ਚ, ਉਸ ਦੀ ਸੀਮਾ ਵੀਆਨਾ ਦੇ ਇੱਕ ਸੌ ਮੀਲ ਦੇ ਅੰਦਰ ਤੱਕ ਸੀ ਅਤੇ ਦੱਖਣੀ-ਪੂਰਬ 'ਚ ਏਜੀਅਨ (Aegean) ਸਾਗਰ ਤੋਂ ਪੰਜਾਹ ਮੀਲ ਦੇ ਅੰਦਰ। ਹਿੱਤਾਂ ਦੀ ਇਸ ਬਹੁਲਤਾ ਕਾਰਨ ਸਮਹਿਤ ਸੰਘ 'ਚ ਉਸ ਦਾ ਇੱਕ ਵਿਸ਼ੇਸ਼ ਸਥਾਨ ਬਣ ਗਿਆ। ਛੋਟੇ ਸਮਹਿਤ ਸੰਘ ਦੀ ਸਥਾਪਨਾ ਹੰਗਰੀ ਤੋਂ ਸਮੂਹਿਕ ਰੱਖਿਆ ਲਈ ਕੀਤੀ ਗਈ ਸੀ ਅਤੇ ਸਿਰਫ਼ ਹੰਗਰੀ ਹੀ ਇੱਕ ਅਜਿਹਾ ਦੇਸ਼ ਸੀ ਜਿਸ ਦੇ ਨਾਮ ਦਾ ਸੱਪਸ਼ਟ ਜ਼ਿਕਰ ਸਮਹਿਤਸੰਘ ਦੀ ਸਥਾਪਨਾ ਸਬੰਧੀ ਸੰਧੀਆਂ 'ਚ ਕੀਤਾ ਗਿਆ ਸੀ। ਪਰੰਤੂ ਯੂਗੋਸਲਾਵੀਆ ਨੂੰ ਸਭ ਤੋਂ ਜ਼ਿਆਦਾ ਡਰ ਹੰਗਰੀ ਤੋਂ ਕਦੇ ਵੀ ਨਹੀਂ ਰਿਹਾ। ਉਸ ਦੇ ਹਿੱਸੇ 'ਚ ਹੰਗਰੀ ਦਾ ਜੋ ਭੂ-ਭਾਗ ਆਇਆ ਸੀ, ਉਹ ਚੈਕੋਸਲੋਵਾਕੀਆ ਅਤੇ ਰੂਮਾਨੀਆ ਦੇ ਹਿੱਸਿਆਂ ਤੋਂ ਛੋਟਾ ਸੀ। ਉਸ ਨੂੰ ਹੰਗਰੀ ਦੇ ਉਨ੍ਹਾਂ ਲੋਕਾਂ ਤੋਂ ਵੀ ਡਰ ਘੱਟ ਹੀ ਸੀ ਜੋ ਆਪਣੇ ਗੁਆਂਢੀ ਰਾਜਾਂ ਦੇ ਹੰਗੇਰੀਅਨ ਭਾਸ਼ਾ-ਭਾਸ਼ੀ ਖੇਤਰਾਂ ਨੂੰ ਖੋਹ ਕੇ ਹੰਗਰੀ 'ਚ ਸ਼ਾਮਲ ਕਰਨਾ ਚਾਹੁੰਦੇ ਸਨ। ਇਸ ਦੇ ਉਲਟ ਏਡ੍ਰਿਆਟਿਕ (Adriatic) ਤਟ 'ਤੇ ਇਟਲੀ ਦੀ ਮੁੱਖ ਸਥਿਤੀ ਤੋਂ ਉਸ ਨੂੰ ਬਹੁਤ ਈਰਖਾ ਸੀ। ਯੂਗੋਸਲਾਵੀਆ ਨੂੰ ਇਹ ਸ਼ਿਕਾਇਤ ਸੀ ਕਿ ਇਟਲੀ ਨੇ ਆਪਣੇ ਉਚਿਤ ਹਿੱਸੇ ਤੋਂ ਵੀ ਜ਼ਿਆਦਾ ਸਲਾਵ (Slav) ਖੇਤਰ ਹੜਪ ਲਿਆ ਸੀ ਅਤੇ ਇਹ ਵੀ ਸਭ ਤੋਂ ਚੰਗੀ ਤਰ੍ਹਾਂ ਪਤਾ ਸੀ ਕਿ ਇਟਲੀ ਯੂਗੋਸਲਾਵ ਰਾਜ ਨੂੰ ਹੀ ਖੇਰੂੰ-ਖੇਰੂੰ ਕਰਨ ਦੇ ਸੁਪਨੇ ਦੇਖ ਰਿਹਾ ਸੀ ਅਤੇ ਸ਼ਾਇਦ ਉਸ ਦੇ ਲਈ ਸਾਜਿਸ਼ ਵੀ ਰਚ ਰਿਹਾ ਸੀ। ਯੂਗੋਸਲਾਵੀਆ ਦੇ ਲੋਕ ਤਿੱਖੀ ਘ੍ਰਿਣਾ ਵਾਲੇ ਸਨ। ਦੋਵਾਂ ਯੁੱਧਾਂ ਦਰਮਿਆਨ ਦੇ ਸਮੇਂ 'ਚ ਯੂਰਪ 'ਚ ਜਿੰਨੇ ਵੀ ਆਪਸੀ ਝਗੜੇ ਹੋਏ ਉਨ੍ਹਾਂ ਵਿੱਚ ਯੂਗੋਸਲਾਵੀਆ ਅਤੇ ਇਟਲੀ ਦਾ ਆਪਸੀ ਈਰਖਾ ਸਭ ਤੋਂ ਜ਼ਿਆਦਾ ਸਥਾਈ ਸੀ।

ਛੋਟੇ ਸਮਹਿਤਸੰਘ ਦੇ ਹਰੇਕ ਮੈਂਬਰ ਦੇ ਜੋੜਿਆਂ ਦੁਆਰਾ 1920 ਅਤੇ 1921 'ਚ ਜੋ ਆਪਸੀ ਸਮਹਿਤ ਸੰਧੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਦੇ ਨਤੀਜੇ ਵਜੋਂ ਸੰਘ ਦੀ ਹੋਂਦ ਪ੍ਰਕਾਸ਼ 'ਚ ਆਈ ਸੀ। ਉਸ ਦੇ ਕਾਫ਼ੀ ਸਮੇਂ ਬਾਅਦ ਫਰਾਂਸ ਨੇ ਛੋਟੇ ਸਮਹਿਤ ਸੰਘ ਦੇ ਰਾਜਾਂ ਨਾਲ ਰਾਜਨੀਤਿਕ ਸੰਧੀਆਂ ਕੀਤੀਆਂ। ਪਰੰਤੂ ਸ਼ੁਰੂ ਤੋਂ ਹੀ, ਰਸਮੀ ਤੌਰ 'ਤੇ ਜਾਂ ਗੈਰ ਰਸਮੀ ਤੌਰ 'ਤੇ ਅਜਿਹੇ ਸੈਨਿਕ ਸਮਝੌਤੇ (ਜਿਵੇਂ

ਨੋਟ

ਪੋਲੈਂਡ ਦੇ ਨਾਲ ਹੋਈ ਸੰਧੀ 'ਚ ਕੀਤਾ ਗਿਆ ਸੀ) ਹੋ ਚੁੱਕੇ ਸਨ ਜਿਨ੍ਹਾਂ ਵਿੱਚ ਫਰਾਂਸੀਸੀ ਸੈਨਿਕ ਮਿਸ਼ਨਾਂ ਦੀ ਨਿਯੁਕਤੀ ਨੂੰ ਅਤੇ ਲਘੂ ਸਮਹਿਤ ਸੰਘ ਦੀਆਂ ਫੌਜਾਂ ਲਈ ਫਰਾਂਸ ਦੁਆਰਾ ਯੁੱਧ ਸਮੱਗਰੀ ਦਿੱਤੇ ਜਾਣ ਦੀ ਵਿਵਸਥਾ ਸੀ ਅਤੇ ਚਾਹੇ ਜੇਨੇਵਾ ਹੋਵੇ ਜਾਂ ਹੋਰ ਕੋਈ ਸਥਾਨ, ਚੈਕੋਸਲੋਵਾਕੀਆ, ਰੂਮਾਨੀਆ ਅਤੇ ਯੂਗੋਸਲਾਵੀਆ ਵਿਦੇਸ਼ੀ ਮਾਮਲਿਆਂ 'ਚ ਫਰਾਂਸ ਦੇ ਵਿਸ਼ਵਾਸਪਾਤਰ ਪਿਛਲੱਗੂ ਬਣ ਗਏ ਸਨ। ਛੋਟੇ ਸਮਹਿਤਸੰਘ ਦੇ ਨਾਲ ਫਰਾਂਸ ਦੇ ਸਬੰਧਾਂ ਦਾ ਅਧਾਰ ਪੋਲੈਂਡ ਦੇ ਨਾਲ ਉਸ ਦੇ ਸਬੰਧਾਂ ਤੋਂ ਵੱਖਰਾ ਸੀ। ਪੋਲੈਂਡ ਦੇ ਨਾਲ ਉਸ ਦੀ ਯੂਨੀਅਨ-ਵਿਵਸਥਾ ਦਾ ਆਧਾਰ ਜਰਮਨੀ ਨੂੰ ਅੱਗੇ ਨਾ ਵਧਣ ਦੇਣ 'ਚ ਦੋਵਾਂ ਦਾ ਸਿੱਧਾ ਹਿੱਤ ਸੀ। ਇਸ ਦੇ ਉਲਟ, ਛੋਟੇ ਸਮਹਿਤਸੰਘ ਦੇ ਦੇਸ਼ਾਂ ਦੇ ਨਾਲ ਉਸ ਦੇ ਸਮਝੌਤੇ 'ਚ ਇੱਕ ਅਪ੍ਰਗਟਾਵੇ ਵਾਲਾ ਸੌਦਾ ਗਰਭਿਤ ਸੀ, ਜਿਸ ਦੇ ਅਨੁਸਾਰ ਵਰਸਾਈ ਦੀ ਸੰਧੀ ਨੂੰ ਸ਼ੁਰੂ ਕਰਨ 'ਚ ਫਰਾਂਸ ਦੀ ਸਹਾਇਤਾ ਕਰਨਾ ਲਘੂ ਸਮਹਿਤਸੰਘ ਦੇ ਤਿੰਨੇ ਰਾਸ਼ਟਰਾਂ ਦਾ ਕਰਤਵ ਸੀ, ਹਾਲਾਕਿ ਇਸ ਸੰਧੀ 'ਚ ਖੁਦ ਉਨ੍ਹਾਂ ਦਾ ਆਪਣਾ ਹਿਤ ਬਹੁਤ ਘੱਟ ਹੀ ਸੀ। ਫਰਾਂਸ ਨੇ ਇਸ ਦੇ ਬਦਲੇ 'ਚ ਛੋਟੇ ਸਮਹਿਤ ਸੰਘ ਦੇ ਸਾਰੇ ਦੇਸ਼ਾਂ ਦੀ ਹੰਗਰੀ ਨਾਲ ਅਤੇ ਯੂਗੋਸਲਾਵੀਆ ਦੀ ਵਿਸ਼ੇਸ਼ ਤੌਰ 'ਤੇ ਇਟਲੀ ਤੋਂ, ਰੱਖਿਆ ਕਰਨ ਦਾ ਵਚਨ ਦਿੱਤਾ। ਇਸ ਸਾਰੇ ਯਤਨ ਦਾ ਮਹੱਤਵ ਇਸ ਗੱਲ 'ਚ ਸੀ ਕਿ ਫਰਾਂਸ ਦੀ ਆਪਣੀ ਸੁਰੱਖਿਆ ਦੀ ਕਲਪਨਾ ਵਿਸਤ੍ਰਿਤ ਹੋ ਗਈ। ਹੁਣ ਉਹ ਸਿਰਫ਼ ਵਰਸਾਈ ਦੀ ਸੰਧੀ ਦਾ ਹੀ ਨਹੀਂ ਸਗੋਂ ਸਾਰੇ ਯੂਰਪੀ ਸ਼ਾਂਤੀ-ਸਮਝੌਤੇ ਦੇ ਪਾਲਣ ਲਈ ਵੀ ਨਿਸ਼ਚਿਤ ਤੌਰ 'ਤੇ ਵਚਨਬੱਧ ਸੀ। ਹੁਣ ਉਸ ਦੀ ਚਿੰਤਾ ਸਿਰਫ਼ ਇੰਨੀ ਹੀ ਨਹੀਂ ਸੀ ਕਿ ਉਹ ਜਰਮਨੀ ਨੂੰ ਰਾਈਨ ਦੀ ਦਿਸ਼ਾ ' ਚ ਆਪਣੀ ਰੱਖਿਆ ਲਈ ਰੁਝੇਵੇਂ 'ਚ ਲਾਈ ਰੱਖੇ ਅਤੇ ਪੂਰਬ 'ਚ ਉਸ ਨੂੰ ਆਪਣੀ ਸਥਿਤੀ ਮਜ਼ਬੂਤ ਨਾ ਬਣਾਉਣ ਦੇਵੇ ਸਗੋਂ ਲਿਥੁਆਨੀਆ ਦੇ ਵਿਰੁੱਧ ਪੋਲੈਂਡ ਦਾ, ਹੰਗਰੀ ਦੇ ਵਿਰੁੱਧ ਚੈਕੋਸਲੋਵਾਕੀਆ ਦਾ, ਅਤੇ ਬਲਗਾਰੀਆ ਦੇ ਵਿਰੁੱਧ ਯੂਗੋਸਲਾਵੀਆ ਅਤੇ ਰੂਮਾਨੀਆ ਦਾ ਸਮਰਥਨ ਕਰਨਾ ਅਤੇ ਆਪਣੇ ਮਿੱਤਰ ਰਾਸ਼ਟਰਾਂ ਨੂੰ ਉਨ੍ਹਾਂ ਦੇ ਘੱਟ ਗਿਣਤੀਆਂ ਦੇ ਪ੍ਰਤੀ ਜਬਰਨ ਤੋੜ-ਮੋੜ ਦੇ ਅਰਥਾਂ 'ਚ ਲੱਦੇ ਗਏ ਅਰਥਾਂ ਦੀ ਅਸਹੂਲਤਾਂ ਤੋਂ ਬਚਾਉਣਾ ਵੀ ਫਰਾਂਸ ਦਾ ਖੁੱਲ੍ਹਾ ਹਿਤ ਬਣ ਗਿਆ ਸੀ।

1920-1924 ਦੇ ਸਮੇਂ 'ਚ ਫਰਾਂਸ, ਜਿਸ ਦੇ ਕੋਲ ਇੱਕ ਵਿਸ਼ਾਲ, ਸਜੀ ਅਤੇ ਜੇਤੂ ਫੌਜ ਸੀ ਅਤੇ ਪ੍ਰਚੁਰ ਮਾਤਰਾ 'ਚ ਗੋਲਾ-ਬਾਰੂਦ ਦਾ ਭੰਡਾਰ ਸੀ, ਯੂਰਪ 'ਚ ਸ਼ਕਤੀ ਅਤੇ ਮਾਣ ਦੀ ਚਰਮ ਸੀਮਾ ਤੱਕ ਪਹੁੰਚ ਗਿਆ। ਉਹ ਇਹੀ ਸਥਿਤੀ ਬਣਾਈ ਰੱਖਣ ਦਾ ਵੱਡਾ ਸਮਰਥਕ ਅਤੇ "ਸੰਸ਼ੋਧਨਵਾਦ"(Revisionism) ਦਾ ਕੱਟੜ ਵਿਰੋਧੀ ਸੀ। ਉਸ ਦੀ ਸਥਿਤੀ ਦੇ ਮੁਕਾਬਲੇ 1815 ਦੇ ਸ਼ਾਂਤੀ ਸਮਝੌਤੇ ਤੋਂ ਬਾਅਦ ਮੇਟਰਨਿਖ (Metternich) ਦੀ ਸਥਿਤੀ ਨਾਲ ਕੀਤੀ ਜਾ ਸਕਦੀ ਹੈ। ਪੋਲੈਂਡ ਅਤੇ ਲਘੂ ਸਮਹਿਤ ਸੰਘ ਦੇ ਦੇਸ਼ਾਂ ਦੇ ਨਾਲ ਸਮਝੌਤੇ ਕਰਕੇ ਉਸ ਨੇ ਆਪਣੇ ਆਪ ਨੂੰ "ਪਵਿੱਤਰ ਸੰਘ" (Holy Alliance) ਦੇ ਵੱਡੇ ਆਧੁਨਿਕ ਵਿਰੋਧੀ ਦੇ ਰੂਪ 'ਚ ਵੀ ਤਿਆਰ ਕਰ ਲਿਆ ਸੀ।

**ਸਵ-ਮੁਲਾਂਕਣ (Self Assessment)**

**ਖਾਲੀ ਸਥਾਨ ਭਰੋ (Fill in the blanks) :**

1. ......ਯੁੱਧ ਕਾਲ 'ਚ ਆਪਣੇ ਤਜ਼ਰਬਿਆਂ ਦੇ ਬਦਲੇ ਸ਼ਾਂਤੀ-ਸਮਝੌਤੇ ਤੋਂ ਜ਼ਿਆਦਾ ਖੁਸ਼ ਸੀ।
2. ਘਰੇਲੂ ਮਾਮਲਿਆਂ 'ਚ ਯੂਗੋਸਲਾਵੀਆ ਨੂੰ ......ਵਰਗੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ।
3. ਯੂਗੋਸਲਾਵੀਆ.........ਦਾ ਇੱਕ ਅਜਿਹਾ ਮੈਂਬਰ ਸੀ ਜਿਸ ਦੇ ਹਿਤ ਸਭ ਤੋਂ ਜ਼ਿਆਦਾ ਵਿਵਿਧਤਾਪੂਰਨ ਅਤੇ ਵਿਸਤ੍ਰਿਤ ਸਨ।

## 21.2 ਹਾਰਿਆ ਜਰਮਨੀ (Germany in Defeat)

ਫਰਾਂਸ ਦੀ ਪਰਾਕਾਸ਼ਠਾ ਦਾ ਕਾਲ ਜਰਮਨੀ ਲਈ ਮਰਮਾਂਤਕ ਅਪਮਾਨ ਦਾ ਕਾਲ ਸੀ। ਘਰੇਲੂ ਰਾਜਨੀਤੀ ਇਸ ਪੁਸਤਕ ਦਾ ਵਿਸ਼ਾ ਨਹੀਂ ਹੈ। ਪਰੰਤੂ ਦੋਵੇਂ ਹੀ ਵਿਸ਼ਵ ਯੁੱਧਾਂ ਦਰਮਿਆਨ ਦੇ ਸਮੇਂ 'ਚ ਜਰਮਨੀ ਦੇ ਅੰਦਰੂਨੀ ਘਟਨਾਚੱਕਰ ਦਾ ਅੰਤਰਰਾਸ਼ਟਰੀ ਹਾਲਾਤਾਂ 'ਤੇ ਇੰਨਾ ਸਿੱਧਾ ਅਸਰ ਪਿਆ ਸੀ ਕਿ ਉਸ ਦੇ ਬਾਰੇ 'ਚ ਦੋ ਸ਼ਬਦ ਇੱਥੇ ਕਹਿਣਾ ਜ਼ਰੂਰੀ ਹੈ। 1914 ਤੋਂ ਪਹਿਲਾਂ ਜਰਮਨੀ 'ਚ ਸੰਸਦੀ ਪ੍ਰਜਾਤੰਤਰ (parliamentary democracy) ਅਤੇ ਸੈਨਿਕ ਨਿਰੰਕੁਸ਼ਤਾ (military autocracy) ਦੀ ਮਿਸ਼ਰਿਤ ਸ਼ਾਸਨ ਪ੍ਰਣਾਲੀ ਸੀ। ਅਸਲ 'ਚ ਇਹ ਪ੍ਰਣਾਲੀ ਜਰਮਨ ਜਨਤਾ ਦੇ ਰਾਜਨੀਤਿਕ ਵਿਕਾਸ ਦੀ ਉਸ ਸਮੇਂ ਦੀ ਅਵਸਥਾ ਦੇ ਅਨੁਕੂਲ ਸੀ। ਯੁੱਧ ਤੋਂ ਬਾਅਦ ਪ੍ਰਜਾਤੰਤਰ-ਪ੍ਰੇਮ ਦੀ ਵਿਸ਼ਵਵਿਆਪੀ ਲਹਿਰ ਜਰਮਨ 'ਚ ਵੀ ਫੈਲ ਗਈ; ਅਤੇ ਨਵੰਬਰ 1918 ਦੀ ਅਰਾਜਕਤਾ ਤੋਂ ਬਾਅਦ ਉੱਥੇ ਜੋ ਸਰਕਾਰ ਬਣੀ ਉਸ ਦਾ ਸਰੂਪ ਗਣਤੰਤਰੀ ਸੀ ਜਿਸ ਵਿੱਚ ਸੋਸ਼ਲ ਡੇਮਾਕ੍ਰੇਟ ਦਲ ਸੱਤਾਧਾਰੀ ਹੋਇਆ ਅਤੇ ਈਬਰਟ (Ebert) ਨਾਂਅ ਦੇ ਇੱਕ ਪਿਛਲਾ ਚਰਮਕਾਰ ਰਾਸ਼ਟਰਪਤੀ ਬਣਾਇਆ ਗਿਆ।

"ਵਾਈਮਰ ਗਣਤੰਤਰ" (Weimar Republic) (ਇਹ ਨਾਮ ਇਸ ਲਈ ਪਿਆ ਕਿ ਵਾਈਮਰ ਨਾਂਅ ਦੇ ਸਥਾਨ 'ਤੇ ਰਾਸ਼ਟਰੀ ਸਭਾ ਨੇ 1919 'ਚ ਉਸ ਦਾ ਸੰਵਿਧਾਨ ਸਵੀਕਾਰ ਕੀਤਾ ਸੀ) ਦੀ ਸ਼ੁਰੂਆਤ ਬਹੁਤ ਹੀ ਨਿਰਾਸ਼ਾਜਨਕ ਹਾਲਾਤਾਂ 'ਚ ਹੋਈ। ਉਸ ਨੂੰ ਚਾਰੇ ਪਾਸੇ ਅਵਿਵਸਥਾ, ਅਸੰਗਠਨ ਅਤੇ ਘਾਟ ਦਾ ਸਾਹਮਣਾ ਕਰਨਾ ਪਿਆ। ਉਸ ਦਾ ਪਹਿਲਾ ਕੰਮ ਵਰਸਾਈ ਦੀ ਸੰਧੀ ਦਾ ਅਨੁਸਮਰਥਨ (ratification) ਕਰਨਾ ਸੀ। ਇਸ ਕਾਰਨ ਜਰਮਨ ਜਨਤਾ ਦੇ ਮਨ 'ਚ ਉਸਦਾ ਨਾਮ ਰਾਸ਼ਟਰੀ ਅਪਮਾਨ ਦੇ ਨਾਲ ਜੁੜ ਗਿਆ। 1815 'ਚ ਨੈਪੋਲੀਅਨ ਦਾ ਤਖ਼ਤਾ ਉਲਟ ਦੇਣ ਵਾਲੇ ਰਾਸ਼ਟਰ ਇਹ ਸਮਝਦੇ ਸਨ ਕਿ ਜੇਕਰ ਉਹ ਫਰਾਂਸ 'ਚ ਮੁੜ ਸਥਾਪਿਤ ਰਾਜਤੰਤਰ ਨੂੰ ਬਣਾਈ ਰੱਖਣਾ ਚਾਹੁੰਦਾ ਸੀ ਤਾਂ ਉਨ੍ਹਾਂ ਨੂੰ ਉਸ ਦੇ ਪ੍ਰਤੀ ਸਨਮਾਨ ਅਤੇ ਉਦਾਰਵਾਦ ਦਿਖਾਉਣਾ ਚਾਹੀਦਾ ਹੈ; ਪਰੰਤੂ 1918 ਦੇ ਜੇਤੂਆਂ ਨੇ ਇਸ ਤਰ੍ਹਾਂ ਦੀ ਬੁੱਧੀਮਾਨੀ ਨਹੀਂ ਦਿਖਾਈ। ਇਹ ਉਨ੍ਹਾਂ ਦੇ ਹਿੱਤ 'ਚ ਹੀ ਸੀ ਕਿ ਸ਼ਾਂਤੀਪਸੰਦ ਵਾਈਮਰ ਪ੍ਰਜਾਤੰਤਰ ਜਰਮਨੀ 'ਚ

**ਨੋਟ**

ਆਪਣੀ ਸਥਿਤੀ ਮਜ਼ਬੂਤ ਕਰ ਲੈਂਦਾ। ਪਰੰਤੂ ਉਸ ਦੀ ਸਨਮਾਨ ਵਧਾਉਣ ਦਾ ਹਰ ਸੰਭਵ ਯਤਨ ਕਰਨ ਦੇ ਬਦਲੇ, ਉਹ ਉਸ ਨੂੰ ਹਮੇਸ਼ਾ ਇਸ ਤਰ੍ਹਾਂ ਨੀਚਾ ਦਿਖਾਉਂਦੇ ਰਹੇ ਕਿ ਉਹ ਪ੍ਰਜਾਤੰਤਰ ਜਰਮਨ ਜਨਤਾ ਦਾ ਪ੍ਰੇਮ ਅਤੇ ਉਸ ਦੀ ਨਿਸ਼ਠਾ ਪ੍ਰਾਪਤ ਕਰਨ ਦੀ ਕਦੇ ਉਮੀਦ ਵੀ ਨਹੀਂ ਕਰ ਸਕਦਾ ਸੀ। ਵਰਸਾਈ ਦੀ ਸੰਧੀ ਦੇ ਕਸ਼ੇਤ੍ਰਿਕ ਉਪਬੰਧਾਂ ਦੀ ਚਰਚਾ ਵਿਸ਼ੇ-ਪ੍ਰਵੇਸ਼ ਵਾਲੇ ਅਧਿਆਏ 'ਚ ਕੀਤੀ ਜਾ ਚੁੱਕੀ ਹੈ। ਇਸ ਅਧਿਆਏ ਦਾ ਵਿਸ਼ਾ ਸੰਧੀ ਦੀਆਂ ਉਹ ਹੋਰ ਧਾਰਾਵਾਂ ਹਨ ਜਿਨ੍ਹਾਂ ਦਾ 1920 ਤੋਂ 1924 ਤੱਕ ਜਰਮਨੀ ਦੇ ਅੰਤਰਰਾਸ਼ਟਰੀ ਸਬੰਧਾਂ 'ਚ ਸਭ ਤੋਂ ਜ਼ਿਆਦਾ ਪ੍ਰਭਾਵ ਰਿਹਾ।

### ਯੁੱਧ-ਅਪਰਾਧ ਅਤੇ ਯੁੱਧ-ਅਪਰਾਧੀ (War Guilt and War Criminals)

ਸੰਧੀ ਦੀ "ਯੁੱਧ-ਅਪਰਾਧ" ਅਤੇ "ਯੁੱਧ- ਅਪਰਾਧੀਆਂ" ਸਬੰਧੀ ਧਾਰਾਵਾਂ ਦਾ ਫਰਾਂਸ ਦੀ ਤਰ੍ਹਾਂ ਗ੍ਰੇਟ-ਬ੍ਰਿਟੇਨ 'ਚ ਵੀ ਬਹੁਤ ਉਤਸ਼ਾਹਪੂਰਵਕ ਅਨੁਮੋਦਨ ਕੀਤਾ ਗਿਆ ਸੀ। ਪਿਛਲੇ ਯੁੱਧ ਦੇ ਜੇਤੂਆਂ ਨੇ ਆਪਣੇ ਹਾਰੇ ਦੁਸ਼ਮਣ ਦੇ ਨਾਲ ਕਿੰਨਾ ਹੀ ਬੇਰਹਿਮੀ ਭਰਿਆ ਵਿਵਹਾਰ ਕਿਉਂ ਨਾ ਕੀਤਾ ਹੋਵੇ, ਉਹ ਆਪਣੇ ਦੁਸ਼ਮਣ ਦੀ ਸਰਵ ਜਨਿਕ ਤੌਰ 'ਤੇ ਨੈਤਿਕ ਨਿੰਦਾ ਕਰਨਾ ਗੈਰ ਜ਼ਰੂਰੀ ਸਮਝਦੇ ਸਨ। ਪਰੰਤੂ ਗ੍ਰੇਟ ਬ੍ਰਿਟੇਨ ਅਤੇ ਫਰਾਂਸ ਦੋਵੇਂ ਹੀ ਦੇਸ਼ਾਂ 'ਚ ਯੁੱਧ-ਪ੍ਰਚਾਰ ਦੇ ਸਮੇਂ ਜਰਮਨੀ ਦੇ ਵਿਰੁੱਧ ਲਗਾਤਾਰ ਨੈਤਿਕ ਪਥਭ੍ਰਿਸ਼ਟਤਾ ਦੇ ਦੋਸ਼ਾਂ (ਖਾਸ ਕਰਕੇ ਬੈਲਜੀਅਮ ਦੀ ਨਿਰਪੱਖਤਾ ਭੰਗ ਕਰਨ, ਅਧਿਕ੍ਰਿਤ ਖੇਤਰਾਂ ਨੂੰ ਗੈਰ ਜ਼ਰੂਰੀ ਤੌਰ 'ਤੇ ਨਸ਼ਟ ਕਰਨ, ਬੰਮਬਾਰੀ ਦੁਆਰਾ ਨਾਗਰਿਕਾਂ ਦੀ ਹੱਤਿਆ ਕਰਨ ਅਤੇ ਵਪਾਰਕ ਜਹਾਜ਼ਾਂ 'ਤੇ ਪਣਡੁੱਬੀਆਂ ਦੁਆਰਾ ਅਬਾਧਿਤ ਹਮਲਾ ਕਰਨ) 'ਤੇ ਇੰਨਾ ਜ਼ੋਰ ਦਿੱਤਾ ਗਿਆ ਸੀ ਕਿ ਲੋਕਮਤ ਜਰਮਨੀ ਦੇ ਕੰਮਾਂ ਦੀ ਗੈਰ ਰਸਮੀ ਤੌਰ 'ਤੇ ਨਿੰਦਾ ਕਰਨ ਦੀ ਮੰਗ ਕਰ ਰਿਹਾ ਸੀ। ਜਰਮਨੀ ਦੇ ਇਨ੍ਹਾਂ ਅਪਰਾਧਾਂ 'ਤੇ ਲਗਾਤਾਰ ਦਬਾਅ ਨਾਲ ਸੰਧੀ ਦੀਆਂ ਸ਼ਰਤਾਂ ਦੀ ਕਠੋਰਤਾ ਲਈ ਸਹੀ ਆਧਾਰ ਮਿਲ ਗਿਆ ਜਿਸ ਦੀ ਬ੍ਰਿਟਿਸ਼ ਅਤੇ ਅਮਰੀਕਾ ਦੋਵੇਂ ਹੀ ਲੋੜ ਮਹਿਸੂਸ ਕਰਦੇ ਸਨ। ਨੁਕਸਾਨ ਪੂਰਤੀ ਸਬੰਧੀ ਅਧਿਆਏ ਦੇ ਸ਼ੁਰੂ 'ਚ ਹੀ ਲਿਖੇ ਗਏ ਇੱਕ ਅਨੁਛੇਦ ਦੇ ਅਨੁਸਾਰ, ਜਰਮਨੀ ਨੂੰ "ਜਰਮਨੀ ਅਤੇ ਉਸ ਦੇ ਸਾਥੀ ਰਾਸ਼ਟਰਾਂ ਦੁਆਰਾ ਹਮਲੇ ਦੇ ਕਾਰਨ ਮਜ਼ਬੂਰੀਵਸ਼ ਯੁੱਧ 'ਚ ਸ਼ਾਮਲ ਹੋਣ ਦੇ ਨਤੀਜੇ ਵਜੋਂ ਮਿੱਤਰ ਅਤੇ ਸਾਥੀ ਰਾਸ਼ਟਰਾਂ ਦੀਆਂ ਸਰਕਾਰ ਅਤੇ ਜਨਤਾ ਨੂੰ ਜੋ ਵੀ ਹਾਨੀ ਅਤੇ ਨੁਕਸਾਨ ਉਠਾਉਣਾ ਪਿਆ, ਉਸ ਦੀ ਜਿੰਮੇਵਾਰੀ ਜਰਮਨੀ ਅਤੇ ਉਸ ਦੇ ਸਾਥੀ ਰਾਸ਼ਟਰਾਂ ਦੀ ਸੀ", ਇਹ ਸਵੀਕਾਰ ਕਰਨ ਲਈ ਮਜ਼ਬੂਰ ਕੀਤਾ ਗਿਆ। ਇਸ ਅਨੁਛੇਦ ਦੀ ਸਥਿਤੀ ਮਹੱਤਵਪੂਰਨ ਸੀ।

ਪਹਿਲੇ ਵਿਸ਼ਵ ਯੁੱਧ ਦੇ ਮੂਲ ਕਾਰਨਾਂ 'ਤੇ ਇਤਿਹਾਸਕਾਰ ਸ਼ਤਾਬਦੀਆਂ ਤੱਕ ਬਹਿਸ ਕਰਦੇ ਰਹਿਣਗੇ। ਇਤਿਹਾਸ ਦਾ ਫੈਸਲਾ ਸ਼ਾਇਦ ਇਹ ਹੋ ਸਕਦਾ ਹੈ ਕਿ ਸਾਰੇ ਜੰਗੀ ਰਾਸ਼ਟਰਾਂ 'ਚ ਜਰਮਨੀ ਅਤੇ ਉਸ ਦੇ ਸਾਥੀ ਰਾਸ਼ਟਰਾਂ 'ਤੇ ਹੀ ਯੁੱਧ ਦੀ ਸਭ ਤੋਂ ਜ਼ਿਆਦਾ ਜਿੰਮੇਵਾਰੀ ਸੀ। ਪਰੰਤੂ ਇਤਿਹਾਸਕ ਸੱਚ ਦੀ ਸਥਾਪਨਾ ਕਿਸੇ ਅੰਤਰਰਾਸ਼ਟਰੀ ਸੰਧੀ ਤੋਂ ਨਹੀਂ ਕੀਤੀ ਜਾ ਸਕਦੀ- ਜੋ ਸੰਧੀ ਜੇਤੂਆਂ ਦੁਆਰਾ ਵਿਜਿਤੋਂ 'ਤੇ ਲੱਦੀ ਗਈ ਹੋਵੇ ਉਸ ਤੋਂ ਤਾਂ ਬਿਲਕੁਲ ਨਹੀਂ। ਉਤੇਜਨਾਂ ਦੇ ਉਨ੍ਹਾਂ ਪਲਾਂ 'ਚ ਮਿੱਤਰ-ਰਾਸ਼ਟਰਾਂ ਦੀਆਂ ਸਰਕਾਰਾਂ ਨੇ ਇਹ ਨਹੀਂ ਸੋਚਿਆ ਕਿ ਜਬਰਦਸਤੀ ਅਪਰਾਧ ਸਵੀਕਾਰ ਕਰਵਾਉਣ ਨਾਲ ਕੁਝ ਕੰਮ ਨਹੀਂ ਚੱਲ ਸਕਦਾ ਅਤੇ ਉਸ ਦੇ ਨਤੀਜੇ ਵਜੋਂ ਜਰਮਨ ਜਨਤਾ 'ਚ ਤਿੱਖੇ ਰੋਸ਼ ਦੀ ਭਾਵਨਾ ਫੈਲੇ ਬਿਨਾ ਨਹੀਂ ਰਹੇਗੀ। ਜਰਮਨੀ ਦਾ ਸਮਾਜ ਦਾ ਇਹ ਸਿੱਧ ਕਰਨ 'ਚ ਲੱਗ ਕਿਆ ਕਿ ਉਨ੍ਹਾਂ ਦਾ ਦੇਸ਼ ਨਿਰਦੋਸ਼ ਸੀ। ਇਸ ਸਮਾਜ ਦਾ ਇਹ ਸੁਪਨਾ ਸੀ ਕਿ ਜੇਕਰ ਇਹ ਗੱਲ ਸਿੱਧ ਕਰ ਦਿੱਤੀ ਗਈ ਤਾਂ ਸੰਧੀ ਦਾ ਸਾਰਾ ਢਾਂਚਾ ਹੀ ਲੜਖੜਾ ਜਾਵੇਗਾ। ਮਿੱਤਰ-ਰਾਸ਼ਟਰਾਂ 'ਚ ਵੀ , ਯੁੱਧ ਅਪਰਾਧ ਸਬੰਧੀ ਧਾਰਾ ਦੀ ਵਿਅਰਥਤਾ ਛੇਤੀ ਹੀ ਮਹਿਸੂਸ ਕਰ ਲਈ ਗਈ, ਪਰੰਤੂ ਉਸ ਨੂੰ ਕਦੇ ਵੀ ਵਿਧੀਵਤ ਰੱਦ ਨਹੀਂ ਕੀਤਾ ਗਿਆ ਅਤੇ ਸੰਧੀ ਦੇ ਨਾਲ ਹੀ ਨਸ਼ਟ ਹੋਣ ਲਈ ਛੱਡ ਦਿੱਤਾ ਗਿਆ।

ਸੰਧੀ ਦੇ ਯੁੱਧ-ਅਪਰਾਧੀਆਂ-ਸਬੰਧੀ ਅਨੁਛੇਦ (ਤਤਸਬੰਧੀ ਅਧਿਆਏ ਦਾ ਸਿਰਲੇਖ ਹੈ- Penalties (ਸ਼ਜਾ) ਤੁਰੰਤ ਆਪਣਾ ਪ੍ਰਭਾਵ ਦਿਖਾਉਣ ਵਾਲੇ ਸਨ। ਉਨ੍ਹਾਂ ਵਿੱਚੋਂ ਪਹਿਲਾਂ ਮਿੱਤਰ-ਰਾਸ਼ਟਰਾਂ ਨੇ "ਪਿਛਲੇ ਜਰਮਨ ਸਮਰਾਟ-ਹੋਹੇਨਜਾਲੇਰਨ (Hohenzollern) ਦਾ ਦੂਜਾ ਵਿਲੀਅਮ-'ਤੇ ਸਰਵਜਨਿਕ ਤੌਰ 'ਤੇ ਇਹ ਦੋਸ਼ ਲਾਇਆ ਕਿ ਉਸ ਨੇ ਅੰਤਰਰਾਸ਼ਟਰੀ ਨੈਤਿਕਤਾ ਅਤੇ ਸੰਧੀਆਂ ਦੀ ਪਵਿੱਤਰਤਾ ਦੇ ਵਿਰੁੱਧ ਗੁਰੂਤਮ ਅਪਰਾਧ ਕੀਤਾ ਹੈ।" ਇਸ ਪਿਛਲੇ ਕੈਸਰ 'ਤੇ ਪੰਜ-ਅਮਰੀਕੀ, ਬ੍ਰਿਟਿਸ਼, ਫਰਾਂਸੀਸੀ, ਇਟਾਲੀਅਨ ਅਤੇ ਜਾਪਾਨੀ-ਜੱਜਾਂ ਵਾਲੀ ਅਦਾਲਤ 'ਚ ਮੁਕੱਦਮਾ ਚਲਾਇਆ ਜਾਦਾ ਸੀ ਜਿਸ ਦੀ ਕਮ "ਸਜ਼ਾ ਨਿਸ਼ਚਿਤ ਕਰਨਾ" ਸੀ। ਸੰਧੀ ਅਮਲ 'ਚ ਆਉਣ ਦੇ ਤੁਰੰਤ ਬਾਅਦ ਹੀ ਮਿੱਤਰ ਰਾਸ਼ਟਰਾਂ ਨੇ ਸਰਕਾਰੀ ਤੋਰ 'ਤੇ ਪੋਲੈਂਡ (ਜਿਥੇ ਨਵੰਬਰ 1918 ਦੇ ਪਿਛਲੇ ਕੈਸਰ ਨੇ ਸ਼ਰਨ ਲਈ ਸੀ) ਦੀ ਸਰਕਾਰ ਤੋਂ ਉਕਤ ਕੈਸਰ ਨੂੰ ਉਨ੍ਹਾਂ ਨੂੰ ਸੌਂਪ ਦੇਣ ਦਾ ਅਨੁਰੋਧ ਕੀਤਾ। ਹਾਲੈਂਡ ਸਰਕਾਰ ਨੇ ਜਿਸ ਤਰ੍ਹਾਂ ਦੀ ਉਮੀਦ ਸੀ, ਇਹ ਉੱਤਰ ਦਿੱਤਾ ਕਿ, "ਰਾਜਨੀਤਿਕ ਸ਼ਰਨਾਰਥੀ ਨੂੰ ਵਾਪਸ ਸੌਂਪ ਦੇਣਾ ਅੰਤਰਾਸ਼ਟਰੀ ਪ੍ਰਥਾ (usage) ਦੇ ਵਿਰੁੱਧ ਹੈ" ਅਤੇ ਇਸ ਤਰ੍ਹਾਂ ਸੰਧੀ ਦੇ ਬਹੁਤ ਪ੍ਰਸਿੱਧ ਅਨੁਛੇਦਾਂ 'ਚੋਂ ਇੱਕ ਤਾਂ ਕੁਝ ਹੀ ਮਹੀਨਿਆਂ 'ਚ ਭੁੱਲੀ ਵਿੱਸਰੀ ਗੱਲ ਬਣ ਗਈ। ਇਹ ਇੱਕ ਚੰਗੀ ਕਿਸਮਤ ਵਾਲਾ ਅੰਤ ਸੀ। ਜੇਕਰ ਮਿੱਤਰ-ਰਾਸ਼ਟਰ ਪਿਛਲੇ ਕੈਸਰ 'ਤੇ ਖੁੱਲ੍ਹੇਆਮ ਮੁਕੱਦਮਾ ਚਲਾਉਂਦੇ ਤਾਂ ਜਰਮਨੀ 'ਚ ਉਸ ਦਾ ਗੁਆਚਿਆ ਹੋਇਆ ਸਨਮਾਨ ਫਿਰ ਤੋਂ ਸਥਾਪਿਤ ਹੋ ਜਾਂਦਾ ਅਤੇ ਉਹ ਜਰਮਨੀ ਦੇ ਰਾਸ਼ਟਰੀ ਨੇਤਾ ਅਤੇ ਸ਼ਹੀਦ ਦੇ ਰੂਪ 'ਚ ਸਾਹਮਣੇ ਆ ਜਾਂਦਾ।

ਉਪਯੁਕਤ ਅਨੁਛੇਦ ਤੋਂ ਬਾਅਦ ਦੇ ਅਨੁਛੇਦਾਂ ਦੇ ਅਨੁਸਾਰ ਜਰਮਨੀ ਨੇ ਇਹ ਵਚਨ ਦਿੱਤਾ ਕਿ ਮਿੱਤਰ-ਰਾਸ਼ਟਰਾਂ ਨੇ ਜਰਮਨੀ 'ਚ ਸਥਿਤ ਜਿਨ੍ਹਾਂ ਵਿਅਕਤੀਆਂ 'ਤੇ "ਯੁੱਧ ਦੇ ਨਿਯਮਾਂ ਅਤੇ ਪ੍ਰਥਾਵਾਂ ਦਾ ਉਲੰਘਣ ਕਰਨ ਵਾਲੇ ਕੰਮ ਕਰਨ" ਦਾ ਦੋਸ਼ ਲਾਇਆ ਹੋਵੇ ਉਨ੍ਹਾਂ ਨੂੰ ਉਹ ਮਿੱਤਰ-ਰਾਸ਼ਟਰਾਂ ਦੇ ਸੈਨਿਕ ਅਦਾਲਤਾਂ ਨੂੰ ਮੁਕੱਦਮਾ ਚਲਾਉਣ ਲਈ ਸੌਂਪ ਦੇਵੇਗਾ। ਇਸ ਵਿੱਚ ਸ਼ੱਕ ਹੀ ਹੈ ਕਿ ਇਹ ਉਪਬੰਧ ਕਿੰਨਾ ਹੀ ਤਰਕਸੰਗਤ ਅਰਥ ਲਾਉਂਦੇ ਹੋਏ ਵੀ ਜਰਮਨੀ 'ਚ ਕ੍ਰਾਂਤੀ ਪੈਦਾ ਕੀਤੇ ਬਿਨਾ ਅਮਲ 'ਚ ਲਿਆਂਦਾ ਜਾ ਸਕਦਾ ਸੀ। ਪਰੰਤੂ ਜਦੋਂ ਇਸ ਗੱਲ ਦਾ ਪਤਾ ਲੱਗਿਆ ਕਿ ਮਿੱਤਰ-ਰਾਸ਼ਟਰਾਂ ਦੁਆਰਾ ਤਿਆਰ ਕੀਤੀ ਗਈ ਸੂਚੀ 'ਚ ਯੁਵਰਾਜ, ਹਿੰਡੇਨਬਰਗ, ਲੁਡੇਨਡਾਰਫ਼ ਅਤੇ ਯੁੱਧ ਦੇ ਸਮੇਂ ਜਰਮਨੀ ਵੱਲੋਂ ਲਗਭਗ ਹਰ ਮੁੱਖ ਵਿਅਕਤੀ ਦਾ ਨਾਮ ਸ਼ਾਮਲ ਹੈ, ਉਦੋਂ ਗੁੱਸੇ ਦੀ ਅੱਗ ਇੰਨੀ ਭੜਕ ਉੱਠੀ ਕਿ ਇਸ ਮੰਗ ਨੂੰ ਪੂਰਾ ਕਰਨਾ ਅਸੰਭਵ ਹੋ ਗਿਆ। ਜਰਮਨੀ ਅਤੇ ਮਿੱਤਰ-ਰਾਸ਼ਟਰਾਂ (Allies) ਦੀਆਂ ਸਰਕਾਰਾਂ ਦਰਮਿਆਨ ਲੰਬੀ ਕਸ਼ਮਕਸ਼ ਤੋਂ ਬਾਅਦ ਇੱਕ ਸਮਝੌਤਾ ਹੋਇਆ ਜਿਸ ਦੇ ਅਨੁਸਾਰ ਜਰਮਨ ਸਰਕਾਰ ਨੇ ਇਹ ਸਵੀਕਾਰ ਕਰ ਲਿਆ

ਕਿ ਉਹ ਕੁੱਲ ਅਪਰਾਧੀਆਂ 'ਚੋਂ ਬਾਰ੍ਹਾਂ ਅਪਰਾਧੀਆਂ ਨੂੰ (ਜਿਨ੍ਹਾਂ ਦੇ ਵਿਰੁੱਧ ਯੁੱਧ ਨਿਯਮਾਂ ਨੂੰ ਨਿਸ਼ਚਿਤ ਅਤੇ ਨਿੰਦਾਜਨਕ ਤੌਰ 'ਤੇ ਭੰਗ ਕਰਨ ਦਾ ਦੋਸ਼ ਸੀ) ਲਿਪਜ਼ਿਗ (Leipzig) ਸਥਿਤ ਜਰਮਨ ਸੁਪਰੀਮ ਕੋਰਟ (German Supreme Court) ਦੇ ਸਾਹਮਣੇ ਹਾਜ਼ਰ ਕਰੇਗੀ ਅਤੇ ਇਸ ਅਦਾਲਤ 'ਚ ਮਿੱਤਰ ਰਾਸ਼ਟਰਾਂ ਦੀਆਂ ਸਰਕਾਰਾਂ ਅਭਿਯੋਕਤਾ (prosecutor) ਰਹੇਗੀ। ਮੁਕੱਦਮੇ 1921 'ਚ ਚੱਲੇ। 6 ਅਪਰਾਧੀਆਂ ਦਾ ਅਪਰਾਧ ਸਿੱਧ ਹੋਇਆ ਅਤੇ ਉਨ੍ਹਾਂ ਨੂੰ ਕੈਦ ਦੀ ਸਜ਼ਾ ਦਿੱਤੀ ਗਈ। ਉਸ ਤੋਂ ਬਾਅਦ ਸੰਧੀ ਦੀਆਂ ਇਨ੍ਹਾਂ ਧਾਰਾਵਾਂ ਦੇ ਵਿਸ਼ੇ 'ਚ ਹੋਰ ਕੁਝ ਕਦੇ ਵੀ ਸੁਣਿਆ ਨਹੀਂ ਗਿਆ। ਜੇਕਰ ਉਸ ਸਮੇਂ ਦੇ ਉਤੇਜਿਤ ਵਾਤਾਵਰਨ ਦੇ ਅਨੁਸਾਰ ਮਿੱਤਰ-ਰਾਸ਼ਟਰ ਇਹੀ ਵਿਵਸਥਾ ਆਪਣੇ ਉੱਪਰ ਲਾਗੂ ਕਰਕੇ ਉਸ ਅਨੁਸਾਰ ਆਪਣੇ ਦੇਸ਼ ਵਾਸੀਆਂ 'ਤੇ ਵੀ, ਜਿੰਨ੍ਹਾਂ 'ਤੇ ਜਰਮਨ ਸਰਕਾਰ ਦੁਆਰਾ ਇਸੇ ਤਰ੍ਹਾਂ ਦੇ ਅਪਰਾਧਾਂ ਦੇ ਦੋਸ਼ ਲਾਏ ਗਏ ਸਨ, ਮੁਕੱਦਮਾ ਚਲਾਉਣ ਲਈ ਤਿਆਰ ਹੋ ਜਾਂਦੇ ਤਾਂ ਇਹ ਸਾਰੇ ਕਾਰਵਾਈ ਇੱਕ ਬਹੁਕੀਮਤੀ ਸੁਧਾਰਾਤਮਕ ਕਦਮ ਹੁੰਦਾ ਅਤੇ ਅੰਤਰਰਾਸ਼ਟਰੀ ਕਾਨੂੰਨ ਨੂੰ ਯਥਾਰਥ 'ਚ ਪ੍ਰਭਾਵਸ਼ਾਲੀ ਬਣਾਉਣ ਦਾ ਸਿਹਰਾ ਮਾਨਵਤਾ ਦੇ ਹਿੱਤ 'ਚ ਬਹੁਤ ਪ੍ਰੇਰਣਾਦਾਇਕ ਹੋ ਜਾਂਦਾ।

### ਹਥਿਆਰਬੰਦੀ ਅਤੇ ਨਾਗਰਿਕੀਕਰਨ (Disarmament and Demilitarisation)

ਮਿੱਤਰ ਰਾਸ਼ਟਰਾਂ ਦੀ ਜਿੱਤ ਦਾ ਇਹ ਸੁਭਾਵਿਕ ਅਤੇ ਜ਼ਰੂਰੀ ਨਤੀਜੇ ਸੀ ਕਿ ਉਨ੍ਹਾਂ ਦੇ ਮਨ 'ਚ ਆਪਣੇ ਦੁਸ਼ਮਣਾਂ ਦਾ ਯਥਾਸੰਭਵ ਦੀਰਘਕਾਲ ਤੱਕ ਲਈ ਸੈਨਿਕ ਦ੍ਰਿਸ਼ਟੀ ਤੋਂ ਪੰਗੂ ਬਣਾ ਦੇਣ ਦੀ ਇੱਛਾ ਹੋਵੇ। ਵਿਰਾਮ-ਸੰਧੀ ਅਨੁਸਾਰ ਜਰਮਨੀ ਨੇ ਆਪਣਾ ਜ਼ਿਆਦਾਤਰ ਬੇੜਾ ਅਤੇ ਭਾਰੀ ਤੋਪਖਾਨਾ ਸਮਰਪਿਤ ਕਰ ਦਿੱਤਾ ਸੀ। ਸੰਧੀ ਦੇ ਦੁਆਰਾ ਉਸ ਦੀ ਸੈਨਿਕ ਸ਼ਕਤੀ 'ਤੇ ਸਥਾਈ ਪਾਬੰਦੀ ਲਾ ਦਿੱਤੀ ਗਈ ਸੀ। ਉਸ ਦੀ ਫੌਜ ਦੀ ਗਿਣਤੀ ਸੀਮਤ ਕਰ ਕੇ 1,00,000 ਕਰ ਦਿੱਤੀ ਈ ਸੀ ਜਿਸ ਵਿੱਚ ਸਵੈ ਇੱਛਾ ਨਾਲ ਹੀ ਕਿਸੇ ਨੂੰ ਭਰਤੀ ਕੀਤਾ ਜਾ ਸਕਦਾ ਸੀ। (ਗੈਰ ਜ਼ਰੂਰੀ ਭਰਤੀ (conscription) ਕਰਨ ਦਾ ਬਾਈਕਾਟ ਕੀਤਾ ਗਿਆ;) ਉਨ੍ਹਾਂ ਦੀ ਜਲ ਸੈਨਾ 'ਚ ਸਿਰਫ਼ 6 ਜੰਗੀ ਬੇੜੇ (battleships) ਅਤੇ ਉਨੇ ਹੀ ਗਸ਼ਤੀ ਜਹਾਜ਼ (cruisers) ਅਤੇ ਤਬਾਹਕਾਰੀ (destroyers) ਰਹਿ ਸਕਦੇ ਸਨ। ਉਹ ਪਣਡੁੱਬੀਆਂ (submarines), ਸੈਨਿਕ ਹਵਾਈ ਜਹਾਜ਼ ਅਤੇ ਭਾਰੀ ਤੋਪਾਂ ਨਹੀਂ ਰੱਖ ਸਕਦਾ ਸੀ ਅਤੇ ਕਿਲੇਬੰਦੀ ਨਹੀਂ ਕਰ ਸਕਦਾ ਸੀ। ਹਰ ਤਰ੍ਹਾਂ ਦੀ ਯੁੱਧ ਸਮੱਗਰੀ ਦਾ ਨਤੀਜਾ ਅਤੇ ਯੁੱਧ ਸਮੱਗਰੀ ਤਿਆਰ ਕਰਨ ਵਾਲੀਆਂ ਫੈਕਟਰੀਆਂ ਦੀ ਗਿਣਤੀ ਵੀ ਬਹੁਤ ਸਖ਼ਤਾਈ ਨਾਲ ਸੀਮਤ ਕਰ ਦਿੱਤੀ ਗਈ ਸੀ। ਮਿੱਤਰ ਰਾਸ਼ਟਰਾਂ ਨੇ ਸੈਲਿਕ , ਜਲ ਸੈਨਿਕ ਅਤੇ ਹਵਾਈ ਸੈਨਿਕ ਕਮਿਸ਼ਨ (Allied Naval, Military and Air Commissions) ਜਿਨ੍ਹਾਂ ਦੇ ਅਧਿਕਾਰੀਆਂ ਦੀ ਗਿਣਤੀ ਇੱਕ ਸਮੇਂ ਲਗਭਗ 2,000 ਤੱਕ ਪਹੁੰਚ ਗਈ ਸੀ, ਜਰਮਨੀ ਨੇ ਇਨ੍ਹਾਂ ਉਪਬੰਧਾਂ ਦਾ ਪਾਲਣ ਕਰਵਾਉਣ ਲਈ ਰੱਖੇ ਗਏ ਅਤੇ 1927 ਤੱਕ ਉਨ੍ਹਾਂ ਨੂੰ ਅੰਤਿਮ ਤੌਰ 'ਤੇ ਹਟਾਇਆ ਵੀ ਨਹੀਂ ਗਿਆ। ਇਨ੍ਹਾਂ ਪਾਬੰਦੀਆਂ ਦੀ ਸਖ਼ਤਾਈ ਤੋਂ ਬਚਣ ਲਈ ਜਰਮਨੀ ਨੇ ਹਰ ਯਤਨ ਕੀਤਾ। ਕਾਫ਼ੀ ਯੁੱਧ ਸਮੱਗਰੀ ਛਿਪਾ ਕੇ ਨਸ਼ਟ ਹੋਣ ਤੋਂ ਬਚਾ ਲਈ ਗਈ ਅਤੇ ਜਿਉਂ ਹੀ ਕੰਟਰੋਲ ਢਿੱਲਾ ਕੀਤਾ ਗਿਆ ਤਿਵੇਂ ਹੀ ਜਰਮਨੀ ਦੀ ਸੈਨਿਕ ਸ਼ਕਤੀ ਨੂੰ ਦੁਬਾਰਾ ਵਧਾ ਲੈਣ ਦੀਆਂ ਗੁਪਤ ਤਿਆਰੀਆਂ ਹੋਣ ਲੱਗੀਆਂ। ਪਰੰਤੂ ਸਾਰੀਆਂ ਗੱਲਾਂ 'ਤੇ ਵਿਚਾਰ ਕਰਨ ਤੋਂ ਬਾਅਦ ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ 1924 ਤੱਕ ਜਰਮਨੀ ਦਾ ਜਿੰਨਾ ਹਥਿਆਰਬੰਦੀ ਕੀਤੀ ਗਈ ਸੀ ਉਹ ਆਧੁਨਿਕ ਇਤਿਹਾਸ 'ਚ ਲਿਖਤ ਕਿਸੇ ਵੀ ਹਥਿਆਰਬੰਦੀ ਤੋਂ ਜ਼ਿਆਦਾ ਸਖ਼ਤ ਅਤੇ ਪੂਰਨ ਸੀ।

ਇੱਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਵਰਸਾਈ ਦੀ ਸੰਧੀ ਦੇ ਅਨੁਸਾਰ ਰਾਈਨ ਲੈਂਡ (Rhine land) ਦਾ ਨਾ ਸਿਰਫ਼ ਸਥਾਈ ਤੌਰ 'ਤੇ ਨਾਗਰਿਕੀਕਰਨ ਕਰ ਦਿੱਤਾ ਜਾਣਾ ਸੀ, ਸਗੋਂ ਪੰਦਰ੍ਹਾਂ ਸਾਲਾਂ ਤਕ ਉਸ 'ਤੇ ਮਿੱਤਰ ਰਾਸ਼ਟਰਾਂ ਦੀ ਫੌਜ ਦਾ ਅਧਿਕਾਰ ਵੀ ਰਹਿਣਾ ਸੀ। ਅਧਿਕ੍ਰਿਤ ਖੇਤਰ ਦਾ ਨਾਗਰਿਕ ਪ੍ਰਸ਼ਾਸਨ ਜਰਮਨ ਅਧਿਕਾਰੀਆਂ ਦੇ ਹੱਥਾਂ 'ਚ ਹੀ ਰਿਹਾ ਪਰੰਤੂ ਅੰਤਰਮਿੱਤਰ-ਰਾਸ਼ਟਰੀ ਉੱਚ ਕਮਿਸ਼ਨ (Inter Allied High Commission) ਨੂੰ ਜਿਸ ਵਿੱਚ ਫਰਾਂਸ, ਬੈਲਜੀਅਮ, ਬ੍ਰਿਟੇਨ ਅਤੇ ਅਮਰੀਕਾ ਦੇ ਪ੍ਰਤੀਨਿਧੀ ਰੱਖੇ ਗਏ ਸਨ, ਮਿੱਤਰ ਰਾਸਟਰਾਂ ਦੀ ਫੌਜ ਦੀ 'ਸੁਰੱਖਿਆ, ਨਿਰਵਾਹ'' (maintenance) ਅਤੇ ਲੋੜਾਂ ਦੀ ਪੂਰਤੀ ਲਈ ਜਰੂਰੀ ਅਧਿਆਦੇਸ਼ (ordinance) ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਸੀ ਅਤੇ ਇਹ ਅਧਿਆਦੇਸ਼ ਕਾਨੂੰਨ ਵਾਂਗ ਹੀ ਪ੍ਰਭਾਵਸ਼ੀਲ ਹੁੰਦੇ ਸਨ। ਯੂਨਾਈਟਿਡ ਸਟੇਟਸ ਦੁਆਰਾ ਸੰਧੀ ਦਾ ਅਨੁਸਮਰਥਨ ਨਾ ਕੀਤੇ ਜਾਣ ਦੇ ਬਾਵਜੂਦ ਅਮਰੀਕੀ ਫੌਜਾਂ ਰਾਈਨਲੈਂਡ 'ਚ 1923 ਤੱਕ ਬਣੀਆਂ ਰਹੀਆਂ ਅਤੇ ਅਮਰੀਕੀ ਕਮਿਸ਼ਨਰ (Commissoner) ਹਾਈ ਕਮਿਸ਼ਨ ਦੀਆਂ ਬੈਠਕਾਂ 'ਚ ਬਰਾਬਰ ਹਿੱਸਾ ਲੈਂਦਾ ਰਿਹਾ ਭਾਵੇਂ ਉਸ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਸੀ।

ਰਾਈਨਲੈਂਡ ' ਤੇ ਸੰਯੁਕਤ ਅਧਿਕਾਰ ਨਾਲ ਜਰਮਨੀ ਦੇ ਪ੍ਰਤੀ ਫਰਾਂਸ ਅਤੇ ਬ੍ਰਿਟੇਨ ਦੇ ਦ੍ਰਿਸ਼ਟੀਕੋਣ ਦੀ ਵਿਭਿੰਨਤਾ, ਜਿਸ ਦੇ ਕਾਰਨ 1920 ਤੋਂ ਹੀ ਯੂਰਪੀ ਰਾਜਨੀਤੀ 'ਚ ਵੱਡੀ ਬੇਯਕੀਨੀ ਅਤੇ ਅਸਥਿਰਤਾ ਬਣੀ ਰਹੀ, ਪਹਿਲੀ ਵਾਰ ਪ੍ਰਗਟ ਹੋਈ। ਯੁੱਧ ਦੀ ਸਮਾਪਤੀ ਦੇ ਸਮੇਂ ਜਰਮਨ-ਵਿਰੋਧੀ ਭਾਵਨਾਵਾਂ ਲੰਦਨ 'ਚ ਵੀ ਉਨੀਆਂ ਹੀ ਤੇਜ਼ ਸਨ ਜਿੰਨੀਆਂ ਪੈਰਿਸ 'ਚ ਅਤੇ ਵਰਸਾਈ ਦੀ ਸੰਧੀ ਦੀਆਂ ਕੁਝ ਬਹੁਤ ਦੁਰਭਾਵਨਾਜਨਕ ਧਾਰਾਵਾਂ। ਜੇਕਰ ਬ੍ਰਿਟਿਸ਼ ਸਰਕਾਰ ਦੀ ਪ੍ਰੇਰਨਾ ਨਾਲ ਨਹੀਂ ਲਿਖੀਆਂ ਗਈਆਂ, ਤਾਂ ਘੱਟੋ-ਘੱਅ ਉਸ ਨੇ ਉਨ੍ਹਾਂ ਦਾ ਦਿਲੀ ਅਨੁਮੋਦਨ ਤਾਂ ਕੀਤਾ ਹੀ ਸੀ। ਪਰੰਤੂ ਬ੍ਰਿਟੇਨ 'ਚ ਇਹ ਦੁਰਭਾਵਨਾ ਤੇਜ਼ੀ ਨਾਲ ਘੱਟ ਹੁੰਦੀ ਗਈ। ਜਿੱਥੇ ਫਰਾਂਸ ਨੂੰ ਹਾਰੇ ਜਰਮਨੀ ਤੋਂ ਵੀ ਡਰ ਸੀ, ਉੱਥੇ ਜਰਮਨ ਬੇੜੇ ਦੇ ਨਸ਼ਟ ਹੋ ਜਾਣ ਨਾਲ ਬ੍ਰਿਟਿਸ਼ ਸਾਮਰਾਜ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਸਮਝਣ ਲੱਗਾ ਸੀ। ਬ੍ਰਿਟੇਨ ਇਸ ਗੱਲ ਲਈ ਪ੍ਰਸਿੱਧ ਹੈ ਹੀ ਕਿ ਉਸ ਨੂੰ ਯੂਰਪ ਮਹਾਂਦੀਪ 'ਚ ਕਿਸੇ ਵੀ ਇੱਕ ਰਾਸ਼ਟਰ ਦਾ ਸ਼ਕਤੀਸ਼ਾਲੀ ਹੋਣਾ ਫੁੱਟੀਆਂ ਅੱਖਾਂ ਨਹੀਂ ਭਾਉਂਦਾ; ਆਖ਼ਰ: ਇਸ ਸਮੇਂ ਜੇਕਰ ਬ੍ਰਿਟੇਨ ਫਰਾਂਸ ਨੂੰ ਜਰਮਨੀ ਨੂੰ ਮਿੱਟੀ 'ਚ ਮਿਲਾ ਦੇਣ ਦਿੰਦਾ ਤਾਂ ਇਹ ਗੱਲ ਇਸ ਪਰੰਪਰਾ ਦੇ ਵਿਰੁੱਧ ਹੁੰਦੀ। ਹਾਰੇ ਦੁਸ਼ਮਣ ਪ੍ਰਤੀ ਉਦਾਰਵਾਦ ਦਿਖਾਉਣ ਅਤੇ ਨਿਆਂ ਕਰਨ ਦੀ ਪਰੰਪਰਾਗਤ ਬ੍ਰਿਟਿਸ਼ ਮਾਨਤਾਵਾਂ ਅਤੇ ਫਰਾਂਸੀਸੀਆਂ ਦੀ ਬੰਧਪੱਤਰ (bond) 'ਚ ਨਿਰਦਿਸ਼ਟ ਖ਼ੂਨ ਦੀ ਆਖ਼ਰੀ ਬੂੰਦ ਤੱਕ ਕੱਢ ਲੈਣ ਲਈ ਉਤਸੁਕ ਸੂਖਮ ਵਿਧੀਨਿਸ਼ਠ ਮਨੋਵਿਰਤੀ 'ਚ ਸੰਘਰਸ਼ ਹੋਇਆ। ਰਾਈਨਲੈਂਡ ਦੇ ਦੱਖਣੀ ਭਾਗ 'ਤੇ ਅਧਿਕਾਰ ਕਰਨ ਵਾਲੀ

**ਨੋਟ**

ਫਰਾਂਸੀਸੀ ਫੌਜ ਨੇ ਜਿੱਥੇ ਇੱਕ ਪਾਸੇ ਦੁਸ਼ਮਣ ਦੇਸ਼ 'ਚ ਜੇਤੂਆਂ ਦੇ ਬਰਾਬਰ ਰਹਿਣ ਦਿਖਾਇਆ ਉੱਥੇ ਦੂਜੇ ਪਾਸੇ ਬ੍ਰਿਟਿਸ਼ ਫੌਜ ਨੇ ਜਿਸ ਦਾ ਮੁੱਖ ਦਫ਼ਤਰ ਕੋਲੋਨ (Cologne) 'ਚ ਸੀ, ਜਰਮਨ ਲੋਕਾਂ ਨਾਲ ਛੇਤੀ ਹੀ ਕਾਫ਼ੀ ਮਿੱਤਰਤਾਪੂਰਨ ਸਬੰਧ ਸਥਾਪਿਤ ਕਰ ਲਏ। ਬ੍ਰਿਟਿਸ਼ ਸਿਪਾਹੀ, ਸਿਧਾਂਤਿਕ ਤੌਰ 'ਤੇ ਇੱਕ ਨਾਪਸੰਦ ਮਹਿਮਾਨ ਹੁੰਦੇ ਹੋਏ ਵੀ ਬਹੁਤ ਹਰਮਨਪਿਆਰਾ ਬਣ ਗਿਆ।

ਇਸ ਤਰ੍ਹਾਂ ਦੀਆਂ ਘਟਨਾਵਾਂ 'ਚ ਪਹਿਲੀ ਘਟਨਾ ਰੂਰ 'ਚ ਸਥਿਤ ਫਰਾਂਸ ਦੀ ਫੌਜ 'ਚ ਅਸ਼ਵੇਤ (coloured) ਸੈਨਿਕ ਟੁਕੜੀ ਨੂੰ ਸ਼ਾਮਲ ਕੀਤੇ ਜਾਣ ਨਾਲ ਸਬੰਧਿਤ ਸੀ। ਫਰਾਂਸ ਦੀ ਪਰੰਪਰਾ ਰੰਗਭੇਦ ਨਹੀਂ ਮੰਨਦੀ ਅਤੇ ਇਹ ਸੰਭਵ ਨਹੀਂ ਹੈ ਕਿ ਜਰਮਨ ਜਨਤਾ ਦਾ ਹੋਰ ਵੀ ਅਪਮਾਨ ਕਰਨ ਲਈ ਫਰਾਂਸੀਸੀ ਅਧਿਕਾਰੀਆਂ ਨੇ ਅਸ਼ਵੇਤ ਸਿਪਾਹੀਆਂ ਨੂੰ ਜਾਣ ਬੁੱਝ ਕੇ ਰਾਈਨਲੈਂਡ 'ਚ ਭੇਜਿਆ ਹੋਵੇ। ਜਰਮਨ ਲੋਕਾਂ ਨੇ ਤਾਂ ਇਸ ਦਾ ਇਹੀ ਅਰਥ ਲਾਇਆ ਅਤੇ ਇਹ ਜਾਣਦੇ ਹੋਏ ਕਿ ਬ੍ਰਿਟੇਨ ਅਤੇ ਅਮਰੀਕਾ ਰੰਗਭੇਦ ਦੀ ਨੀਤੀ 'ਚ ਜਰਮਨੀ ਤੋਂ ਵੀ ਜ਼ਿਆਦਾ ਵਿਸ਼ਵਾਸ ਰੱਖਦੇ ਹਨ, ਆਪਣੀ ਇਸ ਸ਼ਿਕਾਇਤ ਨੂੰ ਉਨ੍ਹਾਂ ਦੇ ਸਾਹਮਣੇ ਰੱਖਣ ਦਾ ਮੌਕਾ ਹੱਥੋਂ ਨਹੀਂ ਗੁਆਇਆ। "ਅਸ਼ਵੇਤ-ਅਪਮਾਨ" (Black shame) ਅਤੇ ਅਸ਼ਵੇਤ ਫੌਜ ਦੇ ਅਭਿਕਥਿਤ ਮਾੜੇ ਕੰਮਾਂ ਨੂੰ ਜਰਮਨ ਪ੍ਰਚਾਰਕਾਂ ਨੇ ਆਪਣੇ ਪ੍ਰਚਾਰ ਦਾ ਖੂਬ ਸਾਧਨ ਬਣਾਇਆ। ਇਸ ਤਰ੍ਹਾਂ ਯੁੱਧ ਤੋਂ ਬਾਅਦ ਪਹਿਲੀ ਵਾਰੀ ਬ੍ਰਿਟਿਸ਼ ਅਤੇ ਅਮਰੀਕੀ ਲੋਕਮਤ ਨੇ ਫਰਾਂਸ ਦੇ ਵਿਰੁੱਧ ਜਰਮਨੀ ਦਾ ਦ੍ਰਿੜ ਸਮਰਥਨ ਕੀਤਾ।

ਦੂਜੀ ਘਟਨਾ ਫਰਾਂਸ ਦੁਆਰਾ ਰਾਈਨਲੈਂਡ 'ਚ ਇੱਕ ਤਥਾਕਥਿਤ "ਵੱਖਵਾਦੀ" (separatist) ਅੰਦੋਲਨ ਨੂੰ ਉਤਸ਼ਾਹ ਦਿੱਤੇ ਜਾਣ ਨਾਲ ਸਬੰਧਿਤ ਸੀ। ਫਰਾਂਸ ਸ਼ਾਂਤੀ-ਚਰਚਾ ਦੇ ਸਮੇਂ ਰਾਈਨਲੈਂਡ ਨੂੰ ਜਰਮਨੀ ਤੋਂ ਵੱਖਰਾ ਨਹੀਂ ਕਰਵਾ ਸਕਿਆ ਸੀ। ਹੁਣ ਕੁਝ ਫਰਾਂਸੀਸੀ ਸੈਨਾਪਤੀ ਅਤੇ ਅਧਿਕਾਰੀ, ਫਰਾਂਸੀਸੀ ਸਰਕਾਰ ਦੇ ਮੌਨ ਅਨੁਮੋਦਨਪੂਰਵਕ, ਇਸੇ ਉਦੇਸ਼ ਦੀ ਪੂਰਤੀ ਸਥਾਨਕ ਜਨਤਾ ਨੂੰ ਬਰਲਿਨ ਦੀ ਸੱਤਾ ਨੂੰ ਉਲਟ ਕੇ 'ਰਾਈਨਲੈਂਡ ਨੂੰ ਇੱਕ ਸੁਤੰਤਰ ਜਰਮਨ ਰਾਜ' ਐਲਾਨ ਦੇਣ ਲਈ ਉਭਾੜਕਰ ਕਰਨਾ ਚਾਹੁੰਦੇ ਸਨ। ਇਹ ਅੰਦੋਲਨ ਲਗਭਗ ਬਿਲਕੁਲ ਅਵਾਸਤਵਿਕ ਸੀ। 100 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਰਾਈਨਲੈਂਡ ਦਾ ਜ਼ਿਆਦਾਤਰ ਭਾਗ ਪ੍ਰਸ਼ਾ 'ਚ ਸ਼ਾਮਲ ਚੱਲਿਆ ਆ ਰਿਹਾ ਸੀ ਅਤੇ ਕੋਈ ਰਾਈਨਵਾਸੀ ਫਰਾਂਸ ਦੀ ਸੁਰੱਖਿਆ 'ਚ ਅਵਾਸਤਵਿਕ ਸਵਾਇਤ ਸ਼ਾਸਨ ਨਹੀਂ ਚਾਹੁੰਦਾ ਸੀ। ਪਰੰਤੂ ਫਰਾਂਸੀਸੀਆਂ ਨੂੰ ਕੁਝ ਜਰਮਨ ਭਗੌੜੇ ਮਿਲ ਗਏ ਤਾਂ ਫਰਾਂਸੀਸੀ ਉਨ੍ਹਾਂ ਨੂੰ ਬਾਹਰੋਂ ਲੈ ਆਏ ਜੋ ਕਾਫ਼ੀ ਪੈਸਾ ਲੈ ਕੇ ਫਰਾਂਸ ਦਾ ਇਹ ਨਾਟਕ ਕਰਨ ਲਈ ਤਿਆਰ ਹੋ ਗਏ। ਤਿੰਨ ਸਾਲ ਤੱਕ ਵੱਖਵਾਦੀ ਅੰਦੋਲਨ ਦਾ ਇਹ ਨਾਟਕ ਚੱਲਦਾ ਰਿਹਾ ਪਰੰਤੂ 1923 'ਚ ਹਾਲਾਤ ਵਿਗੜ ਗਏ। ਪੇਲੇਟੀਨੇਟ (Palatinate) 'ਚ, ਜੋ ਬੇਵੇਰੀਆ (Bavaria) ਦਾ ਹਿੱਸਾ ਸੀ, ਨਾ ਕਿ ਪ੍ਰਸ਼ਾ ਦਾ ਹਾਈ ਕਮਿਸ਼ਨ ਦੇ ਸਥਾਨਕ ਫਰਾਂਸੀਸੀ ਪ੍ਰਤੀਨਿਧੀ ਨੇ ਵੱਖਵਾਦੀਆਂ ਨੂੰ ਇੱਕ ਸੁਤੰਤਰ ਸਰਕਾਰ ਦੇ ਰੂਪ 'ਚ ਮਾਨਤਾ ਦੇ ਦਿੱਤੀ ਅਤੇ ਵੱਖਵਾਦੀਆਂ ਨੇ, ਜਿਨ੍ਹਾਂ ਨੇ ਫਰਾਂਸੀਸੀ ਸੈਨਿਕ ਅਧਿਕਾਰੀਆਂ ਨੇ ਇਸੇ ਉਦੇਸ਼ ਲਈ ਸ਼ਾਸਤਰ ਆਦਿ ਦਿੱਤੇ ਸਨ, ਜਰਮਨ ਅਧਿਕਾਰੀਆਂ ਨੂੰ ਕੱਢ ਕੇ ਬਾਹਰ ਕੀਤਾ ਅਤੇ ਪ੍ਰਸ਼ਾਸਨ ਆਪਣੇ ਹੱਥ 'ਚ ਲੈ ਲਿਆ। ਜਨਵਰੀ 1924 'ਚ ਹਾਈ ਕਮਿਸ਼ਨ ਨੇ ਬਹੁਮਤ ਨਾਲ (ਫਰਾਂਸ ਅਤੇ ਬੈਲਜੀਅਮ ਨੇ ਬ੍ਰਿਟੇਨ ਦੇ ਵਿਰੁੱਧ ਮਤ ਦਿੱਤਾ ਸੀ) ਪੇਲੇਟੀਨੇਟ ਦੀ "ਸਵਾਇਤ (autonomous) ਸਰਕਾਰ" ਨੂੰ ਅਧਿਕ੍ਰਿਤ ਤੌਰ 'ਤੇ ਮਾਨਤਾ ਦੇ ਦਿੱਤੀ। ਬ੍ਰਿਟਿਸ਼ ਲੋਕਮਤ ਅਤੇ ਬ੍ਰਿਟਿਸ਼ ਸਰਕਾਰ ਨੂੰ ਇਹ ਗੱਲ ਬਹੁਤ ਬੁਰੀ ਲੱਗੀ ਅਤੇ ਜਦੋਂ ਉਸ ਨੇ ਫਰਾਂਸੀਸੀ ਸਰਕਾਰ 'ਤੇ ਕਾਫ਼ੀ ਦਬਾਅ ਪਾਇਆ ਤਾਂ ਫਰਾਂਸੀਸੀ ਸਰਕਾਰ ਨੇ ਰਾਈਨ ਲੈਂਡ ਸਥਿਤ ਆਪਣੇ ਪ੍ਰਤੀਨਿਧੀਆਂ ਨੂੰ ਵੱਖਵਾਦੀਆਂ ਦਾ ਸਮਰਥਨ ਬੰਦ ਕਰਨ ਦਾ ਆਦੇਸ਼ ਦਿੱਤਾ। ਇਸ ਦਾ ਨਤੀਜਾ ਤਬਾਹਕਾਰੀ ਹੋਇਆ। ਸਾਰਾ ਅੰਦੋਲਨ ਕੁਝ ਹੀ ਘੰਟਿਆਂ 'ਚ ਸਮਾਪਤ ਹੋ ਗਿਆ। ਪੇਲੇਟੀਨੇਟ ਦੇ ਮੁੱਖ ਨਗਰਾਂ 'ਚ ਦੰਗੇ ਹੋਏ; ਅਤੇ ਫੌਜ ਦੇ ਦਖ਼ਲ ਤੋਂ ਪਹਿਲਾਂ ਹੀ ਜਨਤਾ ਨੇ ਕੋਈ ਵੀਹ ਜਾਂ ਜ਼ਿਆਦਾ ਵੱਖਵਾਦੀਆਂ ਨੂੰ ਬਹੁਤ ਜ਼ਿਆਦਾ ਤਸੀਹੇ ਦਿੰਦੇ ਹੋਏ ਮਾਰ ਦਿੱਤਾ। ਫਰਵਰੀ 1924 ਤੋਂ ਬਾਅਦ ਰਾਈਨਲੈਂਡ 'ਚ ਵੱਖਵਾਦੀ ਅੰਦੋਲਨ ਦਾ ਨਾਮੋਨਿਸ਼ਾਨ ਵੀ ਨਹੀਂ ਰਿਹਾ।

ਜਰਮਨੀ ਅਤੇ ਮਿੱਤਰ ਰਾਸ਼ਟਰਾਂ, ਅਤੇ ਫਰਾਂਸ ਅਤੇ ਗ੍ਰੇਟ ਬ੍ਰਿਟੇਨ ਦੇ ਸਬੰਧਾਂ ਨੂੰ ਇਸ ਸਮੇਂ 'ਚ ਪ੍ਰਭਾਵਿਤ ਕਰਨ ਵਾਲੀ ਤੀਜੀ ਅਤੇ ਸਭ ਤੋਂ ਮਹੱਤਵਪੂਰਨ ਘਟਨਾ ਨੁਕਸਾਨਪੂਰਤੀ ਦੇ ਪੇਚੀਦਾ ਪ੍ਰਸ਼ਨ ਸਬੰਧੀ ਸੀ ਜਿਸ 'ਤੇ ਅਸੀਂ ਹੁਣ ਵਿਚਾਰ ਕਰਾਂਗੇ।

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :**

4. .....ਦੇ ਬਾਅਦ ਰਾਈਨ ਲੈਂਡ 'ਚ ਵੱਖਵਾਦੀ ਅੰਦੋਲਨ ਦਾ ਨਾਮੋਨਿਸ਼ਾਲ ਵੀ ਨਹੀਂ ਰਿਹਾ।
   (ੳ) ਜਨਵਰੀ, 1924 (ਅ) ਫਰਵਰੀ, 1924
   (ੲ) ਮਾਰਚ, 1924 (ਸ) ਅਪਰੈਲ, 1924
5. .........ਤੱਕ ਜਰਮਨ ਵਿਰੋਧ ਦੀ ਕਮਰ ਟੁੱਟ ਗਈ। ਇਸ ਸਮੇਂ ਬਰਲਿਨ 'ਚ ਇੱਕ ਨਵੇਂ ਮੰਤਰੀਮੰਡਲ ਦਾ ਨਿਰਮਾਣ ਹੋਇਆ।
   (ੳ) ਸਤੰਬਰ, 1923 (ਅ) ਅਗਸਤ, 1923
   (ੲ) ਦਸੰਬਰ, 1923 (ਸ) ਮਾਰਚ, 1923
6. .......'ਚ ਫਰਾਂਸ 'ਚ ਜੋ ਚੋਣਾਂ ਹੋਈਆਂ, ਉਨ੍ਹਾਂ ਵਿੱਚ ਖੱਬੇਪੱਖੀਆਂ ਦੀ ਜਿੱਤ ਹੋਈ।
   (ੳ) 1954 (ਅ) 1965
   (ੲ) 1924 (ਸ) 1901

ਨੋਟ

## ਨੁਕਸਾਨ ਪੂਰਤੀ (Reparation)

ਯੁੱਧਕਾਲ 'ਚ ਕਈ ਦੇਸ਼ਾਂ ਦੀ ਪਰਜਾਤੰਤਰੀ ਵਿਚਾਰਧਾਰਾ ਸ਼ਾਂਤੀ-ਸੰਧੀਆਂ 'ਚ ਮਨਜ਼ੂਰ ਹਾਰੇ ਦੇਸ਼ਾਂ ਤੋਂ ਸਜ਼ਾ ਦੇ ਰੂਪ 'ਚ 'ਯੁੱਧ-ਨੁਕਸਾਨਪੂਰੀ' (war indemnity) ਵਸੂਲਣ ਦੇ ਰਵੱਈਏ ਦਾ ਵਿਰੋਧ ਕਰਦੀ ਸੀ। ਮਿੱਤਰ ਰਾਸ਼ਟਰਾਂ ਦੀਆਂ ਸਰਕਾਰਾਂ ਨੂੰ ਇਸ ਰਾਇ ਦੇ ਸਾਮਹਣੇ ਦੱਬਣਾ ਪਿਆ ਅਤੇ ਉਨ੍ਹਾਂ ਨੇ ਵਰਸਾਈ ਦੀ ਸੰਧੀ 'ਚ ਆਪਣੀ ਮੰਗ ਸਿਰਫ਼ ਇਸੇ ਗੱਲ ਤੱਕ ਸੀਮਤ ਰੱਖੀ ਕਿ ਜਰਮਨੀ 'ਮਿੱਤਰ ਅਤੇ ਸਾਥੀ ਰਾਸ਼ਟਰਾਂ ਦੀ ਲੋਕਤੰਤਰਿਕ ਜਨਤਾ ਦੀ ਜਾਨੀ-ਮਾਲੀ ਜੋ ਵੀ ਨੁਕਸਾਨ ਹੋਇਆ ਹੋਵੇ, ਉਸ ਦਾ ਭਰਪਾਈ ਕਰੇ।' ਪਰ ਇਸ ਰਿਆਇਤ ਦਾ ਕੋਈ ਖਾਸ ਵਿਹਾਰਕ ਨਤੀਜਾ ਨਹੀਂ ਨਿੱਕਲਿਆ, ਕਿਉਂਕਿ ਇਹ ਜਲਦੀ ਹੀ ਸਪੱਸ਼ਟ ਹੋ ਗਿਆ ਕਿ ਜਰਮਨੀ ਦੇ ਵਸੀਲਿਆਂ ਨਾਲ ਇਸ ਨੁਕਸਾਨ ਪੂਰਤੀ ਦਾ ਭੁਗਤਾਣ ਨਹੀਂ ਹੋ ਸਕਦਾ ਸੀ। ਜਿੱਥੋਂ ਤੱਕ ਹਾਰੇ ਰਾਸ਼ਟਰ ਵੱਲੋਂ ਜੇਤੂਆਂ ਨੂੰ ਭੁਗਤਾਣ ਕਰਨ ਦਾ ਸਵਾਲ ਹੈ, ਵਰਸਾਈ ਦੀ ਸੰਧੀ ਅਤੇ ਪਿਛਲੀਆਂ ਸ਼ਾਂਤੀ-ਸੰਧੀਆਂ 'ਚ ਮਹੱਤਵਪੂਰਨ ਫਰਕ ਇਹ ਸੀ ਕਿ ਇਸ ਵਾਰ ਸੰਧੀ 'ਚ ਭੁਗਤਾਣ ਦੀ ਕੋਈ ਰਕਮ ਨਿਸ਼ਚਿਤ ਨਹੀਂ ਕੀਤੀ ਸੀ। ਇਹ ਗੱਲ ਮਿੱਤਰ-ਰਾਸ਼ਟਰ ਕਮਿਸ਼ਨ (Allied Commission) 'ਤੇ, ਜਿਸ ਦਾ ਨਾਂਅ 'ਨੁਕਸਾਨਪੂਰਤੀ ਕਮਿਸ਼ਨ' ਸੀ, ਛੱਡ ਦਿੱਤੀ ਗਈ ਸੀ ਕਿ ਉਹ ਬਿੱਲ ਤਿਆਰ ਕਰੇ ਅਤੇ ਇਹ ਨਿਸ਼ਚਿਤ ਕਰੇ ਕਿ ਇਸ ਬਿੱਲ ਦੀ ਰਕਮ ਕਿਸ ਤਰ੍ਹਾਂ ਚੁਕਾਈ ਜਾਵੇ। ਨਿਰਧਾਰਨ (assessment) ਪਹਿਲੀ ਮਈ 1921 ਤੱਕ ਕੀਤਾ ਜਾਣਾ ਸੀ। ਇਸ ਤਾਰੀਖ ਤੋਂ ਪਹਿਲਾਂ ਜਰਮਨੀ ਨੂੰ 1,00,00,00,000 ਪੌਂਡ ਅੰਸ਼ਕ ਭੁਗਤਾਣ ਦੇ ਰੂਪ 'ਚ ਦੇਣ ਸਨ। ਅਨੁਮਾਨ ਇਹ ਲਾਇਆ ਕਿ ਪੂਰਾ ਭੁਗਤਾਣ ਘੱਟੋ-ਘੱਟ ਤੀਸ ਸਾਲਾਂ 'ਚ ਜਾ ਕੇ ਪੂਰਾ ਹੋ ਸਕੇਗਾ।

ਵਰਸਾਈ-ਸੰਧੀ 'ਤੇ ਦਸਤਖ਼ਤ ਹੋਣ ਤੋਂ ਪਹਿਲਾਂ ਮਿੱਤਰ ਰਾਸ਼ਟਰਾਂ ਅਤੇ ਜਰਮਨ ਪ੍ਰਤੀਨਿਧੀਮੰਡਲ ਦਰਮਿਆਨ ਹੋਏ ਪੱਤਰ-ਵਿਹਾਰ 'ਚ ਮਿੱਤਰ ਰਾਸ਼ਟਰਾਂ ਨੇ ਇਹ ਵਚਨ ਦਿੱਤਾ ਸੀ ਕਿ "ਪੂਰੀ ਜ਼ਿੰਮੇਵਾਰੀ ਦੇ ਨਿਬੇੜੇ ਚ ਜਰਮਨੀ ਜੇਕਰ ਕੋਈ ਯਕਮੁਸ਼ਤ ਰਕਮ ਦੇਣਾ ਚਾਹੇ, ਤਾਂ ਮਿੱਤਰ ਰਾਸ਼ਟਰ ਅਜਿਹੇ ਪ੍ਰਸਤਾਵ 'ਤੇ ਵਿਚਾਰ ਕਰਨਗੇ।" ਇਹ ਯਕਮੁਸ਼ਤ ਭੁਗਤਾਣ ਨੁਕਸਾਨ ਪੂਰਤੀ ਕਮਿਸ਼ਨ ਵੱਲੋਂ ਨਿਰਧਾਰਿਤ ਰਾਸ਼ੀ ਦੇ ਸਥਾਨ 'ਚ ਕੀਤਾ ਜਾ ਸਕਦਾ ਸੀ। ਇਸ ਤਰ੍ਹਾਂ 1920 ਦੀਆਂ ਮੁੱਖ ਗੱਲਾਂ ਦਿੱਤੀਆਂ ਸਨ, ਉਕਤ ਪ੍ਰਸਤਾਵ ਦੀਆਂ ਸੰਭਾਵਿਤ ਸ਼ਰਤਾਂ 'ਤੇ ਚਰਚਾ ਅਤੇ ਮਾਲ ਦੇ ਰੂਪ 'ਚ ਭੁਗਤਾਣ (deliveries in kind) (ਵਿਸ਼ੇਸ਼ ਕਰਕੇ ਕੋਲੇ ਦੇ ਰੂਪ 'ਚ) 'ਤੇ ਚਰਚਾ, ਜਿਸ ਦੁਆਰਾ ਜਰਮਨੀ, 1,00,00,00,000 ਪੌਂਡ ਦਾ ਸ਼ੁਰੂਆਤ ਕਰਨਾ ਚਾਹੁੰਦਾ ਸੀ। ਉਸੇ ਸਾਲ ਜੁਲਾਈ 'ਚ ਸਪਾ (Spa) 'ਚ ਇੱਕ ਸੰਮੇਲਨ ਹੋਇਆ ਜਿਸ 'ਚ ਜਰਮਨੀ ਦੇ ਪ੍ਰਧਾਨ ਮੰਤਰੀ (Chancellor) ਅਤੇ ਵਿਦੇਸ਼ ਮੰਤਰੀ ਨੇ ਮਿੱਤਰ ਦੇਸ਼ਾਂ ਦੇ ਪ੍ਰਮੁੱਖ ਮੰਤਰੀਆਂ ਨਾਲ ਪਹਿਲੀ ਵਾਰ ਬਰਾਬਰੀ ਦੀ ਹੈਸੀਅਤ ਨਾਲ ਚਰਚਾਵਾਂ ਕੀਤੀਆਂ। ਪਰ ਇਨ੍ਹਾਂ ਮੰਤਰੀਆਂ 'ਚ ਸਿਰਫ਼ ਇਸ ਗੱਲ 'ਤੇ ਹੀ ਸਮਝੌਤਾ ਹੋ ਸਕਿਆ ਕਿ ਅਗਲੇ ਛੇ ਮਹੀਨਿਆਂ 'ਚ ਕਿੰਨਾ ਕੋਲਾ ਦਿੱਤਾ ਜਾਵੇ, ਅਤੇ ਨੁਕਸਾਨ ਪੂਰੀ ਦੇ ਸਵਾਲ 'ਤੇ ਸਪਾ ਸੰਮੇਲਨ 'ਚ ਜੋ ਮੁੱਖ ਫੈਸਲਾ ਹੋਇਆ ਉਹ ਜਰਮਨੀ ਤੋਂ ਜੋ ਕੁਝ ਨੁਕਸਾਨਪੂਰੀ 'ਚ ਪ੍ਰਾਪਤ ਹੋਣਾ ਸੀ, ਉਸ ਦਾ ਮਿੱਤਰ ਦੇਸ਼ਾਂ 'ਚ ਆਪਸ 'ਚ ਵੰਡਣ ਨਾਲ ਸਬੰਧਿਤ ਸੀ। ਇਸ ਪ੍ਰਾਪਤੀ ਦਾ 52 ਫੀਸਦੀ ਫਰਾਂਸ ਨੂੰ, 22 ਫੀਸਦੀ ਬਰਤਾਨਵੀ ਸਾਮਰਾਜ ਨੂੰ, 10 ਫੀਸਦੀ ਇਟਲੀ ਨੂੰ ਅਤੇ 8 ਫੀਸਦੀ ਬੈਲਜ਼ੀਅਮ ਨੂੰ ਮਿਲਣਾ ਸੀ। ਬਾਕੀ ਹਿੱਸਾ ਛੋਟੇ-ਛੋਟੇ ਮਿੱਤਰ ਦੇਸ਼ਾਂ 'ਚ ਆਪਸੀ ਵੰਡ ਲਈ ਛੱਡ ਦਿੱਤਾ ਗਿਆ। ਪਰ ਕਿਉਂਕਿ ਬੈਲਜ਼ੀਅਮ ਨੂੰ ਬਹੁਤ ਵੱਧ ਨੁਕਸਾਨ ਸਹਿਣਾ ਪਿਆ ਸੀ। ਇਸ ਲਈ ਉਸ ਨੂੰ 10,00,00,000 ਪੌਂਦ ਤੱਕ ਲੈਣ ਦੀ ਪਹਿਲ ਮਿਲੀ।

ਜਰਮਨੀ ਤੋਂ 'ਯਕਮੁਸ਼ਤ' ਕਿੰਨੀ ਰਕਮ ਦੀ ਉਮੀਦ ਕਰਨੀ ਯੁਕਤੀਸੰਗਤ ਹੈ, ਇਸ ਬਾਰੇ ਜਰਮਨ ਸਰਕਾਰ ਅਤੇ ਮਿੱਤਰ ਦੇਸ਼ਾਂ ਦੀਆਂ ਸਰਕਾਰਾਂ 'ਚ ਇੰਨਾ ਮੱਤਭੇਦ ਸੀ ਕਿ ਕੋਈ ਸਮਝੌਤਾ ਹੋ ਸਕਣਾ ਔਖਾ ਸੀ। ਜਰਮਨੀ ਵੱਲੋਂ ਨੁਕਸਾਨ ਪੂਰਤੀ ਦਾ ਸ਼ੁਰੂਆਤੀ ਭੁਗਤਾਣ ਅਤੇ ਹਥਿਆਰ ਖਾਤਮੇ ਸਬੰਧੀ ਕੁਝ ਲੇਖਾਂ 'ਤੇ ਅਮਲ ਨਾ ਹੋਣ ਦੇ ਕਾਰਨ ਮਾਰਚ 1921 'ਚ, ਮਿੱਤਰ ਦੇਸ਼ਾਂ ਦੀ ਫੌਜ ਨੇ ਰਾਈਨ ਦੇ ਪੂਰਬ 'ਚ ਸਥਿਤ ਡਿਊਸੇਲਡਾਰਫ (Dusseldorf), ਡਿਊਈਸਬਰਗ (Duisberg) ਅਤੇ ਰੂਹਰੋਰਟ (Ruhrort) ਨਾਂਅ ਦੇ ਤਿੰਨ ਨਗਰਾਂ 'ਤੇ ਕਬਜਾ ਕਰ ਲਿਆ। ਸੰਧੀ ਦਾ ਪਾਲਣ ਕਰਦੇ ਹੋਏ ਨੁਕਸਾਨ ਪੂਰਤੀ ਕਮਿਸ਼ਨ ਨੇ 27 ਅਪਰੈਲ 1921 ਨੂੰ ਜਰਮਨੀ ਦਾ ਕੁੱਲ ਜ਼ਿੰਮੇਵਾਰੀ 6,60,00,00,000 ਪੌਂਡ ਨਿਸ਼ਚਿਤ ਕੀਤਾ। ਇਸ ਸਮੇਂ ਤੱਕ ਮਿੱਤਰ ਦੇਸ਼ਾਂ ਦੇ ਸਮਝਦਾਰ ਵਿਅਕਤੀ ਇਹ ਮੰਨ ਚੁੱਕੇ ਸਨ ਕਿ ਜਰਮਨੀ ਇੰਨੇ ਵੱਡੇ ਬਿੱਲ ਦੀ ਬਹੁਤ ਥੋੜ੍ਹੀ ਹੀ ਰਕਮ ਚੁਕਾ ਸਕਦਾ ਹੈ। ਮਿੱਤਰ ਦੇਸ਼ਾਂ ਦੀਆਂ ਸਰਕਾਰਾਂ 'ਚ ਅਜੇ ਇੰਨੀ ਹਿੰਮਤ ਨਹੀਂ ਸੀ ਕਿ ਉਹ ਆਪਣੇ ਦਾਅਵਿਆਂ ਦੀ ਕੁਝ ਰਕਮ ਖੁੱਲ੍ਹਆਮ ਛੱਡ ਦੇਣ। ਜਰਮਨੀ ਦੇ ਕਰਜ਼ੇ ਨੂੰ ਤਿੰਨ ਤਰ੍ਹਾਂ ਦੇ ਕਰਾਰਾਂ (bonds) ਅਨੁਸਾਰ ਤਿੰਨ ਹਿੱਤਿਸਆਂ 'ਚ ਵੰਡਿਆ ਗਿਆ ਸੀ। ਇਹ ਕਰਾਰ 'ਏ', 'ਬੀ' ਅਤੇ 'ਸੀ' ਪ੍ਰਕਾਰ ਦੇ ਸਨ। 'ਸੀ' ਕਰਾਰ ਦੀ ਰਕਮ 4,00,00,00,000 ਪੌਂਡ ਸੀ ਅਤੇ ਇਹ ਕਰਾਰ ਜਰਮਨੀ ਨੂੰ ਭੁਗਤਾਣ ਸਮਰੱਥਾ ਸਥਿਰ ਹੋ ਜਾਣ ਤੱਕ ਨੁਕਸਾਨ ਪੂਰੀਤ ਕਮਿਸ਼ਨ ਕੋਲ ਹੀ ਰਹਿਣੀ ਸੀ। ਇਸ ਤਰ੍ਹਾਂ ਪੂਰੇ ਕਰਜ਼ੇ ਦੀ ਦੋ ਤਿਹਾਈ ਰਕਮ ਦੀ ਵਸੂਲੀ ਅਨਿਸ਼ਚਿਤ ਸਮੇਂ ਲਈ ਖਟਾਈ 'ਚ ਪਾ ਦਿੱਤੀ ਸੀ। ਬਾਕੀ ਰਕਮ ਦੇ ਭੁਗਤਾਣ ਲਈ ਮਿੱਤਰ ਰਾਸ਼ਟਰਾਂ ਦੀਆਂ ਸਰਕਾਰਾਂ ਨੇ ਇੱਕ 'ਭੁਗਤਾਣ ਅਨੁਸੂਚੀ' (schedule of payment) ਤਿਆਰ ਕੀਤੀ ਜਿਸ ਅਨੁਸਾਰ ਜਰਮਨੀ ਨੂੰ ਹਰ ਸਾਲ 10,00,00,000 ਪੌਂਡ ਅਤੇ ਆਪਣੀਆਂ ਨਿਰਯਾਤ ਵਸਤਾਂ ਦੇ ਮੁੱਲ ਦਾ 25 ਫੀਸਦੀ ਦੇਣਾ ਸੀ।

ਜਰਮਨੀ ਦੇ ਅਨੁਸੂਚੀ ਅਨੁਸਾਰ 5,00,00,000 ਪੌਂਡ ਦੀ ਪਹਿਲੀ ਕਿਸ਼ਤ ਅਗਸਤ 'ਚ ਦੇ ਦਿੱਤੀ ਅਤੇ ਤਿੰਨ ਸਾਲ ਤੋਂ ਵੀ ਵੱਧ ਸਮੇਂ ਤੱਕ ਇਹੀ ਉਸ ਦਾ ਆਖੀ ਨਗਦ ਭੁਗਤਾਣ ਰਿਹਾ। ਪਰ ਜਲਦੀ ਹੀ ਉਹ ਕਰੰਸੀ ਸੰਕਟ 'ਚ ਫਸ ਗਿਆ। ਸੰਕਟ ਤੋਂ ਪਹਿਲਾਂ 20 ਮਾਰਕ (mark) ਦਾ ਆਮ ਮੁੱਲ ਇੱਕ ਸਟਰਲਿੰਗ ਪੌਂਡ ਦਾ 1/20 ਸੀ ਪਰ 1920 ਦੇ ਸੱਧ ਤੱਕ ਉਸ ਦਾ ਮੁੱਲ ਡਿੱਗਦੇ-ਡਿੱਗਦੇ ਇੱਕ ਪੌਂਡ ਦੇ 1/250 ਤੱਕ ਡਿੱਗ ਚੁੱਕਾ ਸੀ। ਕੁਝ ਸਮੇਂ ਤੱਕ ਉਹ ਇਸ ਅੰਕੜੇ 'ਤੇ ਸਥਿਰ ਰਿਹਾ। ਇਸ ਸਥਿਰਤਾ ਲਈ ਵਿਦੇਸ਼ੀ ਸੱਟੇਬਾਜ਼ ਜ਼ਿਆਦਾਤਰ ਜ਼ਿੰਮੇਵਾਰ ਸਨ ਜੋ ਜਲਦਬਾਜੀ 'ਚ ਇਹ ਮੰਨ ਬੈਠੇ ਸਨ ਕਿ ਮਾਰਕ ਦਾ ਆਪਣੇ ਮੂਲ ਮੁੱਲ 'ਤੇ ਕਿਸੇ ਨਾ ਕਿਸੇ ਦਿਨ ਆਉਣਾ ਨਿਸ਼ਚਿਤ ਹੈ। ਪਰ 1921 ਦੀਆਂ ਗਰਮੀਆਂ 'ਚ ਜਦੋਂ ਇਹ ਸਪੱਸ਼ਟ ਹੋ ਗਿਆ ਕਿ ਅਨੁਸੂਚੀ ਆਪਣੇ ਫਰਜ਼ਾਂ ਦੇ ਭੁਗਤਾਣ ਲਈ ਜਰਮਨੀ ਨੂੰ ਵਿਦਸ਼ੀ ਮੁਦਰਾ ਦੀ ਬਹੁਤ ਵੱਧ ਲੋੜ ਪਵੇਗੀ, ਤਾਂ ਮਾਰਕ ਦੇ ਮੁੱਲ ਦਾ ਡਿੱਗਣ ਮੁੜ ਸ਼ੁਰੂ ਹੋ ਗਿਆ। ਨਵੰਬਰ 'ਚ ਤਾਂ ਇੱਕ ਮਾਰਕ ਦਾ ਇੱਕ ਪੌਂਡ ਦੇ 1/1000 ਤੱਕ ਮੁੱਲ ਹੋ ਗਿਆ ਅਤੇ 1922 ਦੀਆਂ ਗਰਮੀਆਂ 'ਚ ਉਸ ਦੀ ਗਿਰਾਵਟ ਹੋਰ ਵੀ ਤੇਜ਼ ਅਤੇ ਅਨਿਸ਼ਟਕਾਰਕ ਹੋ ਗਈ।

**ਨੋਟ**

ਇਸ ਸਮੇਂ ਤੱਕ ਸਭ ਜਗ੍ਹਾ ਅਰਥ-ਮਾਹਿਰ ਇਹ ਮੰਨ ਚੁੱਕੇ ਸਨ ਕਿ ਨੁਕਸਾਨ ਪੂਰੀ ਦਾ ਨਗਦ ਭੁਗਤਾਣ ਕਰਨ ਦੀ ਜਰਮਨੀ ਦੀ ਹੈਸੀਅਤ ਹੁਣ ਬਿਲਕੁਲ ਵੀ ਨਹੀਂ ਰਹੀ ਹੈ। ਮਿੱਤਰ ਰਾਸ਼ਟਰਾਂ ਲਈ ਮਾਰਕਾਂ ਦਾ ਕੋਈ ਮਹੱਤਵ ਨਹੀਂ ਸੀ ਅਤੇ ਜਰਮਨੀ ਸਰਕਾਰ ਜੇਕਰ ਭੁਗਤਾਣ ਕਰਨਾ ਚਾਹੁੰਦੀ ਸੀ ਤਾਂ ਉਸ ਦੇ ਕੋਲ ਕਈ ਮੁਦਰਾਵਾਂ ਖਰੀਦਣ ਦੇ ਸਾਧਨ ਨਹੀਂ ਸਨ। ਬ੍ਰਿਟਿਸ਼ ਸਰਕਾਰ ਇਸ ਗੱਲ 'ਤੇ ਜ਼ੋਰ ਦੇ ਰਹੀ ਸੀ ਕਿ ਜਰਮਨੀ ਤੋਂ ਦੋ ਸਾਲ ਲਈ ਕੋਈ ਨਗਦ ਭੁਗਤਾਣ ਨਾ ਮੰਗਿਆ ਜਾਵੇ। ਫਰਾਂਸੀਸੀ ਲੋਕਮਤ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਕਰਜ਼ਦਾਰ ਆਪਣੇ ਨਿਆਂ ਫਰਜਾਂ ਨਾਲ ਇਸ ਤਰ੍ਹਾਂ ਬਚਣ ਦਾ ਯਤਨ ਕਰੇ ਅਤੇ ਜੇਤੂ ਮਿੱਤਰ ਰਾਸ਼ਟਰਾਂ ਨੂੰ ਯੁੱਧ ਅਤੇ ਮੁੜ-ਵਸੇਬੇ ਦਾ ਭਾਰੀ ਬੋਝ ਖੁਦ ਸਹਿਣਾ ਪਵੇ। 1921 ਦੀ ਆਖਰੀ ਚਿਤਾਵਨੀ ਕਾਰਨ ਫਰਾਂਸੀਸੀ ਸਰਕਾਰ ਦੀ ਤ੍ਰਿਸ਼ਣਾ ਹੋਰ ਵੀ ਵਧ ਗਈ ਸੀ। ਜੇਕਰ ਰੂਰ 'ਤੇ ਮਿੱਤਰ ਰਾਸ਼ਟਰਾਂ ਦਾ ਦਖਲ ਹੋ ਜਾਵੇ, ਤਾਂ ਨਾ ਸਿਰਫ਼ ਫਰਾਂਸ ਦੀ ਸੁਰੱਖਿਆ ਵਧ ਸਕਦੀ ਸੀ, ਸਗੋਂ ਜਰਮਨੀ ਉਦਯੋਗ ਦਾ ਲਾਭ ਵੀ ਮਿੱਤਰ ਰਾਸ਼ਟਰਾਂ ਦੇ ਖਜਾਨਿਆਂ 'ਚ ਜਮ੍ਹਾ ਕਰ ਲਿਆ ਜਾ ਸਕਦਾ ਸੀ। ਇਹ ਯੋਜਨਾ ਜੋ 'ਉਤਪਾਦਨ ਗਰੰਟੀਆਂ' ('productive guarantees') ਦੀ ਨੀਤੀ ਦੇ ਰੂਪ 'ਚ ਐਲਾਨ ਕੀਤੀ ਗਈ ਸੀ, ਕੁਝ ਫਰਾਂਸੀਸੀ ਡਿਪਲੋਮੈਟਾਂ ਨੂੰ ਬਹੁਤ ਆਕਰਸ਼ਿਕ ਪ੍ਰਤੀਤ ਹੋਈ। ਪ੍ਰੁੰਕਾਰੇ ਵੀ ਉਨ੍ਹਾਂ ਵਿੱਚੋਂ ਇੱਕ ਸੀ। ਦਸੰਬਰ 1922 'ਚ ਜਰਮਨੀ ਨੇ ਮਾਲ ਦੇ ਰੂਪ 'ਚ ਭੁਗਤਾਣ ਤਾਂ ਕੀਤਾ ਪਰ ਮਨਜ਼ੂਰ ਅਨੁਸੂਚੀ ਅਨੁਸਾਰ ਉਸ 'ਚ ਥੋੜ੍ਹੀ ਜਿਹੀ ਘਾਟ ਰਹਿ ਗਈ। ਇਸ 'ਤੇ ਨੁਕਸਾਨ ਪੂਰਤੀ ਕਮਿਸ਼ਨ ਨੇ, 'ਬ੍ਰਿਟਿਸ਼' ਪ੍ਰਤੀਨਿਧ ਦਾ ਮੱਤ ਵਿਰੋਧ 'ਚ ਹੁੰਦੇ ਹੋਏ ਵੀ, ਇਹ ਐਲਾਨ ਕਰ ਦਿੱਤਾ ਕਿ ਜਰਮਨੀ ਨੇ 'ਜਾਣ ਬੁੱਝ ਕੇ ਭੁਗਤਾਣ ਨਹੀਂ ਕੀਤਾ।' ਇਸ ਕਦਮ ਦਾ ਮਹੱਤਵ ਸੰਧੀ ਦੇ ਉਸ ਅਨੁਛੇਦ 'ਚ ਜ਼ਰੂਰੀ ਸੀ ਜਿਸ ਦੇ ਅਨੁਸਾਰ ਮਿੱਤਰ ਰਾਸ਼ਟਰਾਂ ਨੂੰ ਜਰਮਨੀ ਦੇ ਜਾਣ ਬੁੱਝ ਕੇ ਭੁਗਤਾਣ ਨਾ ਕਰਨ 'ਤੇ ਅਜਿਹੇ ਕਦਮ ਚੁੱਕਣ ਦਾ ਅਧਿਕਾਰ ਪ੍ਰਾਪਤ ਸੀ। ਜਿਨ੍ਹਾਂ ਨੂੰ ਸਬੰਧਿਤ ਸਰਕਾਰ ਜ਼ਰੂਰੀ ਸਮਝਦੀ।

ਟਾਸਕ   ਜਰਮਨੀ ਦੇ 'ਨਿਸ਼ਕ੍ਰੀਅ ਵਿਰੋਧ' ਨੂੰ ਖਤਮ ਕਰਨ ਦਾ ਭਾਰ ਕਿਸ 'ਤੇ ਆਇਆ ?

ਬ੍ਰਿਟਿਸ ਸਰਕਾਰ ਦੀ ਰਾਏ ਇਹ ਸੀ ਕਿ ਫਰਾਂਸ ਅਤੇ ਬੈਲਜ਼ੀਅਮ ਦਾ ਇੱਕ ਅਣਹੋਣੇ ਕਾਰਨ ਲੈ ਕੇ ਅਤੇ ਮਿੱਤਰ ਰਾਸ਼ਟਰਾਂ ਦੀ ਸਹਿਮਤ ਤੋਂ ਬਿਨਾਂ ਵੱਖਰੇ ਤੌਰ 'ਤੇ ਇਹ ਕਾਰਵਾਈ ਕਰਨੀ ਸੰਧੀ ਦਾ ਉਲੰਘਣ ਸੀ। ਉਸ ਨੂੰ ਇਹ ਵਿਸ਼ਵਾਸ ਵੀ ਨਹੀਂ ਸੀ ਕਿ ਇਸ ਤਰ੍ਹਾਂ ਦਾ ਰਾਹ ਅਪਣਾਉਣ ਨਾਲ ਨਕੁਸਾਨ ਪੂਰਤੀ ਦੀ ਰਕਮ ਵਸੂਲ ਹੋ ਸਕੇਗੀ। ਫਰਾਂਸ ਅਤੇ ਬਰਤਾਨੀਆ ਦੇ ਰਿਸ਼ਤਿਆਂ 'ਚ ਨਿਸ਼ਚਿਤ ਤੌਰ 'ਤੇ ਤਣਾਅ ਆ ਗਿਆ। ਰਾਈਨ ਲੈਂਡ 'ਚ ਸਥਿਤੀ ਬਹੁਤ ਔਖੀ ਹੋ ਗਈ। 1923 'ਚ ਹਾਈ ਕਮਿਸ਼ਨ ਨੇ ਲਗਭਗ ਸਾਰੇ ਫੈਸਲੇ ਬਰਤਾਨੀਆ ਦੇ ਮੱਤ ਦੇ ਵਿਰੁੱਧ ਬਹੁਮਤ ਨਾਲ ਕੀਤੇ ਅਤੇ ਜਿੱਥੇ ਫੈਸਲਿਆਂ ਦਾ ਸਬੰਧ ਰੂਰ 'ਤੇ ਦਖਲ ਨਾਲ ਹੁੰਦਾ ਸੀ, ਉਥੇ ਬ੍ਰਿਟਿਸ਼ ਖੇਤਰ ਦੇ ਅਧਿਕਾਰੀ ਉਨ੍ਹਾਂ ਨੂੰ ਅਮਲ 'ਚ ਲਿਆਉਣ ਤੋਂ ਇਨਕਾਰ ਕਰ ਦਿੰਦੇ ਸਨ।

ਰੂਰ 'ਤੇ ਫਰਾਂਸ ਅਤੇ ਬੈਲਜ਼ੀਅਮ ਦਾ ਦਖਲ ਹੋ ਜਾਣ ਕਾਰਨ ਜਰਮਨੀ ਦਾ ਸਾਰਾ ਆਰਥਿਕ ਜੀਵਨ ਹੀ ਠੱਪ ਹੋ ਗਿਆ। ਜਿੱਥੋਂ ਤੱਕ ਫਰਾਂਸ ਦਾ ਸਵਾਲ ਹੈ, ਰੂਰ ਖੇਤਰ ਤੋਂ ਪ੍ਰਾਪਤ ਕੋਲੇ ਅਤੇ ਲੋਹੇ ਦੀਆਂ ਖਾਨਾਂ 'ਚ ਕੰਮ ਕਰਵਾਉਣ ਦਾ ਖਰਚ ਹੀ ਨਹੀਂ ਨਿੱਕਲਦਾ ਸੀ। ਇੱਧਰ ਜਰਮਨੀ 'ਤੇ ਇਸ ਦਖਲ ਦਾ ਤੁਰੰਤ ਪ੍ਰਭਾਵ ਇਹ ਪਿਆ ਕਿ ਉਸ ਦੇ ਖਜ਼ਾਨੇ ਦਾ ਬਿਲਕੁਲ ਹੀ ਦੀਵਾਲਾ ਨਿੱਕਲ ਗਿਆ। ਰੂਰ ਖੇਤਰ 'ਤੇ ਬਲਾਤ ਅਧਿਕਾਰ ਤੋਂ ਕੁਝ ਸਮੇਂ ਪਹਿਲਾਂ ਹੀ ਮਾਰਕ ਦਾ ਮੁੱਲ ਡਿੱਗ ਕੇ ਫੀ ਪੌਂਡ 35,000 ਹੋ ਚੁੱਕਿਆ ਸੀ। 1923 'ਚ ਪੂਰੇ ਸਾਲ ਹਰਾਸ ਜਾਰੀ ਰਿਹਾ, ਇੱਥੋਂ ਤੱਕ ਕਿ ਕਦੇ-ਕਦੇ ਤਾਂ ਉਸ ਦਾ ਮੁੱਲ ਦੂਜੇ ਦਿਨ ਹੀ ਅੱਧਾ ਹੋ ਜਾਂਦਾ ਸੀ। ਜੋ ਵਿਦੇਸ਼ੀ ਆਪਣੀ ਖਰੀ (Good) ਮੁਦਰਾਵਾਂ ਦਾ ਇਨ੍ਹਾਂ ਫਾਲਤੂ ਦਰਾਂ 'ਤੇ ਵਟਾਂਦਰਾ ਕਰਦਾ ਸੀ, ਉਹ ਕੁਝ ਹੀ ਪੇਂਸ ਰੋਜ਼ਾਨਾ ਖਰਚ ਕਰਕੇ ਜਰਮਨੀ 'ਚ ਠਾਠ-ਬਾਠ ਨਾਲ ਰਹਿ ਸਕਦਾ ਸੀ ਜਾਂ ਕੁਝ ਹੀ ਸ਼ਿਲਿੰਗ 'ਚ ਸਾਰੇ ਜਰਮਨੀ ਦੀ ਯਾਤਰਾ ਕਰ ਸਕਦਾ ਸੀ। 1923 ਦੇ ਖਤਮ ਹੁੰਦਿਆਂ-ਹੁੰਦਿਆਂ ਇੱਕ ਪੌਂਡ ਦੇ 50,000 ਅਰਬ ਮਾਰਕ ਪ੍ਰਾਪਤ ਕੀਤੇ ਜਾ ਸਕਦੇ ਸਨ।

ਇਸ 'ਚ ਸ਼ੱਕ ਨਹੀਂ ਕਿ ਮਾਰਕ ਦਾ ਸ਼ੁਰੂਆਤੀ ਹਵਾਸ ਜਿਨ੍ਹਾਂ ਕਾਰਨਾਂ ਯੁੱਧ ਕਾਲ ਦੀ ਆਰਥਿਕ ਗੜਬੜੀ, ਪ੍ਰਸ਼ਾਸਨ ਤੰਤਰ ਦਾ ਅਵਿਵਸਥਿਤ ਹੋ ਜਾਣਾ ਅਤੇ ਅਤੰਤ ਮਿੱਤਰ ਰਾਸ਼ਟਰਾਂ ਦੇ ਦਾਅਵਿਆਂ ਨਾਲ ਹੋਇਆ ਸੀ, ਉਨ੍ਹਾਂ 'ਤੇ ਜਰਮਨ ਸਰਕਾਰ ਦਾ ਕੋਈ ਵੱਸ ਨਹੀਂ ਸੀ। ਪਰ ਇੱਕ ਵਾਰ ਜਦੋਂ ਇਹ ਪ੍ਰਕਿਰਿਆ ਸ਼ੁਰੂ ਹੋ ਗਈ, ਤਾਂ ਜਰਮਨ ਅਧਿਕਾਰੀਆਂ ਨੇ ਉਸ ਨੂੰ ਰੋਕਣ ਦੇ ਸਾਰੇਯਤਨ ਜਲਦੀ ਹੀ ਛੱਡ ਦਿੱਤੇ। ਅਤੀ ਅਤੇ ਅਨਿਸ਼ਚਿਤ ਨੁਕਸਾਨ ਪੂਰਤੀ ਕਰਜ਼ੇ ਨੇ ਜਰਮਨੀ ਨੂੰ ਨਾ ਸਿਰਫ਼ ਆਪਣੀ ਆਰਥਿਕ ਸਥਿਤੀ ਸੁਧਾਰਨ 'ਚ ਬਿਲਕੁਲ ਹੀ ਅਸਮਰੱਥ ਬਣਾ ਦਿੱਤਾ, ਸਗੋਂ ਇਸ ਦਿਸ਼ਾ 'ਚ ਕੋਈ ਵੀ ਗੰਭੀਰ ਯਤਨ ਕਰਨ ਦੀ ਇੱਛਾ ਨੂੰ ਵੀ ਨਕਾਰਾ ਕਰ ਦਿੱਤਾ, ਕਿਉਂਕਿ ਉਸ ਦੀ ਆਰਥਿਕ ਸਥਿਤੀ ਜਿੰਨੀ ਹੀ ਚੰਗੀ ਹੁੰਦੀ, ਓਨਾ ਹੀ ਵੱਧ ਭੁਗਤਾਣ ਉਸ ਨੂੰ ਕਰਨਾ ਪੈਂਦਾ। ਮਾਰਕ ਦੀ ਇਸ ਤੇਜ਼ੀ ਨਾਲ ਗਿਰਾਵਟ ਨੂੰ ਜਰਮਨ ਅਧਿਕਾਰੀ ਭਿਆਨਕ ਸੰਤੋਸ਼ ਦੇ ਨਾਲ ਵੇਖਦੇ ਰਹੇ ਕਿਉਂਕਿ ਉਨ੍ਹਾਂ ਦਾ ਇਹ ਵਿਚਾਰ ਸੀ ਕਿ ਨੁਕਸਾਨ ਪੂਰਤੀ ਵਸੂਲ ਕਰਨ ਦੀ ਮਿੱਤਰ-ਰਾਸ਼ਟਰਾਂ ਦੀਆਂ ਆਖਰੀ ਉਮੀਦਾਂ 'ਤੇ ਹੀ ਹਵਾਸ ਪਾਣੀ ਫੇਰੇ ਦੇ ਰਿਹਾ ਸੀ। ਇਸ ਪ੍ਰਕਿਰਿਆ ਦੀ ਆਖਰੀ ਹਾਲਾਤ ਨੇ ਤਾਂ ਕਰੰਸੀ ਦਰ ਦੇ ਸ਼ਬਦੀ-ਅਰਥ ਭਾਵ ਰਾਜਕੋਸ਼ ਦੀ ਤਤਕਾਲੀ ਲੋੜਾਂ ਨੂੰ ਛੱਡ ਅਤੇ ਕਿਸੇ ਵੀ ਗੱਲ ਦਾ ਵਿਚਾਰ ਕੀਤੇ ਬਿਨਾ ਅਸੀਮਤ ਗਿਣਤੀ 'ਚ ਪੱਤਰ-ਮੁਦਰਾ ਛਪਾਦੇ ਚਲੇ ਜਾਣ ਦਾ ਆਦਰਸ਼ ਉਦਾਹਰਨ ਹੀ ਪੇਸ਼ ਕਰ ਦਿੱਤਾ।

ਜੋ ਵੀ ਹੋਵੇ, ਰੂਰ 'ਤੇ ਦਖਲ, ਜਿਸ ਨੇ ਜਰਮਨੀ ਨੂੰ ਬਿਲਕੁਲ ਮਿਟਾ ਦਿੱਤਾ, ਯੂਰਪ ਦੇ ਯੁੱਧ ਦੇ ਇਤਿਹਾਸ 'ਚ ਇੱਕ ਨਵਾਂ ਮੋੜ ਸੀ। ਸਤੰਬਰ 1923 ਤੱਕ ਜਰਮਨ ਵਿਰੋਧ ਦਾ ਲੱਕ ਟੁੱਟ ਗਿਆ। ਇਸੇ ਸਮੇਂ ਬਰਲਿਨ 'ਚ ਇੱਕ ਨਵੇਂ ਮੰਤਰੀ ਮੰਡਲ ਦਾ ਨਿਰਮਾਣ ਹੋਇਆ ਸੀ। ਵਿਦੇਸ਼ਾਂ 'ਚ ਅਜੇ ਤੱਕ ਅਗਿਆਤ, ਗੁਸਟਵ ਸਟ੍ਰੇਸਮਾਨ (Gustav Stressmann) ਨਾਂ ਦੇ ਇੱਕ ਡਿਪਲੋਮੈਟ ਉਸ 'ਚ ਪ੍ਰਧਾਨ ਮੰਤਰੀ (Chancellor) ਅਤੇ ਵਿਦੇਸ਼ ਮੰਤਰੀ ਬਣਿਆ। ਜਰਮਨੀ ਦੇ 'ਨਿਸ਼ਕਿਰਿਆ ਵਿਰੋਧ' ਨੂੰ ਖਤਮ ਕਰਨ ਦਾ ਭਾਰ ਸਟ੍ਰੇਸਮਾਨ 'ਤੇ ਹੀ ਆਇਆ। ਪਰ ਪ੍ਰਤੀਰੋਧ ਵਾਪਸ ਲੈ ਲੈਣ ਤੋਂ ਹੀ ਮਿੱਤਰ-ਰਾਸ਼ਟਰ ਦੀਆਂ ਸਰਕਾਰਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕੀਆਂ। ਕਿਸੇ ਵੱਡੇ ਪੱਧਰ 'ਤੇ ਨੁਕਸਾਨ ਪੂਰਤੀ ਭੁਗਤਾਣ ਮੁੜ ਸ਼ੁਰੂ ਕਰਨ ਤੋਂ ਪਹਿਲਾਂ, ਜਰਮਨੀ ਦੀ ਅਰਥ-ਵਿਵਸਥਾ 'ਚ ਥੋੜ੍ਹਾ-ਬਹੁਤ ਪਰਿਵਰਤਨ ਕਰਨਾ ਸਪੱਸ਼ਟ ਤੌਰ 'ਤੇ ਜ਼ਰੂਰੀ ਸੀ। ਇਸ ਵਰ੍ਹੇ ਦੇ ਅੰਤ 'ਚ ਅਮਰੀਕਾ ਬਰਤਾਨੀਆ, ਫਰਾਂਸੀਸੀ, ਬੈਲਜ਼ੀਅਮ ਅਤੇ ਇਟਾਲੀਅਨ ਸਰਕਾਰਾਂ ਨਾਲ ਅਰਾਜਨੀਤਕ ਨਜ਼ਰੀਏ ਨਾਲ ਇਸ ਗੱਲ 'ਤੇ ਵਿਚਾਰ ਕਰਨਾ ਸੀ ਕਿ ਜਰਮਨੀ ਦੀ ਆਰਥਿਕ ਸਥਿਤੀ

ਨੋਟ

ਸੁਧਾਰਨ ਲਈ ਕਿਹੜੇ ਉਪਾਅ ਕੀਤੇ ਜਾਣ। ਫਰਾਂਸ ਦੀਆਂ ਭਾਵਨਾਵਾ ਨੂੰ ਠੇਸ ਨਾ ਪਹੁੰਚਾਉਣ ਦੀ ਦ੍ਰਿਸ਼ਟੀ ਤੋਂ ਸਮਿਤੀ ਨੂੰ ਦਿੱਤੇ ਗਏ ਨਿਰਦੇਸ਼ਾਂ 'ਚ ਜਰਮਨੀ ਦੀ ਨੁਕਸਾਨ ਪੂਰਤੀ ਕਰਨ ਦੀ ਸਮਰੱਥਾ 'ਤੇ ਵਿਚਾਰ ਕਰਨ ਦੀ ਜ਼ਰੂਰਤ ਦਾ ਕੋਈ ਉਲੇਖ ਨਹੀਂ ਕੀਤਾ ਗਿਆ ਪਰ ਇਹ ਸਾਰੇ ਜਾਣਦੇ ਸਨ ਕਿ ਅਸਲੀ ਉਦੇਸ਼ ਕੀ ਸੀ। ਅਮਰੀਕੀ 'ਮਾਹਿਰ' ਡਾਵੇਸ (Dawes) ਇਸ ਸਮਿਤੀ ਦਾ ਪ੍ਰਧਾਨ ਸੀ ਅਤੇ ਇਸੇ ਕਾਰਨ ਇਹ ਸੰਮਤੀ 'ਡਾਵੇਸ ਸਮਿਤੀ (Dawes Committee)' ਦੇ ਨਾਂਅ ਨਾਲ ਪ੍ਰਸਿੱਧ ਹੋਈ। ਸਮਿਤੀ ਨੇ ਆਪਣਾ ਕੰਮ ਜਨਵਰੀ 1924 'ਚ ਪੈਰਿਸ 'ਚ ਸ਼ੁਰੂ ਕੀਤਾ।

## 21.3 ਸਾਰਾਂਸ਼ (Summary)

ਜਰਮਨੀ ਦੇ ਵਿਦੇਸ਼ ਮੰਤਰੀ ਅਹੁਦੇ 'ਤੇ ਸਟ੍ਰੇਸਮਾਨ ਦੀ (ਉਸ ਨੇ ਜਲਦੀ ਹੀ ਪ੍ਰਧਾਨ ਮੰਤਰੀ ਅਹੁਦਾ ਛੱਡ ਦਿੱਤਾ ਅਤੇ ਆਪਣਾ ਪੂਰਾ ਸਮਾਂ ਵਿਦੇਸ਼ੀ ਮਾਮਲਿਆਂ 'ਚ ਲਾਇਆ) ਨਿਯੁਕਤੀ ਅਤੇ ਡਾਵੇਸ ਸਮਿਤੀ ਦਾ ਗਠਨ ਉਨ੍ਹਾਂ ਤਿੰਨ ਘਟਨਾਵਾਂ ਵਿੱਚੋਂ ਦੋ ਸਨ ਜਿਨ੍ਹਾਂ ਨੇ ਹਿਰਦਾ-ਪਰਿਵਰਤਨ ਦੀ ਪਹਿਲਾਂ ਸੂਚਨਾ ਦਿੱਤੀ। ਤੀਜੀ ਘਟਨਾ ਫਰਾਂਸ 'ਚ ਵਾਪਰੀ। ਉੱਥੋਂ ਦੀ ਜਨਤਾ ਵੀ ਇਹ ਅਨੁਭਵ ਕਰ ਚੁੱਕੀ ਸੀ ਕਿ ਰੂਰ 'ਤੇ ਬਲਾਤ ਅਧਿਕਾਰ ਇੱਕ ਖਰਚੀਲੀ ਭੁੱਲ ਸੀ ਅਤੇ ਜਰਮਨੀ ਦਾ ਦੀਵਾਲਾ ਕੱਢਣ ਦਾ ਮਤਲਬ ਸੀ 'ਉਤਪਾਦਕ ਗਾਰੰਟੀਆਂ' ਦੀ ਨੀਤੀ ਦਾ ਵੀ ਦੀਵਾਲਾ। ਖੁਦ ਫਰਾਂਸ 'ਚ ਇਸ ਸਮੇਂ ਆਰਥਿਕ ਸੰਕਟ ਦਾ ਖਦਸ਼ਾ ਸੀ। ਇਸ ਲਈ ਜਰਮਨੀ ਨੇ ਨੁਕਸਾਨ ਪੂਰੀ ਦੀ ਪੂਰੀ ਰਕਮ ਦੀ ਉਸ ਨੂੰ ਇਸ ਸਮੇਂ ਸਭ ਤੋਂ ਵੱਧ ਜ਼ਰੂਰੀ ਸੀ। ਇਸ ਲਈ ਸਪੱਸ਼ਟ ਸੀ ਕਿ ਇਸ ਰਕਮ ਦੀ ਵਸੂਲੀ ਦਾ ਹੋਰ ਕੋਈ ਤਰੀਕਾ ਅਪਣਾਇਆ ਜਾਵੇ। ਮਈ 1924 'ਚ ਫਰਾਂਸ 'ਚ ਜੋ ਚੋਣਾਂ ਹੋਈਆਂ, ਉਨ੍ਹਾਂ 'ਚ ਖੱਬੇਪੱਖੀਆਂ (leftists) ਜਿੱਤ ਹੋਈ। ਪੁੰਕਾਰੇ-ਮੰਤਰੀ ਮੰਡਲ ਗੱਦੀਓਂ ਲਾਂਬੇ ਹੋ ਗਿਆ ਅਤੇ ਉਸ ਦੀ ਥਾਂ 'ਚ ਹੈਰੀਅਤ (Herriot) ਦਾ ਉਗਰ ਮੰਤਰੀ ਮੰਡਲ (radical ministry) ਬਣਿਆ। ਇਸ ਘਟਨਾ ਦੀ ਤਾਰੀਖ 11 ਮਈ 1924 ਨੂੰ ਸ਼ਕਤੀ ਵੱਲੋਂ ਸ਼ਾਂਤੀ ਸਥਾਪਿਤ ਕਰਨ ਦੇ ਯਤਨਾਂ ਦੇ ਪਹਿਲੇ ਯੁੱਧ ਉੱਤਰ ਕਾਲ ਨੂੰ ਖਤਮ ਕਰਨ ਵਾਲੀ ਤਾਰੀਖ ਮੰਨਿਆ ਜਾ ਸਕਦਾ ਹੈ। ਕੁਝ ਫਰਾਂਸੀਸੀਆਂ ਨੇ ਬਾਅਦ 'ਚ ਇਸ ਗੱਲ 'ਤੇ ਦੁੱਖ ਵੀ ਪ੍ਰਗਟਾਇਆ ਕਿ ਕਿਸੇ ਵੀ ਕੀਮਤ 'ਤੇ ਸੰਧੀ ਨੂੰ ਲਾਗੂ ਕਰਨ ਦੀ ਪੁੰਕਾਰੇ ਦੀ ਨੀਤੀ ਨੂੰ ਹਮੇਸ਼ਾ ਲਈ ਨਕਾਰ ਦਿੱਤਾ ਗਿਆ। ਪਰ 1924 'ਚ ਇਹ ਆਮ ਤੌਰ 'ਤੇ ਮਨਜ਼ੂਰ ਕਰ ਲਿਆ ਗਿਆ ਕਿ ਉਹ ਨੀਤੀ ਅਸਫ਼ਲ ਰਹੀ ਸੀ ਅਤੇ ਜੇਕਰ ਉਹ ਜਾਰੀ ਰਹਿੰਦੀ ਤਾਂ ਫਰਾਂਸ ਗਰੇਟ ਬਰਤਾਨੀਆ 'ਚ ਖੁੱਲ੍ਹੀ ਟੱਕਰ ਹੋ ਗਈ ਹੁੰਦੀ।

## 21.4 ਸ਼ਬਦਕੋਸ਼ (Keywords)

1. **ਇਸ਼ਤਿਹਾਰ (Memorandum)**– ਯਾਦ ਪਤਰ।
2. **ਅਨੁਸ਼ਾਸਤੀ (Sanction)**– ਮਨਜ਼ੂਰੀ।

## 21.5 ਅਭਿਆਸ ਪ੍ਰਸ਼ਨ (Review Questions)

1. ਯੂਰਪੀ ਘਟਨਾਚੱਕਰ ਦਾ ਸਭ ਤੋਂ ਮਹੱਤਵਪੂਰਨ ਤੇ ਸਥਾਈ ਤੱਥ ਕੀ ਸੀ ?
2. ਗਾਰੰਟੀ ਪ੍ਰਬੰਧ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ।
3. 'ਲਘੂ ਸਮਹਿਤਸੰਘ' 'ਤੇ ਟਿੱਪਣੀ ਲਿਖੋ।
4. ਜਰਮਨੀ ਦੀ ਹਾਰ ਦਾ ਸੰਖੇਪ ਵਰਣਨ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

| | | |
|---|---|---|
| 1. ਰੋਮਾਨੀਆ | 2. ਚੈਕੋਸਲੋਵਾਕੀਆ | 3. ਲਘੂ ਸਮਹਿਤਸੰਘ |
| 4. (ਖ) ਫਰਵਰੀ, 1924, | 5. (ਕ) ਸਤੰਬਰ, 1923, | 6. (ਗ) 1924 |

## 21.6 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਓਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

# ਇਕਾਈ-22: ਸਿੰਗਲ ਧਰੁਵੀ ਵਿਸ਼ਵ : ਵਰਤਮਾਨ-ਵਿਰੋਧੀ
# (The Unipolar World : Counter-Currents)

ਨੋਟ

**ਵਿਸ਼ੇ ਵਸਤੂ (Contents)**

ਉਦੇਸ਼ (Objectives)

ਪ੍ਰਸਤਾਵਨਾ (Introduction)

22.1 ਸ਼ੀਤ ਯੁੱਧ ਦੀ ਪ੍ਰਕਿਰਤੀ (Nature of Cold War)

22.2 ਸ਼ੀਤ ਯੁੱਧ ਦੇ ਜ਼ਿੰਮੇਵਾਰ ਮੁੱਖ ਕਾਰਕ (ਕਾਰਨ) (Responsible Main Causes of Cold War)

22.3 ਸ਼ੀਤ ਯੁੱਧ ਦਾ ਅਵਸਾਨ : ਇਕਹਿਰੀ ਧਰੁਵੀ ਵਿਸ਼ਵ-ਵਿਵਸਥਾ
(The End of Cold War : The Unipolar World-System)

22.4 ਸ਼ੀਤ ਯੁੱਧ ਦੀ ਸਮਾਪਤੀ ਦਾ ਵਿਸ਼ਵ 'ਤੇ ਪ੍ਰਭਾਵ (Effect on the World of the End of Cold War)

22.5 ਸਾਰਾਂਸ਼ (Summary)

22.6 ਸ਼ਬਦਕੋਸ਼ (Keywords)

22.7 ਅਭਿਆਸ ਪ੍ਰਸ਼ਨ (Review Questions)

22.8 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਸ਼ੀਤ ਯੁੱਧ ਦੀ ਪ੍ਰਕਿਰਿਤੀ ਨੂੰ ਜਾਣਨ 'ਚ।
- ਸ਼ੀਤ ਯੁੱਧ ਦੇ ਜ਼ਿੰਮੇਵਾਰ ਮੁੱਖ ਕਾਰਨ ਜਾਣਨ 'ਚ।
- ਸ਼ੀਤ ਯੁੱਧ ਦੀ ਸਮਾਪਤੀ ਦਾ ਵਿਸ਼ਵ 'ਤੇ ਪ੍ਰਭਾਵ ਜਾਣਨ 'ਚ।

## ਪ੍ਰਸਤਾਵਨਾ (Introduction)

ਦੂਜੇ ਵਿਸ਼ਵ ਯੁੱਧ ਦੇ ਸਮੇਂ 'ਚ ਜਦੋਂ ਹਿਟਲਰ ਨੇ ਸੋਵੀਅਤ ਸੰਘ 'ਤੇ ਹਮਲਾ ਕੀਤਾ ਤਾਂ ਸੋਵੀਅਤ ਸੰਘ ਨੇ ਸੰਯੁਕਤ ਰਾਜ ਅਮਰੀਕਾ 'ਤੇ ਬਰਤਾਨੀਆ ਤੋਂ ਹਿਟਲਰ ਦੇ ਵਿਰੁੱਧ ਦੂਜਾ ਮੋਰਚਾ ਖੋਲ੍ਹਣ ਦੀ ਅਪੀਲ ਕੀਤੀ ਸੀ ਪਰ ਸੰਯੁਕਤ ਰਾਜ ਅਮਰੀਕਾ ਅਤੇ ਬਰਤਾਨੀਆ ਨੇ ਸਟਾਲਿਨ ਦੀ ਇਸ ਅਪੀਲ ਨੂੰ ਗੰਭੀਰਤਾ ਨਾਲ ਨਹੀਂ ਲਿਆ, ਅਤੇ ਕਾਲਅੰਤਰ 'ਚ ਜਦੋਂ ਦੂਜਾ ਮੋਰਚਾ ਸਥਾਪਿਤ ਕੀਤਾ ਉਹ ਵੀ ਗਲਤ ਦਿਸ਼ਾ 'ਚ ਰਿਹਾ ਸੀ, ਇਸ ਤਰ੍ਹਾਂ ਦੂਜੇ ਵਿਸ਼ਵ ਯੁੱਧ ਦੇ ਦੌਰ 'ਚ ਦੂਜੇ ਮੋਰਚੇ ਦੇ ਸਵਾਲ 'ਤੇ ਦੋਵੇਂ ਮਹਾਂ ਸ਼ਕਤੀਆਂ 'ਚ ਇੱਕ-ਦੂਜੇ ਪ੍ਰਤੀ ਸ਼ੱਕ ਦੇ ਬੀਜ ਫੁੱਟ ਗਏ ਜੋ ਕਾਲਅੰਤਰ 'ਚ ਸ਼ੀਤ ਯੁੱਧ ਦੇ ਪਿਛੋਕੜ ਤਿਆਰ ਕਰਨ 'ਚ ਬਹੁਤ ਮਹੱਤਵਪੂਰਨ ਭੂਮਿਕਾ ਤਿਆਰ ਕਰ ਦਿੱਤੀ।

## 22.1 ਸ਼ੀਤ ਯੁੱਧ ਦੀ ਪ੍ਰਕਿਰਤੀ (Nature of Cold War)

ਸ਼ੀਦ ਯੁੱਧ ਦੀ ਪ੍ਰਕਿਰਤੀ ਮੁੱਖ ਤੌਰ 'ਤੇ ਕੂਟਨੀਤਕ ਯੁੱਧ ਸਦ੍ਰਿਸ਼ ਰਹੀ; ਇਹ ਯੁੱਧ ਫੌਜੀਆਂ ਵੱਲੋਂ ਨਹੀਂ, ਸਗੋਂ ਨੇਤਾਵਾਂ ਅਤੇ ਕੂਟਨੀਤਕਾਂ ਵੱਲੋਂ ਲੜਿਆ ਗਿਆ। ਇਸ ਯੁੱਧ 'ਚ ਦੋਵੇਂ ਮਹਾਂਸ਼ਕਤੀਆਂ (ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਸੰਘ) ਦੀ ਕੂਟਨੀਤਕ ਉਠਾਪਟਕ ਇੰਨੀ ਤੇਜ਼ ਹੋ ਜਾਂਦੀ ਸੀ ਕਿ ਕੌਮਾਂਤਰੀ ਵਾਤਾਵਰਨ 'ਚ ਯੁੱਧ ਦੀ ਆਸੰਨ ਸਦਭਾਵਨਾ ਦ੍ਰਿਸ਼ਟੀਗਤ ਹੋਣ ਲੱਗਦੀ ਸੀ। ਫਿਰ ਵੀ ਦੋਵੇਂ ਮਹਾਂਸ਼ਕਤੀਆਂ ਰਵਾਇਤੀ ਦੂਤ ਰਿਸ਼ਤੇ (Diplomatic Relations) ਬਣਾਈ ਰੱਖਣ 'ਚ ਸ਼ਾਮਲ ਰਹੀਆਂ ਪਰ ਉਨ੍ਹਾਂ 'ਚ ਰਵਾਇਤੀ ਕੱਟੜਤਾ, ਦੁਸ਼ਮਣੀ ਬਣੀ ਰਹੀ ਸੀ। ਦੋਵੇਂ ਮਹਾਂ ਸ਼ਕਤੀਆਂ ਆਪਣੀ-ਆਪਣੀ ਵਿਚਾਰਧਾਰਾ ਤੇ ਨੀਤੀਆਂ ਦਾ ਵਿਸ਼ਵ 'ਚ ਪ੍ਰਚਾਰ-ਪਸਾਰ ਕਰਨ ਅਤੇ ਆਪਣਾ ਪ੍ਰਭਾਵ ਤੇ ਦਬਦਬਾ ਬਣਾਉਣ 'ਚ ਸ਼ਾਮਲ ਰਹੀਆਂ ਅਤੇ ਇਸ ਲਈ ਉਨ੍ਹਾਂ ਨੇ ਫੌਜੀ ਦਖਲ, ਫੌਜੀ

**ਨੋਟ**

ਸਹਾਇਤਾ, ਹਥਿਆਰ ਸਪਲਾਈ, ਸ਼ਸਤਰੀਕਰਨ, ਫੌਜ ਗੁੱਟਬੰਦੀ, ਸੂਬਾਈ ਸੰਗਠਨਾਂ ਦਾ ਨਿਰਮਾਣ ਆਦਿ ਉਪਾਵਾਂ ਨੂੰ ਪ੍ਰਯੁਕਤ ਕਰਦੀਆਂ ਰਹੀਆਂ ਸਨ।

ਨੋਟਸ ਦੂਜੇ ਵਿਸ਼ਵ ਯੁੱਧ ਦੌਰਾਨ ਸੋਵੀਅਤ ਸੰਘ ਨੂੰ ਵਿਸ਼ੇਸ਼ ਨੁਕਸਾਨ ਹੋਇਆ ਸੀ।

## 22.2 ਸ਼ੀਤ ਯੁੱਧ ਦੇ ਜ਼ਿੰਮੇਵਾਰ ਮੁੱਖ ਕਾਰਕ (ਕਾਰਨ) (Responsible Main Causes of Cold War)

ਸ਼ੀਤ ਯੁੱਧ ਦੇ ਜ਼ਿੰਮੇਵਾਰ ਮੁੱਖ ਕਾਰਕ (ਕਾਰਨ) ਇਸ ਤਰ੍ਹਾਂ ਮੰਨੇ ਜਾਂਦੇ ਹਨ:-

1. **ਵਿਚਾਰਕ ਵਿਰੋਧਤਾ:** ਸੰਯੁਕਤ ਰਾਜ ਅਮਰੀਕਾ ਪੂੰਜੀਵਾਦੀ ਵਿਚਾਰਧਾਰਾ ਦਾ ਰਾਸ਼ਟਰ ਸੀ। ਉਹ ਸੋਵੀਅਤ ਸੰਘ ਦੀ ਸਾਮਵਾਦੀ ਵਿਚਾਰਧਾਰਾ ਨੂੰ ਮਨੁੱਖ ਦੀ ਅਜ਼ਾਦੀ ਤੇ ਵਿਸ਼ਵ ਸ਼ਾਂਤੀ ਲਈ ਗੰਭੀਰ ਖ਼ਤਰੇ ਦੇ ਰੂਪ 'ਚ ਮੰਨਦਾ ਸੀ। ਦੂਜੇ ਪਾਸੇ, ਸੋਵੀਅਤ ਸੰਘ ਪੂੰਜੀਵਾਦ ਵਿਚਾਰਧਾਰਾ ਨੂੰ ਸ਼ੋਸ਼ਣਕਾਰੀ ਤੇ ਉਪਨਿਵੇਸ਼ਵਾਦੀ ਵਿਚਾਰਧਾਰਾ ਮੰਨਦਾ ਸੀ, ਜਿਸ ਨੂੰ ਉਹ ਖਤਮ ਕਰਨ ਲਈ ਦ੍ਰਿੜ੍ਹ ਸੰਕਲਪ ਸੀ। ਇਸੇ ਸਬੰਧ 'ਚ ਦੋਵੇਂ ਮਹਾਂਸ਼ਕਤੀਆਂ ਦਰਮਿਆਨ ਦੁਸ਼ਮਣੀ-ਕੱਟੜਤਾ ਵਧਦੀ ਗਈ ਜੋ ਸ਼ੀਤ ਯੁੱਧ ਦਾ ਕਾਰਨ ਬਣੀ।
2. **ਦੋਵੇਂ ਮਹਾਂ ਸ਼ਕਤੀਆਂ ਦਰਮਿਆਨ ਯੁੱਧ ਕਾਲ ਦਾ ਸ਼ੱਕ:** ਦੂਜੇ ਵਿਸ਼ਵ ਯੁੱਧ ਦੇ ਦੌਰ 'ਚ ਜਦੋਂ ਹਿਟਲਰ ਨੇ ਸੋਵੀਅਤ ਸੰਘ 'ਤੇ ਹਮਲਾ ਕੀਤਾ ਤਾਂ ਸੋਵੀਅਤ ਸੰਘ ਨੇ ਸੰਯੁਕਤ ਰਾਜ ਅਮਰੀਕਾ ਤੇ ਬਰਤਾਨੀਆ ਨੂੰ ਹਿਟਲਰ ਦੇ ਵਿਰੁੱਧ ਦੂਜਾ ਮੋਰਚਾ ਖੋਲ੍ਹਣ ਦੀ ਅਪੀਲ ਕੀਤੀ ਸੀ ਪਰ ਸੰਯੁਕਤ ਰਾਜ ਅਮਰੀਕਾ ਤੇ ਬਰਤਾਨੀਆ ਨੇ ਸਟਾਲਿਨ ਦੀ ਇਸ ਅਪੀਲ ਨੂੰ ਗੰਭੀਰਤਾ ਨਾਲ ਨਹੀਂ ਲਿਆ, ਅਤੇ ਕਾਲਅੰਤਰ 'ਚ ਜਦੋਂ ਦੂਜਾ ਮੋਰਚਾ ਲਾਇਆ ਗਿਆ ਉਹ ਵੀ ਗਲਤ ਦਿਸ਼ਾ 'ਚ ਰਿਹਾ ਸੀ, ਇਸ ਤਰ੍ਹਾਂ ਦੂਜੇ ਵਿਸ਼ਵ ਯੁੱਧ ਦੇ ਦੌਰ 'ਚ ਦੂਜੇ ਮੋਰਚੇ ਦੇ ਸਵਾਲ 'ਤੇ ਦੋਵੇਂ ਮਹਾਂ ਸ਼ਕਤੀਆਂ 'ਚ ਇੱਕ-ਦੂਜੇ ਪ੍ਰਤੀ ਸ਼ੱਕ ਦੇ ਬੀਜ ਫੁੱਟ ਗਏ ਜੋ ਬਾਅਦ 'ਚ ਸ਼ੀਤ ਯੁੱਧ ਦਾ ਪਿਛੋਕੜ ਕਰਨ 'ਚ ਬਹੁਤ ਮਹੱਤਵਪੂਰਨ ਭੂਮਿਕਾ ਤਿਆਰ ਕਰ ਦਿੱਤੀ।
3. **ਜਰਮਨੀ ਨੂੰ ਆਪਣੇ ਪ੍ਰਭਾਵ 'ਚ ਲੈਣ ਦੀ ਸੋਵੀਅਤ ਦੀ ਨੀਤੀ:** ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਸੋਵੀਅਤ ਸੰਘ ਨੇ ਜਰਮਨੀ ਨੂੰ ਆਪਣੇ ਪ੍ਰਭਾਵ ਖੇਤਰ 'ਚ ਲਿਆਉਣ ਦਾ ਯਤਨ ਕੀਤਾ ਜਿਸ ਨੇ ਸ਼ੀਤ ਯੁੱਧ ਨੂੰ ਸ਼ੁਰੂ ਕਰ ਦਿੱਤੀ। ਦੂਜੇ ਵਿਸ਼ਵ ਯੁੱਧ ਦੇ ਦੌਰ 'ਚ ਜਰਮਨੀ ਨੇ ਸੋਵੀਅਤ ਸੰਘ 'ਚ ਭਾਰੀ ਜਾਨ-ਮਾਲ ਦਾ ਨੁਕਸਾਨ ਕੀਤਾ ਸੀ। ਇਸ ਲਈ ਸੋਵੀਅਤ ਸੰਘ ਨੇ ਆਪਣੀ ਜਿੱਤ ਮੌਕੇ ਨੁਕਸਾਨ ਦੀ ਪੂਰਤੀ ਦੇ ਰੂਪ 'ਚ ਜਰਮਨ ਉਦਯੋਗਿਕ ਮਸ਼ੀਨਰੀ ਨੂੰ ਆਪਣੇ ਦੇਸ਼ 'ਚ ਲਿਜਾਣਾ ਸ਼ੁਰੂ ਕਰ ਦਿੱਤਾ; ਬਰਲਿਨ ਦੀ ਨੇਕਾਬੰਦੀ ਕਰਕੇ ਜਰਮਨ ਨੇਤਾਵਾਂ ਅਤੇ ਜਰਮਨ ਜਨਤਾ ਨੂੰ ਬੰਦੀ ਬਣਾਉਣ ਸ਼ੁਰੂ ਕੀਤਾ ਅਤੇ ਜਰਮਨ ਸਮਾਜਵਾਦੀ ਦਲ ਦਾ ਸਾਮਵਾਦ ਦਲ 'ਚ ਜਬਰਦਸਤੀ ਰਲੇਵਾਂ ਕੀਤਾ। ਸੋਵੀਅਤ ਸੰਘ ਦੇ ਇਨ੍ਹਾਂ ਕੰਮਾਂ ਨਾਲ ਸੰਯੁਕਤ ਰਾਜ ਅਮਰੀਕਾ ਅਤੇ ਪੱਛਮੀ ਦੇਸ਼ ਗੁੱਸੇ ਹੋ ਗਏ।
4. **ਸੋਵੀਅਤ ਸੰਘ ਵੱਲੋਂ ਯਾਲਟਾ ਸਮਝੌਤੇ ਦੇ ਪ੍ਰਬੰਧਾਂ ਦਾ ਉਲੰਘਣ:** 1945 ਈ: 'ਚ (ਦੂਜੇ ਵਿਸ਼ਵ ਯੁੱਧ ਦੌਰਾਨ) ਸੰਯੁਕਤ ਰਾਜ ਅਮਰੀਕਾ, ਸੋਵੀਅਤ ਸੰਘ ਤੇ ਬਰਤਾਨੀਆ ਨੇ ਯਾਲਟਾ 'ਚ ਇੱਕ ਸਮਝੋਤਾ ਕੀਤਾ ਸੀ ਕਿ ਯੁੱਧ ਤੋਂ ਬਾਅਦ ਉਹ ਪੋਲੈਂਡ 'ਚ ਅਜ਼ਾਦ ਸਰਕਾਰ ਬਣਾਉਣਗੇ ਪਰ ਯੁੱਧ ਤੋਂ ਬਾਅਦ ਸੋਵੀਅਤ ਸੰਘ ਨੇ ਸਮਝੌਤੇ ਦਾ ਉਲੰਘਣ ਕਰਕੇ ਹੋਏ ਖੁਦ ਵੱਲੋਂ ਸੁਰੱਖਿਅਤ 'ਲੁਬਲਿਨ ਸਰਕਾਰ' ਨੂੰ ਪੋਲੈਂਡ ਦੀ ਜਨਤਾ 'ਤੇ ਥੋਪਣ ਦਾ ਦਬਾਅ ਬਣਾਇਆ ਅਤੇ ਅਮਰੀਕੀ ਤੇ ਬ੍ਰਿਟਿਸ਼ ਨਿਗਰਾਨਾਂ ਨੂੰ ਪੋਲੈਂਡ 'ਚ ਦਾਖਲੇ ਦੀ ਮਨਜ਼ੂਰੀ ਨਾ ਦੇ ਕੇ ਉਨ੍ਹਾਂ ਨੂੰ ਅਸੰਤੁਸ਼ਟ ਕਰ ਦਿੱਤਾ। ਇਸ ਤੋਂ ਇਲਾਵਾ ਹੰਗਰੀ, ਬੁਲਗਾਰੀਆ, ਰੋਮਾਨੀਆ, ਚੈਕੋਸਲੋਵਾਕੀਆ ਆਦਿ ਪੂਰਬੀ ਯੂਰਪੀ ਦੇਸ਼ਾਂ 'ਚ ਸਾਮਵਾਦੀ ਸਰਕਾਰਾਂ ਦੀ ਸੋਵੀਅਤ ਸੰਘ ਨੇ ਸਥਾਪਨਾ ਕਰਵਾ ਦਿੱਤੀ, ਜਿਸ ਨਾਲ ਸੰਯੁਕਤ ਰਾਜ ਅਮਰੀਕਾ ਸੋਵੀਅਤ ਸੰਘ ਨੂੰ ਮਿੱਤਰ ਦੇ ਮੁਕਾਬਲੇ ਦੁਸ਼ਮਣ ਦੇ ਰੂਪ 'ਚ ਵੇਖਣ ਲੱਗਿਆ। ਜਾਪਾਨ ਦੇ ਵਿਰੁੱਧ ਯੁੱਧ 'ਚ ਹਿੱਸਾ ਲੈਣ ਦੀ ਸੋਵੀਅਤ ਸੰਘ ਦੀ ਆਨਾਕਾਨੀ, ਜੋ ਯਾਲਟਾ ਸਮਝੌਤੇ ਦਾ ਖੁੱਲ੍ਹਾ ਉਲੰਘਣ ਸੀ, ਨੇ ਸੰਯੁਕਤ ਰਾਜ ਅਮਰੀਕਾ ਨੂੰ ਸੋਵੀਅਤ ਸੰਘ ਪ੍ਰਤੀ ਸ਼ੱਕ ਨਾਲ ਭਰ ਦਿੱਤਾ।
5. **ਸੰਯੁਕਤ ਰਾਜ ਅਮਰੀਕਾ ਵੱਲੋਂ ਪਰਮਾਣੂ ਬੰਬ ਦੇ ਰਹੱਸ ਦੀ ਸੋਵੀਅਤ ਸੰਘ ਨੂੰ ਜਾਣਕਾਰੀ ਨਾ ਦੇਣਾ:** ਸੰਯੁਕਤ ਰਾਜ ਅਮਰੀਕਾ ਜਿਸ ਨੇ ਪਰਮਾਣੂ ਬੰਬ ਦੀ ਖੋਜ ਕਰ ਲਈ ਸੀ, ਨੇ ਸੋਵੀਅਤ ਸੰਘ ਨੂੰ ਇਸ ਰਹੱਸ ਨੂੰ ਕਦੇ ਪ੍ਰਗਟ ਨਹੀਂ ਕੀਤਾ, ਜਦੋਂ ਸੰਯੁਕਤ ਰਾਜ ਅਮਰੀਕਾ ਨੇ ਜਾਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟਿਆ ਤਾਂ ਸੋਵੀਅਤ ਸੰਘ ਨੂੰ ਇਸ ਦੀ ਜਾਣਕਾਰੀ ਮਿਲੀ, ਇਯ ਮਾਮਲੇ ਨੇ ਸੋਵੀਅਤ ਸੰਘ ਨੂੰ ਸੰਯੁਕਤ ਰਾਜ ਅਮਰੀਕਾ ਦੇ ਪ੍ਰਤੀ ਸ਼ੱਕ ਨਾਲ ਭਰ ਦਿੱਤਾ, ਇਸ ਨਾਲ ਸ਼ੀਤ ਯੁੱਧ ਦਾ ਰਾਹ ਪੱਧਰਾ ਹੋ ਗਿਆ।
6. **ਪੱਛਮੀ ਰਾਸ਼ਟਰਾਂ ਨਾਲ ਸੋਵੀਅਤ ਸੰਘ ਨੂੰ ਯਥੇਸ਼ਟ ਸਹਾਇਤਾ ਰਾਸ਼ੀ ਦੀ ਪ੍ਰਾਪਤੀ ਨਾ ਹੋਣਾ:** ਦੂਜੇ ਵਿਸ਼ਵ ਯੁੱਧ ਦੌਰਾਨ ਸੋਵੀਅਤ ਸੰਘ ਨੂੰ ਅਪਾਰ ਨੁਕਸਾਨ ਹੋਇਆ ਸੀ, ਜਰਮਨ ਹਮਲੇ ਦੇ ਵੇਗ ਨੇ ਸੋਵੀਅਤ ਸੰਘ ਨੂੰ ਬਰਬਾਦ ਕਰ ਦਿੱਤਾ ਸੀ, ਲੈਂਡਲੀਜ਼ ਐਕਟ ਦੇ ਤਹਿਤ ਪੱਛਮੀ ਰਾਸ਼ਟਰਾਂ ਨੂੰ ਸੋਵੀਅਤ ਸੰਘ ਨੂੰ ਪ੍ਰਾਪਤ ਹੋਣ ਵਾਲੀ ਸਹਾਇਤਾ ਨਾ ਦੇ ਬਰਾਬਰ ਸੀ, ਇਸ ਕਾਰਨ ਸੋਵੀਅਤ ਸੰਘ 'ਸੰਯੁਕਤ ਰਾਜ ਅਮਰੀਕਾ' ਨਾਲ ਅਤੀਅੰਤ ਦੁੱਖੀ ਸੀ, ਦੂਜੇ ਵਿਸ਼ਵ ਯੁੱਧਦੀ ਸਮਾਪਤੀ ਤੋਂ ਬਾਅਦ ਜਦੋਂ ਸੰਯੁਕਤ ਰਾਜ ਅਮਰੀਕਾ ਨੇ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਸੋਵੀਅਤ ਸੰਘ ਦਾ ਕਰੋਧਿਤ ਹੋਣਾ ਸੁਭਾਵਿਕ ਸੀ, ਜਿਸ ਨੇ ਅਖੀਰ ਸ਼ੀਤ ਯੁੱਧ ਨੂੰ ਉਤਸ਼ਾਹਿਤ ਕੀਤਾ।

7. **ਸੋਵੀਅਤ ਸੰਘ ਵੱਲੋਂ ਸੁਰੱਖਿਆ ਪ੍ਰੀਸ਼ਦ 'ਚ ਵੀਟੋ ਦੀ ਵੱਧ ਵਰਤੋਂ:** ਸੋਵੀਅਤ ਸੰਘ ਨੇ ਪੱਛਮੀ ਸ਼ਕਤੀਆਂ ਦੇ ਪ੍ਰਸਤਾਵਾਂ 'ਤੇ ਵਾਰ-ਵਾਰ ਵੀਟੋ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਅਸਫ਼ਲ ਕਰ ਦਿੱਤਾ, ਇਸ ਨਾਲ ਸੰਯੁਕਤ ਰਾਜ ਅਮਰੀਕਾ ਦੁਖੀ ਹੋ ਗਿਆ। ਨਤੀਜੇ ਵਜੋਂ ਦੋਵੇਂ ਮਹਾਂ ਸ਼ਕਤੀਆਂ ਦਰਮਿਆਨ ਸ਼ੀਤ ਯੁੱਧ ਹੋਰ ਵੀ ਗਤੀਸ਼ੀਲ ਹੋ ਗਿਆ।

ਉਪਰੋਕਤ ਕਾਰਨਾਂ ਤੋਂ ਇਲਾਵਾ ਕੁਝ ਹੋਰ ਵੀ ਕਾਰਕ ਰਹੇ, ਜਿਨ੍ਹਾਂ ਨਾਲ ਸ਼ੀਤ ਯੁੱਧ ਨੂੰ ਵਿਸਥਾਰ ਪ੍ਰਾਪਤ ਹੋਇਆ, ਇਹ ਮੁੱਖ ਕਾਰਕ ਸਨ-

1. ਪਾਸ਼ਚਾਤਯ ਦੇਸ਼ਾਂ ਅਤੇ ਸੰਯੁਕਤ ਰਾਜ ਅਮਰੀਕਾ ਦੀ ਸੋਵੀਅਤ ਸੰਘ ਵਿਰੁੱਧ ਪ੍ਰਚਾਰ ਨੀਤੀ;
2. ਸੋਵੀਅਤ ਸੰਘ ਵੱਲੋਂ ਸੰਯੁਕਤ ਰਾਜ ਅਮਰੀਕਾ 'ਚ ਸਾਮਵਾਦੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ;
3. ਦੋਵੇਂ ਮਹਾਂਸ਼ਕਤੀਆਂ ਦੇ ਰਾਸ਼ਟਰੀ ਹਿੱਤਾਂ 'ਚ ਫਰਕ;
4. ਦੋਵੇਂ ਮਹਾਂਸ਼ਕਤੀਆਂ ਵੱਲੋਂ ਸ਼ਕਤੀ ਰਾਜਨੀਤੀ ਦਾ ਸਹਾਰਾ ਲੈਣਾ;
5. ਤੁਰਕੀ 'ਤੇ ਸੋਵੀਅਤ ਸੰਘ ਦੇ ਪ੍ਰਭਾਵ 'ਚ ਵਾਧਾ।

**ਸ਼ੀਤ ਯੁੱਧ ਨੂੰ ਗਤੀ ਦੇਣ ਵਾਲੇ ਮੁੱਖ ਕਾਰਕ :**

1. **ਟਰੂਮੈਨ ਸਿਧਾਂਤ:** ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਟਰੂਮੈਨ ਵੱਲੋਂ ਸਾਮਵਾਦ ਦੇ ਪ੍ਰਸਾਰ ਨੂੰ ਰੋਕਣ ਲਈ 'ਆਰਥਿਕ ਸਹਾਇਤਾ ਦੀ ਨੀਤੀ' ਜੋ ਟਰੂਮੈਨ ਸਿਧਾਂਤ ਦੇ ਰੂਪ 'ਚ ਚਰਚਿਤ ਹੈ, ਅਪਨਾਈ। ਇਸ ਸਿਧਾਂਤ ਦੇ ਤਹਿਤ ਯੂਨਾਨ ਤੇ ਤੁਰਕੀ ਦੀ ਸਹਾਇਤਾ ਕੀਤੀ ਜਾਣੀ ਸੀ ਅਤੇ ਵਿਸ਼ਵ ਦੇ ਅਜ਼ਾਦ ਸਮਾਜਾਂ ਨੂੰ ਸਾਮਵਾਦੀ ਖੇਮੇ 'ਚ ਜਾਣ ਤੋਂ ਬਚਾਉਂਦਾ ਸੀ, ਇਹ ਸਿਧਾਂਤ ਲਗਭਗ ਤਿੰਨ ਦਹਾਕੇ ਤੱਕ ਸੰਯੁਕਤ ਰਾਜ ਅਰਮੀਕਾ ਦੀ ਵਿਦੇਸ਼ ਨੀਤੀ ਦਾ ਆਧਾਰ ਰਿਹਾ। ਇਸ ਕਾਰਕ ਨੇ ਸ਼ੀਤ ਯੁੱਧ ਨੂੰ ਜਟਿਲ ਬਣਾਇਆ।
2. **ਮਾਰਸ਼ਲ ਯੋਜਨਾ:** ਅਪਰੈਲ 1947 'ਚ ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਸਕੱਤਰ ਮਾਰਸ਼ਲ ਨੇ ਯੂਰਪੀ ਰਾਸ਼ਟਰਾਂ ਨੂੰ ਸਾਮਵਾਦੀ ਪ੍ਰਭਾਵ 'ਚ ਜਾਣ ਤੋਂ ਬਚਾਉਣ ਲਈ ਆਰਥਿਕ ਮੁੜ-ਨਿਰਮਾਣ ਦੀ ਯੋਜਨਾ ਪੇਸ਼ ਕੀਤੀ। ਇਸ ਦੇ ਤਹਿਤ ਆਰਥਿਕ ਸਹਾਇਤਾ ਉਨ੍ਹਾਂ ਯੂਰਪੀ ਰਾਸ਼ਟਰਾਂ ਨੂੰ ਮਿਲਣੀ ਸੀ ਜੋ ਆਪਣੇ ਦੇਸ਼ 'ਚ ਸਾਮਵਾਦ ਦਾ ਪ੍ਰਸਾਰ ਨਾ ਹੋਣ ਦੇਣ ਲਈ ਯਤਨਸ਼ੀਲ ਹੋਣਗੇ, ਇਸ ਯੋਜਨਾ ਨੇ ਸ਼ੀਤਯੁੱਧ ਨੂੰ ਉਤਸ਼ਾਹਿਤ ਵੀ ਕੀਤਾ ਅਤੇ ਜਟਿਲ ਵੀ ਬਣਾ ਦਿੱਤਾ।
3. **ਨਾਟੋ ਦਾ ਸੰਗਠਨ:** 4 ਅਪਰੈਲ 1949 ਨੂੰ ਸੰਯੁਕਤ ਰਾਜ ਅਮਰੀਕਾ ਤੇ ਕੈਨੇਡਾ ਸਮੇਤ ਪੱਛਮੀ ਯੂਰਪ ਦੇ ਦਸ ਹੋਰ ਰਾਸ਼ਟਰਾਂ (ਫਰਾਂਸ, ਡੈਨਮਾਰਕ, ਆਇਰਲੈਂਡ, ਇਟਲੀ, ਹਾਲੈਂਡ, ਪੁਰਤਗਾਲ, ਬਰਤਾਨੀਆ, ਨਾਰਵੇ, ਬੈਲਜ਼ੀਅਮ, ਲਕਜੇਮਬਰਗ) ਨੇ ਮਿਲ ਕੇ ਇੱਕ ਫੌਜੀ ਸੰਗਠਨ (ਨਾਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜੇਸ਼ਨ) ਨਾਟੋ ਦਾ ਗਠਨ ਕੀਤਾ। ਇਯ ਸੰਗਠਨ ਦਾ ਉਦੇਸ਼ ਸੀ ਕਿ ਨਾਟੋ ਸੰਧੀ 'ਚ ਸ਼ਾਮਲ ਕਿਸੇ ਵੀ ਰਾਸ਼ਟਰ ਵਿਰੁੱਧ ਹਥਿਆਰਬੰਦ ਹਮਲਾ ਸਾਰੇ ਰਾਸ਼ਟਰਾਂ 'ਤੇ ਹਮਲਾ ਸਮਝਿਆ ਜਾਵੇਗਾ ਅਤੇ ਇਸ ਦਾ ਸਮੁੱਚੇ ਤੌਰ 'ਤੇ ਵਿਰੋਧ ਕੀਤਾ ਜਾਵੇਗਾ।
4. **ਵਾਰਸਾ ਪੈਕਟ ਦਾ ਢਾਂਚਾ:** ਨਾਟੋ ਦੇ ਗਠਨ ਤੋਂ ਬਾਅਦ ਸੋਵੀਅਤ ਸੰਘ ਨੇ ਵੀ ਨਾਟੋ ਸ਼ਕਤੀ ਨੂੰ ਸੰਤੁਲਿਤ ਕਰਨ ਲਈ ਤੇ ਆਪਣੇ ਮਿੱਤਰ ਦੇਸ਼ਾਂ ਦੀ ਰੱਖਿਆ ਤੇ ਸਹਾਇਤਾ ਲਈ 14 ਮਈ 1955 ਨੂੰ ਅੱਠ ਹੋਰ ਰਾਸ਼ਟਰਾਂ ਨਾਲ ਇੱਕ ਸਾਮਵਾਦੀ ਪ੍ਰਤੀਰੱਖਿਆ ਸਮਝੌਤਾ (Communist Defence Pact) ਬਣਾਇਆ, ਜਿਸ ਨੂੰ ਵਾਰਸਾ ਪੈਕਟ ਕਿਹਾ ਗਿਆ, ਇਹ ਪੈਕਟ ਨਾਟੋ ਨੂੰ ਸੋਵੀਅਤ ਸੰਘ ਦਾ ਫੌਜੀ ਜਵਾਬ ਸੀ। ਇਸ ਨਾਲ ਸ਼ੀਤ ਯੁੱਧ ਵਿਆਪਕ ਤੇ ਜਟਿਲ ਹੋ ਗਿਆ।
5. **ਆਈਜਨਹਾਵਰ ਸਿਧਾਂਤ:** 6 ਅਕਤੂਬਰ, 1956 ਨੂੰ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਆਈਜਨਹਾਵਰ ਨੇ ਸੋਵੀਅਤ ਸੰਘ ਵਿਰੁੱਧ ਉਗਰ ਨੀਤੀਆਂ ਦਾ ਐਲਾਨ ਕੀਤਾ ਜਿਸ ਦੇ ਤਹਿਤ ਮੱਧ ਪੂਰਬ 'ਚ ਸਾਮਵਾਦ ਦੇ ਪ੍ਰਭਾਵ ਨੂੰ ਕੰਟਰੋਲ ਕਰਨ ਅਤੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਰਾਸ਼ਟਰਪਤੀ ਨੂੰ ਫੌਜ ਦੇ ਪ੍ਰਯੋਗ ਦਾ ਅਧਿਕਾਰ ਦਿੱਤਾ ਗਿਆ ਸੀ। ਇਸ ਐਲਾਨ ਤੇ ਸਿਧਾਂਤ ਨੇ ਮੱਧ ਪੂਰਬ ਨੂੰ ਸ਼ੀਤ ਯੁੱਧ ਦਾ ਖੇਤਰ ਬਣਾ ਦਿੱਤਾ।
6. **ਕਿਊਬਾ ਸੰਕਟ:** ਕਿਊਬਾ ਸੰਕਟ ਸ਼ੀਤ ਯੁੱਧਕਾਲ ਦੀ ਬਹੁਤ ਜ਼ਿਆਦਾ ਤਰਾਸਦੀਪੂਰਨ ਘਟਨਾ ਦੇ ਨਾਂਅ ਨਾਲ ਚਰਚਿਤ ਯੁੱਧ ਕੀ ਹੈ। ਇਹ ਘਟਨਾ ਸ਼ੀਤ ਯੁਧ ਦੀ ਚਰਮ ਸਮਝਿਆ ਜਾਂਦਾ ਹੈ। ਇਸ ਸੰਕਟ ਨੇ ਦੋਵੇਂ ਮਹਾਂਸ਼ਕਤੀਆਂ ਨੂੰ ਯੁੱਧ ਦੇ ਕੰਢੇ 'ਤੇ ਪਹੁੰਚਾ ਦਿੱਤਾ ਸੀ। 1 ਜਨਵਰੀ, 1959 ਨੂੰ ਕਿਊਬਾ (ਕੈਰੇਬੀਆਈ ਸਮੁੰਦਰ 'ਚ ਸੰਯੁਕਤ ਰਾਜ ਅਮਰੀਕਾ 'ਚ 150 ਕਿਲੋਮੀਟਰ ਦੂਰ ਸਥਿਤੀ ਇੱਕ ਟਾਪੂ) 'ਚ ਫਿਦੇਲ ਕਾਸਤੋਰ ਦੀ ਅਗਵਾਈ 'ਚ ਸਾਮਵਾਦੀ ਸਰਕਾਰ ਬਣੀ। ਇਸ ਨਾਲ ਸੰਯੁਕਤ ਰਾਜ ਅਮਰੀਕਾ ਦੁਖੀ ਹੋ ਗਿਆ ਅਤੇ ਉਸਨੇ ਸਾਮਵਾਦ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਰਾਜਨੀਤਕ, ਆਰਥਿਕ ਸੰਬੰਧ ਸਮਾਪਤ ਕਰਦੇ ਹੋਏ ਕਿਊਬਾ ਨੂੰ ਫੌਜੀ ਘੇਰੇਬੰਦੀ 'ਚ ਲੈਣ ਦਾ ਯਤਨ ਕੀਤਾ, ਨਤੀਜੇ ਵਜੋਂ ਸੋਵੀਅਤ ਸੰਘ ਨੇ 1961 ਈ. ਦੇ ਜਨਵਰੀ ਮਹੀਨੇ 'ਚ ਕਿਊਬਾ 'ਚ ਤਬਾਹਕਾਰੀ ਮਿਜ਼ਾਈਲਾਂ ਨਾਲ ਲੈੱਸ ਫੌਜੀ ਅੱਡੇ ਸਥਾਪਿਤ ਕਰਨੇ ਸ਼ੁਰੂ ਕਰ ਦਿੱਤੀ, ਇਸ ਨਾਲ ਸ਼ਾਂਤੀ ਖ਼ਤਰੇ 'ਚ ਪੈ ਗਏ। ਅਖੀਰ ਸ਼ੀਤ ਯੁੱਧ ਜਟਿਲ ਤੇ ਵਧਦਾ ਗਿਆ।

ਕੀ ਤੁਸੀ ਜਾਣਦੇ ਹੋ? ਸੰਯੁਕਤ ਰਾਜ ਅਮਰੀਕਾ ਨੇ ਜਾਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟਿਆ ਸੀ।

ਨੋਟ

**ਅੰਤਰ ਰਾਸ਼ਟਰੀ ਰਾਜਨੀਤੀ (ਵਿਸ਼ਵ ਰਾਜਨੀਤੀ) 'ਤੇ ਸ਼ੀਤ ਯੁੱਧ ਦਾ ਪ੍ਰਭਾਵ:** ਅੰਤਰ ਰਾਸ਼ਟਰੀ ਰਾਜਨੀਤੀ (ਵਿਸ਼ਵ ਰਾਜਨੀਤੀ) 'ਤੇ ਸ਼ੀਤ ਯੁੱਧ ਦਾ ਵਿਆਪਕ ਪ੍ਰਭਾਵ ਪਿਆ, ਇਸ ਦੇ ਮੁੱਖ ਪ੍ਰਭਾਵਾਂ ਨੂੰ ਇਸ ਤਰ੍ਹਾਂ ਮੰਨਿਆ ਜਾਂਦਾ ਹੈ –

1. **ਵਿਸ਼ਵ ਦੋ ਗੁੱਟਾਂ 'ਚ ਵੰਡਿਆ:** ਸ਼ੀਤ ਯੁੱਧ ਦੀ ਰਾਜਨੀਤੀ ਦੇ ਨਤੀਜੇ ਵਜੋਂ ਸਮੁੱਚੇ ਵਿਸ਼ਵ ਨੂੰ ਦੋ ਗੁੱਟਾਂ 'ਚ ਵੰਡਿਆ ਗਿਆ ਸੀ–ਇੱਕ 'ਪੂਜੀਵਾਦੀ ਰਾਸ਼ਟਰਾਂ ਦਾ ਗੁੱਟ' ਜਿਸ ਦੀ ਅਗਵਾਈ ਸੰਯੁਕਤ ਰਾਜ ਅਮਰੀਕਾ ਕਰ ਰਿਹਾ ਸੀ, ਦੂਜਾ 'ਸਾਮਵਾਦੀ ਰਾਸ਼ਟਰਾਂ ਦਾ ਗੁੱਟ' ਜਿਸ ਦੀ ਅਗਵਾਈ ਸੋਵੀਅਤ ਸੰਘ ਕਰ ਰਿਹਾ ਸੀ। ਦੋਵੇਂ ਮਹਾਂ ਸ਼ਕਤੀਆਂ ਨੇ ਆਪਣੀ ਵਿਚਾਰਧਾਰਾ ਤੇ ਨੀਤੀਆਂ ਨੂੰ ਸਮੁੱਚੇ ਵਿਸ਼ਵ 'ਤੇ ਲੱਦਣ ਦਾ ਯਤਨ ਕੀਤਾ।
2. **ਭੈਅ ਤੇ ਆਂਤੰਕ ਦਾ ਵਾਤਾਵਰਨ ਸਥਾਪਿਤ:** ਸ਼ੀਤ ਯੁੱਧ ਦੇ ਨਤੀਜੇ ਵਜੋਂ ਸਮੁੱਚੇ ਵਿਸ਼ਵ 'ਚ ਭੈਅ ਤੇ ਆਂਤੰਕ ਦਾ ਵਾਤਾਵਰਨ ਸਥਾਪਿਤ ਹੁੰਦਾ ਗਿਆ। ਮਹਾਂ ਸ਼ਕਤੀਆਂ ਦੇ ਫੌਜੀ ਮੁਕਾਬਲੇ ਤੇ ਕਈ ਰਾਸ਼ਟਰਾਂ ਦੇ ਹਥਿਆਰੀਕਰਨ ਨਾਲ ਵਿਸ਼ਵ ਦੇ ਅਨਿਆਂ ਦੇਸ਼ ਦਹਿਲ ਉੱਠੇ।
3. **ਫੌਜੀ ਤੇ ਖੇਤਰੀ ਗੁੱਟਬੰਦੀ ਦਾ ਰਾਹ ਪੱਧਰਾ:** ਸ਼ੀਤ ਯੁੱਧ ਨੇ ਕਈ ਫੌਜੀ ਤੇ ਖੇਤਰੀ ਗੁੱਟਾਂ ਨੂੰ ਜਨਮ ਦਿੱਤਾ, ਨਾਟੋ, ਵਾਰਸਾ ਪੈਕਟ, ਸੀਟੋ, ਸੈਂਟੋ ਵਰਗੇ ਵੱਖ–ਵੱਖ ਸੰਗਠਨ, ਮੁੱਖ ਤੌਰ 'ਤੇ ਸ਼ੀਤ ਯੁੱਧ ਰਿਸ਼ਤਿਆਂ ਦੀ ਰਾਜਨੀਤੀ ਨਾਲ ਹੀ ਬਣੇ ਸਨ। ਮਹਾਂ ਸ਼ਕਤੀਆਂ ਨੇ ਸਾਰੇ ਛੋਟੇ ਰਾਸ਼ਟਰਾਂ ਨੂੰ ਦਬਾਅ ਬਣਾ ਕੇ ਇਨ੍ਹਾਂ ਗੁੱਟਾਂ 'ਚ ਸ਼ਾਮਲ ਕਰਨਾ ਸ਼ੁਰੂ ਕੀਤਾ ਸੀ, ਇਨ੍ਹਾਂ ਗੁੱਟਾਂ ਨੇ ਸ਼ੀਤ ਯੁੱਧ ਦੀ ਉਗਰਤਾ ਨੂੰ ਵਧਾਇਆ ਅਤੇ ਨਿਸ਼ਸਤਰੀਕਰਨ ਦੀ ਸਮੱਸਿਆ ਨੂੰ ਜਟਿਲ ਬਣਾ ਦਿੱਤਾ।
4. **ਪਰਮਾਣੂ ਯੁੱਧ ਦਾ ਭਿਆਨਕ ਵਾਤਾਵਰਨ:** ਮਹਾਂਸ਼ਕਤੀਆਂ ਦਰਮਿਆਨ ਵਧਦਾ ਫੌਜੀ ਮੁਕਾਬਲਾ ਤੇ ਸ਼ੀਤ ਯੁੱਧ ਦੀ ਰਾਜਨੀਤੀ ਨੇ ਸੋਵੀਅਤ ਸੰਘ ਨੂੰ ਪਰਮਾਣੂ ਹਥਿਆਰਾਂ ਦਾ ਵਿਕਾਸ ਕਰਨ ਲਈ ਪ੍ਰੇਰਿਤ ਕੀਤਾ। ਸੰਯੁਕਤ ਰਾਜ ਅਮਰੀਕਾ ਪਰਮਾਣੂ ਹਥਿਆਰਾਂ ਦਾ ਦੂਜੇ ਵਿਸ਼ਵ ਯੁੱਧ ਕਾਲ 'ਚ ਹੀ ਵਿਕਾਸ ਕਰ ਚੁੱਕਿਆ ਸੀ। ਨਤੀਜੇ ਵਜੋਂ ਸਮੁੱਚੇ ਵਿਸ਼ਵ 'ਚ ਪਰਮਾਣੂ ਯੁੱਧ ਦਾ ਭਿਆਨਕ ਵਾਤਾਵਰਨ ਛਾ ਗਿਆ, ਇਸ ਦੀ ਸਿਖ਼ਰ ਪਰਿਣਤੀ 'ਕਿਊਬਾ ਸੰਕਟ' 'ਚ ਉਜਾਗਰ ਹੋਈ; ਇਸ ਸੰਕਟ ਦੇ ਟਲਣ ਤੋਂ ਬਾਹਦ ਹੀ ਦੋਵੇਂ ਮਹਾਂਸ਼ਕਤੀਆਂ ਹਥਿਆਰ ਖਾਤਮੇ ਲਈ ਸੋਚਣ ਲਈ ਪ੍ਰੇਰਿਤ ਹੋਈਆਂ ਸਨ।
5. **ਹਥਿਆਰੀਕਰਨ ਦੀ ਹੋੜ ਸ਼ੁਰੂ:** ਸ਼ੀਤ ਯੁੱਧ ਦੇ ਨਤੀਜੇ ਵਜੋਂ ਵਿਸ਼ਵ 'ਚ ਹਥਿਆਰੀਕਰਨ ਦੀ ਹੋੜ ਸ਼ੁਰੂ ਹੋਈ। ਦੋਵੇਂ ਮਹਾਂ ਸ਼ਕਤੀਆਂ ਤੇ ਉਸ ਦੇ ਹਮਾਇਤੀ ਰਾਸ਼ਟਰਾਂ ਨੇ ਆਪਣੀ ਸ਼ਕਤੀ ਤੇ ਪ੍ਰਭਾਵ 'ਚ ਵਾਧਾ ਕਰਨ ਲਈ ਨਵੀਨਤਮ ਤਬਾਹਕਾਰੀ ਹਥਿਆਰਾਂ ਦਾ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ।
6. **ਵਿਸ਼ਵ 'ਚ ਮਾਨਵੀ ਹਿੱਤ ਦੇ ਕਲਿਆਣਕਾਰੀ ਕੰਮਾਂ ਦੀ ਅਣਦੇਖੀ:** ਸ਼ੀਤ ਯੁੱਧ ਦੌਰਾਨ ਦੋਵੇਂ ਮਹਾਂ ਸ਼ਕਤੀਆਂ ਤੇ ਉਨ੍ਹਾਂ ਦੇ ਹਮਾਇਤੀ ਰਾਸ਼ਟਰ ਆਪਣੀ ਸ਼ਕਤੀ ਇਕੱਠੀ ਕਰਨ ਲਈ ਵਸੀਲਿਆਂ ਦਾ ਉਪਯੋਗ ਫੌਜੀ ਯੋਜਨਾਵਾਂ 'ਚ ਕਰਦੇ ਰਹੇ ਜਿਸ ਨਾਲ ਮਾਨਵੀ ਹਿੱਤ ਦੇ ਕਲਿਆਣਕਾਰੀ ਕੰਮਾਂ ਦੀ ਅਣਦੇਖੀ ਹੋਈ। ਸਿਹਤ, ਸਿੱਖਿਆ, ਆਰਥਿਕ ਤੇ ਸੰਸਕ੍ਰਿਤੀਕ ਤਰੱਕੀ ਦੇ ਕੰਮ ਰੁਕ ਗਏ।

**ਨਤੀਜਾ:** ਉਪਰੋਕਤ ਤੱਥਾਂ ਦੀ ਸਮੀਖਿਆ ਤੋਂ ਇਹ ਨਤੀਜਾ ਨਿੱਕਲਦਾ ਹੈ ਕਿ ਸ਼ੀਤ ਯੁੱਧ ਦੇ ਉਦਭਵ ਪਿੱਛੇ ਕਈ ਕਾਰਕ ਜ਼ਿੰਮੇਵਾਰ ਸਨ, ਸ਼ੀਤ ਯੁੱਧ ਦਾ ਪ੍ਰਭਾਵ ਕੌਮਾਂਤਰੀ ਪੱਧਰ 'ਤੇ ਪਿਆ। ਆਮ ਤੌਰ 'ਤੇ ਸ਼ੀਤ ਯੁੱਧ ਦਾ ਨਕਾਰਾਤਮਕ ਪ੍ਰਭਾਵ ਹੀ ਵੱਧ ਵਿਖਾਈ ਦਿੰਦਾ ਹੈ ਪਰੰਤੂ ਇਸ ਦੇ ਕੁਝ ਸਕਾਰਾਤਮਕ ਪ੍ਰਭਾਵ ਵੀ ਦਿਸੇ। ਸ਼ੀਤ ਯੁੱਧ ਅਤੇ ਉਸ ਦੇ ਨਤੀਜੇ ਵਜੋਂ ਉੱਭਰੀ ਦੋ–ਧਰੁਵੀ ਵਿਸ਼ਵ ਰਾਜਨੀਤੀ ਨੇ ਗੁੱਟ ਨਿਰਪੱਖ ਅੰਦੋਲਨ ਦਾ ਸੂਤਰਪਾਤ ਕੀਤਾ, ਸ਼ਾਂਤੀਪੂਰਨ ਸਹਿ ਹੋਂਦ ਨੂੰ ਉਤਸ਼ਾਹ, ਤਕਨੀਕੀ ਉੱਨਤੀ ਦੀ ਪ੍ਰੇਰਨਾ, ਸ਼ਕਤੀ ਸੰਤੁਲਨ ਦੀ ਸਥਾਪਨਾ ਇਸ ਦੇ ਅਨੇਕਾਂ ਸਕਾਰਾਤਮਕ ਪ੍ਰਭਾਵ ਰਹੇ।

**ਸਵ–ਮੁਲਾਂਕਣ (Self Assessment)**

**ਖਾਲੀ ਥਾਵਾਂ ਭਰੋ (Fill in the blanks) :**

1. ......ਦੇ ਨਤੀਜੇ ਵਜੋਂ ਸਮੁੱਚੇ ਵਿਸ਼ਵ 'ਚ ਡਰ ਅਤੇ ਆਂਤੰਕ ਦਾ ਵਾਤਾਵਰਨ ਸਥਾਪਿਤ ਹੋ ਗਿਆ ਸੀ।
2. ....ਸ਼ੀਤ ਯੁੱਧ ਕਾਲ ਦੀ ਬਹੁਤ ਜ਼ਿਆਦਾ ਤਰਾਸਦੀ ਪੂਰਨ ਘਟਨਾ ਹੈ।
3. .......ਤਿੰਨ ਦਹਾਕਿਆਂ ਤੱਕ ਸੰਯੁਕਤ ਰਾਜ ਅਮਰੀਕਾ ਦੀ ਵਿਦੇਸ਼ ਨੀਤੀ ਦਾ ਆਧਾਰ ਰਿਹਾ।

## 22.3 ਸ਼ੀਤ ਯੁੱਧ ਦਾ ਅਵਸਾਨ : ਇਕਹਿਰੀ ਧਰੁਵੀ ਵਿਸ਼ਵ–ਵਿਵਸਥਾ (The End of Cold War : The Unipolar World-System)

1991 ਈ: ਵਿੱਚ ਸ਼ੀਤ ਯੁੱਧ ਪੂਰੀ ਤਰ੍ਹਾਂ ਸਮਾਪਤ ਹੋ ਗਿਆ। ਸ਼ੀਤ ਯੁੱਧ ਦੀ ਸਮਾਪਤੀ ਤੋਂ ਬਾਅਦ ਵਿਸ਼ਵ ਦਾ ਜਨ ਸਧਾਰਨ ਸ਼ੀਤ ਯੁੱਧ ਵਿਹੀਣ **'ਇਕਹਿਰੀ ਧਰੁਵੀ ਵਿਸ਼ਵ–ਵਿਵਸਥਾ'** (Unipolar World System) 'ਚ ਰਹਿ ਰਿਹਾ ਹੈ। ਇਸ ਪ੍ਰਬੰਧ ਤੇ ਸ਼ੀਤ ਯੁੱਧ ਦੀ ਸਮਾਪਤੀ ਦੇ ਕੁਝ ਮੁੱਖ ਕਾਰਨ ਤੇ ਪ੍ਰੇਰਕ ਤੱਕ ਰਹੇ ਸਨ, ਉਹ ਸਨ :

1. **ਦੋਵੇਂ ਮਹਾਂ ਸ਼ਕਤੀਆਂ ਦੀ ਸੋਚ 'ਚ ਤਬਦੀਲੀ:** 1990 ਦੇ ਦਹਾਕੇ 'ਚ ਦੋਵੇਂ ਮਹਾਂਸ਼ਕਤੀਆਂ ਦੀ ਸੋਚ 'ਚ ਗੰਭੀਰ ਤਬਦੀਲੀ ਦੇ ਲੱਛਣ ਦਿਸੇ। ਦੋਵੇਂ ਮਹਾਂਸ਼ਕਤੀਆਂ ਨੂੰ ਸ਼ੀਤ ਯੁੱਧ ਕਾਲ ਦੀ ਵਿਰੋਧਤਾ ਤੇ ਮੁਕਾਬਲੇ ਦੀ ਨਿਰਰਥਕਤਾ ਦਾ

**ਨੋਟ**

ਅਹਿਸਾਸ ਹੋਇਆ ਅਤੇ ਉਨ੍ਹਾਂ ਦੋਵਾਂ ਨੇ ਸ਼ੀਤ ਯੁੱਧ ਦੀ ਕੱਟੜਤਾ ਨੂੰ ਖਤਮ ਕਰਨ ਦੀ ਕੋਸ਼ਿਸ਼ ਲਈ ਆਪਣੀ-ਆਪਣੀ ਸੋਚ 'ਚ ਤਬਦੀਲੀ ਕਰਨ ਤੇ ਰਵਾਇਤੀ ਸਹਿਯੋਗ ਕਰਨ ਦੀ ਨੀਤੀ ਅਪਨਾਈ, ਇਸੇ ਦੇ ਤਹਿਤ ਸ਼ੀਤ ਯੁੱਧ ਦੀ ਸਮਾਪਤੀ ਦਾ ਪਿਛੋਕੜ ਬਣਿਆ।

2. **ਸੋਵੀਅਤ ਸੰਘ ਦੇ ਰਾਸ਼ਟਰ ਪਤੀ ਗੋਰਬਾਚੋਵ ਦੀ ਭੂਮਿਕਾ:** ਸੋਵੀਅਤ ਸੰਘ ਦੇ ਰਾਸ਼ਟਰਪਤੀ ਮਿਖਾਈਲ ਗੋਰਬਾਚੋਵ ਨੇ ਸੋਵੀਅਤ ਸੰਘ ਦੀ ਆਰਥਿਕ ਸਥਿਤੀ ਨੂੰ ਠੀਕ ਕਰਨ ਲਈ 'ਖੁੱਲ੍ਹੇਪਣ' ਤੇ 'ਆਰਥਿਕ ਮੁੜ-ਨਿਰਮਾਣ' ਲਈ ਆਪਣੇ 'ਗਲਾਸਨੋਸਤ' ਤੇ 'ਪੇਰੇਸਤ੍ਰਾਇਕਾ' ਦੀਆਂ ਨੀਤੀਆਂ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਸ ਨਾਲ ਦੇਸ਼ ਦੇ ਫੌਜੀ ਖਰਚ 'ਚ ਕਮੀ ਲਿਆਉਣ, ਸੰਯੁਕਤ ਰਾਜ ਅਮਰੀਕਾ ਨਾਲ ਸਹਿਯੋਗ 'ਚ ਵਾਧਾ ਕਰਨ ਤੇ ਸ਼ੀਤ ਯੁੱਧ ਦੇ ਤਣਾਅ ਨੂੰ ਘੱਟ ਕਰਨ ਦੇ ਯਤਨ ਸ਼ੁਰੂ ਹੋਏ। ਰਾਸ਼ਟਰਪਤੀ ਗੋਰਬਾਚੋਵ ਨੇ ਅਫ਼ਗਾਨਿਸਤਾਨ ਨਾਲ ਸੋਵੀਅਤ ਫੌਜਾਂ ਦੀ ਵਾਪਸੀ ਤੇ ਸੰਯੁਕਤ ਰਾਜ ਅਮਰੀਕਾ ਨਾਲ ਆਪਣੀਆਂ ਮਿਜ਼ਾਈਲਾਂ ਨਸ਼ਟ ਕਰਨ ਸਬੰਧੀ ਸਮਝੌਤਾ ਕੀਤਾ, ਨਤੀਜੇ ਵਜੋਂ ਦੋਵੇਂ ਮਹਾਂਸ਼ਕਤੀਆਂ ਦਰਮਿਆਨ ਕੱਟੜਤਾ ਦਾ ਅੰਤ ਹੋ ਗਿਆ ਅਤੇ ਕਈ ਨਿਸ਼ਸਤਰੀਕਰਨ ਸੰਧੀਆਂ 'ਤੇ ਦਸਤਖ਼ਤ ਹੋ ਗਏ, ਇਸ ਤਰ੍ਹਾਂ ਸ਼ੀਤ ਯੁੱਧ ਦੇ ਖਾਤਮੇ ਦਾ ਅਧਿਆਏ ਸ਼ੁਰੂ ਹੋਇਆ।

3. **ਸੰਯੁਕਤ ਰਾਜ ਅਮਰੀਕਾ 'ਤੇ ਭਾਰੀ ਆਰਥਿਕ ਬੋਝ:** ਸ਼ੀਤ ਯੁੱਧ ਦੇ ਕਾਲ 'ਚ ਸੰਯੁਕਤ ਰਾਜ ਅਮਰੀਕਾ ਨੇ ਆਪਣੇ ਪ੍ਰਭਾਵ ਵਿਸਥਾਰ ਲਈ ਸਾਮਵਾਦ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਕਈ ਰਾਸ਼ਟਰਾਂ ਨੂੰ ਸਹਾਇਤਾ ਦੇ ਰੱਖੀ ਸੀ, ਉਨ੍ਹਾਂ ਦੀ ਸੁਰੱਖਿਆ ਲਈ ਫੌਜੀ ਅੱਡੇ ਬਣਾ ਰੱਖੇ ਸਨ ਅਤੇ ਅਸ਼ਤਰ-ਸ਼ਸਤਰਾਂ 'ਚ ਅੰਨ੍ਹੇਵਾਹ ਵਾਧਾ ਕਰ ਰੱਖਿਆ ਸੀ, ਜਿਸ ਕਾਰਨ ਉਸ 'ਤੇ ਜ਼ਰੂਰਤ ਤੋਂ ਵੱਧ ਆਰਥਿਕ ਭਾਰ ਸੀ, ਨਤੀਜੇ ਵਜੋਂ ਸੰਯੁਕਤ ਰਾਜ ਅਮਰੀਕਾ ਸ਼ੀਤ ਯੁੱਧ ਦੇ ਤਣਾਅ ਨੂੰ ਘੱਟ ਕਰਨ ਤੇ ਸਮਾਪਤ ਕਰਨ ਲਈ ਸੋਵੀਅਤ ਸੰਘ ਨਾਲ ਗੱਲਬਾਤ ਕਰਨ ਲਈ ਵਚਨਬੱਧ ਹੋ ਗਿਆ।

4. **ਦੋਵੇਂ ਮਹਾਂਸ਼ਕਤੀਆਂ ਲਈ ਖੇਤਰੀ ਸੰਘਰਸ਼ਾਂ ਦੇ ਉਲਟ ਨਤੀਜੇ:** ਦੋਵੇਂ ਮਹਾਂਸ਼ਕਤੀਆਂ ਆਪਣੇ-ਆਪਣੇ ਪ੍ਰਭਾਵ ਵਿਸਥਾਰ ਲਈ ਜਿਨ੍ਹਾਂ ਖੇਤਰੀ ਸੰਘਰਸ਼ਾਂ 'ਚ ਉਲਝੀ ਹੋਈ ਸੀ, ਉਨ੍ਹਾਂ ਦੇ ਨਤੀਜੇ ਇਨ੍ਹਾਂ ਮਹਾਂਸ਼ਕਤੀਆਂ ਦੀਆਂ ਉਮੀਦਾਂ ਦੇ ਉਲਟ ਰਹੇ। ਸੰਯੁਕਤ ਰਾਜ ਅਮਰੀਕਾ ਨੇ ਵੀਅਤਨਾਮ ਦੇ ਸੰਘਰਸ਼ 'ਚ ਉਲਝ ਕੇ ਭਾਰੀ ਆਰਥਿਕ ਤਬਾਹੀ ਪ੍ਰਾਪਤ ਕੀਤੀ ਅਤੇ ਪ੍ਰਤਿਸ਼ਠਾ ਨੂੰ ਡੂੰਘੀ ਸੱਟ ਵੱਜੀ।

5. **ਸੋਵੀਅਤ ਸੰਘ ਦਾ ਟੁੱਟਣਾ:** ਸ਼ੀਤ ਯੁੱਧ ਦਾ ਅੰਤ ਤੇ ਸੋਵੀਅਤ ਸੰਘ ਦਾ ਟੁੱਟਣਾ ਦੋਵੇਂ ਘਟਨਾਵਾਂ ਇਕੱਠੀਆਂ ਵਾਪਰੀਆਂ। 26 ਦਸੰਬਰ 1991 ਈ: ਨੂੰ ਸੋਵੀਅਤ ਸੰਘ ਦੀ ਸੁਪਰੀਮ ਸੋਵੀਅਤ ਨੇ ਸੋਵੀਅਤ ਸੰਘ ਦੀ ਸਮਾਪਤੀ ਅਤੇ ਖੁਦ ਨੂੰ ਭੰਗ ਕਰਨ ਦਾ ਐਲਾਨ ਕਰ ਦਿੱਤਾ। ਸੋਵੀਅਤ ਸੰਘ ਦੇ ਟੁੱਟਣ ਨਾਲ ਹੀ ਇਹ ਮੰਨ ਲਿਆ ਗਿਆ ਕਿ ਸੋਵੀਅਤ ਗੁੱਟ ਖਤਮ ਹੋ ਗਿਆ ਹੈ, ਇਸ ਨਾਲ ਸ਼ੀਤ ਯੁੱਧ ਦੀ ਸਮਾਪਤੀ ਹੋਈ ਨਿਸ਼ਚਿਤ ਸੀ।

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :**

4. .....ਈ: 'ਚ ਸੰਯੁਕਤ ਰਾਜ ਅਮਰੀਕਾ, ਸੋਵੀਅਤ ਸੰਘ ਤੇ ਬ੍ਰਿਟੇਨ ਨੇ ਯਾਲਟਾ 'ਚ ਇੱਕ ਸਮਝੌਤਾ ਕੀਤਾ ਸੀ।

   (ੳ) 1945 (ਅ) 1845

   (ੲ) 1645 (ਸ) ਇਨ੍ਹਾਂ 'ਚੋਂ ਕੋਈ ਨਹੀਂ

5. ਨਾਟੋ ਦੇ ਗਠਨ ਤੋਂ ਬਾਅਦ ਸੋਵੀਅਤ ਸੰਘ ਨੇ........ ਨੂੰ ਅੱਠ ਹੋਰ ਰਾਸ਼ਟਰਾਂ ਨਾਲ ਇੱਕ ਸਾਮਵਾਦੀ ਪ੍ਰਤਿਰੱਖਿਆ ਸਮਝੌਤਾ ਕੀਤਾ, ਜਿਸ ਨੂੰ ਵਾਰਸਾ ਪੈਕਟ ਕਿਹਾ ਗਿਆ।

   (ੳ) 14 ਮਈ, 1855 (ਅ) 14 ਮਈ, 1955

   (ੲ) 14 ਅਪਰੈਲ, 1755 (ਸ) 20 ਮਈ, 1955

6. ........ਨੂੰ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਆਈਜ਼ਨਹਾਵਰ ਨੇ ਸੋਵੀਅਤ ਸੰਘ ਵਿਰੁੱਧ ਉਗਰ ਨੀਤੀਆਂ ਦਾ ਐਲਾਨ ਕੀਤਾ।

   (ੳ) 6 ਅਕਤੂਬਰ, 1956 (ਅ) 6 ਨਵੰਬਰ, 1956

   (ੲ) 6 ਦਸੰਬਰ, 1956 (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਟਾਸਕ ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਉਸ ਦਾ ਉੱਤਰਾ ਅਧਿਕਾਰ ਕਿਸ ਨੂੰ ਪ੍ਰਾਪਤ ਹੋਇਆ ?

ਨੋਟ

## 22.4 ਸ਼ੀਤ ਯੁੱਧ ਦੀ ਸਮਾਪਤੀ ਦਾ ਵਿਸ਼ਵ 'ਤੇ ਪ੍ਰਭਾਵ (Effect on the World of the End of Cold War)

ਸ਼ੀਤ ਯੁੱਧ ਦੀ ਸਮਾਪਤੀ ਦੇ ਨਾਂਲ ਹੀ ਵਿਸ਼ਵ-ਪ੍ਰਬੰਧ 'ਚ ਦੂਰਗਾਮੀ ਪਰਿਵਰਤਨ ਹੋਏ। ਅੰਤਰ ਰਾਸ਼ਟਰੀ ਪ੍ਰਬੰਧ 'ਚ ਹੋਏ ਇਨ੍ਹਾਂ ਨਵੇਂ ਪਰਿਵਰਤਨਾਂ ਦੇ ਆਲੋਕ 'ਚ ਨਵੀਨ ਵਿਚਾਰਧਾਰਾ ਅਤੇ ਨਵੀਨ ਸੰਬੰਧਾਂ ਦਾ ਪ੍ਰਵੇਸ਼ ਅਤੇ ਉਸ ਦਾ ਪ੍ਰਭਾਵ ਇਸਪ੍ਰਕਾਰ ਦਿਸ਼ਦਾ ਹੈ :

1. ਵਰਤਮਾਨ ਵਿਸ਼ਵ (ਸ਼ੀਤ ਯੁੱਧ ਦੀ ਸਮਾਪਤੀ ਤੋਂ ਬਾਅਦ) 'ਚ ਸੰਯੁਕਤ ਰਾਜ ਅਮਰੀਕਾ ਦਾ ਦਬਦਬਾ ਸਥਾਪਿਤ ਹੋ ਗਿਆ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸਦ 'ਚ ਅਮਰੀਕਾ ਸ਼ਕਤੀ ਨੂੰ ਸੰਤੁਲਿਤ ਕਰਨ ਵਾਲੀ ਸ਼ਕਤੀ ਦੀ ਘਾਟ 'ਚ ਉਹ ਵੱਧ ਮਹੱਤਵਪੂਰਨ ਤੇ ਹਮਲਾਵਰ ਹੋ ਗਿਆ ਅਤੇ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਨ ਲੱਗਿਆ।
2. ਅੱਜ ਵਿਸ਼ਵ 'ਚ ਸ਼ਾਂਤੀ ਤੇ ਵਿਵਸਥਾ ਬਣਾਈ ਰੱਖਣ ਲਈ ਜ਼ਿਮੇਵਾਰ ਅੰਤਰਰਾਸ਼ਟਰੀ ਸੰਸਥਾਵਾਂ ਵੀ ਅਮਰੀਕਾ ਪ੍ਰਭਾਵ ਤੇ ਕੰਟਰੋਲ 'ਚ ਕੰਮ ਕਰਨ ਲੱਗ ਗਈਆਂ ਹਨ। ਸੰਯੁਕਤ ਰਾਜ ਅਮਰੀਕਾ ਆਪਣੇ ਪ੍ਰਸਤਾਵਾਂ ਦੇ ਕਿਸੇ ਵੀ ਵਿਰੋਧ ਨੂੰ ਸਹਿਨ ਕਰਨ ਲਈ ਤਿਆਰ ਨਹੀਂ ਹੈ। ਉਦਾਹਰਨ ਲਈ ਇਰਾਕ 'ਤੇ ਹਮਲੇ ਦੇ ਸਬੰਧ 'ਚ ਉਸ ਨੇ ਧਮਕੀ ਦਿੰਦਿਆਂ ਕਿਹਾ ਸੀ ਕਿ ਜੇਕਰ ਉਸ ਦੇ ਪ੍ਰਸਤਾਵਾਂ ਦਾ ਸੰਯੁਕਤ ਰਾਸ਼ਟਰ ਵੱਲੋਂ ਅਨੁਮੋਦਨ ਨਾ ਕੀਤਾ ਗਿਆ ਤਾਂ ਉਸ ਦਾ ਉਹੀ ਹਾਲ ਹੋਵੇਗਾ ਜੋ ਲੀਗ ਆਫ਼ ਨੈਸ਼ਨਜ਼ ਦਾ ਹੋਇਆ ਸੀ।
3. ਸ਼ੀਤ ਯੁੱਧ ਦੀ ਸਮਾਪਤੀ ਤੋਂ ਬਾਅਦ ਰਾਜਨੀਤਕ ਮੁੱਦਿਆਂ ਦੀ ਜਗ੍ਹਾ ਆਰਥਿਕ ਮੁੱਦਆਂ ਨੂੰ ਪਹਿਲ ਦਿੱਤੀ ਜਾਣ ਲੱਗੀ। ਇਸ ਕਾਰਨ ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਹੌਲੀ-ਹੌਲੀ ਸੰਯੁਕਤ ਰਾਸ਼ਟਰ ਸੰਘ (ਯੂਐੱਨਓ) ਨੂੰ ਪ੍ਰਤੀਸਥਾਪਿਤ ਕਰਨ ਲੱਗਿਆ ਹੈ। ਹੁਣ ਸੰਯੁਕਤ ਰਾਜ ਅਮਰੀਕਾ ਆਰਥਿਕ ਸੁਧਾਰਾਂ ਦੇ ਨਾਂਅ 'ਤੇ ਸਮੁੱਚੇ ਵਿਸ਼ਵ ਨੂੰ ਪੂੰਜੀਵਾਦ ਬਾਜ਼ਾਰ ਪ੍ਰਬੰਧ ਅਪਣਾਉਣ ਲਈ ਮਜ਼ਬੂਰ ਕਰ ਰਿਹਾ ਹੈ।
4. ਇੱਕ ਧਰੁਵੀ ਵਿਸ਼ਵ ਵਿਵਸਥਾ 'ਚ ਗੁੱਟ ਨਿਰਪੱਖ ਅੰਦੋਲਨ ਨੂੰ ਆਪਣੀ ਪ੍ਰਸੰਗਿਕਤਾ ਬਣਾਈ ਰੱਖਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰਸਪਰਿਕ ਏਕਤਾ ਅਤੇ ਸਹਿਯੋਗ ਦੀ ਘਾਟ ਕਾਰਨ ਨਿਰਗੁੱਟ ਰਾਸ਼ਟਰ ਨਾ ਤਾਂ ਵਿਸ਼ਵ ਵਿਆਪਾਰ ਸੰਗਠਨ ਦੀਆਂ ਵਪਾਰਕ ਵਾਰਤਾਵਾਂ 'ਚ ਲਾਭਕਾਰੀ ਭੂਮਿਕਾ ਨਿਭਾ ਰਹੇ ਹਨ ਅਤੇ ਨਾ ਸੰਯੁਕਤ ਰਾਸ਼ਟਰ ਸੰਘ ਦੇ ਮੰਚ 'ਤੇ ਕੋਈ ਸਾਰਥਕ ਪਹਿਲ ਕਰ ਰਹੇ ਹਨ।
5. ਨਵੀਨ ਵਿਸ਼ਵ ਪ੍ਰਬੰਧ 'ਚ ਸੰਯੁਕਤ ਰਾਜ ਅਮਰੀਕਾ ਦੀ ਪਰਮਾਣੂ ਨੀਤੀ ਵਿਕਾਸਸ਼ੀਲ ਰਾਸ਼ਟਰਾਂ ਲਈ ਆਤਮਘਾਤੀ ਸਿੱਧ ਹੋ ਰਹੀ ਹੈ। ਐੱਨ.ਪੀ.ਟੀ. ਅਤੇ ਸੀ.ਟੀ.ਬੀ.ਟੀ. ਵਰਗੀਆਂ ਭੇਦਭਾਵਪੂਰਨ ਸੰਧੀਆਂ ਰਾਹੀਂ ਸੰਯੁਕਤ ਰਾਜ ਅਮਰੀਕਾ ਸਮੁੱਚੇ ਵਿਸ਼ਵ 'ਚ ਆਪਣਾ ਪਰਮਾਣੂ ਦਬਦਬਾ ਬਣਾਉਣਾ ਚਾਹੁੰਦਾ ਹੈ, ਨਾਲ ਹੀ ਬਾਕੀ ਵਿਸ਼ਵ ਦੀ ਪਰਮਾਣੂ ਪ੍ਰਤੀਰੋਧਕ ਸਮਰੱਥਾ ਨੂੰ ਖਤਮ ਜਾਂ ਸੀਮਤ ਕਰ ਦੇਣਾ ਚਾਹੁੰਦਾ ਹੈ।
6. ਸ਼ੀਤ ਯੁੱਧ ਦੇ ਅੰਤ ਦੇ ਨਾਲ ਹੀ ਹਥਿਆਰਕਰਨ ਫੌਜੀ ਮੁਕਾਬਲਾ, ਫੌਜੀ ਗਠਜੋੜ ਵਰਗੇ ਤੱਥ ਆਪਣੀ ਸਾਰਥਕਤਾ ਗੁਆ ਬੈਠੇ। ਵਿਸ਼ਵ ਨਜ਼ਰੀਏ 'ਚ ਹੋਏ ਇਨ੍ਹਾਂ ਬਦਲਾਵਾਂ ਨੇ ਬਰਲਿਨ ਦੀ ਦੀਵਾਰ ਢਾਹ ਦਿੱਤੀ, ਜਰਮਨੀ ਦਾ ਮੁੜ ਏਕੀਕਰਨ ਕਰ ਦਿੱਤਾ, ਪੂਰਬੀ ਯੂਰਪ 'ਚੋਂ ਸਾਮਵਾਦ ਦਾ ਖਾਤਮਾ ਕਰ ਦਿੱਤਾ ਗਿਆ ਅਤੇ ਸੋਵੀਅਤ ਸੰਘ ਤੋਂ ਵੱਖ ਹੋਏ ਗਣਰਾਜਾਂ ਦਾ ਵਿਸ਼ਵ ਰਾਜ ਪਰਿਵਾਰ 'ਚ ਰਲੇਵਾਂ ਹੋਇਆ।
7. ਸਾਮਵਾਦੀ ਖੇਮੇ (Communist Block) ਦੇ ਟੁੱਟਣ ਦਾ ਪ੍ਰਭਾਵ ਵਿਸ਼ਵ ਅਰਥ-ਵਿਵਸਥਾ 'ਤੇ ਪਿਆ। ਵਿਸ਼ਵ ਦੀ ਸਭ ਤੋਂ ਵੱਡੀ ਸਮਾਜਵਾਦੀ ਅਰਥ-ਵਿਵਸਥਾ ਦੇ ਟੁੱਟਣ ਕਾਰਨ ਅਰਥ-ਵਿਵਸਥਾ 'ਚ ਸਮਾਜਵਾਦੀ ਮਾਡਲ ਦੇ ਸਥਾਨ 'ਤੇ 'ਪੂਜੀਵਾਦੀ ਮਾਡਲ' ਨੂੰ ਸਰਵਵਿਆਪੀ ਮਾਨਤਾ ਪ੍ਰਾਪਤੋ ਗਈ। ਵਿਸ਼ਵ 'ਚ ਆਰਥਿਕ ਉਦਾਰਵਾਦ ਦੀ ਇੱਕ ਲਹਿਰ ਚੱਲ ਪਈ, ਜਿਸ ਨੂੰ ਵਿਸ਼ਵ ਦੇ ਵੱਖ-ਵੱਖ ਹਿੱਸਿਆਂ 'ਚ ਪੈਦਾ ਹੋਏ ਆਰਥਿਕ ਸੰਗਠਨਾਂ, ਮੁਕਤ ਵਪਾਰ ਖੇਤਰਾਂ 'ਚ ਏਕੀਕ੍ਰਿਤ ਮੁਦਰਾ 'ਯੂਰੋ' ਦੇ ਉਦੈ ਨੇ ਹੋਰ ਵੀ ਤੀਵਰ ਬਣਾ ਦਿੱਤਾ। ਇਸ ਆਰਥਿਕ ਲਹਿਰ ਕਾਰਨ ਹੀ ਵਿਸ਼ਵ ਦਾ ਹਰੇਕ ਦੇਸ਼ ਅੱਜ ਉਦਾਰੀਕਰਨ, ਸਰਵਭੂਮੀਕਰਨ ਅਤੇ ਖੁੱਲ੍ਹੇਪਣ ਦਾ ਪਾਲਣ ਕਰਨ ਲਈ ਮਜ਼ਬੂਰ ਹੈ।

## 22.5 ਸਾਰਾਂਸ਼ (Summary)

ਨਿਸ਼ਚਿਤ ਹੀ ਸ਼ੀਤ ਯੁੱਧ ਦੇ ਅੰਤ ਦਾ ਸੰਪੂਰਨ ਵਿਸ਼ਵ 'ਤੇ ਬਹੁ-ਆਯਾਮੀ ਪ੍ਰਭਾਵ ਪਿਆ। ਇਸ ਨੇ ਵਿਸ਼ਵ ਪ੍ਰਬੰਧ ਨੂੰ ਉਲਟ ਦਿੱਤਾ। ਵਿਸ਼ਵ ਭਰ 'ਚ ਉਦਾਰ ਲੋਕਤੰਤਰਵਾਦ ਅਤੇ ਪੂੰਜੀਵਾਦ ਦਾ ਵਾਤਾਵਰਨ ਸਥਾਪਿਤ ਕਰ ਦਿੱਤਾ। ਫਿਰ ਵੀ ਸ਼ਕਤੀ ਲਈ ਨਿਰੰਤਰ ਚੱਲਣ ਵਾਲੇ ਸੰਘਰਸ਼ ਨੇ ਕੱਟੜਤਾ, ਧਾਰਮਿਕ ਕੁੜੱਤਣ ਤੇ ਅੱਤਵਾਦ ਨੂੰ ਵੀ ਉਭਾਰਨ 'ਚ ਕਸਰ ਨਹੀਂ ਛੱਡੀ ਫਿਰ ਵੀ ਰਾਸ਼ਟਰਾਂ ਦਰਮਿਆਨ ਰਵਾਇਤੀ ਮਿੱਤਰਤਾ, ਦੁਵੱਲੇ ਤੇ ਬਹੁ-ਪੱਖੀ ਸਹਿਯੋਗ, ਸੌ ਫੀਸਦੀ ਵਿਕਾਸ ਨਿਸ਼ਸਤਰੀਕਰਨ, ਮਾਨਵ ਅਧਿਕਾਰਵਾਦ, ਵਾਤਾਵਰਨਵਾਦ ਤੇ ਨਾਰੀ ਅਧਿਕਾਰਵਾਦ ਵਰਗੇ ਮੁੱਦਿਆਂ 'ਤੇ ਜਾਗਰੂਕਤਾ ਤੇ ਆਮ ਸਹਿਮਤੀ ਨੂੰ ਉਤਸ਼ਾਹ ਮਿਲਿਆ ਹੈ।

**ਨੋਟ**

## 22.6 ਸ਼ਬਦਕੋਸ਼ (Keywords)

1. **ਸਾਮਵਾਦੀ (Communist)**– ਸਾਮਵਾਦ ਦਾ ਹਮਾਇਤੀ।
2. **ਦੋਤਰਫ਼ਾ ਸੰਬੰਧ (Diplomatic Relations)**– ਕੂਟਨੀਤਕ ਸੰਬੰਧ।

## 22.7 ਅਭਿਆਸ ਪ੍ਰਸ਼ਨ (Review Questions)

1. ਸ਼ੀਤ ਯੁੱਧ ਦੀ ਪ੍ਰਕਿਰਿਤੀ ਤੋਂ ਕੀ ਭਾਵ ਹੈ ?
2. ਸ਼ੀਤ ਯੁੱਧ ਲਈ ਜ਼ਿੰਮੇਵਾਰ ਮੁੱਖ ਕਾਰਨ ਦੱਸੋ।
3. ਵਿਸ਼ਵ ਰਾਜਨੀਤੀ 'ਤੇ ਸ਼ੀਤ ਯੁੱਧ ਦਾ ਕੀ ਪ੍ਰਭਾਵ ਪਿਆ ? ਸਪੱਸ਼ਟ ਕਰੋ।
4. ਸ਼ੀਤ ਯੁੱਧ ਦੀ ਸਮਾਪਤੀ ਦੇ ਮੁੱਖ ਕਾਰਨ ਦੱਸੋ ।

### ਉੱਤਰ : ਸਵ–ਮੁਲਾਂਕਣ (Answer: Self Assessment)

1. ਸ਼ੀਤ ਯੁੱਧ
2. ਕਿਊਬਾ ਸੰਕਟ
3. ਟਰੂਮੈਨ ਸਿਧਾਂਤ
4. (ੳ) 1945
5. (ਅ) 14 ਮਈ, 1955
6. (ੳ) 6 ਅਕਤੂਬਰ, 1956

## 22.8 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਐਂਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–23: ਰਾਜਨੀਤਕ ਕ੍ਰਾਂਤੀ : ਫਰਾਂਸ (Political Revolution : France)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

23.1 ਫਰਾਂਸ ਦੀ ਰਾਜ ਕ੍ਰਾਂਤੀ, 1789–1799 ਈ: (The French Revolution, 1789-1799 A.D.)

23.2 ਫਰਾਂਸ ਦੀ ਰਾਜਕ੍ਰਾਂਤੀ ਦਾ ਕ੍ਰਮਿਕ ਪ੍ਰਸਾਰ (The Expansion of the French Revolution)

23.3 ਸਾਰਾਂਸ਼ (Summary)

23.4 ਸ਼ਬਦਕੋਸ਼ (Keywords)

23.5 ਅਭਿਆਸ ਪ੍ਰਸ਼ਨ (Review Questions)

23.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਫਰਾਂਸ ਦੀ ਰਾਜ ਕ੍ਰਾਂਤੀ ਨੂੰ ਜਾਣਨ 'ਚ।
- ਬੇਰਹਿਮ ਸ਼ਾਸਨ ਦੇ ਹੋਰ ਉਪਕਰਨ ਜਾਣਨ 'ਚ।
- ਰੂਸੋ ਦਾ ਸਮਾਜਿਕ ਸੰਵਿਦਾ ਦਾ ਸਿਧਾਂਤ ਜਾਣਨ 'ਚ।

## ਪ੍ਰਸਤਾਵਨਾ (Introduction)

ਸਮਾਜਿਕ ਪੁਨਰਗਠਨ ਲਈ ਜੋ ਸਿਧਾਂਤ ਅਤੇ ਮਾਰਗ ਰੂਸੋ ਨੇ ਲੱਭਿਆ ਉਹ ਬਹੁਤ ਹੀ ਕ੍ਰਾਂਤੀਕਾਰੀ ਅਤੇ ਸਰਵਥਾ ਮੌਲਿਕ ਦਰਸ਼ਨ ਸੀ। ਉਸ ਨੇ ਤਰਕਾਂ ਦੇ ਆਧਾਰ 'ਤੇ ਪੁਰਾਤਣ ਪ੍ਰਬੰਧ ਦੀਆਂ ਧੱਜੀਆਂ ਉਡਾ ਦਿੱਤੀਆਂ। ਉਸ ਦੇ ਜੀਵਨ ਕਾਲ 'ਚ ਹੀ ਉਸ ਦੇ ਸਿਧਾਂਤਾਂ ਦਾ ਪ੍ਰਭਾਵਸ਼ਾਲੀ ਰੂਸ 'ਚ ਪ੍ਰਚਾਰ-ਪਸਾਰ ਹੋਇਆ। ਉਸ ਨੇ ਜਨਤੰਤਰ ਦੀ ਸਥਾਪਨਾ ਲਈ ਫਰਾਂਸ ਨੂੰ ਤਿਆਰ ਕਰ ਦਿੱਤਾ। ਅਜ਼ਾਦੀ ਅਤੇ ਬਰਾਬਰੀ ਰੂਸ ਦੇ ਮੂਲ ਸਿਧਾਂਤ ਸਨ। ਅਜ਼ਾਦੀ ਅਤੇ ਬਰਾਬਰੀ ਦਾ ਸਿਧਾਂਤ ਹੀ ਫਰਾਂਸੀਸੀ ਕ੍ਰਾਂਤੀ ਦਾ ਮੁੱਖ ਨਾਅਰਾ ਬਣ ਗਿਆ। ਇਸ 'ਚ ਭਾਈਚਾਰੇ ਦੀ ਗੱਲ ਹੋਰ ਜੋੜ ਦਿੱਤੀ ਗਈ ਸੀ। ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਰੂਸੋ ਅਠਾਰ੍ਹਵੀ ਸਦੀ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਦਾਰਸ਼ਨਿਕ ਸੀ। ਦੂਸ਼ਿਤ ਪੁਰਾਤਣ ਪ੍ਰਬੰਧ ਪ੍ਰਤੀ, ਰੂਸੋ ਨੇ ਤਰਕਾਂ ਦੇ ਆਧਾਰ 'ਤੇ ਲੋਕਾਂ 'ਚ ਘਿਰਣਾ ਦੀ ਭਾਵਨਾ ਪੈਦਾ ਕੀਤੀ।

## 23.1 ਫਰਾਂਸ ਦੀ ਰਾਜ ਕ੍ਰਾਂਤੀ, 1789–1799 ਈ: (The French Revolution, 1789-1799 A.D.)

**ਰਾਜ ਕ੍ਰਾਂਤੀ ਦੇ ਕਾਰਨ :** ਕ੍ਰਾਂਤੀ ਦਾ ਭਾਵ ਹੈ ਸਥਾਪਿਤ ਪ੍ਰਬੰਧ ਪ੍ਰਤੀ ਸਮੂਹਿਕ ਜਨ ਸਮਾਜ ਦਾ ਵਿਰੋਧ ਅਤੇ ਵਿਦਰੋਹ ਤੇ ਉਸ 'ਚ ਕੀਤਾ ਗਿਆ ਅਮੂਲ ਪਰਿਵਰਤਨ। ਜਦੋਂ ਇੱਕ ਵੱਡਾ ਜਨ ਸਮੂਹ ਆਪਣੀ ਅਸ਼ਕਤ ਜੀਵਨ ਪ੍ਰਣਾਲੀ ਤੋਂ ਵਿਆਕੁਲ ਹੋ ਉੱਠਦਾ ਹੈ, ਉਦੋਂ ਉਹ ਚੱਲੇ ਆ ਰਹੇ ਪ੍ਰਬੰਧ ਨੂੰ ਪੁੱਟ ਸੁੱਟਣ ਦਾ ਯਤਨ ਕਰਦਾ ਹੈ ਅਤੇ ਨਵਾਂ ਪ੍ਰਬੰਧ ਸਥਾਪਿਤ ਕਰਦਾ ਹੈ। ਇਸ ਨਜ਼ਰੀਏ ਨਾਲ ਸੰਸਾਰ ਦੇ ਲੰਮੇ ਸਮੇਂ ਦੇ ਇਤਿਹਾਸ 'ਚ ਕਈ ਵਾਰ ਕਰਾਂਤੀਆਂ ਦਾ ਧਮਾਕਾ ਹੋਇਆ। ਅਠਾਰਵੀਂ ਸਦੀ ਦੇ ਪਿਛਲੇ ਅੱਧ 'ਚ ਹੋਈ ਫਰਾਂਸ ਦੀ ਰਾਜ ਕ੍ਰਾਂਤੀ ਵਿਸ਼ਵ ਇਤਿਹਾਸ ਦੀਆਂ ਕਈ ਹੋਰ ਕ੍ਰਾਂਤੀਆਂ ਦੀ ਤੁਲਨਾ 'ਚ ਸਭ ਤੋਂ ਵੱਧ ਉਗਰ, ਹਿੰਸਕ ਅਤੇ ਦੂਰਗਾਮੀ ਨਤੀਜਿਆਂ ਵਾਲੀ ਕ੍ਰਾਂਤੀ ਸੀ। ਯੁੱਗ ਪਰਿਵਰਤਨਕਾਰੀ ਫਰਾਂਸ ਦੀ ਕ੍ਰਾਂਤੀ ਦੀ ਇਸ ਘਟਨਾ ਦੀ ਸ਼ੁਰੂਆਤ ਸੰਨ 1789 ਈ: 'ਚ ਹੋਈ ਅਤੇ ਇੱਕ ਦਹਾਕਾ ਭਾਵ 1799 ਈ ਤੱਕ ਇਸ 'ਚ ਕਈ ਉਤਾਰ-ਚੜ੍ਹਾਅ ਆਏ। ਫਰਾਂਸ ਦੀ ਰਾਜ ਕ੍ਰਾਂਤੀ ਦੇ ਕਾਰਨਾਂ, ਉਦੇਸ਼ਸਵਰੂਪ ਅਤੇ ਉਸ ਦੀਆਂ ਉਪਲੱਬਧੀਆਂ ਦਾ ਵਿਸ਼ਲੇਸ਼ਣ ਅਗਲੇ ਪੰਨਿਆਂ 'ਚ ਹੈ।

**ਨੋਟ**

**ਫਰਾਂਸ ਦੀ ਰਾਜ ਕ੍ਰਾਂਤ ਦੀ ਕਾਰਨ:** ਇਹ ਕ੍ਰਾਂਤੀ ਕਿਸੇ ਇੱਕ ਕਾਰਨ ਦਾ ਨਹੀਂ, ਸਗੋਂ ਕਈ ਕਾਰਨਾਂ ਦਾ ਸਮੂਹਿਕ ਨਤੀਜਾ ਸੀ। ਇਸ ਕ੍ਰਾਂਤੀ ਤੋਂ ਪਹਿਲਾਂ ਜੋ ਭੌਤਿਕ ਹਾਲਾਤ ਸਨ ਉਹ ਹੀ ਅਖੀਰ ਕ੍ਰਾਂਤੀ ਲਈ ਜ਼ਿੰਮੇਵਾਰ ਸਨ। ਲਗਭਗ ਪਿਛਲੇ ਇੱਕ ਸੌ ਸਾਲਾਂ 'ਚ ਇਸ ਮਹਾਨ ਕ੍ਰਾਂਤੀ ਲਈ ਵਿਵਿਧ ਪ੍ਰਕਾਰ ਦੀਆਂ ਧਮਾਕਾਖੇਜ ਸਮੱਗਰੀ ਇਕੱਠੀ ਹੋ ਰਹੀ ਸੀ। ਕ੍ਰਾਂਤੀ ਦੇ ਮੁੱਖ ਕਾਰਨ ਹੇਠ ਲਿਖੇ ਅਨੁਸਾਰ ਹਨ–

**ਰਾਜਨੀਤਕ ਕਾਰਨ ਦੂਸ਼ਿਤ, ਬੇਰਹਿਮ ਅਤੇ ਬੇਕਾਬੂ ਰਾਜਨੀਤਕ ਪਰਿਦ੍ਰਿਸ਼:** ਫਰਾਂਸ ਦੇ ਰਾਜਤੰਤਰ ਦੀ ਨਿਰੰਕੁਸ਼ਤਾ ਕ੍ਰਾਂਤੀ ਦਾ ਇੱਕ ਮੁੱਖ ਕਾਰਨ ਸੀ। ਫਰਾਂਸੀਸੀ ਰਾਜਤੰਤਰ 'ਚ ਨਿਰੰਕੁਸ਼ਤਾ ਦੀ ਪਰੰਪਰਾ ਬਹੁਤ ਪੁਰਾਣੀ ਸੀ। ਪੰਦਰਵੀਂ ਸਦੀ ਤੋਂ ਫਰਾਂਸ 'ਚ ਬੂਰਬੋ ਰਾਜਵੰਸ਼ ਦਾ ਨਿਰੰਕੁਸ਼ ਸ਼ਾਸਨ ਚੱਲਿਆ ਆ ਰਿਹਾ ਸੀ। ਉੱਥੋਂ ਦੇ ਰਾਜਾ ਸਵੈ ਇੱਛਾਚਾਰੀ ਅਤੇ ਨਿਰੰਕੁਸ਼ਤਾ ਦੇ ਪ੍ਰਤੀਕ ਬਣ ਚੁੱਕੇ ਸਨ। ਇਸ ਰਾਜਵੰਸ਼ ਦਾ ਸਭ ਤੋਂ ਪ੍ਰਭਾਵਸ਼ਾਲੀ ਸ਼ਾਸਕ ਲੂਈ ਚੌਦਵਾਂ (1643–1715 ਈ:) ਕਿਹਾ ਕਰਦਾ ਸੀ, 'ਮੈਂ ਹੀ ਰਾਜ ਹਾਂ।' ਉਹ ਆਪਣੀ ਇੱਛਾ ਅਨੁਸਾਰ ਕਾਨੂੰਨ ਬਣਾਉਣਾ ਸੀ, ਟੈਕਸ ਵਸੂਲਦਾ ਸੀ ਅਤੇ ਸਰਕਾਰੀ ਆਮਦਨ ਨੂੰ ਮਨਮਰਜੀ ਨਾਲ ਖਰਚ ਕਰਦਾ ਸੀ। ਉਸ ਦੇ ਤਬਾਹਕਾਰੀ ਯੁੱਧ ਨੇ ਖਜ਼ਾਨਾ ਖਾਲੀ ਕਰ ਦਿੱਤਾ, ਉਸ ਨੇ ਫਰਾਂਸ ਦੇ ਵਿੱਤੀ ਪ੍ਰਬੰਧ ਨੂੰ ਵਿਗਾੜ ਦਿੱਤਾ ਸੀ, ਬਹੁਤ ਜ਼ਿਆਦਾ ਟੈਕਸ ਜਨਤਾ ਤੋਂ ਵਸੂਲ ਕਰਦੇ ਹੋਏ ਉਸ ਨੇ ਭੁਖਮਰੀ ਦਾ ਸ਼ਿਕਾਰ ਬਣਾ ਦਿੱਤਾ। ਉਸ ਦਾ ਉੱਤਰ ਅਧਿਕਾਰੀ ਲੂਈ ਪੰਦਰਵਾਂ ਵੀ ਆਪਣੇ ਪੂਰਵਜਾਂ ਵਾਂਗ ਸਵੈਇੱਛਾਧਾਰੀ ਅਤੇ ਨਿਰੰਕੁਸ਼ ਸੀ। ਉਹ ਬਹੁਤ ਹੀ ਅਕਰਮਣ ਅਤੇ ਵਿਲਾਸੀ ਵੀ ਸੀ। ਫਰਾਂਸ ਦੀ ਅੰਦਰੂਨੀ ਦੁਰਦਸ਼ਾ ਨੂੰ ਭਾਂਪ ਕੇ ਉਸ ਨੇ ਕਿਹਾ ਵੀ ਸੀ, 'ਮੇਰੇ ਮਰਨ ਤੋਂ ਬਾਅਦ ਪਰਲੋ ਹੋਵੇਗੀ।' ਲੂਈ ਪੰਦਰਵੇਂ ਨੇ ਆਪਣੇ ਉੱਤਰਾ ਅਧਿਕਾਰੀ ਲਈ ਵਿਰਾਸਤ 'ਚ ਫੌਜੀ ਹਾਰ, ਆਰਥਿਕ ਉਲਝਣਾਂ, ਸ਼ਾਸਨ ਦੀ ਅਸਫ਼ਲਤਾ ਅਤੇ ਅਸਮਰੱਥਤਾ, ਪਾਰਲੇਮਾਂ (ਸੰਸਦ) ਦਾ ਵਿਦਰੋਹ ਅਤੇ ਪ੍ਰਚੱਲਿਤ ਰਾਜਨੀਤਕ ਤੇ ਸਮਾਜਿਕ ਪ੍ਰਬੰਧ ਪ੍ਰਤੀ ਬੁੱਧੀਜੀਵੀਆਂ ਦੇ ਤਿੱਖੇ ਅਸੰਤੋਸ਼ ਨਾਲ ਲੈੱਸ ਰਾਜ ਛੱਡਿਆ ਸੀ। ਕ੍ਰਾਂਤੀ ਦੇ ਸਮੇਂ ਦਾ ਨਿਰੰਕੁਸ਼ ਸ਼ਾਸਕ ਲੂਈ ਸੋਲਵਾਂ (1774–1793 ਈ) ਸੀ। ਫਰਾਂਸ ਦੀ ਕ੍ਰਾਂਤੀ ਦਾ ਇਤਿਹਾਸ ਲਿਖਣ ਵਾਲੇ ਪਹਿਲਾਂ ਸਾਰੇ ਵਿਦਵਾਨਾਂ ਨੇ ਲੂਈ ਸੋਲ੍ਹਵੇਂ ਦਾ ਚਿਤਰਨ ਇੱਕ ਅਨਿਸ਼ਚੀ, ਬੁੱਧੀਹੀਣ ਅਤੇ ਅਸਮਰੱਥ ਸ਼ਾਸਕ ਦੇ ਰੂਪ 'ਚ ਕੀਤਾ ਹੈ। ਨਿਰੰਕੁਸ਼ ਤਾਂ ਉਹ ਸੀ ਸੀ। ਉਸ ਦਾ ਕਹਿਣਾ ਸੀ ਕਿ 'ਇਹ ਚੀਜ਼ ਇਸ ਲਈ ਕਾਨੂੰਨੀ ਹੈ ਕਿ ਮੈਂ ਇਹ ਚਾਹੁੰਦਾ ਹਾਂ।'

**ਨਿਰੰਕੁਸ਼ ਸ਼ਾਸਨ–ਪ੍ਰਬੰਧ ਦੇ ਹੋਰ ਉਪਕਰਨ:** ਰਾਜੇ ਦੀ ਨਿਰੰਕੁਸ਼ਤਾ ਅਤੇ ਉਸ ਦੇ ਦੈਵੀ ਅਧਿਕਾਰਾਂ ਦੇ ਸਹਾਇਕ ਸਾਧਨ ਸਨ– ਸਾਮੰਤਸ਼ਾਹੀ, ਕੁਲੀਨਾਂ ਦਾ ਸ਼ਾਸਨ ਪ੍ਰਬੰਧ 'ਚ ਲਗਾਤਾਰ ਦਖਲ, ਨੌਕਰਸ਼ਾਹੀ ਦੀ ਭ੍ਰਿਸ਼ਟਤਾ, ਸ਼ਾਸਨ ਦਾ ਕੇਂਦਰਕਰਨ, ਕਾਨੂੰਨਾਂ 'ਚ ਇਕਰੂਪਤਾ ਦੀ ਘਾਟ, ਚਰਚ ਦੀ ਮਨਮਰਜੀ ਅਤੇ ਉਸ ਦੇ ਵਿਸ਼ੇਸ਼ ਅਧਿਕਾਰ ਤੇ ਅਯੋਗ ਫੌਜ। ਇਨ੍ਹਾਂ ਸਾਰੇ ਦੋਸ਼ਾਂ ਕਾਰਨ ਕ੍ਰਾਂਤੀ ਤੋਂ ਪਹਿਲਾਂ ਫਰਾਂਸ ਦੀ ਸ਼ਾਸਨ ਪ੍ਰਣਾਲੀ ਅਸਮਰੱਥ, ਅਵਿਵਸਥਿਤ, ਭ੍ਰਿਸ਼ਟ ਅਤੇ ਖਰਚੀਲੀ ਹੋ ਗਈ ਸੀ।

ਕ੍ਰਾਂਤੀ ਤੋਂ ਪਹਿਲਾਂ ਫਰਾਂਸ ਦੀ ਸ਼ਾਸਨ ਵਿਵਸਥਾ ਦਾ ਮੁਖੀ ਰਾਜਾ ਸੀ, ਪਰ ਵਿਹਾਰਿਕ ਰੂਪ ਤੋਂ ਸ਼ਾਸਨ ਦਾ ਅਸਲ ਸੰਚਾਲਨ ਕੁਝ ਕੁਲੀਨ ਸਾਮੰਤ ਅਤੇ ਰਾਜਾ ਦੇ ਕੁਪਾਤਰ ਵਿਅਕਤੀਆਂ ਦੇ ਹੱਥਾਂ 'ਚ ਸੀ। ਪ੍ਰਸ਼ਾਸਨ 'ਚ ਨਾ ਤਾਂ ਕੇਂਦਰੀ ਵਿਭਾਗਾਂ ਦਾ ਨਿਸ਼ਚਿਤ ਪ੍ਰਣਾਲੀ ਅਨੁਸਾਰ ਗਠਨ ਕੀਤਾ ਗਿਆ ਸੀ ਅਤੇ ਨਾ ਹੀ ਮੰਤਰੀਆਂ ਤੇ ਅਧਿਕਾਰੀਆਂ ਦੇ ਕਰਤਵ ਨਿਸ਼ਚਿਤ ਸਨ। ਸੂਬਾਈ ਅਤੇ ਸਥਾਨਕ ਸ਼ਾਸਨ ਦੀ ਵੀ ਇਹੀ ਹਾਲਤ ਸੀ। ਕੇਂਦਰੀ, ਪ੍ਰਾਂਤੀ ਅਤੇ ਇੱਥੋਂ ਤੱਕ ਕਿ ਸਥਾਨਕ ਸ਼ਾਸਨ ਦੇ ਮੁਖੀ ਵੀ ਵਰਸਾਏ 'ਚ ਹੀ ਨਿਵਾਸ ਕਰਦੇ ਹੋਏ ਵਿਲਾਸਤਾ ਦਾ ਜੀਵਨ ਗੁਜ਼ਾਰ ਰਹੇ ਸਨ। ਪੈਰਿਸ ਦੇ ਨੇੜੇ ਵਰਸਾਏ 'ਚ ਕਰੋੜਾਂ ਰੁਪਇਆਂ ਦੀ ਲਾਗਤ ਨਾਲ ਲੂਈ ਚੌਦਵੇਂ ਨੇ ਜਿਸ ਵਿਸ਼ਾਲ ਰਾਜ ਮਹਿਲ ਦਾ ਨਿਰਮਾਣ ਰਾਜਧਾਨੀ 'ਚ ਕਰਵਾਇਆ ਸੀ, ਉਹ ਸਾਮੰਤਾਂ ਅਤੇ ਰਾਜ ਪਰਿਵਾਰ ਦੇ ਲੋਕਾਂ ਦੀਆਂ ਰੰਗਰਲੀਆਂ ਅਤੇ ਵਿਲਾਸਤਾ ਦਾ ਮੁੱਖ ਕੇਂਦਰ ਸੀ। ਇਸ ਮਹਿਲ 'ਚ 18,000 ਵਿਅਕਤੀ ਸਨ ਜਿਨ੍ਹਾਂ 'ਚ 16,000 ਸਮਰਾਜ ਅਤੇ ਰਾਜ ਪਰਿਵਾਰ ਦੇ ਨਿੱਜੀ ਸੇਵਕ ਸਨ ਅਤੇ 2,000 ਉੱਚ ਵਰਗ ਦੇ ਕੁਲੀਨ ਸਨ। ਸਿਰਫ਼ ਰਾਣੀ ਦੇ ਸੇਵਕਾਂ ਦੀ ਗਿਣਤੀ 500 ਸੀ। ਵਰਸਾਏ ਦੇ ਰਾਜਮਹਿਲ ਦੇ ਵਿਲਾਸ, ਰਾਗਰੰਗ ਅਤੇ ਦਰਬਾਰ ਦੀ ਸ਼ਾਨ–ਸ਼ੌਕਤ ਦੇ ਖਰਚ ਦਾ ਸਾਰਾ ਭਾਰ ਦੇਸ਼ ਦੀ ਨੱਬੇ ਫੀਸਦੀ ਜਨਤਾ ਵਰ੍ਹਿਆਂ ਤੋਂ ਸਹਿਨ ਕਰਦੀ ਆ ਰਹੀ ਸੀ ਜਿਸ ਨੂੰ ਭਰ ਪੇਟ ਭੋਜਨ ਵੀ ਨਹੀਂ ਮਿਲਦਾ ਸੀ। ਸਭ ਤੋਂ ਵੱਧ ਖਰਚ ਰਾਣੀ ਆਂਤਵਾਨੇਤ ਦੀ ਮੂਰਖਤਾ ਕਾਰਨ ਹੁੰਦਾ ਸੀ।

> ਨੋਟਸ
>
> ਫਰਾਂਸ ਦੇ ਰਾਜਤੰਤਰ ਦੀ ਨਿਰੰਕੁਸ਼ਤਾ ਕ੍ਰਾਂਤੀ ਦਾ ਇੱਕ ਮੁੱਖ ਕਾਰਨ ਸੀ।

**ਕਾਨੂੰਨ ਅਤੇ ਟੈਕਸਾਂ 'ਚ ਅਸਮਾਨਤਾਵਾਂ:** ਸ਼ਾਸਨ ਪ੍ਰਬੰਧ, ਟੈਕਸਾਂ ਦੀ ਦਰ, ਨਿਯਤ ਅਤੇ ਨਿਆਂ ਪ੍ਰਣਾਲੀ 'ਚ ਇਕਰੂਪਤਾ ਦੀ ਘਾਟ ਫਰਾਂਸੀਸੀ ਸ਼ਾਸਨ ਦੀ ਇੱਕ ਸਭ ਤੋਂ ਵੱਡੀ ਦੁਰਬਲਤਾ ਸੀ। ਦੇਸ਼ 'ਚ ਕਾਨੂੰਨਾਂ ਦੀ ਕੋਈ ਇੱਕ ਪ੍ਰਮਾਣਿਕ ਜ਼ਾਬਤਾ ਨਹੀਂ ਸੀ। ਪੂਰੇ ਦੇਸ਼ 'ਚ ਲਗਭਗ 385 ਤਰ੍ਹਾਂ ਦੇ ਨਿਆਂ ਵਿਧਾਨ ਪ੍ਰਚੱਲਿਤ ਸਨ। ਇੱਥ ਕਸਬੇ 'ਚ ਜੋ ਗੱਲ ਕਾਨੂੰਨ ਅਤੇ ਸਹੀ ਮੰਨੀ ਜਾਂਦੀ ਸੀ, ਉਹੀ ਗੱਲ ਉਸ ਸਥਾਨ ਤੋਂ 5 ਮੀਲ ਦੀ ਦੂਰੀ 'ਤੇ ਸਥਿਤ ਦੂਜੇ ਕਸਬੇ 'ਚ ਗੈਰ–ਕਾਨੂੰਨੀ ਸਮਝੀ ਜਾਂਦੀ ਸੀ। ਸਜ਼ਾ ਪ੍ਰਬੰਧ ਬਹੁਤ ਹੀ ਸਖ਼ਤ ਅਤੇ ਪੱਖਪੱਤਪੂਰਨ ਸੀ। ਕੁਲੀਨ ਵਰਗ ਦੇ ਲੋਕ ਤਾਂ ਪ੍ਰਾਏ: ਸਦਾ ਹੀ ਆਪਣੇ ਅਪਰਾਧ ਦੀ ਕਿਸੇ ਵੀ ਸਜ਼ਾ ਤੋਂ ਬਚ ਸਕਦੇ ਸਨ। ਨਿਆਂ ਪ੍ਰਣਾਲੀ ਦੀ ਇੱਕ ਬੁਰਾਈ ਇਹ ਵੀ ਸੀ ਕਿ ਅਦਾਲਤਾਂ ਦੀ ਭਾਸ਼ਾ ਲੈਟਿਨ ਸੀ, ਜਿਸ ਨੂੰ ਫਰਾਂਸੀਸੀ ਭਾਸ਼ਾ ਜਾਣਨ ਵਾਲੀ ਆਮ ਜਨਤਾ ਸਮਝ ਨਹੀਂ ਸਕਦੀ ਸੀ।

ਟੈਕਸਾਂ ਦਾ ਪ੍ਰਬੰਧ ਇੰਨਾ ਅਨਿਆਂਪੂਰਨ ਸੀ ਕਿ ਟੈਕਸਾਂ ਦਾ ਪੂਰਾ ਭਾਰ ਕਿਸਾਨਾਂ ਅਤੇ ਆਮ ਲੋਕਾਂ ਨੂੰ ਸਹਿਨ ਕਰਨਾ ਪੈਂਦਾ ਸੀ। ਕੁਲੀਨ, ਪਾਦਰੀ ਅਤੇ ਸਾਮੰਤ ਵਰਗ ਦੇ ਲੋਕ ਜੋ ਦੇਸ਼ ਦੀ 40 ਫੀਸਦੀ ਸੰਪਤੀ ਦੇ ਮਾਲਕ ਸਨ, ਟੈਕਸ ਭਾਰਤੋਂ ਬਿਲਕੁਲ ਮੁਕਤ ਸਨ। ਸਭ ਤੋਂ ਵੱਡੀ ਵਿਡੰਬਨਾ ਇਹ ਸੀ ਕਿ ਟੈਕਸ ਕਰਮਚਾਰੀਆਂ ਵੱਲੋਂ ਨਹੀਂ, ਸਗੋਂ ਠੇਕੇਦਾਰਾਂ ਵੱਲੋਂ ਵਸੂਲ ਕੀਤੇ ਜਾਂਦੇ ਸਨ। ਸਭ ਤੋਂ ਵੱਧ ਬੋਲੀ ਲਾਉਣ ਵਾਲੇ ਠੇਕੇਦਾਰਾਂ ਨੂੰ ਵਸੂਲੀ ਕਰਨ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਸੀ।

ਨੋਟ

**ਪਾਰਲਮਾਂ:** ਇਸ ਤਰ੍ਹਾਂ ਰਾਜ ਮਹਿਲ ਅਤੇ ਵਿਲਾਸੀ ਸਾਮੰਤਾਂ ਦੇ ਬੇਹਿਸਾਬ ਖਰਚ, ਕੁਲੀਨਾਂ ਅਤੇ ਸਾਮੰਤਾਂ ਦੀ ਮਨਮਰਜ਼ੀ, ਦੂਸ਼ਿਤ ਅਤੇ ਵਿਕ੍ਰਿਤ ਨਿਆਂ ਅਤੇ ਟੈਕਸ ਪ੍ਰਣਾਲੀ ਦੇ ਕਾਰਨ ਫਰਾਂਸ ਦੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਵਿਵਸਥਾ ਖਸਤਾ ਹੋ ਚੁੱਕੀ ਸੀ। ਇਹ ਅਰਾਜਕਤਾ ਅਤੇ ਅਵਿਵਸਥਾ ਦੀ ਸਿਖ਼ਰ ਸੀਮਾ ਸੀ। ਇਸ ਅਨਿਆਂਪੂਰਨ ਅੱਤਿਆਚਾਰੀ ਰਾਜ ਪ੍ਰਬੰਧ ’ਤੇ ਕਿਸੇ ਵੀ ਸੰਸਥਾ ਦਾ ਕੋਈ ਕੰਟਰੋਲ ਨਹੀਂ ਸੀ। ਪੁਰਾਤਣ ਫਰਾਂਸ ’ਚ ਪਾਰਲਮਾਂ ਨਾਂਅ ਦੀ ਇੱਕ ਸੰਸਥਾ ਸੀ ਜੋ ਰਾਜੇ ਦੇ ਸਵੈਇੱਛਾਆਚਾਰ ’ਤੇ ਕੁਝ ਰੋਕ ਲਾ ਸਕਦੀ ਸੀ। ਸਿਧਾਂਤ ਤੌਰ’ਤੇ ਜਦੋਂ ਤੱਕ ਕੋਈ ਕਾਨੂੰਨ ਜਾਂ ਟੈਕਸ ਪਾਲਮਾਂ ਵੱਲੋਂ ਪਾਸ ਨਹੀਂ ਹੁੰਦਾ ਸੀ, ਉਦੋਂ ਤੱਕ ਉਸ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਸੀ।

ਪਾਰਲਮਾਂ ਦੇ ਹੀ ਤਹਿਤ ਅਸਟੇਟਸ ਜਨਰਲ ਨਾਂਅ ਦੀ ਇੱਕ ਪ੍ਰਤੀਨਿਧੀ ਸਭਾ ਵੀ ਹੋਇਆ ਕਰਦੀ ਸੀ, ਪਰ 1614 ਈ: ਤੋਂ ਬਾਅਦ ਉਸ ਦਾ ਕੋਈ ਅਧਿਵੇਸ਼ਨ ਨਹੀਂ ਬੁਲਾਇਆ ਗਿਆ, ਇਸ ਲਈ ਲੋਕ ਇਸ ਦੀ ਚੋਣ ਅਤੇ ਸੰਗਠਨ ਦੀ ਜਾਣਕਾਰੀ ਭੁੱਲ ਚੁੱਕੇ ਸਨ। ਪਾਰਲਮਾਂ ਦੀ ਹੋਂਦ ਸਿਧਾਂਤਕ ਨਜ਼ਰੀਏ ਨਾਲ ਲੂਈ ਸੋਲ੍ਹਵੇਂ ਦੇ ਸਮੇਂ ’ਚ ਵੀ ਸੀ, ਪਰ ਵਿਹਾਰਿਕ ਨਜ਼ਰੀਏ ਤੋਂ ਉਹ ਸਿਰਫ਼ ਰਾਜੇ ਦਾ ਸਮਰਥਨ ਕਰਨ ਵਾਲੀ ਸੰਸਥਾ ਬਣ ਕੇ ਰਹਿ ਗਈ। ਉਸ ਦੀ ਸਥਿਤੀ ਉੱਚੇ ਨਿਆਲਿਆ ਦੇ ਪ੍ਰਕਾਰ ਸੀ। ਕ੍ਰਾਂਤੀ ਦੇ ਪਹਿਲਾਂ ਦੇ ਸਾਲਾਂ ’ਚ ਪਾਰਲਮਾਂ ਸਰਕਾਰੀ ਨੀਤਆਂ ਪ੍ਰਤੀ ਜਨਤਾ ਦਾ ਧਿਆਨ ਯਦਾ-ਕਦਾ ਖਿਚਦੀ ਸੀ ਅਤੇ ਲੋਕਾਂ ਨੂੰ ਇਹ ਦੱਸਦੀ ਸੀ ਕਿ ਦੇਸ਼ ਦੇ ਮੂਲਭੂਤ ਕਾਨੂੰਨ ਨੂੰ ਮਨਮਾਨੇ ਢੰਗ ਨਾਲ ਬਦਲਣ ਦਾ ਅਧਿਕਾਰ ਰਾਜਾ ਨੂੰ ਨਹੀਂ ਹੈ। ਫਰਾਂਸ ਦੇ ਘੋਰ ਕੁਸ਼ਾਸਨ ’ਚ ਪਾਰਲਮਾਂ ਇੱਕੋ-ਇੱਕ ਉਮੀਦ ਦੀ ਕਿਰਨ ਸੀ। 1789 ਈ: ’ਚ ਰਾਜੇ ਨੂੰ ਮਜ਼ਬੂਰ ਹੋ ਕੇ ਪਾਰਮਾਂ ਦੀ ਸਹਾਇਤਾ ਲੈਣੀ ਪਈ ਅਤੇ ਕ੍ਰਾਂਤੀ ਦਾ ਸੂਤਰਧਾਰ ਐਸਟੇਟਸ ਜਨਰਲ ਅਤੇ ਪਾਰਲਮਾਂ ਦਾ ਸਮੇਲਨ ਬੁਲਾਉਣ ਦੀ ਘਟਨਾ ਤੋਂ ਹੀ ਹੋਇਆ।

## ਕ੍ਰਾਂਤੀ ਦੇ ਸਮਾਜਿਕ ਕਾਰਨ ਵਿਸ਼ਮ ਅਤੇ ਵਿਘਟਿਤ ਸਮਾਜ

ਕ੍ਰਾਂਤੀ ਤੋਂ ਪਹਿਲਾਂ ਦਾ ਫਰਾਂਸੀਸੀ ਸਮਾਜ ਮਨੁੱਖੀ ਸਮਾਜ ਦੇ ਕੁਦਰਤੀ ਨਿਆਂ ਤੋਂ ਉਲਟ ਵਿਸ਼ਮ ਵਰਗ ਭੇਦ ’ਤੇ ਅਧਾਰਿਤ ਸੀ। ਉੱਪਰੀ ਤੌਰ ’ਤੇ ਸਮਾਜ ਨੂੰ ਸੁਵਿਧਾ ਵਾਲਾ ਅਤੇ ਸੁਵਿਧਾਹੀਣ ਵਰਗਾਂ ’ਚ ਵੰਡਿਆ ਮੰਨਿਆ ਜਾ ਸਕਦਾ ਹੈ। ਸਮਾਜਿਕ ਸੰਗਠਨ ਦਾ ਆਧਾਰ ਸੀ-ਸਾਮੰਤਵਾਦ ਪ੍ਰਣਾਲੀ, ਅਸਮਾਨਤਾ ਅਤੇ ਵਿਸ਼ੇਸ਼ ਅਧਿਕਾਰ। ਇਸ ਨਜ਼ਰੀਏ ਨਾਲ ਸਮਾਜ ਤਿੰਨਵਰਗਾਂ ’ਚ ਵੰਡਿਆ ਸੀ-ਪਾਦਰੀ, ਕੁਲੀਨ ਵਰਗ ਅਤੇ ਸਰਵ ਸਾਧਾਰਨ ਵਰਗ। ਇਨ੍ਹਾਂ ’ਚ ਉੱਚ ਪਾਦਰੀ ਅਤੇ ਕੁਲੀਨ ਵਰਗਾਂ ਨੂੰ ਕਈ ਤਰ੍ਹਾਂ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ ਜਦੋਂਕਿ ਨਿਮਨ ਸ਼੍ਰੇਣੀ ਦੇ ਆਮ ਪਾਦਰੀ, ਕਿਸਾਨ, ਵਪਾਰੀ, ਸ਼ਿਲਪੀ ਅਤੇ ਬੁੱਧੀਜੀਵੀ ਆਦਿ ਵਿਸ਼ੇਸ਼ ਅਧਿਕਾਰੀਆਂ ਤੋਂ ਵਾਂਝੇ ਸਨ।

> ਕੀ ਤੁਸੀ ਜਾਣਦੇ ਹੋ? ਫਰਾਂਸ ਦੀ ਕ੍ਰਾਂਤੀ ਦੇ ਸਮੇਂ ਦਾ ਨਿਰੰਕੁਸ਼ ਸ਼ਾਸਕ ਲੂਈ ਸੋਲ੍ਹਵਾਂ (1774–1793 ਈ:) ਸੀ।

### ਫਰਾਂਸ ਦੇ ਸਮਾਜਿਕ ਸੰਗਠਨ ਦੇ ਵੱਖ-ਵੱਖ ਵਰਗਾਂ ਦੀ ਸਥਿਤੀ

(ਕ) **ਪਾਦਰੀ ਵਰਗ:** ਫਰਾਂਸ ਦੇ ਸਮਾਜ, ਰਾਜਨੀਤੀ ਅਤੇ ਅਰਥ ਵਿਵਸਥਾ ’ਤੇ ਚਰਚ ਦਾ ਡੂੰਘਾ ਪ੍ਰਭਾਵ ਸੀ। ਆਪਣੀਆਂ ਪਰੰਪਰਾਗਤ ਧਾਰਮਿਕ ਮਾਨਤਾਵਾਂ ਅਤੇ ਅੰਧ ਵਿਸ਼ਵਾਸਾਂ ਕਾਰਨ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਦਾ ਕੰਮ ਪਾਦਰੀਆਂ ਨਾਲ ਪੈਂਦਾ ਰਹਿੰਦਾ ਸੀ। ਖ਼ੁਦ ਰਾਜਾ, ਰਾਜ ਪਰਿਵਾਰ ਦੇ ਮੈਂਬਰ ਕੁਲੀਨ ਅਤੇ ਸਾਮੰਤ ਵੀ ਚਰਚ ਦੀ ਉਲੰਘਣਾ ਕਰਨ ਦੀ ਹਿੰਮਤ ਨਹੀਂ ਕਰ ਸਕਦੇ ਸਨ। ਫਰਾਂਸ ਦੇ ਸੈਂਕੜੇ-ਹਜ਼ਾਰਾਂ ਚਰਚਾਂ ਨਾਲ ਸਬੰਧਿਤ ਪਾਦਰੀਆਂ ਦੇ ਦੋ ਵਰਗ ਸਨ। ਇੱਕ, ਵਿਸ਼ੇਸ਼ ਅਧਿਕਾਰਾਂ ਦਾ ਉਪਯੋਗ ਕਰਨ ਵਾਲੇ ਉੱਚ ਪਾਦਰੀ ਅਤੇ ਦੂਜੇ, ਆਮ ਪਾਦਰੀ। ਇਨ੍ਹਾਂ ਦੋਵਾਂ ਸ੍ਰੇਣੀਆਂ ਦੀ ਸਥਿਤੀ ’ਚ ਮਹਾਨ ਅੰਤਰ ਸੀ।

**ਉੱਚ ਪਾਦਰੀ:** ਇਸ ਪਹਿਲੀ ਸ੍ਰੇਣੀ ਦੇ ਪਾਦਰੀ, ਕੁਲੀਨਾਂ ਅਤੇ ਸਾਮੰਤਾਂ ਦੇ ਪੁੱਤਰ ਹੀ ਹੰਦੇ ਸਨ। ਫਰਾਂਸ ਦੀ ਸੰਪੂਰਨ ਜਾਗੀਰੀ ਜ਼ਮੀਨ ਦੀ ਵੀਹ ਫੀਸਦੀ ਭੂਮੀ, ਜੋ ਚਰਚ ਦੇ ਅਧੀਨ ਸੀ, ਦੇ ਅਸਲੀ ਮਾਲਕ ਇਹ ਉੱਚ ਪਾਦਰੀ ਹੀ ਹੁੰਦੇ ਸਨ। ਇਨ੍ਹਾਂ ਦੀ ਆਮਦਨੀ ਬਹੁਤ ਸੀ ਅਤੇ ਇਹ ਸ਼ਾਨ-ਸ਼ੌਕਤ ਅਤੇ ਅਰਾਮ ਦੀ ਜ਼ਿੰਦਗੀ ਗੁਜ਼ਾਰਦੇ ਸਨ। ਕਿਉਂਕਿ ਇਹ ਬਹੁਧਾ ਵੱਡੇ ਅਤੇ ਅਮੀਰ ਘਰਾਣਿਆਂ ਦੇ ਹੀ ਹੁੰਦੇ ਸਨ ਇਸ ਲਈ ਅਮੀਰਾਂ ਦੇ ਸਮਾਨ ਘਰ ਤੋਂ ਦੂਰ ਰਹਿ ਕੇ ਭੋਗ-ਵਿਲਾਸ ਦਾ ਜੀਵਨ ਗੁਜ਼ਾਰਦੇ ਸਨ। ਇਨ੍ਹਾਂ ਦੀ ਵਿਲਾਸਤਾ ਅਤੇ ਧਨ ਦੀ ਦੁਰਵਰਤੋਂ ਦਾ ਵਰਤਨ ਕਰਦੇ ਹੋਏ ਇਤਿਹਾਸਕਾਰ ਹੇਜਨ ਨੇ ਲਿਖਿਆ ਹੈ ਕਿ, -“ ਸਟਾਸਬਰਗ ਦੇ ਆਰਕਬਿਸ਼ਪ (ਪਾਦਰੀਆਂ ’ਚ ਉੱਚ ਅਹੁਦਾ) ਦੀ ਸਾਲਾਨਾ ਆਮਦਨ ਤਿੰਨ ਲੱਖ ਡਾਲਰ ਸੀ। ਉਸ ਦੇ ਮਹਿਲ ’ਚ ਸ਼ਾਨਦਾਰ ਦਰਬਾਰ ਲੱਗਦਾ ਸੀ ਅਤੇ ਇੱਕ ਸਮੇਂ ’ਚ ਦੋ-ਦੋ ਸੌ ਮਹਿਮਾਨਾਂ ਦਾ ਸਤਿਕਾਰ ਕੀਤਾ ਜਾਂਦਾ ਸੀ। ਉਸ ਦੇ ਰਸੋਈ ਘਰ ਦੀਆਂ ਕੜ੍ਹੀਆਂ ਚਾਂਦੀ ਦੀਆਂ ਸਨ। ਉਸ ਦੇ ਅਸਤਬਲ ’ਚ 180 ਘੋੜੇ ਸਨ ਜੋ ਸਦਾ ਮਹਿਮਾਨਾਂ ਦੀ ਸੇਵਾ ਲਈ ਤਿਆਰ ਰੱਖੇ ਜਾਂਦੇ ਸਨ।” ਸੁਭਾਵਿਕ ਹੀ ਹੈ ਕਿ ਇਨ੍ਹਾਂ ਪਾਦਰੀਆਂ ਨੂੰ ਧਾਰਮਿਕ ਕੰਮਾਂ ਨਾਲ ਕੋਈ ਮਤਲਬ ਨਹੀਂ ਸੀ। ਇਨ੍ਹਾਂ ਵਿੱਚੋਂ ਕਈ ਕੁਲੀਨਾਂ ਦੀ ਤਰ੍ਹਾਂ ਰਾਜੇ ਦੇ ਦਰਬਾਰ ’ਚ ਵਿਲਾਸਮਈ ਜੀਵਨ ਗੁਜ਼ਾਰਦੇ ਸਨ। ਇਨ੍ਹਾਂ ਦਾ ਸਾਰਾ ਸਮਾਂ ਸਾਜਿਸ਼ਾਂ ’ਚ ਹਿੱਸਾ ਲੈਣ ਜਾਂ ਮੌਜਾਂ ਕਰਨ ’ਚ ਗੁਜ਼ਰਦਾ ਸੀ। ਇਨ੍ਹਾਂ ਵਿੱਚੋਂ ਕੁਝ ਤਾਂ ਅਜਿਹੇ ਸਨ ਪੂਰੀ ਤਰ੍ਹਾਂ ਨਾਸਤਿਕ ਸਨ ਅਤੇ ਜਿਨ੍ਹਾਂ ਨੂੰ ਪਰਮਾਤਮਾ ਦੀ ਹੋਂਦ ’ਚ ਵਿਸ਼ਵਾਸ ਨਹੀਂ ਸੀ। ਆਮ ਸ਼੍ਰੇਣੀ ਦੇ ਪਾਦਰੀਆਂ ਅਤੇ ਆਮ ਜਨਤਾ ’ਚ ਉੱਚ ਵਰਗ ਦੇ ਇਨ੍ਹਾਂ ਪਾਦਰੀਆਂ ਪ੍ਰਤੀ ਸ਼ਰਧਾ ਦੇ ਸਥਾਨ ’ਤੇ ਅਸੰਤੋਸ਼ ਅਤੇ ਵਿਰੋਧ ਦੀ ਭਾਵਨਾ ਵਧ ਰਹੀ ਸੀ।

**ਆਮ ਪਾਦਰੀ:** ਇਸ ਵਰਗ 'ਚ ਹਜ਼ਾਰਾਂ ਸਥਾਨਕ ਗਿਰਜਾ ਘਰਾਂ ਦੇ ਛੋਟੇ ਪਾਦਰੀ ਸਨ ਜੋ ਪ੍ਰਾਏ: ਨਿਮਨ ਵਰਗ ਜਾਂ ਕਿਸਾਨ ਵਰਗ ਤੋਂ ਆਉਂਦੇ ਸਨ। ਜਨ ਸਾਧਾਰਨ ਦੇ ਸਾਰੇ ਧਾਰਮਿਕ ਕੰਮ ਇਹ ਛੋਟੇ ਪਾਦਰੀ ਹੀ ਕਰਾਉਂਦੇ ਸਨ ਅਤੇ ਉਨ੍ਹਾਂ ਦੇ ਸੁਖ-ਦੁੱਖ 'ਚ ਸ਼ਾਮਲ ਵੀ ਹੁੰਦੇ ਸਨ। ਫਿਰ ਵੀ ਉਨ੍ਹਾਂ ਨੂੰ ਭਿਕਸ਼ੂਆਂ ਵਰਗਾ ਜੀਵਨ ਗੁਜ਼ਾਰਨਾ ਪੈਂਦਾ ਸੀ ਕਿਉਂਕਿ ਉਨ੍ਹਾਂ ਦੀ ਤਨਖਾਹ ਇੰਨੀ ਘੱਟ ਸੀ ਕਿ ਜੀਵਨ ਦਾ ਗੁਜ਼ਾਰਾ ਕਰਨਾ ਹੀ ਔਖਾ ਸੀ। ਜਿੱਥੇ ਵੱਡੇ-ਵੱਡੇ ਪਾਦਰੀਆਂ ਨੂੰ ਸਲਾਨਾ ਲਗਭਗ ਪੱਚੀ ਸੌ ਪੌਂਡ ਤਨਖਾਹ ਮਿਲਦੀ ਸੀ, ਉੱਥੇ ਦੇਹਾਤ ਦੇ ਛੋਟੇ ਪਾਦਰੀਆਂ ਨੂੰ ਵੀਹ ਪੌਂਡ ਨਾਲ ਹੀ ਸਬਰ ਕਰਨਾ ਪੈਂਦਾ ਸੀ। ਵੱਡੇ ਪਾਦਰੀਆਂ ਪ੍ਰਤੀ ਉਨ੍ਹਾਂ ਦੀ ਘਿਰਣਾ ਬੜੀ ਤਿੱਖੀ ਸੀ। ਉਨ੍ਹਾਂ ਦੇ ਐਸ਼ੋ-ਆਰਾਮ ਅਤੇ ਰੰਗਰਲੀਆਂ ਨੂੰ ਵੇਖ ਕੇ ਉਨ੍ਹਾਂ ਦੇ ਦਿਲ 'ਚ ਦਵੈਸ਼ ਦੀ ਅੱਗ ਭੜਕਦੀ ਰਹਿੰਦੀ ਸੀ ਅਤੇ ਸਾਧਾਰਨ ਵਰਗ ਪ੍ਰਤੀ ਪੂਰੀ ਹਮਦਰਦੀ ਸੀ।

**(ਖ) ਕੁਲੀਨ ਵਰਗ:** ਵਿਸ਼ੇਸ਼ ਅਧਿਕਾਰਾਂ ਅਤੇ ਸੁਵਿਧਾਵਾਂ ਨਾਲ ਲੈੱਸ ਦੂਜਾ ਵਰਗ ਕੁਲੀਨਾਂ ਦਾ ਸੀ ਜਿਨ੍ਹਾਂ ਦੂਜੇ ਅਸਟੇਟ (Second Estate) ਕਹਿੰਦੇ ਸਨ। ਉੱਚ ਪਾਦਰੀਆਂ ਦੀ ਤਰ੍ਹਾਂ ਇਸ ਵਰਗ ਦ ਲੋਕਾਂ ਨੂੰ ਵੀ ਕਈ ਵਿਸ਼ਸ਼ ਅਧਿਕਾਰ ਅਤੇ ਸੁਵਿਧਾਵਾਂ ਪ੍ਰਾਪਤ ਸਨ। ਕੁਲੀਨਾਂ ਦੀ ਗਿਣਤੀ ਲਗਭਗ 1,40,000 ਸੀ। ਰਾਜ ਚਰਚ ਅਤੇ ਫੌਜ ਦੇ ਸਾਰੇ ਉੱਚ ਅਹੁਦੇ ਇਸੇ ਵਰਗ ਦੇ ਹੱਥਾਂ 'ਚ ਸਨ ਅਤੇ ਫਰਾਂਸ ਦੀ ਸਮੁੱਚੀ ਜ਼ਮੀਨ ਦਾ ਲਗਭਗ ਚੌਥਾਈ ਹਿੱਸਾ ਇਨ੍ਹਾਂ ਦੇ ਅਧਿਕਾਰ 'ਚ ਸੀ। ਮੱਧ ਯੁੱਗ 'ਚ ਸਾਮੰਤਵਾਦ 'ਚ ਹੀ ਸੱਤਾ ਦਾ ਵਿਕੇਂਦਰੀਕਰਨ ਸੀ, ਪਰ ਲੂਈ ਚੌਦਵੇਂ ਦੇ ਕਾਲ 'ਚ ਜਦੋਂ ਰਾਜੇ ਦੀ ਸ਼ਕਤੀ ਸਭ ਤੋਂ ਉੱਤੇ ਹੋ ਗਈ ਤਾਂ ਸਾਮੰਤਾਂ ਦਾ ਰਾਜਨੀਤਕ ਪ੍ਰਭਾਵ ਕਮਜ਼ੋਰ ਹੁੰਦਾ ਗਿਆ। ਫਰਾਂਸ ਦੇ ਕੁਝ ਪ੍ਰਭਾਵਸ਼ਾਲੀ ਸ਼ਾਸਕਾਂ ਨੇ ਸਾਮੰਤਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ। ਪ੍ਰਾਏ: ਸਾਰੇ ਸਾਮੰਤ ਕੁਲੀਨ ਵਰਗ ਦੇ ਹੀ ਮੰਨੇ ਜਾਂਦੇ ਸਨ। ਇਨ੍ਹਾਂ ਕੁਲੀਨਾਂ 'ਚ ਵੀ ਵਰਗ ਭੇਦ ਸੀ। ਅਭਿਜਾਤੀ ਪ੍ਰਾਚੀਨ ਰਾਜਵੰਸ਼ਾਂ ਦੇ ਉੱਤਰ ਅਧਿਕਾਰੀ ਅਤੇ ਰਾਜਕ੍ਰਿਪਾ ਨਾਲ ਉੱਚ ਅਹੁਦਿਆਂ 'ਤੇ ਬੈਠੇ ਸਾਮੰਤ, ਪ੍ਰਾਂਤੀ ਸਾਮੰਤਾਂ ਨੂੰ ਘਿਰਣਾ ਦੀ ਨਿਗ੍ਹਾ ਨਾਲ ਵੇਖਦੇ ਸਨ।

ਕਈ ਪ੍ਰਾਂਤੀ ਕੁਲੀਨਾਂ ਦੀ ਸਥਿਤੀ ਦੁਰਬਲ ਸੀ ਅਤੇ ਉਹ ਸਾਮੰਤੀ ਪਰੰਪਰਾਵਾਂ ਦਾ ਪਾਲਣ ਬੜੀ ਮੁਸ਼ਕਲ ਨਾਲ ਕਰ ਸਕਦੇ ਸਨ। ਇਨ੍ਹਾਂ ਵਿਭਿੰਨਤਾਵਾਂ ਅਤੇ ਵਰਗ ਭੇਦ ਦੇ ਬਾਵਜੂਦ ਸਾਰੇ ਕੁਲੀਨ ਇਸ ਮਾਅਨੇ 'ਚ ਸਮਾਨ ਸਨ ਕਿ ਉਨ੍ਹਾਂ ਨੂੰ ਸਮਾਜ 'ਚ ਵਿਸ਼ੇਸ਼ ਸਥਾਨ ਪ੍ਰਾਪਤ ਸੀ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਟੈਕਸ ਨਾ ਦੇਣ ਦਾ ਵਿਸ਼ੇਸ਼ ਅਧਿਕਾਰ ਅਤੇ ਸਹੂਲਤਾਂ ਪ੍ਰਾਪਤ ਸਨ। ਸਾਰੇ ਕੁਲੀਨ ਜ਼ਮੀਨ-ਮਾਲਕ ਸਨ। ਉਹ ਕਿਸਾਨਾਂ ਤੋਂ ਆਪਣੀ ਇੱਛਾ ਅਨੁਸਾਰ ਟੈਕਸ ਵਸੂਲਦੇ ਸਨ ਅਤੇ ਉਸ ਦਾ ਇੱਕ ਹਿੱਸਾ ਖਜ਼ਾਨੇ 'ਚ ਜਮ੍ਹਾ ਕਰਦੇ ਸਨ। ਉਹ ਆਪਣੀ ਖੁਦ ਦੀ ਜ਼ਮੀਨ 'ਤੇ ਕਿਸਾਨ ਅਤੇ ਅਣਗਿਣਤ ਬੰਧੂਆ ਕਿਸਾਨਾਂ (Serfs) ਤੋਂ ਵਗਾਰ (ਬਿਨਾ ਮਜ਼ਦੂਰੀ ਕੰਮ ਕਰਵਾਉਣਾ) ਲੈਂਦੇ ਸਨ, ਪਰੰਤੂ ਕਿਸਾਨ ਉਨ੍ਹਾਂ ਦੇ ਵਿਰੁੱਧ ਆਵਜ਼ ਨਹੀਂ ਉਠਾ ਸਕਦੇ ਸਨ। ਕਿਸਾਨਾਂ ਨੂੰ ਹਫ਼ਤੇ 'ਚ ਲਗਭਗ ਛੇ ਦਿਨਾਂ ਤੱਕ ਆਪਣੇ ਜਮੀਂਦਾਰਾਂ ਦੀ ਜ਼ਮੀਨ 'ਤੇ ਵਗਾਰ 'ਚ ਕੰਮ ਕਰਨਾ ਪੈਂਦਾ ਸੀ। ਸ਼ਿਕਾਰ ਖੇਡਣ ਲਈ ਇਨ੍ਹਾਂ ਜ਼ਿੰਮੀਦਾਰਾਂ ਨੇ ਆਪਣੇ ਖੇਤਰਾਂ 'ਚ ਵਿਸ਼ਾਲ ਭੂ-ਭਾਗ ਸੁਰੱਖਿਅਤ ਛੱਡ ਰੱਖਿਆ ਸੀ ਜਿੱਥੇ ਜੰਗਲੀ ਜਾਨਵਰ ਰਹਿੰਦੇ ਸਨ ਜੋ ਸਮੀਪਵਰਤੀ ਕਿਸਾਨਾਂ ਦੀ ਖੇਤੀ ਨੂੰ ਉਜਾੜ ਦਿੰਦੇ ਸਨ। ਆਮ ਕਿਸਾਨਾਂ ਅਤੇ ਪਿੰਡਾਂ ਦੇ ਨਿਵਾਸੀਆਂ ਦੀਆਂ ਮੁਸੀਬਤਾਂ ਦੀ ਕੋਈ ਹੱਦ ਨਹੀਂ ਸੀ। ਉਪਰੋਕਤ ਸਾਰੇ ਤਰ੍ਹਾਂ ਦੇ ਸ਼ੋਸ਼ਨ ਤੋਂ ਇਲਾਵਾ ਕਿਸਾਨਾਂ 'ਤੇ ਅੱਤਿਆਚਾਰ ਕਰਨ ਦਾ ਇੱਕ ਤਰੀਕਾ ਇਹ ਸੀ ਕਿ ਕੁਲੀਨਾਂ ਨੇ ਆਪਣੀਆਂ-ਆਪਣੀਆਂ ਜਾਗੀਰਾਂ 'ਚ ਆਏ ਦੀਆਂ ਚੱਕੀਆਂ, ਸ਼ਰਾਬ ਦੀਆਂ ਭੱਠੀਆਂ ਅਤੇ ਤੰਦੂਰ (ਓਵਨ) ਆਦਿ ਖੋਲ੍ਹ ਰੱਖੇ ਸਨ। ਇੱਥੋਂ ਦੇ ਸਾਰਿਆਂ ਨਿਵਾਸੀਆਂ ਨੂੰ ਨਿਸ਼ਚਿਤ ਮੁੱਲ ਚੁਕਾ ਕੇ ਇਨ੍ਹਾਂ ਹੀ ਜ਼ਿੰਮੀਦਾਰਾਂ ਦੀ ਸ਼ਰਾਬ ਦੀਆਂ ਭੱਠੀਆਂ 'ਚ ਅੰਗੂਰ ਦੀ ਸ਼ਰਾਬ ਤਿਆਰ ਕਰਨੀ ਪੈਂਦੀ ਸੀ, ਉਨ੍ਹਾਂ ਤੰਦੂਰਾਂ 'ਤੇ ਰੋਟੀ ਤਿਆਰ ਕਰਨੀ ਪੈਂਦੀ ਸੀ ਅਤੇ ਉਨ੍ਹਾਂ ਦੀਆਂ ਚੱਕੀਆਂ 'ਤੇ ਆਟਾ ਤਿਆਰ ਕਰਾਉਣਾ ਹੁੰਦਾ ਹੈ। ਇਸ ਤਰ੍ਹਾਂ ਕਿਸਾਨਾਂ ਅਤੇ ਆਮ ਰਹਿਵਾਸੀ ਕੁਲੀਨਾਂ ਜ਼ਿੰਮੀਦਾਰਾਂ ਵੱਲੋਂ ਕੀਤੇ ਜਾ ਰਹੇ ਅੰਤਹੀਣ ਆਰਥਿਕ ਅਤੇ ਸਰੀਰਕ ਸੋਸ਼ਣ ਦੇ ਸ਼ਿਕਾਰ ਬਣੇ ਹੋਏ ਸਨ।

ਇੰਨੇ ਵਿਸ਼ੇਸ਼ ਅਧਿਕਾਰ ਅਤੇ ਸਹੂਲਤਾਂ ਦੇ ਹੁੰਦੇ ਹੋਏ ਵੀ ਕੁਲੀਨਾਂ ਦਾ ਇੱਕ ਵੱਡਾ ਵਰਗ ਰਾਜਨੀਤਕ ਦ੍ਰਿਸ਼ਟੀ ਤੋਂ ਨਕਾਰਾ ਹੋ ਚੁੱਕਿਆ ਸੀ। ਸਿਰਫ਼ ਉਨ੍ਹਾਂ ਦੀ ਸਾਮੰਤੀ ਸਹੂਲਤ ਬਚ ਗਈ ਸੀ। ਲੂਈ ਚੌਦ੍ਹਵੇਂ ਨੇ ਉਨ੍ਹਾਂ ਨੂੰ ਦਰਬਾਰੀ ਸ਼ੋਭਾ ਦੀ ਵਸਤੂ ਬਣਾ ਦਿੱਤਾ ਸੀ। ਉਹ ਰਾਜੇ ਦੀ ਕਿਰਪਾ ਨਾਲ ਰਾਜ ਦਰਬਾਰ 'ਚ ਆਪਣਾ ਜੀਵਨ ਗੁਜ਼ਾਰ ਰਹੇ ਸਨ। ਰਾਜ ਦਰਬਾਰ 'ਚ ਵੀ ਉਨ੍ਹਾਂ ਦੀ ਉਪਯੋਗਤਾ ਦਾ ਅਨੁਮਾਨ ਸਿਰਫ਼ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਰਾਜੇ ਦੀ ਲੜਕੀ ਇੱਕ ਸਾਲ ਦੀ ਸੀ ਤਾਂ ਉਸ ਦੀ ਦੇਖਭਾਲ ਲਈ ਅੱਸੀ ਕੁਲੀਨ ਸਾਮੰਤ ਨਿਯੁਕਤ ਕੀਤੇ ਗਏ। ਸੰਖੇਪ 'ਚ, ਕੁਲੀਨ ਸਾਂਮਤਾਂ ਦੇ ਵਿਸ਼ੇਸ਼ ਅਧਿਕਾਰਾਂ ਅਤੇ ਆਮ ਜਨਤਾ ਪ੍ਰਤੀ ਉਨ੍ਹਾਂ ਦੇ ਵਿਵਹਾਰ ਨੇ 1789 ਈ: ਦੀ ਕ੍ਰਾਂਤੀ ਦੇ ਧਮਾਕੇ ਲਈ ਕਾਫ਼ੀ ਬਾਰੂਦ ਇਕੱਠਾ ਕਰ ਦਿੱਤਾ ਸੀ।

**(ਗ) ਸਰਵ ਸਾਧਾਰਨ ਵਰਗ:** ਸਹੂਲਤਾਂ ਅਤੇ ਕਿਸੇ ਵੀ ਤਰ੍ਹਾਂ ਦੇ ਮੌਲਿਕ ਅਧਿਕਾਰ ਤੋਂ ਰਹਿਤ ਆਮ ਵਰਗ 'ਚ ਕਿਸਾਨ, ਮਜ਼ਦੂਰ, ਸ਼ਿਲਪੀ, ਘਰੇਲੂ ਕਰਮਚਾਰੀ, ਵਕੀਲ, ਅਧਿਆਪਕ, ਵਪਾਰੀ ਅਤੇ ਹੋਰ ਮੱਧ ਵਰਗੀ ਲੋਕ ਸ਼ਾਮਲ ਸਨ। ਫਰਾਂਸ ਦੀ ਕੁੱਲ ਗਿਣਤੀ ਦਾ ਲਗਭਗ 95 ਫੀਸਦੀ ਹਿੱਸਾ ਆਮ ਵਰਗ ਦਾ ਹੀ ਸੀ। ਇਹ ਵਰਗ ਕਿਸੇ ਵੀ ਤਰ੍ਹਾਂ ਦੀ ਸਹੂਲਤ ਅਤੇ ਅਧਿਕਾਰ ਤੋਂ ਪੂਰੀ ਤਰ੍ਹਾਂ ਵਾਂਝਾ ਸੀ, ਪਰ ਇਸ ਵਰਗ 'ਚ ਵੀ ਅਸਮਾਨਤਾ ਸੀ ਅਤੇ ਸਮਾਜਿਕ ਤੇ ਆਰਥਿਕ ਨਜ਼ਰੀਏ ਨਾਲ ਇਸ ਵਰਗ ਦੇ ਵੱਖ-ਵੱਖ ਅੰਗਾਂ 'ਚ ਵਿਆਪਕ ਫਰਕ ਸੀ। ਮੋਟੇ ਤੌਰ 'ਤੇ ਆਮ ਸਾਧਾਰਨ ਵਰਗ ਦੀਆਂ ਵੱਖ-ਵੱਖ ਸ਼ਾਖਾਵਾਂ ਦਾ ਕ੍ਰਮਵਾਰ ਵਰਣਨ ਇਸ ਪ੍ਰਕਾਰ ਹੈ:-

**ਕਿਸਾਨ ਅਤੇ ਮਜ਼ਦੂਰ:** ਕ੍ਰਾਂਤੀ ਤੋਂ ਪਹਿਲਾਂ ਫਰਾਂਸ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਾਲਤ ਸਭ ਤੋਂ ਵੱਧ ਨਿਮਨ, ਸੋਚਣ ਵਾਲੀ ਅਤੇ ਤਰਸਯੋਗ ਸੀ। ਫਰਾਂਸ ਦੀ ਕੁੱਲ ਜਨਸੰਖਿਆ ਦਾ 80 ਪ੍ਰਤੀਸ਼ਦ ਹਿੱਸਾ ਕਿਸਾਨਾਂ ਦਾ ਸੀ ਅਤੇ ਉਨ੍ਹਾਂ ਦੀ ਗਿਣਤੀ ਲਗਭਗ ਦੋ ਕਰੋੜ ਸੀ। ਕਿਸਾਨਾਂ ਦੇ ਦੋ ਵਰਗ ਸਨ। ਪਹਿਲਾ, ਅਜ਼ਾਦ ਕਿਸਾਨ ਜਿਨ੍ਹਾਂ ਦੀ ਆਪਣੀ

ਨੋਟ

ਖੁਦ ਦੀ ਖੇਤੀਯੋਗ ਜ਼ਮੀਨ ਸੀ ਅਤੇ ਦੂਜਾ ਅਰਧ-ਦਾਸ (Serfs) ਜੋ ਖੇਤੀ ਮਜ਼ਦੂਰੀ ਕਰਕੇ ਆਪਣਾ ਜੀਵਨ ਗੁਜ਼ਾਰਦੇ ਸਨ। ਅਰਧ-ਦਾਸ ਲੋਕ ਆਪਣੇ ਮਾਲਕ ਜਾਂ ਜ਼ਮੀਨ ਦੇ ਮਾਲਕ ਦਾ ਕੰਮ ਛੱਡ ਕੇ ਹੋਰ ਯਤਨ ਨਹੀਂ ਕਰ ਸਕਦੇ ਸਨ। 1789 ਈ: ਤੋਂ ਫਰਾਂਸੀਸੀ ਕਿਸਾਨਾਂ ਦੇ ਹੱਥ 'ਚ ਫਰਾਂਸ ਦੀ ਇਕ ਤਿਹਾਈ ਤੋਂ ਵੱਧ ਜ਼ਮੀਨ ਸੀ। ਉਹ ਖੇਤੀ ਯੋਗ ਜ਼ਮੀਨ ਦੇ ਮਾਲਕ ਜ਼ਰੂਰ ਸਨ, ਪਰ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਟੈਕਸ ਦੇਣ ਤੋਂ ਬਾਅਦ ਜੀਵਨ ਗੁਜ਼ਾਰਨ 'ਚ ਬਹੁਤ ਮੁਸ਼ਕਿਲ ਹੁੰਦੀ ਸੀ। ਉਨ੍ਹਾਂ ਨੂੰ ਰਾਜ, ਚਰਚ ਅਤੇ ਜ਼ਿੰਮੀਦਾਰ ਨੂੰ ਕਈ ਤਰ੍ਹਾਂ ਦੇ ਟੈਕਸ ਦੇਣੇ ਪੈਂਦੇ ਸਨ। ਰਾਜ ਨੂੰ ਜ਼ਮੀਨ ਟੈਕਸ (Taille), ਚਰਚ ਨੂੰ ਉਪਜ ਟੈਕਸ (Tithe) ਭਾਵ ਉਪਜ ਦਾ ਦਸਵਾਂ ਹਿੱਸਾ ਤੇ ਸਾਮੰਤਾਂ ਨੂੰ ਸਾਮੰਤੀ ਟੈਕਸ (Futon tax) ਦੇਣਾ ਪੈਂਦਾ ਸੀ। ਇਨ੍ਹਾਂ 'ਚ ਸਭ ਤੋਂ ਵੱਧ ਅੱਤਿਆਚਾਰ ਨਾਲ ਵਸੂਲ ਕੀਤਾ ਜਾਣ ਵਾਲਾ ਟੈਕਸ ਸੀ ਜੋ ਠੇਕੇਦਾਰਾਂ ਵੱਲੋਂ ਵਸੂਲ ਕੀਤਾ ਜਾਂਦਾ ਸੀ। ਠੇਕੇਦਾਰ ਨਿਲਾਮੀ ਰਾਹੀਂ ਟੈਕਸ ਵਸੂਲ ਕਰਨ ਦਾ ਅਧਿਕਾਰ ਪ੍ਰਾਪਤ ਕਰਦੇ ਸਨ। ਵਸੂਲੀ ਦੀ ਮਾਤਰਾ ਦਾ ਕੋਈ ਨਿਸ਼ਚਿਤ ਆਧਾਰ ਨਹੀਂ ਸੀ। ਕਿਸਾਨ ਦੀ ਆਰਥਿਕ ਹਾਲਤ, ਰਹਿਣ-ਸਹਿਣ ਦੇ ਪੱਧਰ ਆਦਿ ਦੇ ਆਧਾਰ 'ਤੇ ਹੀ ਟੈਕਸ ਦੀ ਰਾਸ਼ੀ ਨਿਸ਼ਚਿਤ ਕਰ ਦਿੱਤੀ ਜਾਂਦੀ ਸੀ। ਇਸ ਦੇ ਨਤੀਜੇ ਵਜੋਂ, ਕਿਸਾਨ ਵਰਗ ਦੇ ਲੋਕ ਚੰਗੇ ਖੁਸ਼ਹਾਲ ਤਰੀਕੇ ਨਾਲ ਰਹਿਣ ਤੋਂ ਵੀ ਡਰਦੇ ਸਨ ਕਿਉਂਕਿ ਉਨ੍ਹਾਂ ਨੂੰ ਟੈਕਸ ਦੀ ਰਕਮ ਵੱਧ ਵਸੂਲ ਕੀਤੇ ਜਾਣ ਦਾ ਡਰ ਹੁੰਦਾ ਸੀ। ਚਰਚ ਨੂੰ ਉਪਜ ਟੈਕਸ ਭਾਵ ਦਸਵਾਂ ਹਿੱਸਾ ਅਤੇ ਆਪਣੇ ਸਾਮੰਤ ਨੂੰ ਸਾਮੰਤੀ ਟੈਕਸ ਦੇਣ ਤੋਂ ਬਾਅਦ ਇੱਕ ਆਮ ਕਿਸਾਨ ਉਂਜ ਵੀ ਚੰਗੀ ਤਰ੍ਹਾਂ ਜੀਵਨ ਗੁਜ਼ਾਰਨ 'ਚ ਅਸਮਰੱਥ ਸੀ। ਇਸ ਲਈ ਇਹ ਕਹਾਵਤ ਸੀ ਕਿ "ਕ੍ਰਾਂਤੀ ਤੋਂ ਪਹਿਲਾਂ ਫਰਾਂਸ 'ਚ ਅਮੀਰ ਲੜਦੇ ਸਨ, ਪੁਜਾਰੀ ਪੂਜਾ ਕਰਦੇ ਸਨ ਅਤੇ ਆਮ ਲੋਕ ਉਨ੍ਹਾਂ ਦਾ ਖਰਚਾ ਜੁਟਾਉਂਦੇ ਸਨ।" (The Nobles Fight, the Clergy pray and the people pay) ਇਸ ਕਥਨ ਦਾ ਭਾਵ ਇਹ ਹੈ ਕਿ ਰਾਜਕਾਜ ਅਤੇ ਸਾਮੰਤਾਂ ਅਤੇ ਪਾਦਰੀਆਂ ਦੇ ਭੋਗ-ਵਿਲਾਸ ਦੇ ਖਰਚ ਦਾ ਸਾਰਾ ਭਾਰ ਮੁੱਖ ਤੌਰ 'ਤੇ ਕਿਸਾਨਾਂ 'ਤੇ ਹੀ ਸੀ। ਇਸ ਪ੍ਰਬੰਧ ਦੀ ਸਭ ਤੋਂ ਵੱਡੀ ਤਰੁੱਟੀ ਅਤੇ ਵਿਚਿੱਤਰਤਾ ਇਹ ਸੀ ਕਿ ਇਹ ਸਾਰੇ ਟੈਕਸ ਸਿਰਫ਼ ਕਿਸਾਨਾਂ ਨੂੰ ਹੀ ਦੇਣੇ ਪੈਂਦੇ ਸਨ। ਜ਼ਮੀਨ ਦੇ ਮਾਲਕ ਤਾਂ ਕੁਲੀਨ ਵਰਗ ਦੇ ਵੀ ਲੋਕ ਸਨ, ਪਰ ਉਹ ਟੈਕਸਾਂ ਤੋਂ ਮੁਕਤ ਸਨ। ਇਹ ਗੱਲ ਆਮ ਕਿਸਾਨਾਂ ਨੂੰ ਬਹੁਤ ਖੜਕਦੀ ਸੀ। ਵਿਸ਼ੇਸ਼ ਤੌਰ 'ਤੇ ਇਸ ਲਈ ਕਿ ਕੁਲੀਨ ਲੋਗ ਖੁਦ ਖੇਤੀ ਵੀ ਨਹੀਂ ਕਰਦੇ ਸਨ। ਜਦੋਂਕਿ ਕਿਸਾਨ ਖੁਦ ਮਿਹਨਤ ਪੂਰਵਕ ਆਪਣੀ ਫਸਲ ਤਿਆਰ ਕਰਦਾ ਸੀ। ਸਾਮੰਤੀ ਟੈਕਸ ਵਸੂਲ ਕਰਨ ਦੇ ਤਰੀਕੇ ਹੋਰ ਵੀ ਜ਼ਿਆਦਾ ਗੈਰ-ਮਨੁੱਖੀ ਅਤੇ ਘਿਰਣਾਮਈ ਸਨ। ਜ਼ਿੰਮੀਦਾਰਾਂ ਦੀ ਆਟੇ ਦੀ ਚੱਕੀ, ਰੋਟੀ ਪਕਾਉਣ ਵਾਲਾ ਤੰਦੂਰ, ਬੁੱਚੜਖਾਨੇ, ਸੜਕਾਂ 'ਤੇ ਬਣੇ ਪੁਲ਼ ਆਦਿ ਸਾਮੰਤੀ ਟੈਕਸ ਵਸੂਲ ਕਰਨ ਦੇ ਸਾਧਨ ਹੁੰਦੇ ਸਨ। ਜਿਨ੍ਹਾਂ ਦੀ ਵਰਤੋਂ ਕਿਸਾਨ ਅਤੇ ਪਿੰਡਾਂ ਦੇ ਲੋਕਾਂ ਲਈ ਜ਼ਰੂਰੀ ਸੀ। ਫਰਾਂਸ 'ਚ 1789ਈ: 'ਚ ਜਦੋਂ ਕ੍ਰਾਂਤੀ ਸ਼ੁਰੂ ਹੋਈ ਤਾਂ ਕਿਸਾਨਾਂ ਅਤੇ ਮਜ਼ਦੂਰਾਂ ਨੇ ਉਸ ਦਾ ਸਵਾਗਤ ਕੀਤਾ।

**ਮੱਧ ਵਰਗ:** ਇਸ ਵਰਗ 'ਚ ਵਪਾਰੀ, ਸ਼ਾਹੂਕਾਰ, ਵਕੀਲ, ਡਾਕਟਰ, ਲੇਖਕ, ਕਲਾਕਾਰ, ਸਰਕਾਰੀ ਕਰਮਚਾਰੀ, ਕਾਰਖਾਨਿਆਂ ਦੇ ਮਾਲਕ ਆਦਿ ਸ਼ਾਮਲ ਸਨ। ਫਰਾਂਸੀਸੀ ਕ੍ਰਾਂਤੀ ਦੇ ਸਬੰਧ 'ਚ ਇਹ ਕਿਹਾ ਜਾਂਦਾ ਹੈ ਕਿ ਇਹ ਇੱਕ ਮੱਧ ਵਰਗੀ ਕ੍ਰਾਂਤੀ ਸੀ। ਇਹ ਕਥਨ ਸੱਚ ਸੀ, ਕਿਉਂਕਿ ਕ੍ਰਾਂਤੀ ਦੀ ਸ਼ੁਰੂਆਤ ਇਸੇ ਵਰਗ ਨੇ ਕੀਤੀ ਸੀ ਅਤੇ ਇਸ 'ਚ ਇਸ ਵਰਗ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਸੀ। ਕ੍ਰਾਂਤੀ ਦੀ ਅਗਵਾਈ ਵੀ ਇਸੇ ਵਰਗ ਦੇ ਲੋਕਾਂ ਨੇ ਕੀਤੀ ਅਤੇ ਬਾਅਦ 'ਚ ਕ੍ਰਾਂਤੀ ਤੋਂ ਸਭ ਤੋਂ ਵੱਧ ਲਾਭ ਵੀ ਇਸੇ ਵਰਗ ਨੂੰ ਹੋਇਆ। ਇਸ ਵਰਗ ਦੇ ਲੋਕ ਪੜ੍ਹੇ ਸਨ। ਇਸ ਲਈ ਸਾਮੰਤੀ ਅੱਤਿਆਚਾਰਾਂ ਵਿਰੁੱਧ ਇਨ੍ਹਾਂ ਦੇ ਦਿਲ 'ਚ ਵਿਰੋਧ ਦੀ ਇੱਕ ਚੇਤਨਾ ਸਭ ਤੋਂ ਪਹਿਲਾਂ ਪੈਦਾ ਹੋਈ। ਕ੍ਰਾਂਤੀ ਤੋਂ ਪਹਿਲਾਂ ਵੀ ਇਸ ਵਰਗ ਦੇ ਲੋਕ ਸ਼ਹਿਰਾਂ ਅਤੇ ਪਿੰਡਾਂ 'ਚ ਰਹਿਣ ਵਾਲੀ ਆਮ ਜਨਤਾ ਨਾਲ ਸਿੱਧੇ ਜੁੜੇ ਹੋਏ ਸਨ ਅਤੇ ਇਸ ਲਈ ਕ੍ਰਾਂਤੀ ਦੌਰਾਨ ਉਸ ਨੂੰ ਆਮ ਲੋਕਾਂ ਤੋਂ ਪੂਰਾ ਸਮਰਥਨ ਮਿਲਿਆ। ਇਸ ਤੋਂ ਇਲਾਵਾ ਮੱਧ ਵਰਗ ਦੇ ਲੋਕਾਂ ਦੀ ਆਰਥਿਕ ਹਾਤਲ ਚੰਗੀ ਸੀ ਅਤੇ ਸ਼ਾਸਨ ਦੇ ਉੱਚੇ ਅਹੁਦਿਆਂ ਨੂੰ ਛੱਡ ਕੇ ਬਾਕੀ ਅਹੁਦੇ ਇਨ੍ਹਾਂ ਲੋਕਾਂ ਦੇ ਹੱਥ 'ਚ ਸਨ। ਬੈਂਕ, ਵਪਾਰ, ਮਜ਼ਦੂਰ ਸੰਘਾਂ, ਕਾਰੀਗਰਾਂ ਦੇ ਉੱਪਰ ਇਨ੍ਹਾਂ ਦਾ ਚੰਗਾ ਪ੍ਰਭਾਵ ਸੀ। ਕੁਝ ਮੱਧ ਵਰਗ ਦੇ ਲੋਕ ਤਾਂ ਇੰਨੇ ਅਮੀਰ ਸਨ ਕਿ ਉਹ ਸਰਕਾਰ ਅਤੇ ਬਹੁਤ ਸਾਰੇ ਕੁਲੀਨਾਂ ਨੂੰ ਕਰਜ਼ਾ ਦਿੰਦੇ ਸਨ। ਬਹੁਧਾ ਸ਼ਹਿਰਾਂ 'ਚ ਰਹਿਣ ਕਾਰਨ ਇਨ੍ਹਾਂ ਨੂੰ ਤਬਾਹਕਾਰੀ ਸਾਮੰਤੀ ਟੈਕਸਾਂ ਤੋਂ ਮੁਕਤੀ ਮਿਲੀ ਹੋਈ ਸੀ ਅਤੇ ਕੁਝ ਸਹੂਲਤਾਂ ਵੀ ਪ੍ਰਾਪਤ ਸਨ। ਫਿਰ ਵੀ ਸਥਾਪਿਤ ਪ੍ਰਬੰਧ ਪ੍ਰਤੀ ਮੱਧ ਵਰਗ ਅਸੰਤੁਸ਼ਟ ਸੀ।

ਮੱਧ ਵਰਗ ਦੇ ਅਸੰਤੋਸ਼ ਦੇ ਕੁਝ ਵਿਸ਼ੇਸ਼ ਕਾਰਨ ਸਨ। ਅਸੰਤੋਸ਼ ਦਾ ਸਭ ਤੋਂ ਮੁੱਖ ਕਾਰਨ ਇਹ ਸੀ ਕਿ ਸਾਮੰਤਾਂ ਅਤੇ ਪਾਦਰੀਆਂ ਦੇ ਮੁਕਾਬਲੇ ਵੱਧ ਸੁਯੋਗ ਅਤੇ ਖੁਸ਼ਹਾਲ ਹੁੰਦੇ ਹੋਏ ਵੀ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਵਿਸ਼ੇਸ਼ ਅਧਿਕਾਰ ਅਤੇ ਸਹੂਲਤਾਂ ਪ੍ਰਾਪਤ ਨਹੀਂ ਸਨ। ਉਹ ਰਾਜਨੀਤਕ ਅਧਿਕਾਰਾਂ ਤੋਂ ਵਾਂਝੇ ਸਨ ਅਤੇ ਉਨ੍ਹਾਂ ਨੂੰ ਸਮਾਜਿਕ ਸਨਮਾਨ ਵੀ ਪ੍ਰਾਪਤ ਨਹੀਂ ਸੀ। ਅਸੰਤੋਸ਼ ਦਾ ਇੱਕ ਹੋਰ ਕਾਰਨ ਇਹ ਸੀ ਕਿ ਧਾਰਮਿਕ ਅਸਹਿਣਸ਼ੀਲਤਾ, ਮੁਕੱਦਮੇ ਦੇ ਸਮੇਂ ਨਿਆਂਇਕ ਸ਼ਕਤੀਆਂ ਦੀ ਦੁਰਵਰਤੋਂ, ਮਨਮਰਜ਼ੀ ਗਿਰਫ਼ਤਾਰੀ ਅਤੇ ਬੇਰਹਿਮ ਅਤੇ ਗੈਰ-ਮਨੁੱਖੀ ਸਜ਼ਾਵਾਂ ਲਈ ਉਹ ਕੁਲੀਨਾਂ ਅਤੇ ਉੱਚ ਪਾਦਰੀਆਂ ਨੂੰ ਹੀ ਜ਼ਿੰਮੇਵਾਰ ਮੰਨਦੇ ਸਨ। ਧਨੀ ਪਾਦਰੀਆਂ ਅਤੇ ਵਿਲਾਸੀ ਕੁਲੀਨਾਂ ਦੀ ਸਮਾਜਿਕ ਸ੍ਰੇਸ਼ਟਤਾ ਮੱਧ ਵਰਗ ਦੇ ਲੋਕਾਂ ਨੂੰ ਰੜਕਦੀ ਸੀ। ਮੱਧ ਵਰਗ ਦੇ ਲੋਕ ਸੋਚਦੇ ਸਨ ਕਿ ਉਨ੍ਹਾਂ ਕੋਲ ਯੋਗਤਾ ਹੈ, ਧਨ ਹੈ, ਸੱਭਿਅਤਾ ਹੈ, ਫਿਰ ਵੀ ਸਮਾਜ 'ਚ ਉਨ੍ਹਾਂ ਨੂੰ ਕੋਈ ਕਾਨੂੰਨੀ ਸਥਾਨ ਪ੍ਰਾਪਤ ਨਹੀਂ ਹੈ। ਉਹ ਚਾਹੁੰਦੇ ਸਨ ਕਿ ਸਰਾਕਰੀ ਅਹੁਦਿਆਂ ਤੇ ਸਮਾਜਿਕ ਪ੍ਰਤਿਸ਼ਠਾ ਦਾ ਆਧਾਰ ਵਿਅਕਤੀਗਤ ਯੋਗਤਾ ਹੋਵੇ ਨਾ ਕਿ ਵੰਸ਼ ਜਾਂ ਵਰਗ। ਮੱਧ ਵਰਗ ਦੇ ਲੋਕਾਂ ਨੂੰ ਇਹ ਅਹਿਸਾਸ ਸੀ ਕਿ ਅਸੀਂ ਕੁਲੀਨਾਂ ਤੋਂ ਸ੍ਰੇਸ਼ਠ ਹਾਂ। ਕ੍ਰਾਂਤੀ ਦਾ ਇਹ ਇੱਕ ਮੁੱਖ ਕਾਰਨ ਸੀ। ਧਨੀ ਅਤੇ ਖੁਸ਼ਹਾਲ ਮੱਧ ਵਰਗੀ ਲੋਕਾਂ ਨੂੰ ਇਸ ਗੱਲ ਦੀ ਵੀ ਚਿੰਤਾ ਸੀ ਕਿ ਫਰਾਂਸ ਦੀ ਸਰਕਾਰ ਤੇਜ਼ੀ ਨਾਲ ਦੀਵਾਲੀਆਪਣ ਵੱਲ ਵਧ ਰਹੀ ਸੀ, ਇਸ ਤੋਂ ਇਹ ਵਰਗ ਭੈਅਭੀਤ ਹੋ ਉੱਠਿਆ ਕਿ ਕਿਤੇ ਸਰਕਾਰ ਅਤੇ ਕੁਲੀਨਾਂ ਨੂੰ ਦਿੱਤੇ ਗਏ ਕਰਜ਼ੇ ਦੀ ਵਿਸ਼ਾਲ ਰਾਸ਼ੀ ਡੁੱਬ ਨਾ ਜਾਵੇ।

ਮੱਧ ਵਰਗ ਦੇ ਅੰਤਰਗਤ ਆਉਣ ਵਾਲੇ ਇਹ ਬੁੱਧੀਜੀਵੀ-ਅਧਿਆਪਕ, ਵਕੀਲ, ਲੇਖਕ, ਵਿਚਾਰਕ ਆਦਿ ਇਸ ਆਦਰਸ਼ ਭਾਵਨਾ ਤੋਂ ਪ੍ਰੇਰਿਤ ਸਨ ਕਿ ਸਮਾਜ ਦਾ ਢਾਂਚਾ ਵਿਵੇਕ, ਬੁੱਧੀ ਅਤੇ ਯੋਗਤਾ 'ਤੇ ਅਧਾਰਿਤ ਹੋਣਾ ਚਾਹੀਦਾ ਹੈ।

ਨੋਟ

ਸਮਾਜਿਕ ਅਸਮਾਨਤਾ ਨੇ ਬੁੱਧੀਜੀਵੀਆਂ 'ਚ ਅਸੰਤੋਸ਼ ਨੂੰ ਭੜਕਾਇਆ। ਇਹ ਲੋਕ ਸਮਕਾਲੀਨ ਲੇਖਕਾਂ ਦੀਟਾਂ ਰਚਨਾਵਾਂ ਨੂੰ ਪੜ੍ਹਦੇ ਸਨ ਅਤੇ ਵਿਚਾਰਕ ਕਲੱਬਾਂ ਅਤੇ ਸੰਸਥਾਵਾਂ ਦੇ ਮੈਂਬਰ ਬਣ ਕੇ ਰਾਜਨੀਤਕ ਵਿਸ਼ਿਆਂ, ਉਦਾਰ ਪਰਜਾਤੰਤਰ ਅਤੇ ਕ੍ਰਾਂਤੀਕਾਰੀ ਵਿਚਾਰਧਾਰਾਵਾਂ 'ਤੇ ਵਾਦ-ਵਿਵਾਦ ਕਰਦੇ ਸਨ। ਇਨ੍ਹਾਂ ਦੀਆਂ ਗਤੀਵਿਧੀਆਂ ਕਾਰਨ ਹੀ ਫਰਾਂਸ 'ਚ ਰਾਜਨੀਤਕ ਜਾਗ੍ਰਿਤੀ ਅਤੇ ਜਨਮਤ ਦਾ ਨਿਰਮਾਣ ਹੋਇਆ। ਇਸ ਤਰ੍ਹਾਂ ਸਪੱਸ਼ਟ ਹੈ ਕਿ ਕ੍ਰਾਂਤੀ ਨੂੰ ਸ਼ੁਰੂ ਕਰਨ ਦੀ ਦਿਸ਼ਾ 'ਚ ਮੱਧ ਵਰਗੀ ਲੋਕਾਂ ਨੇ ਸਭ ਤੋਂ ਮੋਹਰੀ ਭੂਮਿਕਾ ਨਿਭਾਈ।

## ਆਰਥਿਕ ਕਾਰਨ ਫਰਾਂਸ ਦੀ ਸਰਕਾਰ ਦਾ ਦੀਵਾਲੀਆਪਨ

ਰਾਜ ਪਰਿਵਾਰ ਦੀ ਫਜ਼ੂਲਖਰਚੀ ਅਤੇ ਸਰਕਾਰ ਦੀ ਦੋਸ਼ਪੂਰਨ ਵਿੱਤੀ ਨੀਤੀ ਕਾਰਨ ਹਰ ਸਾਲ ਆਮਦਨ ਤੋਂ ਵੱਧ ਖਰਚ ਹੁੰਦਾ ਸੀ। ਇਤਿਹਾਸਕਾਰ ਹੇਜ਼ਨ ਨੇ ਲਿਖਿਆ ਹੈ ਕਿ "ਸਰਕਾਰ ਆਮਦਨ ਅਨੁਸਾਰ ਖਰਚ ਨੂੰ ਨਿਸ਼ਚਿਤ ਕਰਨ ਦੀ ਬਜਾਏ ਖਰਚ ਦੇ ਅਨੁਸਾਰ, ਆਮਦਨ ਨੂੰ ਨਿਸ਼ਚਿਤ ਕਰਦੀ ਸੀ।" ਸਰਕਾਰ ਦੀ ਆਰਥਿਕ ਸਥਿਤੀ ਇੰਨੀ ਖਰਾਬ ਹੋ ਚੁੱਕੀ ਸੀ ਕਿ ਅਖੀਰ ਇਸੇ ਨੂੰ ਲੈ ਕੇ ਫਰਾਂਸ 'ਚ ਕ੍ਰਾਂਤੀ ਦਾ ਸੂਤਰਪਾਤ ਹੋਇਆ। ਰਾਜਾ ਦੇ ਵਿਅਕਤੀਗਤ ਖਰਚ ਅਤੇ ਰਾਜ ਮਹਿਲ ਦੀ ਵਿਲਾਸਿਤਾ 'ਤੇ ਹੋਣ ਵਾਲੇ ਖਰਚ 'ਤੇ ਬਜਟ ਹੱਦ ਦੀ ਕੋਈ ਪਾਬੰਦੀ ਨਹੀਂ ਸੀ। ਰਾਸ਼ਟਰ ਦੀ ਆਮਦਨ ਨੂੰ ਹੀ ਰਾਜੇ ਦਾ ਖਰਚ ਮੰਨ ਕੇ ਖਰਚ ਕੀਤਾ ਜਾਂਦਾ ਸੀ। ਲੂਈ ਚੌਦਵੇਂ ਦੇ ਸਮੇਂ ਹੋਏ ਲੰਮੇ ਸਮੇਂ ਵਾਲੇ ਯੁੱਧਾਂ ਨੇ ਫਰਾਂਸ ਦਾ ਖਜ਼ਾਨਾ ਖਾਲੀ ਕਰ ਦਿੱਤਾ ਸੀ। ਇਸ ਲਈ ਲੂਈ ਪੰਦਰ੍ਹਵੇਂ ਨੂੰ ਪੂਰਵਵਰਤੀ ਸ਼ਾਸਕ ਨੇ ਮਰਦੇ ਸਮੇਂ ਯੁੱਧ ਨਾ ਕਰਨ ਦੀ ਸਲਾਹ ਦਿੱਤੀ ਸੀ, ਪਰ ਉਸ ਨੇ ਇਸ ਸਲਾਹ 'ਤੇ ਕੋਈ ਧਿਆਨ ਨਹੀਂ ਦਿੱਤਾ ਅਤੇ ਆਸਟਰੀਆ ਦੇ ਉੱਤਰ ਅਧਿਕਾਰ ਯੁੱਧ, ਸਪਤਵਰ੍ਹੀ ਯੁੱਧਾਂ ਅਤੇ ਅਮਰੀਕਾ ਦੇ ਅਜ਼ਾਦੀ ਸੰਗਰਾਮ 'ਚ ਹਿੱਸਾ ਲੈ ਕੇ ਫਰਾਂਸ ਦੀ ਆਰਥਿਕ ਸਥਿਤੀ ਨੂੰ ਬਿਲਕੁਲ ਦੀਵਾਲੀਆ ਬਣਾ ਦਿੱਤਾ ਸੀ।

**ਅਰਥ-ਸ਼ਾਸਤਰੀਆਂ ਵੱਲੋਂ ਸੁਝਾਏ ਗਏ ਉਪਾਵਾਂ ਦੀ ਅਣਦੇਖੀ:** ਫਰਾਂਸ ਦੇ ਕੁਝ ਕੁਸ਼ਲ ਅਰਥ ਸ਼ਾਸਤਰੀਆਂ ਅਤੇ ਲੂਈ ਦੇ ਤਿੰਨ ਵਿੱਤ ਮੰਤਰੀਆਂ ਨੇ ਰਾਜ ਦੀ ਵਿੱਤੀ ਵਿਵਸਥਾ 'ਚ ਸੁਧਾਰ ਦੇ ਉਪਾਅ ਰਾਜੇ ਦੇ ਸਾਹਮਣੇ ਪੇਸ਼ ਕੀਤੇ, ਪਰ ਲੂਈ ਲਈ ਇਹ ਮੰਦਭਾਗ ਸੀ ਕਿ ਉਹ ਆਪਣੇ ਵਿੱਤ ਮੰਤਰੀਆਂ ਦੇ ਸੁਝਾਅ ਨੂੰ ਲਾਗੂ ਨਹੀਂ ਕਰਵਾ ਸਕਿਆ। ਉਸ ਨੇ ਇੱਕ ਤੋਂ ਬਾਅਦ ਇੱਕ ਕਈ ਵਿੱਤ ਮੰਤਰੀ ਬਦਲੇ। ਤੁਰਗੋ, ਕੇਲੋਨ ਅਤੇ ਨੇਕਰ ਵਿੱਤ ਮੰਤਰੀ ਦੇ ਅਹੁਦੇ 'ਤੇ ਕ੍ਰਮਵਾਰ ਨਿਯੁਕਤ ਹੋਏ। ਇਨ੍ਹਾਂ ਤਿੰਨਾਂ ਮੰਤਰੀਆਂ ਨੇ ਰਾਜ ਦੀ ਆਰਥਿਕ ਵਿਵਸਥਾ ਨੂੰ ਸੁਧਾਰਨ ਲਈ ਕਈ ਉਪਾਅ ਦੱਸੇ। ਇਨ੍ਹਾਂ 'ਚ ਜ਼ਮੀਨ ਦਾ ਕੁਸ਼ਲਤਾਪੂਰਵਕ ਉਪਯੋਗ, ਵਪਾਰਕ ਪਾਬੰਦੀਆਂ ਨੂੰ ਹਟਾਉਣਾ, ਹਿਸਾਬ-ਕਿਤਾਬ ਰੱਖਣ ਦਾ ਸਹੀ ਪ੍ਰਬੰਧ ਅਤੇ ਸਾਮੰਤਾਂ ਅਤੇ ਕੁਲੀਨਾਂ 'ਤੇ ਵੀ ਟੈਕਸ ਆਦਿ ਦੇ ਉਪਾਅ ਸਮਲਿਤ ਸਨ। ਪਰ ਸਾਮੰਤਾਂ ਅਤੇ ਕੁਲੀਨਾਂ ਦੇ ਪ੍ਰਬਲ ਵਿਰੋਧ ਅਤੇ ਰਾਣੀ ਮੇਰੀ ਆਂਤਬਾਨੇਤ ਦੇ ਦਬਾਅ ਦੇ ਕਾਰਨ ਹੋਈ ਇਨ੍ਹਾਂ ਉਪਾਵਾਂ ਨੂੰ ਲਾਗੂ ਨਹੀਂ ਕਰਵਾ ਸਕਿਆ। ਜੇਕਰ ਰਾਜਾ ਇਨ੍ਹਾਂ ਸੁਝਾਵਾਂ ਅਤੇ ਸੁਧਾਰਾਂ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਵਾ ਸਕਦਾ 1789 ਈ. ਦੀ ਕ੍ਰਾਂਤੀ ਨੂੰ ਟਾਲਿਆ ਜਾ ਸਕਦਾ ਸੀ। ਅਰਥ ਸ਼ਾਸਤਰੀਆਂ ਦੇ ਸੁਧਾਰਾਂ ਨੂੰ ਜੇਕਰ ਰਾਜਾ ਲਾਗੂ ਕਰਦਾ ਤਾਂ ਸਾਮੰਤਾਂ ਨੂੰ ਟੈਕਸ ਦੇਣਾ ਪੈਂਦਾ ਅਤੇ ਵਪਾਰ ਤੇ ਚੁੰਗੀ ਤੋਂ ਉਨ੍ਹਾਂ ਨੂੰ ਹੋਣ ਵਾਲੀ ਆਮਦਨ 'ਤੇ ਪ੍ਰਭਾਵ ਪੈਂਦਾ। ਇਸ ਲਈ ਉਨ੍ਹਾਂ ਨੇ ਰਾਜਾ 'ਤੇ ਦਬਾਅ ਪਾਇਆ ਕਿ ਉਹ ਵਿੱਤ ਮੰਤਰੀਆਂ ਦੇ ਸੁਝਾਵਾਂ ਨੂੰ ਲਾਗੂ ਨਾ ਕਰੇ। ਮੇਰੀ ਆਂਤਵਾਨੇਤ ਨੇ ਰਾਜਾ ਨੂੰ ਵਿੱਤ ਮੰਤਰੀਆਂ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ 'ਤੇ ਮਜ਼ਬੂਰ ਕਰ ਦਿੱਤਾ। ਇਸੇ ਤਰ੍ਹਾਂ ਵਿੱਤੀ ਸੁਝਾਵਾਂ ਦੀ ਲਗਾਤਾਰ ਅਣਦੇਖੀ ਨੇ ਫਰਾਂਸ ਦੇ ਬੇਰੁਜ਼ਗਾਰ ਨੌਜਵਾਨਾਂ ਅਤੇ ਫੌਜੀਆਂ 'ਚ ਅਸੰਤੋਸ਼ ਪੈਦਾ ਕਰ ਦਿੱਤਾ। ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ ਨਾਲ ਫਰਾਂਸ 'ਚ ਬੇਰੁਜ਼ਗਾਰੀ ਵਧਦੀ ਜਾ ਰਹੀ ਸੀ। ਇੱਕ ਹੋਰ ਸਮੱਸਿਆ ਫਰਾਂਸ ਦੇ ਫੌਜੀਆਂ 'ਚ ਫੈਲੇ ਅਸੰਤੋਸ਼ ਦੀ ਸੀ। ਫੌਜ ਦੇ ਉੱਚ ਅਹੁਦਿਆਂ 'ਤੇ ਕੁਲੀਨ ਦੇ ਅਯੋਗ ਪੁੱਤਰਾਂ ਦਾ ਅਧਿਕਾਰ ਸੀ ਅਤੇ ਸਿਖਲਾਈ ਪ੍ਰਾਪਤ ਆਮ ਫੌਜੀ ਘੱਟ ਤਨਖ਼ਾਹ, ਖਰਾਬ ਭੋਜਨ ਅਤੇ ਸਖ਼ਤ ਅਨੁਸ਼ਾਸਨ ਦਾ ਦੁੱਖ ਭੁਗਤਣ ਕਾਰਨ ਅਸੰਤੁਸ਼ਟ ਸਨ। ਰੂਸੋ ਆਦਿ ਦਾਰਸ਼ਨਿਕਾਂ ਦੇ ਨਵੀਨ ਵਿਚਾਰਾਂ ਦੀ ਆਵਾਜ਼ ਜਦੋਂ ਇਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਅਤੇ ਅਸੰਤੁਸ਼ਟ ਫੌਜੀਆਂ ਦੇ ਕੰਨਾਂ ਤੱਕ ਪਹੁੰਚੀ ਤਾਂ ਉਹ ਤਬਦੀਲੀ ਅਤੇ ਕ੍ਰਾਂਤੀ ਦੇ ਹਮਾਇਤੀ ਬਣ ਗਏ। ਜੇਕਰ ਰਾਜੇ 'ਚ ਆਰਥਿਕ ਸੁਧਾਰਾਂ ਨੂੰ ਲਾਗੂ ਕਰਨ ਦੀ ਬੁੱਧੀ ਅਤੇ ਸ਼ਕਤੀ ਹੁੰਦੀ ਤਾਂ ਫੌਜੀ ਕ੍ਰਾਂਤੀ 'ਚ ਹਿੱਸਾ ਨਾ ਲੈਂਦੇ। ਕ੍ਰਾਂਤੀ ਦੀ ਚੇਤਨਾ ਜਦੋਂ ਫੌਜ 'ਚ ਵੀ ਪਹੁੰਚ ਜਾਂਦੀ ਹੈ ਤਾਂ ਉਸ ਨੂੰ ਰੋਕਣਾ ਔਖਾ ਹੋ ਜਾਂਦਾ ਹੈ।

## ਬੈਧਿਕ ਕਾਰਨ-ਫਰਾਂਸ 'ਚ ਬੌਧਿਕ ਚੇਤਨਾ ਦਾ ਅਵਿਰਭਾਵ : ਦਾਰਸ਼ਨਿਕਾਂ ਦਾ ਪ੍ਰਭਾਵ

ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ 'ਚ ਫਰਾਂਸ 'ਚ ਵਿਚਾਰਕ ਪੱਧਰ 'ਤੇ ਰਵਾਇਤੀ ਵਿਚਾਰਾਂ ਨੂੰ ਤਿਆਗ ਕੇ ਵਿਵੇਕਪੂਰਨ ਤਰਕਸੰਗਤ ਨਵੇਂ ਵਿਚਾਰਾਂ ਦਾ ਸਵਾਗਤ ਕਰਨ ਦਾ ਕ੍ਰਮ ਸ਼ੁਰੂ ਹੋ ਰਿਹਾ ਸੀ। ਯੂ÷ਪੀ ਜਨਤਾ ਹੁਣ ਜਾਗ੍ਰਿਤ ਹੋ ਰਹੀ ਸੀ। ਜਾਗ੍ਰਿਤੀ ਦਾ ਇਹ ਕੰਮ ਫਰਾਂਸ ਦੇ ਬੁੱਧਜੀਵੀ ਵਰਗ ਨੇ ਕੀਤਾ ਜਿਸ ਦੇ ਮੁੱਖ ਸੂਤਰਧਾਰ ਸਨ-ਮਾਨਤੇਸਵਯੂ, ਵਾਲਤੇਯਰ, ਰੂਸੋ, ਦਿਦਰੋ, ਕਵੇਸਨੇ, ਤੁਰਗੋ, ਡੀ ਐਲੰਬਰਟ ਆਦਿ। ਇਨ੍ਹਾਂ ਬੌਧਿਕ ਲੇਖਕਾਂ ਨੇ ਲੋਕਾਂ ਨੂੰ ਅਜ਼ਾਦ ਚਿੰਤਨ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਵਿਚਾਰਕਾਂ ਨੇ ਅਸਮਾਨਤਾ, ਸੋਸ਼ਣ, ਅੱਤਿਆਚਾਰ, ਧਾਰਮਿਕ ਅਸਹਿਣਸ਼ੀਲਤਾ, ਭ੍ਰਿਸ਼ਟ ਅਤੇ ਨਿਰੰਕੁਸ਼ ਰਾਜਤੰਤਰ, ਆਰਥਿਕ ਕੰਟਰੋਲ, ਨਿਮਨ ਵਰਗ ਦੀ ਵਿਪੰਨਤਾ, ਪ੍ਰਸ਼ਾਸਨਿਕ ਅਤੇ ਨਿਆਂਇਕ ਦੋਸ਼ਾਂ ਵੱਲ ਆਮ ਲੋਕਾਂ ਦਾ ਧਿਆਨ ਆਕਰਸ਼ਿਤ ਕੀਤਾ। ਜਿਨ੍ਹਾਂ ਵਿਚਾਰਕਾਂ ਦੇ ਲੇਖਨ ਦਾ ਪ੍ਰਭਾਵ ਫਰਾਂਸ ਦੀ ਕ੍ਰਾਂਤੀ 'ਤੇ ਸਭ ਤੋਂ ਵੱਧ ਪਿਆ, ਉਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:

1. **ਮਾਨਤੇਸਕਯੂ** (Montesquie) **1685-1755 ਈ:** ਫਰਾਂਸ ਦੇ ਇੱਕ ਕੁਲੀਨ ਪਰਿਵਾਰ 'ਚ ਜਨਮ ਲੈ ਕੇ ਮਾਨਤੇਸਕਯੂ ਜੱਜ ਦੇ ਅਹੁਦੇ 'ਤੇ ਕੰਮ ਕਰਦਾ ਸੀ। ਇਸ ਲਈ ਉਸ ਨੂੰ ਫਰਾਂਸ ਦੇ ਰਾਜ ਪ੍ਰਬੰਧ ਦੀਆਂ ਤਰੁੱਟੀਆਂ ਦਾ ਪੂਰਾ ਗਿਆਨ ਸੀ। ਉਹ ਇੱਕ ਚੰਗਾ ਲੇਖਕ ਵੀ ਸੀ। ਉਸ ਦੇ ਲਿਖੇ ਗਰੰਥਾਂ 'ਚ ਦ ਪਰਸ਼ੀਅਨ ਲੇਟਰਸ, ਰੋਮਨ ਲੋਕਾਂ ਦੀ ਮਹਾਨਤਾ ਅਤੇ ਪੱਤਣ

ਨੋਟ

ਦੇ ਕਾਰਨਾਂ 'ਤੇ ਵਿਚਾਰ, ਡਾਇਲਾਗ ਆਫ਼ ਸੁੱਲਾ ਐਂਡ ਅਕੇਟੀਜ਼ ਅਤੇ ਦ ਸਪਰਿਟ ਆਫ਼ ਲਾਅ। ਆਖਰੀ ਗੰਰਥ ਦ ਸਪਰਿਟ ਆਫ਼ ਲਾ ਭਾਵ ਕਾਨੂੰਨ ਦੀ ਆਤਮਾ ਬਹੁਤ ਜ਼ਿਆਦਾ ਹਰਮਨ ਪਿਆਰਾ ਹੋਇਆ। ਦੋ ਸਾਲਾਂ 'ਚ ਇਸ ਦੇ 22 ਅੰਕ ਪ੍ਰਕਾਸ਼ਿਤ ਹੋਏ। ਇਸ ਕਿਤਾਬ 'ਚ ਮਾਨਤੇਕਯੂ ਨੇ ਰਾਜਾ ਦੇ ਦੈਵੀ ਅਧਿਕਾਰ ਦੇ ਸਿਧਾਂਤ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਫਰਾਂਸੀਸੀ ਸੰਸਥਾਵਾਂ ਦੀ ਵੱਡੀ-ਵੱਡੀ ਵਿਅੰਗਤਾਮਕ ਅਲੋਚਨਾ ਕੀਤੀ। ਉਹ ਇੰਗਲੈਂਡ ਦੇ ਸ਼ਾਸਨ ਪ੍ਰਬੰਧ ਦਾ ਪ੍ਰਸੰਸਕ ਸੀ ਅਤੇ ਉਸ ਨੇ ਫਰਾਂਸ ਲਈ ਵੀ ਸੰਵਿਧਾਨਿਕ ਰਾਜਤੰਤਰ ਦੀ ਲੋੜ ਦੀ ਹਮਾਇਤ ਕੀਤੀ ਸੀ। ਉਸ ਦਾ ਮਤ ਸੀ ਕਿ ਇੰਗਲੈਂਡ ਦਾ ਸ਼ਾਸਨ ਸੰਸਾਰ 'ਚ ਸਰਵੋਤਮ ਹੈ ਕਿਉਂਕਿ ਉੱਥੋਂ ਦੀ ਜਨਤਾ ਦੀ ਅਜ਼ਾਦੀ ਸੁਰੱਖਿਅਤ ਹੈ। ਸ਼ਾਸਨ ਸਬੰਧੀ ਮਾਨਤੇਸਕਯੂ ਦਾ ਸਿਧਾਂਤ, ਸ਼ਕਤੀ ਪਾਰਥਕਯ ਦੇ ਸਿਧਾਂਤ (Separation of Powers) ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਜਿਸ ਅਨੁਸਾਰ ਸ਼ਾਸਨ ਦੇ ਤਿੰਨ ਮੁੱਖ ਅੰਗ ਕਾਰਜਪਾਲਿਕਾ, ਵਿਵਸਥਾਪਾਲਿਕਾ ਅਤੇ ਨਿਆਂਪਾਲਿਕਾ ਤਿੰਨੇ ਵੱਖ-ਵੱਖ ਵਿਅਕਤੀਆਂ ਦੇ ਹੱਥਾਂ 'ਚ ਰਹਿਣੇ ਚਾਹੀਦੇ ਹਨ। ਇਸ ਤਰ੍ਹਾਂ ਦਾ ਸੰਵਿਧਾਨਿਕ ਪ੍ਰਬੰਧ ਨਾਲ ਤਿੰਨੇ ਸ਼ਕਤੀਆਂ ਇੱਕ-ਦੂਜੇ ਦੇ ਅਧਿਕਾਰਾਂ ਨੂੰ ਸੀਮਤ ਰੱਖਣਗੀਆਂ ਅਤੇ ਰਾਜੇ ਦੀ ਨਿਰੰਕੁਸ਼ਤਾ ਤੋਂ ਜਨਤਾ ਦੇ ਅਧਿਕਾਰਾਂ ਦੀ ਰੱਖਿਆ ਹੋਵੇਗੀ।

2. **ਵਾਲਤੇਯਰ (Voltair) ਸੰਨ 1694–1778 ਈ:** ਅਠਾਰ੍ਹਵੀਂ ਸਦੀ ਦੇ ਲੇਖਕਾਂ ਅਤੇ ਦਾਰਸ਼ਨਿਕਾਂ 'ਚ ਵਾਲਤੇਯਰ ਸਭ ਤੋਂ ਵੱਧ ਮਾਹਿਰ ਲੇਖਕ ਸੀ ਜਿਸ ਦੇ ਲੇਖਾਂ ਅਤੇ ਕਿਤਾਬਾਂ ਨੇ ਫਰਾਂਸ ਦੀ ਰਾਜਨੀਤਕ, ਧਾਰਮਿਕ ਅਤੇ ਸਮਾਜਕ ਪ੍ਰਬੰਧ ਨੂੰ ਝੰਜੋੜ ਦਿੱਤਾ। ਉਸ ਦਾ ਜਨਮ ਫਰਾਂਸ ਦੇ ਮੱਧ ਵਰਗੀ ਪਰਿਵਾਰ 'ਚ ਹੋਇਆ ਸੀ। ਉਹ ਇੱਕ ਕਵੀ, ਦਾਰਸ਼ਨਿਕ, ਨਾਟਕਕਾਰ ਅਤੇ ਪ੍ਰਭਾਵ ਪੈਦਾ ਕਰਨ ਵਾਲਾ ਵਿਅੰਗਕਾਰ ਸੀ। ਉਸ 'ਚ ਵਿਅੰਗਾਤਮਕ ਰੂਪ 'ਤੇ ਤਰੁੱਟੀਆਂ 'ਤੇ ਹਮਲਾ ਕਰਨ ਅਤੇ ਉਨ੍ਹਾਂ ਦੀ ਸਖ਼ਤ ਅਲੋਚਨਾ ਕਰਨ ਦੀ ਅਨੋਖੀ ਮੁਹਾਰਤ ਅਤੇ ਸਮਰੱਥਾ ਸੀ।

ਵਾਲਤੇਯਰ ਨੇ ਆਪਣੇ ਲੇਖਾਂ, ਕਿਤਾਬਾਂ ਆਦਿ ਦੁਆਰਾ ਕੁਲੀਨਾਂ, ਸਾਮੰਤਾਂ ਅਤੇ ਪਤਿਤ ਭ੍ਰਿਸ਼ਟ ਪਾਦਰੀਆਂ ਦੀ ਸਖ਼ਤ ਅਲੋਚਨਾ ਕੀਤੀ। ਇਸ ਦੇ ਨਤੀਜੇ ਵਜੋਂ ਉਸ ਨੂੰ ਸਾਲਾਂ ਤੱਕ ਜੇਲ੍ਹ 'ਚ ਰਹਿਣ ਪਿਆ ਜਾਂ ਜਲਾਵਤਨ ਹੋ ਕੇ ਹੋਰ ਦੇਸ਼ਾਂ 'ਚ ਰਹਿਣਾ ਪਿਆ। ਉਹ ਸਾਲਾਂ ਤੱਕ ਇੰਗਲੈਂਡ 'ਚ ਰਿਹਾ। ਜਰਮਨੀ ਦੇ ਸਮਰਾਟ ਫ੍ਰੈਡਰਿਕ ਮਹਾਨ ਦੇ ਸੱਦੇ 'ਤੇ ਉਹ ਤਿੰਨ ਸਾਲ ਤੱਕ ਬਰਲਿਨ 'ਚ ਰਿਹਾ। ਵਾਲਤੇਯਰ ਵਿਅਕਤੀਗਤ ਅਜ਼ਾਦੀ ਦਾ ਕੱਟੜ ਹਮਾਇਤੀ ਸੀ। ਉਸ ਨੇ ਆਪਣੀਆਂ ਰਚਨਾਵਾਂ 'ਚ ਨਿਰੰਕੁਸ਼ ਰਾਜਸੱਤਾ, ਗਿਰਜਾਘਰ ਦੇ ਦੋਸ਼ਾਂ ਅਤੇ ਪਾਦਰੀਆਂ ਤੇ ਧਰਮ ਅਧਿਕਾਰੀਆਂ ਦੇ ਵਿਲਾਸਮਈ ਜੀਵਨ 'ਤੇ ਤਿੱਖੇ ਹਮਲੇ ਕੀਤੇ। ਉਸ ਦਾ ਸਭ ਤੋਂ ਵਿਅੰਗਾਤਮਕ ਹਮਲਾ ਚਰਚ 'ਤੇ ਹੋਇਆ। ਚਰਚ ਵੱਲ ਸੰਕੇਤ ਕਰਦਿਆਂ ਉਹ ਇਸ ਬਦਨਾਮ ਸੰਸਥਾ ਨੂੰ ਕੁਚਲ ਦੇਣ ਲਈ ਲੋਕਾਂ ਨੂੰ ਪ੍ਰੇਰਿਤ ਕਰਦਾ ਰਿਹਾ। ਉਸ ਨੇ ਰਾਜੇ ਦੀ ਨਿਰੰਕੁਸ਼ਤਾ ਨੂੰ ਖੁੱਲ੍ਹੇ ਰੂਪ 'ਚ ਨਿੰਦਣਯੋਗ ਅਤੇ ਉਪਹਾਸਸਪਦ ਬਣਾ ਦਿੱਤਾ। ਸੰਖੇਪ 'ਚ, ਵਾਲਤੇਯਰ ਨੇ ਆਪਣੇ ਲੇਖਾਂ ਅਤੇ ਕਿਤਾਬਾਂ ਰਾਹੀਂ ਸਮਕਾਲੀਨ ਸੰਪੂਰਨ ਵਿਵਸਥਾ ਨੂੰ ਆਹਤ ਕਰ ਦਿੱਤਾ ਅਤੇ ਉਸ ਨੂੰ ਲੋਕਾਂ ਦੀ ਨਜ਼ਰ 'ਚ ਗਿਰਾ ਦਿੱਤਾ। ਕ੍ਰਾਂਤੀਕਾਰੀਆਂ 'ਤੇ ਵਾਲਤੇਯਰ ਦੇ ਵਿਚਾਰਾਂ ਦਾ ਡੂੰਘਾ ਪ੍ਰਭਾਵ ਪਿਆ।

3. **ਰੂਸੋ (Rousseau) 1712–1778 ਈ:** ਸਮਕਾਲੀਨ ਵਿਚਾਰਕਾਂ ਤੇ ਦਾਰਸ਼ਨਿਕਾਂ 'ਚ ਜੀਨ ਜੋਕਸ਼ ਰੂਸੋ ਨੇ ਸਭ ਤੋਂ ਵੱਧ ਪ੍ਰਸਿੱਧੀ ਹਾਸਲ ਕੀਤੀ ਹੈ। ਜਿਨੇਵਾ ਦੇ ਇੱਥ ਆਮ ਘੜੀਸਾਜ਼ ਦੇ ਘਰ ਜਨਮ ਹੋਣ ਕਾਰਨ ਰੂਸੋ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ। ਪਰ ਉਹ ਜਨਮ ਤੋਂ ਹੀ ਇੱਕ ਮੌਲਿਕ ਅਤੇ ਰਚਨਾਤਮਕ ਬੁੱਧੀ ਵਾਲਾ ਵਿਅਕਤੀ ਸੀ। ਗਰੀਬੀ ਕਾਰਨ ਉਸ ਦਾ ਵਧੇਰੇ ਜੀਵਨ ਇੱਧਰ-ਉੱਧਰ ਭਟਕਦੇ ਹੋਏ ਹੀ ਗੁਜ਼ਰਿਆ। ਆਪਣੇ ਘੁਮੱਕੜੀ ਜੀਵਨ 'ਚ ਉਸ ਨੇ ਵੱਖ-ਵੱਖ ਅਨੁਭਵ ਪ੍ਰਾਪਤ ਕੀਤੇ ਅਤੇ ਅਮੀਰ-ਗਰੀਬ, ਸ਼ੋਸ਼ਕ ਅਤੇ ਸ਼ੋਸਿਤ ਦੇ ਭੇਦ ਨੂੰ ਨੇੜਿਓਂ ਵੇਖਿਆ ਅਤੇ ਸਮਾਜਿਕ ਤੇ ਰਾਜਨੀਤਕ ਤਰੁੱਟੀਆਂ ਦੇ ਕਾਰਨਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ।

ਰੂਸੋ ਨੇ ਆਪਣੇ ਗੰਰਥ ਲਿਖੇ ਜਿਨ੍ਹਾਂ 'ਚ ਭਾਵਨਾ ਅਤੇ ਸੰਵੇਦਨਾ ਦੀ ਪ੍ਰਧਾਨਤਾ ਹੈ। ਵਾਲਤੇਯਰ ਦੇ ਲੇਖਨ 'ਚ ਜਿੱਥੇ ਬੁੱਧੀ ਦੀ ਪ੍ਰਧਾਨਤਾ ਸੀ, ਉੱਥੇ ਰੂਸੋ ਦਾ ਲੇਖਨ ਭਾਵਨਾ ਪ੍ਰਧਾਨ ਸੀ। ਉਸ ਵੱਲੋਂ ਰਚੇ **ਨਿਊ ਹੈਲੋਈਜੇ** (New Heloise), **ਸਮਾਜਿਕ ਸਮਝੌਤਾ** (Social contract), **ਦ ਕੰਫੈਸ਼ਨ** (The Confession), **ਦ ਰੇਵਰੀਜ਼** (The Reverise) ਆਦਿ ਵਿਸ਼ੇਸ਼ ਪ੍ਰਸਿੱਧ ਹਨ। ਇਨ੍ਹਾਂ 'ਚ ਵੀ ਉਸ ਦੀ ਕਿਤਾਬ ਸਮਾਜਿਕ ਸਮਝੌਤਾ ਜਾਂ **ਸਮਾਜਿਕ ਸੰਵਿਦਾ (ਦ ਸੋਸ਼ਲ ਕੰਟਰੈਕਟ)** ਸਭ ਤੋਂ ਵੱਧ ਚਰਚਿਤ ਹੋਈ। ਇਸ ਗਰੰਥ 'ਚ ਉਸ ਨੇ ਆਪਣੇ ਕ੍ਰਾਂਤੀਕਾਰੀ ਅਤੇ ਪ੍ਰਗਤੀਵਾਦੀ ਵਿਚਾਰਾਂ ਨੂੰ ਪ੍ਰਗਟ ਕੀਤਾ ਜਿਸ ਕਾਰਨ ਉਸ ਨੂੰ ਜੇਲ 'ਚ ਸੁੱਟ ਦਿੱਤਾ ਗਿਆ।

**ਰੂਸੋ ਦਾ ਸਮਾਜਿਕ ਸੰਵਿਦਾ ਦਾ ਸਿਧਾਂਤ:** ਰੂਸੋ ਆਪਣੇ ਯੁੱਗ ਦਾ ਇੱਕ ਅਜਿਹਾ ਵਿਚਾਰਕ ਅਤੇ ਦਾਰਸ਼ਨਿਕ ਸੀ ਕਿ ਉਹ ਆਪਣੇ ਯੁੱਗ 'ਤੇ ਛਾ ਗਿਆ ਅਤੇ ਅਜਿਹਾ ਕਿਹਾ ਜਾਂਦਾ ਹੈ ਕਿ ਜਦੋਂ ਪੈਰਿਸ 'ਚ ਉਸ ਦੀ ਮੌਤ ਹੋਈ ਉਦੋਂ ਹਰੇਕ ਸਿੱਖਿਅਤ ਵਿਅਕਤੀ ਉਸ ਦੀ ਹੀ ਕਿਤਾਬ ਪੜ੍ਹ ਰਿਹਾ ਸੀ। ਉਸ ਦੇ ਸਮਾਜਿਕ-ਸਿਧਾਂਤ ਸੰਵਿਦਾ ਸਿਧਾਂਤ ਦੀ ਮੂਲ ਭਾਵਨਾ ਇਹ ਹੈ ਕਿ-"ਮਨੁੱਖ ਅਜ਼ਾਦ ਪੈਦਾ ਹੋਇਆ ਸੀ ਪਰੰਤੂ ਅੱਜ ਉਹ ਸਭ ਤੋਂ ਵੱਧ ਲੜੀਆਂ 'ਚ ਜਕੜਿਆ ਹੋਇਆ ਹੈ। ਮਨੁੱਖ ਸੱਭਿਅਤਾ ਦੇ ਸ਼ੁਰੂ 'ਚ ਹਰੇਕ ਮਨੁੱਖ ਆਪਣੀ ਕੁਦਰਤੀ ਅਵਸਥਾ 'ਚ ਹਰ ਪ੍ਰਕਾਰ ਦੇ ਬੰਧਨ ਤੋਂ ਮੁਕਤ ਅਤੇ ਅਜ਼ਾਦ ਸੀ। ਸੱਭਿਅਤਾ ਦੇ ਵਿਕਾਸ ਦੀ ਸਥਿਤੀ 'ਚ ਜਦੋਂ ਮਨੁੱਖ ਨੂੰ ਰਾਜ ਨਾਂਅ ਦੀ ਸੰਸਥਾ ਦੀ ਲੋੜ ਮਹਿਸੂਸ ਹੋਈ ਤਾਂ ਸਮਾਜ ਦੇ ਸਭ ਵਿਅਕਤੀਆਂ ਨੇ ਮਿਲ ਕੇ ਇੱਕ ਸਮਝੌਤਾ ਕੀਤਾ ਜਿਸ ਦੇ ਆਧਾਰ 'ਤੇ ਰਾਜ ਦੀ ਰਚਨਾ ਹੋਈ। ਇੱਕ ਵਿਅਕਤੀ ਸ਼ਾਸਕ ਨਿਯੁਕਤ ਹੋਇਆ। ਉਸ ਨੂੰ ਸਭ ਲੋਕਾਂ ਦੇ ਪ੍ਰਤੀ ਪ੍ਰਤਿਗਿਆ ਕਰਨੀ ਪਈ ਕਿ ਉਹ ਜਨਤਕ ਹਿੱਤ 'ਚ ਸ਼ਾਸਨ ਚਲਾਵੇਗਾ। ਇਹ ਰਾਜ ਦੀ ਉਤਪਤੀ ਦਾ ਸਮਾਜਿਕ ਸਮਝੌਤਾ ਸੀ।"

ਸਮਾਜਿਕ ਮੁੜ-ਗਠਨ ਲਈ ਜੋ ਸਿਧਾਂਤ ਅਤੇ ਮਾਰਗ ਰੂਸੋ ਨੇ ਲੱਭਿਆ ਉਹ ਬਹੁਤ ਹੀ ਕ੍ਰਾਂਤੀਕਾਰੀ ਅਤੇ ਸਰਵਥਾ ਮੌਲਿਕ ਦਰਸ਼ਨ ਸੀ। ਉਸ ਨੇ ਤਰਕਾਂ ਦੇ ਆਧਾਰ 'ਤੇ ਪੁਰਾਤਨ ਪ੍ਰਬੰਧ ਦੀਆਂ ਧੱਜੀਆਂ ਉਡਾ ਦਿੱਤੀਆਂ। ਉਸ ਦੇ ਜੀਵਨ

ਨੋਟ

ਕਾਲ 'ਚ ਹੀ ਉਸ ਦੇ ਸਿਧਾਂਤਾਂ ਦਾ ਪ੍ਰਭਾਵਸ਼ਾਲੀ ਰੂਸ 'ਚ ਪ੍ਰਚਾਰ-ਪਸਾਰ ਹੋਇਆ। ਉਸ ਨੇ ਰਾਜਤੰਤਰ ਦੀ ਸਥਾਪਨਾ ਲਈ ਫਰਾਂਸ ਨੂੰ ਤਿਆਰ ਕਰ ਦਿੱਤਾ। ਅਜ਼ਾਦੀ ਅਤੇ ਬਰਾਬਰੀ ਰੂਸੋ ਦੇ ਮੂਲ ਸਿਧਾਂਤ ਸਨ। ਅਜ਼ਾਦੀ ਅਤੇ ਬਰਾਬਰੀ ਦਾ ਸਿਧਾਂਤ ਹੀ ਫਰਾਂਸੀਸੀ ਕ੍ਰਾਂਤੀ ਦਾ ਮੁੱਖ ਨਾਅਰਾ ਬਣ ਗਿਆ। ਇਸ 'ਚ ਭਾਈਚਾਰੇ ਦੀ ਗੱਲ ਹੋਰ ਜੋੜ ਦਿੱਤੀ ਗਈ ਸੀ। ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਰੂਸੋ ਅਠਾਰਵੀਂ ਸਦੀ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਦਾਰਸ਼ਨਿਕ ਸੀ। ਦੂਸ਼ਿਤ ਪੁਰਾਤਨ ਪ੍ਰਬੰਧ ਪ੍ਰਤੀ, ਰੂਸੋ ਨੇ ਤਰਕਾਂ ਦੇ ਆਧਾਰ 'ਤੇ ਲੋਕਾਂ 'ਚ ਘਿਰਣਾ ਦੀ ਭਾਵਨਾ ਪੈਦਾ ਕੀਤੀ। ਰੂਸੋ ਕ੍ਰਾਂਤੀ ਦਾ ਅਗਰਦੂਤ ਸੀ। ਨੈਪੋਲੀਅਨ ਕਿਹਾ ਕਰਦਾ ਸੀ ਕਿ ਜੇਕਰ ਰੂਸੋ ਨਾ ਹੁੰਦਾ ਤਾਂ ਫਰਾਂਸ 'ਚ ਰਾਜ ਕ੍ਰਾਂਤੀ ਦਾ ਹੋਣਾ ਵੀ ਅਸੰਭਵ ਸੀ।

4. **ਦਿਦਰੋ (Didereo) 1713-1784 ਈ:** ਦਿਦਰੋ ਦਾ ਨਾਂਅ ਉਸ ਵੱਲੋਂ ਲਿਖੇ ਗ੍ਰੰਥ ਵ੍ਰਿਹਤ ਗਿਆਨਕੋਸ਼ (Encyclopaedia) ਦੇ ਕਾਰਨ ਵਿਸ਼ੇਸ਼ ਪ੍ਰਸਿੱਧ ਹੋਇਆ। ਦਿਦਰੋ ਦੁਆਰਾ ਸੰਕਲਿਤ ਅਤੇ ਸੰਪਾਦਿਤ ਇਸ ਗਰੰਥ 'ਚ ਤੱਤਕਾਲੀ ਰਾਜਨੀਤਕ ਅਤੇ ਸਮਾਜਿਕ ਬੁਰਾਈਆਂ, ਪਾਦਰੀਆਂ ਦੇ ਵਿਸ਼ੇਸ਼ ਅਧਿਕਾਰਾਂ ਅਤੇ ਚਰਚ 'ਚ ਫੈਲੇ ਦੋਸ਼ਾਂ ਦਾ ਪਰਿਚਆਤਮਕ ਵਰਣਨ ਹੈ। ਇਸ ਗ੍ਰੰਥ ਨੂੰ ਤਿਆਰ ਕਰਨ ਲਈ ਦਿਦਰੋ ਨੇ ਰਾਜਨੀਤੀ, ਅਰਥ ਸ਼ਾਸਤਰ, ਧਰਮ, ਕਾਨੂੰਨ, ਨੈਤਿਕਤਾ ਅਤੇ ਹੋਰ ਵੱਖ-ਵੱਖ ਢੰਗਾਂ 'ਤੇ ਈ ਵਿਦਵਾਨਾਂ ਤੋਂ ਲੇਖ ਲਿਖਵਾਏ ਅਤੇ ਉਨ੍ਹਾਂ ਨੂੰ ਸੰਕਲਿਤ ਕਰਕੇ ਉਨ੍ਹਾਂ ਦਾ ਪ੍ਰਕਾਸ਼ਨ ਕੀਤਾ। ਵ੍ਰਿਹਤ ਗਿਆਨਕੋਸ਼ 'ਚ ਉਸ ਯੁੱਗ ਦੇ ਯੋਗ ਵਿਦਵਾਨਾਂ ਦੀਆਂ ਰਚਨਾਵਾਂ ਹਨ। ਲੋਕਾਂ ਦੇ ਸਾਮਣੇ ਗਿਆਨ ਦੇ ਪਹਿਲੂਆਂ ਨੂੰ ਤਰਕ ਦੇ ਆਧਾਰ 'ਤੇ ਰੱਖਣ ਦਾ ਇਹ ਪ੍ਰਯੋਗ ਬਹੁਤ ਸਫ਼ਲ ਰਿਹਾ। ਇਸ ਦਾ ਮੁਦਰਨ ਸੰਨ 1750-60 ਦੇ ਅੱਧ 'ਚ ਹੋਇਆ ਸੀ। ਇਸ ਦਾ ਪ੍ਰਕਾਸ਼ਨ 17 ਭਾਗਾਂ 'ਚ ਹੋਇਆ ਸੀ। ਇਸ 'ਚ ਧਰਮ ਅਤੇ ਰਾਜਨੀਤ ਨਾਲ ਸਬੰਧਿਤ ਬੁਰਾਈਆਂ 'ਤੇ ਤਿੱਖੇ ਹਮਲੇ ਕੀਤੇ ਗਏ। ਇਸ ਦੇ ਅਲੋਚਨਾਤਮਕ ਲੇਖਾਂ 'ਚ ਰੁੱਸ ਕੇ ਫਰਾਂਸ ਦੀ ਸਰਕਾਰ ਨੇ ਉਸ ਨੂੰ ਬਹੁਤ ਪਰੇਸ਼ਾਨ ਕੀਤਾ ਅਤੇ ਉਹ ਕੈਦ ਵੀ ਕਰ ਲਿਆ ਗਿਆ ਸੀ। ਗਿਆਨਕੋਸ਼ ਦੇ ਲੇਖਾਂ ਨੇ ਫਰਾਂਸ 'ਚ ਤਹਿਲਕਾ ਮਚਾ ਦਿੱਤਾ। ਆਮ ਆਦਮੀ ਦੇ ਸਾਹਮਣੇ ਭ੍ਰਿਸ਼ਟਾਚਾਰ ਦਾ ਭੰਡਾਫੋੜ ਹੋ ਗਿਆ। ਗਿਆਨਕੋਸ਼ ਦੇ ਲੇਖਾਂ 'ਚ ਪ੍ਰਗਟ ਵਿਚਾਰਾਂ ਦਾ ਕ੍ਰਾਂਤੀਕਾਰੀਆਂ 'ਤੇ ਡੂੰਘਾ ਪ੍ਰਭਾਵ ਪਿਆ।

5. **ਕਵੇਸਨੇ ਅਤੇ ਤੁਰਗੋ:** ਕ੍ਰਾਂਤੀ ਤੋਂ ਪਹਿਲਾਂ ਦੇ ਯੁੱਗ 'ਚ ਕੁਝ ਅਰਥ ਸ਼ਾਸਤਰੀਆਂ ਦੇ ਵੀ ਆਪਣੇ ਮੌਲਿਕ ਵਿਚਾਰ ਸਨ। ਇਨ੍ਹਾਂ 'ਚ ਕਵੇਸਨੇ ਅਤੇ ਤੁਰਗੋ ਸਭ ਤੋਂ ਵੱਧ ਪ੍ਰਸਿੱਧ ਹੋਏ ਹਨ। ਇਨ੍ਹਾਂ ਦੋਵੇਂ ਅਰਥ ਮਾਹਿਰਾਂ ਦਾ ਮਤ ਸੀ ਕਿ ਵਪਾਰ ਅਤੇ ਵਣਜ ਦੇ ਖੇਤਰ 'ਚ ਸਰਕਾਰੀ ਦਖਲ ਖਤਮ ਕੀਤਾ ਜਾਣਾ ਚਾਹੀਦਾ ਹੈ। ਚੁੰਗੀ ਆਦਿ ਦੇ ਦਖਲ ਕਾਰਨ ਵਪਾਰ 'ਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਵਸਤਾਂ ਦਾ ਭਾਵ ਵਧ ਜਾਂਦਾ ਹੈ। ਕਵੇਸਨੇ ਆਰਥਿਕ ਅਜ਼ਾਦੀ ਦਾ ਪ੍ਰਬਲ ਹਮਾਇਤੀ ਸੀ। ਉਸ ਦਾ ਵਿਚਾਰ ਸੀ ਕਿ ਟੈਕਸ ਸਿਰਫ਼ ਇੱਕ ਵਾਰ ਹੀ ਲੱਗਣਾ ਚਾਹੀਦਾ ਹੈ ਜੋ ਭੂਮੀ ਉਤਪਾਦਨ 'ਤੇ ਹੋਵੇ। ਕ੍ਰਾਂਤੀ ਦੇ ਸਮੇਂ ਵਿੱਤੀ ਸੁਧਾਰਾਂ ਦੀ ਮੰਗ ਅਰਥ ਸ਼ਾਸਤਰੀਆਂ ਕਾਰਨ ਹੀ ਪੈਦਾ ਹੋਈ ਸੀ।

**ਬੌਧਿਕ ਅੰਦੋਲਨ ਅਤੇ ਰਾਜ ਕ੍ਰਾਂਤੀ ਦਾ ਸੰਬੰਧ:** ਇਹ ਸਵਾਲ ਉੱਠਣਾ ਸੁਭਾਵਿਕ ਹੀ ਹੈ ਕਿ ਫਰਾਂਸ ਦੀ ਕ੍ਰਾਂਤੀ ਲਈ ਬੌਧਿਕ ਅੰਦੋਲਨ ਕਿੱਥੋਂ ਤੱਕ ਜ਼ਿੰਮੇਵਾਰ ਸੀ ? ਇਸ ਸਵਾਲ ਦਾ ਤਰਕਸੰਗਤ ਉੱਤਰ ਇਹ ਹੈ ਕਿ ਫਰਾਂਸ 'ਚ ਫੈਲੀਆਂ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਬੁਰਾਈਆਂ ਪ੍ਰਤੀ ਦਾਰਸ਼ਨਿਕਾਂ, ਲੇਖਕਾਂ ਅਤੇ ਵਿਚਾਰਕਾਂ ਨੇ ਵਿਰੋਧ ਅਤੇ ਵਿਦਰੋਹ ਦੀ ਚੇਤਨਾ ਪੈਦਾ ਕੀਤੀ ਸੀ। ਖੁਦ ਨੈਪੋਲੀਅਨ ਦਾ ਕਥਨ ਸੀ ਕਿ ਜੇਕਰ ਰੂਸੋ ਨਾ ਹੁੰਦਾ ਤਾਂ ਫਰਾਂਸੀਸੀ ਕ੍ਰਾਂਤੀ ਸੰਭਵ ਨਹੀਂ ਸੀ। ਜਾਰਜ਼ ਐਲਨ ਨੇ ਲਿਖਿਆ ਹੈ ਕਿ "ਫਰਾਂਸ ਦੀ ਕ੍ਰਾਂਤੀ ਹੋਣ ਕਾਰਨ ਉੱਥੋਂ ਦੇ ਲੋਕਾਂ ਦਾ ਦੁੱਖ ਅਤੇ ਉਨ੍ਹਾਂ 'ਤੇ ਹੋਣ ਵਾਲੇ ਅੱਤਿਆਚਾਰ ਨਹੀਂ ਸਨ, ਸਗੋਂ ਉਸ ਦਾ ਕਾਰਨ ਬੁੱਧੀਵਾਦੀ ਵਰਗ ਦੇ ਵਿਚਾਰ ਸਨ। ਇਹ ਵਰਗ ਸਮਾਜ, ਰਾਜ ਅਤੇ ਪ੍ਰਸ਼ਾਸਨ 'ਚ ਫੈਲੀਆਂ ਬੁਰਾਈਆਂ ਨੂੰ ਖਤਮ ਕਰਨ ਲਈ ਦ੍ਰਿੜ੍ਹ ਸੰਕਲਪ ਸੀ।"

**ਹੋਰ ਦੇਸ਼ਾਂ ਦੀਆਂ ਘਟਨਾਵਾਂ ਦਾ ਪ੍ਰਭਾਵ:** ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਅੰਤਰਰਾਸ਼ਟਰੀ ਖੇਤਰ 'ਚ ਕੁਝ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਸਨ, ਜਿਨ੍ਹਾਂ ਦਾ ਪ੍ਰਭਾਵ ਫਰਾਂਸ 'ਤੇ ਪਿਆ। ਲਗਭਗ ਇੱਕ ਸੌ ਸਾਲ ਪਹਿਲਾਂ 1688 ਈ: 'ਚ ਇੰਗਲੈਂਡ 'ਚ ਹੋਈ ਮਹਾਨ ਕ੍ਰਾਂਤੀ ਨੇ ਉੱਥੇ ਵਿਧਾਨਿਕ ਰਾਜਤੰਤਰ ਦੀ ਸਥਾਪਨਾ ਕਰ ਦਿੱਤੀ ਸੀ। ਫਰਾਂਸ ਦੇ ਲੋਕ ਇੰਗਲੈਂਡ 'ਚ ਹੋਏ ਇਹ ਪਰਿਵਰਤਨ ਅਤੇ ਉਸ ਦੇ ਲਾਭਾਂ ਨੂੰ ਵੇਖ ਰਹੇ ਸਨ। ਇਸੇ ਤਰ੍ਹਾਂ ਕੈਥੋਲਿਕ ਦੇਸ਼ ਆਇਰਲੈਂਡ, ਜੋ ਇਸ ਸਮੇਂ ਪ੍ਰੋਟੈਸਟੈਂਟ ਇੰਗਲੈਂਡ ਦੇ ਅਧੀਨ ਸੀ, ਆਪਣੀ ਅਜ਼ਾਦੀ ਲਈ ਸੰਘਰਸ਼ ਕਰ ਰਿਹਾ ਸੀ। ਫਰਾਂਸ ਦੀ ਕ੍ਰਾਂਤੀ ਤੋਂ ਲਗਭਗ ਪੰਦਰਾਂ ਸਾਲ ਪਹਿਲਾਂ ਉੱਤਰੀ ਅਮਰੀਕਾ ਦੇ ਉਪਨਿਵੇਸ਼ਕਾਂ ਨੇ ਇੰਗਲੈਂਡ ਵਿਰੁੱਧ ਪ੍ਰਬਲ ਵਿਦਰੋਹ ਕਰਕੇ ਪੂਰੀ ਤਰ੍ਹਾਂ ਅਜ਼ਾਦੀ ਪ੍ਰਾਪਤ ਕਰ ਲਈ ਸੀ। ਅਮਰੀਕਾ ਦੇ ਅਜ਼ਾਦੀ ਸੰਗਰਾਮ 'ਚ ਹਿਸਾ ਲੈ ਕੇ ਵਾਪਸ ਆਏ ਫਰਾਂਸੀਸੀ ਫੌਜੀ ਅਜ਼ਾਦੀ ਦੀ ਭਾਵਨਾ ਨਾਲ ਲਬਰੇਜ਼ ਸਨ ਅਤੇ ਬਰਾਬਰੀ ਤੇ ਅਜ਼ਾਦੀ ਦੇ ਸਿਧਾਂਤਾਂ ਦਾ ਲੋਕਾਂ 'ਚ ਪ੍ਰਚਾਰ ਕਰ ਰਹੇ ਸਨ। ਇਸ ਤਰ੍ਹਾਂ ਫਰਾਂਸ ਦੇ ਲੋਕ ਵਿਦੇਸ਼ੀ ਘਟਨਾਵਾਂ ਦੇ ਪ੍ਰਭਾਵ ਕਾਰਨ ਨਿਰੰਕੁਸ਼ਤਾ ਤੋਂ ਮੁਕਤ ਹੋਣ ਲਈ ਕਾਹਲੇ ਹੋ ਰਹੇ ਸਨ। ਉਹ ਫਰਾਂਸ 'ਚ ਵੀ ਇੰਗਲੈਂਡ ਵਾਂਗ ਵਿਧਾਨਿਕ ਰਾਜਤੰਤਰ ਦੀ ਸਥਾਪਨਾ ਵੇਖਣਾ ਚਾਹੁੰਦੇ ਸਨ।

**ਤੱਤਕਾਲਿਕ ਕਾਰਨ ਅਤੇ ਕ੍ਰਾਂਤੀ ਦਾ ਸੂਤਰਪਾਤ:** ਫਰਾਂਸ ਦੀ ਸਰਕਾਰ ਦਾ ਆਰਥਿਕ ਸੰਕਟ ਹੀ ਅਖੀਰ ਕ੍ਰਾਂਤੀ ਦਾ ਤੱਤਕਾਲਿਕ ਕਾਰਨ ਸਿੱਧ ਹੋਇਟਾ। ਫਰਾਂਸ ਦੀ ਆਰਥਿਕ ਵਿਵਸਥਾ 'ਚ ਸੁਧਾਰ ਲਿਆਉਣ ਲਈ ਵੱਖ-ਵੱਖ ਸੁਯੋਗ ਅਰਥ ਸ਼ਾਸਤਰੀਆਂ ਤੇ ਮਾਹਿਰਾਂ ਵੱਲੋਂ ਕਈ ਯੋਜਨਾਵਾਂ ਲੂਈ ਸੋਲ੍ਹਵੇਂ ਸਾਹਮਣੇ ਪੇਸ਼ ਕੀਤੀਆਂ ਗਈਆਂ। ਇੱਕ ਤੋਂ ਬਅਦ ਦੂਜੇ ਆਏ ਕਈ ਵਿੱਤ ਮੰਤਰੀਆਂ ਨੇ ਫਰਾਂਸ ਨੂੰ ਆਰਥਿਕ ਸੰਕਟ 'ਚੋਂ ਉਭਾਰਨ ਦੇ ਜੋ ਉਪਾਅ ਦੱਸੇ, ਉਨ੍ਹਾਂ 'ਚ ਸਭ ਤੋਂ ਮੁੱਖ ਇਹ ਸੀ ਕਿ ਸਾਮੰਤਾਂ ਅਤੇ ਕੁਲੀਨਾਂ ਤੋਂ ਵੀ ਟੈਕਸ ਲਿਆ ਜਾਵੇ ਪਰ ਦਰਬਾਰੀਆਂ ਤੇ ਰਾਣੀ ਦੇ ਦਬਾਅ ਕਾਰਨ ਰਾਜਾ ਸਾਮੰਤਾਂ ਤੋਂ ਟੈਕਸ ਲੈਣ ਦੀ ਹਿੰਮਤ ਨਹੀਂ ਕਰ ਸਕਿਆ। ਅਸਲ 'ਚ ਲੂਈ ਦੇ ਭੀਰੂ ਸੁਭਾਅ ਅਤੇ ਅਸਥਿਰ ਪ੍ਰਕਿਰਤੀ ਕਾਰਨ ਫਰਾਂਸ ਆਰਥਿਕ ਰਸਾਤਲ ਵੱਲ ਵਧਣ ਲੱਗਿਆ। ਆਤਮਵਿਸ਼ਵਾਸਹੀਣ ਲੂਈ, ਰਾਣੀ ਆਂਤਵਾਨੇਤ ਦੇ ਪ੍ਰਭਾਵ ਕਾਰਨ ਕੋਈ ਸਰਗਰਮ ਕੰਮ ਨਹੀਂ ਕਰ ਸਕਿਆ। ਇੱਧਰ ਰਾਜ ਨੂੰ ਕਰਜ਼ਾ ਮਿਲਣਾ ਵੀ ਬੰਦ ਹੋ ਗਿਆ। ਲੂਈ ਨੂੰ ਨਵੇਂ ਟੈਕਸ ਲਾਉਣ ਲਈ ਪਾਰਲੇਮਾਂ ਦੇ ਸੁਝਾਅ 'ਤੇ ਐਸਟੇਟਸ ਜਨਰਲ ਦੀ ਬੈਠਕ ਬੁਲਾਉਣ ਦੀ ਮਨਜ਼ੂਰੀ ਦੇਣੀ ਪਈ। ਜਨਤਾ ਨੇ ਪਾਰਲੇਮਾਂ ਦੇ ਫੈਸਲੇ ਦਾ ਸਵਾਗਤ ਕੀਤਾ।

ਨੋਟ

ਐਸਟੇਟਸ ਜਨਰਲ ਫਰਾਂਸ ਦੀ ਇੱਕ ਪੁਰਾਣੀ ਪ੍ਰਤੀਨਿਧੀ ਸਭਾ ਸੀ ਜਿਸ ਦਾ ਪਿਛਲੇ 175 ਸਾਲਾਂ ਤੋਂ ਅਧਿਵੇਸ਼ਨ ਹੋਣਾ ਬੰਦ ਹੋ ਗਿਆ ਸੀ। ਲੂਈ ਨੇ ਐਸਟੇਟਸ ਜਨਰਲ ਦੇ ਬੁਲਾਉਣ ਦਾ ਐਲਾਨ ਤਾਂ ਕਰ ਦਿੱਤਾ, ਪਰੰਤੂ ਇਸ ਸਮੇਂ ਫਰਾਂਸ 'ਚ ਕੋਈ ਅਜਿਹਾ ਜੀਵਤ ਵਿਅਕਤੀ ਨਹੀਂ ਸੀ, ਜਿਸ ਨੂੰ ਇਸ ਸੰਸਥਾ ਦੇ ਸਵਰੂਪ, ਸੰਗਠਨ, ਕਾਰਜਪ੍ਰਣਾਲੀ, ਚੋਣ ਆਦਿ ਬਾਰੇ ਜਾਣਕਾਰੀ ਹੋਵੇ। ਬੜੀ ਮਿਹਨਤ ਤੋਂ ਬਾਅਦ ਕਿਸੇ ਤਰ੍ਹਾਂ ਐਸਟੇਟਸ ਜਨਰਲ ਦੀ ਪ੍ਰਕਿਰਿਆ ਵਿਧੀ ਨਿਸ਼ਚਿਤ ਕੀਤੀ ਜਾ ਸਕੀ। 1788 ਈ: 'ਚ ਐਸਟੇਟਸ ਜਨਰਲ ਦੀ ਚੋਣ ਹੋਈ। ਇਨ੍ਹਾਂ ਚੋਣਾਂ ਤੋਂ ਲੋਕਾਂ ਦੀਆਂ ਇੱਛਾਵਾਂ ਹੋਰ ਵੀ ਵਧ ਗਈਆਂ। ਐਸਟੇਟਸ ਜਨਰਲ ਦੇ ਗਠਨ ਅਤੇ ਉਸ ਦੀ ਬੈਠਕ ਵਿਵਸਥਾ ਤੋਂ ਪੈਦਾ ਵਿਵਾਦ ਨਾਲ ਹੀ ਕ੍ਰਾਂਤੀ ਦੀ ਸ਼ੁਰੂਆਤ ਹੋਈ।

**ਕ੍ਰਾਂਤੀ ਦੀ ਸ਼ੁਰੂਆਤ:** ਐਸਟੇਟਸ ਜਨਰਲ ਇੱਕ ਪੁਰਾਤਨ ਵਿਵਸਥਾ ਦੀ ਹਮਾਇਤੀ ਸੰਸਥਾ ਸੀ। ਉਸ ਦਾ ਸੰਗਠਨ ਅਤੇ ਮੱਤਦਾਨ ਦੀ ਪ੍ਰਕਿਰਿਆ ਵੀ ਸਾਮੰਤਵਾਦੀ ਸੀ। ਇਸ ਦੇ ਤਿੰਨ ਸਦਨ ਸਨ, ਕੁਲੀਨਾਂ ਅਤੇ ਸਾਮੰਤਾਂ ਦਾ ਸਦਨ, ਪਾਦਰੀਆਂ ਦਾ ਸਦਨ ਅਤੇ ਆਮ ਲੋਕਾਂ ਦਾ ਸਦਨ। ਪਰ ਮੱਤਦਾਨ ਪ੍ਰਬੰਧ ਦਾ ਮੁੱਖ ਦੋਸ਼ ਇਹ ਸੀ ਕਿ ਹਰੇਕ ਸਦਨ ਦੀ ਇੱਕ ਵੋਟ ਗਿਣਤੀ ਜਾਂਦੀ ਸੀ, ਪ੍ਰਤੀ ਮੈਂਬਰ ਦੀ ਨਹੀਂ। ਇਸ ਦੇ ਨਤੀਜੇ ਵਜੋਂ ਵਿਸ਼ੇਸ਼ ਵਰਗ ਭਾਵ ਸਾਮੰਤਾਂ ਅਤੇ ਪਾਦਰੀਆਂ ਦੀਆਂ ਦੋ ਵੋਟਾਂ ਹੁੰਦੀਆਂ ਸਨ। ਆਮ ਸਭਾ ਦਾ ਸਿਰਫ਼ ਇੱਕ ਹੀ ਲਾਗੂ ਹੁੰਦਾ ਸੀ। 90 ਫੀਸਦੀ ਜਨ ਸਾਧਾਰਨ ਪ੍ਰਤੀਨਿਧੀਆਂ ਦੇ ਸਦਨ ਦਾ ਇੱਕ ਮੱਤ ਅਤੇ ਬਾਕੀ 10 ਫੀਸਦੀ ਜਨਸੰਖਿਆ (ਪਾਦਰੀ ਅਤੇ ਕੁਲੀਨ) ਦੇ ਦੋ ਮੱਤ ਮਨਜ਼ੂਰ ਹੁੰਦੇ ਸਨ। ਇਹ ਅਣਉੱਚਿਤ ਅਤੇ ਤਰਕਹੀਣ ਪ੍ਰਬੰਧ ਸੀ। 1789 ਈ: ਦੀ ਫਰਾਂਸ ਦੀ ਜਾਗ੍ਰਿਤ ਜਨਤਾ ਲਈ ਪ੍ਰਤੀਨਿਧੀ ਸਭਾ ਦੀ ਚੋਣ ਤੋਂ ਬਾਅਦ ਜਨਤਾ ਵੱਲੋਂ ਦੋ ਮੰਗਾਂ ਰੱਖੀਆਂ ਗਈਆਂ। ਪਹਿਲੀ ਇਹ ਕਿ ਸਭ ਤੋਂ ਪਹਿਲਾਂ ਆਮ ਜਨਤਾ ਦੇ ਪ੍ਰਤੀਨਿਧੀਆਂ ਦੇ ਤੀਜੇ ਸਦਨ ਦੇ ਮੈਂਬਰਾਂ ਦੀ ਗਿਣਤੀ ਦੁੱਗਣੀ ਕਰ ਦਿੱਤੀ ਜਾਵੇ। ਦੂਜੀ ਮੰਗ ਇਹ ਕਿ ਮੱਤਦਾਨ ਪ੍ਰਬੰਧ ਪ੍ਰਤੀ ਸਦਨ ਦੇ ਹਿਸਾਬ ਨਾਲ ਨਾ ਹੋ ਕੇ ਪ੍ਰਤੀ ਮੈਂਬਰ ਦੇ ਇੱਕ ਮੱਤ ਦੇ ਆਧਾਰ 'ਤੇ ਰੱਖੀ ਜਾਵੇ॥ ਇਹ ਦੂਜੀ ਮੰਗ ਮਨਜ਼ੂਰ ਨਹੀਂ ਕੀਤੀ ਗਈ ਅਤੇ ਇਸ ਨਾਲ ਆਮ ਸਭਾ ਦੇ ਮੈਂਬਰਾਂ 'ਚ ਰੋਸ ਪੈਦਾ ਹੋਇਆ। ਚੋਣ 'ਚ 308 ਪਾਦਰੀ, 245 ਕੁਲੀਨ ਜਾਂ ਸਾਮੰਤ ਅਤੇ 621 ਜਨਤਾ ਦੇ ਨੁਮਾਇੰਦੇ ਚੁਣੇ ਗਏ।

**5 ਮਈ, 1789 ਈ:** ਨੂੰ ਐਸਟੇਟਸ ਜਨਰਲ ਦਾ ਪਹਿਲਾ ਅਧਿਵੇਸ਼ਨ ਹੋਣਾ ਹੀ ਕ੍ਰਾਂਤੀ ਦੀ ਸ਼ੁਰੂਆਤ ਮੰਨਿਆ ਜਾ ਸਕਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਬਾਸਿਤਲ ਦਾ ਪੱਤਣ (17 ਜੁਲਾਈ, 1789) ਕ੍ਰਾਂਤੀ ਦੀ ਪਹਿਲੀ ਘਟਨਾ ਸੀ। 5 ਮਈ ਨੂੰ ਸਟੇਟਸ ਜਨਰਲ ਦੀ ਬੈਠਕ ਵਰਸਾਏ 'ਚ ਬੁਰਬੋ ਵੰਸ਼ ਦੇ ਪਰੰਪਰਾਗਤ ਵੈਭਵਸ਼ਾਲੀ ਰਾਜ ਪ੍ਰਸਾਦ 'ਚ ਹੋਈ। ਆਮ ਵਰਗ (ਤੀਜਾ ਸਦਨ) ਨੇ ਮੰਗ ਕੀਤੀ ਕਿ ਸਾਰੇ ਵਰਗਾਂ ਦੀ ਬੈਠਕ ਇੱਕ ਹੀ ਭਵਨ 'ਚ ਹੋਵੇ ਪਰੰਤੂ ਇਹ ਪ੍ਰਸਤਾਵ ਪਾਦਰੀਆਂ ਅਤੇ ਸਾਮੰਤਾਂ ਨੂੰ ਮਨਜ਼ੂਰ ਨਹੀਂ ਸੀ। ਰਾਜੇ ਨੇ ਪਾਦਰੀਆਂ ਅਤੇ ਕੁਲੀਨਾਂ ਦੀ ਹਮਾਇਤ ਕੀਤੀ। ਇੱਕ ਹੀ ਥਾਂ 'ਤੇ ਬੈਠ ਹੋਣ ਨਾਲ ਆਮ ਮੈਂਬਰਾਂ ਦੀ ਜਿੱਤ ਨਿਸ਼ਚਿਤ ਸੀ। ਪਰ ਉਨ੍ਹਾਂ ਦੀ ਗੱਲ ਨਹੀਂ ਮੰਨੀ ਗਈ। ਇਸ ਔਖੇ ਹਾਲਾਤ ਨੂੰ ਸੁਲਝਾਉਣ ਲਈ ਸਰਕਾਰ ਨੇ ਕੋਈ ਯਤਨ ਨਹੀਂ ਕੀਤੇ। 6 ਜੂਨ ਤੋਂ 16 ਜੂਨ ਤੱਕ ਇਸੇ ਤਰ੍ਹਾਂ ਦਾ ਗਤੀਰੋਧ ਬਣਿਆ ਰਿਹਾ।

**ਟੈਨਿਸ ਕੋਰਟ ਦੀ ਸਹੁੰ ਅਤੇ ਰਾਸ਼ਟਰੀ ਸਭਾ ਦਾ ਜਨਮ:** ਅਸਟੇਟਸ ਜਨਰਲ ਦੀ ਚੋਣ ਕਾਰਨ ਫਰਾਂਸ ਵਿਚ ਜਨ ਜਾਗਰੂਕਤਾ ਹੋ ਚੁੱਕੀ ਸੀ। 17 ਜੂਨ 1789 ਨੂੰ ਪਾਦਰੀ ਸਦਨ ਦੇ 12 ਪ੍ਰਤੀਨਿਧੀ ਸਾਧਾਰਨ ਸਦਨ (ਤੀਸਰੇ ਸਦਨ) ਵਿਚ ਆ ਕੇ ਮਿਲ ਗਏ। ਉਸੇ ਦਿਨ ਤੀਸਰੇ ਸਦਨ ਦੇ ਮੈਂਬਰਾਂ ਨੇ ਆਪਣੇ ਸਦਨ ਨੂੰ ਰਾਸ਼ਟਰੀ ਸਭਾ ਐਲਾਨ ਕਰ ਦਿੱਤਾ। ਇੱਕ ਹੋਰ ਪ੍ਰਸਤਾਵ ਅਨੁਸਾਰ ਰਾਸ਼ਟਰੀ ਸਭਾ ਨੇ ਇਹ ਨਿਰਣਾ ਲਿਆ ਕਿ ਰਾਸ਼ਟਰੀ ਸਭ ਦੀ ਆਗਿਆ ਤੋਂ ਬਿਨਾਂ ਕੋਈ ਨਵਾਂ ਟੈਕਸ ਨਹੀਂ ਲਾਇਆ ਜਾਵੇਗਾ। ਇਹ ਇਕ ਮਹੱਤਵਪੂਰਨ ਕ੍ਰਾਂਤੀਕਾਰੀ ਕਦਮ ਸੀ। ਫਰਾਂਸ ਵਿਚ ਇਹ ਕ੍ਰਾਂਤੀ ਦੀ ਸ਼ੁਰੂਆਤ ਸੀ।

ਰਾਜੇ ਨੇ ਸਾਮੰਤਾਂ ਦੇ ਪ੍ਰਭਾਵ ਵਿਚ ਆ ਕੇ ਤੀਜੇ ਸਦਨ ਅਰਥਾਤ ਰਾਸ਼ਟਰੀ ਸਭਾ ਦੇ ਕੰਮ 'ਚ ਅੜਿੱਕਾ ਪਾਉਣ ਦੇ ਉਦੇਸ਼ ਨਾਲ ਸਭਾ ਭਵਨ ਨੂੰ ਤਾਲੇ ਲਗਵਾ ਦਿੱਤੇ। 20 ਜੂਨ ਨੂੰ ਜਦੋਂ ਤੀਜੇ ਸਦਨ ਦੇ ਮੈਂਬਰਾਂ ਨੇ ਸਭਾ ਭਵਨ ਨੂੰ ਬੰਦ ਦੇਖਿਆ ਤਾਂ ਨੇੜਲੇ ਟੈਨਿਸ ਖੇਡਣ ਦੇ ਮੈਦਾਨ ਵਿਚ ਇਕੱਠੇ ਹੋ ਕੇ ਸਭਾ ਕੀਤੀ। ਇਸ ਸਭਾ ਵਿਚ ਪ੍ਰਸਤਾਵ ਪਾਸ ਕੀਤਾ ਗਿਆ ਕਿ, "ਰਾਸ਼ਟਰੀ ਸਭਾ ਇਹ ਨਿਰਣਾ ਕਰਦੀ ਹੈ ਕਿ ਅਸੀਂ ਕਦੇ ਵੀ ਵੱਖ ਨਹੀਂ ਹੋਵਾਂਗੇ ਅਤੇ ਜਦੋਂ ਤੱਕ ਸੰਵਿਧਾਨ ਦਾ ਨਿਰਣਾ ਨਹੀਂ ਹੋ ਜਾਂਦਾ, ਉਦੋਂ ਤੱਕ ਜਿੱਥੇ ਵੀ ਜ਼ਰੂਰੀ ਹੋਵੇਗਾ ਅਤੇ ਹਾਲਾਤਾਂ ਦੀ ਮੰਗ ਹੋਵੇਗੀ, ਇੱਕ-ਦੂਜੇ ਨੂੰ ਮਿਲਦੇ ਰਹਾਂਗੇ।"

ਇਸ ਤਰ੍ਹਾਂ ਫਰਾਂਸ ਵਿਚ ਕ੍ਰਾਂਤੀ ਦਾ ਬਿਗੁਲ ਵੱਜ ਉੱਠਿਆ। ਰਾਸ਼ਟਰੀ ਸਭਾ ਦਾ ਗਠਨ ਹੋ ਗਿਆ ਅਤੇ ਕ੍ਰਾਂਤੀ ਦਾ ਸਿਖਰ ਨੈਪੋਲੀਅਨ ਦੀ ਉਤਕਰਸ਼ ਦੇ ਰੂਪ ਵਿਚ ਹੋਇਆ। ਫਰਾਂਸ ਦੀ ਰਾਜ ਕ੍ਰਾਂਤੀ ਲਗਭਗ ਇੱਕ ਦਹਾਕੇ ਤੱਕ ਅਰਥਾਤ 1799 ਈ. ਤੱਕ ਲਗਾਤਾਰ ਅੱਗੇ ਵਧਦੀ ਰਹੀ।

**ਫਰਾਂਸ ਵਿਚ ਹੀ ਕ੍ਰਾਂਤੀ ਕਿਉਂ ਹੋਈ ?:** ਇਸ ਸਵਾਲ ਉੱਠਣਾ ਸੁਭਾਵਿਕ ਹੀ ਹੈ ਕਿ ਕ੍ਰਾਂਤੀ ਫਰਾਂਸ ਵਿਚ ਹੀ ਕਿਉਂ ਹੋਈ ? ਜਦੋਂ ਯੂਰਪ ਦੇ ਹੋਰ ਦੇਸ਼ਾਂ ਆਸਟ੍ਰੀਆ, ਪਰਸ਼ੀਆ, ਰੋਮਨ, ਪੁਰਤਗਾਲ ਅਤੇ ਰੂਸ ਵਿਚ ਵੀ ਸਾਮੰਤਵਾਦੀ ਅੱਤਿਆਚਾਰ, ਗੁਲਾਮੀ, ਸ਼ੋਸ਼ਣ ਅਤੇ ਨਿਰੰਕੁਸ਼ ਰਾਜਤੰਤਰ ਉਨੇ ਹੀ ਬੁਰੇ ਸਨ ਜਿੰਨੇ ਕਿ ਫਰਾਂਸ ਵਿਚ। ਕੁਝ ਦੇਸ਼ਾਂ ਵਿਚ ਤਾਂ ਹਾਲਾਤ ਹੋਰ ਵੀ ਖਰਾਬ ਸਨ। ਇਸ ਸਵਾਲ ਦਾ ਜ਼ਵਾਬ ਇਹ ਹੈ ਕਿ ਕਿਸੇ ਵੀ ਦੇਸ਼ ਵਿਚ ਹੋਣ ਵਾਲੀ ਕ੍ਰਾਂਤੀ ਦੇ ਬੀਜ ਉਸ ਦੇਸ਼ ਦੀ ਜਨਤਾ ਦੀ ਮਨੋਦਸ਼ਾ ਵਿਚ ਬੀਜੇ ਰਹਿੰਦੇ ਹਨ। ਕ੍ਰਾਂਤੀ ਨੂੰ ਜਨਮ ਦੇਣ ਵਾਲੀਆਂ ਇਹ ਦੋਵੇਂ ਸਥਿਤੀਆਂ ਫਰਾਂਸ ਵਿਚ ਹੋਰ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਸਨ। ਸਾਮੰਤੀ ਵਿਸ਼ੇਸ਼ਅਧਿਕਾਰ ਹੋਰ ਦੇਸ਼ਾਂ ਵਿਚ ਵੀ ਸਨ, ਪਰ ਉਨ੍ਹਾਂ ਦੇ ਨਾਲ ਕਰਤੱਵ ਵੀ ਜੁੜੇ ਹੋਏ ਸਨ। ਸਾਮੰਤ ਲੋਕਾਂ ਦਾ ਆਪਣੀਆਂ-ਆਪਣੀਆਂ ਜੰਗੀਰਾਂ ਵਿਚ ਰਹਿੰਦੇ ਹੋਏ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣਾ ਹੁੰਦਾ ਸੀ ਜਦੋਂਕਿ ਫਰਾਂਸ ਵਿਚ ਉਹ ਵਰਸਾਏ ਦੇ ਮਹਿਲਾਂ ਵਿਚ ਰਹਿ ਕੇ ਭੋਗ ਵਿਲਾਸ ਦਾ ਜੀਵਨ ਬਤੀਤ ਕਰ ਰਹੇ ਸਨ। ਰਾਜਾ ਅਤੇ ਸਾਮੰਤ ਦੋਵੇਂ ਹੀ ਵਿਲਾਸੀ ਅਤੇ ਨਾਕਾਰਾ ਹੋ ਚੁੱਕੇ ਸਨ। ਫਰਾਂਸ ਦੀ ਸਾਮੰਤੀ ਵਿਵਸਥਾ ਅੰਦਰੋਂ ਬੇਜ਼ਾਨ ਅਤੇ ਖੋਖਲੀ ਹੋ ਚੁੱਕੀ ਸੀ।

ਦੂਸਰਾ ਕਾਰਨ, ਫਰਾਂਸ ਵਿਚ ਸ਼ਕਤੀਸ਼ਾਲੀ ਅਤੇ ਬੁੱਧੀਜੀਵੀ ਮੱਧਮ ਵਰਗ ਦੀ ਹੋਂਦ ਸੀ ਜੋ ਯੂਰਪ ਵਿਚ ਹੋਰ ਕਿਤੇ ਨਹੀਂ ਸੀ। ਵਪਾਰੀ, ਉਦਯੋਗਪਤੀ, ਲੈਕਚਰਾਰ, ਵਕੀਲ ਅਤੇ ਹੋਰ ਪੜ੍ਹੇ-ਲਿਖੇ ਲੋਕ ਜਦੋਂਕਿ ਯੋਗ ਅਤੇ ਸੰਪੰਨ ਸਨ ਪਰ ਸਰਕਾਰੀ ਪ੍ਰਬੰਧ ਵਿਚ ਉਨ੍ਹਾਂ ਦਾ

**ਨੋਟ**

ਕੋਈ ਮਹੱਤਵ ਨਹੀਂ ਸੀ। ਸੂਬੇ ਵੱਲੋਂ ਉਨ੍ਹਾਂ ਪ੍ਰਤੀ ਨਜ਼ਰਅੰਦਾਜੀ ਦਾ ਵਿਵਹਾਰ ਮੱਧਮ ਵਰਗੀ ਲੋਕਾਂ ਨੂੰ ਬਹੁਤ ਰੜਕਦਾ ਸੀ। ਕ੍ਰਾਂਤੀ ਦੀ ਸ਼ੁਰੂਆਤ ਵੀ ਇਸੇ ਮੱਧਮ ਵਰਗ ਨੇ ਕੀਤੀ। ਇਸ ਤੋਂ ਇਲਾਵਾ ਫਰਾਂਸ ਦੇ ਮੱਧਮ ਵਰਗ ਨੇ ਹੀ ਅਜਿਹੇ ਕਈ ਦਾਰਸ਼ਨਿਕ ਅਤੇ ਵਿਚਾਰਕ ਪੈਦਾ ਕੀਤੇ ਜਿਨ੍ਹਾਂ ਦਾ ਲੋਕਾਂ 'ਤੇ ਕਾਫ਼ੀ ਪ੍ਰਭਾਵ ਸੀ। ਆਪਣੇ ਲੇਖਨ ਨਾਲ ਉਨ੍ਹਾਂ ਨੇ ਫਰਾਂਸੀਸੀਆਂ ਦੇ ਦਿਮਾਗ ਵਿਚ ਸਥਾਪਤ ਵਿਵਸਥਾ ਨੂੰ ਪੁੱਟ ਸੁੱਟਣ ਦੀ ਪ੍ਰੇਰਣਾ ਪੈਦਾ ਕਰ ਦਿੱਤੀ। ਇਸ ਲੇਖਨ ਨੇ ਉਨ੍ਹਾਂ ਦੇ ਸਾਹਮਣੇ ਅਜਿਹਾ ਆਦਰਸ਼ ਰੱਖੇ, ਜਿਨ੍ਹਾਂ ਲਈ ਉਹ ਹਰ ਬਲਿਦਾਨ ਲਈ ਤਿਆਰ ਹੋ ਗਏ। ਯੂਰਪ ਦੇ ਦੂਸਰੇ ਦੇਸ਼ਾਂ ਵਿਚ ਅਜਿਹਾ ਬੁੱਧੀਜੀਵੀ ਵਾਤਾਵਰਨ ਨਹੀਂ ਸੀ। ਇਸ ਲਈ ਫਰਾਂਸ ਦੀ ਬੌਧਿਕ ਜਾਗਰੂਕਤਾ ਨੇ ਫਰਾਂਸ ਨੂੰ ਉਤਪੀੜਨ ਦੇ ਖਿਲਾਫ਼ ਅਵਾਜ਼ ਚੁੱਕਣ ਦੀ ਸ਼ਕਤੀ ਪ੍ਰਦਾਨ ਕੀਤੀ।

ਅਮਰੀਕੀ ਸੁਤੰਤਰਤਾ ਯੁੱਧ ਨੇ ਵੀ ਫਰਾਂਸ ਨੂੰ ਬਹੁਤ ਪ੍ਰਭਾਵਿਤ ਕੀਤੀ। ਅਮਰੀਕੀ ਬਸਤੀਆਂ ਦੀ ਸੁਤੰਤਰਤਾ ਲਈ ਇੰਗਲੈਂਡ ਵਰਗੇ ਸ਼ਕਤੀਸ਼ਾਲੀ ਦੇਸ਼ ਨਾਲ ਯੁੱਧ ਕਰਨ ਵਾਲੇ ਫਰਾਂਸੀਸੀ ਫੌਜੀ ਜਦੋਂ ਵਾਪਸ ਆਪਣੇ ਦੇਸ਼ ਆਏ ਤਾਂ ਉਹ ਸੁਤੰਤਰਤਾ ਅਤੇ ਸਮਾਨਤਾ ਦੀ ਪ੍ਰੇਰਣਾ ਨਾਲ ਭਰੇ ਹੋਏ ਸਨ। ਫਰਾਂਸ ਵਾਪਸੀ 'ਤੇ ਸੁਤੰਤਰਤਾ ਅਤੇ ਸਮਾਨਤਾ ਲਈ ਲੜਨ ਦੀ ਭਾਵਨਾ ਸੁਭਾਵਿਕ ਰੂਪ ਨਾਲ ਉਨ੍ਹਾਂ ਵਿਚ ਪੈਦਾ ਹੋਈ।

ਰਾਸ਼ਟਰੀ ਕਰਜ਼ੇ ਦਾ ਬੇਹੱਦ ਵਧਿਆ ਹੋਈ ਬੋਝ, ਦਰਬਾਰ ਅਤੇ ਰਾਜ ਪਰਿਵਾਰ ਦੀ ਫਿਜ਼ੂਲਖਰਚੀ ਆਦਿ ਕਾਰਨ ਫਰਾਂਸ ਦੀ ਦਸ਼ਾ ਹੋਰ ਯੂਰਪੀ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਵਿਚਾਰਯੋਗ ਸੀ। ਫਰਾਂਸ ਦੇ ਸ਼ੋਸ਼ਿਤ ਕਿਸਾਨਾਂ ਅਤੇ ਅਸੰਤੁਸ਼ਟ ਫੌਜੀਆਂ ਨੇ ਵੀ ਕ੍ਰਾਂਤੀ ਦਾ ਵਾਤਾਵਰਨ ਬਣਾਉਣ ਵਿਚ ਯੋਗਦਾਨ ਪਾਇਆ।

**ਸਾਰ-ਸੰਖੇਪ**

1. **ਭੂਮਿਕਾ :** ਫਰਾਂਸ ਦੀ ਕ੍ਰਾਂਤੀ ਅਰਥਾਤ ਖਸਤਾਹਾਲ ਸਾਮੰਤਵਾਦੀ ਰਾਜਨੀਤਿਕ ਵਿਵਸਥਾ, ਵਰਣਭੇਦ ਯੁਕਤ ਸਮਾਜ ਅਤੇ ਨਿਰੰਕੁਸ਼ਤਾ ਦੇ ਵਿਰੁੱਧ ਕੀਤਾ ਗਿਆ ਜਨ ਵਿਰੋਧ। ਵਿਸ਼ਵਵਿਆਪੀ ਅਸਰ।
2. **ਕਾਰਨ :** ਰਾਜਨੀਤਿਕ-ਨਿਰੰਕੁਸ਼ਤ ਸ਼ਾਸ਼ਨ, ਸਾਮੰਤਸ਼ਾਲੀ ਅਤੇ ਕੁਲੀਨਾਂ ਦਾ ਅਸਰ, ਕਾਨੂੰਨ ਅਤੇ ਟੈਕਸਾਂ ਦੀ ਅਸਮਾਨਤਾ, ਪਾਰਲਮਾਂ (ਸੰਸਦ) ਦੀ ਸਥਿਤੀ।
3. **ਸਮਾਜਿਕ ਕਾਰਨ :** ਵਿਸ਼ੇਸ਼ਅਧਿਕਾਰ ਵਰਤਣ ਵਾਲਾ ਵਰਗ ਅਤੇ ਆਮ ਨਾਗਰਿਕ ਵਰਗ ਵਿਚ ਭੇਦਭਾਵ, ਪਾਦਰੀ, ਕੁਲੀਨ ਅਤੇ ਆਮ ਵਰਗ ਦੀ ਸਥਿਤੀ, ਫਰਾਂਸ ਮੱਧਮ ਵਰਗ।
4. **ਆਰਥਿਕ :** ਸਰਕਾਰ ਦਾ ਦਿਵਾਲੀਆਪਣ, ਰਾਜ ਮਹਿਲ ਦੇ ਭਾਰੀ ਖ਼ਰਚ, ਅਰਥਸ਼ਾਸਤਰੀਆਂ ਦੇ ਸੁਝਾਵਾਂ ਦੀ ਅਣਦੇਖੀ। ਅਰਥਵਿਵਸਥਾ ਦੇ ਸੁਧਾਰ ਲਈ ਪਾਰਲਮਾਂ ਦੀ ਬੈਠਕ ਅਤੇ ਤੀਜੇ ਸਦਨ ਵੱਲੋਂ ਕ੍ਰਾਂਤੀ ਦੀ ਸ਼ੁਰੂਆਤ।
5. **ਦਾਰਸ਼ਨੀਕਾਂ :** ਮਾਨਤੇਸਕਿਊ, ਰੂਸੋ ਅਤੇ ਵਾਲਤੇਅਰ ਦੇ ਵਿਚਾਰਾਂ ਦਾ ਅਸਰ। ਦੂਰਗਾਮੀ ਵਿਆਪਕ ਪ੍ਰਭਾਵਸ਼ਾਲੀ ਸ਼ੁਰੂਆਤੀ ਘਟਨਾਵਾਂ- ਅਸਟੇਟਸ ਜਨਰਲ ਦੀ ਮੀਟਿੰਗ ਅਤੇ ਕ੍ਰਾਂਤੀ ਦੀ ਸ਼ੁਰੂਆਤ। ਫਰਾਂਸ ਵਿਚ ਹੀ ਕ੍ਰਾਂਤੀ ਕਿਉਂ ? ਕਾਰਨ-ਜ਼ਿਆਦਾ ਅਯੋਗ ਰਾਜਾ ਅਤੇ ਨੌਕਰਸ਼ਾਹੀ, ਬੁੱਧੀਜੀਵੀ ਮੱਧਮ ਵਰਗ ਵਿਚ ਨਵੇਂ ਵਿਚਾਰਾਂ ਦੀ ਚੇਤਨਾ।

**ਸਵ-ਮੁਲਾਂਕਣ (Self Assessment)**

**ਖਾਲੀ ਥਾਂ ਭਰੋ (Fill in the blanks) :**

1. ਲੂਈ ਸੋਲ੍ਹਵੇਂ ਦੀ ਰਾਜ ਵਿਵਸਥਾ 'ਤੇ ਉਸ ਦੀ ਪਤਨੀ....... ਦਾ ਬਹੁਤ ਪ੍ਰਭਾਵ ਸੀ।
2. ਫਰਾਂਸ ਦੇ ਸਮਾਜ, ਰਾਜਨੀਤੀ ਅਤੇ ਅਰਥਵਿਵਸਥਾ 'ਤੇ ........ ਦਾ ਡੂੰਘਾ ਪ੍ਰਭਾਵ ਸੀ।
3. ਫਰਾਂਸ ਵਿਚ 1789 ਈ. ਵਿਚ ਜਦੋਂ ਕ੍ਰਾਂਤੀ ਸ਼ੁਰੂ ਹੋਈ ਤਾਂ ......... ਨੇ ਉਸਦਾ ਸਵਾਗਤ ਕੀਤਾ।

## 23.2 ਫਰਾਂਸ ਦੀ ਰਾਜ ਕ੍ਰਾਂਤੀ ਦਾ ਕ੍ਰਮਿਕ ਪ੍ਰਸਾਰ (The Expansion of the French Revolution)

ਫਰਾਂਸ ਵਿਚ ਰਾਜ ਕ੍ਰਾਂਤੀ ਦਾ ਵਿਸਫੋਟ ਪੁਰਾਤਨ ਵਿਵਸਥਾ ਦੀਆਂ ਕਮੀਆਂ ਅਤੇ ਦੋਸ਼ਾਂ ਕਾਰਨ ਹੋਇਆ ਸੀ। ਅਸਟੇਟਸ ਜਨਰਲ ਦੇ ਤੀਜੇ ਸਦਨ ਨੇ 17 ਜੂਨ, 1789 ਈ. ਨੂੰ ਖੁਦ ਨੂੰ ਰਾਸ਼ਟਰੀ ਸਭਾ ਦੇ ਰੂਪ ਵਿਚ ਐਲਾਨ ਕਰ ਦਿੱਤਾ ਸੀ। 20 ਜੂਨ ਨੂੰ ਟੈਨਿਸ ਕੋਰਟ ਵਿਚ ਸਹੁੰ ਚੁੱਕ ਕੇ ਜਨ ਪ੍ਰਤੀਨਿਧਾਂ ਨੇ ਇੱਕ ਨਵਾਂ ਸੰਵਿਧਾਨ ਬਣਾਉਣ ਦਾ ਸੰਕਲਪ ਵੀ ਕੀਤਾ। ਇਨ੍ਹਾਂ ਸ਼ੁਰੂਆਤੀ ਘਟਨਾਵਾਂ ਤੋਂ ਬਾਅਦ ਫਰਾਂਸ ਵਿਚ ਕ੍ਰਾਂਤੀ ਦਾ ਘਟਨਾਚੱਕਰ ਬਹੁਤ ਤੇਜ਼ੀ ਨਾਲ ਘੁੰਮਿਆ ਅਤੇ ਜੁਲਾਈ, 1789 ਤੋਂ ਅਗਲੇ ਇੱਕ ਦਹਾਕੇ ਅਰਥਾਤ 1799 ਈ. ਤੱਕ ਅਨੇਕਾਂ ਘਟਨਾਵਾਂ ਹੋਈਆਂ ਜਿਨ੍ਹਾਂ ਵਿਚੋਂ ਮੁੱਖ ਹਨ- ਰਾਸ਼ਟਰੀ ਸਭਾ ਜਾਂ ਸੰਵਿਧਾਨ ਸਭਾ ਦੀਆਂ ਉਪਲੱਬਧੀਆਂ, ਵਿਵਸਥਾਪਕਾ ਸਭਾ ਅਤੇ ਨੈਸ਼ਨਲ ਕਨਵੈਸ਼ਨ ਦਾ ਸ਼ਾਸਨ ਅਤੇ ਆਤੰਕ ਦਾ ਰਾਜ, ਸੰਚਾਲਕ ਮੰਡਲ (ਡਾਇਰੈਕਟਰੀ) ਦਾ ਸ਼ਾਸਨ ਅਤੇ ਨੈਪੋਲੀਅਨ ਦਾ ਉਦੈ। ਇਨ੍ਹਾਂ ਸਾਰੀਆਂ ਘਟਨਾਵਾਂ ਅਤੇ ਤੇਜ ਬਦਲਾਵਾਂ ਦਾ ਸੰਖੇਪ ਵਿਚ ਵੇਰਵਾ ਹੇਠਾਂ ਲਿਖਿਆ ਹੈ-

1. **ਰਾਸ਼ਟਰੀ ਸਭਾ ਦੇ ਕਾਲ ਦੀਆਂ ਉਪਲੱਬਧੀਆਂ (The Achievements of National Assembly):** ਰਾਸ਼ਟਰੀ ਸਭਾ ਅਸਟੇਟਸ ਜਨਰਲ ਦਾ ਹੀ ਬਦਲਿਆ ਰੂਪ ਸੀ। ਇਸਦਾ ਕਾਲ 27 ਜੂਨ, 1789 ਤੋਂ 30 ਸਤੰਬਰ 1991

**ਨੋਟ**

ਤੱਕ ਰਿਹਾ। ਇਸ ਮਿਆਦ ਵਿਚ ਕ੍ਰਾਂਤੀ ਦੀਆਂ ਘਟਨਾਵਾਂ ਬਹੁਤ ਤੇਜ਼ੀ ਨਾਲ ਅੱਗੇ ਵਧਦੀਆਂ ਰਹੀਆਂ ਜਿਸ ਦਾ ਕ੍ਰਮ ਹੇਠ ਲਿਖੇ ਅਨੁਸਾਰ ਹੈ–

(i) **ਤਿੰਨਾਂ ਸਦਨਾਂ ਦੀ ਸਾਂਝੀ ਬੈਠਕ (27 ਜੂਨ, 1789 ਈ.):** ਟੈਨਿਸ ਕੋਰਟ ਦੀ ਸਹੁੰ (20 ਜੂਨ) ਦੇ ਸਮੇਂ ਤੀਜੇ ਸਦਨ ਦੇ ਸਖ਼ਤ ਰੁਖ਼ ਨੂੰ ਦੇਖ ਕੇ ਰਾਜਾ ਨੇ ਤਿੰਨਾਂ ਸਦਨਾਂ ਦੀ ਸਾਂਝੀ ਬੈਠਕ ਸੱਦੀ ਅਤੇ 23 ਜੂਨ ਨੂੰ ਉਸਨੂੰ ਸੰਬੋਧਨ ਕੀਤਾ। ਉਸਨੇ ਤਿੰਨਾਂ ਸਦਨਾਂ ਨੂੰ ਵੱਖ–ਵੱਖ ਬੈਠਕਾਂ ਕਰਨ ਦਾ ਹੁਕਮ ਦਿੱਤਾ, ਇਸ ’ਤੇ ਪਾਦਰੀ ਅਤੇ ਸਾਮੰਤ ਪ੍ਰਤੀਨਿਧ ਤਾਂ ਚਲੇ ਗਏ ਪਰ ਤੀਜੇ ਸਦਨ ਦੇ ਮੈਂਬਰ ਅਰਥਾਤ ਆਮ ਵਰਗ ਦੇ ਪ੍ਰਤੀਨਿਧ ਉੱਥੋਂ ਨਹੀਂ ਹਟੇ। ਉਨ੍ਹਾਂ ਦੇ ਇੱਕ ਨੇਤਾ ਮਿਰਾਬੋ ਨੇ ਸਦਨ ਦੇ ਅਧਿਕਾਰੀ ਨੂੰ ਕਿਹਾ ਕਿ– “ਅਸੀਂ ਇੱਥੇ ਜਨਤਾ ਦੀ ਇੱਛਾ ਨਾਲ ਆਏ ਹਾਂ ਅਤੇ ਜਦੋਂ ਤੱਕ ਸਾਨੂੰ ਬੰਦੂਕ ਦੀ ਗੋਲੀ ਨਾਲ ਨਹੀਂ ਹਟਾਇਆ ਜਾਵੇਗਾ, ਅਸੀਂ ਇੱਥੋਂ ਨਹੀਂ ਜਾਵਾਂਗੇ।” ਆਖ਼ਰ ਰਾਜਾ ਨੂੰ ਮਜ਼ਬੂਰ ਹੋ ਕੇ ਤਿੰਨਾਂ ਸਦਨਾਂ ਦੀ ਸਾਂਝੀ ਬੈਠਕ ਦੀ ਆਗਿਆ ਦੇਣੀ ਪਈ। 27 ਜੂਨ ਨੂੰ ਤਿੰਨਾਂ ਸਦਨਾਂ ਦੀ ਸਾਂਝੀ ਬੈਠਕ ਹੋਈ। ਇਹ ਜਨ ਸਾਧਾਰਨ ਦੀ ਜਿੱਤ ਅਤੇ ਰਾਜਾ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਦੀ ਹਾਰ ਸੀ। ਰਾਸ਼ਟਰੀ ਸਭਾ ਨੂੰ ਇਸ ਨਾਲ ਕਾਨੂੰਨੀ ਮਾਨਤਾ ਜਿਹੀ ਹਾਸਲ ਹੋ ਗਈ।

(ii) **ਸੰਵਿਧਾਨ ਸਭਾ ਦਾ ਐਲਾਨ 9 ਜੁਲਾਈ, 1789 ਈ.:** ਸਾਂਝੀ ਬੈਠਕ ਤੋਂ ਬਾਅਦ ਰਾਸ਼ਟਰੀ ਸਭਾ ਅਤੇ ਰਾਜਾ ਦੇ ਵਿਚ ਅਵਿਸ਼ਵਾਸ ਅਤੇ ਸ਼ੱਕ ਦੀ ਖਾਈ ਵਧਦੀ ਜਾ ਰਹੀ ਸੀ। ਇੱਧਰ ਪੈਰਿਸ ਵਿਚ ਦੰਗਾਈ, ਸ਼ਰਾਰਤੀ ਅਤੇ ਬੇਕਾਰ ਲੋਕਾਂ ਦੀ ਭੀੜ ਵਧਦੀ ਜਾ ਰਹੀ ਸੀ। ਇਸ ਵਿਸਫੋਟਕ ਵਾਤਾਵਰਨ ਤੋਂ ਡਰੇ ਰਾਜਾ ਨੇ ਪੈਰਿਸ ਅਤੇ ਵਰਸਾਏ ਵਿਚ ਅਤੇ ਇਨ੍ਹਾਂ ਦੋਵਾਂ ਸ਼ਹਿਰਾਂ ਨੂੰ ਜੋੜਨ ਵਾਲੀ ਸੜਕ ’ਤੇ ਵੀਹ ਹਜ਼ਾਰ ਜਰਮਨ ਅਤੇ ਸਵਿਸ ਫੌਜੀ ਨਿਯੁਕਤ ਕਰ ਦਿੱਤੇ। ਰਾਜੇ ਦੇ ਇਸ ਕੰਮ ਨਾਲ ਰਾਸ਼ਟਰੀ ਸਭਾ (ਤੀਜੇ ਸਦਨ) ਦਾ ਸ਼ੱਕ ਹੋਰ ਵਧ ਗਿਆ ਅਤੇ ਅਫ਼ਵਾਹ ਫੈਲ ਗਈ ਕਿ ਰਾਜਾ ਮੈਂਬਰਾਂ ਨੂੰ ਬੰਦੀ ਬਣਾਉਣਾ ਚਾਹੁੰਦਾ ਹੈ। ਜਨਤਾ ਵਿਚ ਰਾਜੇ ਪ੍ਰਤੀ ਬਹੁਤ ਜ਼ਿਆਦਾ ਗੁੱਸਾ ਅਤੇ ਅਸੰਤੋਸ਼ ਸੀ। ਇਸੇ ਦੁਵੱਲੇ ਸ਼ੱਕ ਅਤੇ ਅਰਾਜਕਤਾ ਦੇ ਵਾਤਾਵਰਨ ਵਿਚ 9 ਜੁਲਾਈ, 1789 ਨੂੰ ਰਾਸ਼ਟਰੀ ਸਭਾ ਨੇ ਆਪਣਾ ਨਾਂਅ ਰਾਸ਼ਟਰੀ ਸੰਵਿਧਾਨ ਸਭਾ (National Constituent) ਰੱਖ ਲਿਆ ਅਤੇ ਸਮੁੱਚੇ ਦੇਸ਼ ਲਈ ਸੰਵਿਧਾਨ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਰਾਸ਼ਟਰੀ ਸਭਾ ਅਤੇ ਸੰਵਿਧਾਨ ਸਭਾ ਦੋਵੇਂ ਇੱਥ ਹੀ ਸਦਨ ਸਨ ਜਿਸਦਾ ਸੰਗਠਨ ਤੀਜੇ ਸਦਨ ਦੇ ਬਦਲੇ ਰੂਪ ਵਿਚ ਹੋਇਆ ਸੀ।

ਜਿਸ ਸਮੇਂ ਰਾਸ਼ਟਰੀ ਸਭਾ ਨੇ ਸੰਵਿਧਾਨ ਸਭਾ ਦੇ ਰੂਪ ਵਿਚ ਕੰਮ ਕਰਨਾ ਸ਼ੁਰੂ ਕੀਤਾ, ਉਸ ਸਮੇਂ ਪੈਰਿਸ ਅਤੇ ਵਰਸਾਏ ਦਾ ਵਾਤਾਵਰਨ ਅਤਿਅੰਤ ਉਤੇਜਨਪੂਰਨ ਸੀ। ਦੋਵਾਂ ਸ਼ਹਿਰਾਂ ਵਿਚ ਦੰਗਾਈ ਭੀੜ ਵਧ ਰਹੀ ਸੀ। ਇਸੇ ਦੌਰਾਨ 11 ਜੁਲਾਈ ਨੂੰ ਰਾਜੇ ਨੇ ਲੋਕਪ੍ਰਿਯ ਵਿੱਤ ਮੰਤਰੀ ਨੇਕਰ ਨੂੰ ਅਹੁਦੇ ਤੋਂ ਹਟਾ ਕੇ ਇੱਕ ਸਾਮੰਤ ਬ੍ਰੇਨਤੋਲ ਨੂੰ ਉਸਦੀ ਥਾਂ ’ਤੇ ਨਿਯੁਕਤ ਕਰ ਦਿੱਤਾ। ਇਸ ਤਰ੍ਹਾਂ ਇਸ ਸਮੇਂ ਅਸਥਿਰ ਅਤੇ ਅਨਿਸ਼ਚਿਤ ਲੂਈ ’ਤੇ ਸਾਮੰਤਾਂ ਅਤੇ ਰਾਜ ਪਰਿਵਾਰ ਦੇ ਮੈਂਬਰਾਂ ਦਾ ਦਬਾਅ ਵਧਦਾ ਜਾ ਰਿਹਾ ਸੀ ਜੋ ਰਾਸ਼ਟਰੀ ਸਭਾ ਦੇ ਕੱਟੜ ਦੁਸ਼ਮਣ ਸਨ।

(iii) **ਬਾਸਤਿਲ ਦਾ ਪਤਨ (**Fall of Bastille**) 14 ਜੁਲਾਈ, 1789:** ਫਰਾਂਸ ਦੀ ਰਾਜਧਾਨੀ ਵਰਸਾਏ ਅਤੇ ਉਸਦੇ ਨੇੜਲੇ ਪੈਰਿਸ ਵਿਚ ਬੇਕਾਰੀ, ਭੁੱਖਮਰੀ ਨਾਲ ਪੀੜਤ ਗੁੱਸਾਏ ਲੋਕਾਂ ਦੀ ਭੀੜ ਵਧਦੀ ਜਾ ਰਹੀ ਸੀ। ਇਸ ਵਿਸਫੋਟਕ ਵਾਤਾਵਰਨ ਵਿਚ ਨੇਤਾਵਾਂ ਦੇ ਭੜਕਾਊ ਭਾਸ਼ਣਾਂ ਨੇ ਸਥਿਤੀ ਨੂੰ ਹੋਰ ਵੀ ਭਿਆਨਕ ਬਣਾ ਦਿੱਤਾ। ਫੇਮਿਲੇ ਦੇਸਮੀਲਿਜ ਨਾਮੀ ਇੱਕ ਪੱਤਰਕਾਰ ਨੇ ਜਦੋਂ ਭੀੜ ਦੇ ਸਾਹਮਣੇ ਭਾਸ਼ਣ ਦਿੰਦਿਆਂ ਕਿਹਾ ਕਿ – “ਅਸੀਂ ਹੁਣ ਇੱਕ ਪਲ ਵੀ ਵਿਅਰਥ ਨਹੀਂ ਗੁਆਉਣਾ ਚਾਹੁੰਦੇ। ਇਸ ਤੋਂ ਪਹਿਲਾਂ ਕਿ ਜਰਮਨ ਫੌਜੀ ਸਾਡਾ ਨਿਹੱਥਿਆਂ ਦਾ ਕਤਲ ਕਰ ਦੇਣ, ਸਾਨੂੰ ਹਥਿਆਰ ਹਾਸਲ ਕਰਨਾ ਚਾਹੀਦਾ ਹੈ। ਸਾਨੂੰ ਚਾਹੀਦੇ ਹਥਿਆਰ..., ਹਥਿਆਰ ਅਤੇ ਸਿਰਫ਼ ਹਥਿਆਰ। ਹਥਿਆਰਾਂ ਦਾ ਸੰਗ੍ਰਹਿ ਵਾਸਤਿਲ ਵਿਚ ਹੈ।”

ਪੈਰਿਸ ਦੇ ਪੂਰਬ ਵਿਚ ਕੁਝ ਦੂਰੀ ’ਤੇ ਸੰਨ 1343 ਵਿਚ ਬਣਿਆ ਬਾਸਤਿਲ (Bastille) ਦਾ ਦੁਰਗ ਸੀ, ਜਿਸਦੀ ਵਰਤੋਂ ਇਸ ਸਮੇਂ ਰਾਜਦ੍ਰੋਹੀ ਫੌਜੀਆਂ ਦੀ ਜੇਲ੍ਹ ਦੇ ਰੂਪ ਵਿਚ ਹੋ ਰਹੀ ਸੀ। ਲੋਕਾਂ ਦੀ ਨਜ਼ਰ ਵਿਚ ਬਾਸਤਿਲ ਦਾ ਕਿਲ੍ਹਾ ਨਿਰੰਕੁਸ਼ ਰਾਜਸੱਤਾ ਦਾ ਪ੍ਰਤੀਕ ਸੀ। ਇਸ ਪ੍ਰਤੀ ਜਨਤਾ ਵਿਚ ਗੁੱਸਾ ਅਤੇ ਘਿਰਣਾ ਸੀ। 14 ਜੁਲਾਈ ਨੂੰ ਹਥਿਆਰਾਂ ਦੀ ਖੋਜ ਵਿਚ ਪੈਰਿਸ ਦੀ ਭੜਕੀ ਭੀੜ ਨੇ ਬਾਸਤਿਲ ਦੇ ਇਸ ਦੁਰਗ ’ਤੇ ਹਮਲਾ ਕਰ ਦਿੱਤਾ। ਇਸ ਸਮੇਂ ਇਸ ਕਿਲ੍ਹੇ ਵਿਚ ਬੰਦੂਕਾਂ ਅਤੇ ਗੋਲਾ–ਬਾਰੂਦ ਦਾ ਭੰਡਾਰ ਸੀ। ਗੁੱਸਾਈ ਅਤੇ ਭੜਕੀ ਭੀੜ ਨੇ ਕਿਲ੍ਹੇ ਦੇ ਗਵਰਨਰ ਦ ਲੋਨ (De Launey) ਦੀ ਹੱਤਿਆ ਕਰ ਦਿੱਤੀ ਅਤੇ ਕਿਲ੍ਹੇ ਵਿਚ ਬੰਦੀ ਰਾਜਨੀਤਿਕ ਕੈਦੀਆਂ ਨੂੰ ਅਜ਼ਾਦ ਕਰ ਦਿੱਤਾ ਗਿਆ।

14 ਜੁਲਾਈ, 1789 ਈ. ਨੂੰ ਬਾਸਤਿਲ ’ਤੇ ਜਨਤਾ ਦੀ ਜਿੱਤ ਦੀ ਘਟਨਾ ਦਾ ਫਰਾਂਸ ਦੀ ਕ੍ਰਾਂਤੀ ਦੇ ਇਤਿਹਾਸ ਵਿਚ ਬੜਾ ਮਹੱਤਵ ਹੈ। ਇਹ ਜਨਤਾ ਦੀ ਰਾਜਤੰਤਰ ’ਤੇ ਪਹਿਲੀ ਜਿੱਤ ਸੀ। ਬਾਸਤਿਲ ਰਾਜਤੰਤਰ ਦੀ ਨਿਰੰਕੁਸ਼ਤਾ ਦਾ ਪ੍ਰਤੀਕ ਸੀ। ਉਸਦੇ ਪਤਨ ਨਾਲ ਜਨਤਾ ਦੇ ਮਨ ’ਤੇ ਇਹ ਅਸਰ ਪਿਆ ਕਿ ਲੋਕਤੰਤਰ ਦੀ ਨਿਰੰਕੁਸ਼ਤਾ ’ਤੇ ਜਿੱਤ ਹੈ। ਸਾਰੇ ਦੇਸ਼ ’ਤੇ ਇਸ ਘਟਨਾ ਦਾ ਵਿਆਪਕ ਅਸਰ ਪਿਆ। ਇਸ ਘਟਨਾ ਤੋਂ ਬਾਅਦ ਸਾਰੇ ਫਰਾਂਸ ਵਿਚ ਕ੍ਰਾਂਤੀ ਨੇ ਹਿੰਸਕ ਰੂਪ ਧਾਰਨ ਕਰ ਲਿਆ ਅਤੇ ਹੋਰ ਨਗਰਾਂ, ਕਸਬਿਆਂ ਅਤੇ ਪੇਂਡੂ ਖੇਤਰਾਂ ਵਿਚ ਵੀ ਸਾਮੰਤਾਂ ਦੇ ਕਿਲ੍ਹੇ ਢਾਹ ਦਿੱਤੇ ਗਏ। ਇਸ ਨਾਲ ਸਾਮੰਤਸ਼ਾਹੀ ’ਤੇ ਆਧਾਰਿਤ ਸਾਮਾਜਿਕ ਵਿਵਸਥਾ ਦੀ ਨੀਂਹ ਹਿੱਲ ਗਈ। ਦੁਰਗਾਂ ਅਤੇ ਸਾਮੰਤਾਂ ਦੇ ਮਹਿਲਾਂ ’ਤੇ ਕ੍ਰਾਂਤੀ ਦਾ ਤਿਰੰਗਾ (ਲਾਲ, ਸਫੇਦ ਅਤੇ ਨੀਲਾ) ਝੰਡਾ ਲਹਿਰਾਉਣ ਲੱਗਾ। ਬੁਰਬੋ ਰਾਜਵੰਸ਼ ਦਾ ਪ੍ਰਤੀਕ ਸਫੇਦ ਝੰਡਾ ਹਟਾ ਦਿੱਤਾ ਗਿਆ।

(iv) **ਕਮਿਊਨ ਅਤੇ ਨੈਸ਼ਨਲ ਗਾਰਡ ਦਾ ਗਠਨ:** ਪੈਰਿਸ ਨਗਰ ਵਿਚ ਪੈਦਾ ਅਰਾਜਕਤਾ ਅਤੇ ਹਿੰਸਕ ਗਤੀਵਿਧੀਆਂ ਨੂੰ ਕੰਟਰੋਲ ਕਰਨ ਅਤੇ ਕ੍ਰਾਂਤੀ ਨੂੰ ਇੱਕ ਨਿਸ਼ਚਿਤ ਦਿਸ਼ਾ ਦੇਣ ਦੇ ਉਦੇਸ਼ ਨਾਲ ਹੀ ਇੱਕ ਨਾਗਰਿਕ ਸੈਨਾ ਅਰਥਾਤ ਨੈਸ਼ਨਲ ਗਾਰਡ (National Guard) ਦਾ ਗਠਨ ਕੀਤਾ ਗਿਆ। ਅਮਰੀਕੀ ਯੁੱਧਾਂ ਵਿਚ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਮਾਰਕਵਿਸ ਡੀ ਲਾਫਾਯੇਤ ਇਸ ਸੈਨਾ ਦਾ ਕਮਾਂਡਰ ਨਿਯੁਕਤ ਹੋਇਆ। ਪੈਰਿਸ ਦੀ ਵਿਵਸਥਾ ਲਈ ਖੁਦਮੁਖਤਿਆਰ ਸੰਸਥਾ ਕਮਿਊਨ (Commune) ਦੀ ਸਥਾਪਨਾ ਕੀਤੀ ਗਈ। ਦੇਸ਼ ਦੇ ਹੋਰ ਖੇਤਰਾਂ ਵਿਚ ਵੀ ਇਸੇ ਤਰ੍ਹਾਂ ਦੇ ਕਮਿਊਨ ਛੇਤੀ ਹੀ ਗਠਿਤ ਹੋ ਗਏ ਅਤੇ ਇਸ ਤਰ੍ਹਾਂ ਫਰਾਂਸ ਵਿਚ ਨਿਰੰਕੁਸ਼ਤਾ ਦੇ ਖਾਤਮੇ ਦੀ ਪ੍ਰਕਿਰਿਆ ਤੇਜ਼ ਗਤੀ ਨਾਲ ਅੱਗੇ ਵਧਣ ਲੱਗੀ। ਰਾਜਾ ਲੂਈ ਸੋਲ੍ਹਵੇਂ ਨੇ ਮਜ਼ਬੂਰ ਹੋ ਕੇ ਲਾਫਾਯੇਤ ਅਤੇ ਹੋਰ ਨੇਤਾਵਾਂ ਦੀਆਂ ਨਿਯੁਕਤੀਆਂ ਅਤੇ ਕ੍ਰਾਂਤੀਕਾਰੀਆਂ ਦੇ ਝੰਡੇ ਨੂੰ ਮਾਨਤਾ ਦੇ ਦਿੱਤੀ। ਜੇਕਰ ਰਾਜੇ 'ਤੇ ਰਾਣੀ ਅਤੇ ਸਾਮੰਤਾਂ ਦਾ ਦਬਾਅ ਇਸ ਘਟਨਾ ਤੋਂ ਬਾਅਦ ਨਾ ਪੈਂਦਾ ਅਤੇ ਉਹ ਅਕਲਮੰਦੀ ਅਤੇ ਦੂਰਦਰਸ਼ਿਤਾ ਤੋਂ ਕੰਮ ਲੈਂਦਾ ਤਾਂ ਇਸ ਬਿੰਦੂ 'ਤੇ ਰਾਜਤੰਤਰ ਦੀ ਰੱਖਿਆ ਹੋ ਸਕਦੀ ਸੀ, ਪਰ ਮਾੜੀ ਕਿਸਮਤ ਨੂੰ ਰਾਜਾ ਕਮਜ਼ੋਰ ਅਤੇ ਚੰਚਲ ਸੁਭਾਅ ਦਾ ਸੀ।

(v) **ਸਾਮੰਤਵਾਦੀ ਵਿਸ਼ੇਸ਼ ਅਧਿਕਾਰਾਂ ਦਾ ਅੰਤ (4 ਅਗਸਤ, 1789):** ਰਾਸ਼ਟਰੀ ਸਭਾ ਨੇ 4 ਅਗਸਤ ਦੇ ਆਪਣੇ ਮਹੱਤਵਪੂਰਨ ਸੰਮੇਲਨ ਵਿਚ 30 ਪ੍ਰਸਤਾਵ ਸਵੀਕਾਰ ਕੀਤੇ ਜਿਨ੍ਹਾਂ ਦੁਆਰਾ ਸਾਮੰਤਾਂ ਅਤੇ ਪਾਦਰੀਆਂ ਦੇ ਵਿਸ਼ੇਸ਼ ਅਧਿਕਾਰ ਸਮਾਪਤ ਕਰ ਦਿੱਤੇ ਗਏ। ਸਾਰੇ ਫਰਾਂਸੀਸੀ ਹੁਣ ਸਮਾਨ ਨਾਗਰਿਕ ਹੋ ਗਏ। ਸਾਮੰਤੀ ਅਤੇ ਚਰਚ ਦੇ ਟੈਕਸ ਵੀ ਸਮਾਪਤ ਐਲਾਨ ਕਰ ਦਿੱਤੇ ਗਏ। ਇਸ ਤਰ੍ਹਾਂ 4 ਅਗਸਤ ਨੂੰ ਸਾਮੰਤਵਾਦੀ ਫਰਾਂਸ ਦਾ ਅੰਤ ਅਤੇ ਲੋਕਤੰਤਰਿਕ ਫਰਾਂਸ ਦਾ ਉਦੈ ਹੋਇਆ।

(vi) **ਮਨੁੱਖ ਅਧਿਕਾਰਾਂ ਦਾ ਐਲਾਨ (27 ਅਗਸਤ, 1789 ਈ.):** ਰਾਸ਼ਟਰੀ ਸਭਾ 'ਤੇ ਇਸ ਸਮੇਂ ਸੁਤੰਤਰਤਾ ਅਤੇ ਸਮਾਨਤਾ ਦੇ ਸਿਧਾਂਤਾਂ ਦਾ ਵਿਆਪਕ ਅਸਰ ਸੀ। ਸਭਾ ਦੇ ਸਾਰੇ ਮੈਂਬਰ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦਾ ਖੁੱਲ੍ਹ ਕੇ ਸਮੱਰਥਨ ਕਰ ਰਹੇ ਸਨ। ਇਸੇ ਵਾਤਾਵਰਨ ਵਿਚ 27 ਅਗਸਤ ਨੂੰ ਮਨੁੱਖੀ ਅਧਿਕਾਰਾਂ ਦੇ ਐਲਾਨ ਦਾ ਇਹ ਪ੍ਰਸਿੱਧ ਪ੍ਰਸਤਾਵ ਪਾਸ ਕੀਤਾ ਕਿ ਸਾਰੇ ਮਨੁੱਖ ਸਮਾਨ ਅਤੇ ਸੁਤੰਤਰ ਹਨ, ਇਸ ਲਈ ਸਾਰਿਆਂ ਨੂੰ ਆਪਣੇ ਵਿਕਾਸ ਦੇ ਪ੍ਰਕਾਰ ਮੌਕਾ ਪ੍ਰਾਪਤ ਹੋਣਾ ਚਾਹੀਦਾ ਹੈ। ਇਸ ਸੂਚਨਾ ਨਾਲ ਫਰਾਂਸ ਦੇ ਸਾਰੇ ਨਾਗਰਿਕਾਂ ਨੂੰ ਸਵੰਤਰਤਾ, ਸਮਾਨਤਾ, ਜਾਇਦਾਦ ਰੱਖਣ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ। ਇਸ ਤੋਂ ਇਲਾਵਾ ਇਸ ਪ੍ਰਸਤਾਵ ਵਿਚ ਇਹ ਵੀ ਵਿਵਸਥਾ ਦਿੱਤੀ ਗਈ ਕਿ ਕਾਨੂੰਨ ਸਾਰਿਆਂ ਲਈ ਇੱਕੋ ਜਿਹੇ ਹੋਣਗੇ ਅਤੇ ਕਾਨੂੰਨੀ ਕਾਰਵਾਈ ਤੋਂ ਬਿਨਾ ਕਿਸੇ ਵੀ ਮਨੁੱਖ ਨੂੰ ਬੰਦੀ ਜਾਂ ਸਜ਼ਾ ਨਹੀਂ ਦਿੱਤੀ ਜਾਵੇਗੀ। ਧਰਮ ਜਾਂ ਵਿਚਾਰ ਦੀ ਭਿੰਨਤਾ ਦੇ ਆਧਾਰ 'ਤੇ ਕਿਸੇ ਵੀ ਵਿਅਕਤੀ ਨੂੰ ਪਰੇਸ਼ਾਨ ਨਹੀਂ ਕੀਤਾ ਜਾ ਸਕਦਾ।

ਇਹ ਐਲਾਨਨਾਮਾ ਨਾ ਸਿਰਫ਼ ਫਰਾਂਸ ਸਗੋਂ ਸਮੁੱਚੀ ਮਨੁੱਖ ਜਾਤੀ ਦੇ ਇਤਿਹਾਸ ਵਿਚ ਮਹੱਤਵਪੂਰਨ ਹੈ। ਇਸ ਐਲਾਨ ਨਾਲ ਵਿਸ਼ੇਸ਼ ਅਧਿਕਾਰਾਂ ਨਾਲ ਯੁਕਤ ਸਾਮੰਤਵਾਦੀ ਪੁਰਾਤਨ ਵਿਵਸਥਾ ਨੂੰ ਸਮਾਪਤ ਕਰ ਦਿੱਤਾ ਗਿਆ। ਇਹ ਪੁਰਾਤਨ ਵਿਵਸਥਾ 'ਤੇ ਇੱਕ ਅਜਿਹਾ ਘਾਤਕ ਵਾਰ ਸੀ ਜਿਸ ਨਾਲ ਆਖ਼ਰ ਉਸਦੀ ਹੋਂਦ ਹੀ ਸਮਾਪਤ ਹੋ ਗਈ। ਸਮਾਂ ਬੀਤਣ ਦੇ ਨਾਲ ਫਰਾਂਸ ਦੀ ਰਾਸ਼ਟਰੀ ਸਭਾ ਦਾ ਇਹ ਛੋਟਾ ਜਿਹਾ ਐਲਾਨਨਾਮਾ ਵਿਸ਼ਵ ਦੇ ਮਹਾਨ ਗ੍ਰੰਥਾਵਲੀ ਦੀ ਇੱਕ ਅਣਮੁੱਲ ਨਿਧੀ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ।

(vii) **ਸੰਨ 1791 ਦਾ ਸੰਵਿਧਾਨ ਅਤੇ ਫਰਾਂਸ ਵਿਚ ਸੰਵਿਧਾਨਿਕ ਰਾਜਤੰਤਰ:** ਰਾਸ਼ਟਰੀ ਸਭਾ ਦਾ ਇੱਕ ਮੁੱਖ ਕੰਮ ਫਰਾਂਸ ਵਿਚ ਕਾਨੂੰਨੀ ਰਾਜਤੰਤਰ ਦੀ ਸਥਾਪਨਾ ਲਈ ਨਵਾਂ ਸੰਵਿਧਾਨ ਤਿਆਰ ਕਰਨਾ ਸੀ। ਰਾਜਾ ਲੂਈ ਸੋਲ੍ਹਵੇਂ ਦੀ ਗਤੀਵਿਧੀ ਇਸ ਸਮੇਂ ਵੀ ਸ਼ੱਕੀ ਸੀ। ਜਦੋਂਕਿ ਉਸਨੇ ਨਵੇਂ ਸੰਵਿਧਾਨ ਨੂੰ ਸਵੀਕਾਰ ਕੀਤਾ ਪਰ ਅੰਦਰ ਹੀ ਅੰਦਰ ਉਹ ਗੁਪਤ ਰੂਪ ਨਾਲ ਕ੍ਰਾਂਤੀ ਦੇ ਨਤੀਜਿਆਂ ਨੂੰ ਸਮਾਪਤ ਕਰਨ ਲਈ ਸਾਜਿਸ਼ ਵੀ ਕਰ ਰਿਹਾ ਸੀ। ਇੱਧਰ ਦੂਜੇ ਪਾਸੇ ਫਰਾਂਸ ਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਵਿਦ੍ਰੋਹਾਤਮਕ ਅਰਾਜਕਤਾ ਚੱਲ ਰਹੀ ਸੀ। ਇਸ ਬੇਯਕੀਨ ਅਤੇ ਅਸਥਿਰ ਸਥਿਤੀ ਵਿਚ ਰਾਸ਼ਟਰੀ ਸਭਾ ਨੇ ਸੰਨ 1791 ਦਾ ਨਵਾਂ ਸੰਵਿਧਾਨ ਤਿਆਰ ਕਰ ਲਿਆ ਅਤੇ ਰਾਜਾ ਤੋਂ ਇਸ ਦੀ ਮਨਜ਼ੂਰੀ ਹਾਸਲ ਕਰ ਲਈ।

ਸੰਵਿਧਾਨਿਕ ਰਾਜਤੰਤਰ ਦੇ ਮੂਲ ਸਿਧਾਂਤ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੰਨ 1791 ਦਾ ਸੰਵਿਧਾਨ ਸਿਰਫ਼ ਫਰਾਂਸ ਦਾ ਹੀ ਨਹੀਂ ਸਗੋਂ ਪੂਰੇ ਯੂਰਪ ਦਾ ਪਹਿਲਾ ਲਿਖਤੀ ਸੰਵਿਧਾਨ ਸੀ। ਇਸ ਵਿਚ ਸ਼ਕਤੀ ਵਖਰੇਵੇਂ ਦੇ ਸਿਧਾਂਤ ਦੇ ਆਧਾਰ 'ਤੇ ਕਾਰਜਪਾਲਿਕਾ, ਵਿਧਾਇਕਮੰਡਲ ਅਤੇ ਨਿਆਂ ਵਿਵਸਥਾ ਨੂੰ ਇੱਕੋ-ਦੂਜੇ ਤੋਂ ਸੁਤੰਤਰ ਅਤੇ ਵੱਖ ਰੱਖਿਆ ਗਿਆ। ਰਾਜੇ ਦੇ ਅਧਿਕਾਰ ਅਤੇ ਸ਼ਕਤੀ ਨੂੰ ਸੀਮਿਤ ਕਰ ਦਿੱਤਾ ਗਿਆ। ਕਾਨੂੰਨ ਬਣਾਉਣ ਲਈ 745 ਚੁਣੇ ਮੈਂਬਰਾਂ ਨੂੰ ਵਿਧਾਨ ਸਭਾ ਦੇ ਗਠਨ ਦੀ ਵਿਵਸਥਾ ਇਸ ਸੰਵਿਧਾਨ ਵਿਚ ਰੱਖੀ ਗਈ। ਇਸ ਤਰ੍ਹਾਂ ਸ਼ਾਸਨ ਵਿਵਸਥਾ ਵਿਚ ਪਹਿਲੀ ਵਾਰ ਜਨਤਾ ਦੀ ਹਿੱਸੇਦਾਰੀ ਨਿਸ਼ਚਿਤ ਕੀਤੀ ਗਈ।

ਫਰਾਂਸ ਲਈ ਨਵੇਂ ਸੰਵਿਧਾਨ ਦਾ ਨਿਰਮਾਣ ਅਤੇ ਉਸ 'ਤੇ ਰਾਜਾ ਦੀ ਮਨਜ਼ੂਰੀ ਹਾਸਲ ਕਰਨ ਦੇ ਨਾਲ ਹੀ ਰਾਸ਼ਟਰੀ ਸਭਾ ਦਾ ਕੰਮ ਸਮਾਪਤ ਹੋ ਗਿਆ। 30 ਸਤੰਬਰ, 1791 ਈ. ਨੂੰ ਰਾਸ਼ਟਰੀ ਸਭਾ ਅਤੇ ਉਸ ਵਿਚ ਨਿਹਿਤ ਸੰਵਿਧਾਨ ਸਭਾ ਭੰਗ ਹੋ ਗਈ ਅਤੇ ਫਰਾਂਸ ਵਿਚ ਨਵੀਂ ਚੁਣੀ ਵਿਵਸਥਾਪਿਕਾ ਦਾ ਸ਼ਾਸਨ ਸ਼ੁਰੂ ਹੋਇਆ। ਫਰਾਂਸ ਦੀ ਸੂਬਾ ਕ੍ਰਾਂਤੀ ਨੂੰ ਅੱਗੇ ਕਰਨ ਅਤੇ ਫਰਾਂਸ ਵਿਚ ਰਾਜਤੰਤਰ ਦੀ ਨਿਰੰਕੁਸ਼ਤਾ ਨੂੰ ਸਮਾਪਤ ਕਰਨ ਦੀ ਨਜ਼ਰ ਨਾਲ ਰਾਸ਼ਟਰੀ ਸਭਾ ਦਾ ਯੋਗਦਾਨ ਮਹੱਤਵਪੂਰਨ ਸੀ।

ਨੋਟ

(viii) **ਚਰਚ ਦੀ ਨਵੀਂ ਵਿਵਸਥਾ–ਪਾਦਰੀਆਂ ਲਈ ਨਵਾਂ ਸੰਵਿਧਾਨ :** ਕ੍ਰਾਂਤੀਕਾਰੀਆਂ ਵੱਲੋਂ ਚਰਚ ਦੇ ਅਧਿਕਾਰਾਂ ਦੀ ਸਮਾਪਤੀ ਅਤੇ ਉਸਦੀ ਸੰਪੱਤੀ ਨੂੰ ਜ਼ਬਤ ਕਰ ਲੈਣ ਨਾਲ ਅਨੇਕਾਂ ਪਾਦਰੀਆਂ ਦੇ ਜੀਵਨ ਨਿਰਵਾਹ ਅਤੇ ਗਿਰਜਾਘਰਾਂ ਦੇ ਰੱਖ-ਰਖਾਓ ਦੀ ਸਮੱਸਿਆ ਪੈਦਾ ਹੋ ਗਈ। ਇਸਦੇ ਹੱਲ ਲਈ ਚਰਚ ਦਾ ਮੁੜਗਠਨ ਕੀਤਾ ਗਿਆ ਅਤੇ ਪਾਦਰੀਆਂ ਦੇ ਲਈ ਸਿਵਲ ਸੰਵਿਧਾਨ (Civil Constitution of the Clergy) ਬਣਾਇਆ ਗਿਆ। ਹਰੇਕ ਸੂਬੇ ਨੂੰ ਇੱਕ ਬਿਸ਼ਪ (Bhishop) ਦਾ ਕਾਰਜ ਖੇਤਰ ਬਣਾਇਆ ਗਿਆ। ਉਸਦੇ ਅਧੀਨ ਵੱਖ-ਵੱਖ ਕੇਂਦਰਾਂ 'ਤੇ ਪਾਦਰੀਆਂ ਦੀ ਨਿਯੁਕਤੀ ਕੀਤੀ ਗਈ। ਨਿਯੁਕਤੀ ਤੋਂ ਬਾਅਦ ਬਿਸ਼ਪਾਂ ਅਤੇ ਉਨ੍ਹਾਂ ਅਧੀਨ ਪਾਦਰੀਆਂ ਨੂੰ ਦੇਸ਼, ਕਾਨੂੰਨ ਅਤੇ ਸੂਬੇ ਪ੍ਰਤੀ ਵਫ਼ਾਦਾਰ ਹੋਣ ਦੀ ਸਹੁੰ ਚੁੱਕਣੀ ਪਈ ਸੀ। ਪਾਦਰੀਆਂ ਅਤੇ ਬਿਸ਼ਪਾਂ ਦੀ ਤਨਖ਼ਾਹ ਤੈਅ ਕਰਕੇ ਉਨ੍ਹਾਂ ਨੂੰ ਸੂਬੇ ਵੱਲੋਂ ਤਨਖ਼ਾਹ ਦਿੱਤੀ ਜਾਣ ਲੱਗੀ। ਸੰਖੇਪ ਵਿਚ, ਪਾਦਰੀਆਂ ਅਤੇ ਚਰਚ 'ਤੇ ਹੁਣ ਸਰਕਾਰੀ ਕੰਟਰੋਲ ਸਥਾਪਤ ਹੋ ਗਿਆ।

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ** (Multiple Choice Quistions) :

4. ......... ਵਿਚ ਰਾਜਾ ਨੂੰ ਮਜ਼ਬੂਰ ਹੋ ਕੇ ਪਾਰਲਮਾਂ ਦੀ ਮੱਦਦ ਲੈਣੀ ਪਈ।
   (ੳ) 1689 ਈ. (ਅ) 1789 ਈ.
   (ੲ) 1889 ਈ. (ਸ) 1989 ਈ.
5. .......... ਦੇ ਲੇਖਕਾਂ ਅਤੇ ਦਾਰਸ਼ਨਿਕਾਂ ਵਿਚ ਵਾਲਤੇਅਰ ਸਭ ਤੋਂ ਜ਼ਿਆਦਾ ਮਾਹਿਰ ਲੇਖਕ ਸੀ।
   (ੳ) ਅਠਾਰਵੀਂ ਸਦੀ (ਅ) ਸੋਲ੍ਹਵੀਂ ਸਦੀ
   (ੲ) ਪੰਦਰ੍ਹਵੀਂ ਸਦੀ (ਸ) ਸਤਾਰਵੀਂ ਸਦੀ
6. ਨੈਪੋਲੀਅਨ ਕਿਹਾ ਕਰਦਾ ਸੀ ਕਿ ਜੇਕਰ........ ਨਾ ਹੁੰਦਾ ਤਾਂ ਫਰਾਂਸ ਵਿਚ ਸੂਬਾ ਕ੍ਰਾਂਤੀ ਦਾ ਹੋਣਾ ਅਸੰਭਵ ਸੀ।
   (ੳ) ਵਾਲਤੇਅਰ (ਅ) ਦਿਦਰੋ
   (ੲ) ਰੂਸੋ (ਸ) ਮਾਨਤੇਸਕਿਊ

2. **ਫਰਾਂਸ ਵਿਚ ਵਿਵਸਥਾਪਕਾ ਸਭਾ** (Legislative Assembly) **ਦਾ ਸ਼ਾਸਨ (1 ਅਕਤੂਬਰ, 1791 ਤੋਂ 20 ਸਤੰਬਰ, 1792 ਈ.):** ਲਗਭਗ ਇੱਕ ਸਾਲ ਦਾ ਵਿਵਸਥਾਪਕਾ ਦਾ ਸ਼ਾਸਨ ਸਿਰਫ਼ ਕੰਮ ਚਲਾਊ ਸ਼ਾਸਨਕਾਲ ਸੀ। ਇਸ ਸਮੇਂ ਕ੍ਰਾਂਤੀ ਅਤਿਅੰਤ ਸੰਕਟਮਈ ਸਥਿਤੀ 'ਚੋਂ ਗੁਜ਼ਰ ਰਹੀ ਸੀ। ਫਰਾਂਸ ਦੇ ਵੱਖ-ਵੱਖ ਰਾਜਨੀਤਿਕ ਪਾਰਟੀਆਂ 'ਚ ਗੰਭੀਰ ਮੱਤਭੇਦ ਪੈਦਾ ਹੋ ਗਏ ਸਨ। ਅਤੇ ਕ੍ਰਾਂਤੀ ਦੇ ਡਰਨ ਦੇ ਕਾਰਨ ਅਨੇਕਾਂ ਹੀ ਉੱਚ ਪਾਦਰੀ, ਕੁਲੀਨ ਅਤੇ ਸਾਮੰਤ ਫਰਾਂਸ ਛੱਡ ਕੇ ਜਰਮਨੀ ਜਾ ਆਸਟਰੀਆ ਚਲੇ ਗਏ ਸਨ। ਉਨ੍ਹਾਂ ਉੱਥੋਂ ਦੇ ਲੋਕਾਂ ਅਤੇ ਰਾਜਿਆਂ ਨੂੰ ਕ੍ਰਾਂਤੀਕਾਰੀਆਂ ਦੇ ਖਿਲਾਫ਼ ਭੜਕਾਇਆ। ਆਸਟ੍ਰੀਆ ਦੇ ਰਾਜਵੰਸ਼ ਨਾਲ ਫਰਾਂਸ ਦੇ ਵਿਵਾਹਿਕ ਸੰਬੰਧ ਸਨ। ਫਰਾਂਸ ਦੀ ਰਾਣੀ ਮੈਰੀ ਆਂਤਵਾਨੇਤ ਆਸਟ੍ਰੀਆ ਦੇ ਸਮਰਾਟ ਜੋਸੇਫ਼ ਦੂਜੇ ਦੀ ਭੈਣ ਸੀ। ਇਸ ਲਈ ਆਸਟ੍ਰੀਆ ਦਾ ਰਾਜਵੰਸ਼ ਫਰਾਂਸ ਦੇ ਰਾਜ ਪਰਿਵਾਰ ਦਾ ਅਪਮਾਨ ਅਤੇ ਬਰਬਾਦੀ ਸਹਿਨ ਨਹੀਂ ਕਰ ਸਕਦਾ ਸੀ। ਲੂਈ ਸੋਲ੍ਹਵਾਂ ਵੀ ਆਸਟ੍ਰੀਆ ਦੇ ਸ਼ਾਸਕ ਤੋਂ ਆਪਣੀ ਸੁਰੱਖਿਆ ਅਤੇ ਸਹਾਇਤਾ ਲਈ ਗੁਪਤ ਪੱਤਰ ਵਿਵਹਾਰ ਕਰ ਰਿਹਾ ਸੀ। ਇਯ ਨਾਲ ਜਿੱਥੇ ਇੱਕ ਪਾਸੇ ਜਨਤਾ, ਰਾਜੇ ਦੀ ਘੋਰ ਵਿਰੋਧੀ ਹੋ ਗਈ ਉੱਥੇ ਦੂਜੇ ਪਾਸੇ ਫਰਾਂਸ 'ਤੇ ਦੂਜੇ ਸੂਬਿਆਂ ਦੇ ਹਮਲੇ ਸ਼ੁਰੂ ਹੋ ਗਏ ਜਿਨ੍ਹਾਂ ਵਿਚ ਸ਼ੁਰੂ ਵਿਚ ਫਰਾਂਸ ਦੀ ਹਾਰ ਹੋਈ।

   ਫਰਾਂਸ ਦੀਆਂ ਦੋ ਰਾਜਨੀਤਿਕ ਪਾਰਟੀਆਂ ਜੇਕੋਬਿਨਸ (Jacobins) ਅਤੇ ਜਿਰੋਂਦਿਸਤ (Girondists) ਵਿਚ ਗੰਭੀਰ ਮੱਤਭੇਦ ਸਨ। ਜੇਕੋਬਿਨ ਉਗਰਵਾਦੀ ਅਤੇ ਕੱਟੜ ਗਣਤੰਤਰਵਾਦੀ ਸਨ ਜਦੋਂ ਕਿ ਜਿਰੋਂਦਿਸਤ ਪਾਰਟੀ ਸੰਵਿਧਾਨਕ ਰਾਜਤੰਤਰ ਦੀ ਸਥਾਪਨਾ ਚਾਹੁੰਦੀ ਸੀ। ਦੋਵਾਂ ਪਾਰਟੀਆਂ ਵਿਚ ਮੱਤਭੇਦ ਕਾਰਨ ਫਰਾਂਸ ਦੀ ਸ਼ਾਸਨ ਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਗਈ। ਬੇਕਾਰੀ, ਅਨਾਜ ਦੀ ਕਮੀ ਅਤੇ ਮਹਿੰਗਾਈ ਕਾਰਨ ਆਮ ਜਨਤਾ ਦੁਖੀ ਸੀ। ਇਸ ਅਰਾਜਕਤਾਪੂਰਨ ਸਥਿਤੀ ਲਈ ਆਮ ਨਾਗਰਿਕ ਰਾਜੇ ਨੂੰ ਜ਼ਿੰਮੇਵਾਰ ਮੰਨਦੇ ਸਨ। ਰਾਜੇ ਦੀ ਸੁਰੱਖਿਆ ਵੀ ਖ਼ਤਰੇ ਵਿਚ ਸੀ। ਲੂਈ ਸੋਲ੍ਹਵੇਂ ਨੇ ਆਪਣੇ ਪਰਿਵਾਰ ਦੇ ਨਾਲ ਫਰਾਂਸ ਤੋਂ ਪਲਾਇਨ ਕਰਕੇ ਆਸਟ੍ਰੀਆ ਵਿਚ ਪਨਾਹ ਲੈਣ ਦਾ ਯਤਨ ਕੀਤਾ ਪਰ ਰਸਤੇ ਵਿਚ ਫੜਿਆ ਗਿਆ। 25 ਜੂਨ, 1971 ਨੂੰ ਰਾਜੇ ਨੂੰ ਬੰਦੀ ਬਣਾ ਕੇ ਤੁਈਲਰੀ ਦੇ ਰਾਜ ਮਹਿਲ ਵਿਚ ਰੱਖਿਆ ਗਿਆ। ਇਸ ਘਟਨਾ ਨਾਲ ਲੋਕਾਂ ਦਾ ਵਿਸ਼ਵਾਸ ਰਾਜੇ ਅਤੇ ਰਾਜਤੰਤਰੀ ਸ਼ਾਸਨ ਪ੍ਰਣਾਲੀ ਤੋਂ ਬਿਲਕੁਲ ਸਮਾਪਤ ਹੋ ਗਿਆ। ਗਣਤੰਤਰਵਾਦੀਆਂ ਦੀ ਸ਼ਕਤੀ ਵਿਚ ਵਾਧਾ ਹੋਇਆ। ਪੈਰਿਸ ਦੇ ਕਮਿਊਨ ਸ਼ਾਸਨ ਕੇ ਸੈਨਿਕਾਂ ਨੇ ਗਣਤੰਤਰ ਵਿਰੋਧੀ ਦੇਸ਼ ਦੇ ਅੰਦਰੂਨੀ ਦੁਸ਼ਮਣਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਇਸੇ ਕ੍ਰਮ ਵਿਚ 2 ਤੋਂ 6 ਸਤੰਬਰ, 1972 ਦੀ ਮਿਆਦ ਵਿਚ ਸੈਂਕੜੇ ਪਾਦਰੀਆਂ, ਕੁਲੀਨਾਂ ਅਤੇ ਰਾਜਤੰਤਰਵਾਦੀਆਂ ਨੂੰ ਨਿਰਦਈਪੁਣੇ ਨਾਲ ਮਾਰ ਦਿੱਤਾ ਗਿਆ। ਇਸ ਘਟਨਾ ਨੂੰ ਸਤੰਬਰ ਦਾ ਕਤਲੇਆਮ ਕਹਿੰਦੇ ਹਨ। ਦੂਜੇ ਪਾਸੇ ਫਰਾਂਸ 'ਤੇ ਵਿਦੇਸ਼ੀ ਹਮਲਿਆਂ ਦਾ ਕ੍ਰਮ ਸ਼ੁਰੂ ਹੋ ਗਿਆ। ਇਸ ਤਰ੍ਹਾਂ ਵਿਵਸਥਾਪਿਕਾ ਦਾ ਇੱਕ ਸਾਲ ਦਾ ਸ਼ਾਸਨਕਾਲ ਅੰਦਰੂਨੀ ਅਤੇ ਬਾਹਰੀ ਸੰਕਟਾਂ ਨਾਲ ਪੂਰੀ ਤਰ੍ਹਾਂ ਗ੍ਰਸਤ ਸੀ। ਸੰਨ 1792

**ਨੋਟ**

ਵਿਚ ਵਿਧਾਨ ਸਭਾ ਲਈ ਨਵੀਆਂ ਚੋਣਾਂ ਹੋਈਆਂ। ਜੋ ਨਵੀਂ ਵਿਧਾਨ ਸਭਾ ਬਣੀ ਉਸਦਾ ਨਾਂਅ ਨੈਸ਼ਨਲ ਕਨਵੈਨਸ਼ਨ ਰੱਖਿਆ ਗਿਆ।

3. **ਨੈਸ਼ਨਲ ਕਨਵੈਨਸ਼ਨ ਜਾਂ ਰਾਸ਼ਟਰੀ ਸੰਮੇਲਨ** (National Convention) **(ਸਤੰਬਰ 1792 ਤੋਂ ਅਕਤੂਬਰ, 1795):** ਫਰਾਂਸੀਸੀ ਕ੍ਰਾਂਤੀ ਦੀਆਂ ਘਟਨਾਵਾਂ ਦੇ ਇੱਕ ਦਹਾਕੇ ਵਿਚ ਨੈਸ਼ਨਲ ਕਨਵੈਨਸ਼ਨ ਦਾ ਸ਼ਾਸਨ ਸਭ ਤੋਂ ਜ਼ਿਆਦਾ ਹਿੰਸਕ ਅਤੇ ਬਦਲਾਅਕਾਰੀ ਰਿਹਾ। ਫਰਾਂਸ ਅਤੇ ਸਮੁੱਚੇ ਯੂਰਪ ਦੇ ਇਤਿਹਾਸ ਵਿਚ ਨੈਸ਼ਨਲ ਕਨਵੈਨਸ਼ਨ ਤੋਂ ਜ਼ਿਆਦਾ ਸਖ਼ਤ ਸ਼ਾਸਨ ਕਿਸੇ ਵੀ ਸ਼ਾਸਨ-ਸੰਸਥਾ ਨੇ ਨਹੀਂ ਕੀਤਾ। ਇੱਥੇ ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਕਨਵੈਨਸ਼ਨ ਸ਼ਾਸਨ ਦੇ ਸੂਤਰਧਾਰਾਂ ਨੂੰ ਐਨਾ ਸਖ਼ਤ ਅਤੇ ਨਿਰਦਈ ਕਿਉਂ ਹੋਣਾ ਪਿਆ ? ਇਸ ਸਵਾਲ ਦਾ ਜ਼ਵਾਬ ਇਹ ਹੈ ਕਿ ਸਤੰਬਰ 1792 ਵਿਚ ਜਦੋਂ ਕਨਵੈਸ਼ਨ ਨੇ ਸ਼ਾਸਨ ਸੰਭਾਲਿਆ, ਉਸ ਸਮੇਂ ਫਰਾਂਸ ਘੋਰ ਸੰਕਟਮਈ ਸਥਿਤੀ ਵਿਚ ਸੀ। ਅੰਦਰੂਨੀ ਦੁਸ਼ਮਣ ਅਰਥਾਤ ਦੇਸ਼ਧ੍ਰੋਹੀ ਕੁਲੀਨ, ਸਾਮੰਤ ਅਤੇ ਉੱਚ ਵਰਗ ਦੇ ਪਾਦਰੀ ਵਿਦੇਸ਼ੀ ਦੁਸ਼ਮਣਾਂ ਨਾਲ ਮਿਲੇ ਹੋਏ ਸਨ। ਦੂਜੇ ਪਾਸੇ ਫਰਾਂਸ 'ਤੇ ਅਨੇਕਾਂ ਦਿਸ਼ਾਵਾਂ ਤੋਂ ਵਿਦੇਸ਼ੀ ਹਮਲੇ ਹੋ ਰਹੇ ਸਨ। ਆਸਟ੍ਰੀਆ ਅਤੇ ਪਰਸ਼ੀਆ ਤੋਂ ਇਲਾਵਾ ਇੰਗਲੈਂਡ ਅਤੇ ਹੋਰ ਯੂਰਪੀ ਦੇਸ਼ਾਂ ਵੱਲੋਂ ਫਰਾਂਸ 'ਤੇ ਹਮਲੇ ਹੋ ਰਹੇ ਸਨ। ਇੱਕ ਤਰ੍ਹਾਂ ਨਾਲ ਸਮੁੱਚੇ ਯੂਰਪ ਦੇ ਰਾਜੇ ਫਰਾਂਸ ਵਿਚ ਰਾਜਤੰਤਰ ਦੀ ਰੱਖਿਆ ਲਈ ਸਰਗਰਮ ਹੋ ਚੁੱਕੇ ਸਨ। ਅਜਿਹੀ ਸਥਿਤੀ ਵਿਚ ਕਨਵੈਨਸ਼ਨ ਦੇ ਸੰਚਾਲਕਾਂ ਦੇ ਸਾਹਮਣੇ ਦੇਸ਼ ਦੇ ਅੰਦਰੂਨੀ ਦੁਸ਼ਮਣਾਂ ਅਤੇ ਵਿਦਸ਼ੀ ਹਮਲਿਆਂ ਨਾਲ ਨਜਿੱਠਣ ਦਾ ਸਹੀ ਰਸਤਾ ਇਹੀ ਸੀ ਕਿ ਸਖ਼ਤਾਈ ਨਾਲ ਅੰਦਰੂਨੀ ਦੇਸ਼ਧ੍ਰੋਹੀਆਂ ਦਾ ਦਮਨ ਕੀਤਾ ਜਾਵੇ ਅਤੇ ਸਮੁੱਚਾ ਰਾਸ਼ਟਰ ਇੱਕਜੁੱਟ ਹੋ ਕੇ ਵਿਦੇਸ਼ੀ ਹਮਲਿਆਂ ਦਾ ਸਾਹਮਣਾ ਕਰੇ। ਨੈਸ਼ਨਲ ਕਨਵੈਨਸ਼ਨ ਦੀ ਅੰਦਰੂਨੀ ਅਤੇ ਵਿਦੇਸ਼ੀ ਨੀਤੀ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ-

(i) **ਨੈਸ਼ਨਲ ਕਨਵੈਨਸ਼ਨ ਦੀ ਗ੍ਰਹਿ ਨੀਤੀ:** ਕਨਵੈਨਸ਼ਨ ਨੇ ਦੇਸ਼ ਵਿਚ ਪੈਦਾ ਅਰਾਜਕਤਾ, ਅਸ਼ਾਂਤੀ ਅਤੇ ਵਿਦ੍ਰੋਹੀਆਂ ਦੀ ਸਮਾਪਤੀ ਲਈ ਇੱਕ ਮਜ਼ਬੂਤ ਕੇਂਦਰੀ ਸਰਕਾਰ ਦੀ ਸਥਾਪਨਾ ਕੀਤੀ। ਸਮੁੱਚੇ ਪ੍ਰਸ਼ਾਸਨ ਦੇ ਸਫ਼ਲ ਸੰਚਾਲਨ ਲਈ ਇੱਕ ਜਨ ਸੁਰੱਖਿਆ ਕਮੇਟੀ (Committee of Public Safety) ਸਥਾਪਤ ਕੀਤੀ ਗਈ। ਇਸਦੇ ਉਗਰਵਾਦੀ ਮੈਂਬਰਾਂ ਨੇ ਖ਼ੂਨ ਅਤੇ ਲੋਹ ਨੀਤੀ ਦਾ ਅਨੁਸਰਨ ਕੀਤਾ। ਕ੍ਰਾਂਤੀਕਾਰੀ ਅਦਾਲਤਾਂ ਨੇ ਸ਼ੱਕੀ ਵਿਅਕਤੀਆਂ 'ਤੇ ਮੁਕੱਦਮੇ ਦੀ ਸੰਖੇਪ ਕਾਰਵਾਈ ਕਰਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ। ਹਜ਼ਾਰਾਂ ਕ੍ਰਾਂਤੀ-ਵਿਰੋਧੀਆਂ, ਵਿਦ੍ਰੋਹੀਆਂ ਅਤੇ ਸ਼ੱਕੀ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮੌਤ ਦੇਣ ਦਾ ਇਹ ਤਰੀਕਾ ਵੀ ਅਤਿਅੰਤ ਦਰਦਨਾਕ ਸੀ। ਖੁੱਲ੍ਹੀ ਸੜਕ 'ਤੇ, ਮਨੁੱਖ ਦੀ ਧੌਣ ਧੜ ਨਾਲੋਂ ਅਲੱਗ ਕਰ ਦੇਣ ਵਾਲਾ ਇੱਕ ਯੰਤਰ ਗਿਲੋਟੀਨ, ਗੱਡੀ 'ਤੇ ਰੱਖ ਕੇ ਲਿਆਇਆ ਜਾਂਦਾ ਅਤੇ ਉਸ ਨਾਲ ਸਜ਼ਾਯਾਫ਼ਤਾ ਵਿਅਕਤੀ ਦੀ ਧੌਣ ਵੱਢ ਦਿੱਤੀ ਜਾਂਦੀ ਸੀ। ਕਨਵੈਨਸ਼ਨ ਦੇ ਸ਼ਾਸਨ ਵਿਚ ਜਦੋਂ ਰਾਜਸੱਤਾ ਜੇਕੋਬੀਅਨ ਪਾਰਟੀ ਦੇ ਹੱਥ ਵਿਚ ਆਈ ਤਾਂ ਦੇਸ਼ਧ੍ਰੋਹੀਆਂ ਅਤੇ ਬਾਹਰੀ ਦੁਸ਼ਮਣਾਂ ਦੀ ਸਮਾਪਤੀ ਲਈ ਆਤੰਕ ਦਾ ਰਾਜ (The Reign of Terror) ਚਲਾਇਆ ਗਿਆ। ਇਸ ਮਿਆਦ ਵਿਚ ਜੇਕੋਬੀਅਨ ਪਾਰਟੀ ਦੇ ਕੁਝ ਨੇਤਾਵਾਂ ਜਿਵੇਂ ਦਾਂਤੇ, ਮਾਰਾ, ਰੋਬਸਪੀਅਰ ਆਦਿ ਦੇ ਵਿਚਾਰ ਬੜੇ ਕੱਟੜ ਅਤੇ ਉਗਰ ਸਨ। ਇਹ ਲੋਕ ਸ਼ਖਤ ਸਜ਼ਾ ਨੀਤੀ ਦੁਆਰਾ ਲੋਕਾਂ ਵਿਚ ਡਰ ਪੈਦਾ ਕਰਦੇ ਦੇਸ਼ ਵਿਚ ਗਣਤੰਤਰ ਨੂੰ ਮਜ਼ਬੂਤੀ ਨਾਲ ਸਥਾਪਤ ਦੇਖਣਾ ਚਾਹੁੰਦੇ ਸਨ।

(ii) **ਆਤੰਕ ਦਾ ਰਾਜ** (The Reign of Terror) **2 ਜੂਨ, 1793 ਤੋਂ 27 ਜੁਲਾਈ, 1794 ਈ.:** ਆਤੰਕ ਰਾਜ ਦੀ ਸਥਾਪਨਾ ਰਾਸ਼ਟਰੀ ਸੁਰੱਖਿਆ ਦੇ ਸਿਧਾਂਤ 'ਤੇ ਆਧਾਰਿਤ ਸੀ। ਇਸ ਸਮੇਂ ਬਾਹਰੀ ਖ਼ਤਰਿਆਂ ਤੋਂ ਦੇਸ਼ ਦੀ ਰੱਖਿਆ ਲਈ ਅਜਿਹੇ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦੇਣੀ ਜ਼ਰੂਰੀ ਸੀ ਜਿਨ੍ਹਾਂ ਦੀ ਦੇਸ਼ਭਗਤੀ 'ਤੇ ਸ਼ੱਕ ਸੀ। ਫਰਾਂਸ ਵਿਚ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਸੀ ਜੋ ਕ੍ਰਾਂਤੀ ਦੇ ਵਿਰੋਧੀ ਸਨ ਅਤੇ ਉਸਨੂੰ ਕੁਚਲਣ ਦਾ ਯਤਨ ਕਰ ਰਹੇ ਸਨ। ਇਹ ਲੋਕ ਵਿਦੇਸ਼ੀ ਸ਼ਕਤੀਆਂ ਨੂੰ ਫਰਾਂਸ 'ਤੇ ਹਮਲਾ ਕਰਨ ਲਈ ਪ੍ਰੇਰਿਤ ਕਰ ਰਹੇ ਸਨ। ਇਨ੍ਹਾਂ ਵਿਚ ਪਾਦਰੀਆਂ ਦੀ ਗਿਣਤੀ ਸਭ ਤੋਂ ਵੱਡੀ ਸੀ। ਹਜ਼ਾਰਾਂ ਕ੍ਰਾਂਤੀ ਵਿਰੋਧੀ ਫਰਾਂਸ ਤੋਂ ਭੱਜ ਕੇ ਦੂਜੇ ਦੇਸ਼ਾਂ ਵਿਚ ਪਨਾਹ ਲਏ ਹੋਏ ਸਨ ਅਤੇ ਉੱਥੋਂ ਦੇ ਸ਼ਾਸਕਾਂ ਨੂੰ ਫਰਾਂਸ 'ਤੇ ਹਮਲਾ ਕਰਨ ਲਈ ਤਿਆਰ ਕਰ ਰਹੇ ਸਨ। ਇਨ੍ਹਾਂ ਲੋਕਾਂ ਕਾਰਨ ਫਰਾਂਸ ਨੂੰ ਵਿਦੇਸ਼ੀ ਸ਼ਕਤੀਆਂ ਨਾਲ ਟੱਕਰ ਲੈਣੀ ਪੈ ਰਹੀ ਸੀ।

ਆਤੰਕ ਦੇ ਰਾਜ ਦੌਰਾਨ ਪੈਰਿਸ ਅਤੇ ਹੋਰ ਸੂਬਿਆਂ ਦੀਆਂ ਨਿਆਂਇਕ ਅਦਾਲਤਾਂ (ਟ੍ਰਿਬਿਊਨਲਸ) ਨਿਰਦਈਪੁਣੇ ਨਾਲ ਲੋਕਾਂ ਨੂੰ ਸਜ਼ਾ ਦੇਣ ਦਾ ਕੰਮ ਲਗਭਗ ਇੱਕ ਸਾਲ ਤੱਕ ਕਰਦੀਆਂ ਰਹੀਆਂ। ਇਕੱਲੇ ਪੈਰਿਸ ਵਿਚ 2639 ਲੋਕਾਂ ਨੂੰ ਗਿਲੋਟਿਨ 'ਤੇ ਚੜ੍ਹਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ। ਸੂਬਿਆਂ ਦੀ ਸਥਿਤੀ ਤਾਂ ਹੋਰ ਵੀ ਕਠੋਰ ਸੀ। ਨਾਤੇਂਸ ਵਿਚ ਚਾਰ ਮਹੀਨਿਆਂ ਦੇ ਅੰਦਰ ਚਾਰ ਹਜ਼ਾਰ ਵਿਅਕਤੀਆਂ ਨੂੰ ਵਢਵਾ ਦਿੱਤਾ ਗਿਆ। ਲਿਓਨਸ ਵਿਚ 2000 ਲੋਕਾਂ ਨੂੰ ਇਕੱਠੇ ਖੜ੍ਹੇ ਕਰਕੇ ਗੋਲ਼ੀਆਂ ਨਾਲ ਉਡਾ ਦਿੱਤਾ ਗਿਆ। ਆਤੰਕ ਦੇ ਮਹੀਨਿਆਂ ਵਿਚ 16594 ਲੋਕਾਂ ਨੂੰ ਜਾਨ ਤੋਂ ਮਾਰਿਆ ਗਿਆ ਸੀ। ਇੱਕ ਸਰਵੇ ਦੇ ਆਧਾਰ 'ਤੇ ਡੋਨਾਲਡ ਗ੍ਰੀਅਰ ਨੇ ਸਿੱਟਾ ਕੱਢਿਆ ਹੈ ਕਿ ਸੰਭਵ ਹੈ 35,000 ਤੋਂ 40,000 ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ, ਜਿਨ੍ਹਾਂ ਵਿਚ ਜੇਲ੍ਹਾਂ ਵਿਚ ਮਰੇ ਅਤੇ ਬਿਨਾ ਮੁਕੱਦਮਾ ਚਲਾਏ ਮਾਰੇ ਗਏ ਵਿਅਕਤੀ ਵੀ ਸ਼ਾਮਲ ਸਨ।

(iii) **ਲੂਈ ਸੋਲ੍ਹਵੇਂ ਨੂੰ ਮੌਤ ਦੀ ਸਜ਼ਾ (21 ਜਨਵਰੀ, 1793 ਈ.):** ਰਾਸ਼ਟਰੀ ਕਨਵੈਨਸ਼ਨ ਦੇ ਕੁਝ ਉਗਰ ਗਣਤੰਤਰਵਾਦੀ ਨੇਤਾ ਰਾਜਤੰਤਰ ਨੂੰ ਜੜ੍ਹੋਂ ਪੁੱਟ ਸੁੱਟਣ ਦੇ ਇੱਛੁਕ ਸਨ। ਉਨ੍ਹਾਂ ਦੀ ਨਜ਼ਰ ਵਿਚ ਫਰਾਂਸ ਦਾ ਰਾਜਾ ਲੂਈ ਸੋਲ੍ਹਵਾਂ ਕ੍ਰਾਂਤੀ ਵਿਰੋਧੀ ਅਤੇ ਦੇਸ਼ਧ੍ਰੋਹੀ ਸੀ। ਰਾਜੇ ਨੂੰ ਕੈਦ ਕਰ ਲਿਆ ਗਿਆ, ਪਰ ਉਸ ਦੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਵੇ। ਇਸ ਵਿਸ਼ੇ ਵਿਚ ਜਿਰੋਨਦਿਸਤਾਂ ਅਤੇ ਜੇਕੋਬੀਅਨਾਂ ਵਿਚ ਮੱਦਭੇਦ ਸੀ। ਕਨਵੈਨਸ਼ਨ ਵਿਚ

ਨੋਟ

ਅਤਿਵਾਦੀ ਜੈਕੋਬੀਅਨ ਪਾਰਟੀ ਦਾ ਪ੍ਰਭਾਵ ਜ਼ਿਆਦਾ ਸੀ। ਇਸ ਲਈ ਰਾਜੇ 'ਤੇ ਮੁਕੱਦਮਾ ਕ੍ਰਾਂਤੀਕਾਰੀ ਅਦਾਲਤ ਵਿਚ ਚਲਾਇਆ ਗਿਆ। ਉਸ 'ਤੇ ਆਰੋਪ ਲਗਾਇਆ ਗਿਆ ਕਿ ਉਸਨੇ ਕ੍ਰਾਂਤੀ ਵਿਰੋਧੀ ਭਗੌੜਿਆਂ ਦਾ ਸਾਥ ਦਿੱਤਾ ਹੈ ਅਤੇ ਫਰਾਂਸ ਦੇ ਦੁਸ਼ਮਣ ਦੇਸ਼ਾਂ (ਆਸਟ੍ਰੀਆ ਅਤੇ ਪਰਸ਼ੀਆ) ਦੀ ਮੱਦਦ ਕੀਤੀ ਹੈ। ਮੁਕੱਦਮੇ ਦੌਰਾਨ ਵਾਤਾਵਰਨ ਬੜਾ ਉਤੇਜਨਾਪੂਰਨ ਸੀ। ਸਭਾ ਹਾਲ ਵਿਚ ਬੁੱਧੀਜੀਵੀਆਂ ਦੇ ਮੁਕਾਬਲੇ ਸ਼ਰਾਰਤੀ ਲੋਕ ਜ਼ਿਆਦਾ ਸੀਨ। ਜਿਰੋਨਦਿਸਤ ਪਾਰਟੀ ਦੇ ਲੋਕ ਰਾਜੇ ਨੂੰ ਮੌਤ ਦੀ ਸਜ਼ਾ ਦੇ ਪੱਖ ਵਿਚ ਨਹੀਂ ਸਨ, ਪਰ ਰਾਜੇ ਨੂੰ ਬਚਾਉਣ ਲਈ ਉਗਰਵਾਦੀਆਂ ਦੇ ਵਿਰੋਧ ਦਾ ਸਾਹਮਣਾ ਕਰਨ ਦੀ ਹਿੰਮਤ ਉਨ੍ਹਾਂ ਵਿਚ ਨਹੀਂ ਸੀ, ਆਖਰ ਸਿਰਫ਼ ਇੱਕ ਵੋਟ ਦੇ ਬਹੁਮਤ ਨਾਲ ਕਨਵੈਨਸ਼ਨ ਦੀ ਨਿਆਂਇਕ ਅਦਾਲਤ, ਜਿਸ ਨੂੰ ਰਾਜੇ ਦਾ ਮੁੱਕਦਮਾ ਚਲਾਉਣ ਦਾ ਸੰਵਿਧਾਨਕ ਅਧਿਕਾਰ ਨਹੀਂ ਸੀ, ਨੇ ਰਾਜੇ ਨੂੰ ਮੌਤ ਦੀ ਸਜ਼ਾ ਦੇਣ ਦਾ ਨਿਰਣਾ ਦੇ ਦਿੱਤਾ। ਐਤਵਾਰ 21 ਜੁਲਾਈ, 1793 ਨੂੰ ਜਦੋਂ ਰਾਜੇ ਨੂੰ ਗਿਲੋਟਿਨ 'ਤੇ ਚੜ੍ਹਾਇਆ ਗਿਆ ਉਦੋਂ ਰਾਜੇ ਨੇ ਕਿਹਾ, "ਪਤਵੰਤਿਓ! ਮੇਰੇ 'ਤੇ ਲਾਏ ਗਏ ਦੋਸ਼ ਸੱਚ ਨਹੀਂ ਹਨ। ਮੈਂ ਨਿਰਦੋਸ਼ ਹਾਂ। ਮੈਂ ਉਮੀਦ ਕਰਦਾ ਹਾਂ ਕਿ ਮੇਰਾ ਖ਼ੂਨ ਸਾਰੇ ਫਰਾਂਸੀਸੀ ਜਨਾਂ ਨੂੰ ਮਜ਼ਬੂਤ ਕਰੇਗਾ।" ਇਸ ਸਮੇਂ ਇਕੱਤਰ ਭੀੜ ਨੇ ਨਾਅਰੇ ਲਾਏ (Long Live The Republic ਅਤੇ Long Live The Liberty) ਅਰਥਾਤ ਗਣਤੰਤਰ ਅਤੇ ਸੁਤੰਤਰਤਾ ਅਮਰ ਰਹੇ।

ਫਰਾਂਸ ਦੀ ਰਾਣੀ ਮੈਰੀ ਆਂਤਵਾਨੇਤ ਨੂੰ ਜੇਲ੍ਹ ਵਿਚ ਬਹੁਤ ਬੇਇੱਜ਼ਤ ਕੀਤਾ ਗਿਆ। ਉਸ 'ਤੇ ਅਨੇਕਾਂ ਅਸ਼ਲੀਲ ਦੋਸ਼ ਲਾਏ ਗਏ ਅਤੇ ਅਕਤੂਬਰ 1793 ਨੂੰ ਉਸਨੂੰ ਵੀ ਮੌਤ ਦੀ ਸਜ਼ਾ ਦੇ ਦਿੱਤੀ ਗਈ।

ਵਸਤੁਤ ਜਿਸ ਨਿਆਂਇਕ ਪ੍ਰਕਿਰਿਆ ਦੁਆਰਾ ਰਾਜ ਪਰਿਵਾਰ ਨੂੰ ਸਜ਼ਾ ਦਿੱਤੀ ਗਈ ਸੀ, ਉਹ ਅਸੰਵਿਧਾਨਕ ਅਤੇ ਅਣਉੱਚਿਤ ਸੀ। ਜਿਨ੍ਹਾਂ ਲੋਕਾਂ ਨੇ ਉਸਨੂੰ ਫਾਂਸੀ 'ਤੇ ਚੜ੍ਹਾਇਆ, ਉਹ ਪੂਰੇ ਰਾਸ਼ਟਰ ਦੇ ਪ੍ਰਤੀਨਿਧ ਨਹੀਂ ਮੰਨੇ ਜਾ ਸਕਦੇ ਸਨ। ਲੂਈ ਨੂੰ ਗਿਲੋਟਿਨ 'ਤੇ ਚੜ੍ਹਾਉਣ ਦਾ ਅਸਲ ਕਾਰਨ ਇਹ ਸੀ ਕਿ ਰਾਜੇ ਦੀ ਹਾਜ਼ਰੀ ਗਣਤੰਤਰ ਲਈ ਖ਼ਤਰਾ ਬਣ ਸਕਦੀ ਸੀ।

(iv) **ਕਨਵੈਨਸ਼ਨ ਦੀ ਵਿਦੇਸ਼ ਨੀਤੀ–ਕ੍ਰਾਂਤੀਕਾਰੀ ਯੁੱਧ ਵਿਚ ਫੌਜੀ ਸਫ਼ਲਤਾਵਾਂ:** ਕਨਵੈਨਸ਼ਨ ਸ਼ਾਸਨ ਨੂੰ ਬਾਹਰੀ ਦੇਸ਼ਾਂ ਦੇ ਸਮੂਹਿਕ ਹਮਲੇ ਦਾ ਸਾਹਮਣਾ ਕਰਨਾ ਪਿਆ। ਵਸਤੁਤ ਸਮੁੱਚੇ ਯੂਰਪ ਦੇ ਦੇਸ਼ਾਂ ਦੇ ਰਾਜਿਆਂ ਦੇ ਸਾਹਮਣੇ ਇਹ ਡਰ ਪੈਦਾ ਹੋ ਗਿਆ ਸੀ ਕਿ ਫਰਾਂਸ ਦੀ ਕ੍ਰਾਂਤੀ ਦਾ ਅਸਰ ਉਨ੍ਹਾਂ ਦੇ ਦੇਸ਼ 'ਤੇ ਵੀ ਪਵੇਗਾ ਅਤੇ ਰਾਜਤੰਤਰ ਦੀ ਥਾਂ 'ਤੇ ਗਣਤੰਤਰ ਸਥਾਪਤ ਹੋ ਜਾਵੇਗਾ। ਇਹ ਡਰ ਬੇਬੁਨਿਆਦ ਵੀ ਨਹੀਂ ਸੀ ਕਿਉਂਕਿ ਗਣਤੰਤਰੀ ਫਰਾਂਸ ਦੇ ਸੂਤਰਧਾਰਾਂ ਨੇ ਹੋਰ ਯੂਰਪੀ ਦੇਸ਼ਾਂ ਦੀ ਜਨਤਾ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ–ਆਪਣੇ ਦੇਸ਼ਾਂ ਵਿਚ ਨਿਰੰਕੁਸ਼ ਰਾਜਿਆਂ ਦੇ ਵਿਰੁੱਧ ਵਿਦਰੋਹ ਕਰਕੇ ਸੁਤੰਤਰਤਾ ਪ੍ਰਾਪਤ ਕਰ ਲਓ। ਫਰਾਂਸ ਉਨ੍ਹਾਂ ਦੀ ਮੱਦਦ ਕਰੇਗਾ। ਇਸ ਨਾਲ ਯੂਰਪ ਦੇ ਦਰਬਾਰਾਂ ਵਿਚ ਆਤੰਕ ਅਤੇ ਸਨਸਨੀ ਫੈਲ ਗਈ ਅਤੇ ਉਨ੍ਹਾਂ 'ਚੋਂ ਜ਼ਿਆਦਾਤਰ ਫਰਾਂਸ ਦੇ ਦੁਸ਼ਮਣ ਹੋ ਗਏ। ਰਾਜੇ ਨੂੰ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਤੱਕ ਤਾਂ ਸਿਰਫ਼ ਆਸਟ੍ਰੀਆ ਅਤੇ ਪਰਸ਼ੀਆ ਹੀ ਫਰਾਂਸ ਦੇ ਦੁਸ਼ਮਣ ਸਨ, ਪਰ ਰਾਜਾ ਲੂਈ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਸੂਚਨਾ ਪ੍ਰਾਪਤ ਹੋਣ 'ਤੇ ਸਾਰੇ ਯੂਰਪ ਦੇ ਰਾਜ ਪਰਿਵਾਰ ਡਰ ਨਾਲ ਕੰਬ ਉੱਠੇ। ਹੁਣ ਉਨ੍ਹਾਂ ਦੇ ਸਾਹਮਣੇ ਕ੍ਰਾਂਤੀਕਾਰੀ ਫਰਾਂਸ ਦੇ ਗਣਤੰਤਰ ਨੂੰ ਹਰਾਉਣ ਦਾ ਕੰਮ ਇੱਕ ਆਤਮ ਰੱਖਿਆ ਦਾ ਕੰਮ ਬਣ ਗਿਆ। ਇਸ ਲਈ ਇੰਗਲੈਂਡ ਦੀ ਅਗਵਾਈ ਵਿਚ ਫਰਾਂਸ ਦੇ ਵਿਰੁੱਧ ਯੂਰਪੀ ਦੇਸ਼ਾਂ ਦਾ ਪਹਿਲਾ ਗੁੱਟ ਬਣਿਆ, ਜਿਸ ਵਿਚ ਇੰਗਲੈਂਡ, ਆਸਟ੍ਰੀਆ, ਪਰਸ਼ੀਆ, ਸਪੇਨ, ਪੁਰਤਗਾਲ, ਹਾਲੈਂਡ, ਸਾਰਡੇਨੀਆ, ਟਸਕਨੀ ਆਦਿ 15 ਦੇਸ਼ ਸ਼ਾਮਲ ਸਨ।

ਸ਼ੁਰੂਆਤੀ ਯੁੱਧਾਂ ਵਿਚ ਇੰਗਲੈਂਡ, ਪਰਸ਼ੀਆ ਅਤੇ ਆਸਟ੍ਰੀਆ ਦੀਆਂ ਫੌਜਾਂ ਨੇ ਫਰਾਂਸ ਨੂੰ ਹਰਾ ਦਿੱਤਾ। ਫਰਾਂਸ ਚਾਰੇ ਪਾਸਿਓਂ ਦੁਸ਼ਮਣਾਂ ਨਾਲ ਘਿਰ ਗਿਆ ਅਤੇ ਦੁਸ਼ਮਣ ਫੌਜਾਂ ਉਸਦੀ ਹੱਦ ਵੱਲ ਤੇਜ਼ ਰਫ਼ਤਾਰ ਨਾਲ ਵਧਣ ਲੱਗੀਆਂ। ਇਸ ਭਿਆਨਕ ਸੰਕਟ ਦਾ ਸਾਹਮਣਾ ਫਰਾਂਸ ਦੇ ਬੜੀ ਬਹਾਦਰੀ ਅਤੇ ਦ੍ਰਿੜ੍ਹ ਸੰਕਲਪ ਨਾਲ ਕੀਤਾ। ਉਸਨੇ ਅੰਦਰੂਨੀ ਦੁਸ਼ਮਣਾਂ ਅਰਥਾਤ ਦੇਸ਼ਦ੍ਰੋਹੀਆਂ ਨੂੰ ਸ਼ਜਾ ਦਿੱਤੀ ਅਤੇ ਆਪਣੀਆਂ ਫੌਜਾਂ ਵੱਲੋਂ ਵਿਦੇਸ਼ੀ ਹਮਲਿਆਂ ਦਾ ਮੁਕਾਬਲਾ ਕਰਨ ਦਾ ਕੰਮ ਵੀ ਇਕੱਠਾ ਕੀਤਾ। ਫਰਾਂਸ ਦੇ ਨਾਗਰਿਕਾਂ ਵਿਚ ਅਨੇਕਾਂ ਉਪਾਵਾਂ ਨਾਲ ਦੇਸ਼ ਭਗਤੀ ਅਤੇ ਰਾਸ਼ਟਰ ਦੀ ਰੱਖਿਆ ਲਈ ਬਲਿਦਾਨ ਕਰਨ ਦੀ ਭਾਵਨਾ ਪੈਦਾ ਹੋ ਗਈ। 18 ਤੋਂ 40 ਸਾਲ ਦੀ ਉਮਰ ਦੇ ਵਿਅਕਤੀਆਂ ਲਈ ਫੌਜੀ ਕਰਤੱਵ ਲਾਜ਼ਮੀ ਕਰਕੇ ਸੱਤ ਲੱਖ ਸੱਤਰ ਹਜ਼ਾਰ ਫੌਜੀਆਂ ਦੀ ਇੱਕ ਵਿਸ਼ਾਲ ਫੌਜ ਤਿਆਰ ਕਰ ਲਈ ਗਈ ਜਿਸ ਵਿਚ ਦੇਸ਼ ਰੱਖਿਆ, ਆਤਮਬਲ ਅਤੇ ਕਰਤੱਵ ਦੀ ਭਾਵਨਾ ਮੌਜੂਦ ਸੀ। ਅਨੁਭਵੀ ਸੈਨਾ ਨਾਇਕ ਕਾਰਨਟ ਦੀ ਅਗਵਾਈ ਵਿਚ ਇਸ ਫੌਜ ਨੇ ਵੱਖ–ਵੱਖ ਯੁੱਧਾਂ ਵਿਚ ਪਹਿਲੇ ਦੁਸ਼ਮਣ ਗੁੱਟ (First Coaliation) ਨੂੰ ਹਰਾ ਦਿੱਤਾ। ਜਦੋਂ ਅਕਤੂਬਰ 1795 ਵਿਚ ਨੈਸ਼ਨਲ ਕਨਵੈਨਸ਼ਨ ਦੀ ਮਿਆਦ ਸਮਾਪਤ ਹੋਈ ਉਦੋਂ ਤੱਕ ਫਰਾਂਸ ਵਿਰੋਧੀ ਗੁੱਟ ਲਗਭਗ ਟੁੱਟ ਚੁੱਕਿਆ ਸੀ।

(v) **ਨੈਸ਼ਨਲ ਕਨਵੈਨਸ਼ਨ ਦੇ ਕੰਮਾਂ ਦਾ ਮੁਲਾਂਕਣ** (Estimate of National Convention)**:** ਨੈਸ਼ਨਲ ਕਨਵੈਨਸ਼ਨ ਦਾ ਸ਼ਾਸਨ ਕਾਲ ਬੇਸ਼ੱਕ ਭਿਆਨਕ ਨਿਰਦਈਪੁਣੇ ਅਤੇ ਹਿੰਸਾ ਨਾਲ ਭਰਪੂਰ ਸੀ, ਪਰ ਉਸ ਦੀਆਂ ਉਪਲੱਬਧੀਆਂ ਫਰਾਂਸ ਲਈ ਮਹੱਤਵਪੂਰਨ ਸਨ। ਦੇਸ਼ਦ੍ਰੋਹੀ ਅਪ੍ਰਵਾਸੀਆਂ ਕਾਰਨ ਪੈਦਾ ਵਿਦੇਸ਼ੀ ਖ਼ਤਰਿਆਂ ਦਾ ਮੁਕਾਬਲਾ ਅਤੇ ਅੰਦਰੂਨੀ ਸੰਕਟਾਂ ਦਾ ਸਾਹਮਣਾ ਕਨਵੈਨਸ਼ਨ ਨੇ ਜਿਸ ਬਹਾਦਰੀ ਨਾਲ ਕੀਤਾ, ਉਹ ਸ਼ਲਾਘਾਯੋਗ ਹੈ। ਉਸਨੇ ਫਰਾਂਸ ਵਿਚ ਰਾਜਤੰਤਰ ਦਾ ਖ਼ਾਤਮਾ ਕਰਕੇ ਗਣਤੰਤਰ ਦੀ ਸਥਾਪਨਾ ਕੀਤੀ, ਧਾਰਮਿਕ ਖੇਤਰ ਵਿਚ ਉਸਨੇ ਚਰਚ ਦੀ ਮਨਮਰਜ਼ੀ ਦਾ ਅੰਤ ਕਰਕੇ ਨਾਗਰਿਕਾਂ ਨੂੰ ਧਾਰਮਿਕ ਸੁਤੰਤਰਤਾ ਪ੍ਰਦਾਨ ਕੀਤੀ, ਅੰਦਰੂਨੀ ਪ੍ਰਸ਼ਾਸਨ ਵਿਚ ਅਨੇਕਾਂ

**ਨੋਟ**

ਨਵੀਂ ਪ੍ਰਣਾਲੀਆਂ ਦੀ ਸਥਾਪਨਾ ਕਰਕੇ ਸੰਪੂਰਨ ਦੇਸ਼ ਵਿਚ ਇੱਕਰੂਪਤਾ ਸਥਾਪਤ ਕੀਤੀ। ਕਨਵੈਨਸ਼ਨ ਦੇ ਆਤੰਕ ਦੇ ਰਾਜ ਦੌਰਾਨ ਸੈਂਕੜੇ ਲੋਕਾਂ ਦੀ ਹੱਤਿਆ ਕੀਤੇ ਜਾਣ ਨਾਲ ਕ੍ਰਾਂਤੀ ਦਾ ਨਾਂਅ ਨਿੰਦਾ ਦਾ ਪ੍ਰਤੀਕ ਜ਼ਰੂਰ ਬਣਾ ਗਿਆ ਸੀ। ਫਿਰ ਵੀ ਕ੍ਰਾਂਤੀ ਦੇ ਪ੍ਰਸਿੱਧ ਸਿਧਾਂਤਾਂ- ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੀ ਰੱਖਿਆ ਕਰਨ ਵਿਚ ਕਨਵੈਨਸ਼ਨ ਦਾ ਸ਼ਾਸਨ ਪੂਰੀ ਤਰ੍ਹਾਂ ਸਫ਼ਲ ਰਿਹਾ।

4. **ਡਾਇਰੈਕਟਰੀ (ਸੰਚਾਲਨਮੰਡਲ) ਦਾ ਸ਼ਾਸਨ-ਅਨੈਤਿਕਤਾਪੂਰਨ ਭ੍ਰਿਸ਼ਟ ਸ਼ਾਸਨ ਦਾ ਯੁੱਗ (1995-1799 ਈ.):** ਨੈਸ਼ਨਲ ਕਨਵੈਨਸ਼ਨ ਨੇ ਫਰਾਂਸ ਲਈ ਗਣਤੰਤਰਾਤਮਕ ਸੰਵਿਧਾਨ ਬਣਾਇਆ ਸੀ। ਉਸਦੇ ਅਨੁਸਾਰ ਕਨਵੈਨਸ਼ਨ ਦੀ ਸਮਾਪਤੀ ਤੋਂ ਬਾਅਦ ਸ਼ਾਸਨ ਪੰਜ ਮੈਂਬਰਾਂ ਦੇ ਸੰਚਾਲਕਮੰਡਲ ਨੂੰ ਸੌਂਪ ਦਿੱਤਾ ਗਿਆ। ਸੰਚਾਲਕ ਮੰਡਲ ਜਾਂ ਡਾਇਰੈਕਟਰੀ (Directory) ਨੇ ਅਕਤੂਬਰ, 1795 ਤੋਂ ਨਵੰਬਰ, 1799 ਤੱਕ ਸ਼ਾਸਨ ਸੰਭਾਲਿਆ। ਸੰਵਿਧਾਨ ਦੇ ਅਨੁਸਾਰ ਸੰਚਾਲਕ ਮੰਡਲ ਦੇ ਪੰਜ ਮੈਂਬਰਾਂ ਵਿਚ ਹਰੇਕ ਮੈਂਬਰ ਤਿੰਨ ਮਹੀਨੇ ਤੱਕ ਸੰਚਾਲਕ ਮੰਡਲ ਦਾ ਪ੍ਰਧਾਨ ਰਹਿੰਦਾ ਸੀ ਅਤੇ ਇਸ ਮਿਆਦ ਵਿਚ ਉਹ ਫਰਾਂਸ ਦਾ ਰਾਸ਼ਟਰਪਤੀ ਵੀ ਹੁੰਦਾ ਸੀ। ਡਾਇਰੈਕਟਰੀ ਜਨਮ ਤੋਂ ਹੀ ਕਿਸਮਤ ਵਿਹੂਣੀ ਰਹੀ। ਮਾੜੀ ਕਿਸਮਤ ਨਾਲ ਇਸੇ ਪੰਜ ਚੁਣੇ ਡਾਇਰੈਕਟਰਾਂ ਵਿਚੋਂ ਇੱਕ ਕਾਰਨੋਤ ਨੂੰ ਛੱਡ ਕੇ ਬਾਕੀ ਸਾਰੇ ਭ੍ਰਿਸ਼ਟ, ਬਦਨਾਮ ਅਤੇ ਮੱਕਾਰ ਸਨ। ਸੰਚਾਲਕ ਮੰਡਲ ਵਿਚ ਸ਼ਾਸਨ ਦਾ ਕੋਝਾ ਪ੍ਰਬੰਧ ਇਨ੍ਹਾਂ ਹੀ ਭ੍ਰਿਸ਼ਟ ਅਤੇ ਸੁਆਰਥੀ ਵਿਅਕਤੀਆਂ ਕਾਰਨ ਪੈਦਾ ਹੋਇਆ। ਆਤੰਕ ਦੀ ਰਾਜ ਅਤੇ ਕਨਵੈਨਸ਼ਨ ਸ਼ਾਸਨ ਕਾਲ ਦੇ ਅਨੁਸ਼ਾਸਨ, ਸਖ਼ਤ ਸ਼ਾਸਨ ਅਤੇ ਡਰ ਵਾਂਗ ਇਹ ਪ੍ਰਤੀਕਿਰਿਆ ਸੀ। ਜਿਨ੍ਹਾਂ ਲੋਕਾਂ ਨੇ ਪਿਛਲੇ ਸਾਲਾਂ ਦਾ ਜ਼ਬਰਦਸਤ ਤਨਾਓ ਝੱਲਿਆ ਸੀ, ਉਹ ਹੁਣ ਪੂਰੀ ਤਰ੍ਹਾਂ ਜ਼ਿੰਦਗੀ ਦੇ ਮਜ਼ੇ ਲੈਣਾ ਚਾਹੁੰਦੇ ਸਨ। ਡਾਇਰੈਕਟਰੀ ਦੇ ਮੈਂਬਰ ਦੇ ਰੂਪ ਵਿਚ ਜੋ ਲੋਕ ਸ਼ਾਸਕ ਬਣੇ ਸਨ, ਉਨ੍ਹਾਂ ਵਿਚੋਂ ਜ਼ਿਆਦਾਤਰ ਜਨਤਕ ਹਿੱਤ ਦੀ ਬਜਾਏ ਨਿੱਜੀ ਸਵਾਰਥ ਵਿਚ ਦਿਲਚਸਪੀ ਰੱਖਦੇ ਸਨ। ਉਹ ਆਪਣੀ-ਆਪਣੀ ਕਮਾਈ ਨੂੰ ਵਧਾ ਕੇ ਆਪਣਾ ਭਵਿੱਖ ਸੁਰੱਖਿਅਤ ਕਰ ਲੈਣਾ ਚਾਹੁੰਦੇ ਸਨ। ਇਨ੍ਹਾਂ ਵਿਚੋਂ ਕਈ ਤਾਂ ਸੱਟੇਬਾਜ਼ ਅਤੇ ਮੁਨਾਫ਼ਾਖੋਰ ਵਿਅਕਤੀ ਸਨ। ਜੋ ਸੱਤਾ ਦੀ ਦੁਰਵਰਤੋਂ ਕਰਕੇ ਆਪਣੀ ਸਥਿਤੀ ਮਜ਼ਬੂਤ ਕਰਨਾ ਚਾਹੁੰਦੇ ਸਨ, ਅਜਿਹੇ ਸਵਾਰਥੀ ਵਿਅਕਤੀਆਂ ਦੇ ਹੱਥਾਂ ਵਿਚ ਫਰਾਂਸ ਦੀ ਸੱਤਾ ਆ ਜਾਣ 'ਤੇ ਨਤੀਜ਼ਾ ਇਹ ਹੋਇਆ ਕਿ ਦੇਸ਼ ਦੀ ਅੰਦਰੂਨੀ ਸਥਿਤੀ ਕਮਜ਼ੋਰ ਹੋ ਗਈ ਅਤੇ ਕ੍ਰਾਂਤੀਕਾਰੀ ਫਰਾਂਸ ਦੀਆਂ ਹੁਣ ਤੱਕ ਦੀਆਂ ਉਪਲੱਬਧੀਆਂ ਸਮਾਪਤ ਹੋਣ ਲੱਗੀਆਂ।

**ਅੰਦਰੂਨੀ ਨੀਤੀ:** ਸੰਚਾਲਕ ਮੰਡਲ ਦੇਸ਼ ਦੀ ਆਰਥਿਕ ਸਥਿਤੀ ਨੂੰ ਵਿਗਾੜਨ ਦਾ ਦੋਸ਼ੀ ਮੰਨਿਆ ਜਾ ਸਕਦਾ ਹੈ। ਵਪਾਰ ਅਤੇ ਉਦਯੋਗ-ਧੰਦਿਆਂ ਦੀ ਸਥਿਤੀ ਖ਼ਰਾਬ ਹੋ ਗਈ ਅਤੇ ਲੋਕਾਂ ਨੇ ਟੈਕਸ ਦੇਣਾ ਬੰਦ ਕਰ ਦਿੱਤਾ। ਵਿਦੇਸ਼ੀ ਯੁੱਧਾਂ ਅਤੇ ਫੌਜਾਂ 'ਤੇ ਜ਼ਿਆਦਾ ਖ਼ਰਚ ਹੋਣ ਜਾਣ ਕਾਰਨ ਸਰਕਾਰ ਨੇ ਆਪਣੇ-ਆਪ ਨੂੰ ਦਿਵਾਲੀਆ ਐਲਾਨ ਦਿੱਤਾ। ਸਾਮਾਜਿਕ ਵਿਵਸਥਾ ਦਾ ਵੀ ਘਾਣ ਹੋਇਆ। ਤਲਾਕਾਂ ਦੀ ਗਿਣਤੀ ਵਧ ਜਾਣ ਕਾਰਨ ਪੈਰਿਸ ਰੰਗਰਲੀਆਂ ਦਾ ਕੇਂਦਰ ਬਣ ਗਿਆ। ਦੇਸ਼ ਦੀਆਂ 232 ਨਾਟਸ਼ਾਲਾਵਾਂ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਦੇ ਅੱਡੇ ਬਣ ਗਏ ਸਨ। ਸਮਾਜ ਇੱਕ ਤਰ੍ਹਾਂ ਨਾਲ ਆਚਰਣਹੀਣਤਾ ਵੱਲ ਵਧ ਰਿਹਾ ਸੀ। ਡਾਇਰੈਕਟਰੀ ਦੇ ਸ਼ਾਸਨ ਦੀ ਇੱਕ ਵੱਡੀ ਸੰਵਿਧਾਨਕ ਕਮਜ਼ੋਰੀ ਇਹ ਸੀ ਕਿ ਕਾਰਜਪਾਲਿਕਾ ਵਿਧਾਨ ਮੰਡਲ ਪ੍ਰਤੀ ਜ਼ਿੰਮੇਵਾਰ ਨਹੀਂ ਸੀ ਅਤੇ ਚੋਣਾਂ ਵਿਚ ਉਸਨੂੰ ਜਨਤਾ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ। ਵਸਤੁਤ ਡਾਇਰੈਕਟਰੀ ਦੇ ਸ਼ਾਸਨਕਾਲ ਵਿਚ ਫਰਾਂਸ ਦੀ ਕ੍ਰਾਂਤੀ ਦੀ ਮੂਲ ਭਾਵਨਾ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦਾ ਪਤਨ ਸ਼ੁਰੂ ਹੋ ਚੁੱਕਿਆ ਸੀ।

**ਵਿਦੇਸ਼ ਨੀਤੀ:** ਡਾਇਰੈਕਟਰੀ ਦੀ ਵਿਦੇਸ਼ ਨੀਤੀ ਵੀ ਉਸਦੀ ਅੰਦਰੂਨੀ ਨੀਤੀ ਵਾਂਗ ਅਸਫ਼ਲ ਰਹੀ। ਕਨਵੈਨਸ਼ਨ ਦੇ ਸ਼ਾਸਨਕਾਲ ਵਿਚ ਫਰਾਂਸ ਵਿਰੋਧੀ ਵਿਦੇਸ਼ੀ ਗੁੱਟ ਹਾਰ ਚੁੱਕਿਆ ਸੀ ਪਰ ਡਾਇਰੈਕਟਰੀ ਦੇ ਸ਼ਾਸਨਕਾਲ ਵਿਚ ਯੂਰਪ ਦੇ ਕੁਝ ਸੂਬਿਆਂ ਨੇ ਫਰਾਂਸ ਦੇ ਵਿਰੁੱਧ ਦੂਜਾ ਗੁੱਟ ਬਣਾ ਲਿਆ। ਇਸ ਗੁੱਟ ਵਿਚ ਇੰਗਲੈਂਡ, ਆਸਟ੍ਰੀਆ ਅਤੇ ਸਾਰਡੀਨੀਆ ਸ਼ਾਮਲ ਸਨ। ਇਸ ਕਾਰਨ ਫਰਾਂਸ ਨੂੰ ਕਈ ਮੋਰਚਿਆਂ 'ਤੇ ਯੁੱਧ ਲੜਨਾ ਪਿਆ। ਫਰਾਂਸ ਦੀਆਂ ਫੌਜਾਂ ਹਾਰਨ ਲੱਗੀਆਂ। ਇਸੇ ਸੰਕਟਪੂਰਨ ਹਾਲਾਤ ਵਿਚ ਨੈਪੋਲੀਅਨ ਨੂੰ ਆਪਣੀ ਬਹਾਦਰੀ ਅਤੇ ਪ੍ਰਸਿੱਧ ਦੇ ਪ੍ਰਦਰਸ਼ਨ ਦਾ ਮੌਕਾ ਮਿਲਿਆ। ਫੌਜ ਵਿਚ ਨੈਪੋਲੀਅਨ ਦੇ ਵਧਦੇ ਪ੍ਰਭਾਵ ਨੇ ਡਾਇਰੈਕਟਰੀ ਦੀ ਭੈਅਭੀਤ ਕਰ ਦਿੱਤਾ ਸੀ। ਉਸਨੂੰ ਫਰਾਂਸ ਤੋਂ ਦੂਰ ਭੇਜਣ ਦੇ ਉਦੇਸ਼ ਨਾਲ ਡਾਇਰੈਕਟਰੀ ਦੇ ਸੂਤਰਧਾਰਾਂ ਨੇ ਫਰਾਂਸੀਸੀ ਫੌਜ ਦੀ ਅਗਵਾਈ ਉਸਨੂੰ ਸੌਂਪ ਕੇ ਦੁਸ਼ਮਣਾਂ ਦਾ ਸਾਹਮਣਾ ਕਰਨ ਲਈ ਭੇਜ ਦਿੱਤਾ। ਵਿਦੇਸ਼ੀ ਜ਼ਮੀਨ 'ਤੇ ਨੈਪੋਲੀਅਨ ਵੱਡੀ ਸਫ਼ਲਤਾ ਹਾਸਲ ਕੀਤੀ। ਫਰਾਂਸੀਸੀ ਫੌਜਾਂ ਨੇ ਸਭ ਤੋਂ ਪਹਿਲਾਂ ਸਾਰਡੀਨੀਆ ਨੂੰ ਹਰਾਇਆ ਅਤੇ ਸੇਵਾਏ ਅਤੇ ਨਾਈਸ 'ਤੇ ਅਧਿਕਾਰ ਕਰ ਲਿਆ। ਇਸ ਤਰ੍ਹਾਂ ਆਸਟ੍ਰੀਆ ਨੂੰ ਹਰਾ ਕੇ ਨੈਪੋਲੀਅਨ ਨੇ ਮਿਲਾਨ ਅਤੇ ਵੇਨਿਸ 'ਤੇ ਅਧਿਕਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ।

**ਕੈਂਪੋਫੋਰਮੀਓ ਦੀ ਸੰਧੀ:** ਇਸ ਸੰਧੀ ਦੁਆਰਾ ਆਸਟ੍ਰੀਆ ਅਤੇ ਫਰਾਂਸ ਵਿਚ ਯੁੱਧ ਬੰਦ ਹੋ ਗਈ। ਹੁਣ ਨੈਪੋਲੀਅਨ ਨੇ 1798 ਈ. ਵਿਚ ਮਿਸਰ 'ਤੇ ਹਮਲਾ ਕੀਤਾ ਅਤੇ ਮਾਲਟਾ ਅਤੇ ਸਿਕੰਦਰੀਆ 'ਤੇ ਅਧਿਕਾਰ ਕਰ ਲਿਆ। ਇਸ ਤੋਂ ਬਾਅਦ ਇੰਗਲੈਂਡ ਦੇ ਸੈਨਾਪਤੀ ਨੈਲਸਨ ਤੋਂ ਨੀਲ ਨਦੀ ਦੇ ਯੁੱਧ ਵਿਚ ਹਾਰ ਜਾਣ ਕਾਰਨ ਨੈਪੋਲੀਅਨ ਫਰਾਂਸ ਵਾਪਸ ਪਰਤ ਆਇਆ।

ਇਨ੍ਹਾਂ ਉਪਲੱਬਧੀਆਂ ਕਾਰਨ ਨੈਪੋਲੀਅਨ ਨੇ ਫਰਾਂਸ ਦੀ ਜਨਤਾ ਦੀ ਪ੍ਰਸ਼ੰਸ਼ਾ ਅਤੇ ਲੋਕਪ੍ਰਿਯਤਾ ਹਾਸਲ ਕਰ ਲਈ। ਇਸ ਫਾਇਦਾ ਉਠਾ ਕੇ ਉਸ ਨੇ ਸੰਚਾਲਕ ਮੰਡਲ ਦੇ ਇੱਕ ਮੈਂਬਰ ਐਬੇਸੀਏ (Abbesieyes) ਨੂੰ ਮਿਲਾ ਕੇ ਸੰਚਾਲਕ ਮੰਡਲ ਦੇ ਵਿਰੁੱਧ ਸਾਜਿਸ਼ ਘੜੀ ਅਤੇ ਡਾਇਰੈਕਟਰੀ ਦਾ ਤਖ਼ਤਾ ਪਲਟ ਦਿੱਤਾ। ਇਸ ਤੋਂ ਬਾਅਦ ਫਰਾਂਸ ਵਿਚ ਨੈਪੋਲੀਅਨ ਦਾ ਯੁੱਗ ਸ਼ੁਰੂ ਹੁੰਦਾ ਹੈ। ਡਾਇਰੈਕਟਰੀ ਨੇ ਆਪਣੇ ਕੋਝੇ ਸਵਾਰਥ ਅਤੇ ਭ੍ਰਿਸ਼ਟਾਚਾਰ ਪੂਰਨ ਸ਼ਾਸਨ ਕਾਰਨ ਕ੍ਰਾਂਤੀ ਦੀ ਮੂਲ ਭਾਵਨਾ ਨੂੰ ਨੁਕਸਾਨ ਪਹੁੰਚਾਇਆ ਸੀ। ਉਸਦੇ ਕੁਸ਼ਾਸਨ ਅਤੇ ਗਲਤ ਨਿਰਣਿਆਂ ਕਾਰਨ ਹੀ ਨੈਪੋਲੀਅਨ ਨੂੰ ਉਸਦੇ ਸ਼ਾਸਨ ਦਾ ਤਖ਼ਤਾ ਪਲਟਣ ਦਾ ਹੌਂਸਲਾ ਹੋਇਆ ਸੀ।

ਨੋਟ

ਟਾਸਕ ਫਰਾਂਸ ਦੀ ਕ੍ਰਾਂਤੀ ਦੀ ਪਹਿਲੀ ਘਟਨਾ ਕਿਹੜੀ ਸੀ ?

**ਫਰਾਂਸ ਦੀ ਕ੍ਰਾਂਤੀ ਦਾ ਪ੍ਰਭਾਵ ਅਤੇ ਮਹੱਤਵ** (The Effects and significance of French Revolution)**:** ਫਰਾਂਸੀਸੀ ਕ੍ਰਾਂਤੀ ਇਤਿਹਾਸ ਦੀ ਇੱਕ ਆਮ ਅਤੇ ਸਥਾਨਕ ਘਟਨਾ ਨਹੀਂ ਸੀ। ਇਸ ਨੇ ਫਰਾਂਸ ਦੀ ਜਨਤਾ ਨੂੰ ਹੀ ਨਹੀਂ ਸਗੋਂ ਯੂਰਪ ਅਤੇ ਸਮੁੱਚੇ ਵਿਸ਼ਵ ਦੀ ਜਨਤਾ ਨੂੰ ਪ੍ਰਭਾਵਿਤ ਕੀਤਾ। ਇਸ ਕ੍ਰਾਂਤੀ ਨੇ ਇੱਕ ਯੁੱਗ ਦਾ ਅੰਤ ਕਰਕੇ ਦੂਸਰੇ ਯੁੱਗ ਦੀ ਸ਼ੁਰੂਆਤ ਕੀਤਾ। ਇਸਨੇ ਮੱਧਯੁਗੀ ਨਿਰੰਕੁਸ਼ ਜਾਂ ਮਨਮੰਨੇ ਸ਼ਾਸਨ ਦੀ ਥਾਂ 'ਤੇ ਸੰਵਿਧਾਨ ਲੋਕਤੰਤਰੀ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਦੇ ਨਾਲ ਆਧੁਨਿਕ ਯੁੱਗ ਦੀ ਸ਼ੁਰੂਆਤ ਦੀ ਸੂਚਨਾ ਦਿੱਤੀ। ਫਰਾਂਸੀਸੀ ਕ੍ਰਾਂਤੀ ਦੇ ਤਿੰਨ ਆਦਰਸ਼- ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ (Liberty, Equality and Fratenity) ਬਹੁਤ ਲੋਕਪ੍ਰਿਯ ਹੋਏ ਅਤੇ ਇਹ ਸਿਧਾਂਤ ਅਗਾਮੀ ਕ੍ਰਾਂਤੀਆਂ ਲਈ ਰਾਹ ਦਸੇਰੇ ਬਣੇ। ਫਰਾਂਸੀਸੀ ਕ੍ਰਾਂਤੀ ਦੇ ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪ੍ਰਭਾਵਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ–

**ਰਾਜਨੀਤਿਕ ਪ੍ਰਭਾਵ:** ਫਰਾਂਸੀਸੀ ਕ੍ਰਾਂਤੀ ਨੇ ਪੁਰਾਤਨ ਰਾਜਨੀਤਿਕ ਪ੍ਰਣਾਲੀ ਦਾ ਅੰਤ ਕਰ ਦਿੱਤਾ ਜਿਸ ਵਿਚ ਰਾਜਾ ਖੁਦ ਨੂੰ ਦੇਵੀ ਅਧਿਕਾਰਾਂ ਨਾਲ ਯੁਕਤ ਅਤੇ ਉਸਦੇ ਕਿਰਪਾ ਪਾਤਰ ਸਹਾਇਕ ਸਾਮੰਤ ਆਦਿ ਵਿਸ਼ੇਸ਼ ਅਧਿਕਾਰਾਂ ਨਾਲ ਯੁਕਤ ਸਮਝ ਕੇ ਆਮ ਜਨਤਾ 'ਤੇ ਰਾਜ ਕਰਦੇ ਸਨ। ਉੱਚ ਵਰਗ ਜਾਂ ਰਾਜਾ, ਪਾਦਰੀ ਅਤੇ ਸਾਮੰਤ ਸ਼ੋਸ਼ਣ ਕਰਦੇ ਸਨ ਅਤੇ ਆਮ ਪਰਜਾ ਸ਼ੋਸ਼ਿਤ ਅਤੇ ਪੀੜਤ ਰਹਿਣ ਲਈ ਮਜ਼ਬੂਰ ਸੀ। ਕ੍ਰਾਂਤੀ ਨੇ ਇਸ ਸਿਧਾਂਤ ਨੂੰ ਭਲੀਭਾਂਤ ਉਜਾਗਰ ਕਰ ਦਿੱਤਾ ਕਿ ਸਰਵਉੱਚ ਸੱਤਾ ਦਾ ਸਮੁੱਚਾ ਅਧਿਕਾਰ ਜਨਤਾ ਕੋਲ ਹੈ। ਇਸੇ ਤਰ੍ਹਾਂ ਫਰਾਂਸੀਸੀ ਕ੍ਰਾਂਤੀ ਨੇ ਯੂਰਪ ਵਿਚ ਪਹਿਲੀ ਵਾਰ ਲਿਖਤੀ ਸੰਵਿਧਾਨ ਦੇ ਆਧਾਰ 'ਤੇ ਜਨ ਪ੍ਰਤੀਨਿਧਾਂ ਦੀ ਸਮਾਂਬੱਧ ਚੋਣ ਅਤੇ ਚੁਣੇ ਮੈਂਬਰਾਂ ਵੱਲੋਂ ਹੀ ਸ਼ਾਸਨ ਕਰਨ ਦੀ ਪ੍ਰਣਾਲੀ ਸ਼ੁਰੂ ਕੀਤੀ। ਸੰਵਿਧਾਨ ਨੇ ਮਨੁੱਖ ਅਧਿਕਾਰਾਂ ਦਾ ਐਲਾਨ ਕਰਨ ਦਾ ਸਿਹਰਾ ਵੀ ਫਰਾਂਸ ਦੀ ਸੂਬਾ ਕ੍ਰਾਂਤੀ ਨੂੰ ਹੀ ਦਿੱਤਾ ਹੈ। ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਫਰਾਂਸੀਸੀ ਕ੍ਰਾਂਤੀ ਕਾਰਨ ਹੀ ਫਰਾਂਸ ਦੀ ਸ਼ਾਸਨ ਵਿਵਸਥਾ ਵਿਚ ਸਮਾਨਤਾ ਅਤੇ ਇੱਕਰੂਪਤਾ ਸਥਾਪਤ ਹੋਈ। ਸਮੁੱਚੇ ਦੇਸ਼ ਵਿਚ ਇੱਕ ਹੀ ਕਾਨੂੰਨ ਅਤੇ ਨਿਆਂ ਪ੍ਰਣਾਲੀ ਦੀ ਸਥਾਪਨਾ ਵੀ ਕ੍ਰਾਂਤੀ ਕਾਰਨ ਹੀ ਹੋਈ।

**ਧਾਰਮਿਕ ਪ੍ਰਭਾਵ–ਧਰਮ ਨਿਰਪੱਖ ਸੂਬੇ ਦੀ ਸ਼ੁਰੂਆਤ:** ਧਰਮ ਦੇ ਖੇਤਰ ਵਿਚ ਕ੍ਰਾਂਤੀ ਪੈਦਾ ਕਰਨਾ ਫਰਾਂਸੀਸੀ ਕ੍ਰਾਂਤੀ ਦੀ ਇੱਕ ਮਹੱਤਵਪੂਰਨ ਘਟਨਾ ਹੈ। ਮੱਧਯੁੱਗ ਵਿਚ ਧਰਮ ਦੇ ਨਾਂਅ 'ਤੇ ਸ਼ੋਸ਼ਣ ਅਤੇ ਅੱਤਿਆਚਾਰਾਂ ਦਾ ਜੋ ਸਿਲਸਿਲਾ ਸ਼ਤਾਬਦੀਆਂ ਤੋਂ ਚੱਲਿਆ ਆ ਰਿਹਾ ਸੀ, ਉਸਨੂੰ ਫਰਾਂਸੀਸੀ ਕ੍ਰਾਂਤੀ ਨੇ ਇੱਕ ਹੀ ਝਟਕੇ ਵਿਚ ਸਮਾਪਤ ਕਰ ਦਿੱਤਾ। ਕ੍ਰਾਂਤੀ ਦੌਰਾਨ ਫਰਾਂਸ ਦੇ ਕੈਥੋਲਿਕ ਚਰਚਾਂ ਦੀ ਜਾਇਦਾਦ ਅਤੇ ਸੱਤਾ ਨਸ਼ਟ ਕਰ ਦਿੱਤੀ ਗਈ। ਚਰਚ ਦੀ ਸਮੁੱਚੀ ਜ਼ਮੀਨ ਸਰਕਾਰ ਦੇ ਅਧਿਕਾਰ ਵਿਚ ਕਰ ਦਿੱਤੀ ਗਈ ਅਤੇ ਪਾਦਰੀਆਂ ਲਈ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ। ਪਾਦਰੀਆਂ ਨੂੰ ਹੁਣ ਸਰਕਾਰੀ ਕਰਮਚਾਰੀਆਂ ਬਰਾਬਰ ਤਨਖ਼ਾਹ ਦਿੱਤੀ ਜਾਣ ਲੱਗੀ। ਕ੍ਰਾਂਤੀ ਦੇ ਨਤੀਜੇ ਵਜੋਂ ਹੀ ਫਰਾਂਸ ਅਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਧਾਰਮਿਕ ਆਜ਼ਾਦੀ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਹੋਈ। ਸਭ ਤੋਂ ਪਹਿਲਾਂ ਫਰਾਂਸ ਵਿਚ ਹੀ ਇਸ ਸਿਧਾਂਤ ਨੂੰ ਮਾਨਤਾ ਮਿਲੀ ਕਿ ਸੂਬੇ ਨਾਲ ਚਰਚ ਦਾ ਕੋਈ ਸੰਬੰਧ ਨਹੀਂ ਹੈ ਅਤੇ ਚਰਚ ਨੂੰ ਸੂਬੇ ਦੇ ਖੇਤਰ ਵਿਚ ਕਿਸੇ ਤਰ੍ਹਾਂ ਦੀ ਦਖ਼ਲਅੰਦਾਜੀ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਫਰਾਂਸ ਦੀ ਸੂਬਾ ਕ੍ਰਾਂਤੀ ਨੇ ਧਰਮ ਨਿਰਪੱਖ ਸੂਬੇ ਦੀ ਸਥਾਪਨਾ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ।

**ਸਮਾਜਿਕ ਪ੍ਰਭਾਵ–ਵਿਅਕਤੀ ਦੀ ਮਹੱਤਤਾ ਸਥਾਪਤ:** ਫਰਾਂਸ ਦੀ ਕ੍ਰਾਂਤੀ ਨੇ ਫਰਾਂਸ ਅਤੇ ਯੂਰਪੀ ਦੇਸ਼ਾਂ ਵਿਚ ਸਾਮਾਜਿਕ ਮੁੜਗਠਨ ਦੀ ਪਿੱਠਭੂਮੀ ਤਿਆਰ ਕਰ ਦਿੱਤੀ। ਹੁਣ ਸਾਮੰਤ ਪ੍ਰਣਾਲੀ ਅਤੇ ਦਾਸ ਵਿਵਸਥਾ ਦਾ ਅੰਤ ਹੋਇਆ ਅਤੇ ਹਰੇਕ ਵਿਅਕਤੀ ਨੂੰ ਬਰਾਬਰ ਮਹੱਤਵ ਮਿਲਣ ਦੀ ਪਰੰਪਰਾ ਸਥਾਪਤ ਹੋਈ। ਸਾਰੇ ਦੇਸ਼ਵਾਸੀਆਂ ਨੂੰ ਸਮਾਨ ਨਾਗਰਿਕ ਅਧਿਕਾਰ ਪ੍ਰਦਾਨ ਕੀਤੇ ਗਏ। ਕਿਸਾਨ ਵਰਗ ਲਈ ਤਾਂ ਫਰਾਂਸ ਦੀ ਕ੍ਰਾਂਤੀ ਇੱਕ ਵਰਦਾਨ ਸਾਬਤ ਹੋਈ। ਉਸਨੂੰ ਹੁਣ ਜਿਮੀਂਦਾਰਾਂ ਦੇ ਸ਼ੋਸ਼ਣ, ਅੱਤਿਆਚਾਰ ਅਤੇ ਮਜ਼ਦੂਰੀ ਤੋਂ ਮੁਕਤੀ ਮਿਲ ਗਈ। ਸਾਮੰਤੀ ਵਿਵਸਥਾ ਦੇ ਪਤਨ ਕਾਰਨ ਸਾਮੰਤਾਂ ਦੀ ਜ਼ਮੀਨ ਕਿਸਾਨਾਂ ਨੂੰ ਮੁਹੱਈਆ ਕਰਵਾਈ ਗਈ, ਜਿਸ ਨੂੰ ਸਖ਼ਤ ਮਿਹਨਤ ਨਾਲ ਕਿਸਾਨਾਂ ਨੇ ਖੇਤੀ ਲਈ ਤਿਆਰ ਕੀਤਾ। ਫਰਾਂਸ ਦੀ ਕ੍ਰਾਂਤੀ ਨੇ ਸਾਮਾਜਿਕ ਭੇਦਭਾਵ ਅਤੇ ਉਚ-ਨੀਚ ਦੀ ਭਾਵਨਾ ਦਾ ਅੰਤ ਕਰ ਦਿੱਤਾ। ਸਾਧਾਰਨ ਸ਼੍ਰੇਣੀ ਦੇ ਲੋਕ ਉੱਚ ਸ਼੍ਰੇਣੀ ਦੇ ਆਤੰਕ ਅਤੇ ਡਰ ਤੋਂ ਮੁਕਤ ਹੋ ਕੇ ਸੁਤੰਤਰਤਾਪੂਰਨ ਰਹਿ ਸਕਦੇ ਸਨ। ਇਸ ਤਰ੍ਹਾਂ ਕ੍ਰਾਂਤੀ ਨੇ ਸਾਮਾਜਿਕ ਭੇਦਭਾਵ ਦਾ ਅੰਤ ਕਰਕੇ ਵਿਅਕਤੀ-ਸੁਤੰਤਰਤਾ ਦੇ ਸਿਧਾਂਤ ਨੂੰ ਵਿਆਪਕ ਰੂਪ ਨਾਲ ਲੋਕਪ੍ਰਿਯ ਬਣਾ ਦਿੱਤਾ। ਕ੍ਰਾਂਤੀਕਾਰੀ ਹੋਰ ਦੇਸ਼ਾਂ ਦੀ ਪੀੜਤ ਜਨਤਾ ਨੂੰ ਆਪਣਾ ਭੈਣ-ਭਰਾ ਸਮਝਦੇ ਸਨ। ਇਸ ਤਰ੍ਹਾਂ ਉਨ੍ਹਾਂ ਨੇ ਵਿਸ਼ਵ-ਭਾਈਚਾਰੇ ਦਾ ਨਾਅਰਾ ਦੇ ਕੇ ਕਾਰਲ ਮਾਰਕਸ ਦੇ ਸਾਮਵਾਦ ਦੇ ਰਾਹ ਨੂੰ ਰੌਸ਼ਨ ਕੀਤਾ।

**ਯੂਰਪ ਵਿਚ ਪ੍ਰਤੀਕਿਰਿਆਵਾਦ ਦਾ ਯੁੱਗ:** ਯੂਰਪ ਦੇ ਅਨੇਕਾਂ ਵਰਗ ਦੇ ਲੋਕਾਂ 'ਤੇ ਕ੍ਰਾਂਤੀ ਦੀ ਪ੍ਰਤੀਕੂਲ ਪ੍ਰਤੀਕਿਰਿਆ ਵੀ ਹੋਈ ਜਿਸ ਕਾਰਨ ਪ੍ਰਤੀਕਿਰਿਆਵਾਦ ਦਾ ਯੁੱਗ 1815 ਈ. ਤੋਂ ਸ਼ੁਰੂ ਹੋਇਆ। ਕ੍ਰਾਂਤੀ ਤੋਂ ਬਾਅਦ ਯੂਰਪ ਦੇ ਸ਼ਾਸਕ ਪ੍ਰਤੀਕਿਰਿਆਵਾਦੀ ਅਰਥਾਤ ਕ੍ਰਾਂਤੀ ਦੇ ਵਿਰੋਧੀ ਬਣ ਗਏ। ਹੋਰ ਯੂਰਪੀ ਦੇਸ਼ਾਂ ਵਿਚ ਇਹ ਡਰ ਪੈਦਾ ਹੋਣਾ ਸੁਭਾਵਿਕ ਹੀ ਸੀ ਕਿ ਕਿਤੇ ਕ੍ਰਾਂਤੀ ਦਾ ਅਸਰ ਉਨ੍ਹਾਂ ਦੀ ਰਾਜ ਸੱਤਾ ਲਈ ਖ਼ਤਰਾ ਹੀ ਨਾ ਬਣ ਜਾਵੇ। ਇਸ ਲਈ ਨੈਪੋਲੀਅਨ ਦੇ ਪਤਨ ਤੋਂ ਬਾਅਦ ਯੂਰਪ ਦੇ ਸ਼ਾਸਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਚ 'ਤੇ ਹਰੇਕ ਨਿਰਣਾ ਕ੍ਰਾਂਤੀ ਦੇ ਡਰ ਨੂੰ ਧਿਆਨ ਵਿਚ ਰੱਖ ਕੇ ਕਰਨ ਲੱਗੇ। ਵੀਅਨਾ ਕਾਂਗਰਸ (1814 ਈ.) ਦੇ ਸਾਰੇ ਨਿਰਣੇ ਕ੍ਰਾਂਤੀ ਦੇ ਵਿਸਫੋਟ ਨੂੰ ਫਿਰ ਤੋਂ ਰੋਕਣ ਲਈ ਕੀਤੇ ਗਏ ਸਨ। 1815 ਤੋਂ 1848 ਈ. ਦੇ ਯੂਰਪ ਦਾ ਇਤਿਹਾਸ ਪ੍ਰਤੀਕਿਰਿਆਵਾਦ ਦੇ ਯੁੱਗ ਦੇ ਨਾਂਅ ਨਾਲ ਪ੍ਰਸਿੱਧ ਹੈ, ਜਿਸ ਦਾ ਜਨਮਦਾਤਾ ਅਤੇ ਸੂਤਰਧਾਰ ਆਸਟ੍ਰੀਆ ਦਾ ਚਾਂਸਲਰ ਮੇਟਰਨਿਖ ਸੀ।

**ਨੋਟ**

ਫਰਾਂਸ ਦੀ ਕ੍ਰਾਂਤੀ ਦੇ ਅਸਰ ਦੀ ਵਿਆਪਕਤਾ ਅਤੇ ਉਸਦੇ ਦੂਰਗਾਮੀ ਪ੍ਰਭਾਵ ਬਾਰੇ ਇਤਿਹਾਸਕਾਰਾਂ ਵਿਚ ਮੱਤਭੇਦ ਹੋ ਸਕਦਾ ਹੈ, ਪਰ ਇਹ ਸੱਚ ਹੈ ਕਿ 1917 ਈ. ਦੀ ਰੂਸੀ ਕ੍ਰਾਂਤੀ ਤੋਂ ਪਹਿਲਾਂ ਯੂਰਪ ਵਿਚ ਘਟੀਆਂ ਅਨੇਕਾਂ ਘਟਨਾਵਾਂ ਜਿਵੇਂ ਇਟਲੀ ਅਤੇ ਜਰਮਨੀ ਦੇ ਏਕੀਕਰਨ, ਪੂਰਬੀ ਯੂਰਪੀ ਦੇਸ਼ਾਂ ਵਿਚ ਸੁਤੰਤਰਤਾ ਅੰਦੋਲਨ ਅਤੇ 1830 ਈ. ਦੀ ਯੂਰਪੀ ਕ੍ਰਾਂਤੀ 'ਤੇ ਫਰਾਂਸ ਦੀ ਕ੍ਰਾਂਤੀ ਦਾ ਸਪੱਸ਼ਟ ਅਸਰ ਦਿਸਦਾ ਹੈ। ਇਹ ਤੱਥ ਨਿਰਵਿਵਾਦ ਹੈ ਕਿ ਕ੍ਰਾਂਤੀ ਤੋਂ ਬਾਅਦ ਯੂਰਪ ਅਤੇ ਖਾਸ ਕਰਕੇ ਫਰਾਂਸ ਉਹ ਨਹੀਂ ਰਿਹਾ ਜੋ ਪਹਿਲਾਂ ਸੀ। ਇਹ ਕ੍ਰਾਂਤੀ ਇੱਕ ਯੁੱਗ ਬਦਲਾਊ ਘਟਨਾ ਸੀ।

## 23.3 ਸਾਰਾਂਸ਼ (Summary)

ਕ੍ਰਾਂਤੀ ਦੀ ਇੱਕ ਮਹੱਤਵਪੂਰਨ ਉਪਲੱਬਧੀ ਹੈ- ਫਰਾਂਸੀਸੀਆਂ ਵਿਚ ਰਾਸ਼ਟਰਵਾਦ ਦੀ ਚੇਤਨਾ ਦਾ ਆਗਾਜ਼। ਇਤਿਹਾਸਕਾਰ ਗੁਚ ਦੇ ਸ਼ਬਦਾਂ ਵਿਚ- "ਰਾਸ਼ਟਰਵਾਦ ਫਰਾਂਸੀਸੀ ਕ੍ਰਾਂਤੀ ਦੀ ਔਲਾਦ ਹੈ।" ਇਸੇ ਰਾਸ਼ਟਰਵਾਦੀ ਭਾਵਨਾ ਕਾਰਨ ਕਨਵੈਨਸ਼ਨ ਦੇ ਸ਼ਾਸਨਕਾਲ ਵਿਚ ਅਤੇ ਬਾਅਦ ਵਿਚ ਨੈਪੋਲੀਅਨ ਦੇ ਕਾਲ ਵਿਚ ਦੂਜੇ ਦੇਸ਼ ਨਾਲ ਯੁੱਧ ਕਰਨ ਅਤੇ ਜਿੱਤਣ ਦਾ ਜੋਸ਼ ਅਤੇ ਉਤਸ਼ਾਹ ਫਰਾਂਸ ਦੇ ਲੋਕਾਂ ਵਿਚ ਪੈਦਾ ਦੇਸ਼ ਪ੍ਰੇਮ ਅਤੇ ਬਲਿਦਾਨ ਦੀ ਭਾਵਨਾ ਨਾਲ ਹੋਰ ਦੇਸ਼ ਵੀ ਪ੍ਰਭਾਵਿਤ ਅਤੇ ਪ੍ਰੇਰਿਤ ਹੋਣ ਲੱਗੇ। ਅੱਗੇ ਚੱਲ ਕੇ 1815 ਈ. ਵਿਚ ਹੋਰ ਦੇਸ਼ਾਂ ਵੱਲੋਂ ਨੈਪੋਲੀਅਨ ਨੂੰ ਹਰਾਉਣ ਵਿਚ ਰਾਸ਼ਟਰ ਪ੍ਰੇਮ ਦੀ ਇਸੇ ਭਾਵਨਾ ਨੇ ਮਹੱਤਵਪੂਰਨ ਯੋਗਦਾਨ ਦਿੱਤਾ। ਇੰਨਾ ਹੀ ਨਹੀਂ ਰਾਸ਼ਟਰੀਅਤਾ ਦਾ ਭਾਵਨਾ ਮਨੁੱਖ ਮਾਤਰ ਲਈ ਇੱਕ ਸਥਾਈ ਤੱਤ ਬਣ ਗਿਆ। ਅਨੇਕਾਂ ਦੇਸ਼ਾਂ ਵਿਚ ਰਾਸ਼ਟਰੀ ਸੂਬੇ (National State) ਦੀ ਸਥਾਪਨਾ ਦੇ ਅੰਦੋਲਨਾਂ ਵਿਚ ਲੋਕਾਂ ਨੂੰ ਇਸ ਭਾਵਨਾ ਨੇ ਨਵੀਂ ਚੁਸਤੀ-ਫੁਰਸਤੀ ਪ੍ਰਾਪਤ ਹੋਈ।

## 23.4 ਸ਼ਬਦਕੋਸ਼ (Keywords)

1. **ਸੁਤੰਤਰਤਾ (Liberty)–** ਅਜ਼ਾਦੀ।
2. **ਸਮਾਨਤਾ (Equality)–** ਬਰਾਬਰੀ।
3. **ਭਾਈਚਾਰਾ (Fraternity)–** ਭਾਈਚਾਰਾ।

## 23.5 ਅਭਿਆਸ ਪ੍ਰਸ਼ਨ (Review Questions)

1. ਫਰਾਂਸ ਦੀ ਰਾਜਕ੍ਰਾਂਤੀ ਦੇ ਕਾਰਨ ਦੱਸੋ।
2. ਜਿਨ੍ਹਾਂ ਵਿਚਾਰਕਾਂ ਦੇ ਲੇਖਨ ਦਾ ਅਸਰ ਫਰਾਂਸ ਦੀ ਕ੍ਰਾਂਤੀ 'ਤੇ ਸਭ ਤੋਂ ਜ਼ਿਆਦਾ ਪਿਆ, ਉਨ੍ਹਾਂ ਦਾ ਵਰਣਨ ਕਰੋ।
3. ਫਰਾਂਸ ਵਿਚ ਹੀ ਕ੍ਰਾਂਤੀ ਕਿਉਂ ਹੋਈ ? ਸਪੱਸ਼ਟ ਕਰੋ।
4. 'ਫਰਾਂਸ ਵਿਚ ਵਿਵਸਥਾਪਿਕਾ ਸਭਾ ਦਾ ਸ਼ਾਸਨ' 'ਤੇ ਟਿੱਪਣੀ ਲਿਖੋ।

### ਉੱਤਰ : ਸਵ-ਮੁਲਾਂਕਣ (Answer: Self Assessment)

| | |
|---|---|
| 1. ਮੇਰੀ ਆਂਤਵਾਨੇਤ | 2. ਚਰਚ |
| 3. ਕਿਸਾਨਾਂ ਅਤੇ ਮਜ਼ਦੂਰਾਂ | 4. (ਅ) 1789 ਈ. |
| 5. (ੳ) ਅਠਾਰਵੀਂ ਸਦੀ | 6. (ੲ) ਰੂਸੋ |

## 23.6 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ- ਐਮ.ਐਸ.ਤਿਆਗੀ, ਰਜਨੀ ਤਿਆਗੀ- ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਰਾਜੇਸ਼ ਕੁਮਾਰ- ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਧਨਪਤੀ ਪਾਂਡੇ- ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਦੀਨਾਨਾਥ ਵਰਮਾ- ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ - ਡਾ. ਵਿਪਿਨ ਬਿਹਾਰੀ ਸਿਨਹਾ - ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ - ਔਰਿਐਂਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ- ਮਾਨਿਕ ਲਾਲ ਗੁਪਤ - ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-24: ਰਾਜਨੀਤਕ ਕ੍ਰਾਂਤੀ : ਰੂਸ
# (The Political Revolution : Russia)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਪ੍ਰਸਤਾਵਨਾ (Introduction)

24.1 ਰੂਸੀ ਕ੍ਰਾਂਤੀ ਦੇ ਕਾਰਨ (Causes of the Russian Revolution)

24.2 ਮਾਰਚ, 1917 ਦੀ ਕ੍ਰਾਂਤੀ (Revolution of March, 1917)

24.3 ਬੋਲਸ਼ੇਵਿਕ ਕ੍ਰਾਂਤੀ, ਨਵੰਬਰ, 1917 (Bolshevik Revolution, November, 1917)

24.4 ਬੋਲਸ਼ੇਵਿਕ ਸਰਕਾਰ ਦੇ ਸਾਹਮਣੇ ਚੁਣੌਤੀਆਂ (Challenges Before Bolshevik Govt.)

24.5 ਰੂਸੀ ਕ੍ਰਾਂਤੀ ਦੇ ਨਤੀਜ਼ੇ ਅਤੇ ਉਸਦਾ ਵਿਸ਼ਵ-ਇਤਿਹਾਸ ਵਿਚ ਸਥਾਨ ਅਤੇ ਮਹੱਤਵ (The Consequences of Russian Revolution and Its Place and Significance in World History)

24.6 ਸਾਰਾਂਸ਼ (Summary)

24.7 ਸ਼ਬਦਕੋਸ਼ (Keywords)

24.8 ਅਭਿਆਸ ਪ੍ਰਸ਼ਨ (Review Questions)

24.9 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਰੂਸ ਦੀ ਕ੍ਰਾਂਤੀ ਦੇ ਕਾਰਨ ਜਾਣਨ ਵਿਚ।
- ਬੋਲਸ਼ੇਵਿਕ ਕ੍ਰਾਂਤੀ ਨੂੰ ਜਾਣਨ ਵਿਚ।
- ਰੂਸੀ ਕ੍ਰਾਂਤੀ ਦੇ ਨਤੀਜ਼ੇ ਅਤੇ ਵਿਸ਼ਵ ਇਤਿਹਾਸ ਵਿਚ ਉਸਦਾ ਸਥਾਲ ਜਾਣਨ ਵਿਚ।

## ਪ੍ਰਸਤਾਵਨਾ (Introduction)

ਸੰਨ 1917 ਦੀ ਰੂਸੀ ਕ੍ਰਾਂਤੀ 1789 ਦੀ ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਵਿਸ਼ਵ ਇਤਿਹਾਸ ਦੀ ਸਭ ਤੋਂ ਮਹੱਤਵਪੂਰਨ ਘਟਨਾ ਸੀ। ਇਹ ਆਪਣੇ ਢੰਗ ਦੀ ਇੱਕ ਵਿਲੱਖਣ ਅਤੇ ਸਥਾਈ ਕ੍ਰਾਂਤੀ ਸਾਬਤ ਹੋਈ ਜਿਸਨੇ ਰੂਸੀ ਜਨਤਾ ਦੇ ਜੀਵਨ ਦੇ ਸਾਰੇ ਅੰਗਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਨਾਲ ਜੋ ਵਿਚਾਰ ਪੈਦਾ ਹੋਏ ਉਹ ਸੰਸਾਰ ਭਰ ਵਿਚ ਫੈਲ ਗਏ। ਜਦੋਂ ਕਿ ਇਹ ਕ੍ਰਾਂਤੀ ਉਦੋਂ ਹੋਈ ਜਦੋਂ ਰੂਸੀ ਜਨਤਾ ਜਰਮਨੀ ਦੇ ਹੱਥੋਂ ਸ਼ਰਮਨਾਕ ਢੰਗ ਨਾਲ ਹਾਰ ਰਹੀ ਸੀ, ਪਰ ਫਿਰ ਵੀ ਇਸਨੂੰ ਰੂਸ ਦੀ ਮਾਤਰ ਫੌਜੀ ਹਾਰ ਦਾ ਨਤੀਜ਼ਾ ਕਹਿਣਾ ਭੁੱਲ ਹੋਵੇਗੀ। ਹਾਰ ਨੇ ਕ੍ਰਾਂਤੀ ਦੀ ਸਿਰਫ਼ ਉਸ ਪ੍ਰਕਿਰਿਆ ਨੂੰ ਜ਼ਿਆਦਾ ਤੇਜ਼ ਬਣਾ ਦਿੱਤਾ ਜੋ ਬੀਤੀਆਂ ਕਈ ਸ਼ਤਾਬਦੀਆਂ ਤੋਂ ਰੂਸ ਦੀ ਨਿਰੰਕੁਸ਼ ਜਾਰਸ਼ਾਹੀ ਵਿਵਸਥਾ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀ ਸੀ। ਕ੍ਰਾਂਤੀ ਦੇ ਲੱਛਣ ਤਾਂ 1905 ਈ. ਵਿਚ ਹੀ ਪ੍ਰਕਟ ਹੋ ਗਏ ਸਨ ਪਰ ਉਸ ਸਮੇਂ ਤਾਂ ਜਾਰਸ਼ਾਹੀ ਨੇ ਉਸਨੂੰ ਦਬਾ ਦਿੱਤਾ। ਜਾਰ ਨਿਕੋਲਸ ਦੂਜੇ ਨੇ ਸ਼ਾਸਨ ਸੁਧਾਰਾਂ ਦਾ ਐਲਾਨ ਕਰਕੇ ਅਤੇ ਰਾਸ਼ਟਰੀ ਸੰਸਦ ਡਿਊਮਾ (Duma) ਦੀ ਸਥਾਪਨਾ ਦਾ ਵਚਨ ਦੇ ਕੇ ਜਨਤਾ ਦੇ ਗੁੱਸੇ ਨੂੰ ਸ਼ਾਂਤ ਕਰ ਦਿੱਤਾ ਪਰ ਜਾਰ ਨੇ ਮੁੜ ਪ੍ਰਤੀਕਿਰਿਆਵਾਦੀ ਰੂਪ ਧਾਰਨ ਕਰ ਲਿਆ। ਕਾਨੂੰਨੀ ਸ਼ਾਸਨ ਨੂੰ ਠੁਕਰਾ ਦਿੱਤਾ ਗਿਆ ਜਿਸ ਦੇ ਨਤੀਜ਼ੇ ਵਜੋਂ ਜਨਤਾ ਵਿਚ ਕ੍ਰਾਂਤੀ ਦੀ ਧੂਣੀ ਅੰਦਰ ਹੀ ਅੰਦਰ ਧੁਖਦੀ ਗਈ ਅਤੇ ਆਖਰ 1917 ਦੀ ਉਹ ਮਹਾਨ ਬੋਲਸ਼ੇਵਿਕ ਕ੍ਰਾਂਤੀ ਹੋ ਕੇ ਰਹੀ ਜਿਸਨੇ ਰੂਸ ਦੀ ਕਾਇਆ ਪਲਟ ਦਿੱਤੀ ਅਤੇ ਜਾਰਸ਼ਾਹੀ ਨੂੰ ਸਦਾ ਲਈ ਦਫ਼ਨਾ ਕੇ ਰੂਸ ਨੂੰ ਇੱਕ ਸਾਮਵਾਦੀ ਦੇਸ਼ ਬਣਾ ਦਿੱਤਾ।

**ਨੋਟ**

## 24.1 ਰੂਸੀ ਕ੍ਰਾਂਤੀ ਦੇ ਕਾਰਨ (Causes of the Russian Revolution)

ਸੰਨ 1917 ਦੀ ਰੂਸੀ ਕ੍ਰਾਂਤੀ ਦੇ ਕਾਰਨ ਕੁਝ ਦੀਰਘਕਾਲੀ ਅਤੇ ਤੱਤਕਾਲੀ ਸਨ। ਹੋਰ ਕ੍ਰਾਂਤੀਆਂ ਵਾਂਗ ਇਹ ਵੀ ਕ੍ਰਾਂਤੀ ਆਪਣੇ ਪਿੱਛੇ ਇੱਕ ਲੰਮਾ ਇਤਿਹਾਸ ਲਏ ਹੋਏ ਸੀ ਅਤੇ ਕੁਝ ਤੱਤਕਾਲੀ ਹਾਲਾਤਾਂ ਨੇ ਉਸ ਲੰਮੇ ਇਤਿਹਾਸ ਦੇ ਅੰਦਰ ਸੁਲਗਦੇ ਜਵਾਲਾਮੁਖੀ ਦਾ ਇੱਕਦਮ ਵਿਸਫੋਟ ਕਰ ਦਿੱਤਾ। ਕ੍ਰਾਂਤੀ ਦੇ ਦੀਰਘਕਾਲੀ ਅਤੇ ਤੱਤਕਾਲੀ ਕਾਰਨ ਹੇਠ ਲਿਖੇ ਸਨ–

1. **ਜਾਰਸ਼ਾਹੀ ਦੀ ਨਿਰੰਕੁਸ਼ਤਾ:** ਰੂਸ ਵਿਚ ਸਦੀਆਂ ਤੋਂ ਨਿਰੰਕੁਸ਼ ਜਾਰਾਂ ਦਾ ਸ਼ਾਸਨ ਚਲਦਾ ਆ ਰਿਹਾ ਸੀ। ਰੂਸ ਦੇ ਜਾਰ ਮਨਮਰਜ਼ੀ ਦਾ ਸ਼ਾਸਨ ਅਤੇ ਦੈਵੀ ਅਧਿਕਾਰ ਦੇ ਸਿਧਾਂਤ ਦੇ ਸਮੱਰਥਕ ਸਨ। ਜਾਰ ਅਲੈਕਜੈਂਡਰ ਪਹਿਲੇ ਨੇ ਸ਼ੁਰੂ ਵਿਚ ਕੁਝ ਉਦਾਰ ਨੀਤੀ ਅਪਣਾਉਣ ਤੋਂ ਬਾਅਦ ਮੁੜ ਪ੍ਰਤੀਕਿਰਿਆਵਾਦੀ ਨੀਤੀ ਅਪਣਾ ਲਈ। ਉਸ ਤੋਂ ਬਾਅਦ ਨਿਕੋਲਸ ਪਹਿਲੇ ਨੇ ਪੂਰੀ ਤਰ੍ਹਾਂ ਪ੍ਰਤੀਕਿਰਿਆਵਾਦੀ ਅਤੇ ਦਮਨਕਾਰੀ ਨੀਤੀ ਦਾ ਅਨੁਸਰਨ ਕੀਤਾ। ਉਸਦੇ ਉੱਤਰਾਧਿਕਾਰੀ ਜਾਰ ਅਲੈਕਜੈਂਡਰ ਦੂਜੇ (1855–81) ਨੇ ਜ਼ਰੂਰ ਹੀ ਆਪਣੇ ਸ਼ਾਸਨਕਾਲ ਦੇ ਸ਼ੁਰੂ ਵਿਚ ਸਥਾਨਕ ਸ਼ਾਸਨ ਦੀ ਸਥਾਪਨਾ ਕੀਤੀ: ਨਿਆਂ ਪ੍ਰਣਾਲੀ ਵਿਚ ਸੁਧਾਰ ਕੀਤਾ ਅਤੇ ਜਨਤਾ ਪ੍ਰਤੀ ਕੁਝ ਉਦਾਰ ਨੀਤੀ ਅਪਣਾਈ: ਪਰ ਜਦੋਂ ਸੁਧਾਰਾਂ ਦੇ ਵਿਰੁੱਧ ਸਾਮੰਤਾਂ ਅਤੇ ਜਮੀਂਦਾਰਾਂ ਦੀ ਤੇਜ਼ ਪ੍ਰਤੀਕਿਰਿਆ ਹੋਈ ਅਤੇ ਨਾਲ ਹੀ ਦੇਸ਼ ਵਿਚ ਸੰਵਿਧਾਨਕ ਸ਼ਾਸਨ ਦੀ ਮੰਗ ਜ਼ਿਆਦਾ ਜ਼ੋਰ ਫੜਨ ਲੱਗੀ ਤਾਂ ਅਲੈਕਜੈਂਡਰ ਦੂਜਾ ਵੀ ਮੁੜ ਨਿਰੰਕੁਸ਼ ਅਤੇ ਕਠੋਰ ਬਣ ਗਿਆ। ਜਨਤਾ ਵਿਚ ਸੰਵਿਧਾਨਕ ਸ਼ਾਸਨ ਦੀ ਜੋ ਆਸ ਪੈਦਾ ਹੋਈ ਸੀ ਉਹ ਨਿਰਾਸ਼ਾ ਵਿਚ ਬਦਲ ਗਈ ਅਤੇ ਸਰਕਾਰ ਦੇ ਵਿਰੋਧ ਵਿਚ 'ਨਿਹੀਲਿਸਟ ਅੰਦੋਲਨ' ਉੱਠ ਖੜ੍ਹਾ ਹੋਇਆ। ਆਖਰ ਮਾਰਚ 1881 ਵਿਚ ਇੱਕ ਅੱਤਵਾਦੀ ਦੁਆਰਾ ਜਾਰ ਦੀ ਹੱਤਿਆ ਕਰ ਦਿੱਤੀ ਗਈ। ਉਸ ਤੋਂ ਬਾਅਦ ਅਲੈਕਜੈਂਡਰ ਦੂਜੇ ਦਾ ਪੁੱਤਰ ਅਲੈਕਜੈਂਡਰ ਤੀਜਾ ਗੱਦੀ 'ਤੇ ਬੈਠਿਆ ਜੋ ਨਿਰੰਕੁਸ਼ਤਾ ਵਿਚ ਆਪਣੇ ਪੂਰਵਜਾਂ ਤੋਂ ਦੋ ਕਦਮ ਅੱਗੇ ਵਧਿਆ ਹੋਇਆ ਸੀ। ਉਸਦਾ ਸੰਪੂਰਨ ਸ਼ਾਸਨਕਾਲ (1881–94) ਦਮਨ ਅਤੇ ਪ੍ਰਤੀਕਿਰਿਆਵਾਦੀ ਨੀਤੀ ਦਾ ਪ੍ਰਤੀਕ ਸੀ। ਉਸਨੇ ਸੁਧਾਰਾਂ ਦਾ ਜਨਾਜਾ ਕੱਢ ਦਿੱਤਾ ਅਤੇ ਉਦਾਰਵਾਦੀਆਂ ਪ੍ਰਤੀ ਘੋਰ ਦੁਸ਼ਮਣ ਨੀਤੀ ਅਪਣਾਈ। ਅੱਤਵਾਦੀ ਆਪਣੇ ਹੌਂਸਲਾ ਗੁਆ ਬੈਠੇ ਪਰ ਅੰਦਰ ਹੀ ਅੰਦਰ ਅਸੰਤੋਸ਼ ਤੀਬਰ ਹੁੰਦਾ ਗਿਆ। ਅਲੈਕਜੈਂਡਰ ਤੀਜੇ ਦੀ ਮੌਤ ਤੋ ਬਾਅਦ ਉਸਦਾ ਪੁੱਤਰ ਨਿਕੋਲਸ (1894–1917) ਤਾਂ ਰੂੜੀਵਾਦੀ ਦਾ ਅਵਤਾਰ ਹੀ ਸੀ। ਉਹ ਬਦਲਾਅ, ਉਦਾਰਵਾਦ ਅਤੇ ਸੁਧਾਰਾਂ ਦਾ ਕੱਟੜ ਵਿਰੋਧੀ ਸੀ ਅਤੇ ਉਸਨੇ ਨਾ ਸਿਰਫ਼ ਆਪਣੇ ਪਿਤਾ ਦੀ ਦਮਨ–ਨੀਤੀ ਨੂੰ ਜਾਰੀ ਰੱਖਿਆ, ਸਗੋਂ ਉਸ ਤੋਂ ਵੀ ਜ਼ਿਆਦਾ ਅੱਤਿਆਚਾਰ ਕੀਤੇ। ਉਹ ਆਪਣੀ ਰਾਣੀ ਦੇ ਬਹੁਤ ਪ੍ਰਭਾਵ ਵਿਚ ਸੀ ਜੋ ਖੁਦ ਰਾਸਪੁਟਿਨ (Rasputin) ਨਾਮੀ ਇੱਕ ਭ੍ਰਿਸ਼ਟ ਸਾਧੂ ਦੇ ਪ੍ਰਭਾਵ ਵਿਚ ਸੀ। ਨਿਕੋਲਸ ਦੂਜੇ ਨੇ ਗ੍ਰਹਿ ਮੰਤਰੀ ਪਲੇਹਵ (Pleheve) ਦੀ ਸਹਾਇਤਾ ਨਾਲ ਆਤੰਕ ਦਾ ਮਾਗਰ ਅਖ਼ਤਿਆਰ ਕੀਤਾ ਅਤੇ ਰੂਸ ਦੀ ਜਨਤਾ ਨੂੰ ਕੁਚਲ ਦਿੱਤਾ। ਨਿਕੋਲਸ ਦੇ ਦਮਨ ਨੇ ਜਨਤਾ ਦੇ ਅਸੰਤੋਸ਼ ਨੂੰ ਬੁਰੀ ਤਰ੍ਹਾਂ ਭੜਕਾ ਦਿੱਤਾ। ਪਰ ਜਦੋਂ ਵਿਦੇਸ਼ੀ ਨੀਤੀ ਦੇ ਖੇਤਰ ਵਿਚ ਵੀ ਨਿਕੋਲਸ ਅਸਫ਼ਲ ਰਿਹਾ ਅਤੇ ਰੂਸ ਨੂੰ ਜਾਪਾਨ ਦੇ ਹੱਥੋਂ ਬੇਇੱਜਤ ਹਾਰ ਸਹਿਣੀ ਪਈ ਤਾਂ 1905 ਦੀ ਕ੍ਰਾਂਤੀ ਹੋ ਗਈ। ਜਾਰ ਨੇ ਕਿਸੇ ਤਰ੍ਹਾਂ ਕ੍ਰਾਂਤੀ ਨੂੰ ਸ਼ਾਂਤ ਕੀਤਾ ਅਤੇ ਜਨਤਾ ਨੂੰ ਸ਼ਾਸਨ–ਸੁਧਾਰਾਂ ਦਾ ਭਰੋਸਾ ਦਿੱਤਾ, ਪਰ ਇਹ ਇੱਕ ਧੋਖਾ ਸੀ। ਵਿਦ੍ਰੋਹ ਸ਼ਾਂਤ ਹੋਣ ਤੋਂ ਕੁਝ ਸਮਾਂ ਬਾਅਦ ਹੀ ਉਸਨੇ ਮੁੜ ਨਿਰੰਕੁਸ਼ ਸ਼ਾਸਨ ਸ਼ੁਰੂ ਕਰ ਦਿੱਤਾ। 1905 ਈ. ਦੀ ਕ੍ਰਾਂਤੀ ਦੇ ਨਤੀਜੇ ਵਜੋਂ ਜਨਤਾ ਨੇ ਜੋ ਅਧਿਕਾਰ ਹਾਸਲ ਕੀਤੇ ਸਨ, ਉਹ ਸਭ ਖੋਹ ਲਏ ਗਏ। ਆਖ਼ਰ ਅਸੰਤੋਸ਼ ਦੀ ਅੱਗ ਧੁਖ਼ਦੀ ਰਹੀ ਅਤੇ ਆਖ਼ਰ 1917 ਦੀ ਕ੍ਰਾਂਤੀ ਦੇ ਰੂਪ ਵਿਚ ਪ੍ਰਕਟ ਹੋਈ। ਜਾਰਾਂ ਦਾ ਅੱਤਿਆਚਾਰੀ ਸ਼ਾਸਨ ਹੀ ਆਖ਼ਰ ਵਿਚ ਜਾਰਸ਼ਾਹੀ ਨੂੰ ਲੈ ਡੁੱਬਿਆ।

2. **ਡਿਊਮਾ ਦੇ ਪ੍ਰਭਾਵ ਨੂੰ ਕੁਚਲਣ ਦਾ ਯਤਨ:** ਅਕਤੂਬਰ, 1905 ਦੀ ਕ੍ਰਾਂਤੀ ਵਿਚ ਮਾਸਕੋ ਅਤੇ ਰੂਸ ਦੇ ਹੋਰ ਮੁੱਖ ਸ਼ਹਿਰਾਂ ਦੀਆਂ ਸੜਕਾਂ 'ਤੇ ਨਾਅਰਾ ਲਾਏ ਗਏ– "ਨਿਰੰਕੁਸ਼ ਸ਼ਾਸਨ ਦਾ ਅੰਤ ਹੋਵੇ।" ਸਾਰਾ ਰੂਸ ਕਾਨੂੰਨੀ ਸ਼ਾਸਨ ਲਈ ਬੇਚੈਨ ਹੋ ਉੱਠਿਆ ਅਤੇ ਜਦੋਂ ਜਨਵਰੀ, 1905 ਵਿਚ ਫੌਜੀਆਂ ਨੇ ਨਿਹੱਥੇ ਮਜ਼ਦੂਰਾਂ ਨੂੰ ਗੋਲੀਆਂ ਨਾਲ ਭੁੰਨ ਕੇ ਲਾਸ਼ਾਂ ਦਾ ਢੇਰ ਲਾ ਦਿੱਤਾ (ਖ਼ੂਨੀ ਐਤਵਾਰ Bloody Sunday) ਤਾਂ ਜਗ੍ਹਾ–ਜਗ੍ਹਾ ਵਿਦ੍ਰੋਹ ਫੁੱਟ ਪਿਆ। ਹਾਲਾਤਾਂ ਨੂੰ ਸੰਭਾਲਣ ਲਈ ਜਾਰ ਨਿਕੋਲਸ ਨੇ ਸ਼ਾਸਨ ਸੁਧਾਰਾਂ ਦਾ ਐਲਾਨ ਕੀਤਾ ਅਤੇ ਕਿਹਾ ਕਿ ਡਿਊਮਾ (ਸੰਸਦ) ਦੀ ਸਥਾਪਨਾ ਕੀਤੀ ਜਾਵੇਗੀ ਜਿਸਦੇ ਮੈਂਬਰ ਜਨਤਾ ਦੁਆਰਾ ਚੁਣੇ ਹੋਣਗੇ ਅਤੇ ਜਿਸਦੀ ਮਨਜ਼ੂਰੀ ਨਾਲ ਹੀ ਕਾਨੂੰਨ ਬਣਾਏ ਜਾਣਗੇ। ਪਰ ਵਿਦ੍ਰੋਹ ਦੇ ਸ਼ਾਂਤ ਹੋਣ 'ਤੇ ਛੇਤੀ ਹੀ ਜਾਰ ਨੇ ਡਿਊਮਾ ਨੂੰ ਸੰਸਦ ਦਾ ਪਹਿਲਾ ਸਦਨ ਮੰਨ ਕੇ ਸਾਮਰਾਜ–ਪ੍ਰੀਸ਼ਦ ਦੇ ਨਾਂਅ ਨਾਲ ਦੂਸਰੇ ਸਦਨ ਦਾ ਨਿਰਮਾਣ ਕਰ ਦਿੱਤਾ ਜਿਸ ਦੇ ਮੈਂਬਰ ਸਮਰਾਟ ਦੁਆਰਾ ਨਿਯੁਕਤ ਕੀਤੇ ਜਾਣ ਲੱਗੇ। ਇਹੀ ਨਹੀਂ ਜਾਰ ਨਿਕੋਲਸ ਦੂਜੇ ਨੇ ਡਿਊਮਾ ਨੂੰ ਹਰ ਤਰ੍ਹਾਂ ਨਾਲ ਨਾਕਾਮ ਬਣਾਉਣ ਦਾ ਯਤਨ ਕੀਤਾ। ਪਹਿਲੀ ਡਿਊਮਾ ਨੂੰ ਜੁਲਾਈ, 1906 ਵਿਚ ਅਤੇ ਦੂਜੀ ਡਿਊਮਾ ਨੂੰ ਜੂਨ 1907 ਵਿਚ ਭੰਗ ਕਰ ਦਿੱਤਾ ਗਿਆ। ਸਿਫ਼ਰ ਡਿਊਮਾ ਨੂੰ ਭੰਗ ਹੀ ਨਹੀਂ ਕੀਤਾ ਗਿਆ ਸਗੋਂ ਵੋਟ ਦੇ ਅਧਿਕਾਰ ਨੂੰ ਅਤਿਅੰਤ ਸੀਮਿਤ ਕਰ ਦਿੱਤਾ ਗਿਆ। ਨਤੀਜੇ ਵਜੋਂ ਤੀਜੀ ਡਿਊਮਾ ਵਿਚ ਜ਼ਿਆਦਾਤਰ ਅਣਉਦਾਰਵਾਦੀ (Conservative) ਵੱਡੇ ਜਮੀਂਦਾਰ ਹੀ ਚੁਣੇ ਗਏ।

3. **ਕਿਸਾਨਾਂ ਦੀ ਮਾੜੀ ਹਾਲਤ:** ਰੂਸ ਦਾ ਸਾਮਾਜਿਕ ਢਾਂਚਾ ਮੱਧਯੁਗੀ ਸੀ ਜਿਸ ਵਿਚ ਮੁੱਖ ਰੂਪ ਨਾਲ ਦੋਵੇਂ ਪ੍ਰਧਾਨ ਵਰਗ ਸਨ– ਸਾਮੰਤ (Nobles) ਅਤੇ ਖੇਤੀ–ਦਾਸ (Serfs)। ਕਿਉਂਕਿ ਅਲੈਕਜੈਂਡਰ ਦੂਜੇ ਦੇ ਸੁਧਾਰਾਂ ਨਾਲ ਖੇਤੀ–ਦਾਸ ਸੁਤੰਤਰ ਹੋ ਗਏ, ਪਰ ਉਨ੍ਹਾਂ ਦੀ ਮਾੜੀ ਆਰਥਿਕ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ। ਰੂਸ ਖੇਤੀ ਪ੍ਰਧਾਨ ਦੇਸ਼ ਹੁੰਦਿਆਂ ਹੋਇਆਂ ਵੀ ਖੇਤੀ–ਖੇਤਰ ਵਿਚ ਬਹੁਤ ਪੱਛੜਿਆ ਹੋਇਆ ਸੀ ਅਤੇ ਜ਼ਿਆਦਾਤਰ ਕਿਸਾਨ ਅਤਿਅੰਤ ਗਰੀਬੀ ਦਾ ਜੀਵਨ ਬਤੀਤ ਕਰ ਰਹੇ ਸਨ ਸਾਮੰਤ ਅਮੀਰ ਸਨ ਅਤੇ ਉਨ੍ਹਾਂ ਨੂੰ ਬਹੁਤ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਖੇਤੀ–ਦਾਸਾਂ ਦੀ ਮੁਕਤੀ ਦਾ ਨਿਯਮ ਵੀ ਰੂਸ ਦੇ ਸਾਰੇ ਸੂਬਿਆਂ ਵਿਚ ਲਾਗੂ ਕੀਤਾ ਗਿਆ ਸੀ ਅਤੇ ਵਿਵਹਾਰ ਵਿਚ ਉਨ੍ਹਾਂ ਦੀ ਸਥਿਤੀ 'ਅਰਧ–ਦਾਸਾਂ' ਵਰਗੀ

**ਨੋਟ**

ਸੀ। ਆਖ਼ਰ ਰੂਸ ਦੇ ਕਿਸਾਨ ਅਸੰਤੁਸ਼ਟ ਸਨ ਅਤੇ ਆਪਣੀ ਸਥਿਤੀ ਸੁਧਾਰ ਲਈ ਕਿਸੇ ਵੀ ਅੰਦੋਲਨ ਵਿਚ ਸਹਿਯੋਗ ਦੇਣ ਨੂੰ ਤਿਆਰ ਸਨ। ਸੰਨ 1902 ਵਿਚ ਹਾਰਕੋਵ ਅਤੇ ਮੋਲਟਾਵਾ ਦੇ ਕਿਸਾਨਾਂ ਵਿਚ ਵਿਦਰੋਹ ਦੀ ਭਾਵਨਾ ਪੈਦਾ ਹੋਈ। ਕ੍ਰਾਂਤੀਕਾਰੀ ਸਮਾਜਵਾਦੀ ਦਲ (Socialist Revolutionaries) ਨੇ ਕਿਸਾਨਾਂ ਨੂੰ ਸਰਕਾਰ ਅਤੇ ਜਮੀਂਦਾਰਾਂ ਦੇ ਵਿਰੁੱਧ ਉਤੇਜਿਤ ਕੀਤਾ। ਸੰਨ 1905 ਵਿਚ ਵੀ ਰੂਸ ਦੇ ਅਨੇਕਾਂ ਹਿੱਸਿਆਂ ਵਿਚ ਕਿਸਾਨਾਂ ਦੇ ਦੰਗੇ ਹੋਏ ਅਤੇ ਇਸੇ ਸਾਲ ਮਾਸਕੋ ਵਿਚ ਕਿਸਾਨ-ਪ੍ਰਤੀਨਿਧਾਂ ਦਾ ਇਕ ਸੰਮੇਲਨ ਹੋਇਆ ਜਿਸ ਵਿਚ 'ਰੂਸੀ ਕਿਸਾਨ ਸੰਘ' ਬਣਾਉਣ ਦਾ ਨਿਸ਼ਚਾ ਕੀਤਾ ਗਿਆ। ਕਿਸਾਨਾਂ ਦੇ ਵਧਦੇ ਅਸੰਤੋਸ਼ ਨੂੰ ਦੇਖ ਕੇ ਬੇਸ਼ੱਕ ਸੰਨ 1906 'ਚ ਅਤੇ ਸੰਨ 1910 ਵਿਚ ਕੁਝ ਜ਼ਮੀਨ ਸੰਬੰਧੀ ਸੁਧਾਰ ਕੀਤੇ ਗਏ: ਪਰ ਇਹ ਲੋੜੀਂਦੇ ਨਹੀਂ ਸਨ। ਬੇਜ਼ਮੀਨੇ ਕਿਸਾਨਾਂ ਦੀ ਸਮੱਸਿਆ ਨਹੀਂ ਸੁਲਝ ਸਕੀ ਅਤੇ ਕਿਸਾਨਾਂ ਦੀ ਗਰੀਬੀ ਵਧਦੀ ਗਈ। ਯੁੱਧਕਾਲੀ ਕਸ਼ਟਾਂ ਨੇ ਕਿਸਾਨਾਂ ਦੇ ਦਬੇ ਹੋਏ ਗੁੱਸੇ ਨੂੰ ਭੜਕਾ ਦਿੱਤਾ ਅਤੇ ਰੂਸ ਵਿਚ ਕ੍ਰਾਂਤੀ ਪਰਿਪੱਕ ਹੋਣ ਲੱਗੀ।

> ਨੋਟਸ ਸੰਨ 1917 ਦੀ ਰੂਸੀ ਕ੍ਰਾਂਤੀ ਦੇ ਕਾਰਨ ਕੁਝ ਦੀਰਗਕਾਲੀਨ ਅਤੇ ਕੁਝ ਤਤਕਾਲਿਕ ਸਨ।

4. **ਮਜ਼ਦੂਰਾਂ ਦਾ ਅਸੰਤੋਸ਼:** ਰੂਸੀ ਮਜ਼ਦੂਰਾਂ ਦੀ ਹਾਲਤ ਵੀ ਕਿਸਾਨਾਂ ਵਾਂਗ ਹੀ ਮਾੜੀ ਸੀ। ਉਦਯੋਗੀਕਰਨ ਦੀ ਰਫ਼ਤਾਰ ਤੇਜ਼ ਹੋਣ ਨਾਲ ਮਜ਼ਦੂਰਾਂ ਦੀ ਗਿਣਤੀ ਵੀ ਲਗਾਤਾਰ ਵਧਦੀ ਜਾ ਰਹੀ ਸੀ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਵੀ ਘੱਟ ਹੋਣ ਦੀ ਬਜ਼ਾਏ ਵਧ ਰਹੀਆਂ ਸਨ। ਰੁਜ਼ਗਾਰ ਦੀ ਭਾਲ ਵਿਚ ਬੇਜ਼ਮੀਨੇ ਕਿਸਾਨ ਉਦਯੋਗਿਕ ਕੇਂਦਰਾਂ ਵਿਚ ਪਹੁੰਚ ਰਹੇ ਸਨ ਅਤੇ ਉੱਧਰ ਕਾਰਖਾਨੇਦਾਰਾਂ ਦੀ ਨੀਤੀ ਇਹ ਸੀ ਕਿ ਉਨ੍ਹਾਂ ਦੀ ਮਜਬੂਰੀ ਦਾ ਲਾਭ ਉੱਠਾ ਕੇ ਉਨ੍ਹਾਂ ਨੂੰ ਮਜ਼ਦੂਰੀ ਘੱਟੋ-ਘੱਟ ਦਿੱਤੀ ਜਾਂਦੀ ਸੀ ਜਦੋਂ ਕਿ ਉਨ੍ਹਾਂ ਤੋਂ ਕੰਮ ਜ਼ਿਆਦਾ ਤੋਂ ਜ਼ਿਆਦਾ ਲਿਆ ਜਾਂਦਾ ਸੀ। ਮਜ਼ਦੂਰ ਬਹੁਤ ਹੀ ਦੀਨ-ਹੀਣ ਹਾਲਤ ਵਿਚ ਸਨ। ਉਹ ਗੰਦੀਆਂ ਬਸਤੀਆਂ ਦੀਆਂ ਤੰਗ ਕੋਠੜੀਆਂ ਜਾਂ ਝੌਂਪੜੀਆਂ ਵਿਚ ਰਹਿੰਦੇ ਸਨ ਅਤੇ ਮਜ਼ਦੂਰੀ ਵਿਚ ਇੰਨੀ ਘੱਟ ਤਨਖ਼ਾਹ ਪਾਉਂਦੇ ਸਨ ਕਿ ਜੀਵਨ ਨਿਰਵਾਹ ਵੀ ਮੁਸ਼ਕਿਲ ਸੀ। ਉਨ੍ਹਾਂਨੂੰ ਆਪਣੇ ਸੰਘ ਬਣਾਉਣ ਦਾ ਅਧਿਕਾਰ ਨਹੀਂ ਸੀ। ਸੰਨ 1885 ਤੋਂ ਬਾਅਦ ਕਿਉਂਕਿ ਕੁਝ ਮਜ਼ਦੂਰ ਕਾਨੂੰਨ ਬਣਾਏ ਗਏ, ਪਰ ਮਜ਼ਦੂਰਾਂ ਦੀ ਹਾਲਤ ਵਿਚ ਕੋਈ ਖਾਸ ਸੁਧਾਰ ਨਹੀਂ ਆਇਆ ਕਿਉਂਕਿ ਸ਼ਾਸਨ ਦੀ ਨੀਤੀ ਮੂਲ ਰੂਪ ਨਾਲ ਉਦਯੋਗਪਤੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਦੀ ਸੀ। ਇਨ੍ਹਾਂ ਹਾਲਾਤਾਂ ਵਿਚ ਮਜ਼ਦੂਰਾਂ ਵਿਚ ਸਮਾਜਵਾਦੀ ਸਿਧਾਂਤਾਂ ਦਾ ਪ੍ਰਚਾਰ ਹੋਣ ਲੱਗਾ। ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ ਨੇ ਉਨ੍ਹਾਂ ਨੂੰ ਪੂੰਜੀਵਾਦ ਦੇ ਵਿਰੁੱਧ ਸੰਗਠਿਤ ਹੋਣ ਲਈ ਉਤਸ਼ਾਹਿਤ ਕੀਤਾ। ਰੂਸੀ ਉਦਯੋਗੀਕਰਨ ਅਤੀ ਕੇਂਦਰਿਤ ਸੀ ਅਤੇ ਜ਼ਿਆਦਾਤਰ ਕਾਰਖਾਨਿਆਂ ਵਿਚ ਮਜ਼ਦੂਰਾਂ ਦੀ ਗਿਣਤੀ ਜ਼ਿਆਦਾ ਸੀ, ਇਸ ਲਈ ਮਜ਼ਦੂਰਾਂ ਦੀ ਸੰਗਠਿਤ-ਸ਼ਕਤੀ ਦਾ ਵਿਕਾਸ ਹੋਇਆ। ਮਜ਼ਦੂਰ ਵਰਗ ਵਿਚ ਕ੍ਰਾਂਤੀਕਾਰੀ ਵਿਚਾਰਾਂ ਨੇ ਜ਼ੋਰ ਫੜਿਆ ਅਤੇ ਉਹ ਆਪਣੇ ਅਧਿਕਾਰਾਂ ਲਈ ਸੰਘਰਸ਼ ਲਈ ਮਜ਼ਬੂਰ ਹੋ ਗਏ। ਮਜ਼ਦੂਰਾਂ ਨੂੰ ਆਪਣਾ ਰਾਜਨੀਤਿਕ ਪ੍ਰਭਾਵ ਵਧਾਉਣ ਦਾ ਮੌਕਾ ਮਿਲਿਆ ਜਿਸਦੇ ਨਤੀਜੇ ਵਜੋਂ 1917 ਈ. ਦੀ ਕ੍ਰਾਂਤੀ ਵਿਚ ਸਰਵਹਾਰਾ ਵਰਗ (Proletariat) ਦੀ ਪ੍ਰਧਾਨਤਾ ਕਾਇਮ ਰਹੀ। 20ਵੀਂ ਸਦੀ ਦੇ ਸ਼ੁਰੂ ਤੋਂ ਹੀ ਮਜ਼ਦੂਰ ਹੜਤਾਲਾਂ ਕਰਨ ਲੱਗੇ। ਸੰਨ 1905 ਦੀ ਕ੍ਰਾਂਤੀ ਦੀ ਸ਼ੁਰੂਆਤ ਵੀ ਮਜ਼ਦੂਰਾਂ ਦੇ ਜਲੂਸ ਤੋਂ ਹੋਈ। ਇਸ ਸਮੇਂ ਉਨ੍ਹਾਂ ਦੀ ਸ਼ਕਤੀ ਇੱਥੋਂ ਤੱਕ ਵਧ ਗਈ ਕਿ ਸੈਂਟ ਪੀਟਰਸਬਰਗ ਵਿਚ ਉਨ੍ਹਾਂ ਨੇ 'ਮਜ਼ਦੂਰ ਸੋਵੀਅਤ' (Workers Soviet) ਦੀ ਵੀ ਸਥਾਪਨਾ ਕਰ ਲਈ। ਮਜ਼ਦੂਰ ਅਸੰਤੋਸ਼ ਵਧਦਾ ਗਿਆ। ਸਮਾਜਵਾਦੀ ਪਾਰਟੀਆਂ ਦੇ ਪ੍ਰਭਾਵ ਨਾਲ ਉਨ੍ਹਾਂ ਦਾ ਅੰਦੋਲਨ ਜ਼ਿਆਦਾ ਤੋਂ ਜ਼ਿਆਦਾ ਰਾਜਨੀਤਿਕ ਹੁੰਦਾ ਗਿਆ ਅਤੇ ਉਹ ਪੂੰਜੀਵਾਦ ਵਿਵਸਥਾ ਅਤੇ ਜ਼ਾਰ ਦੀ ਨਿਰੰਕੁਸ਼ਤਾ ਨੂੰ ਸਮਾਪਤ ਕਰਕੇ ਸਰਵਹਾਰਾ ਵਰਗ ਦਾ ਸ਼ਾਸਨ ਸਥਾਪਤ ਕਰਨ ਲਈ ਵਚਨਬੱਧ ਹੋ ਗਏ।

5. **ਗੈਰ ਰੂਸੀ ਜਾਤੀਆਂ ਦਾ ਅਸੰਤੋਸ਼:** ਜਾਰਸ਼ਾਹੀ ਨੇ ਗੈਰ-ਰੂਸੀ ਜਾਤੀਆਂ ਮੁੱਖ ਰੂਪ ਨਾਲ ਯਹੂਦੀਆਂ (Jews) ਦੇ ਨਾਲ ਸਖ਼ਤਾਈ ਦਾ ਵਿਵਹਾਰ ਕੀਤਾ। ਅਲੈਕਜੈਂਡਰ ਨੇ ਗੈਰ ਰੂਸੀ ਲੋਕਾਂ ਦਾ ਰੂਸੀਕਰਨ ਸ਼ੁਰੂ ਕਰ ਦਿੱਤਾ। ਉਨ੍ਹਾਂ 'ਤੇ ਸਮਾਨ ਰੂਪ ਨਾਲ ਰੂਸੀ ਭਾਸ਼ਾ ਅਤੇ ਰੂਸੀ ਕਾਨੂੰਨ ਲੱਦ ਦਿੱਤੇ ਗਏ। "ਇੱਕ ਭਾਸ਼ਾ, ਇੱਕ ਧਰਮ, ਇੱਕ ਕਾਨੂੰਨ" (One Language, One Religion, One Law) ਦੀ ਨੀਤੀ 'ਤੇ ਸਖ਼ਤਾਈ ਨਾਲ ਅਮਲ ਕੀਤਾ ਗਿਆ। ਰੂਸੀਕਰਨ ਦੀ ਧੁਨ ਵਿਚ ਯਹੂਦੀਆਂ ਅਤੇ ਆਰਮੀਨੀਅਨਾਂ 'ਤੇ ਭਿਆਨਕ ਅੱਤਿਆਚਾਰ ਕੀਤੇ ਗਏ, ਇਸ ਲਈ ਉਨ੍ਹਾਂ ਵਿਚ ਵਿਦਰੋਹ ਦੀ ਭਾਵਨਾ ਪੈਦਾ ਹੋਈ। ਜੋ ਲੋਕ ਵਿਦੇਸ਼ਾਂ ਵਿਚ ਚਲੇ ਗਏ ਉਹ ਉੱਥੇ ਰੂਸ ਦੇ ਵਿਰੁੱਧ ਪ੍ਰਚਾਰ ਕਰਨ ਲੱਗੇ ਅਤੇ ਜੋ ਵਿਦੇਸ਼ਾਂ ਵਿਚ ਨਾ ਜਾ ਸਕੇ ਉਨ੍ਹਾਂ ਸ਼ਹਿਰਾਂ ਵਿਚ ਵੱਖ-ਵੱਖ ਆਪਣੀਆਂ ਬਸਤੀਆਂ ਵਸਾ ਲਈਆਂ। ਹੌਲੀ-ਹੌਲੀ ਉਨ੍ਹਾਂ ਵਿਚ ਰਾਸ਼ਟਰੀ ਭਾਵਨਾ ਆਉਣ ਲੱਗੇ। ਰੂਸੀਕਰਨ (Russification) ਦੀ ਨੀਤੀ ਨਾਲ ਬਾਲਟਿਕ ਸੂਬਿਆਂ ਵਿਚ ਵੀ ਡੂੰਘ ਅਸੰਤੋਸ਼ ਪੈਦਾ ਹੋ ਗਿਆ। 19ਵੀਂ ਸ਼ਤਾਬਦੀ ਦੇ ਅੰਤ ਵਿਚ ਕਿਰਗੀਜ ਅਤੇ ਉਜ਼ਬੇਕ ਜਾਤੀਆਂ ਦੇ ਵਿਦ੍ਰੋਹ ਹੋਏ। ਨਿਕੋਲਸ ਦੂਜੇ ਨੇ ਫਿਨਲੈਂਡ Finland) ਨੂੰ ਆਪਣੀ ਨਿਰੰਕੁਸ਼ਤਾ ਦਾ ਸ਼ਿਕਾਰ ਬਣਾਇਆ। ਸੰਨ 1906 ਵਿਚ ਜਾਰਜੀਆ, ਪੋਲੈਂਡ ਅਤੇ ਬਾਲਟਿਕ (Baltik) ਸੂਬਿਆਂ ਵਿਚ ਭਿਅੰਕਰ ਵਿਦ੍ਰੋਹ ਹੋਏ। ਜਾਰਸ਼ਾਹੀ ਦੇ ਅੰਤਰਗਤ ਅਤੇ ਖਾਸ ਕਰਕੇ ਦੋ ਜਾਰਾਂ ਦੇ ਸਮੇਂ ਵਿਚ ਗੈਰ-ਰੂਸੀ ਜਾਤੀਆਂ ਦੇ ਨਾਲ ਜੋ ਅਣਮਨੁੱਖੀ ਅੱਤਿਆਚਾਰ ਹੋਏ ਅਤੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਿਸ ਤਰ੍ਹਾਂ ਕੁਚਲਿਆ ਗਿਆ, ਉਸ ਨੇ ਉਨ੍ਹਾਂ ਨੂੰ ਵਿਦ੍ਰੋਹੀ ਬਣਾ ਦਿੱਤਾ। ਉਹ ਉਸ ਮੌਕੇ ਦੀ ਉਡੀਕ ਕਰ ਲੱਗੇ ਜਦੋਂ ਜਾਰਸ਼ਾਹੀ ਦੇ ਖਿਲਾਫ਼ ਬਗਾਵਤ ਹੋਵੇ ਅਤੇ ਨਿਰੰਕੁਸ਼ ਸ਼ਾਸਨ ਤੋਂ ਮੁਕਤੀ ਮਿਲ ਸਕੇ।

> ਕੀ ਤੁਸੀ ਜਾਣਦੇ ਹੋ? ਜ਼ਾਰਸ਼ਾਹੀ ਨੇ ਗੈਰ ਰੂਸੀ ਜਾਤੀਆਂ ਖਾਸ ਕਰਕੇ : ਯਹੂਦੀਆਂ ਦੇ ਨਾਲ ਬੜੀ ਕਠੋਰਤਾ ਵਾਲਾ ਵਿਵਹਾਰ ਕੀਤਾ।

6. **ਸਮਾਜਵਾਦ ਦਾ ਵਿਕਾਸ ਅਤੇ ਬੋਲਸ਼ੇਵਿਕ ਅੰਦੋਲਨ:** ਰੂਸ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਜੋ ਮਾੜੀ ਹਾਲਤ ਸੀ ਅਤੇ ਰੂਸ ਦੀ ਆਮ ਜਨਤਾ ਜਿਸ ਤਰ੍ਹਾਂ ਘਾਟਾਂ ਅਤੇ ਕਸ਼ਟਾਂ ਤੋਂ ਪੀੜਤ ਸੀ, ਉਨ੍ਹਾਂ ਹਾਲਾਤਾਂ ਵਿਚ ਰੂਸ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। 19ਵੀਂ ਸ਼ਤਾਬਦੀ ਦੇ ਆਖ਼ਰੀ ਗੇੜ ਵਿਚ ਰੂਸ ਵਿਚ ਸਮਾਜਵਾਦੀ ਦੋ ਪਾਰਟੀਆਂ ਵਿਚ ਵੰਡੇ ਗਏ- (i) ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ (Socialist Revolutionaries), ਅਤੇ (ii) ਸਮਾਜਿਕ ਲੋਕਤੰਤਰਿਕ ਪਾਰਟੀ (Social Democratic Party)। ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ ਦੀ ਅਗਵਾਈ ਮੱਧਵਰਗੀ ਬੁੱਧੀਜੀਵੀਆਂ ਦੇ ਹੱਥ ਆਈ। ਇਹ ਪਾਰਟੀ ਕਿਸਾਨਾਂ ਨੂੰ ਸੰਗਠਿਤ ਕਰਕੇ ਦੇਸ਼ ਵਿਚ ਕ੍ਰਾਂਤੀ ਲਿਆਉਣ ਦੇ ਪੱਖ ਵਿਚ ਸੀ ਇਸ ਲਈ ਇਸਨੇ ਅੱਤਵਾਦੀ ਪ੍ਰੋਗਰਾਮ ਅਪਣਾਇਆ ਅਤੇ ਅਨੇਕਾਂ ਰਾਜਨੀਤਿਕ ਹੱਤਿਆਵਾਂ ਕੀਤੀਆਂ। ਸਮਾਜਵਾਦੀ ਲੋਕਤੰਤਰਿਕ ਪਾਰਟੀ ਕਿਸਾਨਾਂ ਦੀ ਥਾਂ 'ਤੇ ਸਰਵਹਾਰਾ ਵਰਗ ਨੂੰ ਕ੍ਰਾਂਤੀ ਦੀ ਮੁੱਖ ਪ੍ਰੇਰਕ ਸ਼ਕਤੀ ਮੰਨਦਾ ਸੀ। ਉਸਦਾ ਉਦੇਸ਼ ਸੀ ਕਿ ਜਾਰਸ਼ਾਹੀ ਅਤੇ ਸਾਮੰਤੀ ਵਿਵਸਥਾ ਨੂੰ ਸਮਾਪਤ ਕਰਕੇ ਬੁਰਜੁਆ ਜਨਤੰਤਰ ਦੀ ਸਥਾਪਨਾ ਕਰਨਾ ਅਤੇ ਬਾਅਦ ਵਿਚ ਸਰਵਹਾਰਾ ਵਰਗ ਦਾ (Dictatorship) ਰਾਜ ਸਥਾਪਤ ਕਰਨਾ। ਸੰਨ 1903 ਵਿਚ ਇਹ ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ- ਬੋਲਸ਼ੇਵਿਕ (Bolsheviks) ਅਤੇ ਮੇਨਸ਼ੇਵਿਕ (Mensheviks)। ਬੋਲਸ਼ੇਵਿਕ ਜਿਨ੍ਹਾਂ ਦਾ ਨੇਤਾ ਲੇਨਿਨ (Lenin) ਸੀ, ਉਗਰਵਾਦੀ ਸਨ ਅਤੇ ਉਨ੍ਹਾਂ ਦੀ ਗਿਣਤੀ ਵੀ ਜ਼ਿਆਦਾ ਸੀ। ਮੇਨਸ਼ੇਵਿਕ ਨਾਰਮਦਲੀ ਅਤੇ ਘੱਟ ਗਿਣਤੀ ਸਨ। ਬੋਲਸ਼ੇਵਿਕ ਚਾਹੁੰਦੇ ਸਨ ਕਿ ਜਿੰਨੀ ਛੇਤੀ ਹੋ ਸਕੇ ਮਜ਼ਦੂਰ ਵਰਗ ਦਾ ਰਾਜ ਸਥਾਪਤ ਹੋਵੇ। ਮਜ਼ਦੂਰਾਂ ਤੋਂ ਇਲਾਵਾ ਉਹ ਕਿਸੇ ਹੋਰ ਵਰਗ ਨੂੰ ਮਾਨਤਾ ਨਹੀਂ ਦੇਣਾ ਚਾਹੁੰਦੇ ਸਨ ਅਤੇ ਨਾ ਹੀ ਮੱਧ ਵਰਗ ਦੇ ਲੋਕਾਂ ਤੋਂ ਸਹਿਯੋਗ ਪ੍ਰਾਪਤ ਕਰਨ ਦੇ ਪੱਖ ਵਿਚ ਸਨ। ਮੇਨਸ਼ੇਵਿਕਾਂ ਦੇ ਵਿਚਾਰ ਇੰਨੇ ਉਗਰ ਨਹੀਂ ਸਨ। ਇਹ ਲੋਕ ਮਜ਼ਦੂਰ ਵਰਗ ਦੇ ਨਾਲ-ਨਾਲ ਹੋਰ ਵਰਗਾਂ ਦੇ ਸਹਿਯੋਗ ਨਾਲ ਜਨਤੰਤਰ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਸੁਧਾਰਾਂ ਅਤੇ ਸੰਘਰਸ਼ਾਂ ਦੇ ਆਧਾਰ 'ਤੇ ਹੌਲੀ-ਹੌਲੀ ਸਮਾਜਵਾਦ ਦੀ ਸਥਾਪਨਾ ਕਰਨਾ ਉਨ੍ਹਾਂ ਦਾ ਟੀਚਾ ਸੀ।

7. **ਕ੍ਰਾਂਤੀਕਾਰੀ ਸਾਹਿਤ:** ਹਥਿਆਰਾਂ ਦੀ ਕ੍ਰਾਂਤੀ ਨਾਲੋਂ ਵਿਚਾਰਾਂ ਦੀ ਕ੍ਰਾਂਤੀ ਕਿਤੇ ਜ਼ਿਆਦਾ ਪ੍ਰਬਲ ਹੁੰਦੀ ਹੈ। ਕਿਉਂਕਿ ਜਾਰਾਂ ਨੇ ਰੂਸੀ ਜਨਤਾ ਨੂੰ ਪੱਛਮੀ ਵਿਚਾਰਾਂ ਦੇ ਪ੍ਰਭਾਵ ਤੋਂ ਵਾਂਝੇ ਰੱਖਣ ਦਾ ਹਰ ਸੰਭਵ ਯਤਨ ਕੀਤਾ, ਪਰ ਰੂਸ ਯੂਰਪ ਦੇ ਨਵੇਂ ਵਿਚਾਰਾਂ ਤੋਂ ਅਛੂਤਾ ਨਹੀਂ ਰਹਿ ਸਕਿਆ। ਕਿਉਂਕਿ ਜਨ ਸਾਧਾਰਨ ਵਿਚ ਸਿੱਖਿਆ ਵਿਆਪਕ ਰੂਪ ਨਾਲ ਨਹੀਂ ਫੈਲੀ, ਫਿਰ ਵੀ ਰੂਸ ਵਿਚ ਅਨੇਕਾਂ ਅਜਿਹੇ ਲੇਖਕ ਹੋਏ ਜਿਨ੍ਹਾਂ ਦੇ ਸਾਹਿਤ ਨੇ ਰੂਸੀਆਂ ਦੇ ਵਿਚਾਰਾਂ ਵਿਚ ਹਲਚਲ ਮਚਾ ਦਿੱਤੀ। ਜਿਸ ਤਰ੍ਹਾਂ ਸੰਨ 1789 ਦੀ ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਫਰਾਂਸ ਵਿਚ ਲੇਖਕਾਂ ਅਤੇ ਦਾਰਸ਼ਨਿਕਾਂ ਵਿਚ ਮਾਨਸਿਕ ਕ੍ਰਾਂਤੀ ਹੋਈ ਸੀ, ਉਸੇ ਤਰ੍ਹਾਂ ਰੂਸ ਵਿਚ ਟਾਲਸਟਾਏ , ਤੁਰਗਨੇਵ, ਦਾਸਤੋਵਿਸਕੀ, ਮੈਕਜ਼ਿਮ ਗੋਰਕੀ ਆਦਿ ਵਿਦਵਾਨਾਂ ਨੇ ਕ੍ਰਾਂਤੀਕਾਰੀ ਸਾਹਿਤ ਦਾ ਨਿਰਮਾਣ ਕਰਕੇ ਰੂਸੀ ਜਨਤਾ ਦੇ ਵਿਚਾਰਾਂ ਨੂੰ ਪ੍ਰਭਾਵਿਤ ਕੀਤਾ, ਖਾਸ ਕਰਕੇ ਯੁਵਾ ਵਰਗ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਅਤੇ ਹੌਲੀ-ਹੌਲੀ ਰੂਸ ਵਿਚ ਪੱਛਮੀ ਯੂਰਪ ਵਾਂਗ ਸੁਧਾਰਾਂ ਦੀ ਮੰਗ ਸ਼ੁਰੂ ਹੋ ਗਈ। ਜਦੋਂ ਜਾਰਾਂ ਨੇ ਇਸ ਮੰਗ ਨੂੰ ਠੁਕਰਾਇਆ ਤਾਂ ਜਨਤਾ ਵਿਚ ਤੀਬਰ ਅਸੰਤੋਸ਼ ਫੈਲ ਗਿਆ। ਕੁਝ ਅਜਿਹੇ ਵਰਗਾਂ ਦਾ ਉਦੈ ਵੀ ਹੋਇਆ ਜਿਨ੍ਹਾਂ ਨੇ ਤੱਤਕਾਲੀ ਸ਼ਾਸਨ ਪ੍ਰਣਾਲੀ ਨੂੰ ਬਿਲਕੁਲ ਨਸ਼ਟ ਕਰਨ ਅਤੇ ਅਰਾਜਕਤਾ ਦੀ ਪਨਾਹ ਲੈਣ 'ਤੇ ਜ਼ੋਰ ਦਿੱਤਾ।

8. **ਨਵਾਂ ਮੱਧਮ ਵਰਗ:** ਉਸ ਸਮੇਂ ਤੱਕ ਸਿੱਖਿਆ ਦਾ ਵਿਕਾਸ ਹੋ ਗਿਆ ਸੀ। ਲੋਕਾਂ ਦੇ ਵਿਚਾਰ ਲਗਾਤਾਰ ਬਦਲ ਰਹੇ ਸਨ। ਪੱਛਮੀ ਯੂਰਪ ਵਿਚ ਲਿਖੀਆਂ ਪੁਸਤਕਾਂ ਦਾ ਰੂਸੀ ਭਾਸ਼ਾ ਵਿਚ ਅਨੁਵਾਦ ਹੋਇਆ। ਇਸ ਨਾਲ ਮੱਧਮ ਵਰਗ ਦੇ ਲੋਕ ਅਤਿਅੰਤ ਪ੍ਰਭਾਵਿਤ ਹੋਏ। ਨੌਜਵਾਨਾਂ ਨੂੰ ਆਪਣੀ ਹੀਣ ਦਸ਼ਾ ਅਤੇ ਨਿਰੰਕੁਸ਼ ਸ਼ਾਸਨ ਦੀਆਂ ਬੁਰਾਈਆਂ ਦਾ ਸਪੱਸ਼ਟ ਗਿਆਨ ਹੋਇਆ ਅਤੇ ਉਹ ਪ੍ਰਜਾਤੰਤਰੀ ਸ਼ਾਸਨ ਦੀ ਮੰਗ ਕਰਨ ਲੱਗੇ। ਇਸ ਨਵੇਂ ਮੱਧਮ ਵਰਗ ਦੀ ਅਗਵਾਈ ਜੇਮਸਤਵੋਸ (Zemstevos) ਨੇ ਕੀਤੀ।

9. **ਉਦਯੋਗਿਕ ਕ੍ਰਾਂਤੀ ਦਾ ਪ੍ਰਭਾਵ:** ਯੂਰਪ ਵਿਚ ਉਦਯੋਗਿਕ ਕ੍ਰਾਂਤੀ ਹੋ ਚੁੱਕੀ ਸੀ। ਉਸ ਦਾ ਪ੍ਰਭਾਵ ਰੂਸ 'ਤੇ ਵੀ ਪਿਆ। ਰੂਸ ਵਿਚ ਚਾਰੇ ਪਾਸੇ ਕਾਰਖਾਨਿਆਂ ਦਾ ਜਾਲ ਜਿਹਾ ਵਿਛ ਗਿਆ ਅਤੇ ਪੇਂਡੂ ਜਨਤਾ ਸ਼ਹਿਰਾਂ ਵਿਚ ਆ ਕੇ ਵੱਸ ਗਈ। ਲੋਕਾਂ ਨੇ ਆਪਣੇ ਸੰਗਠਨ ਬਣਾਏ। ਹੋਰ ਦੇਸ਼ਾਂ ਦੇ ਵਿਚਾਰਾਂ ਤੋਂ ਵੀ ਰੂਸੀ ਜਨਤਾ ਜਾਣੂੰ ਹੋ ਰਹੀ ਸੀ ਜਿਸ ਨਾਲ ਉਨ੍ਹਾਂ ਵਿਚ ਸੰਗਠਨ ਦੀ ਭਾਵਨਾ ਪ੍ਰਬਲ ਹੋਣ ਲੱਗੀ।

10. **ਤੱਤਕਾਲੀਕ ਕਾਰਨ:** ਉਪਰੋਕਤ ਸਾਰੇ ਕਾਰਨਾਂ ਨਾਲ ਕ੍ਰਾਂਤੀ ਦਾ ਬਾਰੂਦ ਪੂਰੀ ਤਰ੍ਹਾਂ ਇਕੱਤਰ ਹੋ ਗਿਆ ਅਤੇ ਜੋ ਕਮੀ ਰਹੀ ਉਸਨੂੰ ਦੋ ਮੁੱਖ ਤੱਤਕਾਲੀ ਕਾਰਨਾਂ ਨੇ ਪੂਰਾ ਕਰ ਦਿੱਤਾ-

    (i) **ਮਹਾਂਯੁੱਧ ਵਿਚ ਹਾਰ ਅਤੇ ਫੌਜੀ ਤਬਾਹੀ:** ਜਦੋਂ ਅਗਸਤ, 1914 ਵਿਚ ਰੂਸ ਮਹਾਂਯੁੱਧ ਵਿਚ ਦਾਖਲ ਹੋਇਆ ਤਾਂ ਸਿਰਫ਼ ਗਿਣੇ-ਚੁਣੇ ਮੈਂਬਰਾਂ ਨੂੰ ਛੱਡ ਕੇ ਰੂਸੀ ਸੰਸਦ ਦੇ ਲਗਭਗ ਸਾਰੇ ਮੈਂਬਰਾਂ ਨੇ ਇਸਦਾ ਸਵਾਗਤ ਕੀਤਾ। ਜੇਕਰ ਜਾਰ ਨਿਕੋਲਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਸਮਝਦਾਰੀ ਤੋਂ ਕੰਮ ਲੈਂਦੇ ਅਤੇ ਜ਼ਿੰਮੇਵਾਰ ਰਹਿੰਦੇ ਤਾਂ ਰੂਸੀ ਜਨਤਾ ਦੀ ਰਾਸ਼ਟਰ ਭਗਤੀ ਦੇ ਜੋਸ਼ ਤੋਂ ਲਾਭਾ ਉਠਾ ਸਕਦੇ ਸਨ, ਪਰ ਹੋਇਆ ਇਹ ਕਿ ਜਾਰ ਅਤੇ ਜਾਰੀਨਾ ਅਤੇ ਸ਼ਾਸਨ ਦੇ ਉੱਚ ਅਧਿਕਾਰੀਆਂ ਨੇ ਵਿਵੇਕਹੀਣਤਾ, ਯੁੱਧ-ਕੰਮ ਵਿਚ ਬੇਲੋੜੀ ਦਖ਼ਲਅੰਦਾਜੀ, ਅਯੋਗਤਾ ਅਤੇ ਕਰਤਵਹੀਣਤਾ ਦਾ ਸਬੂਤ ਦਿੱਤਾ ਜਿਸ ਨਾਲ ਫੌਜ ਦੇ ਮਨੋਬਲ 'ਤੇ ਉਲਟਾ ਪ੍ਰਭਾਵ ਪਿਆ। ਫੌਜੀ ਯੁੱਧ ਵਿਚ

ਨੋਟ

ਲੜਨ ਲਈ ਗਏ, ਪਰ ਉਨ੍ਹਾਂ ਕੋਲ ਯੁੱਧ ਸਮੱਗਰੀ ਦੀ ਘਾਟ ਰਹੀ। ਰੂਸੀ ਸਰਕਾਰ ਨੇ ਯੁੱਧ ਦੇ ਸ਼ੁਰੂਆਤੀ ਤਿੰਨ ਸਾਲਾਂ ਵਿਚ ਲਗਭਗ 150 ਲੱਖ ਫੌਜੀ ਯੁੱਧ ਖੇਤਰ ਵਿਚ ਭੇਜ ਦਿੱਤੇ, ਪਰ ਫਿਰ ਵੀ ਰੂਸੀ ਫੌਜਾਂ ਨੂੰ ਸ਼ਰਮਨਾਕ ਹਾਰਾਂ ਦਾ ਸਾਹਮਣਾ ਕਰਨਾ ਪਿਆ। ਯੁੱਧ ਦੇ ਪਹਿਲੇ ਦੋ ਸਾਲਾਂ ਵਿਚ ਹੀ ਰੂਸ ਦੇ ਲਗਭਗ 20 ਲੱਖ ਫੌਜੀ ਮਾਰੇ ਗਏ ਅਤੇ 50 ਲੱਖ ਤੋਂ ਜ਼ਿਆਦਾ ਫੌਜੀ ਜ਼ਖ਼ਮੀ ਹੋਏ ਯੁੱਧ ਵਿਚ ਹਾਰ ਅਤੇ ਘੋਰ ਫੌਜੀ ਵਿਨਾਸ਼ ਕਾਰਨ ਰੂਸ ਵਿਚ ਕ੍ਰਾਂਤੀ ਦੇ ਸਪੱਸ਼ਟ ਸੰਕੇਤ ਨਜ਼ਰ ਆਉਣ ਲੱਗੇ।

(ii) **ਕਾਲ ਦੀ ਸਥਿਤੀ:** ਜ਼ਾਰ ਦੇ ਸ਼ਾਸਨ ਦਾ ਨਿਕੰਮਾਪਣ ਇਸ ਗੱਲ ਤੋਂ ਸਪੱਸ਼ਟ ਹੋ ਗਿਆ ਕਿ ਯੁੱਧ ਖੇਤਰ ਵਿਚ ਅੰਨ੍ਹੇਵਾਹ ਫੌਜੀ ਭੇਜ ਦਿੱਤੇ ਗਏ ਜਿਸ ਨਾਲ ਖੇਤਾਂ ਵਿਚ ਕੰਮ ਕਰਨ ਵਾਲਿਆਂ ਦੀ ਕਮੀ ਹੋ ਗਈ ਅਤੇ ਦੇਸ਼ ਦਾ ਖੇਤੀ ਉਤਪਾਦਨ ਡਿੱਗ ਗਿਆ। ਇਸ ਤਰ੍ਹਾਂ ਨਾ ਸਿਰਫ਼ ਨਾਗਰਿਕਾਂ ਲਈ ਸਗੋਂ ਯੁੱਧ ਵਿਚ ਪ੍ਰਾਣਾਂ ਦੀ ਹੋਲੀ ਖੇਡਣ ਵਾਲੇ ਫੌਜੀਆਂ ਲਈ ਵੀ ਲੋੜੀਂਦੀ ਮਾਤਰਾ ਵਿਚ ਸਮੱਗਰੀ ਦਾ ਪ੍ਰਬੰਧ ਕਰਨਾ ਔਖਾ ਹੋ ਗਿਆ। ਪਰਯਾਪਤ ਯੁੱਧ ਸਮੱਗਰੀ ਅਤੇ ਖੁਰਾਕ ਦੀ ਘਾਟ ਵਿਚ ਮੋਰਚਿਆਂ 'ਤੇ ਰੂਸੀ ਫੌਜੀ ਬੇਮੌਤ ਮਰਨ ਲੱਗੇ। ਆਖ਼ਰ ਫੌਜ ਵਿਚ ਵੀ ਵਿਦ੍ਰੋਹ ਦੀ ਭਾਵਨਾ ਘਰ ਕਰਨ ਲੱਗੀ। ਇਸ ਰਾਸ਼ਟਰੀ ਸੰਕਟਕਾਲ ਵਿਚ ਵੀ ਸ਼ਾਸਨ ਦਾ ਭ੍ਰਿਸ਼ਟਾਚਾਰ ਵਧਦਾ ਗਿਆ। ਯੁੱਧ ਖ਼ਰਚ ਨੂੰ ਪੂਰਾ ਕਰਨ ਲਈ ਸਰਕਾਰ ਨੇ ਮੁਦਰਾ ਸੱਫ਼ੀਤੀ ਦਾ ਸਹਾਰਾ ਲਿਆ, ਇਸ ਕੀਮਤਾਂ ਅਸਮਾਨ ਛੂਹਣ ਲੱਗੀਆਂ ਅਤੇ 1917 ਈ. ਤੱਕ ਨਿਰਵਾਹ ਖ਼ਰਚ 1914 ਦੇ ਮੁਕਾਬਲੇ ਲਗਭਗ 700 ਗੁਣਾ ਵਧ ਗਿਆ। ਅਨਾਜ, ਈਂਧਨ, ਕੱਪੜੇ ਆਦਿ ਦੀ ਭਾਰੀ ਕਮੀ ਹੋ ਗਈ ਅਤੇ ਅਨੇਕਾਂ ਥਾਵਾਂ 'ਤੇ ਭੁੱਖਮਰੀ ਫੈਲਣ ਲੱਗੀ।

ਅਜਿਹੇ ਹਾਲਾਤਾਂ ਵਿਚ ਹੜਤਾਲਾਂ ਅਤੇ ਦੰਗਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਫੈਜੀ ਵੀ ਫੌਜ 'ਚੋਂ ਭੱਜਣ ਲੱਗੇ ਅਤੇ ਅਸੰਤੁਸ਼ਟ ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਲ ਹੋ ਗਏ। ਇਹ ਸਪੱਸ਼ਟ ਦਿਖਾਈ ਦੇਣ ਲੱਗਾ ਕਿ ਕ੍ਰਾਂਤੀ ਨੇੜੇ ਹੀ ਹੈ।

**ਸਵ-ਮੁਲਾਂਕਣ (Self Assessment)**

**ਖਾਲੀ ਥਾਵਾਂ ਭਰੋ (Fill in the blanks) :**

1. ਰੂਸ ਵਿਚ ਜੋ ਕ੍ਰਾਂਤੀ ਮਾਰਚ, 1917 ਵਿਚ ਹੋਈ, ਉਹ ....... ਅਖਵਾਉਂਦੀ ਹੈ।
2. ਰੂਸ ਵਿਚ ਜੋ ਕ੍ਰਾਂਤੀ ਨਵੰਬਰ, 1917 ਵਿਚ ਹੋਈ, ਉਹ ....... ਅਖਵਾਉਂਦੀ ਹੈ।
3. 19ਵੀਂ ਸ਼ਤਾਬਦੀ ਦੇ ਅੰਤ ਵਿਚ ....... ਜਾਤੀਆਂ ਦੇ ਵਿਦ੍ਰੋਹ ਹੋਏ।

## 24.2 ਮਾਰਚ, 1917 ਦੀ ਕ੍ਰਾਂਤੀ (Revolution of March, 1917)

### ਕ੍ਰਾਂਤੀ ਦਾ ਵਿਸਫੋਟ ਅਤੇ ਜ਼ਾਰਸ਼ਾਹੀ ਦਾ ਅੰਤ

1916-17 ਦੇ ਸ਼ੀਤਕਾਲ ਵਿਚ ਸਾਰੇ ਦੇਸ਼ ਭਰ ਵਿਚ ਤੀਬਰ ਅਸੰਤੋਸ਼ ਪੈਦਾ ਹੋ ਗਿਆ। ਦਸੰਬਰ, 1916 ਵਿਚ ਪਾਪਾਤਮਾ ਰਾਸਪੁਟਿਨ ਦੀ ਹੱਤਿਆ ਕਰ ਦਿੱਤੀ ਗਈ, ਦੰਗੇ-ਫਸਾਦ ਹੋਣ ਲੱਗੇ ਅਤੇ ਮਾਰਚ, 1917 ਵਿਚ ਰੂਸ ਦੀ ਰਾਜਧਾਨੀ ਪੈਟ੍ਰੋਗ੍ਰਾਡ ਵਿਚ ਅਚਾਨਕ ਕ੍ਰਾਂਤੀ ਦੀ ਸ਼ੁਰੂਆਤ ਹੋ ਗਈ। ਇਹ ਕ੍ਰਾਂਤੀ ਅਚਾਨਕ ਇਸ ਲਈ ਸੀ ਕਿ ਉਸ ਸਮੇਂ ਇਸ ਲਈ ਕ੍ਰਾਂਤੀਕਾਰੀ ਦਲ ਵੀ ਤਿਆਰ ਨਹੀਂ ਸਨ। ਅਜਿਹਾ ਮਾਲੂਮ ਹੋ ਰਿਹਾ ਸੀ ਕਿ ਰੂਸ ਕ੍ਰਾਂਤੀ ਦੇ ਕਗਾਰ 'ਤੇ ਹੈ, ਪਰ ਇੱਕਦਮ 7 ਮਾਰਚ ਨੂੰ ਭਿਆਨਕ ਵਿਦ੍ਰੋਹ ਦੇ ਫੁੱਟ ਪੈਣ ਦੀ ਆਸ ਕਿਸੇ ਨੂੰ ਨਹੀਂ ਸੀ। ਵਿਦ੍ਰੋਹਹ ਦਾ ਤੱਤਕਾਲੀ ਕਾਰਨ ਯੁੱਧ ਤੋਂ ਸ਼ਾਂਤੀ, ਜ਼ਮੀਨ ਅਤੇ ਰੋਟੀ ਦੀ ਮੰਗ ਸੀ। 7 ਮਾਰਚ ਨੂੰ ਪੈਟ੍ਰੋਗ੍ਰਾਡ ਵਿਚ ਭੁੱਖ ਨਾਲ ਵਿਆਕੁਲ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ ਅਤੇ ਸੜਕਾਂ 'ਤੇ ਘੁੰਮਣਾ ਅਤੇ ਰੋਟੀ ਦੇ ਨਾਅਰੇ ਲਾਉਂਦੇ ਹੋਏ ਲੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਫੌਜੀਆਂ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ ਗਿਆ, ਪਰ ਉਨ੍ਹਾਂ ਹੁਕਮ ਦੀ ਉਲੰਘਣਾ ਦੀ। ਅਗਲੇ ਦਿਲ ਕੱਪੜਾ ਮਿਲਾਂ ਦੀਆਂ ਮਜ਼ਦੂਰ ਔਰਤਾਂ ਨੇ ਹੜਤਾਲ ਕਰ ਦਿੱਤੀ ਅਤੇ ਸੜਕਾਂ 'ਤੇ ਰੋਟੀ ਦੀ ਮੰਗ ਦੇ ਨਾਅਰੇ ਲਾਏ। ਹੋਰ ਮਜ਼ਦੂਰ ਵੀ ਭੀੜ ਵਿਚ ਸ਼ਾਮਲ ਹੋ ਗਏ। ਸ਼ਹਿਰ ਦੀਆਂ ਸੜਕਾਂ 'ਤੇ 'ਰੋਟੀ ਦੋ', 'ਯੁੱਧ ਬੰਦ ਕਰੋ', 'ਅੱਤਿਆਚਾਰੀ ਸ਼ਾਸਨ ਦਾ ਨਾਸ਼ ਹੋ' ਆਦਿ ਦੇ ਨਾਅਰੇ ਲਾਏ। 10 ਮਾਰਚ ਨੂੰ ਪੈਟ੍ਰੋਗ੍ਰਾਡ ਦੇ ਸਾਰੇ ਕਾਰਖਾਨਿਆਂ ਵਿਚ ਕੰਮ ਬੰਦ ਹੋ ਗਿਆ। ਸ਼ਹਿਰ ਦੇ ਬਾਹਰੀ ਹਿੱਸਿਆਂ ਵਿਚ ਮਜ਼ਦੂਰਾਂ ਨੇ ਪੁਲਿਸ ਤੋਂ ਹਥਿਆਰ ਖੋਹ ਲਏ। ਦਮਨ ਲਈ ਜੋ ਫੌਜੀ ਭੇਜੇ ਗਏ ਉਹ ਅੰਦੋਲਨਕਾਰੀਆਂ ਦੇ ਨਾਲ ਮਿਲ ਗਏ। ਗੁੱਸੇ ਨਾਲ ਭਰੇ ਜ਼ਾਰ ਨੇ 11 ਮਾਰਚ ਨੂੰ ਡਿਊਮਾ ਨੂੰ ਭੰਗ ਕਰ ਦਿੱਤਾ, ਆਖ਼ਰ ਡਿਊਮਾ ਦੇ ਮੈਂਬਰਾਂ ਨੇ ਵੀ ਵਿਦ੍ਰੋਹ ਕਰ ਦਿੱਤਾ। ਫੌਜੀ ਟੁਕੜੀਆਂ ਅਧਿਕਾਰੀਆਂ ਨਾਲ ਜਾ ਮਿਲੀਆਂ। ਕ੍ਰਾਂਤੀਕਾਰੀ ਮਜ਼ਦੂਰਾਂ ਅਤੇ ਫੌਜੀਆਂ ਨੇ ਮਿਲ ਕੇ 'ਫੌਜੀਆਂ ਅਤੇ ਮਜ਼ਦੂਰਾਂ ਦੇ ਪ੍ਰਤੀਨਿਧਾਂ ਦੀ ਕ੍ਰਾਂਤੀਕਾਰੀ ਸੋਵੀਅਤ' (Soviet of Workmen and Soldier's Deputies) ਦਾ ਨਿਰਮਾਣ ਕਰ ਲਿਆ। ਜ਼ਾਰ ਦੇ ਸਮਰਥਕ ਫੌਜੀ ਅਹੁਦਾ ਅਧਿਕਾਰੀਆਂ ਨੇ ਗੋਲੀਆਂ ਦੀ ਵਾਛੜ ਕੀਤੀ, ਪਰ ਵਿਦ੍ਰੋਹ ਵਿਆਪਕ ਹੁੰਦਾ ਗਿਆ। 14 ਮਾਰਚ ਨੂੰ ਕ੍ਰਾਂਤੀਕਾਰੀ ਸੋਵੀਅਤ (ਪ੍ਰੀਸ਼ਦ) ਅਤੇ ਡਿਊਮਾ ਦੇ ਮੈਂਬਰਾਂ ਦੀ ਇੱਕ ਕਮੇਟੀ ਨੇ ਮਿਲ ਕੇ ਇੱਕ 'ਅਸਥਾਈ ਸਰਕਾਰ' ਦਾ ਨਿਰਮਾਣ ਕਰ ਲਿਆ ਜਿਸਦਾ ਨੇਤਾ ਪ੍ਰਿੰਸ ਲਵੋਵ ਸੀ। ਇਸ 'ਅਸਥਾਈ ਸਰਕਾਰ' ਵਿਚ ਕ੍ਰਾਂਤੀਕਾਰੀ ਸਮਾਜਵਾਦੀ ਪਾਰਟੀ ਦੇ ਨੇਤਾ ਅਲੈਕਜੈਂਡਰ ਕੇਰੇਂਸਕੀ (Alexander Kerensky), ਕਾਨਸਟੀਚਿਊਸ਼ਨਲ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਮਿਲਊਕੋਵ (Miliukov) ਅਤੇ ਅਕਟੂਬਰਿਸ਼ਟ ਪਾਰਟੀ ਦੇ ਨੇਤਾ ਗੁਸ਼ਕੋਵ ਨੂੰ ਵੀ

ਸ਼ਾਮਲ ਕੀਤਾ ਗਿਆ। ਮਜ਼ਬੂਰ ਹੋ ਕੇ 15 ਮਾਰਚ ਨੂੰ ਜਾਰ ਨਿਕੋਲਸ ਦੂਜੇ ਨੇ ਆਪਣੇ ਭਰਾ ਗ੍ਰਾਂਡ ਡਿਊਕ ਮਾਈਕੇਲ ਦੇ ਪੱਖ ਵਿਚ ਰਾਜਗੱਦੀ ਛੱਡ ਦਿੱਤੀ। 'ਅਸਥਾਈ ਸਰਕਾਰ' ਦੇ ਮੁੱਖ ਮੈਂਬਰ ਇਸ ਬਾਰੇ ਇੱਕਮਤ ਨਹੀਂ ਹੋ ਸਕੇ ਕਿ ਰਾਜਤੰਤਰ ਕਾਇਮ ਰੱਖਿਆ ਜਾਵੇ ਜਾਂ ਗਣਤੰਤਰ ਦੀ ਸਥਾਪਨਾ ਕਰ ਦਿੱਤੀ ਜਾਵੇ, ਆਖ਼ਰ ਡਿਊਕ ਮਾਈਕੇਲ ਨੇ ਵੀ ਸਿੰਘਾਸਣ 'ਤੇ ਬੈਠਣਾ ਸਵੀਕਾਰ ਨਹੀਂ ਕੀਤਾ। ਇਸ ਤਰ੍ਹਾਂ ਮਾਰਚ 1917 ਦੀ ਕ੍ਰਾਂਤੀ ਦੇ ਨਤੀਜ਼ੇ ਵਜੋਂ ਰੂਸ 'ਚੋਂ ਨਿਰੰਕੁਸ਼ ਜਾਰਸ਼ਾਹੀ ਦਾ ਅੰਤ ਹੋ ਗਿਆ ਅਤੇ ਉਸਦੀ ਥਾਂ 'ਤੇ ਨਵੀਂ ਕ੍ਰਾਂਤੀਕਾਰੀ ਸਰਕਾਰ ਸਥਾਪਿਤ ਹੋਈ। ਪੈਟ੍ਰੋਗ੍ਰਾਡ ਦੀ ਕ੍ਰਾਂਤੀ ਨੂੰ ਸਾਰੇ ਦੇਸ਼ ਨੇ ਸਵੀਕਾਰ ਕਰ ਲਿਆ।

### ਅਸਥਾਈ ਉਦਾਰਵਾਦੀ ਸਰਕਾਰ ਵੱਲੋਂ ਮਹੱਤਵਪੂਰਨ ਸੁਧਾਰਾਂ ਦਾ ਐਲਾਨ

ਮਾਰਚ, 1917 ਦੀ ਇਸ ਕ੍ਰਾਂਤੀ ਨਾਲ ਸੱਤਾ ਉਦਾਰ ਤੱਤਾਂ ਦੇ ਹੱਥ ਵਿਚ ਆਈ। ਪ੍ਰਿੰਸ ਲਵੋਵ ਇੱਕ ਉਦਾਰਵਾਦੀ ਨੇਤਾ ਸੀ। ਅਸਥਾਈ ਸਰਕਾਰ ਦੇ ਮੰਤਰੀ ਬੜੇ ਯੋਗ ਸਨ। ਮਿਲਉਕੋਵ ਵਿਦੇਸ਼ ਮੰਤਰੀ ਸੀ, ਕੇਰੇਂਸਕੀ ਨਿਆਂ ਮੰਤਰੀ ਅਤੇ ਗੁਸ਼ਕੋਵ ਯੁੱਧਮੰਤਰੀ ਸੀ। ਇਹ ਉਦਾਰਵਾਦੀ ਮੰਤਰੀ ਮੰਡਲ ਸੰਵਿਧਾਨਕ ਤਰੀਕਿਆਂ ਵਿਚ ਵਿਸ਼ਵਾਸ ਕਰਦਾ ਸੀ, ਇਸ ਲਈ ਇਸਨੇ ਤੁਰੰਤ ਹੀ ਅਨੇਕਾਂ ਮਹੱਤਵਪੂਰਨ ਸੁਧਾਰ ਲਾਗੂ ਕੀਤੇ ਅਤੇ ਉਦਾਰ ਐਲਾਨ ਕੀਤੇ–

1. ਜ਼ਿਆਦਾਤਰ ਰਾਜਨੀਤਿਕ ਬੰਦੀਆਂ ਨੂੰ ਸੁਤੰਤਰ ਕਰ ਦਿੱਤਾ ਗਿਆ ਅਤੇ ਦੇਸ਼ੋਂ ਕੱਢੇ ਵਿਅਕੀਆਂ ਨੂੰ ਮੁੜ ਦੇਸ਼ ਵਿਚ ਆਉਣ ਦੀ ਆਗਿਆ ਦੇ ਦਿੱਤੀ ਗਈ।
2. ਯਹੂਦੀਆਂ ਦੇ ਵਿਰੁੱਧ ਲਾਗੂ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ।
3. ਭਾਸ਼ਣ, ਪ੍ਰੈੱਸ, ਲੇਖਨ ਆਦਿ 'ਤੇ ਲਾਈਆਂ ਗਈਆਂ ਪਾਬੰਦੀਆਂ ਹਟਾ ਦਿੱਤੀਆਂ ਗਈਆਂ।
4. ਮਜ਼ਦੂਰਾਂ ਦੇ ਸੰਘ ਬਣਾਉਣ ਅਤੇ ਹੜਤਾਲ ਕਰਨ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ।
5. ਮੌਤ ਦੀ ਸਜ਼ਾ ਸਮਾਪਤ ਕਰ ਦਿੱਤੀ ਗਈ ਅਤੇ ਪ੍ਰਸ਼ਾਸਨ ਨੂੰ ਸੁਧਾਰਨ ਦਾ ਭਰੋਸਾ ਦਿੱਤਾ ਗਿਆ।
6. ਗ੍ਰੀਕ ਚਰਚ ਦੇ ਵਿਸ਼ੇਸ਼ ਅਧਿਕਾਰ ਸਮਾਪਤ ਕਰ ਦਿੱਤੇ ਗਏ।
7. ਦੇਸ਼ ਲਈ ਇੱਕ ਨਿਆਂ ਸ਼ਾਸਨ ਵਿਧਾਨ ਬਣਾਉਣ ਲਈ ਨਵੀਂ ਸੰਵਿਧਾਨ-ਸਭਾ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ।
8. ਬਾਲਗ ਨੂੰ ਵੋਟ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ।
9. ਪੁਲਿਸ ਨੂੰ ਨਾਗਰਿਕਾਂ ਨੂੰ ਮੰਨਮੰਨੇ ਢੰਗ ਨਾਲ ਗ੍ਰਿਫ਼ਤਾਰ ਕਰਨ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ।
10. ਪੋਲੈਂਡ ਨੂੰ ਅਜ਼ਾਦ ਸ਼ਾਸਨ ਦਾ ਵਚਨ ਦਿੱਤਾ ਗਿਆ ਅਤੇ ਫਿਨਲੈਂਡ ਦੇ ਜਾਇਜ਼ ਅਧਿਕਾਰਾਂ ਨੂੰ ਮਾਨਤਾ ਦਿੱਤੀ ਗਈ।
11. ਅਸਥਾਈ ਸਰਕਾਰ ਨੇ ਯੁੱਧ ਜਾਰੀ ਰੱਖ ਕੇ ਦੁੱਗਣੇ ਉਤਸ਼ਾਹ ਨਾਲ ਲੜਨ ਦਾ ਐਲਾਨ ਕੀਤਾ।

### ਅਸਥਾਈ ਸਰਕਾਰ ਦੀਆਂ ਸਮੱਸਿਆਵਾਂ

ਅਸਥਾਈ ਉਦਾਰਵਾਦੀ ਸਰਕਾਰ ਨੂੰ ਸ਼ੁਰੂ ਤੋਂ ਹੀ ਜਟਿਲ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਸ ਲਈ ਇਸਦੀ ਸਥਿਤੀ ਡਾਵਾਂਡੋਲ ਬਣੀ ਰਹੀ। ਮੁੱਖ ਸਮੱਸਿਆਵਾਂ ਸਨ–

1. **ਸਥਿਰ ਸਰਕਾਰ:** ਸਭ ਤੋਂ ਵੱਡੀ ਸਮੱਸਿਆ ਆਪਣੀ ਸੱਤਾ ਨੂੰ ਮਜ਼ਬੂਤ ਅਤੇ ਸਥਿਰ ਬਣਾਉਣਾ ਸੀ। ਮਜ਼ਦੂਰ ਵਰਗ ਸ਼ਾਸਨ ਸੱਤਾ ਆਪਣੇ ਹੱਥ ਵਿਚ ਲੈਣਾ ਚਾਹੁੰਦਾ ਸੀ। ਅਸਥਾਈ ਸਰਕਾਰ ਅਤੇ ਪੈਟ੍ਰੋਗ੍ਰਾਡ ਦੇ ਮਜ਼ਦੂਰਾਂ ਅਤੇ ਫੌਜੀਆਂ ਦੀ ਸੋਵੀਅਤ ਵਿਚਾਲੇ ਅੰਦਰੂਨੀ ਨੀਤੀ ਸਬੰਧੀ ਸਿਧਾਂਤਕ ਮੱਤਭੇਦ ਸੀ। ਅਸਥਾਈ ਸਰਕਾਰ ਦੇ ਮੰਤਰੀ ਮੁੱਖ ਰੂਪ ਨਾਲ ਮੱਧਵਰਗੀ ਉਦਾਰਵਾਦੀ ਵਿਚਾਰਧਾਰਾ ਦੇ ਪ੍ਰਤੀਨਿਧ ਸਨ ਅਤੇ ਇਹ ਆਸ ਕਰਦੇ ਸਨ ਕਿ ਕ੍ਰਾਂਤੀ ਦਾ ਉਤਸ਼ਾਹ ਸਮਾਪਤ ਹੋਣ ਤੋਂ ਬਾਅਦ ਦੇਸ਼ ਵਿਚ ਸੰਵਿਧਾਨ ਰਾਜਤੰਤਰ ਦੀ ਸਥਾਪਨਾ ਕੀਤੀ ਜਾ ਸਕੇਗੀ। ਉਨ੍ਹਾਂ ਦੀ ਇੱਛਾ ਇੱਕ ਅਜਿਹੇ ਉਦਾਰ ਸ਼ਾਸਨ ਦੀ ਸਥਾਪਨਾ ਕਰਨ ਦੀ ਸੀ ਜਿਸ ਵਿਚ ਲੋਕਾਂ ਨੂੰ ਨਾ ਸਿਰਫ਼ ਨਿੱਜੀ ਸੁਤੰਤਰਤਾ ਹੋਵੇ, ਸਗੋਂ ਨਿੱਜੀ ਸੰਪੱਤੀ ਦੇ ਅਧਿਕਾਰ ਦੀ ਗਾਰੰਟੀ ਵੀ ਹੋਵੇ ਅਤੇ ਜ਼ਮੀਨ ਸਮੱਸਿਆ ਨੂੰ ਕਾਨੂੰਨੀ ਢੰਗ ਨਾਲ ਸੁਲਝਾਉਣ ਦਾ ਯਤਨ ਹੋਵੇ। ਅਸਥਾਈ ਸਰਕਾਰ ਦੇ ਉਲਟ ਮਜ਼ਦੂਰਾਂ ਅਤੇ ਫੌਜੀਆਂ ਦੀ ਸੋਵੀਅਤ ਕ੍ਰਾਂਤੀਕਾਰੀ ਵਿਚਾਰਾਂ ਦੀ ਸੀ ਜੋ ਰਾਜਤੰਤਰ ਦੇ ਸਮੁੱਚੇ ਨਾਸ ਲਈ ਵਚਨਬੱਧ ਸੀ। ਇਹ ਸੋਵੀਅਤ ਚਾਹੁੰਦੀ ਸੀ ਕਿ ਜਮੀਂਦਾਰਾਂ ਦੀ ਜ਼ਮੀਨ ਬਿਨਾ ਮੁਆਵਜ਼ੇ ਦੇ ਕਿਸਾਨਾਂ ਵਿਚ ਵੰਡ ਦਿੱਤੀ ਜਾਵੇ ਅਤੇ ਦੇਸ਼ ਦੇ ਸਾਰੇ ਮਹੱਤਵਪੂਰਨ ਉਦਯੋਗਾਂ ਦਾ ਰਾਸ਼ਟਰੀਕਰਨ ਕਰ ਲਿਆ ਜਾਵੇ।
2. **ਯੁੱਧ ਜਾਂ ਸ਼ਾਂਤੀ:** ਅਸਥਾਈ ਸਰਕਾਰ ਮਿੱਤਰ-ਦੇਸ਼ਾਂ ਦੇ ਸਹਿਯੋਗ ਨਾਲ ਯੁੱਧ ਜਾਰੀ ਰੱਖਣਾ ਚਾਹੁੰਦੀ ਸੀ ਤਾਂ ਕਿ ਭੱਵਿਖ ਵਿਚ ਟਰਕੀ ਜਲਡਮਰੂਮੱਧ (Straits) ਅਤੇ ਬਾਲਕਨ ਖੇਤਰ 'ਤੇ ਰੂਸੀ ਕੰਟਰੋਲ ਸਥਾਪਤ ਕੀਤਾ ਜਾ ਸਕੇ। ਪਰ ਕ੍ਰਾਂਤੀਕਾਰੀ ਸੋਵੀਅਤ ਯੁੱਧ ਜਾਰੀ ਰੱਖਣ ਦੇ ਵਿਰੁੱਧ ਸੀ। ਉਸਦਾ ਕਹਿਣਾ ਸੀ ਕਿ ਯੁੱਧ ਵਿਚ ਫਸੇ ਰਹਿਣ 'ਤੇ ਸ਼ਾਸਨ ਦੀਆਂ ਬੁਰਾਈਆਂ ਦੂਰ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਲੋਕਤੰਤਰ ਨੂੰ ਸਫ਼ਲ ਨਹੀਂ ਬਣਾਇਆ ਜਾ ਸਕਦਾ। ਫੌਜੀ ਵੀ ਲੜਦੇ-ਲੜਦੇ ਅੱਕ ਚੁੱਕੇ ਸਨ ਅਤੇ ਜਨਤਾ ਵੀ ਯੁੱਧ ਦੇ ਬੋਝ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ। ਇਸ ਲਈ ਇਹ ਸਵਾਲ ਬੜਾ ਵਿਵਾਦਗ੍ਰਸਤ ਹੋ ਗਿਆ ਕਿ ਰੂਸ ਯੁੱਧ ਜਾਰੀ ਰੱਖੇ ਜਾਂ ਇਸ ਤੋਂ ਵੱਖ ਹੋ ਜਾਵੇ।

ਨੋਟ

3. **ਹੜਤਾਲਾਂ:** ਮਜ਼ਦੂਰਾਂ ਨੇ ਅਸਥਾਈ ਸਰਕਾਰ ਨੂੰ ਸਹਿਯੋਗ ਨਾ ਦੇ ਕੇ ਕਾਰਖਾਨਿਆਂ ਵਿਚ ਹੜਤਾਲਾਂ ਕਰਨਾ ਅਤੇ ਜਗ੍ਹਾ-ਜਗ੍ਹਾ ਆਤੰਕ ਪੈਦਾ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਅਸਥਾਈ ਸਰਕਾਰ ਦੀ ਸਥਿਤੀ ਹੋਰ ਵੀ ਜਟਿਲ ਹੋ ਗਈ।

ਅਸਲ ਵਿਚ ਅਸਥਾਈ ਸਰਕਾਰ ਅਤੇ ਪੈਟ੍ਰੋਗ੍ਰਾਡ ਦੀ ਕ੍ਰਾਂਤੀਕਾਰੀ ਸੋਵੀਅਤ ਵਿਚ ਤਨਾਓ ਤਾਂ 15 ਮਾਰਚ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਦਿਨ ਕ੍ਰਾਂਤੀਕਾਰੀ ਸੋਵੀਅਤ ਨੇ ਆਪਣੇ ਆਗਿਆਪੱਤਰ ਨੰਬਰ 1 (Order No. 1) ਪ੍ਰਸਾਰਿਤ ਕਰਕੇ ਜਲ ਅਤੇ ਥਲ ਸੈਨਾ ਨੂੰ ਸਿਰਫ਼ ਉਨ੍ਹਾਂ ਹੁਕਮਾਂ ਦੀ ਪਾਲਣ ਕਰਨ ਲਈ ਅਪੀਲ ਕੀਤੀ ਸੀ ਜੋ ਸੋਵੀਅਤ ਦੇ ਆਦੇਸ਼ ਦੇ ਉਲਟ ਨਾ ਹੋਣ। ਪਰ ਅਸਥਾਈ ਸਰਕਾਰ ਨੇ ਇਸ ਆਗਿਆਪੱਤਰ ਦਾ ਵਿਰੋਧ ਕੀਤਾ ਅਤੇ ਇਸ ਤਰ੍ਹਾਂ ਦੋਵਾਂ ਵਿਚਾਲੇ ਤਨਾਓ ਸ਼ੁਰੂ ਹੋ ਗਿਆ।

ਤਨਾਓ ਦੇ ਇਸੇ ਵਾਤਾਵਰਨ ਵਿਚ ਜੂਨ, 1917 ਵਿਚ ਪੈਟ੍ਰੋਗ੍ਰਾਡ ਸੋਵੀਅਤ ਨੇ 'ਸੋਵੀਅਤਾਂ ਦੀ ਅਖਿਲ ਰੂਸੀ ਕਾਂਗਰਸ' (All Russian Congress of Soviets) ਸੱਦੀ ਜਿਸ ਵਿਚ ਸਪੱਸ਼ਟ ਅਤੇ ਜ਼ੋਰਦਾਰ ਸ਼ਬਦਾਂ ਵਿਚ ਐਲਾਨ ਕੀਤਾ ਗਿਆ ਕਿ ਸਿਰਫ਼ ਰਾਜਨੀਤਿਕ ਕ੍ਰਾਂਤੀ ਨਾਲ ਹੀ ਕੰਮ ਨਹੀਂ ਚੱਲੇਗਾ, ਸਮਾਜਿਕ ਅਤੇ ਆਰਥਿਕ ਕ੍ਰਾਂਤੀ ਵੀ ਬਹੁਤ ਜ਼ਰੂਰੀ ਹੈ। ਕਾਂਗਰਸ ਸੰਮੇਲਨ ਵਿਚ ਕ੍ਰਾਂਤੀਕਾਰੀ ਸਮਾਜਵਾਦੀ, ਮੇਨਸ਼ੇਵਿਕ ਅਤੇ ਬੋਲਸ਼ੇਵਿਕ ਪਾਰਟੀਆਂ ਦੇ ਪ੍ਰਤੀਨਿਧੀ ਸ਼ਾਮਲ ਹੋਏ। ਇਸ ਵਿਚ 390 ਮੈਂਬਰਾਂ ਦੀ ਇੱਕ 'ਅਖਿਲ ਰੂਸੀ ਸੋਵੀਅਤ ਕਾਰਜਕਾਰਨੀ ਕਮੇਟੀ' (All Russian Executive Committee of Soviets) ਗਠਿਤ ਕੀਤੀ ਗਈ, ਪਰ ਅਸਲ ਕਾਰਜਕਾਰੀ ਸ਼ਕਤੀ 20 ਮੈਂਬਰਾਂ ਦੇ ਪ੍ਰੈਸੀਡੀਅਮ (Presidium) ਨੂੰ ਸੌਂਪੀ ਗਈ। ਬੋਲਸ਼ੇਵਿਕ ਪ੍ਰਤੀਨਿਧੀਆਂ ਨੇ ਇਹ ਵਿਚਾਰ ਪੇਸ਼ ਕੀਤਾ ਕਿ ਅਸਥਾਈ ਉਦਾਰਵਾਦੀ ਮੰਤਰੀਮੰਡਲ ਦੀ ਥਾਂ ਕ੍ਰਾਂਤੀਕਾਰੀਆਂ ਨੂੰ ਆਪਣਾ ਮੰਤਰੀਮੰਡਲ ਗਠਿਤ ਕਰਨਾ ਚਾਹੀਦਾ ਹੈ। ਜੁਲਾਈ, 1917 ਦੇ ਸ਼ੁਰੂ ਵਿਚ ਅਸਥਾਈ ਸਰਕਾਰ ਦੇ ਵਿਰੁੱਧ ਇੱਕ ਵੱਡਾ ਵਿਦ੍ਰੋਹ ਹੋਇਆ ਜਿਸ ਨੂੰ ਦਬਾ ਦਿੱਤਾ ਗਿਆ। ਸਰਕਾਰ ਨੂੰ ਸ਼ੱਕ ਸੀ ਕਿ ਵਿਦ੍ਰੋਹ ਨੂੰ ਭੜਕਾਉਣ ਵਿਚ ਬੋਲਸ਼ੇਵਿਕ ਪਾਰਟੀ ਦਾ ਹੱਥ ਸੀ, ਇਸ ਲਈ ਬੋਲਸ਼ੇਵਿਕ ਨੇਤਾਵਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ ਗਏ ਅਤੇ ਲੇਨਿਨ, ਜਿਨੋਵਿਵ ਆਦਿ ਨੇਤਾ ਰੂਸ ਛੱਡ ਕੇ ਭੱਜ ਗਏ।

### ਕੇਰੇਂਸਕੀ ਸਰਕਾਰ ਦੀ ਸਥਾਪਨਾ

ਜਨਤਾ ਦੇ ਵਧਦੇ ਹੋਏ ਵਿਰੋਧ ਅਤੇ ਗੈਲੀਸ਼ੀਆ ਵਿਚ ਰੂਸੀ ਹਮਲੇ ਦੀ ਨਾਕਾਮੀ ਦੇ ਨਤੀਜੇ ਵਜੋਂ ਪ੍ਰਿੰਸ ਲਵੋਵ ਅਤੇ ਉਸਦੇ ਸਾਥੀਆਂ ਦੀ ਉਦਾਰਵਾਦੀ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਇਸ ਤੋਂ ਬਾਅਦ ਕੇਰੇਂਸਕੀ ਦੀ ਅਗਵਾਈ ਵਿਚ ਇੱਕ ਨਵੀਂ ਸਰਕਾਰ ਬਣੀ। ਸ਼ਾਸਨ ਸੱਤਾ ਹੁਣ ਸਮਾਜਵਾਦੀਆਂ ਦੇ ਹੱਥਾਂ ਵਿਚ ਆ ਗਈ। ਬੋਲਸ਼ੇਵਿਕ ਲੋਕਾਂ ਕੇਰੇਂਸਕੀ ਸਰਕਾਰ ਦਾ ਵਿਰੋਧ ਕਰਦੇ ਰਹੇ ਅਤੇ 'ਸ਼ਾਂਤੀ, ਜ਼ਮੀਨ ਅਤੇ ਰੋਟੀ' ਦੇ ਨਾਅਰੇ ਲਾਉਂਦੇ ਰਹੇ। ਮਜ਼ਦੂਰਾਂ, ਕਿਸਾਨਾਂ ਅਤੇ ਫੌਜੀਆਂ ਵਿਚ ਅਸੰਤੋਸ਼ ਤੀਬਰ ਗਤੀ ਨਾਲ ਵਧਦਾ ਗਿਆ। ਕੇਰੇਂਸਕੀ ਦੀ ਸਰਕਾਰ ਨੇ ਯੁੱਧ ਨੀਤੀ ਨੂੰ ਉਤਸ਼ਾਹ ਦਿੱਤੀ, ਪਰ ਰੂਸ ਨੂੰ ਨਾਕਾਮੀਆਂ ਦੇ ਡੂੰਘੇ ਝਟਕੇ ਝੱਲਣੇ ਪਏ। ਸਤੰਬਰ ਦੇ ਸ਼ੁਰੂ ਵਿਚ ਰੀਗਾ (Riga) ਦਾ ਪਤਨ ਹੋਇਆ ਅਤੇ ਜਰਮਨ ਫੌਜਾਂ ਤੇਜ਼ੀ ਨਾਲ ਅੱਗੇ ਵਧਣ ਲੱਗੀਆਂ। ਜਨ-ਅਸੰਤੋਸ਼ ਦਾ ਲਾਭ ਉਠਾ ਕੇ ਕਾਰਨੀਲਾਵ ਨੇ 7 ਸਤੰਬਰ ਨੂੰ ਰੂਸੀ ਕੋਸਾਕ ਫੌਜੀ ਟੁਕੜੀ ਨੂੰ ਪੈਟ੍ਰੋਗ੍ਰਾਡ 'ਤੇ ਅਧਿਕਾਰ ਕਰਨ ਦੇ ਹੁਕਮ ਦਿੱਤੇ। ਕੇਰੇਂਸਕੀ ਸਰਕਾਰ ਬੋਲਸ਼ੇਵਿਕਾਂ ਦੀ ਮੱਦਦ ਨਾਲ ਫੌਜੀ ਵਿਦ੍ਰੋਹ ਨੂੰ ਦਬਾ ਦਿੱਤਾ ਪਰ ਹੁਣ ਬੋਲਸ਼ੇਵਿਕ ਪਾਰਟੀ ਦਾ ਪ੍ਰਭਾਵ ਤੇਜ਼ੀ ਨਾਲ ਵਧਣ ਲੱਗਾ। ਮੇਨਸ਼ੇਵਿਕ ਪਾਰਟੀ ਦੇ ਮੰਤਰੀ ਵੀ ਕੇਰੇਂਸਕੀ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਹੋ ਕੇ ਮੰਤਰੀਮੰਡਲ ਤੋਂ ਹਟਣ ਲੱਗੇ ਅਤੇ ਇਹ ਸਪੱਸ਼ਟ ਹੋ ਗਿਆ ਕਿ ਕੇਰੇਂਸਕੀ ਸਰਕਾਰ ਦਾ ਪਤਨ ਨੇੜੇ ਹੈ। ਬੋਲਸ਼ੇਵਿਕ ਪਾਰਟੀ ਹਥਿਆਰਬੰਦ ਕ੍ਰਾਂਤੀ ਦੁਆਰਾ ਸ਼ਾਸਨ 'ਤੇ ਅਧਿਕਾਰ ਕਰਨ ਦੀ ਯੋਜਨਾ ਬਣਾਉਣ ਲੱਗੀ ਅਤੇ ਆਖ਼ਰ ਵਿਚ ਨਵੰਬਰ, 1917 ਦੀ ਬੋਲਸ਼ੇਵਿਕ ਕ੍ਰਾਂਤੀ ਹੋ ਗਈ।

## 24.3 ਬੋਲਸ਼ੇਵਿਕ ਕ੍ਰਾਂਤੀ, ਨਵੰਬਰ, 1917 (Bolshevik Revolution, November, 1917)

ਲੇਨਿਨ ਬੋਲਸ਼ੇਵਿਕ ਪਾਰਟੀ ਦਾ ਮੁੱਖ ਸੰਸਥਾਪਕ ਸੀ। ਮਾਰਚ, 1917 ਦੀ ਕ੍ਰਾਂਤੀ ਦੇ ਸਮੇਂ ਉਹ ਦੇਸ਼ ਤੋਂ ਬਾਹਰ ਸੀ। ਕ੍ਰਾਂਤੀ ਦੇ ਸ਼ੁਰੂ ਵਿਚ ਮੇਨਸ਼ੇਵਿਕ ਪਾਰਟੀ ਨੇ ਆਪਣੀ ਸ਼ਕਤੀ ਵਧਾ ਲਈ, ਬੋਲਸ਼ੇਵਿਕ ਪਾਰਟੀ ਨੂੰ ਕ੍ਰਾਂਤੀ ਤੋਂ ਕੋਈ ਲਾਭ ਨਾ ਹੋਇਆ ਜਿਸ ਦੇ ਨਤੀਜੇ ਵਜੋਂ ਬੋਲਸ਼ੇਵਿਕਾਂ ਨੇ ਸੱਤਾ ਵਿਚ ਆਉਣ ਲਈ 'ਪ੍ਰਾਵਦਾ' (Pravda) ਨਾਂਅ ਦੇ ਅਖ਼ਬਾਰ ਰਾਹੀਂ ਆਪਣੀ ਨੀਤੀ ਅਤੇ ਪ੍ਰੋਗਰਾਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। 3 ਅਪਰੈਲ, 1917 ਨੂੰ ਲੇਨਿਨ ਪੈਟ੍ਰੋਗ੍ਰਾਡ ਆ ਗਿਆ ਅਤੇ ਉਸਨੇ ਆਪਣੇ ਸਾਥੀਆਂ, ਪੈਟ੍ਰੋਗ੍ਰਾਡ ਸੋਵੀਅਤ ਦੇ ਮੇਨਸ਼ੇਵਿਕਾਂ ਅਤੇ ਹੋਰ ਸਮਾਜਵਾਦੀ ਨੇਤਾਵਾਂ ਦੇ ਸਾਹਮਣੇ ਕ੍ਰਾਂਤੀ ਦੇ ਸਬੰਧ ਵਿਚ ਆਪਣੇ ਵਿਚਾਰ ਰੱਖੇ। ਲੇਨਿਨ ਦਾ ਵਿਚਾਰ ਸੀ ਕਿ ਕ੍ਰਾਂਤੀ ਦਾ ਪਹਿਲਾ ਦੌਰ, ਜਿਸ 'ਚ ਸ਼ਕਤੀ ਬੁਰਜੁਆ ਵਰਗ ਦੇ ਹੱਥਾਂ ਵਿਚ ਪਹੁੰਚੀ, ਸਮਾਪਤੀ 'ਤੇ ਸੀ ਅਤੇ ਹੁਣ ਲੋੜ ਇਸ ਗੱਲ ਸੀ ਕਿ ਸੱਤਾ ਮਜ਼ਦੂਰਾਂ ਤੇ ਕਿਸਾਨਾਂ ਜਾਂ ਸਰਵਹਾਰਾ ਵਰਗ ਨੂੰ ਪ੍ਰਾਪਤ ਕਰਾਉਣ ਦੀ ਤਿਆਰੀ ਕੀਤੀ ਜਾਵੇ। ਦੂਜੇ ਸ਼ਬਦਾਂ ਵਿਚ ਲੇਨਿਨ 'ਮੱਧਵਰਗੀ ਕ੍ਰਾਂਤੀ' ਨੂੰ 'ਸਮਾਜਵਾਦੀ ਕ੍ਰਾਂਤੀ' ਵਿਚ ਬਦਲਣਾ ਚਾਹੁੰਦਾ ਸੀ। ਲੇਨਿਨ ਦੇ ਵਿਚਾਰ ਬਹੁਤ ਉਗਰ ਅਤੇ ਵਿਵਹਾਰਿਕ ਮਾਲੂਮ ਹੁੰਦੇ ਸਨ, ਪਰ ਸਟਾਲਿਨ, ਜਿਨੋਵਿਵ ਆਦਿ ਨੇਤਾਵਾਂ ਨੇ ਉਸਦੇ ਵਿਚਾਰਾਂ ਦਾ ਸਵਾਗਤ ਕੀਤਾ। ਅਪਰੈਲ-ਸੰਮੇਲਨ ਵਿਚ ਸੋਵੀਅਤਾਂ ਨੂੰ ਸੰਪੂਰਨ ਸ਼ਕਤੀ ਦਾ ਕੇਂਦਰ ਬਣਾਉਣ ਦਾ ਨਿਸ਼ਚਾ ਕਰ ਲਿਆ ਗਿਆ। ਮਈ, 1917 ਵਿਚ ਟ੍ਰਾਟਸਕੀ ਵੀ ਅਮਰੀਕਾ ਤੋਂ ਪਰਤ ਕੇ ਪੈਟ੍ਰੋਗ੍ਰਾਡ ਪਹੁੰਚ ਗਿਆ। ਉਸਦੀ ਆਪਣੀ ਇੱਕ ਵੱਖ ਪਾਰਟੀ ਸੀ। ਟ੍ਰਾਟਸਕੀ ਅਤੇ ਲੇਨਿਨ ਵਿਚ ਸਮਾਜਿਕ ਸਹਿਯੋਗ ਹੋ ਗਿਆ। ਬੋਲਸ਼ੇਵਿਕ ਪਾਰਟੀ ਵਧੇਰੇ ਪ੍ਰਭਾਵਸ਼ਾਲੀ ਬਣਦੀ ਗਈ। ਜੁਲਾਈ ਵਿਚ ਕੇਰੇਂਸਕੀ ਸਰਕਾਰ ਨੇ ਬੋਲਸ਼ੇਵਿਕ ਨੇਤਾਵਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਲੇਨਿਨ ਰੂਸ ਛੱਡ ਕੇ ਫਿਨਲੈਂਡ ਚਲਾ ਗਿਆ। ਇਸੇ ਸਮੇਂ ਟ੍ਰਾਟਸਕੀ ਬੋਲਸ਼ੇਵਿਕ ਪਾਰਟੀ ਦੇ ਨਾਲ ਪੂਰੀ ਤਰ੍ਹਾਂ ਮਿਲ ਗਿਆ। ਸਤੰਬਰ ਵਿਚ ਉਹ ਪੈਟ੍ਰੋਗ੍ਰਾਡ-ਸੋਵੀਅਤ ਦਾ ਪ੍ਰਧਾਨ ਬਣ ਗਿਆ। ਮਾਸਕੋ-ਸੋਵੀਅਤ 'ਤੇ ਵੀ ਬੋਲਸ਼ੇਵਿਕ ਨੇ ਕਬਜ਼ਾ ਕਰ ਲਿਆ। ਉੱਧਰ ਲੇਨਿਨ ਆਪਣੇ ਗੁਪਤ ਪੱਤਰਾਂ ਵਿਚ ਬੋਲਸ਼ੇਵਿਕ ਕਾਰਜਕਾਰਨੀ ਨੂੰ ਨਿਰਦੇਸ਼ ਦਿੰਦਾ ਰਿਹਾ ਕਿ ਹਥਿਆਰਬੰਦ ਕ੍ਰਾਂਤੀ ਦੁਆਰਾ ਸੱਤਾ ਹਥਿਆਉਣ ਦਾ ਸਮਾਂ ਆ ਗਿਆ ਹੈ।

**ਨੋਟ**

### ਕ੍ਰਾਂਤੀ ਦਾ ਵਿਸਫੋਟ

ਬੋਲਸ਼ੇਵਿਕ ਨੇਤਾਵਾਂ ਕੋਲ ਲਗਭਗ 25 ਹਜ਼ਾਰ ਹਥਿਆਰਬੰਦ ਮਜ਼ਦੂਰ ਸਨ ਜਿਨ੍ਹਾਂ 'ਲਾਲ ਰੱਖਿਅਕ' (Red Guards) ਕਿਹਾ ਜਾਂਦਾ ਸੀ। ਪਰ ਇਹ ਅਧੂਰੀ ਫੌਜ ਸਰਕਾਰੀ ਫੌਜ ਦੇ ਅੱਗੇ ਨਹੀਂ ਠਹਿਰ ਸਕਦੀ ਸੀ ਅਤੇ ਪੈਟ੍ਰੋਗ੍ਰਾਡ ਦੀ ਫੌਜ 'ਤੇ ਹੀ ਸਭ ਕੁਝ ਨਿਰਭਰ ਸੀ। ਪੈਟ੍ਰੋਗ੍ਰਾਡ ਦੀ ਸਰਕਾਰੀ ਫੌਜ ਡਰਦੀ ਸੀ ਕਿ ਕਿਤੇ ਉਸਨੂੰ ਵੀ ਮੋਰਚੇ 'ਤੇ ਨਾ ਭੇਜ ਦਿੱਤਾ ਜਾਵੇ, ਆਖ਼ਰ ਬੋਲਸ਼ੇਵਿਕਾਂ ਦੇ ਪ੍ਰਚਾਰ ਨਾਲ ਇਹ ਉਨ੍ਹਾਂ ਦੇ ਪੱਖ ਵਿਚ ਹੋ ਗਈ। ਉੱਧਰ 23 ਅਕਤੂਬਰ ਨੂੰ ਬੋਲਸ਼ੇਵਿਕ ਪਾਰਟੀ ਦੀ ਕਾਰਜਕਾਰਨੀ ਨੇ ਲੇਨਿਨ ਦੇ ਹੁਕਮ ਅਨੁਸਾਰ ਹਥਿਆਰਬੰਦ ਕ੍ਰਾਂਤੀ ਦੁਆਰਾ ਸੱਤਾ ਹਥਿਆਉਣ ਦੀ ਯੋਜਨਾ ਦੀ ਸ਼ੁਰੂਆਤ ਕਰਨ ਲਈ ਇੱਕ 'ਪੋਲਿਤ ਬਿਊਰੋ' ਨਿਯੁਕਤ ਕਰ ਦਿੱਤਾ। 5 ਨਵੰਬਰ ਨੂੰ ਕੇਰੇਂਸਕੀ ਸਰਕਾਰ ਨੇ ਬੋਲਸ਼ੇਵਿਕ ਨੇਤਾਵਾਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ, ਪਰ ਇਸ ਸਮੇਂ ਤੱਕ ਬੋਲਸ਼ੇਵਿਕ ਕ੍ਰਾਂਤੀ ਦੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਸਨ। 6-7 ਨਵੰਬਰ ਦੀ ਰਾਤ ਤੱਕ ਬੋਲਸ਼ੇਵਿਕਾਂ ਨੇ ਕ੍ਰਾਂਤੀ ਦੇ ਪਹੀਆਂ ਨੂੰ ਘੁਮਾਉਣਾ ਸ਼ੁਰੂ ਕਰ ਦਿੱਤਾ। 'ਲਾਲ ਰੱਖਿਅਕਾਂ' ਅਤੇ ਛੋਟੀਆਂ-ਛੋਟੀਆਂ ਹਥਿਆਰਬੰਦ ਫੌਜੀ ਟੁਕੜੀਆਂ ਨੇ ਰੇਲਵੇ ਸਟੇਸ਼ਨ, ਸਟੇਟ ਬੈਂਕ, ਟੈਲੀਫੋਨ, ਡਾਕਖਾਨੇ ਅਤੇ ਹੋਰ ਸਰਕਾਰੀ ਇਮਾਰਤਾਂ 'ਤੇ ਕਬਜ਼ਾ ਕਰ ਲਿਆ। ਵਿਦ੍ਰੋਹ ਵਿਵਸਥਿਤ ਢੰਗ ਨਾਲ ਹੋਇਆ। ਵਿਦ੍ਰੋਹ ਦੇ ਪਰੰਪਰਾਗਤ ਚਿੰਨ੍ਹ ਜਿਵੇਂ ਸੜਕਾਂ 'ਤੇ ਪ੍ਰਦਰਸ਼ਨ ਤੋ ਤੋੜ-ਭੰਨ੍ਹ ਆਦਿ ਤਾਂ ਦੇਖਣ ਨੂੰ ਵੀ ਨਹੀਂ ਮਿਲਦੇ ਸਨ। ਇਸਦਾ ਕਾਰਨ ਸ਼ਾਇਹ ਇਹ ਹੋਵੇਗਾ ਕਿ ਜਦੋ ਸਰਕਾਰੀ ਦਫ਼ਤਰਾਂ ਦੇ ਕਬਜ਼ਾ ਕੀਤਾ ਜਾਣ ਲੱਗਾ ਤਾਂ ਕੋਈ ਰੋਕਥਾਮ ਹੀ ਨਹੀਂ ਕੀਤੀ ਗਈ। ਪੈਟ੍ਰੋਗ੍ਰਾਡ ਦੀ ਸੋਵੀਅਤ ਨੂੰ ਜੋ ਰਿਪੋਰਟ ਭੇਜੀ ਗਈ ਉਸ ਵਿਚ ਟ੍ਰਾਟਸਕੀ ਨੇ ਕਿਹਾ ਸੀ ਕਿ, "ਲੋਕ ਕਹਿੰਦੇ ਸਨ ਕਿ ਜਦੋਂ ਵਿਦ੍ਰੋਹ ਹੋਵੇਗਾ ਤਾਂ ਖੂਨ ਦੀਆਂ ਨਦੀਆਂ ਵਹਿਣਗੀਆਂ ਪਰ ਅਸੀਂ ਇੱਕ ਵੀ ਵਿਅਕਤੀ ਦੀ ਮੌਤ ਦੀ ਖ਼ਬਰ ਨਹੀਂ ਸੁਣੀ। ਇਤਿਹਾਸ ਵਿਚ ਕੋਈ ਉਦਾਹਰਨ ਨਹੀਂ ਹੈ ਕਿ ਕਿਸੇ ਕ੍ਰਾਂਤੀ ਵਿਚ ਇੰਨੇ ਲੋਕ ਸ਼ਾਮਲ ਹੋਣ ਅਤੇ ਉਹ ਖੂਨ-ਖਰਾਬੇ ਤੋਂ ਰਹਿਤ ਰਹੇ।" ਕ੍ਰਾਂਤੀ ਦੇ ਮੁੱਖ 'ਚੋਂ ਇਹ ਵਚਨ ਜਿੱਤ ਦੇ ਸਮੇਂ ਨਿੱਕਲੇ ਸਨੜ। ਪਰ ਕ੍ਰਾਂਤੀ ਦੀ ਕੀਮਤ ਉਸ ਸਮੇਂ ਤੱਕ ਨਹੀਂ ਲਾਈ ਜਾਂਦੀ ਜਦੋਂ ਤੱਕ ਕਿ ਉਹ ਪੂਰੀ ਮੰਜ਼ਿਲ ਤੈਅ ਨਾ ਕਰ ਲਵੇ, ਕਿਉਂਕਿ ਇਸ ਤੋਂ ਬਾਅਦ ਹੀ ਗ੍ਰਹਿਯੁੱਧ ਸ਼ੁਰੂ ਹੋਇਆ ਕਰਦਾ ਹੈ। ਬਹੁਤ ਸਾਲਾਂ ਤੋਂ ਬਾਅਦ ਰੂਸੀ ਕ੍ਰਾਂਤੀ ਦੇ ਇਤਿਹਾਸਕਾਰ ਦੀ ਹੈਸੀਅਤ ਨਾਲ ਟ੍ਰਾਟਸਕੀ ਨੇ ਬੋਲਸ਼ੇਵਿਕ ਜਿੱਤਾਂ ਦਾ ਮੁਲਾਂਕਣ ਇਨ੍ਹਾਂ ਸ਼ਬਦਾਂ ਵਿਚ ਕੀਤਾ- "ਲੱਖਾਂ ਆਦਮੀ ਦਫ਼ਨ ਹੋ ਗਏ, ਪੂਰਬੀ ਅਤੇ ਦੱਖਣੀ ਰੂਸ ਨੂੰ ਕੁਚਲ ਕੇ ਨਸ਼ਟ ਕਰ ਦਿੱਤਾ, ਦੇਸ਼ ਦਾ ਉਦਯੋਗ ਲਗਭਗ ਨਸ਼ਟ ਹੋ ਗਿਆ ਅਤੇ ਲੋਕਾਂ 'ਤੇ 'ਰੈੱਡ ਟੈਰਰ' (ਲਾਲ ਅੱਤਵਾਦ) ਬਿਠਾ ਦਿੱਤਾ।" 7 ਨਵੰਬਰ ਦੀ ਸਵੇਰੇ ਕੇਰੇਂਸਕੀ ਰਾਜਧਾਨੀ ਛੱਡ ਕੇ ਭੱਜ ਗਿਆ, ਅਸਕਾਈ ਸਰਕਾਰ ਦੇ ਸਾਰੇ ਮੰਤਰੀ ਬੰਦੀ ਬਣਾ ਲਏ ਗਏ ਅਤੇ ਰਾਜਧਾਨੀ ਦੀਆਂ ਮੁੱਖ ਥਾਵਾਂ 'ਤੇ ਪੋਸਟਰ ਚਿਪਕਾ ਦਿੱਤੇ ਗਏ ਜਿਨ੍ਹਾਂ ਵਿਚ ਐਲਾਨ ਕੀਤਾ ਗਿਆ ਸੀ ਕਿ, "ਅਸਥਾਈ ਸਰਕਾਰ ਸਮਾਪਤ ਕਰ ਦਿੱਤੀ ਗਈ ਹੈ ਅਤੇ ਉਸਦੀ ਥਾਂ 'ਤੇ ਸਰਵਹਾਰਾ ਵਰਗ ਦੀ ਕ੍ਰਾਂਤੀਕਾਰੀ ਕਮੇਟੀ ਅਤੇ ਪੈਟ੍ਰੋਗ੍ਰਾਡ ਦੀ 'ਰੱਖਿਅਕ ਫੌਜ' (Garrison) ਨੇ ਸੱਤਾ ਸੰਭਾਲ ਲਈ ਹੈ।"

### ਬੋਲਸ਼ੇਵਿਕ ਸਰਕਾਰ ਦਾ ਪ੍ਰੋਗਰਾਮ

7 ਨਵੰਬਰ ਦੀ ਸ਼ਾਮ ਨੂੰ ਹੀ 'ਅਖਿਲ ਰੂਸੀ ਸੋਵੀਅਤ ਸੰਮੇਲਨ' ਦੇ ਅਧਿਵੇਸ਼ਨ ਵਿਚ, ਜਿਸ ਦੇ 649 ਪ੍ਰਤੀਨਿਧਾਂ ਵਿਚ 390 ਬੋਲਸ਼ੇਵਿਕ ਸਨ, ਲੇਨਿਨ ਨੇ ਦੋ ਮਹੱਤਵਪੂਰਨ ਪ੍ਰਸਤਾਵ ਪੇਸ਼ ਕੀਤੇ-

1. ਯੁੱਧ ਕਰ ਰਹੇ ਰਾਸ਼ਟਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਯੁੱਧਬੰਦੀ ਕਰਕੇ ਸ਼ਾਂਤੀ ਦੀ ਗੱਲਬਾਤ ਸ਼ੁਰੂ ਕਰਨ।
2. ਜਮੀਂਦਾਰਾਂ ਦੀ ਜ਼ਮੀਨ ਬਿਨਾਂ ਮੁਆਵਜ਼ੇ ਦੇ ਹਥਿਆ ਲਈ ਜਾਵੇ।

ਸੰਮੇਲਨ ਜਾਂ ਕਾਂਗਰਸ ਨੇ ਅਸਥਾਈ ਸਰਕਾਰ ਦੇ ਪਤਨ ਅਤੇ ਉਸਦੀ ਥਾਂ ਨਵੀਂ ਸਰਕਾਰ ਦੇ ਨਿਰਮਾਣ ਦਾ ਸਵਾਗਤ ਕੀਤਾ ਅਤੇ ਅਗਲੇ ਹੀ ਦਿਨ 8 ਨਵੰਬਰ, 1917 ਨੂੰ ਨਵੀਂ ਸਰਕਾਰ ਦਾ ਪਹਿਲਾ ਮੰਤਰੀਮੰਡਲ (Council of Peoples Commissars) ਗਠਿਤ ਹੋਇਆ। ਲੇਨਿਨ ਮੰਤਰੀ-ਪ੍ਰੀਸ਼ਦ ਦਾ ਪ੍ਰਧਾਨ ਬਣਿਆ। ਟ੍ਰਾਟਸਕੀ ਨੂੰ ਵਿਦੇਸ਼ ਮੰਤਰੀ (Commissar for Foreign Affairs) ਅਤੇ ਸਟਾਲਿਨ ਨੂੰ ਰਾਸ਼ਟਰੀ ਜਾਤੀਆਂ ਦਾ ਮੰਤਰੀ (Commissar for Nationalities) ਬਣਾਇਆ ਗਿਆ। ਰਾਈਕੋਵ ਗ੍ਰਹਿਮੰਤਰੀ ਬਣਿਆ। ਲੇਨਿਨ ਨੇ ਕਈ ਹੁਕਮ ਜਾਰੀ ਕਰਕੇ ਨਵੀਂ ਬਣੀ ਸਰਕਾਰ ਦੇ ਪ੍ਰੋਗਰਾਮ ਦਾ ਐਲਾਨ ਕੀਤਾ। ਧੁਰੀ ਰਾਸ਼ਟਰਾਂ (Axis Power) ਦੇ ਨਾਲ ਤੁਰੰਤ ਸੰਧੀ ਕਰਨ, ਸੂਬੇ ਵਿਚ ਵਿਆਪਕ ਰਾਜਨੀਤੀ, ਸਮਾਜਿਕ ਅਤੇ ਆਰਥਿਕ ਬਦਲਾਅ ਕਰਨ, ਸਰਵਹਾਰਾ ਵਰਗ ਦੇ ਮਾਣ ਨੂੰ ਸਥਿਰਤਾ ਪ੍ਰਦਾਨ ਕਰਨ, ਸਰਵਹਾਰਾ ਕ੍ਰਾਂਤੀ ਦਾ ਪ੍ਰਸਾਰ ਕਰਨ ਆਦਿ ਮਹੱਤਵਪੂਰਨ ਨਿਸ਼ਚੇ ਕੀਤੇ ਗਏ।

ਸਰਕਾਰੀ ਹੁਕਮ ਕੱਢ ਕੇ ਜ਼ਮੀਨਾਂ 'ਤੇ ਜੋ ਜਮੀਂਦਾਰਾਂ ਦੀ ਮਲਕੀਅਤ ਬਿਨਾ ਮੁਆਵਜ਼ਾ ਦਿੱਤੇ ਸਮਾਪਤ ਕਰ ਦਿੱਤੀ ਗਈ। ਕਿਸਾਨਾਂ, ਮਜ਼ਦੂਰਾਂ ਅਤੇ ਫੌਜੀਆਂ ਨੂੰ ਸੋਵੀਅਤਾਂ ਨੂੰ ਸ਼ਾਸਨ ਦੀ ਇਕਾਈ ਐਲਾਨਿਆ ਗਿਆ। ਪੁਰਾਣੇ ਸਰਕਾਰੀ ਅਫ਼ਸਰਾਂ ਦੀ ਥਾਂ 'ਤੇ ਬੋਲਸ਼ੇਵਿਕ ਪਾਰਟੀ ਦੇ ਮੈਂਬਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਗਿਆ। ਬੋਲਸ਼ੇਵਿਕ ਲੋਕਾਂ ਨੇ ਕਾਰਲ ਮਾਰਕਸ ਤੋਂ ਇੱਕ ਸਬਕ ਸਿੱਖਿਆ ਸੀ। ਮਾਰਕਸ ਨੇ ਦੱਸਿਆ ਸੀ ਕਿ ਸੰਨ 1848 ਵਿਚ ਜਰਮਨੀ ਦਾ ਵਿਦ੍ਰੋਹ ਕਿਉਂ ਨਾਕਾਮ ਰਿਹਾ। ਕਾਰਨ ਇਹ ਸੀ ਕਿ ਸਿਰਫ਼ ਰਾਜਮੰਤਰੀਆਂ ਨੂੰ ਹੀ ਹਟਾਇਆ ਗਿਆ ਸੀ ਜਦੋਂ ਕਿ ਸ਼ਾਸਨ ਪ੍ਰਬੰਧ ਉਨ੍ਹਾਂ ਨੌਕਰਸ਼ਾਹਾਂ, ਜੱਜਾਂ ਅਤੇ ਫੌਜੀ ਅਧਿਕਾਰੀਆਂ ਦੇ ਹੱਥ ਵਿਚ ਹੀ ਰਹਿਣ ਦਿੱਤਾ ਗਿਆ ਜੋ ਪੁਰਾਣੀਆਂ ਪਰੰਪਰਾਵਾਂ ਵਿਚ ਪਲੇ ਸਨ। ਇਸ ਲਈ ਬੋਲਸ਼ੇਵਿਕਾਂ ਨੇ ਜਾਰ ਦੇ ਸ਼ਾਸਨ ਤੰਤਰ ਨੂੰ ਜੜ੍ਹੋਂ ਪੁੱਟਣਾ ਸ਼ੁਰੂ ਕਰ ਦਿੱਤਾ ਅਤੇ ਇਸਦੀ ਥਾਂ 'ਤੇ ਇੱਕ ਬਿਲਕੁਲ ਅਲੱਗ ਵਿਵਸਥਾ ਸਥਾਪਤ ਕੀਤੀ ਜੋ ਸੋਵੀਅਤਾਂ ਦੀਆਂ ਕੌਂਸਲਾਂ 'ਤੇ ਆਧਾਰਿਤ ਸੀ। ਇਸ ਤਰ੍ਹਾਂ ਕਿਸਾਨ ਮਜ਼ਦੂਰ ਰਾਜ ਸਥਾਪਤ ਹੋਇਆ ਅਤੇ ਪ੍ਰਬੰਧ ਕਰਨ ਲਈ ਨਵੇਂ ਕਰਮਚਾਰੀ ਨਿਯੁਕਤ ਹੋਏ। ਬੋਲਸ਼ੇਵਿਕ ਪਾਰਟੀ ਦੀ ਸ਼ਕਤੀ ਸਥਾਪਤ ਕਰਨ ਲਈ ਲੇਨਿਨ ਨੇ ਕਾਰਖ਼ਾਨਿਆਂ, ਬੈਂਕਾ, ਬੀਮਾ ਕੰਪਨੀਆਂ ਅਤੇ ਨਿੱਜੀ ਫੈਕਟਰੀਆਂ ਨੂੰ ਹਥਿਆ ਕੇ ਉਨ੍ਹਾਂ ਨੂੰ ਸਰਕਾਰੀ ਸੰਪੱਤੀ ਬਣਾ ਦਿੱਤਾ। ਵੱਡੀਆਂ-ਵੱਡੀਆਂ ਜਾਇਦਾਦਾਂ ਦੇ ਜ਼ਬਤ ਹੋ ਜਾਣ ਨਾਲ ਕਿਸਾਨ ਲੋਕ ਬੋਲਸ਼ੇਵਿਕਾਂ ਦੇ ਪੱਖ ਵਿਚ ਹੋ ਗਏ ਅਤੇਜਦੋਂ ਪ੍ਰਤੀਕ੍ਰਾਂਤੀ ਹੋਈ ਤਾਂ ਕਿਸਾਨਾਂ ਤੋਂ ਬੋਲਸ਼ੇਵਿਕਾਂ ਨੂੰ ਭਾਰੀ ਸਹਿਯੋਗ ਮਿਲਿਆ।

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :**

4. ……… ਵਿਚ ਇੱਕ ਅੱਤਵਾਦੀ ਦੁਆਰਾ ਜਾਰ ਦੀ ਹੱਤਿਆ ਕਰ ਦਿੱਤੀ ਗਈ ਸੀ।
   (ੳ) ਮਾਰਚ, 1881 (ਅ) ਅਪਰੈਲ, 1881
   (ੲ) ਮਈ, 1881 (ਸ) ਜੂਨ, 1881
5. ਮਾਰਕਸ ਨੇ ਦੱਸਿਆ ਸੀ ਕਿ ……… ਵਿਚ ਜਰਮਨੀ ਦਾ ਵਿਦ੍ਰੋਹ ਕਿਉਂ ਨਾਕਾਮ ਰਿਹਾ।
   (ੳ) 1858 (ਅ) 1848
   (ੲ) 1874 (ਸ) 1875
6. ਬੋਲਸ਼ੇਵਿਕਾਂ ਨੂੰ ਆਪਣੇ ਵਿਰੋਧੀਆਂ ਨਾਲ ਲਗਭਗ ਤਿੰਨ ਸਾਲ ਤੱਕ ਨਵੰਬਰ, ……… ਦੇ ਸ਼ੁਰੂ ਤੱਕ ਲੜਨਾ ਪਿਆ।
   (ੳ) 1915 ਤੋਂ 1918 (ਅ) 1910 ਤੋਂ 1913
   (ੲ) 1917 ਤੋਂ 1919 (ਸ) ਇਨ੍ਹਾਂ ਵਿਚੋਂ ਕੋਈ ਨਹੀਂ

## 24.4 ਬੋਲਸ਼ੇਵਿਕ ਸਰਕਾਰ ਦੇ ਸਾਹਮਣੇ ਚੁਣੌਤੀਆਂ (Challenges Before Bolshevik Govt.)

ਬੋਲਸ਼ੇਵਿਕ ਸਰਕਾਰ ਨੂੰ ਦੋ ਸਭ ਤੋਂ ਜ਼ਿਆਦਾ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ- ਇੱਕ ਤਾਂ ਗ੍ਰਹਿਯੁੱਧ ਦੀ ਚੁਣੌਤੀ ਦਾ, ਅਤੇ ਦੂਜਾ ਵਿਦੇਸ਼-ਨੀਤੀ ਵਿਸ਼ੇ ਦੀਆਂ ਸਮੱਸਿਆਵਾਂ ਦਾ ਜਿਨ੍ਹਾਂ ਵਿਚ ਪੱਛਮੀ ਰਾਸ਼ਟਰਾਂ ਦੀ ਫੌਜੀ ਦਖ਼ਲਅੰਦਾਜੀ ਦੀ ਸਮੱਸਿਆ ਸਭ ਤੋਂ ਪ੍ਰਬਲ ਸੀ। ਕ੍ਰਾਂਤੀਕਾਰੀ ਸਰਕਾਰ ਨੇ ਦੋਵਾਂ ਹੀ ਚੁਣੌਤੀਆਂ 'ਤੇ ਸਫ਼ਲਤਾ ਹਾਸਲ ਕੀਤੀ ਅਤੇ ਸਾਮਵਾਦੀ ਸ਼ਾਸਨ ਨੂੰ ਸਥਿਰਤਾ ਪ੍ਰਦਾਨ ਕੀਤੀ।

**1. ਗ੍ਰਹਿਯੁੱਧ ਦੀ ਚੁਣੌਤੀ :** ਬੋਲਸ਼ੇਵਿਕ ਸੱਤਾ ਕਾਇਮ ਹੋ ਜਾਣ ਦੇ ਬਾਵਜੂਦ ਰੂਸ ਵਿਚ ਉਨ੍ਹਾਂ ਦੇ ਵਿਰੋਧੀਆਂ ਦੀ ਕਮੀ ਨਹੀਂ ਸੀ। ਬੋਲਸ਼ੇਵਿਕਾਂ ਨੂੰ ਆਪਣੇ ਵਿਰੋਧੀਆਂ ਨਾਲ ਲਗਭਗ ਤਿੰਨ ਸਾਲ ਤੱਕ ਨਵੰਬਰ, 1917 ਤੋਂ 1919 ਦੇ ਸ਼ੁਰ ਤੱਕ ਲੜਨਾ ਪਿਆ। ਇਨ੍ਹਾਂ ਵਿਰੋਧੀਆਂ ਵਿਚ ਤਿੰਨ ਤਰ੍ਹਾਂ ਦੇ ਵਿਅਕਤੀ ਸਨ- 1. ਰਮਾਨੋਫ਼ (Romanoff) ਰਾਜਵੰਸ਼ ਦੇ ਸਮਰਥਕ, ਜੋ ਜਾਰ ਸ਼ਾਸਨ ਨੂੰ ਫਿਰ ਤੋਂ ਕਾਇਮ ਕਰਨਾ ਚਾਹੁੰਦੇ ਸਨ: 2. ਲੋਕਤੰਤਰਵਾਦੀ, ਜੋ ਫਰਾਂਸ ਅਤੇ ਅਮਰੀਕਾ ਦੇ ਨਮੂਨੇ ਦਾ ਲੋਕਤੰਤਰਿਕ ਸ਼ਾਸਨ ਸਥਾਪਤ ਕਰਨਾ ਚਾਹੁੰਦੇ ਸਨ, ਅਤੇ 3. ਮੇਨਸ਼ੇਵਿਕ (Menshevik), ਜੋ ਸਾਮਵਾਦੀ ਹੁੰਦੇ ਹੋਏ ਵੀ ਸਮਾਜ ਦੇ ਆਰਥਿਕ ਸੰਗਠਨ ਨੂੰ ਇੱਕਦਮ ਕ੍ਰਾਂਤੀਕਾਰੀ ਯਤਨਾਂ ਨਾਲ ਬਦਲਣ ਦੇ ਖਿਲਾਫ਼ ਸਨ। ਤਿਨਾਂ ਵਿਚ ਮੇਨਸ਼ੇਵਿਕ ਸ਼ਕਤੀਸ਼ਾਲੀ ਸਨ।

ਬੋਲਸ਼ੇਵਿਕਾਂ ਨੂੰ ਨਵੰਬਰ, 1917 ਦੀ ਜਿੱਤ ਬੜੀ ਅਸਾਨੀ ਨਾਲ ਹਾਸਲ ਹੋ ਗਈ ਸੀ ਅਤੇ ਉਹ ਵਿਰੋਧੀਆਂ ਦੇ ਕਮਜ਼ੋਰ ਹੱਥੋਂ ਸੱਤਾ ਖੋਹਣ ਵਿਚ ਸਫ਼ਲ ਹੋਏ ਸਨ, ਪਰ ਜਿਨ੍ਹਾਂ ਵਰਗਾਂ ਦਾ ਸਭ ਕੁਝ ਗੁਆਚ ਗਿਆ ਸੀ ਉਹ ਨਵੰਬਰ ਦੀ ਕ੍ਰਾਂਤੀ ਦੇ ਨਿਰਣਿਆਂ ਨੂੰ ਚੁੱਪਚਾਪ ਸਵੀਕਾਰ ਨਹੀਂ ਕਰ ਸਕਦੇ ਸਨ। ਆਖ਼ਰ ਬੋਲਸ਼ੇਵਿਕਾਂ ਦੇ ਵਿਰੋਧੀਆਂ ਦਾ ਮਨੋਬਲ ਕਾਫੀ ਵਧ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪੱਛਮੀ ਸ਼ਕਤੀਆਂ ਦੀ ਮੱਦਦ ਵੀ ਹਾਸਲ ਹੋਈ ਕਿਉਂਕਿ 1918 ਵਿਚ ਕ੍ਰਾਂਤੀਕਾਰੀ ਸਰਕਾਰ ਦੁਆਰਾ ਜਰਮਨੀ ਦੇ ਨਾਲ ਬ੍ਰੇਸਟ-ਵਿਟੋਵਸਕ ਦੀ ਸੰਧੀ ਕਰ ਲੈਣ ਅਤੇ ਯੁੱਧ ਤੋਂ ਬੇਮੁੱਖ ਹੋਣ ਜਾਣ ਨਾਲ ਪੱਛਮੀ ਰਾਸ਼ਟਰ ਬਹੁਤ ਦੁਖੀ ਸਨ। ਇਨ੍ਹਾਂ ਅਨੁਕੂਲ ਹਾਲਾਤਾਂ ਤੋਂ ਉਤਸ਼ਾਹਿਤ ਹੋ ਕੇ ਸ਼ਾਸਨ ਹਥਿਆਉਣ ਦੇ ਉਦੇਸ਼ ਨਾਲ, ਮੇਨਸ਼ੇਵਿਕਾਂ ਦੇ ਵਿਰੁੱਧ ਵਿਦ੍ਰੋਹ ਕਰ ਦਿੱਤਾ। ਇਸੇ ਸਮੇਂ ਮਿੱਤਰ-ਰਾਸ਼ਟਰਾਂ ਨੇ ਵੀ ਰੂਸ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਦੀਆਂ ਫੌਜਾਂ ਨੇ, ਜਿਵੇਂ ਕਿ ਅਸੀਂ ਕ੍ਰਾਂਤੀਕਾਰੀ ਸਰਕਾਰ ਦੀ ਵਿਦੇਸ਼-ਨੀਤੀ ਦੇ ਪ੍ਰਸੰਗ ਵਿਚ ਦੇਖਾਂਗੇ, ਅਨੇਕਾਂ ਸੂਬਿਆਂ ਨੂੰ ਜਿੱਤ ਕੇ ਬੋਲਸ਼ੇਵਿਕਾਂ ਲਈ ਔਖੇ ਹਾਲਾਤ ਪੈਦਾ ਕਰ ਦਿੱਤੇ। ਮਿੱਤਰ-ਰਾਸ਼ਟਰਾਂ ਦੀਆਂ ਫੌਜਾਂ ਨੇ ਹਰੇਕ ਖੇਤਰ ਵਿਚ ਬੋਲਸ਼ੇਵਿਕ-ਵਿਰੋਧੀ ਪਾਰਟੀਆਂ ਦੇ ਸਹਿਯੋਗ ਨਾਲ ਪ੍ਰਤੀਕ੍ਰਾਂਤੀਵਾਦੀ ਅਰਥਾਤ 'ਗੋਰੀਆਂ' (White) ਸਰਕਾਰਾਂ ਸਥਾਪਤ ਕੀਤੀਆਂ। ਮੇਨਸ਼ੇਵਿਕ ਫੌਜਾਂ ਨੇ ਬੋਲਸ਼ੇਵਿਕ ਸਰਕਾਰ ਨੂੰ ਹਰ ਪਾਸਿਓਂ ਘੇਰ ਲਿਆ। ਸ਼ੁਰੂ ਵਿਚ ਇਹੀ ਲੱਗਿਆ ਕਿ ਬੋਲਸ਼ੇਵਿਕ ਸਰਕਾਰ ਅੰਦਰੂਨੀ ਵਿਰੋਧ ਅਤੇ ਬਾਹਰੀ ਦੁਸ਼ਮਣਾਂ ਦੀ ਸਾਂਝੀ ਸ਼ਕਤੀ ਦਾ ਸਾਹਮਣਾ ਨਹੀਂ ਕਰ ਸਕੇਗੀ। ਇੱਕ ਸਮਾਂ ਤਾਂ ਅਜਿਹਾ ਆਇਆ ਕਿ ਬੋਲਸ਼ੇਵਿਕ ਸਰਕਾਰ ਦੀ ਸੱਤਾ ਵਿਵਹਾਰਿਕ ਤੌਰ 'ਤੇ ਸਿਰਫ਼ ਪੈਟ੍ਰੋਗ੍ਰਾਡ ਅਤੇ ਮਾਸਕੋ ਅਤੇ ਨੇੜਲੇ ਸੂਬਿਆਂ ਤੱਕ ਹੀ ਸੀਮਤ ਰਹਿ ਗਈ। ਪਰ ਆਖ਼ਰ ਵਿਚ ਲੇਨਿਨ ਦੀ ਅਗਵਾਈ ਵਿਚ ਬੋਲਸ਼ੇਵਿਕਾਂ ਨੇ ਜਿੱਤ ਹਾਸਲ ਕੀਤੀ। ਬੋਲਸ਼ੇਵਿਕਾਂ ਦੀ 'ਲਾਲ ਫੌਜ' ਅਤੇ ਪ੍ਰਤੀਕ੍ਰਾਂਤੀਕਾਰੀਆਂ ਦੀ 'ਗੋਰੀ ਫੌਜ' ਵਿਚ ਘਮਾਸਾਣ ਯੁੱਧ ਹੋਇਆ। ਰੂਸ ਇੱਕ ਪਾਸੇ ਕ੍ਰਾਂਤੀ ਦੇ 'ਲਾਲ ਅੱਤਵਾਦ' (Red Terror) ਦਾ ਦੂਜੇ ਪਾਸੇ ਪ੍ਰਤੀਕ੍ਰਾਂਤੀ ਦੇ 'ਗੋਰੇ ਅੱਤਵਾਦ' (White Terror) ਦਾ ਸ਼ਿਕਾਰ ਹੋ ਗਿਆ। ਇਸ ਵਿਚ ਖੂਨ ਖਰਾਬੇ ਅਤੇ ਬੇਰਹਿਮੀ ਦਾ ਖੁੱਲ੍ਹ ਕੇ ਪ੍ਰਦਰਸ਼ਨ ਹੋਇਆ। ਅਕਾਲ ਕਾਰਨ ਜਨਤਾ ਨੂੰ ਹੋਰ ਵੀ ਭਾਰੀ ਕਸ਼ਟ ਸਹਿਣੇ ਪਏ।

ਕਈ ਵਾਰ ਹਾਰ ਦੀ ਕਗਾਰ 'ਤੇ ਪਹੁੰਚਣ 'ਤੇ ਵੀ ਬੋਲਸ਼ੇਵਿਕ ਸਰਕਾਰ ਦੀ ਆਖਰ ਫੈਸਲਾਕੁੰਨ ਜਿੱਤ ਦੇ ਹੇਠ ਲਿਖੇ ਕਾਰਨ ਸਨ-

1. ਕਿਸਾਨਾਂ ਨੇ ਇਨ੍ਹਾਂ ਨੂੰ ਮੱਦਦ ਦਿੱਤੀ, ਕਿਉਂਕਿ ਉਨ੍ਹਾਂ ਨੂੰ ਇਹ ਡਰ ਸੀ ਕਿ ਕਿਤੇ ਭੂ-ਸਵਾਮੀ ਮੁੜ ਸ਼ਕਤੀਸ਼ਾਲੀ ਨਾ ਬਣ ਜਾਣ।
2. ਦੇਸ਼ ਦਾ ਖੇਤਰਫ਼ਲ ਬਹੁਤ ਵੱਡਾ ਹੋਣ ਨਾਲ ਬੋਲਸ਼ੇਵਿਕਾਂ ਨੂੰ ਯੁੱਧ ਲੰਮਾ ਕਰਨ ਵਿਚ ਮੱਦਦ ਮਿਲੀ ਅਤੇ ਇਸ ਅਰਸੇ ਵਿਚ ਉਨ੍ਹਾਂ ਨੇ ਸ਼ਕਤੀ ਇਕੱਠੀ ਕਰ ਲਈ। ਟ੍ਰਾਟਸਕੀ ਦੀ ਅਗਵਾਈ ਵਿਚ 'ਲਾਲ ਫੌਜ' ਦਾ ਸੰਗਠਨ ਕੀਤਾ ਗਿਆ। ਇਹ

**ਨੋਟ**

ਯੁੱਧ ਯੰਤਰ ਬੜੀ ਛੇਤੀ ਤਿਆਰ ਕੀਤਾ ਗਿਆ। ਇਸ ਵਿਸ਼ੇ ਵਿਚ ਇਸ ਦੀ ਤੁਲਨਾ ਕ੍ਰਾਮਵੇਲ ਦੀ 'ਆਇਰਨ ਸਾਈਡਸ' (Iron Sides) ਫੌਜ ਨਾਲ ਜਾਂ ਫਰੈਂਚ ਕ੍ਰਾਂਤੀ ਦੀ ਫੌਜ ਨਾਲ ਕੀਤੀ ਜਾ ਸਕਦੀ ਹੈ।

3. ਗੋਰੀਆਂ ਫੌਜਾਂ ਨੇ ਬੜੀ ਬੇਰਹਿਮੀ ਨਾਲ ਲੁੱਟਮਾਰ ਅਤੇ ਹੱਤਿਆਵਾਂ ਕਰਕੇ ਲੋਕਾਂ ਨੂੰ ਭਿਆਨਕ ਤਸੀਹੇ ਦਿੱਤੇ।
4. ਵਿਦੇਸ਼ੀ ਫੌਜਾਂ ਰੂਸ ਦੀ ਜ਼ਮੀਨ 'ਤੇ ਯੁੱਧ ਕਰਦੀਆਂ ਸਨ ਜਿਸ ਨਾਲ ਰੂਸ ਦੀ ਦੇਸ਼ਭਗਤ ਜਨਤਾ ਸਰਕਾਰ ਦੇ ਪੱਖ ਵਿਚ ਹੋ ਗਈ।
5. ਆਖ਼ਰੀ ਕਾਰਨ ਇਹ ਸੀ ਕਿ ਦੂਜੇ ਦੇਸ਼ਾਂ ਦੇ ਮਜ਼ਦੂਰ ਦਬਾਅ ਪਾ ਰਹੇ ਸਨ ਕਿ ਵਿਦੇਸ਼ੀ ਸਰਕਾਰਾਂ ਨੂੰ ਰੂਸ ਦੇ ਮਾਮਲੇ ਵਿਚ ਦਖ਼ਲਅੰਦਾਜੀ ਨਹੀਂ ਕਰਨੀ ਚਾਹੀਦੀ।

**ਜਰਮਨੀ ਦੇ ਨਾਲ ਬ੍ਰੇਸਟ-ਲਿਟੋਵਸਕ ਦੀ ਸੰਧੀ-** ਕ੍ਰਾਂਤੀ ਤੋਂ ਬਾਅਦ ਰੂਸ ਯੁੱਧ ਤੋਂ ਵੱਖ ਹੋ ਗਿਆ ਅਤੇ ਉਸਦੇ ਮਾਰਚ, 1918 ਵਿਚ ਜਰਮਨੀ ਦੇ ਨਾਲ ਬ੍ਰੇਸਟ-ਲਿਟੋਵਸਕ ਦੀ ਸੰਧੀ ਕਰ ਲਈ ਜਿਸ ਨਾਲ ਜਰਮਨੀ ਪੂਰਬੀ ਮੋਰਚੇ ਤੋਂ ਬੇਫ਼ਿਕਰ ਹੋ ਕੇ ਆਪਣੀ ਪੂਰੀ ਸ਼ਕਤੀ ਪੱਛਮੀ ਅਤੇ ਦੱਖਣੀ ਮੋਰਚੇ 'ਤੇ ਲਾ ਸਕਿਆ। ਇਸ ਸੰਧੀ ਦੁਆਰਾ ਰੂਸ ਨੇ ਜਰਮਨੀ ਨੂੰ ਰੂਸੀ ਸੂਬੇ- ਪੋਲੈਂਡ, ਲਿਥੂਆਨੀਆ, ਕੂਰਲੈਂਡ, ਲਿਬੋਨੀਆ, ਇਸਟੋਨੀਆ ਅਤੇ ਕੁਝ ਟਾਪੂ ਪ੍ਰਦਾਨ ਕੀਤੇ। ਤੁਰਕੀ ਨੂੰ ਕਾਰਸ, ਬਾਤੂਨ, ਅਦਹਿਨ ਦੇ ਸੂਬੇ ਮਿਲੇ। ਫਿਨਲੈਂਡ, ਯੂਕ੍ਰੇਨ ਅਤੇ ਜਾਰਜੀਆ ਨੂੰ ਰੂਸ ਵੱਲੋਂ ਸੁਤੰਤਰ ਦੇਸ਼ ਸਵੀਕਾਰ ਕੀਤਾ ਗਿਆ। ਇਸ ਤੋਂ ਇਲਾਵਾ ਰੂਸ ਨੇ 12 ਕਰੋੜ ਮਾਰਕ ਦਾ ਜ਼ੁਰਮਾਨਾ ਜਰਮਨੀ ਨੂੰ ਦੇਣਾ ਸਵੀਕਾਰ ਕੀਤਾ। ਬ੍ਰੇਸਟ-ਲਿਟੋਵਸਕ ਦੀ ਇਸ ਸੰਧੀ ਨਾਲ ਰੂਸ ਨੂੰ ਲਗਭਗ 5 ਲੱਗ ਵਰਗ ਮੀਲ ਇਲਾਕੇ ਤੋਂ ਹੱਥ ਧੋਣਾ ਪਿਆ। ਸੰਧੀ ਨਾਲ ਜਰਮਨੀ ਨੂੰ ਯੂਕ੍ਰੇਨ ਦਾ ਉਪਜਾਊ ਸੂਬਾ ਅਤੇ ਅਜ਼ਰਬੈਜਾਨ ਦੇ ਤੇਲ ਦੇ ਖੂਹ ਪ੍ਰਾਪਤ ਹੋਏ। ਨਾਲ ਹੀ ਇਰਾਨ, ਅਫ਼ਗਾਨਿਸਤਾਨ ਅਤੇ ਭਾਰਤ ਵਿਚ ਬ੍ਰਿਟਿਸ਼-ਵਿਰੋਧੀ ਪ੍ਰਚਾਰ ਦੇ ਦੁਆਰ ਖੁੱਲ੍ਹ ਗਏ ਅਤੇ ਪੂਰਬੀ ਮੋਰਚੇ 'ਤੇ ਯੁੱਧ ਵੱਲੋਂ ਬੇਫ਼ਿਕਰ ਹੋ ਜਾਣ ਨਾਲ ਪੱਛਮੀ ਮੋਰਚੇ 'ਤੇ ਜਰਮਨ ਫੌਜਾਂ ਦੀ ਸ਼ਕਤੀ ਆਸ ਅਨੁਸਾਰ ਵਧ ਗਈ। ਮਿੱਤਰ ਰਾਸ਼ਟਰਾਂ ਨੇ ਇਸ ਸੰਧੀ ਨੂੰ ਰੂਸ ਦੁਆਰਾ ਉਨ੍ਹਾਂ ਨੂੰ ਹਰਾਉਣ ਲਈ ਜਾਣ-ਬੁੱਝ ਕੇ ਕੀਤਾ ਗਿਆ ਵਿਸ਼ਵਾਸਘਾਤ ਸਮਝਿਆ, ਜਦੋਂਕਿ ਇਸ ਸੰਧੀ ਦੀਆਂ ਅਪਮਾਨਜਨਤ ਧਾਰਾਵਾਂ ਨੂੰ ਰੂਸ ਨੇ ਬੜੀ ਸ਼ਾਂਤੀਪੂਰਵਕ ਇਸ ਵਿਸ਼ਵਾਸ ਦੇ ਨਾਲ ਸਹਿਣ ਕੀਤਾ ਕਿ ਜਿੰਨੇ ਜਿਆਦਾ ਜਰਮਨ ਲੋਕ ਰੂਸ ਦੇ ਅੰਦਰੂਨੀ ਸੂਬੇ ਵਿਚ ਦਾਖ਼ਲ ਹੋਣਗੇ ਉਨੇ ਹੀ ਜ਼ਿਆਦਾ ਉਹ ਆਪਣੇ ਦੇਸ਼ ਵਿਚ ਰੂਸੀ ਕ੍ਰਾਂਤੀ ਦੇ ਸੰਦੇਸ਼ਵਾਹਕ ਬਣਨਗੇ।

**ਮਿੱਤਰ ਰਾਸ਼ਟਰਾਂ ਵੱਲੋਂ ਫੌਜੀ ਦਖ਼ਲਅੰਦਾਜ਼ੀ:** ਸੰਘਰਸ਼ ਦਾ ਸਭ ਤੋਂ ਵੱਡਾ ਮੁੱਖ ਕਾਰਨ ਸੀ ਪੱਛਮੀ ਰਾਸ਼ਟਰਾਂ ਵੱਲੋਂ ਰੂਸ ਦੇ ਗ੍ਰਹਿਯੁੱਧ ਵਿਚ ਬੋਲਸ਼ੇਵਿਕ ਵਿਰੋਧੀ ਪਾਰਟੀਆਂ ਨੂੰ ਯੁੱਧ ਸਮੱਗਰੀ ਦੀ ਮੱਦਦ ਅਤੇ ਫੌਜੀ ਦਖ਼ਲਅੰਦਾਜੀ ਅਤੇ ਰੂਸ ਦੇ ਜ਼ਿਆਦਾ ਵਿਰੋਧ ਦੀ ਨੀਤੀ। ਪੱਛਮੀ ਸ਼ਕਤੀਆਂ ਦੀ ਮੱਦਦ ਪਾ ਕੇ ਇੱਕ ਪਾਸੇ ਤਾਂ ਪ੍ਰਤੀਕਿਰਿਆਵਾਦੀਆਂ ਨੇ ਸੰਘਰਸ ਛੇੜ ਦਿੱਤਾ ਅਤੇ ਦੂਜੇ ਪਾਸੇ ਮਿੱਤਰ ਰਾਸ਼ਟਰਾਂ ਨੇ ਖੁਦ ਵੀ ਰੂਸ 'ਤੇ ਹਮਲਾ ਕਰ ਦਿੱਤਾ। ਕਿਉਂਕਿ ਰੂਸ 'ਤੇ ਹਮਲੇ ਲਈ ਕੋਈ ਨਾ ਕੋਈ ਬਹਾਨਾ ਹੋਣਾ ਚਾਹੀਦਾ ਸੀ, ਇਸ ਲਈ ਮਿੱਤਰ ਰਾਸ਼ਟਰਾਂ ਨੇ ਹਮਲੇ ਤੋਂ ਪਹਿਲਾਂ ਅਜਿਹਾ ਬਹਾਨਾ ਲੱਭ ਲਿਆ। ਉਸ ਸਮੇਂ ਆਰਕੇਜਿਲ ਅਤੇ ਮੁਰਰਮਾਸ ਵਿਚ ਯੁੱਧ ਸਮੱਗਰੀ ਕਾਫ਼ੀ ਮਾਤਰਾ ਵਿਚ ਪਈ ਸੀ। ਇਸ ਵਿਸ਼ਾਲ ਯੁੱਧ ਸਮੱਗਰੀ ਨੂੰ ਜਰਮਨੀ ਦੇ ਹੱਥ ਲੱਗਣ ਤੋਂ ਬਚਾਉਣ ਦਾ ਬਹਾਨਾ ਲੈ ਕੇ ਮਿੱਤਰ ਰਾਸ਼ਟਰਾਂ ਨੇ ਰੂਸ 'ਤੇ ਹਮਲਾ ਕਰ ਦਿੱਤਾ। 16 ਨਵੰਬਰ, 1917 ਨੂੰ ਫਰਾਂਸ, ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਨੇ ਬੋਲਸ਼ੇਵਿਕ ਸ਼ਾਸਨ ਨੂੰ ਸਭ ਤਰ੍ਹਾਂ ਦਾ ਸਾਮਾਨ ਦੇਣਾ ਬੰਦ ਕਰ ਦਿੱਤਾ। 30 ਦਸੰਬਰ, 1917 ਨੂੰ ਜਾਪਾਨੀ ਫੌਜਾਂ ਬਲਾਡੀਵੋਸਟਕ ਵਿਚ ਉੱਤਰੀਆਂ, 1918 ਵਿਚ ਚੈਕੋਸਲੋਵਾਕ, ਫਰੈਂਚ, ਅਮਰੀਕੀ ਅਤੇ ਜਾਪਾਨੀ ਫੌਜਾਂ ਨੇ ਬੋਲਸ਼ੇਵਿਕ ਕ੍ਰਾਂਤੀ ਦੇ ਰਿਵੋਧੀ ਰੂਸੀਆਂ ਨਾਲ ਸਹਿਯੋਗ ਕਰਕੇ ਰੂਸ ਦੇ ਵੱਖ-ਵੱਖ ਸੂਬਿਆਂ ਨੂੰ ਜਿੱਤਣਾ ਸ਼ੁਰੂ ਕਰ ਦਿੱਤਾ। ਫਰਾਂਸ ਨੇ ਓਡੇਸਾ, ਬ੍ਰਿਟੇਨ ਨੇ ਘਾਕੂ, ਜਾਪਾਨ ਨੇ ਪੂਰਬੀ ਸਾਈਬੇਰੀਆ, ਅਮਰੀਕਾ ਨੇ ਆਰਕੇਜਿਲ ਅਤੇ ਬਲਾਡੀਵੋਸਟਕ ਅਤੇ ਰੁਮਾਨੀਆ ਨੇ ਬੇਸਰੇਵੀਆ 'ਤੇ ਆਪਣਾ ਅਧਿਕਾਰ ਜਮਾ ਲਿਆ। ਉੱਧਰ ਇਸਟੋਨੀਆ, ਲੇਟਾਵੀਆ, ਲਿਥੂਆਨੀਆ, ਫਿਨਲੈਂਡ ਅਤੇ ਕਾਕੇਸ਼ਸ ਦੇ ਸੂਬਿਆਂ ਨੇ ਵੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਅੰਦਰੂਨੀ ਅਤੇ ਬਾਹਰੀ ਦੋਵਾਂ ਨਜ਼ਰੀਆਂ ਨਾਲ ਸੋਵੀਅਤ ਸਾਮਵਾਦੀ ਸਰਕਾਰ ਦੀ ਹਾਲਤ ਸੋਚਣਯੋਗ ਹੋ ਗਈ।

ਸਾਮਵਾਦੀ ਸਰਕਾਰ ਨੇ ਸਥਿਤੀ ਦਾ ਪੂਰੇ ਹੌਂਸਲੇ ਨਾਲ ਸਾਹਮਣਾ ਕੀਤਾ। ਟ੍ਰਾਟਸਕੀ ਦੀ ਅਗਵਾਈ ਵਿਚ 'ਲਾਲ ਫੌਜ' ਯੁੱਧ ਖੇਤਰ ਵਿਚ ਕੁੱਦ ਪਈ। ਮਿੱਤਰ ਰਾਸ਼ਟਰ ਅਨੇਕਾਂ ਸਾਲਾਂ ਤੋਂ ਲੜਦੇ-ਲੜਦੇ ਇੰਨੇ ਪਰੇਸ਼ਾਨ ਹੋ ਚੁੱਕੇ ਸਨ ਕਿ ਉਨ੍ਹਾਂ ਵਿਚ ਰੂਸ ਦੀ ਇਸ ਲਾਲ ਫੌਜ ਦੇ ਵਿਰੁਧ ਆਪਣੀ ਸਮੁੱਚੀ ਸ਼ਕਤੀ ਲਾਉਣ ਦੀ ਸਮਰੱਥਾ ਨਹੀਂ ਰਹੀ ਸੀ। ਇਸ ਤੋਂ ਇਲਾਵਾ ਰੂਸ ਇੱਕ ਵਿਸ਼ਾਲ ਦੇਸ਼ ਸੀ, ਇਸ ਲਈ ਮਿੱਤਰ ਰਾਸ਼ਟਰਾਂ ਲਈ ਇਸ ਵਿਸ਼ਾਲ ਖੇਤਰ ਵਿਚ ਰੂਸੀਆਂ ਦਾ ਪੂਰੀ ਤਰ੍ਹਾਂ ਮੁਕਾਬਲਾ ਕਰਨਾ ਸੌਖਾ ਨਹੀਂ ਸੀ। ਨਤੀਜ਼ਾ ਇਹ ਹੋਇਆ ਕਿ ਛੇਤੀ ਹੀ ਉਨ੍ਹਾਂ ਪੈਰ ਉੱਖੜ ਗਏ ਅਤੇ ਆਖ਼ਰ ਵਿਚ ਬੋਲਸ਼ੇਵਿਕਾਂ ਦੀ ਜਿੱਤ ਹੋਈ। ਮਿੱਤਰ ਰਾਸ਼ਟਰਾਂ ਦੀ ਮੱਦਦ ਮਿਲਣ ਦੇ ਬਾਵਜੂਦ ਕ੍ਰਾਂਤੀ ਵਿਰੋਧੀ ਪ੍ਰਤੀਕਿਰਿਆਵਾਦੀ ਜ਼ਿਆਦਾ ਦਿਨਾਂ ਤੱਕ ਮੈਦਾਨ ਵਿਚ ਨਹੀਂ ਟਿਕ ਸਕੇ। ਬੋਲਸ਼ੇਵਿਕਾਂ ਨੇ ਬਹੁਤ ਨਿਰਦਈਪੁਣੇ ਨਾਲ ਉਨ੍ਹਾਂ ਦਾ ਦਮਨ ਕਰ ਦਿੱਤਾ। ਯੁੱਧ ਅਕਤੂਬਰ, 1920 ਵਿਚ ਸਮਾਪਤ ਹੋਇਆ ਅਤੇ 1921 ਤੱਕ ਰੂਸ ਵਿਚ ਸਭ ਪਾਸੇ ਬੋਲਸ਼ੇਵਿਕ ਸ਼ਾਸਨ ਮਜ਼ਬੂਤ ਹੋ ਗਿਆ।

**ਪੋਲੈਂਡ ਨਾਲ ਸੰਘਰਸ਼ ਅਤੇ ਸੰਧੀ:** ਰੂਸ ਦੀਆਂ ਅੰਦਰੂਨੀ ਕਠਿਨਾਈਆਂ ਤੋਂ ਲਾਭ ਉਠਾ ਕੇ ਪੋਲੈਂਡ ਨੇ ਉਸਦਾ ਸ਼ੋਸ਼ਣ ਕਰਨ ਵਾਲੇ ਦੇਸ਼ ਰੂਸ 'ਤੇ ਹਮਲਾ ਕਰ ਦਿੱਤਾ, ਪਰ ਇਸ ਨਾਲ ਉਸਨੂੰ ਕੁਝ ਵੀ ਫਾਇਦਾ ਨਹੀਂ ਹੋਇਆ। ਗ੍ਰਹਿਯੁੱਧ ਸਮਾਪਤ ਹੁੰਦਿਆਂ ਹੀ ਰੂਸੀ ਫੌਜਾਂ ਪੋਲਿਸ਼ ਫੌਜਾਂ ਨੂੰ ਖਦੇੜਦੀਆਂ ਹੋਈਆਂ ਰਾਜਧਾਨੀ ਬਾਰਸਾ ਤੱਕ ਜਾ ਪਹੁੰਚੀਆਂ ਅਤੇ ਉਦੋਂ ਦੋਵਾਂ ਵਿਚ ਸੰਧੀ ਹੋ ਗਈ ਜਿਸ ਅਨੁਸਾਰ ਪੋਲੈਂਡ ਦੀਆਂ ਪੂਰਬੀ ਹੱਦਾਂ ਦੇ ਸਬੰਧ ਵਿਚ ਰੂਸ ਦੇ ਨਾਲ ਚੰਗੀਆਂ ਸ਼ਰਤਾਂ ਤੈਅ ਹੋਈਆਂ। ਅਜਿਹੀਆਂ ਚੰਗੀਆਂ ਸ਼ਰਤਾਂ ਦਾ ਪੈਰਿਸ ਦੀ ਸੰਧੀ ਵਿਚ ਵੀ ਉਸਦੇ ਲਈ ਨਿਸ਼ਚਿਤ ਨਹੀਂ ਹੋਈਆਂ ਸਨ। ਸਵੈਸ਼ਾਸਨ ਦੇ ਸਿਧਾਂਤ 'ਤੇ ਰੂਸ ਦੇ ਲੋਕਾਂ ਨੂੰ ਵਿਸ਼ਵਾਸ ਸੀ ਕਿ ਉਹ ਇਸ ਗੱਲ 'ਤੇ ਸਹਿਮਤ ਸਨ ਕਿ ਅਧੀਨ ਜਾਤੀਆਂ ਰੂਸ ਤੋਂ ਵੱਖ ਹੋ ਸਕਦੀਆਂ ਹਨ। ਉਨ੍ਹਾਂ ਰੂਸੀ ਪੋਲੈਂਡ ਨਵੀਂ ਬਣੀ ਪੋਲਿਸ਼ ਜਨਤੰਤਰ ਨੂੰ ਦੇ ਦਿੱਤਾ ਅਤੇ ਸਰਹੱਦੀ ਸੂਬਿਆਂ ਵਿਚ ਸੁਤੰਤਰ ਬਾਲਟਿਕ ਸੂਬੇ ਬਣਾ ਦਿੱਤੇ ਗਏ ਜਿਵੇਂ ਫਿਨਲੈਂਡ, ਲਿਥੂਆਨੀਆ ਅਤੇ ਲੇਟਵੀਆ।

ਨੋਟ

ਇਸ ਤਰ੍ਹਾਂ ਨਵੀਂ ਬਣੀ ਸਾਮਵਾਦੀ ਸਰਕਾਰ ਨੇ ਆਪਣੇ ਮਹਾਨ ਨੇਤਾ ਲੇਨਿਨ ਦੀ ਅਗਵਾਈ ਵਿਚ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਤੋਂ ਮੁਕਤੀ ਹਾਸਲ ਕਰਕੇ ਨਵੰਬਰ, 1917 ਦੀ ਕ੍ਰਾਂਤੀ ਦੀ ਨਾ ਸਿਰਫ਼ ਰੱਖਿਆ ਕੀਤੀ ਸਗੋਂ ਉਸਨੂੰ ਚਿਰਸਥਾਈ ਬਣਾ ਦਿੱਤਾ।

ਟਾਸਕ ਰੂਸ ਦੇ ਜਾਰ ਕਿਸ ਸਿਧਾਂਤ ਦੇ ਸਮਰਥਕ ਸਨ ?

## 24.5 ਰੂਸੀ ਕ੍ਰਾਂਤੀ ਦੇ ਨਤੀਜ਼ੇ ਅਤੇ ਉਸਦਾ ਵਿਸ਼ਵ-ਇਤਿਹਾਸ ਵਿਚ ਸਥਾਨ ਅਤੇ ਮਹੱਤਵ (The Consequences of Russian Revolution and Its Place and Significance in World History)

ਰੂਸੀ ਕ੍ਰਾਂਤੀ ਦਾ ਮਹੱਤਵ ਸਿਰਫ਼ ਰੂਸ ਵਿਚ ਕ੍ਰਾਂਤੀਕਾਰੀ ਸਮਾਜਿਕ ਅਤੇ ਰਾਜਨੀਤਿਕ ਬਦਲਾਅ ਲਿਆਉਣ ਲਈ ਹੀ ਨਹੀਂ ਹੈ ਸਗੋਂ ਵਿਸ਼ਵ-ਇਤਿਹਾਸ ਦੀਆਂ ਭਾਵੀ ਗਤੀਵਿਧੀਆਂ ਦੇ ਨਿਰਮਾਣ ਵਿਚ ਵੀ ਉਸਦੇ ਦੂਰਗਾਮੀ ਪ੍ਰਭਾਵ ਸਪੱਸ਼ਟ ਨਜ਼ਰ ਆਉਂਦੇ ਹਨ। ਵਿਸ਼ਵ-ਇਤਿਹਾਸ ਵਿਚ ਉਸਦੀ ਥਾਂ ਅਤੇ ਮਹੱਤਵ ਸ਼ਲਾਘਾਯੋਗ ਹੈ। ਹੇਠ ਲਿਖੇ ਬਿੰਦੂ ਰੂਸੀ ਕ੍ਰਾਂਤੀ ਦੇ ਦੂਰਗਾਮੀ ਪ੍ਰਭਾਵਾਂ ਨੂੰ ਸਪੱਸ਼ਟ ਕਰਦੇ ਹਨ–

1. **ਸਰਵਹਾਰਾ ਵਰਗ ਦੀ ਕ੍ਰਾਂਤੀ ਦੁਆਰਾ ਸਮਾਜਵਾਦ ਦੀ ਸਥਾਪਨਾ–** ਰੂਸੀ ਕ੍ਰਾਂਤੀ ਦੀ ਸਫ਼ਲਤਾ ਨੇ ਮਾਰਕਸ ਦੀ ਉਸ ਵਿਚਾਰਧਾਰਾ ਵੱਲੋਂ ਸਾਰਿਆਂ ਦਾ ਧਿਆਨ ਖਿੱਚਿਆ ਜਿਸ ਅਨੁਸਾਰ ਸਮਾਜਵਾਦ ਦੀ ਸਥਾਪਨਾ ਸਰਵਹਾਰਾ ਵਰਗ ਦੀ ਕ੍ਰਾਂਤੀ ਦੁਆਰਾ ਹੀ ਕੀਤੀ ਜਾ ਸਕਦੀ ਹੈ। ਰੂਸੀ ਕ੍ਰਾਂਤੀ ਦੇ ਜਨਮਦਾਤਾ ਲੇਨਿਨ ਦੁਆਰਾ ਇਸੇ ਵਿਚਾਰ ਦੀ ਸ਼ੁਰੂਆਤ ਕਰਨ ਦੇ ਸੰਬੰਧ ਵਿਚ ਆਪਣਾ ਵਿਚਾਰ ਪ੍ਰਗਟ ਕਰਦਿਆਂ ਕ੍ਰਿਸਟੋਫ਼ਰ ਹਿਲ ਨੇ ਕਿਹਾ ਹੈ, "ਇਸ ਤਰ੍ਹਾਂ ਕਾਰਲ ਮਾਰਕਸ ਦੇ ਸਿਧਾਂਤ ਅਨੁਸਾਰ ਲੇਨਿਨ ਵਲੋਂ ਮੋਹਰੀ ਸਰਵਹਾਰਾ ਵਰਗੀ ਦੀ ਕ੍ਰਾਂਤੀ ਹੀ ਮਜ਼ਦੂਰ ਵਰਗ ਦੇ ਸ਼ਾਸਨ ਦੁਆਰਾ ਸਮਾਜਵਾਦ ਦੀ ਸਥਾਪਨ ਕਰੇਗੀ ਜਿਸ ਤਰ੍ਹਾਂ 1640 ਅਤੇ 1789 ਦੀਆਂ ਬੁਰਜੁਆ ਕ੍ਰਾਂਤੀਆਂ ਨਾਲ ਮੱਧਮ ਵਰਗ ਦਾ ਸ਼ਾਸਨ ਸਥਾਪਤ ਹੋਇਆ ਸੀ।" ਇਹ ਸਮਾਜਵਾਦੀ ਵਿਚਾਰਧਾਰਾ ਸਾਮਵਾਦ ਦੇ ਰੂਪ ਵਿਚ ਸਿਰਫ਼ ਰੂਸ ਤੱਕ ਹੀ ਸੀਮਿਤ ਨਹੀਂ ਰਹੀ ਸਗੋਂ ਇਸਦਾ ਛੇਤੀ ਹੀ ਵਿਸਥਾਰ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਵੀ ਹੋਇਆ। ਆਧੁਨਿਕ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿਚ ਸਾਮਵਾਦੀ ਸਰਕਾਰਾਂ ਹਨ ਅਤੇ ਜ਼ਿਆਦਾਤਰ ਦੇਸ਼ਾਂ ਵਿਚ ਸਾਮਵਾਦੀ ਪਾਰਟੀਆਂ ਦੁਆਰਾ ਸੱਤਾ ਪ੍ਰਾਪਤ ਕਰਨ ਦੇ ਯਤਨ ਹੋ ਰਹੇ ਹਨ। ਇਸ ਤਰ੍ਹਾਂ ਵਿਸ਼ਵ ਵਿਚ ਸਾਮਵਾਦ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਰੂਸੀ ਕ੍ਰਾਂਤੀ ਦਾ ਅਣਮੁੱਲਾ ਯੋਗਦਾਨ ਰਿਹਾ ਹੈ।

2. **ਤਾਨਾਸ਼ਾਹੀ ਦਾ ਉਦੈ–** ਰੂਸੀ ਕ੍ਰਾਂਤੀ ਨੇ ਜਿਸ ਤਰ੍ਹਾਂ ਸਾਮਰਾਜਵਾਦ ਦੀ ਥਾਂ 'ਤੇ ਸਰਵਹਾਰਾ ਵਰਗ ਨੂੰ ਸ਼ਾਸਨ-ਸੱਤਾ ਸੌਂਪ ਕੇ ਉਸਨੂੰ ਸਰਵ-ਅਧਿਕਾਰੀ ਅਤੇ ਤਾਨਾਸ਼ਾਹ ਬਣਾਇਆ, ਉਸਦਾ ਦੂਰਗਾਮੀ ਪ੍ਰਭਾਵ ਯੂਰਪ ਦੇ ਕੁਝ ਰਾਸ਼ਟਰਾਂ 'ਤੇ ਪਿਆ। ਜਰਮਨੀ ਵਿਚ ਨਾਜੀਵਾਦ ਅਤੇ ਤਾਨਾਸ਼ਾਹ ਹਿਟਲਰ ਦਾ ਉਦੈ ਅਤੇ ਇਟਲੀ ਵਿਚ ਫਾਸਿਸਟਵਾਦ ਅਤੇ ਤਾਨਾਸ਼ਾਹ ਮੁਸੋਲਿਨੀ ਦਾ ਸੱਤਾ ਵਿਚ ਆਉਣਾ ਰੂਸੀ ਕ੍ਰਾਂਤੀ ਦੇ ਹੀ ਦੂਰਗਾਮੀ ਪ੍ਰਭਾਵ ਸਨ। ਜਰਮਨੀ ਅਤੇ ਇਟਲੀ ਵਿਚ ਰੂਸੀ ਵਾਂਗ ਸਰਵਹਾਰਾ ਵਰਗ ਦੇ ਤਾਨਾਸ਼ਾਹ ਦੀ ਥਾਂ 'ਤੇ ਵਿਅਕਤੀ ਵਿਸ਼ੇਸ਼ ਦੇ ਸਰਵ-ਅਧਿਕਾਰੀ ਬਣ ਜਾਣ ਨਾਲ ਘਾਤਕ ਨਤੀਜ਼ੇ ਨਿੱਕਲੇ ਜੋ ਦੂਜੇ ਵਿਸ਼ਵ ਯੁੱਧ ਵਿਚ ਪ੍ਰਗਟ ਹੋਏ।

3. **ਲੋਕਤੰਤਰ ਦਾ ਪ੍ਰਸਾਰ–** ਫਲੋਰਿੰਸਕੀ ਦਾ ਕਥਨ ਹੈ, "ਲੰਮੇ ਸਮੇਂ ਬਾਅਦ ਇਹ ਤਰਕਸੰਗਤ ਪ੍ਰਤੀਤ ਹੋਇਆ ਕਿ ਜੋ ਕ੍ਰਾਂਤੀ 1917 ਵਿਚ ਮਿੱਤਰ ਰਾਸ਼ਟਰਾਂ ਪ੍ਰਤੀ ਸਾਜਿਸ਼ ਸਮਝੀ ਜਾਂਦੀ ਸੀ ਅਤੇ ਕਿਸਾਨਾਂ ਦੁਆਰਾ ਅਰਾਜਕਤਾ ਫੈਲਾਉਣਾ ਕਾਰਨ ਨਿੰਦਣਯੋਗ ਸੀ, ਉਹ ਅੱਗੇ ਚੱਲ ਕੇ ਰੂਸ ਅਤੇ ਸਮੁੱਚੇ ਵਿਸ਼ਵ ਵਿਚ ਲੋਕਤੰਤਰ ਦੇ ਪ੍ਰਸਾਰ ਵਿਚ ਸਹਾਇਕ ਹੋਈ।" ਇਸ ਲਈ ਸਰਵਹਾਰਾ ਵਰਗ ਦੀ ਰੂਸ ਵਿਚ ਜਿੱਤ ਨੇ ਵਿਸ਼ਵ ਦੇ ਜਨ ਸਾਧਾਰਨ ਨੂੰ ਲੋਕਤੰਤਰ ਦੀ ਸਥਾਪਨ ਲਈ ਪ੍ਰੇਰਿਤ ਕੀਤਾ।

4. **ਵਿਸ਼ਵ ਵਿਚ ਪੂੰਜੀਵਾਦ ਅਤੇ ਸਾਮਵਾਦੀ ਗੁੱਟਾਂ ਦਾ ਨਿਰਮਾਣ–** ਮਾਰਕਸ (Marx) ਦੇ ਸਾਮਵਾਦੀ ਵਿਚਾਰਾਂ ਤੋਂ ਪ੍ਰੇਰਿਤ ਰੂਸ ਦੀ ਕ੍ਰਾਂਤੀ ਦਾ ਦੂਰਗਾਮੀ ਪ੍ਰਭਾਵ ਇਹ ਪਿਆ ਕਿ ਵਿਸ਼ਵ ਵਿਚ ਪੂੰਜੀਵਾਦ ਅਤੇ ਸਾਮਵਾਦੀ ਗੁੱਟਾਂ ਦਾ ਨਿਰਮਾਣ ਹੋ ਗਿਆ ਜੋ ਸ਼ਕਤੀ-ਸੰਤੁਲਨ ਲਈ ਪਰਸਪਰ ਸੰਘਰਸ਼ਸ਼ੀਲ ਹੋ ਗਏ। ਰੂਸ ਦੇ ਸਾਮਵਾਦੀ ਸਮੁੱਚੇ ਵਿਸ਼ਵ ਵਿਚ ਪੂੰਜੀਵਾਦੀ ਦਾ ਅੰਤ ਚਾਹੁੰਦੇ ਸਨ। ਈ. ਐਚ. ਕਾਰ ਦੇ ਸ਼ਬਦਾਂ ਵਿਚ– "ਹਰ ਸੱਚੇ ਸਾਮਵਾਦੀ ਦਾ ਫ਼ਰਜ ਸਾਰੇ ਵਿਸ਼ਵ ਵਿਚ ਉਸ ਕ੍ਰਾਂਤੀ ਦਾ ਪ੍ਰਚਾਰ ਕਰਨਾ ਸੀ ਜੋ ਰੂਸ ਵਿਚ ਸਫ਼ਲ ਹੋ ਚੁੱਕੀ ਸੀ, ਅਤੇ ਕਿਉਂਕਿ ਸੋਵੀਅਤ ਸੰਘ ਦੇ ਸ਼ੁਰੂਆਤੀ ਦਿਨਾਂ ਵਿਚ ਨੇਤਾਵਾਂ ਦਾ ਇਹ ਵਿਸ਼ਵਾਸ਼ ਸੀ ਕਿ ਬਾਕੀ ਸੰਸਾਰ ਵਿਚ ਵੀ ਪੂੰਜੀਵਾਦ ਦੀ ਸਮਾਪਤੀ ਹੋਏ ਬਿਨਾ ਰੂਸ ਵਿਚ ਕ੍ਰਾਂਤੀਕਾਰੀ ਸਰਕਾਰ ਟਿਕ ਨਹੀਂ ਸਕੇਗੀ।" ਪੂੰਜੀਵਾਦ ਦਾ ਅੰਤ ਹਥਿਆਰਬੰਦ ਸੰਘਰਸ ਦੁਆਰਾ ਹੀ ਸੰਭਵ ਹੈ, ਇਹ ਸਾਮਵਾਦੀਆਂ ਦਾ ਵਿਸ਼ਵਾਸ ਹੋ ਗਿਆ।

5. **ਸ਼ਾਂਤੀ-ਸਮਝੌਤੇ ਨੂੰ ਪ੍ਰਭਾਵਿਤ ਕੀਤਾ–** ਰੂਸੀ ਕ੍ਰਾਂਤੀ ਦੀ ਸਫ਼ਲਤਾ ਨਾਲ ਸਾਮਵਾਦ ਦੇ ਪ੍ਰਸਾਰ ਦੇ ਡਰ ਦਾ ਸ਼ਾਂਤੀ-ਸਮਝੌਤੇ 'ਤੇ ਪ੍ਰਭਾਵ ਪਿਆ। ਰੂਸ ਨੂੰ ਇਸ ਲਈ ਸ਼ਾਂਤੀ-ਸੰਮੇਲਨ ਵਿਚ ਸੱਦਾ ਨਹੀਂ ਦਿੱਤਾ ਗਿਆ ਅਤੇ ਉਸਨੂੰ ਰਾਸ਼ਟਰ-ਸੰਘ ਦਾ ਮੈਂਬਰ ਨਹੀਂ ਬਣਾਇਆ ਗਿਆ। ਇਸ ਤੋਂ ਇਲਾਵਾ ਰੂਸੀ ਸੂਬੇ ਦਾ ਜ਼ਿਆਦਾ ਹਿੱਸਾ ਨਵੇਂ ਬਣੇ ਰਾਸ਼ਟਰਾਂ ਵਿਚ ਸ਼ਾਮਲ ਕਰ ਲਿਆ ਗਿਆ। ਇਹ ਸਭ ਸਾਮਵਾਦ ਦੇ ਪ੍ਰਸਾਰ ਨੂੰ ਰੋਕਣ ਲਈ ਹੀ ਕੀਤਾ ਗਿਆ ਸੀ। ਰੂਸ ਵਰਗੇ ਵਿਸ਼ਾਲ ਦੇਸ਼ ਨੂੰ ਨਜ਼ਰਅੰਦਾਜ

ਨੋਟ

ਕਰਨ ਨਾਲ ਰੂਸ ਵਿਚ ਸਾਮਵਾਦ ਮਜ਼ਬੂਤ ਹੋਇਆ ਅਤੇ ਉਹ ਵਿਸ਼ਵ ਵਿਚ ਪੂੰਜੀਵਾਦੀ ਅਰਥਵਿਵਸਥਾ ਨੂੰ ਸਮਾਪਤ ਕਰਕੇ ਸਾਮਵਾਦ ਸਥਾਪਤ ਕਰਨ ਦਾ ਯਤਨ ਕਰਨ ਲੱਗਾ।

ਉਪਰੋਕਤ ਬਿੰਦੂਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰੂਸ ਦੀ ਕ੍ਰਾਂਤੀ ਦੇ ਵਿਸ਼ਵ ਦੀਆਂ ਭਾਵੀ ਗਤੀਵਿਧੀਆਂ 'ਤੇ ਦੂਰਗਾਮੀ ਪ੍ਰਭਾਵ ਪਏ।

## 24.6 ਸਾਰਾਂਸ਼ (Summary)

ਰੂਸੀ ਕ੍ਰਾਂਤੀ ਦੀ ਸਫ਼ਲਤਾ ਨੇ ਮਾਰਕਸ ਦੀ ਉਸ ਵਿਚਾਰਧਾਰਾ ਵੱਲ ਸਭ ਦਾ ਧਿਆਨ ਖਿੱਚਿਆ ਜਿਸ ਅਨੁਸਾਰ ਸਮਾਜਵਾਦ ਦੀ ਸਥਾਪਨਾ ਸਰਵਹਾਰਾ ਵਰਗ ਦੀ ਕ੍ਰਾਂਤੀ ਦੁਆਰਾ ਹੀ ਕੀਤੀ ਜਾ ਸਕਦੀ ਹੈ। ਰੂਸੀ ਕ੍ਰਾਂਤੀ ਦੇ ਜਨਮਦਾਤਾ ਲੇਨਿਨ ਦੁਆਰਾ ਇਸੇ ਵਿਚਾਰ ਨੂੰ ਸ਼ੁਰੂ ਕਰਨ ਸਬੰਧੀ ਆਪਣਾ ਵਿਚਾਰ ਪ੍ਰਗਟ ਕਰਦਿਆਂ **ਕ੍ਰਿਸਟੋਫ਼ਰ ਹਿਲ** ਨੇ ਕਿਹਾ ਹੈ– "ਇਸ ਤਰ੍ਹਾਂ ਕਾਰਲ ਮਾਰਕਸ ਦੇ ਸਿਧਾਂਤ ਅਨੁਸਾਰ ਲੇਨਿਨ ਦੁਆਰਾ ਮੋਹਰੀ ਸਰਵਹਾਰਾ ਵਰਗ ਦੀ ਕ੍ਰਾਂਤੀ ਹੀ ਮਜ਼ਦੂਰ ਵਰਗ ਦੇ ਸ਼ਾਸਨ ਦੁਆਰਾ ਸਮਾਜਵਾਦ ਦੀ ਸਥਾਪਨਾ ਕਰਗੀ। ਜਿਸ ਤਰ੍ਹਾਂ 1640 ਅਤੇ 1789 ਦੀਆਂ ਬੁਰਜੁਆ ਕ੍ਰਾਂਤੀਆਂ ਨਾਲ ਮੱਧਮ ਵਰਗ ਦਾ ਸ਼ਾਸਨ ਸਥਾਪਤ ਹੋਇਆ ਸੀ।" ਇਹ ਸਮਾਜਵਾਦੀ ਵਿਚਾਰਧਾਰਾ ਸਾਮਵਾਦ ਦੇ ਰੂਪ ਵਿਚ ਸਿਰਫ਼ ਰੂਸ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਇਸ ਦਾ ਤੇਜੀ ਨਾਲ ਵਿਸਥਾਰ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਵੀ ਹੋਇਆ।

## 24.7 ਸ਼ਬਦਕੋਸ਼ (Keywords)

1. **ਵਿਸ਼ਵਵਿਆਪੀ (Worldwide)–** ਵਿਸ਼ਵ ਭਰ ਵਿਚ।
2. **ਅਧਿਨਾਇਕਤਵ (Dictatorship)–** ਤਾਨਾਸ਼ਾਹੀ।

## 24.8 ਅਭਿਆਸ ਪ੍ਰਸ਼ਨ (Review Questions)

1. ਰੂਸੀ ਕ੍ਰਾਂਤੀ ਦੇ ਦੀਰਘਕਾਲੀ ਅਤੇ ਤੱਤਕਾਲੀ ਕਾਰਨ ਦੱਸੋ।
2. 'ਜਾਰਸ਼ਾਹੀ ਦੇ ਅੰਤ' 'ਤੇ ਟਿੱਪਣੀ ਲਿਖੋ।
3. ਬੋਲਸ਼ੇਵਿਕ ਕ੍ਰਾਂਤੀ ਦਾ ਸੰਖੇਪ ਵਰਣਨ ਕਰੋ।
4. ਰੂਸੀ ਕ੍ਰਾਂਤੀ ਦੇ ਨਤੀਜੇ ਅਤੇ ਉਸਦਾ ਵਿਸ਼ਵ ਇਤਿਹਾਸ ਵਿਚ ਥਾਂ ਅਤੇ ਮਹੱਤਵ ਦਾ ਵਰਨਣ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

| | |
|---|---|
| 1. ਮਾਰਚ ਦੀ ਕ੍ਰਾਂਤੀ | 2. ਬੋਲਸ਼ੇਵਿਕ ਕ੍ਰਾਂਤੀ |
| 3. ਕਿਰਗੀਜ ਅਤੇ ਉਜ਼ਬੇਕ | 4. (ੳ) ਮਾਰਚ, 1881 |
| 5. (ਅ) 1848 | 6. ੲ) 1917 ਤੋਂ 1919 |

## 24.9 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–25: ਗਿਆਨ ਕ੍ਰਾਂਤੀ : ਛਾਪਾ ਅਤੇ ਸੂਚਨਾ (Knowledge Revolution: Printing and Information)

**ਵਿਸ਼ੇ ਵਸਤੂ (Contents)**

ਉਦੇਸ਼ (Objectives)

ਪ੍ਰਸਤਾਵਨਾ (Introduction)

25.1 ਵਿਗਿਆਨਕ ਵਿਕਾਸ ਅਤੇ ਸਮਾਜਿਕ ਬਦਲਾਅ : ਤਿੰਨ ਵਿਚਾਰਧਾਰਾਵਾਂ (Scientific Development and Social Changes : Three Views)

25.2 ਵਿਗਿਆਨ ਅਤੇ ਧਰਮ ਸੁਧਾਰ ਅੰਦੋਲਨ (Science and Reformation Movement)

25.3 ਸਾਰਾਂਸ਼ (Summary)

25.4 ਸ਼ਬਦਕੋਸ਼ (Keywords)

25.5 ਅਭਿਆਸ ਪ੍ਰਸ਼ਨ (Review Questions)

25.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਵਿਗਿਆਨਕ ਵਿਕਾਸ ਅਤੇ ਸਮਾਜਿਕ ਬਦਲਾਅ ਜਾਣਨ ਵਿਚ।
- ਧਰਮ ਅਤੇ ਵਿਗਿਆਨਕ ਪ੍ਰਗਤੀ ਬਾਰੇ ਰੈਬ ਦਾ ਤਰਕ ਜਾਣਨ ਵਿਚ।
- ਵਿਗਿਆਨ ਦੇ ਵਿਕਾਸ ਸਬੰਧੀ ਹਿਲ ਦੇ ਵਿਚਾਰਾਂ ਨੂੰ ਜਾਣਨ ਵਿਚ।

## ਪ੍ਰਸਤਾਵਨਾ (Introduction)

ਕੋਈ ਇਤਿਹਾਸਕਾਰ ਚਾਹੇ ਕੋਈ ਵੀ ਨਜ਼ਰੀਆ ਅਪਣਾਵੇ, ਹਰੇਕ ਖਾਸ ਇਤਿਹਾਸਕ ਹਾਲਾਤ ਬਾਰੇ ਉਸਦੇ ਗੁਣ–ਦੋਸ਼ ਦੇ ਆਧਾਰ 'ਤੇ ਵਿਚਾਰ ਕਰਨਾ ਹੁੰਦਾ ਹੈ। ਜੇਕਰ ਇੰਗਲੈਂਡ ਵਿਚ ਪ੍ਰਯੋਗਾਤਮਕ ਵਿਗਿਆਨ ਦੇ ਉਦੈ ਦੀ ਵਿਆਖਿਆ ਪ੍ਰੋਟੈਸਟੈਂਟ ਨੈਤਿਕਤਾ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ ਤਾਂ ਉਸਦਾ ਇਹ ਅਰਥ ਨਹੀਂ ਕਿ ਹੋਰ ਹਾਲਾਤਾਂ ਵਿਚ ਵੱਖ–ਵੱਖ ਕਾਰਨਾਂ ਦੇ ਸੰਦਰਭ ਵਿਚ ਕੋਈ ਵਿਆਖਿਆ ਨਹੀਂ ਕੀਤੀ ਜਾ ਸਕਦੀ।

## 25.1 ਵਿਗਿਆਨਕ ਵਿਕਾਸ ਅਤੇ ਸਮਾਜਿਕ ਬਦਲਾਅ : ਤਿੰਨ ਵਿਚਾਰਧਾਰਾਵਾਂ (Scientific Development and Social Changes : Three Views)

ਵਿਗਿਆਨ ਨੇ ਯੂਰਪ ਵਿਚ ਆਧੁਨਿਕ ਕਾਲ ਦੇ ਸ਼ੁਰੂ ਵਿਚ ਕਿਉਂ ਜੜ੍ਹ ਜਮਾਈ ਅਤੇ ਉਸ ਤੋਂ ਬਾਅਦ ਹੀ ਉਸਦਾ ਵਿਕਾਸ ਕਿਉਂ ਹੋਇਆ ? ਜਦੋਂ ਕਿ ਜ਼ਿਆਦਾਤਰ ਇਤਿਹਾਸਕਾਰ– ਬੇਸ਼ੱਕ ਹੀ ਉਨ੍ਹਾਂ ਦੇ ਸਿਧਾਂਤਿਕ ਰੁਝਾਨ ਅਤੇ ਅਨੁਮਾਨ ਕੁਝ ਵੀ ਹੋਣ– ਇਸ ਗੱਲ ਨਾਲ ਸਹਿਮਤ ਹਨ ਕਿ ਆਧੁਨਿਕ ਵਿਗਿਆਨ ਦਾ ਉਦੈ ਮੁੜਜਾਗਰਣ, ਧਰਮ ਸੁਧਾਰ, ਵਪਾਰ ਦਾ ਮਹਾਨ ਵਿਕਾਸ ਅਤੇ ਪੂੰਜੀਵਾਦ ਦੇ ਵਿਕਾਸ ਦੇ ਨਾਲ–ਨਾਲ ਹੋਇਆ ਕਿਉਂਕਿ ਇਹ ਪਤਾ ਲਾਉਣਾ ਔਖਾ ਹੈ ਕਿ ਇੱਕ ਪਾਸੇ ਤਾਂ ਇਨ੍ਹਾਂ ਸਮਾਜਿਕ–ਆਰਥਿਕ ਬਦਲਾਵਾਂ ਅਤੇ ਦੂਜੇ ਪਾਸੇ ਵਿਗਿਆਨਕ ਖੇਤਰ ਵਿਚ ਹੋਈਆਂ ਖੋਜਾਂ ਵਿਚਾਲੇ ਸਹੀ–ਸਹੀ ਕੀ ਸੰਬੰਧ ਸਨ, ਵਿਗਿਆਨਕ ਕ੍ਰਾਂਤੀ ਦੇ ਕੀ ਕਾਰਨ ਸਨ– ਇਸ ਸਬੰਧੀ ਲੰਮੇ ਅਰਸੇ ਤੱਕ ਵਿਵਾਦ ਚਲਦਾ ਰਿਹਾ ਹੈ।

ਇੱਕ ਵਿਚਾਰਧਾਰਾ ਇਹ ਹੈ ਕਿ ਵਿਗਿਆਨ ਦਾ ਵਿਕਾਸ ਸਵੈ ਪ੍ਰੇਰਿਤ ਸੀ ਜਦੋਂ ਕਿ ਦੂਸਰੀ ਵਿਚਾਰਧਾਰਾ ਅਨੁਸਾਰ ਇਹ ਵਿਕਾਸ ਧਰਮ–ਨਿਰਪੱਖਤਾ ਦੀ ਪ੍ਰਕਿਰਿਆ ਤੋਂ ਪ੍ਰੇਰਿਤ ਸੀ। ਵਿਗਿਆਨ ਦੇ ਜ਼ਿਆਦਾਤਰ ਇਤਿਹਾਸਕਾਰ ਪਹਿਲੀ ਵਿਚਾਰਧਾਰਾ ਦੇ ਹਮਾਇਤੀ ਹਨ। ਹਰੇਕ ਵਿਗਿਆਨਕ ਘਟਨਾ ਦਾ ਵੱਖ–ਵੱਖ ਮੁਲਾਂਕਣ ਕਰਨ ਦੇ ਤਰੀਕੇ (case history method) 'ਤੇ

**ਨੋਟ**

ਧਿਆਨ ਕੇਂਦਰਿਤ ਕਰਕੇ ਉਹ ਵਿਆਪਕ ਇਤਿਹਾਸਕ ਸੰਦਰਭ ਵੱਲ ਸੰਕੇਤ ਕੀਤੇ ਬਿਨਾ ਹੀ, ਆਧੁਨਿਕ ਵਿਗਿਆਨ ਦੇ ਉਦੈ ਦਾ ਵੇਰਵਾ ਦੇਣ ਵਿਚ ਸਫ਼ਲ ਹੋਏ ਹਨ। ਆਧੁਨਿਕ ਵਿਗਿਆਨ ਦੇ ਸਾਰੇ ਆਮ ਇਤਿਹਾਸ ਲਗਭਗ ਲਾਜ਼ਮੀ ਰੂਪ ਵਿਚ ਇਸ ਨਜ਼ਰੀਏ ਵਿਚ ਲਿਖੇ ਗਏ ਹਨ। ਵਿਗਿਆਨ ਦੇ ਇਤਿਹਾਸਕਾਰ ਆਮ ਤੌਰ 'ਤੇ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੇ ਕਿ ਵਿਗਿਆਨ ਦਾ ਹੋਰ ਘਟਨਾਵਾਂ ਨਾਲ ਵੱਖ ਸਬੰਧ ਸੀ। ਆਧੁਨਿਕ ਵਿਗਿਆਨ ਦੇ ਸਵੈ-ਪ੍ਰੇਰਿਤ ਹੋਣ ਦੀ ਗੱਲ ਪੱਕੀ ਕਰਨ ਲਈ ਇਸ ਗੱਲ ਨੂੰ ਵੀ ਅਸਵੀਕਾਰ ਨਹੀਂ ਕੀਤਾ ਗਿਆ ਹੈ ਕਿ ਆਧੁਨਿਕ ਵਿਗਿਆਨ ਅਤੇ ਤਕਨੀਕ ਇੱਕ-ਦੂਜੇ ਤੋਂ ਬਹੁਤ ਪ੍ਰਭਾਵਿਤ ਸਨ।

ਹੋਰ ਇਤਿਹਾਸਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਇਸ ਗੱਲ 'ਤੇ ਜੋਰ ਦਿੱਤਾ ਹੈ ਕਿ ਵਿਗਿਆਨ ਦੇ ਵਿਕਾਸ ਵਿਚ ਵਿਅਕਤੀਗਤ ਪ੍ਰਤਿਭਾ ਦੀ ਫੈਸਲਾਕੁੰਨ ਭੂਮਿਕਾ ਸੀ। ਇਨ੍ਹਾਂ ਇਤਿਹਾਸਕਾਰਾਂ ਵਿਚ ਫਰਟਰਫੀਲਡ, ਕੈਰਲਰ ਅਤੇ ਕੋਇਰੇ ਦੇ ਨਾਂਅ ਜ਼ਿਕਰਯੋਗ ਹਨ। ਬਟਰਫੀਲਡ ਬਰਾਬਰ ਇਸ ਗੱਲ 'ਤੇ ਜੋਰ ਦਿੰਦਾ ਰਿਹਾ ਸੀ ਕਿ 'ਸੋਚਣ ਦੀ ਨਵੀਂ ਟੋਪੀ' ਪਹਿਨਣਾ ਅਰਥਾਤ ਨਵੇਂ ਤਰੀਕੇ ਨਾਲ ਸੋਚਣਾ, ਸਿੱਖਿਆ ਅਤੇ ਆਦਤਾਂ ਅਤੇ ਵਿਵਹਾਰਿਕ ਅਨੁਭਵ ਦੇ ਬੰਧਨਾਂ ਨੂੰ ਤੋੜਨਾ ਔਖਾ ਹੈ। ਉਸਦੇ ਅਨੁਸਾਰ ਵਿਗਿਆਨਕ ਕ੍ਰਾਂਤੀ ਦੀ ਵਿਆਖਿਆ ਕਰਨਾ ਅਸੰਭਵ ਹੈ ਅਤੇ ਉਸਦੀ ਅਗਾਊਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਵਟਰਫੀਲਡ ਨੇ ਅਜਿਹੇ ਕਈ ਜਟਿਲ ਹਾਲਾਤਾਂ ਦਾ ਜ਼ਿਕਰ ਕੀਤਾ ਹੈ ਜੋ ਸਿਰਫ਼ ਪੱਛਮੀ ਯੂਰਪ ਵਿਚ ਹੀ ਵਰਤਮਾਨ ਸਨ, ਜਿਵੇਂ ਮੱਧਮ ਵਰਗ ਦਾ ਉਦੈ ਅਤੇ ਤਕਨੀਕ ਦਾ ਪ੍ਰਭਾਵ। ਪਰ ਬਟਰਫੀਲਡ ਨੇ ਇਸ ਪਿੱਠਭੂਮੀ ਦਾ ਸਿਰਫ਼ ਜਿਕਰ ਭਰ ਹੀ ਕੀਤਾ ਹੈ। ਕੈਰਲਰ ਦੀ ਕਿਤਾਬ ਵਿਚ ਮੁੱਖ ਰੂਪ ਨਾਲ ਤਿੰਨ ਵਿਚਾਰਕਾਂ ਦਾ ਰੇਖਾਚਿੱਤਰ ਅੰਕਿਤ ਕੀਤਾ ਗਿਆ ਹੈ ਜਿਨ੍ਹਾਂ ਪ੍ਰਤਿਭਾ, ਅੰਤਰਦ੍ਰਿਸ਼ਟੀ, ਭਰਮ ਅਤੇ ਤਰੁੱਟੀਆਂ ਦੇ ਫਲਸਰੂਪ ਉਪਲੱਬਧੀਆਂ ਅਰਜਿਤ ਕੀਤੀਆਂ ਸਨ ਅਤੇ ਜੋ ਗਲਤ ਰਸਤਿਆਂ 'ਤੇ ਚੱਲ ਕੇ ਸਹੀ ਨਤੀਜੇ 'ਤੇ ਪਹੁੰਚੇ ਸਨ।

ਇਸ ਨਜ਼ਰੀਏ ਦਾ ਇੱਕ ਹੋਰ ਬਦਲ ਕਾਂਬੀ ਅਤੇ ਕਲੇਗੇਟ ਵਰਗੇ ਇਤਿਹਾਸਕਾਰਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਇਹ ਇਤਿਹਾਸਕਾਰ ਵਿਗਿਆਨ ਦੇ ਵਿਕਾਸਸ਼ੀਲ ਪੱਖ 'ਤੇ ਜ਼ੋਰ ਦਿੰਦੇ ਹਨ ਅਤੇ ਇਸ ਗੱਲ ਨੂੰ ਮੰਨਦੇ ਹਨ ਕਿ ਗੈਲੀਲੀਓ ਅਤੇ ਉਸਦੇ ਸਾਥੀ ਆਪਣੇ ਤੋਂ ਪੂਰਬਲੇ (ਪ੍ਰਚੀਨ ਅਤੇ ਮੱਧਯੁਗੀ) ਚਿੰਤਕਾਂ ਦੇ ਕਰਜ਼ਦਾਰ ਹਨ।

ਵਿਗਿਆਨ ਦੇ ਖੇਤਰ ਵਿਚ ਚੁੱਕੇ ਗਏ ਕਦਮ ਚਮਤਕਾਰੀ ਨਹੀਂ ਸਨ ਜਿੰਨੇ ਕਿ ਸ਼ੁਰੂ ਵਿਚ ਦਿਖਾਈ ਦਿੰਦੇ ਸਨ। ਇਨ੍ਹਾਂ ਦੋਵਾਂ ਅਤੇ ਕਈ ਹੋਰ ਇਤਿਹਾਸਕਾਰਾਂ ਦੀ ਰਾਇ ਵਿਚ ਅਰਸਤੂ ਵਿਗਿਆਨ ਦੇ ਵਿਕਾਸ ਵਿਚ ਇੱਕ ਅੜਿੱਕਾ ਨਾ ਹੋ ਕੇ ਉਸਦੀ ਸਫ਼ਲਤਾ ਦਾ ਇੱਕ ਮਹੱਤਵਪੂਰਨ ਕਾਰਨ ਸੀ। ਆਧੁਨਿਕ ਵਿਚਾਰਕ ਮੱਧਯੁਗੀ ਚਿੰਤਕਾਂ ਵੱਲੋਂ ਹੌਂਸਲੇ ਨਾਲ ਕੀਤੇ ਗਏ ਕੰਮ ਦੇ ਨਤੀਜ਼ੇ ਵਜੋਂ ਹੀ ਸਫ਼ਲ ਹੋਏ, ਬੇਸ਼ੱਕ ਹੀ ਮੱਧਯੁਗੀ ਚਿੰਤਕਾਂ ਨੂੰ ਆਪਣੀ ਮਿਹਨਤ ਦਾ ਸਮੁੱਚਾ ਪੁਰਸਕਾਰ ਨਾ ਮਿਲਿਆ ਹੋਵੇ।

ਨੋਟਸ ਇਕ ਵਿਚਾਰਧਾਰਾ ਇਹ ਹੈ ਕਿ ਵਿਗਿਆਨ ਦੀ ਪ੍ਰਗਤੀ ਸਵਤ : ਪ੍ਰੇਰਿਤ ਸੀ ਜਦਕਿ ਦੂਸਰੀ ਵਿਚਾਰਧਾਰਾ ਦੇ ਅਨੁਸਾਰ ਇਹ ਪ੍ਰਗਤੀ ਧਰਮ-ਨਿਰਪੇਕਸ਼ਾ ਦੀ ਪ੍ਰਕਿਰਿਆ ਤੋਂ ਪ੍ਰੇਰਿਤ ਸੀ।

ਇਸ ਸਭ ਤੋਂ ਉਲਟ, 1930 ਤੋਂ ਸ਼ੁਰੂ ਹੋਣ ਵਾਲੇ ਦਹਾਕੇ ਵਿਚ ਅਨੇਕਾਂ ਮਾਰਕਸਵਾਦੀ ਅਤੇ ਨਵ-ਮਾਰਕਸਵਾਦੀ ਲੇਖਕਾਂ ਨੇ ਵਿਗਿਆਨ ਦੇ ਸਮਾਜਿਕ ਵਿਸ਼ਲੇਸ਼ਣ ਨੂੰ ਪਸੰਦ ਕੀਤਾ। ਬੋਰਿਸ ਹੇਸੇਨ ਅਨੁਸਾਰ- "ਆਧੁਨਿਕ ਵਿਗਿਆਨ ਦੀ ਉਤਪਤੀ ਨਵੇਂ ਬੁਰਜੁਆ ਵਰਗੀ ਦੀਆਂ ਲੋੜਾਂ ਨੂੰ ਪੂਰਤੀ ਲਈ ਹੋਈ। ਉਸਨੇ ਨਿਊਟਨ ਦੇ 'ਪ੍ਰਿੰਸੀਪੀਆ' ਵਿਚ ਵਰਣਿਤ ਸਭ ਤੋਂ ਅਮੂਰਤ ਸਾਧਾਂ ਦਾ ਸਬੰਧੀ ਸਤਾਰਵੀਂ ਸ਼ਤਾਬਦੀ ਦੇ ਇੰਗਲੈਂਡ ਵਪਾਰੀ ਵਰਗੀ ਦੀਆਂ ਤਕਨੀਕੀ ਲੋੜਾਂ ਨਾਲ ਜੋੜਿਆ। ਐਡਗਰ ਜਿਲਸੇਲ ਦੀ ਰਾਇ ਵਿਚ ਵੱਖ-ਵੱਖ ਵਰਗਾਂ ਵਿਚਾਲੇ ਸਿਮਾਵਾਂ ਪ੍ਰਾਚੀਨ ਵਿਦਵਾਨਾ ਅਤੇ ਸ਼ਿਲਪਕਾਰਾਂ ਵਿਚਾਲੇ ਵਿਚਾਰਾਂ ਦੇ ਅਦਾਨ-ਪ੍ਰਦਾਨ 'ਚ ਪ੍ਰਾਚੀਨ ਕਾਲ ਤੋਂ ਹੀ ਅੜਿੱਕਾ ਪਾਉਂਦੀਆਂ ਸਨ। ਇਨ੍ਹਾਂ ਸਿਮਾਵਾਂ ਦੇ ਨਾਟਕੀ ਢੰਗ ਨਾਲ ਹਟ ਜਾਣ ਦੇ ਨਤੀਜੇ ਵਜੋਂ ਇੰਦਰੀਅਨੁਭਵਵਾਦ ਅਤੇ ਯੁਕਤੀਵਾਦ ਦਾ ਪਰਸਪਰ ਮਿਸ਼ਰਣ ਹੋਇਆ ਅਤੇ ਮੁੜ ਜਾਗਰੂਕਤਾ ਤੋਂ ਬਾਅਦ ਇਟਲੀ ਵਿਚ ਇੱਕ ਨਵੀਂ ਤਰ੍ਹਾਂ ਦੀ ਵਿਗਿਆਨ ਦਾ ਜਨਮ ਹੋਇਆ।

ਕੀ ਤੁਸੀ ਜਾਣਦੇ ਹੋ? 'ਸੋਚਣ ਦੀ ਨਵੀਂ ਟੋਪੀ' ਪਹਿਨਨਾ ਤੇ ਨਵੀਂ ਪ੍ਰਣਾਲੀ ਤੋਂ ਸੋਚਣਾ ਮੁਸ਼ਕਿਲ ਹੈ। ਇਹ ਬਟਰਫੀਲਡ ਨੇ ਕਿਹਾ ਸੀ।

**ਸਵ-ਮੁਲਾਂਕਣ (Self Assessment)**

**ਖਾਲੀ ਥਾਵਾਂ ਭਰੋ (Fill in the blanks) :**

1. ਰੈਬ ਨੇ ਵਿਗਿਆਨਕ ਖੋਜ ਵਿਚ ........ ਯੋਗਦਾਨ ਦਾ ਜ਼ਿਕਰ ਕੀਤਾ ਹੈ।
2. ਅਲੈਕਜੈਂਡਰ ਕੋਇਰੇ ਅਨੁਸਾਰ, ਵਿਗਿਆਨਕ ਕ੍ਰਾਂਤੀ ਦਾ ਸਿਹਰਾ ਸਿਰਫ਼ .......... ਨੂੰ ਹੀ ਹੈ।
3. .......... ਤੋਂ ਬਾਅਦ ਇਟਲੀ ਵਿਚ ਇੱਕ ਨਵੀਂ ਤਰ੍ਹਾਂ ਦੇ ਵਿਗਿਆਨ ਦਾ ਜਨਮ ਹੋਇਆ।

ਨੋਟ

## 25.2 ਵਿਗਿਆਨ ਅਤੇ ਧਰਮ ਸੁਧਾਰ ਅੰਦੋਲਨ (Science and Reformation Movement)

ਯੂਰਪ ਦੇ ਮਹਾਂਦੀਪ ਅਤੇ ਖਾਸ ਕਰਕੇ ਇੰਗਲੈਂਡ ਵਿਚ ਨਿਰਣਾਇਕ ਨਿਰਮਾਣ ਵਿਵਸਥਾ ਵਿਚ ਜਿਨ੍ਹਾਂ ਤੱਤਾਂ ਨੇ ਵਿਗਿਆਨ ਨੂੰ ਪ੍ਰਭਾਵਿਤ ਕੀਤਾ ਉਨ੍ਹਾਂ ਬਾਰੇ ਕਾਫ਼ੀ ਵਿਵਾਦ ਹੋਇਆ ਹੈ। ਇਸ ਚਰਚਾ ਦਾ ਕੇਂਦਰ ਬਿੰਦੂ ਇਹ ਪਰਿਕਲਪਨਾ ਸੀ ਕਿ ਪ੍ਰਾਯੋਗਿਕ ਵਿਗਿਆਨ, ਧਰਮ ਅਨੁਸਾਰ ਅੰਦੋਲਨ ਦਾ ਮਹੱਤਵਪੂਰਨ ਸੰਸਕ੍ਰਿਤਿਕ ਪ੍ਰਗਟਾਵਾ, ਅਰਥਾਤ ਪ੍ਰੋਟੇਸਟੈਂਟ ਨੈਤਿਕਵਾਦ, ਦਾ ਸੁਭਾਵਿਕ ਨਤੀਜ਼ਾ ਸੀ। ਇੰਗਲੈਂਡ ਦਾ ਸਮਾਜ, ਜੋ ਕਿ ਕਾਲਵਿਨਵਾਦ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ ਅਤੇ ਵਿਗਿਆਨ ਅਤੇ ਵਿਗਿਆਨਕ ਸੰਸਥਾਵਾਂ ਦੇ ਵਿਕਾਸ ਨਾਲ ਬਹੁਤ ਜ਼ਿਆਦਾ ਜੁੜਿਆ ਹੋਇਆ ਸੀ, ਇੱਕ ਅਜਿਹਾ ਨਜ਼ਰੀਆ ਹਾਜ਼ਰ ਕਰਦਾ ਹੈ ਜਿਸ ਦੁਆਰਾ ਅਸੀਂ ਇਹ ਪਤਾ ਲਾ ਸਕਦੇ ਹਾਂ ਕਿ ਵਿਗਿਆਨ ਅਤੇ ਧਰਮ ਵਿਚਾਲੇ ਕੀ ਸਬੰਧ ਸੀ। ਧਰਮ ਦੇ ਨਾਲ ਇਸਦੇ ਸਬੰਧ ਦਾ ਨਤੀਜਾ ਇਹ ਹੋਇਆ ਕਿ ਸਮਾਜਿਕ ਨੈਤਿਕਤਾ ਵੀ ਇਸਦੇ ਦਾਇਰੇ ਵਿਚ ਆ ਗਈ ਅਤੇ ਫਿਰ ਤਾਂ ਸਮਾਜਿਕ ਅਤੇ ਆਰਥਿਕ ਤੱਤਾਂ ਦਾ ਵਿਆਪਕ ਖੇਤਰ ਹੀ ਇਸਦੇ ਦਾਇਰੇ ਵਿਚ ਆ ਗਿਆ। ਮੇਸਨ ਨੇ ਸ਼ੁਰੂ ਵਿਚ ਕੁਝ ਵਿਗਿਆਨਕਾਂ ਅਤੇ ਧਰਮ ਸੁਧਾਰ ਅੰਦੋਲਨਾਂ ਦੇ ਨੇਤਾਵਾਂ ਵਿਚਾਲੇ ਕੁਝ ਸਮਾਨਤਾਵਾਂ ਦਿਖਾਈਆਂ ਹਨ। ਪ੍ਰੋਟੇਸਟੈਂਟਵਾਦ ਅਤੇ ਵਿਗਿਆਨ ਵਿਚਾਲੇ ਸਬੰਧ ਹੋਣ ਦੇ ਉਸਨੇ ਤਿੰਨ ਕਾਰਨ ਦੱਸੇ–

(1) ਸ਼ੁਰੂਆਤੀ ਪ੍ਰੋਟੇਸਟੈਂਟ ਲੋਕਾਚਾਰ ਅਤੇ ਵਿਗਿਆਨਕ ਰੁਝਾਨ ਵਿਚ ਸਾਦ੍ਰਿਸ਼, (2) ਬਾਅਦ ਦੇ ਕਾਲ ਵਿਚ ਕਾਲਵਿਨਵਾਦ ਵਿਚ ਚੰਗੇ ਕੰਮਾਂ 'ਤੇ ਜ਼ੋਰ ਅਤੇ (3) ਪ੍ਰੋਟੇਸਟੈਂਟ ਧਰਮਸ਼ਾਸਤਰਾਂ ਦੇ ਕੁਝ ਸੂਖਮ ਤੱਤਾਂ ਅਤੇ ਆਧੁਨਿਕ ਵਿਗਿਆਨ ਦੇ ਕੁਝ ਸਿਧਾਂਤਾਂ ਵਿਚ ਇੱਕ ਨਿਸ਼ਚਿਤ ਤਾਲਮੇਲ। ਮੇਸਨ ਨੇ ਆਪਣੀ ਧਾਰਨਾ ਦੇ ਸਮਰਥਨ ਵਿਚ ਜਾਨ ਵਿਲਕਿਨਸ (1614–12) ਦਾ ਉਦਾਹਰਨ ਦਿੱਤਾ, ਜੋ ਉਸ ਸਮੇਂ ਜਾਗੀਰ ਦੇ 'ਪ੍ਰਿੰਸ ਇਲੈਕਟਰ' ਦਾ ਪਾਦਰੀ ਸੀ। ਮੇਸਨ ਅਨੁਸਾਰ ਵਿਲਕਿਨਸ ਨੇ ਸਤਾਰਵੀਂ ਸ਼ਤਾਬਦੀ ਦੇ ਅੱਧ ਵਿਚ ਇੰਗਲੈਂਡ ਵਿਚ ਵਿਗਿਆਨ ਦੇ ਪ੍ਰਯੋਗ, ਪ੍ਰਚਾਰ ਅਤੇ ਸੰਗਠਨ ਨੂੰ ਵਧਾਉਣ ਲਈ ਕਾਫ਼ੀ ਯਤਨ ਕੀਤੇ। ਨਾਲ ਹੀ ਉਹ "ਉਨ੍ਹਾਂ ਵਿਅਕਤੀਆਂ ਵਿਚੋਂ ਇੱਕ ਸੀ, ਜਿਨ੍ਹਾਂ ਸ਼ੁਰੂ ਵਿਚ ਹੀ ਕਾਲਵਿਨਵਾਦੀ ਧਰਮ–ਵਿਗਿਆਨ ਅਤੇ ਆਧੁਨਿਕ ਵਿਗਿਆਨ ਦੇ ਨਵੇਂ ਸਿਧਾਂਤਾਂ ਵਿਚਾਲੇ ਤਾਲਮੇਲ ਦੇਖਿਆ।"

ਵੇਬਰ ਅਨੁਸਾਰ– ਮੇਰਟਨ ਦੀ ਪਰੰਪਰਾ ਅਤੇ ਪ੍ਰੋਟੇਸਟੈਂਟਵਾਦ–ਖਾਸ ਕਰਕੇ ਕਾਲਵਿਨਵਾਦ ਨੇ ਪੱਛਮੀ ਯੂਰਪ ਵਿਚ ਪ੍ਰਮਾਣਿਕ ਵਿਗਿਆਨ ਲਈ ਅਨੁਕੂਲ ਵਾਤਾਵਰਨ ਪੈਦਾ ਕੀਤਾ। ਮੇਰਟਨ ਦੀ ਧਾਰਨਾ ਦੀ ਸਖ਼ਤ ਅਲੋਚਨਾ ਹੋਈ। ਕੇਪਨ, ਕੇਚਰ, ਕੋਨਾਂਟ, ਹਾਲ ਅਤੇ ਕਾਰਟਿਸ ਆਦਿ ਸਾਰਿਆ ਨੇ ਮੇਰਟਨ ਦੀਆਂ ਮਾਨਤਾਵਾਂ ਨੂੰ ਚੁਣੌਤੀ ਦਿੱਤੀ ਹੈ। ਰੈਬ ਨੇ, ਮੇਰਟਨ ਦੇ ਸਿਰਫ਼ ਅੰਕੜਿਆਂ ਨੂੰ ਹੀ ਚੁਣੌਤੀ ਨਹੀਂ ਦਿੱਤੀ ਹੈ ਸਗੋਂ ਉਸਨੇ ਇਹ ਸਿੱਧ ਕਰਨ ਦੇ ਯਤਨ ਨੂੰ ਵੀ ਚੁਣੌਤੀ ਦਿੱਤੀ ਹੈ ਕਿ ਮੂਲ ਰੂਪ ਨਾਲ ਪਿਊਰਿਟਨ ਗੁਣਾਂ ਨੇ ਵਿਗਿਆਨਕ ਖੋਜ ਦਾ ਵਿਕਾਸ ਕੀਤਾ। ਮੇਰਟਨ ਦੀ ਧਾਰਨਾ ਦਾ ਵਿਰੋਧ ਬੇਸ਼ੱਕ ਹੀ ਸਫ਼ਲ ਨਾ ਹੋਇਆ ਹੋਵੇ ਫਿਰ ਵੀ ਉਸ 'ਤੇ ਕੀਤੇ ਗਏ ਇਤਰਾਜ਼ ਦਾ ਹੱਲ ਕੀਤਾ ਜਾਣਾ ਹਾਲੇ ਵੀ ਬਾਕੀ ਹੈ। ਇਸ ਤਰ੍ਹਾਂ ਮੇਰਟਨ ਦੇ ਨਤੀਜ਼ਿਆਂ ਸਬੰਧੀ ਪੂਰੀ ਤਰ੍ਹਾਂ ਸ਼ੱਕ ਬਣਿਆ ਹੋਇਆ ਹੈ ਅਤੇ ਇਹ ਸਾਬਤ ਕਰਨ ਲਈ ਨਵੇਂ ਸਬੂਤਾਂ ਦੀ ਲੋੜ ਹੈ ਕਿ 1640 ਦੇ ਪੂਰਬ ਪਿਊਰਿਟਨਵਾਦ ਅਤੇ ਵਿਗਿਆਨ ਵਿਚ ਖਾਸ ਸਬੰਧ ਸੀ।

ਰੈਬ ਦਾ ਤਰਕ ਹੈ ਕਿ ਜਦੋਂਕਿ ਸਤਾਰਵੀਂ ਸ਼ਤਾਬਦੀ ਦੇ ਅੱਧ ਵਿਚ ਤੋਂ ਧਰਮ ਅਤੇ ਵਿਗਿਆਨਕ ਵਿਕਾਸ ਵਿਚਾਲੇ ਜੋ ਸਬੰਧ ਸਨ ਉਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਫਿਰ ਵੀ 1640 ਤੋਂ ਪਹਿਲੇ ਸਾਲਾਂ ਦੀ ਸਥਿਤੀ ਇਸ ਸਬੰਧ ਵਿਚ ਇੰਨੀ ਸਪੱਸ਼ਟ ਨਹੀਂ ਹੈ। ਇੰਨਾ ਹੀ ਕਿਹਾ ਜਾ ਸਕਦਾ ਹੈ ਕਿ 1640 ਤੱਕ, ਜਦੋਂ ਕਿ ਗੈਲੀਲੀਓ, ਹਾਰਵੇ ਅਤੇ ਦੇਕਾਰਤ ਦਾ ਕੰਮ ਲਗਭਗ ਪੂਰਾ ਹੋ ਚੁੱਕਿਆ ਸੀ, ਵਿਗਿਆਨ ਦਾ ਵੀ ਉਦੈ ਹੋ ਚੁੱਕਾ ਸੀ। ਪ੍ਰੋਟੇਸਟੈਂਟਵਾਦ ਅਤੇ ਵਿਗਿਆਨ ਵਿਚਾਲੇ 1640 ਤੋਂ ਪਹਿਲਾਂ ਕੋਈ ਸਪੱਸ਼ਟ ਸਬੰਧ ਖੋਜ ਸਕਣਾ ਸੌਖਾ ਨਹੀਂ ਹੈ। ਇਸ ਲਈ ਰੈਬ ਨੇ ਪ੍ਰੋਟੇਸਟੈਂਟ ਧਰਮ ਵਿਗਿਆਨ ਦੇ ਵਿਚਾਲੇ ਬਹੁਤ ਡੂੰਘੇ ਅੰਤਰਵਿਰੋਧ ਹੋਣ ਦੇ ਉਦਾਹਰਨ ਦਿੱਤੇ ਹਨ। ਇਨ੍ਹਾਂ ਸਾਲਾਂ ਵਿਚ ਇਟਲੀ, ਜੋ ਕਿ ਇੱਕ ਕੈਥੋਲਿਕ ਦੇਸ਼ ਸੀ, ਵਿਗਿਆਨ ਖੋਜ ਦਾ ਇੱਕ ਮਾਤਰ ਨਿਰਵਿਵਾਦ ਕੇਂਦਰ ਸੀ। ਲਗਭਗ ਉਨ੍ਹਾਂ ਸਾਰੇ ਵਿਅਕਤੀਆਂ ਨੇ, ਜਿਨ੍ਹਾਂ ਦਾ ਨਾਅ ਉਸ ਸਮੇਂ ਹੋਈਆਂ ਖੋਜਾਂ ਨਾਲ ਜੁੜਿਆ ਹੋਇਆ ਹੈ, ਇਟਲੀ ਵਿਚ ਰਹਿ ਕੇ ਅਧਿਐਨ ਕੀਤਾ ਸੀ।

ਟੀ. ਐਸ. ਕੁਨ ਅਤੇ ਹੋਰ ਵਿਦਿਵਾਨਾਂ ਦਾ ਇਹ ਵੀ ਕਹਿਣਾ ਹੈ ਕਿ ਸੋਲਵੀਂ ਅਤੇ ਸਤਾਰਵੀਂ ਸ਼ਤਾਬਦੀ ਵਿਚ ਕੋਪਰਨਿਸਕਵਾਦ ਦਾ ਵਿਰੋਧ ਦੋਵਾਂ ਹੀ ਧਾਰਮਿਕ ਪੱਖਾਂ (ਪ੍ਰੋਟੇਸਟੈਂਟ ਅਤੇ ਕੈਥੋਲਿਕ) ਵੱਲੋਂ ਹੋਇਆ ਸੀ।

ਕ੍ਰਿਸਟੋਫਰ ਹਿਲ ਦੀ ਕਿਤਾਬ **'ਦ ਸੈਂਚੁਰੀ ਆਫ਼ ਰਿਵੋਲਿਊਸ਼ਨ (1961)'** ਦਾ ਪ੍ਰਕਾਸ਼ਨ ਹੋਣ ਨਾਲ ਵਿਗਿਆਨਕ ਕ੍ਰਾਂਤੀ ਵਿਚ ਸਮਾਜ ਵਿਗਿਆਨਕ ਵਿਸ਼ਲੇਸ਼ਣ ਦਾ ਆਮ ਇਤਿਹਾਸ 'ਤੇ ਪਹਿਲਾ ਅਸਲ ਪ੍ਰਭਾਵ ਪਿਆ। ਇਸ ਕਿਤਾਬ ਵਿਚ ਪ੍ਰਗਟ ਵਿਚਾਰਾਂ ਦੀ ਪੁਸ਼ਟੀ ਉਸਦੀ ਫੋਰਡ ਵਿਆਖਿਆਨਮਾਲਾ 'ਇੰਟਲੈਕਚੁਅਲ ਔਰੀਜਿੰਸ ਆਫ਼ ਦ ਇੰਗਲਿਸ਼ ਰਿਵੋਲਿਊਸ਼ਨ' ਵਿਚ ਵੀ ਹੋਈ। ਇਹ ਸਥਿਤੀ ਵਿਗਿਆਨ ਅਤੇ ਸਾਹਿਤ ਦੇ ਇਤਿਹਾਸ ਦੇ ਖੇਤਰ ਵਿਚ ਕੀਤੇ ਗਏ ਖਾਸ ਅਧਿਐਨਾਂ ਤੋਂ ਵੱਖ ਸੀ। ਹਿਲ ਅਨੁਸਾਰ ਵਿਗਿਆਨ ਇੱਕ ਆਮ ਸਮਾਜਿਕ ਘਟਨਾ ਹੈ ਜੋ ਪਿਊਰਿਟਨਵਾਦ ਅਤੇ ਬੁਰਜੁਆ ਵਰਗ ਦੇ ਵਿਕਾਸ ਦੇ ਸਦ੍ਰਿਸ਼ ਹੀ ਹੋਈ ਅਤੇ ਜਿਸਦਾ ਉਨ੍ਹਾਂ ਨਾਲ ਸਬੰਧ ਵੀ ਸੀ। ਉਸਨੇ ਅੰਗਜੇਜੀ ਸਮਾਜ ਦੀ ਤੱਤਕਾਲੀ ਸਥਿਤੀ ਵਿਚ ਵਿਗਿਆਨ ਦੇ ਉਦੈ ਦੇ ਕਾਰਨਾਂ ਨੂੰ ਖੋਜਣ ਦਾ ਯਤਨ ਕੀਤਾ ਹੈ। ਉਸਦੀ ਨਜ਼ਰ ਵਿਚ ਸਮਾਜਿਕ ਅੰਦੋਲਨ ਅਤੇ ਰੁਝਾਨ ਕਿਸੇ ਵੀ ਵਿਅਕਤੀ ਵਿਸ਼ੇਸ਼ ਜਾਂ ਜਨ ਸਾਧਾਰਨ ਤੋਂ ਜ਼ਿਆਦਾ ਮਹੱਤਵ ਰੱਖਦੀਆਂ ਹਨ। ਹਿਲ ਨੇ ਆਪਣੇ ਕਥਨ ਨੂੰ ਬੜੀ ਮੁਹਾਰਤ ਅਤੇ ਆਕਰਸ਼ਕ ਰੂਪ ਵਿਚ ਪੇਸ਼ ਕੀਤਾ।

ਨੋਟ

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :**

4. ਸੰਨ........ ਤੱਕ, ਜਦੋਂਕਿ ਗੈਲੀਲੀਓ, ਹਾਰਵੇ ਅਤੇ ਦੇਕਾਰਤ ਦਾ ਕੰਮ ਲਗਭਗ ਪੂਰਾ ਹੋ ਚੁੱਕਾ ਸੀ, ਵਿਗਿਆਨ ਦਾ ਵੀ ਉਦੈ ਹੋ ਚੁੱਕਾ ਸੀ।

   (ੳ) 1640 (ਅ) 1740

   (ੲ) 1840 (ਸ) 1940

5. ਪ੍ਰੋਟੇਸਟੈਂਟਵਾਦ ਅਤੇ ........ ਦੇ ਵਿਚ 1640 ਤੋਂ ਪਹਿਲਾਂ ਕੋਈ ਸਪੱਸ਼ਟ ਸਬੰਧ ਖੋਜ ਸਕਣਾ ਸੌਖਾ ਨਹੀਂ ਹੈ।

   (ੳ) ਭੂਗੋਲ (ਅ) ਵਿਗਿਆਨ

   (ੲ) ਇਤਿਹਾਸ (ਸ) ਅਰਥਸ਼ਾਸਤਰ

6. ......... ਤੋਂ ਸ਼ੁਰੂ ਹੋਣ ਵਾਲੇ ਦਹਾਕੇ ਵਿਚ ਅਨੇਕਾਂ ਮਾਰਕਸਵਾਦੀ ਅਤੇ ਨਵ-ਮਾਰਕਸਵਾਦੀ ਲੇਖਕਾਂ ਨੇ ਵਿਗਿਆਨ ਦੇ ਸਮਾਜਿਕ ਵਿਸ਼ਲੇਸ਼ਣ ਨੂੰ ਪਸੰਦ ਕੀਤਾ।

   (ੳ) 1910 (ਅ) 1920

   (ੲ) 1930 (ਸ) 1940

ਹਿਲ ਦੇ ਵਿਚਾਰਾਂ ਦੇ ਉੱਤਰ ਵਿਚ ਅੰਗਰੇਜ਼ੀ ਵਿਗਿਆਨ ਦੇ ਗੈਰ-ਪਿਊਰਿਟਨ ਪਹਿਲੂਆਂ ਵੱਲ ਕਾਫ਼ੀ ਧਿਆਨ ਦਿੱਤਾ ਗਿਆ ਹੈ। ਹਿਲ ਦੀ ਨਜ਼ਰ ਵਿਚ ਗ੍ਰੀਸ਼ਮ ਕਾਲੇਜ ਉਸ ਦੇ ਇਸ ਵਿਚਾਰ ਦਾ ਨਿਰਣਾਇਕ ਸਬੂਤ ਹੈ ਕਿ ਪਿਊਰਿਟਨਵਾਦ, ਆਧੁਨਿਕ ਵਿਗਿਆਨ ਅਤੇ ਵਪਾਰੀ ਸ਼ਿਲਪੀ ਭਾਈਚਾਰਿਆਂ ਵਿਚ ਪਰਸਪਰ ਸਬੰਧ ਸੀ ਕਿਉਂਕਿ ਕਾਲੇਜ ਦੀ ਸਥਾਪਨਾ 1579 ਵਿਚ ਸਰ ਟਾਮਸ ਗ੍ਰੀਸ਼ਮ ਦੀ ਵਸੀਅਤ ਦੁਆਰਾ ਹੋਈ ਜੋ ਲੰਦਨ ਦਾ ਇੱਕ ਵੱਡਾ ਵਪਾਰੀ ਸੀ। ਇਸ ਕਾਲੇਜਦਾ ਸੰਚਾਲਕ ਵਪਾਰੀਆਂ ਦੇ ਹੱਥਾਂ ਵਿਚ ਸੀ ਅਤੇ ਇਨ੍ਹਾਂ ਵਪਾਰੀਆਂ ਅਤੇ ਸ਼ਿਲਪੀਆਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਆਧੁਨਿਕ ਵਿਗਿਆਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਕਾਰਨੀ ਦੇ ਅਨੁਸਾਰ ਗ੍ਰੀਸ਼ਮ ਕਾਲੇਜ਼ ਮੱਧਵਰਗੀ ਪਿਊਰਿਟਨ ਸਿੱਖਿਆ ਸੰਸਥਾ ਨਾ ਹੋਕੇ ਇੱਕ ਅਜਿਹੀ ਸੰਸਥਾ ਸੀ ਜੋ ਯੂਨੀਵਰਸਿਟੀਆਂ ਦੀ ਸਿੱਖਿਆ ਅਤੇ ਸੰਸਕ੍ਰਿਤਿਕ ਪਰੰਪਰਾਵਾਂ 'ਤੇ ਆਧਾਰਿਤ ਸੀ। ਕਾਰਨੀ ਨੇ ਆਪਣੇ ਤਰਕ ਵਿਚ ਕਿਹਾ ਹੈ ਕਿ ਇਸ ਕਾਲੇਜ਼ ਦੇ ਅਧਿਆਪਕ ਵਰਗ ਵਿਚ ਕਈ ਪ੍ਰਸਿੱਧ ਵਿਗਿਆਨੀ ਸਨ। ਇਸ ਨਜ਼ਰੀਏ ਨਾਲ ਇਹ ਕੋਈ ਆਮ ਵਿਗਿਆਨਕ ਸਕੂਲ ਨਹੀਂ ਸੀ। ਧਰਮ, ਕਾਨੂੰਨ, ਭੌਤਿਕ, ਕਲਾ, ਸੰਗੀਤ, ਭਾਸ਼ਣਕਲਾਂ ਦੇ ਨਾਲ-ਨਾਲ ਇਸ ਵਿਚ ਖਗੋਲਸ਼ਾਸਤਰ ਅਤੇ ਜਿਆਮਿਤੀ ਦਾ ਵੀ ਅਧਿਆਪਣ ਕੀਤਾ ਜਾਂਦਾ ਸੀ ਅਤੇ ਇਸ ਦੀ ਕਲਪਨਾ ਆਕਸਫੋਰਡ ਅਤੇ ਕੈਂਬ੍ਰਿਜ ਵਾਂਗ ਹੀ ਸੀ। ਗ੍ਰੀਸ਼ਮ ਕਾਲੇਜ ਇੱਕ ਅਜਿਹਾ ਕਾਲੇਜ਼ ਨਹੀਂ ਸੀ ਜੋ ਮਾਤਰ ਨਵੋਦਿਤ ਪੂੰਜੀਪਤੀ ਵਰਗ ਦੇ ਹਿੱਤ ਵਿਚ ਖੋਲ੍ਹਿਆ ਗਿਆ ਹੈ ਸਗੋਂ ਇਹ ਇੱਕ ਅਜਿਹੀ ਸੰਸਥਾ ਸੀ ਜਿਸ ਨੇ ਆਕਸਫੋਰਡ ਅਤੇ ਕੈਂਬ੍ਰਿਜ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਸੀ।

ਰੈਬ ਨੇ ਵਿਗਿਆਨਕ ਖੋਜ ਵਿਚ ਕੈਥੋਲਿਕ ਯੋਗਦਾਨ ਦਾ ਜ਼ਿਕਰ ਕੀਤਾ ਹੈ। ਉਸਦਾ ਕਹਿਣਾ ਹੈ ਕਿ ਕੇਪਲਰ ਜਦੋਂਕਿ ਪ੍ਰੋਟੇਸਟੈਂਟ ਸੀ ਫਿਰ ਵੀ ਉਹ ਖਗੋਲੀ ਪ੍ਰੀਖਣਾਂ ਲਈ ਜੇਸੂਟ ਲੋਕਾਂ 'ਤੇ ਨਿਰਭਰ ਸੀ ਅਤੇ ਇੱਕ ਜੇਸੂਟ ਨੇ ਹੀ ਗੈਲੀਲੀਓ ਦੀਆਂ ਖੋਜਾਂ ਦੇ ਵੇਰਵੇ ਨੂੰ ਪੀਕਿੰਗ ਵਿਚ ਚੀਨੀ ਭਾਸ਼ਾ ਵਿਚ ਪ੍ਰਕਾਸ਼ਿਤ ਕੀਤਾ।

ਰੈਬ ਦੇ ਅਨੁਸਾਰ ਹਿਲ ਨੇ ਪਿਊਰਿਟਨਵਾਦ ਦੇ ਸਿਰਫ਼ ਉਨ੍ਹਾਂ ਪੱਖਾਂ ਨੂੰ ਪੇਸ਼ ਕੀਤਾ ਹੈ ਜੋ ਵਿਗਿਆਨ ਦੇ ਅਨੁਕੂਲ ਸਨ ਅਤੇ ਉਸਦੇ ਹੋਰ ਪਾਰਲੌਕਿਕ ਅਤੇ ਅਬੌਧਿਕ ਪੱਖਾਂ ਨੂੰ ਨਜ਼ਰਅੰਦਾਜ ਕਰ ਦਿੱਤਾ ਗਿਆ। ਉਸਦੇ ਅਨੁਸਾਰ ਪਿਊਰਿਟਨਵਾਦ ਦਾ ਮੁੱਖ ਟੀਚਾ ਧਾਰਮਿਕ ਸਿੱਖਿਆ ਸੀ ਨਾ ਕਿ ਵਿਗਿਆਨ। ਜਦੋਂਕਿ ਰੈਬ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ 1640 ਤੋਂ ਬਾਅਦ ਦੇ ਸਾਲਾਂ ਵਿਚ ਪਿਊਰਿਟਨਵਾਦ ਵਿਗਿਆਨਕ ਵਿਕਾਸ ਵਿਚ ਮੱਦਦਗਾਰ ਸਾਬਤ ਹੋਇਆ ਅਤੇ ਵਿਗਿਆਨ ਦੇ ਵਿਕਾਸ ਦੀ ਸੰਪੂਰਨ ਕਹਾਣੀ ਵਿਚ ਧਰਮ ਦੀ ਥਾਂ ਨਾ ਬਰਾਬਰ ਹੈ।

> ਟਾਸਕ ਬੋਰਿਸ ਹੇਰੇਨ ਦੇ ਅਨੁਸਾਰ ਅਧੁਨਿਕ ਵਿਗਿਆਨ ਦੀ ਉਤਪਤੀ ਕਿਸ ਲਈ ਹੋਈ ?

ਵਿਗਿਆਨ ਦੇ ਵਿਕਾਸ ਵਿਚ ਅਜਿਹੇ ਲੋਕਾਂ ਨੇ ਯੋਗਦਾਨ ਕੀਤਾ ਜੋ ਪਿਊਰਿਟਨ ਜਾਂ ਪ੍ਰੋਟੇਸਟੈਂਟ ਨਹੀਂ ਸਨ- ਇਸ ਕਥਨ ਦਾ ਇਹ ਅਰਥ ਨਹੀਂ ਕਿ ਪਿਊਰਿਟਨਵਾਦੀਆਂ ਦੀਆਂ ਵਿਗਿਆਨਕ ਉਪਲੱਬਧੀਆਂ ਘੱਟ ਸਨ। ਜਦੋਂਕਿ ਯੂਰਪ ਦੇ ਕਈ ਵਿਗਿਆਨਕ ਕੈਥੋਲਿਕ ਸਨ ਫਿਰ ਵੀ ਇਹ ਨਿਰਵਿਵਾਦ ਰੂਪ ਨਾਲ ਕਿਹਾ ਜਾ ਸਕਦਾ ਹੈ ਕਿ ਪ੍ਰਤੀਸੁਧਾਰ ਅੰਦੋਲਨ ਤੋਂ ਬਾਅਦ ਵਿਗਿਆਨਕ ਵਿਚਾਰਾਂ ਦੇ ਪ੍ਰਸਾਰ ਲਈ ਰੋਮਨ ਕੈਥੋਲਿਕ ਵਾਤਾਵਰਨ ਦੇ ਮੁਕਾਬਲੇ ਪ੍ਰੋਟੇਸਟੈਂਟ ਵਾਤਾਵਰਨ ਜ਼ਿਆਦਾ ਅਨੁਕੂਲ ਸੀ।

ਇੰਗਲੈਂਡ ਵਿਚ ਵਿਗਿਆਨ ਬਹੁਤ ਲੋਕਪ੍ਰਿਯ ਸੀ ਅਤੇ ਜ਼ਿਆਦਾਤਰ ਲੋਕ ਵਿਗਿਆਨ ਵਿਚ ਰੁਚੀ ਲੈਂਦੇ ਸਨ ਅਤੇ ਉਸਨੂੰ ਸਮਝਦੇ ਸਨ ਜਿਸ ਦੇ ਨਤੀਜੇ ਵਜੋਂ ਇੱਕ ਅਜਿਹੇ ਸਮਾਜ ਦਾ ਨਿਰਮਾਣ ਹੋਇਆ ਜੋ "ਪਹਿਲਾਂ ਤੋਂ ਜ਼ਿਆਦਾ ਜਗਿਆਸੂ, ਸ਼ੰਕਾਲੂ, ਗਤੀਸ਼ੀਲ ਅਤੇ ਨਿਰਮਾਣਸ਼ੀਲ ਸੀ ਅਤੇ ਜੋ ਦਾ ਸੁਧਾਰ ਦਾ ਇੱਛੁਕ ਸੀ ਅਤੇ ਜੋ ਪ੍ਰਯੋਗ ਵਿਚ ਜ਼ਿਆਦਾਤਰ ਰੁਚੀ ਲੈ ਰਿਹਾ ਸੀ"।

ਨੋਟ

ਸਮਾਜ ਦੇ ਨਾਲ ਵਿਗਿਆਨ ਦੇ ਸਬੰਧਾਂ ਬਾਰੇ ਜੋ ਵੱਖ-ਵੱਖ ਪਰਿਕਲਪਨਾਵਾਂ ਹਨ ਉਨ੍ਹਾਂ ਦਾ ਮੁਲਾਂਕਣ ਅਤੇ ਪ੍ਰੀਖਣ ਕਰਨ ਲਈ ਰਾਇਲ ਸੋਸਾਇਟੀ ਦੇ ਇਤਿਹਾਸ ਦੀ- ਉਸਦੀ ਉਤਪਤੀ ਅਤੇ ਉਸਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ ਖੋਜਾਂ ਦੀ- ਜਾਂਚ ਕੀਤੀ ਗਈ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਰਾਇਲ ਸੋਸਾਇਟੀ ਦਾ ਪ੍ਰੇਰਣਾਸ੍ਰੋਤ ਪਿਊਰਿਟਨਵਾਦ ਸੀ ਅਤੇ ਕੁਝ ਦਾ ਵਿਚਾਰ ਹੈ ਕਿ ਉਹ ਸਰੋਤ ਉਦਾਰਵਾਦ ਸੀ ਜਦੋਂ ਕਿ ਕੁਝ ਦੇ ਵਿਚਾਰ ਵਿਚ ਇਸ ਇੰਗਲੈਂਡ ਤੋਂ ਪ੍ਰੇਰਣਾ ਮਿਲੀ। ਮੇਰਟਨ ਦੇ ਅਨੁਸਾਰ ਇੱਕ ਵਿਗਿਆਨਕ ਸੰਸਥਾ ਦੇ ਰੂਪ ਵਿਚ ਇਸ ਸੋਸਾਇਟੀ ਦੇ ਕੰਮ ਸਿਰਫ਼ ਉਪਯੋਗਿਤਾ ਨਾਲ ਸਬੰਧਤ ਸਨ ਜਦੋਂਕਿ ਪਰਬਰ ਦੇ ਵਿਚਾਰ ਵਿਚ ਉਨ੍ਹਾਂ ਦਾ ਉਪਯੋਗਿਤਾ ਨਾਲ ਕੋਈ ਸਬੰਧ ਨਹੀਂ ਸੀ। ਮੇਰਟਨ ਨੇ ਆਪਣੇ ਨਤੀਜ਼ੇ ਕੱਢਣ ਲਈ "ਫਿਲੋਸੋਫੀਕਲ ਟ੍ਰਾਂਜੈਕਸ਼ਨਸ" ਦਾ ਵਿਸ਼ਲੇਸ਼ਣ ਕੀਤਾ ਜਦੋਂਕਿ ਹੋਰ ਲੋਕਾਂ ਨੇ ਸ਼ੁੱਧ ਨਤੀਜਾਤਮਕ ਪ੍ਰਣਾਲੀ ਦਾ ਸਹਾਰਾ ਨਹੀਂ ਲਿਆ ਹੈ। ਲੋਟ ਮਲੀਗਨ ਨੇ ਵਿਗਿਆਨ ਪ੍ਰਤੀ ਰੁਚੀ ਅਤੇ ਰਾਜਨੀਤੀ ਅਤੇ ਧਰਮਿਕ ਰੁਝਾਨਾਂ ਵਿਚਾਲੇ ਸਬੰਧ ਦਾ ਪਤਾ ਲਗਾਉਣ ਲਈ ਸਰਲ ਪਰਿਮਾਣਾਤਮਕ ਪ੍ਰਣਾਲੀ ਨੂੰ ਅਪਣਾਇਆ।

ਮਲੀਗਨ ਨੇ ਇਹ ਨਤੀਜਾ ਕੱਢਿਆ ਕਿ 1660 ਤੋਂ ਬਾਅਦ ਦੇ ਸਾਲਾਂ ਵਿਚ ਜਿਨ੍ਹਾਂ ਲੋਕਾਂ ਵਿਚ ਵਿਗਿਆਨ ਦੇ ਪ੍ਰਤੀ ਖਾਸ ਤਰ੍ਹਾਂ ਦਾ ਉਤਸ਼ਾਹ ਸੀ ਜਿਨ੍ਹਾਂ ਦੀ ਪਿੱਠਭੂਮੀ ਇੱਕ ਰਾਜ ਭਗਤ ਆਂਗਲਵਾਦੀ ਅਤੇ ਯੂਨੀਵਰਸਿਟੀ ਵਿਚ ਸਿੱਖਿਆ ਪ੍ਰਾਪਤ ਭੱਦਰ ਪੁਰਸ਼ ਦੀ ਸੀ। ਅਜਿਹੇ ਵਿਅਕਤੀ ਮੱਧਵਰਗੀ, ਵਪਾਰੀ, ਪਿਊਰਿਟਨ, ਰਾਜਨੀਤਿਕ ਉਗਰਵਾਦੀ, ਅਨਪੜ੍ਹ ਅਤੇ ਉਪਯੋਗਿਤਾਵਾਦੀ ਨਹੀਂ ਸਨ। ਅੰਕੜਿਆਂ ਤੋਂ ਜੋ ਜਾਣਕਾਰੀ ਮਿਲਦੀ ਹੈ ਉਸ ਤੋਂ ਇਸ ਧਾਰਨਾ ਦਾ ਖੰਡਣ ਹੁੰਦਾ ਹੈ ਕਿ ਵਿਗਿਆਨ ਦਾ ਪਿਊਰਿਟਨਵਾਦ ਨਾਲ ਕੋਈ ਸਬੰਧ ਸੀ।

## 25.3 ਸਾਰਾਂਸ਼ (Summary)

ਜੇਕਰ ਅਸੀਂ ਮੁੜ ਜਾਗਰਨ ਕਾਲ ਅਤੇ ਪ੍ਰਬੋਧਨ ਕਾਲ ਵਿਚ ਯੂਰਪੀ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਉਸ ਸਮੇਂ ਕਈ ਅੰਦੋਲਨ ਨਾਲ-ਨਾਲ ਚੱਲ ਰਹੇ ਸਨ- ਪੂੰਜੀਵਾਦ ਦਾ ਉਦੈ, ਵਪਾਰੀ ਵਰਗ ਦਾ ਵਿਕਾਸ, ਕੈਥੋਲਿਕ ਚਰਚ ਨਾਲ ਸਬੰਧ ਟੁੱਟੇ ਅਤੇ ਪਿਊਰਿਟਨ ਨੈਤਿਕਤਾ ਦਾ ਉਦੈ ਅਤੇ ਆਧੁਨਿਕ ਵਿਗਿਆਨ ਦਾ ਆਗਮਨ। ਇਨ੍ਹਾਂ ਅੰਦੋਲਨਾਂ ਵਿਚ ਕੋਈ ਕਾਰਨ-ਕੰਮ ਸਬੰਧ ਸਨ ਜਾਂ ਨਹੀਂ ਅਤੇ ਜੇਕਰ ਸਨ ਤਾਂ ਉਹ ਕੀ ਸਬੰਧ ਸਨ- ਇਹ ਸਵਾਲ ਹਾਲੇ ਵੀ ਇਤਿਹਾਸਕਾਰਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੰਨਾ ਜ਼ਰੂਰ ਹੈ ਕਿ ਰਾਜਨੀਤਿਕ ਅਤੇ ਧਾਰਮਿਕ ਖੇਤਰਾਂ ਦੇ ਬਰਾਬਰ ਵਿਗਿਆਨ ਦੇ ਖੇਤਰ ਵਿਚ ਵੀ ਪੁਰਾਣੀਆਂ ਪਰੰਪਰਾਵਾਂ ਤੋਂ ਸਬੰਧ ਟੁੱਟੇ ਜਿਸ ਦੇ ਨਤੀਜ਼ੇ ਵਜੋਂ ਮਨੁੱਖੀ ਸਿਰਜਣਾਤਮਕਤਾ ਆਜਾਦ ਹੋਈ।

## 25.4 ਸ਼ਬਦਕੋਸ਼ (Keywords)

1. **ਵਿਗਿਆਨਕ ਵਿਕਾਸ (Scientific Development)–** ਵਿਗਿਆਨ ਦਾ ਵਿਕਾਸ।
2. **ਧਰਮ ਸੁਧਾਰ (Reformation)–** ਧਰਮ ਵਿਚ ਸੁਧਾਰ।

## 25.5 ਅਭਿਆਸ ਪ੍ਰਸ਼ਨ (Review Questions)

1. ਵਿਗਿਆਨਕ ਕ੍ਰਾਂਤੀ ਦੇ ਕੀ ਕਾਰਨ ਸਨ ? ਸਪੱਸ਼ਟ ਕਰੋ।
2. 'ਸੀਮਿਤ ਇਤਿਹਾਸ' ਤੋਂ ਕੀ ਮਤਲਬ ਹੈ ? ਬੇਬਸਟਰ ਦੇ ਨਜ਼ਰੀਏ ਨੂੰ ਸਪੱਸ਼ਟ ਕਰੋ।
3. ਪ੍ਰੋਟੇਸਟੈਂਟਵਾਦ ਅਤੇ ਵਿਗਿਆਨ ਵਿਚਾਲੇ ਕੀ ਸਬੰਧ ਹੈ ? ਤਿੰਨ ਕਾਰਨ ਦੱਸੋ।
4. ਕ੍ਰਿਸਟੋਫ਼ਰ ਹਿਲ ਦੀ ਕਿਤਾਬ 'ਦ ਸੈਂਚੁਰੀ ਆਫ਼ ਰਿਵੋਲਿਊਸ਼ਨ' ਨਾਲ ਵਿਗਿਆਨਕ ਕ੍ਰਾਂਤੀ ਵਿਚ ਕੀ ਅਸਰ ਪਿਆ ?

### ਉੱਤਰ : ਸਵ-ਮੁਲਾਂਕਣ (Answer: Self Assessment)

1. ਕੈਥੋਲਿਕ
2. ਗੈਲੀਲੀਓ
3. ਮੁੜਜਾਗਰਣ
4. (ੳ) 1640
5. (ਅ) ਵਿਗਿਆਨ
6. (ੲ) 1930

## 25.6 ਸੰਦਰਭ ਪੁਸਤਕਾਂ (Further Readings)

ਬੁਕਸ

1. ਆਧੁਨਿਕ ਵਿਸ਼ਵ ਦਾ ਇਤਿਹਾਸਤ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-26: ਤਕਨੀਕੀ ਕ੍ਰਾਂਤੀ : ਸੰਚਾਰ-ਵਿਵਸਥਾ ਅਤੇ ਚਿਕਿਤਸਾ (Technological Revolution: Communication and Medical)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਪ੍ਰਸਤਾਵਨਾ (Introduction)
26.1 ਐਸੀਅੰਤਾਂ (Asianton)
26.2 ਮੁੜ ਜਾਗਰਣ ਤੋਂ ਪਹਿਲਾਂ ਦੀ ਸਥਿਤੀ (Circumstances before Renaissance)
26.3 ਮੁੜ ਜਾਗਰਣ ਕਾਲ ਵਿਚ ਵਿਗਿਆਨ (Science in Renaissance-Age)
26.4 ਸਥਿਤੀ-ਵਿਗਿਆਨ ਅਤੇ ਗਤੀ-ਵਿਗਿਆਨ (Statics and Dynamics)
26.5 ਚੁੰਬਕਤਵ : ਨਾਰਮਨ ਅਤੇ ਗਿਲਬਰਟ (Magnetism: Norman and Gilbert)
26.6 ਸਾਰਾਂਸ਼ (Summary)
26.7 ਸ਼ਬਦਕੋਸ਼ (Keywords)
26.8 ਅਭਿਆਸ ਪ੍ਰਸ਼ਨ (Review Questions)
26.9 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਮੁੜਜਾਗਰਣ ਤੋਂ ਪਹਿਲਾਂ ਦੀ ਸਥਿਤੀ ਬਾਰੇ ਜਾਣਨ ਵਿਚ।
- ਸਥਿਤੀ-ਵਿਗਿਆਨ ਅਤੇ ਗਤੀ-ਵਿਗਿਆਨ ਨੂੰ ਜਾਣਨ ਵਿਚ।
- ਹਾਰਵੇ ਅਤੇ ਰੁਧਿਰ ਪਰਿਸੰਚਰਣ ਨੂੰ ਜਾਣਨ ਵਿਚ।

## ਪ੍ਰਸਤਾਵਨਾ (Introduction)

ਸੋਲ੍ਹਵੀਂ ਅਤੇ ਸਤਾਰਵੀਂ ਸ਼ਤਾਬਦੀਆਂ ਦੀ ਵਿਗਿਆਨ ਕ੍ਰਾਂਤੀ ਬਾਰੇ ਹੁਣ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਨੇ ਯੂਰਪੀ ਇਤਿਹਾਸ ਨੂੰ ਇੱਕ ਨਵਾਂ ਅਤੇ ਨਿਰਣਾਇਕ ਮੋੜ ਦਿੱਤਾ। ਜ਼ਿਆਦਾਤਰ ਇਤਿਹਾਸਕਾਰਾਂ ਦੀ ਰਾਇ ਵਿਚ ਇਹ ਕ੍ਰਾਂਤੀ ਮੁੜਜਾਗਰਣ ਅਤੇ ਧਰਮ ਸੁਧਾਰ ਵਰਗੇ ਹੋਰ ਅੰਦੋਲਨਾਂ ਵਾਂਗ ਹੀ ਸਨ ਅਤੇ ਉਨ੍ਹਾਂ ਅੰਦੋਲਨਾਂ ਤੋਂ ਇਨ੍ਹਾਂ ਨੂੰ ਵੱਖ ਨਹੀਂ ਰੱਖਿਆ ਜਾ ਸਕਦਾ। ਮੁੜਜਾਗਰਣ ਤੋਂ ਬਾਅਦ ਨਿਊਟਨ ਦੇ ਕਾਲ ਤੱਕ ਪ੍ਰਕਿਰਤੀ ਅਤੇ ਸਮਾਜ ਸਬੰਧੀ ਵਿਚਾਰਾਂ ਵਿਚ ਆਮੂਲ ਬਦਲਾਅ ਹੋਇਆ। ਇਸੇ ਮਿਆਦ ਵਿਚ ਵਿਸ਼ਵ-ਸਬੰਧੀ ਆਧੁਨਿਕ ਨਜ਼ਰੀਏ ਦੀ ਨੀਂਹ ਪਈ ਅਤੇ ਬੌਧਿਕ ਕ੍ਰਾਂਤੀ ਸੰਪੂਰਨ ਹੋਈ। ਵਿਗਿਆਨਕ ਕ੍ਰਾਂਤੀ ਨਾਲ ਨਵੀਆਂ ਪ੍ਰਣਾਲੀਆਂ ਦਾ ਨਿਰਮਾਣ ਹੋਇਆ। ਇਹ ਨਵੀਆਂ ਪ੍ਰਣਾਲੀਆਂ ਚਿੰਤਨ ਦੇ ਉਨ੍ਹਾਂ ਪਰੰਪਰਾਗਤ ਤਰੀਕਿਆਂ ਵਿਚ ਬਦਲਾਅ ਦਾ ਮੁੱਖ ਕਾਰਨ ਬਣੀਆਂ ਜਿਨ੍ਹਾਂ ਵਿਚ ਸੱਤਾਧਾਰੀ ਵਰਗ ਨੂੰ ਪ੍ਰਕਿਰਤੀ ਦੀ ਦੇਣ ਅਤੇ ਲੋੜੀਂਦਾ ਮੰਨ ਲਿਆ ਗਿਆ ਸੀ। ਪਰੰਪਰਾਗਤ ਤਰੀਕਿਆਂ ਦੀ ਥਾਂ ਆਧੁਨਿਕਤਾ ਨੇ ਲੈ ਲਈ ਜਿਸ ਵਿਚ ਸਾਰੀਆਂ ਮਾਨਤਾਵਾਂ ਦੇ ਸਮੀਖਿਆਤਮਕ ਮੁਲਾਂਕਣ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਵਿਗਿਆਨਕ ਕ੍ਰਾਂਤੀ ਦੇ ਨਤੀਜੇ ਵਜੋਂ ਕੁਦਰਤੀ ਤੱਤਾਂ ਦੀ ਸਮੀਖਿਆ ਲਈ ਪਰਿਕਲਪਨਾ ਅਤੇ ਪ੍ਰਯੋਗ ਦਾ ਤਰੀਕਾ ਅਪਣਾਇਆ ਜਾਣ ਲੱਗਾ ਅਤੇ ਚਿੰਤਨ ਦੀ ਸ਼ੈਲੀ ਤਰਕਸੰਗਤ ਅਤੇ ਯੁਕਤੀਮੂਲ ਹੋਣ ਲੱਗੀ।

ਇਨ੍ਹਾਂ ਦੋ ਸੌ ਸਾਲਾਂ ਵਿਚ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਵਿਚ ਜੋ ਭਾਰੀ ਵਿਕਾਸ ਹੋਇਆ ਉਸਦਾ ਪੂਰਾ ਜ਼ਿਕਰ ਸਪੱਸ਼ਟ ਅਸੰਭਵ ਹੈ। ਇਸ ਲੇਖ ਦੇ ਪਹਿਲੇ ਹਿੱਸੇ ਵਿਚ ਅਸੀਂ ਇਨ੍ਹਾਂ ਸਾਲਾਂ ਵਿਚ ਵਿਗਿਆਨ ਦੇ ਖੇਤਰ ਵਿਚ ਹੋਏ ਵਿਕਾਸ ਦੀਆਂ ਮੁੱਖ ਗੱਲਾਂ ਦਾ ਵਰਣਨ ਕਰਨ ਦਾ ਯਤਨ ਕਰਨਗੇ। ਵਿਗਿਆਨਕ ਕ੍ਰਾਂਤੀ ਪੂੰਜੀਵਾਦ ਅਤੇ ਪਿਊਰਿਟਨਵਾਦ ਦੇ ਉਦੈ ਅਤੇ ਆਧੁਨਿਕ ਰਾਜ ਅਤੇ ਜਨਤੰਤਰ ਦੇ ਵਿਕਾਸ ਦੇ ਨਾਲ ਹੀ ਨਾਲ ਸੰਪੰਨ ਹੋਈ। ਵਿਗਿਆਨਕ ਖੇਤਰ ਵਿਚ ਹੋਏ ਵਿਕਾਸ ਨੂੰ ਇਤਿਹਾਸਕ ਸੰਦਰਭ ਵਿਚ ਦੇਖਣਾ ਜ਼ਰੂਰੀ ਹੈ। ਇਤਿਹਾਸਕ ਨਜ਼ਰੀਏ ਨਾਲ ਇਹ ਇਕ ਅਜਿਹਾ ਅੰਦੋਲਨ ਸੀ ਜੋ ਉਸ ਸਮੇਂ ਹੋਇਆ ਜਦੋਂ ਯੂਰਪ ਵਿਚ ਭਾਰੀ ਆਰਥਿਕ, ਰਾਜਨੀਤਿਕ

**ਨੋਟ**

ਅਤੇ ਸੱਭਿਆਚਾਰਕ ਬਦਲਾਅ ਹੋ ਰਹੇ ਸਨ। ਇਨ੍ਹਾਂ ਬਦਲਾਵਾਂ ਅਤੇ ਆਧੁਨਿਕ ਵਿਗਿਆਨ ਦੇ ਉਦੈ ਵਿਚਾਲੇ ਅਸਲ ਵਿਚ ਕੀ ਸਬੰਧ ਹੈ ਇਸ ਵਿਸ਼ੇ ਵਿਚ ਭਰਮ ਬਣਿਆ ਹੋਇਆ ਹੈ। ਇਸ ਸਵਾਲ ਨੂੰ ਲੈ ਕੇ ਅੰਗਰੇਜ਼ਾਂ ਅਤੇ ਸਪੇਨੀਆਂ ਵਿਚ ਵੰਡਣਾ ਪਵੇਗਾ ਜਿਸ ਨਾਲ ਇਨ੍ਹਾਂ ਗੁਲਾਮਾਂ ਦੀ ਕੀਮਤ ਵਧ ਸਕਦੀ ਹੈ ਅਤੇ ਗੁਲਾਮਾਂ ਵੱਲੋਂ ਉਤਪਾਦਿਤ ਸਪੇਨੀ ਸ਼ੱਕਰ ਦਾ ਮੁੱਲ ਯੂਰਪੀ ਬਜ਼ਾਰ ਵਿਚ ਅੰਗਰੇਜ਼ੀ ਸ਼ੱਕਰ ਨਾਲ ਟੱਕਰ ਲੈ ਸਕਦਾ ਸੀ। ਇਸ ਨਾਲ ਬ੍ਰਿਟਿਸ਼ ਸ਼ੱਕਰ ਉਦਯੋਗ 'ਤੇ ਮਾੜਾ ਅਸਰ ਪੈ ਸਕਦਾ ਸੀ।

ਦਾਸ–ਵਪਾਰ ਦੇ ਸਬੰਧ ਵਿਚ ਸਰਕਾਰੀ ਵਪਾਰਵਾਦੀ ਨੀਤੀ ਨੂੰ ਇੱਕ ਵੱਡੀ ਦੁਚਿੱਤੀਪੂਰਨ ਸਥਿਤੀ ਦਾ ਸਾਹਮਣਾ ਕਰਨਾ ਪਿਆ। ਸਤਾਰਵੀਂ ਸ਼ਤਾਬਦੀ ਦੇ ਅੱਧੋਂ ਪਹਿਲਾਂ ਸਰਕਾਰ ਨੇ ਕਿਸਾਨਾਂ–ਮਾਲਕਾਂ ਦੇ ਮੁਕਾਬਲੇ ਦਾਸ ਵਪਾਰੀਆਂ ਦੇ ਦਾਅਵਿਆਂ ਦਾ ਮੁੱਖ ਰੂਪ ਨਾਲ ਸਮਰਥਨ ਕੀਤਾ। ਹੁਣ ਸਪੇਨੀ ਅਮਰੀਕਾ ਨੂੰ ਗੁਲਾਮਾਂ ਦੀ ਸਪਲਾਈ ਲਈ ਇੱਕ ਵੱਖ ਕਾਨਟਰੈਕਟ ਪ੍ਰਾਪਤ ਹੋਣ ਦੀ ਹੀ ਸਿਰਫ਼ ਮਾਤਰ ਆਸ ਬਾਕੀ ਰਹਿ ਗਈ ਸੀ। ਇਸ ਨੂੰ ਫਰਾਂਸੀਸੀਆਂ ਨੇ 1701 ਵਿਚ ਹੀ ਪ੍ਰਾਪਤ ਕਰ ਲਿਆ ਸੀ।

ਦਾਸ–ਵਪਾਰ ਦੇ ਸਬੰਧ ਵਿਚ ਵਿਵਾਦ ਨੈਤਿਕ ਅਤੇ ਮਨੁੱਖੀ ਵਿਚਾਰ ਵਿਚ ਬਿਲਕੁਲ ਅਛੂਤੇ ਰਹੇ। ਫਰਾਂਸੀਸੀ ਬਸਤੀਆਂ ਦੇ ਕਾਨੂੰਨਾਂ ਵਾਂਗ ਇੰਡੀਜ–ਸਬੰਧੀ ਸਪੇਨੀ ਕਾਨੂੰਨ ਵਿਚ ਦਾਸਾਂ ਨੂੰ ਅਨੇਕਾਂ ਨਾਗਰਿਕ ਅਧਿਕਾਰਾਂ ਦੀ ਗਾਰੰਟੀ ਸੀ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਤੋਂ ਵੱਖ ਰੱਖਣ 'ਤੇ ਪਾਬੰਦੀ ਲਾਈ ਗਈ ਸੀ। ਹੋਰ ਦੇਸ਼ਾਂ ਦੇ ਮੁਕਾਬਲੇ ਸਪੇਨੀ ਬਸਤੀਆਂ ਵਿਚ ਨੀਗਰੋ ਗੁਲਾਮਾਂ ਦੇ ਨਾਲ ਕਿਤੇ ਚੰਗਾ ਵਿਵਹਾਰ ਕੀਤਾ ਜਾਂਦਾ ਸੀ।

ਅਮਰੀਕਾ ਦੀ ਜਨਸੰਖਿਆ 'ਤੇ ਦਾਸ–ਵਪਾਰ ਦੇ ਬਹੁਤ ਦੂਰਗਾਮੀ ਨਤੀਜੇ ਹੋਏ। ਸਪੇਨੀ ਅਤੇ ਪੁਰਤਗਾਲੀ ਅਮਰੀਕਾ ਵਿਚ ਦਾਸ–ਮਜ਼ਦੂਰੀ ਦੀ ਵਰਤੋਂ ਮੁੱਖ ਰੂਪ ਨਾਲ ਸ਼ੱਕਰ ਉਤਪਾਦਕ ਖੇਤਰਾਂ ਤੱਕ ਹੀ ਸੀਮਿਤ ਸੀ, ਜਦੋਂ ਕਿ ਬ੍ਰਿਟਿਸ਼ ਅਤੇ ਫਰਾਂਸੀਸੀ ਬਸਤੀਆਂ ਵਿਚ ਦਾਸਾਂ ਦੀ ਤੰਬਾਕੂ, ਚੌਲ ਅਤੇ ਬਾਅਦ ਵਿਚ ਕਪਾਹ ਉਤਪਾਦਨ ਲਈ ਵੀ ਵਰਤੋਂ ਕੀਤੀ ਜਾਂਦੀ ਸੀ। ਦਾਸ ਪ੍ਰਥਾ ਤੋਂ ਮੁਕਤ ਮਜ਼ਦੂਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਅਤੇ ਗੁਲਾਮਾਂ ਵੱਲੋਂ ਖੇਤੀ ਕੀਤੇ ਜਾਣ ਵਾਲੇ ਸੂਬਿਆਂ ਦੇ ਮੱਧਮ ਸ਼੍ਰੇਣੀ ਦੇ ਜਮੀਂਦਾਰ ਕਿਸਾਨਾਂ ਨੂੰ ਆਪਣੇ ਸੂਬਿਆਂ ਤੋਂ ਬਾਹਰ ਖਦੇੜ ਦਿੱਤਾ। ਸ਼ੱਕਰ ਉਤਪਾਦਨ ਦੇ ਪ੍ਰਚਲਣ ਦੇ ਨਾਲ ਹੀ ਪੱਛਮੀ ਇੰਡੀਜ ਵਿਚ ਗੋਰੀ ਜਨਸੰਖਿਆ ਘੱਟ ਹੋਣ ਲੱਗੀ ਅਤੇ ਅਠਾਰਵੀਂ ਸ਼ਤਾਬਦੀ ਵਿਚ ਉਨ੍ਹਾਂ ਦੀ ਗਿਣਤੀ ਘਟ ਕੇ ਸੱਤ ਪ੍ਰਤੀਸ਼ਤ ਮਾਤਰ ਰਹਿ ਗਈ। ਉੱਤਰੀ ਬ੍ਰਾਜੀਲ ਵਿਚ ਅੱਜ ਨੀਗਰੋ ਲੋਕਾਂ ਦੀ ਗਿਣਤੀ ਮੌਜੂਦ ਹੋਣ ਦਾ ਆਂਸ਼ਿਕ ਰੂਪ ਨਾਲ ਇਹੀ ਕਾਰਨ ਹੈ। ਹੈਟੀ ਇੱਕ ਨੀਗਰੋ ਗਣਤੰਤਰ ਹੈ ਜਦੋਂ ਕਿ ਸਾਂਤਾਂ ਡੋਮੀਗੋਂ ਵਿਚ ਜ਼ਿਆਦਾਤਰ ਨੀਗਰੋ ਲੋਕ ਹੀ ਰਹਿੰਦੇ ਹਨ।

## 26.1 ਐਸੀਅੰਤਾਂ (Asianton)

ਸੋਲ੍ਹਵੀਂ ਸ਼ਤਾਬਦੀ ਵਿਚ ਸਪੇਨੀ ਅਮਰੀਕਾ ਦੇ ਗੁਲਾਮਾਂ ਦੀ ਲੋੜ ਦੀ ਸਪਲਾਈ ਲਈ ਮੁੱਖ ਰੂਪ ਨਾਲ ਪੁਰਤਗਾਲੀਆਂ 'ਤੇ ਨਿਰਭਰ ਰਹਿਣਾ ਪੈਂਦਾ ਸੀ। 1596 ਵਿਚ ਸਪੇਨੀ ਸਰਕਾਰ ਐਸੀਅੰਤੋਂ ਗੁਲਾਮਾਂ ਦੀ ਲੰਮੀ ਲੜੀ ਦੀ ਪਹਿਲੀ ਕਿਸ਼ਤ ਸਵੀਕਾਰ ਕਰਨ ਨੂੰ ਸਹਿਮਤ ਹੋ ਗਈ। ਇਹ ਦਾਸ–ਵਪਾਰ ਜਾਂ ਉਸਦੇ ਜ਼ਿਆਦਾਤਰ ਭਾਗ ਨੂੰ ਠੇਕੇਦਾਰਾਂ ਨੂੰ ਇਜਾਰੇਦਾਰੀ 'ਤੇ ਦੇਣ ਨਾਲ ਸਬੰਧਿਤ ਇੱਕ ਸਮਝੌਤਾ ਸੀ। ਇਸ ਦੇ ਅੰਤਰਗਤ ਠੇਕੇਦਾਰਾਂ ਨੂੰ ਸਪੇਨ, ਅਫ਼ਰੀਕਾ ਅਤੇ ਇੰਡੀਜ ਵਿਚ ਆਪਣੇ ਖੁਦ ਦੇ ਸਟੇਸ਼ਨਾਂ (ਦਾਸ ਖਰੀਦ ਕੇਂਦਰਾਂ) ਦੀ ਸਥਾਪਨਾ ਕਰਕੇ ਸੰਪੂਰਨ ਦਾਸ ਵਪਾਰ ਦਾ ਸੰਗਠਨ ਕਰਨਾ ਹੁੰਦਾ ਸੀ। ਸਹਾਇਕ ਠੇਕੇਦਾਰਾਂ ਦੀ ਲਾਇਸੈਂਸ ਵੇਚਣ ਅਤੇ ਸਰਕਾਰੀ ਲਾਇਸੈਂਸ ਫੀਸ ਭੇਜਣ ਦੇ ਕੰਮ ਵੀ ਸਰਕਾਰ ਨੇ ਇਨ੍ਹਾਂ ਹੀ ਠੇਕੇਦਾਰਾਂ ਨੂੰ ਸੌਂਪ ਦਿੱਤਾ। ਠੇਕੇਦਾਰ ਅਤੇ ਉਨ੍ਹਾਂ ਦੇ ਸਹਾਇਕ ਠੇਕੇਦਾਰ ਗੁਲਾਮਾਂ ਨਾਲ ਲੱਦੇ ਜਹਾਜ਼ਾਂ ਨੂੰ ਅਫ਼ਰੀਕਾ ਤੋਂ ਸਿੱਧੇ ਅਮਰੀਕਾ ਭੇਜ ਸਕਦੇ ਸਨ। ਇਸ ਲਈ ਉਨ੍ਹਾਂ ਨੂੰ ਸਾਰਥਵਾਹਾਂ ਵੱਲੋਂ ਲੋੜ ਪੈਣ 'ਤੇ , ਉਨ੍ਹਾਂ ਨੂੰ ਨਾਲ ਲਿਜਾਣ ਦਾ ਖੁਦ ਪ੍ਰਬੰਧ ਕਰਨਾ ਸੀ। ਬਿਊਨੇਸ ਆਇਰਸ ਬੰਦਰਗਾਹ ਨੂੰ ਅਸਥਾਈ ਰੂਪ ਨਾਲ ਗੁਲਾਮਾਂ ਦੇ ਆਯਾਤ ਲਈ ਖੋਲ੍ਹ ਦਿੱਤਾ ਗਿਆ। ਇਹ ਇੱਕ ਬਹੁਤ ਵੱਡੀ ਰਿਆਸਤ ਸੀ ਕਿਉਂਕਿ ਬਿਊਨੇਸ ਆਇਰਸ ਦੇ ਵਪਾਰ ਨੂੰ ਕੰਟਰੋਲ ਕਰਨ ਦੀ ਕਠਿਨਾਈ ਕਾਰਨ ਰਾਜੇ ਨੇ ਇਸ ਬੰਦਰਗਾਹ ਨੂੰ ਸਮੁੱਚੇ ਵਪਾਰ ਲਈ ਅਨੇਕਾਂ ਸਾਲਾਂ ਤੋਂ ਬੰਦ ਕਰ ਰੱਖਿਆ ਸੀ। ਇਸ ਰਿਆਸਤ ਦੇ ਬਦਲੇ ਠੇਕੇਦਾਰਾਂ ਨੂੰ ਸਮਰਾਟ ਵੱਲੋਂ ਨਿਰਧਾਰਿਤ ਬੰਦਰਗਾਹਾਂ 'ਤੇ ਇੱਕ ਨਿਸ਼ਚਿਤ ਗਿਣਤੀ ਵਿਚ ਗੁਲਾਮਾਂ ਨੂੰ ਜਹਾਜ ਵਿਚ ਲਿਆਉਣ ਦਾ ਵਚਨ ਦੇਣਾ ਪੈਂਦਾ ਸੀ। ਇਹ ਗੁਲਾਮ ਉਨ੍ਹਾਂ ਥਾਵਾਂ 'ਤੇ ਲਿਜਾਏ ਜਾਂਦੇ ਸਨ ਜਿੱਥੇ ਇਨ੍ਹਾਂ ਦੀ ਲੋੜ ਹੁੰਦੀ ਸੀ।

ਨੋਟਸ   ਅਮਰੀਕਾ ਦੀ ਜਨਸੰਖਿਆ 'ਤੇ ਦਾਸ–ਵਿਉਪਾਰ ਦੇ ਬਹੁਤ ਦੂਰਗਾਮੀ ਪਰਿਨਾਮ ਹੋਏ।

ਪਹਿਲਾ ਠੇਕਾ ਐਸੀਅੰਤੋਂ ਪੁਰਤਗਾਲੀ ਠੇਕੇਦਾਰ ਰੇਨੇਲ ਨੂੰ ਪ੍ਰਦਾਨ ਕੀਤਾ ਗਿਆ, ਪਰ ਡਚ ਮੁਕਾਬਲੇ ਕਾਰਨ ਪੁਰਤਗਾਲੀ ਆਪਣੇ ਲਈ ਮਾਲ (ਅਰਥਾਤ ਗੁਲਾਮਾਂ) ਨੂੰ ਮੁਹੱਈਆ ਨਹੀਂ ਕਰ ਸਕੇ (ਇਸ ਲਈ ਉਨ੍ਹਾਂ ਨੂੰ ਗੁਲਾਮਾਂ ਦੀ ਕੀਮਤ ਵਧਾਉਣੀ ਪਈ)। ਆਖ਼ਰ ਸਪੇਨੀ ਸ਼ਾਸਕਾਂ ਵਿਰੁੱਧ 1640 ਦੇ ਸਫ਼ਲ ਪੁਰਤਗਾਲੀ ਵਿਦ੍ਰੋਹ ਦੇ ਨਤੀਜੇ ਵਜੋਂ ਐਸੀਅੰਤੋਂ ਸਮਾਪਤ ਹੋ ਗਿਆ। 1634 ਵਿਚ ਕੁਰਕਾਓਂ 'ਤੇ ਡੱਚਾਂ ਦੁਆਰਾ ਅਤੇ 1655 ਵਿਚ ਜਮਾਈਕਾ 'ਤੇ ਅੰਗਰੇਜਾਂ ਦੁਆਰਾ ਅਧਿਕਾਰ ਸਥਾਪਤ ਕਰਨ ਕਾਰਨ ਸਪੇਨੀ ਰਾਜਾ ਵਿਅਕਤੀਗਤ ਲਾਇਸੈਂਸ ਪ੍ਰਦਾਨ ਕਰਨ ਦੀ ਪ੍ਰਣਾਲੀ ਸਥਾਪਤ ਕਰਨ ਵਿਚ ਨਾਕਾਮ ਰਿਹਾ। ਸਪੇਨ ਦੇ ਵਪਾਰਿਕ ਦੁਸ਼ਮਣਾਂ ਦੇ ਇੰਡੀਜ ਦੇ ਹਰੇਕ ਕੋਨੇ ਵਿਚ ਵਪਾਰਕ ਸਟੇਸ਼ਨ ਸਨ। ਸਪੇਨ ਲਈ ਦਾਸ–ਵਪਾਰ ਨੁਕਸਾਨ ਅਤੇ ਜੋਖ਼ਮਾਂ ਨਾਲ ਭਰਿਆ ਹੋਇਆ ਹੁੰਦਾ ਜਾ ਰਿਹਾ ਸੀ ਅਤੇ ਹੁਣ ਬਹੁਤ ਥੋੜ੍ਹੇ ਲੋਕ ਸਪੇਨੀ ਲਾਇਸੈਂਸ ਖਰੀਦਣ ਨੂੰ ਤਿਆਰ ਸਨ। 1640 ਤੋਂ ਸਤਾਰਵੀਂ ਸ਼ਤਾਬਦੀ ਦੇ ਅੰਤ ਤੱਕ ਸਪੇਨੀ ਇੰਡੀਜ ਵੱਲ ਹੋਣ ਵਾਲਾ ਦਾਸ–ਵਪਾਰ ਦੇ ਨਾਲ–ਨਾਲ ਭਾਰਤ ਦੇ ਮੁੱਖ ਉਤਪਾਦਨਾਂ, ਜਿਵੇਂ ਸ਼ੱਕਰ, ਤੰਬਾਕੂ, ਚਾਕਲੇਟ ਅਤੇ ਚਾਂਦੀ

**ਨੋਟ**

ਦਾ ਸਮਾਨ ਰੂਪ ਨਾਲ ਆਕਰਸ਼ਕ ਨਜ਼ਾਇਜ ਵਪਾਰ ਵੀ ਚਲਦਾ ਰਿਹਾ। ਸਪੇਨੀ ਏਕਾਧਿਕਾਰ ਵਾਰੀ ਵਪਾਰ ਜਦੋਂਕਿ ਪ੍ਰਾਯੋਗਿਕ ਰੂਪ ਨਾਲ ਉਂਝ ਤਾਂ ਕਦੇ ਵੀ ਯੂਰਪੀ ਦੇਸ਼ ਦੇ ਨਾਲ ਮੁਕਾਬਲਾ ਨਹੀਂ ਕਰ ਸਕਿਆ, ਪਰ ਹੁਣ ਉਹ ਲਗਭਗ ਬਿਲਕੁਲ ਹੀ ਸਮਾਪਤ ਹੋ ਗਿਆ।

> ਕੀ ਤੁਸੀ ਜਾਣਦੇ ਹੋ? ਵਿਸ਼ਵ ਦਾ ਕੇਂਦਰ ਧਰਤੀ ਨਹੀਂ ਸੂਰਜ ਹੈ- ਇਸ ਸਿਧਾਂਤ ਦੀ ਖੋਜ ਕੋਪਰਨਿਕਸ ਨੇ ਕੀਤੀ ਸੀ।

## 26.2 ਮੁੜ ਜਾਗਰਣ ਤੋਂ ਪਹਿਲਾਂ ਦੀ ਸਥਿਤੀ (Circumstances before Renaissance)

ਆਧੁਨਿਕ ਵਿਗਿਆਨ ਦੀ ਉਤਪਤੀ ਪ੍ਰਾਚੀਨ ਯੂਨਾਨ ਵਿਚ ਹੋਈ। ਜਦੋਂਕਿ ਪ੍ਰਾਚੀਨ ਯੂਨਾਨ ਵਿਚ ਹੋਇਆ ਕ੍ਰਾਂਤੀਕਾਰੀ ਵਿਕਾਸ ਇਸ ਲੇਖ ਦੀ ਵਿਸ਼ਾ-ਵਸਤੂ ਨਹੀਂ ਹੈ ਫਿਰ ਵੀ ਅੱਗੇ ਜਾ ਕੇ ਇਸ ਦਾ ਜੋ ਪ੍ਰਭਾਵ ਯੂਰਪ 'ਤੇ ਪਿਆ ਉਸਨੂੰ ਦੇਖਦੇ ਹੋਏ ਉਸਦਾ ਜ਼ਿਕਰ ਕਰਨਾ ਜ਼ਰੂਰੀ ਹੈ। ਪਾਈਥਾਗੋਰਸ ਦੀਆਂ ਗਣਿੱਤੀ ਉਪਲੱਬਧੀਆਂ, ਪਲੇਟੋ ਦੇ ਅਨੁਭਵ, ਅਰਸਤੂ ਦਾ ਅਨੁਭਵਵਾਦ, ਯੂਕਲਿਡ ਦੀ ਜਿਆਮਿਤੀ, ਆਰਕੀਮੀਡੀਜ਼ ਦੀ ਤਕਨੀਕੀ-ਸਬੰਧੀ ਅੰਤਰਦ੍ਰਿਸ਼ਟੀ, ਟਾਲਮੀ ਦੇ ਖਗੋਲੀ ਪ੍ਰੀਖਣ, ਗੇਲੈਨ ਦੀ ਚਿਕਿਤਸਾਸ਼ਾਸਤਰ-ਸਬੰਧੀ ਖੋਜ-ਰਚਨਾਵਾਂ ਆਦਿ ਸਭ ਦੀ ਬਾਰਵੀ ਸ਼ਤਾਬਦੀ ਤੋਂ ਬਾਅਦ ਫਿਰ ਤੋਂ ਖੋਜ ਹੋਈ। ਯੂਨਾਨੀ ਦਰਸ਼ਨ ਅਤੇ ਆਧੁਨਿਕ ਵਿਗਿਆਨ ਵਿਚਾਲੇ ਜਟਿਲ ਸਬੰਧ ਹਨ। ਯੂਨਾਨੀ ਦਰਸ਼ਨ ਦੇ ਆਧੁਨਿਕ ਵਿਗਿਆਨ ਨੂੰ ਇੱਕ ਅਜਿਹਾ ਤੱਤ ਪ੍ਰਦਾਨ ਕੀਤਾ ਜਿਸ ਆਧਾਰ 'ਤੇ ਆਧੁਨਿਕ ਵਿਗਿਆਨ ਦਾ ਨਿਰਮਾਣ ਹੋਇਆ ਅਤੇ ਜਿਸ ਤੋਂ ਬਿਨਾਂ ਵਿਗਿਆਨ ਦਾ ਉਹੋ ਜਿਹਾ ਵਿਕਾਸ ਨਾ ਹੋ ਸਕਦਾ ਜਿਹੋ ਜਿਹਾ ਹੋਇਆ ਹੈ। ਦੂਜੇ ਪਾਸੇ ਆਧੁਨਿਕ ਵਿਗਿਆਨ ਦਾ ਨਿਰਮਾਣ ਯੂਨਾਨੀ ਦਰਸ਼ ਦੀਆਂ ਕਈ ਮਾਨਤਾਵਾਂ ਦੇ ਵਿਰੁੱਧ ਪ੍ਰਤੀਕਿਰਿਆ ਦੇ ਰੂਪ ਵਿਚ ਵੀ ਹੋਇਆ।

ਯੂਨਾਨ ਵਿਚ ਵਿਗਿਆਨ ਦੇ ਮੁੜ ਨਿਰੀਖਣ ਦੀ ਪ੍ਰਕਿਰਿਆ ਪੰਜ ਸ਼ਤਾਬਦੀਆਂ ਤੱਕ ਚਲਦੀ ਰਹੀ। 1500 ਈ. ਤੱਕ ਅਰਸਤੂ, ਗੇਲੈਨ ਅਤੇ ਟਾਲਮੀ ਦੇ ਵਿਚਾਰਾਂ ਨੂੰ ਆਪਣਾ ਲਿਆ ਗਿਆ। ਈਸਾਈ ਸਿਧਾਂਤਾਂ ਵਿਚ ਇਨ੍ਹਾਂ ਵਿਚਾਰਾਂ ਨੂੰ ਕਾਫ਼ੀ ਹੱਦ ਤੱਕ ਸ਼ਾਮਲ ਕੀਤਾ ਗਿਆ ਅਤੇ ਇਸ ਤਰ੍ਹਾਂ ਵਿਚਾਰਾਂ ਦਾ ਇੱਕ ਵਿਸ਼ਾਲ ਮਿਸ਼ਰਣ ਹੋਇਆ ਜਿਸ ਨੂੰ ਚਰਚ ਅਤੇ ਰਾਜ ਦੇ ਵਸੀਲਿਆਂ ਦਾ ਵੀ ਸਮੱਰਥਨ ਪ੍ਰਾਪਤ ਹੋਇਆ।

ਈਸ਼ਵਰ, ਮਨੁੱਖ, ਦੇਵਦੂਤ, ਵਨਸਪਤੀ ਅਤੇ ਪਸ਼ੂ-ਪੰਛੀ ਆਦਿ ਸਭ ਦਾ ਇਸ ਵਿਸ਼ਵ ਵਿਚ ਆਪਣਾ-ਆਪਣਾ ਸਥਾਨ ਸੀ ਅਤੇ ਧਰਤੀ ਇਸ ਦਾ ਕੇਂਦਰ ਸੀ। ਵਿਸ਼ਵ-ਸਬੰਧੀ ਇਹ ਨਜ਼ਰੀਆ ਨੂੰ ਭਾਵਨਾਤਮਕ ਨਜ਼ਰੀਏ ਤੋਂ ਤ੍ਰਿਪਤੀਕਾਰਕ, ਧਾਰਮਿਕ ਨਜ਼ਰੀਏ ਤੋਂ ਪਰੰਪਰਾਵਾਦੀ ਅਤੇ ਕਵੀਆਂ ਲਈ ਪ੍ਰੇਰਨਾਦਾਈ ਸੀ, ਬਹੁਤ ਛੇਤੀ ਹੀ ਬਦਲ ਗਿਆ। ਦੋ ਸੌ ਸਾਲਾਂ ਦੇ ਅੰਦਰ ਲਗਭਗ ਉਨ੍ਹਾਂ ਸਾਰੀਆਂ ਮਾਨਤਾਵਾਂ ਦਾ ਵਿਰੋਧ ਹੋਣ ਲੱਗਾ ਜੋ 500 ਈਸਾ ਪੂਰਬ ਤੋਂ ਬਾਅਦ ਸਵੀਕਾਰ ਕੀਤੀਆਂ ਗਈਆਂ ਸਨ ਅਤੇ ਜਿਨਾਂ ਨੂੰ ਬਾਰਵੀਂ ਸ਼ਤਾਬਦੀ ਤੋਂ ਬਾਅਦ ਮੁੜ ਸਮਝਿਆ ਗਿਆ ਸੀ।

## 26.3 ਮੁੜ ਜਾਗਰਣ-ਕਾਲ ਵਿਚ ਵਿਗਿਆਨ (Science in Renaissance-Age)

ਮੁੜ ਜਾਗਰਣ ਕਾਲ ਵਿਚ ਦੋ ਕ੍ਰਾਂਤੀਆਂ ਹੋਈਆਂ । ਪਹਿਲੀ ਕ੍ਰਾਂਤੀ ਸੱਭਿਆਚਾਰਕ ਸੀ। ਇਹ ਇੱਕ ਅਸਲ ਮੁੜ ਜਾਗਰਣ ਸੀ ਜਿਸਦੇ ਦੌਰਾਨ ਪੁਰਾਤਨ ਪਰੰਪਰਾਵਾਂ ਦੀ ਜਲਾਲ ਅਤੇ ਮਹੱਤਤਾ ਮੁੜ ਸਥਾਪਤ ਹੋਈ ਅਤੇ ਜਿਸ ਦਾ ਪ੍ਰਗਟਾਵਾ ਕਲਾ, ਸਥਾਪਤੀ, ਸਾਹਿਤ ਅਤੇ ਗਿਆਨ ਦੇ ਵਿਕਾਸ ਵਿਚ ਹੋਈ। ਦੂਜੀ ਕ੍ਰਾਂਤੀ ਆਰਥਿਕ ਸੀ। ਇਹ ਕ੍ਰਾਂਤੀ 'ਕਾਲੀ ਮੌਤ' (ਪਲੇਗ ਤੋਂ ਪੈਦਾ ਮਹਾਂਮਾਰੀ) ਅਤੇ ਲਗਾਤਾਰ ਚੱਲਣ ਵਾਲੇ ਯੁੱਧਾਂ ਨਾਲ ਜਨਸੰਖਿਆ ਵਿੱਚ ਕਮੀ ਅਤੇ ਪਰੰਪਰਾਗਤ ਵਪਾਰ ਮਾਰਗਾਂ ਦੇ ਬੰਦ ਹੋਣ ਕਾਰਨ ਪੈਦਾ ਹੋਈ। ਇਸ ਦੇ ਨਤੀਜੇ ਵਜੋਂ ਵਨਜ ਵਪਾਰ ਦਾ ਵਿਕਾਸ ਹੋਇਆ, ਨਵੇਂ ਸਮੁੰਦਰੀ ਮਾਰਗਾਂ ਦਾ ਪਤਾ ਲੱਗਿਆ ਅਤੇ ਤਕਨੀਕੀ ਅਤੇ ਖਨਨ ਉਦਯੋਗ ਵਿਚ ਵਿਕਾਸ ਹੋਇਆ। ਇਨ੍ਹਾਂ ਦੋਵਾਂ ਕ੍ਰਾਂਤੀਆਂ ਦੇ ਸਮੇਂ ਨੇ ਹੀ ਨਵੇਂ ਵਿਗਿਆਨਕਾਂ ਨੂੰ ਜਨਮ ਦਿੱਤਾ। ਜਦੋਂ ਕਿ ਮਾਨਵਤਾਵਾਦੀ ਮੁੜ ਜਾਗਰਣ ਦੇ ਨਤੀਜੇ ਵਜੋਂ ਡੈਮੋਕ੍ਰਿਟਸ, ਆਰਕੀਮਿਡੀਜ ਅਤੇ ਹੋਰ ਯੂਨਾਨੀ ਵਿਦਵਾਨਾਂ ਦੀਆਂ ਵਿਗਿਆਨਕ ਰਚਨਾਵਾਂ ਦੇ ਪ੍ਰਕਾਸ਼ਨ ਨੂੰ ਉਤਸ਼ਾਹ ਮਿਲਿਆ ਫਿਰ ਵੀ ਇਸ ਦੇ ਨਤੀਜੇ ਵਜੋਂ ਵਿਗਿਆਨਕ ਨਜ਼ਰੀਏ ਦਾ ਨਿਰਮਾਣ ਨਾ ਹੋ ਸਕਿਆ। ਪਰ ਨਵੀਆਂ ਤਕਨੀਕਾਂ ਵਿਚ ਦਿਲਚਸਪੀ ਕਾਰਨ ਇਤਿਹਾਸ ਵਿਚ ਪਹਿਲੀ ਵਾਰ ਸਿਧਾਂਤ ਦਾ ਵਿਵਹਾਰ ਨਾਲ ਅਤੇ ਗਣਿੱਤ ਦਾ ਯੰਤਰਿਕੀ ਨਾਲ ਸੰਯੋਗ ਹੋਇਆ। ਲਿਓਨਾਰਦੋ ਦ ਵਿੰਸੀ ਵਰਗੇ ਵਿਅਕਤੀ ਦੀ ਪ੍ਰਤਿਭਾ ਵਿਚ ਮੁੜ ਜਾਗਰਣ ਦੇ ਇਨ੍ਹਾਂ ਰੁਝਾਨਾਂ ਦਾ ਸੰਯੋਜਨ ਹੋਇਆ।

ਇਨ੍ਹਾਂ ਸਾਲਾਂ ਵਿਚ ਹੋਏ ਵਿਗਿਆਨ ਦੇ ਪੁਨਰ ਜਨਮ ਦੀਆਂ ਜੜ੍ਹਾਂ ਤਿੰਨ ਕੇਂਦਰਾਂ ਵਿਚ ਦੇਖਣ ਨੂੰ ਮਿਲਦੀਆਂ ਹਨ। ਪਹਿਲੇ ਅਤੇ ਸਭ ਤੋਂ ਜ਼ਿਆਦਾ ਪ੍ਰਸਿੱਧ ਕੇਂਦਰਾਂ ਨੂੰ 'ਮਨੁੱਖ ਅਤੇ ਕੁਦਰਤ ਦੀ ਖੋਜ' ਦਾ ਨਾਂਅ ਦਿੱਤਾ ਜਾ ਸਕਦਾ ਹੈ। ਇਹ ਖੋਜ ਇਟਲੀ ਵਿਚ ਪੰਦਰ੍ਹਵੀਂ ਸ਼ਤਾਬਦੀ ਵਿਚ ਕਲਾ ਦੇ ਖੇਤਰ ਵਿਚ ਹੋਏ ਮੁੜ ਜਾਗਰਣ ਦੀ ਉਪਜ ਸੀ ਜਿਸ ਵਿਚ ਕਲਾ ਜ਼ਿਆਦਾ ਯਥਾਰਥਕ ਅਤੇ ਜਾਗ੍ਰਿਤ ਹੋਈ। ਕਲਾਕਾਰਾਂ ਨੇ ਨਵੀਆਂ ਸਮੱਸਿਆਵਾਂ ਚੁੱਕੀਆਂ ਅਤੇ ਉਨ੍ਹਾਂ ਦੀ ਖੋਜ ਵਿਚ ਲੱਗ ਗਏ। ਉਹ ਦਰਸ਼ਨ (vision), ਦ੍ਰਿਸ਼ਟੀਮਈ ਜਗਤ (perspective) , ਸਰੀਰ ਰਚਨਾ ਵਿਗਿਆਨ ਅਤੇ ਸਰੀਰ-ਕਿਰਿਆ ਵਿਗਿਆਨ ਵਿਚ ਰੁਚੀ ਲੈਂਦੇ ਸਨ। ਲੀਓਨਾਰਦੋ ਨੇ ਚਿੱਤਰਕਲਾ ਨੂੰ ਵਿਗਿਆਨ ਦਾ ਨਾਂਅ ਦਿੱਤਾ। ਤਿੰਨ ਵਿਮਾਵਾਂ ਵਾਲਾ ਆਕ੍ਰਿਤੀ ਨੂੰ ਦੋ ਵਿਮਾਵਾਂ ਵਿਚ ਦਰਸਾਉਣ ਲਈ ਚਿੱਤਰਕਾਰ ਨੂੰ ਜਿਆਮਿਤੀ ਦਾ ਗਿਆਨ ਹਾਸਲ ਕਰਨਾ ਜ਼ਰੂਰੀ ਸੀ।

**ਨੋਟ**

ਨਾਲ ਹੀ ਨਾਲ ਦੱਖਣ ਜਰਮਨੀ ਦੇ ਪਰਬਤੀ ਖੇਤਰ ਵਿਚ, ਜਿਸਦਾ ਕਿਨਾਰਾ ਨਿਊਰੇਮਬਰਗ ਅਤੇ ਕ੍ਰਾਕੋ ਤੱਕ ਸੀ, ਖਨਨ ਉਦਯੋਗ, ਧਾਤੂ ਕਰਮ, ਵਿਗਿਆਨ ਅਤੇ ਵਪਾਰ ਵਿਚ ਤੇਜ਼ੀ ਨਾਲ ਵਾਧਾ ਹੋਇਆ। ਇੱਥੇ ਹੀ ਧਾਤੂ ਕਰਮ ਵਿਗਿਆਨ ਦੇ ਸਿਧਾਂਤ ਅਤੇ ਵਿਵਹਾਰ ਪੱਖ ਦਾ ਵਿਕਾਸ ਹੋਇਆ। ਇਹ ਖੇਤਰ ਰਾਈਨ ਦੁਆਰਾ ਫਲੈਂਡਰਸ ਦੇ ਖੁਸ਼ਹਾਲ ਬੁਣਾਈ ਖੇਤਰਾਂ ਨਾਲ ਜੁੜਿਆ ਹੋਇਆ ਸੀ। ਇਸੇ ਵਪਾਰ-ਮਾਰਗ 'ਤੇ ਗੁਟਨਬਰਗ ਨੇ ਛਾਪੇਖਾਨੇ ਦੀ ਖੋਜ ਕੀਤੀ। ਇਸ ਖੋਜ ਤੋਂ ਬਾਅਦ ਛਪਾਈ ਦੀ ਮਸ਼ੀਨ ਦਾ ਪ੍ਰਯੋਗ ਛੇਤੀ ਹੀ ਅਧਿਕਾਰਿਕ ਸਥਾਨਾਂ 'ਤੇ ਹੋਣ ਲੱਗਾ ਅਤੇ ਪੰਦਰ੍ਹਵੀਂ ਸ਼ਤਾਬਦੀ ਦੇ ਅੰਤ ਤੱਕ ਹਰੇ ਮੁੱਖ ਸ਼ਹਿਰ ਵਿਚ ਛਪਾਈ ਦੀ ਮਸ਼ੀਨ ਲੱਗ ਗਈ।

ਇਨ੍ਹਾਂ ਸਾਲਾਂ ਵਿਚ ਸਪੇਨ ਅਤੇ ਪੁਰਤਗਾਲ ਨੇ ਆਪਣੀਆਂ ਖੋਜਾਂ ਸ਼ੁਰੂ ਕੀਤੀਆਂ। ਇਥੋਪੀਆ ਵਿਚ ਸੋਨੇ ਦੀ ਖੋਜ ਅਤੇ ਪੁਰਾਕਥਾਵਾਂ ਵਿਚ ਲਿਖੇ ਕ੍ਰਿਸ਼ਚੀਅਨ ਮੋਂਕ (Christian Monk) ਪ੍ਰੇਸਟਰ ਜਾਨ ਦਾ ਪਤਾ ਲਾਉਣ ਵਿਚ ਪੁਰਗਾਲੀ ਨਾਵਿਕਾਂ ਨੇ ਸਾਰੇ ਅਫ਼ਰੀਕੀ ਕੰਢੇ ਦੀ ਪਰਿਕ੍ਰਮਾ ਕਰ ਦਿੱਤੀ। ਇਸ ਯਤਨ ਵਿਚ ਉਨ੍ਹਾਂ ਭਾਰਤ ਦਾ ਸਮੁੰਦਰੀ ਮਾਰਗ ਲੱਭ ਲਿਆ। ਕੋਲੰਬਸ ਨੇ ਜਿਸ ਨੂੰ ਸਪੇਨ ਤੋਂ ਆਰਥਿਕ ਮੱਦਦ ਹਾਸਲ ਹੋਈ, ਅਤੇ ਸਪੇਨ ਦੇ ਜੇਤੂਆਂ ਨੇ ਨਵੀਂ ਦੁਨੀਆਂ ਦੇ ਦੁਆਰ ਖੋਲ੍ਹ ਦਿੱਤੇ।

**ਕੋਪਰਨਿਕਸ–** ਖਗੋਲਸ਼ਾਸਤਰ ਦੇ ਖੇਤਰ ਵਿਚ ਟਾਲਮੀ ਵੱਡਾ ਵਿਦਵਾਨ ਸੀ। 'ਅਲਮਾਜੇਸਟ '(Almagest) ਵਿਚ ਟਾਲਮੀ ਨੇ ਵਿਸ਼ਵ ਦਾ ਜੋ ਵਰਨਣ ਕੀਤਾ ਹੈ ਉਸ ਵਿਚ ਸਹਿਜ ਬੁੱਧੀ ਦੇ ਇਸ ਸਿਧਾਂਤ ਨੂੰ ਸਵੀਕਾਰ ਕੀਤਾ ਗਿਆ ਹੈ ਕਿ ਧਰਤੀ ਕੇਂਦਰ ਵਿਚ ਸਥਿਤ ਹੈ ਅਤੇ ਆਕਾਸ਼ੀ ਪਿੰਡ ਸਮਾਨਵਰਤੀ ਜਮਾਤਾਂ ਵਿਚ ਉਸਦੀ ਪਰਿਕ੍ਰਮਾ ਕਰਦੇ ਹਨ। ਇਸ ਸਿਧਾਂਤ ਨੇ ਅਰਸਤੂ ਦੇ ਵਿਸ਼ਵ-ਸਬੰਧੀ ਨਜ਼ਰੀਏ ਦੀ ਪੁਸ਼ਟੀ ਕੀਤੀ। ਟਾਲਮੀ ਦਾ ਖਗੋਲੀ ਸਿਧਾਂਤ ਪੱਛਮ ਵਿਚ ਚੌਦ੍ਹਾਂ ਸ਼ਤਾਬਦੀਆਂ ਤੱਕ ਮੰਨਣਯੋਗ ਰਿਹਾ, ਪਰ ਨਿਕੋਲਸ ਕੋਪਰਨਿਕਸ (1473-1543) ਨੇ ਇਸ ਸਿਧਾਂਤ ਨੂੰ ਉਲਟ ਦਿੱਤਾ।

ਵਿਸ਼ਵ ਦਾ ਕੇਂਦਰ ਧਰਤੀ ਨਹੀਂ ਸੂਰਜ ਹੈ- ਇਸ ਕ੍ਰਾਂਤੀਕਾਰੀ ਸਿਧਾਂਤ ਦੀ ਖੋਜ ਕੋਪਰਨਿਕਸ ਵਰਗਾ ਵਿਅਕਤੀ ਕਰੇਗਾ ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਸੀ। ਉਸਦਾ ਜਨਮ ਪੋਲੈਂਡ ਦੇ ਅਜਿਹੇ ਖੇਤਰ ਵਿਚ ਹੋਇਆ ਸੀ ਜਿਸਦਾ ਨਗਰੀਕਰਨ ਨਹੀਂ ਹੋਇਆ ਸੀ ਉਹ ਇੱਕ ਬਿਸ਼ਪ ਦਾ ਭਤੀਜਾ ਸੀ ਅਤੇ ਖੁਦ 1512 ਈ. ਤੋਂ ਉਨ੍ਹਾਂ ਦੀ ਮੌਤ ਤੋਂ ਬਾਅਦ ਫ੍ਰਾਊਏਨਬਰਗ ਦੇ ਗਿਰਜਾਘਰ ਦਾ ਪਾਦਰੀ ਰਿਹਾ। ਪਰ ਖਗੋਲਸ਼ਾਸਤਰ ਨਾਲ ਉਸਦਾ ਡੂੰਘਾ ਲਗਾਓ ਸੀ ਅਤੇ ਉਹ ਆਪਣੇ ਨਿੱਜੀ ਜੀਵਨ ਦਾ ਜ਼ਿਆਦਾਤਰ ਸਮਾਂ ਵਿਸ਼ਵ ਦਾ ਅਜਿਹਾ ਚਿੱਤਰ ਖੋਜਣ ਵਿਚ ਲਾਉਂਦਾ ਸੀ ਜੋ ਤਰਕਸੰਗਤ ਹੋਵੇ। ਉਸਦੇ ਵਿਚਾਰ ਵਿਚ ਟਾਲਮੀ ਦਾ ਸਿਧਾਂਤ ਉਲਝਿਆ ਹੋਇਆ ਸੀ ਅਤੇ ਖਗੋਲੀ ਜਗਤ ਦੀ ਵਿਆਖਿਆ ਕਰਨ ਵਿਚ ਅਸਮਰੱਥ ਸੀ। ਉਸਦਾ ਵਿਸ਼ਵਾਸ ਸੀ ਕਿ ਕੁਦਰਤ ਜਟਿਲ ਨਾ ਹੋ ਕੇ ਜ਼ਰੂਰ ਹੀ ਸਰਲ ਹੋਵੇਗੀ। ਜਦੋਂ ਕਿ ਪੋਲੈਂਡ ਵਿਚ ਕੋਪਰਨਿਕਸ ਭਟਕਣ 'ਚ ਰਿਹਾ ਫਿਰ ਵੀ ਉਹ ਮੁੜ ਜਾਗਰਣ ਕਾਲ ਵਿਚ ਇਟਲੀ ਵਿਚ ਦਸ ਸਾਲ ਰਹਿ ਚੁੱਕਿਆ ਸੀ ਜਿੱਥੇ ਉਸਨੇ ਬੋਲੋਗ ਵਿਚ ਖਗੋਲਸ਼ਾਸਤਰ, ਪਦੁਆ ਵਿਚ ਚਿਕਿਤਸਾ ਸ਼ਾਸਤਰ ਅਤੇ ਫੇਰਾਰਾ ਵਿਚ ਕਾਨੂੰਨ ਸ਼ਾਸਤਰ ਦਾ ਅਧਿਐਨ ਕੀਤਾ ਸੀ। ਮੱਧ ਯੁੱਗ ਵਿਚ ਲੋਕ ਜੋਤਿਸ਼ ਵਿਚ ਰੁਚੀ ਲੈਂਦੇ ਸਨ, ਇਸ ਲਈ ਖਗੋਲਸ਼ਾਸਤਰ ਦਾ ਵੀ ਅਧਿਐਨ ਕੀਤਾ ਜਾਂਦਾ ਸੀ। ਪਰ ਪੰਦਰ੍ਹਵੀਂ ਸ਼ਤਾਬਦੀ ਵਿਚ ਜਦੋਂ ਪੰਚਾਂਗਾਂ ਨੂੰ ਸੁਧਾਰਨ ਲਈ ਸੂਚੀਆਂ ਬਣਾਉਣ ਦੀ ਲੋੜ ਮਹਿਸੂਸ ਹੋਈ ਉਦੋਂ ਖਗੋਲ ਵਿੱਦਿਆ ਦੇ ਮੁੜ ਵਿਕਾਸ ਵਿਚ ਤੇਜ਼ੀ ਆਈ। ਇਟਲੀ ਵਿਚ ਕੋਪਰਨਿਕਸ ਪਲੇਟੋ ਦੇ ਨਵ-ਅਧਿਆਤਮਵਾਦ ਤੋਂ ਪ੍ਰਭਾਵਿਤ ਹੋਇਆ। ਸੰਨ 1453 ਵਿਚ ਕੁਸਤੁਨਤੁਨੀਆ ਦੇ ਪਤਨ ਤੋਂ ਬਾਅਦ ਪੱਛਮ ਨੂੰ ਉਹ ਗੁਪਤ ਰਚਨਾਵਾਂ ਮੁਹੱਈਆ ਹੋਈਆਂ ਜਿਨ੍ਹਾਂ ਵਿਚ ਮਿਸਰ ਦਾ ਗਿਆਨ ਸੰਗ੍ਰਹਿ ਹੋਣ ਦੀ ਗੱਲ ਕਹੀ ਜਾਂਦੀ ਸੀ। ਕੋਸੀਮੋਡ ਮੇਡੀਸਾਈ (Cosimode Medici) ਨੇ ਇਨ੍ਹਾਂ ਗਰੰਥਾਂ ਦਾ ਯੂਨਾਨੀ ਭਾਸ਼ਾ ਵਿਚ ਅਨੁਵਾਦ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਰਚਨਾਵਾਂ ਅਨੁਸਾਰ ਸੂਰਜ ਵਿਸ਼ਵ ਦੇ ਕੇਂਦਰ ਵਿਚ ਸਥਿਤ ਸੀ ਅਤੇ ਧਰਤੀ ਉਸਦੀ ਪਰਿਕ੍ਰਮਾ ਕਰਦੀ ਸੀ। ਕੋਪਰਨਿਕਸ ਨੇ ਪ੍ਰਾਚੀਨ ਗਰੰਥਾਂ ਦੇ ਅਧਿਐਨ ਤੋਂ ਪਤਾ ਲਾਇਆ ਕਿ ਸਿਸਰੋ (Cicero) ਦੇ ਅਨੁਸਾਰ ਹਿਸੇਟਸ (Hisetas) ਦਾ ਵਿਚਾਰ ਸੀ ਕਿ ਧਰਤੀ ਆਪਣੀ ਧੁਰੀ 'ਤੇ ਘੁੰਮਦੀ ਹੈ ਅਤੇ ਪਲੂਟਾਰਕ (Plutarch) ਦਾ ਕਹਿਣਾ ਸੀ ਕਿ ਹੋਰ ਵਿਦਵਾਨਾਂ ਦਾ ਵੀ ਇਹੀ ਵਿਚਾਰ ਸੀ। ਐਰੀਸਟਾਰਕਸ (Aristarchus) ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਧਰਤੀ ਸੂਰਜ ਦੇ ਚਾਰੇ ਪਾਸੇ ਘੁੰਮਦੀ ਹੈ।

ਕੋਪਰਨਿਕਸ ਨੇ ਇਹ ਕ੍ਰਾਂਤੀਕਾਰੀ ਖੋਜ ਕੀਤੀ ਕਿ ਵਿਸ਼ਵ ਦਾ ਕੇਂਦਰ ਸੂਰਜ ਹੈ ਨਾ ਕਿ ਧਰਤੀ, ਅਤੇ ਧਰਤੀ ਆਪਣੀ ਧੁਰੀ 'ਤੇ ਘੁੰਮਦੀ ਹੈ ਅਤੇ ਚੌਵੀ ਘੰਟੇ ਵਿਚ ਇੱਕ ਚੱਕਰ ਪੂਰਾ ਕਰਦੀ ਹੈ। ਇਸ ਸਿਧਾਂਤ ਦਾ ਪ੍ਰਤੀਪਾਦਨ ਉਸਨੇ ਕਿਸੇ ਨਵੀਂ ਖਗੋਲੀ ਪ੍ਰੀਖਣ ਦੇ ਆਧਾਰ 'ਤੇ ਨਹੀਂ ਕੀਤਾ ਸਗੋਂ ਗਣਿੱਤੀਯ ਮੁਲਾਂਕਣ ਦੇ ਆਧਾਰ 'ਤੇ ਕੀਤਾ। ਉਸਦੇ ਸਿਧਾਂਤ ਨੇ ਇਸ ਵਿਚਾਰ ਨੂੰ ਜਨਮ ਦਿੱਤਾ ਕਿ ਵਿਸ਼ਵ ਦੀ ਕੋਈ ਸੀਮਾ ਨਹੀਂ ਹੈ ਅਤੇ ਧਰਤੀ ਇਸ ਵਿਸ਼ਵ ਦਾ ਇੱਕ ਬਹੁਤ ਛੋਟਾ ਹਿੱਸਾ ਹੈ। ਇਹ ਸੋਚਣਾ ਗਲਤ ਹੋਵੇਗਾ ਕਿ ਆਕਾਸ਼ੀ ਪਿੰਡਾਂ ਦੇ ਘੁਰਣਨ ਨਾਲ ਸਬੰਧਿਤ ਉਸਦੀ **ਡਿ ਰਿਵੋਲਿਊਨੀਨਬਸ ਓਰਬੀਅਮ ਸਿਲੇਸਟੀਅਮ** (De Revolutioninbus Orbium Coelestium) ਨਾਮੀ ਮਹਾਨ ਕ੍ਰਿਤੀ ਨੇ ਯੂਰਪੀ ਚਿੰਤਨ ਦੀਆਂ ਜੜ੍ਹਾਂ ਨੂੰ ਇੱਕਦਮ ਹਿਲਾ ਦਿੱਤਾ ਜਾਂ ਸਿਰਫ਼ ਉਸੇ ਦੇ ਨਤੀਜੇ ਵਜੋਂ ਵਿਗਿਆਨਕ ਕ੍ਰਾਂਤੀ ਸੰਪੰਨ ਹੋਈ। ਲਗਭਗ 150 ਸਾਲ ਬੀਤ ਗਏ ਉਦੋਂ ਕਿਤੇ ਜਾ ਕੇ ਅਨੇਕਾਂ ਤਰ੍ਹਾਂ ਦੇ ਵਿਚਾਰਾਂ ਦੇ ਸੰਯੋਜਨ ਵਿਚ ਵਿਸ਼ਵ ਪ੍ਰਣਾਲੀ ਦੇ ਸਬੰਧ ਵਿਚ ਇੱਕ ਅਜਿਹੇ ਸਿਧਾਂਤ ਦਾ ਪਤਾ ਲੱਗਾ ਜਿਸ ਨਾਲ ਧਰਤੀ ਅਤੇ ਹੋਰ ਗ੍ਰਹਿਆਂ ਦੀ ਗਤੀਵਿਧੀ ਸਪੱਸ਼ਟ ਹੋਈ। ਇਸੇ ਸਿਧਾਂਤ ਦੇ ਅਧਾਰ 'ਤੇ ਵਿਗਿਆਨਕ ਵਿਕਾਸ ਦਾ ਕੰਮ ਅੱਗੇ ਵਧਿਆ। ਇਸ ਤਰ੍ਹਾਂ ਆਖ਼ਰ ਇਹ ਸਪੱਸ਼ਟ ਹੋ ਗਿਆ ਕਿ ਕੋਪਰਨਿਕਸ ਨੇ ਮੱਧਯੁਗੀ ਨਜ਼ਰੀਏ ਵਿਚ ਭਾਰੀ ਬਦਲਾਅ ਕੀਤਾ ਅਤੇ ਟਾਲਮੀ ਅਤੇ ਅਰਸਤੂ ਦੇ ਪ੍ਰਭਾਵ ਨੂੰ ਸਮਾਪਤ ਕਰ ਦਿੱਤਾ।

**ਬਰੂਨੋ ਅਤੇ ਬਰਾਹੇ–** ਕੋਪਰਨਿਕਸਜਨਿਤ ਕ੍ਰਾਂਤੀ ਦਾ ਖਗੋਲ ਮਾਹਿਰਾਂ ਨੇ ਸਵਾਗਤ ਕੀਤਾ ਕਿਉਂਕਿ ਇਸ ਨਾਲ ਖਗੋਲੀ ਸੂਚੀਆਂ ਵਿਚ ਸੁਧਾਰ ਦਾ ਰਾਹ ਰੌਸ਼ਨ ਹੋਇਆ। ਇਸ ਨਾਲ ਪੁਰਾਤਨ, ਮੱਧਯੁਗੀ ਅਤੇ ਅਰਸਤੂ ਦੁਆਰਾ ਪ੍ਰਗਟ ਵਿਚਾਰਾਂ ਦੀਆਂ ਕਮੀਆਂ ਦਾ ਵੀ ਪਤਾ ਲੱਗਾ। ਸੋਲ੍ਹਵੀਂ ਸ਼ਤਾਬਦੀ ਦੇ ਅੱਧੋਂ ਪਹਿਲਾਂ ਸੂਰਜ-ਕੇਂਦਰਿਤ ਸਿਧਾਂਤ ਦੇ ਸਭ ਤੋਂ ਉਤਸ਼ਾਹੀ ਬਦਲਾਵਾਂ ਵਿਚ ਗਿਓਰਡੀਨੋ ਬਰੂਨੋ (Giordino Bruno, 1548-1600) ਸੀ। ਬਰੂਨੇ ਨੇ ਕੋਪਰਨਿਕਸ ਦੇ ਸਿਧਾਂਤ ਵਿਚ ਹੋਰ ਸੁਧਾਰ ਕੀਤਾ। ਉਸਨੇ ਇਸ ਧਾਰਨਾ ਦਾ ਤਿਆਗ ਕੀਤਾ ਕਿ ਨਛੱਤਰ ਆਪਣੇ-ਆਪਣੇ ਸਥਾਨ 'ਤੇ ਸਥਿਰ ਹਨ। ਉਸਦੇ ਵਿਚਾਰ ਵਿਚ ਇਹ ਨਛੱਤਰ ਵਿਸ਼ਾਲ ਅਸਮਾਨ ਵਿਚ ਖਿੱਲਰੇ ਹੋਏ ਅਨੇਕਾਂ ਸੂਰਜ ਸਨ ਜੋ ਸਾਡੇ ਵਰਗੀਆਂ ਸੌਰ-ਪ੍ਰਣਾਲੀਆਂ ਦੇ ਕੇਂਦਰ ਸਨ। ਬਰੂਨੋ ਨੂੰ ਆਖ਼ਰ ਪ੍ਰੇਰਣਾ ਨਾਲ ਅਜਿਹੀਆਂ

**ਨੋਟ**

ਅਨੇਕਾਂ ਖੋਜਾਂ ਦਾ ਅਗਾਊਂ ਗਿਆਨ ਹੋਇਆ ਜਿਨ੍ਹਾਂ ਦੀ ਭਵਿੱਖ ਵਿਚ ਪ੍ਰੀਖਣ ਅਤੇ ਪ੍ਰਯੋਗਾਂ ਦੁਆਰਾ ਪੁਸ਼ਟੀ ਹੋਈ। ਉਸਦਾ ਵਿਚਾਰ ਸੀ ਕਿ ਧਰਤੀ ਆਪਣੀ ਧੁਰੀ 'ਤੇ ਘੁੰਮਦੀ ਹੈ ਅਤੇ ਧਰੂਵਾਂ 'ਤੇ ਚਪਟੀ ਹੈ। ਧੂਮਕੇਤੂ ਵੀ ਨਛੱਤਰਾਂ ਦੀ ਸ਼੍ਰੇਣੀ ਵਿਚ ਹੀ ਹੈ ਅਤੇ ਸੌਰ-ਮੰਡਲ ਵਿਚ ਨਛੱਤਰਾਂ ਦੀ ਗਿਣਤੀ, ਗਿਆਤ ਨਛੱਤਰਾਂ ਤੋਂ ਕਿਤੇ ਜ਼ਿਆਦਾ ਹੈ। ਬਰੂਨੋ ਨੇ "ਊਰਜਾ ਦੀ ਸੁਰੱਖਿਆ ਸਬੰਧੀ ਸਿਧਾਂਤ" ਦਾ ਵੀ ਅਗਾਊਂ ਸੰਕੇਤ ਦਿੱਤਾ। ਇਨ੍ਹਾਂ ਧਰਮ-ਭ੍ਰਿਸ਼ਟ ਵਿਚਾਰਾਂ ਕਾਰਨ ਉਸਨੂੰ ਸੱਤ ਸਾਲ ਤੱਕ ਈਸਾਈ ਅਦਾਲਤਾਂ ਦੀਆਂ ਜੇਲ੍ਹਾਂ ਵਿਚ ਰਹਿਣਾ ਪਿਆ ਅਤੇ ਆਖ਼ਰ ਉਸਨੂੰ ਜਿਉਂਦਾ ਸਾੜ ਦਿੱਤਾ ਗਿਆ। ਬਰੂਨੋ ਦੀਆਂ ਅਨੇਕਾਂ ਧਾਰਨਾਵਾਂ ਦੀ ਪੁਸ਼ਟੀ ਡੈਨਮਾਰਕ ਦੇ ਵਿਗਿਆਨਕ ਟਾਈਕੋਂ ਬਰਾਹੇ (1546-1601) ਨੇ ਕੀਤੀ। ਬਰਾਹੇ ਨੇ ਡੈਨਮਾਰਕ ਦੇ ਰਾਜੇ ਦੀ ਮੱਦਦ ਨਾਲ ਪਹਿਲੀ ਵਾਰ ਅਜਿਹੀ ਪ੍ਰਯੋਗਸ਼ਾਲਾ ਦਾ ਨਿਰਮਾਣ ਕੀਤਾ ਜੋ ਸਹੀ ਅਰਥਾਂ ਵਿਚ ਵਿਗਿਆਨਕ ਅਤੇ ਆਧੁਨਿਕ ਸੀ। ਇਹ ਪ੍ਰਯੋਗਸ਼ਾਲਾ ਵੇਨ ਦੀਪ (ਸਵੀਡਨ ਦਾ ਇੱਕ ਦੀਪ) ਵਿਚ ਰੇਨੀਬੋਰਗ ਨਾਮੀ ਜਹਾਜ਼ 'ਤੇ ਸਥਿਤ ਸੀ ਅਤੇ ਉੱਤਰ ਉਪਕਰਨਾ ਨਾਲ ਲੈਸ ਸੀ। ਇੱਥੇ ਬਰਾਹੇ ਨੇ ਗ੍ਰਹਿਆਂ ਅਤੇ ਨਛੱਤਰਾਂ ਦੀ ਸਥਿਤੀ ਦਾ ਪ੍ਰੀਖਣ ਕੀਤਾ।

ਸੰਨ 1572 ਵਿਚ ਬਰਾਹੇ ਨੇ ਇੱਕ ਨਵੇਂ ਨਛੱਤਰ ਨੂੰ ਦੇਖਿਆ। 1577 ਵਿਚ ਜਦੋਂ ਉਹ ਇੱਕ ਪੂਛਲ ਤਾਰੇ ਦਾ ਪ੍ਰੀਖਣ ਕਰ ਰਿਹਾ ਸੀ ਉਦੋਂ ਉਹ ਇਸ ਨਛੱਤਰ ਦਾ ਲੰਬਨ (parallax) ਨਿਰਧਾਰਿਕ ਕਰਨ ਵਿਚ ਸਫ਼ਲ ਹੋਇਆ ਅਤੇ ਇਸ ਤਰ੍ਹਾਂ ਉਸਨੇ ਇਹ ਸਿੱਧ ਕੀਤਾ ਕਿ ਇਹ ਨਛੱਤਰ ਚੰਦਰਮੇ ਤੋਂ ਵੀ ਜ਼ਿਆਦਾ ਦੂਰ ਹੈ, ਅਤੇ ਇਸ ਲਈ ਇਹ 'ਪਹਿਲੇ ਭੂਮੰਡਲ' ਤੋਂ ਪਰੇ ਹਨ। ਇਸ ਨਾਲ ਗੈਰ-ਬਦਲਾਅਸ਼ੀਲ ਗੋਲਾਰਧਾਂ ਵਿਚ ਬਦਲਣ ਦੀ ਕਲਪਨਾ ਦੀ ਸ਼ੁਰੂਆਤ ਹੋਈ ਜੋ ਕਿ ਅਰਸਤੂ ਦੇ ਨਿਸਮਾਂ ਦੇ ਉਲਟ ਸੀ। ਉਸਨੇ ਸੁਝਾਅ ਦਿੱਤਾ ਕਿ ਪੂਛਲ ਤਾਰੇ ਦਾ ਮਾਰਗ ਇੱਕਦਮ ਗੋਲ ਨਾ ਹੋ ਕੇ ਲੰਮਾ ਹੋ ਸਕਦਾ ਹੈ। ਬਰਾਹੇ ਦੁਆਰਾ ਗ੍ਰਹਿਆਂ 'ਤੇ ਕੀਤੇ ਗਏ ਬਹੁਤ ਪ੍ਰੀਖਣਾਂ ਦੇ ਆਧਾਰ 'ਤੇ ਕੈਪਲਰ ਉਨ੍ਹਾਂ ਦੀਆਂ ਜਮਾਤਾਂ ਦੇ ਸਹੀ ਰੂਪ ਵਿਚ ਪਤਾ ਲਾਉਣ ਵਿਚ ਸਫ਼ਲ ਹੋਇਆ।

**ਕੈਪਲਰ–** ਜਦੋਂ ਜੋਹਾਂਸ ਕੈਪਲਰ (1571-1630) ਨੇ ਟਾਈਕੋ ਦੇ ਪ੍ਰੀਖਣ ਦਾ ਨਿਸ਼ਪਾਦਨ ਕੀਤਾ ਉਦੋਂ ਉਹ ਵਿਗਿਆਨ ਦੇ ਵਿਕਾਸ ਲਈ ਕਿਤੇ ਜ਼ਿਆਦਾ ਕੀਮਤੀ ਸਾਬਤ ਹੋਏ। ਕੈਪਲਰ ਪਹਿਲਾ ਮਹਾਨ ਪ੍ਰੋਟੇਸਟੈਂਟ ਵਿਗਿਆਨੀ ਸੀ। ਉਸਦੇ ਕੰਮ ਦਾ ਪ੍ਰੇਰਣਾ ਸਰੋਤ ਉਪਯੋਗਿਤਾ ਨਾਲ ਸਬੰਧਿਤ ਨਾ ਹੋ ਕੇ ਵਿਸ਼ਵ ਦੇ ਗੁੱਝੇ ਰਹੱਸਾਂ ਦਾ ਪਤਾ ਲਾਉਣ ਦੀ ਅਲੌਕਿਕ ਭਾਵਨਾ 'ਤੇ ਆਧਾਰਿਤ ਸੀ। "ਮਿਸਟੀਰੀਅਮ ਕਾਸਮੋਗ੍ਰਾਫੀਅਨ" (Mysterium Cosmographian ) ਵਿਚ ਕੈਪਲਰ ਨੇ ਦੀਰਘਵ੍ਰਿਤਾਕਾਰ ਜਮਾਤਾਂ ਦੀ ਕਲਪਨਾ ਪੇਸ਼ ਕੀਤੀ। ਉਸਨੇ ਇਸਦੇ ਨਾਲ-ਨਾਲ ਜਮਾਤ ਵਿਚ ਗ੍ਰਹਿਆਂ ਦੀ ਗਤੀ ਨਾਲ ਸਬੰਧਿਤ ਦੋ ਨਿਯਮਾਂ ਦਾ ਵੀ ਵੇਰਵਾ ਦਿੱਤਾ। ਇਸਦੇ ਨਤੀਜੇ ਵਜੋਂ ਕੋਪਰਨਿਕਸ ਦੀ ਵਿਆਖਿਆ 'ਤੇ ਕੀਤੇ ਗਏ ਇਤਰਾਜ ਸਮਾਪਤ ਹੋ ਗਏ ਅਤੇ ਪਲੇਟੋ ਅਤੇ ਪਾਈਥਾਗੋਰਸ ਦੁਆਰਾ ਪੇਸ਼ ਕੀਤੇ ਗਏ ਨਛੱਤਰਾਂ ਦੇ ਵਰਤੁਲ ਗਤੀ ਸਬੰਧੀ ਵਿਚਾਰ ਵੀ ਤਬਾਹ ਹੋ ਗਏ।

**ਗੈਲੀਲੀਓ–** ਦੂਰਬੀਨ ਦੀ ਖੋਜ ਦੀ ਖ਼ਬਰ ਗੈਲੀਲੀਓ ਗੈਲੀਲੀ (1564-1642) ਨੂੰ ਵੀ ਮਿਲੀ। ਗੈਲੀਲੀਓ ਪਦੁਆ ਯੂਨੀਵਰਸਿਟੀ ਵਿਚ ਭੌਤਿਕਸ਼ਾਸਤਰ ਅਤੇ ਸੈਨਿਕ ਇੰਜੀਨੀਅਰੀ ਦਾ ਪ੍ਰੋਫੈਸਰ ਸੀ। ਉਹ ਕੋਪਰਨਿਕਸ ਦੇ ਸਿਧਾਂਤ ਪ੍ਰਤੀ ਪਹਿਲਾਂ ਤੋਂ ਨਿਸ਼ਟਾ ਰੱਖਦਾ ਸੀ। ਉਸਨੇ ਇੱਕ ਦੂਰਬੀਨ ਬਣਾਈ ਅਤੇ ਉਸ ਦੁਆਰਾ ਅਕਾਸ਼ ਦਾ ਅਵਲੋਕਨ ਕੀਤਾ। ਜੋ ਕੁਝ ਵੀ ਉਸਨੇ ਦੂਰਬੀਨ ਨਾਲ ਦੇਖਿਆ ਉਸ ਨਾਲ ਉਸਦੇ ਵਿਸ਼ਵਾਸ ਦੀ ਪੁਸ਼ਟੀ ਹੋਈ ਅਤੇ ਆਕਾਸ਼ ਸਬੰਧੀ ਮੱਧਯੁਗੀ ਸਿਧਾਂਤ ਗਲਤ ਸਾਬਤ ਹੋਇਆ। ਉਸਨੇ ਦੇਖਿਆ ਕਿ ਚੰਦਰਮਾ ਪੂਰੀ ਤਰ੍ਹਾਂ ਨਾਲ ਗੋਲਾਕਾਰ ਨਹੀਂ ਹੈ ਸਗੋਂ ਉਸ ਵਿਚ ਪਰਬਤ ਅਤੇ ਸਮੁੰਦਰ ਹਨ। ਸ਼ੁੱਕਰ ਵਿਚ ਚੰਦਰਮਾ ਦੇ ਸਮਾਨ ਕਲਾਵਾਂ ਦੇਖੀਆਂ ਜਾਂਦੀਆਂ ਹਨ ਅਤੇ ਬ੍ਰਹਿਸਪਤੀ ਦੀ ਪਰਿਕ੍ਰਮਾ 3 ਚੰਦਰ ਅਤੇ ਨਛੱਤਰ ਕਰਦੇ ਹਨ। ਇਹ ਕੋਪਰਨਿਕਸ ਦੁਆਰ ਤਿਆਰ ਪ੍ਰਣਾਲੀ ਦਾ ਇੱਕ ਛੋਟਾ ਮਾਡਲ ਸੀ। ਗੈਲੀਲੀਓ ਨੇ ਫਲੋਰੈਂਸ ਦੇ ਡਿਊਕ, ਫਰਾਂਸ ਦੇ ਰਾਜਾ ਅਤੇ ਪੋਪ ਦੇ ਨਾਅ 'ਤੇ ਇਨ੍ਹਾਂ ਨਛੱਤਰਾਂ ਦਾ ਨਾਂਅ ਰੱਖਣ ਦੀ ਪੇਸ਼ਕਸ਼ ਕੀਤੀ ਪਰ ਉਹ ਲੋਕ ਇਸ ਸਨਮਾਨ ਦਾ ਮੁੱਲ ਤਾਰਨ ਲਈ ਤਿਆਰ ਨਹੀਂ ਸਨ। ਗੈਲੀਲੀਓ ਨੇ 1610 ਵਿਚ ਸਿਡੇਰਿਵ ਨਨਟਿਸ (Siderivs Nuntis) 'ਨਛੱਤਰਾਂ ਦਾ ਸੰਦੇਸ਼ਵਾਹਕ' ਨਾਂਅ ਦੀ ਰਚਨਾ ਦਾ ਪ੍ਰਕਾਸ਼ਨ ਕੀਤਾ। ਇਸ ਵਿਚ ਉਸਨੇ ਆਪਣੇ ਪ੍ਰੀਖਣਾਂ ਦਾ ਵੇਰਵਾ ਦਿੱਤਾ। ਇਸ ਪ੍ਰਕਾਸ਼ਨ ਨਾਲ ਇੱਕ ਸਨਸਨੀ ਤਾਂ ਜ਼ਰੂਰ ਪੈਦਾ ਹੋਈ, ਪਰ ਉਸਦੇ ਵਿਰੁੱਧ ਕੋਈ ਪ੍ਰਤੀਕਿਰਿਆ ਤੁਰੰਤ ਨਹੀਂ ਹੋਈ। ਗੈਲੀਲੀਓ ਦੇ ਵਿਰੁੱਧ ਮੁਕੱਦਮਾ 24 ਸਾਲ ਬਾਅਦ ਚਲਾਇਆ ਗਿਆ।

### ਗਤੀਕੀ (ਵਸਤੂਆਂ ਦਾ ਡਿੱਗਣਾ)

ਗੈਲੀਲੀਓ ਇਸ ਗੱਲ ਤੋਂ ਸੰਤੁਸ਼ਟ ਨਹੀਂ ਸੀ ਕਿ ਉਸਨੇ ਕੋਪਰਨਿਕਸ ਦੇ ਸਿਧਾਂਤ ਨੂੰ ਪ੍ਰੀਖਣ ਦੁਆਰਾ ਸੱਚ ਸਾਬਤ ਕਰ ਦਿੱਤਾ ਹੈ। ਉਹ ਤਰਕ ਦੁਆਰਾ ਵੀ ਇਸ ਪ੍ਰਣਾਲੀ ਦੀ ਹੋਂਦ ਸਾਬਤ ਕਰਨਾ ਚਾਹੁੰਦਾ ਸੀ। ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਸੀ ਕਿ ਧਰਤੀ ਜਦੋਂ ਘੁੰਮਦੀ ਹੈ ਉਦੋਂ ਹਵਾ ਦਾ ਭਾਰੀ ਬੁੱਲਾ ਵਿਰੋਧੀ ਦਿਸ਼ਾ ਵਿਚ ਕਿਉਂ ਨਹੀਂ ਆਉਂਦਾ ਜਾਂ ਉੱਪਰ ਹਵਾ ਵਿਚ ਉੱਠੀਆਂ ਹੋਈਆਂ ਵਸਤੂਆਂ ਪਿੱਛੇ ਕਿਉਂ ਨਹੀਂ ਰਹਿ ਜਾਂਦੀਆਂ। ਸੋਲ੍ਹਵੀਂ ਸ਼ਤਾਬਦੀ ਵਿਚ ਟਾਰਟਾਗਲੀਆ, ਬੇਨੇਦਿਤੀ ਆਦਿ ਨੇ ਇਸ ਪ੍ਰਕਿਰਿਆ ਦੇ ਜੋ ਕਾਰਨ ਦੱਸੇ ਸਨ ਉਨ੍ਹਾਂ ਦੀ ਗਣਿਤ ਦੁਆਰਾ ਪੁਸ਼ਟੀ ਨਹੀਂ ਹੋਈ ਸੀ। ਗੈਲੀਲੀਓ ਨੇ ਵਸਤੂਆਂ ਦੀ ਗਤੀ ਦੀ ਗਣਿੱਤਕੀ ਵਿਆਖਿਆ ਕੀਤੀ। ਇਹ ਉਸਦੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਕੰਮ ਸੀ। ਇਹ ਵਿਆਖਿਆ ਉਸਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਬਾਅਦ **ਡਾਇਲਾਗਸ ਆਨ ਟੂਨਿਊ ਸਾਇੰਸੇਜ਼** ਨਾਮੀ ਪ੍ਰਕਾਸ਼ਨ ਵਿਚ ਵਿਸਤ੍ਰਿਤ ਰੂਪ ਨਾਲ ਪ੍ਰਕਾਸ਼ਿਤ ਹੋਈ ਜਦੋਂ ਕਿ ਉਸਦੇ ਪਹਿਲੇ ਪ੍ਰਕਾਸ਼ਨ, **ਡਾਇਲਾਗ ਕੰਸਰਨਿੰਗ ਦ ਟੂ ਚੀਫ਼ ਸਿਸਟਮਜ਼ ਆਫ਼ ਦ ਵਰਲਡ** ਵਿਚ ਵੀ ਉਨ੍ਹਾਂ ਦਾ ਜ਼ਿਕਰ ਸੀ- ਜਿਸਨੂੰ ਲੈ ਕੇ ਉਸਦਾ ਚਰਚ ਵਿਚ ਝਗੜਾ ਸ਼ੁਰੂ ਹੋਇਆ।

ਇਹੀ ਪ੍ਰਯੋਗ ਕਿਸੇ ਹੱਦ ਤੱਕ ਆਧੁਨਿਕ ਵਿਗਿਆਨ ਦੇ ਸ਼ੁਰੂਆਤੀ ਪ੍ਰਯੋਗ ਸਨ। ਗੈਲੀਲੀਓ ਨੇ ਇਹ ਪ੍ਰਯੋਗ ਖੁਦ ਨੂੰ ਭਰੋਸਾ ਦੇਣ ਲਈ ਨਹੀਂ ਸਗੋਂ ਦੂਸਰਿਆਂ ਨੂੰ ਭਰੋਸਾ ਦੇਣ ਲਈ ਕੀਤੇ ਕਿਉਂਕਿ ਉਸਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ ਸੀ ਕਿ ਉਹ ਕੁਦਰਤ ਦਾ ਤਰਕ ਸਮੇਤ ਵਿਆਖਿਆ ਕਰ ਸਕਦਾ ਹੈ। ਇਸ ਨਜ਼ਰੀਏ ਨਾਲ ਉਸਦੇ ਪ੍ਰਯੋਗਾਂ ਨੂੰ ਪ੍ਰਯੋਗ ਨਾ ਕਹਿ ਕੇ ਪ੍ਰਦਰਸ਼ਨ ਕਹਿਣਾ ਠੀਕ ਹੋਵੇਗਾ। ਜੋ ਵੀ ਹੋਵੇ,

**ਨੋਟ**

ਉਸਨੇ ਅਸਲ ਵਿਚ ਇਹ ਪ੍ਰਯੋਗ ਕੀਤੇ। ਜਦੋਂ ਇਨ੍ਹਾਂ ਪ੍ਰਯੋਗਾਂ ਤੋਂ ਅਸੰਭਾਵਿਤ ਨਤੀਜੇ ਹਾਸਲ ਹੋਏ ਉਦੋਂ ਉਸਨੇ ਉਨ੍ਹਾਂ ਨੂੰ ਅਸਵੀਕਾਰ ਨਹੀਂ ਕੀਤਾ ਸਗੋਂ ਖੁਦ ਆਪਣੀ ਕਲਪਨਾ 'ਤੇ ਸ਼ੱਕ ਵੀ ਕੀਤਾ। ਇਸ ਤਰ੍ਹਾਂ ਉਸਨੇ ਤੱਥਾਂ ਦੇ ਸਾਹਮਣੇ ਝੁਕ ਕੇ ਉਹ ਭਾਵਨਾ ਦਿਖਾਈ ਜੋ ਪ੍ਰਯੋਗਾਤਮਕ ਵਿਗਿਆਨ ਦੇ ਉਦੇਸ਼ ਵਿਚ ਜ਼ਰੂਰੀ ਹੈ। ਯਥਾਰਥ ਪ੍ਰਯੋਗਾਂ ਦੇ ਨਾਲ-ਨਾਲ ਗਣਿੱਤ ਵਿਸ਼ਲੇਸ਼ਣ ਦਾ ਪ੍ਰਯੋਗ ਕਰੇ ਉਸਨੇ ਵਸਤੂਆਂ ਦੇ ਡਿੱਗਣ ਨਾਲ ਸਬੰਧਿਤ ਸੱਮਿਸਿਆ ਦਾ ਹੱਲ ਲੱਭ ਲਿਆ। ਇਸ ਪ੍ਰਨਾਲੀ ਨਾਲ ਉਸਨੇ ਸਾਬਤ ਕਰ ਦਿੱਤਾ ਕਿ ਹਵਾ ਵੀ ਅਣਹੋਂਦ ਵਿਚ ਵਸਤੂਆਂ ਡਿੱਗਣ ਦੇ ਸਮੇਂ ਪਰਵਲਇਕ ਪਥ ਦਾ ਅਨੁਸਰਨ ਕਰਦੀਆਂ ਹਨ। ਅਜਿਹਾ ਕਰਕੇ ਉਸਨੇ ਆਧੁਨਿਕ ਭੌਤਿਕੀ ਦੀਆਂ ਪ੍ਰਣਾਲੀਆਂ ਦਾ ਪਹਿਲਾ ਸਪੱਸ਼ਟ ਉਦਾਹਰਨ ਪੇਸ਼ ਕੀਤਾ। ਅਜਿਹੀਆਂ ਪ੍ਰਣਾਲੀਆਂ ਦਾ ਅੱਗੇ ਦੀਆਂ ਸ਼ਤਾਬਦੀਆਂ ਦਾ ਪਹਿਲਾ ਸਪੱਸ਼ਟ ਸਫ਼ਲਤਾ ਦੇ ਨਾਲ ਵਿਕਾਸ ਹੋਇਆ। ਉਸਨੇ ਅਜਿਹੀ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਜੋ ਹੁਣ ਤੋਂ ਕੁਝ ਕਾਲ ਪਹਿਲਾਂ ਬੁਨਿਆਦੀ ਵਿਗਿਆਨਕ ਪ੍ਰਣਾਲੀ ਦੇ ਰੂਪ ਵਿਚ ਪ੍ਰਚਲਿਤ ਹੋਈ।

### ਗਣਿੱਤ

ਗੈਲੀਲੀਓ ਅਤੇ ਕੈਪਲਰ ਚੰਗੇ ਗਣਿੱਤ ਮਾਹਿਰ ਹੋਣ ਕਾਰਨ ਸਫ਼ਲ ਹੋਏ। ਵੀਏਟਾ (1540–1603) ਨੇ ਸਿਰਫ਼ ਬੀਜਗਣਿੱਤ ਵਿਚ ਹੀ ਨਹੀਂ ਸਗੋਂ ਤ੍ਰਿਕੋਣਮਿਤੀ ਵਿਚ ਵੀ ਬੀਜੀਯ ਤਰਕਾਂ ਨੂੰ ਪ੍ਰਤੀਕਾਤਮਕ ਸ਼ੈਲੀ ਵਿਚ ਪੇਸ਼ ਕੀਤਾ। ਇਸ ਵਿਸ਼ੁੱਧ ਤਕਨੀਕੀ ਪ੍ਰਨਾਲੀ ਦੁਆਰਾ ਗਣਨਾ ਦਾ ਕੰਮ ਬਹੁਤ ਘੱਟ ਸਮੇਂ ਵਿਚ ਸੰਪੰਨ ਹੋਣ ਲੱਗਾ। ਸਾਈਮਨ ਸਟੇਵਿਨ (1548–1620) ਨੇ 1585 ਵਿਚ ਦਸ਼ਮਲਵ ਅਤੇ ਨੇਪੀਅਰ (1550–1617) ਨੇ 1614 ਵਿਚ ਲਘੂਗਣਕ (ਲਾਗਰਿਥਮ) ਦਾ ਪ੍ਰਯੋਗ ਕੀਤਾ ਜਿਸ ਨਾਲ ਗਣਿੱਤੀਯ ਪ੍ਰਯੋਗ ਦੇ ਖੇਤਰ ਵਿਚ ਮਹਾਨ ਵਿਕਾਸ ਹੋਇਆ। ਆਪਣੀ ਤਰਕ ਪ੍ਰਣਾਲੀ ਨੂੰ ਪੂਰਨ ਕਰਨ ਲਈ ਗੈਲੀਲੀਓ ਲਈ ਇਹ ਜ਼ਰੂਰੀ ਸੀ ਕਿ ਉਹ ਗਣਿੱਤ ਅਤੇ ਯੰਤਰ-ਗਤੀ-ਵਿਗਿਆਨ ਵਿਚਾਲੇ ਸੰਬੰਧ ਸਥਾਪਤ ਕਰ ਸਕੇ। ਆਪਣੇ ਵਿਗਿਆਨ ਜੀਵਨ ਵਿਚ ਉਸਨੇ ਮੁੱਖ ਰੂਪ ਨਾਲ ਇਸੇ ਕੰਮ ਵਿਚ ਆਪਣੇ-ਆਪ ਨੂੰ ਲਾਇਆ। ਲਿਓਨਾਰਦੋ ਵੀ ਪਰਿਮਾਣਾਤਮਕ ਯੰਤਰ-ਵਿਗਿਆਨ ਦੀ ਖੋਜ ਵਿਚ ਲੱਗਾ ਰਿਹਾ ਸੀ, ਪਰ ਗੈਲੀਲੀਓ ਨੂੰ ਸ਼੍ਰੇਸਟ ਪ੍ਰਯੋਗਾਂ ਅਤੇ ਜ਼ਿਆਦਾ ਪ੍ਰਯੋਜਾਤਮਕ ਗਣਿਤ ਦੀ ਸੁਵਿਧਾ ਪ੍ਰਾਪਤ ਸੀ। ਸਮਾਂ ਬੀਤਣ 'ਤੇ ਉਸਦੀ ਗਿਣਤੀ ਵਿਗਿਆਨਕ ਤਕਨੀਕ ਦੇ ਸੰਸਥਾਪਕਾਂ ਵਿਚ ਹੋਈ।

## 26.4 ਸਥਿਤੀ-ਵਿਗਿਆਨ ਅਤੇ ਗਤੀ-ਵਿਗਿਆਨ (Statics and Dynamics)

ਸਥਿਰ ਵਸਤੂਆਂ ਦੀ ਗਤੀ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਹ ਜਰੂਰੀ ਹੈ ਕਿ ਬਲਾਂ ਦੀ ਵਿਆਖਿਆ ਸਭ ਤੋਂ ਪਹਿਲਾਂ ਸੰਤੁਲਿਤ ਅਵਸਥਾ ਵਿਚ ਕੀਤੀ ਜਾਵੇ ਜਿਵੇਂ ਕਿ ਸਥਿਤੀ-ਵਿਗਿਆਨ ਵਿਚ ਕੀਤਾ ਜਾਂਦਾ ਹੈ, ਉਸ ਤੋਂ ਬਾਅਦ ਗਤੀ-ਵਿਗਿਆਨ ਦੀ ਵਿਧੀ ਅਨੁਸਾਰ ਅਸੰਤੁਲਿਤ ਅਵਸਥਾ ਵਿਚ ਕੀਤੀ ਜਾਵੇ। ਇਨ੍ਹਾਂ 'ਦੋ ਨਵੇਂ ਵਿਗਿਆਨਾਂ' ਵਿਚ ਗੈਲੀਲੀਓ ਨੇ ਨਾ ਸਿਰਫ਼ ਗਤੀ-ਸੰਬੰਧੀ ਨਿਯਮਾਂ ਦੀ ਨੀਂਹ ਰੱਖੀ ਸਗੋਂ ਪਦਾਰਥਾਂ ਦੇ ਬਲ ਸੰਬੰਧੀ ਗਣਿੱਤੀਯ ਸਿਧਾਂਤ ਦਾ ਵੀ ਆਧਾਰ ਪੇਸ਼ ਕੀਤਾ।

ਗੈਲੀਲੀਓ ਦਾ ਕਹਿਣਾ ਸੀ ਕਿ ਪਦਾਰਥ ਦੇ ਸੁਭਾਵਿਕ ਗੁਣ ਵਿਸਥਾਰ, ਸਥਿਤੀ ਅਤੇ ਘਣੱਤਵ ਹਨ ਅਤੇ ਹੋਰ ਸਾਰੇ ਗੁਣ, ਜਿਵੇਂ ਰੰਗ, ਸੁਆਦ ਅਤੇ ਖੁਸ਼ਬੂ ਗੌਣ ਹੁੰਦੇ ਹਨ।

ਗੈਲੀਲੀਓ ਨੇ ਆਪਣੀਆਂ ਅਨੇਕਾਂ ਖੋਜਾਂ ਦੁਆਰਾ ਅਰਸਤੂ ਦੇ ਸੰਪੂਰਨ ਦਰਸ਼ਨ ਨੂੰ ਤਬਾਹ ਕਰ ਦਿੱਤਾ ਜੋ 2000 ਸਾਲਾਂ ਤੱਕ ਕੁਦਰਤੀ ਅਤੇ ਸਮਾਜਿਕ ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਦਾ ਆਧਾਰ ਬਣਿਆ ਹੋਇਆ ਸੀ। ਉਸਨੇ ਅਰਸਤੂ ਦੇ ਦਰਸ਼ਨ ਦਾ ਅਧਿਐਨ ਪਦੁਆ ਵਿਚ ਕੀਤਾ ਸੀ ਅਤੇ ਉਸਦੇ ਸਿਧਾਂਤ ਦਾ ਉਸਨੂੰ ਪੂਰਾ ਗਿਆਨ ਸੀ। ਇਸੇ ਕਾਰਨ ਉਹ ਅਰਸਤੂ ਦੇ ਸਿਧਾਂਤ ਨੂੰ ਉਸਦੇ ਹੀ ਤਰਕਾਂ ਦੁਆਰਾ ਇਸ ਢੰਗ ਨਾਲ ਕੱਟਣ ਵਿਚ ਸਫ਼ਲ ਹੋਇਆ ਜਿਸਦੀ ਕਿ ਵਿਦਵਾਨ ਲੋਕ ਨਜ਼ਰਅੰਦਾਜੀ ਨਾ ਕਰ ਸਕੇ। ਜਦੋਂਕਿ ਉਸਦੇ ਸਾਰੇ ਕੰਮਾਂ ਵਿਚ ਅਰਸਤ ਦਾ ਵਿਰੋਧ ਸੀ ਫਿਰ ਵੀ ਉਸਨੇ ਅਰਸਤੂ 'ਤੇ ਪ੍ਰਗਟ ਰੂਪ ਵਿਚ ਵਿਰੋਧ ਆਪਣੀ ਖੰਡਨ-ਮੰਡਨ ਸ਼ੈਲੀ ਵਿਚ ਲਿਖੀ ਕਿਤਾਬ **ਡਾਇਲਾਗ ਕੰਸਰਨਿੰਗ ਦ ਟੂ ਚੀਫ਼ ਸਿਸਟਮਜ਼ ਆਫ਼ ਦਾ ਵਰਲਡ, ਦ ਟਾਲਮਿਕ ਐਂਡ ਦ ਕੋਪਰਨਿਕਸ** ਵਿਚ ਕੀਤਾ ਜੋ 1632 ਵਿਚ ਪ੍ਰਕਾਸ਼ਿਤ ਹੋਈ ਅਤੇ ਜਿਸ ਨੂੰ ਉਸਨੇ ਪੋਪ ਨੂੰ ਸਮਰਪਿਤ ਕੀਤਾ। ਇਤਾਲਵੀ ਭਾਸ਼ਾ ਵਿਚ, ਜਿਸ ਭਾਸ਼ਾ ਨੂੰ ਸਭ ਪੜ੍ਹ ਸਕਦੇ ਸਨ, ਲਿਖੀ ਗਈ ਇਸ ਕਿਤਾਬ ਵਿਚ ਉਸਨੇ ਅਤਿਅੰਤ ਮਹੱਤਵਪੂਰਨ ਵਿਸ਼ਿਆਂ ਨਾਲ ਸੰਬੰਧਿਤ ਸਰਵਮੰਨੇ ਵਿਚਾਰਾਂ ਦੀ ਨਿਰਦਈਤਾ ਨਾਲ ਅਲੋਚਨਾ ਕੀਤੀ ਅਤੇ ਮਜ਼ਾਕ ਉਡਾਇਆ। ਇਹੀ ਨਵ-ਵਿਗਿਆਨ ਦਾ ਮਹਾਨ ਦਸਤਕ ਸੀ।

ਗੈਲੀਲੀਓ ਦੀ ਚੁਣੌਤੀ ਨੂੰ ਅਣਦੇਖੀ ਨਹੀਂ ਕੀਤਾ ਜਾ ਸਕਦਾ ਸੀ। ਫਲਸਰੂਪ ਉਸ 'ਤੇ ਮੁਕੱਦਮਾ ਚਲਾਇਆ ਗਿਆ ਜੋ ਸਰਵ-ਪ੍ਰਸਿੱਧ ਹੈ। ਉਸਨੂੰ ਸਜ਼ਾ ਦਿੱਤੀ ਗਈ ਅਤੇ ਆਪਣੇ ਵਿਚਾਰ ਦਾ ਖੰਡਲ ਕਰਨ ਲਈ ਵੀ ਮਜ਼ਬੂਰ ਕੀਤਾ ਗਿਆ ਫਿਰ ਵੀ ਜ਼ੇਲ੍ਹ ਦੀ ਸਜ਼ਾ ਸਿਰਫ਼ ਨਾਂਅ ਲਈ ਉਸਨੇ ਆਪਣੇ ਦੋਸਤ ਦੇ ਇੱਕ ਮਹਿਲ ਵਿਚ ਕੱਟੀ। ਆਪਣੀ ਛੁੱਟੀ ਕਾਲ ਵਿਚ ਉਸਨੇ ਆਪਣੀ ਗਤੀ-ਵਿਗਿਆਨ ਅਤੇ ਸਥਿਤੀ-ਵਿਗਿਆਨ ਸੰਬੰਧੀ ਰਚਨਾਵਾਂ ਪੂਰੀਆਂ ਕੀਤੀਆਂ।

ਇਸ ਮੁਕੱਦਮੇ ਦੁਆਰਾ ਵਿਗਿਆਨ ਅਤੇ ਧਾਰਮਿਕ ਰੂੜੀਵਾਦੀ ਵਿਚਾਲੇ ਚੱਲ ਰਿਹਾ ਸੰਘਰਸ਼ ਨਾਟਕੀ ਰੂਪ ਨਾਲ ਸਾਹਮਣੇ ਆਇਆ। ਇੱਕ ਮੁਕੱਦਮੇ ਦੇ ਨਿਰਣੇ ਦਾ ਕਿਸੇ ਵੀ ਵਿਦਵਾਨ ਨੇ ਸਵਾਗਤ ਨਹੀਂ ਕੀਤਾ। ਇਸ ਲਈ ਇਹ ਮੁਕੱਦਮਾ ਪ੍ਰਭਾਵਸ਼ਾਲੀ ਰੂਪ ਨਾਲ ਅਸਫ਼ਲ ਰਿਹਾ। ਫਲਸਰੂਪ ਨਵੀਂ ਵਿਗਿਆਨ ਦੀ ਪ੍ਰਤਿਸ਼ਠਾ ਬਹੁਤ ਜ਼ਿਆਦਾ ਵਧ ਗਈ। ਗੈਲੀਲੀਓ ਤੋਂ ਬਾਅਦ ਪ੍ਰਾਚੀਨ ਬ੍ਰਹਿਮੰਡ ਵਿਗਿਆਨ (Cosmology) ਦਾ ਚੁੱਪਚਾਪ ਤਿਆਗ ਕਰ ਦਿੱਤਾ ਗਿਆ ਅਤੇ ਖਗੋਲਮਾਹਿਰਾਂ ਨੇ ਕੋਪਰਨਿਕਸ ਅਤੇ ਕੈਪਲਰ ਦੁਆਰਾ ਬਣਾਏ ਗਏ ਸੌਰ-ਪਰਿਵਾਰ-ਮਾਡਲ ਨੂੰ ਸਵੀਕਾਰ ਕਰ ਲਿਆ। ਗੈਲੀਲੀਓ 'ਤੇ ਮੁਕੱਦਮਾ ਚਲਾਏ ਜਾਣ ਅਤੇ ਉਸਨੂੰ ਸਜ਼ਾ ਦਿੱਤੇ ਜਾਣ ਦਾ ਇੱਕ ਨਤੀਜਾ ਇਹ ਨਿੱਕਲਿਆ ਕਿ ਵਿਗਿਆਨ ਪਰੰਪਰਾ ਭੂਮੱਧ ਸਾਗਰੀ ਖੇਤਰ ਵਿਚ ਤਾਂ ਸਮਾਪਤ ਹੋ ਗਈ ਅਤੇ ਉੱਤਰੀ ਯੂਰਪ ਵਿਚ ਵਿਕਸਿਤ ਹੋਣ ਲੱਗੀ। ਬੇਸ਼ੱਕ ਇਸੇ ਕਾਰਨ ਇੰਗਲੈਂਡ ਅਤੇ ਹਾਲੈਂਡ ਵਪਾਰ ਅਤੇ ਜਹਾਜਰਾਨੀ ਦੇ ਖੇਤਰ ਵਿਚ ਮੋਹਰੀ ਬਣ ਗਏ।

ਨੋਟ

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Qustions) :**

1. ........ ਵਿਚ ਮਹਾਰਾਣੀ ਐਲਿਜਾਬੈਥ ਦੇ ਡਾਕਟਰ ਵਿਲੀਅਮ ਗਿਲਬਰਟ ਨੇ ਡੀ ਮੈਗਨੇਟ ਨਾਂਅ ਦੀ ਰਚਨਾ ਪ੍ਰਕਾਸ਼ਿਤ ਕੀਤੀ।
   (ੳ) 1600 (ਅ) 1700
   (ੲ) 1800 (ਸ) 1900
2. ਸੰਨ ........ ਵਿਚ ਬਰਾਹੇ ਨੇ ਇੱਕ ਨਵੇਂ ਨਛੱਤਰ ਨੂੰ ਦੇਖਿਆ।
   (ੳ) 1572 (ਅ) 1672
   (ੲ) 1772 (ਸ) 1872
3. ........ ਵਿਚ ਸਪੇਨੀ ਸਰਕਾਰ ਐਸੀਅੰਤੋਂ ਗੁਲਾਮਾਂ ਦੀ ਲੰਮੀ ਲੜੀ ਦੀ ਪਹਿਲੀ ਕਿਸ਼ਤ ਸਵੀਕਾਰ ਕਰਨ ਨੂੰ ਸਹਿਮਤ ਹੋ ਗਈ।
   (ੳ) 1196 (ਅ) 1296
   (ੲ) 1496 (ਸ) 1596

## 26.5 ਚੁੰਬਕਤਵ : ਨਾਰਮਨ ਅਤੇ ਗਿਲਬਰਟ (Magnetism : Norman and Gilbert)

1600 ਵਿਚ ਮਹਾਰਾਣੀ ਐਲਿਜਾਬੇਥ ਦੇ ਡਾਕਟਰ ਵਿਲੀਅਮ ਗਿਲਬਰਟ ਨੇ ਡੀ ਮੈਗਨੇਟ ਨਾਮੀ ਰਚਨਾ ਪ੍ਰਕਾਸ਼ਿਤ ਕੀਤੀ। ਇਸ ਵਿਚ ਉਸਨੇ ਚੁੰਬਕਤਵ ਸਬੰਧੀ ਸਾਰੇ ਗਿਆਤ ਤੱਥਾਂ ਨੂੰ ਸ਼ਾਮਲ ਕੀਤਾ। ਅਨੇਕਾਂ ਸ਼ੁੱਧ ਅਤੇ ਸਾਵਧਾਨੀਪੂਰਵਕ ਲਿਖੇ ਪ੍ਰਯੋਗਾਂ ਤੋਂ ਉਸਨੇ ਇਹ ਨਤੀਜ਼ਾ ਕੱਢਿਆ ਕਿ ਧਰਤੀ ਇਕ ਚੁੰਬਕ ਹੈ ਅਤੇ ਇਸੇ ਚੁੰਬਕੀ ਬਲ ਕਾਰਨ ਨਛੱਤਰ ਆਪਣੇ-ਆਪਣੇ ਮਾਰਗਾਂ 'ਤੇ ਸਥਿਰ ਰਹਿੰਦੇ ਹਨ। ਸੰਤੁਲਿਤ ਸੂਈ ਦੇ ਝੁਕਾਅ ਦਾ ਪ੍ਰਯੋਗ- ਜਿਸ ਆਧਾਰ 'ਤੇ ਉਸਨੇ ਇਹ ਨਤੀਜਾ ਕੱਢਿਆ- ਹਾਰਟਮੇਨ (1489-1564) ਦੀ ਜਾਣਕਾਰੀ ਵਿਚ ਪਹਿਲਾਂ ਆ ਚੁੱਕਾ ਸੀ। ਬਹੁਤ ਹੀ ਸਾਧਾਰਨ ਪਰਿਵਾਰ ਵਿਚ ਜੰਮੇ ਰਾਬਰਟ ਨਾਰਮਨ ਦੁਆਰਾ, ਜੋ ਇੱਕ ਨਾਵਿਕ ਸੀ ਅਤੇ ਕੁਤੁਬਨੁਮਾ ਦਾ ਨਿਰਮਾਤਾ ਸੀ, ਇਸ ਪ੍ਰਯੋਗ ਦਾ ਵਿਸਤ੍ਰਿਤ ਅਧਿਐਨ ਵੀ ਕੀਤਾ ਜਾ ਚੁੱਕਾ ਸੀ। ਗਿਲਬਰਟ ਦੁਆਰਾ ਪ੍ਰਸਤੁਤ ਵਿਸ਼ਵ-ਵਿਵਸਥਾ ਦਾ ਭੌਤਿਕ ਅਤੇ ਗੈਰ-ਮਿਥਕ ਵਿਆਖਿਆ ਨਾਲ ਨਿਊਟਨ ਨੂੰ ਆਪਣੇ ਕੰਮ ਵਿਚ ਮੱਦਦ ਮਿਲੀ।

ਜਰਮਨ ਡਾਕਟਰ ਪਾਰਾਸੇਲਸ (1493-1547) ਨੇ ਮੱਧਯੁਗੀ ਯੂਨੀਵਰਸਿਟੀਆਂ ਦੀ ਸਿੱਖਿਆ ਦੀ ਆਲੋਚਨਾ ਕੀਤਾ। ਇਹ ਯੂਨੀਵਰਸਿਟੀਆਂ ਹਿਪੋਕੇਟਿਜ ਅਤੇ ਗੇਲੈਨ ਤੋਂ ਪ੍ਰਭਾਵਿਤ ਸਨ ਅਤੇ ਉੱਚ ਵਰਗ- ਭੂ ਮਾਲਕਾਂ ਅਤੇ ਬੁਰਜੁਆ ਵਰਗ- ਦੀਆਂ ਲੋੜਾਂ ਦੀ ਪੂਰਤੀ ਕਰਦੀਆਂ ਸਨ। ਪਾਰਾਸੇਲਸ ਦਾ ਪਾਲਣ-ਪੋਸ਼ਣ ਸਵਿਟਜ਼ਰਲੈਂਡ ਦੇ ਖਦਾਨ ਖੇਤਰ ਦੇ ਇੱਕ ਪਿੰਡ ਵਿਚ ਹੋਇਆ ਸੀ ਅਤੇ ਉਹ ਖਣਿਕਾਂ ਅਤੇ ਕਿਸਾਨਾਂ ਪ੍ਰਤੀ ਹਮਦਰਦੀ ਰੱਖਦਾ ਸੀ। ਉਸਨੇ ਖਣਿਕਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਇੱਕ ਕਿਤਾਬ ਲਿਖੀ। ਇਹ ਬਿਮਾਰੀਆਂ ਪਾਰਦ ਅਤੇ ਸੰਖੀਆ ਦੇ ਜ਼ਹਿਰ ਕਾਰਨ ਹੁੰਦੀਆਂ ਸਨ। ਸੁਵਿਧਾਸੰਪੰਨ ਖਾਸ ਵਰਗ ਦਾ ਵਿਰੋਧ ਹੋਣ ਕਾਰਨ ਉਸਨੇ ਗੇਲੈਨ ਦੇ ਰੂੜੀਵਾਦ ਦੀ ਆਲੋਚਨਾ ਕੀਤੀ। ਪਰ ਉਸਦੇ ਆਮੂਲ ਬਦਲਾਅਵਾਦ (radicalism) ਦਾ ਬੌਧਿਕ ਆਧਾਰ ਵੀ ਸੀ ਕਿਉਂਕਿ ਉਸਦੀ ਨਵ-ਪਲੇਟੋਵਾਦ ਅਤੇ ਹਰਮੀਜ਼ ਦੀ ਪਰੰਪਰਾ ਵਿਚ ਨਿਸ਼ਠਾ ਸੀ। ਉਸਦਾ ਵਿਚਾਰ ਸੀ ਕਿ ਰੋਗ ਸਰੀਰ ਵਿਚ ਬਾਹਰੋਂ ਆਉਂਦੇ ਹਨ ਅਤੇ ਖਾਸ ਰੋਗਾਂ ਦੇ ਇਲਾਜ ਵੀ ਖਾਸ ਹੁੰਦੇ ਹਨ। ਉਸਨੇ ਰਸਾਇਣਸ਼ਾਸਤਰ ਅਤੇ ਰਸਾਇਣਕ ਔਸ਼ਧੀਆਂ ਦੇ ਅਧਿਐਨ ਨੂੰ ਉਤਸ਼ਾਹ ਦਿੱਤਾ। ਉਸਨੇ ਧਰਮ, ਜਾਦੂ-ਟੂਣਾ ਅਤੇ ਸਮਾਜ-ਸਬੰਧੀ ਆਪਣੀਆਂ ਧਾਰਣਾਵਾਂ ਨੂੰ ਆਧਾਰ ਬਣਾ ਕੇ ਗੇਲੈਲ ਦੀ ਆਲੋਚਨਾ ਕੀਤੀ। ਉਹ ਕੀਮੀਆਗਿਰੀ ਵਿਚ ਰੁਚੀ ਰੱਖਦਾ ਸੀ, ਅਤੇ ਉਸਦੇ ਕੰਮ ਵਿਚ ਸਾਨੂੰ ਮੁੜ ਜਾਗਰਣ ਕਾਲ ਦੇ ਜਾਦੂ-ਟੂਣਿਆਂ ਸਬੰਧੀ ਅਤੇ ਰਹੱਸਮਈ ਪੱਖ ਦੀ ਝਲਕ ਮਿਲਦੀ ਹੈ ਜਿਸਦਾ ਸਹੀ ਅੰਦਾਜਾ ਉਹ ਇਤਿਹਾਸਕਾਰ ਨਹੀਂ ਲਾ ਸਕੇ ਜਿਨ੍ਹਾਂ ਸਿਰਫ਼ ਮੁੜ ਜਾਗਰਣ ਦੇ ਤਾਰਕਿਕ ਪੱਖ ਨੂੰ ਮਹੱਤਵ ਦਿੱਤਾ।

**ਹਾਰਵੇ ਅਤੇ ਖ਼ੂਨ-ਸੰਚਾਰ-** ਵਿਲੀਅਮ ਹਾਰਵੇ (1578-1657) ਇੱਕ ਅੰਗਰੇਜ਼ ਸੀ। ਉਸਨੇ ਕੈਂਬ੍ਰਿਜ ਅਤੇ ਪਦੂਆ ਵਿਚ ਸਿੱਖਿਆ ਲਈ ਸੀ। ਇਟਲੀ ਵਿਚ ਮੁੜ ਜਾਗਰਣ ਕਾਲ ਦੇ ਚਿੱਤਰਕਾਰਾਂ ਅਤੇ ਮੂਰਤੀਕਾਰਾਂ ਨੇ ਜੋ ਰੁਚੀ ਸਰੀਰਰਚਨਾ-ਸ਼ਾਸਤਰ ਵਿਚ ਦਿਖਾਈ ਉਸਦਾ ਸੰਯੋਗ ਹਾਰਵੇ ਨੇ ਉਸ ਨਵੀਂ ਪ੍ਰਯੋਗ ਵਿਧੀ ਨਾਲ ਕੀਤਾ ਜਿਸਦੀ ਵਿਆਖਿਆ ਕਰਨਾ ਚਾਹੁੰਦਾ ਸੀ। ਇੱਕ ਹਜ਼ਾਰ ਸਾਲ ਤੱਕ ਦਿਲ ਅਤੇ ਖ਼ੂਨ ਦੀ ਕਿਰਿਆ ਦੀ ਉਹੀ ਵਿਆਖਿਆ ਕੀਤੀ ਜਾਂਦੀ ਰਹੀ ਜੋ ਗੇਲੈਨ ਨੇ ਦੂਜੀ ਸ਼ਤਾਬਦੀ ਵਿਚ ਪੇਸ਼ ਕੀਤੀ ਸੀ। ਹਾਰਵੇ ਨੇ 1628 ਵਿਚ ਇੱਕ ਕਿਤਾਬ ਪ੍ਰਕਾਸ਼ਿਤ ਕੀਤੀ ਜਿਸ ਵਿਚ ਉਸਨੇ ਨਵੀਂ ਤਰ੍ਹਾਂ ਦੇ ਸਰੀਰਰਚਨਾ-ਸ਼ਾਸਤਰ ਅਤੇ ਸਰੀਰਕਿਰਿਆ-ਸ਼ਾਸਤਰ ਬਾਰੇ ਲਿਖਿਆ। ਉਹ ਤਰਕ ਦੁਆਰਾ ਇਹ ਗੱਲ ਸਾਬਤ ਕਰਨ ਵਿਚ ਸਫ਼ਲ ਹੋਇਆ ਕਿ ਖ਼ੂਨ ਦਾ ਜ਼ਰੂਰ ਹੀ ਸੰਚਾਰ ਹੁੰਦਾ ਹੈ ਕਿਉਂਕਿ ਖ਼ੂਨ ਦਿਲ ਦੇ ਇੱਕ ਹਿੱਸੇ 'ਚੋਂ ਬਾਹਰ ਨਿੱਕਲਦਾ ਹੈ ਅਤੇ ਦੂਜੇ ਹਿੱਸੇ ਵਿਚ ਅੰਦਰ ਵਾਪਸ ਪਹੁੰਚਦਾ ਹੈ। ਪਰ ਉਹ ਇਹ ਨਹੀਂ ਸਮਝ ਸਕਿਆ ਕਿ ਇਹ ਹੁੰਦਾ ਕਿਵੇਂ ਹੈ। ਮਾਲਪਿਘੇ (1628-94) ਨੇ ਅੱਗੇ ਜਾ ਕੇ ਸੂਖਮਦਰਸ਼ੀ ਦੀ ਮੱਦਦ ਨਾਲ ਇਹ ਦਿਖਾਇਆ ਕਿ ਖ਼ੂਨ, ਪੰਜ ਨਾੜੀਆਂ 'ਚੋਂ ਹੋ ਕੇ ਗੁਜ਼ਰਦਾ ਹੈ।

ਨੋਟ

ਹਾਰਵੇ ਦੀ ਖੋਜ ਦਾ ਪ੍ਰਾਚੀਨ ਸਰੀਰਕਿਰਿਆ–ਸ਼ਾਸਤਰ ’ਤੇ, ਜਿਸਦਾ ਸਿਹਰਾ ਹਾਲੇ ਤੱਕ ਗੇਲੈਨ ਨੂੰ ਹੀ ਸੀ, ਉਸੇ ਤਰ੍ਹਾਂ ਦਾ ਕ੍ਰਾਂਤੀਕਾਰੀ ਅਸਰ ਪਿਆ ਜਿਸ ਤਰ੍ਹਾਂ ਗੈਲੀਲੀਓ ਅਤੇ ਕੈਪਲਰ ਦੀਆਂ ਖੋਜਾਂ ਦਾ ਪਲੇਟੋ ਅਤੇ ਅਰਸਤੂ ਦੁਆਰਾ ਲਿਖੇ ਖਗੋਲਸ਼ਾਸਤਰ ’ਤੇ ਪਿਆ ਸੀ। ਉਸਨੇ ਇਹ ਦੱਸਿਆ ਕਿ ਸਰੀਰ ਇੱਕ ਦ੍ਰਵ–ਚਾਲਿਤ ਮਸ਼ੀਨ ਵਾਂਗ ਹੈ ਅਤੇ ਉਸ ਵਿਚ ਰਹੱਸਮਈ ਆਤਮਾ ਦਾ ਕੋਈ ਨਿਵਾਸ ਨਹੀਂ ਹੈ। ਉਸਦੀ ਨਜ਼ਰ ਵਿਚ ਦਿਲ ਦਾ ਸਰੀਰ ਵਿਚ ਉਹੋ ਜਿਹਾ ਹੀ ਸਿਖਰਲਾ ਅਤੇ ਮੁੱਖ ਸਥਾਨ ਹੈ ਜਿਵੇਂ ਕਿ ਸੂਰਜ ਦਾ ਵਿਸ਼ਵ ਵਿਚ। ਹਾਰਵੇ ਦੀਆਂ ਖੋਜਾਂ ਦਾ ਚਿਕਿਤਸਾਸ਼ਾਸਤਰ ’ਤੇ ਕੋਈ ਤੱਤਕਾਲੀ ਪ੍ਰਭਾਵ ਨਹੀਂ ਪਿਆ ਫਿਰ ਵੀ ਉਨ੍ਹਾਂ ਤੋਂ ਇੱਕ ਤਰਕਸੰਗਤ ਸਰੀਰ–ਵਿਗਿਆਨ ਦੀ ਨੀਂਹ ਜ਼ਰੂਰ ਪਈ।

**ਫਰਾਂਸਿਸ ਬੇਕਨ–** ਫਰਾਂਸਿਸ ਬੇਕਨ (1561–1626) ਇੱਕ ਵਕੀਲ, ਦਾਰਸ਼ਨਿਕ, ਵਿਗਿਆਨਕ, ਸਿਆਸਤਦਾਨ ਅਤੇ ਨੀਤੀਸ਼ਾਸਤਰ ਘਾੜਾ ਸੀ। ਉਸਨੇ ਸਤਾਰਵੀਂ ਸ਼ਤਾਬਦੀ ਦੇ ਚਿੰਤਨ ਨੂੰ ਕਈ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ। ਆਪਣੇ ਨੋਵਮ ਆਰਗੇਨਮ (Novem Organum) ਨਾਮੀ ਪ੍ਰਕਾਸ਼ਨ ਵਿਚ ਉਸਨੇ ਪ੍ਰਯੋਗ ਅਤੇ ਪ੍ਰੀਖਣ ਦੀ ਵਿਗਿਆਨਕ ਵਿਧੀ ਬਾਰੇ ਲਿਖਿਆ ਅਤੇ ਉਸਦਾ ਅਸਲ ਯੋਗਦਾਨ ਇਹੀ ਸੀ ਕਿ ਉਸਨੇ ਪ੍ਰਯੋਗਾਂ ਦੇ ਵਿਚਾਰ ਨੂੰ ਲੋਕਪ੍ਰਿਯ ਬਣਾਇਆ। ਉਸਨੇ ਵਿਚਾਰਾਂ ਦੇ ਅਦਾਨ–ਪ੍ਰਦਾਨ ਅਤੇ ਸਾਮੂਹਿਕ ਖੋਜ ਅਤੇ ਰਿਸਰਚ ਦੀ ਲੋੜ ਮਹਿਸੂਸ ਕੀਤੀ ਅਤੇ ਰਾਇਲ ਸੋਸਾਇਟੀ ਦੇ ਸੰਸਥਾਪਕਾਂ ਵਿਚੋਂ ਇੱਕ ਸੀ।

**ਰੇਨੇ ਦੇਕਾਰਤ–** ਰੇਨੇ ਦੇਕਾਰਤ (1596–1650) ਨੇ ਵੀ ਬੇਕਨ ਵਾਂਗ ਹੀ ਗਿਆਨ ਦੀਆਂ ਸੰਭਾਵਨਾਵਾਂ ਨੂੰ ਦੇਖਿਆ ਸੀ। ਉਸਦੇ **ਡਿਸਕੋਰਸ ਆਨ ਮੈਥਡ** (1637) ਨਾਮੀ ਪ੍ਰਕਾਸ਼ਨ ਵਿਚ ਸਾਹਿਤਕ ਕਲਾ, ਮਨੁੱਖੀ ਰੁਚੀ ਅਦੇ ਦਾਰਸ਼ਨਿਕ ਸਪੱਸ਼ਟਤਾ ਦਾ ਮਿਸ਼ਰਣ ਸੀ। ਇਹ ਰਚਨਾ ਬੇਹੱਦ ਲੋਕਪ੍ਰਿਯ ਹੋਈ। ਦੇਕਾਰਤ ਦੇ ਵਿਚਾਰਾਂ ਨੇ ਡਾਕਟਰਾਂ, ਵਕੀਲਾਂ ਅਤੇ ਦਾਰਸ਼ਨਿਕ ਵਿਚਾਰ ਵਾਲੇ ਭੱਦਰਪੁਰਸ਼ਾਂ ਵਰਗੇ ਵਿਅਕਤੀਆਂ ਦੇ ਨਵੇਂ ਵਰਗ ਨੂੰ ਆਕਰਸ਼ਿਤ ਕੀਤਾ। ਦਰਸ਼ਨਸ਼ਾਸਤਰ ਦੇ ਇਤਿਹਾਸ ਵਿਚ ਦੇਕਾਰਤ ਨੂੰ ਪਹਿਲਾ ਆਧੁਨਿਕ ਸਮੀਖਿਆਤਮਕ ਚਿੰਤਕ ਮੰਨਿਆ ਜਾਂਦਾ ਹੈ। ਉਹ ਪਹਿਲਾ ਵਿਅਕਤੀ ਸੀ ਜਿਸ ਨੇ ਅਜਿਹੀ ਵਿਗਿਆਨਕ ਪ੍ਰਣਾਲੀ ਦੀ ਰਚਨਾ ਕੀਤੀ ਜੋ ਪੈਰ–ਪੈਰ ’ਤੇ ਅਰਸਤੂ ਦੇ ਸਿਧਾਂਤਾਂ ਦੇ ਵਿਰੁੱਧ ਜਾਂਦੀ ਸੀ। ਇਹੀ ਉਸਦਾ ਮਹੱਤਵ ਸੀ। ਦੇਕਾਰਤ ਇੱਕ ਪ੍ਰਤਿਭਾਵਨ ਗਣਿਤ ਮਾਹਿਰ ਸੀ। ਵਿਸ਼ਲੇਸ਼ਕ ਜਿਆਮਿਤੀ ਦੀ ਕਾਢ ਕਰਕੇ ਉਸਨੇ ਵਿਸਥਾਰ, ਗਤੀ ਅਤੇ ਆਕ੍ਰਿਤੀ ਦੇ ਮਾਧਿਅਮ ਨਾਲ ਵਿਸ਼ਵ ਦਾ ਯਾਂਤ੍ਰਿਕ ਵੇਰਵਾ ਪੇਸ਼ ਕਰਨ ਨੂੰ ਉਤਸ਼ਾਹ ਦਿੱਤਾ। ਦੇਕਾਰਤ ਨੇ ਇਸ ਵਿਚਾਰ ਨੂੰ ਅਸਵੀਕਾਰ ਕਰ ਦਿੱਤਾ ਕਿ ਚੰਦਰ ਅਤੇ ਉਪਚੰਦਰ ਵਿਸ਼ਵ ਦੇ ਨਿਯਮਾਂ ਵਿਚ ਵਿਭਿੰਨਤਾ ਹੈ, ਕੁਦਰਤੀ ਗਤੀ ਉਦੇਸ਼ਪੂਰਨ ਹੁੰਦੀ ਹੈ ਜਾਂ ਕੁਦਰਤੀ ਅਤੇ ਗੈਰ ਕੁਦਰਤੀ ਗਤੀ ਵਿਚ ਕੋਈ ਅੰਤਰ ਹੁੰਦਾ ਹੈ। ਕਿਉਂਕਿ ਉਸਨੇ ਅਰਸਤੂ ਦਾ ਵਿਰੋਧ ਕੀਤਾ ਇਸ ਲਈ ਉਸ ’ਤੇ ਅਰਸਤੂ ਦੀ ਤਰਕਪੂਰਨ ਪ੍ਰਣਾਲੀ ਅਤੇ ਸੰਸਲੇਸ਼ਣ ਦੇ ਆਦਰਸ਼ ਦਾ ਭਾਰੀ ਪ੍ਰਭਾਵ ਪਿਆ। ਦੇਕਾਰਤ ਦੀ ਵਿਸ਼ਵ–ਵਿਆਖਿਆ ਵਿਚ ਵਿਸ਼ਵ ਅਤੇ ਮਨੁੱਖੀ–ਸਰੀਰ ਦੋਵੇਂ ਹੀ ਇੱਕ ਯੰਤਰ ਵਾਂਗ ਕਿਰਿਆ ਕਰਦੇ ਸਨ। ਇਸ ਵਿਸ਼ਵ ਵਿਚ ਈਸ਼ਵਰ ਦਾ ਉਹੀ ਸਥਾਨ ਸੀ ਜੋ ਇੱਕ ਇੰਜੀਨੀਅਰ ਦਾ ਹੁੰਦਾ ਹੈ। ਦੇਕਾਰਤ ਨੇ ਕੁਦਰਤ ਦਾ ਇੱਕ ਗਣਿੱਤੀਯ ਅਤੇ ਯਾਂਤ੍ਰਿਕੀ ਰੂਪ ਪੇਸ਼ ਕੀਤਾ ਜਿਸਨੇ ਪੱਛਮੀ ਯੂਰਪੀ ਵਿਗਿਆਨ ’ਤੇ ਡੂੰਘਾ ਅਸਰ ਪਾਇਆ।

**ਰਾਇਲ ਸੋਸਾਇਟੀ–** ਬੇਕਨ ਅਤੇ ਦੇਕਾਰਤ ਨੇ ਗੈਰ–ਵਿਗਿਆਨਕਾਂ ਦੀ ਨਜ਼ਰ ਵਿਚ ਪ੍ਰਾਯੋਗਿਕ ਵਿਗਿਆਨ ਨੂੰ ਉੱਪਰ ਚੁੱਕਿਆ। ਨਵੇਂ ਕੁਦਰਤੀ ਦਰਸ਼ਨ ਦੀ ਮਾਹਿਰੋਂ ’ਚ ਹਰ ਪਾਸੇ ਚਰਚਾ ਹੋਣ ਲੱਗੀ। ਸਤਾਰਵੀਂ ਸ਼ਤਾਬਦੀ ਦੇ ਅੱਧ ਤੋਂ ਵਿਗਿਆਨ ਜਿਆਦਾ ਤੋਂ ਜ਼ਿਆਦਾ ਸੰਸਥਾਗਤ ਹੁੰਦਾ ਚਲਿਆ ਗਿਆ। ਵਿਦਵਾਨਾਂ ਦੀਆਂ ਗੈਰ–ਰਸਮੀ ਬੈਠਕਾਂ 1645 ਈ. ਤੋਂ ਸ਼ੁਰੂ ਹੋਈਆਂ ਜਿਨ੍ਹਾਂ ਦੇ ਨਤੀਜੇ ਵਜੋਂ ‘ਲੰਦਨ ਰਾਇਲ ਸੋਸਾਇਟੀ’ ਦਾ ਜਨਮ ਹੋਇਆ। ਇਹ ਹਫ਼ਤਾਵਾਰੀ ਬੈਠਕਾਂ ਜ਼ਿਆਦਾਤਰ ਲੰਦਨ ਦੇ ਗ੍ਰੀਸ਼ਮ ਕਾਲੇਜ ਵਿਚ ਹੁੰਦੀਆਂ ਸਨ। ਗ੍ਰਹਿ–ਯੁੱਧ ਦੌਰਾਨ ਇਹ ਬੈਠਕਾਂ ਆਕਸਫੋਰਡ ਵਿਚ ਹੁੰਦੀਆਂ ਸਨ। ਇਸ ਮੰਡਲੀ ਵਿਚ ਵਿਗਿਆਨਕ, ਗਣਿੱਤ ਮਾਹਿਰ, ਵਪਾਰੀ, ਕੁਲੀਨ ਅਤੇ ਪਾਦਰੀ ਵਰਗ ਦੇ ਲੋਕ ਸਨ। ਰਾਬਰਟ ਬਾਇਲ ਨੇ ਇਸ ਮੰਡਲ ਨੂੰ ਅਦ੍ਰਿਸ਼ ਸਕੂਲ ਦਾ ਨਾਂਅ ਦਿੱਤਾ ਸੀ। 1662 ਵਿਚ ਇਹ ਮੰਡਲੀ ਇੱਕ ਰਾਜਪੱਤਰ ਦੁਆਰਾ ਕਾਨੂੰਨੀ ਨਿਯਮਤ ਕਰ ਦਿੱਤੀ ਗਈ ਅਤੇ ਇਸ ਨਾਂਅ ਕੁਦਰਤੀ ਗਿਆਨ ’ਚ ਵਾਧਾ ਕਰਨ ਵਾਲੀ ‘ਰਾਇਲ ਸੋਸਾਇਟੀ ਆਫ਼ ਲੰਦਨ’ ਰੱਖਿਆ ਗਿਆ। ਬਾਅਦ ਵਿਚ ਇਸ ਮੰਡਲੀ ਦੁਆਰਾ ਵਪਾਰ, ਜਹਾਜਰਾਨੀ ਅਤੇ ਯੁੱਧ ਕੰਮਾਂ ਦੇ ਖੇਤਰ ਵਿਚ ਦਿੱਤੇ ਗਏ ਯੋਗਦਾਨ ਦੇ ਨਤੀਜੇ ਵਜੋਂ ਹੀ ਇਸ ਮੰਡਲੀ ਨੂੰ ਸਰਕਾਰੀ ਪ੍ਰਵਾਨਗੀ ਮਿਲੀ।

ਆਪਣੇ ਸ਼ੁਰੂਆਤੀ ਦਿਨਾਂ ਵਿਚ ਰਾਇਲ ਸੋਸਾਇਟੀ ਨੇ ਆਪਣੇ ਕਿਰਿਆਕਲਾਪਾਂ ਨੂੰ ਬਹੁਤ ਹੱਦ ਤੱਕ ਬੇਕਨ ਦੇ ਇਸ ਆਦਰਸ਼ ਦੇ ਅਨੁਰੂਪ ਢਾਲਿਆ ਕਿ ਗਿਆਨ ਦਾ ਵਿਵਹਾਰਿਕ ਉਪਯੋਗ ਹੋਣਾ ਚਾਹੀਦਾ ਹੈ। ਇਸ ਕੰਮ ਉਸ ਸਮੇਂ ਵਪਾਰਕ, ਮੁੜ ਨਿਰਮਾਣ ਅਤੇ ਖੇਤੀ ਸੰਬੰਧੀ ਸਮੱਸਿਆਵਾਂ ਨਾਲ ਸਬੰਧਿਤ ਤਕਨੀਕਾਂ ਨੂੰ ਭਾਲਣਾ ਅਤੇ ਉਨ੍ਹਾਂ ਲਈ ਉਪਕਰਨ ਬਣਾਉਣਾ ਸੀ। ਇਸ ਸੋਸਾਇਟੀ ਨੇ ਸੰਸਾਰ ਭਰ ਵਿਚ ਵੱਖ–ਵੱਖ ਥਾਵਾਂ ਤੋਂ ਅਦਭੁੱਤ ਵਸਤੂਆਂ ਅਤੇ ਜਾਣਕਾਰੀ ਇਕੱਠੀ ਕੀਤੀ, ਵਿਦੇਸ਼ਾਂ ਵਿਚ ਵਿਦਵਾਨ ਪ੍ਰੀਸ਼ਦਾਂ ਨਾਲ ਪੱਤਰ ਵਿਵਹਾਰ ਕੀਤਾ ਅਤੇ ਫਿਲੋਸੋਫੀਕਲ ਟ੍ਰਾਂਜੈਕਸ਼ਨਸ (1669) ਨਾਂਅ ਦੀ ਪੱਤ੍ਰਿਕਾ ਪ੍ਰਕਾਸ਼ਿਤ ਕੀਤੀ। ਇਹ ਪੱਤ੍ਰਿਕਾ ਵਿਗਿਆਨ ਨਾਲ ਸਬੰਧਿਤ ਨਿਯਮਤ ਰੂਪ ਨਾਲ ਪ੍ਰਕਾਸ਼ਿਤ ਹੋਣ ਵਾਲੀਆਂ ਸ਼ੁਰੂ ਦੀਆਂ ਪੱਤ੍ਰਿਕਾਵਾਂ ਵਿਚੋਂ ਇੱਕ ਸੀ।

**ਅਕਾਦਮੀ ਰਾਇਲ ਦੇਸ਼ ਸਾਇੰਸੇਜ਼–** ਫਰੈਂਚ ਰਾਇਲ ਅਕਾਦਮੀ ਦੀ ਸਥਾਪਨਾ ਲੂਈ ਚੋਦ੍ਹਵੇਂ ਦੁਆਰਾ ਕੋਲਬਰਟ ਦੀ ਅਪੀਲ ’ਤੇ 1665–66 ਨੂੰ ਪੈਰਿਸ ਵਿਚ ਕੀਤੀ ਗਈ। ਫਰੈਂਚ ਰਾਇਲ ਅਕਾਦਮੀ ਦਾ ਸੰਗਠਨ ਇਸ ਤਰ੍ਹਾਂ ਦੀਆਂ ਹੋਰ ਕਈ ਅਕਾਦਮੀਆਂ ਦਾ ਮਾਡਲ ਬਣਿਆ ਜੋ ਜਲਦੀ ਹੀ ਯੂਰਪ ਵਿਚ ਕਈ ਥਾਵਾਂ ’ਤੇ ਸਥਾਪਤ ਕੀਤੀਆਂ ਗਈਆਂ। ਇਨ੍ਹਾਂ ਅਕਾਦਮੀਆਂ ਦੀ ਸਥਾਪਨਾ ਨਾਲ ਇਹ ਸਪੱਸ਼ਟ ਹੋਇਆ ਕਿ ਇਸ ਗੱਲ ਨੂੰ ਜ਼ਿਆਦਾ ਤੋਂ ਜ਼ਿਆਦਾ ਮਹਿਸੂਸ ਕੀਤਾ ਜਾਣ ਲੱਗਾ ਕਿ ਵਿਗਿਆਨਕ ਵਿਕਾਸ ਲਈ ਇਕਠੇ ਯਤਨਾਂ ਦੀ ਲੋੜ ਹੋਵੇਗਾ। ਇਨ੍ਹਾਂ ਸੋਸਾਇਟੀਆਂ ਵਿਚ ਵਿਗਿਆਨਕ ਆਪਸ ਵਿਚ ਮਿਲ ਕੇ ਚਰਚਾ ਕਰਦੇ ਸਨ ਅਤੇ ਆਪਣੇ ਪ੍ਰਯੋਗ ਇੱਕ–ਦੂਜੇ ਨੂੰ ਦਿਖਾਉਂਦੇ ਸਨ। ਇਨ੍ਹਾਂ ਸੋਸਾਇਟੀਆਂ ਅਤੇ ਇਨ੍ਹਾਂ ਦੇ ਪ੍ਰਕਾਸ਼ਨਾਂ ਦੇ ਨਤੀਜੇ ਵਜੋਂ ਵਿਗਿਆਨਕ ਅੰਦੋਲਨ ਵਿਚ ਭਾਗ ਲੈਣ ਵਾਲੇ ਲੋਕਾਂ ਦੀ ਗਿਣਤੀ ਵਧ ਗਈ। ਇਨ੍ਹਾਂ ਸੰਸਥਾਵਾਂ ਵਿਚ ਲੋਕਾਂ ਨੂੰ ਮਿਲ ਕੇ ਚਰਚਾ ਕਰਨ ਅਤੇ ਰਲੇਮਿਲੇ ਪ੍ਰਯੋਗ ਕਰਨ ਦਾ ਮੌਕਾ ਮਿਲਿਆ। ਇਸ ਤਰ੍ਹਾਂ ਪੈਰਿਸ ਵਿਚ ਹੋਈਆਂ ਉਪਲੱਬਧੀਆਂ ਦੀ ਚਰਚਾ ਲੰਦਨ ਵਿਚ ਅਤੇ ਲੰਦਨ ਵਿਚ ਮਿਲੀਆਂ ਸਫ਼ਲਤਾਵਾਂ

ਨੋਟ

ਦੀ ਚਰਚਾ ਪੈਰਿਸ ਵਿਚ ਹੋਣ ਲੱਗੀ। ਇਨ੍ਹਾਂ ਸੰਸਥਾਵਾਂ ਦੇ ਪ੍ਰਕਾਸ਼ਨਾਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਨਛੱਤਰਾਂ ਤੋਂ ਲੈ ਕੇ ਕੀਟਾਣੂਆਂ ਤੱਕ– ਕੁਦਰਤ ਦੇ ਲਗਭਗ ਸਾਰੇ ਪੱਖਾਂ 'ਤੇ– ਚਰਚਾ ਹੁੰਦੀ ਸੀ। ਖਾਸ ਧਿਆਨ ਖਗੋਲਸ਼ਾਸਤਰ ਵੱਲ ਦਿੱਤਾ ਗਿਆ।

ਟਾਸਕ ਦੇਕਾਰਤ ਨੇ ਵਿਸ਼ਵ ਦੇ ਕਿਹੜੇ ਦੋ ਭਾਗ ਕੀਤੇ ?

**ਬਾਇਲ ਅਤੇ ਹੁਕ–** ਰਾਬਰਟ ਬਾਇਲ (1627–1691) ਰਾਇਲ ਸੋਸਾਇਟੀ ਦੇ ਸੰਸਥਾਪਕਾਂ ਵਿਚੋਂ ਸੀ। ਉਸਨੇ ਨਿਰਵਾਤ ਅਤੇ ਗੈਸੀ ਨਿਯਮਾਂ ਬਾਰੇ ਕੰਮ ਕੀਤਾ ਜਿਸ ਦੇ ਨਤੀਜੇ ਵਜੋਂ ਅਗਲੀ ਸ਼ਤਾਬਦੀ ਵਿਚ ਭਾਫ਼ ਦੇ ਇੰਜਣ ਦੀ ਖੋਜ ਹੋਈ। ਰਾਬਰਟ ਹੁਕ (1635–1703) ਬਾਇਲ ਦਾ ਸਮਕਾਲੀ ਅਤੇ ਸਹਿਕਰਮੀ ਸੀ। ਉਹ ਰਾਇਲ ਸੋਸਾਇਟੀ ਵਿਚ ਪ੍ਰਯੋਗ ਪ੍ਰਬੰਧਕ ਦੇ ਅਹੁਦੇ 'ਤੇ ਨਿਯੁਕਤ ਸੀ। ਉਨ੍ਹਾਂ ਪ੍ਰਤਅਸਥਾ ਦਾ ਅਧਿਐਨ ਕੀਤਾ ਅਤੇ ਇਸ ਨਿਯਮ ਦੀ ਖੋਜ ਕੀਤੀ ਕਿ ਵਿਸਥਾਰ ਬਲ ਦਾ ਸਮਾਨੁਪਾਤੀ ਹੁੰਦਾ ਹੈ। ਇਹ ਭੌਤਿਕੀ ਦਾ ਸਭ ਤੋਂ ਛੋਟਾ ਨਿਯਮ ਹੈ ਅਤੇ 'ਹੱਕ ਦਾ ਨਿਯਮ' ਸਦਾਉਂਦਾ ਹੈ। ਉਸਨੇ ਸੰਤੁਲਨ–ਚੱਕਰ ਦੀ ਕਾਢ ਕੱਢੀ ਜਿਸ ਦੀ ਵਰਤੋਂ ਨਾਲ ਸਹੀ ਸਮਾਂ ਦੱਸਣ ਵਾਲੀਆਂ ਘੜੀਆਂ ਅਤੇ ਕ੍ਰੋਨੋਮੀਟਰ ਦਾ ਬਣਾਉਣਾ ਸੰਭਵ ਹੋ ਸਕਿਆ। ਉਨੇ ਮਾਈਕ੍ਰੋਗ੍ਰਾਫੀਆ ਨਾਮੀ ਕਿਤਾਬ ਦੀ ਰਚਨਾ ਕੀਤੀ ਜਿਸ ਵਿਚ ਕੋਸ਼ਿਕਾਵਾਂ ਸਮੇਤ ਸੂਖਮਦਰਸ਼ੀ ਵਿਸ਼ਵ ਦਾ ਸਭ ਤੋਂ ਪਹਿਲਾ ਕ੍ਰਮਬੱਧ ਵੇਰਵਾ ਪੇਸ਼ ਕੀਤਾ ਗਿਆ।

ਸਤਾਰਵੀ ਸ਼ਤਾਬਦੀ ਦੇ ਮੱਧ ਤੱਕ ਕੋਪਰਨਿਕਸ, ਗੈਲੀਲੀਓ ਅਤੇ ਹਾਰਵੇ ਦੇ ਸਿਧਾਂਤ ਪੱਛਮੀ ਯੂਰਪ ਦੇ ਵਿਦਵਾਨਾ ਵਿਚ ਕਾਫ਼ੀ ਹੱਦ ਤੱਕ ਸਰਵਮਾਨਿਆ ਹੋ ਗਏ ਸਨ। ਸਤਾਰਵੀ ਸ਼ਤਾਬਦੀ ਦੇ ਅੱਧੋਂ ਬਾਅਦ ਵਿਗਿਆਨ ਦੀਆਂ ਵੱਖ–ਵੱਖ ਸ਼ਾਖਾਵਾਂ ਵਿਚ ਉਨ੍ਹਾਂ ਨੂੰ ਉਪਲੱਬਧੀਆਂ ਹੋਈਆਂ ਪਰ ਸਭ ਦੀ ਦਿਲਚਸਪੀ ਦਾ ਕੇਂਦਰਬਿੰਦੂ ਹਾਲੇ ਵੀ ਇੱਕ ਅਜਿਹੀ ਆਮ ਪ੍ਰਣਾਲੀ ਬਣੀ ਹੋਈ ਸੀ ਜੋ ਗ੍ਰਹਿ ਗਤੀ ਦੀ ਵਿਆਖਿਆ ਕਰ ਸਕੇਗੀ। ਗੈਲੀਲੀਓ, ਕੈਪਲਰ, ਦੇਕਾਰਤ, ਹੁਕ, ਹਿਗਿਨੀ, ਹੈਲੀ ਅਤੇ ਰੇਨ ਵਰਗੇ ਅਨੇਕਾਂ ਖਗੋਲ ਮਾਹਿਰ ਅਤੇ ਗਣਿਤ ਮਾਹਿਰ ਇਸੇ ਸਮੱਸਿਆ ਦੇ ਹੱਲ ਦੀ ਭਾਲ ਵਿਚ ਲੱਗੇ ਰਹੇ। ਇਸ ਦੀ ਪੁਸ਼ਟੀ ਨਿਊਟਲ ਦੇ ਪ੍ਰਿੰਸੀਪੀਆ ਮੈਥੇਮੇਟੀਸ਼ੀਆ (1685) ਨਾਮਕ ਪ੍ਰਕਾਸ਼ਨ ਵਿਚ ਹੋਈ ਜਿਸ ਵਿਚ ਗੁਰਤਾਕਰਸ਼ਨ ਦੇ ਸਿਧਾਂਤ ਨੂੰ ਲਿਖਿਆ ਅਤੇ ਪ੍ਰਮਾਣਿਤ ਕੀਤਾ ਗਿਆ। ਇਸ ਯੁੱਗ ਬਦਲਾਅ ਕੰਮ ਵਿਚ ਉਸਨੇ ਭੌਤਿਕ ਅਤੇ ਖਗੋਲ ਸ਼ਾਸਤਰ ਦੇ ਸਾਰੇ ਆਪਣੇ ਤੋਂ ਪਹਿਲੇ ਖੋਜਕਾਰਾਂ ਨੂੰ ਸ਼ਾਮਲ ਕੀਤਾ ਅਤੇ ਅਗਲੇ 200 ਸਾਲਾਂ ਲਈ ਵਿਗਿਆਨਕ ਖੋਜ ਦੇ ਮਾਪਦੰਡ ਸਥਾਪਤ ਕੀਤੇ ਅਤੇ ਦਿਸ਼ਾ–ਨਿਰਦੇਸ਼ ਦਿੱਤੇ।

**ਆਈਜਕ ਨਿਊਟਨ (1642–1727)–** ਵਿਗਿਆਨ ਦੇ ਵਿਕਾਸ ਵਿਚ ਨਿਊਟਨ ਦਾ ਯੋਗਦਾਨ ਇਹ ਸੀ ਕਿ ਉਸਨੇ ਇੱਕ ਅਜਿਹੀ ਗਣਿੱਤੀਯ ਪ੍ਰਣਾਲੀ ਦੀ ਖੋਜ ਕੀਤੀ ਜਿਸ ਦੁਆਰਾ ਭੌਤਿਕੀ ਸਿਧਾਂਤਾਂ ਨੂੰ ਪਰਿਮਾਣਾਤਮਕ ਰੂਪ ਨਾਲ ਕਲਪਨੀ ਅਜਿਹੇ ਨਤੀਜਿਆਂ ਵਿਚ ਬਦਲਿਆ ਜਾ ਸਕਦਾ ਸੀ ਜਿਨ੍ਹਾਂ ਨੂੰ ਪ੍ਰੀਖਣ ਦੁਆਰਾ ਪੁਸ਼ਟੀ ਕੀਤੀ ਜਾ ਸਕਦੀ ਸੀ ਅਤੇ ਇਸਦੇ ਉਲਟ ਉਨ੍ਹਾਂ ਪ੍ਰੀਖਣਾਂ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਭੌਤਿਕੀ ਸਿਧਾਂਤਾਂ ਵਿਚ ਬਦਲਿਆ ਜਾ ਸਕਦਾ ਸੀ। ਇਸ ਲਈ ਉਨ੍ਹਾਂ ਅਤਿਅਣੂ–ਕਲਨ (infinitesimal calculus) ਦੀ ਗਣਿੱਤੀ ਪ੍ਰਣਾਲੀ ਦਾ ਸਹਾਰਾ ਲਿਆ। ਇਸ ਵਿਧੀ ਦੀ ਵਰਤੋਂ ਕਰਕੇ ਕਿਸੇ ਵੀ ਸਮੇਂ ਕਿਸੇ ਵੀ ਵਸਤੂ ਦੀ ਸਥਿਤੀ ਨੂੰ ਕਿਸੇ ਹੋਰ ਸਮੇਂ 'ਤੇ ਉਸ ਵਸਤੂ ਦੀ ਸਥਿਤੀ ਅਤੇ ਉਸਦੇ ਵੇਗ ਜਾਂ ਵੇਗ ਬਦਲਾਅ ਦੀ ਦਰ ਦੇ ਪਾਰਸਪਰਿਕ ਸਬੰਧਾਂ ਦੀ ਜਾਣਕਾਰੀ ਹੋਣ ਨਾਲ ਪਤਾ ਕੀਤਾ ਜਾ ਸਕਦਾ ਸੀ। 'ਬਲ ਦਾ ਨਿਯਮ' ਪਤਾ ਹੋਣ 'ਤੇ ਉਸ ਵਸਤੂ ਦੇ ਰਸਤੇ ਦੀ ਗਿਣਤੀ ਕੀਤੀ ਜਾ ਸਕਦੀ ਹੈ। ਜਿਸ ਰੂਪ ਵਿਚ ਨਿਊਟਨ ਨੇ ਕਲਨ ਦਾ ਵਿਕਾਸ ਕੀਤਾ ਉਸ ਰੂਪ ਵਿਚ ਉਸਦੀ ਵਰਤੋਂ ਅਨੇਕਾਂ ਯਾਂਤ੍ਰਿਕ ਅਤੇ ਦ੍ਰਵਗਤੀਯ ਸਮੱਸਿਆਵਾਂ ਦਾ ਹੱਲ ਕਰਨ ਵਿਚ ਕੀਤੀ ਜਾ ਸਕਦੀ ਸੀ ਅਤੇ ਨਿਊਟਨ ਨੇ ਇਸ ਦਿਸ਼ਾ ਵਿਚ ਉਸਦੀ ਵਰਤੋਂ ਕੀਤੀ ਵੀ।

**ਪ੍ਰਿੰਸੀਪੀਆ ਮੈਥੇਮੈਟੀਸੀਆ** ਵਿਚ ਗ੍ਰਹਿ–ਗਤੀਆਂ ਦਾ ਨਿਊਟਨ ਦੁਆਰਾ ਸੁਝਾਇਆ ਗਿਆ ਹੱਲ ਦਿੱਤਾ ਗਿਆ ਸੀ। ਉਸਦਾ ਮੂਲ ਉਦੇਸ਼ ਇਹ ਦਿਖਾਉਣਾ ਸੀ ਕਿ ਗੁਰਤਾਕਰਸ਼ਣ ਕਿਸ ਤਰ੍ਹਾਂ ਵਿਸ਼ਵ–ਨਿਕਾਏ ਦੀ ਹੋਂਦ ਨੂੰ ਕਾਇਮ ਰੱਖ ਸਕਦਾ ਹੈ। ਨਿਊਟਨ ਦੀ ਵਿਆਖਿਆ ਦੇ ਨਤੀਜੇ ਵਜੋਂ ਧਰਤੀ ਅਤੇ ਅਸਮਾਨ ਦੇ ਸਾਰੇ ਜਾਣੇ–ਅਣਜਾਣੇ ਤੱਕ ਇੱਕ ਏਕੀਭੂਤ ਨਿਕਾਏ ਦਾ ਅੰਗ ਬਣ ਗਏ। ਇਸ ਨਿਕਾਏ ਦੇ ਸਾਰੇ ਸਾਧਨ ਉਨ੍ਹਾਂ ਕੁਝ ਇੱਕ ਭੌਤਿਕ ਸਿਧਾਂਤਾਂ 'ਤੇ ਪੂਰੀ ਤਰ੍ਹਾਂ ਆਧਾਰਿਤ ਸਨ ਜਿਨ੍ਹਾਂ ਨੂੰ ਸਵੈ–ਸਿੱਧੀਆਂ ਮੰਨਿਆ ਗਿਆ ਸੀ। ਨਿਊਟਨ ਨੇ ਭੌਤਿਕ ਗਿਆਨ ਦਾ ਜੋ ਸਾਰ ਪੇਸ਼ ਕੀਤੀ ਉਸ ਤੋਂ ਇਹ ਸਾਬਤ ਹੋ ਗਿਆ ਕਿ ਵਿਸ਼ਵ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਨਾਲ ਸਮਝੀ ਜਾ ਸਕਦੀ ਹੈ, ਬੇਸ਼ੱਕ ਹੀ ਉਸਦੇ ਗਣਿੱਤੀਯ ਸਿਧਾਂਤਾਂ ਨੂੰ ਸਪੱਸ਼ਟ ਕਰਨ ਲਈ ਮੁਹੱਈਆ ਪ੍ਰਯੋਗ ਇੱਕ ਛੋਟੇ ਜਿਹੇ ਗ੍ਰਹਿ 'ਤੇ ਕੀਤੇ ਗਏ ਹੋਣ।

ਨਿਊਟਨ ਦਾ 'ਗੁਰਤਾਕਰਸ਼ਣ ਦਾ ਸਿਧਾਂਤ' ਅਤੇ ਖਗੋਲ–ਸ਼ਾਸਤਰ ਦੇ ਖੇਤਰ ਵਿਚ ਉਸ ਦੁਆਰਾ ਕੀਤਾ ਗਿਆ ਯੋਗਦਾਨ ਅਰਸਤੂ ਦੁਆਰਾ ਪੇਸ਼ ਵਿਸ਼ਵ ਸੰਬੰਧੀ ਚਿੱਤਰ ਦੇ ਉਸ ਬਦਲਾਅ ਦਾ ਆਖ਼ਰੀ ਗੇੜ ਸੀ ਜੋ ਕੋਪਰਨਿਕਸ ਦੁਆਰਾ ਸ਼ੁਰੂ ਕੀਤਾ ਜਾ ਚੁੱਕਾ ਸੀ। ਗ੍ਰਹਿ–ਨਛੱਤਰਾਂ ਦੀ ਅਜਿਹੀ ਕਲਪਨਾ, ਜਿਸ ਵਿਚ ਉਨ੍ਹਾਂ ਦਾ ਸੰਚਾਲਨ ਈਸ਼ਵਰ ਜਾਂ ਦੇਵਦੂਤਾਂ ਦੁਆਰਾ ਕੀਤਾ ਜਾਂਦਾ ਸੀ, ਬਦਲ ਗਈ। ਉਸਦੀ ਥਾਂ 'ਤੇ ਨਿਊਟਨ ਨੇ ਇਹ ਸਥਾਪਤ ਕੀਤਾ ਕਿ ਵਿਸ਼ਵ ਦਾ ਸੰਚਾਲਨ ਇੱਕ ਸਰਲ ਕੁਦਰਤੀ ਨਿਯਮ ਦੇ ਅਨੁਸਾਰ ਹੁੰਦਾ ਹੈ ਜਿਸ ਲਈ ਬਲਾਂ ਦੇ ਲਗਾਤਾਰ ਪ੍ਰਯੋਗ ਦੀ ਲੋੜ ਨਹੀਂ ਹੈ। ਈਸ਼ਵਰੀ ਦਖ਼ਲਅੰਦਾਜੀ ਦੀ ਲੋੜ ਸਿਰਫ਼ ਇਸਦੇ ਸਿਰਜਣ ਅਤੇ ਉਸਦੀ ਗਤੀ ਨੂੰ ਸ਼ੁਰੂ ਕਰਨ ਵਿਚ ਹੁੰਦੀ ਹੈ। ਨਿਊਟਨ ਦੀ ਵਿਸ਼ਵ ਪ੍ਰਣਾਲੀ ਵਿਚ ਈਸ਼ਵਰ ਦਾ ਉਹੀ ਸਥਾਨ ਸੀ ਜੋ ਇੱਕ ਸੰਵਿਧਾਨਕ ਰਾਜਾ ਦਾ ਹੁੰਦਾ ਹੈ।

ਨਿਊਟਨ ਨੇ ਸਿਰਫ਼ ਭੌਤਿਕ ਵਿਗਿਆਨ ਵਿਚ ਵਿਸ਼ੇਸ਼ ਸੋਧ ਕਰਕੇ ਹੀ ਆਪਣੇ ਯੁੱਗ ਨੂੰ ਪ੍ਰਭਾਵਿਤ ਨਹੀਂ ਕੀਤਾ ਸਗੋਂ ਉਸਦਾ ਕੰਮ ਇਸ ਗੱਲ ਦਾ ਉਦਾਹਰਨ ਵੀ ਬਣਿਆ ਕਿ ਗਿਆਨ ਦੇ ਹਰੇਕ ਖੇਤਰ ਵਿਚ ਸਹੀ ਖੋਜ ਕਿਵੇਂ ਕੀਤੀ ਜਾਵੇ। ਨਿਊਟਨ ਦੀ ਕਾਰਜਪ੍ਰਣਾਲੀ ਇਹ ਸੀ ਕਿ ਹਰੇਕ ਪਰਿਘਟਨਾ ਦੇ ਅੰਤਰਭੂਤ ਸਿਧਾਂਤਾਂ ਦਾ ਵਿਸ਼ਲੇਸ਼ਣ ਦੁਆਰਾ ਪਤਾ ਲਾਇਆ ਜਾਵੇ ਉਨ੍ਹਾਂ ਦੇ ਨਤੀਜਿਆਂ ਦੀ

ਨੋਟ

ਗਣਿੱਤੀਯ ਵਿਆਖਿਆ ਕੀਤੀ ਜਾਵੇ, ਅਤੇ ਅੰਤ ਵਿਚ ਪ੍ਰੀਖਣ ਅਤੇ ਪ੍ਰਯੋਗ ਦੇ ਆਧਾਰ 'ਤੇ ਉਨ੍ਹਾਂ ਦੀ ਜਾਇਜ਼ਤਾ ਸਾਬਤ ਕੀਤੀ ਜਾਵੇ ਇਹੀ ਪ੍ਰਾਯੋਗਿਕ-ਗਣਿੱਤੀਯ ਵਿਧੀ ਆਧੁਨਿਕ ਵਿਗਿਆਨ ਦੀ ਨੀਂਹ ਹੈ।

ਨਿਊਟਨ ਦੁਆਰਾ ਪੇਸ਼ ਵਿਸ਼ਵ ਦੇ ਪ੍ਰਤੀਰੂਪ ਅਤੇ ਉਸਦੀ ਕਾਰਜਪ੍ਰਣਾਲੀ ਨੇ ਗਿਆਨ ਦੀ ਹਰੇਕ ਸ਼ਾਖਾ ਨੂੰ ਪ੍ਰਭਾਵਿਤ ਕੀਤਾ। ਅਠਾਰਵੀਂ ਸ਼ਤਾਬਦੀ ਦੇ ਕੁਦਰਤੀ ਅਤੇ ਸਮਾਜਿਕ ਵਿਗਿਆਨਕ ਵੀ ਨਿਊਟਨ ਦੀਆਂ ਤਾਰਕਿਕ ਧਾਰਨਾਵਾਂ ਅਤੇ ਉਸਦੇ ਇਸ ਵਿਸਵਾਸ ਨਾਲ ਸਹਿਮਤ ਸਨ ਕਿ ਵਿਗਿਆਨਕ ਵਿਧੀ ਦੁਆਰਾ ਵਿਸ਼ਵ ਦੇ ਰਹੱਸਾਂ ਨੂੰ ਸੁਲਝਾਇਆ ਜਾ ਸਕਦਾ ਹੈ।

ਕੁਦਰਤ ਅਤੇ ਉਸਦੇ ਨਿਯਮ ਛਿਪੇ ਸਨ ਹਨ੍ਹੇਰੀ ਰਾਤ ਵਿਚ।
ਰਬ ਨੇ ਨਿਊਟਨ ਨੂੰ ਭੇਜਿਆ, ਫੈਲਿਆ ਪ੍ਰਕਾਸ਼ ਦਿਗੰਤ ਵਿਚ॥

## 26.6 ਸਾਰਾਂਸ਼ (Summary)

ਹਾਰਵੇ ਦੀ ਖੋਜ ਦਾ ਪ੍ਰਾਚੀਨ ਸ਼ਰੀਰਕਿਰਿਆ-ਸ਼ਾਸਤਰ 'ਤੇ, ਜਿਸਦਾ ਸਿਹਰਾ ਹਾਲੇ ਤੱਕ ਗੇਲੈਨ ਨੂੰ ਹੀ ਸੀ, ਉਸੇ ਵਾਂਗ ਹੀ ਕ੍ਰਾਂਤੀਕਾਰੀ ਅਸਰ ਪਿਆ ਜਿਸ ਤਰ੍ਹਾਂ ਗੈਲੀਲੀਓ ਅਤੇ ਕੈਪਲਰ ਦੀਆਂ ਖੋਜਾਂ ਦਾ ਪਲੇਟੋ ਅਤੇ ਅਰਸਤੂ ਦੁਆਰਾ ਲਿਖੇ ਖਗੋਲਸ਼ਾਸਤਰ 'ਛੇ ਪਿਆ ਸੀ। ਉਸਨੇ ਇਹ ਦੱਸਿਆ ਕਿ ਸਰੀਰ ਇੱਕ ਦ੍ਰਵ-ਚਾਲਿਤ ਮਸ਼ੀਨ ਵਾਂਗ ਹੈ ਅਤੇ ਉਸ ਵਿਚ ਰਹੱਸਮਈ ਆਤਮਾ ਦਾ ਕੋਈ ਨਿਵਾਸ ਨਹੀਂ ਹੈ। ਉਸਦੀ ਨਜ਼ਰ ਵਿਚ ਦਿਲ ਦਾ ਸਰੀਰ ਵਿਚ ਉਹੋ ਜਿਹਾ ਹੀ ਮੁੱਖ ਸਥਾਨ ਹੈ ਜਿਵੇਂ ਕਿ ਸੂਰਜ ਦਾ ਵਿਸ਼ਵ ਵਿਚ। ਹਾਰਵੇ ਦੀਆਂ ਖੋਜਾਂ ਦਾ ਚਿਕਿਤਸਾਸ਼ਾਸਤਰ 'ਤੇ ਕੋਈ ਤੱਤਕਾਲੀ ਅਸਰ ਨਹੀਂ ਪਿਆ ਫਿਰ ਵੀ ਉਨ੍ਹਾਂ ਨਾਲ ਇੱਕ ਤਰਕਸੰਗਤ ਸਰੀਰ-ਵਿਗਿਆਨ ਦੀ ਨੀਂਹ ਜ਼ਰੂਰ ਪਈ।

## 26.7 ਸ਼ਬਦਕੋਸ਼ (Keywords)

1. **ਮੁੜ ਜਾਗਰਣ** (Renaissance)– ਨਵੀਂ ਚੇਤਨਾ।
2. **ਦਰਸ਼ਨ** (Vision)– ਭਵਿੱਖ ਬਾਰੇ ਕਲਪਨਾ ਕੀਤੀ ਗਈ ਯੋਜਨਾ।

## 26.8 ਅਭਿਆਸ ਪ੍ਰਸ਼ਨ (Review Questions)

1. ਮੁੜ ਜਾਗਰਣ ਤੋਂ ਪਹਿਲਾਂ ਦੀ ਸਥਿਤੀ ਦਾ ਵਰਣਨ ਕਰੋ।
2. 'ਮੁੜ ਜਾਗਰਣ ਕਾਲ ਵਿਚ ਵਿਗਿਆਨ' 'ਤੇ ਆਪਣੇ ਵਿਚਾਰ ਲਿਖੋ।
3. ਗੈਲੀਲੀਓ ਬਾਰੇ ਤੁਸੀਂ ਕੀ ਜਾਣਦੇ ਹੋ ? ਵਰਣਨ ਕਰੋ।
4. ਵਿਗਿਆਨ ਦੇ ਵਿਕਾਸ ਵਿਚ ਨਿਊਟਨ ਦਾ ਕੀ ਯੋਗਦਾਨ ਸੀ ? ਸਪੱਸ਼ਟ ਕਰੋ।

## ਉੱਤਰ : ਸਵ-ਮੁਲਾਂਕਣ (Answer: Self Assessment)

1. (ੳ) 1600
2. (ਅ) 1572
3. (ੲ) 1596

## 26.9 ਸੰਦਰਭ ਪੁਸਤਕਾਂ (Further Readings)

ਬੁਕਸ

1. ਆਧੁਨਿਕ ਵਿਸ਼ਵ ਦਾ ਇਤਿਹਾਸ- ਐਮ.ਐਸ.ਤਿਆਗੀ, ਰਜਨੀ ਤਿਆਗੀ- ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਰਾਜੇਸ਼ ਕੁਮਾਰ- ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਧਨਪਤੀ ਪਾਂਡੇ- ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਦੀਨਾਨਾਥ ਵਰਮਾ- ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਓਰਿਐਂਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ- ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-27: ਆਧੁਨਿਕ ਯੁੱਧ
# (Modern Warfare)

**ਵਿਸ਼ੇ ਵਸਤੂ (Contents)**


ਉਦੇਸ਼ (Objectives)
ਪ੍ਰਸਤਾਵਨਾ (Introduction)
27.1 ਮੁੜ ਯੁੱਧ ਦੀਆਂ ਲਪਟਾਂ ਵਿਚ (Relapse into War)
27.2 ਸਪੇਨ ਦਾ ਗ੍ਰਹਿ-ਯੁੱਧ (Spanish Civil War)
27.3 ਰਾਸ਼ਟਰਾਂ ਦੀ ਮੁਕਾਬਲੇਬਾਜ ਗੁੱਟਬੰਦੀ (Rival Grouping of the Powers)
27.4 ਜਰਮਨੀ ਦੁਆਰਾ ਹਮਲੇ ਦੀ ਸ਼ੁਰੂਆਤ (Germany Begins Aggression)
27.5 ਯੁੱਧ ਦੀ ਸ਼ੁਰੂਆਤ (Outbreak of War)
27.6 ਸਾਰਾਂਸ਼ (Summary)
27.7 ਸ਼ਬਦਕੋਸ਼ (Keywords)
27.8 ਅਭਿਆਸ ਪ੍ਰਸ਼ਨ (Review Questions)
27.9 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਯੂਰਪ ਦੀਆਂ ਮੁੱਖ ਸ਼ਕਤੀਆਂ-ਇੰਗਲੈਂਡ, ਫਰਾਂਸ, ਜਰਮਨੀ, ਆਸਟ੍ਰੀਆ, ਰੂਸ ਆਦਿ ਨੂੰ ਜਾਣਨ ਵਿਚ।
- ਸਪੇਨ ਦਾ ਗ੍ਰਹਿਯੁੱਧ ਜਾਣਨ ਵਿਚ।
- ਜਰਮਨਾਂ ਦੁਆਰਾ ਹਮਲੇ ਦੀ ਸ਼ੁਰੂਆਤ ਜਾਣਨ ਵਿਚ।

## ਪ੍ਰਸਤਾਵਨਾ (Introduction)

ਉਨਵੀਂ ਸ਼ਤਾਬਦੀ ਦੀ ਇੱਕ ਵੱਡੀ ਖਾਸੀਅਤ ਰਾਸ਼ਟਰੀਅਤਾ ਦੀ ਭਾਵਨਾ ਦਾ ਪ੍ਰਸਾਰ ਸੀ। ਇਸ ਦਾ ਪ੍ਰਭਾਵ ਵੱਖ-ਵੱਖ ਦੇਸ਼ਾਂ ਦੇ ਅੰਦਰੂਨੀ ਵਿਕਾਸ 'ਤੇ ਹੀ ਨਹੀਂ ਸਗੋਂ ਵੱਖ-ਵੱਖ ਦੇਸ਼ਾਂ ਦੇ ਦੁਵੱਲੇ ਸੰਬੰਧਾਂ 'ਤੇ ਵੀ ਪਿਆ, ਇਸ ਕਾਰਨ ਆਸਟ੍ਰੀਆ ਅਤੇ ਤੁਰਕੀ ਵਰਗੇ ਬਹੁ-ਰਾਸ਼ਟਰੀ ਜਾਂ ਬਹੁ-ਜਾਤੀ ਸਾਮਰਾਜਾਂ ਲਈ ਖ਼ਤਰਨਾਂਕ ਸਥਿਤੀ ਪੈਦਾ ਹੋ ਗਈ, ਉਨ੍ਹਾਂ ਦੀ ਹੋਂਦ ਸੰਕਟਗ੍ਰਸਤ ਹੋ ਗਈ। ਇਨ੍ਹਾਂ 'ਚ ਵੱਸਣ ਵਾਲੀਆਂ ਜਾਤੀਆਂ ਆਪਣੇ ਅਧਿਕਾਰਾਂ ਦੀ ਅਤੇ ਆਖਰ ਆਪਣੀ ਆਜ਼ਾਦੀ ਦੀ ਮੰਗ ਕਰਨ ਲੱਗੀਆਂ। ਇਹ ਜਾਤੀਆਂ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਹੋਰ ਦੇਸ਼ਾਂ ਤੋਂ ਸਹਾਇਤਾ ਦੀ ਉਮੀਦ ਕਰਦੀਆਂ ਸਨ ਅਤੇ ਇਹ ਦੇਸ਼ ਉਨ੍ਹਾਂ ਦੀ ਸਹਾਇਤਾ ਕਰਨ ਨੂੰ ਤਿਆਰ ਰਹਿੰਦੇ ਸਨ। ਆਸਟ੍ਰੀਆ-ਹੰਗਰੀ ਅਤੇ ਤੁਰਕੀ ਸਾਮਰਾਜਾਂ ਦੇ ਘੱਟ-ਗਿਣਤੀ ਸਲਾਵ ਲੋਕ ਰੂਸ ਤੋਂ ਸਹਾਇਤਾ ਦੀ ਉਮੀਦ ਕਰਦੇ ਸਨ ਅਤੇ ਰੂਸ ਵਿਚ ਸ਼ਕਤੀਸ਼ਾਲੀ ਸਰਵ-ਸਲਾਵਵਾਦੀ ਅੰਦੋਲਨ ਮੌਜੂਦ ਸੀ ਜਿਸ ਨੂੰ ਮੱਧ ਵਰਗ ਅਤੇ ਸਰਕਾਰੀ ਅਧਿਕਾਰੀਆਂ ਦਾ ਸਮਰੱਥਨ ਪ੍ਰਾਪਤ ਸੀ। ਇਹ ਆਸਟ੍ਰੀਆ-ਹੰਗਰੀ ਅਤੇ ਰੂਸ ਵਿਚਾਲੇ ਤਨਾਓ ਦਾ ਮੁੱਖ ਕਾਰਨ ਬਣਿਆ।

ਉਨ੍ਹਵੀਂ ਸ਼ਤਾਬਦੀ ਦੇ ਅੱਧੋਂ ਬਾਅਦ ਅਤੇ ਵੀਹਵੀਂ ਸ਼ਤਾਬਦੀ ਦੇ ਅੱਧੋਂ ਪਹਿਲਾਂ (ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ) ਜਰਮਨੀ ਕੂਟਨੀਤੀ 'ਤੇ ਛਾਇਆ ਰਿਹਾ। ਯੂਰਪੀ ਰਾਜਨੀਤੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਰਾਸ਼ਟਰੀਅਤਾ ਦੀ ਭਾਵਨਾਂ ਦੇ ਪ੍ਰਸਾਰ ਕਾਰਨ ਪੈਦਾ ਹੋਈਆਂ। ਉਂਨ੍ਹਵੀਂ ਸ਼ਤਾਬਦੀ ਦੇ ਅੰਤ ਦੇ ਦੋ ਦਹਾਕਿਆਂ ਵਿਚ ਸਾਮਰਾਜਵਾਦ ਦੇ ਉਦੈ ਨੇ ਅੰਤਰਰਾਸ਼ਟਰੀ ਸਬੰਧਾਂ ਵਿਚ ਡੂੰਘੇ ਮੁਕਾਬਲੇ ਨੂੰ ਜਨਮ ਦਿੱਤਾ ਅਤੇ ਅਜਿਹਾ ਵਾਤਾਵਰਨ ਤਿਆਰ ਕਰਨ ਵਿਚ ਮੱਦਦ ਕੀਤੀ ਜਿਸ ਵਿਚ ਯੁੱਧ ਦੀ ਸੰਭਾਵਨਾ ਸੀ। 1908 ਤੋਂ 1914 ਵਿਚਾਲੇ ਯੂਰਪ ਵਿਚ ਘਟੇ ਘਟਨਾਕ੍ਰਮਾਂ (ਬੋਸਨ੍ਹੀਆ ਸੰਕਟ, ਯੁਵਾ-ਤੁਰਕ ਕ੍ਰਾਂਤੀ, ਬੁਲਗਾਰੀਆ ਵੱਲੋਂ ਅਜ਼ਾਦੀ ਦਾ ਐਲਾਨ) ਬਾਲਕਨ ਯੁੱਧਾਂ ਆਦਿ ਨੇ ਇੱਕ ਲੰਮੇ ਉਥਲ-ਪੁਥਲ ਵਾਲੇ ਅਤੇ ਅਤਿਅੰਤ ਔਖੇ ਯੂਰਪੀ ਕੂਟਨੀਤਿਕ ਸੰਕਟ ਨੂੰ ਪੈਦਾ ਕਰਨ ਵਿਚ

ਨੋਟ

ਯੋਗਦਾਨ ਕੀਤਾ, ਜਿਸ ਵਿਚ ਸਾਡੇ ਵੱਡੇ ਦੇਸ਼ ਮਹਾਂਸ਼ਕਤੀਆਂ (ਇੰਗਲੈਂਡ, ਫਰਾਂਸ, ਰੂਸ, ਆਸਟ੍ਰੀਆ,ਹੰਗਰੀ, ਜਰਮਨੀ ਆਦਿ) ਵਿਸਤ੍ਰਿਤ ਕੂਟਨੀਤਿਕ ਵਿਵਾਦਾਂ ਵਿਚ ਉਲਝਦੀਆਂ ਚਲੀ ਗਈਆਂ ਅਤੇ ਮਹਾਂਯੁੱਧ ਵਿਚ ਉੱਤਰਨਾ ਉਨ੍ਹਾਂ ਦੀ ਮਜ਼ਬੂਰੀ ਬਣ ਗਈ।

ਯੂਰਪ ਦੀਆਂ ਮੁੱਖ ਸ਼ਕਤੀਆਂ ਇੰਗਲੈਂਡ, ਫਰਾਂਸ, ਜਰਮਨੀ, ਆਸਟ੍ਰੀਆ, ਰੂਸ ਆਦਿ ਨੇ ਸ਼ਕਤੀ-ਸੰਤੁਲਨ ਦੇ ਸਿਧਾਂਤ ਨੂੰ ਆਪਣੀਆਂ ਵਿਦੇਸ਼ੀ ਨੀਤੀਆਂ ਦਾ ਆਧਾਰ ਬਣਾਇਆ ਹੋਇਆ ਸੀ। ਇਸ ਦੇ ਨਤੀਜੇ ਵਜੋਂ ਗੁੱਟਬੰਦੀ ਦਾ ਰਾਹ ਪੱਧਰਾ ਹੋਣ ਲੱਗਾ। ਉੱਨ੍ਹਵੀਂ ਸ਼ਤਾਬਦੀ ਦੇ ਅੰਤ ਅਤੇ ਵੀਹਵੀਂ ਸ਼ਤਾਬਦੀ ਦੇ ਸ਼ੁਰੂ ਵਿਚ ਯੂਰਪ ਦੋ ਪਰਸਪਰ ਵਿਰੋਧੀ ਗੁੱਟਾਂ ਵਿਚ ਵੰਡਿਆ ਗਿਆ ਸੀ। ਇਸ ਗੁੱਟਬੰਦੀ ਵਿਚ ਫਰਾਂਸ ਅਤੇ ਰੂਸ ਅਤੇ ਇੰਗਲੈਂਡ ਇੱਕ ਗੁੱਟ ਵਿਚ, ਜਰਮਨੀ ਅਤੇ ਆਸਟ੍ਰੀਆ ਦੂਜੇ ਗੁੱਟ ਵਿਚ ਸਨ। ਇਹ ਗੁੱਟਬੰਦੀ ਪ੍ਰਹਿਲੇ ਵਿਸ਼ਵ ਯੁੱਧ ਵੱਲ ਲਿਜਾਣ ਵਾਲੇ ਹਾਲਾਤਾਂ ਦਾ ਨਿਰਮਾਣ ਕਰਦੀ ਚਲੀ ਗਈ ਅਤੇ ਪਹਿਲੇ ਵਿਸ਼ਵ ਯੁੱਧ ਦਾ ਮੁੱਖ ਪ੍ਰੇਰਕ ਬਣੀ।

28 ਜੂਨ, 1914 ਨੂੰ ਪਿਸਤੌਲ ਤੋਂ ਚੱਲੀਆਂ ਦੋ ਗੋਲੀਆਂ ਨੇ ਕੁਝ ਹੀ ਹਫ਼ਤਿਆਂ ਵਿਚ ਪਹਿਲੇ ਵਿਸ਼ਵ ਯੁੱਧ ਦੀ ਅੱਗ ਨੂੰ ਭੜਕਾ ਦਿੱਤਾ। ਪ੍ਰਤੱਖ ਰੂਪ ਨਾਲ ਪਹਿਲੇ ਵਿਸ਼ਵ ਯੁੱਧ ਦਾ ਕਾਰਨ ਬੋਸਨੀਆਂ ਦੇ ਵਿਗਿਆਰਥੀ (ਗੇਵਰੀਲੀ ਪ੍ਰਿੰਸੀਪ) ਦੁਆਰਾ ਆਸਟ੍ਰੀਆ ਦੇ ਯੁਵਰਾਜ ਆਰਕਡਿਊਕ ਫ੍ਰਾਂਸਿਸ ਫਰਨੀਨੈਂਡ ਅਤੇ ਉਸਦੀ ਪਤਨੀ ਸੋਫ਼ੀਆ ਦੀ ਹੱਤਿਆ ਸੀ। ਪਰ ਉਹ ਹੱਤਿਆ ਉਸ ਮਾਚਿਸ ਦੀ ਤੀਲ੍ਹੀ ਵਾਂਗ ਸੀ ਜਿਸ ਨੇ ਅੱਗ ਵਾਲਣ ਦਾ ਤੁਰੰਤ ਕੰਮ ਕੀਤਾ ਸੀ ਜਦੋਂ ਕਿ ਵਿਸਫ਼ੋਟਕ ਸਾਮੱਗਰੀ ਦਾ ਉਹ ਢੇਰ ਜਿਸ ਵਿਚ ਅੱਗ ਲੱਗ ਗਈ, ਇੱਕ ਸ਼ਤਾਬਦੀ ਤੋਂ ਥੋੜ੍ਹਾ-ਥੋੜ੍ਹਾ ਇਕੱਠਾ ਹੋ ਰਿਹਾ ਸੀ।

ਉੱਨ੍ਹੀਵੀਂ ਅਤੇ ਵੀਹਵੀਂ ਸ਼ਤਾਬਦੀ ਦਾ ਸਾਮਰਾਜ ਉਦਯੋਗਿਕ ਕ੍ਰਾਂਤੀ ਦਾ ਸ਼ਿਸ਼ੂ ਸੀ ਇਸ ਲਈ ਇਸ ਨੂੰ ਆਰਥਿਕ ਸਾਮਰਾਜਵਾਦ ਦਾ ਨਾਂਅ ਦਿੱਤਾ ਜਾਂਦਾ ਹੈ। ਆਰਥਿਕ ਸਾਮਰਾਜਵਾਦ ਤੋਂ ਅੰਤਰਰਾਸ਼ਟਰੀ ਮੁਕਾਬਲਿਆਂ ਦਾ ਰਾਹ ਪੱਧਰਾ ਹੋਇਆ, ਨਤੀਜੇ ਵਜੋਂ ਵਸਤੂਆਂ ਦੇ ਉਤਪਾਦਨ ਵਿਚ ਵਾਧਾ ਹੋਇਆ, ਜਿਸਦੀ ਖ਼ਪਤ ਲਈ ਉਨ੍ਹਾਂ ਸਾਮਰਾਜਵਾਦੀ ਸ਼ਕਤੀਆਂ ਨੂੰ ਨਵੇਂ ਬਜ਼ਾਰਾਂ ਦੀ ਲੋੜ ਮਹਿਸੂਸ ਹੋਈ। ਉਨ੍ਹਾਂ ਦੀ ਜਨਸੰਖਿਆ ਵਿਚ ਵਾਧਾ ਹੋਇਆ ਜਿਸਨੂੰ ਵਸਾਉਣ ਲਈ ਬਸਤੀਆਂ ਦੀ ਸਥਾਪਨਾ ਕਰਨ ਲਈ ਪ੍ਰੇਰਿਤ ਹੋਏ ਉਨ੍ਹਾਂ ਕੋਲ ਵਾਧੂ ਪੂੰਜੀ ਇਕੱਠੀ ਹੋ ਗਈ ਜਿਸ ਨੂੰ ਉਹ ਵਿਦੇਸ਼ਾਂ ਵਿਚ ਲਾਉਣ ਦੇ ਮੌਕੇ ਭਾਲਣ ਲੱਗੇ। ਉਨ੍ਹਾਂ ਨੂੰ ਕੱਚੇ ਮਾਲ ਦੀ ਲਗਾਤਾਰ ਪ੍ਰਾਪਤੀ ਲਈ ਕੱਚੇ ਮਾਲ ਦੇ ਉਤਪਾਦਕ ਸੂਬਿਆਂ 'ਤੇ ਕਬਜ਼ਾ ਸਥਾਪਤ ਕਰਨ ਦੀ ਲੋੜ ਮਹਿਸੂਸ ਹੋਈ। ਇਨ੍ਹਾਂ ਕਾਰਨਾਂ ਨਾਲ ਯੂਰਪੀ ਦੇਸ਼ਾਂ ਨੇ ਉੱਨਵੀਂ ਸ਼ਤਾਬਦੀ ਦੇ ਅੱਧੋਂ ਬਾਅਦ ਅਫ਼ਰੀਕਾ ਵਿਚ ਵੱਡੇ-ਵੱਡੇ ਸਾਮਰਾਜਾਂ ਦੀ ਸਥਾਪਨਾ ਕੀਤੀ। ਦੱਖਣੀ-ਪੂਰਬੀ ਏਸ਼ੀਆ ਵਿਚ ਬ੍ਰਿਟੇਨ, ਫਰਾਂਸ ਅਤੇ ਹਾਲੈਂਡ ਦੇ ਵਿਸਤ੍ਰਿਤ ਸਾਮਰਾਜ ਸਥਾਪਤ ਹੋਏ। ਚੀਨ ਵਿਚ ਯੂਰਪੀ ਸ਼ਕਤੀਆਂ ਨੇ ਆਰਥਿਕ ਰਿਆਇਤਾਂ ਅਤੇ ਅਧਿਕਾਰ ਪ੍ਰਾਪਤ ਕਰ ਲਏ। ਵੀਹਵੀਂ ਸ਼ਤਾਬਦੀ ਦੇ ਦੂਜੇ ਦਹਾਕੇ ਦੇ ਸੁਰੂ ਵਿਚ ਵਿਸ਼ਵ ਭਰ ਵਿਚ ਯੂਰਪੀ ਸ਼ਕਤੀਆਂ ਦੇ ਸਾਮਰਾਜਾਂ ਦਾ ਜਾਲ ਫੈਲ ਗਿਆ। ਅਜਿਹੀ ਸਥਿਤੀ ਵਿਚ ਜਦੋਂ ਸਾਮਰਾਜਵਾਦੀ ਬਾਂਦਰਵੰਡ ਲਈਂ ਨਵੇਂ ਸੂਬਿਆਂ ਦੀ ਪ੍ਰਾਪਤੀ ਔਖੀ ਹੋ ਗਈ, ਉਦੋਂ ਸਾਮਰਾਜਵਾਦੀ ਇੱਛਾਵਾਂ ਦੇ ਵਾਤਾਵਰਨ ਵਿਚ ਯੁੱਧ ਲਾਜ਼ਮੀ ਮਹਿਸੂਸ ਹੋਣ ਲੱਗਾ।

ਗੁਪਤ ਦੋਸਤੀਆਂ ਦੀ ਪ੍ਰਣਾਲੀ ਜੋ ਫਰਾਂਸ ਅਤੇ ਪ੍ਰਸ਼ਾ ਦੇ ਯੁੱਧ (1870) ਤੋਂ ਬਾਅਦ ਵਿਕਸਿਤ ਹੋਈ ਸੀ। ਇਸ ਪ੍ਰਣਾਲੀ ਕਾਰਨ ਯੂਰਪ ਦੋ ਹਥਿਆਰਬੰਦ ਗੁੱਟਾਂ ਵਿਚ ਵੰਡਿਆ ਗਿਆ ਸੀ। ਅਜਿਹੇ ਹਾਲਾਤਾਂ ਵਿਚ ਇਨ੍ਹਾਂ ਦੋਵਾਂ ਗੁੱਟਾਂ ਨਾਲ ਸਬੰਧਿਤ ਕਿਸੇ ਵੀ ਰਾਜਾਂ ਦੇ ਯੁੱਧ ਦਾ ਯੂਰਪ ਦੇ ਸਾਰੇ ਰਾਜਾਂ ਦੇ ਯੁੱਧ ਵਿਚ ਬਦਲ ਜਾਣਾ ਲਾਜ਼ਮੀ ਹੋ ਗਿਆ ਸੀ। ਪਹਿਲਾ ਵਿਸ਼ਵ ਯੁੱਧ ਜਿਸ ਵਿਵਾਦ ਤੋਂ ਸ਼ੁਰੂ ਹੋਇਆ ਉਹ ਮੂਲ ਰੂਪ ਨਾਲ ਆਸਟ੍ਰੀਆ ਅਤੇ ਸਰਬੀਆ ਦੇ ਵਿਚਾਲੇ ਸੀ ਪਰ ਗੁਪਤ ਦੋਸਤੀਆਂ ਦੀ ਪ੍ਰਣਾਲੀ ਕਾਰਨ ਯੂਰਪ ਦੇ ਸਾਰੇ ਮੁੱਖ ਰਾਜ ਯੁੱਧ ਵਿਚ ਸ਼ਾਮਲ ਹੋ ਗਏ। 1907 ਤੱਕ ਯੂਰਪ ਦੋ ਵਿਰੋਧੀ ਗੁੱਟਾ ਵਿਚ ਵੰਡਿਆ ਗਿਆ ਸੀ-ਇੱਕ ਪਾਸੇ ਜਰਮਨੀ, ਆਸਟ੍ਰੀਆ ਅਤੇ ਇਟਲੀ ਸਨ ਜੋ ਤ੍ਰਿਰਾਸ਼ਟਰੀ ਸੰਘ (Triple Alliance) ਦਾ ਗੁੱਟ ਕਹਿਲਾਉਂਦਾ ਸੀ ਅਤੇ ਦੂਜੇ ਪਾਸੇ ਫਰਾਂਸ, ਰੂਸ ਅਤੇ ਇੰਗਲੈਂਡ ਸਨ ਜੋ ਤ੍ਰਿਰਾਸਟਰੀ ਮੈਤਰੀ(Triple Intent) ਦਾ ਗੁੱਟ ਕਹਿਲਾਉਂਦਾ ਸੀ। ਅਰਥਾਤ 'ਤੇ ਦੋਸ਼ ਲਾਏ ਅਤੇ ਫਿਰ ਹਮਲਾ ਕਰ ਦਿੱਤਾ। ਰੂਸ ਨੇ ਸਰਬੀਆ ਦਾ ਪੱਖ ਲਿਆ ਅਤੇ ਜਰਮਨੀ ਨੇ ਆਸਟ੍ਰੀਆ ਦਾ ਪੱਖ ਲਿਆ। ਹੌਲੀ-ਹੌਲੀ ਯੂਰਪ ਦੇ ਸਾਰੇ ਰਾਜ ਉਲਝਦੇ ਚਲੇ ਗਏ। ਬਾਲਕਨ ਵਿਚ ਸ਼ੁਰੂ ਹੋਇਆ ਯੁੱਧ ਵਿਸ਼ਵਯੁੱਧ ਬਣ ਗਿਆ। ਇਸ ਤਰ੍ਹਾਂ ਪੂਰਬੀ ਸਮੱਸਿਆ, ਜਿਸ ਨੂੰ ਇਤਿਹਾਸਕਾਰ ਮੈਰੀਅਟ ਇੱਕ ਜਟਿਲ ਅਤੇ ਵਿਸਫੋਟਕ ਸਮੱਸਿਆ ਮੰਨਦਾ ਸੀ, ਅਸਲ ਵਿਚ ਸਾਮਰਾਜਵਾਦ ਅਤੇ ਰਾਸ਼ਟਰਵਾਦ ਦੇ ਟਕਰਾਵਾਂ ਅਤੇ ਰਾਸ਼ਟਰਾਂ ਦੀ ਲਾਜ਼ਮੀ ਜਿੱਤ ਦਾ ਪ੍ਰਤੀਕ ਸੀ। ਇਸ ਪਹਿਲੇ ਮਹਾਂਯੁੱਧ ਵਿਚ ਪੂਰਬੀ ਸਮੱਸਿਆ ਦੇ ਮੁੱਖ ਆਧਾਰ ਸੜ ਕੇ ਸੁਆਹ ਹੋ ਗਏ। ਰੂਸ, ਤੁਰਕੀ, ਆਸਟ੍ਰੀਆ ਅਤੇ ਜਰਮਨਂ ਦੇ ਸਾਮਰਾਜ ਸਮਾਪਤ ਹੋ ਗਏ ਅਤੇ ਆਖ਼ਰ ਵਿਚ ਬਾਲਕਨ ਦੇ ਰਾਸ਼ਟਰਾਂ ਨੂੰ ਆਜ਼ਾਦ ਰਾਸ਼ਟਰ ਦੀ ਮੁੱਖਤਿਆਰੀ ਹਾਸਲ ਹੋ ਗਈ। ਇਸ ਤਰ੍ਹਾਂ ਸੌ ਸਾਲਾਂ ਤੋਂ ਬਾਅਦ ਪੂਰਬੀ ਸਮੱਸਿਆ ਦਾ ਹੱਲ ਹੋ ਸਕਿਆ।

ਇੱਕ ਜਰਮਨ ਗੁੱਟ ਸੀ ਜੋ ਕੇਂਦਰੀ ਰਾਸ਼ਟਰਾਂ ਦਾ ਗੁੱਟ ਕਹਿਲਾਉਂਦਾ ਸੀ ਅਤੇ ਦੂਜਾ ਫਰਾਂਸੀਸੀ ਗੁੱਟ ਜੋ ਮਿੱਤਰ ਰਾਸ਼ਟਰਾਂ ਦਾ ਗੁੱਟ ਕਹਿਲਾਉਂਦਾ ਸੀ। ਇਨ੍ਹਾਂ ਗੁੱਟਬੰਦੀਆਂ ਕਾਰਨ ਬਾਲਕਨ ਖੇਤਰ ਵਿਚ ਆਸਟ੍ਰੀਆ ਅਤੇ ਸਰਬੀਆ ਦਾ ਵਿਵਾਦ ਇੱਕ ਗੰਭੀਰ ਆਂਤਰਰਾਸ਼ਟਰੀ ਸਵਾਲ ਬਣ ਗਿਆ। ਇਨ੍ਹਾਂ ਸਭ ਨਾਲ 1914 ਦਾ ਅੰਤਰਰਾਸ਼ਟਰੀ ਵਾਤਾਵਰਨ ਐਨਾ ਤਨਾਓਪੂਰਨ ਹੋ ਗਿਆ ਕਿ ਯੂਰਪ ਦੀ ਸ਼ਾਂਤੀ ਅਦ੍ਰਿਸ਼ ਦੁਰਘਟਨਾਵਾਂ ਦੀ ਮੋਹਤਾਜ ਬਣ ਗਈ ਸੀ।

ਪਹਿਲੇ ਵਿਸ਼ਵਯੁੱਧ ਲਈ ਰੂਸ, ਫਰਾਂਸ, ਸਰਬੀਆ, ਜਰਮਨੀ, ਆਸਟ੍ਰੀਆ ਅਤੇ ਇੰਗਲੈਂਡ ਦੇ ਰਾਜਨੀਤੀਵਾਨ ਵੀ ਜ਼ਿੰਮੇਵਾਰ ਸਨ। ਵੀਹਵੀਂ ਸ਼ਤਾਬਦੀ ਦੇ ਸ਼ੁਰੂ ਤੋਂ ਹੀ ਯੂਰਪ ਦੇ ਲਗਭਗ ਸਾਰੇ ਰਾਜਾਂ ਦੇ ਕਰਨਧਾਰ ਇਸ ਅਗਾਊਂ ਧਾਰਨਾਂ ਦੇ ਆਧਾਰ 'ਤੇ ਆਪਣੀਆਂ ਨੀਤੀਆਂ ਦਾ ਨਿਰਧਾਰਨ ਕਰ ਰਹੇ ਸਨ ਕਿ ਦੇਰ-ਸਵੇਰ ਯੁੱਧ ਜ਼ਰੂਰ ਹੋਵੇਗਾ। ਉਨ੍ਹਾਂ ਅਜਿਹੀ ਸਥਿਤੀ ਦਾ ਸਾਹਮਣਾ ਕਰਨ ਨੂੰ ਤਿਆਰ ਰਹਿਣ ਲਈ ਫੌਜਵਾਦੀ ਨੀਤੀ ਅਪਣਾਈ। ਫੌਜੀ ਲੋੜਾਂ ਕਾਰਨ ਸੂਬੇ ਦੇਸ਼ ਦੇ ਰਾਜਨੀਤਿਕ ਅਤੇ ਫੌਜੀ ਨੇਤਾਵਾਂ ਨੇ ਕੁਝ ਅਜਿਹੀਆਂ ਗੱਲਾਂ ਕੀਤੀਆਂ, ਧਮਕੀਆਂ ਅਤੇ ਚਿਤਾਵਨੀਆਂ ਦੀ ਅਜਿਹੀ ਭਾਸਾ ਵਰਤੀ ਜਿਨ੍ਹਾਂ ਦਾ ਨਤੀਜਾ ਲਾਮਬੰਦੀਆਂ ਅਤੇ ਯੁੱਧ ਦੇ ਐਲਾਨਾਂ ਦੇ ਰੂਪ ਵਿਚ ਸਾਹਮਣੇ ਆਇਆ।

ਪਹਿਲੇ ਵਿਸ਼ਵ ਯੁੱਧ ਦਾ ਤੱਤਕਾਲੀ ਕਾਰਨ ਆਸਟ੍ਰੀਆ ਅਤੇ ਸਰਬੀਆ ਦਾ ਮੁਕਾਬਲਾ ਅਤੇ ਈਰਖ਼ਾ ਸੀ। ਸਰਬੀਆ ਵਿਚ ਸਲਾਵ ਜਾਤੀ ਦੀ ਬਹੁਤਾਤ ਸੀ। ਆਸਟ੍ਰੀਆ ਦੇ ਕੁਝ ਹਿੱਸਿਆਂ, ਖਾਸ ਕਰਕੇ ਬੋਸਨੀਆ ਅਤੇ ਹਰਜੇਗੋਵੀਨਾ ਵਿਚ ਵੀ ਜ਼ਿਆਦਾਤਰ

ਨੋਟ

ਜਨਤਾ ਸਲਾਵ ਜਾਤੀ ਦੀ ਸੀ। ਸਰਬੀਆ ਅਤੇ ਇਨ੍ਹਾਂ ਦੇਸ਼ਾਂ ਦੇ ਕੁਝ ਸਲਾਵ ਨੇਤਾ ਇਨ੍ਹਾਂ ਸੂਬਿਆਂ (ਬੋਸਨੀਆ ਅਤੇ ਹਰਜੇਗੋਵੀਨਾ) ਨੂੰ ਸਰਬੀਆ ਵਿਚ ਮਿਲਾਉਣਾ ਚਾਹੁੰਦੇ ਸਨ ਪਰ ਆਸਟ੍ਰੀਆ ਇੱਕ ਬਹੁ-ਜਾਤੀ ਸਾਮਰਾਜ ਸੀ ਅਤੇ ਉਸਦੇ ਕਰਨਧਾਰਾਂ ਨੂੰ ਇਸ ਤਰ੍ਹਾਂ ਦੇ ਵੱਖਵਾਦੀ ਅੰਦੋਲਨਾਂ ਵਿਚ ਉਸਦੇ ਟੁੱਟਣ ਦਾ ਸੰਭਾਵਨਾ ਮਾਲੂਮ ਹੁੰਦੀ ਸੀ। ਉਹ ਹਰ ਕੀਮਤ 'ਤੇ ਇਸ ਅੰਦੋਲਨ ਦਾ ਦਮਨ ਕਰਨ ਲਈ ਦ੍ਰਿੜਸੰਕਲਪ ਸੀ। ਸਲਾਵ ਅੱਤਵਾਦੀਆਂ ਨੇ ਆਸਟ੍ਰੀਆ ਨੂੰ ਆਤੰਕਿਤ ਕਰਨ ਲਈ 'ਕਾਲਾ ਹੱਥ' (Black Hand) ਦਾ ਸੰਗਠਨ ਕੀਤਾ ਸੀ। ਇਸ ਸੰਗਠਨ ਨੇ ਆਸਟ੍ਰੀਆ ਦੇ ਯੁਵਰਾਜ ਫਰਾਂਸਿਸ ਫਰਡੀਨੈਂਡ ਦੀ ਹੱਤਿਆ ਦੀ ਯੋਜਨਾ ਬਣਾਈ। 28 ਜੂਨ, 1914 ਨੂੰ ਬੋਸਤ੍ਰੀਆ ਦੀ ਰਾਜਧਾਨੀ ਸੇਰਾਜੇਵੋ ਵਿਚ ਇੱਕ ਬੋਸਤ੍ਰੀਆ ਵਿਦਿਆਰਥੀ, ਗੇਵਰੀਲੀ ਪ੍ਰਿੰਸੀਪ, ਫਰਾਂਸਿਸ ਫਰਡੀਨੈਂਡ ਅਤੇ ਉਸਦੀ ਪਤਨੀ ਸੋਫੀਆ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਹੱਤਿਆਕਾਂਡ ਨੇ ਆਸਟ੍ਰੀਆ ਨੂੰ ਗੁੱਸਾ ਦੁਆ ਦਿੱਤਾ। ਆਸਟ੍ਰੀਆ ਦੇ ਵਿਦੇਸ਼ ਮੰਤਰੀ ਬਰਖਟੋਲਡ ਅਤੇ ਪ੍ਰਧਾਨ ਸੈਨਾਪਤੀ ਕੋਂਟਰਾਡ ਸਰਬੀਆ ਦੇ ਹਮਲਾ ਕਰਨ ਲਈ ਤਿਆਰ ਹੋ ਗਏ। 6 ਜੁਲਾਈ, 1914 ਨੂੰ ਆਸਟ੍ਰੀਆ ਨੂੰ ਜਰਮਨੀ ਤੋਂ ਇੱਕ ਪੱਤਰ ਪ੍ਰਾਪਤ ਹੋਇਆ ਜਿਸ ਵਿਚ ਉਸਨੇ ਆਸਟ੍ਰੀਆ ਦੀ ਮੱਦਦ ਕਰਨ ਦਾ ਭਰੋਸਾ ਦਿੱਤਾ ਸੀ। ਇਸ ਹਾਲਾਤ ਵਿਚ 20 ਜੁਲਾਈ, 1914 ਨੂੰ ਆਸਟ੍ਰੀਆ ਨੇ ਸਰਬੀਆ ਨੂੰ 48 ਘੰਟਿਆਂ ਦੀ ਚਿਤਾਵਨੀ (Ultimatum) ਦਿੰਦਿਆਂ ਉਸਨੂੰ ਕੁਝ ਸ਼ਰਤਾਂ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ। ਮੁੱਖ ਸ਼ਰਤਾਂ ਸਨ-

(i) ਸਰਬੀਆ ਆਸਟ੍ਰੀਆ ਵਿਰੋਧੀ ਸੰਪੂਰਨ ਪ੍ਰਚਾਰ ਤੁਰੰਤ ਬੰਦ ਕਰ ਦੇਵੇ।

(ii) 'ਕਾਲਾ ਹੱਥ' ਸੰਗਠਨ ਸਮਾਪਤ ਕਰ ਦਿੱਤਾ ਜਾਵੇ।

(iii) ਇਸ ਹੱਤਿਆਕਾਂਡ ਵਿਚ ਸ਼ੱਕੀ ਸਰਬੀਅਨ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਜਾਵੇ।

(iv) ਆਸਟ੍ਰੀਆ ਦੇ ਅਧਿਕਾਰੀਆਂ ਨੂੰ ਹੱਤਿਆ ਦੇ ਦੋਸ਼ੀਆਂ ਦੇ ਮੁਕੱਦਮੇ ਵਿਚ ਸਰਬੀਆ ਵਿਚ ਜਾ ਕੇ ਸਹਿਯੋਗ ਕਰਨ ਦੀ ਆਗਿਆ ਦਿੱਤੀ ਜਾਵੇ।

ਸਰਬੀਆ ਸੰਭਵ ਹੈ ਇਨ੍ਹਾਂ ਸ਼ਰਤਾਂ ਨੂੰ ਸਵੀਕਾਰ ਕਰ ਲੈਂਦਾ ਪਰ ਇਸੇ ਸਮੇਂ ਉਸਨੂੰ ਰੂਸ ਦੁਆਰਾ ਇੱਕ ਪੱਤਰ ਵਿਚ ਇਹ ਭਰੋਸਾ ਪ੍ਰਾਪਤ ਹੋਇਆ ਕਿ 'ਰੂਸ ਕਿਸੇ ਵੀ ਹਾਲਤ ਵਿਚ ਸਰਬੀਆ ਦੇ ਵਿਰੁੱਧ ਆਸਟ੍ਰੀਆ ਦੇ ਹਮਲੇ ਨੂੰ ਦੇਖਦਾ ਨਹੀਂ ਰਹੇਗਾ।' ਇਸ ਤੋਂ ਉਤਸ਼ਾਹਿਤ ਹੋ ਕੇ ਸਰਬੀਆ ਨੇ ਆਸਟ੍ਰੀਆ ਦੀ ਆਖ਼ਰੀ ਸ਼ਰਤ ਨੂੰ, ਜੋ ਕਿਸੇ ਰਾਸ਼ਟਰ ਲਈ ਅਪਮਾਨਜਨਕ ਪ੍ਰਤੀਤ ਹੁੰਦੀ ਸੀ, ਨੂੰ ਅਸਵੀਕਾਰ ਕਰ ਦਿੱਤਾ। ਆਖ਼ਰ 28 ਜੁਲਾਈ, 1914 ਨੂੰ ਆਸਟ੍ਰੀਆ ਨੇ ਸਰਬੀਆ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

ਆਸਟ੍ਰੀਆ ਦੁਆਰਾ ਯੁੱਧ ਦੇ ਐਲਾਨ ਨੇ ਜਰਮਨੀ ਨੂੰ ਅਤਿਅੰਤ ਦੁਚਿੱਤੀ ਦੀ ਸਥਿਤੀ ਵਿਚ ਪਾ ਦਿੱਤਾ। ਉਹ ਯੁੱਧ ਨੂੰ ਸਥਾਨਕ ਬਣਾਉਣਾ ਚਾਹੁੰਦਾ ਸੀ ਪਰ ਹੋਰ ਮਹਾਂਸ਼ਕਤੀਆਂ ਦੇ ਯੁੱਧ ਵਿਚ ਹਿੱਸਾ ਲੈਣ ਦੀ ਅਵਸਥਾ ਵਿਚ ਜਰਮਨੀ ਦੀ ਸਫ਼ਲਤਾ ਸ਼ਲੀਫੇਨ ਯੋਜਨਾ 'ਤੇ ਨਿਰਭਰ ਕਰਦੀ ਸੀ। ਫਰਾਂਸ ਅਤੇ ਰੂਸ ਦੋਵੇਂ ਸਰਬੀਆ ਦੇ ਮਿੱਤਰ ਸਨ। ਸ਼ਲੀਫੇਨ ਯੋਜਨਾ ਦੀ ਮੁੱਖ ਗੱਲ ਇਹ ਸੀ ਕਿ ਜਰਮਨੀ ਨੂੰ ਫਰਾਂਸ ਅਤੇ ਰੂਸ ਦੋਵਾਂ ਨਾਲ ਇਕੱਠਾ ਯੁੱਧ ਨਹੀਂ ਕਰਨਾ ਚਾਹੀਦਾ ਸਗੋਂ ਇੱਕ-ਇੱਕ ਨੂੰ ਅਲੱਗ-ਅਲੱਗ ਹਰਾਉਣ ਲਈ ਯਤਨ ਕਰਨਾ ਚਾਹੀਦਾ ਹੈ। ਇਸੇ ਸਮੇਂ 30 ਜੁਲਾਈ, 1914 ਨੂੰ ਰੂਸ ਨੇ ਆਮ ਲਾਮਬੰਦੀ ਦਾ ਆਦੇਸ਼ ਦੇ ਦਿੱਤਾ। ਇਸ 'ਤੇ ਜਰਮਨੀ ਨੇ ਯੁੱਧ ਦੀ ਧਮਕੀ ਦੇ ਨਾਲ ਰੂਸ ਨੂੰ 12 ਘੰਟੇ ਦੇ ਅੰਦਰ ਲਾਮਬੰਦੀ ਬੰਦ ਕਰਨ ਦੀ ਚਿਤਾਵਨੀ ਦਿੱਤੀ। ਰੂਸ ਨਿਰਧਾਰਿਤ ਸਮੇਂ ਦੇ ਅੰਦਰ ਕੋਈ ਜ਼ਵਾਬ ਨਾ ਦੇ ਸਕਿਆ। ਇਯ 'ਤੇ ਜਰਮਨੀ ਨੇ 1 ਅਗਸਤ, 1914 ਨੂੰ ਸਰਬੀਆ ਅਤੇ ਰੂਸ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਰੂਸ ਦੁਆਰਾ ਜਲਦਬਾਜੀ ਵਿਚ ਕੀਤੀ ਗਈ ਲਾਮਬੰਦੀ ਨੇ ਆਖਰ ਯੂਰਪੀ ਯੁੱਧ ਨੂੰ ਲਾਜ਼ਮੀ ਬਣਾ ਦਿੱਤਾ। ਸ਼ਲੀਫੇਨ ਯੋਜਨਾ ਅਨੁਸਾਰ ਜਰਮਨੀ ਨੂੰ ਰੂਸ ਨਾਲ ਭਿੜਨ ਤੋਂ ਪਹਿਲਾਂ ਬੈਲਜ਼ੀਅਮ ਤੋਂ ਹੋ ਕੇ ਫਰਾਂਸ 'ਤੇ ਹਮਲਾ ਕਰਕੇ 6 ਹਫ਼ਤਿਆਂ ਦੇ ਅੰਦਰ ਪੈਰਿਸ 'ਤੇ ਅਧਿਕਾਰ ਕਰ ਲੈਣਾ ਸੀ ਅਤੇ ਉਸ ਤੋਂ ਬਾਅਦ ਰੂਸ ਨਾ ਮੁਕਾਬਲਾ ਕਰਨਾ ਸੀ। ਆਖ਼ਰ ਉਸਨੇ 3 ਅਗਸਤ, 1914 ਨੂੰ ਫਰਾਂਸ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

ਇੰਗਲੈਂਡ ਫਰਾਂਸ ਦੀ ਮੱਦਦ ਕਰਨ ਲਈ ਗੁਪਤ ਰੂਪ ਨਾਲ ਵਚਨਬੱਧ ਸੀ ਪਰ ਬ੍ਰਿਟਿਸ਼ ਜਨਤਾ ਇੱਕ ਬਾਲਕਨ ਸਮੱਸਿਆ ਨੂੰ ਲੈ ਕੇ ਯੁੱਧ ਕਰਨ ਦੇ ਵਿਰੁੱਧ ਸੀ, ਇਸੇ ਸਮੇਂ ਆਪਣੀਆਂ ਫੌਜੀ ਲੋੜਾਂ ਕਾਰਨ ਜਰਮਨੀ ਨੇ ਬੈਲਜ਼ੀਅਮ ਦੀ ਨਿਰਪੱਖਤਾ ਦਾ ਉਲੰਘਣ ਕਰਦੇ ਹੋਏ ਉਸ 'ਤੇ ਹਮਲਾ ਕਰ ਦਿੱਤਾ। ਇੰਗਲੈਂਡ ਬੈਲਜ਼ੀਅਮ ਦੀ ਨਿਰਪੱਖਤਾ ਦੀ ਰੱਖਿਆ ਦਾ ਭਰੋਸਾ ਦੇ ਚੁੱਕਿਆ ਸੀ। ਆਖ਼ਰ ਬੈਲਜੀਅਮ 'ਤੇ ਜਰਮਨੀ ਦੇ ਹਮਲੇ ਨੇ ਬ੍ਰਿਟਿਸ਼ ਜਨਤਾ ਨੂੰ ਜਰਮਨੀ ਦੇ ਵਿਰੁੱਧ ਯੁੱਧ ਕਰਨ ਲਈ ਮਜ਼ਬੂਰ ਕਰ ਦਿੱਤਾ ਅਤੇ ਬ੍ਰਿਟਿਸ਼ ਸਰਕਾਰ ਨੇ 4 ਅਗਸਤ, 1914 ਨੂੰ ਜਰਮਨੀ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਯੂਰਪ ਆਖ਼ਰ ਯੁੱਧ ਦੀ ਅੱਗ ਵਿਚ ਘਿਰ ਗਿਆ।

4 ਅਗਸਤ, 1914 ਵਿਚ ਸ਼ੁਰੂ ਹੋਇਆ ਇਹ ਮਹਾਂਯੁੱਧ 11 ਨਵੰਬਰ, 1918 ਨੂੰ ਸਮਾਪਤ ਹੋਇਆ ਸੀ। ਆਪਣੀ ਵਿਸ਼ਾਲਤਾ, ਵਿਸਥਾਰ, ਪ੍ਰਕ੍ਰਿਤੀ, ਕਾਰਜਖੇਤਰ ਅਤੇ ਤਕਨੀਕ ਵਿਚ ਇਸ ਮਹਾਨ ਯੁੱਧ ਨੇ ਮਨੁੱਖੀ ਇਤਿਹਾਸ ਦੇ ਸਾਰੇ ਗਿਆਤ ਯੁੱਧਾਂ ਨੂੰ ਪਿੱਛੇ ਛੱਡ ਦਿੱਤਾ। ਇਸ ਯੁੱਧ ਵਿਚ ਛੇ ਯੂਰਪੀ ਦੇਸ਼ਾਂ (ਜਰਮਨੀ, ਆਸਟ੍ਰੀਆ ਇੱਕ ਪਾਸੇ ਅਤੇ ਸਰਬੀਆ, ਰੂਸ, ਫਰਾਂਸ, ਇੰਗਲੈਂਡ ਦੂਜੇ ਪਾਸੇ) ਤੋਂ ਇਲਾਵਾ ਹੌਲੀ-ਹੌਲੀ ਵਿਸ਼ਵ ਦੇ ਜ਼ਿਆਦਾਤਰ ਦੇਸ਼ ਇਸ ਯੁੱਧ ਵਿਚ ਸ਼ਾਮਲ ਹੁੰਦੇ ਚਲੇ ਗਏ। ਇਸ ਨਾਲ ਇਹ ਯੁੱਧ ਇੱਕ ਯੂਰਪੀ ਯੁੱਧ ਮਾਤਰ ਨਾ ਰਹਿ ਕੇ ਵਿਸ਼ਵ ਦੇ ਇਤਿਹਾਸ ਦਾ ਪਹਿਲਾ ਵਿਸ਼ਵ ਯੁੱਧ ਬਣ ਗਿਆ। ਇਹ ਯੁੱਧ ਪੁਰਾਣੇ ਯੁੱਧਾਂ ਵਾਂਗ ਸਿਰਫ਼ ਫੌਜੀਆਂ ਦਾ ਯੁੱਧ ਨਹੀਂ ਸੀ। ਇਹ ਇੱਕ ਅਜਿਹਾ ਯੁੱਧ ਸੀ ਜਿਸ ਵਿਚ ਪ੍ਰਤੀਪੱਖਾਂ ਨੇ ਇੱਕ-ਦੂਜੇ ਦੇ ਫੌਜੀਬਲ ਨੂੰ ਹੀ ਨਹੀਂ ਸਗੋਂ ਅਰਥਵਿਵਸਥਾ ਨੂੰ ਵੀ ਨੁਕਸਾਨ ਪਹੁੰਚਾਉਣ ਦਾ ਪੂਰਾ ਯਤਨ ਕੀਤਾ ਸੀ। ਇਸ ਯੁੱਧ ਵਿਚ ਨਵੇਂ-ਨਵੇਂ ਸਾਧਨਾਂ, ਨਵੀਆਂ-ਨਵੀਆਂ ਤਕਨੀਕਾਂ ਅਤੇ ਨਵੇਂਨਵੇਂ ਹਥਿਆਰਾਂ ਦਾ ਇਸਤੇਮਾਲ ਕੀਤਾ ਗਿਆ। ਇਸ ਯੁੱਧ ਵਿਚ ਧਨ ਅਤੇ ਜਨ ਦਾ ਬਹੁਤ ਨੁਕਸਾਨ ਹੋਇਆ ਸੀ। ਇਸ ਯੁੱਧ ਵਿਚ ਮਰਨ ਵਾਲੇ ਫੌਜੀਆਂ ਦੀ ਗਿਣਤੀ 200 ਲੱਖ, ਮ੍ਰਿਤਕ ਮੰਨ ਲਏ ਗਏ ਲਾਪਤਾ ਫੌਜੀਆਂ ਦੀ ਗਿਣਤੀ 30 ਲੱਖ, ਮ੍ਰਿਤਕ ਨਾਗਰਿਕ 130 ਲੱਖ, ਜ਼ਖਮੀ 200 ਲੱਖ, ਬੰਦੀ 30 ਲੱਖ, ਯੁੱਧ ਅਨਾਥ 10 ਲੱਖ, ਯੁੱਧ ਵਿਧਵਾਵਾਂ 50 ਲੱਖ, ਸ਼ਰਨਾਰਥੀ 100 ਲੱਖ ਸਨ।

ਇਸ ਯੁੱਧ ਵਿਚ ਨਵੰਬਰ, 1914 ਵਿਚ ਤੁਰਕੀ ਅਤੇ ਅਕਤੂਬਰ, 1915 ਵਿਚ ਬੁਲਗਾਰੀਆ ਕੇਂਦਰੀ ਸ਼ਕਤੀਆਂ ਦੇ ਨਾਲ ਯੁੱਧ ਵਿਚ ਸ਼ਾਮਲ ਹੋਏ ਸਨ। ਇਟਲੀ ਮਿੱਤਰ ਰਾਸ਼ਟਰਾਂ ਦੇ ਪੱਖ ਵਿਚ ਮਈ, 1915 ਵਿਚ ਯੁੱਧ ਵਿਚ ਸ਼ਾਮਲ ਹੋਇਆ ਸੀ। ਜਰਮਨੀ ਨੇ ਮਿੱਤਰ ਰਾਸ਼ਟਰਾਂ, ਖਾਸ ਕੇਰਕੇ ਇੰਗਲੈਂਡ ਦੇ ਸਮੁੰਦਰੀ ਵਪਾਰ ਨੂੰ ਨਸ਼ਟ ਕਰਨ ਦਾ ਯਤਨ ਕੀਤਾ ਸੀ। 1917 ਦੇ ਸ਼ੁਰੂ ਵਿਚ ਦੋ ਅਤਿਅੰਤ ਮਹੱਤਵਪੂਰਨ ਘਟਨਾਵਾਂ ਹੋਈਆਂ ਜਿਨ੍ਹਾਂ ਦਾ ਪਹਿਲੇ ਵਿਸ਼ਵ ਯੁੱਧ ਦੇ ਵਿਕਾਸ ਅਤੇ ਅੰਤਰਰਾਸ਼ਟਰੀ ਸੰਬੰਧਾਂ 'ਤੇ ਡੂੰਘਾ ਅਸਰ ਪਿਆ। ਇਨ੍ਹਾਂ ਵਿਚ ਪਹਿਲੀ ਘਟਨਾ ਸੀ। 15 ਮਾਰਚ, 1917 ਦੀ ਰੂਸੀ ਕ੍ਰਾਂਤੀ। ਇਸ ਕ੍ਰਾਂਤੀ ਕਾਰਨ ਰੂਸੀ ਫੌਜਾਂ ਯੁੱਧ ਵਿਚ ਕੋਈ ਪ੍ਰਭਾਵਸ਼ਾਲੀ ਭਾਗ ਲੈਣ ਵਿਚ ਅਸਮਰੱਥ ਹੋ ਗਈਆਂ। ਰੂਸ (ਸਾਮਵਾਦੀ ਸਰਕਾਰ) ਨੇ ਜਰਮਨੀ ਦੇ ਨਾਲ ਯੁੱਧਬੰਦੀ ਕਰ ਲਈ ਅਤੇ 14 ਮਾਰਚ, 1918 ਨੂੰ ਬ੍ਰੈਸਟ ਲਿਟੋਵਸਕ ਦੀ ਸੰਧੀ ਦੁਆਰਾ ਰੂਸ ਆਖ਼ਰੀ ਰੂਪ ਨਾਲ ਯੁੱਧ ਤੋਂ ਅਲੱਗ ਹੋ ਗਿਆ।

1917 ਦੀ ਦੂਸਰੀ ਅਤਿਅੰਤ ਮਹੱਤਵਪੂਰਨ ਘਟਨਾ ਸੀ, ਸੰਯੁਕਤ ਰਾਜ ਅਮਰੀਕਾ ਦਾ 6 ਅਪਰੈਲ, 1917 ਨੂੰ ਮਿੱਤਰ ਰਾਸ਼ਟਰਾਂ ਵੱਲੋਂ ਯੁੱਧ ਵਿਚ ਸ਼ਾਮਲ ਹੋਣਾ। 1914 ਵਿਚ ਯੁੱਧ ਛਿੜਨ ਤੋਂ ਬਾਅਦ ਅਮਰੀਕਾ ਨੇ ਪੂਰੀ ਨਿਰਪੱਖਤਾ ਦੀ ਨੀਤੀ ਅਪਣਾਈ ਸੀ ਪਰ ਜਰਮਨੀ ਵੱਲੋਂ ਸ਼ੁਰੂ ਪਣਡੁੱਬੀ ਯੁੱਧ ਨੇ ਅਮਰੀਕਾ ਨੂੰ ਗੁੱਸਾ ਦੁਆਇਆ। ਜਰਮਨੀ ਨੇ ਚਿਤਾਵਨੀ ਦਿੱਤੀ ਸੀ ਕਿ ਇੰਗਲੈਂਡ ਕੋਲ ਸਮੁੰਦਰੀ ਕੰਢੇ ਵਿਚ ਉਹ ਨਿਰਪੱਖ ਰਾਸ਼ਟਰਾਂ ਦੇ ਜਹਾਜਾਂ ਨੂੰ ਡੁਬੋ ਦੇਵੇਗਾ, ਇਸ ਨਾਲ ਅਮਰੀਕਾ ਵਿਚ ਉਤੇਜਨਾ ਛਾ ਗਈ ਅਤੇ ਉਸਨੂੰ ਜਰਮਨੀ ਦੇ ਵਿਰੁੱਧ ਯੁੱਧ ਲਈ ਪ੍ਰੇਰਿਤ ਹੋਣਾ ਪਿਆ। ਇਸ ਤੋਂ ਇਲਾਵਾ ਅਮਰੀਕਨ ਕਰਜ਼ਾ ਜੋ ਮਿੱਤਰ ਰਾਸ਼ਟਰਾਂ ਨੂੰ ਦਿੱਤਾ ਗਿਆ ਸੀ, ਉਸਦੀ ਅਦਾਇਗੀ ਦੀ ਸਮੱਸਿਆ ਸੀ। ਜੇਕਰ ਮਿੱਤਰ ਰਾਸ਼ਟਰ ਹਾਰ ਜਾਂਦੇ ਹਨ ਤਾਂ ਅਮਰੀਕਨ ਕਰਜ਼ਾ ਡੁੱਬ ਜਾਂਦਾ, ਇਸ ਲਈ ਅਮਰੀਕਾ ਨੇ ਮਿੱਤਰ ਰਾਸ਼ਟਰਾਂ ਦੇ ਪੱਖ ਵਿਚ ਯੁੱਧ ਵਿਚ ਸ਼ਾਮਲ ਹੋਣ ਦਾ ਯਤਨ ਕੀਤਾ। ਅਮਰੀਕਾ ਦਾ ਯੁੱਧ ਵਿਚ ਸ਼ਾਮਲ ਹੋਣਾ ਪਹਿਲੇ ਵਿਸ਼ਵ ਯੁੱਧ ਦਾ ਸ਼ਕਤੀ ਸੰਤੁਲਨ ਦਾ ਸਿਧਾਂਤ ਇੱਕ ਹੋਰ ਪਹਿਲੂ ਸੀ। ਅਮਰੀਕਾ ਦਾ ਵਿਸਵ ਯੁੱਧ ਵਿਚ ਸ਼ਾਮਲ ਹੋਣਾ ਪਹਿਲੇ ਵਿਸ਼ਵ ਯੁੱਧ ਦੀ ਸਭ ਤੋਂ ਨਿਰਣਾਇਕ ਘਟਨਾ ਸੀ। ਇਸ ਨਾਲ ਮਿੱਤਰ ਰਾਸ਼ਟਰਾਂ ਦਾ ਪੱਖ ਧਨ, ਜਨ ਅਤੇ ਫੌਜੀ ਸ਼ਕਤੀ ਸਾਰੇ ਨਜ਼ਰੀਆਂ ਨਾਲ ਕੇਂਦਰੀ ਸ਼ਕਤੀਆਂ ਦੇ ਮੁਕਾਬਲੇ ਇੰਨਾ ਜ਼ਿਆਦਾ ਸ਼ਕਤੀਸ਼ਾਲੀ ਹੋ ਗਿਆ ਕਿ ਉਸਦੀ ਜਿੱਤ ਯਕੀਨੀ ਸੀ। ਸਤੰਬਰ, 1918 ਬੁਲਗਾਰੀਆ ਨੇ ਅਕਤੂਬਰ, 1918 ਵਿਚ ਤੁਰਕੀ ਵਿਚ ਆਤਮਸਮਰਪਣ ਕਰ ਦਿੱਤਾ, 3 ਨਵੰਬਰ 1918 ਨੂੰ ਆਸਟ੍ਰੀਆ-ਹੰਗਰੀ ਵਿਚ ਯੁੱਧ ਤੋਂ ਵੱਖ ਹੋ ਗਿਆ, 4 ਨਵੰਬਰ 1918 ਨੂੰ ਜਰਮਨੀ ਦੀ ਨੌ ਸੈਨਾ ਨੇ ਵਿਦਰੋਹ ਕਰ ਦਿੱਤਾ। ਜਰਮਨੀ ਵਿਚ ਇੱਕ ਕ੍ਰਾਂਤੀ ਹੋਈ। ਜਰਮਨ ਅੰਤਰਿਮ ਸਰਕਾਰ ਨੇ ਮਿੱਤਰ ਰਾਸ਼ਟਰਾਂ ਨੂੰ ਯੁੱਧਬੰਦੀ ਦੀ ਅਪੀਲ ਕੀਤੀ ਅਤੇ ਫਿਰ 11 ਨਵੰਬਰ 1918 ਨੂੰ ਠੀਕ 11 ਵਜੇ ਸਾਰੇ ਯੁੱਧ ਖੇਤਰਾਂ ਵਿਚ ਯੁੱਧਬੰਦੀ ਦਾ ਐਲਾਨ ਕਰ ਦਿੱਤਾ ਗਿਆ। ਪਹਿਲਾ ਵਿਸ਼ਵ ਯੁੱਧ ਸਮਾਪਤ ਹੋ ਗਿਆ।

## 27.1 ਮੁੜ ਯੁੱਧ ਦੀਆਂ ਲਪਟਾਂ ਵਿਚ (Relapse into War)

ਮਾਰਚ, 1937 ਵਿਚ ਨੇਵਿਲ ਚੈਂਬਰਲੇਨ (Neville Chamberlain) ਨੇ ਵਿੱਤ ਮੰਤਰੀ (Chancellor of Exchequer) ਦੀ ਹੈਸੀਅਤ ਨਾਲ ਇਹ ਐਲਾਨ ਕੀਤਾ ਕਿ ਪ੍ਰਤੀਰੱਖਿਆ ਖ਼ਰਚ ਦੀ ਪੂਰਤੀ ਹੁਣ ਸਿਰਫ਼ ਟੈਕਸ ਲਾ ਕੇ ਹੀ ਨਹੀਂ ਕੀਤੀ ਜਾਵੇਗੀ। ਉਸਨੇ ਇਸ ਪ੍ਰਯੋਜਨ ਲਈ ਚਾਲੀ ਕਰੋੜ ਪੌਂਡ ਦਾ ਕਰਜ਼ਾ ਲੈਣ ਅਤੇ ਪੰਜ ਸਾਲ ਦੀ ਮਿਆਦ ਵਿਚ ਪ੍ਰਤੀਰੱਖਿਆ 'ਤੇ ਡੇਢ ਅਰਬ ਪੌਂਡ ਖਰਚ ਕਰਨ ਦਾ ਪ੍ਰਸਤਾਵ ਕੀਤਾ। ਪ੍ਰਧਾਨ ਮੰਤਰੀ ਬਾਲਡਵਿਨ (Baldwin) ਨੇ ਇਨ੍ਹਾਂ ਪ੍ਰਸਤਾਵਾਂ ਦਾ ਸਮਰਥਨ ਇਹ ਕਹਿ ਕੇ ਕਰ ਦਿੱਤਾ ਕਿ ਉਨ੍ਹਾਂ ਦਾ ਉਦੇਸ਼ ਹਮਲਾ ਰੋਕਣਾ ਹੈ ਅਤੇ ਕੁਝ ਸਾਲਾਂ ਤੱਕ ਸੀਮਤ ਖਰਚ ਕਰਨ ਤੋਂ ਬਾਅਦ ਜੀਵਨ ਪੱਧਰ ਜਾਂ ਸਮਾਜ ਉਪਯੋਗੀ ਸੇਵਾਵਾਂ (social services) 'ਤੇ ਉਲਟਾ ਅਸਰ ਪਾਏ ਬਿਨਾਂ ਹੀ ਬ੍ਰਿਟੇਨ ਪ੍ਰਤੀਰੱਖਿਆ 'ਤੇ ਇਹ ਖ਼ਰਚ ਕਰ ਸਕਦਾ ਹੈ। ਬਾਲਡਵਿਨ ਅਤੇ ਵਿਦੇਸ਼ ਮੰਤਰੀ ਇਡਨ ਦੋਵਾਂ ਨੇ ਹੀ ਇਹ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਕਿ ਗ੍ਰੇਟ ਬ੍ਰਿਟੇਨ ਨੇ ਰਾਸਟਰ ਸੰਘ ਛੱਡ ਦਿੱਤਾ ਹੈ। ਬਾਲਡਵਿਨ ਨੇ ਇਹ ਆਸ ਪ੍ਰਗਟਾਈ ਕਿ ਰਾਸ਼ਟਰ ਸੰਘ ਦੀ ਕਾਰਵਾਈ ਦੇ ਨਾਲ ਹੀ ਨਾਲ "ਪ੍ਰਾਦੇਸ਼ਿਕ ਸਮਝੌਤੇ" (regional pacts) ਵੀ ਕੀਤੇ ਜਾਣਗੇ ਜਿਨ੍ਹਾਂ ਵਿਚ ਕੁਝ ਖੇਤਰਾਂ ਲਈ ਕੁਝ ਰਾਸ਼ਟਰਾਂ ਦੇ ਵਿਰੁੱਧ ਗਾਰੰਟੀ ਦਿੱਤੀ ਜਾਵੇਗੀ। ਪਰ ਈਡਨ ਨੂੰ ਇਹ ਸਵੀਕਾਰ ਕਰਨਾ ਪਿਆ ਕਿ ਇਸ ਦਿਸ਼ਾ ਵਿਚ ਬਹੁਤ ਘੱਟ ਵਿਕਾਸ ਹੋ ਸਕਿਆ ਸੀ ਅਤੇ ਉਸਨੇ ਬ੍ਰਿਟਿਸ਼ ਸ਼ਸਤਰੀਕਰਨ ਦਾ ਉਸਨੂੰ ਸ਼ਾਂਤੀ ਦੀ ਸਭ ਤੋਂ ਚੰਗੀ ਗਾਰੰਟੀ ਦੱਸ ਕੇ ਸਮਰਥਨਕੀਤਾ।

ਉਸ ਸਮੇਂ ਯੁੱਧ ਦਾ ਖ਼ਤਰਾ ਬੇਯਕੀਨ ਸੀ, ਜਰਮਨੀ ਦੀ ਪੂਰੀ ਸ਼ਕਤੀ ਫਰਾਂਸੀਸੀ "ਮੇਜਿਨੀ ਪੰਕਤੀ" (French Maginot Line) ਦੇ ਸਾਹਮਣੇ ਪ੍ਰਤੀਰੱਖਿਆ-ਪੰਕਤੀ ਦੇ ਨਿਰਮਾਣ ਵਿਚ ਲੱਗੀ ਹੋਈ ਸੀ। ਇਸ "ਜਿਗਫਰੀਡ ਪੰਕਤੀ" (Siegfried Line) ਦੇ ਪੂਰਾ ਹੋ ਜਾਣ 'ਤੇ ਜਰਮਨੀ ਏਕੀਕ੍ਰਿਤ ਸ਼ਕਤੀ ਨਾਲ ਪੱਛਮੀ ਸੀਮਾ ਦੀ ਰੱਖਿਆ ਕਰ ਸਕਦਾ ਸੀ ਅਤੇ ਪੂਰਬ ਵੱਲ ਆਪਣੇ ਯਤਨ ਕੇਂਦਰਿਤ ਕਰ ਸਕਦਾ ਸੀ। ਪਰ ਸਾਰਾ ਯੂਰਪ, ਖਾਸ ਕਰਕੇ ਫਰਾਂਸ ਅਤੇ ਗ੍ਰੇਟ ਬ੍ਰਿਟੇਨ, ਯੁੱਧ ਦੀ ਨਵੀਂ ਰੰਗਭੂਮੀ ਵਿਚ ਕਦੇ ਕੀ ਘਟ ਜਾਵੇ, ਇਸ ਵਿਸ਼ੇ ਵਿਚ ਬੇਯਕੀਨ ਸਨ।

ਨੋਟਸ ਇੰਗਲੈਂਡ, ਫਰਾਂਸ ਦੀ ਸਹਾਇਤਾ ਕਰਨ ਦੇ ਲਈ ਗੁਪਤ ਰੂਪ ਨਾਲ ਵਚਨਬੱਧ ਸੀ।

## 27.2 ਸਪੇਨ ਦਾ ਗ੍ਰਹਿ-ਯੁੱਧ (Spanish Civil War)

1936 ਦੇ ਅੱਧੋਂ ਬਾਅਦ ਦੀ ਸਭ ਤੋਂ ਮਹੱਤਵਪੂਰਨ ਘਟਨਾ ਇੱਕ ਅਜਿਹੇ ਦੇਸ਼ ਵਿਚ ਘਟੀ ਜਿਸਦਾ ਅੰਤਰਰਾਸ਼ਟਰੀ ਮਾਮਲਿਆਂ ਵਿਚ ਅਨੇਕਾਂ ਸਾਲਾਂ ਤੋਂ ਨਕਾਰਾਤਮਕ ਹਿੱਸਾ ਰਿਹਾ ਸੀ। ਸਪੇਨ ਵਿਚ 1923 ਵਿਚ ਜੋ ਤਾਨਾਸ਼ਾਹੀ ਸਥਾਪਤ ਹੋਈ ਸੀ, ਉਹ 1930 ਵਿਚ

**ਨੋਟ**

ਉਲਟ ਦਿੱਤੀ ਗਈ। ਅਗਲੇ ਸਾਲ ਉੱਥੋਂ ਦੇ ਸ਼ਾਸਕ ਤੇਰ੍ਹਵੇਂ ਅਲਫੋਂਜੋ (Alfonso XIII) ਨੇ ਰਾਜਗੱਦੀ ਤਿਆਗ ਦਿੱਤੀ ਅਤੇ ਇੱਕ ਪ੍ਰਜਾਤੰਤਰਿਕ ਗਣਤੰਤਰ ਦੀ ਸਥਾਪਨਾ ਕੀਤੀ ਗਈ। ਪਰ ਸਪੇਨ ਵਿਚ ਪ੍ਰਜਾਤੰਤਰੀ ਪਰੰਪਰਾ ਕਦੇ ਮਜ਼ਬੂਤ ਨਹੀਂ ਰਹੀ ਹੈ; 1931 ਤੋਂ 1936 ਤੱਕ ਇਹ ਪ੍ਰਜਾਤੰਤਰ ਦੱਖਣਪੰਥੀ ਰਾਜਵਾਦੀਆਂ (royalists) ਅਤੇ ਹੋਰ ਪ੍ਰਤੀਕਿਰਿਆਵਾਦੀਆਂ (reactionaries) ਅਤੇ ਖੱਬੇਪੱਖੀ ਅਰਾਜਕਤਾਵਾਦੀਆਂ ਅਤੇ ਕਮਿਊਨਿਸ਼ਟਾਂ ਵਿਚਾਲੇ ਕੁਝ ਬੇਯਕੀਨੀ ਸੰਤੁਲਨ (precarious balance) 'ਤੇ ਟਿਕਿਆ ਰਿਹਾ। ਰਾਜ ਦੀ ਅਰਥਵਿਵਸਥਾ ਅਵਿਵਸਥਿਤ ਹੋ ਗਈ ਅਤੇ ਸਰਵਜਨਿਕ ਵਿਵਸਥਾ ਲਈ ਲਗਾਤਾਰ ਖ਼ਤਰਾ ਪੈਦਾ ਹੁੰਦਾ ਰਹਿੰਦਾ ਸੀ। ਜੁਲਾਈ 1936 ਵਿਚ ਸਪੇਨਿਸ਼ ਮੋਰੱਕੋ (Morocco) ਵਿਚ ਸਥਿਤ ਫੌਜ ਦੇ ਸੈਨਾਪਤੀ ਫਰਾਂਕੋ (General Franco), ਫੌਜੀ ਵਿਦਰੋਹ ਦੀ ਐਲਾਨ ਕਰਕੇ, ਇੱਕ ਫੌਜ ਦੇ ਨਾਲ, ਜਿਸ ਵਿਚ ਮੁੱਖ ਤੌਰ 'ਤੇ ਮੂਰਿਸ਼ (Moorish) ਫੌਜੀ ਸਨ, ਸਪੇਨ ਵਿਚ ਵੜ ਗਿਆ। ਜ਼ਿਆਦਾ ਵਿਰੋਧ ਤੋਂ ਬਿਨਾ ਹੀ ਉਸਨੇ ਸਪੇਨ ਦੇ ਬਿਲਕੁਲ ਦੱਖਣੀ ਭਾਗ 'ਤੇ ਕਬਜ਼ਾ ਕਰ ਲਿਆ ਅਤੇ ਹੌਲੀ-ਹੌਲੀ ਸਾਰਾ ਪੱਛਮੀ ਸਪੇਨ ਜਿੱਤ ਲਿਆ। ਨਵੰਬਰ ਦੇ ਅੱਧ ਤੱਕ ਵਿਦਰੋਹੀ ਮੈਡ੍ਰਿਡ ਦੇ ਉਪਨਗਰਾਂ (suburbs of Madrid) ਤੱਕ ਪਹੁੰਚ ਗਏ, ਸਪੇਨਿਸ਼ ਸਰਕਾਰ ਹਟ ਕੇ ਵੇਲੇਨਸ਼ੀਆ (Valencia) ਚਲੀ ਗਈ ਅਤੇ ਰਾਜਧਾਨੀ ਦਾ ਪਤਨ ਨੇੜੇ ਪ੍ਰਤੀਤ ਹੋਣ ਲੱਗਾ। ਇਸ ਸਮੇਂ ਤੋਂ ਸਰਕਾਰੀ ਫੌਜ ਦਾ ਮੁਕਾਬਲਾ ਸਖ਼ਤ ਹੋਣ ਲੱਗਾ ਅਤੇ ਸਾਲ ਦੇ ਅੰਤ ਤੱਕ ਤਿੰਨ ਸੰਭਵ ਨਤੀਜੇ– ਖੱਬੇਪੱਖੀਆਂ ਦੀ ਜਿੱਤ, ਦੱਖਣਪੰਥੀਆਂ ਦੀ ਜਿੱਤ ਜਾਂ ਉਨ੍ਹਾਂ ਵਿਚ ਗਤੀਰੋਧ ਲਗਭਗ ਸਮਾਨ ਰੂਪ ਨਾਲ ਸੰਭਵ ਪ੍ਰਤੀਤ ਹੋਣ ਲੱਗੇ।

ਉਂਜ ਹੋਰ ਹਾਲਾਤਾਂ ਵਿਚ ਸਪੇਨ ਦਾ ਗ੍ਰਹਿ-ਯੁੱਧ ਅੰਤਰਰਾਸ਼ਟਰੀ ਘਟਨਾ ਨਹੀਂ ਬਣਿਆ ਹੁੰਦਾ। ਜਿਨ੍ਹਾਂ ਕਾਰਨਾਂ ਨਾਲ ਉਹ ਅੰਤਰਰਾਸ਼ਟਰੀ ਘਟਨਾ ਬਣ ਸਕਿਆ, ਉਹ ਦੋ ਤਰ੍ਹਾਂ ਦੇ ਸਨ। ਇੱਕ ਤਾਂ ਇਟਲੀ ਨੇ ਜੋ ਹਾਲ ਵਿਚ ਅਬੀਸੀਨੀਆ ਵਿਚ ਜਿੱਤ ਹਾਸਲ ਕਰ ਚੁੱਕਾ ਸੀ, ਜਿਸ ਨਾਲ ਭੂਮੱਧ ਸਾਗਰ ਦਾ ਸਾਮਰਿਕ ਮਹੱਤਵ (strategic importance) ਸਪੱਸ਼ਟ ਹੋ ਗਿਆ ਸੀ, ਪੱਛਮੀ ਭੂਮੱਧ ਸਾਗਰ ਵਿਚ ਆਪਣੀ ਸਥਿਤੀ ਮਜ਼ਬੂਤ ਬਣਾਉਣ ਦੇ ਮੌਕੇ ਦਾ ਸਵਾਗਤ ਕੀਤਾ। ਦੂਜਾ, ਪਹਿਲੇ ਵਿਸ਼ਵਯੁੱਧ ਤੋਂ ਬਾਅਦ ਇਹ ਵਿਚਾਰ ਜ਼ੋਰ ਫੜ ਰਿਹਾ ਸੀ ਕਿ ਕਿਸੇ ਦੇਸ਼ ਵਿਸੇਸ਼ ਦਾ ਅੰਦਰੂਨੀ ਸੰਗਠਨ ਜਿਸ ਰਾਜਨੀਤਿਕ ਸਿਧਾਂਤ 'ਤੇ ਆਧਾਰਿਤ ਹੋਵੇ, ਉਸ ਦੇਸ਼ ਨਾਲ ਹੋਰ ਦੇਸ਼ਾਂ ਵਿਚ ਉਸ ਸਿਧਾਂਤ ਦੀ ਜਿੱਤ ਲਈ ਪ੍ਰੋਤਸਾਹਨ ਅਤੇ ਸਹਾਇਤਾ ਦੀ ਉਮੀਦ ਹੈ। 1927 ਤੋਂ ਪਹਿਲਾਂ ਸੋਵੀਅਤ ਸੰਘ ਨੇ ਇਹ ਨੀਤੀ ਅਪਣਾਈ ਸੀ ਅਤੇ ਅੱਗੇ ਚੱਲ ਕੇ ਹੋਰ ਦੇਸ਼ਾਂ ਨੇ ਵੀ ਇਸ ਦਾ ਅਨੁਸਰਨ ਕੀਤਾ ਸੀ। ਜਰਮਨੀ ਨੇ 1933–34 ਵਿਚ ਆਸਟ੍ਰੀਅਨ ਨਾਤਸੀਆਂ ਨੂੰ ਧਨ ਅਤੇ ਹਥਿਆਰਾਂ ਦੀ ਮੱਦਦ ਦਿੱਤੀ ਸੀ। ਜਰਮਨੀ ਤੋਂ ਵੀ ਜ਼ਿਆਦਾ ਸਫ਼ਲਤਾਪੂਰਵਕ ਇਟਲੀ ਨੇ ਆਸਟ੍ਰੀਆ ਵਿਚ ਫਾਸਿਸਟ ਸ਼ਾਸਨ ਦੀ ਸਥਾਪਨਾ 'ਤੇ ਜ਼ੋਰ ਦਿੱਤਾ ਸੀ। 1936 ਵਿਚ ਇਟਲੀ ਅਤੇ ਜਰਮਨੀ ਨੇ ਸਪੇਨ ਦੇ ਗ੍ਰਹਿਯੁੱਧ ਨੂੰ ਫਾਸਿਜ਼ਮ ਅਤੇ ਕਮਿਊਨਿਜ਼ਮ ਵਿਚਾਲੇ ਸੰਘਰਸ਼ ਮੰਨਿਆ– ਇਸ ਧਾਰਨਾ ਦਾ ਕੋਈ ਭਰੋਸੇਯੋਗ ਅਧਾਰ ਨਹੀਂ ਸੀ ਅਤੇ ਵਿਦਰੋਹੀਆਂ ਦੀ ਮੱਦਦ ਕਰਨਾ ਸਹੀ ਸਮਝਿਆ। ਇਸ ਤਰ੍ਹਾਂ ਦੇ ਲਗਭਗ ਸਾਰੇ ਮਾਮਲਿਆਂ ਵਿਚ ਦਖਲਅੰਦਾਜੀ ਕਰਨ ਵਾਲੇ ਦੇਸ਼ ਦੇ ਰਾਸ਼ਟਰੀ ਹਿੱਤਾਂ ਅਤੇ ਕਿਸੇ ਰਾਜਨੀਤਿਕ ਸਿਧਾਂਤ ਦੇ ਕਲਪਿਤ ਹਿੱਤਾਂ ਵਿਚ ਭੇਦ ਕਰ ਸਕਣਾ ਔਖਾ ਪ੍ਰਤੀਤ ਹੁੰਦਾ ਹੈ।

ਕੀ ਤੁਸੀ ਜਾਣਦੇ ਹੋ? ਪਹਿਲੇ ਵਿਸ਼ਵ ਯੁੱਧ ਦਾ ਤਤਕਾਲਿਕ ਕਾਰਨ ਆਸਟਰੀਆ ਅਤੇ ਸਾਰਵਿਆ ਦੀ ਪ੍ਰਤਿਦੁੰਵਕਿਤਾ ਅਤੇ ਵੈਮਨਸਤਾ ਸੀ।

ਇਸ ਵਿਚ ਸ਼ੱਕ ਦੀ ਗੁੰਜਾਇਸ਼ ਘੱਟ ਹੀ ਹੈ ਕਿ ਇਟਲੀ, ਕਿਸੇ ਨਾ ਕਿਸੇ ਰੂਪ ਵਿਚ, ਸੈਨਾਪਤੀ ਫਰਾਂਕੋ ਦੁਆਰਾ ਕੀਤੇ ਗਏ ਵਿਦਰੋਹ ਵਿਚ ਗੁਪਤ ਸਹਿਕਾਰੀ (privy) ਸੀ, ਕਿਉਂਕਿ ਫਰੈਂਕੋ ਦੀ ਫੌਜ ਨੂੰ ਮੋਰੱਕੋ ਤੋਂ ਲਿਆਉਣ ਲਈ ਇਟਾਲੀਅਨ ਜਹਾਜਾਂ ਦੀ ਮੱਦਦ ਸ਼ੁਰੂ ਤੋਂ ਹੀ ਹਾਸਲ ਸੀ। ਕੁਝ ਹਫ਼ਤਿਆਂ ਵਿਚ ਸਪੇਨਿਸ਼ ਗ੍ਰਹਿਯੁੱਧ ਕਾਰਨ ਸਾਰੇ ਯੂਰਪ ਦੇ ਹੀ ਦੋ ਸ਼ਿਵਰਾਂ ਵਿਚ ਵੰਡ ਜਾਣ ਦੀ ਸੰਭਾਵਨਾ ਹੋਣ ਲੱਗੀ। ਇਟਲੀ, ਜਰਮਨੀ ਅਤੇ ਪੁਰਤਗਾਲ ਖੁੱਲ੍ਹੇਆਮ ਵਿਦਰੋਹੀਆਂ ਪ੍ਰਤੀ ਹਮਦਰਦੀ ਪ੍ਰਗਟਾਉਂਦੇ ਸਨ ਜਦੋਂ ਕਿ ਸੋਵੀਅਤ ਸੰਘ ਦੀ ਸਪੇਨ ਸਰਕਾਰ ਦੇ ਨਾਲ ਹਮਦਰਦੀ ਸੀ। ਕਿਸੇ ਵੀ ਕੀਮਤ 'ਤੇ ਨਿਰਪੱਖ ਬਣੇ ਰਹਿਣ ਲਈ ਉਤਸੁਕ ਬ੍ਰਿਟਿਸ਼ ਸਰਕਾਰ ਨੇ ਗ੍ਰੇਟ ਬ੍ਰਿਟੇਨ ਤੋਂ ਸਪੇਨ ਨੂੰ ਯੁੱਧ ਸਮੱਗਰੀ ਭੇਜੇ ਜਾਣ 'ਤੇ 15 ਅਗਸਤ ਨੂੰ ਰੋਕ ਲਾ ਦਿੱਤੀ ਅਤੇ ਫਰਾਂਸ ਨੇ ਵੀ ਬ੍ਰਿਟਿਸ਼ ਦਾ ਅਨੁਕਰਨ ਕੀਤਾ। ਕੁਝ ਸਮੇਂ ਬਾਅਦ ਇਨ੍ਹਾਂ ਦੇਸ਼ਾਂ ਨੇ ਯੂਰਪ ਦੇ ਸਾਰੇ ਦੇਸ਼ਾਂ ਨੂੰ ਇਸ ਆਸ ਦਾ ਇੱਕ ਸਮਝੌਤਾ ਕਰਨ ਦੀ ਅਪੀਲ ਕੀਤੀ ਕਿ ਉਹ ਕਿਸੇ ਵੀ ਪੱਖ ਨੂੰ ਯੁੱਧ ਸਮੱਗਰੀ ਨਹੀ ਭੇਜਣਗੇ ਅਤੇ ਇਸ ਸਮਝੌਤੇ 'ਤੇ ਕਿਸ ਤਰ੍ਹਾਂ ਅਮਲ ਕੀਤਾ ਜਾ ਰਿਹਾ ਹੈ, ਇਸਦੀ ਦੇਖ-ਰੇਖ ਕਰਨ ਲਈ ਲੰਦਨ ਵਿਚ ਇੱਕ ਅਹਸਤਕਸ਼ੇਪ-ਕਮੇਟੀ (non-intervention committee) ਗਠਿਤ ਕੀਤੀ ਜਾਵੇਗੀ। ਕੁਝ ਦੇਰੀ ਤੋਂ ਬਾਅਦ ਜੋ ਮੁੱਖ ਰੂਪ ਨਾਲ ਪੁਰਤਗਾਲ ਦੀ ਆਨਾਕਾਨੀ ਕਾਰਨ ਹੋਈ, ਇਹ ਸਮਝੌਤਾ ਹੋ ਗਿਆ। ਇਸ ਸਮਝੌਤੇ ਕਾਰਨ ਕੁਝ ਹਫ਼ਤੇ ਤੱਕ ਸਪੇਨ ਦੀ ਹਥਿਆਰਾਂ ਦਾ ਭੇਜਿਆ ਜਾਣਾ ਰੁਕ ਗਿਆ ਪ੍ਰਤੀਤ ਹੁੰਦਾ ਸੀ। ਪਰ ਉਸਦੇ ਤੋਂ ਕੁਝ ਸਮੇਂ ਬਾਅਦ ਹੀ ਸਪੇਨਿਸ਼ ਅਤੇ ਸੋਵੀਅਤ ਸਰਕਾਰਾਂ ਸਮਝੌਤੇ ਦਾ ਉਲੰਘਣ ਕਰਨ ਲਈ ਇਟਲੀ, ਜਰਮਨੀ ਅਤੇ ਪੁਰਤਗਾਲ ਦੀ ਨਿੰਦਾ ਕਰਨ ਲੱਗ ਗਈ। ਇਨ੍ਹਾਂ ਦੋਸ਼ਾਂ ਦਾ ਉੱਤਰ ਸੋਵੀਅਤ ਸਰਕਾਰ 'ਤੇ ਦੋਸ਼ ਲਾ ਕੇ ਦਿੱਤਾ ਗਿਆ ਜੋ ਛੇਤੀ ਹੀ ਉਨੇ ਹੀ ਸੱਚ ਹੋ ਗਏ। ਅਕਤੂਬਰ ਦੇ ਬਾਅਦ ਤੋਂ ਇਟਲੀ ਅਤੇ ਜਰਮਨੀ ਵਧੇਰੇ ਰੂਪ 'ਚ ਵਿਦਰੋਹੀਆਂ ਨੂੰ ਹਥਿਆਰ ਭੇਜ ਰਹੇ ਸਨ ਅਤੇ ਸੋਵੀਅਤ ਸੰਘ ਸਪੇਨ ਦੀ ਸਰਕਾਰ ਨੂੰ; ਅਤੇ ਜਦੋਂ ਨਵੰਬਰ ਵਿਚ ਮੈਡ੍ਰਿਡ ਦਾ ਪਤਨ ਨੇੜੇ ਦਿਖਾਈ ਦਿੱਤਾ ਸੀ, ਇਟਲੀ ਅਤੇ ਜਰਮਨੀ ਨੇ ਸੈਨਾਪਤੀ ਫਰੈਂਕੋ ਦੁਆਰਾ ਸਥਾਪਤ ਸਰਕਾਰ ਨੂੰ ਸਰਕਾਰੀ ਤੌਰ 'ਤੇ ਮਾਨਤਾ ਦੇ ਦਿੱਤੀ। ਇਟਾਲੀਅਨ ਅਤੇ ਜਰਮਨੀ ਫੌਜੀ ਕਾਫ਼ੀ ਗਿਣਤੀ ਵਿਚ ਵਿਦਰੋਹੀਆਂ ਦੇ ਨਾਂਲ ਮਿਲ ਕੇ ਲੜ ਰਹੇ ਸਨ। ਇਸੇ ਤਰ੍ਹਾਂ ਸਪੇਨਿਸ਼ ਸਰਕਾਰ ਵੱਲੋਂ ਰੂਸੀ ਫੌਜੀ ਟੁਕੜੀਆਂ ਅਤੇ ਫਾਸਿਸਟ-ਵਿਰੋਧੀ ਇਟਲੀਵਾਸੀ ਅਤੇ ਨਾਤਸੀ-ਵਿਰੋਧੀ ਜਰਮਨ ਲੋਕ ਅਤੇ ਹੋਰ ਦੇਸ਼ਾਂ ਦੇ ਸਵੈ-ਸੇਵਕ ਫੌਜੀ ਲੜ ਰਹੇ ਸਨ। ਸਪੇਨਿਸ਼ ਗ੍ਰਹਿਯੁੱਧ ਨੇ ਸਪੇਨ ਦੀ ਜ਼ਮੀਨ 'ਤੇ ਲੜੇ ਜਾਣ ਵਾਲੇ ਯੂਰਪੀ ਗ੍ਰਹਿਯੁੱਧ ਦੇ ਕਈ ਲੱਛਣ ਧਾਰਨ ਕਰ ਲਏ ਸਨ।

**ਸਵੈ-ਮੁਲਾਂਕਣ (Self Assessment)** ਨੋਟ

**ਖਾਲੀ ਥਾਵਾਂ ਭਰੋ (Fill in the blanks) :**

1. ਸਲਾਵ ਅੱਤਵਾਦੀਆਂ ਨੇ ਆਸਟ੍ਰੀਆ ਨੂੰ ਆਤੰਕਿਤ ਕਰਨ ਲਈ ........ ਦਾ ਸੰਗਠਨ ਕੀਤਾ ਸੀ।
2. ਉੱਨ੍ਹਵੀਂ ਸ਼ਤਾਬਦੀ ਦੀ ਇੱਕ ਵੱਡੀ ਖਾਸੀਅਤ ......... ਦਾ ਪ੍ਰਸਾਰ ਸੀ।
3. ਉੱਨ੍ਹਵੀਂ ਅਤੇ ਵੀਹਵੀਂ ਸ਼ਤਾਬਦੀ ਦਾ ਸਾਮਰਾਜਵਾਦ ........ ਦਾ ਸ਼ਿਸ਼ੂ ਸੀ।

## 27.3 ਰਾਸ਼ਟਰਾਂ ਦੀ ਮੁਕਾਬਲੇਬਾਜ ਗੁੱਟਬੰਦੀ (Rival Grouping of the Powers)

1936 ਦੇ ਆਖ਼ਰੀ ਮਹੀਨਿਆਂ ਦੀ ਦੂਜੀ ਸਭ ਤੋਂ ਜ਼ਿਆਦਾ ਮਹੱਤਵਪੂਰਨ ਘਟਨਾ ਜਰਮਨੀ ਅਤੇ ਜਾਪਾਨ ਵਿਚਾਲੇ ਇੱਕ ਸਮਝੌਤਾ ਸੀ। ਰਾਜਨੀਤਿਕ ਨਜ਼ਰੀਏ ਨਾਲ ਇਹ ਸਮਝੌਤਾ ਫਰਾਂਸ-ਸੋਵੀਅਤ ਸਮਝੌਤੇ ਦਾ ਹੀ ਨਤੀਜਾ ਅਤੇ ਪ੍ਰਤੀਰੂਪ (counterpart) ਸੀ। ਇਸ ਵਿਚ ਹੈਰਾਨੀ ਦੀ ਗੱਲ ਸਿਰਫ਼ ਏਨੀ ਹੀ ਹੈ ਕਿ ਇਹ ਸਮਝੌਤਾ ਹੋਰ ਵੀ ਛੇਤੀ ਨਹੀਂ ਹੋ ਸਕਿਆ ਸੀ। ਇਹ ਉਸ ਸਮੇਂ ਦੀ ਖਾਸੀਅਤ ਸੀ ਕਿ ਉਸਦਾ ਸਵਰੂਪ ਸੰਸ਼ਰਯ ਦਾ ਨਾ ਹੋ ਕੇ ਕਮਿਊਨਿਜ਼ਮ ਨੂੰ ਰੋਕਣ ਲਈ ਪਰਸਪਰ ਸਹਾਇਤਾ-ਸਬੰਧੀ ਸਮਝੌਤੇ ਦਾ ਸੀ।

ਇਸ ਤਰ੍ਹਾਂ 1936 ਦੀ ਸਮਾਪਤੀ ਤੱਕ ਸੰਸਾਰ ਦਾ ਕਾਫ਼ੀ ਹਿੱਸਾ ਦੋ ਗੁੱਟਾਂ ਵਿਚ ਵੰਡ ਚੁੱਕਿਆ ਸੀ; ਇੱਕ ਦੀ ਅਗਵਾਈ ਜਰਮਨੀ, ਇਟਲੀ ਅਤੇ ਜਾਪਾਨ ਕਰਦੇ ਸਨ ਤਾਂ ਦੂਜੇ ਦੀ ਫਰਾਂਸ ਅਤੇ ਸੋਵੀਅਤ ਸੰਘ। ਪਹਿਲੇ ਗੁੱਟ ਨੂੰ ਕਦੇ-ਕਦੇ ਫਾਸਿਸਟ ਸ਼ਕਤੀਆਂ ਕਿਹਾ ਜਾਂਦਾ ਸੀ ਜਦੋਂਕਿ ਜਾਪਾਨ ਲਈ ਇਸ ਸ਼ਬਦ ਦਾ ਪ੍ਰਯੋਗ ਸ਼ੱਕੀ ਸੀ। ਦੂਜੇ ਗੁੱਟ ਨੂੰ ਇੰਨੀ ਸਰਲਤਾ ਨਾਲ ਕੋਈ ਨਾਂਅ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਸੋਵੀਅਤ ਸੰਘ ਨੇ 1936 ਵਿਚ ਜੋ ਸੰਵਿਧਾਨ ਸਵੀਕਾਰ ਕੀਤਾ ਸੀ, ਉਸ ਵਿਚ ਜਦੋਂਕਿ ਪ੍ਰਜਾਤੰਤਰ ਦੇ ਕੁਝ ਬਾਹਰੀ ਰੂਪਾਂ ਨੂੰ ਸਥਾਨ ਦਿੱਤਾ ਗਿਆ ਸੀ, ਫਿਰ ਵੀ ਪੱਛਮੀ ਪ੍ਰਜਾਤੰਤਰ ਲਈ ਉਹ ਓਨੀ ਹੀ ਵਿਦੇਸ਼ੀ ਚੀਜ਼ ਸੀ ਜਿੰਨੀ ਕਮਿਊਨਿਜ਼ਮ ਫਰਾਂਸ ਦੇ ਲਈ। ਦੇਸ਼ ਦਾ ਵਰਗੀਕਰਨ ਉਨ੍ਹਾਂ ਦੁਆਰਾ ਪ੍ਰਵਾਨ ਰਾਜਨੀਤਿਕ ਸਿਧਾਂਤਾਂ ਦੇ ਅਨੁਸਾਰ ਕਰਨ ਦਾ ਪ੍ਰਚਲਿਤ ਅਭਿਆਸ ਭਰਮਾਊ ਹੋ ਗਿਆ। ਇਨ੍ਹਾਂ ਮੁਕਾਬਲੇਬਾਜ ਗੁੱਟਬੰਦੀਆਂ ਦਾ ਕਾਰਨ ਕਿਸੇ ਆਮ ਰਾਜਨੀਤਿਕ ਸਿਧਾਂਤ ਵਿਚ ਵਿਸ਼ਵਾਸ ਨਹੀਂ ਸੀ ਸਗੋਂ ਇਹ ਤੱਥ ਸੀ ਕਿ ਪਹਿਲਾ ਗੁੱਟ, ਵੱਖ-ਵੱਖ ਕਾਰਨਾਂ ਨਾਲ, 1919 ਵਿਚ ਕੀਤੇ ਗਏ ਵਿਸ਼ਵ ਦੀ ਪ੍ਰਾਦੇਸ਼ਿਕ ਵਿਵਸਥਾ ਤੋਂ ਅਸੰਤੁਸ਼ਟ ਸੀ ਜਦੋਂ ਕਿ ਦੂਜਾ ਗੁੱਟ ਉਸਨੂੰ ਬਣਾਈ ਰੱਖਣਾ ਚਾਹੁੰਦਾ ਸੀ। ਬੁਨਿਆਦੀ ਮੱਤਭੇਦ ਮੁੱਖ ਤੌਰ ਧਰ ਉਨ੍ਹਾਂ ਲੋਕਾਂ ਵਿਚ ਸੀ ਜੋ ਵਿਸ਼ਵ ਦੀਆਂ ਵਸਤੂਆਂ ਦੇ ਤੱਤਕਾਲੀ ਅੰਤਰਰਾਸ਼ਟਰੀ ਵਿਤਰਣ (international distribution) ਤੋਂ ਸੰਤੁਸ਼ਟ ਸੀ ਅਤੇ ਜੋ ਉਸ ਤੋਂ ਅਸੰਤੁਸ਼ਟ ਸਨ।

ਕੁਝ ਸਮੇਂ ਤੱਕ ਬ੍ਰਿਟਿਸ਼ ਸਰਕਾਰ ਨੇ ਕਿਸੇ ਵੀ ਗੁੱਟ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਚੌਕਸੀਪੂਰਨ ਨਿਰਪੱਖਤਾ ਦਾ ਰੁਪ ਉਦੋਂ ਤੱਕ ਅਪਣਾਈ ਰੱਖਿਆ, ਜਦੋਂ ਤੱਕ ਹੋਰ ਰਾਸ਼ਟਰਾਂ ਦੀ ਅਸ਼ਾਂਤੀਕਾਰਕ ਕਾਰਵਾਈ ਕਾਰਨ ਉਸਨੂੰ ਇਹਰੁਖ਼ ਤਿਆਗ ਦੇਣ ਲਈ ਮਜ਼ਬੂਰ ਨਹੀਂ ਹੋ ਜਾਣਾ ਪਿਆ। ਸਪੇਨਿਸ਼ ਮੋਰੱਕੋ ਵਿਚ ਜਰਮਨ ਫ਼ੌਜਾਂ ਜਮ੍ਹਾ ਹੋਣ ਦੀ ਅਫ਼ਵਾਹ ਨਾਲ 1937 ਦੇ ਸ਼ੁਰੂ ਵਿਚ ਚਿੰਤਾ ਪੈਦਾ ਹੋ ਗਈ। ਡਰ ਇਸ ਗੱਲ ਦਾ ਸੀ ਕਿ ਸੈਨਾਪਤੀ ਫਰੈਂਕੋ ਇਸ ਖੇਤਰ ਨੂੰ ਮੱਦਦ ਦੇ ਬਦਲੇ ਮੱਦਦ ਕਰਨ ਵਾਲੇ ਨੂੰ ਦੇ ਸਕਦਾ ਸੀ। ਫਰਾਂਸੀਸੀ ਸਰਕਾਰ ਨੇ 1922 ਦੇ ਸਮਝੌਤੇ ਦੀ ਜਨਤਕ ਰੂਪ ਨਾਲ ਯਾਦ ਦੁਆਈ ਜਿਸ ਅਨੁਸਾਰ ਰਿਫ਼-ਯੁੱਧ (Riff War) ਵਿਚ ਫਰਾਂਸੀਸੀ ਮੱਦਦ ਪ੍ਰਾਪਤ ਕਰਨ ਤੋਂ ਬਾਅਦ ਸਪੇਨ ਨੇ ਸਾਮਰਿਕ (Srtategic) ਮਹੱਤਵ ਦੇ ਇਸ ਖੇਤਰ ਦਾ ਸਵੈਤਵਾਂਤਰਣ (alienation) ਨਹੀਂ ਕਰਨ ਦਾ ਵਚਨ ਦਿੱਤਾ ਸੀ। ਜੋ ਵੀ ਹੋਵੇ, ਜਰਮਨੀ ਨੇ ਅਜਿਹੀ ਕਿਸੇ ਇੱਛਾ ਤੋਂ ਇਨਕਾਰ ਕੀਤਾ। ਸੈਨਾਪਤੀ ਫਰੈਂਕੋ ਨੇ ਵੀ ਇਹ ਐਲਾਨ ਕੀਤਾ ਕਿ ਉਹ ਸਪੇਨਿਸ਼ ਰਾਜ-ਖੇਤਰ ਨੂੰ ਅਖੰਡ ਬਣਾਈ ਰੱਖਣ ਲਈ ਦ੍ਰਿੜਸੰਕਲਪ ਹੈ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਉਂਵੇਂ-ਉਂਵੇਂ ਜਰਮਨਾਂ ਨੇ ਸਪੇਨ ਵਿਚ ਮੁੱਖ ਕੰਮ ਇਟਲੀ ਲਈ ਛੱਡ ਦਿੱਤਾ। ਜਰਮਨੀ ਦੀ ਸਹਾਇਤਾ ਮੁੱਖ ਰੂਪ ਨਾਲ ਸਮੱਗਰੀ ਅਤੇ ਟੈਕਨੀਸ਼ੀਅਨਾਂ ਤੱਕ ਹੀ ਸੀਮਤ ਸੀ ਜਦੋਂ ਕਿ ਇਟਲੀ ਦੀਆਂ ਫੌਜਾਂ ਵੱਖ ਅਤੇ ਸਪੱਸ਼ਟ ਫੌਜ ਦੇ ਰੂਪ ਵਿਚ ਲੜਦੀਆਂ ਸਨ ਅਤੇ ਉਨ੍ਹਾਂ ਦੀਆਂ ਸਫ਼ਲਤਾਵਾਂ ਦਾ ਰੋਮ ਵਿਚ ਜਿੱਤ ਦੇ ਰੂਪ ਵਿਚ ਸਵਾਗਤ ਕੀਤਾ ਜਾਂਦਾ ਸੀ। ਜਿੱਥੋਂ ਤੱਕ ਸਪੇਨਿਸ਼ ਸਰਕਾਰ ਦਾ ਸਵਾਲ ਹੈ , ਉਸ ਵੱਲੋਂ ਲੜਨ ਵਾਲੀ ਅੰਦਰਰਾਸ਼ਟਰੀ ਬ੍ਰਿਗੇਡ (International Brigade) ਨੂੰ ਸਪੱਸ਼ਟ ਹੀ ਕਿਸੇ ਦੇਸ਼ ਵਿਸ਼ੇਸ਼ ਦਾ ਨਹੀਂ ਕਿਹਾ ਜਾ ਸਕਦਾ ਸੀ; ਪਰ ਸਮੱਗਰੀ, ਜਿਸ ਦਾ ਜ਼ਿਆਦਾਤਰ ਹਿੱਸਾ ਸੰਭਵਤ: ਰੂਸ ਤੋਂ ਆਉਂਦਾ ਸੀ, ਜ਼ਿਆਦਾਤਰ ਫਰਾਂਸ 'ਚੋਂ ਹੋ ਕੇ ਪਹੁੰਚਦੀ ਸੀ।

ਯੂਰਪ ਦੀ ਆਮ ਸਥਿਤੀ 'ਤੇ ਫਰਾਂਸ ਦੇ ਇੱਕ ਰਾਜਨੀਤਿਕ ਸੰਕਟ ਦਾ, ਜੋ ਜੂਨ 1936 ਵਿਚ ਲੀਓ ਬਲੂਮ (Leon Blum) ਦੀ ਅਗਵਾਈ ਵਿਚ ਲੋਕ-ਮੋਰਚੇ (Front Populaire) (ਰੈਡੀਕਲ, ਸੋਸ਼ਲਿਸਟ ਅਤੇ ਕਮਿਊਨਿਸ਼ਟਾਂ ਦੇ ਗੁੱਟ) ਦੀ ਸਰਕਾਰ ਬਣ ਜਾਣ ਕਾਰਨ ਹੋਰ ਵੀ ਗੰਭੀਰ ਹੋ ਗਿਆ ਸੀ, ਹੋਰ ਵੀ ਡੂੰਘਾਂ ਪ੍ਰਭਾਵ ਪਿਆ ਸੀ। ਇਸ ਸਰਕਾਰ ਨੇ ਮਜ਼ਦੂਰਾਂ ਅਤੇ ਮਾਲਕਾਂ ਦੇ ਸਬੰਧਾਂ ਵਿਚ ਬਦਲਾਅ ਕਰਦੇ ਹੋਏ ਤੇਜ਼ੀ ਨਾਲ ਅਜਿਹੇ ਕਾਨੂੰਨ (laws) ਬਣਾਏ ਜੋ ਅਮੀਰ ਵਰਗਾਂ (wealthier classes) ਨੂੰ ਕ੍ਰਾਂਤੀਕਾਰੀ ਮਾਲੂਮ ਹੁੰਦੇ ਸਨ। ਇਨ੍ਹਾਂ ਲੋਕਾਂ ਵਿਚ ਸੰਪੰਨ ਅਤੇ ਸੁਰੱਖਿਅਤ ਯਹੂਦੀ ਵਿਅਕਤੀ ਲੀਓ ਬਲੂਮ ਮਾਸਕੋ ਦਾ ਦਲਾਲ ਮੰਨਿਆ ਜਾਂਦਾ ਸੀ। ਸਪੇਨ ਵਿਚ ਜਿੱਤ ਉਸ ਪੱਖ ਦੀ ਹੋਈ ਜਿਸਦਾ ਤਥਾਕਥਿਤ ਫਾਸਿਸਟ ਰਾਸ਼ਟਰਾਂ ਨੇ ਪੱਖ ਲਿਆ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਜਰਮਨੀ ਅਤੇ ਇਟਲੀ ਨੇ 'ਸਪੇਨ ਵਿਚ ਕਿਸੇ ਤਰ੍ਹਾਂ ਦੀ ਦਖਲਅੰਦਾਜੀ ਨਾ ਹੋਵੇ, ਇਹ ਦੇਖਣ ਲਈ, ਵਚਨਬੱਧ ਅੰਤਰਰਾਸ਼ਟਰੀ ਕਮੇਟੀ ਦੇ ਮੈਂਬਰ ਹੁੰਦਿਆਂ ਹੋਇਆਂ ਵੀ' ਸਪੇਨਿਸ਼ ਸਰਕਾਰ ਦਾ ਪਾਸਾ ਪਲਟ ਦੇਣ ਲਈ, ਜ਼ਰੂਰੀ ਸੀਮਾ ਤੱਕ ਸਮੱਗਰੀ ਅਤੇ ਕੁਮਕ ਦੁਆਰਾ, ਉਸਦੀ ਸਹਾਇਤਾ ਕੀਤੀ ਸੀ। ਪਰ ਬਲੂਮ, ਸਪੇਨਿਸ਼ ਸਵਾਲ 'ਤੇ ਉਸਦੀਆਂ ਭਾਵਨਾਵਾਂ ਕੁਝ ਵੀ ਰਹੀਆਂ ਹੋਣ, ਹੋਰ ਸਾਰੇ ਫਰਾਂਸੀਸੀਆਂ ਵਾਂਗ ਇਹ ਸੋਚਦਾ ਸੀ ਕਿ ਫਰਾਂਸ ਦਾ ਮੁੱਖ ਹਿੱਤ ਗ੍ਰੇਟ ਬ੍ਰਿਟੇਨ ਦੇ ਨਾਲ ਕਦਮ ਮਿਲਾਈ ਰੱਖਣ ਵਿਚ ਹੈ। ਇੱਧਰ ਬ੍ਰਿਟਿਸ਼ ਸਰਕਾਰ ਨੇ ਜੇਕਰ ਗੈਰ-ਦਖਲਅੰਦਾਜੀ ਦੀ ਅਸਲੀਅਤ ਬਣਾਏ ਰੱਖਣ ਦਾ ਨਹੀਂ, ਤਾਂ ਘੱਟੋ-ਘੱਟ ਦਖਲਅੰਦਾਜੀ ਨੂੰ ਵਿਆਪਕ

ਨੋਟ

ਯੂਰਪੀ ਯੁੱਧ ਦਾ ਰੂਪ ਧਾਰਨ ਕਰਨ ਤੋਂ ਬਚਾਉਣ ਦਾ ਤਾਂ ਹਰ ਯਤਨ ਕੀਤਾ ਹੀ। ਤਨਾਓ 1939 ਦੇ ਬਸੰਤ ਤੱਕ ਜਾਰੀ ਰਿਹਾ ਜਦੋਂ ਕਿ ਗਣਤੰਤਰ ਸਰਕਾਰ ਦੇ ਗੜ੍ਹ ਕੇਟੇਲੋਨੀਆ (Catalonia) ਦੇ ਪਤਨ ਤੋਂ ਬਾਅਦ ਮੈਡ੍ਰਿਡ 'ਤੇ ਆਖ਼ਰ ਸੈਨਾਪਤੀ ਫਰੈਂਕੋ ਦੀ ਫੌਜ ਨੇ ਅਧਿਕਾਰ ਕਰ ਲਿਆ। ਇਸ ਤੋਂ ਬਾਅਦ ਫਰਾਂਸ ਅਤੇ ਬ੍ਰਿਟੇਨ ਦੋਵਾਂ ਹੀ ਦੀਆਂ ਸਰਕਾਰਾਂ ਨੇ ਫਰੈਂਕੋ ਸਰਕਾਰ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ।

ਪਰ ਵਿਸ਼ਵ-ਸਥਿਤੀ ਉਹੋ ਜਿਹੀ ਹੀ ਸੰਕਟਪੂਰਨ ਬਣੀ ਰਹੀ। ਜਿਸ ਸਮੇਂ ਸਪੇਨਿਸ਼ ਯੁੱਧ ਪੂਰੀ ਰਫ਼ਤਾਰ ਨਾਲ ਚੱਲ ਰਿਹਾ ਸੀ, ਉਸ ਸਮੇਂ ਜਾਪਾਨ ਨੇ ਚੀਨ ਵਿਚ ਆਪਣੀ ਕਾਰਵਾਈ ਸ਼ੁਰੂ ਕੀਤੀ ਜੋ ਅਸਲ 'ਚ ਹਮਲਾਵਰ ਮੁਹਿਮ ਹੀ ਸੀ ਕਿਉਂਕਿ ਯੁੱਧ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਸੀ। ਨਵੰਬਰ 1937 ਵਿਚ ਇਟਲੀ ਕਾਮਿੰਟਰਨ-ਵਿਰੋਧੀ ਸਮਝੌਤੇ (Anti-Comintern Pact) ਵਿਚ ਸ਼ਾਮਲ ਹੋ ਗਿਆ ਜੋ ਜਰਮਨੀ ਅਤੇ ਜਾਪਾਨ ਵਿਚਾਲੇ ਕੀਤਾ ਗਿਆ ਸੀ। ਇਸ ਦੇ ਨਤੀਜੇ ਵਜੋਂ ਇਟਲੀ ਨੇ 11 ਦਸੰਬਰ ਨੂੰ ਰਾਸ਼ਟਰ ਸੰਘ ਤੋਂ ਹਟ ਜਾਣ ਦਾ ਐਲਾਨ ਕੀਤਾ। ਮਿਉਨਿਖ ਵਿਚ ਜਦੋਂ ਖੁਦ ਮੁਸੋਲਿਨੀ ਨੇ ਹਿਟਲਰ ਨਾਲ ਸਮਾਰੋਹਪੂਰਵਕ ਸਰਕਾਰੀ ਮੁਲਾਕਾਤ ਕੀਤੀ ਸੀ, ਉਦੋਂ ਜਰਮਨੀ ਦੇ ਨਾਲ ਇਟਲੀ ਦੇ ਮਜ਼ਬੂਤ ਸਬੰਧਾਂ ਦੀ ਪੁਸ਼ਟੀ ਹੋ ਚੁੱਕੀ ਸੀ। ਉਸਦੇ ਬਦਲੇ ਵਿਚ 1938 ਵਿਚ, ਰੋਮ ਵਿਚ ਹਿਟਲਰ ਦਾ ਬੜੇ ਸਮਾਰੋਹਪੂਰਵਕ ਸਵਾਗਤ ਕੀਤਾ ਗਿਆ। ਅਜਿਹੀ ਕੋਈ ਵੀ ਗੱਲ ਨਹੀਂ ਛੁੱਟੀ ਜੋ ਬਰਲਿਨ-ਰੋਮ ਧੁਰੀ (Berlin-Rome axis) ਦੀ, ਘੱਟੋ-ਘੱਟ ਸਿਧਾਂਤਕ ਰੂਪ ਵਿਚ, ਜਿਸ ਨਾਲ ਜਪਾਨ ਵੀ ਸਬੰਧਿਤ ਸੀ, ਸ਼ਕਤੀ ਦੀ ਅਭਿਪੁਸ਼ਟੀ ਕਰਨ ਲਈ ਜ਼ਰੂਰੀ ਹੋਵੇ। ਅਜਿਹਾ ਪ੍ਰਤੀਤ ਹੋਣ ਲੱਗਾ ਮੰਨੋ ਅਸੰਤੁਸ਼ਟ ਰਾਸ਼ਟਰਾਂ ਦੀ ਨੁਕਸਾਨ ਪੂਰਤੀ ਲਈ ਬਿਲਕੁਲ ਨੇੜਲੇ ਭਵਿੱਖ ਵਿਚ ਹੀ ਕੋਈ ਕਾਰਵਾਈ ਕੀਤੀ ਜਾਵੇਗੀ। ਚੈਕੋਸਲੋਵਾਕੀਆ ਦੇ ਜਰਮਨ ਤੱਤ ਆਪਣੇ ਅਸੰਤੋਸ਼ ਦਾ ਐਲਾਨ ਪਹਿਲਾਂ ਹੀ ਕਰ ਚੁੱਕੇ ਸਨ ਅਤੇ ਜਰਮਨੀ ਵਿਚ ਸ਼ਾਮਲ ਹੋਣ ਦੀ ਇੱਛਾ ਵੀ ਕਰ ਚੁੱਕੇ ਸਨ। ਸੂਡੇਟਨ ਜਰਮਨਾਂ ਦਾ ਨੇਤਾ ਹੇਨਲੀਨ (Henlein) ਇੱਕ ਯੂਰਪੀ ਮਹੱਤਵ ਦਾ ਵਿਅਕਤੀ ਬਣ ਗਿਆ ਅਤੇ ਪ੍ਰਚਾਰ ਕੰਮ ਲਈ ਬ੍ਰਿਟੇਨ ਗਿਆ।

ਕੁੱਲ ਮਿਲਾ ਕੇ 1937 ਦਾ ਸਾਲ ਅਪ੍ਰਗਟ ਘਟਨਾਵਾਂ ਦੀ ਤਿਆਰੀ ਦਾ ਸਾਲ ਹੀ ਸੀ। ਭੂਮੱਧ ਸਾਗਰ (Mediterranean sea) ਵਿਚ ਯੁੱਧ ਦਾ ਖ਼ਤਰਾ ਸਭ ਤੋਂ ਜ਼ਿਆਦਾ ਤੱਤਕਾਲੀ ਪ੍ਰਤੀਤ ਹੁੰਦਾ ਹੈ, ਜਿੱਥੇ ਇਟਲੀ ਵਰਤਮਾਨ ਸ਼ਕਤੀ-ਵੰਡ ਤੋਂ ਬਹੁਤ ਜ਼ਿਆਦਾ ਅਸੰਤੋਸ਼ ਪ੍ਰਗਟ ਕਰਿਆ ਕਰਦਾ ਸੀ। ਉਸਨੇ ਇਹ ਦਾਵਾ ਪੇਸ਼ ਕੀਤਾ ਕਿ ਅਬਸੀਨੀਆ ਵਿਚ ਉਸਨੂੰ ਜੋ ਨਵੀਂ ਪ੍ਰਾਪਤੀ ਹੋਈ, ਉਸ ਕਾਰਨ ਉਹ ਸ਼ਵੇਜ ਨਹਿਰ (Suez Canal) ਕੇ, ਜਿਸ ਵਿਚ ਹੋ ਕੇ ਅਬਸੀਨੀਆ ਨੂੰ ਰਸਤਾ ਜਾਂਦਾ ਹੈ, ਕੰਟਰੋਲ ਵਿਚ ਭਾਗ ਪ੍ਰਾਪਤ ਕਰਨ ਦਾ ਅਧਿਕਾਰ ਹੋ ਗਿਆ ਹੈ ਅਤੇ ਇਹ ਵੀ ਅਪੀਲ ਕੀਤੀ ਕਿ ਟਿਊਨਿਸ (Tunis) ਦੀ ਜਨਸੰਖਿਆ ਵਿਚ ਇਟਾਲੀਅਨ ਲੋਕਾਂ ਦੀ ਪ੍ਰਮੁੱਖਤਾ ਤੋਂ ਇਹ ਵੀ ਸਪੱਸ਼ਟ ਹੈ ਕਿ ਇਹ ਬਸਤੀ ਅਸਲ ਵਿਚ ਇਟਲੀ ਦੇ ਅਧਿਕਾਰ ਵਿਚ ਹੋਣੀ ਚਾਹੀਦੀ ਹੈ। ਇਟਲੀ ਗ੍ਰੇਟ ਬ੍ਰਿਟੇਨ ਦੀ ਵਿਰੁੱਧ ਵੀ, ਜਿਸ ਦੇ ਵਿਰਾਟ ਮੁੜ-ਸ਼ਸਤਰੀਕਰਨ ਨੂੰ ਜਰਮਨੀ ਅਤੇ ਇਟਲੀ ਦੋਵਾਂ ਹੀ ਦੇ ਪ੍ਰਤੀ ਸਰਗਰਮ ਪ੍ਰਤੀਰੋਧ (positive resistance) ਦੀ ਨਵੀਂ ਨੀਤੀ ਦਾ ਸੂਚਕ ਮੰਨਿਆ ਜਾਂਦਾ ਸੀ, ਪ੍ਰਚੰਡ ਪ੍ਰਚਾਰ ਹੋਣ ਲੱਗਾ। ਬ੍ਰਿਟਿਸ਼ ਵਿਦੇਸ਼ ਮੰਤਰੀ ਈਡਨ ਨੇ ਜੇਨੇਵਾ ਵਿਚ 16 ਜਨਵਰੀ 1938 ਨੂੰ ਰਾਸ਼ਟਰ ਸੰਘ ਪ੍ਰੀਸ਼ਦ ਦੀ ਬੈਠਕ ਵਿਚ ਬ੍ਰਿਟੇਨ ਦੀਆਂ ਫੌਜੀ ਤਿਆਰੀਆਂ ਨੂੰ ਅੰਤਰਰਾਸ਼ਟਰੀ ਸੁਰੱਖਿਆ ਵਿਚ ਵਾਧਾ ਕਰਨ ਲਈ ਸਹਿਯੋਗ ਸਬੰਧੀ ਉਨ੍ਹਾਂ ਸਿਧਾਂਤਾਂ ਦਾ ਸਹਾਇਕ ਦੱਸਿਆ ਜਿਨ੍ਹਾਂ 'ਤੇ ਰਾਸ਼ਟਰ ਸੰਘ ਆਧਾਰਿਤ ਸੀ। ਪਰ ਬ੍ਰਿਟਿਸ਼ ਸੰਸਦ (Parliament) ਦੀ ਬਹਿਸ ਤੋਂ ਮਾਲੂਮ ਹੁੰਦਾ ਸੀ ਕਿ ਬ੍ਰਿਟਿਸ਼ ਮੰਤਰੀਮੰਡਲ ਨਾਲ ਮੱਤਭੇਦ ਸੀ ਅਤੇ 20 ਫਰਵਰੀ ਨੂੰ ਈਡਨ ਦੇ ਅਸਤੀਫ਼ੇ ਦੀ ਸੂਚਨਾ ਪ੍ਰਸਾਰਿਤ ਕਰ ਦਿੱਤੀ ਗਈ। ਜਰਮਨ ਅਤੇ ਇਟਾਲੀਅਨ ਪ੍ਰਚਾਰ ਸਾਧਨ ਆਮ ਹੀ ਈਡਨ ਨੂੰ ਆਪਣੇ ਜਾਇਜ਼ ਦਾਅਵਿਆਂ ਦੀ ਪੂਰਤੀ ਵਿਚ ਅੜਿੱਕਾ ਦੱਸ ਕੇ ਵਾਰ-ਵਾਰ ਉਸਦੀ ਨਿੰਦਿਆ ਕਰਦੇ ਰਹਿੰਦੇ ਸਨ। ਬ੍ਰਿਟਿਸ਼ ਲੋਕ ਸਭਾ ਵਿਚ ਆਪਣੇ ਅਸਤੀਫ਼ੇ 'ਤੇ ਰੌਸ਼ਨੀ ਪਾਉਂਦਿਆਂ ਈਡਨ ਨੇ ਇਸ ਸਪੱਸ਼ਟ ਕੀਤਾ ਕਿ ਜਦੋਂ ਤੱਕ ਇਟਲੀ ਦੁਸ਼ਮਣੀਪੂਰਨ ਪ੍ਰਚਾਰ (hostile propaganda) ਬੰਦ ਕਰਨ ਅਤੇ ਸਪੇਨ ਤੋਂ ਆਪਣੀਆਂ ਸੇਵਾਵਾਂ ਹਟਾ ਲੈਣ ਸਬੰਧੀ ਆਪਣੇ ਵਚਨ ਪੂਰੇ ਨਹੀਂ ਕਰ ਦਿੰਦਾ ਉਦੋਂ ਤੱਕ ਉਹ ਇਟਲੀ ਤੋਂ ਕਿਸੇ ਵੀ ਪ੍ਰਚਾਰ ਦੀ ਵਾਰਤਾ ਚਲਾਉਣ ਦਾ ਵਿਰੋਧ ਕਰਦਾ ਰਹੇਗਾ। ਪ੍ਰਧਾਨ ਮੰਤਰੀ ਦੇ ਰੂਪ ਵਿਚ ਬਾਲਡਵਿਨ ਦੇ ਉੱਤਾਰਾਧਿਕਾਰੀ ਨੇਵਿਲ ਚੈਂਬਰਲੇਨ (Neville Chamberlain) ਨੇ ਈਡਨ ਦੇ ਉੱਤਰਾਧਿਕਾਰੀ ਲਾਰਡ ਹੇਲੀਫੈਕਸ (Lord Halifax) ਦੇ ਸਹਿਯੋਗਪੂਰਵਕ ਇਟਲੀ ਨਾਲ ਵਾਰਤਾ ਚਲਾਉਣ ਦੇ ਆਪਣੇ ਵਿਚਾਰ ਦਾ ਐਲਾਨ ਕੀਤਾ ਅਤੇ 22 ਫਰਵਰੀ ਨੂੰ ਚੈਂਬਰਲੇਨ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਛੋਟੇ-ਛੋਟੇ ਦੇਸ਼ਾਂ ਵਿਚ ਵਿਸ਼ਵਾਸ ਨੂੰ ਉਤਸ਼ਾਹ ਦੇਣਾ ਗਲਤ ਹੋਵੇਗਾ ਕਿ ਹਮਲਾ ਨਾਲ ਉਨ੍ਹਾਂ ਦੀ ਰੱਖਿਆ ਰਾਸ਼ਟਰ ਸੰਘ ਕਰੇਗਾ। ਕਿਉਂਕਿ ਲਗਭਗ ਦੋ ਸਾਲ ਪਹਿਲਾਂ ਬਾਲਡਵਿਲ ਨੇ ਰਾਸ਼ਟਰ ਸੰਘ ਨੂੰ ਬ੍ਰਿਟਿਸ਼ ਨੀਤੀ ਦਾ ਆਖਰੀ ਆਸਰਾ (sheet-anchor) ਐਲਾਨ ਕੀਤਾ ਸੀ, ਇਸ ਲਈ ਇਹ ਸਪੱਸ਼ਟ ਸੀ ਕਿ ਹੁਣ ਨੀਤੀ ਬਦਲ ਗਈ ਸੀ।

## 27.4 ਜਰਮਨੀ ਦੁਆਰਾ ਹਮਲੇ ਦੀ ਸ਼ੁਰੂਆਤ (Germany Begins Aggression)

ਇਸ ਦੌਰਾਨ ਅੰਤਰਰਾਸ਼ਟਰੀ ਸੁਰੱਖਿਆ ਨੂੰ ਇੱਕ ਨਵਾਂ ਖਤਰਾ ਪੈਦਾ ਹੋ ਗਿਆ। ਸਟਰੇਸਾ (Stresa) ਵਿਚ 1935 ਵਿਚ ਹਸਤਾਖ਼ਸ਼ੁਦਾ ਇੱਕ ਸਮਝੌਤੇ ਦੇ ਅਧੀਨ ਬ੍ਰਿਟੇਨ ਨੇ ਫਰਾਂਸ ਅਤੇ ਇਟਲੀ ਦੇ ਨਾਲ ਆਸਟ੍ਰੀਆ ਦੀ ਅਜ਼ਾਦੀ ਅਤੇ ਅਖੰਡਤਾ ਵਿਚ ਆਪਣਾ ਹਿੱਤ ਐਲਾਨ ਕੀਤਾ ਸੀ। ਉਸ ਆਜ਼ਾਦੀ ਨੂੰ ਹੋਰ ਰਾਜਾਂ 'ਤੇ ਨਾਤਸੀ ਜਰਮਨੀ ਨੇ ਹਮਲੇ ਕੀਤੇ ਉਨ੍ਹਾਂ ਵਿਚੋਂ ਪਹਿਲੇ ਹਮਲੇ ਕਾਰਨ ਇਸ ਸਮੇਂ ਗੰਭੀਰ ਖ਼ਤਰਾ ਆ ਹਾਜ਼ਰ ਹੋਇਆ ਸੀ।

1938 ਦੇ ਸ਼ੁਰੂ ਵਿਚ ਹਿਟਲਰ ਨੇ ਜਰਮਨੀ ਦੀਆਂ ਸਾਰੀਆਂ ਹਥਿਆਰਬੰਦ ਫੌਜਾਂ ਦੀ ਸਰਵਉੱਚ ਕਮਾਨ ਆਪਣੇ ਹੱਥਾਂ 'ਚ ਲੈ ਲਈ ਸੀ। ਇਯ ਤਰ੍ਹਾਂ ਜੋ ਅਧਿਕਾਰੀ ਉਸਦੀ ਆਮ ਕਾਰਜਪ੍ਰਣਾਲੀ ਦਾ ਵਿਰੋਧ ਕਰਦੇ ਸਨ, ਉਨ੍ਹਾਂ 'ਤੇ ਉਹ ਆਪਣੀ ਇੱਛਾ ਲੱਦ ਸਕਦਾ ਸੀ। ਰਿਬੇਨਟਰਾਪ (Ribbentrop) ਜੋ ਹਾਲੇ ਤੱਕ ਗ੍ਰੇਟ ਬ੍ਰਿਟੇਨ ਵਿਚ ਰਾਜਦੂਤ ਸੀ, ਨਿਊਰਾਥ (Neurath) ਦੀ ਥਾਂ 'ਤੇ ਵਿਦੇਸ਼ ਮੰਤਰੀ ਬਣਿਆ। ਇਸ ਤੋਂ ਬਾਅਦ ਹਮਲਾਵਰ ਕਾਰਵਾਈ ਸ਼ੁਰੂ ਹੋਈ। ਆਸਟ੍ਰੀਅਨ ਨਾਤਸੀਆਂ ਵੱਲੋਂ ਆਯੋਜਿਤ ਅਸ਼ਾਂਤੀਪੂਰਨ ਪ੍ਰਦਰਸ਼ਨਾਂ ਤੋਂ ਬਾਅਦ ਆਸਟ੍ਰੀਆ ਦੇ ਪ੍ਰਧਾਨ ਮੰਤਰੀ ਸ਼ੁਸ਼ਨਿਗ (Suhuschnigg) ਨੂੰ ਹਿਟਲਰ ਨੇ ਭੇਂਟ ਕਰਨ ਬੇਰਖਟੇਸਗਾਡੇਨ (Berchtesgaden)

ਨੋਟ

ਬੁਲਾਇਆ ਜਿਸ ਵਿਚ ਸ਼ੁਸ਼ਨਿਗ ਨੂੰ ਇੱਕ ਤਰ੍ਹਾਂ ਦੀ ਆਖ਼ਰੀ ਚਿਤਾਵਨੀ ਸਵੀਕਾਰ ਕਰਨੀ ਪਈ ਜਿਸ ਅਨੁਸਾਰ ਉਸਨੂੰ ਆਪਣੀ ਸਰਕਾਰ ਵਿਚ ਨਾਤਸੀ ਪ੍ਰਤੀਨਿਧਾਂ ਨੂੰ ਲੈਣਾ ਪਵੇਗਾ। ਪਰ ਇੰਨੇ ਨਾਲ ਹੀ ਉਸਦੀ ਰੱਖਿਆ ਨਹੀਂ ਹੋਈ। 12 ਮਾਰਚ ਨੂੰ ਜਰਮਨ ਫੌਜਾਂ ਨੇ ਵਿਏਨਾ ਵਿਚ ਦਾਖ਼ਲ ਹੋ ਕੇ ਉਸ 'ਤੇ ਅਧਿਕਾਰ ਕਰ ਲਿਆ। ਇਸ ਫੌਜ ਦੀ ਇੱਕ ਟੁਕੜੀ ਤੁਰੰਤ ਬਰੇਨਰ ਦਰ੍ਹੇ (Brenner Pass) 'ਤੇ ਪਹੁੰਚੀ ਜਿੱਥੇ ਇਟਾਲੀਅਨ ਚੌਕੀਆਂ ਦੇ ਫੌਜੀਆਂ ਅਤੇ ਉਸਨੇ ਪਰਸਪਰ ਸਵਾਗਤ ਕੀਤਾ। 1934 ਤੋਂ ਇਟਲੀ ਦੇ ਰੁਖ ਵਿਚ ਭਾਰੀ ਬਦਲਾਅ ਆ ਚੁੱਕਾ ਸੀ। ਆਸਟ੍ਰੀਆ ਵਿਚ ਇਸ ਹਮਲੇ ਦਾ ਕੋਈ ਵਿਰੋਧ ਨਹੀਂ ਹੋਇਆ। ਸੰਭਵਤ ਜਿਆਦਾਤਰ ਆਬਾਦੀ ਨੂੰ ਆਸਟ੍ਰੀਆ ਦਾ ਜਰਮਨੀ ਵਿਚ ਸ਼ਾਮਲ ਕਰ ਲਿਆ ਜਾਣਾ ਚੰਗਾ ਲੱਗਾ। ਪਰ ਇਹ ਸਪੱਸ਼ਟ ਸੀ ਕਿ ਇਸ ਤੋਂ ਬਾਅਦ ਹਮਲਾ ਇੱਕ ਹੋਰ ਦੇਸ਼ ਵਿਚ ਹੋ ਸਕਦਾ ਸੀ ਜਿੱਥੇ ਉਸਦਾ ਤੇਜ਼ੀ ਨਾਲ ਵਿਰੋਧ ਹੋਇਆ। ਇਸਦਾ ਚੈਕੋਸਲੋਵਾਕੀਆ 'ਤੇ ਇਹ ਨਤੀਜਾ ਹੋਇਆ ਕਿ ਹੁਣ ਜਰਮਨੀ ਦੀ ਸਕਤੀ ਦਾ ਸਾਹਮਣਾ ਕਰਨ ਲਈ ਉਸਦਾ ਸੀਮਾਂਤ ਬਹੁਤ ਵਧ ਗਿਆ। ਇਸ ਸੀਮਾਂਤ ਦੇ ਕੁਝ ਭਾਗ ਦੀ ਤਾਂ, ਜੋ ਕਾਰਪੇਥੀਅਨ ਪਰਬਤ ਦੇ ਨਾਲ-ਨਾਲ ਜਰਮਨੀ ਨਾਲ ਲੱਗਾ ਹੋਇਆ ਸੀ, ਕਿਲੇਬੰਦੀ ਹੋ ਰਹੀ ਸੀ। ਪਰ ਆਸਟ੍ਰੀਆ ਦੇ ਸਾਹਮਣੇ ਦਾ ਬਾਕੀ ਹਿੱਸਾ ਖੁੱਲ੍ਹਾ ਹੋਇਆ ਸੀ। ਉਸਦੀ ਕੁੱਲ ਜਨਸੰਖਿਆ ਡੇਢ ਕਰੋੜ ਤੋਂ ਘੱਟ ਸੀ। ਉਸਵਿਚੋਂ ਲੱਗਭਗ ਪੈਂਤੀ ਲੱਖ ਸੁਡੇਟਨ ਜਰਮਨ ਸਨ ਜੋ ਸੀਮਾਂਤ ਦੇ ਕੋਲ ਸੁਗਠਿਤ ਸਮੂਹਾਂ ਦੇ ਰੂਪ ਵਿਚ ਵੱਸੇ ਹੋਏ ਸਨ। ਡੇਨਊਬ ਵੱਲੋਂ ਦੱਖਣ ਵਿਚ ਕਰੀਬ-ਕਰੀਬ ਦਸ ਲੱਖ ਮੇਗਿਆਰ ਲੋਕ (Magyars) ਸਨ, ਜੋ ਹੰਗਰੀ ਨਲ ਮੁੜ ਸੰਯੁਕਤ ਹੋਣ ਦੀ ਮੰਗ ਕਰ ਰਹੇ ਸਨ। ਪੂਰਬ ਵਿਚ ਪੋਲੈਂਡ ਟੇਸ਼ੇਨ (Teschen) ਨਾਮੀ ਮਹੱਤਵਪੂਰਨ ਖਣਿੱਜ ਪ੍ਰਦੇਸ਼ ਦਾ ਦਾਅਵਾ ਕਰਦਾ ਸੀ ਜੋ ਮਿੱਤਰ ਰਾਸ਼ਟਰਾਂ ਦੁਆਰਾ ਲੱਦੇ ਗਏ ਸਮਝੌਤੇ ਦੇ ਅਨੁਸਾਰ 1920 ਵਿਚ ਚੈਕ ਲੋਕਾਂ ਨੂੰ ਮਿਲਿਆ ਸੀ।

ਇਨ੍ਹਾਂ ਹਾਲਾਤਾਂ ਵਿਚ ਜਰਮਨੀ ਨੇ ਚੈਕ ਸੀਮਾ 'ਤੇ ਵੱਡੇ ਪੈਮਾਨੇ 'ਤੇ ਯੁੱਧਕਲਾ (manoeuvers) ਕਰਨ ਦੀਆਂ ਤਿਆਰੀਆਂ ਕੀਤੀਆਂ। ਚੈਕ ਸਰਕਾਰ ਨੇ ਆਪਣੀ ਕੁਝ ਰਾਖਵੀਂ ਫੌਜ (reserves) ਬੁਲਾ ਲਈ ਅਤੇ ਇਸੇ ਦੌਰਾਨ ਸੁਡੇਟਨਾਂ ਨਾਲ ਕੋਈ ਸਮਝੌਤਾ ਕਰ ਲੈਣ ਲਈ ਬੜੀ ਤੱਤਪਰਤਾਪੂਰਵਕ ਯਤਨ ਕੀਤੇ। ਪਰ ਚੈਕ ਸਰਕਾਰ ਨਾ ਸਿਰਫ਼ ਅੰਦਰੂਨੀ ਵਿਵਸਥਾ ਬਣਾਈ ਰੱਖਣ ਵਿਚ ਸਮਰੱਥ ਸੀ ਸਗੋਂ ਹਮਲੇ ਦਾ ਸ਼ਕਤੀ ਨਾਲ ਮੁਕਾਬਲਾ ਕਰਨ ਲਈ ਵੀ ਤਿਆਰ ਸੀ। ਫਰਾਂਸ ਅਤੇ ਸੋਵੀਅਤ ਸੰਘ ਵੀ ਉਸੇ 'ਤੇ ਹਮਲ ਹੋਣ ਦੀ ਸਥਿਤੀ ਵਿਚ ਉਸਦੀ ਸਹਾਇਤਾ ਕਰਨ ਲਈ ਵਚਨਬੱਧ ਸਨ। ਇਸ ਸਬੰਧ ਵਿਚ ਕੁਝ ਕਰਨ ਦਾ ਬ੍ਰਿਟੇਨ ਦਾ ਕੋਈ ਸਿੱਧੀ ਜਿੰਮੇਵਾਰੀ ਨਹੀਂ ਸੀ। ਪਰ 24 ਮਾਰਚ ਨੂੰ ਚੈਂਬਰਲੇਨ ਬ੍ਰਿਟਿਸ ਲੋਕ ਸਭਾ ਵਿਚ ਕਹਿ ਚੁੱਕਾ ਸੀ ਕਿ ਜੇਕਰ ਇਸ ਕਾਰਨ ਬ੍ਰਿਟੇਨ ਦੇ ਮਿੱਤਰ ਫਰਾਂਸ ਨੂੰ ਯੁੱਧ ਵਿਚ ਫਸਣਾ ਪਿਆ ਤਾਂ ਸਖ਼ਤ ਤੱਥਾਂ ਦੇ ਸਾਹਮਣੇ ਰਸਮੀ ਐਲਾਨ (formal pronouncements) ਕਮਜ਼ੋਰ ਸਾਬਤ ਹੋਣਗੀਆਂ। ਇਸ ਐਲਾਨ ਦਾ ਇਹ ਅਰਥ ਲਾਇਆ ਗਿਆ ਕਿ ਫਰਾਂਸ ਨੇ ਚੈਕੋਸਲੋਵਾਕੀਆਂ ਦਾ ਸਾਥ ਦਿੱਤਾ ਤਾਂ ਬ੍ਰਿਟੇਨ ਵੀ ਇਸਦਾ ਸਾਥ ਜ਼ਰੂਰ ਦੇਵੇਗਾ।

ਫਿਰ ਵੀ, ਹੁਣ ਯੂਰਪੀ ਯੁੱਧ ਦਾ ਡਰ ਸਪੇਨ ਵਿਚ ਚੱਲ ਰਹੇ ਯੁੱਧ ਨਾਲ ਹੀ ਮੁੱਖ ਰੂਪ ਨਾਲ ਸਬੰਧਿਤ ਸੀ, ਜਿੱਥੇ ਗਣਤੰਤਰੀ ਸਰਕਾਰ (Republican Government) ਦੇ ਅਧਿਕਾਰ ਦੇ ਬੰਦਰਗਾਹਾਂ ਵਿਚ ਜੋ ਬ੍ਰਿਟਿਸ਼ ਜਹਾਜ ਮਾਲ ਪਹੁੰਚਾਉਂਦੇ ਸਨ, ਉਨ੍ਹਾਂ 'ਤੇ ਵਿਦਰੋਹੀਆਂ ਨੇ ਹਵਾਈ ਜਹਾਜਾਂ ਦੁਆਰਾ, ਜਿਨ੍ਹਾਂ ਦੇ ਚਾਲਕ ਜਰਮਨ ਜਾਂ ਇਟਾਲੀਅਨ ਦੱਸੇ ਜਾਂਦੇ ਸਨ, ਵਾਰ-ਵਾਰ ਬੰਬ ਵਰਖਾ ਕੀਤੀ ਜਾਂਦੀ ਸੀ; ਪਰ ਦੋਵਾਂ ਹੀ ਪੱਖਾਂ ਵਿਚ ਵਿਦੇਸ਼ੀ ਫੌਜ ਹਟਾ ਲੈਣ ਦੀ ਇੱਕ ਬ੍ਰਿਟਿਸ਼ ਯੋਜਨਾ 'ਤੇ ਚਰਚਾ ਚੱਲ ਰਹੀ ਸੀ। ਮੱਧ ਯੂਰਪ ਵਿਚ ਇਤਰਾਜ ਦੀ ਵੱਧਦੀ ਸੰਭਾਵਨਾ ਨੂੰ ਘੱਟ ਕਰ ਲਈ ਲਾਡਰ ਰਨਸੀਮੇਨ (Lord Runciman) ਨੂੰ ਸਮਝੌਤਾ ਕਰਾਵੁਣ ਵਾਲੇ ਅਤੇ ਸਲਾਹਕਾਰ ਦੇ ਰੂਪ ਵਿਚ ਕੰਮ ਕਰਨ ਲਈ ਪ੍ਰਾਗ (Prague) (ਕਹਿਣ ਨੂੰ ਚੈਕ ਸਰਕਾਰ ਦੀ ਅਪੀਲ 'ਤੇ) ਭੇਜਿਆ ਗਿਆ। ਪਰ ਜਰਮਨ ਸਰਕਾਰ ਦੀ ਸਲਾਹ ਨਾਲ ਪੇਸ਼ ਕੀਤੇ ਗਏ ਸੁਡੇਟਨ ਦਾਅਦੇ ਜ਼ਿਆਦਾਤਰ ਬੇਨਤੀਪੂਰਨ ਹੁੰਦੇ ਗਏ ਅਤੇ ਜਦੋਂ ਕਿ ਉਨ੍ਹਾਂ ਨੂੰ ਹੋਰ ਜ਼ਿਆਦਾ ਰਿਆਇਤਾਂ (concessions) ਦੇਣ ਦਾ ਪ੍ਰਸਤਾਵ ਕੀਤਾ ਗਿਆ ਸੀ, ਤਾਂ ਵੀ 12 ਸਤੰਬਰ ਨੂੰ ਹਿਟਲਰ ਨੇ ਨਿਊਰੇਮਬਰਗ (Nuremberg) ਵਿਚ ਇੱਕ ਵਿਸ਼ਾਲਸਭਾ ਵਿਚ ਸੁਡੇਟਨਾਂ ਨੂੰ ਜਰਮਨੀ ਵਿਚ ਮੁੜ ਸ਼ਾਮਲ ਹੋਣ ਦੀ ਆਪਣੀ ਮੰਗ 'ਤੇ ਜੋਰ ਦੇਣ ਦੀ ਸਲਾਹ ਦਿੱਤੀ ਅਤੇ ਉਨ੍ਹਾਂ ਨੂੰ ਜਰਮਨ ਫੌਜ ਦੀ ਸਹਾਇਤਾ ਦਾ ਵਚਨ ਵੀ ਦਿੱਤਾ। ਕਿਉਂਕਿ ਫਰਾਂਸ ਅਤੇ ਸੋਵੀਅਤ ਸੰਘ ਚੈਕ ਲੋਕਾਂ ਦੀ ਮੱਦਦ ਕਰਨ ਲਈ ਵਚਨਬੱਧ ਸਨ, ਇਸ ਲਈ ਇਸ ਨਾਲ ਯੁੱਧ ਦੀ ਸੰਭਾਵਨਾ ਪੈਦਾ ਹੋ ਗਈ। ਹੁਣ ਬ੍ਰਿਟੇਨ ਵੱਲੋਂ ਚੈਂਬਰਲੇਨ ਨੇ ਯਤਨ ਕਰਨਾ ਸ਼ੁਰੂ ਕਰ ਦਿੱਤਾ। 14 ਸਤੰਬਰ ਨੂੰ ਉਸਨੇ ਸ਼ਾਂਤੀਪੂਰਨ ਹੱਲ ਲਈ ਖੁਦ ਜਰਮਨੀ ਜਾਣ ਦਾ ਪ੍ਰਸਤਾਵ ਕੀਤਾ ਅਤੇ 15 ਤਰੀਖ ਨੂੰ ਉਹ ਹਵਾਈ ਜਹਾਜ ਦੁਆਰਾ ਮਿਊਨਿਖ ਪਹੁੰਚਿਆ ਜਿੱਥੋਂ ਹਿਟਲਰ ਨਾਲ ਭੇਂਟ ਕਰਨ ਲਈ ਉਸਨੂੰ ਬੇਰਖਟੇਸਗਾਡੇਨ ਲਿਜਾਇਆ ਗਿਆ। ਉੱਥੋਂ ਉਹ ਦੂਸਰੇ ਦਿਨ ਹਵਾਈ ਜਹਾਜ ਤੋਂ ਲੰਦਨ ਪਰਤ ਆਇਆ। 18 ਸਤੰਬਰ ਨੂੰ ਫਰਾਂਸ ਦੇ ਪ੍ਰਧਾਨ ਮੰਤਰੀ ਦਲਾਦੀਏ (Daladier) ਅਤੇ ਵਿਦੇਸ਼ ਮੰਤਰੀ ਬਾਨੇਤ (Bonnet) ਵੀ ਉਸਦੇ ਨਾਲ ਸ਼ਾਮਲ ਹੋ ਗਏ। ਇਸੇ ਸਮੇਂ ਰਾਸ਼ਟਰ ਸੰਘ ਸਭਾ ਦਾ ਸੰਮੇਲਨ ਚੱਲ ਰਿਹਾ ਸੀ ਅਤੇ ਲਿਟਵਿਨੋਵ ਨੇ ਚੈਕ ਸਰਕਾਰ ਅਤੇ ਫਰਾਂਸ ਨੂੰ ਦਿੱਤਾ ਗਿਆ ਵਚਨ- ਕਿ ਜੇਕਰ ਫਰਾਂਸ ਨੇ ਚੈਕੋਸਲੋਵਾਕੀਆਂ ਵੱਲੋਂ ਦਖਲਅੰਦਾਜੀ ਕੀਤਾ ਤਾਂ ਚੈਕ ਲੋਕਾਂ ਦੀ ਸਹਾਇਤਾ ਕਰਨ ਲਈ ਸੋਵੀਅਤ ਸਰਕਾਰ ਆਪਣੇ ਸਾਰੇ ਸਾਧਨਾਂ ਦਾ ਉਪਯੋਗ ਕਰੇਗੀ- ਜਨਤਕ ਰੂਪ 'ਚ ਦੁਹਰਾਇਆ।

ਚੈਂਬਰਲੇਨ ਅਤੇ ਦਲਾਦੀਏ ਨੇ ਮਿਲ ਕੇ ਸਾਂਝੇ ਰੂਪ ਵਿਚ ਚੈਕੋਸਲੋਵਾਕੀਆ ਸਰਕਾਰ ਦੇ ਸਾਹਮਣੇ ਰੱਖਣ ਲਈ ਯੋਜਨਾ ਬਣਾਈ ਸੀ ਜਿਸ ਅਨੁਸਾਰ ਸੁਡੇਟਨ ਜਰਮਨ ਅਬਾਦੀ ਵਾਲਾ ਖੇਤਰ ਜਰਮਨੀ ਨੂੰ ਸੌਂਪ ਦਿੱਤਾ ਜਾਣਾ ਸੀ। ਅੱਗੇ ਚੱਲ ਕੇ ਉਸਨੂੰ ਚੈਂਬਰਲੇਨ ਨੇ ਨਿਰਦਈ ਪਰ ਜ਼ਰੂਰੀ ਆਪਰੇਸ਼ਨ (surgical operation) ਦੱਸਿਆ ਸੀ। ਚੈਕੋਸਲੋਵਾਕੀਆ ਸਰਕਾਰ ਨੇ ਐਲਾਨ ਕੀਤੀ ਕਿ ਫਰਾਂਸ ਅਤੇ ਗ੍ਰੇਟ ਬ੍ਰਿਟੇਨ ਦੇ ਦਬਾਅ ਕਾਰਨ ਉਸਨੂੰ ਇਸ ਯੋਜਨਾ ਨੂੰ ਮਜਬੂਰੀ ਵਿਚ ਸਵੀਕਾਰ ਕਰਨਾ ਪੈ ਰਿਹਾ ਹੈ। ਚੈਂਬਰਲੇਨ ਰਾਈਨ 'ਤੇ ਸਥਿਤ ਗੋਡੇਸਬਰਗ (Godesberg) ਵਿਚ ਹਿਟਲਰ ਨਾਲ ਦੂਸਰੀ ਭੇਂਟ ਲਈ ਮੁੜ ਜਰਮਨੀ ਪਹੁੰਚਿਆ। ਇਯ ਮੌਕੇ 'ਤੇ ਨਾਤਸੀ ਨੇਤਾ (Fuhrer) ਨੇ ਇੰਨੀ ਹੈਰਾਨ ਕਰਨ ਵਾਲੀ ਮੰਗ ਪੇਸ਼ ਕੀਤੀ ਕਿ ਚੈਂਬਰਲੇਨ ਨੇ ਉਨ੍ਹਾਂ ਦਾ ਇਕ ਮੰਗਪੱਤਰ (memorandum) ਪ੍ਰਾਗ ਭੇਜ ਦੇਣ ਤੋਂ ਇਲਾਵਾ ਹੋਰ ਕੁਝ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਨਿਸ਼ਚਿਤ ਕੀਤਾ ਗਿਆ ਕਿ ਜੇਕਰ ਹਿਟਲਰ ਨੇ ਚੈਕ ਪ੍ਰਦੇਸ਼ ਵਿਚ ਤੱਤਕਾਲ ਕੂਚ ਕਰ ਜਾਣ ਦੀ ਧਮਕੀ ਨੂੰ ਸ਼ੁਰੂ ਕੀਤਾ, ਤਾਂ ਫਰਾਂਸ ਅਤੇ ਗ੍ਰੇਟ ਬ੍ਰਿਟੇਨ ਹਿਟਲਰ ਦਾ ਮੁਕਾਬਲਾ ਕਰਨ ਵਿਚ ਚੈਕ ਲੋਕਾਂ

ਨੋਟ

ਦੀ ਸਹਾਇਤਾ ਕਰਨਗੇ। ਬ੍ਰਿਟਿਸ਼ ਨੌਸੈਨਾ ਨੂੰ ਤਿਆਰ ਕਰ ਲਿਆ ਗਿਆ ਅਤੇ ਹਵਾਈ ਹਮਲੇ ਦੇ ਵਿਰੁੱਧ ਲੰਦਨ ਵਿਚ ਛੇਤੀ-ਛੇਤੀ ਕਦਮ ਵੀ ਚੁੱਕੇ ਗਏ। ਪਰ ਫਿਰ ਵੀ ਚੈਂਬਰਲੇਨ ਨੇ ਇਹ ਕਹਿੰਦੇ ਹੋਏ ਕਿ ਜੋ ਰਿਆਸਤਾਂ ਪਹਿਲਾਂ ਦਿੱਤੀਆਂ ਜਾ ਚੁੱਕੀਆਂ ਹਨ ਉਨ੍ਹਾਂ ਨੂੰ ਦੇਖਦੇ ਹੋਏ ਅਜਿਹੇ ਕੋਈ ਮੱਤਭੇਦ ਬਾਕੀ ਨਹੀਂ ਬਚੇ ਹਨ ਜਿਨ੍ਹਾਂ ਕਾਰਨ ਯੁੱਧ ਸੰਭਵ ਹੋ ਸਕੇ, ਮੁੜ ਇੱਕ ਸੰਮੇਲਨ ਆਯੋਜਿਤ ਕਰਨ ਲਈ ਮੁਸੋਲਿਨੀ ਨੂੰ ਅਪੀਲ ਕੀਤੀ ਅਤੇ ਇਸ ਅਪੀਲ ਵਿਚ ਚੈਂਬਰਲੇਨ ਨੂੰ ਸਫ਼ਲਤਾ ਵੀ ਮਿਲੀ। 29 ਸਤੰਬਰ ਨੂੰ ਹਿਟਲਰ, ਮੁਸੋਲਿਨੀ, ਚੈਂਬਰਲੇਨ ਅਤੇ ਦਲਾਦੀਏ ਨੇ ਇੱਕ ਸੰਮੇਲਨ ਵਿਚ ਉਹ ਸ਼ਰਤਾਂ ਤੈਅ ਕੀਤੀਆਂ ਜੋ ਚੈਕ ਲੋਕਾਂ 'ਤੇ ਲੱਦੀਆਂ ਜਾਣੀਆਂ ਸਨ। ਇਨ੍ਹਾਂ ਚਰਚਾਵਾਂ ਸਮੇਂ ਚੈਕ ਲੋਕਾਂ ਜਾ ਸੋਵੀਅਤ ਸੰਘ ਦਾ ਕੋਈ ਪ੍ਰਤੀਨਿੱਧ ਹਾਜ਼ਰ ਨਹੀਂ ਸੀ। ਚੈਕ ਸਰਕਾਰ ਨੇ ਇਨ੍ਹਾਂ ਸ਼ਰਤਾਂ ਨੂੰ ਮੰਨ ਲਿਆ ਅਤੇ ਆਪਣੇ ਆਪ ਨੂੰ ਗੁੱਸਾਈ ਜਨਤਾ ਦਾ ਸਾਹਮਣਾ ਕਰਨ ਵਿਚ ਅਸਮਰੱਥ ਪਾ ਕੇ ਅਸਤੀਫ਼ਾ ਦੇ ਦਿੱਤਾ। ਚੈਕ ਫੌਜ (Czech Legion) ਦੇ ਇੱਕ ਪ੍ਰਸਿੱਧ ਨੇਤਾ ਸੈਨਾਪਤੀ ਸਿਰੋਵੀ (Syrovy) ਨੇ ਸ਼ਾਸਨ ਦਾ ਕਾਰਜਭਾਰ ਸੰਭਾਲਿਆ। ਕੁਝ ਦਿਨ ਬਾਅਦ ਬੀਨਸ (Benes) ਨੇ ਵੀ, ਜੋ ਮਸਾਰਿਕ (Masaryk) ਦੀ ਮੌਤ ਤੋਂ ਬਾਅਦ ਤੋਂ ਹੀ ਰਾਸ਼ਟਰਪਤੀ ਦੇ ਅਹੁਦੇ 'ਤੇ ਸੀ, ਅਸਤੀਫ਼ਾ ਦੇ ਦਿੱਤਾ ਅਤੇ ਦੇਸ਼ ਤਿਆਗ ਦਿੱਤਾ। ਕੁਝ ਸਮੇਂ ਤੱਕ ਤਾਂ ਅਜਿਹਾ ਪ੍ਰਤੀਤ ਹੋਣ ਲੱਗਾ ਕਿ ਚੈਂਬਰਲੇਨ ਦੀ ਜਿੱਤ ਹੋਈ ਹੈ। ਵਾਪਸ ਮੁੜਨ 'ਤੇ ਉਸਦਾ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ ਅਤੇ ਉਸਨੇ ਹਿਟਲਰ ਅਤੇ ਖੁਦ ਵੁਸਦੇ ਦੁਆਰਾ ਹਸਤਾਖਰਸ਼ੁਦਾ ਉਹ ਦਸਤਾਵੇਜ਼ ਮਾਣ ਨਾਲ ਦੱਸਿਆ ਜਿਸ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਦੋਵੇਂ ਹੀ ਦੇਸ਼ ਮੱਤਭੇਦ ਦੇ ਸਾਰੇ ਸੰਭਵ ਕਾਰਨਾਂ ਨੂੰ ਮਿਟਾਂ ਦੇਣ ਲਈ ਅਤਿਅੰਤ ਕਾਹਲੇ ਹਨ ਅਤੇ ਯੂਰਪ ਦੀ ਸ਼ਾਂਤੀ ਵਿਚ ਯੋਗਦਾਨ ਕਰਨਾ ਚਾਹੁੰਦੇ ਹਨ। ਦਲਾਦੀਏ ਦਾ ਵੀ, ਜਦੋਂਕਿ ਉਸ ਕੋਲ ਇਸ ਤਰ੍ਹਾਂ ਦਾ ਕੋਈ ਦਸਤਾਵੇਜ਼ ਨਹੀਂ ਸੀ, ਫਰਾਂਸ ਵਿਚ ਉਸੇ ਤਰ੍ਹਾਂ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ।

ਚੈਕੋਸਲੋਵਾਕੀਆ ਰਾਜ ਦਾ ਬਹੁਤ ਜਿਆਦਾ ਸੰਕੁਚਨ ਹੋ ਚੁੱਕਿਆ ਸੀ। ਪੂਰਬ ਵਿਚ ਇੰਗਲੈਂਡ ਨੇ ਹਥਿਆਰਬੰਦ ਕਾਰਵਾਈ ਦੀ ਧਮਕੀ ਦੇ ਕੇ ਟੇਸ਼ੇਨ ਖੇਤਰ ਅਤੇ ਉਸਦੀਆਂ ਮਹੱਤਵਪੂਰਨ ਕੋਲਾ ਖਾਨਾਂ ਦੀ ਮੰਗ ਕੀਤੀ ਜੋ ਪੂਰੀ ਕਰ ਦਿੱਤੀ ਗਈ। ਦੱਖਣ ਵਿਚ ਹੰਗਰੀ ਨੇ ਇੱਕ ਵੱਡੇ ਖੇਤਰ ਲਈ ਦਾਅਵਾ ਕੀਤਾ ਜਿਸ ਵਿਚ ਦਸ ਲੱਖ ਦੇ ਲਗਭਗ ਮੈਗਿਆਰ (Magyars) ਲੋਕ ਰਹਿੰਦੇ ਸਨ। ਇਹ ਮੰਗ ਵੀ ਮਜ਼ਬੂਰੀ ਵਿਚ ਪੂਰੀ ਕਰ ਦਿੱਤੀ ਗਈ। ਸਲੋਵਾਕੀਆ ਨੇ, ਜੋ ਚੈਕੋਸਲੋਵਾਕ ਰਾਜ ਦਾ ਸਦਾ ਹੀ ਅਸ਼ਾਂਤ ਅਤੇ ਅਸੰਤੁਸ਼ਟ ਅੰਗ ਰਿਹਾ ਸੀ, ਖੁਦਮੁਖਤਿਆਰ ਸ਼ਾਸਨ ਦੀ ਮੰਗ ਕੀਤੀ। ਹੋਰ ਪ੍ਰਦੇਸ਼ਾਂ ਦੇ ਮੁਕਾਬਲੇ ਉਹ ਇੱਕ ਪਛੜਿਆ ਹੋਇਆ ਪ੍ਰਦੇਸ਼ ਸੀ ਅਤੇ ਪ੍ਰਸ਼ਾਸਨ ਕੰਮ ਮੁੱਖ ਤੌਰ 'ਤੇ ਚੈਕ ਅਧਿਕਾਰੀਆਂ ਦੇ ਹੀ ਹੱਥਾਂ ਵਿਚ ਸੀ। ਇਸ ਦੇ ਨਤੀਜੇ ਵਜੋਂ ਈਰਖ਼ਾ ਵਧੀ ਜਿਸ ਨੂੰ ਜਰਮਨ ਦਲਾਲਾਂ ਨੇ ਬੜੀ ਤੇਜ਼ੀ ਨਾਲ ਭੜਕਾਇਆ। ਸਲੋਵਾਕੀਆ ਚੈਕ ਪ੍ਰਦੇਸ਼ਾਂ ਤੋਂ, ਜੋ ਹੁਣ ਜ਼ਿਆਦਾਤਰ ਤਬਾਹ ਹੋ ਚੁੱਕੇ ਸਨ, ਜ਼ਿਆਦਾਤਰ ਵੱਖ ਹੁੰਦਾ ਗਿਆ। ਮਿਊਨਿਖ ਵਿਚ ਲੱਦੀਆਂ ਗਈਆਂ ਸ਼ਰਤਾਂ ਅਨੁਸਾਰ ਇੱਕ ਅੰਤਰਰਾਸ਼ਟਰੀ ਕਮਿਸ਼ਨ ਦੁਆਰਾ, ਜਿਸ ਵਿਚ ਜਰਮਨੀ ਦੇ ਨਾਲ ਹੀ ਨਾਂਲ ਬ੍ਰਿਟੇਨ, ਫਰਾਂਸ, ਇਟਲੀ ਅਤੇ ਚੈਕੋਸਲੋਵਾਕੀਆ ਦੇ ਪ੍ਰਤੀਨਿਧ ਹੋਣੇ ਸਨ, ਚੈਕ ਖੇਤਰ ਤੋਂ ਸੁਡੇਟਨ ਜ਼ਿਲ੍ਹਿਆਂ ਨੂੰ ਵੱਖ ਕਰਨ ਵਾਲੀ ਰੇਖਾ ਨਿਸ਼ਚਿਤ ਕੀਤੀ ਜਾਣੀ ਸੀ। ਪਰ ਅਸਲ ਵਿਚ ਹੋਇਆ ਇਹ ਕਿ ਜਰਮਨ ਫੌਜ ਅੱਗੇ ਵਧਦੀ ਗਈ ਅਤੇ ਉਸਨੇ ਜਿਸ ਖੇਤਰ 'ਤੇ ਮਨ ਆਇਆ, ਉਸੇ 'ਤੇ ਅਧਿਕਾਰ ਕਰ ਲਿਆ, ਜਿਸ ਵਿਚ ਅਨੇਕਾਂ ਅਜਿਹੇ ਸ਼ਹਿਰ ਵੀ ਸ਼ਾਮਲ ਸਨ ਜਿਨ੍ਹਾਂ ਦੀ ਆਬਾਦੀ ਮੁੱਖ ਰੂਪ ਨਾਲ ਚੈਕ ਸੀ। ਚੈਕ ਰਾਜ ਲਈ ਕੋਈ ਕੰਮ ਚਲਾਊ ਪ੍ਰਸ਼ਾਸਨ ਤੰਤਰ ਸਥਾਪਤ ਕਰਨ ਦਾ ਵੀ ਕੋਈ ਯਤਨ ਨਹੀਂ ਕੀਤਾ ਗਿਆ। ਇਸੇ ਦੌਰਾਨ ਪੋਲੈਂਡ ਅਤੇ ਹੰਗਰੀ ਨੇ ਆਪਣੇ ਦਾਅਵਿਆਂ ਦੀ ਪੂਰਤੀ ਫੌਜੀ ਅਧਿਕਾਰ ਦੁਆਰਾ ਕਰਨ ਦਾ ਯਤਨ ਕੀਤਾ ਜਿਸਦਾ ਚੈਕ ਫੌਜ ਨੇ ਮੁਕਾਬਲਾ ਕੀਤਾ। ਖਾਸ ਕਰਕੇ ਲੰਮੇ ਅਤੇ ਸੁੰਘੜੇ ਚੈਕੋਸਲੋਵਾਕੀਆ ਖੇਤਰ ਦੇ ਇੱਕਦਮ ਪੂਰਬੀ ਭਾਗ ਵਿਚ ਸਥਿਤ ਰੁਥੇਨੀਆ (Ruthenia) ਦੇ ਪਛੜੇ ਪ੍ਰਾਂਤ ਦੇ ਵਿਸ਼ੇ ਵਿਚ ਵਿਵਾਦ ਸੀ। ਹੰਗਰੀ ਉਸਨੂੰ ਇਸ ਲਈ ਚਾਹੁੰਦਾ ਸੀ ਕਿ ਉਸਦੇ ਮਿਲ ਜਾਣ ਨਾਲ ਪੋਲੈਂਡ ਦੇ ਨਾਲ ਉਸਦਾ ਸੀਮਾਂਤ ਮਿਲ ਜਾਂਦਾ। ਪਰ ਜਰਮਨੀ ਦੀ ਇਹ ਇੱਛਾਂ ਸੀ ਕਿ ਰੁਮਾਨੀਆ ਦੀ ਸੀਮਾ ਤੱਕ ਫੈਲਿਆ ਹੋਇਆ ਇਹ ਖੇਤਰ ਨਾਂਅ ਮਾਤਰ ਲਈ ਸਲੋਵਾਕੀਆ ਦੇ ਅਧੀਨ ਰਹੇ ਜੋ ਹੌਲੀ-ਹੌਲੀ ਜਰਮਨੀ ਦੇ ਕੰਟਰੋਲ ਵਿਚ ਆਉਂਦਾ ਜਾ ਰਿਹਾ ਸੀ। ਗ੍ਰੇਟ ਬ੍ਰਿਟੇਨ ਅਦੇ ਫਰਾਂਸ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਇੱਕ ਵੱਡੀ ਰਾਜਨੀਤਿਕ ਹਾਰ ਹੋਈ ਹੈ, ਆਪਣੇ ਮੁੜ ਸ਼ਸਤਰੀਕਰਨ ਦਾ ਕੰਮ ਤੇਜੀ ਨਾਲ ਸ਼ੁਰੂ ਕੀਤਾ। ਉੱਧਰ ਚੈਕ ਸਰਕਾਰ ਦੇ ਇੱਕ ਤੋਂ ਬਾਅਦ ਇੱਕ ਮੁੱਖ ਬਣਨ ਵਾਲੇ ਰਾਜਸ਼ਾਹੀ ਸਾਰੇ ਮੌਕਿਆਂ 'ਤੇ ਜਰਮਨ ਨੀਤੀ ਦੇ ਅਨੁਰੂਪ ਬਣਨ ਦੀ ਇੱਛਾ ਪ੍ਰਗਟ ਕਰ ਰਹੇ ਸਨ।

ਪਰ ਸਮਰਪਣ ਦੀ ਬਹੁਤ ਨਹੀਂ ਸੀ। ਹਿਟਲਰ ਨੇ ਲਗਭਗ ਢਾਈ ਲੱਖ ਜਰਮਨਾਂ ਦੀ ਸੁਰੱਖਿਆ ਬਾਰੇ ਚਿੰਤਾ ਪ੍ਰਗਟ ਕੀਤੀ ਜੋ ਹਾਲੇ ਵੀ ਚੈਕ ਸ਼ਾਸਨ ਵਿਚ ਰਹਿ ਰਹੇ ਸਨ। 15 ਮਾਰਚ, 1939 ਨੂੰ ਉਸਨੇ ਰਾਜ ਦੇ ਰਾਸ਼ਟਪਤੀ ਬੀਨੀਸ ਦੇ ਉੱਤਰਾਧਿਕਾਰੀ ਹਾਚਾ (Hacha) ਨੂੰ ਸੱਦ ਕੇ ਅਤੇ ਪ੍ਰਚੰਡ ਫੌਜੀ ਕਾਰਵਾਈ ਦੀ ਧਮਕੀ ਦੇ ਕੇ ਉਸਨੂੰ ਬੋਹੇਮੀਆ ਅਤੇ ਮੋਰੇਵੀਆ ਦੇ ਪੁਰਾਣੇ ਪ੍ਰਾਂਤਾਂ ਨੂੰ ਜਰਮਨੀ ਦੀ ਸੁਰੱਖਿਆ ਵਿਚ ਦੇਣ ਅਤੇ ਉਨ੍ਹਾਂ 'ਤੇ ਜਰਮਨ ਫੌਜ ਦੁਆਰਾ ਅਧਿਕਾਰ ਕਰ ਲਏ ਜਾਣ 'ਤੇ ਰਾਜੀ ਕਰ ਲਿਆ। ਅਸਲ ਵਿਚ ਜਰਮਨ ਫੌਜਾਂ ਉਸ ਸਮੇਂ ਤੋਂ ਪਹਿਲਾਂ ਹੀ ਸੀਮਾਂਤ ਪਾਰ ਕਰ ਰਹੀਆਂ ਸਨ ਅਤੇ ਕੁਝ ਚੈਕ ਸ਼ਹਿਰਾਂ 'ਤੇ ਉਨ੍ਹਾਂ ਨੇ ਕਬਜ਼ਾ ਵੀ ਕਰ ਲਿਆ ਸੀ। ਸਲੋਵਾਕੀਆ ਨੂੰ ਨਾ ਮਾਤਰ ਲਈ ਆਜ਼ਾਦ ਰਹਿਣ ਦਿੱਤਾ ਗਿਆ। ਪਰ ਪੈਂਠ ਲੱਖ ਚੈਕ ਇੱਕ ਵਾਰ ਫਿਰ ਜਰਮਨ ਸ਼ਾਸਨ ਕੇ, ਜੋ ਉਸ ਸ਼ਾਸਨ ਤੋਂ ਬਹੁਤ ਵੱਖ ਸੀ ਅਤੇ ਜਿਸ ਦਾ ਅਨੁਭਵ ਚੈਕ ਜਨਤਾ ਆਸਟ੍ਰੀਅਨ ਸਾਮਰਾਜ ਦੇ ਅੰਗ ਦੇ ਰੂਪ ਵਿਚ ਕਰ ਚੁੱਕੀ ਸੀ, ਅਧੀਨ ਕਰ ਦਿੱਤੇ ਗਏ।

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :**

4. ......... ਦੇ ਸ਼ੁਰੂ ਵਿਚ ਹਿਟਲਰ ਨੇ ਜਰਮਨੀ ਦੀਆਂ ਸਾਰੀਆਂ ਸਸ਼ਤਰ ਸੇਵਾਵਾਂ ਦੀ ਸਰਵਉੱਚ ਕਮਾਨ ਆਪਣੇ ਹੱਥ ਵਿਚ ਲੈ ਲਈ ਸੀ।

(ੳ) 1938 (ਅ) 1838

(ੲ) 1738 (ਸ) 1638

5. ਸਟਰੇਸਾ ਵਿਚ......... ਵਿਚ ਦਸਤਖਤਸ਼ੁਦਾ ਇੱਕ ਸਮਝੌਤੇ ਦੇ ਅਧੀਨ ਬ੍ਰਿਟੇਨ ਨੇ ਫਰਾਂਸ ਅਤੇ ਇਟਲੀ ਦੇ ਨਾਲ ਆਸਟ੍ਰੀਆ ਦੀ ਆਜ਼ਾਦੀ ਅਤੇ ਅਖੰਡਤਾ ਵਿਚ ਆਪਣਾ ਹਿੱਤ ਐਲਾਨ ਕੀਤਾ ਸੀ।

   (ੳ) 1915 (ਅ) 1935

   (ੲ) 1945 (ਸ) 1925

6. ........... ਵਿਚ ਇਟਲੀ ਕਾਮਿਨਟਰਨ ਵਿਰੋਧੀ ਸਮਝੌਤੇ ਵਿਚ ਸ਼ਾਮਲ ਹੋ ਗਿਆ ਜੋ ਜਰਮਨੀ ਅਤੇ ਜਾਪਾਨ ਵਿਚਾਲੇ ਕੀਤਾ ਗਿਆ ਸੀ।

   (ੳ) ਜਨਵਰੀ, 1937 (ਅ) ਫਰਵਰੀ, 1937

   (ੲ) ਅਕਤੂਬਰ, 1937 (ਸ) ਨਵੰਬਰ, 1937

## 27.5 ਯੁੱਧ ਦੀ ਸ਼ੁਰੂਆਤ (Outbreak of War)

ਜੇਤੂ ਦੇ ਰੂਪ ਵਿਚ ਪ੍ਰਾਗ ਵਿਚ ਪੇਸ਼ ਹੋਣ ਤੋਂ ਤੁਰੰਤ ਬਾਅਦ ਹੀ ਹਿਟਲਰ ਨੇ ਲਿਥੁਆਨੀਆ (Lithuania) ਦੀ ਸਰਕਾਰ ਨੂੰ ਇੱਕ ਆਖ਼ਰੀ ਪ੍ਰਸਤਾਵ ਭੇਜ ਕੇ ਮੇਮਲ (Memel) ਅਤੇ ਉਸਦੇ ਆਸਪਾਸ ਦਾ ਜ਼ਿਲ੍ਹਾ ਸੌਂਪ ਦੇਣ ਦੀ ਮੰਗ ਕੀਤੀ। 21 ਮਾਰਚ ਨੂੰ ਉਸ ’ਤੇ ਅਧਿਕਾਰ ਕਰ ਲਿਆ ਗਿਆ ਅਤੇ ਇਸ ਬਾਲਟਿਕ ਬੰਦਰਗਾਹ ਦਾ ਮੁੜ ਫੌਜੀਕਰਨ ਤੁਰੰਤ ਸ਼ੁਰੂ ਹੋ ਗਿਆ। ਲਗਭਗ ਇਸੇ ਸਮੇਂ ਰਿਬੇਨਟਰਾਪ ਨੇ ਪੋਲੈਂਡ ਦੇ ਰਾਜਦੂਤ ਨੂੰ ਆਖਰੀ ਸ਼ਰਤਾਂ ਲਿਖਾਈਆਂ ਜੋ ਪੋਲਿਸ਼ ਸਰਕਾਰ ’ਤੇ ਜਰਮਨੀ ਲੱਦਣਾ ਚਾਹੁੰਦਾ ਸੀ। ਇਹ ਸ਼ਰਤਾਂ ਸਨ- ਡਾਨਜ਼ਿਗ, ਜਿਸਦਾ ਵਿਸਚੁਲਾ (Vistula) ਦੇ ਮੁਹਾਣੇ ’ਤੇ ਅਧਿਕਾਰ ਸੀ,ਜਰਮਨੀ ਨੂੰ ਮੁੜ ਮੋੜ ਦਿੱਤਾ ਜਾਵੇ ਅਤੇ ਜਰਮਨੀ ਨੂੰ ਪੋਲਿਸ਼ ਗਲਿਆਰੇ ਵਿਚ ਹੋ ਕੇ ਪੂਰਬੀ ਪ੍ਰਸ਼ਾ ਨਾਲ ਬਾਕੀ ਜਰਮਨੀ ਨੂੰ ਸੰਯੁਕਤ ਕਰਨ ਲਈ ਇੱਕ ਪੱਟੀ ਦਿੱਤੀ ਜਾਵੇ। ਪੋਲੈਂਡ ਨੇ ਇਨ੍ਹਾਂ ਦੋਸ਼ਪੂਰਨ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਫਰਾਂਸ ਪਹਿਲਾਂ ਤੋਂ ਹੀ ਪੋਲੈਂਡ ਦਾ ਮਿੱਤਰ ਸੀ ਪਰ ਚੈਂਬਰਲੇਨ ਨੂੰ ਇਹ ਕਹਿਣ ਦਾ ਅਧਿਕਾਰ ਦਿੱਤਾ ਗਿਆ ਸੀ ਕਿ ਉਹ ਫਰਾਂਸ ਵੱਲੋਂ ਇਹ ਗੱਲ ਕਹਿ ਸਕਦਾ ਹੈ।

ਕੁਝ ਹੀ ਦਿਨਾਂ ਬਾਅਦ ਜਰਮਨੀ ਤੋਂ ਪਿੱਛੇ ਨਾ ਰਹਿਣ ਦਾ ਨਿਸ਼ਚਾ ਕਰਦੇ ਹੋਏ ਇਟਲੀ ਨੇ ਤੇਜੀ ਨਾਲ ਹਮਲਾ ਕਰ ਕੇ ਅਲਬਾਨੀਅਨ ਬੰਦਰਗਾਹਾਂ ’ਤੇ ਅਧਿਕਾਰ ਕਰ ਲਿਆ ਅਤੇ ਉਸ ਦੇਸ਼ (ਅਲਬਾਨੀਆ) ਦਾ ਸਵਾਮੀ ਬਣ ਬੈਠਾ ਜਿਸ ਦੀ ਆਜ਼ਾਦੀ ਦੀ ਰੱਖਿਆ ਕਰਨ ਦਾ ਭਾਰ, ਕਾਨੂੰਨ ਦੀ ਵਿਡੰਬਨਾ ਨਾਲ, ਉਸਨੂੰ ਹੀ ਵਿਸ਼ੇਸ਼ ਰੂਪ ਨਾਲ ਸੌਂਪਿਆ ਗਿਆ ਸੀ। ਇਸ ਤਰ੍ਹਾਂ ਹਮਲਾ ਇੱਕ ਨਵੇਂ ਖੇਤਰ ਵਿਚ ਸ਼ੁਰੂ ਹੋ ਗਿਆ। ਗ੍ਰੇਟ ਬ੍ਰਿਟੇਨ ਨੇ ਆਪਣੀ ਨਵੀਂ ਨੀਤੀ ਦਾ ਇੱਥੋਂ ਤੱਕ ਵਿਸਥਾਰ ਕੀਤਾ ਕਿ ਫਰਾਂਸ ਦੇ ਨਾਲ ਮਿਲ ਕੇ ਉਸਨੇ ਯੂਨਾਨ ਅਤੇ ਰੂਮਾਨੀਆ ਨੂੰ ਉਸੇ ਤਰ੍ਹਾਂ ਦੀ ਸਹਾਇਤਾ ਦੀ ਗਾਰੰਟੀ ਦਿੱਤੀ ਜਿਹੋ ਜਿਹੀ ਪੋਲੈਂਡ ਨੂੰ ਦਿੱਤੀ ਗਈ ਸੀ, ਹਾਲਾਂਕਿ ਪੋਲੈਂਡ ਨੇ ਆਪਣੀ ਮਹੱਤਤਾ ਦਾ ਅਨੁਭਵ ਕਰਕੇ ਇਸ ਗਾਰੰਟੀ ਨੂੰ ਪਾਰਸਪਰਿਕ ਬਣਾ ਦਿੱਤਾ ਸੀ ਅਤੇ ਹਮਲੇ ਦੀ ਸਥਿਤੀ ਵਿਚ ਫਰਾਂਸ ਅਤੇ ਗ੍ਰੇਟ ਬ੍ਰਿਟੇਨ ਦੀ ਸਹਾਇਤਾ ਕਰਨ ਦਾ ਵਚਨ ਦਿੱਤਾ ਸੀ। ਯੂਗੋਸਲਾਵੀਆ ਨੇ, ਜਿਸ ਨੂੰ ਸੰਭਵਤ: ਯੂਨਾਨ ਤੋਂ ਘੱਟ ਖ਼ਤਰਾ ਨਹੀਂ ਸੀ, ਐਲਾਨ ਕੀਤਾ ਕਿ ਉਸਨੂੰ ਸਹਾਇਤਾ ਦੀ ਲੋੜ ਨਹੀਂ ਹੈ। ਜਰਮਨੀ ਅਤੇ ਇਟਲੀ ਦੋਵਾਂ ਦੇ ਹੀ ਨਾਲ ਉਸਦੇ ਵਪਾਰਕ ਸਬੰਧ ਵਧ ਰਹੇ ਸਨ ਅਤੇ ਚੈਕੋਸਲੋਵਾਕੀਆ ਦਾ ਉਦਾਹਰਨ ਧਿਆਨ ਵਿਚ ਰੱਖਦੇ ਹੋਏ ਇਸ ਤਰ੍ਹਾਂ ਦੀ ਗਾਰੰਟੀ ਨੂੰ ਲੋੜੀਂਦੀ ਸੁਰੱਖਿਆ ਮੰਨਣਾ ਸਹਿਜ ਨਹੀਂ ਸੀ। ਪਰ ਯੂਨਾਨ ਵਿਚ ਉਸਦੀਆਂ ਬੰਦਰਗਾਹਾਂ ਕਾਰਨ ਬ੍ਰਿਟੇਨ ਦੀ ਸਹਾਇਤਾ ਪਹੁੰਚ ਸਕਦੀ ਸੀ। ਰੂਮਾਨੀਆ ਕੋਲ ਰੂਸ ਦਾ ਬੇਸਾਰੇਬੀਆ (Besarabia) ਖੇਤਰ ਅਤੇ ਬੁਲਗਾਰੀਆ ਦਾ ਡੋਬਰੂਜਾ (Dobrudja) ਖੇਤਰ ਅਤੇ ਹੰਗਰੀ ਦਾ ਟ੍ਰਾਂਸੀਲਵਾਲੀਆ ਖੇਤਰ ਸੀ। ਇਸ ਕਾਰਨ ਉਹ ਸਹਾਇਤਾ ਦਾ ਕੋਈ ਵੀ ਪ੍ਰਸਤਾਵ ਸਵੀਕਾਰ ਕਰ ਸਕਦਾ ਸੀ। ਇਸ ਤੋਂ ਇਲਾਵਾ ਇਸ ਸਮੇਂ ਬ੍ਰਿਟਿਸ਼ ਸਰਕਾਰ ਨੂੰ ਤੁਰਕੀ ਨਾਲ ਇੱਕ ਸੰਧੀ ਕਰ ਸਕਣ ਵਿਚ ਸਫ਼ਲਤਾ ਮਿਲ ਗਈ ਜਿਸ ਅਨੁਸਾਰ ਸੰਧੀਕਰਤਾਵਾਂ ਵਿਚੋਂ ਹਰੇਕ ਨੇ ਭੂਮੱਧ ਸਾਗਰ ਖੇਤਰ ਵਿਚ ਆਪਣੇ ਹਿੱਤਾਂ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਪੈਦਾ ਹੋਣ ’ਤੇਇੱਕ-ਦੂਸਰੇ ਦੀ ਸਹਾਇਤਾ ਕਰਨ ਦਾ ਵਚਨ ਦਿੱਤਾ। ਇਸੇ ਤਰ੍ਹਾਂ ਦਾ ਇੱਕ ਸਮਝੌਤਾ ਤੁਰਕੀ ਅਤੇ ਫਰਾਂਸ ਵਿਚਾਲੇ ਉਸ ਸਮੇਂ ਕੀਤਾ ਗਿਆ ਸੀ ਜਦੋਂ ਅਲੈਕਜਾਂਡ੍ਰੇਟਾ ਦਾ ਸੰਜਕ (Sandjak of Alexandretta) ਖੇਤਰ ਨਾਲ ਸਬੰਧਿਤ ਤੁਰਕੀ ਦੇ ਦਾਅਵੇ ਪੂਰੀ ਤਰ੍ਹਾਂ ਸੰਤੁਸ਼ਟ ਕੀਤੇ ਜਾ ਚੁੱਕੇ ਸਨ।

ਗ੍ਰੇਟ ਬਿਟ੍ਰੇਨ ਵਿਚ ਇਨ੍ਹਾਂ ਤਿਆਰੀਆਂ ਵਿਚ ਹੋਰ ਵੀ ਵਾਧਾ ਉਸ ਸਮੇਂ ਹੋਇਆ ਜਦੋਂ 20 ਅਪਰੈਲ ਨੂੰ ਇੱਕ ਬਿੱਲ ਪੇਸ਼ ਕੀਤਾ ਗਿਆ ਜਿਸ ਅਨੁਸਾਰ ਫੌਜੀ ਉਮਰ (military age) ਦੇ ਸਾਰੇ ਪੁਰਸ਼ਾਂ ਲਈ ਫੌਜੀ ਸਿਖਲਾਈ ਲੈਣਾ ਲਾਜ਼ਮੀ ਕੀਤਾ ਜਾਣਾ ਸੀ। ਉਸਦੇ ਸਵੀਕਾਰ ਹੋ ਜਾਣ ’ਤੇ 19 ਅਤੇ 20 ਸਾਲ ਦੇ ਦਰਮਿਆਨ ਉਮਰ ਵਾਲੇ ਪੁਰਸ਼ਾਂ ਨੂੰ ਤੁਰੰਤ ਫੌਜ ਵਿਚ ਭਰਤੀ ਹੋਣ ਲਈ ਹੁਕਮ ਦਿੱਤਾ ਗਿਆ। ਯੂਰਪੀ ਢੰਗ ’ਤੇ ਸ਼ਾਂਤੀ ਕਾਲ ਵਿਚ ਇਸ ਲਾਜ਼ਮੀ ਭਰਤੀ ਦੁਆਰਾ ਫੌਜ (conscript army) ਦਾ ਸੰਗਠਨ ਗ੍ਰੇਟ ਬ੍ਰਿਟੇਨ ਦੇ ਭਾਵੀ ਹਮਲੇ ਨੂੰ ਰੋਕਣ ਲਈ ਆਪਣੀ ਸ਼ਕਤੀ ਦਾ ਉਪਯੋਗ ਕਰਨ ਦੇ ਨਿਸ਼ਚੇ ਦਾ ਸਭ ਮਜ਼ਬੂਤ ਪ੍ਰਮਾਣ ਮੰਨਿਆ ਗਿਆ ਸੀ। ਜਰਮਨ ਸਰਕਾਰ ਨੇ ਬ੍ਰਿਟੇਨ ਦੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਇਸ ਗੱਲ ਦੀ ਗਵਾਹੀ ਮੰਨਿਆ ਕਿ “ਬ੍ਰਿਟਿਸ਼ ਲੋਕ ਬ੍ਰਿਟੇਨ ਦੁਆਰਾ ਯੁੱਧ ਸ਼ੁਰੂ ਕਰਨ ਨੂੰ ਹੁਣ ਅਸੰਭਵ ਨਹੀਂ ਮੰਨਦੇ ਸਗੋਂ ਇਸ ਦੇ ਉਲਟ ਉਸਨੂੰ ਬ੍ਰਿਟਿਸ਼ ਨੀਤੀ ਦੀ ਮੁੱਖ ਸਮੱਸਿਆ (capital problem) ਮੰਨਦੇ ਹਨ।” 27 ਅਪਰੈਲ ਨੂੰ ਉਸਨੇ 1935 ਦੇ ਆਂਗਲ-ਜਰਮਨ ਨੌਸੈਨਿਕ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਜਿਸ ਅਨੁਸਾਰ ਜਰਮਨੀ ਨੇ ਆਪਣੀ ਨੌਸੈਨਾਂ ਦੇ 35 ਪ੍ਰਤੀਸ਼ਤ ਤੱਕ ਹੀ ਸੀਮਤ ਰੱਖਣਾ ਸਵੀਕਾਰ ਕਰ ਲਿਆ ਸੀ। ਹਿਟਲਰ ਨੇ ਇਹ ਸ਼ਿਕਾਇਤ ਕੀਤੀ ਕਿ ਗ੍ਰੇਟ ਬ੍ਰਿਟੇਨ ਉਸ ਸਮਝੌਤੇ ਦੀ ਅਣਦੇਖੀ ਕਰ ਰਿਹਾ ਹੈ। ਜਿਸ ’ਤੇ ਖੁਦ ਉਸਨੇ ਅਤੇ ਚੈਂਬਰਲੇਨ ਨੇ ਮਿਊਨਿਸ-ਸੰਮੇਲਨ ਤੋਂ ਬਾਅਦ ਹਸਤਾਖ਼ਰ ਕੀਤੇ ਸਨ ਅਤੇ ਜੋ “ਦੋਵਾਂ ਹੀ ਦੇਸ਼ਾਂ ਦੀ ਜਨਤਾ ਦੀ ਮੁੜ ਇੱਕ-ਦੂਜੇ ਦੇ ਵਿਰੁੱਧ ਯੁੱਧ ਨਾ ਕਰਨ ਦੀ” ਇੱਛਾ ਦਾ ਪ੍ਰਤੀਕ ਸੀ ਅਤੇ ਬ੍ਰਿਟੇਨ ਹੁਣ ਜਰਮਨੀ ਨੂੰ ਘੇਰਨ ਦੀ ਨੀਤੀ ’ਤੇ ਮੁੜ ਚੱਲਣ ਲੱਗਾ ਹੈ।

ਨੋਟ

ਟਾਸਕ 1936 ਵਿਚ ਸੋਵਿਅਤ ਸਰਕਾਰ ਨੇ ਕਿਸ 'ਤੇ ਮੁਕੱਦਮੇ ਚਲਾਏ ?

ਅਸਲ ਵਿਚ ਇਸ ਨੀਤੀ ਦਾ ਜ਼ੋਰਾਂ ਨਾਲ ਅਨੁਸਰਨ ਕੀਤਾ ਜਾ ਰਿਹਾ ਸੀ ਅਤੇ ਇਸ ਲਈ ਲੋੜੀਂਦੀ ਕਾਰਨ ਵੀ ਸੀ ਕਿਉਂਕਿ ਇਹ ਤਾਂ ਸਪੱਸ਼ਟ ਹੀ ਸੀ ਕਿ ਜੇਕਰ ਜਰਮਨੀ ਨੇ ਪੋਲੈਂਡ 'ਤੇ ਹਮਲਾ ਕੀਤਾ ਤਾਂ ਫਰਾਂਸ ਅਤੇ ਬ੍ਰਿਟੇਨ ਦੋਵੇਂ ਹੀ ਉਸਨੂੰ ਕਿਸੇ ਵੀ ਤਰ੍ਹਾਂ ਦੀ ਸਿੱਧੀ ਸਹਾਇਤਾ ਨਹੀਂ ਦੇ ਸਕਣਗੇ। ਉਨ੍ਹਾਂ ਦੁਆਰਾ ਦਿੱਤੀ ਗਈ ਗਾਰੰਟੀ ਦਾ ਸੰਭਵਤ: ਪ੍ਰਤੀਰੋਧਕ ਪ੍ਰਭਾਵ (deterrent value) ਹੀ ਹੋ ਸਕਦਾ ਸੀ। ਇਹ ਗੱਲ ਵੀ ਓਨੀ ਹੀ ਸਪੱਸ਼ਟ ਸੀ ਕਿ ਜੇਕਰ ਸੋਵੀਅਤ ਸੰਘ ਦੋਵਾਂ ਪੱਛਮੀ ਪ੍ਰਜਾਤੰਤਰਾਂ ਦੇ ਨਾਲ ਸਹਿਯੋਗ ਕਰਦਾ ਹੈ ਤਾਂ ਇੱਕ ਵੱਡੀ ਵਿਸ਼ਾਲ ਵਾਯੂ-ਸੈਨਾ ਸਮੇਤ ਇੱਕ ਵਿਸ਼ਾਲ ਫੌਜ ਹਮਲਾਵਰਕਰਤਾ (aggressor) ਦੇ ਬਹੁਤ ਨੇੜੇ ਜਮ੍ਹਾ ਕੀਤੀ ਜਾ ਸਕਦੀ ਸੀ। ਫਰਾਂਸ ਹੁਣ ਵੀ ਸੋਵੀਅਤ ਸੰਘ ਦਾ ਮਿੱਤਰ ਸੀ ਅਤੇ ਮਾਰਚ ਤੋਂ ਬਾਅਦ ਸੰਯੁਕਤ ਕਾਰਵਾਈ ਸੰਬੰਧੀ ਵਾਰਤਾਵਾਂ ਮਾਸਕੋ ਵਿਚ ਚੱਲ ਰਹੀਆਂ ਸਨ ਅਤੇ ਉਨ੍ਹਾਂ ਦਾ ਨਤੀਜਾ ਅਨੁਕੂਲ ਨਿੱਕਲਣ ਦਾ ਵਿਸ਼ਵਾਸ ਵੀ ਸੀ, ਖਾਸ ਕਰਕੇ ਇਸ ਐਲਾਨ ਤੋਂ ਬਾਅਦ ਕਿ ਵਾਰਤਾਵਾਂ ਵਿਚ ਭਾਗ ਲੈਣ ਲਈ ਫਰਾਂਸ ਅਤੇ ਗ੍ਰੇਟ ਬ੍ਰਿਟੇਨ ਦੇ ਫੌਜੀ ਪ੍ਰਤੀਨਿਧ ਭੇਜੇ ਜਾ ਚੁੱਕੇ ਹਨ। ਪਰ ਵਾਰਤਾਵਾਂ ਵਿਚ ਭਰਮਾਉ ਦੇਰੀ ਹੋਈ ਅਤੇ ਇਹ ਮਾਲੂਮ ਹੋਇਆ ਕਿ ਸੋਵੀਅਤ ਸੰਘ ਉਦੋਂ ਤੱਕ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਨਹੀਂ ਸੀ ਜਦੋਂ ਤੱਕ ਕਿ ਬਾਲਟਿਕ ਰਾਜਾਂ- ਲਿਥੂਆਨੀਆ, ਲੇਟਵੀਆ, ਇਸਟੋਨੀਆ ਅਤੇ ਫਿਨਲੈਂਡ ਦੀ ਅਖੰਡਤਾ ਦੀ ਸੋਵੀਅਤ ਗਾਰੰਟੀ ਵੀ ਉਸ ਵਿਚ ਸ਼ਾਮਲ ਨਾ ਹੋਵੇ। ਪਰ ਇਨ੍ਹਾਂ ਦੇਸ਼ਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਅਜਿਹੇ ਕਿਸੇ ਗਾਰੰਟੀ ਦੀ ਲੋੜ ਨਹੀਂ ਸੀ ਜੋ ਉਨ੍ਹਾਂ ਦੀ ਆਜਾਦੀ ਵਿਚ ਕਿਸੇ ਤਰ੍ਹਾਂ ਦੀ ਕਮੀ ਕਰਦੀ ਹੋਵੇ। ਉਹਨਾਂ ਨੇ ਜਰਮਨੀ ਦੇ ਨਾਲ ਨਾ ਸਮਝੌਤਾ (non-aggression pacts) ਕਰਨ ਦਾ ਵਿਚਾਰ ਰੱਖਿਆ ਸੀ ਅਤੇ ਕੀਤਾ ਵੀ ਉਸੇ ਤਰ੍ਹਾਂ ਹੀ। ਪੋਲੈਂਡ ਨੇ ਵੀ ਆਪਣੇ ਖੇਤਰ ਵਿਚ ਕਿਸੇ ਵੀ ਹਾਲਾਤਾਂ ਵਿਚ ਸੋਵੀਅਤ ਫੌਜ ਨੂੰ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ। ਫਿਰ ਵੀ ਕਿਉਂਕਿ ਹਿਟਲਰ ਦੀ ਨੀਤੀ ਦਾ ਮੁੱਖ ਉਦੇਸ਼ ਸੋਵੀਅਤ ਸੰਘ ਜਿਸ ਵੀ ਸਮਰਥਨ ਕਰੇ, ਉਸਦਾ ਪ੍ਰਚੰਡ ਵਿਰੋਧ ਕਰਨਾ ਸੀ, ਇਸ ਲਈ ਇਹ ਆਸ ਕਰਨਾ ਸੁਭਾਵਿਕ ਹੀ ਸੀ ਕਿ ਸੋਵੀਅਤ ਸੰਘ ਜਰਮਨੀ (Third Reich) ਦੀ ਵਧਦੀ ਹੋਈ ਸ਼ਕਤੀ ਨੂੰ ਰੋਕਣ ਲਈ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਵਿਚ ਸਹਾਇਤਾ ਪਹੁੰਚਾਏਗਾ। ਇਸੇ ਸਮੇਂ ਅਚਾਨਕ ਪਤਾ ਲੱਗਾ ਕਿ ਜਰਮਨੀ ਅਤੇ ਰੂਸ ਵਿਚ ਇੱਕ ਗੈਰ-ਹਮਲਾ-ਸਮਝੌਤਾ ਕਰਨ ਲਈ ਰਿਬੇਨਟ੍ਰਾਪ ਮਾਸਕੋ ਜਾ ਪਹੁੰਚਿਆ ਹੈ। ਇਸ ਤਰ੍ਹਾਂ ਦੇ ਸਮਝੌਤੇ 'ਤੇ 23 ਅਗਸਤ ਨੂੰ ਹਸਤਾਖ਼ਰ ਹੋ ਗਏ। ਇਸ ਸਮਝੌਤੇ ਦਾ ਸਿਰਫ਼ ਇੰਨਾ ਹੀ ਫ਼ਲ ਨਹੀਂ ਹੋਇਆ ਕਿ ਹੁਣ ਪੂਰਬ ਵਿਚ ਜਰਮਨੀ ਦਾ ਵਿਰੋਧ ਕਰਨ ਲਈ ਪੋਲੈਂਡ ਸਿਰਫ਼ ਆਪਣੇ ਹੀ ਸਾਧਨਾਂ ਦੇ ਭਰੋਸੇ ਰਹਿ ਗਿਆ ਸਗੋਂ ਇਸ ਦਾ ਨਤੀਜ਼ਾ ਇਹ ਵੀ ਹੋਇਆ ਕਿ ਜਰਮਨੀ ਨੂੰ ਰਸਦ (supply) ਦਾ ਇੱਕ ਅਜਿਹਾ ਸਾਧਨ ਮਿਲਣ ਦਾ ਭਰੋਸਾ ਮਿਲ ਗਿਆ ਜਿਸ ਨਾਲ ਕਿਸੇ ਵੀ ਸਮੁੰਦਰੀ ਨਾਕੇਬੰਦੀ (maritime blockade) ਦਾ ਖ਼ਤਰਾ ਬਹੁਤ ਘੱਟ ਹੋ ਗਿਆ।

## 27.6 ਸਾਰਾਂਸ਼ (Summary)

ਜਰਮਨੀ ਅਤੇ ਪੋਲੈਂਡ ਵਿਚ ਤੱਤਕਾਲੀ ਵਿਵਾਦ ਡਾਨਜ਼ਿਗ ਅਤੇ ਤਥਾਕਥਿਤ ਗਲਿਆਰੇ ਨਾਲ ਸਬੰਧਿਤ ਸੀ। ਜੋ ਵਰਸਾਈ ਦੇ ਸੰਧੀ ਦੁਆਰਾ ਜਰਮਨੀ ਤੋਂ ਅਲੱਗ ਕਰ ਦਿੱਤੇ ਗਏ ਸਨ। ਬਾਕੀ ਜਰਮਨੀ ਤੋਂ ਪੂਰਬੀ ਪ੍ਰਸ਼ਾ ਦੀ ਵੰਡ ਦਾ ਹੀ ਹਮੇਸ਼ਾ ਵਿਰੋਧ ਕੀਤਾ ਜਾਂਦਾ ਰਿਹਾ ਸੀ। ਇਸਦੇ ਉਲਟ ਖੁਦ ਹਿਟਲਰ ਨੇ ਵੀ ਸਦਾ ਇਹ ਸਵੀਕਾਰ ਕੀਤਾ ਸੀ ਕਿ ਪੋਲੈਂਡ ਨੂੰ ਸਮੁੰਦਰ ਤੱਕ ਨਿਕਾਸ-ਮਾਰਗ ਦੀ ਲੋੜ ਹੈ। ਪਰ ਪੋਲੈਂਡ ਨੇ ਮੱਛੀ-ਕਾਰੋਬਾਰ ਪ੍ਰਧਾਨ ਗ੍ਰਾਮ ਗਿਡਨੀਆ (Gydnia) ਵਿਚ, ਆਪਣੇ ਹੀ ਖੇਤਰ ਵਿਚ, ਇੱਕ ਨਵੀਂ ਬੰਦਰਗਾਹ ਦਾ ਨਿਰਮਾਣ ਕਰਕੇ ਵਿਸਤੁਲਾ (Vistula) ਵਿਚ ਵਪਾਰ ਲਈ ਇੱਕਮਾਤਰ ਬੰਦਰਗਾਹ ਦੇ ਰੂਪ ਵਿਚ ਡਾਨਜ਼ਿਗ ਦੇ ਏਕਾਧਿਕਾਰ ਨੂੰ ਨਾ ਸਿਰਫ਼ ਸਮਾਪਤ ਹੀ ਕਰ ਦਿੱਤਾ ਸੀ ਸਗੋਂ ਉਸਦੇ ਮਹੱਤਵ ਵਿਚ ਵੀ ਅਸਲ ਵਿਚ ਕਮੀ ਕਰ ਦਿੱਤੀ ਸੀ। ਵਪਾਰਕ ਮੁਕਾਬਲੇ ਅਤੇ ਰਾਜਨੀਤਿਕ ਆਦਰਸ਼ਵਾਦ ਇਸ ਸਵਾਲ ਦੇ ਨਾਲ ਜੁੜ ਗਏ। ਪਰ ਜਰਮਨੀ ਵਿਚ ਡਾਨਜ਼ਿਗ ਨੂੰ ਸ਼ਾਮਲ ਕਰਨ ਦੀ ਇੱਛਾ ਉੱਥੇ ਫੌਜੀਸ਼ਕਤੀ ਦਾ ਅਜਿਹਾ ਕੇਂਦਰ ਸਥਾਪਤ ਕਰਨ ਦੀ ਇੱਛਾ ਪ੍ਰਗਟ ਕਰ ਦੀ ਸੀ ਜਿਸ ਨਾਲ ਉਸ 'ਤੇ ਅਧਿਕਾਰ ਕਰਨ ਵਾਲਾ ਰਾਸ਼ਟਰ ਪੋਲੈਂਡ ਦਾ ਸਮੁੰਦਰ ਨਾਲ ਸਬੰਧ ਤੋੜ ਸਕੇ। ਗਲਿਆਰੇ ਦੇ ਆਰ-ਪਾਰ ਇੱਕ ਰਾਜ-ਖੇਤਰ-ਕਟੀਬੰਧ (extraterritorial belt) ਲਈ ਕੀਤੇ ਗਏ ਵਾਧੂ ਦਾਅਵੇ ਨੂੰ ਪੋਲੈਂਡ ਨੇ ਹੋਰ ਜ਼ਿਆਦਾ ਖੇਤਰ ਹਥਿਆਉਣ ਦੀ ਦਿਸ਼ਾ ਵਿਚ ਪਹਿਲਾ ਕਦਮ ਕਹਿ ਕੇ ਅਸਵੀਕਾਰ ਕਰ ਦਿੱਤਾ ਸੀ। ਇਨ੍ਹਾਂ ਕਾਰਨ ਨਾਲ ਪੋਲ ਲੋਕਾਂ ਨੇ ਦੱਬਣ ਤੋਂ ਇਨਕਾਰ ਕਰ ਦਿੱਤਾ ਅਤੇ ਜਰਮਨੀ ਲਈ ਪੋਲਿਸ ਜ਼ਮੀਨ 'ਤੇ ਤਿੰਨ ਵੱਖ-ਵੱਖ ਮੋਰਚਿਆਂ 'ਤੇ ਇੱਕਠਾ ਹਮਲਾ ਕਰਨਾ ਰਹਿ ਗਿਆ। ਇਹ ਹਮਲਾ 1 ਸਤੰਬਰ ਨੂੰ ਹੋਇਆ। 3 ਸਤੰਬਰ ਨੂੰ ਗ੍ਰੇਟ ਬ੍ਰਿਟੇਨ ਨੇ ਯੁੱਧ ਦਾ ਐਲਾਨ ਕਰ ਦਿੱਤਾ ਅਤੇ ਉਸਦੇ ਕੁਝ ਹੀ ਘੰਟਿਆਂ ਬਾਅਦ ਫਰਾਂਸ ਨੇ ਵੀ ਰਣਭੇਰੀ ਫੂਕ ਦਿੱਤੀ।

## 27.7 ਸ਼ਬਦਕੋਸ਼ (Keywords)

1. **ਸਾਮਰਿਕ (Strategic)**– ਯੁੱਧਨੀਤਿਕ।
2. **ਸਵੈਤਵਾਂਤਰਣ (Alienation)**– ਤਬਦੀਲ, ਬਿਲਗਾਵ।

## 27.8 ਅਭਿਆਸ ਪ੍ਰਸ਼ਨ (Review Questions)

ਨੋਟ

1. ਪ੍ਰਤੱਖ ਰੂਪ ਨਾਲ ਪਹਿਲੇ ਵਿਸ਼ਵਯੁੱਧ ਦਾ ਕਾਰਨ ਕੀ ਸੀ ?
2. ਸਪੇਨ ਦੇ ਗ੍ਰਹਿ-ਯੁੱਧ ਦਾ ਸੰਖੇਪ ਵਿਚ ਵਰਣਨ ਕਰੋ।
3. ਰਾਸ਼ਟਰਾਂ ਦੀ ਮੁਕਾਬਲਤਨ ਗੁੱਟਬੰਦੀ ਦਾ ਵਰਣਨ ਕਰੋ।
4. 'ਜਰਮਨੀ ਦੁਆਰਾ ਹਮਲੇ ਦੀ ਸ਼ੁਰੂਆਤ' 'ਤੇ ਟਿੱਪਣੀ ਲਿਖੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. 'ਕਾਲਾ ਹਾਥ' (Black Hand)
2. ਰਾਸ਼ਟਰੀਅਤਾ ਦੀ ਭਾਵਨਾ
3. ਉਦਯੋਗਿਕ ਕ੍ਰਾਂਤੀ
4. (ੳ) 1938
5. (ਅ) 1935
6. (ੲ) ਨਵੰਬਰ, 1937

## 27.9 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ- ਐਮ.ਐਸ.ਤਿਆਗੀ, ਰਜਨੀ ਤਿਆਗੀ- ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਰਾਜੇਸ਼ ਕੁਮਾਰ- ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਧਨਪਤੀ ਪਾਂਡੇ- ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ- ਡਾ. ਦੀਨਾਨਾਥ ਵਰਮਾ- ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ - ਡਾ. ਵਿਪਿਨ ਬਿਹਾਰੀ ਸਿਨਹਾ - ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ - ਔਰਿਐਂਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ- ਮਾਨਿਕ ਲਾਲ ਗੁਪਤ - ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–28: ਸਮੁੱਚਾ ਯੁੱਧ (Total War)

**ਵਿਸ਼ੇ ਵਸਤੂ** (Contents)


ਉਦੇਸ਼ (Objectives)

ਪ੍ਰਸਤਾਵਨਾ (Introduction)

28.1 ਦੂਜੇ ਵਿਸ਼ਵਯੁੱਧ ਦੇ ਕਾਰਨ ਜਾਂ ਉਸ ਲਈ ਜ਼ਿੰਮੇਵਾਰ ਹਾਲਾਤ (Causes or Circumstances Leading to the II World War)

28.2 ਦੂਜੇ ਵਿਸ਼ਵਯੁੱਧ ਦੀ ਗਤੀਵਿਧੀ (Course of the II World War)

28.3 ਦੂਜੇ ਵਿਸ਼ਵਯੁੱਧ ਦੇ ਨਤੀਜੇ (Effects of II World War)

28.4 ਯੁੱਧ ਅਪਰਾਧ (War Crimes)

28.5 ਸਾਰਾਂਸ਼ (Summary)

28.6 ਸ਼ਬਦਕੋਸ਼ (Keywords)

28.7 ਅਭਿਆਸ ਪ੍ਰਸ਼ਨ (Review Questions)

28.8 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਦੂਜੇ ਮਹਾਂਯੁੱਧ ਦੇ ਕਾਰਨ ਜਾਣਨ ਵਿਚ।
- ਦੂਜੇ ਮਹਾਂਯੁੱਧ ਦੀ ਗਤੀਵਿਧੀ ਨੂੰ ਜਾਣਨ ਵਿਚ।
- ਦੂਜੇ ਮਹਾਂਯੁੱਧ ਦੇ ਨਤੀਜੇ ਜਾਣਨ ਵਿਚ।

## ਪ੍ਰਸਤਾਵਨਾ (Introduction)

ਪਹਿਲੇ ਮਹਾਂਯੁੱਧ ਦੀ ਸਮਾਪਤੀ ਸੰਨ 1918–19 ਵਿਚ ਹੋਈ ਸੀ ਅਤੇ ਠੀਕ 20ਸਾਲ ਬਾਅਦ ਸੰਨ 1939 ਵਿਚ ਦੂਜਾ ਮਹਾਂਯੁੱਧ ਸ਼ੁਰੂ ਹੋਇਆ। ਮਾਰਸ਼ਨ ਫੌਚ (Foch) ਨੇ ਸ਼ਾਂਤੀ–ਸੰਮੇਲਨ ਦੇ ਸਮੇਂ ਹੀ ਭਵਿੱਖਬਾੜੀ ਕੀਤੀ ਸੀ ਕਿ ਇਹ ਸ਼ਾਂਤੀ ਨਹੀਂ, 20 ਸਾਲ ਲਈ ਯੁੱਧਬੰਦੀ ਹੈ, ਉਹ ਸੱਚੀ ਨਿੱਕਲੀ। ਪਹਿਲੇ ਮਹਾਂਯੁੱਧ ਤੋਂ ਬਾਅਦ ਵਿਸ਼ਵ ਸ਼ਾਂਤੀ ਦੇ ਯਤਨ ਹੀ ਅਪ੍ਰੱਤਖ ਰੂਪ ਨਾਲ ਦੂਜੇ ਵਿਸ਼ਵਯੁੱਧ ਦਾ ਕਾਰਨ ਬਣ ਗਏ। ਮਿਊਨਿਖ ਉਪਸੰਧੀ, ਜੋ ਬ੍ਰਿਟੇਨ ਅਤੇ ਫਰਾਂਸ ਲਈ ਅਪਮਾਨਪੂਰਨ ਸੀ, ਉਹੀ ਸ਼ਾਂਤੀ ਨੂੰ ਸਥਾਈਰੱਖਣ ਵਾਲੀ ਮੰਨੀ ਗਈ। ਰਾਸ਼ਟਰ ਸੰਘ ਅੰਤਰਰਾਸ਼ਟਰੀ ਸ਼ਾਂਤੀ ਦੇ ਯਤਨ ਵਿਚ ਅਸਫ਼ਲ ਰਿਹਾ ਅਤੇ ਰਾਸ਼ਟਰਾਂ ਦੁਆਰਾ ਉਦੇ ਟੀਚਿਆਂ ਦੀ ਉਲੰਘਣਾ ਕੀਤੀ ਗਈ। ਯੂਰਪ ਦੇ ਸਾਰੇ ਛੋਟੇ–ਵੱਡੇ ਸਾਮਰਾਜਵਾਦੀ ਰਾਸ਼ਟਰ ਜਿਵੇਂ ਇੰਗਲੈਂਡ, ਇਟਲੀ, ਜਰਮਨੀ, ਰੂਸ, ਪੋਲੈਂਡ ਅੰਤਰਰਾਸ਼ਟਰੀ ਨਿਆਂ ਅਤੇ ਸੰਧੀ ਦੀਆਂ ਸ਼ਰਤਾਂ ਦੇ ਉਲਟ ਸ਼ਸਤਰੀਕਰਨ ਦਾ ਤਬਾਹਕਾਰੀ ਮੁਕਾਬਲਾ (Rivalry) ਵਿਚ ਲੱਗ ਗਏ। ਇਨ੍ਹਾਂ ਹਾਲਾਤਾਂ ਦਾ ਸੁਭਾਵਿਕ ਨਤੀਜ਼ਾ ਉਹ ਮਹਾਂਤਬਾਹਕਾਰੀ ਯੁੱਧ ਸੀ ਜਿਸਨੇ ਮਾਨਵਤਾ ਨੂੰ ਵਿਨਾਸ਼ ਦੇ ਗਰਤ ਵਿਚ ਧੱਕ ਦਿੱਤਾ। ਪਹਿਲੇ ਮਹਾਂਯੁੱਧ ਸੀਮਿਤ ਸੀ, ਪਰ ਦੂਜੇ ਵਿਸ਼ਵ ਯੁੱਧ ਵਿਚ ਸੰਪੂਰਨ ਵਿਸ਼ਵ ਨੂੰ ਆਪਣੇ ਘਾਤਕ ਨਤੀਜਿਆਂ ਨਾਲ ਪ੍ਰਭਾਵਿਤ ਕੀਤਾ ਅਤੇ ਇਸ ਨਜ਼ਰੀਏ ਨਾਲ ਇਹ ਨਿਸ਼ਚਿਤ ਹੀ ਇੱਕ ਵਿਸ਼ਵਯੁੱਧ ਸੀ– ਅਜਿਹਾ ਵਿਸ਼ਵਯੁੱਧ ਜਿਸ ਨੇ ਪ੍ਰਸਿੱਧ ਵਿਗਿਆਨਕ ਆਈਂਸਟਾਈਨ ਨੂੰ ਇਹ ਕਹਿਣ 'ਤੇ ਮਜ਼ਬੂਰ ਕਰ ਦਿੱਤਾ ਕਿ, "ਤੀਜੇ ਵਿਸ਼ਵਯੁੱਧ ਬਾਰੇ ਮੈਂ ਤਾਂ ਨਹੀਂ ਕਹਿ ਸਕਦਾ, ਪਰ ਚੌਥਾ ਵਿਸ਼ਵਯੁੱਧ ਪਾਸ਼ਾਣ ਹਥਿਆਰਾਂ ਨਾਲ ਲੜਿਆ ਜਾਵੇਗਾ।" ਸੱਪਸ਼ਟ ਹੈ ਕਿ ਦੂਜੇ ਮਹਾਂਯੁੱਧ ਦੀ ਭਿਆਨਕਤਾ ਨੇ ਰਾਜਨੀਤੀਵਾਨਾਂ ਨੂੰ ਅਤੇ ਵਿਗਿਆਨੀਆਂ ਦੇ ਦਿਲ ਵਿਚ ਇਸ ਆਤੰਕ ਦਾ ਅਹਿਸਾਸ ਪੈਦਾ ਕਰ ਦਿੱਤਾ ਕਿ ਜੇਕਰ ਕਿਤੇ ਤੀਜੇ ਮਹਾਂਯੁੱਧ ਹੋ ਗਿਆ ਤਾਂ ਸੰਪੂਰਨ ਮਾਨਵ–ਸੱਭਿਅਤਾ ਹੀ ਤਬਾਹ ਹੋ ਜਾਵੇਗੀ।

## 28.1 ਦੂਜੇ ਵਿਸ਼ਵਯੁੱਧ ਦੇ ਕਾਰਨ ਜਾਂ ਉਸ ਲਈ ਜ਼ਿੰਮੇਵਾਰ ਹਾਲਾਤ (Causes or Circumstances Leading to the II World War)

ਦੂਜੇ ਮਹਾਂਯੁੱਧ ਦੇ ਲੜੇ ਜਾਣ ਦੇ ਕਈ ਕਾਰਨ ਸਨ ਜਿਨ੍ਹਾਂ ਵਿਚੋਂ ਹੇਠ ਲਿਖੇ ਜ਼ਿਕਰਯੋਗ ਹਨ–

1. **ਧੁਰੀ ਰਾਸ਼ਟਰਾਂ ਦੀ ਯੁੱਧ ਸ਼ੁਰੂ ਕਰਾਨ ਲਈ ਜ਼ਿੰਮੇਵਾਰੀ (Responsibility of the Axis Power for Starting the War)–** ਦੂਜੇ ਮਹਾਂਯੁੱਧ ਦਾ ਸਭ ਤੋਂ ਵੱਡਾ ਕਾਰਨ ਜਰਮਨੀ ਦਾ ਘੋਰ ਉਗਰਵਾਦੀ ਰਾਸ਼ਟਰਵਾਦ (Aggressive Nationalism) ਸੀ। ਵਰਸਾਏ ਦੀ ਸੰਧੀ ਦੀਆਂ ਅਪਮਾਨਜਨਕ ਸ਼ਰਤਾਂ ਨੇ ਜਰਮਨੀ ਦੇ ਰਾਜਨੀਤਿਕ ਸਨਮਾਨ ਅਤੇ ਰਾਸ਼ਟਰੀ ਮਾਨਸ ਨੂੰ ਗੰਭੀਰ ਸੱਟ ਮਾਰੀ ਸੀ। ਇਨ੍ਹਾਂ ਸ਼ਰਤਾਂ ਦਾ ਉਦੇਸ਼ ਜਰਮਨੀ ਨੂੰ ਸਦਾ ਲਈ ਕਮਜ਼ੋਰ ਬਣਾ ਦੇਣਾ ਸੀ। ਪਹਿਲੇ ਮਹਾਂਯੁੱਧ ਦੀ ਅਪਮਾਨਜਨਕ ਹਾਰ ਅਤੇ ਉਪਰੋਂ ਥੋਪੀ ਗਈ ਅਪਮਾਨਜਕ ਵਰਸਾਏ ਦੀ ਸੰਧੀ ਨੇ ਜਰਮਨ ਜਨਤਾ ਦੇ ਦਿਲ ਵਿਚ ਬਦਲੇ (Revenge) ਅਤੇ ਉਗਰ ਰਾਸ਼ਟਰਵਾਦ ਦਾ ਸੰਚਾਰ ਕਰ ਦਿੱਤਾ। ਜਰਮਨਾਂ ਨੇ ਵਰਸਾਏ ਸੰਧੀ ਨੂੰ 'ਆਖ਼ਰੀ' (Final) ਰੂਪ ਨਾਲ ਕਦੇ ਸਵੀਕਾਰ ਨਹੀਂ ਕੀਤਾ। ਵਰਸਾਏ ਸੰਧੀ ਦੁਅਰਾ ਨਿਸ਼ਚਿਤ ਸੀਮਾਵਾਂ ਜਰਮਨੀ ਦੀ ਰਾਸ਼ਟਰ ਪ੍ਰੇਮੀ ਜਨਤਾ ਲਈ ਨਿਰਾਸ਼ਾਜਨਕ ਸਨ ਕਿਉਂਕਿ ਉਨ੍ਹਾਂ ਦੁਆਰਾ ਜਰਮਨੀ ਦੀ ਅਖੰਡਤਾ ਕਿਸੇ ਤਰ੍ਹਾਂ ਸੁਰੱਖਿਅਤ ਨਹੀਂ ਰਹਿ ਸਕਦੀ ਸੀ। ਉੱਤਰ ਪੂਰਬੀ ਯੂਰਪ ਵਿਚ ਪੋਲਿਸ਼ ਗਲਿਆਰੇ (Polish Corridor) ਦਾ ਨਿਰਮਾਣ ਜਾਂ ਡੈਂਜਿਗ (Danzig) ਦਾ ਜਰਮਨੀ ਤੋਂ ਅਲੱਗ ਕਜਨਾ ਸਦਾ ਦੁਸ਼ਮਣੀ ਦਾ ਬੀਜ ਬੀਜਣਾ ਸੀ। ਜਰਮਨੀ ਦਾ ਜ਼ਿਆਦਾਤਰ ਹਿੱਸਾ ਪੋਲੈਂਡ ਵਿਚ ਮਿਲਾ ਕੇ ਜਾਂ ਫਰਾਂਸ ਵਿਚ ਸ਼ਾਮਲ ਕਰਕੇ ਈਰਖ਼ਾ ਦੀ ਅੱਗ ਨੂੰ ਬਾਲਦਾ ਰੱਖਿਆ ਗਿਆ ਸੀ। ਜਰਮਨੀ ਅਤੇ ਤੁਰਕੀ ਤੋਂ ਬਸਤੀਆਂ (Colonies) ਔਡ ਅਤੇ ਉਨ੍ਹਾਂ 'ਤੇ ਮਿੱਤਰ ਰਾਸ਼ਟਰਾਂ ਦੀ ਰੱਖਿਆ ਵਿਵਸਥਾ ਗੁੱਸੇ ਦੀ ਭਾਵਨਾ ਨੂੰ ਸਦਾ ਸਜੀਵ ਰੱਖਣ ਵਾਲਾ ਕਦਮ ਸੀ। ਵਰਸਾਏ ਦੀ ਸੰਧੀ ਦੁਆਰਾ ਜਰਮਨੀ ਦਾ ਅੰਗ-ਭੰਗ ਕਰ ਦਿੱਤਾ। ਜਰਮਨੀ ਅਤੇ ਹੋਰ ਹਾਰੇ ਦੇਸਾਂ ਤੋਂ ਨੁਕਸਾਨਪੂਰਤੀ ਦੀ ਵਿਸ਼ਾਲ ਰਾਸ਼ੀ ਦੀ ਮੰਗ ਅਨਾਚਾਰ ਅਤੇ ਸ਼ੋਸ਼ਣ ਦੀ ਹੱਦ ਸੀ। ਤਬਾਹ ਜਰਮਨੀ, ਜਿੱਥੇ ਖਾਣ-ਪੀਣ ਅਤੇ ਜੀਵਨ ਬਸਰ ਕਰਨ ਦੇ ਲਾਲੇ ਪੈ ਰਹੇ ਸਨ, ਅਰਬਾਂ ਅਤੇ ਖਰਬਾਂ ਦੀ ਗਿਣਤੀ ਵਿਚ 'ਮਾਰਕ' ਦੀ ਸੋਨ ਮੁਦਰਾ ਮੰਗੀ ਜਾਂਦੀ ਸੀ। 'ਯੁੱਧ ਅਪਰਾਧ' (War Crime) ਦੀ ਧਾਰਾ ਜਰਮਨ ਰਾਜਾਂ ਲਈ ਇੱਕ ਕਾਲਾ ਦਾਗ ਸੀ ਜਿਸ ਨੂੰ ਧੋ ਸਕਣਾ ਹਰੇਕ ਜਰਮਨਵਾਸੀ ਆਪਣੀ ਜ਼ਿੰਮੇਵਾਰੀ ਸਮਝਦਾ ਸੀ।

> ਨੋਟਸ ਦੂਜੇ ਮਹਾਂਯੁੱਧ ਦਾ ਸਰਵਉਤਮ ਪ੍ਰਮੁੱਖ ਕਾਰਨ ਜਰਮਨੀ ਦਾ ਘੋਰ ਉਗਰਵਾਦੀ ਰਾਸ਼ਟਰਵਾਦ ਸੀ।

ਸੰਨ 1920-25 ਦੀ ਮਿਆਦ ਦੇ ਜਰਮਨੀ ਦੇ ਆਰਥਿਕ ਸੰਕਟ ਨੇ ਅਤੇ ਜਰਮਨੀ ਦੀ ਪੱਛਮੀ ਰਾਸ਼ਟਰਾਂ ਪ੍ਰਤੀ ਇਸ ਤੋਂ ਪਹਿਲਾਂ ਦੀਆਂ ਨੀਤੀਆਂ ਨੇ ਜਰਮਨਾਂ ਦੇ ਦਿਲ ਵਿਚ ਆਪਣੀ ਸਰਕਾਰ ਪ੍ਰਤੀ ਵਿਸ਼ਵਾਸ ਨੂੰ ਹਿਲਾ ਦਿੱਤਾ। ਨਤੀਜੇ ਵਜੋਂ ਜਰਮਨੀ ਵਿਚ ਉਗਰ ਰਾਸ਼ਟਰਵਾਦੀ ਵਿਚਾਰਧਾਰਾ ਤੇਜ਼ੀ ਨਾਲ ਪੈਦਾ ਹੋਣ ਲੱਗੀ ਅਤੇ ਆਖਰ 'ਚ ਵਿਸ਼ਵਵਿਆਪੀ ਆਰਥਿਕ ਮੰਦੀ (World-wide Economic Depression) ਤੋਂ ਬਾਅਦ ਨਾਜੀ ਪਾਰਟੀ ਦੀ ਅਗਵਾਈ ਵਿਚ ਉੱਤੇ ਅਤਿਵਾਦੀ ਉਗਰ ਰਾਸ਼ਟਰਵਾਦ ਅਤੇ ਫੌਜੀਵਾਦ ਦਾ ਉਦੈ ਹੋਇਆ। ਨਾਜੀ ਕ੍ਰਾਂਤੀ ਨੇ ਜਰਮਨੀ ਵਿਚ ਇੱਕ ਨਵੀਂ ਆਸ ਦਾ ਸੰਚਾਰ ਕੀਤਾ ਅਤੇ ਸ਼ਕਤੀ ਗ੍ਰਹਿਣ ਕਰਦਿਆਂ ਹੀ ਹਿਟਲਰ ਨੇ ਜਰਮਨੀ ਲਈ ਆਤਮਨਿਰਣੇ ਦੇ ਅਧਿਕਾਰ ਕੀ ਮੰਗ ਗੀਤੀ। ਸੰਪੂਰਨ ਜਰਮਨ ਰਾਸ਼ਟਰ ਨੇ 'ਕਰੋ ਜਾਂ ਮਰੋ' (Do or Die) ਦਾ ਸਿਧਾਂਤ ਅਪਣਾ ਲਿਆ। ਹਿਟਲਰ ਦਾ ਨਵਾਂ ਨਜ਼ਰੀਆ ਅਤੇ ਪ੍ਰਚਾਰ ਅਭਿਆਨ ਯੁੱਧ ਦਾ ਮੁੱਖ ਕਾਰਨ ਬਣ ਗਿਆ। ਉਸਨੇ ਆਪਣੇ ਦੇਸ਼ਵਾਸੀਆਂ ਦੇ ਦਿਲ ਵਿਚ ਇਹ ਭਾਵ ਭਰ ਦਿੱਤੇ ਕਿ ਉਸਦੀਅ ਸੰਪੂਰਨ ਯੋਜਨਾਵਾਂ ਰਾਸ਼ਟਰੀ ਵਿਕਾਸ ਲਈ ਹਨ। ਉਸਨੇ ਨਿਸ਼ਸਤਰੀਕਰਨ ਦੇ ਯਤਨਾਂ ਨੂੰ ਅਲਵਿਦਾ ਕਹਿ ਫੌਜੀਕਰਨ ਲਾਜ਼ਮੀ ਕਰ ਦਿੱਤਾ, ਆਸਟ੍ਰੀਆ ਨੂੰ ਅਗਵਾ ਕਰ ਲਿਆ, ਚੈਕੋਸਲੋਵਾਕੀਆ ਨੂੰ ਨਿਗਲ ਲਿਆ ਅਤੇ ਹਿਟਲਰ ਨੇ ਜਰਮਨ ਜਨਤਾ ਨੂੰ ਵਿਸ਼ਵਾਸ਼ ਦੁਆ ਦਿੱਤਾ ਕਿ, "ਦੇਸ਼ ਵਿਚ ਉਸਦੇ ਸਮਾਨ ਅਧਿਕਾਰ ਸੰਪੰਨ ਜਾਂ ਵਿਸ਼ਵਾਸਪਾਤਰ ਹੋਰ ਕੋਈ ਵਿਅਕਤੀ ਕਦੇ ਨਹੀਂ ਹੋਵੇਗਾ। ਇਹ ਸਮਾਂ ਖੁੰਝਣ ਦਾ ਨਹੀਂ ਹੈ। ਮੇਰੇ ਸਮੇਂ ਵਿਚ ਯੁੱਧ ਛਿੜ ਜਾਣਾ ਚਾਹੀਦਾ ਹੈ।" ਇਸੇ ਅਰਥ ਵਿਚ ਕੈਟੇਲਬੀ (Ketelby) ਨੇ ਦੂਜੇ ਵਿਸ਼ਵ ਯੁੱਧ ਨੂੰ 'ਹਿਟਲਰ ਦਾ ਯੁੱਧ' (War of Hitler) ਕਹਿ ਕੇ ਸੰਬੋਧਨ ਕੀਤਾ ਹੈ ਅਤੇ ਕਿਆ ਹੈ ਕਿ, "ਇਹ ਇੱਕ ਵਿਅਕਤੀ ਦੀ ਖੁਦ ਦੀ ਨੀਤੀ ਹੈ ਜੋ ਪਾਰਟੀ ਸ਼ਕਤੀ ਦੇ ਵਿਸ਼ਵਾਸ ਦਾ ਮਹਾਨ ਜੂਆ ਹੈ।" ਹਿਟਲਰ ਨੇ ਉਗਰ ਜਰਮਨ ਰਾਸ਼ਟਰਵਾਦ ਦੀ ਨੀਤੀ ਦਾ ਅਨੁਸਰਨ ਕਰਕੇ ਪੋਲੈਂਡ 'ਤੇ ਹਮਲਾ ਕਰਕੇ ਅੰਤ ਵਿਚ ਦੂਜੇ ਮਹਾਂਯੁੱਧ ਦਾ ਭਿਆਨਕ ਵਿਸਫ਼ੋਟ ਕਰ ਦਿੱਤਾ।

> ਕੀ ਤੁਸੀ ਜਾਣਦੇ ਹੋ? ਪਹਿਲੇ ਮਹਾਂਯੁੱਧ ਦੇ ਉਪਰਾਂਤ ਵਿਸ਼ਵ-ਸ਼ਾਂਤੀ ਦੇ ਪ੍ਰਯਤਨ ਹੀ ਅਪ੍ਰਤਕਸ਼ ਰੂਸ ਨਾਲ ਦਿਤਯ ਮਹਾਂਯੁੱਧ ਦੇ ਕਾਰਨ ਬਣ ਗਏ।

2. **ਘੱਟ ਗਿਣਤੀ ਜਾਤੀਆਂ ਦਾ ਅਸੰਤੋਸ਼ (Discontent among Minorities)–** ਵਰਸਾਏ ਦੀ ਸੰਧੀ ਅਤੇ ਉਸਦੇ ਨਾਲ ਹੀ ਬਾਅਦ ਵਿਚ ਹੋਣ ਵਾਲੀਆਂ ਹੋਰ ਸੰਧੀਆਂ ਦੁਆਰਾ ਵੱਖ-ਵੱਖ ਘੱਟ ਗਿਣਤੀ ਜਾਤੀਆਂ ਦਾ ਨਿਰਮਾਣ ਹੋ ਗਿਆ। ਰਾਸ਼ਟਰਪਤੀ ਵਿਲਸਨ ਨੇ ਸ਼ਾਂਤੀ-ਸੰਧੀ ਦਾ ਆਧਾਰ ਆਤਮ-ਨਿਰਣੇ (Self-determination) ਦੇ ਸਿਧਾਂਤ ਨੂੰ ਬਣਾਉਣਾ

ਨੋਟ

ਚਾਹਿਆ ਕਿੰਤੂ ਆਰਥਿਕ, ਫੌਜੀ, ਸਮਾਜਿਕ ਅਤੇ ਧਾਰਮਿਕ ਕਾਰਨਾਂ ਦੀ ਵਜ੍ਹਾ ਨਾਲ ਉਸ ਸਿਧਾਂਤ ਨੂੰ ਸਾਰੇ ਥਾਈਂ ਕਠੋਰਤਾਪੂਰਵਕ ਲਾਗੂ ਕਰਨਾ ਸੰਭਵ ਨਹੀਂ ਸੀ। ਅਨੇਕਾਂ ਥਾਵਾਂ 'ਤੇ ਇਕ-ਦੂਜੇ ਦੀਆਂ ਵਿਰੋਧੀ ਘੱਟ ਗਿਣਤੀ ਜਾਤੀਆਂ ਇੱਕ ਹੀ ਸ਼ਾਸਨ ਦੇ ਅਧੀਨ ਰਹਿ ਗਈਆਂ। ਇਸ ਦੇ ਨਤੀਜੇ ਵਜੋਂ ਅਨੇਕਾਂ ਰਾਜਾਂ ਵਿਚ ਘੱਟ ਗਿਣਤੀ ਜਾਤੀਆਂ ਵਿਚ ਭਿਆਨਕ ਅਸੰਤੋਸ਼ ਪੈਦਾ ਗਿਆ। ਹਿਟਲਰ ਨੇ ਇਸ ਅਸੰਤੋਸ਼ਤ ਦਾ ਲਾਭ ਉਠਾਇਆ, ਉਸਨੇ ਪੱਛਮੀ ਸ਼ਕਤੀਆਂ ਵਿਚ ਸੌਦੇਬਾਜੀ ਕੀਤੀ ਅਤੇ 'ਘੱਟ ਗਿਣਤੀ ਕੁਸ਼ਾਸਨ' ਦੇ ਬਹਾਨੇ ਦੀ ਆੜ ਵਿਚ ਆਸਟ੍ਰੀਆ ਅਤੇ ਸੁਡੇਟਨ ਪ੍ਰਦੇਸ਼ 'ਤੇ ਬਲਪੂਰਵਕ ਕਬਜ਼ਾ ਕਰ ਲਿਆ ਅਤੇ ਪੋਲੈਂਡ 'ਤੇ ਹਮਲਾ ਕਰ ਦਿੱਤਾ।

3. **ਦੋ ਮੁਕਾਬਲੇਬਾਜ ਫੌਜੀ ਖੇਮਿਆਂ ਦਾ ਉਦੈ (Rise of Two Rival Military Camps)**– ਜਿਸ ਤਰ੍ਹਾਂ ਪਹਿਲੇ ਮਹਾਂਯੁੱਧ ਤੋਂ ਪਹਿਲਾਂ ਸੰਪੂਰਨ ਵਿਸ਼ਵ ਦੋ ਵਿਰੋਧੀ ਫੌਜੀ ਖੇਮਿਆਂ ਵਿਚ ਵੰਡਿਆ ਗਿਆ ਸੀ, ਉਸੇ ਤਰ੍ਹਾਂ ਦੂਜੇ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਸੰਪੂਰਨ ਅੰਤਰਰਾਸ਼ਟਰੀ ਸੰਸਾਰ ਦੋ ਪਰਸਪਰ ਦੁਸ਼ਮਣ ਫੌਜੀ ਖੇਮਿਆਂ ਵਿਚ ਵੰਡਿਆ ਗਿਆ। ਸੰਨ 1937 ਤੱਕ ਅੰਤਰਰਾਸ਼ਟਰੀ ਖੇਤਰ ਵਿਚ ਦੋ ਸ਼ਕਤੀਸ਼ਾਲੀ ਪੱਖ ਬਣ ਗਏ। ਇੱਕ ਪਾਸੇ ਜਰਮਨੀ, ਇਟਲੀ ਅਤੇ ਜਾਪਾਨ ਵਰਗੇ ਕਦੇ ਨਾ ਸੰਤੁਸ਼ਟ ਹੋਣ ਵਾਲੇ ਰਾਸ਼ਟਰਾਂ ਦੀ ਰੋਮ-ਬਰਲਿਨ-ਟੋਕੀਓ ਧੁਰੀ (Rome-Berlin-Tokyo Axis) ਬਣੀ ਤਾਂ ਦੂਜੇ ਪਾਸੇ ਮਿੱਤਰ ਰਾਸ਼ਟਰਾਂ ਦੇ ਮਜ਼ਬੂਤ ਸੰਗਠਨ ਦਾ ਉਦੈ ਹੋਇਆ। ਫਲਸਰੂਪ ਜਿਉਂ ਹੀ ਬ੍ਰਿਟੇਨ ਅਤੇ ਫਰਾਂਸ ਨੇ ਪੋਲੈਂਡ ਨੂੰ ਸਮਰਥਨ ਦਿਤਾ ਤਿਉਂ ਹੀ ਦੂਜਾ ਮਹਾਂਯੁੱਧ ਭੜਕ ਉੱਠਿਆ।

4. **ਬ੍ਰਿਟੇਨ ਅਤੇ ਫਰਾਂਸ ਦੇ ਨਜ਼ਰੀਏ ਵਿਚ ਅੰਤਰ (Different Attitudes of Britain and France)**– ਪਹਿਲੇ ਮਹਾਂਯੁੱਧ ਦੇ ਬਾਅਦ ਤੋਂ ਹੀ ਬ੍ਰਿਟੇਨ ਅਤੇ ਫਰਾਂਸ ਵਿਚਾਲੇ ਮੱਤਭੇਦ ਪੈਦਾ ਹੋ ਗਏ ਸਨ ਜੋ ਦੋਵਾਂ ਮਹਾਂਯੁੱਧਾਂ ਵਿਚ ਲਗੱਭਗ ਸਾਰਾ ਸਮਾਂ ਚਲਦੇ ਰਹੇ। ਬ੍ਰਿਟੇਨ 'ਸ਼ਕਤੀ ਸੰਤੁਲਨ' (Balance of Power) ਦੀ ਆਪਣੀ ਪਰੰਪਰਾਗਤ ਨੀਤੀ ਵਿਚ ਵਿਸ਼ਵਾਸ ਕਰਦਾ ਸੀ। ਨਾ ਤਾਂ ਉਹ ਜਰਮਨੀ ਨੂੰ ਇੱਕਦਮ ਅਪਾਹਿਜ ਬਣਨ ਦੇਣਾ ਚਾਹੁੰਦਾ ਸੀ ਅਤੇ ਨਾ ਫਰਾਂਸ ਨੂੰ ਇੱਕਦਮ ਸ਼ਕਤੀਸ਼ਾਲੀ। ਇਸਦੇ ਉਲਟ ਫਰਾਂਸ ਖੁਦ ਨੂੰ ਹਰ ਤਰ੍ਹਾਂ ਨਾਲ ਸੁਰੱਖਿਅਤ ਕਰਕੇ ਯੂਰਪ ਦਾ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰ ਬਣਨ ਦਾ ਇੱਛੁਕ ਸੀ। ਜਰਮਨੀ ਦੇ ਸਬੰਧ ਵਿਚ ਦੋਵਾਂ ਹੀ ਰਾਸ਼ਟਰਾਂ ਵਿਚਾਲੇ ਉਗਰ ਮੱਤਭੇਦ ਸਨ। ਫਰਾਂਸ ਜਰਮਨੀ ਨੂੰ ਸਦਾ ਲਈ ਇੱਕ ਕਮਜ਼ੋਰ ਰਾਸ਼ਟਰ ਦੇ ਰੂਪ ਵਿਚ ਦੇਖਣਾ ਚਾਹੁੰਦਾ ਸੀ ਜਦੋਂ ਕਿ ਬ੍ਰਿਟੇਨ ਆਪਣੇ ਆਰਥਿਕ ਵਿਕਾਸ ਲਈ ਜਰਮਨੀ ਨੂੰ ਆਰਥਿਕ ਨਜ਼ਰੀਏ ਨਾਲ ਖੁਸ਼ਹਾਲ ਬਣਾਉਣਾ ਚਾਹੁੰਦਾ ਸੀ। ਹਿਟਲਰ ਦੇ ਉਦੈ ਤੋਂ ਬਾਅਦ ਵੀ ਫਰਾਂਸ ਅਤੇ ਬ੍ਰਿਟੇਨ ਦੇ ਮੱਤਭੇਦ ਸ਼ਾਂਤ ਨਹੀਂ ਹੋਏ। ਹਿਟਲਰ ਨੇ ਰਾਸ਼ਟਰ ਸੰਘ ਨੂੰ ਠੁਕਰਾਇਆ ਅਤੇ ਵਰਸਾਏ ਸੰਧੀ ਦੀਆਂ ਤਜ਼ਵੀਜਾਂ ਦੀ ਉਲੰਘਣਾ ਕੀਤੀ। ਫਰਾਂਸ ਨੇ ਵਿਰੋਧ ਦਾ ਮਾਰਗ ਅਪਣਾਇਆ ਪਰ ਬ੍ਰਿਟਿਸ਼ ਸਹਿਯੋਗ ਦੀ ਘਾਟ ਰਹੀ। 19 ਜੂਨ, 1935 ਨੂੰ ਬ੍ਰਿਟਿਸ਼ ਜਰਮਨ ਨੌ ਸੈਨਾ ਸਮਝੌਤਾ, ਫਰਾਂਸ ਦਾ ਵਿਰੋਧ ਹੁੰਦਿਆਂ ਹੋਇਆ ਵੀ ਸੰਪਨ ਕੀਤਾ ਗਿਆ। ਜਦੋਂ ਸੰਨ 1936 ਵਿਚ ਹਿਟਲਰ ਨੇ ਲੋਕਾਰਨੋ ਸਮਝੌਤਿਆਂ ਨੂੰ ਅਸਵੀਕਾਰ ਕੀਤਾ ਅਤੇ ਰਾਈਨ ਪ੍ਰਦੇਸ਼ ਦਾ ਫੌਜੀਕਰਨ ਸ਼ੁਰੂ ਕੀਤਾ ਤਾਂ ਵੀ ਬ੍ਰਿਟੇਨ ਜਰਮਨੀ ਪ੍ਰਤੀ ਉਦਾਰਵਾਦੀ ਤੁਸ਼ਟੀਕਰਨ ਦੀ ਨੀਤੀ (Policy of Appeasement) ਦਾ ਸਮਰਥਕ ਬਣਿਆ ਰਿਹਾ। ਫਰਾਂਸ ਨੂੰ ਬ੍ਰਿਟਿਸ਼ ਨੀਤੀ ਅੱਗੇ ਹਾਰ ਮੰਨਣੀ ਪਈ। ਜਦੋਂ ਨਾਜੀ ਹਮਲਾ ਮਿਊਨਿਸ-ਵਾਰਤਾ ਦੀ ਸਥਿਤੀ ਤੱਕ ਪਹੁੰਚ ਗਿਆ ਉਦੋਂ ਅਣਇੱਛਾ ਹੁੰਦੇ ਹੋਏ ਵੀ ਮਜ਼ਬੂਰੀ ਕਾਰਨ ਫਰਾਂਸ ਨੂੰ ਬ੍ਰਿਟਿਸ਼ ਮੱਤ ਅਨੁਸਾਰ ਕੰਮ ਕਰਨਾ ਪਿਆ।

ਬ੍ਰਿਟਿਸ਼-ਫਰੈਂਚ ਮੱਤਭੇਦਾਂ ਨੇ ਸੰਪੂਰਨ ਅੰਤਰਰਾਸ਼ਟਰੀ ਰਾਜਨੀਤੀ ਨੂੰ ਗੰਭੀਰ ਰੂਪ ਨਾਲ ਪ੍ਰਭਾਵਿਤ ਕੀਤਾ। ਰਾਸ਼ਟਰ ਸੰਘ ਇਨ੍ਹਾਂ ਖੇਡਾਂ ਦਾ ਅਖਾੜਾ ਬਣ ਗਿਆ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਸ਼ਾਂਤੀ ਸਥਾਪਨਾ ਦਾ ਕੰਮ ਕਰਨ ਵਿਚ ਅਸਫ਼ਲ ਰਿਹਾ। ਇਨ੍ਹਾਂ ਦੋ ਮਹਾਨ ਰਾਸ਼ਟਰਾਂ ਦੇ ਮੱਤਭੇਦਾਂ ਦਾ ਧੁਰੀ ਰਾਸ਼ਟਰਾਂ ਨੇ ਪੂਰਾ ਲਾਭ ਉਠਾਇਆ। ਉਹ ਖੁਦ ਨੂੰ ਜ਼ਿਆਦਾ ਸ਼ਕਤੀਸ਼ਾਲੀ ਬਣਾਉਂਦੇ ਗਏ, ਫਰਾਂਸ ਦੇ ਸੁਰੱਖਿਆ ਸੰਗਠਨ ਨੂੰ ਕਮਜ਼ੋਰ ਕਰਦੇ ਗਏ, ਆਪਣੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਤੋਂ ਮੁਕਰਦੇ ਗਏ ਅਤੇ ਰਾਸ਼ਟਰ ਸੰਘ ਦੀ ਉਲੰਘਣਾ ਕਰਦੇ ਵਿਚ ਸਫ਼ਲ ਹੋਏ। ਇਨ੍ਹਾਂ ਸਭ ਗੱਲਾਂ ਦਾ ਲਾਜਮੀ ਨਤੀਜਾ ਇਹ ਹੋਇਆ ਕਿ ਵਿਸ਼ਵ ਇੱਕ ਵਾਰ ਫਿਰ ਪਹਿਲਾਂ ਤੋਂ ਵੀ ਜ਼ਿਆਦਾ ਭਿਆਨਕ ਯੁੱਧ ਦੀ ਚਪੇਟ ਵਿਚ ਆ ਗਿਆ। ਬ੍ਰਿਟੇਨ ਦੀ ਤੁਸ਼ਟੀਕਰਨ ਨੀਤੀ ਨੇ ਹਿਟਲਰ ਦੇ ਹੌਂਸਲੇ ਵਧਾਉਣ ਵਿਚ ਬਹੁਤ ਯੋਗਦਾਨ ਦਿੱਤਾ।

5. **ਅੰਤਰਰਾਸ਼ਟਰੀ ਆਰਥਿਕ ਸੰਕਟ (World-wide Economic Depression)**– ਸੰਨ 1930 ਵਿਚ ਵਿਸ਼ਵ ਵਿਚ ਇੱਕ ਮਹਾਨ ਆਰਥਿਕ ਸੰਕਟ ਆਇਆ ਜਿਸ ਨੇ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਦੇਸ਼ ਦੀ ਆਰਥਿਕ ਵਿਵਸਥਾ 'ਤੇ ਮਾੜਾ ਅਸਰ ਪਾਇਆ। ਇਸ ਆਰਥਿਕ ਸੰਕਟ ਦੇ ਨਤੀਜੇ ਵਜੋਂ ਰਾਸ਼ਟਰਾਂ ਵਿਚ ਨਿਸ਼ਸਤਰੀਕਰਨ ਦੀ ਭਾਵਨਾ ਅਲੋਪ ਹੋ ਗਈ, ਉਹ ਹਥਿਆਰਾਂ ਦੀ ਹੋੜ ਵਿਚ ਇੱਕ-ਦੂਜੇ ਤੋਂ ਬਾਜੀ ਮਾਰਨ ਨੂੰ ਕਾਹਲੇ ਹੋ ਗਏ ਅਤੇ ਸਾਰਿਆਂ ਵਿਚ ਇਹ ਤੀਬਰ ਇੱਛਾ ਜਾਗ ਗਈ ਕਿ ਉਨ੍ਹਾਂ ਦਾ ਦੇਸ਼ ਹਥਿਆਰ ਅਤੇ ਫੌਜ ਦੀ ਨਜ਼ਰ ਨਾਲ ਹੋਰ ਦੇਸ਼ਾਂ ਤੋਂ ਪਛੜਾ ਨਾ ਰਹੇ। ਆਰਥਿਕ ਸੰਕਟ ਨੇ ਜਰਮਨੀ ਵਿਚ ਨਾਜੀਵਾਦ ਦੇ ਉਤਕਰਸ਼ ਵਿਚ ਸਹਾਇਤਾ ਕੀਤੀ, ਇਸ ਵਿਚ ਇਟਲੀ ਵਿਚ ਫਾਸੀਵਾਦ ਨੂੰ ਉਤਸ਼ਾਹ ਮਿਲਿਆ ਅਤੇ ਯੂਰਪ ਦੇ ਅਨੇਕਾਂ ਦੇਸ਼ਾਂ ਵਿਚ ਸਾਮਵਾਦੀ ਪਾਰਟੀਆਂ ਦਾ ਪ੍ਰਸਾਰ ਅਤੇ ਪ੍ਰਭਾਵ ਵਧਣ ਲੱਗਾ। ਇਸ ਆਰਥਿਕ ਸੰਕਟ ਦਾ ਲਾਭ ਉਠਾ ਕੇ ਹੀ ਜਾਪਾਨ ਨੇ ਸੰਨ 1931 ਵਿਚ ਮਨਚੂਰੀਆ 'ਤੇ ਚੜ੍ਹਾਈ ਕਰ ਦਿੱਤੀ ਅਤੇ ਸੰਨ 1935 ਵਿਚ ਐਬੀਸੀਨੀਆ 'ਤੇ ਇਟਲੀ ਦਾ ਹਮਲਾ ਵੀ ਇਸੇ ਅਰਥਿਕ ਸੰਕਟ ਦਾ ਇੱਕ ਅਪ੍ਰਤੱਖ ਨਤੀਜਾ ਸੀ।

6. **ਰਾਸ਼ਟਰਾਂ ਦੇ ਵਿਭਿੰਨ ਸਵਾਰਥ (Conflicting National Interests)**– ਆਰਥਿਕ ਸੰਪੰਨਤਾ ਦੀ ਹੋੜ, ਨਵੇਂ ਬਾਜ਼ਾਰਾਂ ਦੀ ਖੋਜ ਅਤੇ ਕੱਚੇ ਮਾਲ ਨੂੰ ਹਾਸਲ ਕਰਨ ਦੀ ਸੁਵਿਧਾ ਨੇ ਜਿਸ ਪਾਰਸਪਰਿਕ ਸੰਘਰਸ਼ ਨੂੰ ਜਨਮ ਦਿੱਤਾ ਸੀ, ਉਸ ਸੰਘਰਸ਼ ਦਾ ਨਿਪਟਾਰਾ ਪਹਿਲੇ ਮਹਾਂਯੁੱਧ ਦੇ ਸਮਾਪਤ ਹੋਣ 'ਤੇ ਵੀ ਨਾ ਹੋ ਸਕਿਆ ਅਤੇ ਯੁੱਧ ਵਿਚ ਭਾਗ ਲੈਣ ਵਾਲੇ ਰਾਸ਼ਟਰ ਮੌਕਾ ਪਾ ਕੇ ਇੱਕ ਦੂਜੇ ਸੰਘਰਸ਼ ਦੀ ਭਾਲ ਵਿਚ ਲੱਗ ਗਏ। ਉਹ ਅਜਿਹੇ ਬਹਾਨੇ ਭਾਲਣ ਲੱਗੇ ਜਿਸ ਨਾਲ ਵਪਾਰਕ ਲਾਭ ਸਿਰਫ਼

ਨੋਟ

ਉਨ੍ਹਾਂ ਦੇਸ਼ਾਂ ਨੂੰ ਹੁੰਦਾ ਰਹੇ। ਪਹਿਲੇ ਮਹਾਂਯੁੱਧ ਤੋਂ ਬਾਅਦ ਜਰਮਨੀ ਦੀਆਂ ਬਸਤੀਆਂ ਬ੍ਰਿਟੇਨ, ਬੈਲਜੀਅਮ ਅਤੇ ਫਰਾਂਸ ਵਿਚ ਵੰਡੀਆਂ ਗਈਆਂ ਜਿਸ ਨਾਲ ਇੱਥੋਂ ਇਨ੍ਹਾਂ ਦੇਸ਼ਾਂ ਨੂੰ ਕੱਚਾ ਮਾਲ ਪ੍ਰਾਪਤ ਕਰਨ ਦੀ ਸੁਵਿਧਾ ਵਧ ਗਈ ਉੱਥੇ ਜਰਮਨੀ ਆਦਿ ਦੇਸ਼ਾਂ ਨੂੰ ਨੁਕਸਾਨ ਹੋਣ ਲੱਗਾ। ਇਟਲੀ ਨੂੰ ਵੀ ਪਹਿਲੇ ਮਹਾਂਯੁੱਧ ਤੋਂ ਕੋਈ ਖਾਸ ਲਾਭ ਨਹੀਂ ਪਹੁੰਚਿਆ ਸੀ, ਇਸ ਲਈ ਉਹ ਵੀ ਜਰਮਨੀ ਵਾਂਗ ਕੱਚੇ ਮਾਲ ਲਈ ਨਵੀਆਂ ਬਸਤੀਆਂ ਸਥਾਪਤ ਕਰਨ ਅਤੇ ਵਿਦੇਸ਼ੀ ਬਜ਼ਾਰਾਂ ਵਿਚ ਆਪਣੇ ਮਾਲ ਦੀ ਖ਼ਪਤ ਕਰਨ ਦੀ ਫਿਰਾਕ ਵਿਚ ਸੀ। ਨਾਲ ਹੀ ਉਹ ਤੇਲ, ਲੋਹਾ ਅਤੇ ਕੋਇਲੇ ਦੀ ਭਾਰੀ ਕਮੀ ਮਹਿਸੂਸ ਕਰ ਰਿਹਾ ਸੀ। ਇਨ੍ਹਾਂ ਵਸਤੂਆਂ ਨੂੰ ਸੁਵਿਧਾਪੂਰਵਕ ਮੁਹੱਈਆ ਨਾ ਕਰ ਪਾਉਣ ਕਾਰਨ ਇਟਲੀ ਦੀ ਸਾਮਰਾਜਵਾਦੀ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ ਸਨ। ਇਸੇ ਤਰ੍ਹਾਂ ਜਾਪਾਨ ਵੀ ਆਪਣੀ ਵਧਦੀ ਹੋਈ ਜਨਸੰਖਿਆ ਦੇ ਨਿਵਾਸ ਲਈ ਅਤੇ ਉਦਯੋਗੀਕਰਨ ਲਈ ਉਦੋਂ ਤੱਕ ਲੋੜੀਂਦੇ ਸਾਧਨ ਨਹੀਂ ਜੁਟਾ ਸਕਦਾ ਸੀ ਜਦੋਂ ਤੱਕ ਉਹ ਆਪਣੇ ਗੁਆਂਖੀ ਅਰਧਵਿਕਸਿਤ ਰਾਜ ਚੀਨ ਵਿਚ ਵਿਸਥਾਰਵਾਦ (Expansionism) ਦੀ ਨੀਤੀ ਨਾ ਅਪਣਾਵੇ।

ਇੱਕ ਪਾਸੇ ਤਾਂ ਸਮਰਾਜ-ਪ੍ਰਸਾਰ ਸੰਬੰਧੀ ਭਾਵਨਾਵਾਂ ਵਿਚ ਕਸ਼ਮਕਸ਼ ਚੱਲ ਰਹੀ ਸੀ ਅਤੇ ਦੂਜੇ ਪਾਸੇ ਅੰਦਰੂਨੀ ਵਪਾਰ ਦੇ ਵਿਕਾਸ ਦੇ ਫਲਸਰੂਪ ਆਪਣੇ ਤਿਆਰ ਮਾਲ ਦੀ ਖ਼ਪਤ ਲਈ ਬਜ਼ਾਰ ਭਾਲਣ ਦੀ ਤੀਬਰ ਲੋੜ ਵਿਭਿੰਨ ਰਾਸ਼ਟਰਾਂ ਨੂੰ ਉਕਸਾ ਰਹੀ ਸੀ। ਸੰਨ 1925 ਅਤੇ 1929 ਵਿਚ ਇਸ ਦਿਸ਼ਾ ਵਿਚ ਅਤੇ ਨਾਲ ਹੀ ਕੱਚੇ ਮਾਲ ਨੂੰ ਪ੍ਰਾਪਤ ਕਰਨ ਵਿਚ ਇਨ੍ਹਾਂ ਰਾਸ਼ਟਰਾਂ ਨੇ ਕਿਸੇ ਹੱਦ ਤੱਕ ਸਫ਼ਲਤਾ ਹਾਸਲ ਕੀਤੀ। ਪਰ ਸੰਨ 1929-1930 ਦੇ ਆਰਥਿਕ ਸੰਕਟ ਨੇ ਇੱਕ ਨਵੀਂ ਸਥਿਤੀ ਪੈਦਾ ਕਰ ਦਿਤੀ ਜਿਸ ਦੇ ਨਤੀਜੇ ਵਜੋਂ ਹਰ ਰਾਜ ਨੇ ਆਪਣੇ ਨਿੱਜੀ ਉਦਯੋਗਾਂ ਦੀ ਰੱਖਿਆ ਲਈ ਭਾਰੀ ਕਰ-ਪ੍ਰਣਾਲੀ, ਵਪਾਰ ਕਰ, ਸਮੁੰਦਰੀ ਵਪਾਰ 'ਤੇ ਪਾਬੰਦੀ, ਆਯਾਤ-ਨਿਰਯਾਤ ਸਬੰਧੀ ਕੰਟਰੋਲ ਆਦਿ ਲਾਗੂ ਕਰ ਦਿੱਤੇ। ਇਸ ਨੀਤੀ ਦਾ ਨਤੀਜਾ ਇਹ ਹੋਇਆ ਕਿ ਸੰਪੰਨ ਦੇਸ਼ਾਂ ਵਿਚ ਇੰਨਾ ਜ਼ਿਆਦਾ ਮਾਲ ਜਮ੍ਹਾ ਹੋ ਗਿਆ ਕਿ ਉਸਦੀ ਖਪਤ ਦੀ ਗੰਭੀਰ ਸਮੱਸਿਆ ਪੈਦਾ ਹੋ ਗਈ। ਪਰ ਇਸ ਤੋਂ ਵੀ ਜ਼ਿਆਦਾ ਅਸੁਵਿਧਾ ਉਨ੍ਹਾਂ ਦੇਸ਼ਾਂ ਨੂੰ ਹੋਈ ਜਿਨ੍ਹਾਂ ਕੋਲ ਕੱਚੇ ਮਾਲ ਅਤੇ ਬਸਤੀ ਦੋਵਾਂ ਦੀ ਹੀ ਘਾਟ ਸੀ। ਉਨ੍ਹਾਂ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ ਖੜ੍ਹਾ ਹੋ ਗਿਆ ਅਤੇ ਉਨ੍ਹਾਂ ਸਾਹਮਣੇ ਇਹ ਸਵਾਲ ਖੜ੍ਹਾ ਹੋ ਗਿਆ ਕਿ ਇਸ ਵਿਚ ਕਿੱਥੋਂ ਤੱਕ ਨਿਆਂ ਹੈ ਕਿ ਕੁਝ ਦੇਸ਼ ਤਾਂ ਕੱਚੇ ਮਾਲ ਦੇ ਸੜ ਕੇ ਨਸ਼ਟ ਹੋ ਜਾਣ ਤੋਂ ਵੀ ਚਿੰਤਿਤ ਨਾ ਹੋਣ ਜਦੋਂਕਿ ਦੂਜੇ ਦੇਸ਼ ਕੱਚੇ ਮਾਲ ਲਈ ਤੜਫ਼ਦੇ ਰਹਿਣ ਅਤੇ ਦਾਣੇ-ਦਾਣੇ ਲਈ ਮੁਥਾਜ ਹੋਣ। ਸੁਭਾਵਿਕ ਖ਼ੁਸ਼ਹਾਲ ਦੇਸ਼ਾਂ ਦਾ ਸਰਵਾਧਿਕਾਰ (Monoploy) ਅਤੇ ਵਿਕਸਿਤ ਮੁਖਤਿਆਰ ਅਨੇਕਾਂ ਘੱਟ ਵਿਕਸਿਤ ਅਤੇ ਮਹਾਂਯੁੱਧ ਵਿਚ ਹਾਰ ਕਾਰਨ ਸਾਧਨਹੀਣ ਹੋ ਗਏ ਦੇਸ਼ਾਂ ਨੂੰ ਚੂਸਣ ਲੱਗੇ। ਹੁਣ ਉਨ੍ਹਾਂ ਨੂੰ ਖ਼ੁਦ ਖੁਸਹਾਲ ਬਣਾਉਣ ਅਤੇ ਸਮੱਸਿਆਵਾਂ ਦੇ ਹੱਲ ਕਰਨ ਦਾ ਇੱਕਮਾਤਰ ਉਪਾਅ ਯੁੱਧ ਹੀ ਦਿਖਾਈ ਦੇਣ ਲੱਗਾ। ਨਤੀਜੇ ਵਜੋਂ: ਜਾਪਾਨ, ਇਟਲੀ ਅਤੇ ਜਰਮਨੀ ਆਦਿ ਧੁਰੀ ਰਾਸ਼ਟਰ ਰਾਜਨੀਤਿਕ ਨਜ਼ਰੀਏ ਨਾਲ ਨੇੜੇ ਆਉਂਦੇ ਚਲੇ ਗਏ ਅਤੇ ਇੱਕ-ਦੂਜੇ ਦੇ ਸਹਿਯੋਗ ਨਾਲ ਸਾਮਰਾਜਵਾਦੀ ਇੱਛਾਵਾਂ ਦੀ ਪੂਰਤੀ ਲਈ ਯਤਨਸ਼ੀਲ ਹੋ ਗਏ। ਇਸ ਤਰ੍ਹਾਂ ਇਨ੍ਹਾਂ ਰਾਸ਼ਟਰਾਂ ਦੇ ਵੱਖ-ਵੱਖ ਸਵਾਰਥ ਦੂਜੇ ਮਹਾਂਯੁੱਧ ਦੇ ਕਾਰਨ ਬਣ ਗਏ।

7. **ਰਾਸ਼ਟਰਸੰਘ ਦੀ ਕਮਜ਼ੋਰੀ (Weakness of the League of Nations):** ਰਾਸ਼ਟਰ ਸੰਘ ਦੀ ਸਥਾਪਨਾ ਅੰਤਰਰਾਸ਼ਟਰੀ ਸ਼ਾਂਤੀ ਦੀ ਪ੍ਰਾਪਤੀ ਦੇ ਟੀਚੇ ਨੂੰ ਲੈ ਕੇ ਹੋਈ ਸੀ, ਪਰ ਮਹਾਂਸ਼ਕਤੀਆਂ ਦੇ ਅਸਹਿਯੋਗੀ ਰੁਖ਼ ਕਾਰਨ ਅਤੇ ਜਰਮਨੀ, ਇਟਲੀ ਅਤੇ ਜਪਾਨ ਦੀ ਘੋਰ ਅਣਦੇਖੀ ਕਾਰਨ ਇਹ ਸੰਸਥਾ ਆਪਣੇ ਟੀਚੇ ਨੂੰ ਹਾਸਲ ਨਹੀਂ ਕਰ ਸਕੀ। ਪਹਿਲਾਂ ਤਾਂ ਸੰਘ ਦੀ ਸਥਾਪਨਾ ਹੀ ਬਦਨਾਮ ਵਰਸਾਏ ਸੰਧੀ ਦੇ ਅੰਤਰਗਤ ਹੋਈ ਸੀ। ਦੂਜਾ, ਇਸਦੇ ਉਦੈ ਦੇ ਨਾਲ ਹੀ ਅਮਰੀਕਾ ਦੁਆਰਾ ਇਸਨੂੰ ਸਵੀਕਾਰ ਨਾ ਕਰਨਾ ਉਸ 'ਤੇ ਹਮਲਾ ਸੀ। ਤੀਜਾ, ਸ਼ੁਰੂ ਤੋਂ ਹੀ ਹਾਰੇ ਰਾਸ਼ਟਰਾਂ ਨੂੰ ਇਸਦੀ ਮੈਂਬਰਸ਼ਿਪ ਨਾ ਦੇਣ ਅਤੇ ਰੂਸ ਨੂੰ ਇਸਦਾ ਮੈਂਬਰ ਬਣਨ ਲਈ ਸੱਦਾ ਨਾ ਦੇਣ ਨਾਲ ਅਨੇਕਾਂ ਰਾਜਾਂ ਦੇ ਮਨ ਵਿਚ ਇਹ ਭਾਵਨਾ ਬੈਠ ਗਈ ਸੀ ਕਿ ਰਾਸ਼ਟਰ ਸੰਘ ਜੇਤੂਆਂ ਦਾ ਇੱਕ ਗੁੱਟ ਹੈ ਜੋ ਅੰਤਰਰਾਸ਼ਟਰੀ ਸੰਸਥਾ ਬਣਨ ਦਾ ਢੋਂਗ ਕਰਦਾ ਹੈ ਅਤੇ ਜਿਸਦਾ ਸਿਰਫ਼ ਇੱਕ ਹੀ ਉਦੇਸ਼ ਇਹੀ ਹੈ ਕਿ ਉਹ ਪੈਰਿਸ ਦੇ ਮਨਮੰਨੇ ਸਮਝੌਤੇ ਨੂੰ ਕਾਇਮ ਰੱਖੇ। ਜਦੋਂਕਿ ਸੰਨ 1925 ਤੋਂ 1928 ਦੇ ਮੱਧ ਵਿਚ ਕੀਤੇ ਗਏ ਰਾਸ਼ਟਰ ਸੰਘ ਦੇ ਆਰਥਿਕ ਅਤੇ ਮੁੜ ਨਿਰਮਾਣ ਦੇ ਕੰਮਾਂ ਪ੍ਰਭਾਵਿਤ ਹੋ ਕੇ 56 ਰਾਸ਼ਟਰਾਂ ਨੇ ਇਸਦੀ ਮੈਂਬਰਸ਼ਿਪ ਸਵੀਕਾਰ ਕਰ ਲਈ ਸੀ, ਪਰ ਇਹ ਰੁਝਾਨ ਤੱਤਕਾਲੀ ਸੀ। ਜਦੋਂ ਵੱਡੇ-ਵੱਡੇ ਰਾਜਾਂ ਦੇ ਸੁਆਰਥਾਂ ਦੇ ਸਵਾਲ ਰਾਸ਼ਟਰ ਸੰਘ ਦੇ ਉਦੇਸ਼ਾਂ ਨਾਲ ਟਕਰਾਏ ਤਾਂ ਪਵਿੱਤਰ ਪ੍ਰਸਤਾਵ ਪਾਸ ਕਰਨ ਅਤੇ ਆਯੋਗਾਂ ਦੀ ਨਿਯੁਕਤੀ ਕਰਨ ਤੋਂ ਸਿਵਾਏ ਰਾਸ਼ਟਰ ਸੰਘ ਕੁਝ ਵੀ ਨਹੀਂ ਕਰ ਸਕਿਆ। ਰਾਸ਼ਟਰ ਸੰਘ ਦੀ ਸ਼ਕਤੀ ਵਿਚ ਉਦੋਂ ਕੁਝ ਵਾਧਾ ਹੋਇਆ ਸੀ ਜਦੋਂ ਸੰਨ 1925 ਵਿਚ ਜਰਮਨੀ ਨੇ ਇਸਦੀ ਮੈਂਬਰਸ਼ਿਪ ਗ੍ਰਹਿਣ ਕੀਤੀ ਸੀ। ਪਰ ਜਰਮਨੀ ਦੁਆਰਾ ਹਿਟਲਰ ਦੇ ਉਦੈ ਤੋਂ ਬਾਅਦ ਮੈਂਬਰਸ਼ਿੱਪ ਤਿਆਗ ਦੇਣ ਤੋਂ ਬਾਅਦ ਲਗਾਤਾਰ ਕਮਜ਼ੋਰ ਹੁੰਦਾ ਗਿਆ। ਰਾਸ਼ਟਰ ਸੰਘ ਦੀ ਨਪੁੰਸਕਤਾ ਤੋਂ ਉਤਸ਼ਾਹਿਤ ਹੋ ਕੇ ਫਾਸਿਸਟ ਅਤੇ ਨਾਜੀ ਸ਼ਕਤੀਆਂ ਹਮਲਾਵਰ ਹੋ ਗਈਆਂ ਅਤੇ ਉਨ੍ਹਾਂ ਨੇ ਦੂਜੇ ਮਹਾਂਯੁੱਧ ਦਾ ਰਾਹ ਪੱਧਰਾ ਕਰ ਦਿੱਤਾ। ਜਾਪਾਨ ਨੇ ਅੰਤਰਰਾਸ਼ਟਰੀ ਸੁਰੱਖਿਆ ਵਿਚ ਸਹਿਯੋਗ ਦੇਣ ਸਬੰਧੀ ਆਪਣੇ ਬਚਨਾਂ ਨੂੰ ਠੁਕਰਾਉਂਦੇ ਹੋਏ ਸੰਨ 1931 ਨੂੰ ਮਨਚੂਰੀਆ 'ਤੇ ਕਬਜ਼ਾ ਕਰ ਲਿਆ ਅਤੇ ਸੰਨ 1937 ਵਿਚ ਚੀਨ 'ਤੇ ਹਮਲਾ ਕਰ ਦਿੱਤਾ। ਪਰ ਜਾਪਾਨ ਨੂੰ ਰੋਕਣ ਵਿਚ ਰਾਸ਼ਟਰ ਸੰਘ ਬਿਲਕੁਲ ਅਸਮਰਥ ਰਿਹਾ ਅਤੇ ਜਦੋਂ ਚੀਨ 'ਤੇਹਮਲੇ ਲਈ ਰਾਸ਼ਟਰ ਸੰਘ ਨੇ ਜਾਪਾਨ ਵਿਰੁੱਧ ਪਾਬੰਦੀ ਲਾਈ ਤਾਂ ਉਸਨੇ ਸੰਘ ਦਾ ਤਿਆਗ ਕਰ ਦਿੱਤਾ। ਸੰਨ 1935 ਅਤੇ 1936 ਵਿਚ ਇਟਲੀ ਨੇ ਕ੍ਰਮਵਾਰ ਐਬੀਸੀਨੀਆ ਅਤੇ ਅਲਬਾਨੀਆ 'ਤੇ ਅਧਿਕਾਰ ਕਰ ਲਿਆ। ਜਦੋਂਕਿ ਰਾਸ਼ਟਰ ਸੰਘ ਨੇ ਇਟਲੀ 'ਤੇ ਆਰਥਿਕ ਪਾਬੰਦੀਆਂ ਲਾਈਆਂ ਪਰ ਸੰਘ ਦੇ ਮੈਂਬਰ ਪਾਬੰਦੀਆਂ ਨੂੰ ਪ੍ਰਭਾਵਕਾਰੀ ਬਣਾਉਣ ਲਈ ਬਿਲਕੁਲ ਉਤਸੁਕ ਨਹੀਂ ਸਨ। ਰਾਸ਼ਟਰ ਸੰਘ ਦੀ ਕਮਜ਼ੋਰੀ ਨੂੰ ਸਮਝ ਕੇ ਇਟਲੀ ਨੇ ਸੰਘ ਤੋਂ ਆਪਣੀ ਮੈਂਬਰਸ਼ਿੱਪ ਸਮਾਪਤ ਕਰ ਲਈ। ਸੰਨ 1936 ਵਿਚ ਜਰਮਨੀ ਨੇ ਵਰਸਾਏ ਦੀ ਸੰਧੀ ਦੀਆਂ ਤਜਵੀਜਾਂ ਨੂੰ ਤੋੜਿਆ ਅਤੇ ਲੋਕਾਰਨੋ ਸਮਝੌਤਿਆਂ ਪ੍ਰਤੀ ਉਲੰਘਣਾ ਪ੍ਰਦਰਸ਼ਿਤ ਕੀਤੀ। ਉਸਨੇ ਰਾਈਨ ਲੈਂਡ ਦਾ ਫੌਜੀਕਰਨ ਸ਼ੁਰੂ ਕਰ ਦਿੱਤਾ ਅਤੇ ਆਸਟ੍ਰੀਆ

ਨੋਟ

ਅਤੇ ਚੈਕੋਸਲੋਵਾਕੀਆ 'ਤੇ ਬਲਪੂਰਵਕ ਅਧਿਕਾਰ ਕਰ ਲਿਆ; ਪਰ ਉਦੋਂ ਵੀ ਰਾਸ਼ਟਰ ਸੰਘ ਮੂਕ ਦਰਸ਼ਕ ਬਣਿਆ ਰਿਹਾ। ਸੰਨ 1939 ਵਿਚ ਜਦੋਂ ਰੂਸ ਨੇ ਫਿਨਲੈਂਡ 'ਤੇ ਹਮਲਾ ਕੀਤਾ ਤਾਂ ਰਾਸ਼ਟਰ ਸੰਘ ਮੁੜ ਕਮਜ਼ੋਰ ਸਾਬਤ ਹੋਇਆ।

ਅੰਤਰਰਾਸ਼ਟਰੀ ਸ਼ਾਂਤੀ ਨੂੰ ਬਣਾਈ ਰੱਖਣ ਵਿਚ ਰਾਸ਼ਟਰ ਸੰਘ ਦੀ ਅਸਫ਼ਲਤਾ ਦੇ ਫਲਸਰੂਪ ਯੂਰਪੀ ਦੇਸ਼ਾਂ ਦੀ ਸੰਘ ਦੇ ਪ੍ਰਤੀ ਨਿਸ਼ਠਾ ਸਮਾਪਤ ਹੋ ਗਈ ਅਤੇ ਸ਼ਕਤੀ ਸੰਤੁਲਨ ਬਣਾਈ ਰੱਖਣ ਲਈ ਉਨ੍ਹਾਂ ਆਪਣੇ ਵੱਖ-ਵੱਖ ਗਠਬੰਧਨ (Pacts) ਕਰ ਲਏ। ਯੂਰਪੀ ਦੇਸ਼ਾਂ ਵਿਚਾਲੇ ਇੱਕ-ਦੂਜੇ ਦੇ ਵਿਰੁੱਧ ਇੰਨੇ ਰਾਜਨੀਤਿਕ ਅਤੇ ਫ਼ੌਜੀ ਗਠਬੰਧਨ ਹੋਏ ਕਿ ਉਨ੍ਹਾਂ ਤੋਂ ਸੰਪੂਰਨ ਅੰਤਰਰਾਸ਼ਟਰੀ ਅਸਮਾਨ ਜ਼ਹਿਰੀਲਾ ਹੋ ਗਿਆ ਅਤੇ ਦੂਜੇ ਵਿਸ਼ਵ ਯੁੱਧ ਦੀ ਨੀਂਹ ਤਿਆਰ ਹੋ ਗਈ। ਰਾਸ਼ਟਰ ਸੰਘ ਅੰਤਰਰਾਸ਼ਟਰੀ ਹਾਲਾਤਾਂ ਨੂੰ ਵਿਗੜਨ ਤੋਂ ਹੇਠ ਲਿਖੇ ਕਾਰਨਾਂ ਤੋਂ ਨਹੀਂ ਰੋਕ ਸਕਿਆ- (i) ਉਹ ਸੰਵਿਧਾਨਕ ਕਮਜ਼ੋਰੀ ਦਾ ਸ਼ਿਕਾਰ ਸੀ ਅਤੇ ਉਸ ਕੋਲ ਆਰਥਿਕ ਅਤੇ ਫ਼ੌਜੀ ਸ਼ਕਤੀ ਦੀ ਘਾਟ ਸੀ; (ii) ਮਹਾਂਸ਼ਕਤੀਆਂ ਦਾ ਅਸਹਿਯੋਗ ਸੀ; (iii) ਰਾਸ਼ਟਰ ਸੰਘ ਦੇ ਸਿਧਾਂਤਾਂ ਪ੍ਰਤੀ ਮੈਂਬਰਾਂ ਵਿਚ ਨਿਸ਼ਟਾ ਦੀ ਘਾਟ ਸੀ; (iv) ਸੰਘ ਪ੍ਰਤੀ ਮੈਂਬਰ ਰਾਜਾਂ ਦੇ ਵੱਖ-ਵੱਖ ਨਜ਼ਰੀਏ ਸਨ ਅਤੇ ਉਹ ਸੰਘ ਨੂੰ ਆਪਣੀ ਸਵਾਰਥ ਪੂਰਤੀ ਦਾ ਸਾਧਨ ਬਣਾਉਣ 'ਤੇ ਤੁਲੇ ਸਨ; (v) ਸੰਨ 1930 ਦੇ ਆਰਥਿਕ ਸੰਕਟ ਨੇ ਰਾਸ਼ਟਰਵਾਦੀ ਸ਼ਕਤੀਆਂ ਨੂੰ ਇੰਨੀਆਂ ਸ਼ਕਤੀਸ਼ਾਲੀ ਬਣਾ ਦਿੱਤਾ ਸੀ ਕਿ ਉਨ੍ਹਾਂ ਦੁਆਰਾ ਸਾਮੂਹਿਕ ਸੁਰੱਖਿਆ ਅਤੇ ਹਮਲੇ ਦੇ ਸਾਮੂਹਿਕ ਪ੍ਰਤੀਰੋਧ ਦੇ ਅੰਤਰਰਾਸ਼ਟਰੀ ਸਿਧਾਂਤਾਂ ਦੀ ਅਣਦੇਖੀ ਹੋਣ ਲੱਗੀ; (vi) ਤਾਨਾਸ਼ਾਹਵਾਦ ਦੇ ਵਿਕਾਸ ਅਤੇ 'ਲਹੂ ਅਤੇ ਲੋਹੇ' ਦੀ ਨੀਤੀ ਵਿਚ ਵਿਸ਼ਵਾਸ ਰੱਖਣ ਵਾਲੇ ਹਿਟਲਰ ਅਤੇ ਮੁਸੋਲਿਨੀ ਦੇ ਕੰਮਾਂ ਨੇ ਸ਼ਾਂਤੀ ਦੇ ਸਾਰੇ ਯਤਨਾਂ ਦਾ ਜਨਾਜਾ ਕੱਢ ਦਿੱਤਾ। ਸ਼ੂਮੈਨ (Schuman) ਦੇ ਇਸ ਸ਼ਬਦ ਠੀਕ ਹਨ ਕਿ, "ਸੰਘ ਦੀ ਸਫ਼ਲਤਾ ਲਈ ਇਹ ਜ਼ਰੂਰੀ ਸੀ ਕਿ ਮੈਂਬਰ ਰਾਜਾਂ ਵਿਚ ਇਸਦੇ ਸਿਧਾਂਤਾਂ ਪ੍ਰਤੀ ਨਿਸ਼ਠਾ, ਵਿਵੇਕ ਅਤੇ ਸਾਹਸ ਹੁੰਦਾ ਪਰ ਉਨ੍ਹਾਂ ਵਿਚ ਇਨ੍ਹਾਂ ਦੀ ਬਿਲਕੁਲ ਘਾਟ ਸੀ, ਇਸ ਲਈ ਜੇਨੇਵਾ ਦੀ ਝੀਲ ਦੇ ਕੰਢੇ 'ਤੇ ਏਰੀਆਨਾ ਪਾਰਕ ਵਿਚ ਬਣਿਆ ਉਸਦਾ ਸੁੰਦਰ ਪ੍ਰਾਸਾਦ ਛੇਤੀ ਹੀ ਉਸਦਾ ਸਮਾਧੀ ਸਥਲ ਬਣ ਗਿਆ।"

8. **ਸਪੇਨ ਦਾ ਗ੍ਰਹਿਯੁੱਧ ਅਤੇ ਧੁਰੀ ਰਾਸ਼ਟਰਾਂ ਦੁਆਰਾ ਸਮਰਥਨ (Spanish Civil War and Support of Axis Powers):** ਜਨਰਲ ਫਰਾਂਕੋ ਨੇ ਸੰਨ 1936 ਵਿਚ ਸਪੇਨ ਦਾ ਗ੍ਰਹਿਯੁੱਧ ਸ਼ੁਰੂ ਕਰ ਦਿੱਤਾ ਜਿਸ ਵਿਚ ਬ੍ਰਿਟੇਨ ਅਤੇ ਫਰਾਂਸ ਨੇ ਨਿਰਪੱਖਤਾ ਜ਼ਰੂਰ ਵਰਤੀ, ਪਰ ਉਨ੍ਹਾਂ ਦੀ ਅੰਦਰੂਨੀ ਹਮਦਰਦੀ ਜਨਰਲ ਫਰਾਂਕੋ ਦੇ ਨਾਲ ਹੀ ਰਹੀ। ਹਿਟਲਰ ਅਤੇ ਮੁਸੋਲਿਨੀ ਨੇ ਫਰਾਂਕੋ ਨੂੰ ਖੁੱਲ੍ਹ ਕੇ ਸਰਗਰਮ ਸਹਿਯੋਗ ਦਿੱਤਾ। ਇਸਦੇ ਫਲਸਰੂਪ ਸੰਨ 1939 ਵਿਚ ਸਪੇਨ ਦੀ ਪ੍ਰਜਾਤੰਤਰਿਕ ਸਰਕਾਰ ਪੂਰੀ ਤਰ੍ਹਾਂ ਹਾਰ ਗਈ ਅਤੇ ਉੱਥੇ ਫਰਾਂਕੋ ਦੀ ਤਾਨਾਸ਼ਾਹੀ ਸਰਕਾਰ ਸਥਾਪਤ ਹੋ ਗਈ। ਫਰਾਂਕੋ ਦੀ ਇਸ ਜਿੱਤ ਨਾਲ ਫਾਸਿਸਟ ਰਾਸ਼ਟਰਾਂ ਦੀ ਸ਼ਕਤੀ ਵੱਧ ਗਈ ਅਤੇ ਉਹ ਬਿਟ੍ਰੇਨ ਅਤੇ ਫਰਾਂਸ ਦੀਆਂ ਧਮਕੀਆਂ ਨੂੰ ਕੋਰੀ ਗਿੱਦੜ ਧਮਕੀ ਸਮਝਣ ਲੱਗੇ।

9. **ਜਰਮਨੀ ਦਾ ਪੋਲੈਂਡ 'ਤੇ ਹਮਲਾ (Invasion of Poland by Germany):** ਉਪਯੁਕਤ ਸਾਰੇ ਕਾਰਨਾਂ ਦੇ ਫਲਸਰੂਪ ਦੂਜੇ ਵਿਸ਼ਵਯੁੱਧ ਲਈ ਬਾਰੂਦ ਦਾ ਮਹਿਲ ਖੜ੍ਹਾ ਹੋ ਚੁੱਕਾ ਸੀ। ਸਿਰਫ਼ ਉਸ ਵਿਚ ਚੰਗਿਆੜੀ ਲੱਗਣ ਦੀ ਦੇਰ ਸੀ ਅਤੇ ਇਹ ਅਚਾਨਕ ਪੋਲੈਂਡ 'ਤੇ ਜਰਮਨ ਹਮਲੇ ਨਾਲ ਹੋ ਗਿਆ। 1 ਸਤੰਬਰ 1939 ਨੂੰ ਹਿਟਲਰ ਨੇ ਅਚਾਨਕ ਪੋਲੈਂਡ 'ਤੇ ਹਮਲਾ ਕੀਤਾ, ਬ੍ਰਿਟੇਨ ਅਤੇ ਫਰਾਂਸ ਨੇ 3 ਸਤੰਬਰ ਨੂੰ ਜਰਮਨੀ ਨੂੰ ਯੁੱਧ ਬੰਦ ਕਰਨ ਲਈ ਚਿਤਾਵਨੀ ਦਿੱਤੀ ਅਤੇ ਇਸ ਚਿਤਾਵਨੀ ਦੀ ਅਣਦੇਖੀ ਹੋਣ 'ਤੇ ਉਨ੍ਹਾਂ ਜਰਮਨੀ ਵਿਰੁੱਧ ਯੁੱਧ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਛੇਤੀ ਹੀ ਯੁੱਧ ਨੇ ਵਿਸਤ੍ਰਿਤ ਮਹਾਂਯੁੱਧ ਦਾ ਰੂਪ ਧਾਰਨ ਕਰ ਲਿਆ।

**ਸਵ-ਮੁਲਾਂਕਣ (Self Assessment)**

**ਖਾਲੀ ਥਾਵਾਂ ਭਰੋ (Fill in the blanks) :**

1. 1925 ਵਿਚ .......ਨੇ ਰਾਸ਼ਟਰ ਸੰਘ ਦੀ ਮੈਂਬਰ ਗ੍ਰਹਿਣ ਕੀਤੀ।
2. ..........ਅੰਤਰਰਾਸ਼ਟਰੀ ਸ਼ਾਂਤੀ ਦੀ ਪ੍ਰਾਪਤੀ ਦੇ ਟੀਚੇ ਨੂੰ ਲੈ ਕੇ ਹੋਈ ਸੀ।
3. ਰਾਸ਼ਟਰ ਸੰਘ ਦੀ ........ ਤੋਂ ਉਤਸ਼ਾਹਿਤ ਹੋ ਕੇ ਫਾਸਿਸਟ ਅਤੇ ਨਾਜੀ ਸ਼ਕਤੀਆਂ ਹਮਲਾਵਰ ਹੋ ਗਈਆਂ।

## 28.2 ਦੂਜੇ ਵਿਸ਼ਵਯੁੱਧ ਦੀ ਗਤੀਵਿਧੀ (Course of the II World War)

ਦੂਜੇ ਮਹਾਂਯੁੱਧ ਦੇ ਇਤਿਹਾਸ ਨੂੰ ਅਸੀਂ ਸੁਵਿਧਾ ਦੀ ਨਜ਼ਰ ਨਾਲ ਪੰਜ ਗੇੜਾਂ ਵਿਚ ਵੰਡ ਸਕਦੇ ਹਾਂ-

1. **ਪਹਿਲੀ ਅਵਸਥਾ:** 1 ਸਤੰਬਰ, 1939 ਤੋਂ 21 ਜੂਨ, 1941 ਤੱਕ, ਜਿਸ ਵਿਚ ਜਰਮਨੀ ਨੇ ਪੋਲੈਂਡ, ਨਾਰਵੇ, ਡੈਨਮਾਰਕ, ਨੀਦਰਲੈਂਡ, ਬੇਲਜੀਅਮ, ਲਕਸਮਬਰਗ, ਫਰਾਂਸ, ਬ੍ਰਿਟੇਨ, ਯੂਨਾਨ ਅਤੇ ਕ੍ਰੇਟ 'ਤੇ ਹਮਲਾ ਕੀਤਾ।
2. **ਦੂਜੀ ਅਵਸਥਾ:** 22 ਜੂਨ, 1941 ਤੋਂ 6 ਦਸੰਬਰ, 1941 ਤੱਕ, ਜਿਸ ਵਿਚ ਧੁਰੀ ਰਾਸ਼ਟਰਾਂ ਦਾ ਅਫ਼ਰੀਕਾ 'ਤੇ ਅਤੇ ਜਰਮਨੀ ਦਾ ਰੂਸ 'ਤੇ ਹਮਲਾ ਹੋਇਆ।
3. **ਤੀਜੀ ਅਵਸਥਾ:** 7 ਦਸੰਬਰ, 1941 ਤੋਂ 7 ਨਵੰਬਰ, 1942 ਤੱਕ, ਜਿਸ ਵਿਚ ਜਾਪਾਨ ਦਾ ਪਰਲਹਾਰਬਰ 'ਤੇ ਹਮਲਾ ਅਤੇ ਮਿੱਤਰ ਰਾਸ਼ਟਰਾਂ ਦੇ ਫੌਜੀ ਬਲ ਦਾ ਨੀਦਰਲੈਂਡ, ਈਸਟ ਇਂਡੀਜ ਅਤੇ ਉੱਤਰੀ ਕਾਕੇਸ਼ਸ 'ਤੇ ਅਧਿਕਾਰ ਹੋਇਆ।

4. **ਚੌਥੀ ਅਵਸਥਾ:** 8 ਨਵੰਬਰ 1942 ਤੋਂ 6 ਮਈ, 1945 ਤੱਕ, ਜਿਸ ਦੇ ਅੰਤਰਗਤ ਉੱਤਰੀ ਅਫ਼ਰੀਕਾ 'ਤੇ ਅਮਰੀਕਾ ਦਾ ਹਮਲਾ ਅਤੇ ਜਰਮਨੀ ਦਾ ਆਤਮਸਮਰਪਣ ਹੋਇਆ।
5. **ਪੰਜਵੀਂ ਅਤੇ ਆਖ਼ਰੀ ਅਵਸਥਾ:** 7 ਮਈ, 1945 ਤੋਂ 14 ਅਗਸਤ, 1945 ਤੱਕ, ਜਿਸ ਵਿਚ ਜਾਪਾਨ ਦਾ ਆਤਮਸਮਰਪਣ ਹੋਇਆ।

1. **ਪਹਿਲਾ ਗੇੜ (First Phase):** ਦੂਜੇ ਵਿਸ਼ਵ ਯੁੱਧ ਦਾ ਪਹਿਲਾ ਗੇੜ 1 ਸਤੰਬਰ, 1939 ਤੋਂ ਸ਼ੁਰੂ ਹੁੰਦਾ ਹੈ ਜਦੋਂ ਜਰਮਨੀ ਨੇ ਪੋਲੈਂਡ 'ਤੇ ਹਮਲਾ ਕੀਤਾ। ਹਿਟਲਰ ਨੇ ਆਪਣੀ ਵੱਡੀ ਫੌਜੀ ਸ਼ਕਤੀ ਦੁਆਰਾ ਬਿਜਲਈ ਗਤੀ ਨਾਲ ਪੋਲੈਂਡ ਨੂੰ ਕੁਚਲਣ ਦੀ ਚੇਸ਼ਟਾ ਕੀਤੀ। ਕੁਝ ਹੀ ਦਿਨਾਂ ਵਿਚ ਜਰਮਨ ਫੌਜ ਵਾਰਸਾ (Warsaw) ਤੱਕ ਪਹੁੰਚ ਗਈ। ਬ੍ਰਿਟੇਨ ਅਤੇ ਫਰਾਂਸ ਪੋਲੈਂਡ ਦੀ ਰੱਖਿਆ ਲਈ ਪਹਿਲਾਂ ਹੀ ਵਚਨਬੱਧ ਹੋ ਚੁੱਕੇ ਸਨ। ਉਨ੍ਹਾਂ ਜਰਮਨੀ ਨੂੰ ਅਲਟੀਮੇਟਮ ਦੇ ਦਿੱਤਾ ਕਿ ਉਹ ਪੋਲੈਂਡ 'ਤੇ ਆਪਣਾ ਹਮਲਾ ਸਮਾਪਤ ਕਰਕੇ ਆਪਣੀਆਂ ਫੌਜਾਂ ਨੂੰ ਵਾਪਸ ਮੋੜ ਲਵੇ, ਪਰ ਇਸਦਾ ਇੱਛਤ ਨਤੀਜਾ ਨਾ ਨਿਕੱਲਣ 'ਤੇ ਬ੍ਰਿਟੇਨ ਅਤੇ ਫਰਾਂਸ ਦੋਵਾਂ ਹੀ ਨੇ, 3 ਸਤੰਬਰ ਨੂੰ ਜਰਮਨੀ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਇਹ ਮਹਾਂਯੁੱਧ ਦੀ ਸ਼ੁਰੂਆਤ ਸੀ। ਇਸ ਸਮੇਂ ਸੋਵੀਅਤ ਰੂਸ ਨੇ ਵੀ ਪੋਲੈਂਡ 'ਤੇ ਹਮਲਾ ਕਰ ਦਿੱਤਾ ਕਿਉਂਕਿ ਉਹ ਯੂਕ੍ਰੇਨ (Ukrain) ਨੂੰ ਅਜ਼ਾਦ ਕਰਕੇ ਆਪਣੇ ਰਾਜ ਵਿਚ ਮਿਲਾ ਲੈਣਾ ਚਾਹੁੰਦਾ ਸੀ। ਜੇਕਰ ਪੋਲੈਂਡ ਪੂਰੀ ਤਰ੍ਹਾਂ ਜਰਮਨੀ ਦੇ ਹੱਥ ਵਿਚ ਚਲਾ ਜਾਂਦਾ ਤਾਂ ਉਸ ਲਈ ਅਜਿਹਾ ਕਰਨਾ ਲਗਭਗ ਅਸੰਭਵ ਸੀ। ਇਸ ਘਟਨਾ ਚੱਕਰ ਦਾ ਸੁਭਾਵਿਕ ਨਤੀਜਾ ਵਾਰਸਾ ਦੇ ਪਤਨ ਵਜੋਂ ਨਿੱਕਲਿਆ ਅਤੇ ਰੂਸ ਅਤੇ ਜਰਮਨੀ ਵਿਚਾਲੇ ਪੋਲੈਂਡ ਦੀ ਚੌਥੀ ਵੰਡ ਸੰਪੰਨ ਹੋਈ। ਉਸਦਾ ਪੱਛਮੀ ਭਾਗ ਜਰਮਨੀ ਅਤੇ ਪੂਰਬੀ ਭਾਗ ਸੋਵੀਅਤ ਰੂਸ ਵਿਚ ਸ਼ਾਮਲ ਹੋ ਗਿਆ। ਪੋਲੈਂਡ ਦੀ ਸਰਕਾਰ ਦਾ ਫਿਰ ਵੀ ਫਰਾਂਸ ਵਿਚ ਮੁੜਗਠਨ ਹੋਇਆ ਅਤੇ ਯੁੱਧ ਚਲਦਾ ਰਿਹਾ। ਹਿਟਲਰ ਨੇ ਯੁੱਧ ਬੰਦ ਕਰ ਦੇਣ ਦੀ ਅਪੀਲ ਕੀਤੀ ਕਿ ਉਸ ਅਨੁਸਾਰ ਉਸਦੇ ਉਦੇਸ਼ ਦੀ ਪੂਰਤੀ ਹੋ ਗਈ ਸੀ ਅਤੇ ਹੁਣ ਉਸਦੀ ਹੋਰ ਕੋਈ ਇੱਛਾ ਨਹੀਂ ਸੀ। ਹਿਟਲਰ ਬ੍ਰਿਟੇਨ ਅਤੇ ਫਰਾਂਸ ਨਾਲ ਇਸ ਸ਼ਰਤ 'ਤੇ ਸੰਧੀ ਕਰਨ ਨੂੰ ਤਿਆਰ ਸੀ ਕਿ ਉਹ ਉਸਦੀਆਂ ਜਿੱਤਾਂ ਨੂੰ ਮਾਨਤਾ ਪ੍ਰਦਾਨ ਕਰ ਦੇਣ। ਪਰ ਫਰਾਂਸ ਅਤੇ ਬ੍ਰਿਟੇਨ ਨੂੰ ਹੁਣ ਹਿਟਲਰ 'ਤੇ ਵਿਸ਼ਵਾਸ ਨਹੀਂ ਰਿਹਾ ਸੀ।

ਪੂਰਬੀ ਪੋਲੈਂਡ 'ਤੇ ਜਿੱਤ ਪ੍ਰਾਪਤ ਕਰ ਲੈਣ ਤੋਂ ਬਾਅਦ ਸੋਵੀਅਤ ਰੂਸ ਨਾਜੀ ਸ਼ਕਤੀ ਦੇ ਡਰ ਤੋਂ ਆਪਣੀ ਸੁਰੱਖਿਆ ਵਿਵਸਥਾ ਨੂੰ ਪੂਰੀ ਤਰ੍ਹਾ ਮਜ਼ਬੂਤ ਕਰ ਲੈਣਾ ਚਾਹੁੰਦਾ ਸੀ। ਉਸਨੇ ਇਸੇ ਨਜ਼ਰੀਏ ਨਾਲ ਇਸਟੋਨੀਆ, ਲੇਟਵੀਆ, ਲਿਥੁਆਨੀਆ ਅਤੇ ਫਿਨਲੈਂਡ ਨਾਲ ਗਹਿਰਾ ਸਬੰਧ ਸਥਾਪਤ ਕਰਨ ਦੇ ਯਤਨ ਕੀਤੇ। ਪਹਿਲੇ ਤਿੰਨ ਦੇਸ਼ਾਂ ਨਾਲ ਉਸਦੀਆਂ ਸੰਧੀਆਂ ਹੋ ਗਈਆਂ ਪਰ ਫਿਨਲੈਂਡ ਨੇ ਸੰਧੀ ਕਰਨ ਤੋਂ ਇਨਕਾਰ ਕਰ ਦਿੱਤਾ ਜਿਸਦਾ ਜ਼ਵਾਬ ਉਸਨੂੰ 30 ਨਵੰਬਰ, 1939 ਦੇ ਰੂਸੀ ਹਮਲੇ ਦੁਆਰਾ ਮਿਲਿਆ। ਘਮਾਸਾਣ ਯੁੱਧ ਵਿਚ ਫਿਨਲੈਂਡ ਹਾਰ ਗਿਆ ਅਤੇ ਉਸਦਾ ਮਹੱਤਵਪੂਰਨ ਹਿੱਸਾ ਰੂਸ ਵਿਚ ਮਿਲਾ ਲਿਆ ਗਿਆ।

ਇਸੇ ਅੱਧ ਅੰਤਰਰਾਸ਼ਟਰੀ ਹਾਲਾਤ ਨੂੰ ਆਪਣੇ ਅਨੁਕੂਲ ਪਾ ਕੇ ਰੂਸ ਨੇ ਰੁਮਾਨੀਆ ਨੂੰ ਵੇਸਾਰਵੀਆ ਵਾਪਸ ਕਰਨ ਦਾ ਅਲਟੀਮੇਟਮ (ultimatum) ਦਿੱਤਾ। ਮਜ਼ਬੂਰ ਹੋ ਕੇ ਬਰਲਿਨ ਅਤੇ ਰੋਮ ਦੀ ਸਲਾਹ 'ਤੇ ਰੁਮਾਨੀਆ ਨੂੰ ਸੋਵੀਅਤ ਮੰਗ ਦੀ ਪੂਰਤੀ ਕਰਨੀ ਪਈ। ਇਸ ਤਰ੍ਹਾਂ ਸੋਵੀਅਤ ਰੂਸ ਨੇ ਫੌਜੀ ਨਜ਼ਰੀਏ ਨਾਲ ਉਪਭੋਗੀ ਸਾਰੇ ਖੇਤਰਾਂ ਨੂੰ ਆਪਣੇ ਅਧੀਨ ਕਰ ਲਿਆ।

ਪੋਲੈਂਡ ਜਿੱਤ ਤੋਂ ਬਾਅਦ ਹਿਟਲਰ ਨੇ ਲਗਭਗ 8 ਮਹੀਨੇ ਤੱਕ ਕੋਈ ਫੌਜੀ ਕਾਰਵਾਈ ਨਹੀਂ ਕੀਤੀ। 9 ਅਪਰੈਲ, 1940 ਤੱਕ ਉਸਦਾ ਕੋਈ ਨਵਾਂ ਹਮਲਾ ਨਹੀਂ ਹੋਇਆ। ਇਸ ਦੌਰਾਨ ਉਹ ਇੱਕ ਤਰ੍ਹਾਂ ਤਾਂ ਸ਼ਾਂਤੀ ਦੇ ਦਾਅਵੇ ਕਰਦਾ ਰਿਹਾ ਤੇ ਦੂਜੇ ਪਾਸੇ ਘੋਰ ਸਾਮਰਿਕ ਤਿਆਰੀਆਂ। ਇਸ ਕਾਲ ਨੂੰ ਕੁਝ ਲੋਕ 'ਬਣਾਉਟੀ ਯੁੱਧ ਕਾਲ' (Period of Phony War) ਚੈਂਬਰਲੇਨ 'ਗੋਧੂਲੀ–ਯੁੱਧ' (Twilight War) ਅਤੇ ਜਰਮਨ ਪ੍ਰੈਸ 'ਗਤੀਹੀਣ ਯੁੱਧ' (Sitting War) ਕਹਿ ਕੇ ਪੁਕਾਰਦੇ ਸਨ। ਬ੍ਰਿਟੇਨ ਅਤੇ ਫਰਾਂਸ ਦਾ ਤੁਰਕੀ ਦੇ ਨਾਲ ਪਾਰਸਪਰਿਕ ਸਹਾਇਤਾ ਕਰਨ ਦਾ ਸਮਝੌਤਾ ਸੰਪੰਨ ਹੋਇਆ, ਜਾਪਾਨ ਫਾਸਿਸਟਾਂ ਪ੍ਰਤੀ ਹਮਦਰਦੀ ਬਣਿਆ, ਅਮਰੀਕਨ ਲੋਕਤੰਤਰ ਦੀ ਰੱਖਿਆ ਕਰਨ ਨੂੰ ਤਿਆਰ ਹੋਇਆ ਅਤੇ ਯੂਰਪ ਦੇ ਕੁਝ ਰਾਸ਼ਟਰ ਉੱਪਰੀ ਤੌਰ 'ਤੇ ਬਿਲਕੁਲ ਨਿਰਪੱਖਤਾ ਦੀ ਨੀਤੀ ਦੇ ਹਿਮਾਇਤੀ ਬਣੇ।

ਅੰਤ ਵਿਚ ਹਿਟਲਰ ਦਾ ਮੌਨ ਭੰਗ ਹੋਇਆ। 9 ਅਪਰੈਲ, 1940 ਨੂੰ ਸਵੇਰੇ ਡੈਨਮਾਰਕ ਅਤੇ ਨਾਰਵੇ 'ਤੇ ਜਰਮਨ ਫੌਜਾਂ ਚੜ੍ਹ ਬੈਠੀਆਂ। ਹਿਟਲਰ ਦੀ ਰਣਨੀਤੀ ਦਾ ਇੱਕ ਮਹੱਤਵਪੂਰਨ ਵਿਭਾਗ ਜਾਸੂਸ ਵਿਵਸਥਾ ਸੀ। 10 ਜੂਨ ਨੂੰ ਹਿਟਲਰ ਨੇ ਨਾਰਵੇ 'ਤੇ ਅਧਿਕਾਰ ਕਰ ਲਿਆ। ਇਸੇ ਤਰ੍ਹਾਂ ਹਿਟਲਰ ਨੇ ਡੈਨਮਾਰਕ 'ਤੇ ਵੀ ਆਪਣੀ ਪੂਰੀ ਸ਼ਕਤੀ ਨਾਲ ਹਮਲਾ ਕਰ ਦਿੱਤਾ। ਜਰਮਨ ਵਾਯੂਸੈਨਾ ਦੀ ਸ਼ਕਤੀ ਦੇ ਅੱਗੇ ਡੈਨਮਾਰਕ ਹਾਰ ਗਿਆ। 10 ਮਈ, 1940 ਨੂੰ ਜਰਮਨੀ ਨੇ ਲਕਸਮਬਰਗ, ਬੈਲਜੀਅਮ ਅਤੇ ਹਾਲੈਂਡ 'ਤੇ ਹਮਲਾ ਕਰ ਦਿੱਤਾ। ਚੰਦ ਘੰਟਿਆਂ ਵਿਚ ਹੀ ਲਕਸਮਬਰਗ ਨੂੰ ਲੈ ਲਿਆ ਗਿਆ। ਹਵਾਈਯੁੱਧ ਦੁਆਰਾ ਪੰਜ ਦਿਨ ਵਿਚ ਹੀ ਹਾਲੈਂਡ 'ਤੇ ਕਬਜਾ ਕਰ ਲਿਆ ਗਿਆ ਅਤੇ 28 ਮਈ ਨੂੰ ਬੈਲਜੀਅਮ ਨੂੰ ਹਰਾ ਦਿੱਤਾ। ਬੈਲਜੀਅਮ ਦੀ ਸਹਾਇਤਾ ਲਈ ਲੱਖਾਂ ਦੀ ਗਿਣਤੀ ਵਿਚ ਜੋ ਬ੍ਰਿਟਿਸ਼ ਫੌਜਾਂ ਆਈਆਂ ਹੋਈਆਂ ਸਨ ਵੁਹ ਪੂਰੀ ਤਰ੍ਹਾਂ ਘਿਰ ਗਈਆਂ। ਡੰਕਰਕ ਦੀ ਲੜਾਈ ਵਿਚ ਯੁੱਧ ਦਾ ਬਹਾਦਰੀ ਨਾਲ ਸੰਚਾਲਨ ਕਰਕੇ ਇੰਗਲੈਂਡ ਨੇ ਆਪਣੀ ਜ਼ਿਆਦਤਰ ਫੌਜ ਨੂੰ ਬਚਾ ਲਿਆ।

ਆਪਣੀਆਂ ਸਫ਼ਲਤਾਵਾਂ ਤੋਂ ਉਤਸ਼ਾਹਿਤ ਹੋ ਕੇ 10 ਮਈ ਨੂੰ ਹਿਟਲਰ ਨੇ ਫਰਾਂਸ 'ਤੇ ਹਮਲਾ ਕਰ ਦਿੱਤਾ। ਹਿਟਲਰ ਫਰਾਂਸ ਨੂੰ ਹੀ ਸਭ ਤੋਂ ਪਹਿਲਾਂ ਹਰਾਉਣਾ ਚਾਹੁੰਦਾ ਸੀ, ਇਸ ਲਈ 5 ਜੂਨ, 1940 ਨੂੰ ਉਸਨੇ ਫਰਾਂਸ ਦੇ ਵਿਰੁੱਧ ਆਪਣੀ ਸੰਪੂਰਨ ਸ਼ਕਤੀ ਲਾ ਦਿੱਤੀ। ਫਰਾਂਸ ਦੀ ਮਾੜੀ ਹਾਲਤ ਨੂੰ ਦੇਖ ਕੇ 10 ਜੂਨ, 1940 ਨੂੰ ਇਟਲੀ ਨੇ ਵੀ ਫਰਾਂਸ ਦੇ ਵਿਰੁੱਧ ਯੁੱਧ ਦਾ

ਐਲਾਨ ਕਰ ਦਿੱਤਾ। 14 ਜੂਨ, 1940 ਨੂੰ ਪੈਰਿਸ ਸ਼ਹਿਰ 'ਤੇ ਜਰਮਨ ਫੌਜਾਂ ਨੇ ਕਬਜ਼ਾ ਕਰ ਲਿਆ ਅਤੇ ਫਰਾਂਸ ਦੇ ਸਾਹਮਣੇ ਯੁੱਧਬੰਦੀ ਦਾ ਪ੍ਰਸਤਾਵ ਰੱਖਿਆ। 21 ਜੂਨ, 1940 ਨੂੰ ਫਰੈਂਚ ਸਰਕਾਰ ਦੇ ਪ੍ਰਤੀਨਿਧੀਆਂ ਨੇ ਜਰਮਨ ਨੇਤਾਵਾਂ ਨਾਲ ਮੁਲਾਕਾਤ ਕੀਤੀ।

ਯੁੱਧਬੰਦੀ ਤੋਂ ਬਾਅਦ ਜੋ ਸੰਧੀ ਹੋਈ ਉਸ 'ਚ ਫਰਾਂਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ। ਕੁਝ ਹਿੱਸੇ ਜਰਮਨੀ ਦੇ ਸਿੱਧੇ ਸ਼ਾਸਨ ਵਿਚ ਚਲੇ ਗਏ, ਜਦੋਂ ਕਿ ਬਾਕੀ 'ਤੇ ਪੇਤਾਂ ਸਰਕਾਰ ਦਾ ਸ਼ਾਸਨ ਸਵੀਕਾਰ ਕੀਤਾ ਗਿਆ ਜਿਸਦੀ ਰਾਜਧਾਨੀ ਬੀਚੀ ਸੀ। ਇਟਲੀ ਦੇ ਨਾਲ ਹੀ ਫਰਾਂਸ ਨੇ ਦੋ ਦਿਨ ਬਾਅਦ ਯੁੱਧਬੰਦੀ ਸਮਝੌਤਾ ਕਰ ਲਿਆ।

ਬ੍ਰਿਟਿਸ਼ ਅਭਿਆਨ ਤੋਂ ਨਿਰਾਸ਼ ਹੋ ਕੇ ਹਿਟਲਰ 'ਬਾਲਕਨ' (Balkans) ਵੱਲ ਵਧਿਆ ਕਿਉਂਕਿ ਇਸ 'ਤੇ ਕਬਜ਼ਾ ਕਰਕੇ ਉਹ ਇਰਾਨ ਅਤੇ ਮਿਸਰ ਵੱਲ ਵਧਣਾ ਚਹੁੰਦਾ ਸੀ। ਜਰਮਨੀ ਬ੍ਰਿਟਿਸ਼ ਸਾਮਰਾਜ ਨੂੰ ਖਦੇੜਨ 'ਤੇ ਉਤਾਰੂ ਸੀ। ਇਸ ਲਈ 20 ਅਕਤੂਬਰ, 1940 ਨੂੰ ਗ੍ਰੀਸ ਨੂੰ ਇਸ ਆਸ ਦਾ ਅਲਟੀਮੇਟਮ ਦਿੱਤਾ ਗਿਆ ਕਿ ਉਹ ਫੌਜੀ ਨਜ਼ਰੀਏ ਨਾਲ ਮਹੱਤਵਪੂਰਨ ਪ੍ਰਦੇਸ਼ ਜਰਮਨੀ ਨੂੰ ਸੌਂਪ ਦੇਵੇ। ਅਲਟੀਮੇਟਮ ਦੀ ਮਿਆਦ ਸਿਰਫ਼ 3 ਘੰਟੇ ਦੀ ਸੀ। ਇਸ ਘੱਟ ਮਿਆਦ ਦੇ ਬੀਤਣ ਤੋਂ ਪਹਿਲਾਂ ਹੀ ਗ੍ਰੀਸ 'ਤੇ ਹਮਲਾ ਕਰ ਦਿੱਤਾ ਗਿਆ ਜਿਸ ਦਾ ਭਾਰ ਸ਼ੁਰੂ ਵਿਚ ਇਟਲੀ ਨੂੰ ਸੌਂਪਿਆ ਗਿਆ। ਗ੍ਰੀਸ ਨੂੰ ਹੋਰ ਰਾਸ਼ਟਰਾਂ ਦੀ ਸਹਾਇਤਾ ਮਿਲੀ ਅਤੇ ਇਟਲੀ ਦੀਆਂ ਫੌਜ ਜਿੱਤ ਪਾਉਣ ਵਿਚ ਅਸਫ਼ਲ ਰਹੀਆਂ। ਉਦੋਂ ਹਿਟਲਰ ਨੇ ਹੰਗਰੀ, ਰੁਮਾਨੀਆ ਅਤੇ ਬੁਲਗਾਰੀਆ ਨੂੰ ਆਪਣੇ ਨਾਲ ਮਿਲਾਇਆ। ਯੂਗੋਸਲਾਵੀਆ ਨੂੰ ਵੀ ਜਰਮਨ ਪੱਖ ਵਿਚ ਲਿਆਉਣਾ ਜ਼ਰੂਰੀ ਸੀ, ਪਰ ਉੱਥੋਂ ਦੀ ਸਰਕਾਰ ਨੇ ਹਿਟਲਰ ਦੀ ਸੰਧੀ ਦੀਆਂ ਸ਼ਰਤਾਂ ਨੂੰ ਠੁਕਰਾ ਦਿੱਤਾ ਜਿਸ ਦੇ ਫਲਸਰੂਪ 6 ਅਪਰੈਲ, 1941 ਨੂੰ ਯੂਗੋਸਲਾਵੀਆ ਦੇ ਰਾਜਾ ਪੀਟਰ (Peter) 'ਤੇ ਹਮਲਾ ਕਰ ਦਿੱਤਾ ਗਿਆ ਅਤੇ ਕੁਝ ਹੀ ਦਿਨਾਂ ਵਿਚ ਉਸਨੂੰ ਹਰਾ ਦਿੱਤਾ ਗਿਆ। ਹੁਣ ਜਰਮਨ ਫੌਜ ਨੇ ਗ੍ਰੀਸ 'ਤੇ ਹਮਲਾ ਕੀਤਾ ਅਤੇ ਅਪਰੈਲ ਦੇ ਅੰਤ ਤੱਕ ਉਸਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਜਰਮਨ ਹਮਲੇ ਦੇ ਡਰੋਂ ਗ੍ਰੀਸ ਦਾ ਰਾਜਾ ਅਤੇ ਉਸਦੀ ਸਰਕਾਰ ਕ੍ਰੀਟ (Creat) ਦੀਪ ਵਿਚ ਚਲੀ ਗਈ। ਆਖਰ 20 ਮਈ, 1941 ਨੂੰ ਜਰਮਨ ਫੌਜਾਂ ਕ੍ਰੀਟ ਵਿਚ ਉੱਤਰ ਆਈਆਂ ਅਤੇ ਮਈ ਦੇ ਸਮਾਪਤ ਹੁੰਦਿਆਂ-ਹੁੰਦਿਆਂ ਕ੍ਰੀਟ ਜਰਮਨੀ ਦੇ ਅਧੀਨ ਹੋ ਗਿਆ।

ਬਲਕਾਨ 'ਤੇ ਆਪਣੀ ਮੁਖਤਿਆਰੀ ਦੀ ਸਥਾਪਨਾ ਤੋਂ ਬਾਅਦ ਜਰਮਨ ਫੌਜਾਂ ਜਨਰਲ ਰੋਮੇਲ ਦੀ ਪ੍ਰਧਾਨਗੀ ਵਿਚ ਅਫ਼ਰੀਕਾ ਵੱਲ ਮੁੜੀਆਂ ਅਤੇ ਉਸਨੂੰ ਬ੍ਰਿਟਿਸ਼ ਪ੍ਰਭਾਵ ਤੋਂ ਮੁਕਤ ਕਰ ਦਿੱਤਾ ਗਿਆ। ਫੌਜੀ ਨਜ਼ਰੀਏ ਨਾਲ ਸੀਰੀਆ 'ਤੇ ਜਿੱਤ ਹਾਸਲ ਕਰਨਾ ਬਹੁਤ ਮਹੱਤਵਪੂਰਨ ਸੀ ਪਰ ਵਿਰੋਧੀ ਪੱਖ ਵੀ ਘੱਟ ਚਲਾਕ ਨਹੀਂ ਸੀ। ਬ੍ਰਿਟੇਨ ਨੇ ਪੇਲੇਸਟਾਈਨ ਵੱਲ ਵੜ ਕੇ ਸੀਰੀਆ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਬ੍ਰਿਟਿਸ਼ ਫੌਜਾਂ ਨੇ ਇਰਾਕ 'ਤੇ ਹਮਲਾ ਕਰਕੇ ਉਸਨੂੰ ਆਪਣੇ ਅਧੀਨ ਕਰ ਲਿਆ। ਇਰਾਨ ਵਿਚ ਜਰਮਨੀ ਦਾ ਪ੍ਰਭਾਵ ਵਧ ਰਿਹਾ ਸੀ ਅਤੇ ਬ੍ਰਿਟੇਨ ਤੇ ਰੂਸ ਦੋਵੇਂ ਹੀ ਇਸ ਗੱਲੋਂ ਸ਼ੱਕ 'ਚ ਸਨ। ਆਖੀਰ ਇਰਾਨ 'ਤੇ ਬ੍ਰਿਟੇਨ ਅਤੇ ਰੂਸ ਦੋਵਾਂ ਵੱਲੋਂ ਹੀ ਹਮਲਾ ਕੀਤਾ ਗਿਆ। ਉੱਥੇ ਅਲ ਫਰੂਕੀ ਦੀ ਨਵੀਂ ਸਰਕਾਰ ਬਣੀ ਜਿਸ ਨੇ ਦੋਵਾਂ ਰਾਸ਼ਟਰਾਂ ਨਾਲ ਸੰਧੀ ਕਰਕੇ ਇਹ ਵਚਨ ਦਿੱਤਾ ਕਿ ਇਰਾਨ ਨੂੰ ਨਾਜੀਆਂ ਦੇ ਪ੍ਰਭਾਵ ਤੋਂ ਮੁਕਤ ਰੱਖਿਆ ਜਾਵੇਗਾ। ਬ੍ਰਿਟੇਨ ਨੂੰ ਖਣਿਜ ਤੇਲ ਦੇਣ ਦਾ ਵੀ ਭਰੋਸਾ ਦਿੱਤਾ ਗਿਆ। ਇਸ ਤਰ੍ਹਾਂ ਦੂਸਰੀ ਵਾਰ ਜਰਮਨੀ ਦੇ ਵਿਕਾਸ ਨੂੰ ਠੋਕਰ ਵੱਜੀ। ਪੂਰਬ ਦਾ ਰਸਤਾ ਜਰਮਨੀ ਲਈ ਇੱਕਦਮ ਬੰਦ ਕਰ ਦਿੱਤਾ ਗਿਆ। ਇਹ ਕੰਮ ਬ੍ਰਿਟਿਸ਼ ਸਾਮਰਾਜ ਦੀ ਰੱਖਿਆ ਲਈ ਅਤਿਅੰਤ ਉਪਯੋਗੀ ਸਾਬਤ ਹੋਇਆ।

2. **ਦੂਜਾ ਗੇੜ (Second Phase):** ਬਾਲਕਨ ਪ੍ਰਾਇਦੀਪ 'ਤੇ ਅਧਿਕਾਰ ਸਥਾਪਤ ਕਰਨ ਤੋਂ ਬਾਅਦ ਜਰਮਨੀ ਲਈ ਸੋਵੀਅਤ ਰੂਸ 'ਤੇ ਹਮਲਾ ਕਰਨਾ ਪਹਿਲਾਂ ਦੀ ਬਜਾਏ ਸੌਖਾ ਹੋ ਗਿਆ, ਜਦੋਂਕਿ ਦੋਵਾਂ ਦੇਸ਼ਾਂ ਦੇ ਵਿਚਾਲੇ ਸੰਨ 1939 ਵਿਚ ਹੀ ਅਣਹਮਲਾ ਸਮਝੌਤਾ ਸੰਪੰਨ ਹੋ ਚੁੱਕਾ ਸੀ। ਇਸ ਵਿਸ਼ੇ ਵਿਚ ਪਾਮਰ ਅਤੇ ਪਰਕਿੰਗ (Palmer and Perkins) ਦਾ ਵਿਚਾਰ ਹੈ ਕਿ ਇਸ ਅਣਹਮਲਾ ਸਮਝੌਤੇ ਨਾਲ ਹਿਟਲਰ ਨੇ ਪੋਲੈਂਡ ਦੇ ਮਾਮਲੇ ਵਿਚ ਰੂਸ ਦੀ ਦਖਲਅੰਦਾਜੀ ਅਤੇ ਆਪਣੇ ਲਈ ਪਿਛਲੇ ਪਾਸੇ ਸੁਰੱਖਿਆ ਦੀ ਸਥਿਤੀ ਅਰਜਿਤ ਕੀਤੀ ਸੀ ਤਾਂ ਕਿ ਬ੍ਰਿਟੇਨ ਅਤੇ ਫਰਾਂਸ 'ਤੇ ਹਮਲਾ ਕਰਦੇ ਸਮੇਂ ਉਸਨੂੰ ਰੂਸ ਵੱਲ ਕੋਈ ਡਰ ਨਾ ਰਹੇ, ਜਦੋਂਕਿ ਰੂਸ ਉਸ ਸਮੇਂ ਖੁਦ ਨੂੰ ਫੌਜੀ ਨਜ਼ਰੀਏ ਤੋਂ ਮਜ਼ਬੂਤ ਕਰਨ ਦਾ ਮੌਕਾ ਭਾਲ ਰਿਹਾ ਸੀ ਅਤੇ ਉਸਦੀ ਇਹ ਧਾਰਨਾ ਸੀ ਕਿ ਜਦੋਂ ਨਾਜੀ ਜਰਮਨੀ ਅਤੇ ਮਿੱਤਰ ਰਾਸ਼ਟਰ ਪਰਸਪਰ ਸੰਘਰਸ਼ ਨਾਲ ਪੂਰੀ ਤਰ੍ਹਾਂ ਥੱਕ ਜਾਣਗੇ ਅਤੇ ਨੁਕਸਾਨੇ ਜਾਣਗੇ ਤਾਂ ਯੂਰਪ ਵਿਚ ਸੋਵੀਅਤ ਰੂਸ ਹੀ ਸਭ ਤੋਂ ਵੱਡੀ ਸ਼ਕਤੀ ਰਹਿ ਜਾਵੇਗਾ।

ਬਲਕਾਨ ਖੇਤਰ ਵਿਚ ਰੂਸ ਅਤੇ ਜਰਮਨੀ ਦੋਵੇਂ ਹੀ ਆਪਣੀ ਮੁਖਤਿਆਰੀ ਦੇ ਇੱਛੁਕ ਸਨ। ਆਖ਼ਰ ਜਦੋਂ ਹਿਟਲਰ ਨੇ ਰੂਮਾਨੀਆ ਆਦਿ ਦੇਸ਼ਾਂ ਨੂੰ ਆਪਣੇ ਕਬਜੇ ਵਿਚ ਕਰ ਲਿਆ ਤਾਂ ਰੂਸ ਨੂੰ ਇਹ ਬੜਾ ਗਲਤ ਲੱਗਿਆ। ਇਸੇ ਤਰ੍ਹਾਂ ਜਦੋਂ ਬਲਗਾਰੀਆ ਅਤੇ ਯੂਗੋਸਲਾਵੀਆ 'ਤੇ ਹਿਟਲਰ ਨੇ ਕਬਜਾ ਕਰ ਲਿਆ ਤਾਂ ਇਹ ਸਪੱਸ਼ਟ ਹੋ ਗਿਆ ਕਿ ਜਰਮਨੀ ਅਤੇ ਸੋਵੀਅਤ ਰੂਸ ਵਿਚਾਲੇ ਅਣਹਮਲਾ ਸਮਝੌਤੇ ਦੇ ਬਾਵਜੂਦ ਸ਼ੰਘਰਸ਼ ਜ਼ਰੂਰ ਹੋਵੇਗਾ ਹੀ।

ਹਿਟਲਰ ਨੂੰ ਵਿਸ਼ਵਾਸ ਸੀ ਕਿ ਰੂਸ ਇੱਕ ਕਮਜ਼ੋਰ ਰਾਸ਼ਟਰ ਹੈ ਜਿਸ ਨੂੰ ਹਰਾਉਣਾ ਸੌਖਾ ਹੋਵੇਗਾ। ਆਖ਼ਰ 22 ਜੂਨ, 1941 ਨੂੰ ਜਰਮਨ ਬੰਬਵਰਾਊਆਂ ਨੇ ਸੋਵੀਅਤ ਹਵਾਈ ਅੱਡੇ 'ਤੇ ਭਿਆਨਕ ਹਮਲਾ ਕਰ ਦਿੱਤਾ। ਇੱਕ ਭਾਰੀ ਫੌਜੀ ਦਸਤਾ ਲੇਨਿਨਗ੍ਰਾਡ (Leningrad) ਵੱਲ ਵਧਿਆ, ਦੂਜਾ ਮਾਸਕੋ ਵੱਲ ਅਤੇ ਤੀਜਾ ਕਾਕੇਸ਼ਸ (Cocasus) ਦੀ ਦਿਸ਼ਾ ਵਿਚ। ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਤੁਰੰਤ ਰੂਸ ਦੀ ਸਹਾਇਤਾ ਲਈ ਭੱਜੇ, ਪਰ ਕੁਝ ਨਾ ਕਰ ਸਕੇ। ਛੇਤੀ ਹੀ ਯੂਕ੍ਰੇਨੀਆ ਜਰਮਨੀ ਦੇ ਹੱਥ ਵਿਚ ਚਲਾ ਗਿਆ। ਉਸਦੀਆਂ ਉੱਤਰੀ ਫੌਜਾਂ ਲੇਨਿਨਗ੍ਰਾਡ ਤੱਕ ਪਹੁੰਚ ਗਈਆਂ। ਜੋ ਫੌਜ ਸਮੋਲਸਕ ਵੱਲ ਵਧ ਰਹੀ ਸੀ ਉਹ ਮਾਸਕੋ ਦੇ ਨੇੜੇ ਹੀ ਸੀ। ਇਨ੍ਹਾਂ ਦੋਵਾਂ ਹੀ ਸ਼ਹਿਰਾਂ 'ਤੇ ਬੜਾ ਭਿਆਨਕ ਹਮਲਾ ਹੋ ਰਿਹਾ ਸੀ। ਹਿਟਲਰ ਚਾਹੁੰਦਾ ਸੀ ਕਿ ਠੰਢ ਆਉਣ ਤੋਂ ਪਹਿਲਾਂ ਹੀ ਰੂਸ 'ਤੇ ਕਬਜ਼ਾ ਕਰ ਲਿਆ ਜਾਵੇ। ਪਰ ਆਪਣੇ ਮਹਾਨ ਨੇਤਾ ਸਟਾਲਿਨ

(Stalin) ਦੀ ਅਗਵਾਈ 'ਚ ਰੂਸੀ ਜਨਤਾ ਅਦੁੱਤੀ ਸਾਹਸ ਦੇ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੀ ਰਹੀ। ਰੂਸ ਫੌਜਾਂ ਨੇ ਨਾਜੀ ਫੌਜਾਂ ਨੂੰ ਪਿੱਛੇ ਖਦੇੜਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਯੁੱਧ ਕੌਸ਼ਲ ਨੇ ਜਰਮਨ ਸੈਨਾ ਨੂੰ ਅੰਦਰ ਤੱਕ ਖਿਚ ਕੇ ਅਤੇ ਫਿਰ ਠੰਢ ਸ਼ੁਰੂ ਹੁੰਦਿਆਂ ਹੀ ਉਸ 'ਤੇ ਭਿਆਨਕ ਹਮਲੇ ਕਰਕੇ ਉਸਨੂੰ ਕਮਜ਼ੋਰ ਬਣਾ ਦਿੱਤਾ। ਅਸਲ ਵਿਚ ਹਿਟਲਰ ਦੀ ਇਹ ਭਿਆਨਕ ਭੁੱਲ ਸੀ ਕਿ ਪੱਛਮ ਦੇ ਦੁਸ਼ਮਣ ਦਾ ਪੂਰਨ ਵਿਨਾਸ਼ ਕਿਤੇ ਬਿਨਾ ਹੀ ਉਸਨੇ ਪੂਰਬ ਵੱਲ ਕਦਮ ਵਧਾ ਲਿਆ। ਇਸ ਤੋਂ ਇਲਾਵਾ ਯੁੱਧ ਸੰਬੰਧੀ ਇੱਕ ਵੱਡੀ ਗਲਤੀ ਇਹ ਵੀ ਸੀ ਕਿ ਉਸਨੈ ਆਪਣੀਆਂ ਫੌਜ ਨੂੰ ਕੇਂਦਰਿਤ ਨਾ ਕਰਕੇ ਰੂਸ ਦੀ ਵਿਸ਼ਾਲ ਸੀਮਾ ਵਿਚ ਚਾਰੇ ਪਾਸੇ ਫੈਲਾ ਦਿੱਤਾ ਸੀ। ਇਸ ਲਈ ਉਸਦੀ ਸ਼ਕਤੀ ਖਿੱਲਰੀ ਹੋਈ ਰਹੀ ਅਤੇ ਕਮਜ਼ੋਰ ਹੋ ਗਈ ਜਿਸ ਦੇ ਨਤੀਜੇ ਵਜੋਂ ਰੂਸ ਦੀ ਭਿਆਨਕ ਠੰਢ ਨਾਲ ਕੰਬਦੀਆਂ ਜਰਮਨੀ ਫੌਜਾਂ 'ਤੇ ਜਦੋਂ ਰੂਸੀ ਫੌਜਾਂ ਨੇ ਭਿਆਨਕ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਤਾਂ ਜਿੱਤ ਵੱਲ ਵਧਦਾ ਜਰਮਨ ਅਚਾਨਕ ਹੀ ਬੁਰੀ ਤਰ੍ਹਾਂ ਹਾਰ ਗਿਆ।

3. **ਤੀਜਾ ਗੇੜ (Third Phase):** ਯੁੱਧ ਦਾ ਤੀਜਾ ਗੇੜ 7 ਦਸੰਬਰ, 1941 ਨੂੰ ਸ਼ੁਰੂ ਹੋਇਆ ਜਦੋਂ ਜਾਪਾਨ ਨੇ ਪਰਲਹਾਰਬਰ (Pearl Harbour) 'ਤੇ ਹਮਲਾ ਕੀਤਾ। ਅਸਲ ਵਿਚ ਕੁਝ ਸਮੇਂ ਤੋਂ ਅਮਰੀਕਾ ਦੇ ਜਾਪਾਨ ਨਾਲ ਸਬੰਧ ਵਿਗੜ ਗਏ ਸਨ। ਸੰਨ 1939 ਵਿਚ ਜਾਪਾਨ ਦਾ ਚੀਨ 'ਤੇ ਹਮਲਾ ਅਮਰੀਕਾ ਦੀ ਨਰਾਜਗੀ ਦਾ ਮੁੱਖ ਕਾਰਨ ਸੀ। ਨਾਰਾਜ ਅਮਰੀਕੀ ਰਾਸ਼ਟਰਪਤੀ ਰੂਜਵੈਲਟ ਨੇ ਜਾਪਾਨ ਦੁਆਰਾ ਚੀਨ 'ਤੇ ਹਮਲੇ ਕਾਰਨ ਜਾਪਾਨ ਦੇ ਨਿਰਯਾਤ 'ਤੇ ਪਾਬੰਦੀ ਲਾ ਦਿੱਤੀ। ਅਮਰੀਕਾ ਦੇ ਇਸ ਕਦਮ ਦੀ ਟੋਕੀਓ (Tokyo) ਵਿਚ ਤੀਬਰ ਪ੍ਰਤੀਕਿਰਿਆ ਹੋਈ ਅਤੇ 27 ਦਸੰਬਰ, 1940 ਨੂੰ ਜਰਮਨੀ ਦੇ ਨਾਲ ਜਾਪਾਨ ਨੇ 10 ਸਾਲ ਲਈ ਫੌਜੀ ਸੰਧੀ ਕਰ ਲਈ ਅਤੇ ਉਸ ਤੋਂ ਬਾਅਦ ਉਸਨੇ ਮਾਸਕੋ ਦੇ ਨਾਲ ਗੈਰ-ਹਮਲਾ ਅਤੇ ਨਿਰਪੱਖਤਾ ਦਾ ਸਮਝੌਤਾ ਵੀ ਸੰਪੰਨ ਕੀਤਾ। ਇਸ ਤੋਂ ਬਾਅਦ ਫਰਾਂਸ 'ਤੇ ਦਬਾਅ ਪਾ ਕੇ ਹਿੰਦਚੀਨ ਦੇ ਸਬੰਧ ਵਿਚ ਫੌਜੀ ਸਮਝੌਤੇ ਕੀਤੇ। ਜਾਪਾਨ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਬ੍ਰਿਟੇਨ ਅਤੇ ਅਮਰੀਕਾ ਨੇ ਸਖ਼ਤ ਰੁਖ਼ ਅਪਣਾਇਆ ਅਤੇ ਜਾਪਾਨ ਦੇ ਨਾਲ ਆਪਣਾ ਮੁੱਖ ਵਪਾਰ ਸਥਗਿਤ ਕਰ ਦਿੱਤਾ। ਇੱਧਰ ਜਾਪਾਨ ਵਿਚ ਵੀ ਫੌਜੀਵਾਦੀਆਂ ਦਾ ਜੋਰ ਵਧ ਰਿਹਾ ਸੀ।

ਜਾਪਾਨ ਨੇ ਸਮਝੌਤੇ ਦੇ ਸਾਰੇ ਪ੍ਰਸਤਾਵਾਂ ਪ੍ਰਤੀ ਅਸਹਿਯੋਗ ਦਾ ਰੁਖ਼ ਅਪਣਾਇਆ ਅਤੇ 7 ਦਸੰਬਰ, 1941 ਨੂੰ ਅਚਾਨਕ ਹੀ ਪਰਲਹਾਰਬਰ 'ਛੇ ਭਿਆਨਕ ਨੌਸੈਨਿਕ ਹਮਲਾ ਕਰ ਦਿੱਤਾ। ਜਾਪਾਨ ਦੇ ਇਸ ਅਚਾਨਕ ਹਮਲੇ ਨਾਲ ਅਰਮੀਕਾ ਦੀ ਲਗਭਗ ਅੱਧੀ ਸਮੁੰਦਰੀ ਸ਼ਕਤੀ ਨਸ਼ਟ ਹੋ ਗਈ, ਇਸ ਲਈ ਹੁਣ ਅਮਰੀਕਾ ਨੂੰ ਵੀ ਖੁੱਲ੍ਹੇ ਤੌਰ 'ਤੇ ਲੜਾਈ ਦੇ ਮੈਦਾਨ ਵਿਚ ਉੱਤਰਨਾ ਪਿਆ। ਜਿਸ ਦਿਨ ਪਰਲਹਾਰਬਰ 'ਤੇ ਹਮਲਾ ਕੀਤਾ ਗਿਆ ਉਸੇ ਦਿਨ ਸ਼ੰਘਾਈ, ਹਾਂਗਕਾਂਗ, ਮਲਾਇਆ ਅਤੇ ਸਿੰਘਾਪੁਰ 'ਤੇ ਬੰਬ ਵਰ੍ਹਾਏ ਗਏ। ਇਸ ਲਈ ਹੁਣ ਯੁੱਧ ਯੂਰਪ ਅਤੇ ਅਫ਼ਰੀਕਾ ਤੱਥ ਹੀ ਸੀਮਤ ਨਾ ਰਿਹਾ ਸਗੋਂ ਏਸ਼ੀਆ, ਅਮਰੀਕਾ ਅਤੇ ਪ੍ਰਸ਼ਾਂਤ ਮਹਾਸਾਗਰ ਵਿਚ ਵੀ ਫੈਲ ਗਿਆ।

ਜਾਪਾਨ ਦੇ ਹਮਲੇ ਦੀ ਤੀਬਰ ਪ੍ਰਤੀਕਿਰਿਆ ਹੋਈ। ਲੇਟਿਨ ਅਮਰੀਕਾ ਦੇ ਨਵ-ਰਾਸ਼ਟਰਾਂ ਨੇ ਵੀ ਅਮਰੀਕਾ ਵੱਲੋਂ ਜਾਪਾਨ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ। ਗ੍ਰੇਟ ਬ੍ਰਿਟੇਨ ਅਤੇ ਕੈਨੇਡਾ ਅਮਰੀਕਾ ਦੇ ਨਾਲ ਸ਼ਾਮਲ ਹੋ ਗਏ ਅਤੇ ਚੀਨ ਵੀ ਧੁਰੀ ਰਾਸ਼ਟਰਾਂ ਦੇ ਖਿਲਾਫ਼ ਅਖਾੜੇ ਵਿਚ ਉੱਤਰ ਆਇਆ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵੀ ਇਸ ਯੁੱਧ ਵਿਚ ਸ਼ਾਮਲ ਹੋ ਗਏ। ਗ੍ਰੀਸ, ਯੂਗੋਸਲਾਵੀਆ ਅਤੇ ਫਰਾਂਸ ਦੀਆਂ ਨਿਰਵਾਸਿਤ ਸਰਕਾਰਾਂ ਨੇ ਵੀ ਮਿੱਤਰ ਰਾਸ਼ਟਰਾਂ ਦਾ ਸਾਥ ਦਿੱਤਾ। ਠੀਕ ਇਸੇ ਤਰ੍ਹਾਂ, ਧੁਰੀ ਰਾਸ਼ਟਰਾਂ ਦੇ ਮਿੱਤਰ ਰਾਜਾਂ ਨੇ ਵੀ ਉਨ੍ਹਾਂ ਦਾ ਪੱਖ ਲਿਆ। 11 ਦਸੰਬਰ ਨੂੰ ਇਟਲੀ, ਜਰਮਨੀ ਅਤੇ ਜਾਪਾਨ- ਇਹ ਤਿੰਨੇ ਰਾਸ਼ਟਰ ਸਾਮੂਹਿਕ ਰੂਪ ਨਾਲ ਯੁੱਧ ਸੰਚਾਲਨ ਲਈ ਵਚਨਬੱਧ ਹੋ ਗਏ। ਇਸ ਤਰ੍ਹਾਂ ਸੰਪੂਰਨ ਵਿਸ਼ਵ ਯੁੱਧ ਦੀਆਂ ਲਪਟਾਂ ਵਿਚ ਘਿਰ ਗਿਆ ਅਤੇ ਯੁੱਧ ਕਰਨ ਵਾਲੇ ਦੋ ਪੱਖ ਸਪੱਸ਼ਟ ਹੋ ਗਏ। ਇੱਕ ਪਾਸੇ ਸਨ ਧੁਰੀ ਰਾਸਟਰ ਅਤੇ ਦੂਜੇ ਪਾਸੇ ਸਨ ਮਿੱਤਰ ਰਾਸ਼ਟਰ।

ਜਾਪਨੇ ਜਿਸ ਤੇਜ਼ ਗਤੀ ਨਾਲ ਹਮਲਾ ਕੀਤਾ, ਉਸੇ ਅਨੁਪਾਤ ਵਿਚ ਸ਼ੁਰੂ ਤੋਂ ਉਸਨੂੰ ਸਫ਼ਲਤਾ ਵੀ ਹਾਸਲ ਹੋਈ। ਜਾਪਾਨ ਦੀ ਫੌਜ ਯੁੱਧ ਲਈ ਪੂਰੀ ਤਰ੍ਹਾਂ ਟਰੇਂਡ ਸੀ, ਇਸ ਲਈ ਉਹ ਜਿੱਤ ਹਾਸਲ ਕਰਦੀ ਰਹੀ। 8 ਮਹੀਨੇ ਤੱਕ ਮਿੱਤਰ ਰਾਸ਼ਟਰਾਂ ਦੀ ਕਿਸੇ ਨਾ ਕਿਸੇ ਸਥਾਨ 'ਤੇ ਲਗਾਤਾਰ ਵੱਡੀਆਂ-ਵੱਡੀਆਂ ਹਾਰਾਂ ਹੁੰਦੀਆਂ ਰਹੀਆਂ। ਜਾਪਾਨ, ਹਾਂਗਕਾਂਗ, ਗਵਾਂਮ, ਫਿਲੀਪਾਈਨ, ਸਿਆਮ, ਮਲਾਇਆ, ਸਿੰਗਾਪੂਰ ਆਦਿ ਨੂੰ ਰੌਂਦਦਾ ਹੋਇਆ ਅੱਗੇ ਵਧਦਾ ਗਿਆ। ਬ੍ਰਿਟੇਨ ਆਪਣੀ 70 ਹਜਾਰ ਫੌਜ ਨੂੰ ਨਾਲ ਵੀ ਸਿੰਗਾਪੁਰ ਦੀ ਰੱਖਿਆ ਨਾ ਕਰ ਸਕਿਆ। ਜਾਪਾਨੀਆਂ ਦੇ ਯੁੱਧ ਕੌਸ਼ਲ ਅਤੇ ਦੂਰਦਰਸ਼ਿਤਾ ਨੇ ਬ੍ਰਿਟੇਨ ਫੌਜਾਂ ਦੇ ਛੱਕੇ ਤੁੜਾ ਦਿੱਤੇ। ਇਸ ਤੋਂਬਾਅਦ ਜਾਪਨ ਬਰਮਾ ਵਿਚ ਵਧਿਆ। ਨੇਤਾਜੀ ਸ਼ੁਭਾਸ਼ ਚੰਦਰ ਬੋਸ ਦੀ ਅਜ਼ਾਦ ਹਿੰਦ ਫੌਜ ਨੇ ਵੀ ਜਾਪਾਨ ਦਾ ਸਾਥ ਦਿੱਤਾ। ਜਾਪਾਨ ਨੇ ਰੰਗੂਨ 'ਤੇ ਅਧਿਕਾਰ ਕਰਕੇ ਚੀਨੀਆਂ ਅਤੇ ਅੰਗਰੇਜਾਂ ਦੇ ਛੱਕੇ ਛੁੜਾ ਦਿੱਤੇ।

ਪੂਰਬੀ ਏਸ਼ੀਆ ਵਿਚ ਜਾਪਾਨ ਦੀ ਮੁਖਤਿਆਰੀ ਸਥਾਪਤ ਹੋ ਗਈ ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਇਨ੍ਹਾਂ ਪ੍ਰਦੇਸ਼ਾਂ ਦੀ ਜਨਤਾ ਪੁਰਾਣੇ ਸਾਮਰਾਜਵਾਦੀ ਸ਼ਾਸਕਾਂ ਤੋਂ ਮੁਕਤੀ ਪਾਉਣ ਦੀ ਇੱਛੁਕ ਸੀ। ਸੰਭਵ ਹੈ ਇਸੇ ਲਈ ਜਾਪਾਨ ਇੰਨੀ ਆਸਾਨੀ ਨਾਲ ਅੱਗੇ ਵਧ ਸਕਿਆ।

4. **ਚੌਥਾ ਗੇੜ (Fourth Phase):** ਜਦੋਂਕਿ ਯੂਰਪ ਵਿਚ ਜਰਮਨੀ ਫੌਜਾਂ ਨੂੰ ਅਭੂਤਪੂਰਵ ਸਫ਼ਲਤਾ ਮਿਲਦੀ ਜਾ ਰਹੀ ਸੀ ਪਰ ਛੇਤੀ ਹੀ ਉਸਨੂੰ ਮੂੰਹ ਦੀ ਖਾਣੀ ਪਈ। ਭੂਮੱਧ ਸਾਗਰ ਅਤੇ ਪੂਰਬੀ ਅਫ਼ਰੀਕਾ ਵਿਚ ਬ੍ਰਿਟੇਨ ਕਮਜ਼ੋਰ ਪੈ ਗਿਆ ਸੀ, ਇਸ ਲਈ ਇਟਲੀ ਨੇ ਮੌਕਾ ਨਾ ਖੁੰਝਦਿਆਂ ਬ੍ਰਿਟਿਸ਼ ਬਸਤੀਆਂ 'ਤੇ ਹਮਲਾ ਕਰ ਦਿੱਤਾ। ਬ੍ਰਿਟੇਨ ਅਤੇ ਇਟਲੀ ਵਿਚ ਜੋ ਸ਼ੰਘਰਸ਼ ਸ਼ੁਰੂ ਹੋਇਆ, ਉਹ ਜ਼ਿਆਦਾਤਰ ਹਵਾਈ ਹਮਲੇ ਤੱਕ ਹੀ ਸੀਮਤ ਰਿਹਾ। ਇਟਲੀ ਬ੍ਰਿਟੇਨ ਦੇ ਪੂਰਬੀ ਅਫ਼ਰੀਕੀ ਪ੍ਰਦੇਸ਼ਾਂ 'ਤੇ ਅਧਿਕਾਰ ਕਰਨ ਵਿਚ ਸਫ਼ਲ ਹੋਇਆ ਪਰ ਇਸ ਨਾਲ ਉਸਨੂੰ ਕੋਈ ਖਾਸ ਫ਼ਾਇਦਾ ਨਹੀਂ ਹੋਇਆ। ਇਸਲਈ ਉਸਨੇ

ਨੋਟ

ਭੂਮੱਧ ਸਾਗਰ ਵਿਚ ਬ੍ਰਿਟਿਸ਼ ਪ੍ਰਭਾਵ ਨੂੰ ਘੱਟ ਕਰਨ ਦੇ ਉਦੇਸ਼ ਨਾਲ ਇਟਲੀ ਦੀਆਂ ਫੌਜ ਨੇ ਦਸੰਬਰ 1940 ਵਿਚ ਮਿਸਰ ਸਥਿਤ ਬ੍ਰਿਟਿਸ਼ ਫੌਜਾਂ 'ਤੇ ਹਮਲਾ ਕਰ ਦਿੱਤਾ; ਪਰ ਆਖ਼ਰ ਵਿਚ ਮਾਰਚ, 1941 ਵਿਚ ਇਟਲੀ ਦੀਆਂ ਫੌਜਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਅਪਰੈਲ, 1941 ਵਿਚ ਜਨਰਲ ਰੋਮਲ (Romel) ਦੀ ਅਗਵਾਈ ਵਿਚ ਇਟਲੀ ਦੀਆਂ ਫੌਜਾਂ ਨੇ ਮੁੜ ਜਿੱਤ ਹਾਸਲ ਕੀਤੀ। ਇਸ ਤਰ੍ਹਾਂ ਦਾ ਉਤਰਾਅ-ਚੜ੍ਹਾਅ ਅਕਤੂਬਰ, 1942 ਤੱਕ ਚਲਦਾ ਰਿਹਾ। ਪਰ ਛੇਤੀ ਹੀ ਮਿਂਟਗੋਮਰੀ (Montgomery) ਦੀ ਫੌਜ ਨੇ ਜਰਮਨ ਫੌਜਾਂ ਨੂੰ ਖਦੇੜ ਕੇ ਲੀਬੀਆ ਤੋਂ ਬਾਹਰ ਕੱਢ ਦਿੱਤਾ ਅਤੇ ਹੌਲੀ-ਹੌਲੀ ਰੋਮੇਲ ਦੀ ਫੌਜ ਨੂੰ ਮਿਸਰ ਛੱਡਣਾ ਪਿਆ। ਮਿਂਟਗੁਮਰੀ ਦੀਆਂ ਫੌਜਾਂ ਨੇ ਜਦੋਂ ਟ੍ਰਿਪੋਲੀ (Tripoli) ਵਿਚ ਦਾਖਲਾ ਕੀਤਾ ਤਾਂ ਮਿਸਰ ਦੀ ਆਖ਼ਰੀ ਲੜਾਈ ਲੜੀ ਗਈ ਅਤੇ ਰੋਮੇਲ ਦੀ ਫੌਜ ਭਜਾ ਦਿੱਤੀ ਗਏ। ਇਸ ਤਰ੍ਹਾਂ ਇਟਲੀ ਦਾ ਅਫ਼ਰੀਕੀ ਸਾਮਰਾਜ ਤਬਾਹ ਹੋਇਆ।

ਜਦੋਂ ਮਿਂਟਗੁਮਰੀ ਦੀ ਫੌਜ ਪੂਰਬੀ ਅਫ਼ਰੀਕਾ ਤੋਂ ਧੁਰੀ ਰਾਸ਼ਟਰਾਂ ਨੂੰ ਹਟਾਉਣ ਵਿਚ ਰੁੱਝੀ ਸੀ ਉਸ ਸਮੇਂ ਪੱਛਮ ਵੱਲੋਂ ਅਮਰੀਕਾ ਫੌਜੀ ਪ੍ਰਧਾਨ ਆਈਜਨਹੋਵਰ (Eisenhover) ਨੇ ਸੈਨਾ ਦੀਅਗਵਾਈ ਵਿਚ ਅਮਰੀਕੀ ਫੌਜਾਂ ਉਨ੍ਹਾਂ ਦਾ ਦਮਨ ਵਿਚ ਲੱਗੀਆਂ ਸਨ। ਆਖ਼ਰ ਨਵੰਬਰ 1942 ਵਿਚ ਆਈਜਨਹੋਵਰ ਦੀ ਅਗਵਾਈ ਵਿਚ ਮਿੱਤਰ ਰਾਸਟਰਾਂ ਦੀਆਂ ਫੌਜਾਂ ਉੱਤਰੀ ਅਫ਼ਰੀਕਾ ਵਿਚ ਉਤਾਰੀਆਂ ਗਈਆਂ ਅਤੇ ਅੰਤ ਵਿਚ ਅਫ਼ਰੀਕਾ ਨੂੰ ਜਰਮਨੀ ਤੋਂ ਮੁਕਤ ਕਰਵਾ ਲਿਆ ਗਿਆ।

14 ਜਨਵਰੀ, 1943 ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਚਰਚਿਲ ਅਤੇ ਅਮਰੀਕੀ ਰਾਸ਼ਟਰਪਤੀ ਰੂਜਵੈਲਟ ਨੇ ਕੈਸਾਬਲਾਂਕਾ (Casablanca) ਵਿਚ ਇੱਕ ਗੁਪਤ ਸੰਮੇਲਨ ਕੀਤਾ ਜਿਸ ਵਿਚ ਸੰਨ 1943 ਵਿਚ ਯੁੱਧ ਸੰਚਾਲਨ ਲਈ ਯੋਜਨਾ ਬਣਾਈ ਸੀ।

10 ਜੁਲਾਈ, 1943 ਨੂੰ ਮਿੱਤਰ ਰਾਸ਼ਟਰਾਂ ਦੀਆਂ ਫੌਜਾਂ ਨੇ ਸਿਸਲੀ (Sicily) 'ਤੇ ਹਮਲਾ ਕੀਤਾ। ਛੇਤੀ ਹੀ ਸਿਸਲੀ 'ਤੇ ਮਿੱਤਰ ਰਾਸ਼ਟਰਾਂ ਦਾ ਅਧਿਕਾਰ ਸਥਾਪਤ ਹੋ ਗਿਆ। 18 ਜੁਲਾਈ, 1943 ਨੂੰ ਮਿੱਤਰ ਰਾਸ਼ਟਰਾਂ ਨੇ ਸੰਗਠਿਤ ਰੂਪ ਨਾਲ ਇਟਲੀ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਹਿਟਲਰ ਖੁਦ ਉੱਥੇ ਕਠਿਨਾਈ ਵਿਚ ਫਸਿਆ ਹੋਇਆ ਸੀ, ਆਖ਼ਰ ਉਹ ਮੁਸੋਲਿਨੀ ਨੂੰ ਤਨਿਕ ਵੀ ਸਹਾਇਤਾ ਨਾ ਦੇ ਸਕਿਆ। ਇਸ ਸਮੇਂ ਖੁਦ ਇਟਲੀ ਵਿਚ ਵੀ ਜਨਮਤ ਮੁਸੋਲਿਨੀ ਦੇ ਵਿਰੁੱਧ ਹੋ ਰਿਹਾ ਸੀ ਕਿਉਂਕਿ ਯੁੱਧ ਵਿਚ ਹਾਲੇ ਤੱਕ ਕਿਤੇ ਵੀ ਇਟਲੀ ਨੂੰ ਸੰਤੋਸ਼ਜਨਕ ਸਫ਼ਲਤਾ ਨਹੀਂ ਮਿਲ ਸਕੀ ਸੀ। 22 ਜੁਲਾਈ ਨੂੰ ਫਾਸਿਸਟ ਹਾਈ ਕਮਾਂਡ ਨੇ ਮੁਸੋਲਿਨੀ ਤੋਂ ਅਸਤੀਫ਼ਾ ਮੰਗਿਆ, ਅਗਲੇ ਦਿਨ ਇਟਲੀ ਦੇ ਸਮਰਾਟ ਮੁਸੋਲਿਨੀ ਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਅਤੇ ਉਸਨੂੰ ਗ੍ਰਿਫ਼ਤਾਰ ਕਰਾ ਲਿਆ। ਨਵੇਂ ਪ੍ਰਧਾਨਮੰਤਰੀ ਨੇ ਸ਼ੁਰੂ ਵਿਚ ਯੁੱਧ ਜਾਰੀ ਰੱਖਿਆ ਪਰ 3 ਦਸੰਬਰ 1943 ਨੂੰ ਉਸਨੇ ਆਤਮਸਮਰਪਣ ਕਰ ਦਿੱਤਾ। ਇਸ 'ਤੇ ਜਰਮਨੀ ਵਿਚਾਲੇ ਕੁੱਦ ਪਿਆ ਅਤੇ ਮਿੱਤਰ ਰਾਸ਼ਟਰਾਂ ਦੀ ਫੌਜ ਦੇ ਆਉਣ ਤੋਂ ਪਹਿਲਾਂ ਹੀ ਜਰਮਨ ਫੌਜ ਇਟਲੀ ਵਿਚ ਦਾਖਲ ਹੋ ਗਈ। ਜਰਮਨ ਫੌਜਾਂ ਨੇ ਮੁਸੋਲਿਨੀ ਨੂੰ ਮੁਕਤ ਕਰਵਾਇਆ। ਮੁਸੋਲਿਨੀ ਜਰਮਨੀ ਪਹੁੰਚਿਆ ਗਿਆ ਅਤੇ ਉੱਥੋਂ ਉਸਨੇ ਫਿਰ ਇਟਲੀ ਨੂੰ ਆਪਣੇ ਪ੍ਰਭਾਵ ਵਿਚ ਲਿਆਉਣ ਦਾ ਯਤਨ ਕੀਤਾ ਪਰ ਹੁਣ ਇਹ ਸਭ ਯਤਨ ਵਿਅਰਥ ਸਨ। ਪਾਸਾ ਤੇਜ਼ੀ ਨਾਲ ਪਲਟਣ ਲੱਗਾ ਅਤੇ ਮਿੱਤਰ ਰਾਸ਼ਟਰਾਂ ਦੀਆਂ ਫੌਜਾਂ ਨੇ ਹੌਲੀ-ਹੌਲੀ ਇਟਲੀ 'ਤੇ ਅਧਿਕਾਰ ਕਰ ਲਿਆ ਅਤੇ 4 ਜੂਨ, 1944 ਨੂੰ ਰੋਮ (Rome) ਨਾਜੀਆਂ ਦੇ ਚੁੰਗਲ ਤੋਂ ਮੁਕਤ ਹੋ ਗਿਆ। ਇਟਲੀ ਦੀ ਜ਼ਮੀਨ 'ਤੇ ਅਵਿਸ਼ਿਟ ਜਰਮਨ ਫੌਜਾਂ ਯੁੱਧ ਕਰਦੀਆਂ ਰਹੀਆਂ, ਪਰ ਆਖ਼ਰ ਵਿਚ 2 ਮਈ, 1945 ਨੂੰ ਉਨ੍ਹਾਂ ਹਥਿਆਰ ਸੁੱਟ ਦਿੱਤੇ।

ਸੋਵੀਅਤ ਰੂਸ ਦੇ ਨਾਲ ਹੋਣ ਵਾਲੇ ਸੰਘਰਸ਼ ਵਿਚ ਵੀ ਜਰਮਨ ਫੌਜਾਂ ਨੂੰ ਲਗਾਤਰ ਹਾਰ ਦਾ ਮੂੰਹ ਦੇਖਣਾ ਪੈ ਰਿਹਾ ਸੀ। ਸੰਨ 1943 ਦੇ ਸਮਾਪਤ ਹੁੰਦਿਆਂ-ਹੁੰਦਿਆਂ ਰੂਸੀ ਫੌਜਾਂ ਨੇ ਜਰਮਨ ਅਧਿਕਾਰ ਵਿਚ ਹੋਏ ਜ਼ਿਆਦਾਤਰ ਭੂ-ਭਾਗ ਨੂੰ ਆਜ਼ਾਦ ਕਰਵਾਲਿਆ। ਜਨਵਰੀ, 1944 ਤੋਂ ਰੂਸ ਦਾ ਹਮਲਾ ਹੋਰ ਵੀ ਭਿਆਨਕ ਹੋ ਗਿਆ, ਅਤੇ ਬਸੰਤ ਦੇ ਸਮਾਪਤ ਹੁੰਦਿਆਂ-ਹੁੰਦਿਆਂ ਰੂਸੀ ਫੌਜਾਂ ਜਰਮਨੀ ਅਤੇ ਉਸਦੇ ਪਿੱਛਲੱਗੂ ਰਾਸ਼ਟਰਾਂ ਦੀ ਸਰਹੱਦ ਦੇ ਨੇੜੇ ਆ ਗਈਆਂ। ਜਿਸ ਸਾਹਸ ਨਾਲ ਲਾਲ ਫੌਜ (Red Army) ਨੇ ਜਰਮਨੀ ਫੌਜ ਨੂੰ ਹਰਾਇਆ, ਉਹ ਵਿਸ਼ਵ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ।

ਬ੍ਰਿਟੇਨ ਦੇ 400 ਬੰਬ ਵਰ੍ਹਾਊ ਹਵਾਈ ਜਹਾਜਾਂ ਨੇ ਬਰਲਿਨ 'ਤੇ ਭਿਆਨਕ ਬੰਬ ਵਰਸ਼ਾ ਕੀਤੀ ਅਤੇ 30 ਮਈ, 1944 ਨੂੰ ਇੱਕ ਹਜ਼ਾਰ ਹਵਾਈਜਹਾਜਾਂ ਨਾਂਲ ਜਰਮਨੀ ਦੇ ਕੋਲੋਨ (Colone) ਨਗਰ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ। ਪੂਰੇ ਇੱਕ ਸਾਲ ਤੱਕ ਇਸੇ ਤਰ੍ਹਾਂ ਭਿਆਨਕ ਬੰਬ ਵਰਸ਼ਾ ਹੁੰਦੀ ਰਹੀ।

ਫਲਸਰੂਪ 1943 ਦੇ ਨਵੰਬਰ-ਦਸੰਬਰ ਵਿਚ ਤਹਿਰਾਨ (Teheran) ਵਿਚ ਚਰਚਿਲ, ਰੂਜ਼ਵੈਲਟ ਅਤੇ ਸਟਾਲਿਨ ਵਿਚਾਲੇ ਇੱਕ ਸੰਮੇਲਨ ਹੋਇਆ ਜਿਸ ਵਿਚ ਹਿਟਲਰ 'ਤੇ ਚੜ੍ਹਾਈ ਕਰਨ ਦੀ ਸਾਂਝੀ ਯੋਜਨਾ ਤਿਆਰ ਕੀਤੀ ਗਈ।

ਹੁਣ ਜਰਮਨੀ ਦਾ ਪਤਨ ਨੇੜੇ ਸੀ। 8 ਮਾਰਚ, 1944 ਨੂੰ ਦੋ ਹਜ਼ਾਰ ਅਮਰੀਕੀ ਬੰਬ ਵਰ੍ਹਾਊਆਂ ਨੇ ਬਰਲਿਨ (Berlin) 'ਤੇ ਭਿਆਨਕ ਅਗਨੀ ਵਰਸ਼ਾ ਕੀਤੀ। 5 ਜੂਨ, 1944 ਨੂੰ ਉਸਨੂੰ ਆਖਰੀ ਸੰਘਰਸ਼ ਦੀ ਚੁਣੌਤੀ ਦਿੱਤੀ ਗਈ। ਫਰਾਂਸ ਦੇ ਉੱਤਰ ਪੱਛਮੀਂ ਸਮੁੰਦਰ ਤੱਟ 'ਤੇ ਮਿੱਤਰ ਰਾਸ਼ਟਰਾਂ ਦੀਆਂ ਫੌਜਾਂ ਉਤਾਰ ਦਿੱਤੀਆਂ ਗਈ। ਦਸੰਬਰ 1944 ਤੱਕ 3 ਲੱਖ ਤੋਂ ਜ਼ਿਆਦਾ ਫੌਜਾਂ ਫਰਾਂਸ ਪਹੁੰਚ ਗਈਆ। ਫਰਾਂਸ ਦੇ ਕੰਢੀ ਜਰਮਨ ਕਿਲੇਬੰਦੀ ਅਤੇ ਜਰਮਨ ਫੌਜਾਂ 'ਤੇ ਭਿਆਨਕ ਬੰਬਵਰਸ਼ਾ ਕੀਤੀ ਗਈ। ਉੱਧਰ ਆਜਾਦ ਫਰਾਂਸ ਦੀ ਫੌਜ ਵੀ ਅੰਦਰੋਂ ਮਿੱਤਰ ਰਾਸ਼ਟਰਾਂ ਦੀ ਫੌਜ ਨੂੰ ਹਰ ਸੰਭਵ ਸਹਾਇਤਾ ਦੇਣ ਲੱਗੀ। 15 ਅਗਸਤ, 1944 ਨੂੰ ਫਰਾਂਸ ਦੇ ਪੂਰਬ ਭੂਮੱਧ ਸਾਗਰੀ ਕੰਢੇ 'ਤੇ ਮਿੱਤਰ ਰਾਸ਼ਟਰੀ ਫੌਜਾਂ ਉਤਾਰੀਆਂ ਗਈਆਂ। ਤੂਲੋਂ ਅਤੇ ਮਾਰਸੇਲੀਜ਼ (Tulo and Morcellese) ਦੇ ਬੰਦਰਗਾਹ 'ਤੇ ਮਿੱਤਰ ਰਾਸ਼ਟਰਾਂ ਦਾ ਕਬਜ਼ਾ ਹੋ ਗਿਆ। 23 ਅਗਸਤ, 1944 ਨੂੰ ਫਰਾਂਸ ਸਥਿਤ ਜਰਮਨ ਸੈਨਾਪਤੀ ਨਾਲ ਸੁਲ੍ਹਾ ਵਾਰਤਾ ਚਾਲੂ ਹੋਈ ਅਤੇ 25 ਅਗਸਤ ਨੂੰ ਜਰਮਨ ਅਧਿਕਾਰਤ

ਪੈਰਿਸ ਦਾ ਪਤਨ ਹੋ ਗਿਆ। ਜਰਮਨ ਫੌਜਾਂ ਨੇ ਫਰਾਂਸ ਵਿਚ ਆਤਮਸਮਰਪਣ ਕਰ ਦਿੱਤਾ। ਇਸੇ ਸਮੇਂ ਜਨਰਲ ਡਿਗਾਲ (De Gaul) ਆਪਣੀ ਫੌਜ ਦੇ ਨਾਲ ਪੈਰਿਸ ਆ ਪਹੁੰਚਿਆ। ਉਸਦਾ ਨਿੱਘਾ ਸਵਾਗਤ ਹੋਇਆ ਅਤੇ ਉਸਦੀ ਅਗਵਾਈ ਵਿਚ ਫਰਾਂਸ ਵਿਚ ਅੰਤਰਿਮ ਸਰਕਾਰ ਸਥਾਪਤ ਕੀਤੀ ਗਈ।

ਫਰਾਂਸ ਨੂੰ ਮੁਕਤ ਕਰਾਉਣ ਤੋਂ ਬਾਅਦ ਮਿੱਤਰ ਰਾਸ਼ਟਰੀ ਫੌਜਾਂ ਮੱਧ ਯੂਰਪ ਵੱਲ ਵਧੀਆਂ। ਸਕੈਂਡੇਨੇਵੀਆ, ਡੈਨਮਾਰਕ, ਹਾਲੈਂਡ ਆਦਿ ਹੁਣ ਤੱਕ ਜਰਮਨੀ ਦੇ ਅਧੀਨ ਸਨ ਅਤੇ ਉਨ੍ਹਾਂ ਨੂੰ ਅਜ਼ਾਦ ਕਰਵਾਉਣਾ ਜ਼ਰੂਰੀ ਸੀ। ਮਿੱਤਰ ਰਾਸ਼ਟਰੀ ਫੌਜਾਂ ਨੇ ਆਪਣਾ ਟੀਚਾ ਪੂਰਾ ਕੀਤ। ਇੱਧਰ ਰੂਸ ਵੀ ਫਿਨਲੈਂਡ ਅਤੇ ਪੋਲੈਂਡ ਨੂੰ ਮੁਕਤ ਕਰਵਾ ਰਿਹਾ ਸੀ। ਸੰਨ 1944 ਦੇ ਅੰਤ ਤੱਕ ਲੈਟਵੀਆ, ਇਸਟੋਨੀਆ ਅਤੇ ਲਿਥੂਆਨੀਆਂ ਦੇ ਜ਼ਿਆਦਾਤਰ ਹਿੱਸੇ ਨੂੰ ਜਰਮਨ-ਕੰਟਰੋਲ ਤੋਂ ਅਜ਼ਾਦ ਕਰਵਾ ਲਿਆ ਗਿਆ। ਹੁਣ ਰੂਸ ਨੇ ਬਲਕਾਨ ਪ੍ਰਾਇਦੀਪ ਵੱਲ ਕਦਮ ਵਧਾਇਆ। ਇਸ ਪ੍ਰਾਇਦੀਪ ਦੇ ਰਾਸ਼ਟਰ ਇੱਕ ਇੱਕ ਕਰਕੇ ਰੂਸ ਨਾਲ ਸੁਲ੍ਹਾ ਕਰਨ ਲੱਗ ਗਏ। ਰੋਮਾਨੀਆ, ਬਲਗਾਰੀਆ, ਯੂਗੋਸਲਾਵੀਆ ਆਦਿ ਸਾਰੇ ਮਿੱਤਰ ਰਾਸ਼ਟਰਾਂ ਦੇ ਪੱਖ ਵਿਚ ਹੋ ਗਏ। ਹੰਗਰੀ ਨੇ ਰੂਸ ਦਾ ਵਿਰੋਧ ਕੀਤਾ, ਪਰ ਉਸਨੂੰ ਰੂਸੀ ਫੌਜਾਂ ਨੇ ਹਰਾ ਕੇ ਆਤਮਸਮਰਪਣ ਲਈ ਮਜ਼ਬੂਰ ਕਰ ਦਿੱਤਾ। ਗ੍ਰੀਸ ਚੈਕੋਸਲੋਵਾਕੀਆ ਵੀ ਰੂਸੀ ਫੋਜਾਂ ਦੁਆਰਾ ਜਰਮਨ ਕਬਜੇ ਤੋਂ ਮੁਕਤ ਕਰਾ ਲਿਆ ਗਿਆ।

5. **ਪੰਜਵਾਂ ਗੇੜ (Fifth Phase)**– ਯੂਰਪ ਵਿਚ ਜਰਮਨ ਨੂੰ ਹਰਾਉਣ ਤੋਂ ਬਾਅਦ ਮਿੱਤਰ ਰਾਸਟਰਾਂ ਦਾ ਧਿਆਨ ਸੁਦੂਰਪੂਰਬ ਵਿਚ ਜਾਪਾਨ ਨੂੰ ਹਰਾਉਣ ਵੱਲ ਗਿਆ। ਬ੍ਰਿਟਿਸ਼ ਫੌਜ ਬਰਮਾ ਵੱਲ ਵਧੀਆਂ ਅਤੇ ਜਾਪਾਨ ਤੋਂ ਬਰਮਾ ਨੂੰ ਅਜ਼ਾਦ ਕਰਵਾਇਆ ਗਿਆ। ਉਸ ਤੋਂ ਬਾਅਦ ਮਲਾਇਆ (Malaya) ਦਾ ਉੱਧਾਰ ਹੋਇਆ। ਫਿਲਪਾਈਨ 'ਤੇ ਅਮਰੀਕੀ ਫੌਜਾਂ ਨੇ ਕਬਜ਼ਾ ਕਰ ਲਿਆ ਅਤੇ ਸਿੰਗਾਪੁਰ ਮੁੜ ਬ੍ਰਿਟਿਸ਼ ਅਧਿਕਾਰ ਵਿਚ ਆ ਗਿਆ। ਹੁਣ ਸਿਰਫ਼ ਜਾਪਾਨ ਹੀ ਬਾਕੀ ਰਿਹਾ। ਆਖ਼ਰ ਜਨਰਲ ਮੇਕਾਰਥ (Mc Arther) ਦੇ ਸੈਨਾਪ੍ਰਤੀ ਹੁੰਦਿਆਂ ਜਾਪਨ 'ਤੇ ਭਿਆਨਕ ਹਮਲਾ ਸ਼ੁਰੂ ਹੋਇਆ ਜਾਪਨ ਦੀ ਨੌ ਸੈਨਾ ਨੂੰ ਭਿਆਨਕ ਨੁਕਸਾਨ ਪਹੁੰਚਾਇਆ ਗਿਆ। ਜਾਪਾਨ ਬੰਦਰਗਾਹ ਭਿਆਨਕ ਬੰਬਵਰਸ਼ਾ ਦੇ ਸ਼ਿਕਾਰ ਬਣੇ। ਚੀਨ ਦੇ ਚਿਆਂਗਕਾਈ ਸ਼ੇਕ ਨੇ ਵੀ ਜਾਪਾਨ ਦੇ ਕਬਜ਼ੇ ਤੋਂ ਆਪਣੇ ਪ੍ਰਦੇਸ਼ਾਂ ਨੂੰ ਮੁਕਤ ਕਰਵਾਉਣਾ ਸ਼ੁਰੂ ਕਰ ਦਿੱਤਾ। ਮਿੱਤਰ ਰਾਸ਼ਟਰਾਂ ਨੇ ਜਾਪਾਨ ਨੂੰ ਸਾਮਰਾਜਵਾਦੀ ਨੀਤੀ ਦਾ ਤਿਆਗ ਕਰਨ ਦੀ ਅਪੀਲ ਕੀਤੀ। 26 ਜੁਲਾਈ, 1945 ਨੂੰ ਆਪਣੇ ਪੋਸਟਡਮ ਸੰਮੇਲਨ (Postdam Conference) ਵਿਚ ਮਿੱਤਰ ਰਾਸ਼ਟਰਾਂ ਨੇ ਜਾਪਾਨ ਤੋਂ ਬਿਨਾ ਸ਼ਰਤ ਆਤਮਸਮਰਪਣ ਦੀ ਮੰਗ ਕੀਤੀ। ਜਾਪਾਨ ਦੁਅਰਾ ਇਹ ਪ੍ਰਸਤਾਵ ਠੁਕਰਾ ਦਿੱਤਾ ਗਿਆ ਜਿਸ ਦੇ ਨਤੀਜੇ ਵਜੋਂ 6 ਅਗਸਤ 1945 ਨੂੰ ਜਾਪਾਨ ਦੇ ਖੁਸ਼ਹਾਲ ਨਗਰ ਹਿਰੋਸ਼ੀਮਾ (Hiroshima) 'ਤੇ ਅਮਰੀਕਾ ਦੁਆਰਾ ਪਹਿਲਾ ਅਣੂ ਬੰਬ ਸੁੱਟਿਆ ਗਿਆ। ਪਰ ਜਾਪਾਨ ਫਿਰ ਵੀ ਨਹੀਂ ਝੁਕਿਆ। ਉੱਧਰ ਰੂਸ ਨੇ ਵੀ ਜਾਪਾਨ ਦੇ ਖਿਲਾਫ਼ ਯੁੱਧ ਦਾ ਐਲਾਨ ਕਰ ਦਿੱਤਾ ਪਰ ਜਾਪਾਨ ਦੁਖੀ ਨਹੀਂ ਹੋਇਆ। 9 ਅਗਸਤ, 1945 ਨੂੰ ਅਮਰੀਕਾ ਨੇ ਜਾਪਾਨੀ ਨਗਰ ਨਾਗਾਸਾਕੀ (Nagasaki) 'ਤੇ ਆਪਣਾ ਦੂਸਰਾ ਅਣੂ ਬੰਬ ਸੁੱਟਿਆ। ਬੱਸ ਇੱਥੇ ਜਾਪਾਨ ਦੇ ਵਿਰੋਧ ਦਾ ਅੰਤ ਸੀ। 14 ਅਗਸਤ ਨੂੰ ਜਾਪਾਨ ਨੇ ਬਿਨਾ ਸ਼ਰਤ ਆਤਮਸਮਰਪਣ ਕਰ ਦਿੱਤਾ। ਜਾਪਾਨ ਵੱਲੋਂ ਅਸਵੀਕਾਰਤਾ ਦਾ ਕੋਈ ਸਵਾਲ ਹੀ ਨਹੀਂ ਉੱਠਦਾ ਸੀ। ਪੂਰਬ ਵਿਚ ਜਾਪਾਨ ਦੀ ਇਸ ਹਾਰ ਤੋਂ ਬਾਅਦ ਦੂਜੇ ਮਹਾਂਯੁੱਧ ਦੀ ਭਿਆਨਕਤਾ ਦਾ ਅੰਤ ਹੋਇਆ।

**ਸਵ-ਮੁਲਾਂਕਣ (Self Assessment)**

**ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :**

4. ........ ਨੂੰ ਅਮਰੀਕਾ ਨੇ ਜਾਪਾਨੀ ਨਗਰ ਨਾਗਾਸਾਕੀ 'ਤੇ ਆਪਣਾ ਦੂਸਰਾ ਅਣੂ ਬੰਬ ਸੁੱਟਿਆ ਸੀ।
   (ੳ) 9 ਅਗਸਤ, 1945 (ਅ) 6 ਅਗਸਤ, 1945
   (ੲ) 15 ਅਗਸਤ, 1947 (ਸ) ਇਨ੍ਹਾਂ ਵਿਚੋਂ ਕੋਈ ਨਹੀਂ
5. ਯੁੱਧ ਦਾ ਤੀਜਾ ਗੇੜ.......... ਨੂੰ ਸ਼ੁਰੂ ਹੋਇਆ ਜਦੋਂ ਜਾਪਾਨ ਨੇ ਪਰਲਹਾਰਬਰ 'ਤੇ ਹਮਲਾ ਕੀਤਾ।
   (ੳ) 7 ਜਨਵਰੀ, 1941 (ਅ) 7 ਫਰਵਰੀ, 1941
   (ੲ) 7 ਦਸੰਬਰ, 1941 (ਸ) 7 ਮਾਰਚ, 1941
6. ਫਰਾਂਸ ਦੀ ਮਾੜੀ ਹਾਲਤ ਦੇਖ ਕੇ........... ਨੂੰ ਇਟਲੀ ਨੇ ਫਰਾਂਸ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।
   (ੳ) 10 ਜੂਨ, 1940 (ਅ) 10 ਮਈ, 1940
   (ੲ) 10 ਮਾਰਚ, 1940 (ਸ) 10 ਜੁਲਾਈ, 1940

## 28.3 ਦੂਜੇ ਵਿਸ਼ਵਯੁੱਧ ਦੇ ਨਤੀਜੇ (Effects of II World War)

ਦੂਜਾ ਮਹਾਂਯੁੱਧ ਇੱਕ ਸੰਪੂਰਨ ਯੁੱਧ (Total War) ਸੀ। ਇਹ ਯੁੱਧ ਐਨਾ ਵਿਆਪਕ ਸੀ ਕਿ ਉਂਜ ਸਮੁੱਚਾ ਵਿਸ਼ਵ ਇਸ ਲਪੇਟ ਵਿਚ ਸੀ, ਸੰਯੁਕਤ ਰਾਜ ਅਮਰੀਕਾ 'ਤੇ ਵੀ ਕੁਝ ਬੰਬ ਵਰਸ਼ਾ ਹੋਈ ਅਤੇ ਯੂਰਪ, ਅਫ਼ਰੀਕਾ, ਏਸ਼ੀਆ, ਅਟਲਾਂਟਿਕ ਸਾਗਰ, ਪ੍ਰਸ਼ਾਂਤ ਮਹਾਂਸਾਗਰ ਆਦਿ ਸਾਰੇ ਖੇਤਰਾਂ ਵਿਚ ਭਿਆਨਕ ਕਤਲੇਆਮ ਹੋਇਆ। ਇਸ ਯੁੱਧ ਦੀ ਨੀਤੀ ਵੀ ਪਿਛਲੇ ਯੁੱਧਾਂ ਤੋਂ ਵੱਖ ਸੀ। ਹਿਟਲਰ

ਨੋਟ

ਬਿਜਲਈ ਤੇਜ਼ੀ (Blizkrieg) ਯੁੱਧ ਨੇ ਸਮੁੱਚੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਜੋ ਜਿੱਤ ਮਹੀਨਿਆਂ ਅਤੇ ਸਾਲਾਂ ਵਿਚ ਹੁੰਦੀ ਸੀ, ਉਹ ਹਫ਼ਤਿਆਂ ਅਤੇ ਦਿਨਾਂ ਵਿਚ ਹੋ ਗਈ। ਇਹ ਯੁੱਧ ਰਾਸ਼ਟਰਾਂ ਦਾ ਹੀ ਨਹੀਂ ਵਿਚਾਰਾਂ ਅਤੇ ਸਿਧਾਂਤਾਂ ਦਾ ਵੀ ਯੁੱਧ ਸੀ। ਇੱਕ ਪਾਸੇ ਹਿਟਲਰ ਦਾ ਨਾਜੀਵਾਦ, ਮੁਸੋਲਿਨੀ ਦਾ ਫਾਸਿਸਟਵਾਦ ਅਤੇ ਜਾਪਾਨ ਦਾ ਸ਼ਿੰਤੋਵਾਦ (ਸ਼ਿੰਤੋ ਧਰਮ) ਦਾ ਤਾਂ ਦੂਜੇ ਪਾਸੇ ਲੋਕਤੰਤਰਿਕ ਦੇਸ਼ ਸਨ ਜਿਨ੍ਹਾਂ ਮਨੁੱਖ ਆਜ਼ਾਦੀ ਰੱਖਿਆ ਲਈ, ਸੱਭਿਅਤਾ ਅਤੇ ਸੰਸਕ੍ਰਿਤੀ ਦੀ ਸੁਰੱਖਿਆ ਲਈ ਇਨ੍ਹਾਂ ਤਾਨਾਸ਼ਾਹਵਾਦੀ ਦੇਸ਼ਾਂ ਦੀ ਚੁਣੌਤੀ ਨੂੰ ਸਵੀਕਾਰ ਕੀਤਾ ਸੀ। ਮਹਾਂਯੁੱਧ ਦੇ ਸਮੇਂ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਦੇ ਪ੍ਰਤੀਕੂਲ– ਪਰ ਫਿਰ ਵੀ ਤਾਨਾਸ਼ਾਹਵਾਦੀ ਤੱਤ ਦੇ ਜ਼ਿਆਦਾ ਅਨੁਕੂਲ ਇੱਥ ਤੀਜੀ ਵਿਚਾਰਧਾਰਾ ਸੀ–ਸਾਮਵਾਦ। ਹਾਲਾਤਾਂ ਨੇ ਉਸਨੂੰ ਲੋਕਤੰਤਰਿਕ ਦੇਸ਼ਾਂ ਦੇ ਨਾਲ ਲਿਆ ਖੜ੍ਹਾ ਕਰ ਦਿੱਤਾ। ਸਾਮਵਾਦੀ ਰੂਸ, ਬ੍ਰਿਟੇਨ, ਫਰਾਂਸ ਅਤੇ ਸੰਯੁਕਤ ਰਾਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਧੁਰੀ ਰਾਸ਼ਟਰਾਂ ਦੇ ਵਿਰੁੱਧ ਲੜਿਆ ਪਰ ਦੋਵਾਂ ਵਿਚਾਰਧਾਰਾਂ ਵਿਚ ਜੋ ਜ਼ਮੀਨ–ਅਸਮਾਨ ਦਾ ਫਰਕ ਸੀ, ਉਸਨੇ ਯੁੱਧ ਦੀ ਸਮਾਪਤੀ 'ਤੇ ਦੋਵਾਂ ਵਿਚ ਮੁੜ ਰੱਸਾਕਸ਼ੀ ਸ਼ੁਰੂਕਰ ਦਿੱਤੀ।

ਟਾਸਕ ਯੁੱਧ ਦਾ ਤ੍ਰੀਤੀਆ ਚਰਨ ਕਰ ਪ੍ਰਾਰੰਭ ਹੋਇਆ ?

ਦੂਜੇ ਵਿਸ਼ਵ ਯੁੱਧ ਦੇ ਬੜੇ ਕ੍ਰਾਂਤੀਕਾਰੀ ਨਤੀਜੇ ਨਿੱਕਲੇ। ਮੁੱਖ ਨਤੀਜਾ ਸੰਖੇਪ ਵਿਚ ਇਸ ਤਰ੍ਹਾਂ ਪ੍ਰਗਟ ਕੀਤੇ ਜਾ ਸਕਦੇ ਹਨ–

1. ਦੂਜਾ ਮਹਾਂਯੁੱਧ ਇੰਨਾ ਤਬਾਹਕਾਰੀ ਸੀ ਕਿ ਹਾਲੇ ਤੱਕ ਇਸ ਵਿਨਾਸ਼ ਦਾ ਸਹੀ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਹੈ। ਫਿਰ ਵੀ ਅਨੁਮਾਨਤ 2000 ਕਰੋੜ ਰੁਪਏ ਮੁੱਲ ਦੀ ਸੰਪੱਤੀ ਇਕੱਲੇ ਬ੍ਰਿਟੇਨ ਵਿਚ ਨਸ਼ਟ ਹੋਈ। ਰੂਸ ਦੀ ਰਾਸ਼ਟਰੀ ਸੰਪੱਤੀ ਦਾ 1/4 ਹਿੱਸਾ ਨਸ਼ਟ ਹੋਇਆ ਅਤੇ ਫਰਾਂਸ, ਜਰਮਨੀ, ਪੋਲੈਂਡ ਆਦਿ ਦੇਸ਼ਾਂ ਦੀ ਸੰਪੱਤੀ ਨੁਕਸਾਨ ਦਾ ਤਾਂ ਅਨੁਮਾਨ ਲਾਉਣਾ ਵੀ ਔਖਾ ਹੈ। ਦੋਵਾਂ ਵੱਖਾਂ ਦੇ ਲਗਭਗ ਢਾਈ ਕਰੋੜ ਤੋਂ ਜ਼ਿਆਦਾ ਫੌਜੀ ਮਾਰੇ ਗਏ ਅਤੇ 1 ਕਰੋੜ ਤੋਂ ਜਿਆਦਾ ਜ਼ਖਮੀ ਹੋਏ। ਇਸ ਤੋਂ ਇਲਾਵਾ ਕਰੋੜਾਂ ਨਾਗਰਿਕ ਦਾ ਜੀਵਨ ਬੰਬ ਵਰਸ਼ਾ ਆਦਿ ਕਾਰਨਾਂ ਨਾਲ ਨਸ਼ਟ ਹੋ ਗਿਆ। 1 ਲੱਖ ਕਰੋੜ ਤੋਂ ਜ਼ਿਆਦਾ ਰੁਪਏ ਦਾ ਖ਼ਰਚ ਤਾਂ ਸਿਰਫ਼ ਮਿੱਤਰ ਰਾਸ਼ਟਰਾਂ ਦਾ ਹੋਇਆ ਅਤੇ ਸੰਭਵ ਇਸ ਤੋਂ ਘੱਟ ਖ਼ਰਚ ਧੁਰੀ ਰਾਸ਼ਟਰਾਂ ਦਾ ਵੀ ਨਹੀਂ ਹੋਇਆ ਹੋਵੇਗਾ।

2. ਯੂਰਪੀ ਦੇਸ਼ਾਂ ਦੇ ਸਾਮਰਾਜਾਂ ਵਿਚ ਆਜ਼ਾਦੀ ਦੀਆਂ ਭਾਵਨਾਵਾਂ ਜਾਗਰਿਤ ਹੋਈਆਂ। ਹਾਲਾਤਾਂ ਤੋਂ ਮਜ਼ਬੂਰ ਹੋ ਕੇ ਮਹਾਂਯੁੱਧ ਤੋਂ ਬਾਅਦ ਬ੍ਰਿਟਿਸ਼ ਸਾਮਰਾਜ ਨੇ ਆਪਣੀ ਨੀਤੀ ਵਿਚ ਬਦਲਾਅ ਕਰਕੇ ਭਾਰਤ, ਬਰਮਾ, ਪਾਕਿਸਤਾਨ, ਮਲਾਇਆ, ਮਿਸਰ ਆਦਿ ਦੇਸ਼ਾਂ ਨੂੰ ਆਜ਼ਾਦੀ ਪ੍ਰਦਾਨ ਕੀਤੀ। ਬਾਅਦ ਵਿਚ ਅਫ਼ਰੀਕੀ ਦੇਸ਼ਾਂ ਨੂੰ ਵੀ ਆਜ਼ਾਦੀ ਮਿਲੀ, ਪਰ ਕੁਝ ਦੇਸ਼ ਆਜਾਦ ਨਹੀਂ ਹੋ ਸਕੇ। ਫਰਾਂਸੀਸੀ ਹਿੰਦ ਚੀਨ ਵਿਚ ਫਰਾਂਸੀਸੀ ਸਾਮਰਾਜ ਸਮਾਪਤ ਹੋ ਗਿਆ। ਕੰਬੋਡੀਆ, ਲਾਓਸ ਅਤੇ ਵੀਅਤਨਾਮ ਦੋ ਭਾਗਾਂ ਵਿਚ ਅਜ਼ਾਦ ਹੋਈ। ਹਾਲੈਂਡ ਦੀਆਂ ਬਸਤੀਆਂ ਸ਼ੋਂਜਾਵਾ, ਸੁਮਾਤਰਾ, ਬੋਰਨੀਆ ਆਦਿ ਨੇ ਹਿੰਦੇਸ਼ੀਆ (Indonesia) ਨਾਮੀ ਸੰਘ ਰਾਜ ਦੀ ਸਥਾਪਨਾ ਕੀਤੀ ਅਤੇ ਉਹ ਵੀ ਆਜ਼ਾਦ ਹੋ ਗਿਆ। ਜਰਮਨੀ, ਇਟਲੀ ਅਤੇ ਜਾਪਾਨ ਦਾ ਸਾਮਰਾਜ ਵੀ ਅਸਤ–ਵਿਅਸਤ ਹੋ ਗਿਆ।ਜਰਮਨੀ ਦੋ ਹਿੱਸਿਆਂ ਵਿਚ ਵੰਡਿਆ ਹੋਇਆ– ਪੱਛਮੀ ਜਰਮਨੀ ਅਤੇ ਪੂਰਬੀ ਜਰਮਨੀ। ਪੱਛਮੀ ਜਰਮਨੀ ਮਿੱਤਰ ਰਾਸ਼ਟਰਾਂ ਦੇ ਪ੍ਰਭਾਵ ਖੇਤਰ ਵਿਚ ਆਇਆ ਤਾਂ ਪੂਰਬੀ ਜਰਮਨੀ ਰੂਸੀ ਪ੍ਰਭਾਵ ਖੇਤਰ ਵਿਚ ਆ ਗਿਆ। ਜਾਪਨ ਨੇ ਕਿਊਰਾਈਲ (Kuriles) ਦੀਪਾਂ ਅਤੇ ਦੱਖਣੀ ਸ਼ਖਲਿਨ (Sakhalin) 'ਤੇ ਰੂਸ ਨੇ ਅਧਿਕਾਰ ਕਲ ਲਿਆ, ਫਾਰਮੋਸਾ (Formosa) ਚੀਨ ਨੇ ਲੈ ਲਿਆ ਅਦੇ ਕੋਰੀਆਂ ਵਿਚ ਸੰਯੁਕਤ ਰਾਜ ਅਮਰੀਕਾ ਅਤੇ ਰੂਸ ਨੇ ਆਪਣੇ–ਆਪਣੇ ਖੇਤਰ 'ਤੇ ਅਧਿਕਾਰ ਕਰ ਲਿਆ ਅਤੇ ਉਨ੍ਹਾਂ ਨੂੰ ਉਚਿਤ ਸਮੇਂ 'ਤੇ ਅਜ਼ਾਦੀ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ। ਜਾਪਾਨ ਨੂੰ ਮਹਾਂਯੁੱਧ ਤੋਂ ਪਹਿਲਾਂ ਜੋ ਦੀਪ ਸੁਰੱਖਿਆ ਵਿਵਸਥਾ (Mandate System) ਦੇ ਅੰਤਰਗਤ ਦਿੱਤੇ ਗਏ ਸਨ ਉਹ ਸੰਯੁਕਤ ਰਾਜ ਸੰਘ ਦੀ ਦੇਖਰੇਖ ਵਿਚ ਟਰੱਸਟ ਵਿਵਸਥਾ ਦੇ ਅੰਤਰਗਤ ਸੰਯੁਕਤ ਰਾਜ ਨੂੰ ਸੌਂਪ ਦਿੱਤੇ ਗਏ। ਇਸ ਤਰ੍ਹਾਂ 4 ਮੂਲ ਦੀਪਾਂ ਅਤੇ ਨੇੜਲੇ ਛੋਟੇ–ਛੋਟੇ ਦੀਪਾਂ 'ਤੇ ਹੀ ਜਾਪਾਨ ਦੀ ਮੁਖਤਿਆਰੀ ਬਾਕੀ ਰਹਿ ਗਈ। ਇਹ ਮੁਖਤਿਆਰੀ ਵੀ ਪੂਰਨ ਨਹੀਂ ਸੀ ਕਿਉਂਕਿ ਮਿੱਤਰ ਰਾਸ਼ਟਰਾਂ ਵੱਲੋਂ ਸੰਯੁਕਤ ਰਾਜ ਦਾ ਮੈਕਾਰਥਰ ਜਾਪਾਨ ਵਿਚ ਸਰਵਉੱਚ ਸੈਨਾਨਾਇਕ ਸੀ ਜੋ ਵਿਵਹਾਰਕ ਦ੍ਰਿਸ਼ਟੀ ਨਾਲ ਉੱਥੋਂ ਦਾ ਤਾਨਾਸ਼ਾਹ ਸੀ। ਇਟਲੀ ਵੀ ਆਪਣੇ ਬਸਤੀ ਸਾਮਰਾਜ ਨੂੰ ਵਾਂਝਾ ਕਰ ਦਿੱਤਾ ਗਿਆ– ਲੀਬੀਆ, ਇਰੀਟੀਰੀਆ ਅਤੇ ਇਤਾਲਵੀ ਸੋਮਾਲੀਲੈਂਡ ਉਸਦੇ ਅਧਿਕਾਰ ਵਿਚ ਨਹੀਂ ਰਹੇ। ਉਸਨੇ ਐਸੀਸੀਨੀਆ ਅਤੇ ਅਲਬਾਨੀਆ ਦੀ ਆਜ਼ਾਦੀ ਅਤੇ ਖੁਦਮੁਖਤਿਆਰੀ ਨੂੰ ਮਾਨਤਾ ਪ੍ਰਦਾਨ ਕਰ ਦਿੱਤੀ। ਉੱਤਰ ਪੱਛਮੀ ਸੀਮਾ 'ਤੇ ਫਰਾਂਸ ਨੂੰ ਅਤੇ ਯੂਗੋਸਲਾਵੀਆ ਨੂੰ ਕੁਝ ਭੂਖੇਤਰ ਦਿੱਤੇ ਗਏ। ਐਡ੍ਰੀਯਾਟਿਕ ਖੇਤਰ ਵਿਚ ਵੀ ਕੁਝ ਭਾਗ ਯੂਗੋਸਲਾਵੀਆ ਨੂੰ ਮਿਲ ਗਿਆ।

3. ਵਿਸ਼ਵ ਵੀ ਅਗਵਾਈ ਗ੍ਰੇਟ ਬ੍ਰਿਟੇਨ ਦੇ ਹੱਥੋਂ ਨਿਕਲ ਕੇ ਸੰਯੁਕਤ ਰਾਜ ਅਮਰੀਕਾ ਦੇ ਹੱਥਾਂ ਵਿਚ ਚਲਾ ਗਿਆ ਅਤੇ ਉੱਧਰ ਸਾਮਵਾਦੀ ਰੂਸ ਵਿਚ ਵਿਸ਼ਵ ਅਗਵਾਈ ਦੀ ਇੱਛਾ ਨੇ ਘਰ ਕਰ ਲਿਆ। ਯੁੱਧ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਹੁਣ ਸੰਸਾਰ ਵਿਚ ਦੋ ਮਹਾਨ ਸ਼ਕਤੀਆਂ ਹਨ– ਸੋਵੀਅਤ ਸੰਘ ਅਤੇ ਸੰਯੁਕਤ ਰਾਜ ਅਮਰੀਕਾ। ਸੋਵੀਅਤ ਸੰਘ ਸਾਮਵਾਦੀ ਵਿਚਾਰ ਦੀ ਜਿੱਤ ਦਾ ਪ੍ਰਤੀਕ ਬਣ ਗਿਆ ਅਤੇ ਸੰਯੁਕਤ ਰਾਜ ਅਮਰੀਕਾ ਲੋਕਤੰਤਰਵਾਦੀ ਇੱਛਾਵਾਂ ਦਾ। ਸੰਯੁਕਤ ਰਾਜ ਅਮਰੀਕਾ ਹੀ ਸੰਸਾਰ ਵਿਚ ਇੱਕ ਮਾਤਰ ਅਜਿਹਾ ਦੇਸ਼ ਸੀ ਜਿਸਨੂੰ ਯੁੱਧ ਸਿਫ਼ਰ ਮਾਮੂਲੀ ਨੁਕਸਾਨ ਪਹੁੰਚਾ ਸਕਿਆ ਸੀ। ਯੁੱਧ ਨ ਤਾਂ ਉਸਦੀ ਜ਼ਮੀਨ 'ਤੇ ਲੜਿਆ ਗਿਆ ਸੀ ਅਤੇ ਨਾ ਉਸਨੂੰ ਜਨ–ਧਨ ਦਾ ਕੋਈ ਨੁਕਸਾਨ ਹੋਇਆ ਸੀ। ਇਸ ਦੇ ਉਲਟ ਯੁੱਧ ਦੇ ਨਤੀਜੇਵਜੋਂ ਉਸਦੇ ਉਦਯੋਗਾਂ ਵਿਚ ਲਗਭਗ 50 ਫੀਸਦੀ ਅਤੇ ਖੇਤੀ ਵਿਚ 36 ਫੀਸਦੀ ਵਾਧਾ ਹੋਇਆ ਸੀ। ਉਸ

ਨੋਟ

ਕੋਲ ਅਣੂ ਬੰਬ ਦਾ ਰਹੱਸ ਸੀ ਜੋ ਉਸਨੂੰ ਸੰਸਾਰ ਵਿਚ ਸਭ ਤੋਂ ਜ਼ਿਆਦਾ ਸ਼ਕਤੀ ਪ੍ਰਦਾਨ ਕਰ ਰਿਹਾ ਸੀ। ਉਸਦੀ ਮੁਦਰਾ ਸਥਿਰ ਸੀ ਅਤੇ ਉਹ ਸਾਰੇ ਯੁੱਧ ਪੀੜਤ ਜਗਤ ਲਈ ਇੱਕ ਆਰਥਿਕ ਸਹਾਰਾ ਬਣ ਗਿਆ ਸੀ। ਹਰੇਕ ਦੇਸ਼ ਉਸਦੀ ਸਹਾਇਤਾ ਦਾ ਇੱਛੁਕ ਸੀ।

4. ਫਰਾਂਸ ਦੀ ਸਥਿਤੀ ਦੀ ਮਾੜੀ ਸੀ। ਜਰਮਨੀ ਦੇ ਅਧਿਕਾਰ ਨੇ ਉਸਨੂੰ ਤਹਿਸ-ਨਹਿਸ ਕਰ ਦਿੱਤਾ ਸੀ ਅਤੇ ਉਸਦੀ ਰਾਜਨੀਤਕ ਅਤੇ ਆਰਥਿਕ ਸਥਿਤੀ ਚਿੰਤਾਜਨਕ ਹੋ ਗਈ ਸੀ। ਹਾਰ ਦੇ ਕਲੰਕ ਅਤੇ ਉਸਦੀ ਸ਼ਰਮ ਨੇ ਫਰਾਂਸ ਦੀ ਜਨਤਾ ਦੇ ਨੈਤਿਕ ਸਾਹਸ 'ਤੇ ਡੂੰਘੀ ਸੱਟ ਮਾਰੀ ਸੀ। ਚੀਨ, ਇੰਡੋਚਾਈਨਾ, ਸਿਆਮ, ਬਰਮਾ ਆਦਿ ਨੇ ਧਨ-ਜਨ ਦਾ ਭਾਰੀ ਨੁਕਸਾਨ ਸਹਿਆ ਸੀ ਅਤੇ ਉਹ ਮਨੁੱਖੀ ਜਾਤੀ ਦੇ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਭਿਆਨਕ ਆਰਥਿਕ ਅਤੇ ਰਾਜਨੀਤਿਕ ਸੰਕਟ ਵਿਚ ਫਸ ਗਏ ਸਨ। ਰੂਮਾਨੀਆ, ਬਲਗਾਰੀਆ, ਹੰਗਰੀ, ਫਿਨਲੈਂਡ ਆਦਿ ਦੇਸ਼ਾ ਦੀਆਂ ਸੀਮਾਵਾਂ ਤੈਅ ਕਰ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀ ਨੂੰ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ। ਬਲਗਾਰੀਆ ਦੀਆਂ ਸੀਮਾਵਾਂ ਵਿਚ ਵਾਧਾ ਹੋ ਗਿਆ ਕਿਉਂਕਿ ਉਸਨੂੰ ਰੂਮਾਨੀਆ ਤੋਂ ਡੋਬ੍ਰੂਜਾ ਮਿਲ ਗਿਆ। ਰੂਮਾਨੀਆ ਨੂੰ ਵੇਸਰੇਬੀਆ ਪ੍ਰਾਂਤ ਰੂਸ ਨੂੰ ਦੇਣਾ ਪਿਆ। ਹੰਗਰੀ ਨੇ ਟ੍ਰਾਂਸਿਲਵਾਨੀਆ ਰੂਮਾਨੀਆ ਨੂੰ ਮੋੜ ਦਿੱਤਾ ਅਤੇ ਸਲੋਵਾਕ ਖੇਤਰ ਚੈਕੋਸਲੋਵਾਕੀਆ ਨੂੰ ਦੇਣੇ ਪਏ। ਫਿਨਲੈਂਡ ਨੇ ਕੈਰੇਲਿਨ ਡਮਰੂਮੱਧ ਅਤੇ ਪੈਟਸਮਾਂ ਪ੍ਰਾਂਤ ਰੂਸ ਨੂੰ ਦੇ ਦਿੱਤੇ।
5. ਵਿਸ਼ਵ ਦੀ ਅਸ਼ਾਂਤੀ ਨੂੰ ਦੂਰ ਕਰਨ ਲਈ ਮਨੁੱਖ ਨੇ ਆਪਣੇ ਹਿਰਦੇ ਨੂੰ ਫਿਰ ਟੋਹਿਆ। ਇੱਕ ਵਾਰ ਫਿਰ ਲੋਕਤੰਤਰਿਕ ਦੇਸ਼ਾਂ ਨੇ ਸ਼ਾਂਤੀ ਦੀ ਭਾਲ ਦੇ ਯਤਨ ਕੀਤੇ ਅਤੇ 24 ਅਕਤੂਬਰ, 1945 ਨੂੰ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਕਰ ਦਿੱਤੀ ਗਈ।
6. ਯੁੱਧ ਦੇ ਨਤੀਜੇ ਵਜੋਂ ਸਭ ਤੋਂ ਜ਼ਿਆਦਾ ਲਾਭ ਜੇਕਰ ਕਿਸੇ ਰਾਜ ਨੂੰ ਪਹੁੰਚਿਆ ਸੀ ਜਾਂ ਉਸਦੀ ਜਮੀਨ ਦਾ ਵਿਸਥਾਰ ਹੋਇਆ ਤਾਂ ਉਹ ਰੂਸ ਸੀ। ਉਸਦੇ ਰਾਜ ਵਿਚ ਅੱਧਾ ਪੋਲੈਂਡ, ਇਸਟੋਨੀਆ, ਲੇਟਵੀਆ, ਲਿਥੂਆਨੀਆ, ਫਿਨਲੈਂਡ ਦਾ ਕੁਝ ਭਾਗ, ਰੂਥੇਨੀਆ, ਪੂਰਬੀ ਪ੍ਰਸ਼ਾ ਦਾ ਕੁਝ ਭਾਗ ਆਦਿ ਮਿਲਾ ਦਿੱਤੇ ਗਏ ਅਤੇ ਰੂਸ ਦਾ ਜਰਮਨ ਖੇਤਰ ਬਰਲਿਨ ਤੋਂ ਐਲਬ ਤੱਕ ਬਣਾ ਦਿੱਤਾ ਗਿਆ। ਰੂਸ ਹੁਣ ਯੂਰਪ ਵਿਚ ਇੱਕ ਅਤਿਅੰਤ ਸ਼ਕਤੀਸ਼ਾਲੀ ਰਾਸ਼ਟਰ ਬਣ ਗਿਆ। ਕੇਂਦਰੀ ਯੂਰਪ ਅਤੇ ਬਾਲਕਨ ਦੇਸ਼ਾਂ ਦੀ ਆਜ਼ਾਦੀ ਪ੍ਰਗਟਾਵਾ ਰੂਸ ਦੇ ਅੰਤਰਗਤ ਵਿਲੀਨ ਹੋ ਗਿਆ। ਇੱਥੋਂ ਦੀ ਅੰਦਰੂਨੀ ਅਤੇ ਵਿਦੇਸ਼ੀ ਨੀਤੀ ਵਿਚ ਰੂਸ ਦਾ ਪ੍ਰਭਾਵ ਵਧ ਗਿਆ ਅਤੇ ਛਾਪਾਖਾਨਾ ਅਤੇ ਭਾਸ਼ਣ ਦੀ ਅਜ਼ਾਦੀ ਇਨ੍ਹਾਂ ਪ੍ਰਦੇਸ਼ਾਂ ਵਿਚ ਕਹਿਣ ਮਾਤਰ ਲਈ ਰਹਿ ਗਈ। ਪੂਰਬੀ ਅਤੇ ਕੇਂਦਰੀ ਯੂਰਪ ਵਿਚ ਪ੍ਰਜਾਤੰਤਰੀ ਵਿਵਸਥਾ ਘਰ ਨਾ ਕਰ ਸਕੀ ਕਿਉਂਕਿ ਪਹਿਲਾ ਤਾਂ ਹਿਟਲਰ ਨੇ ਇਸ ਪਰੰਪਰਾਵਾਂ ਦਾ ਲੋਪ ਕਰ ਦਿੱਤਾ ਸੀ ਅਤੇ ਦੂਜਾ ਸਹੀ-ਸਹੀ ਪਰੰਪਰਾਵਾਂ ਦੀ ਹੋਂਦ ਸਮਾਜਵਾਦੀ ਪ੍ਰਚਾਰ ਨੇ ਸਮਾਪਤ ਕਰ ਦਿੱਤੀ।

## 28.4 ਯੁੱਧ ਅਪਰਾਧ (War Crimes)

ਫਰਵਰੀ, 1945 ਵਿਚ ਸੰਪੰਨ ਹੋਏ ਯਾਲਟਾ ਸੰਮੇਲਨ (Yalta Conference) ਵਿਚ ਬ੍ਰਿਟੇਨ, ਅਰਮੀਕਾ ਅਤੇ ਸੋਵੀਅਤ ਰੂਸ- ਇਨ੍ਹਾਂ ਤਿੰਨ ਮਹਾਂਸ਼ਕਤੀਆਂ ਨੇ ਇਹ ਨਿਸ਼ਚਾ ਕੀਤਾ ਸੀ ਕਿ ਯੁੱਧ ਤੋਂ ਬਾਅਦ ਕਰੂਰਤਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਮੁਕੱਦਮੇ ਚਲਾਉਣ ਦੇ ਸਬੰਧ ਵਿਚ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਅਕਤੂਬਰ, 1943 ਦੇ ਮਾਸਕੋ ਸੰਮੇਲਨ (Mosco Conference) ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਜਰਮਨੀ ਦੇ ਨਾਲ ਵਿਰਾਮਸੰਧੀ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਕਿ ਭਿਆਨਕ ਅਤੇ ਅਮਨੁੱਖੀ ਕਰੂਰਤਾਵਾਂ ਕਰਨ ਵਾਲੇ ਵਿਅਕਤੀਆਂ ਨੂੰ ਸ਼ਜਾ ਦਿੱਤੀ ਜਾਵੇਗੀ।

ਉਪਯੁਕਤ ਨਿਸ਼ਚਿਆਂ ਦੀ ਸ਼ੁਰੂਆਤ ਕਰਨ ਲਈ ਇੱਕ ਸਾਂਝਾ ਯੁੱਧ ਅਪਰਾਧ ਕਮਿਸ਼ਨ (The United Nations War Crime Commission) ਦੀ ਸਥਾਪਨਾ ਕੀਤੀ ਗਈ ਜਿਸਦਾ ਕੰਮ ਯੁੱਧ ਅਪਰਾਧੀਆਂ ਦੀ ਸੂਚੀ ਤਿਆਰ ਕਰਨਾ ਸੀ। ਅਸਲ ਵਿਚ 'ਅਮਨੁੱਖੀ ਅਪਰਾਧੀ' ਦੂਜੇ ਮਹਾਂਯੁੱਧ ਦਾ ਇੱਕ ਬਹੁਤ ਭਿਆਨਕ ਪੱਖ ਸੀ।

## 28.5 ਸਾਰਾਂਸ਼ (Summary)

ਪੂਰਬੀ ਪੋਲੈਂਡ 'ਤੇ ਜਿੱਤ ਪ੍ਰਾਪਤ ਕਰ ਲੈਣ ਤੋਂ ਬਾਅਦ ਸੋਵੀਅਤ ਰੂਸ ਨਾਜੀ ਸ਼ਕਤੀ ਦੇ ਡਰ ਤੋਂ ਆਪਣੀ ਸੁਰੱਖਿਆ ਵਿਵਸਥਾ ਨੂੰ ਪੂਰਨ ਤੌਰ 'ਤੇ ਮਜ਼ਬੂਤ ਕਰ ਲੈਣਾ ਚਾਹੁੰਦਾ ਸੀ। ਉਸਨੇ ਇਸੇ ਨਜ਼ਰੀਏ ਨਾਲ ਇਸਟੋਨੀਆ, ਲੇਟਵੀਆ, ਲਿਥੂਆਨੀਆ ਅਤੇ ਫਿਨਲੈਂਡ ਨਾਲ ਡੂੰਘੇ ਸੰਬੰਧ ਸਥਾਪਤ ਕਰਨ ਦੇ ਯਤਨ ਕੀਤੇ। ਪਹਿਲੇ ਤਿੰਨ ਦੇਸ਼ਾਂ ਨਾਲ ਉਸਦੀਆਂ ਸੰਧੀਆਂ ਹੋ ਗਈਆਂ ਪਰ ਫਿਨਲੈਂਡ ਨੇ ਸੰਧੀ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਦਾ ਜਵਾਬ ਉਸਨੂੰ 30 ਨਵੰਬਰ 1939 ਦੀ ਰੂਸੀ ਹਮਲੇ ਦੁਆਰਾ ਮਿਲਿਆ। ਘਮਾਸਾਨ ਯੁੱਧ ਵਿਚ ਫਿਨਲੈਂਡ ਹਾਰ ਗਿਆ ਤਾਂ ਉਸਦਾ ਮਹੱਤਵਪੂਰਨ ਹਿੱਸਾ ਰੂਸ ਵਿਚ ਮਿਲਾ ਲਿਆ ਗਿਆ।

## 28.6 ਸ਼ਬਦਕੋਸ਼ (Keywords)

1. **ਪ੍ਰਤੀਸਪਰਧਾ (Rivalry)**– ਮੁਕਾਬਲਾ।
2. **ਉਤਰਦਾਇਤਵ (Responsibility)**– ਜਵਾਬਦੇਹੀ, ਜ਼ਿੰਮੇਵਾਰੀ।

ਨੋਟ

## 28.7 ਅਭਿਆਸ ਪ੍ਰਸ਼ਨ (Review Questions)

1. ਦੂਜੇ ਮਹਾਂਯੁੱਧ ਦੇ ਕਾਰਨਾਂ 'ਤੇ ਰੌਸ਼ਨੀ ਪਾਓ।
2. ਦੂਜੇ ਮਹਾਂਯੁੱਧ ਦੀ ਗਤੀਵਿਧੀ ਨੂੰ ਕਿੰਨੇ ਗੇੜਾਂ ਵਿਚ ਵੰਡ ਸਕਦੇ ਹਾਂ ? ਵਰਣਨ ਕਰੋ।
3. ਦੂਜੇ ਮਹਾਂਯੁੱਧ ਦੇ ਨਤੀਜੇ ਪਤਾ ਕਰੋ।
4. 'ਯੁੱਧ ਅਪਰਾਧ' ਤੋਂ ਕੀ ਭਾਵ ਹੈ ? ਸਪੱਸ਼ਟ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

1. ਜਰਮਨੀ
2. ਰਾਸ਼ਟਰ ਸੰਘ ਦੀ ਸਥਾਪਨਾ
3. ਨਪੁੰਸਕਤਾ
4. (ੳ) 9 ਅਗਸਤ, 1945
5. (ੲ) 7 ਦਸੰਬਰ, 1941
6. (ੳ) 10 ਜੂਨ, 1940

## 28.8 ਸੰਦਰਭ ਪੁਸਤਕਾਂ (Further Readings)

ਬੁਕਸ

1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੌਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ-29: ਜਨਾਂਕਿਕੀ (Demography)

**ਵਿਸ਼ੇ ਵਸਤੂ** (Contents)


ਉਦੇਸ਼ (Objectives)

ਪ੍ਰਸਤਾਵਨਾ (Introduction)

29.1 ਜਨਾਂਕਿਕੀ ਦਾ ਅਰਥ : ਖੇਤਰ, ਵਿਸ਼ਾ-ਸਮੱਗਰੀ ਅਤੇ ਮਹੱਤਵ (Meaning of Demography: Scope, Subject-Matter and Importance)

29.2 ਜਨਾਂਕਿਕੀ ਦੀ ਵਿਸ਼ਾ-ਸਮੱਗਰੀ ਅਤੇ ਖੇਤਰ (Subject-Matter and Scope of Demography)

29.3 ਜਨਾਂਕਿਕੀ ਵਿਸ਼ਲੇਸ਼ਣ ਦੀਆਂ ਵਿਧੀਆਂ (Techniques of Demographic Analysis)

29.4 ਜਨਾਂਕਿਕੀ ਵਿਸ਼ਲੇਸ਼ਣ ਲਈ ਦੋ ਪ੍ਰਣਾਲੀਆਂ ਦਾ ਪ੍ਰਯੋਗ ਜ਼ਰੂਰੀ (Use of Both the Methods Essential for Demographic Analysis)

29.5 ਜਨਾਂਕਿਕੀ ਦਾ ਹੋਰ ਵਿਗਿਆਨਾਂ ਨਾਲ ਸਬੰਧ (Relationship of Demography with other Sciences)

29.6 ਜਨਾਂਕਿਕੀ ਅਤੇ ਸਮਾਜਸ਼ਾਸਤਰ (Demography and Sociology)

29.7 ਜਨਾਂਕਿਕੀ ਅਤੇ ਭੂਗੋਲ (Demography and Geography)

29.8 ਜਨਾਂਕਿਕੀ ਅਤੇ ਅਰਥਸ਼ਾਸਤਰ (Demography and Economics)

29.9 ਜਨਾਂਕਿਕੀ ਅਤੇ ਮਾਨਵ-ਪਰਿਆਵਰਨ ਵਿਗਿਆਨ (Demography and Human Ecology)

29.10 ਜਨਾਂਕਿਕੀ ਅਤੇ ਮਾਨਵ-ਵਿਗਿਆਨ (Demography and Anthropology)

29.11 ਜਨਾਂਕਿਕੀ ਦਾ ਮਹੱਤਵ (Importance of Demography)

29.12 ਸਾਰਾਂਸ਼ (Summary)

29.13 ਸ਼ਬਦਕੋਸ਼ (Keywords)

29.14 ਅਭਿਆਸ ਪ੍ਰਸ਼ਨ (Review Questions)

29.15 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਜਨਾਂਕਿਕੀ ਦਾ ਅਰਥ ਜਾਣਨ ਵਿਚ।
- ਜਨਾਂਕਿਕੀ ਵਿਸ਼ਲੇਸ਼ਣ ਦੀਆਂ ਵਿਧੀਆਂ ਜਾਣਨ ਵਿਚ।
- ਜਨਾਂਕਿਕੀ ਦਾ ਮਹੱਤਵ ਜਾਣਨ ਵਿਚ।

## ਪ੍ਰਸਤਾਵਨਾ (Introduction)

ਜਨਸੰਖਿਆ ਦੀ ਸੰਰਚਨਾ ਦਾ ਅਧਿਐਨ ਜਨਾਂਕਿਕੀ ਦੀ ਵਿਸ਼ਾ-ਵਸਤੂ ਦੇ ਅੰਤਰਗਤ ਮਹੱਤਵਪੂਰਨ ਹੈ। ਜਨਸੰਖਿਆ ਦੇ ਆਕਾਰ ਦੇ ਅਧਿਐਨ ਦੇ ਕਿਸੇ ਖੇਤਰ ਵਿਸ਼ੇਸ਼ ਦੀ ਜਨਸੰਖਿਆ ਦੇ ਸੰਬਧ ਵਿਚ ਸਾਨੂੰ ਸਿਰਫ਼ ਆਮ ਜਾਣਕਾਰੀ ਮਿਲਦੀ ਹੈ ਪਰ ਜਨਸੰਖਿਆ ਦੀ ਸੰਰਚਨਾ ਦੇ ਅਧਿਐਨ ਨਾਲ ਸਾਨੂੰ ਉਸ ਖੇਤਰ ਦੀ ਜਨਸੰਖਿਆ ਸੰਬਧੀ ਸਾਰੀਆਂ ਵਿਸ਼ੇਸ਼ਤਾਵਾਂ ਦੀ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਦੋ ਸਥਾਨਾਂ ਦੀ ਜਨਸੰਖਿਆ ਦੀ ਸੰਰਚਨਾ ਵਿਚ ਅਨੇਕਾਂ ਪ੍ਰਕਾਰ ਦੀਆਂ ਭਿੰਨਤਾਵਾਂ ਹੋ ਸਕਦੀਆਂ ਹਨ, ਜਿਵੇਂ ਉਮਰ, ਲਿੰਗ, ਜਾਤੀ, ਧਰਮ, ਨਿਵਾਸ ਆਦਿ ਦੇ ਆਧਾਰ 'ਤੇ ਭਿੰਨਤਾਵਾਂ। ਜਨਸੰਖਿਆ ਦੇ ਆਕਾਰ ਦਾ ਅਧਿਐਨ ਜਨਸੰਖਿਆ ਦਾ ਸਮਸ਼ਟੀਗਤ (Macro) ਚਿੱਤਰ ਪੇਸ਼ ਕਰਦਾ ਹੈ, ਜਦੋਂਕਿ ਜਨਸੰਖਿਆ ਦੀ ਸੰਰਚਨਾ ਦਾ ਅਧਿਐਨ ਵਿਅਸ਼ਟੀਗਤ (Micro) ਚਿੱਤਰ ਪੇਸ਼ ਕਰਦਾ ਹੈ।

ਨੋਟ

## 29.1 ਜਨਾਂਕਿਕੀ ਦਾ ਅਰਥ : ਖੇਤਰ, ਵਿਸ਼ਾ-ਸਮੱਗਰੀ ਅਤੇ ਮਹੱਤਵ (Meaning of Demography: Scope, Subject-Matter and Importance)

**ਅਰਥ ਅਤੇ ਪਰਿਭਾਸ਼ਾ (Meaning and Definition)**

ਜਨਾਂਕਿਕੀ ਹੋਰ ਵਿਗਿਆਨਾਂ ਦੇ ਮੁਕਾਬਲੇ ਵਿਚ ਅਧਿਐਨ ਦੀ ਨਵੀਂ ਸ਼ਾਖਾ ਹੈ। ਇਸਦੀ ਸ਼ੁਰੂਆਤ 1662 ਈ. ਵਿਚ ਹੋਇਆ ਸੀ। ਜੋਨ ਗ੍ਰਾਂਟ (John Graunt) ਨੂੰ ਇਸਦਾ ਜਨਕ ਮੰਨਿਆ ਜਾਂਦਾ ਹੈ। ਇਸ ਨੂੰ ਵਿਗਿਆਨਕ ਆਧਾਰ ਪ੍ਰਦਾਨ ਕਰਨ ਦਾ ਸਿਹਰਾ ਥਾਮਸ ਰਾਬਰਟ ਮਾਲਥਸ (Thomas Robert Malthus) ਨੂੰ ਪ੍ਰਦਾਨ ਕੀਤਾ ਜਾਂਦਾ ਹੈ।

Demography ਸਬਦ ਗ੍ਰੀਕ ਭਾਸ਼ਾ ਦੇ ਦੋ ਸ਼ਬਦਾਂ Demo ਅਤੇ Graphy (Demo = ਜਨਤਾ, Graphy = ਲਿਖਣਾ) ਤੋਂ ਮਿਲ ਕੇ ਬਣਿਆ ਹੈ ਇਸਦਾ ਅਰਥ ਹੈ ਜਨਤਾ ਦੇ ਵਿਸ਼ੇ ਵਿਚ ਲਿਖਣਾ। ਇਸ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਆਸ਼ਿਲੇ ਗੁਈਲਾਰਡ (Achille Guillard) ਨੇ ਕੀਤਾ ਸੀ।

ਜਨਸੰਖਿਆ ਨਾਂਲ ਸਬੰਧਿਤ ਅੰਕੜੇ ਕਿਸੇ ਨਾ ਕਿਸੇ ਰੂਪ ਵਿਚ ਅਤਿਅੰਤ ਪ੍ਰਾਚੀਨ ਕਾਲ ਵਿਚ ਵੀ ਇਕੱਠੇ ਕੀਤੇ ਜਾਂਦੇ ਰਹੇ ਹਨ, ਪਰ ਜਨਸੰਖਿਆ ਸੰਬਧੀ ਅਧਿਐਨ ਜਨਗਣਨਾਵਾਂ (census) ਤੱਕ ਹੀ ਸੀਮਤ ਰਿਹਾ। ਆਧੁਨਿਕ ਯੁਗ ਵਿਚ ਇਸਦੇ ਅੰਤਰਗਤ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵਿਵਰਣ ਦਾ ਵੀ ਅਧਿਐਨ ਕੀਤਾ ਜਾਂਦਾ ਹੈ। ਜਨਾਂਕਿਕੀ ਦੀਆਂ ਕੁਝ ਮੁੱਖ ਪਰਿਭਾਸ਼ਾਵਾਂ ਹੇਠ ਲਿਖੀਆਂ ਹਨ। ਆਸ਼ਿਲੇ ਗੁਈਲਾਰਡ (Achille Guillard) ਅਨੁਸਾਰ, "ਇਹ (ਜਨਾਂਕਿਕੀ) ਜਨਸੰਖਿਆ ਦੇ ਆਮ ਗਤੀ ਅਤੇ ਭੌਤਿਕ, ਸਮਾਜਿਕ ਅਤੇ ਬੌਧਿਕ ਦਸ਼ਾਵਾਂ ਦਾ ਗਣਿੱਤੀ ਗਿਆਨ ਹੈ।"

**ਹਾਊਜ਼ਰ ਅਤੇ ਡੰਕਨ (Hauser and Duncan)** ਦੇ ਵਿਚਾਰ ਅਨੁਸਾਰ, "ਜਨਾਂਕਿਕੀ ਜਨਸੰਖਿਆ ਦੇ ਆਕਾਰ, ਖੇਤਰੀ ਵੰਡ ਅਤੇ ਸੰਚਰਨਾ ਅਤੇ ਉਸ ਵਿਚ ਬਦਲਾਅ ਅਤੇ ਇਨ੍ਹਾਂ ਬਦਲਾਵਾਂ ਦੇ ਤੱਤ ਜੋ ਕਿ ਜਨਮ ਦਰ, ਮੌਤ ਦਰ, ਖੇਤਰੀ ਗਤੀਸ਼ੀਲਤਾ ਅਤੇ ਸਮਾਜਿਕ ਗਤੀਸ਼ੀਲਤਾ (ਸਮਾਜਿਕ ਪੱਧਰ ਵਿਚ ਬਦਲਾਅ) ਹੈ, ਦਾ ਅਧਿਐਨ ਕਰਨਾ ਹੈ।"

ਹਾਊਜ਼ਰ ਅਤੇ ਡੰਕਨ ਨੇ ਜਨਾਂਕਿਕੀ ਦੇ ਸਵਰੂਪ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਜਨਾਂਕਿਕੀ ਦੇ ਅੰਤਰਗਤ ਹਾਊਜ਼ਰ ਅਤੇ ਡੰਕਨ ਨੇ ਜਨਸੰਖਿਆ ਦੇ ਆਕਾਰ, ਖੇਤਰੀ ਵੰਡ ਅਤੇ ਸੰਰਚਨਾ ਦੇ ਅਧਿਐਨ ਦੇ ਨਾਲ-ਨਾਂਲ ਇਨ੍ਹਾਂ ਬਦਲਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਤੱਤ , ਵਿਜੈਂ ਜਮਨ ਦਰ, ਮੌਤ ਦਰ, ਅਤੇ ਖੇਤਰੀ ਅਤੇ ਸਮਾਜਿਕ ਗਤੀਸ਼ੀਲਤਾ ਦਾ ਵੀ ਸਮਾਵੇਸ਼ ਕੀਤਾ ਹੈ। ਜਨਸੰਖਿਆ ਦੀ ਸੰਰਚਨਾ (Composition of population) ਦੇ ਅੰਤਰਗਤ ਜਨਸੰਖਿਆ ਦੀਆਂ ਦੋਵਾਂ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ (i) ਸੰਖਿਆਤਮਕ ਸੰਰਚਨਾ (Quantitative Composition), ਜਿਸ ਦੇ ਅੰਤਰਗਤ ਜਨਸੰਖਿਆ ਦਾ ਆਕਾਰ, ਉਮਰ ਦੇ ਅਨੁਸਾਰ, ਜਨਸੰਖਿਆ ਦੀ ਸੰਰਚਨਾ (Age-wise composition), ਲਿੰਗਾਨੁਸਾਰ ਜਨਸੰਖਿਆ ਦੀ ਸੰਰਚਨਾ (Sex-wise Composition), ਵਿਵਾਹਿਕ ਸਥਿਤੀ (Marital status), ਰਾਸ਼ਟਰੀਅਤਾ (Nationality) ਆਦਿ, ਅਤੇ (ii) ਗੁਣਾਤਮਕ ਪੱਖ (Qualitative Aspect) ਜਿਸ ਦੇ ਅੰਤਰਗਤ ਸਿੱਖਿਆ, ਸਿਹਤ ਆਦਿ ਦਾ ਸਮਾਵੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਵਿਚ ਸਮਾਜਿਕ ਗਤੀਸ਼ੀਲਤਾ (ਸਮਾਜਿਕ ਪੱਧਰ ਵਿਚ ਬਦਲਾਅ) (Social mobility–change of status) ਦਾ ਵਿਸ਼ੇਸ਼ ਰੂਪ ਨਾਲ ਜ਼ਿਕਰ ਕੀਤਾ ਹੈ। ਅਸਲ ਵਿਚ ਜਨਸੰਖਿਆ ਦੀ ਸੰਰਚਨਾ ਵਿਚ ਸਿਰਫ ਜਨਮ ਦਰ, ਮੌਤ ਦਰ ਅਤੇ ਖੇਤਰੀ ਗਤੀਸ਼ੀਲਤਾ ਦਾ ਹੀ ਮਹੱਤਵਪੂਰਨ ਸਥਾਨ ਨਹੀਂ, ਸਗੋਂ ਸਮਾਜਿਕ ਪੱਧਰ ਵਿਚ ਬਦਲਾਅ, ਜਿਵੇਂ ਵਿਵਾਹਿਤ, ਅਵਿਵਾਹਿਤ, ਵਿਧਵਾ, ਵਿਧੁਰ, ਰੋਜ਼ਗਾਰੀ, ਬੇਰੋਜ਼ਗਾਰੀ ਆਦਿ ਵੀ ਅਤਿਅੰਤ ਮਹੱਤਵਪੂਰਨ ਤੱਤ ਹਨ ਜੋ ਕਿ ਜਨਸੰਖਿਆ ਦੇ ਸੰਖਿਆਤਮਕ ਅਤੇ ਗੁਣਾਤਮਕ ਦੋਵਾਂ ਹੀ ਪੱਖਾਂ ਨੂੰ ਪ੍ਰਭਾਵਿਤ ਕਰਦੇ ਹਨ।

**ਲਿਵਾਸੀਅਰ (Levasseur):** ਫਰਾਂਸੀਸੀ ਵਿਦਵਾਨ ਲਿਵਾਸੀਅਰ ਅਨੁਸਾਰ, "ਜਨਾਂਕਿਕੀ, ਸਿਰਫ਼ ਜਨਸੰਖਿਆ ਦਾ ਵਿਗਿਆਨ ਹੈ ਜੋ ਮੁੱਖ ਰੂਪ ਨਾਲ ਜਨਸੰਖਿਆ ਦੇ ਜਨਮ, ਵਿਆਹ, ਮੌਤ ਅਤੇ ਗਤੀਸ਼ੀਲਤਾ ਦੀ ਗਤੀ (Movements) ਨੂੰ ਯਕੀਨੀ ਕਰਨ ਦੇ ਨਾਲ ਹੀ ਨਾਲ ਉਨ੍ਹਾਂ ਸਿਧਾਂਤਾਂ ਦੀ ਖੋਜ ਕਰਨ ਦਾ ਯਤਨ ਵੀ ਕਰਦਾ ਹੈ, ਜੋ ਇਨ੍ਹਾਂ ਗਤੀਆਂ ਨੂੰ ਕੰਟਰੋਲ ਕਰਦੇ ਹਨ।"

ਲਿਵਾਸੀਅਰ ਨੇ ਪਹਿਲੀ ਵਾਰ ਜਨਾਂਕਿਕੀ ਦੀ ਇਤਿਹਾਸਕ ਉਤਪਤੀ ਨੂੰ ਮਹੱਤਵ ਪ੍ਰਦਾਨ ਕੀਤਾ ਹੈ, ਅਤੇ ਦੂਜਾ ਉਸਨੇ ਇਸਦਾ ਜੀਵਨ-ਸਮੰਕਾਂ (Vital statistics) ਨਾਲ ਨੇੜਲੇ ਸੰਬੰਧ ਸਥਾਪਤ ਕਰਨ ਦਾ ਯਤਨ ਕੀਤਾ ਹੈ।

**ਬਾਰਕਲੇ** (Barclay) ਦੇ ਵਿਚਾਰ ਅਨੁਸਾਰ, "ਜਨਸੰਖਿਆ ਦਾ ਸੰਖਿਆਤਮਕ ਚਿੱਤਰਨ (Numerical portrayal) ਜਨਾਂਕਿਕੀ ਦੇ ਨਾਂਅ ਨਾਲ ਜਣਿਆ ਜਾਂਦਾ ਹੈ। ਇਸ ਦੇ ਅੰਤਰਗਤ ਜਨਸੰਖਿਆ ਨੂੰ ਵਿਅਕਤੀਆਂ ਦੇ ਸਮੱਗਰਾਂ (Aggregates of persons) ਦੇ ਰੂਪ ਵਿਚ ਕੁਝ ਵਿਸ਼ੇਸ਼ ਤਰ੍ਹਾਂ ਦੇ ਸਮੰਕਾਂ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਜਨਾਂਕਿਕੀ ਜਨਸੰਖਿਆ ਦੇ ਸਮੱਗਰਾਂ ਦੇ ਵਿਵਹਾਰ ਨਾਲ ਸਬੰਧਿਤ ਹੈ, ਨਾ ਕਿ ਕਿਸੇ ਵਿਸ਼ੇਸ਼ ਵਿਅਕਤੀ ਦੇ ਵਿਵਹਾਰ ਨਾਲ।"

ਜਨਾਂਕਿਕੀ ਦੇ ਅੰਤਰਗਤ ਜਨਸੰਖਿਆ ਸਬੰਧੀ ਵੱਖ-ਵੱਖ ਸਮੱਗਰਾਂ ਦਾ ਅਧਿਐਨ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਜੀਵਨ-ਸਮੰਕ (Vital statistics) ਕਿਹਾ ਜਾਂਦਾ ਹੈ। ਜੀਵਨ-ਸਮੰਕਾਂ ਦੇ ਅੰਤਰਗਤ ਜਨਮ ਦਰ, ਮੌਤ ਦਰ ਅਤੇ ਦੇਸ਼ ਬਦਲੀ ਦਾ ਸਮਾਵੇਸ਼ ਕੀਤਾ ਜਾਂਦਾ ਹੈ। ਅਸਲ ਵਿਚ, ਸਮਾਜ ਸਦਾ ਕਾਇਮ ਰਹਿਣ ਵਾਲੀ ਸੰਸਥਾ ਹੈ, ਪਰ ਇਸ ਦੀ ਸੰਰਚਨਾ ਬਦਲਾਅਸ਼ੀਲ ਹੈ। ਸਮਾਜ ਵਿਅਕਤੀਆਂ ਦੇ ਸਮੂਹੀ ਨਾਲ ਮਿਲ ਕੇ ਬਣਦਾ ਹੈ, ਜਿਸ ਦੇ ਅੰਤਰਗਤ ਇੱਕ ਵਿਅਕਤੀ ਦਾ ਜਨਮ ਹੁੰਦਾ ਹੈ ਅਤੇ ਮੌਤ ਵੀ, ਪਰ ਸਮਾਜ ਦੀ ਨਿਰੰਤਰਤਾ ਵਿਚ ਕਿਸੇ ਤਰ੍ਹਾਂ ਦਾ ਅੰਤਰ ਨਹੀਂ ਆਉਂਦਾ ਹੈ, ਇਸੇ ਕਾਰਨ ਨਾਲ **ਬਾਰਕਲੇ** ਨੇ "ਜਨਸੰਖਿਆ ਦੇ ਸਮੱਗਰਾਂ ਦੇ ਵਿਵਹਾਰ" ਨੂੰ ਮਹੱਤਵ ਪ੍ਰਦਾਨ ਕੀਤਾ ਹੈ ਨਾ ਕਿ "ਕਿਸੇ ਵਿਸ਼ੇਸ਼ ਵਿਅਕਤੀ ਦੇ ਵਿਵਹਾਰ" ਨੂੰ।

ਨੋਟ

> ਨੋਟਸ ਜੋਨ ਗ੍ਰਾਫਟ ਨੂੰ ਜਨਾਂਕਿਕੀ ਦਾ ਜਨਕ ਮੰਨਿਆ ਜਾਂਦਾ ਹੈ।

**ਥਾਂਪਸਨ ਅਤੇ ਲੇਵਿਸ** (Warren S. Thompson and Lewis), ਜੋ ਕਿ ਅਮਰੀਕਾ ਅਤੇ ਸੁਪ੍ਰਸਿੱਧ ਜਨਸੰਖਿਆਸ਼ਾਸਤਰੀ ਹਨ, ਦੀ ਕਿਤਾਬ 'Population Problems'ਦੇ ਪਹਿਲੇ ਅਧਿਆਏ 'ਜਨਸੰਖਿਆ ਅਧਿਐਨ ਦਾ ਪਰਿਚੈਅ' ਵਿਚ ਇਹ ਸਪੱਸ਼ਟ ਕੀਤਾ ਹੈ ਕਿ ਜਨਸੰਖਿਆ ਦੇ ਵੱਖ-ਵੱਖ ਪੱਖਾਂ ਦੇ ਅਧਿਐਨ ਨੂੰ ਜਨਸੰਖਿਆ ਅਧਿਐਨ (Population study) ਕਿਹਾ ਜਾਂਦਾ ਹੈ। ਇਨ੍ਹਾਂ ਅਨੁਸਾਰ, "ਇਸਦੀ (ਜਨਾਂਕਿਕੀ ਦੀ) ਰੁਚੀ ਸਿਰਫ਼ ਵਰਤਮਾਨ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਵਿਚ ਹੀ ਨਹੀਂ, ਸਗੋਂ ਸਮੇਂ-ਸਮੇਂ 'ਤੇ ਇਨ੍ਹਾਂ ਪਹਿਲੂਆਂ ਵਿਚ ਹੋਣ ਵਾਲੇ ਬਦਲਾਵਾਂ ਅਤੇ ਇਨ੍ਹਾਂ ਬਦਲਾਵਾਂ ਦੇ ਕਾਰਨ ਵਿਚ ਵੀ ਹੈ।" ਥਾਂਪਸਨ ਅਤੇ ਲੇਵਿਸ ਨੇ ਜਨਾਂਕਿਕੀ ਦੇ ਅਧਿਐਨ ਦੇ ਅੰਤਰਗਤ ਹੇਠ ਲਿਖੇ ਪਹਿਲੂਆਂ ਦੇ ਅਧਿਐਨ ਦਾ ਸਮਾਵੇਸ਼ ਕੀਤਾ ਹੈ-

1. **ਜਨਸੰਖਿਆ ਦਾ ਆਕਾਰ ਦਾ ਅਧਿਐਨ** (The study of size of population): ਕਿਸੇ ਵਿਸ਼ੇਸ਼ ਜਨਸੰਖਿਆ ਸਮੂਹ ਦਾ ਆਕਾਰ ਕੀ ਹੈ ? ਜਾਂ ਉਸ ਵਿਚ ਕਿੰਨੇ ਵਿਅਕਤੀ ਹਨ ? ਇਸ ਜਨਸੰਖਿਆ ਸਮੂਹ ਵਿਚ ਕਿਹੜੇ-ਕਿਹੜੇ ਬਦਲਾਅ ਹੋ ਰਹੇ ਹਨ ਅਤੇ ਇਹ ਬਦਲਾਅ ਕਿਸ ਤਰ੍ਹਾਂ ਇਸ ਸਮੂਹ ਨੂੰ ਪ੍ਰਭਾਵਿਤ ਕਰ ਹੇ ਹਨ, ਦਾ ਅਧਿਐਨ ਕੀਤਾ ਜਾਵੇਗਾ।
2. **ਜਨਸੰਖਿਆ ਦੀ ਸੰਰਚਨਾ ਦਾ ਅਧਿਐਨ** (The study of composition of population): ਇਸ ਵਿਸ਼ੇਸ਼ ਜਨਸੰਖਿਆ ਸਮੂਹ ਦੀ ਸੰਰਚਨਾ ਦਾ ਸਵਰੂਪ ਕੀ ਹੈ ? ਜਾਂ ਇਸ ਵਿਚ ਕਿਸ ਤਰ੍ਹਾਂ ਦੇ ਵਿਅਕਤੀ ਰਹਿੰਦੇ ਹਨ ਅਤੇ ਉਨ੍ਹਾਂ ਵਿਚ ਹੋਰ ਸਮੂਹ ਦੇ ਵਿਅਕਤੀਆਂ ਨਾਲ ਕੀ ਸਮਾਨਤਾ ਹੈ, ਦਾ ਅਧਿਐਨ ਕੀਤਾ ਜਾਵੇਗਾ।
3. **ਜਨਸੰਖਿਆ ਦੀ ਵੰਡ ਦਾ ਅਧਿਐਨ** (The study of distribution of population): ਇਸ ਵਿਸ਼ੇਸ਼ ਜਨਸੰਖਿਆ ਸਮੂਹ ਦੀ ਵੰਡ ਦਾ ਸਵਰੂਪ ਕੀ ਹੈ ? ਜਾਂ ਉਸ ਖੇਤਰ ਦੀ ਜਨਸੰਖਿਆ ਦਾ ਫੈਲਾਅ ਕਿਹੋ ਜਿਹਾ ਹੈ ਅਤੇ ਉਸ ਵਿਚ ਕਿਹੜੇ-ਕਿਹੜੇ ਬਦਲਾਅ ਹੋ ਰਹੇ ਹਨ ? ਜਨਸੰਖਿਆ ਦੀ ਵੰਡ ਦੇ ਸਵਰੂਪ ਤੋਂ ਇਲਾਵਾ ਉਸਵਿਚ ਬਦਲਾਅ ਦੇ ਕਾਰਨਾਂ ਅਤੇ ਉਸਦੇ ਨਤੀਜਿਆਂ ਦਾ ਵੀ ਅਧਿਐਨ ਕੀਤਾ ਜਾਵੇਗਾ।

ਸੰਖੇਵ ਵਿਚ ਥਾਂਪਸਨ ਅਤੇ ਲੇਵਿਸ ਨੇ ਜਨਸੰਖਿਆ ਅਧਿਐਨ ਦੇ ਅੰਤਰਗਤ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਦੇ ਅਧਿਐਨ ਤੋਂ ਇਲਾਵਾ ਉਨ੍ਹਾਂ ਕਾਰਨਾਂ ਦੀ ਖੋਜ ਨੂੰ ਵੀ ਮਹੱਤਵ ਦਿੱਤਾ ਹੈ ਜੋ ਇਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਤੱਖ ਜਾਂ ਅਪ੍ਰਤੱਖ ਪ੍ਰਭਾਵਿਤ ਕਰਦੇ ਹਨ।

**ਪੀ.ਆਰ. ਕੌਕਸ (P.R. Cox)** ਦੇ ਸ਼ਬਦਾਂ ਵਿਚ, "ਜਨਾਂਕਿਕੀ ਉਹ ਵਿਗਿਆਨ ਹੈ, ਜਿਸ ਵਿਚ ਮਨੁੱਖੀ ਜਨਸੰਖਿਆ ਦੇ ਅਧਿਐਨ ਵਿਚ ਸਾਂਖਿਕੀ ਪ੍ਰਣਾਲੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਇਹ ਮੁੱਖ ਰੂਪ ਨਾਲ ਜਨਸੰਖਿਆ ਦੇ ਆਕਾਰ, ਵਾਧੇ ਅਤੇ ਨੁਕਸਾਨ, ਜੀਉਂਦੇ ਵਿਅਕਤੀਆਂ ਦੀ ਸੰਖਿਆ ਅਤੇ ਅਨੁਪਾਤ, ਕਿਸੇ ਖੇਤਰ ਵਿਸ਼ੇਸ਼ ਵਿਚ ਜੰਮੇ ਅਤੇ ਮਰੇ ਅਤੇ ਅਜਿਹੇ ਪ੍ਰਕਾਰਿਆਂ ਦਾ ਮਾਪ ਜਿਵੇਂ ਪ੍ਰਜਨਨਤਾ, ਮੌਤ ਅਤੇ ਵਿਆਹ ਦਰ ਨਾਲ ਸਬੰਧਿਤ ਹੈ।" ਕੌਕਸ ਨੇ ਜਨਾਂਕਿਕੀ ਅਧਿਐਨ ਵਿਚ ਸਾਂਖਕੀ ਪ੍ਰਣਾਲੀਆਂ ਦੇ ਪ੍ਰਯੋਗ ਦਾ ਸਮਰਥਨ ਕੀਤਾ ਹੈ ਅਤੇ ਇਸ ਤੋਂ ਇਲਾਵਾ ਉਸਨੇ ਜੀਵਨ-ਸਮੰਕਾਂ ਦੇ ਅਧਿਐਨ ਅਤੇ ਵਿਸ਼ਲੇਸ਼ਣ ਨੂੰ ਵੀ ਮਹੱਤਵਪੂਰਨ ਦੱਸਿਆ ਹੈ।

**ਸਪੈਂਗਲਰ ਅਤੇ ਡੰਕਨ (Spengler and Duncan)** ਦਾ ਵਿਚਾ ਹੈ ਕਿ, "ਹੋਰ ਅਨੇਕਾਂ ਵਿਸ਼ੇ (Subjects) ਵਾਂਗ ਜਨਾਂਕਿਕੀ ਵਿਚ ਵੱਖ-ਵੱਖ ਵਿਸ਼ੇ (Topics) ਸ਼ਾਮਲ ਹਨ, ਪਰ ਵਰਤਮਾਨ ਸਮੇਂ ਵਿਚ ਇਸਦਾ ਖੇਤਰ ਸਮੁੱਚੇ ਗਿਆਨ ਦੇ ਅੰਤਰਗਤ ਸੀਮਤ ਹੈ, ਜੋ ਕੁੱਲ ਜਨਸੰਖਿਆ ਅਤੇ ਉਸਵਿਚ ਪਰਿਮਾਰਜਨ ਕਰਨ ਵਾਲੇ ਤੱਤਾਂ ਨਾਲ ਸਬੰਧਿਤ ਹੈ। ਇਨ੍ਹਾਂ ਤੱਤਾਂ ਦੇ ਅੰਤਰਗਤ, ਸਮੁਦਾਇ ਦਾ ਆਕਾਰ (Size of communities) ਜਨਮ ਦਰ, ਮੌਤ ਦਰ, ਉਮਰ ਸੰਰਚਨਾ ਅਤੇ ਪ੍ਰਵਾਸ (Migration) ਦਾ ਸਮਾਵੇਸ਼ ਕੀਤਾ ਜਾਂਦਾ ਹੈ। ਸਪੈਂਗੀਲਰ ਅਤੇ ਡੰਕਨ ਦੇ ਵਿਚਾਰ ਅਨੁਸਾਰ ਜਨਾਂਕਿਕੀ ਦਾ ਵਿਸ਼ਾ ਖੇਤਰ ਅਤਿਅੰਤ ਵਿਸਤ੍ਰਿਤ ਹੈ, ਪਰ ਵਰਤਮਾਨ ਸਮੇਂ ਵਿਚ ਇਸਦਾ ਸਬੰਧ ਕੁੱਲ ਜਨਸੰਖਿਆ ਅਤੇ ਉਸਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਨਾਲ ਹੈ। ਜਨਸੰਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਅਨੇਕਾਂ ਹਨ, ਜਿਵੇਂ ਜਨਮ ਦਰ, ਮੌਤ ਦਰ, ਵਿਆਹ ਅਤੇ ਪ੍ਰਵਾਸ ਆਦਿ। ਇਨ੍ਹਾਂ ਤੱਤਾਂ ਦੇ ਨਤੀਜੇ ਵਜੋਂ ਅਤਿ-ਜਨਸੰਖਿਆ ਜਾਂ ਘੱਟੋ-ਘੱਟ ਜਨਸੰਖਿਆ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜਨਮ ਕੰਟਰੋਲ ਅਤੇ ਉਤਸ਼ਾਹ ਦੀਆਂ ਨੀਤੀਆਂ ਨੂੰ ਅਪਣਾਇਆ ਜਾਂਦਾ ਹੈ। ਸਪੈਂਗਲਰ ਅਤੇ ਡੰਕਨ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਅਧਿਐਨ ਜਨਾਂਕਿਕੀ ਦੇ ਅੰਤਰਗਤ ਕਰਦੇ ਹਨ।"

**ਡੋਨਾਲਡ ਜੇ. ਬੋਗ (Donald J. Bogue):** ਬੋਗ ਅਮਰੀਕਾ ਦੇ ਸ਼ਿਕਾਗੋ ਯੂਨੀਵਰਸਿਟੀ ਵਿਚ ਸਮਾਜਸ਼ਾਸਤਰ ਦੇ ਅਧਿਆਪਕ ਹਨ ਅਤੇ ਇਸ ਤੋਂ ਇਲਾਵਾ 'ਕਮਿਊਨਿਟੀ ਅਤੇ ਫੈਮਿਲੀ ਸਟੱਡੀ ਸੈਂਟਰ' ਦੇ ਸੰਚਾਲਕ ਹਨ। ਇਨ੍ਹਾਂ ਦੀ ਪ੍ਰਸਿੱਧ ਕਿਤਾਬ The Principles of Demography' ਦਾ ਪ੍ਰਕਾਸ਼ਨ ਸੰਨ 1969 ਵਿਚ ਹੋਇਆ ਸੀ। **ਬੋਗ** ਅਨੁਸਾਰ, "ਜਨਾਂਕਿਕੀ ਦੇ ਖੇਤਰ ਨੂੰ ਵਰਤਮਾਨ ਪੱਧਰ (Current Status) ਅਤੇ ਕਾਲਾਂਤਰ ਵਿਚ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਵਿਚ ਬਦਲਾਅ ਅਤੇ ਇਨ੍ਹਾਂ ਘਟਨਾਵਾਂ ਵਿਚ ਵਿਗਿਆਨਕ ਸਪੱਸ਼ਟੀਕਰਨ ਦੇ ਵਿਕਾਸ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।" ਜਨਾਂਕਿਕੀ ਦੇ ਅਧਿਐਨ ਦੇ ਅੰਤਰਗਤ ਬੋਗ ਨੇ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਨੂੰ ਮਹੱਤਵ ਦਿੱਤਾ ਹੈ। ਬੋਗ ਅਨੁਸਾਰ, ਕਿਸੇ ਵਿਸ਼ੇਸ਼ ਸਮੇਂ ਵਿਚ ਇਨ੍ਹਾਂ ਦਾ ਨਿਸ਼ਚਿਤ ਪੱਧਰ ਹੁੰਦਾ ਹੈ, ਪਰ ਇਹ ਪੱਧਰ ਸਦਾ ਸਥਿਰ ਨਹੀਂ ਰਹਿੰਦਾ ਸਗੋਂ ਕਾਲਾਂਤਰ ਵਿਚ ਇਸ ਵਿਚ ਬਦਲਾਅਲ ਹੁੰਦਾ ਰਹਿੰਦਾ ਹੈ, ਜਿਨ੍ਹਾਂ ਕਾਰਨਾਂ ਦੀ ਖੋਜ ਅਤੇ ਵਿਗਿਆਨ ਵਿਸ਼ਲੇਸ਼ਣ ਅਤੇ ਸਪੱਸ਼ਟੀਕਰਨ ਜ਼ਰੂਰੀ ਹੁੰਦਾ ਹੈ।

ਬੋਗ ਨੇ ਜਨਾਂਕਿਕੀ ਦੇ ਅਧਿਐਨ ਖੇਤਰ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ, "ਜਨਾਂਕਿਕੀ ਨੂੰ ਪੰਜ ਜਨਾਂਕਿਕੀ ਪ੍ਰਕਿਰਿਆਵਾਂ ਦੇ ਸੰਖਿਆਤਮਕ ਅਧਿਐਨ ਦੇ ਰੂਪ ਵਿਚ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ- ਪ੍ਰਜਨਨਤਾ, ਮੌਤ, ਵਿਆਹ, ਪ੍ਰਵਾਸ ਅਤੇ ਸਮਾਜਿਕ

ਨੋਟ

ਗਤੀਸ਼ੀਲਤਾ (ਸਮਾਜਿਕ ਪੱਤਰ ਅਤੇ ਦਸ਼ਾ ਵਿਚ ਬਦਲਾਅ)।" ਬੋਗ ਦਾ ਇਹ ਸਪੱਸ਼ਟ ਵਿਚਾਰ ਸੀ ਕਿ ਪ੍ਰਜਨਨਤਾ, ਮੌਤ, ਵਿਆਹ, ਪ੍ਰਵਾਸ ਅਤੇ ਸਮਾਜਿਕ ਗਤੀਸ਼ੀਲਤਾ ਹਰ ਜਨਸੰਖਿਆ ਸਮੂਹ ਵਿਚ ਹੁੰਦੀ ਹੈ ਅਤੇ ਉਹ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਸਗੋਂ ਇਨ੍ਹਾਂ ਦੇ ਅੰਤਰਗਤ ਹੋਏ ਕਿਸੇ ਵੀ ਤਰ੍ਹਾਂ ਦੇ ਬਦਲਾਅ ਦਾ ਕਾਰਨ ਵੀ ਹੁੰਦਾ ਹੈ।

> ਕੀ ਤੁਸੀ ਜਾਣਦੇ ਹੋ? ਜਨਾਂਕੀਕੀ ਉਹ ਵਿਗਿਆਨ ਹੈ, ਜਿਸ ਵਿਚ ਮਾਨਵ ਜਨਸੰਖਿਆ ਦੇ ਅਧਿਐਨ ਵਿਚ ਸੰਖਿਆ ਪ੍ਰਣਾਲੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

**ਪ੍ਰੋ. ਬੋਗ** ਨੇ ਜਨਾਂਕਿਕੀ ਦੇ ਉਦੇਸ਼ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ, "ਜਨਾਂਕਿਕੀ ਮਨੁੱਖੀ ਜਨਸੰਖਿਆ ਦੇ ਆਕਾਰ, ਸੰਰਚਨਾਂ ਅਤੇ ਸਥਾਨ-ਵਿਸ਼ਾ ਵੰਡ (Spatial distribution) ਅਤੇ ਇਸਦੇ ਅੰਤਰਗਤ ਪ੍ਰਜਨਨਤਾ, ਮੌਤ, ਵਿਆਹ, ਦੇਸ਼ਾਂਤਰਣ ਅਤੇ ਸਮਾਜਿਕ ਗਤੀਸ਼ੀਲਤਾ, ਇਨ੍ਹਾਂ ਪੰਜ ਪ੍ਰਕਿਰਿਆਵਾਂ ਦੁਆਰਾ ਸਮੇਂ-ਸਮੇਂ 'ਤੇ ਇਸ ਵਿਚ ਹੋਣ ਵਾਲੇ ਬਦਲਾਵਾਂ ਦਾ ਸਾਂਖਕੀ ਅਤੇ ਗਣਿੱਤੀ ਅਧਿਐਨ ਹੈ। ਜਦੋਂਕਿ ਇਸਦੇ ਅੰਤਰਗਤ ਅਨੇਕਾਂ ਪ੍ਰਕਿਰਿਆਵਾਂ ਅਤੇ ਉਸਦੇ ਵਿਸ਼ੁੱਧ ਨਤੀਜਿਆਂ ਦਾ ਨਿਰੰਤਰ ਵਰਣਾਤਮਕ ਅਤੇ ਤੁਲਨਾਤਮਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ; ਪਰ ਇਸਦਾ ਦੀਰਘਕਾਲੀ ਉਦੇਸ਼ ਉਨ੍ਹਾਂ ਘਟਨਾਵਾਂ ਨੂੰ ਜੋ ਇਯ ਵਿਚ ਸਮਾਹਿਤ ਹਨ ਅਤੇ ਜਿਨ੍ਹਾਂ ਤੀ ਤੁਲਨਾ ਕੀਤੀ ਜਾਂਦੀ ਹੈ, ਦੇ ਸੰਬੰਧ ਵਿਚ ਸਿਧਾਂਤਾਂ ਦਾ ਨਿਰੂਪਣ ਕਰਨਾ ਹੈ।" ਬੋਗ ਦੇ ਵਿਚਾਰ ਅਨੁਸਾਰ ਜਨਾਂਕਿਕੀ ਦੇ ਅੰਤਰਗਤ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਸਥਾਨ-ਬਿਸ਼ਕ ਵਿਤਰਨ ਦਾ ਅਧਿਐਨ ਕੀਤਾ ਜਾਂਦਾ ਹੈ। ਸਮੇਂ-ਸਮੇਂ 'ਤੇ ਇਹਨਾਂ ਵਿੱਚ ਬਦਲਾਅ ਹੁੰਦੇ ਹਨ, ਜੋ ਪੰਜ ਪ੍ਰਕਿਰਿਆਵਾਂ- ਪ੍ਰਜਨਨਤਾ, ਮੌਤ, ਵਿਆਹ, ਦੇਸ਼ਾਂਤਰਣ ਅਤੇ ਸਮਾਜਿਕ ਗਤੀਸ਼ੀਲਤਾ ਦਾ ਨਤੀਜਾ ਹੁੰਦੇ ਹਨ। ਜਨਾਂਕਿਕੀ ਦਾ ਦੀਰਘਕਾਲੀ ਉਦੇਸ਼ ਵਿਭਿੰਨ ਘਟਨਾਵਾਂ ਦੇ ਸਬੰਧ ਵਿਚ ਸਿਧਾਂਤਾਂ ਦਾ ਨਿਰੂਪਣ ਕਰਨਾ ਹੈ।

ਰੂਸ ਦੇ ਪ੍ਰਸਿੱਧ ਜਨਸੰਖਿਆਸ਼ਾਸਤਰੀ **ਬੀ. ਟੀ. ਯੂਰਲੇਨਿਸ** (B.Ts. Urlanis) ਦੇ ਵਿਚਾਰ ਅਨੁਸਾਰ, ਜਨਾਂਕਿਕੀ ਉਹ ਸਮਾਜਿਕ ਵਿਗਿਆਨ ਹੈ। ਜਿਸ ਦੇ ਅੰਤਰਗਤ ਜਨਸੰਖਿਆ ਦੀ ਸੰਰਚਨਾ, ਵੰਡ, ਆਵਾਗਮਨ (Movement) ਅਤੇ ਗਤਿਆਤਮਕਤਾ, ਜੋ ਸਮਾਜਿਕ, ਆਰਥਿਕ, ਜੈਵਿਕ (Biological) ਅਤੇ ਭੂਗੋਲਿਕ ਤੱਤਾਂ, ਕਾਰਨਾਂ ਅਤੇ ਦਸ਼ਾਵਾਂ ਦਾ ਨਤੀਜ਼ਾ ਹੈ, ਨਾਲ ਸਬੰਧਿਤ ਉਨ੍ਹਾਂ ਨਿਯਮਤਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਅਵਧਾਰਣਾਵਾਂ ਅਤੇ ਪ੍ਰਕਿਰਿਆਵਾਂ ਨਾਲ ਸਬੰਧਿਤ ਹਨ। ਜਨਾਂਕਿਕੀ ਜਨਸੰਖਿਆ ਸਿਧਾਂਤਾਂ ਅਤੇ ਜਨਸੰਖਿਆ ਨੀਤੀਆਂ ਦਾ ਵਿਕਾਸ ਕਰਦੀ ਹੈ ਅਤੇ ਦੇਸ਼, ਕਸਬਿਆਂ ਅਤੇ ਨਗਰਾਂ, ਖੇਤਰਾਂ ਅਤੇ ਵਿਸ਼ਵ ਦੀ ਜਨਸੰਖਿਆ ਭਵਿੱਖ ਵਿਚ ਹੋਣ ਵਾਲੇ ਬਦਲਾਵਾਂ ਦਾ ਅਗਾਊਂ ਅੰਦਾਜਾ ਲਾਉਂਦੀ ਹੈ।

ਯੂਰਲੇਨਿਸ ਅਨੁਸਾਰ ਜਨਾਂਕਿਕੀ ਸਮਾਜਿਕ ਵਿਗਿਆਨ ਹੈ ਜਿਸ ਦੇ ਅੰਤਰਗਤ ਹੇਠ ਲਿਖੇ ਦ੍ਰਿਸ਼ਟੀਕੋਣਾਂ ਨਾਲ ਅਧਿਐਨ ਕੀਤਾ ਜਾਂਦਾ ਹੈ-

(i) ਜਨਸੰਖਿਆ ਦੀ ਸੰਰਚਨਾ, ਵੰਡ, ਆਵਾਗਮਨ ਅਤੇ ਗਤਿਆਤਮਕਤਾ।

(ii) ਜਨਸੰਖਿਆ ਸਬੰਧੀ ਸਿਧਾਂਤਾਂ ਅਤੇ ਨੀਤੀਆਂ ਦਾ ਨਿਰਮਾਣ।

(iii) ਜਨਸੰਖਿਆ ਵਿਚ ਭਵਿੱਖ ਵਿਚ ਹੋਣ ਵਾਲੇ ਬਦਲਾਵਾਂ ਦਾ ਅਗਾਊਂ ਅਨੁਮਾਨ।

ਰੂਸ ਦੇ ਜਨਸੰਖਿਆਸ਼ਾਸਤਰੀ **ਵਿਕਟਰ ਪੈਟਰੋਵ** (Victor Petrov), ਜਿਸਨੇ ਭਾਰਤ ਦੀ ਜਨਾਂਕਿਕੀ ਦਸ਼ਾਵਾਂ ਦਾ ਵਿਸ਼ੇਸ਼ ਅਧਿਐਨ ਕੀਤਾ ਹੈ, ਨੇ ਜਨਾਂਕਿਕੀ ਦੀ ਅਤਿਅੰਤ ਸਰਲ ਪਰਿਭਾਸ਼ਾ ਪੇਸ਼ ਕੀਤੀ ਹੈ। ਉਸ ਅਨੁਸਾਰ, "ਜਨਾਂਕਿਕੀ ਉਹ ਵਿਗਿਆਨ ਹੈ ਜੋ ਜਨਸੰਖਿਆ ਦੀ ਸੰਰਚਨਾ ਅਤੇ ਆਵਾਗਮਨ ਦਾ ਅਧਿਐਨ ਕਰਦਾ ਹੈ।"

ਸੰਨ 1966 ਵਿਚ ਮਾਸਕੋ ਯੂਨੀਵਰਸਿਟੀ ਵਿਚ ਹੋਈ ਇੱਕ ਪਰਿਚਰਚਾ ਵਿਚ ਰੂਸ ਦੇ ਇੱਕ ਹੋਰ ਜਨਸੰਖਿਆਸ਼ਾਸਤਰੀ ਅੰਡਰੀ ਬੋਲਕੋਵ (Andrei Volkov) ਨੇ ਜਨਾਂਕਿਕੀ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਕਿ, "ਜਨਾਂਕਿਕੀ ਇੱਕ ਸੁਤੰਤਰ ਸਮਾਜਿਕ ਵਿਗਿਆਨ ਹੈ ਜੋ ਜਨਸੰਖਿਆ ਮੁੜਉਤਪਾਦਨ ਦੇ ਸਮਾਜਿਕ-ਇਤਿਹਾਸਕ ਕਾਰਨਾਂ ਦਾ ਅਧਿਐਨ ਕਰਦਾ ਹੈ। ਜਨਸੰਖਿਆ ਮੁੜਉਤਪਾਦਨ ਦਾ ਸਾਨੂੰ ਵਿਰਾਟ ਅਰਥਾਂ ਵਿਚ ਅਧਿਐਨ ਕਰਨਾ ਚਾਹਦੀਾ ਹੈ, ਸਿਰਫ਼ ਜਨਮ ਅਤੇ ਮੌਤ ਦੇ ਕਾਰਨ ਜਨਸੰਖਿਆ ਦੇ 'ਕੁਦਰਤੀ' ਮੁੜਉਤਪਾਦਨ ਦੇ ਰੂਪ ਵਿਚ ਨਹੀਂ, ਸਗੋਂ ਵਿਭਿੰਨ ਸਮਾਜਿਕ ਸੂਚਕਾਂ (ਰਾਸ਼ਟਰੀ, ਸਿੱਖਿਆ ਆਦਿ) ਦੀ ਸੰਰਚਨਾ ਬਦਲਾਵਾਂ ਦੇ ਸੰਦਰਭ ਵਿਚ ਜੋ ਕਿ ਮਨੁੱਖ ਦੀ ਸਮਾਜਿਕ ਪ੍ਰਾਣੀ ਹੋਣ ਦੀ ਚਰਿੱਤਰਗਤ ਵਿਸ਼ੇਸ਼ਤਾਵਾਂ ਜਨਾਂਕਿਕੀ ਦਾ ਉਦੇਸ਼ ਸਿਰਫ਼ ਉਪਰੋਕਤ ਸੰਦਰਭ ਵਿਚ ਮੁੜਉਤਪਾਦਨ ਪ੍ਰਕਿਰਿਆ ਦਾ ਅਧਿਐਨ ਮਾਤਰ ਨਹੀਂ ਹੋਣਾ ਚਾਹੀਦਾ ਸਗੋਂ ਉਹ ਸਬੰਧ ਜਿਨ੍ਹਾਂ ਦੇ ਮਾਧਿਅਮ ਨਾਲ ਸਮਾਜਿਕ ਪ੍ਰਣਾਲੀ ਜਨਸੰਖਿਆ ਨੂੰ ਪ੍ਰਭਾਵਿਤ ਕਰਦੀ ਹੈ; ਵਿਭਿੰਨ ਸੰਬੰਧ ਜੋ ਜਨਸੰਖਿਆ, ਗਤਿਆਤਮਕਤਾ ਅਤੇ ਆਰਥਿਕ ਵਿਕਾਸ ਦੇ ਵਿਚਾਲੇ ਹੁੰਦਾ ਹੈ।"

**ਸਵ-ਮੁਲਾਂਕਣ (Self Assessment)**

**ਖਾਲੀ ਥਾਵਾਂ ਭਰੋ (Fill in the blanks) :**

1. ਜਨਸੰਖਿਆ ਦਾ ਸੰਖਿਆਤਮਕ ਚਿੱਤਰਣ.......... ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਨੋਟ

2. ਜਨਾਂਕਿਕੀ ਉਹ ਵਿਗਿਆਨ ਹੈ ਜੋ ……… ਅਤੇ ਆਵਾਗਮਨ ਦਾ ਅਧਿਐਨ ਕਰਦਾ ਹੈ।
3. ……… ਨੇ ਪਹਿਲਾਂ ਜਨਾਂਕਿਕੀ ਦੀ ਇਤਿਹਾਸਕ ਉਤਪਤੀ ਦਾ ਮਹੱਤਵ ਪ੍ਰਦਾਨ ਕੀਤਾ ਹੈ।

## 29.2 ਜਨਾਂਕਿਕੀ ਦੀ ਵਿਸ਼ਾ-ਸਮੱਗਰੀ ਅਤੇ ਖੇਤਰ (Subject-Matter and Scope of Demography)

ਜਨਾਂਕਿਕੀ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਾ ਅਧਿਐਨ ਕਰਨ ਤੋਂ ਬਾਅਦ ਜਨਾਂਕਿਕੀ ਵਿਸ਼ਾ-ਸਮੱਗਰੀ ਅਤੇ ਖੇਤਰ ਦਾ ਨਿਰਧਾਰਨ ਕਰਨਾ ਸਰਲ ਹੋ ਜਾਂਦਾ ਹੈ। ਉਪਰੋਕਤ ਪਰਿਭਾਸ਼ਾਵਾਂ ਦੇ ਅਧਿਐਨ ਨਾਲ ਜਨਾਂਕਿਕੀ ਦੇ ਸਬੰਧ ਵਿਚ ਹੇਠ ਲਿਖੇ ਤੱਤ ਸਪੱਸ਼ਟ ਹੋ ਜਾਂਦੇ ਹਨ-

1. ਜਨਾਂਕਿਕੀ ਮਨੁੱਖ ਦੀਆਂ ਵਿਅਕਤੀਗਤ ਸਮੱਸਿਆਵਾਂ ਦਾ ਅਧਿਐਨ ਨਹੀਂ ਕਰਦੀ ਹੈ, ਸਗੋਂ ਇਸਦੇ ਅੰਤਰਗਤ ਮਨੁੱਖੀ ਸਮੁਦਾਇ ਨਾਲ ਸਬੰਧਿਤ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ।
2. ਮਨੁੱਖੀ ਸਮੁਦਾਇ ਦੇ ਅਧਿਐਨ ਵਿਚ ਇਸਦੇ ਅੰਤਰਗਤ ਗਣਿਤ ਅਤੇ ਸਾਂਖਕੀ ਦਾ ਪ੍ਰਯੋਗ ਕੀਤਾ ਜਾਂਦਾ ਹੈ। **ਵਿਕਟਰ ਪੈਟਰੋਵ** (Victor Petrov) ਅਨੁਸਾਰ, "ਜਨਾਂਕਿਕੀ ਵਿਚ ਸ਼ਫਲਤਾ ਸਾਂਖਕੀ ਸਫ਼ਲਤਾ ਨਾਲ ਸਿੱਧੇ ਅਨੁਪਾਤਿਕ ਰੂਪ ਨਾਲ ਸਬੰਧਿਤ ਹੈ।"
3. ਜਨਾਂਕਿਕੀ ਮਨੁੱਖੀ ਸਮੁਦਾਇ ਦੇ ਆਕਾਰ, ਸੰਰਚਨਾ ਅਤੇ ਵੰਡ ਅਤੇ ਉਸ ਨਾਲ ਸਬੰਧਿਤ ਪਹਿਲੂਆਂ ਦਾ ਅਧਿਐਨ ਕਰਦੀ ਹੈ। ਜਨਾਂਕਿਕੀ ਦਾ ਸਬੰਧ ਅਨੇਕਾਂ ਸਮਾਜਿਕ ਅਤੇ ਹੋਰ ਵਿਗਿਆਨਾਂ ਨਾਲ ਹੁੰਦਾ ਹੈ ਪਰ ਇਸਦੇ ਅੰਤਰਗਤ ਵਿਭਿੰਨ ਵਿਗਿਆਨਾਂ ਦੀਆਂ ਅਵਧਾਰਨਾਂ ਦਾ ਅਧਿਐਨ ਨਹੀਂ ਕੀਤਾ ਜਾਂਦਾ ਹੈ, ਸਗੋਂ ਇਸ ਵਿਚ ਜਨਸੰਖਿਆ ਅਤੇ ਉਸਦੇ ਮੁੜਉਤਪਾਦਨ ਦਾ ਅਧਿਐਨ ਸਮੱਗਰ (Totality) ਦੇ ਰੂਪ ਵਿਚ ਕੀਤਾ ਜਾਂਦਾ ਹੈ। **ਵਿਕਟਰ ਪੈਟਰੋਵ** ਨੇ ਇਸ ਤੱਥ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ, "ਇਹ ਅਰਥਸ਼ਾਸਤਰ, ਇਤਿਹਾਸ ਆਦਿ ਦੀਆਂ ਅਵਧਾਰਨਾਵਾਂ ਦਾ ਅਧਿਐਨ ਨਹੀਂ ਕਰਦੀ ਹੈ, ਸਗੋਂ ਇਸ ਵਿਚ ਜਨਸੰਖਿਆ ਅਤੇ ਉਸਦੇ ਮੁੜਉਤਪਾਦਨ ਦਾ ਅਧਿਐਨ ਸਮੱਗਰ ਦੇ ਰੂਪ ਵਿਚ ਜਾਂ ਇਨ੍ਹਾਂ ਸਮੱਗਰਾਂ ਦੇ ਬਦਲਾਅ (Movement) ਦੇ ਰੂਪ ਵਿਚ ਕੀਤਾ ਜਾਂਦਾ ਹੈ।"
4. ਇਸਦੇ ਅੰਤਰਗਤ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਨਾਲ ਸਬੰਧਿਤ ਵਿਭਿੰਨ ਅਤੇ ਉਸਨੂੰ ਪ੍ਰਭਾਵਿਤ ਕਰਨਾ ਵਾਲੇ ਵੱਖ-ਵੱਖ ਤੱਤਾਂ ਦਾ ਅਧਿਐਨ ਕੀਤਾ ਜਾਂਦਾ ਹੈ। ਮੁੱਖ ਜਨਾਂਕਿਕੀ ਤੱਤਾਂ ਦੇ ਅੰਤਰਗਤ (ੳ) ਪ੍ਰਜਨਨਤਾ (Fertility), (ਅ) ਮੌਤ, (ੲ) ਸ਼ਿਸ਼ੂ ਅਤੇ ਮੌਤ ਦਰਾਂ, (ਸ) ਵਿਆਹ ਆਦਿ ਦਾ ਸਮਾਵੇਸ਼ ਕੀਤਾ ਜਾਂਦਾ ਹੈ। ਪ੍ਰਜਨਨਤਾ ਦੇ ਅੰਤਰਗਤ ਵਿਭਿੰਨ ਦਰਾਂ ਅਤੇ ਪ੍ਰਜਨਨਤਾ ਨੂੰ ਪ੍ਰਭਾਵਿਤ ਕਰਨ ਵਾਲੇ ਵਿਭਿੰਨ ਤੱਤ ਅਧਿਐਨ ਦੀ ਵਿਸ਼ਾ-ਵਸਤੂ ਹੈ। ਇਸੇ ਤਰ੍ਹਾਂ ਮੌਤ ਦੇ ਅੰਤਰਗਤ ਵਿਭਿੰਨ ਮੌਤ ਦਰਾਂ ਅਤੇ ਮੌਤ ਦਰਾਂ ਵਿਚ ਬਦਲਾਅ ਦਾ ਸਮਾਵੇਸ਼ ਕੀਤਾ ਜਾਂਦਾ ਹੈ। ਸ਼ਿਸ਼ੂ ਅਤੇ ਮਾਤਾ ਮੌਤ ਦਰਾਂ ਦਾ ਅਧਿਐਨ ਜੀਵਨ ਦੀ ਵਿਸ਼ੇਸ਼ ਸਮਾੱਹੱਦ ਨਾਲ ਸਬੰਧਿਤ ਹੋਣ ਕਾਨ ਵਿਸੇਸ਼ ਰੂਪ ਨਾਲ ਕੀਤਾ ਜਾਂਦਾ ਹੈ। ਮ੍ਰਿਤ ਪ੍ਰਸਵ (Still births) ਅਤੇ ਗਰਭਪਾਤ (Abortion) ਦਾ ਜਨਾਂਕਿਕੀ ਅਧਿਐਨ ਵਿਚ ਵਿਸ਼ੇਸ਼ ਸਥਾਨ ਹੈ। ਜਨਾਂਕਿਕੀ ਦੇ ਅੰਤਰਗਤ ਵਿਆਹ ਅਤੇ ਵਿਭਿੰਨ ਵਿਵਾਹਿਕ ਹਾਲਾਤਾਂ, ਜਿਵੇਂ ਵਿਵਾਹਿਤ, ਅਵਿਵਾਹਿਤ, ਤਲਾਕਸ਼ੁਦਾ, ਵਿਧਵਾ, ਵਿਧੁਰ ਦਾ ਅਧਿਐਨ ਵੀ ਜ਼ਰੂਰੀ ਹੈ।
5. ਜਨਾਂਕਿਕੀ ਇੱਕ ਗਤੀਸ਼ੀਲ ਵਿਗਿਆਨ ਹੈ। ਇਸਦੇ ਅੰਤਰਗਤ ਭੂਤਕਾਲ, ਵਰਤਮਾਨ ਅਤੇ ਭਵਿੱਖ ਦੀਆਂ ਸਮਾਜਿਕ ਅਵਧਾਰਨਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਵਿਕਟਰ ਪੈਟਰੋਵ ਦੇ ਸ਼ਬਦਾਂ ਵਿਚ, "ਜਨਾਂਕਿਕੀ ਦੇ ਦ੍ਰਿਸ਼ਟੀਖੇਤਰ (Field of vision) ਦੇ ਅੰਤਰਗਤ ਮਨੁੱਖ ਦੇ ਸਿਫਰ ਵਰਤਮਾਨ ਜੀਵਨ ਦਾ ਹੀ ਨਹੀਂ, ਸਗੋਂ ਭੂਤਕਾਲ ਅਤੇ ਭਵਿੱਖ ਦੀ ਸਮਾਜਿਕ ਅਵਧਾਰਨਾ ਦੇ ਸਬੰਧ ਵਿਚ ਅਗਾਊਂ ਅਨੁਮਾਨ ਲਾਉਣਾ ਵੀ ਸ਼ਾਮਲ ਹੈ।"
6. ਜਨਾਂਕਿਕੀ ਦੇ ਅਧਿਐਨ ਖੇਤਰ ਦੇ ਅੰਤਰਗਤ ਜਨਸੰਖਿਆ ਅਤੇ ਉਸਨੂੰ ਬਦਲਣ ਵਾਲੇ ਤੱਤਾਂ ਦਾ ਹੀ ਅਧਿਐਨ ਨਹੀਂ ਕੀਤਾ ਜਾਂਦਾ ਹੈ ਸਗੋਂ ਇਨ੍ਹਾਂ ਤੱਤਾਂ ਦੇ ਸਬੰਧ ਵਿਚ ਲਗਾਤਾਰ ਖੋਜ ਵੀ ਕੀਤੀ ਜਾਂਦੀ ਹੈ। ਰੂਸ ਦੇ ਜਨਸੰਖਿਆਸ਼ਾਸਤਰੀ **ਏ. ਯਾ. ਬਾਇਰਾਸਕੀ** (A. Ya. Boyarsky) ਦੇ ਸ਼ਬਦਾਂ ਵਿਚ, "ਇਸਦੇ ਅੰਤਰਗਤ ਅਸੀਂ ਮਨੁੱਖ ਦੁਆਰਾ ਵਿਸ਼ਾਲ ਮਾਤਰਾ ਵਿਚ ਜੋੜੀ ਸਮੱਗਰੀ ਦੀ ਖੋਜ ਕਰਦੇ ਹਾਂ, ਜੋ ਇਸ 'ਤੇ ਖੋਜ ਦਾ ਆਧਾਰ ਪ੍ਰਦਾਨ ਕਰਦਾ ਹੈ, ਜਿਸ ਦੇ ਨਤੀਜੇ ਵਜੋਂ ਵਿਭਿੰਨ ਨਿਯਮ, ਸਬੰਧ (Ties) ਅਤੇ ਨਿਯਮਿਤਾਵਾਂ ਘਟਦੀਆਂ ਹੁੰਦੀਆਂ ਹਨ।"

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ 'ਤੇ ਜਨਾਂਕਿਕੀ ਦੀ ਵਿਸ਼ਾ-ਸਮੱਗਰੀ ਨੂੰ ਹੇਠ ਲਿਖੇ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: (i) ਜਨਸੰਖਿਆ ਦਾ ਆਕਾਰ, (ii) ਜਨਸੰਖਿਆ ਦਾ ਸੰਰਚਨਾ, (iii) ਜਨਸੰਖਿਆ ਦੀ ਵੰਡ ਅੰਤੇ (iv) ਜਨਸੰਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ।

1. **ਜਨਸੰਖਿਆ ਦਾ ਆਕਾਰ (Size of Population)**

   ਜਨਸੰਖਿਆ ਦੇ ਆਕਾਰ ਤੋਂ ਭਾਵ ਕਿਸੇ ਸਥਾਨ ਵਿਸ਼ੇਸ਼ 'ਚ ਕਿਸੇ ਵਿਸ਼ੇਸ਼ ਸਮੇਂ 'ਚ ਰਹਿਣ ਵਾਲੇ ਲੋਕਾਂ ਦੇ ਸਮੁਦਾਯ ਦੀ ਕੁੱਲ ਜਨਸੰਖਿਆ ਤੋਂ ਹੁੰਦਾ ਹੈ। ਧਰਾਤਲੀ ਨਜ਼ਰੀਏ ਨਾਲ ਜਨਸੰਖਿਆ ਦੀ ਗਣਨਾ ਦਾ ਕੰਮ ਬਹੁਤ ਹੀ ਸੌਖਾ ਪ੍ਰਤੀਤ ਹੁੰਦਾ ਹੈ ਪਰ ਅਸਲ 'ਚ ਇਹ ਬਹੁਤ ਉਲਝੀ ਪ੍ਰਕਿਰਿਆ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਸਥਾਨ (Place),

ਨੋਟ

ਵਿਅਕਤੀ (Person) ਅਤੇ ਸਮਾਂ (Time) ਨੂੰ ਉੱਚਿਤ ਰੂਪ ਨਾਲ ਪਰਿਭਾਸ਼ਤ ਕੀਤਾ ਜਾਵੇ। ਇਸ ਤੋਂ ਬਾਅਦ ਜਨਗਣਨਾ (Census), ਰਜਿਸਟਰੇਸ਼ਨ (Registration) ਜਾਂ ਨਿਰਦਰਸ਼ਨ (Sample) ਰਾਹੀਂ ਜਨਸੰਖਿਆ ਦੀ ਗਣਨਾ ਕੀਤੀ ਜਾਵੇ।

ਕਿਸੇ ਸਮੇਂ ਵਿਸ਼ੇਸ਼ 'ਚ ਕਿਸੇ ਸਥਾਨ ਵਿਸ਼ੇਸ਼ ਦੀ ਜਨਸੰਖਿਆ ਗਿਆਤ ਹੋ ਜਾਣੀ ਹੀ ਪੂਰੀ ਨਹੀਂ ਹੁੰਦੀ। ਇੱਕ ਜਨਸੰਖਿਆਸ਼ਾਸਤਰੀ ਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਵਰਤਮਾਨ ਜਨਸੰਖਿਆ 'ਚ ਕੀ-ਕੀ ਪਰਿਵਰਤਨ ਹੋਏ ਹਨ ? ਇਸ ਤਰ੍ਹਾਂ ਦੇ ਅਧਿਐਨਾਂ ਦੇ ਤਹਿਤ ਅਸੀਂ ਇਹ ਵੀ ਜਾਣਨਾ ਚਾਹੁੰਦੇ ਹਾਂ ਕਿ ਵਰਤਮਾਨ ਜਨਸੰਖਿਆ ਪਿਛਲੀ ਜਨਸੰਖਿਆ ਤੋਂ ਵੱਧ ਹੈ ਜਾਂ ਘੱਟ ਅਤੇ ਭਵਿੱਖ 'ਚ ਜਨਸੰਖਿਆ 'ਚ ਕਿਸ ਤਰ੍ਹਾਂ ਦੇ ਪਰਿਵਰਤਨ ਸੰਭਾਵਿਤ ਹਨ ? ਪਰਿਵਰਤਨ ਦੀ ਮਾਤਰਾ ਤੋਂ ਇਲਾਵਾ ਇਹ ਵੀ ਗਣਨਾ ਕਰਨਾ ਜ਼ਰੂਰੀ ਹੁੰਦੀ ਹੈ ਕਿ ਪਰਿਵਰਤਨ ਦੀ ਦਰ ਕੀ ਹੈ ? ਇਹ ਪਰਿਵਰਤਨ ਦੀ ਦਰ ਪਿਛਲੀ ਪਰਿਵਰਤਨ ਦੀ ਦਰ ਤੋਂ ਵੱਧ ਹੈ ਜਾਂ ਘੱਟ ? ਪਰਿਵਰਤਨ ਦੇ ਆਧਾਰ 'ਤੇ ਭਵਿੱਖ 'ਚ ਪਰਿਵਰਤਨ ਦੀ ਦਰ ਦੇ ਸਬੰਧ ਵਿੱਚ ਅਨੁਮਾਨ ਲਾਏ ਜਾ ਸਕਦੇ ਹਨ।

ਜਨਸੰਖਿਆ ਪਰਿਵਰਤਨ ਦੀ ਮਾਤਰਾ ਅਤੇ ਦਰ ਤੋਂ ਇਲਾਵਾ, ਜਨਸੰਖਿਆ ਪਰਿਵਰਤਨ ਦੇ ਕਾਰਨਾਂ ਦੀ ਖੋਜ ਕਰਨਾ ਵੀ ਜ਼ਰੂਰੀ ਹੁੰਦਾ ਹੈ। ਜਨਮ (Natality) , ਮੌਤ (Mortality) ਅਤੇ ਪ੍ਰਵਾਸ (Migration) ਜਨਸੰਖਿਆ ਪਰਿਵਰਤਨ ਦੇ ਕਾਰਨ ਹਨ। ਇਨ੍ਹਾਂ ਦਾ ਅਧਿਐਨ ਜਨਾਂਕਿਕੀ ਪ੍ਰਕਿਰਿਆ ਦੇ ਤਹਿਤ ਕੀਤਾ ਜਾਂਦਾ ਹੈ। ਜਨਾਂਕਿਕੀ ਦੀ ਪ੍ਰਕਿਰਿਆ ਤਹਿਤ ਜੈਵਕੀ ਤੱਤਾਂ (Biological Phenomena) ਅਤੇ ਸਮ ਾਜਿਕ ਤੇ ਸੱਭਿਆਚਾਰਕ ਤੱਤਾਂ, ਦੋਵਾਂ ਨੂੰ ਹੀ ਜਨਾਂਕਿਕੀ ਦੀ ਵਿਸ਼ਾ-ਸਮੱਗਰੀ ਦੇ ਤਹਿਤ ਸਮਾਵਿਸ਼ਟ ਕਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਜਨਮ ਦਰ, ਮੌਤ ਦਰ ਅਤੇ ਪ੍ਰਵਾਸ ਜੈਵਕੀ ਤੱਤਾਂ ਤੋਂ ਪ੍ਰਭਾਵਿਤ ਹੁੰਦੇ ਹਨ ਤਾਂ ਦੂਜੇ ਪਾਸੇ ਸਮਾਜਿਕ ਅਤੇ ਸੱਭਿਆਚਾਰਕ ਤੱਤ ਵੀ ਇਨ੍ਹਾਂ ਨੂੰ ਸਮਾਨ ਰੂਪ ਨਾਲ ਪ੍ਰਭਾਵਿਤ ਕਰਦੇ ਹਨ। ਇਸੇ ਕਾਰਨ ਇਹ ਜ਼ਰੂਰੀ ਹੈ ਕਿ ਜਨਸੰਖਿਆਸ਼ਾਸਤਰੀ ਜੀਵ ਵਿਗਿਆਨੀ ਅਤੇ ਸਮਾਜਸ਼ਾਸਤਰੀ ਹੋਣ ਦੇ ਨਾਲ ਹੀ ਨਾਲ ਸੰਖਿਅਕੀ ਅਤੇ ਗਣਿਤ ਦਾ ਵੀ ਗਿਆਤਾ ਹੋਵੇ।

2. **ਜਨਸੰਖਿਆ ਦੀ ਸੰਰਚਨਾ (Composition of Population)**

ਜਨਸੰਖਿਆ ਦੀ ਸੰਰਚਨਾ ਦਾ ਅਧਿਐਨ ਜਨਾਂਕਿਕੀ ਦੀ ਵਿਸ਼ਾ-ਵਸਤੂ ਦੇ ਤਹਿਤ ਮਹੱਤਵਪੂਰਨ ਹੈ। ਜਨਸੰਖਿਆ ਦੇ ਆਕਾਰ ਦੇ ਅਧਿਐਨ ਨਾਲ ਕਿਸੇ ਖੇਤਰ ਵਿਸ਼ੇਸ਼ ਦੀ ਜਨਸੰਖਿਆ ਦੇ ਸਬੰਧ ਵਿੱਚ ਸਾਨੂੰ ਸਿਰਫ਼ ਆਮ ਜਾਣਕਾਰੀ ਮਿਲਦੀ ਹੈ ਪਰ ਜਨਸੰਖਿਆ ਦੀ ਸੰਰਚਨਾ ਦੇ ਅਧਿਐਨ ਨਾਲ ਸਾਨੂੰ ਉਸ ਖੇਤਰ ਦੀ ਜਨਸੰਖਿਆ ਸਬੰਧੀ ਸਾਰੀਆਂ ਵਿਸ਼ੇਸ਼ਤਾਵਾਂ ਦੀ ਵਿਸਥਾਰਿਤ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਦੋ ਥਾਵਾਂ ਦੀ ਜਨਸੰਖਿਆ ਦੀ ਸੰਰਚਨਾ 'ਚ ਕਈ ਤਰ੍ਹਾਂ ਦੀਆਂ ਭਿੰਨਤਾਵਾਂ ਹੋ ਸਕਦੀਆਂ ਹਨ, ਜਿਵੇਂ ਉਮਰ, ਲਿੰਗ, ਜਾਤ, ਧਰਮ, ਨਿਵਾਸ ਆਦਿ ਦੇ ਆਧਾਰ 'ਤੇ ਭਿੰਨਤਾਵਾਂ। ਜਨਸੰਖਿਆ ਦੇ ਆਕਾਰ ਦਾ ਅਧਿਐਨ ਜਨਸੰਖਿਆ ਦਾ ਸਮਸ਼ਿਟਗਤ (Macro) ਚਿੱਤਰ ਪੇਸ਼ ਕਰਦਾ ਹੈ, ਜਦੋਂਕਿ ਜਨਸੰਖਿਆ ਦੀ ਸੰਰਚਨਾ ਦਾ ਅਧਿਐਨ ਵਿਅਸ਼ਿਟਗਤ (Micro) ਚਿੱਤਰ ਪੇਸ਼ ਕਰਦਾ ਹੈ।

ਜਨਸੰਖਿਆ ਦੀ ਸੰਰਚਨਾ ਦੇ ਤਹਿਤ ਜਨਸੰਖਿਆ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕਿਸੇ ਖੇਤਰ ਵਿਸ਼ੇਸ਼ ਦੀ ਜਨਸੰਖਿਆ ਪ੍ਰਜਣਨਤਾ, ਮੌਤ ਦਰ ਅਤੇ ਪ੍ਰਵਾਸ ਰਾਹੀਂ ਨਿਰਧਾਰਿਤ ਹੁੰਦੀ ਹੈ, ਪਰ ਜਦੋਂ ਜਨਸੰਖਿਆ ਦਾ ਅਧਿਐਨ ਤਿੰਨਾਂ ਜਨਾਂਕਿਕੀ ਸ਼ਕਤੀਆਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਸ਼ਕਤੀਆਂ ਨਾਲ ਸਾਰੇ ਮਨੁੱਖ ਸਮਾਨਰੂਪ ਨਾਲ ਪ੍ਰਭਾਵਿਤ ਨਹੀਂ ਹੁੰਦੇ ਹਨ, ਸਗੋਂ ਉਨ੍ਹਾਂ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ, ਜਿਵੇਂ ਉਮਰ, ਲਿੰਗ, ਸਿੱਖਿਆ, ਧਰਮ, ਵਪਾਰ ਆਦਿ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ। ਜਨਸੰਖਿਆ ਦੀ ਸੰਰਚਨਾ ਦੇ ਤਹਿਤ ਜਨਸੰਖਿਆ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਜਨਸੰਖਿਆ ਦਾ ਵਰਗੀਕਰਨ ਕਈ ਆਧਾਰਾਂ 'ਤੇ ਕੀਤਾ ਜਾ ਸਕਦਾ ਹੈ ਜਿਵੇਂ (1) ਉਮਰ ਸੰਰਚਨਾ (Age Composition), (2) ਲਿੰਗ ਅਨੁਸਾਰ ਸੰਰਚਨਾ (Sex Composition), (3) ਕਾਰਜਸ਼ੀਲ ਜਨਸੰਖਿਆ (Working Population), (4) ਵਿਆਹਿਕ ਪੱਧਰ (Marital Status), (5) ਸਿੱਖਿਅਕ ਪੱਧਰ (Educational Standard), (6) ਧਰਮ ਅਨੁਸਾਰ ਵਰਗੀਕਰਨ (Religion) ਆਦਿ। ਜਨਾਂਕਿਕੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੇ ਨਜ਼ਰੀਏ ਨਾਲ ਜਨਸੰਖਿਆਵਾਂ, ਯਥਾ (1) ਉਮਰ ਸੰਰਚਨਾ (Age Composition) ਅਤੇ (2) ਲਿੰਗ ਅਨੁਸਾਰ ਸੰਰਚਨਾ (Sex Composition) ਬਹੁਤ ਮਹੱਤਵਪੂਰਨ ਹਨ।

ਉਮਰ ਸੰਰਚਨਾ ਦੇ ਅਧਿਐਨ ਨਾਲ ਕਈ ਤੱਥਾਂ ਦੇ ਸਬੰਧ 'ਚ ਜਾਣਕਾਰੀ ਪ੍ਰਾਪਤੀ ਹੁੰਦੀ ਹੈ। ਜੇਕਰ ਕਿਸੇ ਸਮਾਜ 'ਚ ਬੱਚਿਆਂ ਦੀ ਸੰਖਿਆ ਵੱਧ ਹੈ ਤਾਂ ਉਸ ਦੇ ਤਹਿਤ ਮੌਤ ਦਰ ਵੱਧ ਹੋਵੇਗੀ ਅਤੇ ਕਿਰਤ ਸ਼ਕਤੀ (Labour Force) ਘੱਟ ਹੋਵੇਗੀ। ਇਸ ਤਰ੍ਹਾਂ ਦੇ ਸਮਾਜ 'ਚ ਕਿਰਤ ਸ਼ਕਤੀ 'ਚ ਫਿਰ ਵੀ ਵੱਧ ਮਾਤਰਾ 'ਚ ਨਿਵੇਸ਼ ਕਰਨਾ ਜ਼ਰੂਰੀ ਹੋਵੇਗਾ ਪਰ ਉਤਪਾਦਨ 'ਚ ਉਮੀਦ ਮੁਕਾਬਲੇ ਉਨ੍ਹਾਂ ਦਾ ਯੋਗਦਾਨ ਘੱਟ ਹੋਵੇਗਾ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਦੀ ਇੱਕ ਮਹੱਤਵਪੂਰਨ ਸਮੱਸਿਆ ਇਹ ਹੈ ਕਿ ਉਨ੍ਹਾਂ ਦੀ ਕੁੱਲ ਜਨਸੰਖਿਆ 'ਚ ਬੱਚਿਆਂ ਦੀ ਗਿਣਤੀ ਬਹੁਤ ਵੱਧ ਹੈ, ਜਿਨ੍ਹਾਂ 'ਤੇ ਖਰਚ ਵੀ ਵੱਧ ਮਾਤਰਾ 'ਚ ਕਰਨਾ ਜ਼ਰੂਰੀ ਹੁੰਦਾ ਹੈ, ਪਰ ਜਿੱਥੋਂ ਤੱਕ ਉਤਪਾਦਨ 'ਚ ਉਨ੍ਹਾਂ ਦੇ ਯੋਗਦਾਨ ਦਾ ਪ੍ਰਸ਼ਨ ਹੈ, ਉਹ ਨਾਂਅ ਦੇ ਬਰਾਬਰ ਹੀ ਰਹਿੰਦਾ ਹੈ।

ਉਮਰ ਸੰਰਚਨਾ ਜਨਮ ਦਰ ਅਤੇ ਮੌਤ ਦਰ ਦੇ ਨਿਰਧਾਰਨ ਨੂੰ ਵੀ ਪ੍ਰਭਾਵਿਤ ਕਰਦੀ ਹੈ। ਮੁੜ-ਉਤਪਾਦਨ ਉਮਰ ਵਰਗ (Reproduction age group) ਨੂੰ ਔਰਤਾਂ ਦੀ ਗਿਣਤੀ ਦੇ ਦੁਆਰਾ ਕਿਸੇ ਖੇਤਰ ਵਿਸ਼ੇਸ਼ ਦੀ ਜਣੇਪਾ ਸ਼ਕਤੀ ਦਾ

ਨੋਟ

ਮਾਪ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਿਸ ਖੇਤਰ 'ਚ ਬਜ਼ੁਰਗ ਵਿਅਕਤੀਆਂ ਦੀ ਗਿਣਤੀ ਵੱਧ ਹੁੰਦੀ ਹੈ, ਉੱਥੇ ਮੌਤ ਦਰ ਵੀ ਵੱਧ ਹੋਵੇਗੀ।

ਕਾਰਜਸ਼ੀਲ ਜਨਸੰਖਿਆ (Working Population) ਦੇ ਅਧਿਐਨ ਦੇ ਨਜ਼ਰੀਏ ਨਾਲ ਉਮਰ ਸੰਰਚਨਾ ਦਾ ਅਧਿਐਨ ਬਹੁਤ ਹੀ ਮਹੱਤਵਪੂਰਨ ਹੈ। ਜਿਸ ਦੇਸ਼ ਦੀ ਜ਼ਿਆਦਾਤਰ ਜਨਸੰਖਿਆ 15-60 ਸਾਲ ਦੇ ਉਮਰ ਗਰੁੱਪ ਵਿੱਚ ਹੈ, ਉੱਥੋਂ ਦੇ ਮਜ਼ਦੂਰਾਂ ਦੀ ਉਤਪਾਦਕਤਾ ਵੱਧ ਹੋਵੇਗੀ। ਇਸ ਤੋਂ ਉਲਟ, ਜੇਕਰ ਕਿਸੇ ਦੇਸ਼ ਦੀ ਜ਼ਿਆਦਾਤਰ ਜਨਸੰਖਿਆ 0-15 ਸਾਲ ਦੇ ਉਮਰ ਵਰਗ 'ਚ ਹੈ ਤਾਂ ਉੱਥੋਂ ਦੇ ਮਜ਼ਦੂਰਾਂ ਦੀ ਉਤਪਾਦਕਤਾ ਘੱਟ ਹੋਵੇਗੀ। ਜਨਸੰਖਿਆ ਦੀ ਸੰਰਚਨਾ ਨਾਲ ਸਬੰਧਿਤ ਕੁਝ ਹੋਰ ਤੱਤਾਂ ਦਾ ਅਧਿਐਨ ਵੀ ਜ਼ਰੂਰੀ ਹੁੰਦਾ ਹੈ, ਜਿਵੇਂ ਵਿਆਹਕ ਪੱਧਰ, ਪੇਂਡੂ ਤੇ ਸ਼ਹਿਰੀ ਜਨਸੰਖਿਆ, ਵਪਾਰ, ਧਰਮ, ਸਿੱਖਿਆ ਆਦਿ। ਇਹ ਸਾਰੇ ਤੱਤ ਜਨਮ ਦਰ, ਮੌਤ ਅਤੇ ਪ੍ਰਵਾਸ ਨੂੰ ਪ੍ਰਭਾਵਿਤ ਕਰਦੇ ਹਨ।

ਜਨਸੰਖਿਆ ਸ਼ਾਸਤਰੀ ਲਈ ਸਿਰਫ਼ ਜਨਸੰਖਿਆ ਦੀ ਸੰਰਚਨਾ ਦਾ ਵਿਸ਼ਲੇਸ਼ਣ ਹੀ ਪੂਰਾ ਨਹੀਂ ਹੁੰਦਾ ਹੈ, ਸਗੋਂ ਉਸ ਲਈ ਸੰਰਚਨਾ ਦੇ ਤਹਿਤ ਹੋਣ ਵਾਲੇ ਪਰਿਵਰਤਨ, ਇਨ੍ਹਾਂ ਦੇ ਕਾਰਨ ਅਤੇ ਪ੍ਰਭਾਵਾਂ ਦੀ ਖੋਜ ਕਰਨਾ ਵੀ ਜ਼ਰੂਰੀ ਹੁੰਦਾ ਹੈ। ਜਨਸੰਖਿਆ ਦੀ ਸੰਰਚਨਾ ਜਨਾਂਕਿਕੀ ਪ੍ਰਕਿਰਿਆਵਾਂ ਨੂੰ ਨਾ ਸਿਰਫ਼ ਪ੍ਰਭਾਵਿਤ ਹੀ ਕਰਦੀ ਹੈ, ਸਗੋਂ ਉਨ੍ਹਾਂ ਦੁਆਰਾ ਪ੍ਰਭਾਵਿਤ ਵੀ ਹੁੰਦੀ ਹੈ। **ਥਾਮਪਸਨ ਅਤੇ ਲੇਵਿਸ** (Thompson and Lewis) ਦੇ ਸ਼ਬਦਾਂ 'ਚ "ਜਨਸੰਖਿਆ ਦੀ ਸੰਰਚਨਾ ਅਤੇ ਉਸ ਦੀ ਮੌਤ ਦਰ, ਜਨਮ ਦਰ ਅਤੇ ਸ਼ੁੱਧ ਪ੍ਰਵਾਸ ਦਾ ਸਬੰਧ ਅਨੁਕ੍ਰਮਾਤਮਕ (Reciprocal) ਹੈ, ਅਰਥਾਤ ਸੰਰਚਨਾ ਜਨਾਂਕਿਕੀ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਪ੍ਰਕਿਰਿਆਵਾਂ ਸੰਰਚਨਾਵਾਂ ਨੂੰ ਉਮਰ ਅਤੇ ਲਿੰਗ ਸੰਰਚਨਾ ਰਾਹੀਂ ਪ੍ਰਭਾਵਿਤ ਕਰਦੀ ਹੈ।"

3. **ਜਨਸੰਖਿਆ ਦੀ ਵੰਡ (Distribution of Population)**

ਜਨਸੰਖਿਆ ਦੀ ਵੰਡ, ਜਨਾਕਿਕੀ ਦਾ ਤੀਜਾ ਮਹੱਤਵਪੂਰਨ ਅਧਿਐਨ ਵਿਸ਼ਾ ਹੈ। ਇਸ ਦੇ ਤਹਿਤ ਇਹ ਖੋਜ ਕੀਤੀ ਜਾਂਦੀ ਹੈ ਕਿ ਵਿਸ਼ਵ ਜਾਂ ਕਿਸੇ ਖੇਤਰ ਵਿਸ਼ੇਸ਼ 'ਚ ਲੋਕ ਕਿੱਥੋਂ ਤੱਕ ਕਿਸ ਤਰ੍ਹਾਂ ਵੰਡੇ ਹਨ ਅਤੇ ਇਸ ਵੰਡ ਦੇ ਤਹਿਤ ਕਿਹੜੇ-ਕਿਹੜੇ ਪਰਿਵਰਤਨ ਹੋ ਰਹੇ ਹਨ ? ਜਨਸੰਖਿਆ ਸਬੰਧੀ ਅੰਕੜੇ ਇਕੱਠੇ ਕਰਨ ਦੇ ਦੋ ਮੁੱਖ ਆਧਾਰ ਹਨ- (1) ਪ੍ਰਸ਼ਾਸਨਿਕ ਇਕਾਈ ਜਿਵੇਂ ਰਾਸ਼ਟਰ, ਰਾਜ, ਜ਼ਿਲ੍ਹਾ, ਸ਼ਹਿਰ, ਕਸਬਾ, ਪਿੰਡ, ਬਲਾਕ ਆਦਿ ਅਤੇ (2) ਭੂਗੋਲਿਕ ਇਕਾਈ, ਜਿਵੇਂ ਮਹਾਂਦੀਪ, ਪਰਬਤੀ ਰਾਜ, ਰੇਗਿਸਥਾਨੀ ਰਾਜ ਸਮੁੱਚਾ ਵਿਸ਼ਵ ਆਦਿ। ਵਿਸ਼ੇ ਦੇ ਅਨੁਸਾਰ ਅਧਿਐਨ ਦੇ ਖੇਤਰ ਦਾ ਨਿਰਧਾਰਨ ਕੀਤਾ ਜਾਂਦਾ ਹੈ।

ਥਾਮਪਸਨ ਅਤੇ ਲੇਵਿਸ (Thompson and Lewis) ਨੇ ਵਿਸ਼ਵ ਦੀ ਜਨਸਖਿਆ ਦੀ ਵੰਡ ਦੇ ਅਧਿਐਨ ਦੇ ਨਜ਼ਰੀਏ ਨਾਲ ਸ਼ਹੀਕਰਨ ਅਤੇ ਉਦਯੋਗੀਕਰਨ ਦੇ ਆਧਾਰ 'ਤੇ ਨਿਮਨ ਸ਼੍ਰੇਣੀਆਂ ਬਣਾਈਆਂ ਹਨ:

1. ਉੱਨਤ ਸ਼ਹਿਰੀ ਅਤੇ ਉਦਯੋਗਿਕ ਖੇਤਰ (Advance Urban Industrial Region)
2. ਨਵ-ਸ਼ਹਿਰੀ ਅਤੇ ਉਦਯੋਗਿਕ ਖੇਤਰ (Newly Urban Industrial Region)
3. ਸ਼ਹਿਰੀ ਅਤੇ ਉਦਯੋਗਿਕ ਵਿਕਾਸ ਤੋਂ ਪਹਿਲਾਂ ਦੀ ਸਥਿਤੀ (Situation prior to Urban and Industrial Development)

ਉਪਰੋਕਤ ਤਿੰਨੇ ਪ੍ਰਕਾਰ ਦੇ ਖੇਤਰਾਂ 'ਚ ਜਨਸੰਖਿਆ ਦੀ ਵੰਡ ਦਾ ਕੀ ਸਰੂਪ ਹੈ ? ਇਸ ਜਨਸੰਖਿਆ ਵੰਡ ਦੇ ਤਹਿਤ ਕਿਹੜੇ-ਕਿਹੜੇ ਪਰਿਵਰਤਨ ਹੋ ਰਹੇ ਹਨ ? ਇਨ੍ਹਾਂ ਪਰਿਵਰਤਨਾਂ ਦੇ ਕੀ ਕਾਰਨ ਹਨ, ਇਨ੍ਹਾਂ ਦੇ ਕੀ ਨਤੀਜੇ ਹੋ ਸਕਦੇ ਹਨ, ਆਦਿ ਮੁੱਖ ਵਿਸ਼ੇ ਹਨ ਜਿਨ੍ਹਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੈ।

ਅੰਤਰਰਾਸ਼ਟਰੀ ਨਜ਼ਰੀਏ ਤੋਂ ਜਨਸੰਖਿਆ ਦੀ ਵੰਡ ਦਾ ਇੰਨਾ ਵੱਧ ਮਹੱਤਵ ਨਹੀਂ ਏ ਜਿੰਨਾ ਕਿ ਰਾਸ਼ਟਰੀ ਨਜ਼ਰੀਏ ਤੋਂ। ਜਨਸੰਖਿਆ ਦੀ ਵੰਡ ਨੂੰ ਕਈ ਤੱਤ ਪ੍ਰਭਾਵਿਤ ਕਰਦੇ ਹਨ ਜਿਸ ਨੂੰ ਨਿਮਨ ਤਿੰਨ ਪ੍ਰਕਾਰ ਨਾਲ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ-

1. **ਭੂਗੋਲਿਕ ਤੱਤ** (Geographical factors): ਇਸ ਦੇ ਤਹਿਤ ਜਲਵਾਯੂ, ਭੂਮੀ ਸੁਧਾਰ, ਮਿੱਟੀ (Soils) ਅਤੇ ਹੋਰ ਭੌਤਿਕ ਸਾਧਨ ਅਤੇ ਸਥਾਨ ਸਹਿ-ਸਬੰਧ (Space Relationships) ;
2. **ਸੱਭਿਆਚਾਰ ਤੱਤ** (Cultural factors): ਇਸ ਦੇ ਤਹਿਤ ਲੋਕਾਂ ਦੀਆਂ ਅਭਿਵ੍ਰਿਤੀਆਂ (Attitudes) ਅਤੇ ਉਦੇਸ਼, ਉਨ੍ਹਾਂ ਦੀਆਂ ਆਰਥਿਕ ਗਤੀਵਿਧੀਆਂ ਅਤੇ ਪ੍ਰਵਿਧੀ ਤੇ ਉਨ੍ਹਾਂ ਦੇ ਸਮਾਜਿਕ ਸੰਗਠਨ ਦਾ ਸਵਰੂਪ ; ਅਤੇ
3. **ਜਨਾਂਕਿਕੀ ਤੱਤ** (Demographic factors): ਇਸ ਦੇ ਤਹਿਤ ਵੱਖ-ਵੱਖ ਖੇਤਰਾਂ ਦੀ ਵਿਭੇਦਪੂਰਨ ਜਨਮ ਅਤੇ ਮੌਤ ਦਰਾਂ ਤੇ ਪ੍ਰਵਾਸ ਦਾ ਸਮਾਵੇਸ਼ ਕੀਤਾ ਜਾਂਦਾ ਹੈ।

ਜਨਸੰਖਿਆ ਦੀ ਵੰਡ ਕਈ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ, ਜਿਵੇਂ ਆਵਾਜਾਈ ਸਮੱਸਿਆ, ਰਿਹਾਇਸ਼ੀ ਸਮੱਸਿਆ, ਨਗਰ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਅਤੇ ਲੁਕੀ ਹੋਈ ਬੇਰੁਜ਼ਗਾਰੀ ਆਦਿ।

ਇੱਕ ਦੇਸ਼ ਦੀ ਜਨਸੰਖਿਆ ਦੇ ਕਿੰਨ ਫੀਸਦੀ ਲੋਕ ਸ਼ਹਿਰਾਂ 'ਚ ਰਹਿੰਦੇ ਹਨ ਅਤੇ ਕਿੰਨੇ ਫੀਸਦੀ ਲੋਕ ਪਿੰਡਾਂ 'ਚ ਰਹਿੰਦੇ ਹਨ, ਅਰਥ-ਵਿਵਸਥਾ ਦੇ ਮੁੱਢਲੇ ਖੇਤਰ (ਖੇਤੀ ਖੇਤਰ), ਦਿਵੀਤੀਅਕ ਖੇਤਰ (ਉਦਯੋਗਾਂ 'ਚ) ਅਤੇ ਤ੍ਰਿਤੀਯਕ ਖੇਤਰ (ਸੇਵਾਵਾਂ) ਚ ਜਨਸੰਖਿਆ ਦੀ ਵੰਡ ਦਾ ਕੀ ਸਰੂਪ ਹੈ ? ਰਾਜ ਅਨੁਸਾਰ ਜਨਸੰਖਿਆ ਦੀ ਵੰਡ ਦੀਆਂ ਕੀ ਵਿਸ਼ੇਸ਼ਤਾਵਾਂ ਹਨ ਆਦਿ ਮਹਤੱਵਪੂਰਨ ਵਿਸ਼ੇ ਹਨ ਜੋ ਜਨਸੰਖਿਆ ਦੀ ਵੰਡ ਨਾਲ ਸਬੰਧਿਤ ਹਨ। ਕਿਸੇ ਰਾਜ ਨੂੰ ਕਿੰਨੀ ਮਾਤਰਾ 'ਚ

ਆਰਥਿਕ ਗਰਾਂਟ ਦਿੱਤੀ ਜਾਵੇ, ਕਿਸੇ ਰਾਜ ਨੂੰ ਆਮਦਨ ਟੈਕਸ ਵਿੱਚੋਂ ਕਿੰਨਾ ਹਿੱਸਾ ਦਿੱਤਾ ਜਾਵੇ ਆਦਿ ਸਮੱਸਿਆਵਾਂ ਦਾ ਨਿਪਟਾਰਾ ਆਮ ਤੌਰ 'ਤੇ ਜਨਸੰਖਿਆ ਦੀ ਵੰਡ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

4. **ਜਨਸੰਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ** (Factors Influencing change in population): ਜਨਸੰਖਿਆ 'ਚ ਲਗਾਤਾਰ ਪਰਿਵਰਤਨ ਹੁੰਦੇ ਰਹਿੰਦੇ ਹਨ। ਜਨਾਂਕਿਕੀ ਪ੍ਰਵਿਰਤੀਆਂ 'ਚ ਹੋਣ ਵਾਲੇ ਪਰਿਵਰਤਨ ਅਤੇ ਇਨ੍ਹਾਂ ਪ੍ਰਵਿਰਤੀਆਂ ਦੇ ਆਧਾਰ 'ਤੇ ਭਵਿੱਖ 'ਚ ਹੋਣ ਵਾਲੀਆਂ ਪ੍ਰਵਿਰਤੀਆਂ ਦੇ ਸਬੰਧ 'ਚ ਪਰੇਖਣ (Projection) ਜਨਾਂਕਿਕੀ ਦਾ ਬਹੁਤ ਮਹੱਤਵਪੂਰਨ ਵਿਸ਼ਾ ਹੈ।

   ਜਨਸੰਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ 'ਚ ਜਨਾਂਕਿਕੀ ਪ੍ਰਵਿਰਤੀਆਂ ਤੋਂ ਇਲਾਵਾ ਵਰਤਮਾਨ ਯੁੱਗ 'ਚ ਕਈ ਵਿਦਵਾਨ ਸਮਾਜਿਕ ਗਤੀਸ਼ੀਲਤਾ ਦਾ ਸਮਾਵੇਸ਼ ਕਰਦੇ ਹਨ। ਇਨ੍ਹਾਂ ਮਤਾਂ ਅਨੁਸਾਰ ਸਮਾਜਿਕ ਗਤੀਸ਼ੀਲਤਾ ਜਨਸੰਖਿਆ ਦੀ ਸੰਰਚਨਾ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇੱਕ ਸਥਿਤੀ ਨਾਲ ਜਦੋਂ ਦੂਜੀ ਸਥਿਤੀ 'ਚ ਤਬਦੀਲੀ ਹੁੰਦੀ ਹੈ, ਉਦੋਂ ਸੰਰਚਨਾਤਮਕ ਵਿਸ਼ੇਸ਼ਤਾਵਾਂ 'ਚ ਪਰਿਵਰਤਨ ਹੋ ਜਾਂਦਾ ਹੈ, ਜਿਵੇਂ ਵਿਆਹਿਕ ਸਥਿਤੀ ਅਨੁਸਾਰ ਇੱਕ ਵਿਅਕਤੀ ਜੋ ਕਿ ਕੁਆਰਾ ਹੈ, ਵਿਆਹਿਤ ਹੋ ਸਕਦਾ ਹੈ, ਇਸ ਤਰ੍ਹਾਂ ਬੇਰਜ਼ਗਾਰ ਵਿਅਕਤੀ ਨੂੰ ਰੁਜ਼ਗਾਰ ਪ੍ਰਾਪਤ ਹੋ ਸਕਦਾ ਹੈ। ਇਸ ਵਿਚਾਰਧਾਰਾ ਨੂੰ ਸੋਰੋਕਿਨ (P.A. Sorokin) ਨੇ ਪ੍ਰਵ੍ਰਿਤ ਕੀਤਾ ਹੈ। ਇਨ੍ਹਾਂ ਦੇ ਮਤਾਂ ਅਨੁਸਾਰ "ਸਮਾਜਿਕ ਗਤੀਸ਼ੀਲਤਾ ਸਮਾਜਿਕ ਫਰਕ (Social space) 'ਚ ਵਿਅਕਤੀਆਂ ਦਾ ਤਬਾਦਲਾ ਹੈ।"

ਸੋਰੋਕਿਨ ਅਨੁਸਾਰ ਸਮਾਜਿਕ ਗਤੀਸ਼ੀਲਤਾ ਦੇ ਕਈ ਮਹੱਤਵਪੂਰਨ ਤੱਤ ਹਨ ਜਿਵੇਂ (1) ਸਮਾਜਿਕ ਫਰਕ ਮਾਨਵ ਜਨਸੰਖਿਆ ਦਾ ਸਮਸ਼ਟੀ (Universe) ਹੈ। (2) ਵਿਅਕਤੀ ਦੀ ਸਮਾਜਿਕ ਸਥਿਤੀ ਜਨਸੰਖਿਆ ਦੇ ਸਮੁੱਚੇ ਗਰੁੱਪਾਂ ਦੇ ਪ੍ਰਤੀ ਉਸ ਦੇ ਸਮੂਹ ਸੰਬੰਧਾਂ ਨੂੰ ਦਰਸਾਉਂਦੀ ਹੈ ਅਤੇ ਇੱਕ ਵਿਸ਼ੇਸ਼ ਸਮੂਹ ਦੇ ਤਹਿਤ ਉਸ ਦੇ ਮੈਂਬਰਾਂ ਪ੍ਰਤੀ ਸੰਬੰਧਾਂ ਨੂੰ ਪ੍ਰਗਟ ਕਰਦੀ ਹੈ। (3) ਇਸ ਸਮਾਜਿਕ ਸਮੂਹ (Social universe) 'ਚ ਇੱਕ ਵਿਅਤੀ ਦੀ ਸਥਿਤੀ ਨੂੰ ਇਨ੍ਹਾਂ ਸੰਬਧਾਂ ਦੇ ਨਿਰਧਾਰਨ ਦੁਆਰਾ ਜਾਣਿਆ ਜਾ ਸਕਦਾ ਹੈ। (4) ਇਸ ਤਰ੍ਹਾਂ ਦੇ ਸਮੂਹਾਂ ਦੇ ਯੋਗ ਅਤੇ ਹਰੇਕ ਸਮੂਹ ਦੇ ਤਹਿਤ ਸਥਿਤੀਆਂ ਦੇ ਯੋਗਾਂ ਵੱਲੋਂ ਸਮਾਕਿਜ ਨਿਆਮਿਕਾਂ (Social co-ordinates) ਦੀ ਰਚਨਾ ਹੁੰਦੀ ਹੈ ਜੋ ਕਿਸੇ ਵਿਅਕਤੀ ਦੀ ਸਮਾਜਿਕ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ।

## 29.3 ਜਨਾਂਕਿਕੀ ਵਿਸ਼ਲੇਸ਼ਣ ਦੀਆਂ ਵਿਧੀਆਂ (Techniques of Demographic Analysis)

ਜਨਾਂਕਿਕੀ ਦੀ ਵਿਸ਼ਾ-ਸਮੱਗਰੀ ਜਨਸੰਖਿਆ 'ਚ ਹੋਣ ਵਾਲੀਆਂ ਤਬਦੀਲੀਆਂ ਦਾ ਮਾਪ ਹੈ। ਇਸ ਦੇ ਤਹਿਤ ਜਨਸੰਖਿਆ ਦੇ ਆਕਾਰ, ਉਸ ਦੀ ਸੰਰਚਨਾ ਅਤੇ ਉਸ ਦੀ ਵੰਡ ਦਾ ਅਧਿਐਨ ਹੈ। ਇਹ ਸਾਰੇ ਤੱਤ ਪ੍ਰਵੈਗਿਕ ਹਨ ਜਿਸ ਨਾਲ ਇਨ੍ਹਾਂ ਦੇ ਪਰਿਵਰਤਨ ਦੀ ਪ੍ਰਕਿਰਆ ਸਦਾ ਕਿਰਿਆਸ਼ੀਲ ਰਹਿੰਦੀ ਹੈ। ਇਸ ਕਾਰਨ ਅੰਕੜਿਆਂ ਨੂੰ ਲਗਾਤਾਰ ਇਕੱਠਾ ਕਰਨਾ, ਉਨ੍ਹਾਂ ਨੂੰ ਵਰਗੀਕ੍ਰਿਤ ਕਰਨਾ, ਸੰਪਾਦਨ ਕਰਨਾ ਅਤੇ ਉਨ੍ਹਾਂ ਦੇ ਤਹਿਤ ਸਮੇਂ ਅਨੁਸਾਰ ਪਰਿਵਰਤਨ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸ ਤਰ੍ਹਾਂ ਇਕੱਠੇ ਕੀਤੇ ਅੰਕੜਿਆਂ ਦਾ ਜਿਨ੍ਹਾਂ ਵਿਧੀਆਂ ਦੁਆਰਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਉਸ ਨੂੰ ਜਨਾਕਿਕੀਯ ਵਿਸ਼ਲੇਸ਼ਣ ਦੀਆ ਵਿਧੀਆਂ ਕਿਹਾ ਜਾਂਦਾ ਹੈ।

ਆਮ ਤੌਰ 'ਤੇ ਜਨਾਂਕਿਕੀ ਵਿਸ਼ਲੇਸ਼ਣ ਕਰਨ ਦੀਆਂ ਨਿਮਨਲਿਖਤ ਦੋ ਵਿਧੀਆਂ ਹਨ:

1. **ਸੂਖਮ ਜਨਾਂਕਿਕੀ ਵਿਸ਼ਲੇਸ਼ਣ** (Micro Demographic Analysis): ਜਨਾਕਿਕੀ ਵਿਸ਼ਲੇਸ਼ਣ ਦੀ ਇਸ ਵਿਧੀ ਦੇ ਤਹਿਤ ਜਨਸੰਖਿਆ ਦੀਆਂ ਅੰਦਰੂਨੀ ਸਮੱਸਿਆਵਾਂ, ਵੱਖ-ਵੱਖ ਘਟਕਾਂ ਅਤੇ ਘਟਨਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕਿਸੇ ਵਿਸ਼ੇਸ਼ ਖੇਤਰ ਦੀ ਜਨਸੰਖਿਆ ਵਾਧੇ ਦੀ ਦਰ ਉਸ ਦੀ ਵੰਡ, ਜਨਸੰਖਿਆ ਦਾ ਇੱਕ ਸਥਾਨ ਤੋਂ ਦੂਜੇ ਸਥਾਨ ਨੂੰ ਆਵਾਗਮਨ ਆਦਿ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਇਸ ਦੇ ਤਹਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਿਸ਼ਲੇਸ਼ਣ ਦੇ ਤਹਿਤ ਜਨਸੰਖਿਆ ਦੇ ਦੋਵੇਂ ਹੀ ਪੱਖ ਭਾਵ ਅਕਾਰਾਤਮਕ ਅਤੇ ਸੰਰਚਨਾਤਮਕ (Size and Composition) ਆਉਂਦੇ ਹਨ ਪਰੰਤੂ ਸੰਰਚਨਾਤਮਕ ਪੱਖ ਅਧਿਐਨ ਦਾ ਮੁੱਖ ਵਿਸ਼ਾ ਹੁੰਦਾ ਹੈ।

   ਜਨਾਕਿਕੀ ਵਿਸ਼ਲੇਸ਼ਣ ਦੇ ਤਹਿਤ ਕਿਸੇ ਵਿਸ਼ੇਸ਼ ਜਨ ਸਮੂਹ ਦੀਆਂ ਸੰਰਚਨਾਤਮਕ ਵਿਸ਼ੇਸ਼ਤਾਵਾਂ ਦਾ ਅਧਿਐਨ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਤਰ੍ਹਾਂ ਦੇ ਅਧਿਐਨ ਦੇ ਨਜ਼ਰੀਏ ਨਾਲ ਜਨ ਸਮੂਹ ਦੀ ਕਿਸੇ ਵਿਸ਼ੇਸ਼ਤਾ ਨੂੰ ਆਧਾਰ ਮੰਨਣਾ ਜ਼ਰੂਰੀ ਹੁੰਦਾ ਹੈ ਜਿਵੇਂ ਜਨ ਸਮੂਹ ਦੀ ਉਮਰ ਸੰਰਚਨਾ ਦੇ ਤਹਿਤ ਉਮਰ ਨੂੰ ਆਧਾਰ ਮੰਨ ਲਿਆ ਜਾਂਦਾ ਹੈ। ਇਸੇ ਤਰ੍ਹਾਂ ਲਿੰਗ ਸੰਰਚਨਾ ਦੇ ਤਹਿਤ ਲਿੰਗ ਨੂੰ ਆਧਾਰ ਮੰਨ ਲਿਆ ਜਾਦਾ ਹੈ, ਆਦਿ। ਇਯ ਤਰ੍ਹਾਂ ਦੇ ਸਾਰੇ ਵਰਗੀਕਰਨ ਕਿਸੇ ਸਮੇਂ ਵਿਸ਼ੇਸ਼ ਨਾਲ ਸਬੰਧਿਤ ਹੁੰਦੇ ਹਨ। ਇਸ ਨਜ਼ਰੀਏ ਨਾਲ ਸੂਖਮ ਵਿਸ਼ਲੇਸ਼ਣ ਅਰਥ ਵਿਵਸਥਾ ਦੇ ਕਿਸੇ ਨਾ ਕਿਸੇ ਅੰਗ ਦੀ ਜਨਸੰਖਿਆ ਦੀ ਸੰਰਚਨਾ ਦਾ ਅਧਿਐਨ ਹੁੰਦਾ ਹੈ। ਇਸ ਪ੍ਰਕਾਰ ਦੇ ਵਿਸ਼ਲੇਸ਼ਣ ਦੁਆਰਾ ਕਿਸੇ ਛੋਟੇ ਖੇਤਰ ਦਾ ਡੂੰਘਾ ਅਧਿਐਨ ਸੰਭਵ ਹੁੰਦਾ ਹੈ, ਇਸ ਲਈ ਇਹ ਸੋਧ ਦੇ ਨਜ਼ਰੀਏ ਨਾਲ ਬਹੁਤ ਮਹੱਤਵਪੂਰਨ ਹੈ।

2. **ਸਮੂਹ ਜਨਾਕਿਕੀ ਵਿਸ਼ਲੇਸ਼ਣ (Macro Demographic Analysis):** ਆਮ ਤੌਰ 'ਤੇ ਸਥਾਨਕ ਖੇਤਰ ਦੇ ਜਨਾਂਕਿਕੀ ਅੰਕੜੇ ਅਤੇ ਵੱਖ-ਵੱਖ ਸੂਚਨਾਵਾਂ ਸਮੇਂ-ਸਮੇਂ 'ਤੇ ਉਪਲੱਬਧ ਹੋ ਜਾਂਦੀਆਂ ਹਨ ਪਰੰਤੂ ਅਰਥਵਿਵਸਥਾ ਦੇ ਸਮੂਹ ਸਵਰੂਪ ਨੂੰ ਧਿਆਨ 'ਚ ਰੱਖੇ ਬਿਨਾ ਅਸਲੀ ਜਨਾਂਕਿਕੀ ਪਰਿਵਰਤਨਾਂ ਨੂੰ ਗਿਆਤ ਨਹੀਂ ਕੀਤਾ ਜਾ ਸਕਦਾ। ਵਧੇਰੇ ਜਨਾਂਕਿਕੀ ਵਿਸ਼ਲੇਸ਼ਣਾਂ ਦੀ ਪ੍ਰਕਿਰਤੀ ਸਮਸ਼ਿਟਗਤ ਹੁੰਦੀ ਹੈ, ਇਸੇ ਕਾਰਨ ਇਸ ਤਰ੍ਹਾਂ ਦੇ ਵਿਸ਼ਲੇਸ਼ਣਾਂ ਦੇ ਤਹਿਤ ਸਮੁੱਚੇ ਰਾਸ਼ਟਰ ਜਾਂ ਉਸ ਦੇ ਵੱਖ-ਵੱਖ ਸੁਤੰਤਰ ਪੱਧਰ ਜਿਵੇਂ ਰਾਜ, ਨਗਰ ਆਦਿ ਨੂੰ ਇਕਾਈ ਮੰਨ ਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਸੰਯੁਕਤ

ਰਾਸ਼ਟਰ ਸੰਘ (U.N.O.) ਨੇ ਵੀ ਸਾਰੇ ਰਾਸ਼ਟਰਾਂ ਤੋਂ ਜਨਗਣਨਾ ਇੱਕ ਹੀ ਸਮੇਂ ਨਾਲ ਸਬੰਧਿਤ ਕਰਨ ਦੀ ਅਪੀਲ ਕੀਤੀ ਸੀ।

ਨੋਟ

ਜਨਾਂਕਿਕੀ ਦੀ ਮੁੱਖ ਵਿਸ਼ਾ-ਵਸਤੂ ਜਨਸੰਖਿਆ ਦਾ ਆਕਾਰ ਅਤੇ ਉਸ 'ਚ ਹੋਣ ਵਾਲੇ ਪਰਿਵਰਤਨਾਂ ਦਾ ਅਧਿਐਨ ਹੈ। ਜਨਸੰਖਿਆ ਦੇ ਆਕਾਰ ਦੀ ਗਣਨਾ ਕਈ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ ਜਿਵੇਂ ਜਨਗਣਨਾ, ਨਿਰਕਸ਼ਨ ਅਤੇ ਰਜਿਸਟਰੇਸ਼ਨ। ਵਿਆਹ ਦੀ ਦਰ, ਜਨਮ ਦਰ, ਮੌਤ ਦਰ ਆਦਿ ਦੀ ਗਣਨਾ ਸਮੂਹ ਵਿਸ਼ਲੇਸ਼ਣ ਦੁਆਰਾ ਹੀ ਕੀਤੀ ਜਾਂਦੀ ਹੈ। ਜਨਸੰਖਿਆ ਨੀਤੀ ਦਾ ਨਿਰਧਾਰਣ ਵੀ ਅਧਿਐਨ ਵਿਧੀ ਦੇ ਤਹਿਤ ਵੱਖ-ਵੱਖ ਦੇਸ਼ਾਂ ਦੇ ਤੁਲਨਾਤਮਕ ਅਧਿਐਨ ਕੀਤੇ ਜਾਂਦੇ ਹਨ।

## 29.4 ਜਨਾਂਕਿਕੀ ਵਿਸ਼ਲੇਸ਼ਣ ਲਈ ਦੋ ਪ੍ਰਣਾਲੀਆਂ ਦਾ ਪ੍ਰਯੋਗ ਜ਼ਰੂਰੀ (Use of Both the Methods Essential for Demographic Analysis)

ਜਨਾਂਕਿਕੀ ਵਿਸ਼ਲੇਸ਼ਣ ਲਈ ਦੋਵੇਂ ਹੀ ਵਿਸ਼ਲੇਸ਼ਣ ਪ੍ਰਣਾਲੀਆਂ-ਸੂਖਮ ਅਤੇ ਸਮਸ਼ਿਟਗਤ ਜ਼ਰੂਰੀ ਹਨ। ਜੇਕਰ ਅਸੀਂ ਦੋਵੇਂ ਪ੍ਰਣਾਲੀਆਂ ਵਿੱਚੋਂ ਕਿਸੇ ਇੱਕ ਹੀ ਪ੍ਰਣਾਲੀ ਦੀ ਵਰਤੋਂ ਕਰਦੇ ਹਾਂ ਤਾਂ ਸਾਨੂੰ ਅਸਲ ਸਥਿਤੀ ਦਾ ਪੂਰਾ ਗਿਆਨ ਕਦੇ ਵੀ ਨਹੀਂ ਹੋ ਸਕਦਾ। ਜਨਸੰਖਿਆ ਅਧਿਐਨ ਦੇ ਦੋ ਪੱਖ ਹਨ (1) ਸਮੂਹਿਕ ਅਤੇ (2) ਸਥਾਨਕ। ਸਮਸ਼ਿਟਗਤ ਜਨਾਂਕਿਕੀ-ਵਿਸ਼ਲੇਸ਼ਣ ਦੁਆਰਾ ਜਨਸੰਖਿਆ ਦੇ ਆਕਾਰ, ਸੰਰਚਨਾ ਅਤੇ ਵੰਡ ਸਬੰਧੀ ਗਿਆਨ ਪ੍ਰਾਪਤ ਹੁੰਦਾ ਹੈ। ਸਮਸ਼ਿਟਗਤ ਜਨਾਂਕਿਕੀ ਵਿਸ਼ਲੇਸ਼ਣ ਦੁਆਰਾ ਸਾਨੂੰ ਔਸਤ ਪ੍ਰਾਪਤ ਹੁੰਦੇ ਹਨ, ਜਦੋਂਕਿ ਜਨਾਂਕਿਕੀ ਅਧਿਐਨ 'ਚ ਸਥਾਨਕ ਵਿਚਲਣਾਂ ਦਾ ਵੀ ਬਹੁਤ ਮਹੱਤਵਪੂਰਨ ਸਥਾਨ ਹੈ। ਇਸ ਤੋਂ ਇਲਾਵਾ ਜਨਸੰਖਿਆ 'ਤੇ ਕਈ ਤੱਤਾਂ ਦਾ ਪ੍ਰਭਾਵ ਪੈਂਦਾ ਹੈ।

ਜਨਸੰਖਿਆ ਦੇ ਸਮਸ਼ਿਟਗਤ ਅਧਿਐਨ ਦੁਆਰ ਸਾਨੂੰ ਧਰਾਤਲੀ ਜਾਣਕਾਰੀ ਮਿਲਦੀ ਹੈ। ਜਨਾਂਕਿਕੀ ਦੇ ਡੂੰਘੇ ਅਧਿਐਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਅਧਿਐਨ ਖੇਤਰ ਨੂੰ ਸਮੀਤ ਕਰਕੇ ਸੂਖਮ ਅਧਿਐਨ ਕਰੀਏ।

ਇਸ ਤਰ੍ਹਾਂ ਜਨਾਂਕਿਕੀ ਅਧਿਐਨ ਦੇ ਤਹਿਤ ਦੋਵੇਂ ਹੀ ਵਿਧੀਆਂ ਦਾ ਪ੍ਰਯੋਗ ਜ਼ਰੂਰੀ ਹੈ। ਅਸਲ 'ਚ ਜਨਾਂਕਿਕੀ ਦੀਆਂ ਸਮਸ਼ਿਟਗਤ ਸਮੱਸਿਆਵਾਂ ਦਾ ਹੱਲ ਸਮਸ਼ਿਟਗਤ ਵਿਧੀ ਦੇ ਉਪਕਰਨਾਂ ਨਾਲ ਤੇ ਦੂਜਾ ਸਮੱਸਿਆਵਾਂ ਦਾ ਹੱਲ ਸੂਖਮ ਵਿਧੀ ਦੇ ਉਪਕਰਨਾਂ ਨਾਲ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। ਜਨਾਂਕਿਕੀ ਦੀਆਂ ਸਮੱਸਿਆਵਾਂ ਦੇ ਅਧਿਐਨ 'ਚ ਦੋਵੇਂ ਵਿਧੀਆਂ ਦਾ ਪ੍ਰਯੋਗ ਜ਼ਰੂਰੀ ਹੈ।

## 29.5 ਜਨਾਂਕਿਕੀ ਦਾ ਹੋਰ ਵਿਗਿਆਨਾਂ ਨਾਲ ਸੰਬੰਧ (Relationship of Demography with Other Sciences)

ਜਨਾਂਕਿਕੀ ਆਪਣੇ ਵਿਕਾਸ ਦੇ ਸ਼ੁਰੂਆਤੀ ਗੇੜਾਂ 'ਚ ਜਨਸੰਖਿਆ ਦੇ ਸੰਖਿਅਕੀ ਪੱਖ ਦਾ ਵਿਵੇਚਨ ਕਰਦੀ ਸੀ, ਪਰ ਅੱਜ ਇਹ ਕਈ ਵਿਗਿਆਨਾਂ ਨਾਲ ਬਹੁਤ ਗੂੜ੍ਹਤਾ ਨਾਲ ਸਬੰਧਿਤ ਹੈ। ਰੂਸ ਦੇ ਜਨਸੰਖਿਆ ਸ਼ਾਸਤਰੀ ਡੀ.ਡੀ. ਵੈਲਨਟਾਈ (D.D.Valentei) ਵੱਲੋਂ ਲਿਖੀ ਕਿਤਾਬ 'The Fundamentals of Population Study' ਦੇ ਅਨੁਸਾਰ, "ਜਨਸੰਖਿਆ ਦਾ ਗਿਆਨ, ਜੋ ਕਿ (ਜਨਸੰਖਿਆ) ਸਮਾਜ ਦੀ ਉਤਪਾਦਕ ਸ਼ਕਤੀ ਦੇ ਨਾਲ ਹੀ ਨਾਲ ਸਮਾਜ ਵੱਲੋਂ ਬਣੇ ਭੌਤਿਕ (Material) ਅਤੇ ਅਧਿਆਤਮਕ (Spiritual) ਮੁੱਲਾਂ ਦਾ ਉਪਭੋਗਤਾ ਹੈ, ਲਈ ਬਹੁਤ ਉਲਝਿਆ ਅਤੇ ਵਿਵਿਧ ਸੰਬੰਧਾਂ ਤੇ ਜਨਸੰਖਿਆ ਤੇ ਅਰਥ-ਵਿਵਸਥਾ, ਜਨਸੰਖਿਆ ਅਤੇ ਪ੍ਰਕਿਰਤੀ ਤੇ ਜਨਸੰਖਿਆ ਤੇ ਸਮਾਜ 'ਚ ਨਿਰਭਰਤਾਵਾਂ ਦੀ ਵਿਆਖਿਆ ਤੇ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ। ਸਮਾਜਿਕ-ਆਰਥਿਕ, ਭੂਗੋਲਿਕ ਅਤੇ ਜਾਤੀ ਸਬੰਧੀ (ethnic) ਵਿਭੇਦਾਂ ਕਾਰਨ ਜਨਸੰਖਿਆ ਅਧਿਐਨ ਦੇ ਅਣਗਿਣਤ ਪਹਿਲੂਆਂ ਕਾਰਨ ਇਹ ਉਲਝਣ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ। ਇਨ੍ਹਾਂ ਵਿਭਿੰਨ ਤੱਥਾਂ ਦਾ ਸਾਰ ਅੰਸ਼ ਕਿਸੇ ਇੱਕ ਵਿਗਿਆਨ ਦੁਆਰਾ ਸੰਭਵ ਨਹੀਂ ਹੈ। ਇਸ ਲਈ ਕਈ ਸਮਾਜਿਕ-ਆਰਥਿਕ ਤੇ ਕੁਦਰਤੀ ਵਿਗਿਆਨ ਇਨ੍ਹਾਂ ਦੇ ਅਧਿਐਨ 'ਚ ਸ਼ਾਮਲ ਹਨ।" ਇਸ ਨਜ਼ਰੀਏ ਨਾਲ ਜਨਾਂਕਿਕੀ ਇੱਕ ਅਜਿਹਾ ਵਿਗਿਆਨ ਹੈ ਜਿਸ ਦਾ ਹੋਰ ਕਈ ਵਿਗਿਆਨਾਂ ਨਾਲ ਬਹੁਤ ਨੇੜਲਾ ਸਬੰਧ ਹੈ। ਇਸ ਤਰ੍ਹਾਂ ਜਨਾਂਕਿਕੀ ਇੱਕ ਬਹੁਤ ਹੀ ਵਿਆਪਕ ਵਿਗਿਆਨ ਹੈ ਜੋ ਹੋਰ ਖੇਤਰਾਂ ਦੀਆਂ ਸੋਧਾਂ ਦੇ ਨਤੀਜਿਆਂ ਦਾ ਵੀ ਪ੍ਰਯੋਗ ਕਰਦਾ ਹੈ।

ਜੀਨ ਬੋਰਗੀਸ-ਪੀਕੇਟ (Jean Bourgeous-Pichat) ਨੇ ਜਨਾਂਕਿਕੀ ਦਾ ਹੋਰ ਵਿਗਿਆਨਾਂ ਨਾਲ ਸਬੰਧ ਸਪੱਸ਼ਟ ਕਰਦਿਆਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ "ਹੋਰ ਸਾਰੇ ਵਿਗਿਆਨਾਂ ਵਿੱਚੋਂ ਜਨਾਂਕਿਕੀ ਇੱਕ ਅਜਿਹਾ ਵਿਗਿਆਨ ਹੈ ਜਿਸ ਦਾ ਕੰਮ ਹੋਰ ਵਿਗਿਆਨਾਂ ਤੋਂ ਬਿਨਾ ਨਹੀਂ ਚੱਲ ਸਕਦਾ। ਆਮ ਤੌਰ 'ਤੇ ਜੀਵ ਵਿਗਿਆਨ, ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਦਾ ਉਲੇਖ ਕੀਤਾ ਜਾਂਦਾ ਹੈ, ਪਰ ਹੋਰ ਵਿਸ਼ਿਆਂ ਦਾ ਸਮਾਵੇਸ਼ ਵੀ ਜ਼ਰੂਰੀ ਹੈ, ਰਾਜਨੀਤਕ ਅਰਥ ਸ਼ਾਸਤਰ ਦਾ ਉਸ ਹੱਦ ਤੱਕ ਜਦੋਂ ਤੱਕ ਕਿ ਉਹ ਆਪਣੇ ਜੀਵਨ ਕਾਲ ਦੇ ਅੰਸ਼ 'ਚ ਉਤਪਾਦਕ ਹੈ ਅਤੇ ਜੀਵਨ-ਪਰਯੰਤ ਉਪਭੋਗਤਾ ਹੈ, ਮਾਨਵਜਾਤੀ ਵਿਗਿਆਨ (Ethnology) ਦਾ ਸਮਾਵੇਸ਼ ਇਸ ਕਾਰਨ ਜ਼ਰੂਰੀ ਹੈ ਕਿਉਂਕਿ ਮਨੁੱਖ ਪ੍ਰਕਿਰਤੀ 'ਚ ਰਹਿੰਦਾ ਹੈ, ਇਸ ਕਾਰਨ ਉਹ (ਮਨੁੱਖ) ਉਸ ਦੇ (ਪ੍ਰਕਿਰਤੀ) ਨਾਲ ਸਹਿ-ਜੀਵਨ (Symbiosis) ਬਤੀਤ ਕਰਨ ਲਈ ਪਾਬੰਦ ਹੋ ਜਾਂਦਾ ਹੈ ਅਤੇ ਦਰਸ਼ਨ ਸ਼ਾਸਤਰ ਇਸ ਕਾਰਨ ਕਿ ਜਨਾਂਕਿਕੀ ਘਟਨਾਵਾਂ ਦਾ ਸਪੱਸ਼ਟ ਸੱਤਾ-ਮੀਮਾਂਸਾ ਵਿਸ਼ਯਕ (Ontological) ਮਹੱਤਵ ਹੁੰਦਾ ਹੈ। ਇਸ ਤੋਂ ਇਲਾਵਾ ਗਣਿਤ ਅਤੇ ਸੰਖਿਅਕੀ ਹੈ ਜੋ ਜਨਾਂਕਿਕੀ ਨੂੰ ਵਿਸ਼ੇਲਸ਼ਣਾਤਮਕ ਉਪਕਰਨਾਂ ਨੂੰ ਪ੍ਰਦਾਨ ਕਰਦਾ ਹੈ, ਅਤੇ ਪ੍ਰਵਿਧੀ ਜੋ ਵਾਤਾਵਰਨ 'ਚ ਸੁਧਾਰ ਕਰਦਾ ਹੈ, ਜਿਸ ਨਾਲ ਵਿਵਹਾਰ 'ਚ ਤਬਦੀਲੀ ਹੋ ਜਾਂਦੀ ਹੈ। ਭੂਗੋਲ, ਡਾਕਟਰੀ ਵਿਗਿਆਨ, ਇਤਿਹਾਸ ਵਿਧੀ ਅਤੇ ਅਪਰਾਧ ਸ਼ਾਸਤਰ, ਧਰਮ ਸ਼ਾਸਤਰ, ਨੀਤੀ ਸ਼ਾਸਤਰ, ਸਿੱਖਿਅਕ ਵਿਗਿਆਨ, ਇਹ ਸਾਰੇ ਕਿਸੇ ਨਾ ਕਿਸੇ ਰੂਪ 'ਚ ਜਨਾਂਕਿਕੀ ਨੂੰ ਸਪਰਸ਼ ਕਰਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਵਿਗਿਆਨ 'ਚ ਤਰੱਕੀ ਦੀ ਜਨਾਂਕਿਕੀ ਸੋਧ 'ਤੇ ਤੱਤਕਾਲੀ ਪ੍ਰਭਾਵ ਹੁੰਦਾ ਹੈ।"

ਨੋਟ

ਰੂਸ ਦੇ ਹੀ ਇੱਕ ਹੋਰ ਜਨਸੰਖਿਆ ਸ਼ਾਸਤਰੀ ਵਿਕਟਰ ਪੈਟ੍ਰੋਵ (Victor Petrov) ਨੇ ਜਨਾਂਕਿਕੀ ਦਾ ਹੋਰ ਵਿਗਿਆਨਾਂ ਨਾਲ ਸਬੰਧ ਦਰਸਾਉਂਦੇ ਹੋਏ ਕਿਹਾ ਕਿ "ਕਿਉਂਕਿ ਸਾਰੇ ਸਮਾਜਿਕ ਅਵਧਾਰਨਾਵਾਂ ਦਾ ਵਿਸ਼ਾ ਜਨਸਖਿਆ ਹੁੰਦਾ ਹੈ (ਇਸ ਲਈ) ਜਨਾਂਕਿਕੀ ਸਾਰੇ ਸਮਾਜਿਕ ਅਤੇ ਹੋਰ ਵਿਗਿਆਨਾਂ ਨੂੰ ਸਪਰਸ਼ ਕਰਦੀ ਹੈ।"

ਵਰਤਮਾਨ ਯੁੱਗ 'ਚ ਜਨਾਂਕਿਕੀ ਦਾ ਹੋਰ ਕਈ ਸਮਾਜਿਕ ਅਤੇ ਹੋਰ ਵਿਗਿਆਨਾਂ ਨਾਲ ਗੂੜ੍ਹਾ ਸੰਬੰਧ ਹੀ ਨਹੀਂ ਹੈ, ਸਗੋਂ ਉਹ ਭਿੰਨ ਸਮਾਜਿਕ ਅਤੇ ਹੋਰ ਵਿਗਿਆਨ ਜਨਾਂਕਿਕੀ 'ਤੇ ਆਸਰਿਤ ਹੈ। ਕਿਸੇ ਵੀ ਵਿਗਿਆਨ ਨੂੰ ਨਿਰਧਾਰਿਤ ਸੀਮਾਰੇਖਾਵਾਂ ਦੁਆਰਾ ਬੰਨ੍ਹਿਆ ਜਾ ਸਕਣਾ ਸੰਭਵ ਨਹੀਂ ਹੈ। ਇਸ ਲਈ ਸਾਰੇ ਸਮਾਜਿਕ ਵਿਗਿਆਨ ਇੱਕ-ਦੂਜੇ ਦੀਆਂ ਸੀਮਾਵਾਂ ਦਾ ਉਲੰਘਣ ਕਰਦੇ ਰਹਿੰਦੇ ਹਨ। ਅੱਜਕੱਲ੍ਹ ਵੱਖ-ਵੱਖ ਸਮਾਜਿਕ ਵਿਗਿਆਨਾਂ ਦੇ ਅਧਿਐਨ 'ਚ ਅੰਤਰ ਸ਼ਾਸਤਰੀ ਨਜ਼ਰੀਆ (Interdisciplinary approach) ਅਪਣਾਇਆ ਜਾਂਦਾ ਹੈ।

## 29.6 ਜਨਾਂਕਿਕੀ ਅਤੇ ਸਮਾਜਸ਼ਾਸਤਰ (Demography and Sociology)

ਸਮਾਜ ਸ਼ਾਸਤਰ ਦੇ ਤਹਿਤ ਅਸੀਂ ਮਾਨਵ ਸਮਾਜ ਦਾ ਅਧਿਐਨ ਕਰਦੇ ਹਾਂ। ਸਮਾਜ ਸ਼ਾਸਤਰ 'ਚ ਮਨੁੱਖ ਦਾ ਅਧਿਐਨ ਸਮਾਜਿਕ ਪ੍ਰਾਣੀ ਦੇ ਰੂਪ 'ਚ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰ ਅਤੇ ਜਨਾਂਕਿਕੀ ਇੱਕ-ਦੂਜੇ ਨਾਲ ਬਹੁਤ ਹੀ ਗੂੜ੍ਹੇ ਰੂਪ 'ਚ ਸਬੰਧਿਤ ਹਨ। ਜਨਾਂਕਿਕੀ ਦੇ ਤਹਿਤ ਵੀ ਮਨੁੱਖ ਦਾ ਅਧਿਐਨ ਇੱਕ ਵਿਅਕਤਿਕ ਇਕਾਈ ਦੇ ਰੂਪ 'ਚ ਨਹੀਂ, ਸਗੋਂ ਇੱਕ ਸਮੂਹ ਦੇ ਰੂਪ 'ਚ ਕੀਤਾ ਜਾਂਦਾ ਹੈ। ਜਨਾਂਕਿਕੀ 'ਚ ਜਨਸੰਖਿਆ ਦੇ ਆਕਾਰ, ਵੰਡ, ਪ੍ਰਵਾਸ, ਜਨਮ ਦਰ, ਮੌਤ ਦਰ, ਜਨਸੰਖਿਆ ਵਾਧਾ ਦਰ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰ ਦੇ ਤਹਿਤ ਵੀ ਵੱਖ-ਵੱਖ ਜਨਾਂਕਿਕੀ ਵਿਸ਼ੇਸ਼ਤਾਵਾਂ ਦਾ ਜਿਵੇਂ ਜਨਸੰਖਿਆ ਦਾ ਆਕਾਰ, ਵੰਡ, ਵਾਧਾ, ਉਮਰ ਵਰਗੀਕਰਨ, ਲਿੰਗ ਵਰਗੀਕਰਨ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਦਾ ਨਿਰਮਾਣ ਤਾਂ ਜਨਸੰਖਿਆ ਨਾਲ ਹੀ ਹੁੰਦਾ ਹੈ ਜਿਸ ਦੇ ਤਹਿਤ ਜਨਸੰਖਿਆ ਦੇ ਵੱਖ-ਵੱਖ ਜਨਾਂਕਿਕੀ ਪਹਿਲੂਆਂ ਦਾ ਅਧਿਐਨ ਕੀਤਾ ਜਾਂਦਾ ਹੈ, ਪਰ ਇਸ ਦੇ ਤਹਿਤ ਜਨਾਂਕਿਕੀ ਘਟਨਾਵਾਂ ਨੂੰ ਸਿਰਫ਼ ਅੰਕੜਿਆਂ ਨਾਲ ਸਬੰਧਿਤ ਹੀ ਨਹੀਂ ਮੰਨਿਆ ਜਾਂਦਾ, ਸਗੋਂ ਉਹ ਸਮਾਜਿਕ ਪ੍ਰਕਿਰਿਆ ਦਾ ਨਤੀਜਾ ਹੁੰਦੀ ਹੈ। ਵੱਖ-ਵੱਖ ਸਮਾਜਿਕ ਪ੍ਰਕਿਰਿਆਵਾਂ ਅਤੇ ਘਟਨਾਵਾਂ ਜਿਵੇਂ ਜਨਮ, ਮੌਤ, ਵਿਹਾਅ ਦੀ ਉਮਰ, ਵਿਆਹ ਪ੍ਰਣਾਲੀ, ਤਲਾਕ, ਵੱਖ-ਵੱਖ ਸਮਾਜਿਕ ਰੀਤੀ-ਰਿਵਾਜ ਆਦਿ ਸਮਾਜ ਸ਼ਾਸਤਰ ਦਾ ਮਹੱਤਪੂਰਨ ਅੰਗ ਹਨ। ਇਨ੍ਹਾਂ ਸਾਰੇ ਅੰਕੜਿਆਂ ਦਾ ਜਨਾਂਕਿਕੀ 'ਚ ਵੀ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਜਨਾਂਕਿਕੀ ਅਧਿਐਨ ਦੇ ਸਮਾਜ ਸ਼ਾਸਤਰੀ ਨਜ਼ਰੀਏ ਨੂੰ ਸਪੱਸ਼ਟ ਕਰਦੇ ਹੋਏ **ਐਫ਼. ਡਬਲਿਊ. ਨੋਟੇਸਟਾਈਨ** (F.W. Notestein) ਨੇ ਕਿਹਾ ਹੈ ਕਿ, "ਜਦੋਂ ਇੱਕ ਜਨਸੰਖਿਆ ਸ਼ਾਸਤਰੀ ਜਨਮ ਦਰ ਦੇ ਅੰਕੜਿਆਂ ਨੂੰ ਪ੍ਰਗਟ ਕਰਦਾ ਹੈ, ਉਦੋਂ ਉਸ ਨੂੰ ਯਾਦ ਰੱਖਣਾ ਪੈਂਦਾ ਹੈ ਕਿ ਹਰੇਕ ਸੰਖਿਆ ਇੱਕ ਪੁੱਤਰ ਅਤੇ ਇੱਕ ਪੁੱਤਰੀ ਨੂੰ ਪ੍ਰਗਟ ਕਰਦੀ ਹੈ, ਜਦੋਂ ਉਹ ਮੌਤ ਸਬੰਧੀ ਅੰਕੜਿਆਂ ਨੂੰ ਪ੍ਰਗਟ ਕਰਦਾ ਹੈ ਉਦੋਂ ਉਸ ਨੂੰ ਇਹ ਯਾਦ ਰੱਖਣਾ ਪੈਂਦਾ ਹੈ ਕਿ ਹਰੇਕ ਸੰਖਿਆ ਇੱਕ ਦੁਖਾਂਤਕ ਘਟਨਾ ਨੂੰ ਪ੍ਰਗਟ ਕਰਦੀ ਹੈ, ਜਦੋਂ ਉਹ ਪ੍ਰਵਾਸ ਦਾ ਅਧਿਐਨ ਕਰਦਾ ਹੈ ਤਾਂ ਉਸ ਨੂੰ ਇਹ ਧਿਆਨ ਰੱਖਣਾ ਪੈਂਦਾ ਹੈ ਕਿ ਇਸ ਦਾ ਸਬੰਧ ਪਰਿਵਾਰਾਂ ਦੇ ਆਵਾਗਮਨ ਨਾਲ ਹੈ, ਜਦੋਂ ਉਹ ਵਿਆਹ ਦਾ ਅਧਿਐਨ ਕਰਦਾ ਹੈ ਤਾਂ ਉਸ ਨੂੰ ਇਹ ਯਾਦ ਰੱਖਣਾ ਪੈਂਦਾ ਹੈ ਕਿ ਉਸ ਦਾ ਸਬੰਧ ਮਾਨਵ-ਸਮਾਜ ਦੀ ਇੱਕ ਮੁੱਢਲੀ ਸੰਸਥਾ ਨਾਲ ਹੈ।"

ਆਮ ਤੌਰ 'ਤੇ ਸਾਰੇ ਜਨਸੰਖਿਆ ਸਬੰਧੀ ਅਧਿਐਨਾਂ ਦੀ ਪ੍ਰਕਿਰਿਆਂ ਸੰਖਿਆਤਮਕ ਹੈ। ਸਮਾਜ ਸ਼ਾਸਤਰ ਦੇ ਤਹਿਤ ਸਮਾਜਿਕ ਸੰਰਚਨਾ ਅਤੇ ਸਰਵੂਪ ਦਾ ਅਧਿਐਨ ਕੀਤਾ ਜਾਂਦਾ ਹੈ, ਜਿਸ ਨੂੰ ਸੰਖਿਆਤਮਕ ਰੂਪ 'ਚ ਪ੍ਰਗਟ ਨਹੀਂ ਕੀਤਾ ਜਾ ਸਕਦਾ ਹੈ। ਜਨਾਂਕਿਕੀ ਦੇ ਤਹਿਤ ਸਮਾਜ ਦਾ ਅਧਿਐਨ ਉਸ ਦੇ ਵੰਡਾਤਮਕ ਨਜ਼ਰੀਏ ਨਾਲ, ਜਿਵੇਂ ਉਮਰ ਦੇ ਅਨੁਸਾਰ ਵਰਗੀਕਰਨ, ਵਿਆਹ ਦੀ ਉਮਰ ਦੇ ਅਨੁਸਾਰ ਵਰਗੀਕਰਨ ਕੀਤਾ ਜਾਦਾ ਹੈ ਪਰ ਸਮਾਜ ਸ਼ਾਸਤਰ ਤਹਿਤ ਏਕੀਕਰਨ ਦੀ ਸੋਚ, ਜਿਵੇਂ 'ਸੰਸਕ੍ਰਿਤੀ' ਸਮਾਜਿਕ ਸੰਰਚਨਾ ਆਦਿ ਦੇ ਨਜ਼ਰੀਏ ਨਾਲ ਕੀਤਾ ਜਾਂਦਾ ਹੈ।

ਜਨਸੰਖਿਆ ਦੀਆਂ ਸਾਰੀਆਂ ਸਮੱਸਿਆਵਾਂ ਦਾ ਸਵਰੂਪ ਸਮਾਜ ਸ਼ਾਸਤਰੀ ਹੈ, ਇਸਲਈ ਲੋੜ ਇਸ ਗੱਲ ਦੀ ਹੈ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਸਮਾਜ ਸ਼ਾਸਤਰੀ ਨਜਰੀਆ ਅਪਣਾਇਆ ਜਾਵੇ। ਫਿਰ ਵੀ ਵਿਸ਼ਵ ਦੇ ਸਾਰੇ ਦੇਸ਼ ਪ੍ਰਜਣਨਤਾ ਕੰਟਰੋਲ ਨਾਲ ਸਬੰਧਿਤ ਪ੍ਰਾਵੈਧਿਕ ਗਿਆਨ ਦੀ ਨਜ਼ਰ ਨਾਲ ਖੁਸ਼ਹਾਲ ਹਨ।ਅਸਲ 'ਚ ਪ੍ਰਜਣਨਤਾ ਕੰਟਰੋਲ ਲਈ ਪ੍ਰਾਵੈਧਿਕ ਗਿਆਨ ਹੀ ਪੂਰਾ ਨਹੀਂ, ਸਗੋਂ ਇਸ 'ਚ ਸਫ਼ਲਤਾ ਪ੍ਰਾਪਤ ਕਰਨ ਲਈ ਸਮਾਜਿਕ ਅਤੇ ਸੰਸਕ੍ਰਿਤਕ ਬਦਲਾਅ ਜ਼ਰੂਰੀ ਹੈ। ਸਮਾਜਿਕ ਪ੍ਰਬੰਧ, ਸਿੱਖਿਆ, ਨਾਰੀ ਸਿੱਖਿਆ ਆਦਿ ਕਈ ਤੱਤ ਹਨ ਜੋ ਕਿ ਪ੍ਰਜਣਨਤਾ ਕੰਟਰੋਲ ਨੂੰ ਪ੍ਰਭਾਵਿਤ ਕਰਦੇ ਹਨ।ਔਲਾਦ ਪ੍ਰਤੀ ਜਦੋਂ ਤੱਕ ਨਜ਼ਰੀਏ 'ਚ ਬਦਲਾਅ ਨਾ ਹੋਵੇ ਉਦੋਂ ਤੱਕ ਜਨਮ ਦਰ 'ਚ ਗਿਰਾਵਟ ਸੰਭਵ ਹੀ ਨਹੀਂ ਹੈ।

ਵੱਖ-ਵੱਖ ਜਨਾਂਕਿਕੀ ਸ਼ਕਤੀਆਂ ਸਮਾਜਿਕ ਪ੍ਰਬੰਧ ਦੇ ਤਹਿਤ ਕਿਰਿਆਸ਼ੀਲ ਹੁੰਦੀਆਂ ਹਨ। ਪ੍ਰਜਣਨਤਾ ਵਿਆਹ ਪ੍ਰਬੰਧ ਨਾਲ ਸਬੰਧਿਤ ਹੈ। ਵਿਆਹ ਨਾਲ ਸਬੰਧਿਤ ਪਹਿਲੂਆਂ ਜਿਵੇਂ ਵਿਆਹ ਦੀ ਲੋੜ, ਵਿਆਹ ਦੀ ਉਮਰ, ਵਿਆਹ ਪ੍ਰਣਾਲੀ, ਵਿਧਵਾ ਵਿਆਹ, ਬਹੁ-ਪਤਨੀ ਅਤੇ ਬਹੁ-ਪਤੀ ਪ੍ਰਥਾ ਆਦਿ ਦਾ ਅਧਿਐਨ ਸਮਾਜ ਸ਼ਾਸਤਰ ਦੇ ਤਹਿਤ ਹੁੰਦਾ ਹੈ ਅਤੇ ਇਹ ਸਾਰੇ ਪਹਿਲੂ ਪ੍ਰਜਣਨਤਾ ਨੂੰ ਪ੍ਰਭਾਵਿਤ ਕਰਦੇ ਹਨ। ਜਨਾਂਕਿਕੀ ਵਿਸ਼ਲੇਸ਼ਣ ਤਹਿਤ ਜੇਕਰ ਅਸੀਂ ਸਮਾਜ ਸ਼ਾਸਤਰੀ ਨਜਰੀਆ ਛੱਡ ਦੇਈਏ ਤਾਂ ਸਾਡੇ ਨਤੀਜੇ ਸੱਚਾਈ ਤੋਂ ਪਰ੍ਹੇ ਹੋਣਗੇ।

**ਕਿੰਗਸਲੇ ਡੇਵਿਸ** (Kingsley Davis) ਦੇ ਮੱਤ ਅਨੁਸਾਰ ਜਨਾਂਕਿਕੀ ਬਦਲਾਅ ਪ੍ਰਤੀਕਿਰਿਆਤਮਕ (Reflexive) ਅਤੇ ਵਿਵਹਾਰਾਤਮਕ (Behavioural) ਦੋਵੇਂ ਹੀ ਪ੍ਰਕਾਰ ਦੇ ਹੁੰਦੇ ਹਨ। ਜਨਾਂਕਿਕੀ ਬਦਲਾਵਾਂ ਨੂੰ ਪ੍ਰਤੀਕਿਰਿਆਤਮਕ ਇਸ ਨਜ਼ਰੀ ਨਾਲ ਕਿਹਾ ਜਾਂਦਾ ਹੈ ਕਿਉਂਕਿ ਉਹ ਸਮਾਜਿਕ ਪ੍ਰਬੰਧ ਦੇ ਹੋਰ ਤੱਤਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਤੱਤ ਮੁੜ-ਬਦਲਾਅ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਵਾਲੇ ਤੱਤਾਂ ਨੂੰ ਪ੍ਰਭਾਵਿਤ ਕਰਦੇ ਹਨ। ਜਨਾਂਕਿਕੀ ਬਦਲਾਵਾਂ ਨੂੰ ਵਿਵਹਾਰਾਤਮਕ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਹ ਮਨੁੱਖ ਦੇ ਫੈਸਲਿਆਂ ਨਾਲ ਸਬੰਧਿਤ ਹੁੰਦੇ ਹਨ। ਉਦਾਹਰਨ ਲਈ, ਪਰਿਵਾਰ ਦੇ ਆਕਾਰ ਨਾਲ ਸਬੰਧਿਤ ਫੈਸਲੇ।

ਅਸਲ 'ਚ ਜਨਾਂਕਿਕੀ ਅਤੇ ਸਮਾਜ ਸ਼ਾਸਤਰ ਦੋਵੇਂ ਪਰਸਪਰ ਸਬੰਧਿਤ ਹਨ ਪਰ ਦੋਵਾਂ ਨੂੰ ਇਕੱਠੇ ਵਿਗਿਆਨ ਸਮਝਣਾ ਗਲਤ ਹੋਵੇਗਾ। ਦੋਵੇਂ ਵਿਗਿਆਨਾਂ 'ਚ ਕਈ ਮਹੱਤਵਪੂਰਨ ਫਰਕ ਵੀ ਹਨ:

1. ਜਨਾਂਕਿਕੀ ਜਨਸੰਖਿਆ ਦਾ ਸੰਖਿਅਕਤੀ ਅਤੇ ਗਣਿਤੀ ਵਿਸ਼ਲੇਸ਼ਣ ਹੈ ਜਿਸ ਦੇ ਤਹਿਤ ਜਨਸੰਖਿਆ ਦਾ ਸੰਖਿਆਤਮਕ ਅਧਿਏਨ ਕੀਤਾ ਜਾਂਦਾ ਹੈ, ਜਦੋਂਕਿ ਸਮਾਜ ਸ਼ਾਸਤਰ ਦੇ ਤਹਿਤ ਵੱਖ-ਵੱਖ ਸਮਾਜਿਕ ਘਟਨਾਵਾਂ ਦਾ ਗੁਣਾਤਮਕ ਅਧਿਐਨ ਕੀਤਾ ਜਾਂਦਾ ਹੈ।

2. ਜਨਾਂਕਿਕੀ ਦੇ ਤਹਿਤ ਸਮਸ਼ਿਟਗਤ ਸਮੱਗਰੀ ਦੀ ਸੂਖਮ ਵੰਡ ਕਰਕੇ ਅਧਿਐਨ ਕੀਤਾ ਜਾਂਦਾ ਹੈ ਜਿਵੇਂ ਉਮਰ ਸੰਰਚਨਾ, ਲਿੰਗ ਸੰਰਚਨਾ ਜਦੋਂਕਿ ਸਮਾਜ ਸ਼ਾਸਤਰ ਦੇ ਤਹਿਤ ਸੰਗਠਿਤ ਕਰਨ ਵਾਲੇ ਤੱਤ ਜਿਵੇਂ ਸਮਾਜਿਕ ਸੰਰਚਨਾ, ਸੰਸਕ੍ਰਿਤੀ, ਧਰਮ, ਜਾਤੀ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ।

3. ਜਨਾਂਕਿਕੀ ਅਧਿਐਨ ਸਮਾਂ ਅਤੇ ਬਦਲਾਅ ਦੇ ਨਾਲ ਸਬੰਧਿਤ ਹੁੰਦੇ ਹਨ। ਭੂਤ ਅਤੇ ਵਰਤਮਾਨ ਦੇ ਆਧਾਰ 'ਤੇ ਜਨਾਂਕਿਕੀ ਚਰਾਂ (Variables) ਦਾ ਭਵਿੱਖ ਲਈ ਪ੍ਰੀਖਣ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰ ਦੇ ਤਹਿਤ ਸਮਾਂ ਅਤੇ ਬਦਲਾਵਾਂ ਦਾ ਵਿਸ਼ੇਸ਼ ਮਹੱਤਵ ਨਹੀਂ ਹੁੰਦਾ, ਇਸ ਨਜ਼ਰੀਏ ਨਾਲ ਇਸ 'ਚ ਸਥੈਤਿਕ ਸਥਿਤੀ ਦਾ ਅਧਿਐਨ ਕੀਤਾ ਜਾਂਦਾ ਹੈ।

## 29.7 ਜਨਾਂਕਿਕੀ ਅਤੇ ਭੂਗੋਲ (Demography and Geography)

ਭੂਗੋਲ ਦੇ ਤਹਿਤ ਕੁਦਰਤੀ ਸੰਪਤੀ ਦੇ ਸਥਾਨ ਵਿਸ਼ਯਕ ਵੰਡ ਅਤੇ ਜਨਸੰਖਿਆ ਦੇ ਸਬੰਧ ਦਾ ਅਧਿਏਨ ਕੀਤਾ ਜਾਂਦਾ ਹੈ। ਭੂਗੋਲ 'ਚ ਆਮ ਤੌਰ 'ਤੇ ਭੂ-ਅਕ੍ਰਿਤੀਆਂ ਦਾ ਅਧਿਐਨ ਹੈ ਭਾਵ ਪਹਾੜ, ਮੈਦਾਨ, ਨਦੀ ਆਦਿ ਦੇ ਨਿਰਮਾਣ ਦਾ ਅਧਿਏਨ ਕਰਦਾ ਹੈ ਪਰ ਦੂਜੇ ਪਾਸੇ ਇਹ ਮਨੁੱਖ ਅਤੇ ਉਸ ਦੇ ਆਰਿਥਕ, ਭੂਗੋਲਿਕ ਜੀਵਨ ਦਾ ਸਾਪੇਖਿਕ ਅਧਿਏਨ ਵੀ ਕਰਦਾ ਹੈ। ਹਾਲ ਹੀ ਦੇ ਸਾਲਾਂ 'ਚ ਭੂਗੋਲ ਦੀ ਇੱਕ ਨਵੀਨ ਸ਼ਾਖਾ ਜਨਸੰਖਿਆ ਭੂਗੋਲ (Population Geography) ਜਾਂ ਮਨੁੱਖ ਭੂਗੋਲ (Human Geography) ਦਾ ਵਿਕਾਸ ਹੋਇਆ ਹੈ। ਜੀਟੀ ਟ੍ਰੀਵਰਥਾ (G.T. Trewartha) ਨੇ 1953 'ਚ ਅਮਰੀਕੀ ਭੂਗੋਲ ਪ੍ਰੀਸ਼ਦ 'ਚ ਆਪਣੇ ਪ੍ਰਧਾਨਗੀ ਭਾਸ਼ਣ 'ਚ ਜਨਸੰਖਿਆ ਭੂਗੋਲ ਦੀ ਵਿਸ਼ਾ-ਵਸਤੂ ਨੂੰ ਸਪੱਸ਼ਟ ਕੀਤਾ। ਉਸ ਦੇ ਅਨੁਸਾਰ ਜਨਸੰਖਿਆ ਭੂਗੋਲ ਦੇ ਤਹਿਤ ਜਨਸੰਖਿਆ ਘਣਤਵ ਦੇ ਖੇਰਤੀ ਵਿਭੇਦਾਂ ਦਾ ਅਧਿਐਨ ਕੀਤਾ ਜਾਂਦਾ ਹੈ। ਟ੍ਰੀਵਰਥਾ (Trewartha) ਦੇ ਸ਼ਬਦਾਂ 'ਚ "ਜਨਸੰਖਿਆ ਘਣਤਵ ਅਤੇ ਜਨਸੰਖਿਆ ਦੇ ਗੁਣ ਭੂਗੋਲ ਲਈ ਜ਼ਰੂਰੀ ਪਿਛੋਕੜ ਪ੍ਰਦਾਨ ਕਰਦੇ ਹਨ। ਜਨਸੰਖਿਆ ਇੱਕ ਅਜਿਹਾ ਸੰਦਰਭ ਹੈ ਜਿਸ ਨਾਲ ਹੋਰ ਤੱਤਾਂ ਨੂੰ ਵੇਖਿਆ ਜਾ ਸਕਦਾ ਹੈ। ਜਿਸ ਨਾਲ ਉਹ ਸਾਰੇ ਇਕੱਲੇ-ਇਕੱਲੇ ਜਾਂ ਸਮੂਹਿਕ ਰੂਪ ਨਾਲ ਅਰਥ ਅਤੇ ਮਹੱਤਵ ਪ੍ਰਾਪਤ ਕਰਦੇ ਹਨ।"

**ਐਡਵਰਗ ਏ ਐਕਰਮੈਨ** (Edward A. Ackerman): ਨੇ ਜਨਾਂਕਿਕੀ ਅਤੇ ਭੂਗੋਲ ਦੇ ਸਬੰਧ ਨੂੰ ਸਪੱਸ਼ਟ ਕਰਦਿਆਂ ਆਪਣਾ ਮੱਤ ਪ੍ਰਗਟ ਕੀਤਾ ਹੈ ਕਿ 'ਭੂਗੋਲ ਦੇ ਤਹਿਤ ਘੱਟੋ-ਘੱਟ ਅੱਠ ਵੱਖ-ਵੱਖ ਭੌਤਿਕ ਜੀਵੀ (Biotic) ਅਤੇ ਸੱਭਿਆਚਾਰਕ ਪ੍ਰਕਿਰਿਆਵਾਂ ਦੇ ਸੰਚਾਲਨ ਦੀ ਖੋਜ ਕੀਤੀ ਜਾਂਦੀ ਹੈ, ਭੂਮੀ ਆਵ੍ਰਿਤ (Mantle) 'ਚ ਬਦਲਾਅ, ਭੂਮੀ 'ਤੇ ਜਲ, ਜਲਵਾਯੂ, ਜੀਵੀ ਪ੍ਰਕਿਰਿਆਵਾਂ, ਵਿਸ਼ੇਸ਼ ਤੌਰ 'ਤੇ ਵਨਸਪਤੀ ਉੱਗਣ ਸੰਬਧੀ (vegetative), ਜਨਾਂਕਿਕੀ ਗਤੀਸ਼ੀਲਤਾ, ਸੰਰਚਨਾਤਮਕ ਵਿਕਾਸ, ਸਾਧਨਾਂ ਨੂੰ ਬਦਲਣ ਦੀ ਪ੍ਰਕਿਰਿਆ ਦਾ ਵਿਕਾਸ ਜਨਾਂਕਿਕੀ ਗਤੀਸ਼ੀਲਤਾ ਇਨ੍ਹਾਂ ਸਾਰੀਆਂ ਸ਼ਕਤੀਆਂ ਦਾ ਦਿਲ ਹੈ ਜੋ ਸਥਾਨ ਵਿਸ਼ਅਕ ਪ੍ਰਭਾਵਾਂ ਨੂੰ ਪ੍ਰਭਾਵਿਤ ਕਰਦਾ ਹੈ।' ਏਕਰਮੈਨ ਅਨੁਸਾਰ ਜਨਸੰਖਿਆ ਭੂਗੋਲ ਦੇ ਤਹਿਤ (1) ਪ੍ਰਜਨਣਨਾਤਮਕ ਸੰਬਧਾਂ ਦੀ ਖੋਜ, (2) ਸਥਾਨ-ਵਿਸ਼ਅਕ ਵੰਡ ਦੇ ਅਨੁਵੰਸ਼ਿਕ ਸੰਬੰਧਾਂ ਦੀ ਖੋਜ, ਅਤੇ (3) ਸਹਿ-ਬਦਲਾਅ ਤੱਤਾਂ ਦੀ ਖੋਜ ਤੇ ਉਨ੍ਹਾਂ ਦਾ ਭੂਗੋਲਿਕ ਅਵਧਾਰਨਾਵਾਂ ਨਾਲ ਸਬੰਧ ਦਾ ਅਧਿਐਨ ਕੀਤਾ ਜਾਂਦਾ ਹੈ।

ਵਰਤਮਾਨ ਸਮੇਂ 'ਚ ਜਨਸੰਖਿਆ ਭੂਗੋਲ ਦੇ ਤਹਿਤ ਕਈ ਪਹਿਲੂਆਂ ਦਾ ਅਧਿਐਨ ਕੀਤਾ ਜਾਂਦਾ ਹੈ। ਜਿਵੇਂ-ਜਨਸੰਖਿਆ ਦਾ ਭੂਗੋਲਿਕ ਵਾਤਾਵਰਨ ਦੇ ਹੋਰ ਤੱਤਾਂ ਦਾ ਸਬੰਧ, ਜਨਸੰਖਿਆ ਦਾ ਸਥਾਨੀਕਰਨ ਅਤੇ ਵਿਸ਼ੇਸ਼ਤਾਵਾਂ, ਜਨਸੰਖਿਆ ਵੰਡ ਦੀਆਂ ਸਥਾਨ ਵਿਸ਼ੇਅਕ ਵਿਸ਼ੇਸ਼ਤਾਵਾਂ।

ਟ੍ਰੀਵਰਥਾ (Trewartha), ਸਟੀਜੇਂਗਾ (Steigenga) ਆਦਿ ਭੂਗੋਲਵੇਤਾ ਭੂਗੋਲਿਕ ਖੇਤਰਾਂ ਦੇ ਆਧਾਰ 'ਤੇ ਜਨਗਣਨਾ ਅਤੇ ਉਨ੍ਹਾਂ ਦੀ ਤੁਲਨਾ ਨੂੰ ਮਹੱਤਵ ਪ੍ਰਦਾਨ ਕਰਦੇ ਹਨ। ਉਹ ਅੱਜ ਵੱਖ-ਵੱਖ ਭੂਗੋਲਿਕ ਖੇਤਰਾਂ ਦੀ ਜਨਮ ਦਰ, ਮੌਤ ਦਰ ਅਤੇ ਪ੍ਰਵਾਸ ਦਾ ਤੁਲਨਾਤਮਕ ਅਧਿਐਨ ਕਰਦੇ ਹਨ।

ਵਰਤਮਾਨ ਸਮੇਂ 'ਚ ਭੂਗੋਲ ਨੇ ਆਪਣੇ ਪਰੰਪਰਾਗਤ ਪਰਿਵੇਸ਼ ਦਾ ਤਿਆਗ ਕਰਕੇ ਆਪਣੇ ਅਧਿਐਨ ਖੇਤਰਾਂ ਨੂੰ ਬਹੁਤ ਹੀ ਵਧਾ ਲਿਆ ਹੈ। ਹੁਣ ਭੂਗੋਲ 'ਚ ਸਿਰਫ਼ ਜ਼ਮੀਨ ਦੀ ਬਨਾਵਟ, ਨਦੀ, ਪਹਾੜ, ਚੱਟਾਨਾਂ ਆਦਿ ਦਾ ਹੀ ਅਧਿਐਨ ਨਹੀਂ ਕੀਤਾ ਜਾਂਦਾ, ਸਗੋਂ ਇਸ 'ਚ ਜਨਸੰਖਿਆ ਦਾ ਆਕਾਰ, ਵੰਡ, ਯਤਨ, ਜਨਮ ਦਰ, ਮੌਤ ਦਰ ਆਦਿ ਸਾਰੇ ਮਹੱਤਵਪੂਰਨ ਜਨਾਕਿਕੀ ਤੱਤਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਨਾਂਕਿਕੀ ਦੇ ਸੰਖਿਆਤਮਕ ਅਧਿਐਨ ਦੇ ਤਹਿਤ ਭੂਗੋਲਿਕ ਦਿਸ਼ਾਵਾਂ ਅਤੇ ਤੱਥਾਂ ਦਾ ਅਧਿਐਨ ਕੀਤਾ ਜਾਂਦਾ ਹੈ। ਅੱਜ ਸਾਰੇ ਵਿਦਵਾਨ ਭੂਗੋਲਿਕ ਸੋਧ ਅਤੇ ਜਨਾਂਕਿਕੀ ਖੋਜਾਂ 'ਚ ਅਟੁੱਟ ਸੰਬੰਧਾਂ ਨੂੰ ਮੰਨਦੇ ਹਨ।

## 29.8 ਜਨਾਂਕਿਕੀ ਅਤੇ ਅਰਥ ਸ਼ਾਸਤਰ (Demography and Economics)

ਅਰਥ ਸ਼ਾਸਤਰ ਉਹ ਵਿਗਿਆਨ ਹੈ ਜਿਸ ਦੇ ਤਹਿਤ ਮਨੁੱਖ ਦੀਆਂ ਆਰਥਿਕ ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਮਨੁੱਖ ਦੀਆਂ ਆਰਥਿਕ ਕਿਰਿਆਵਾਂ ਨੂੰ ਪ੍ਰਭਾਵਿਤ ਕਰਨ 'ਚ ਜਨਾਂਕਿਕੀ ਘਟਨਾਵਾਂ ਦੇ ਅਧਿਐਨ ਦਾ ਮਹੱਤਵਪੂਰਨ ਹੱਥ ਹੁੰਦਾ ਹੈ। ਇਸ

ਨੋਟ

ਲਈ ਜਨਾਂਕਿਕੀ ਅਰਥ ਸ਼ਾਸਤਰ ਦੇ ਬਹੁਤ ਨੇੜੇ ਹੈ। ਵੱਖ-ਵੱਖ ਆਰਥਿਕ ਘਟਕ (Economic Variables) ਜਨਾਂਕਿਕੀ ਘਟਕਾਂ (Demographic Variables) ਨੂੰ ਪ੍ਰਭਾਵਿਤ ਕਰਦੇ ਹਨ ਅਤੇ ਜਨਾਂਕਿਕੀ ਘਟਕ ਕਿਸੇ ਦੇਸ਼ ਦੇ ਨਿਵਾਸੀਆਂ ਦੀਆਂ ਆਰਥਿਕ ਕਿਰਿਆਵਾਂ ਨੂੰ ਪ੍ਰਭਾਵਿਤ ਕਰਦੇ ਹਨ।

ਅਰਥ ਸ਼ਾਸਤਰ ਦੀਆਂ ਕਈ ਸਮੱਸਿਆਵਾਂ ਜਿਵੇਂ ਰੁਜ਼ਗਾਰ ਦਾ ਪੱਧਰ, ਪ੍ਰਤੀ ਵਿਅਕਤੀ ਆਮਦਨ, ਬੱਚਤਾਂ, ਉਦਯੋਗਿਕ ਪੱਧਰ, ਆਵਾਸ, ਆਵਾਜਾਈ ਦੇ ਮੂਲ ਜਨਸੰਖਿਆ ਹੈ। ਦੇਸ਼ ਦੇ ਵਿਕਾਸ ਦੇ ਪੱਧਰ ਦੇ ਅਨੁਸਾਰ ਇਹ ਸਮੱਸਿਆਵਾਂ ਉਸ ਦੇਸ਼ ਦੀ ਅਰਥ ਵਿਵਸਥਾ ਨੂੰ ਪ੍ਰਭਾਵਿਤ ਕਰਦੀ ਹੈ। ਕਿਸੇ ਦੇਸ਼ ਦੀ ਜਨਸੰਖਿਆ ਉੱਥੋਂ ਦੇ ਉਪਭੋਗ ਦੇ ਪੱਧਰ, ਵਿਕਾਸ ਦੀ ਦਰ, ਪ੍ਰਵਾਸ ਆਦਿ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤਰ੍ਹਾਂ ਜਨਸੰਖਿਆ, ਪ੍ਰਵਾਸ ਆਦਿ ਤੱਤ ਆਰਥਿਕ ਘਟਕਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਜਨਸੰਖਿਆ ਅਤੇ ਅਰਥ ਸ਼ਾਸਤਰ ਦਾ ਦੂਹਰਾ ਸਬੰਧ ਹੈ। ਮੁੱਢਲੇ ਤੌਰ 'ਤੇ ਜਨਸੰਖਿਆ ਅਰਥ ਵਿਵਸਥਾ ਨੂੰ ਕਿਰਤ ਸ਼ਕਤੀ ਪ੍ਰਦਾਨ ਕਰਦੀ ਹੈ ਜੋ ਉਤਪਾਦਨ ਦਾ ਇੱਕ ਬਹੁਤ ਹੀ ਮਹੱਤਵਪੂਰਨ ਸਾਧਨ ਹੈ। ਦੂਜਾ ਜਨਸੰਖਿਆ ਸਾਰੇ ਆਰਥਿਕ ਕਿਰਿਆਵਾਂ ਦਾ ਆਦਿ ਅਤੇ ਅੰਤ ਦੋਵੇਂ ਹੀ ਹੈ। ਅਸਲ 'ਚ ਸਾਰੇ ਆਰਥਿਕ ਕਿਰਿਆਵਾਂ ਦਾ ਉਦੇਸ਼ ਕਲਿਆਣ 'ਚ ਵਾਧਾ ਕਰਨਾ ਹੈ। ਜੇਕਰ ਜਨਸੰਖਿਆ 'ਚ ਵਾਧਾ ਹੁੰਦਾ ਹੈ ਉਦੋਂ ਉਸ ਨਾਲ ਦੇਸ਼ ਦੀਆਂ ਲੋੜਾਂ ਵਧ ਜਾਂਦੀਆਂ ਹਨ ਜਿਸ ਨਾਲ ਆਰਥਿਕ ਕਿਰਿਆਵਾਂ ਦਾ ਸਤਰੋਨਯਨ ਹੋ ਜਾਂਦਾ ਹੈ। ਪਰ ਜੇਕਰ ਜਨਸੰਖਿਆ 'ਚ ਗਿਰਾਅਵਾਂ ਹੁੰਦੀ ਹੈ ਜੋ ਆਰਥਿਕ ਕਿਰਿਆਵਾਂ ਆਪਣੇ ਪੂਰਵ-ਪੱਧਰ 'ਤੇ ਕਾਇਮ ਨਹੀਂ ਰਹਿ ਸਕਦੀ ਹੈ। **ਹੇਂਸਨ** (Hansen) ਦੇ ਸ਼ਬਦਾਂ 'ਚ, "ਵਿਕਸਿਤ ਦੇਸ਼ਾਂ 'ਚ ਘਟਦੀਆਂ ਹੋਈਆਂ ਵਿਨਿਯੋਗ ਦੀਆਂ ਸੰਭਾਵਨਾਵਾਂ ਦਾ ਮੁੱਖ ਕਾਰਨ ਜਨਸੰਖਿਆ ਦੇ ਵਾਧੇ ਦਾ ਰੁਕ ਜਾਣਾ ਅਤੇ ਵੱਸਣ ਲਈ ਨਵੇਂ ਖੇਤਰਾਂ ਦਾ ਪਤਾ ਲਾਉਣ ਦੀਆਂ ਸੰਭਾਵਨਾਵਾਂ ਦਾ ਅੰਤ ਹੈ।"

ਇਸ ਤਰਾਂ ਸਪੱਸ਼ਟ ਤੌਰ 'ਤੇ ਜਨਾਂਕਿਕੀ ਅਤੇ ਅਰਥ ਸ਼ਾਸਤਰ ਇੱਕ-ਦੂਜੇ ਤੋਂ ਅਭਿੰਨ ਤੌਰ 'ਤੇ ਸਬੰਧਿਤ ਹੈ ਕਿਉਂਕਿ ਜਨਾਂਕਿਕੀ ਅਤੇ ਆਰਥਿਕ ਘਟਕ ਇੱਕ-ਦੂਜੇ ਨੂੰ ਪ੍ਰਭਾਵਿਤ ਅਤੇ ਪਰਿਵਰਤਿਤ ਕਰਦੇ ਰਹਿੰਦੇ ਹਨ।

## 29.9 ਜਨਾਂਕਿਕੀ ਅਤੇ ਮਾਨਵ-ਪਰਿਆਵਰਨ ਵਿਗਿਆਨ (Demography and Human Ecology)

ਮਾਨਵ ਵਾਤਾਵਰਨ ਵਿਗਿਆਨ ਜਨਸੰਖਿਆ ਸ਼ਾਸਤਰੀ ਨੂੰ ਕਈ ਅਣਵੇਸ਼ਣਾਤਮਕ ਸਿਧਾਂਤ ਅਤੇ ਅਵਧਾਰਨਾਵਾਂ ਪ੍ਰਦਾਨ ਕਰਦਾ ਹੈ। ਐਡਮਜ (Adams) ਨੇ ਮਾਨਵ ਵਾਤਾਵਰਨ ਵਿਗਿਆਨ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਿਆ ਹੈ ਕਿ, "ਮਾਨਵ-ਵਾਤਾਵਰਨ ਵਿਗਿਆਨ ਉਹ ਆਮ ਵਿਸ਼ਾ ਹੈ ਜੋ ਬਹੁਤ ਹੀ ਵਿਆਪਕ ਨਜ਼ਰੀਏ ਨਾਲ ਅਤੇ ਸਾਰਿਆਂ ਸ਼ਾਖਾਵਾਂ 'ਚ ਵਿਭਗਤ ਕਰਕੇ ਆਮ ਤੌਰ 'ਤੇ ਪ੍ਰਕਿਰਤੀ ਅਤੇ ਵਿਸ਼ੇਸ਼ ਰੂਪ ਨਾਲ ਮਾਨਵ-ਪ੍ਰਕਿਰਤੀ ਦੇ ਸੰਬੰਧਾਂ ਅਤੇ ਅੰਤਰ-ਸੰਬੰਧਾਂ ਦਾ ਅਧਿਐਨ ਕਰਦਾ ਹੈ।" ਮਾਨਵ-ਵਾਤਾਵਰਨ ਵਿਗਿਆਨ ਕਈ ਜਨਾਂਕਿਕੀ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ ਅਤੇ ਉਹ ਜਨਾਂਕਿਕੀ ਪ੍ਰਵਿਧੀ ਦਾ ਅਜ਼ਾਦੀ ਨਾਲ ਪ੍ਰਯੋਗ ਕਰਦਾ ਹੈ। ਮਾਨਵ-ਵਾਤਾਵਰਨ ਸੰਰਚਨਾ ਜਨਾਂਕਿਕੀ ਪਹਿਲੂਆਂ ਦੁਆਰਾ ਨਿਰਧਾਰਿਤ ਹੀ ਨਹੀਂ ਹੁੰਦੀ ਹੈ, ਸਗੋਂ ਉਨ੍ਹਾਂ ਦਾ ਨਿਰਧਾਰਣ ਵੀ ਕਰਦੀ ਹੈ।

ਮਾਨਵ-ਵਾਤਾਵਰਨ ਨਾਲ ਸਬੰਧਿਤ ਸਮੱਸਿਆ ਦੇ ਚਾਰ ਮੁੱਖ ਤੱਤ ਹਨ- ਜਨਸੰਖਿਆ, ਵਾਤਾਵਰਨ, ਪ੍ਰਵਿਧੀ ਅਤੇ ਸੰਗਠਨ। ਮਾਨਵ ਜਨਸੰਖਿਆ ਹੋਰ ਪ੍ਰਾਣੀਆਂ ਦੀ ਜਨਸੰਖਿਆ ਤੋਂ ਵੱਖ ਹੈ। ਮਾਨਵ ਜਨਸੰਖਿਆ ਵਾਤਾਵਰਨ ਦੇ ਨਾਲ ਤਾਲਮੇਲ ਸਥਾਪਿਤ ਕਰਨ ਤੋਂ ਇਲਾਵਾ ਉਸ ਨੂੰ ਪ੍ਰਭਾਵਿਤ ਵੀ ਕਰਦੀ ਹੈ ਅਤੇ ਵਾਤਾਵਰਨ ਨੂੰ ਪਰਿਵਰਤਿਤ ਵੀ ਕਰਨ ਦਾ ਯਤਨ ਕਰਦੀ ਹੈ। ਵਰਤਾਮਨ ਸਮੇਂ 'ਚ ਮਾਨਵ ਵਾਤਾਵਰਨ ਵਿਗਿਆਨੀ ਲਈ ਅੱਜ ਸਿਰਫ਼ ਜਨਸੰਖਿਆ ਦਾ ਅਧਿਅਨ ਹੀ ਪੂਰਾ ਨਹੀਂ ਹੈ, ਸਗੋਂ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਜਨਸੰਖਿਆ ਦੇ ਸਮਾਜਿਕ ਸੱਭਿਆਚਾਰਕ ਪੱਖ ਦਾ ਵੀ ਅਧਿਐਨ ਕਰੇ।

ਪ੍ਰਜਣਨਤਾ ਦਾ ਅਧਿਏਨ ਅਤੇ ਜਨਸੰਖਿਆ ਘਣਤਵ ਦਾ ਪ੍ਰਜਣਨਤਾ 'ਤੇ ਪ੍ਰਭਾਵ ਜਨਾਂਕਿਕੀ ਅਤੇ ਮਾਨਵ-ਵਾਤਾਵਰਨ ਵਿਗਿਆਨ ਦੋਵੇਂ ਦੀ ਹੀ ਵਿਸ਼ਾ-ਵਸਤੂ ਹੈ। ਇਸ ਲਈ ਮਾਨਵ-ਵਾਤਾਵਰਨ ਵਿਅਿਗਾਨ ਨੂੰ 'ਜੈਵਿਕ ਜਨਾਂਕਿਕੀ' ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ, ਮਾਨਵ ਵਾਤਾਵਰਨ ਦੇ ਤਹਿਤ ਮੌਤ ਦਰ, ਜੀਵਨ ਤਾਲਿਕਾ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ, ਪਰ ਜਨਾਂਕਿਕੀ ਦਾ ਵੀ ਅਧਿਐਨ ਵਿਸ਼ਾ-ਵਸਤੂ ਹੈ।

ਵਰਤਮਾਨ ਯੁੱਗ ਦੇ ਵਧੇਰੇ ਵਾਤਾਵਰਨ ਵਿਗਿਆਨ ਮਾਲਥਸਵਾਦੀ ਅਤੇ ਨਵ-ਮਾਲਥਸਵਾਦੀ ਹਨ। ਜਨਸੰਖਿਆ ਵਾਧਾ ਇੱਕ ਜੈਵਿਕ ਪ੍ਰਕਿਰਿਆ ਹੈ ਪਰ ਇਸ ਦਾ ਅਧਿਐਨ ਦੋਵਾਂ ਦੇ ਹੀ ਅੰਤਰਗਤ ਕੀਤਾ ਜਾਂਦਾ ਹੈ। ਮਾਲਥਸ ਦਾ ਜਨਸੰਖਿਆ ਸਿਧਾਂਤ ਅਤੇ ਨਵ-ਮਾਲਥਵਾਦੀ ਵਿਚਾਰਧਾਰਾਵਾਂ ਅਸਲ 'ਚ ਵਾਤਾਵਰਨ ਸਬੰਧੀ ਸਿਧਾਂਤ ਹਨ ਇਸ ਲਈ ਇਨ੍ਹਾਂ ਨੂੰ ਜਨਸੰਖਿਆ ਦੇ ਜੈਵਿਕ ਸਿਧਾਂਤਾਂ (Biological Theories of Population) ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਸਿਧਾਂਤਾਂ ਦੇ ਤਹਿਤ ਜਨਸੰਖਿਆ ਅਤੇ ਖੁਰਾਕ ਸਪਲਾਈ ਨਾਲ ਸਹਿ-ਸਬੰਧ ਸਥਾਪਿਤ ਕੀਤਾ ਜਾਂਦਾ ਹੈ। ਖੁਰਾਕ ਸਪਲਾਈ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਅੱਜ ਕਈ ਵਾਤਾਵਰਨ ਵਿਗਿਆਨੀ ਇਹ ਸ਼ਕ ਪ੍ਰਗਟ ਕਰਦੇ ਹਨ ਕਿ ਖੁਰਾਕ ਮੁੜਃਜਨਸੰਖਿਆ ਵਾਧੇ ਦੀਆਂ ਹੱਦਾਂ ਨਿਰਧਾਰਿਤ ਕਰ ਸਕਦਾ ਹੈ।

ਮਾਨਵ ਵਾਤਾਵਰਨ ਵਿਗਿਆਨ ਨਾਲ ਇਹ ਉਮੀਦ ਤਾਂ ਨਹੀਂ ਕੀਤੀ ਜਾਂਦੀ ਕਿ ਉਹ ਜਨਸੰਖਿਆ ਦੇ ਸਿਧਾਂਤਾਂ ਦਾ ਪ੍ਰਤੀਪਾਦਨ ਕਰੇ, ਪਰ ਦੋਵਾਂ ਦੇ ਸੰਯੋਜਨ ਨਾਲ ਕਈ ਸਮੱਸਿਆਵਾਂ ਦਾ ਹੱਲ ਪ੍ਰਾਪਤ ਕੀਤਾ ਜਾ ਸਕਦਾ ਹੈ।

**ਸਵ-ਮੁਲਾਂਕਣ (Self Assessment)** ਨੋਟ

**ਬਹੁ-ਵਿਕਲਪੀ ਪ੍ਰਸ਼ਨ (Multiple choice Quistions) :**

4. ਜਨਾਂਕਿਕੀ ਦੀ ਸ਼ੁਰੂਆਤ .....'ਚ ਹੋਈ ਸੀ।

(ੳ) 1562 (ਅ) 1662

(ੲ) 1762 (ਸ) 1862

5. ਡੋਨਾਲਡ ਜੇ. ਬੋਗ ਦੀ ਪ੍ਰਸਿੱਧ ਕਿਤਾਬ "The Principles of Demography" ਦਾ ਪ੍ਰਕਾਸ਼ਨ ......'ਚ ਹੋਇਆ ਸੀ।

(ੳ) 1969 (ਅ) 1669

(ੲ) 1769 (ਸ) 1869

5. ......ਉਹ ਵਿਗਿਆਨ ਹੈ ਜਿਸ ਦੇ ਤਹਿਤ ਮਨੁੱਖ ਦੀਆਂ ਆਰਥਿਕ ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

(ੳ) ਭੂਗੋਲ (ਅ) ਗਣਿਤ

(ੲ) ਨਾਗਰਿਕ ਸ਼ਾਸਤਰ (ਸ) ਅਰਥ ਸ਼ਾਸਤਰ

## 29.10 ਜਨਾਂਕਿਕੀ ਅਤੇ ਮਾਨਵ-ਵਿਗਿਆਨ (Demography and Anthropology)

ਮਾਨਵ ਵਿਗਿਆਨ ਦੇ ਤਹਿਤ ਮਾਨਵ ਜਾਤੀ ਦੇ ਵਿਕਾਸ, ਵੱਖ-ਵੱਖ ਜਾਤੀਆਂ ਦੀਆਂ ਵਿਸ਼ੇਸ਼ਤਾਵਾਂ, ਸਰੀਰਕ ਸੰਰਚਨਾ, ਮਨੁੱਖ ਦੇ ਜੀਵ ਵਿਕਾਸੀ ਤੱਤਾਂ ਦਾ ਅਧਿਐਨ ਕੀਤਾ ਜਾਂਦਾ ਹੈ। ਵਰਤਮਾਨ ਸਮੇਂ 'ਚ ਸਰੀਰ ਮਾਨਵ ਵਿਗਿਆਨ (Physical Anthropology) ਜਨਮ ਦਰ, ਮੌਤ ਦਰ, ਵਿਆਹ, ਪ੍ਰਵਾਸ ਆਦਿ ਦਾ ਅਧਿਐਨ ਕਰਦਾ ਹੈ। ਆਕਸਫੋਰਡ ਯੂਨੀਵਰਸਲ ਸ਼ਬਦੋਕੋਸ਼ (Oxford Universal Dictionary) ਅਨੁਸਾਰ ਜਨਾਂਕਿਕੀ ਮਾਨਵ ਵਿਗਿਆਨ ਦੀ ਉਹ ਸ਼ਾਖ਼ਾ ਹੈ ਜਿਸ 'ਚ ਜਨਮ, ਮੌਤ, ਬਿਮਾਰੀਆਂ ਆਦਿ ਦੇ ਸਮੰਕਾਂ ਦਾ ਅਧਿਐਨ ਕੀਤਾ ਜਾਂਦਾ ਹੈ। ਜਨਾਂਕਿਕੀ ਦੇ ਤਹਿਤ ਜਨਸੰਖਿਆ ਦੇ ਜੈਵਿਕ ਪੱਖ ਦਾ ਅਧਿਐਨ ਕੀਤਾ ਜਾਂਦਾ ਹੈ ਅਤੇ ਪ੍ਰਜਣਨਨਤਾ, ਮੌਤ, ਪ੍ਰਵਾਸ, ਉਮਰ ਸੰਰਚਨਾ ਅਤੇ ਜਨਸੰਖਿਆ ਵੰਡ ਦਾ ਵਿਸ਼ਲੇਸ਼ਣਤਾਮਕ ਅਧਿਐਨ ਕੀਤਾ ਜਾਂਦਾ ਹੈ। ਜਨਾਂਕਿਕੀ ਅਤੇ ਮਾਨਵ ਵਿਗਿਆਨ ਦੋਵਾਂ ਦੇ ਹੀ ਅੰਤਰਗਤ ਜਨਸੰਖਿਆ ਦੀ ਵੰਡ ਅਤੇ ਪ੍ਰਵਾਸ ਦਾ ਅਧਿਐਨ ਕੀਤਾ ਜਾਂਦਾ ਹੈ।

ਦੋਵਾਂ ਸ਼ਾਸਤਰਾਂ ਦੀ ਅਧਿਐਨ ਸਮੱਗਰੀ 'ਚ ਬਹੁਤ ਜ਼ਿਆਦਾ ਸਮਾਨਤਾ ਹੈ, ਜਿਵੇਂ ਅਜਿਹੇ ਜੋੜਿਆਂ ਤੋਂ ਪੈਦਾ ਸੰਤਾਨਾਂ ਜਿਨ੍ਹਾਂ ਦੇ ਇੱਕ ਹੀ ਪੂਰਵਜ਼ ਹਨ। ਭਾਈ-ਭੈਣਾਂ ਆਤ ਨੇੜਲੇ ਰਿਸ਼ਤੇਦਾਰਾਂ ਦੇ ਵਿਆਹ ਤੋਂ ਬਾਅਦ ਪੈਦਾ ਔਲਾਦਾਂ 'ਚ ਕਈ ਭੌਤਿਕ ਦੋਸ਼ ਹੁੰਦੇ ਹਨ। ਇਸ ਤਰ੍ਹਾਂ ਦੇ ਅਧਿਐਨਾਂ 'ਚ ਮਾਨਵ ਵਿਗਿਆਨ ਅਤੇ ਜਨਾਂਕਿਕੀ ਦੋਵਾਂ ਦੀ ਹੀ ਰੁਚੀ ਹੈ। ਇਸ ਤਰ੍ਹਾਂ ਅੰਤਰਜਾਤੀ ਅਤੇ ਅੰਤਰ ਧਰਮ ਅਤੇ ਵਿਭਿੰਨ ਜਾਤੀ ਵਿਆਹਾਂ ਦਾ ਅਧਿਐਨ ਵੀ ਦੋਵਾਂ ਹੀ ਸ਼ਾਸਤਰਾਂ 'ਚ ਕੀਤਾ ਜਾਂਦਾ ਹੈ। ਕਈ ਹੋਰ ਜਨਸੰਖਿਆ ਤੱਤਾਂ ਜਿਵੇਂ ਵੰਸ਼ਨੁਕ੍ਰਮਣ ਦੇ ਗੁਣ ਅਤੇ ਅਨੁਵੰਸ਼ਕਤਾ ਦੇ ਗੁਣਾਂ ਦੀ ਤੁਲਨਾ ਦਾ ਅਧਿਐਨ ਵੀ ਦੋਵਾਂ ਦੇ ਤਹਿਤ ਕੀਤਾ ਜਾਂਦਾ ਹੈ।

ਵਰਤਮਾਨ ਸਮੇਂ 'ਚ ਜਨਾਂਕਿਕੀ ਅਤੇ ਮਾਨਵ ਵਿਗਿਆਨ ਦੋਵਾਂ ਨੇ ਇੱਕ-ਦੂਜੇ ਦੀ ਵਿਸ਼ਾ-ਸਮੱਗਰੀ 'ਚ ਰੁਚੀ ਲਈ ਹੈ ਜਿਵੇਂ ਕਿਸੇ ਜਾਤੀ ਵਿਸ਼ੇਸ਼ ਦੀਆਂ ਜਨਾਂਕਿਕੀ ਸਮੱਸਿਆਵਾਂ, ਜਨਸੰਖਿਆ ਵਿਕਾਸ ਨਾਲ ਸਬੰਧਿਤ ਸਿਧਾਂਤ। ਮਾਨਵ ਵਿਗਿਆਨ ਵੀ ਪ੍ਰਜਣਨਨਤਾ, ਮੌਤ ਦਰ, ਪ੍ਰਵਾਸ, ਵਿਆਹ ਆਦਿ ਦਾ ਅਧਿਐਨ ਕਰਦਾ ਹੈ। ਇਸ ਤਰ੍ਹਾਂ ਦੋਵੇਂ ਹੀ ਸ਼ਾਸਤਰ ਇੱਕ-ਦੂਜੇ ਦੇ ਬਹੁਤ ਹੀ ਨੇੜੇ ਹੋ ਗਏ ਹਨ।

## 29.11 ਜਨਾਂਕਿਕੀ ਦਾ ਮਹੱਤਵ (Importance of Demography)

ਜਨਾਂਕਿਕੀ ਦੀ ਸ਼ੁਰੂਆਤ ਲਗਭਗ ਸਵਾਂ ਤਿੰਨ ਸੌ ਸਾਲ ਪਹਿਲਾਂ ਹੋਈ ਸੀ। ਵਰਤਮਾਨ ਯੁੱਗ 'ਚ ਜਨਾਂਕਿਕੀ ਵਿਕਾਸ ਇਸ ਸਦੀ ਦੇ ਤੀਜੇ ਦਹਾਕੇ 'ਚ ਵਿਸ਼ਵ ਧੱਧਰੀ ਮੰਦੀ ਤੋਂ ਬਾਅਦ ਹੋਇਆ। ਇਸ ਮਹਾਨ ਮੰਦੀ ਤੋਂ ਪਹਿਲਾਂ ਪ੍ਰਸਿੱਧ ਫਿਰਕਿਆਂ ਦੀਆਂ ਵਿਚਾਰਧਾਰਾਵਾਂ ਪ੍ਰਚੱਲਿਤ ਸਨ, ਜਿਨ੍ਹਾਂ ਅਨੁਸਾਰ ਅਰਥ-ਵਿਵਸਥਾ ਦੀ ਆਮ ਦਸ਼ਾ ਪੂਰੀ ਤਰ੍ਹਾਂ ਰੁਜ਼ਗਾਰ ਦੀ ਹੁੰਦੀ ਹੈ। ਉਨ੍ਹਾਂ ਦਾ ਇਹ ਸਪੱਸ਼ਟ ਮੱਤ ਸੀ ਕਿ ਆਮ ਤੌਰ 'ਤੇ ਅਤੀ ਉਤਪਾਦਨ ਤਾਂ ਸੰਭਵ ਹੀ ਨਹੀਂ ਹੈ। ਕੁਝ ਵਿਸ਼ੇਸ਼ ਹਾਲਾਤਾਂ 'ਚ ਇਹ ਜ਼ਰੂਰ ਸੰਭਵ ਹੈ ਕਿ ਕਿਸੇ ਖੇਤਰ ਵਿਸ਼ੇਸ਼ 'ਚ ਅਤੀ ਉਤਪਾਦਨ ਹੋ ਜਾਵੇ ਅਤੇ ਹੋਰ ਕਿਸੇ ਖੇਤਰ 'ਚ ਘੱਟ ਉਤਪਾਦਨ। ਇਸ ਤਰ੍ਹਾਂ ਦੇ ਅਸੰਤੁਲਨ ਨੂੰ ਅਗਲੀ ਉਤਪਾਦਨ ਸਮਾਂ ਹੱਦ 'ਚ ਦੂਰ ਕਰ ਦਿੱਤਾ ਜਾਵੇਗਾ। ਥਾਮਸ ਰਾਬਰਟ ਮਾਲਥਸ (Thomas Robert Malthus) ਨੇ ਜ਼ਰੂਰ ਆਮ ਅਤੀ ਉਤਪਾਦਨ ਦੀਆਂ ਸੰਭਾਵਨਾਵਾਂ ਪ੍ਰਗਟ ਕੀਤੀਆਂ ਸਨ, ਪਰ ਇੱਕ ਲੰਮੇ ਸਮੇਂ ਤੱਕ ਉਸ ਦੇ ਵਿਚਾਰ ਅਣਦੇਖੇ ਰਹੇ।

ਵਿਸ਼ਵ ਧੱਧਰੀ ਮੰਦੀ ਕਾਰਨ ਦੀ ਖੋਜ ਲਾਰਡ ਜੇ.ਐੱਮ. ਕੀਨਸ (J.M. Keynes) ਨੇ ਕੀਤੀ ਸੀ। ਕੀਨਸ ਵੇ ਅਨੁਸਾਰ ਮੰਦੀ ਦਾ ਕਾਰਨ ਉਪਭੋਗ ਪ੍ਰਵਿਰਤੀ 'ਚ ਕਮੀ ਹੈ। ਇਸ ਸਮੇਂ ਤੋਂ ਜਨਾਂਕਿਕੀ ਨੇ ਜਨਸੰਖਿਆ ਦੇ ਢਾਂਚਾਗਤ ਬਦਲਾਵਾਂ ਦਾ ਅਧਿਐਨ ਕੀਤਾ ਜਾਣ ਲੱਗਿਆ।

ਨੋਟ

> ਟਾਸਕ ਜਨਾਂਕੀਕੀ ਦੀ ਸ਼ੁਰੂਆਤ ਕਦੋਂ ਹੋਈ ਸੀ ?

ਦੂਜੇ ਵਿਸ਼ਵ ਯੁੱਧ ਦੀ ਭਿਆਨਕ ਬਰਬਾਦੀ ਤੋਂ ਬਾਅਦ ਮੁੱਖ ਸਮੱਸਿਆ ਨਿਯੋਜਿਤ ਵਿਕਾਸ ਦੀ ਸੀ। ਵਿਸ਼ਵ ਦੇ ਸਾਰੇ ਦੇਸ਼ਾਂ ਨੂੰ ਦੋ ਹਿੱਸਿਆਂ 'ਚ ਵੰਡਿਆ ਗਿਆ। ਪਹਿਲਾ, ਅਜਿਹੇ ਦੇਸ਼ ਜੋ ਕਿ ਵਿਕਸਿਤ ਸਨ ਪਰ ਯੁੱਧ ਕਾਰਨ ਨੁਕਸਾਨਗ੍ਰਸਤ ਹੋ ਚੁੱਕੇ ਸਨ। ਇਸ ਤਰ੍ਹਾਂ ਦੇ ਦੇਸ਼ਾਂ 'ਚ ਵਿਕਾਸ ਬਹੁਤਾ ਔਖਾ ਨਹੀਂ ਸੀ ਕਿਉਂਕਿ ਉੱਥੋਂ ਦੇ ਲੋਕ ਸਿੱਖਿਅਤ ਸਨ, ਪ੍ਰਵਿਧੀ ਅਤੇ ਪ੍ਰਾਵੈਧਿਕ ਗਿਆਨ ਉਪਲੱਬਧ ਸੀ। ਇਸ ਲਈ ਥੋੜ੍ਹੀ ਹੀ ਸਮੇਂ 'ਚ ਇਨ੍ਹਾਂ ਅਰਥ-ਵਿਵਸਥਾਵਾਂ ਦਾ ਪੂਰਾ ਵਿਕਾਸ ਹੋ ਗਿਆ। ਵਿਸ਼ਵ ਵਿਆਪੀ ਮੰਦੀ ਤੋਂ ਸਿੱਖਿਆ ਗ੍ਰਹਿਣ ਕਰਦੇ ਹੋਏ ਇਨ੍ਹਾਂ ਨੇ ਜਨਾਂਕਿਕੀ ਘਟਕਾਂ ਜਿਵੇਂ ਕਿਰਤ ਸ਼ਕਤੀ, ਜੀਵਨ ਪ੍ਰਤੀਯਾਸ਼ਾ, ਸਿਹਤ, ਵੰਡ ਆਦਿ ਦਾ ਡੂੰਘਾ ਅਧਿਐਨ ਕੀਤਾ। ਇਨ੍ਹਾਂ ਦੇਸ਼ਾਂ 'ਚ ਜਨਸੰਖਿਆ ਦੇ ਪ੍ਰਤੀ ਨਜ਼ਰੀਆ ਬਦਲ ਚੁੱਕਿਆ ਸੀ। ਹੁਣ ਜਨਸੰਖਿਆ ਸਾਧਨ ਨਾ ਹੋ ਕੇ ਸਾਧਿਆ ਸੀ। ਦੂਜਾ, ਅਜਿਹੇ ਦੇਸ਼ ਸਨ ਜਿੱਥੇ ਵਿਕਾਸ ਸ਼ੁਰੂ ਹੀ ਨਹੀਂ ਹੋਇਆ ਸੀ ਅਤੇ ਜੇਕਰ ਥੋੜ੍ਹਾ ਬਹੁਤ ਵਿਕਾਸ ਹੋਇਆ ਵੀ ਸੀ ਤਾਂ ਉਹ ਵਿਵਸਥਿਤ ਨਹੀਂ ਸੀ। ਵਿਕਾਸ ਦੀ ਅਸਲ ਸਮੱਸਿਆ ਅਜਿਹੇ ਹੀ ਦੇਸ਼ਾਂ ਦੀ ਸੀ। ਇਨ੍ਹਾਂ ਦੇਸ਼ਾਂ 'ਚ ਵਿਕਾਸ ਯੋਜਨਾਵਾਂ ਦੇ ਨਤੀਜੇ ਵਜੋਂ ਜਨਸੰਖਿਆ ਨੂੰ ਤੇਜੀ ਨਾਲ ਵਾਧਾ ਸ਼ੁਰੂ ਹੋ ਗਿਆ। ਵਿਕਾਸ ਯੋਜਨਾਵਾਂ ਕਾਰਨ ਸਿਹਤ ਸੇਵਾਵਾਂ 'ਚ ਵਾਧਾ ਹੋਇਆ, ਜਿਸ ਨਾਲ ਲੋਕਾਂ ਦੀ ਸਿਹਤ 'ਚ ਸੁਧਾਰ ਹੋਇਆ। ਇਯ ਤਰ੍ਹਾਂ ਜਨਸੰਖਿਆ ਦੇ ਗੁਣਾਤਮਕ ਪੱਖ 'ਚ ਸੁਧਾਰ ਹੋਇਆ। ਮੌਤ-ਦਰ 'ਚ ਗਿਰਾਵਟ ਆਈ ਪਰ ਜਨਮ ਦਰ 'ਚ ਕੋਈ ਤਬਦੀਲੀ ਨਹੀਂ ਹੋਈ, ਨਤੀਜੇ ਵਜੋਂ ਜਨਸੰਖਿਆ ਦੀ ਸ਼ੁੱਧ ਵਾਧਾ ਦਰ 'ਚ ਵਾਧਾ ਹੋਇਆ। ਦੇਸ਼ਾਂ 'ਚ ਆਰਥਿਕ ਵਿਕਾਸ ਤਾਂ ਹੋਇਆ ਪਰ ਉਸ ਦੇ ਪ੍ਰਭਾਵਾਂ ਨੂੰ ਤੇਜ਼ ਰਫ਼ਤਾਰ ਨਾਲ ਵਧਦੀ ਹੋਈ ਜਨਸੰਖਿਆ ਨੇ ਸੰਭਾਲ ਲਿਆ। ਇਸ ਤੋਂ ਇਲਾਵਾ, ਵਿਕਸਿਤ ਦੇਸ਼ਾਂ ਦੇ ਸੰਪਰਕ 'ਚ ਆਉਣ ਕਾਰਨ ਪ੍ਰਦਰਸ਼ਨ ਪ੍ਰਭਾਵ ਨਾਲ ਜਨਸੰਖਿਆ ਦੇ ਵਾਧੇ ਕਾਰਨ ਖਪਤਕਾਰੀ ਵਸਤਾਂ ਦੀ ਮੰਗ 'ਚ ਅਪ੍ਰੱਤਖ ਵਾਧਾ ਹੋਇਆ ਜਿਸ ਨਾਲ ਬਚਤ ਕਰਨ ਦੀ ਸ਼ਕਤੀ ਦਾ ਹਰਾਸ ਹੋਇਆ। ਨਤੀਜੇ ਵਜੋਂ ਪੂੰਜੀ ਨਿਰਮਾਣ ਦੀ ਦਰ ਘੱਟ ਹੋ ਗਈ ਜਿਸ ਨਾਲ ਵਿਨਿਯੋਜਨ ਪ੍ਰਭਾਵਿਤ ਹੋਏ।

## 29.12 ਸਾਰਾਂਸ਼ (Summary)

ਵਰਤਮਾਨ ਸਮੇਂ 'ਚ ਜਨਾਂਕਿਕੀ ਦੇਸ਼ ਦੀਆਂ ਵਿਵਹਾਰਕ ਨੀਤੀਆਂ ਦੇ ਨਿਰਧਾਰਤ 'ਚ ਮਹੱਤਵਪੂਰਨ ਯੋਗਦਾਨ ਪ੍ਰਦਾਨ ਕਰਦੀਆਂ ਹਨ। ਅੱਜ ਵਿਸ਼ਵ ਦੇ ਵਿਕਸਿਤ ਦੇਸ਼ ਜਨਸੰਖਿਆ ਦੇ ਗੁਣਾਤਮਕ ਪੱਖ (Qualitative Aspect) ਦੇ ਅਧਿਐਨ ਨੂੰ ਮਹੱਤਵ ਪ੍ਰਦਾਨ ਕਰ ਰਹੇ ਹਨ ਜਦੋਂਕਿ, ਵਿਕਾਸਸ਼ੀਲ ਦੇਸ਼ ਇਸ ਦੇ ਸੰਖਿਆਤਮਕ ਪੱਖ (Quantitative Aspect) ਨੂੰ ਮਹੱਤਵ ਪ੍ਰਦਾਨ ਕਰ ਰਹੇ ਹਨ।

## 29.13 ਸ਼ਬਦਕੋਸ਼ (Keywords)

1. **ਜਨਾਂਕਿਕੀ** (Demograply)– ਜਨਸੰਖਿਅਕਤੀ।
2. **ਸੰਰਚਨਾ** (Composition)– ਰਚਨਾ, ਬਨਾਵਟ

## 29.14 ਅਭਿਆਸ ਪ੍ਰਸ਼ਨ (Review Questions)

1. ਜਨਾਂਕਿਕੀ ਦਾ ਅਰਥ ਅਤੇ ਮਹੱਤਵ ਦੱਸੋ।
2. ਜਨਾਂਕਿਕੀ ਵਿਸ਼ਲੇਸ਼ਣ ਦੀਆਂ ਵਿਧੀਆਂ ਦਾ ਉਲੇਖ ਕਰੋ।
3. 'ਜਨਾਂਕਿਕੀ ਅਤੇ ਸਮਾਜ ਸ਼ਾਸਤਰ' 'ਤੇ ਟਿੱਪਣੀ ਲਿਖੋ।
4. ਜਨਾਂਕਿਕੀ ਅਤੇ ਮਾਨਵ-ਵਿਗਿਆਨ ਨੂੰ ਪਰਿਭਾਸ਼ਤ ਕਰੋ।

### ਉੱਤਰ : ਸਵ-ਮੁਲਾਂਕਣ (Answer: Self Assessment)

| | |
|---|---|
| 1. ਜਨਾਂਕਿਕੀ | 2. ਜਨਸੰਖਿਆ ਦੀ ਸੰਰਚਨਾ |
| 3. ਲਿਵਾਸਿਅਰ | 4. (ਅ) 1662 |
| 5. (ੳ) 1969 | 6. (ਸ) ਅਰਥ ਸ਼ਾਸਤਰ |

## 29.15 ਸੰਦਰਭ ਪੁਸਤਕਾਂ (Further Readings)

ਨੋਟ

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

ਨੋਟ

# ਇਕਾਈ–30: ਵਾਤਾਵਰਨ ਵਿਗਿਆਨ (Ecology)

**ਵਿਸ਼ੇ ਵਸਤੂ (Contents)**

ਉਦੇਸ਼ (Objectives)

ਪ੍ਰਸਤਾਵਨਾ (Introduction)

30.1 ਵਾਤਾਵਰਨ (Environment)

30.2 ਵਿਗਿਆਨ ਅਤੇ ਤਕਨੀਕੀ (Science and Technology)

30.3 ਜਨਾਂਕਿਕੀ ਅਤੇ ਮਾਨਵ ਵਾਤਾਵਰਨ ਵਿਗਿਆਨ (Demography and Human Ecology)

30.4 ਸਾਰਾਂਸ਼ (Summary)

30.5 ਸ਼ਬਦਕੋਸ਼ (Keywords)

30.6 ਅਭਿਆਸ ਪ੍ਰਸ਼ਨ (Review Questions)

30.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਇਤਿਹਾਸ ਦੇ ਨਿਰਮਾਣ ’ਚ ਭੂਗੋਲਿਕ ਸਥਿਤੀ ਅਤੇ ਵਾਤਾਵਰਨ ਦੇ ਯੋਗਦਾਨ ਨੂੰ ਜਾਣਨ ’ਚ।
- ਵਿਗਿਆਨ ਅਤੇ ਤਕਨੀਕੀ ਨੂੰ ਵੱਖ–ਵੱਖ ਅਰਥਾਂ ’ਚ ਪ੍ਰਯੋਗ ਕਰਨ ’ਚ।
- ਗੁਪਤ ਸ਼ਾਸਕਾਂ ਦੇ ਕਾਲ ’ਚ ਕਲਾ ਅਤੇ ਸਾਹਿਤ ਦੇ ਵਿਗਿਆਨ ਦੇ ਖੇਤਰ ’ਚ ਹੋਏ ਵਿਕਾਸ ਨੂੰ ਜਾਣਨ ’ਚ।

## ਪ੍ਰਸਤਾਵਨਾ (Introduction)

ਵਾਤਾਵਰਨ, ਵਿਗਿਆਨ ਅਤੇ ਤਕਨਾਲੋਜੀ ਵੀ ਇਤਿਹਾਸ ਦੀ ਮੁੱਖ ਵਿਸ਼ਾ–ਵਸਤੂ ਦੇ ਰੂਪ ’ਚ ਜਾਣੇ ਜਾਂਦੇ ਹਨ। ਇਤਿਹਾਸ ਦੇ ਨਿਰਮਾਣ ’ਚ ਇਨ੍ਹਾਂ ਤਿੰਨਾਂ ਦੀ ਵਿਸ਼ੇਸ਼ ਭੂਮਿਕਾ ਦੇ ਸਬੰਧ ’ਚ ਵਿਦਵਾਨਾਂ ਨੇ ਵਰਣਨ ਕੀਤਾ ਹੈ। ਇਸ ਅਧਿਐਨ ’ਚ ਤਿੰਨਾਂ ਦੇ ਸਬੰਧ ’ਚ ਵਿਸਥਾਰਿਤ ਵਰਣਨ ਕੀਤਾ ਜਾਵੇਗਾ।

## 30.1 ਵਾਤਾਵਰਨ (Environment)

ਇਤਿਹਾਸ ਦੇ ਨਿਰਮਾਣ ’ਚ ਭੂਗੋਲਿਕ ਸਥਿਤੀ ਅਤੇ ਵਾਤਾਵਰਨ ਦਾ ਮਹੱਤਵਪੂਰਨ ਯੋਗਦਾਨ ਪਾਇਆ ਜਾਂਦਾ ਹੈ। ਭਾਰਤ ’ਚ ਉੱਚੇ ਪਰਬਤ, ਸੁੰਦਰ ਘਾਟੀਆਂ, ਮਾਰੂਥਲ, ਪਠਾਰ, ਵੱਡੇ ਉਪਜਾਊ ਮੈਦਾਨ, ਜੰਗਲ ਅਤੇ ਵਿਸ਼ਾਲ ਸਮੁੰਦਰੀ ਕਿਨਾਰੇ ਹਨ। ਇੱਥੇ ਜਲਵਾਯੂ ’ਚ ਅਤੀ ਅਧਿਕ ਵਿਭਿੰਨਤਾ ਪਾਈ ਜਾਂਦੀ ਹੈ। ਭਾਰਤ ਦੀ ਭੂਗੋਲਿਕ ਸਥਿਤੀ ਅਤੇ ਇਤਿਹਾਸ ਦੇ ਨਿਰਮਾਣ ’ਚ ਹਿਮਾਲਿਆ ਦਾ ਵੀ ਸਦਾ ਉੱਘਾ ਯੋਗਦਾਨ ਰਿਹਾ ਹੈ। ਮਾਨਵ ਅਤੇ ਵਾਤਾਵਰਨ ਇੱਕ–ਦੂਜੇ ਨਾਲ ਗੂੜ੍ਹੇ ਤੌਰ ’ਤੇ ਸਬੰਧਿਤ ਹਨ। ਵਿਅਕਤੀ ਦੇ ਰਹਿਣ–ਸਹਿਣ, ਖਾਣ–ਪੀਣ ਅਤੇ ਚਰਿੱਤਰ ਨਿਰਮਾਣ ’ਚ ਵੀ ਜਲਵਾਯੂ ਅਤੇ ਵਾਤਾਵਰਨ ਬਹੁਤ ਜ਼ਿਆਦਾ ਸਹਾਇਕ ਹੁੰਦੇ ਹਨ। ਇਸ ਲਈ ਇਸ ’ਚ ਸ਼ੱਕ ਦਾ ਕੋਈ ਆਧਾਰ ਨਹੀਂ ਕਿ ਵਾਤਾਵਰਨ ਮਾਨਵ ਦੇ ਕਿਰਿਆ–ਕਲਾਪਾਂ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦਾ ਬੌਧਿਕ ਵਿਕਾਸ, ਸਰੀਰਕ ਗਠਨ, ਕਿਰਤ ਸਮਰੱਥਾ ਵੀ ਵਾਤਾਵਰਨ ਅਤੇ ਭੂਗੋਲਿਕ ਹਾਲਾਤਾਂ ’ਤੇ ਹੀ ਨਿਰਭਰ ਕਰਦੀ ਹੈ। ਵਾਤਾਵਰਨ ਦੇ ਪ੍ਰਭਾਵ ਕਾਰਨ ਮੰਗੋਲਾਂ ਦੀਆਂ ਵਿਸ਼ਾਲ ਫੌਜਾਂ ਨੂੰ ਦਿੱਲੀ ਦੇ ਸੁਲਤਾਨਾਂ ਦੇ ਸਾਹਮਣੇ ਗੋਡੇ ਟੇਕਣ ਪਏ ਅਤੇ ਰਾਜਪੂਤ ਤੇ ਮਰਾਠੇ ਆਪਣੇ ਸੀਮਤ ਫੌਜੀ ਸਾਧਨਾਂ ਤੋਂ ਬਾਅਦ ਵੀ ਮੱਧ ਕਾਲ ’ਚ ਵੱਡੇ ਸ਼ਾਸਕਾਂ ਨੂੰ ਹਰਾ ਸਕੇ।

ਨੋਟਸ ਇਤਿਹਾਸ ਦੇ ਨਿਰਮਾਣ ’ਚ ਭੂਗੋਲਿਕ ਸਥਿਤੀ ਅਤੇ ਪਰਿਆਵਰਣ ਦਾ ਮਹਤੱਵਪੂਰਨ ਯੋਗਦਾਨ ਪਾਇਆ ਜਾਂਦਾ ਹੈ।

**ਨੋਟ**

ਹਿਮਾਲਿਆ ਪਰਬਤ ਨੇ ਭਾਰਤੀ ਇਤਿਹਾਸ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਉਸ ਨੇ ਉੱਤਰ ਵਾਲੇ ਪਾਸਿਓਂ ਭਾਰਤ ਨੂੰ ਅਖੰਡ ਸੁਰੱਖਿਆ ਪ੍ਰਦਾਨ ਕੀਤੀ ਹੈ। ਉੱਤਰ ਭਾਰਤ ਦੀਆਂ ਸਾਰੀਆਂ ਵੱਡੀਆਂ ਨਦੀਆਂ ਦਾ ਆਗਾਜ਼ ਵੀ ਇਸੇ ਪਰਬਤ ਤੋਂ ਹੈ ਜਿਸ ਕਾਰਨ ਪੰਜਾਬ, ਸਿੰਧੂ, ਗੰਗਾ-ਯਮੁਨਾ ਦੋਆਬ ਅਤੇ ਬੰਗਾਲ ਤੱਕ ਦਾ ਖੇਤਰ ਉਪਜਾਊ ਬਣਿਆ ਤੇ ਦੇਸ਼ ਖੁਸ਼ਹਾਲ ਹੋਇਆ। ਇਸ ਖੁਸ਼ਹਾਲੀ ਕਾਰਨ ਹੀ ਵਿਦੇਸ਼ ਹਮਲਾਵਰ ਭਾਰਤ ਵੱਲ ਆਕਰਸ਼ਿਤ ਹੋਏ ਸਨ। ਪਰਬਤ ਸ੍ਰੇਣੀਆਂ ਦੇ ਦੱਰੇ ਉਨ੍ਹਾਂ ਦੇ ਆਉਣ ਦਾ ਰਾਹ ਬਣੇ ਅਤੇ ਇਨ੍ਹਾਂ ਰਾਹੀਂ ਹੀ ਭਾਰਤ ਸੰਸਕ੍ਰਿਤੀ ਦਾ ਵਿਦੇਸ਼ਾਂ 'ਚ ਪ੍ਰਚਾਰ-ਪਸਾਰ ਸੰਭਵ ਹੋ ਸਕਿਆ। ਅਸਲ 'ਚ ਉਪਜਾਊ ਜ਼ਮੀਨ ਕਾਰਨ ਹੀ ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਬਣਿਆ ਜਿਸ 'ਚ ਵਾਤਾਵਰਨ ਦਾ ਵੀ ਵਿਸ਼ੇਸ਼ ਯੋਗਦਾਨ ਹੈ।

ਰਾਜਸਥਾਨ ਦੇ ਮਾਰਥੂਲ ਨੇ ਵਿਦੇਸ਼ੀ ਹਮਲਾਵਰਾਂ ਨੂੰ ਲਗਾਤਾਰ ਨਿਰ-ਉਤਸ਼ਾਹਿਤ ਕੀਤਾ ਹੈ। ਇੱਥੋਂ ਦੀ ਖੁਸ਼ਕ ਜਲਵਾਯੂ ਅਤੇ ਦੁਖਦਾਈ ਵਾਤਾਵਰਨ ਨੇ ਵੀ ਸਮੇਂ-ਸਮੇਂ 'ਤੇ ਵਿਦੇਸ਼ੀਆਂ ਨੂੰ ਦੇਸ਼ 'ਚ ਦਾਖਲ ਨਾ ਹੋਣ ਲਈ ਮਜ਼ਬੂਰ ਕੀਤਾ ਹੈ। ਦੱਖਣੀ ਭਾਰਤ 'ਚ ਮਰਾਠਿਆਂ ਦੇ ਉਦੈ ਅਤੇ ਗੁਰੀਲਾ ਯੁੱਧ ਪ੍ਰਣਾਲੀ ਵੀ ਜਲਵਾਯੂ ਅਤੇ ਵਾਤਾਵਰਨ ਦਾ ਹੀ ਨਤੀਜਾ ਹੈ ਜਿਸ ਨਾਲ ਭਾਰਤ ਦੇ ਇਤਿਹਾਸ ਨੂੰ ਇੱਕ ਨਵੀਨ ਦਿਸ਼ਾ ਪ੍ਰਾਪਤ ਹੋਈ।

ਭਾਰਤੀ ਪਰਿਸਥਿਤੀ ਪ੍ਰਾਚੀਨ ਸਮੇਂ ਤੋਂ ਲੈ ਕੇ ਆਧੁਨਿਕ ਕਾਲ ਤੱਕ ਵਾਤਾਵਰਨ ਕਾਰਨ ਬਦਲਦੀ ਰਹੀ ਹੈ ਜਿਸ ਕਾਰਨ ਸਾਡਾ ਇਤਿਹਾਸ ਉਸ ਤੋਂ ਵਿਆਪਕ ਰੂਪ ਨਾਲ ਪ੍ਰਭਾਵਿਤ ਰਿਹਾ ਹੈ। ਵਾਤਾਵਰਨ ਦੀ ਭਿੰਨਤਾ ਕਾਰਨ ਉੱਤਰ ਅਤੇ ਦੱਖਣ ਭਾਰਤ ਦਾ ਸੰਯੋਜਨ ਕਦੇ ਸੰਭਵ ਨਹੀਂ ਹੋ ਸਕਿਆ ਅਤੇ ਨਾ ਹੀ ਲੰਮੇ ਸਮੇਂ ਤੱਕ ਭਾਰਤ 'ਚ ਰਾਜਨੀਤਕ ਏਕਤਾ ਹੀ ਬਣੀ ਰਹੀ। ਭਿੰਨ-ਭਿੰਨ ਭਾਗਾਂ 'ਚ ਰਹਿਦ ਵਾਲੇ ਮਨੁੱਖ ਦਾ ਰਹਿਣ-ਸਹਿਣ ਅਤੇ ਪਰੰਪਰਤਾਵਾਂ ਤੇ ਰੀਤ-ਰਿਵਾਜ ਸਮਾਨ ਨਾ ਹੋਣ ਕਾਰਨ ਉਨ੍ਹਾਂ 'ਚ ਸਮਾਜਿਕ ਏਕਤਾ ਦੀ ਸਥਾਪਨਾ ਸਿਰਫ਼ ਇੱਕ ਮਾੜਾ ਸੁਪਨਾ ਬਣ ਗਈ। ਇਹ ਅਨੇਕਤਾ ਮੱਧ ਕਾਲ ਤੋਂ ਬਾਅਦ ਆਧੁਨਿਕ ਭਾਰਤ ਦੇ ਸ਼ੁਰੂਆਤੀ ਸਾਲਾਂ ਤੱਕ ਬਣੀ ਰਹੀ। ਕਾਲਅੰਤਰ 'ਚ ਅੰਗਰੇਜ਼ੀ ਸ਼ਾਸਨ ਦੀ ਸਥਾਪਨਾ ਅਤੇ ਰਾਸ਼ਟਰੀ ਭਾਵਨਾ ਦੇ ਵਾਧੇ ਨਾਲ ਇੱਥੇ ਏਕਤਾ ਦੀ ਸਥਾਪਨਾ ਸੰਭਵ ਹੋ ਸਕੀ।

ਇਸ ਲਈ ਸਪੱਸ਼ਟ ਹੈ ਕਿ ਕਈ ਦੇਸ਼ਾਂ ਵਾਂਗ ਭਾਰਤ ਵੀ ਆਪਣੇ ਭੂਗੋਲ ਅਤੇ ਵਾਤਾਵਰਨ ਨਾਲ ਪ੍ਰਭਾਵਿਤ ਰਿਹਾ। ਭਾਰਤ ਦੇ ਧਰਮ ਅਤੇ ਅਧਿਆਤਮਵਾਦ 'ਤੇ ਵੀ ਇਸ ਦਾ ਪ੍ਰਭਾਵ ਹੈ। ਅਸਲ 'ਚ ਭਾਰਤ ਦੇ ਭੂਗੋਲਿਕ ਹਾਲਾਤ ਅਤੇ ਵਾਤਾਵਰਨ ਦੇ ਪ੍ਰਭਾਵ ਨੇ ਇੱਥੋਂ ਦੇ ਲੋਕਾਂ ਨੂੰ ਮਿਹਨਤੀ ਬਣਾ ਦਿੱਤਾ ਅਤੇ ਵਿਦੇਸ਼ ਹਮਲਿਆਂ ਦਾ ਸਾਹਮਣਾ ਕਰਦੇ ਹੋਏ ਵੀ ਆਪਣੀ ਸੰਸਕ੍ਰਿਤੀ ਨੂੰ ਬਣਾਈ ਰੱਖਣ 'ਚ ਸਫ਼ਲ ਰਹੀ।

**ਸਵ-ਮੁਲਾਂਕਣ (Self Assessment)**

ਖਾਲੀ ਥਾਵਾਂ ਭਰੋ (Fill in the blanks) :

1. .........ਨੇ ਭਾਰਤੀ ਇਤਿਹਾਸ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ।
2. .....ਲੇ ਵਿਦੇਸ਼ੀ ਹਮਲਿਆਂ ਨੂੰ ਲਗਾਤਾਰ ਨਿਰ-ਉਤਸ਼ਾਹਿਤ ਕੀਤਾ ਹੈ।
3. .....ਇੱਕ-ਦੂਜੇ ਨਾਲ ਗੂੜ੍ਹੀ ਤਰ੍ਹਾਂ ਸਬੰਧਿਤ ਹਨ।

## 30.2 ਵਿਗਿਆਨ ਅਤੇ ਤਕਨੀਕੀ (Science and Technology)

ਆਮ ਤੌਰ 'ਤੇ ਵਿਗਿਆਨ ਅਤੇ ਤਕਨੀਕੀ ਨੂੰ ਵੱਖ-ਵੱਖ ਅਰਥਾਂ 'ਚ ਪ੍ਰਯੋਗ ਕੀਤਾ ਜਾਂਦਾ ਹੈ। ਵਿਗਿਆਨ ਤੋਂ ਭਾਵ ਗਿਆਨ ਦੇ ਉਸ ਕ੍ਰਮਬੱਧ ਅਤੇ ਯੋਜਨਾਬੱਧ ਅਧਿਐਨ ਤੋਂ ਹੈ ਜਿਸ ਨੂੰ ਤਰਕ, ਪ੍ਰਸਤੁਤੀਕਰਨ ਅਤੇ ਪ੍ਰਯੋਗਾਂ ਦੁਆਰਾ ਸਿੱਧ ਕਰਦੇ ਹਲ ਅਤੇ ਤਕਨੀਕੀ ਅਰਥ ਵਿਗਿਆਨ ਦੇ ਗਿਆਨ ਦਾ ਉੱਚਿਤ ਪ੍ਰਸਤੁਤੀਕਰਨ ਹੈ ਜਿਸ ਨੂੰ ਉਤਪਾਦਨ, ਵਪਾਰ ਅਤੇ ਉਦਯੋਗਿਕ ਖੇਤਰ 'ਚ ਅਤੇ ਜੋ ਮਾਨਵ ਲਈ ਵੱਧ ਮਹੱਤਵਪੂਰਨ ਹੋਵੇ।

ਭਾਰਤ 'ਚ ਅਠਾਰਵੀਂ ਸਦੀ ਦੇ ਪਹਿਲੇਅੱਧ 'ਚ ਹੋਣ ਵਾਲੀਆਂ ਵਿਗਿਆਨਕ ਖੋਜਾਂ ਦੇ ਨਤੀਜੇ ਵਜੋਂ ਮਸ਼ੀਨੀ ਯੁੱਧ ਦੀ ਸ਼ੁਰੂਆਤ ਹੋਈ, ਪਰੰਤੂ ਇਸ ਦਾ ਇਹ ਭਾਵ ਕਦੇ ਨਹੀਂ ਹੈ ਕਿ ਸਾਡੇ ਦੇਸ਼ 'ਚ ਇਸ ਤੋਂ ਪਹਿਲਾਂ ਵਿਗਿਆਨ ਅਤੇ ਤਕਨੀਕੀ ਨਾਲ ਲੋਕਾਂ ਨੂੰ ਕੋਈ ਲਗਾਅ ਨਹੀਂ ਸੀ। ਅਸਲ 'ਚ ਇਸ ਕਾਲ 'ਚ ਜੋ ਥੋੜ੍ਹੀ ਬਹੁਤ ਖੋਜ ਹੋਈ ਵੀ, ਉਨ੍ਹਾਂ ਦਾ ਕੋਈ ਲਾਭ ਸਾਡੇ ਦੇਸ਼ਵਾਸੀਆ ਦੁਆਰਾ ਨਹੀਂ ਉਠਾਇਆ ਜਾ ਸਕਿਆ। ਇਸ ਲਈ ਵਿਗਿਆਨ ਤੇ ਤਕਨੀਕੀ ਤੋਂ ਲੋਕ ਅਣਜਾਣ ਬਣੇ ਰਹੇ।

ਕੀ ਤੁਸੀ ਜਾਣਦੇ ਹੋ? ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਕਿੱਥੋਂ ਹੋਈ ਸੀ ?

ਪ੍ਰਾਚੀਨ ਕਾਲ ਦੇ ਸ਼ੁਰੂ ਤੋਂ ਹੀ ਅਸੀਂ ਵਿਸ਼ਾਲ ਭਾਵਨਾਂ ਦੇ ਨਿਰਮਾਣ ਅਤੇ ਮੂਰਤੀਕਲਾਂ ਦੇ ਸ੍ਰੇਸ਼ਟ ਨਮੂਨਿਆਂ ਦੇ ਆਧਾਰ 'ਤੇ ਅਸੀਂ ਇਹ ਮੰਨ ਸਕਦੇ ਹਾਂ ਕਿ ਉਸ ਸਮੇਂ ਨਿਰਮਾਣ ਦੀ ਤਕਨੀਕੀ ਨਿਸ਼ਚਿਤ ਤੌਰ 'ਤੇ ਵਿਕਸਿਤ ਸੀ ਜੋ ਤੱਤਕਾਲੀਨ ਮੂਰਤੀਆਂ 'ਚ ਪ੍ਰਾਪਤ ਵਿਵਿਧਤਾ ਨਾਲ ਅਤੇ ਸਪੱਸ਼ਟ ਹੋ ਜਾਂਦੀ ਹੈ। ਸਮਰਾਟ ਅਸ਼ੋਕ ਦੇ ਕਾਲ 'ਚ ਯੰਤਰਿਕੀ ਦੇ ਵਿਕਸਿਤ ਰੂਪ ਦਾ ਵੀ ਵਰਣਨ ਉਪਲਬਧ ਹੁੰਦਾ ਹੈ। ਅਸ਼ੋਕ ਦੇ ਥੰਮ੍ਹ, ਸਤੂਪ ਅਤੇ ਗੁਫ਼ਾਵਾਂ ਮੌਰੀਆ ਕਾਲ ਦੀ ਅਭਿਯੰਤਰਿਕ ਉਪਲੱਬਧੀ ਦਾ ਪ੍ਰਬਲ ਸਬੂਤ ਹਨ।

**ਨੋਟ**

ਹਰੇਕ ਥੰਮ੍ਹ ਦੀ ਲੰਬਾਈ 50-60 ਫੁੱਟ ਤੇ ਭਾਰ ਅਨੁਮਾਨਿਤ 50 ਟਨ ਹੈ ਜਿਨ੍ਹਾਂ ਨੂੰ ਵੱਡੀਆਂ-ਵੱਡੀਆਂ ਚੱਟਾਨਾਂ ਤੋਂ ਕੱਟ ਕੇ ਬਣਾਇਆ ਜਾਂਦਾ ਸੀ। ਇਨ੍ਹਾਂ ਭਾਰੇ ਥੰਮ੍ਹਾਂ ਨੂੰ ਇੱਕ ਥਾਂ ਤੋਂ ਦੂਜੇ ਥਾਂ 'ਤੇ ਲਿਜਾਣਾ ਵੀ ਕੁਸ਼ਲ ਇੰਜੀਨੀਅਰਾਂ ਦੀ ਘਾਟ 'ਚ ਕਦੇ ਸੰਭਵ ਨਹੀਂ ਸੀ। ਨਾਲ ਹੀ ਚੱਟਾਨਾਂ ਨੂੰ ਕੱਟ ਕੇ ਬਣਾਏ ਗਏ ਗੁਹਾ-ਗ੍ਰਿਹ ਅਤੇ ਗੁਫ਼ਾਵਾਂ ਦੇ ਨਿਰਮਾਣ ਨਾਲ ਵੀ ਤੱਤਕਾਲੀ ਵਿਗਿਆਨ ਅਤੇ ਤਕਨੀਕੀ ਦੇ ਵਿਕਾਸਸ਼ੀਲ ਰੂਪ ਦਾ ਸਪੱਸ਼ਟ ਦਿਗ-ਦਰਸ਼ਨ ਹੁੰਦਾ ਹੈ। ਇਨ੍ਹਾਂ ਮੌਰੀਆ ਕਾਲ ਗੁਫ਼ਾਵਾਂ ਅਤੇ ਹੋਰ ਕਲਾਕ੍ਰਿਤੀਆਂ 'ਤੇ ਪਾਲਸ਼ ਦੀ ਕੀਤੀ ਜਾਂਦੀ ਸੀ। ਇਹੀ ਕਾਰਨ ਹੈ ਕਿ ਨਾਗ ਅਰਜੁਨ ਅਤੇ ਬਾਰਾਬਰ ਦੀਆਂ ਗੁਫ਼ਾਵਾਂ ਦੀਆਂ ਦੀਵਾਰਾਂ ਪਾਲਸ਼ ਦੇ ਕਾਰਨ ਸ਼ੀਸ਼ੇ ਦੇ ਸਮਾਨ ਚਮਕਦੀਆਂ ਹਨ। **ਡਾ. ਸਮਿੱਥ** ਨੇ ਇਸ **ਪਾਲਿਸ਼ ਕਲਾ** ਦੀ ਬਹੁਤ ਹੀ ਪ੍ਰਸੰਸਾ ਕੀਤੀ ਹੈ ਅਤੇ ਇਸ ਨੂੰ ਆਧੁਨਿਕ ਵਿਗਿਆਨ ਅਤੇ ਤਕਨੀਕੀ ਦੀ ਸ਼ਕਤੀ ਤੋਂ ਪਰ੍ਹੇ ਪਾਇਆ ਹੈ।

ਗੁਪਤ ਸ਼ਾਸਕਾਂ ਦੇ ਕਾਲ 'ਚ ਵੀ ਕਲਾ ਅਤੇ ਸਾਹਿਤ ਦੇ ਵਿਗਿਆਨ ਦੇ ਖੇਤਰ 'ਚ ਵੀ ਵਿਕਾਸ ਹੋਇਆ। ਇਸ ਸਮੇਂ ਸਭ ਤੋਂ ਮਹਾਨ ਵਿਗਿਆਨਕ ਆਰੀਆ ਭੱਟ ਸੀ ਜਿਸ ਨੇ ਕਈ ਵਿਗਿਆਨਕ ਸਿਧਾਂਤਾਂ ਦੀ ਖੋਜ ਕੀਤੀ ਸੀ, ਜਿਵੇਂ ਧਰਤੀ ਆਪਣੀ ਧੁਰੀ 'ਤੇ ਹੀ ਘੁੰਮਦੀ ਹੈ ਅਤੇ ਚੰਦਰਮਾ ਦੀ ਛਾਂ ਧਰਤੀ 'ਤੇ ਪੈਣ ਨਾਲ ਗ੍ਰਹਿਣ ਹੁੰਦਾ ਹੈ। ਵਰਤਮਾਨ 'ਚ ਜੀਵਨ ਦਾ ਆਧਾਰ ਦਸ਼ਮਲਵ ਪ੍ਰਣਾਲੀ ਵੀ ਆਰੀਆ ਭੱਟ ਦਾ ਖੋਜ ਹੈ ਜੋ ਵਰਤਮਾਨ 'ਚ ਵਿਗਿਆਨ ਦੇ ਮੁੱਢਲੇ ਸਿਧਾਂਤ ਮੰਨੇ ਜਾਂਦੇ ਹਨ। ਆਰੀਆ ਭੱਟ ਤੋਂ ਇਲਾਵਾ ਚਰਕ, ਬ੍ਰਹਮਗੁਪਤ ਅਤੇ ਧਨਵੰਤਰੀ ਵੀ ਗੁਪਤ ਕਾਲ ਦੇ ਪ੍ਰਸਿੱਧ ਆਯੁਰਵਿਗਿਆਨ ਸ਼ਾਸਤਰੀ ਸਨ।

ਸਭ ਤੋਂ ਪਹਿਲਾਂ ਵਿਗਿਆਨਕਖੇਤਰ 'ਚ ਹੋਣ ਵਾਲੇ ਵਿਕਾਸ ਦਾ ਪ੍ਰਭਾਵ ਭਾਰਤੀ ਖੇਤਰ 'ਤੇ ਪਈ ਅਤੇ ਇਸ ਕੰਮ 'ਚ ਵੱਖ-ਵੱਖ ਮਸ਼ੀਨਾਂ ਦਾ ਪ੍ਰਯੋਗ ਕੀਤਾ ਜਾਣ ਲੱਗਿਆ। ਹੁਣ ਤੱਕ ਜੋ ਕੰਮ ਮਜ਼ਦੂਰਾਂ ਰਾਹੀਂ ਹੱਥ ਨਾਲ ਕੀਤਾ ਜਾਂਦਾ ਸੀ, ਉਸ ਨੂੰ ਸ਼ਕਤੀ ਨਾਲ ਚੱਲਣ ਵਾਲੇ ਉਪਕਰਨ ਪ੍ਰਯੋਗ ਕੀਤੇ ਜਾਣ ਨਾਲ ਉਤਪਾਦਨ 'ਚ ਵਾਧਾ ਹੋਇਆ ਅਤੇ ਸਮੇਂ ਦੀ ਵੀ ਬੱਚਤ ਹੋਈ। ਕਾਲਾਅੰਤਰ 'ਚ ਮਸ਼ੀਨਾਂ ਚਲਾਉਣ ਲਈ ਬਿਜਲੀ ਵਰਤੇ ਜਾਣ ਨਾਲ ਉਦਯੋਗਾਂ ਦੀ ਤੇਜ ਰਫ਼ਤਾਰ ਨਾਲ ਵਿਕਾਸ ਹੋਇਆ। ਖੇਤੀ ਦੇ ਵਿਕਾਸ ਕਾਰਨ ਆਵਾਜਾਈ ਪ੍ਰਬੰਧ 'ਚ ਵੀ ਸੁਧਾਰ ਆਇਆ ਅਤੇ ਭਾਰਤ 'ਚ ਲੋੜਾਂ ਦੀ ਪੂਰਤੀ ਲਈ ਕੁਝ ਕਾਰਖਾਨੇ ਸਥਾਪਿਤ ਹੋਏ।

**ਸਵ-ਮੁਲਾਂਕਣ (Self Assessment)**

ਬਹੁ-ਵਿਕਲਪੀ ਪ੍ਰਸ਼ਨ (Multiple Choice Quistions) :

4. ਭਾਰਤ 'ਚ.........ਸਦੀ ਦੇ ਉਤਰਾਧ 'ਚ ਹੋਣ ਵਾਲੀਆਂ ਵਿਗਿਆਨਕ ਖੋਜਾਂ ਦੇ ਨਤੀਜੇ ਵਜੋਂ ਮਸ਼ੀਨੀ ਯੁੱਗ ਦੀ ਸ਼ੁਰੂਆਤ ਹੋਈ।

   (ੳ) ਅਠਾਰਵ੍ਹੀਂ — (ਅ) ਸੋਲਵੀਂ

   (ੲ) ਪੰਦਰਵੀਂ — (ਸ) ਉੱਨੀਵੀਂ

5. .........ਦੇ ਨਿਰਮਾਣ 'ਚ ਵਾਤਾਵਰਨ, ਵਿਗਿਆਨ ਅਤੇ ਤਕਨਾਲੋਜੀ ਦੀ ਵਿਸ਼ੇਸ਼ ਭੂਮਿਕਾ ਹੈ।

   (ੳ) ਧਰਤੀ — (ਅ) ਇਤਿਹਾਸ

   (ੲ) ਮਨੁੱਖ — (ਸ) ਪਸ਼ੂ ਪੰਛੀ

6. .........ਨੇ ਭਾਰਤ ਦੀ ਪਰਵਰਤਨਸ਼ੀਲਤਾ ਅਤੇ ਨਮ ਜਲਵਾਯੂ ਦਾ ਬਹੁਤ ਹੀ ਸਜੀਵ ਵਰਣਨ ਆਪਣੀ ਆਤਮ ਕਥਾ 'ਚ ਕੀਤਾ ਹੈ।

   (ੳ) ਅਕਬਰ — (ਅ) ਜਹਾਂਗੀਰ

   (ੲ) ਮੁਗਲ ਸਮਰਾਟ ਬਾਬਰ — (ਸ) ਔਰੰਗਜੇਬ

## 30.3 ਜਨਾਂਕਿਕੀ ਅਤੇ ਮਾਨਵ ਵਾਤਾਵਰਨ ਵਿਗਿਆਨ (Demography and Human Ecology)

ਮਾਨਵ ਵਾਤਾਵਰਨ ਵਿਗਿਆਨ ਜਨਸੰਖਿਆ ਸ਼ਾਸਤਰੀ ਨੂੰ ਕਈ ਅਣਵੇਸ਼ਣਾਤਮਕ ਸਿਧਾਂਤ ਅਤੇ ਅਵਧਾਰਨਾਵਾਂ ਪ੍ਰਦਾਨ ਕਰਦਾ ਹੈ। ਐਡਮਸ (Adams) ਨੇ ਮਾਨਵ ਵਾਤਾਵਰਨ ਵਿਗਿਆਨ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਿਆ ਹੈ ਕਿ, "ਮਾਨਵ ਵਾਤਾਵਰਨ ਵਿਗਿਆਨ ਅਤੇ ਆਮ ਸਮਾਨ ਵਿਸ਼ਾ ਹੈ ਜਿਹੜਾ ਅਤਿਅੰਤ ਵਿਆਪਕ ਦ੍ਰਿਸ਼ਟੀਕੋਣ ਨਾਲ ਅਤੇ ਅਨੇਕਾਂ ਸਾਖ਼ਾਵਾਂ ਵਿੱਚ ਵਿਭਦਤ ਕਰਕੇ ਸਮਾਣ ਰੂਪ 'ਚ ਮਾਨਵ ਪ੍ਰਕਿਰਤੀ ਦੇ ਸੰਬੰਧਾਂ ਅਤੇ ਅੰਤਰ ਸੰਬੰਧਾਂ ਦਾ ਅਧਿਐਨ ਕਰਦਾ ਹੈ।" ਮਾਨਵ ਵਾਤਾਵਰਨ ਵਿਗਿਆਨ ਕਈ ਜਨਾਂਕਿਕੀ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ ਅਤੇ ਉਹ ਜਨਾਂਕਿਕੀ ਪ੍ਰਵਿਧੀ ਦਾ ਅਜ਼ਾਦੀ ਨਾਲ ਪ੍ਰਯੋਗ ਕਰਦਾ ਹੈ। ਮਾਨਵ ਵਾਤਾਵਰਨਾਤਮਕ ਸੰਰਚਨਾ ਜਨਾਂਕਿਕੀ ਪਹਿਲੂਆਂ ਦੁਆਰਾ ਨਿਰਧਾਰਿਤ ਹੀ ਨਹੀਂ ਹੁੰਦੀ, ਸਗੋਂ ਉਨ੍ਹਾਂ ਦਾ ਨਿਰਧਾਰਨ ਵੀ ਕਰਦੀ ਹੈ।

**ਨੋਟ**

| |
|---|
| ਟਾਸਕ ਸਰਵਪ੍ਰਥਮ ਵਿਗਿਆਨਕ ਖੇਤਰ ਵਿੱਚ ਹੋਣ ਵਾਲੀ ਪ੍ਰਗਤੀ ਦਾ ਪ੍ਰਭਾਵ ਕਿਸ ਉੱਤੇ ਪਿਆ ਹੈ ? |

ਮਾਨਵ ਵਾਤਾਵਰਨ ਨਾਲ ਸਬੰਧਿਤ ਸਮੱਸਿਆ ਦੇ ਚਾਰ ਮੁੱਖ ਤੱਤ ਹਨ–ਜਨਸੰਖਿਆ, ਵਾਤਾਵਰਨ, ਪ੍ਰਵਿਧੀ ਅਤੇ ਸੰਗਠਨ। ਮਾਨਵ ਜਨਸੰਖਿਆ ਹੋਰ ਪ੍ਰਾਣੀਆਂ ਦੀ ਜਨਸੰਖਿਆ ਤੋਂ ਭਿੰਨ ਹੈ। ਮਾਨਵ ਜਨਸੰਖਿਆ ਵਾਤਾਵਰਨ ਦੇ ਨਾਲ ਤਾਲਮੇਲ ਬਿਠਾਉਣ ਤੋਂ ਇਲਾਵਾ ਉਸ ਨੂੰ ਪ੍ਰਭਾਵਿਤ ਵੀ ਕਰਦੀ ਹੈ ਅਤੇ ਵਾਤਾਵਰਨ ਨੂੰ ਬਦਲਣ ਦਾ ਵੀ ਯਤਨ ਕਰਦੀ ਹੈ। ਵਰਤਮਾਨ ਸਮੇਂ 'ਚ ਮਾਨਵ ਵਾਤਾਵਰਨ ਵਿਗਿਆਨ ਲਈ ਅੱਜ ਸਿਰਫ਼ ਜਨਸੰਖਿਆ ਦਾ ਅਧਿਐਨ ਹੀ ਪੂਰਾ ਨਹੀਂ ਹੈ, ਸਗੋਂ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਜਨਸੰਖਿਆ ਦੇ ਸਮਾਜਿਕ ਸੱਭਿਆਚਾਰਕ ਪੱਖ ਦਾ ਵੀ ਅਧਿਐਨ ਕਰੇ।

ਪ੍ਰਜਣਨਨਤਾ ਦਾ ਅਧਿਐਨ ਅਤੇ ਜਨਸੰਖਿਆ ਘਣਤਵ ਦਾ ਪ੍ਰਜਣਨਨਤਾ 'ਤੇ ਪ੍ਰਭਾਵ ਜਨਾਂਕਿਕੀ ਅਤੇ ਮਾਨਵ ਵਾਤਾਵਰਨ ਵਿਗਿਆਨ ਦੋਵਾਂ ਦੀ ਹੀ ਵਿਸ਼ਾ ਵਸਤੂ ਹੈ। ਇਸ ਲਈ ਮਾਨਵ ਵਾਤਾਵਰਨ ਵਿਗਿਆਨ ਨੂੰ 'ਜੈਵਿਕ ਜਨਾਂਕਿਕੀ' ਵੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਮਾਨਵ ਵਾਤਾਵਰਨ ਦੇ ਤਹਿਤ ਮੌਤ ਦਰ, ਜੀਵਨ ਸੂਚੀ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ, ਪਰ ਜਨਾਂਕਿਕੀ ਦਾ ਵੀ ਅਧਿਐਨ ਵਿਸ਼ਾ ਵਸਤੂ ਹੈ।

## 30.4 ਸਾਰਾਂਸ਼ (Summary)

ਵਰਤਮਾਨ ਯੁੱਗ ਦੇ ਜ਼ਿਆਦਾਤਰ ਵਾਤਾਵਰਨ ਵਿਗਿਆਨ ਮਾਲਥਸਵਾਦੀ ਅਤੇ ਨਵ-ਮਾਲਥਸਵਾਦੀ ਹਨ। ਜਨਸੰਖਿਆ ਵਾਧਾ ਇੱਕ ਜੈਵਿਕ ਪ੍ਰਕਿਰਿਆ ਹੈ ਪਰ ਇਸ ਦਾ ਅਧਿਐਨ ਦੋਵਾਂ ਦੇ ਹੀ ਤਹਿਤ ਕੀਤਾ ਜਾਂਦਾ ਹੈ। ਮਾਲਥਸ ਦਾ ਜਨਸੰਖਿਆ ਸਿਧਾਂਤ ਅਤੇ ਨਵ-ਮਾਲਥਸਵਾਦੀ ਵਿਚਾਰਧਾਰਾਵਾਂ ਅਸਲ 'ਚ ਵਾਤਾਵਰਨ ਸਬੰਧੀ ਸਿਧਾਂਤ ਹਨ। ਇਸ ਲਈ ਇਨ੍ਹਾਂ ਨੂੰ ਜਨਸੰਖਿਆ ਦੇ ਜੈਵਿਕ ਸਿਧਾਂਤਾਂ (Biological Theories of Population) ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਸਿਧਾਂਤਾਂ ਤਹਿਤ ਜਨਸੰਖਿਆ ਅਤੇ ਖੁਰਾਕ ਸਪਲਾਈ 'ਚ ਸਹਿ-ਸੰਬੰਧ ਸਥਾਪਿਤ ਕੀਤਾ ਜਾਂਦਾ ਹੈ। ਖੁਰਾਕ ਸਪਲਾਈ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਅੱਜ ਕਈ ਵਾਤਾਵਰਨ ਵਿਗਿਆਨੀ ਇਹ ਸ਼ੱਕ ਪ੍ਰਗਟ ਕਰਦੇ ਹਨ ਕਿ ਅਨਾਜ ਮੁੜ ਜਨਸੰਖਿਆ ਵਾਧੇ ਦੀਆਂ ਸੀਮਾਵਾਂ ਨਿਰਧਾਰਿਤ ਕਰ ਸਕਦਾ ਹੈ।

ਮਾਨਵ ਵਾਤਵਰਨ ਵਿਗਿਆਨ ਤੋਂ ਇਹ ਉਮੀਦ ਤਾਂ ਨਹੀਂ ਕੀਤੀ ਜਾਂਦੀ ਕਿ ਉਹ ਜਨਸੰਖਿਆ ਦੇ ਸਿਧਾਂਤਾਂ ਦਾ ਪ੍ਰਤੀਪਾਦਨ ਕਰੇ, ਪਰ ਦੋਵਾਂ ਦੇ ਸੰਯੋਜਨ ਨਾਲ ਕਈ ਸਮੱਸਿਆਵਾਂ ਦਾ ਹੱਲ ਪ੍ਰਾਪਤ ਕੀਤਾ ਜਾ ਸਕਦਾ ਹੈ।

## 30.5 ਸ਼ਬਦਕੋਸ਼ (Keywords)

1. **ਜੈਵਿਕ** (Biological)– ਜੀਵ ਵਿਗਿਆਨ ਨਾਲ ਸਬੰਧਿਤ ਸਿਧਾਂਤ।
2. **ਸਿਧਾਂਤ** (Thoery)– ਅਧਿਐਨ ਵਿਸ਼ੇ ਦੇ ਮੁੱਢਲੇ ਸਿਧਾਂਤ।

## 30.6 ਅਭਿਆਸ ਪ੍ਰਸ਼ਨ (Review Questions)

1. ਇਤਿਹਾਸ ਦੇ ਨਿਰਮਾਣ 'ਚ ਭੂਗੋਲਿਕ ਸਥਿਤੀ ਅਤੇ ਵਾਤਾਵਰਨ ਦੇ ਯੋਗਦਾਨ ਦਾ ਵਰਣਨ ਕਰੋ।
2. 'ਵਿਗਿਆਨ ਅਤੇ ਤਕਨੀਕ' 'ਤੇ ਟਿੱਪਣੀ ਲਿਖੋ।
3. ਆਰੀਆ ਭੱਟ ਨੇ ਕਿਸ ਦੀ ਖੋਜ ਕੀਤੀ ਹੈ ?
4. ਮਾਲਥਸ ਦਾ ਜਨਸੰਖਿਆ ਸਿਧਾਂਤ ਕਿਸ ਨਾਲ ਸਬੰਧ ਰੱਖਦਾ ਹੈ ?

### ਉੱਤਰ : ਸਵ-ਮੁਲਾਂਕਣ (Answer: Self Assessment)

1. ਹਿਮਾਲਿਆ ਪਰਬਤ
2. ਰਾਜਸਥਾਨ ਦੇ ਮਾਰੂਥਲ
3. ਮਾਨਵ ਅਤੇ ਵਾਤਾਵਰਨ
4. (ੳ) ਅਠਾਰਵੀਂ
5. (ਅ) ਇਤਿਹਾਸ
6. (ੲ) ਮੁਗਲ ਸਮਰਾਟ ਬਾਬਰ

ਨੋਟ

## 30.7 ਸੰਦਰਭ ਪੁਸਤਕਾਂ (Further Readings)

ਬੁਕਸ


1. ਆਧੁਨਿਕ ਵਿਸ਼ਵ ਦਾ ਇਤਿਹਾਸ– ਐਮ.ਐਸ.ਤਿਆਗੀ, ਰਜਨੀ ਤਿਆਗੀ– ਰਾਧਾ ਪਬਲਿਕੇਸ਼ਨ।
2. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਰਾਜੇਸ਼ ਕੁਮਾਰ– ਅਲਫ਼ਾ ਪਬਲਿਕੇਸ਼ਨ।
3. ਆਧੁਨਿਕ ਵਿਸ਼ਵ ਦਾ ਇਤਿਹਾਸ – ਡਾ. ਧਨਪਤੀ ਪਾਂਡੇ– ਐਮ.ਐਲ.ਬੀ.ਡੀ ਡਾਟ ਕੋਮ।
4. ਆਧੁਨਿਕ ਵਿਸ਼ਵ ਦਾ ਇਤਿਹਾਸ– ਡਾ. ਦੀਨਾਨਾਥ ਵਰਮਾ– ਗਿਆਨਨੰਦਾ ਪ੍ਰਕਾਸ਼ਨ।
5. ਆਧੁਨਿਕ ਵਿਸ਼ਵ – ਡਾ. ਵਿਪਿਨ ਬਿਹਾਰੀ ਸਿਨਹਾ – ਗਿਆਨਨੰਦਾ ਪ੍ਰਕਾਸ਼ਨ।
6. ਸਮਕਾਲੀਨ ਵਿਸ਼ਵ ਇਤਿਹਾਸ - ਅਰਜੁਨ ਦੇਵ ਇੰਦਰਾ – ਔਰਿਅੰਟ ਬਲੈਕ ਸੁਆਨ।
7. ਵਿਸ਼ਵ ਦਾ ਇਤਿਹਾਸ– ਮਾਨਿਕ ਲਾਲ ਗੁਪਤ – ਅਟਲਾਨਟਿਕ ਪਬਲਿਕੇਸ਼ਨ।

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in